

ਨਵਾਂ ਖ਼ਿਆਲ
ਤਥਾਗੀਪਸੰਦ ਸਰਮਾਏਦਾਰੀ ਦਾ ਉਭਾਰ
ਨੈਓਮੀ ਕਲੇਨ

ਸਦਮਾ ਸਿਧਾਂਤ

“ਇਹ ਇਕ ਕੰਬਣੀ ਛੇੜਨ ਵਾਲੀ ਅਹਿਮ ਕਿਤਾਬ ਹੈ, ਅਤੇ ਜਿਹੜਾ ਵੀ ਕੋਈ ਇਹ ਸਮਝਣਾ ਚਾਹੁੰਦਾ ਹੈ ਕਿ ਅਸਲ ਵਿਚ ਦੁਨੀਆਂ ਕਿਵੇਂ ਕੰਮ ਕਰਦੀ ਹੈ, ਉਸ ਨੂੰ ਇਹ ਤੁਰੰਤ ਪੜ੍ਹਨੀ ਚਾਹੀਦੀ ਹੈ।”

—ਰੋਲਿੰਗ ਸਟੋਨ

ਇਸੇ ਕਲਮ ਤੋਂ ਕੁਝ ਹੋਰ ਅਨੁਵਾਦ :

- ਰਾਗੋ (ਨਾਵਲ)
- ਹੀਰੋਸ਼ੀਮਾ ਦੇ ਫੁੱਲ (ਨਾਵਲੈੱਟ)
- ਵੀਅਤਨਾਮ ਲਈ ਪਿਆਰ (ਨਾਵਲੈੱਟ)
- ਫਾਸ਼ੀਵਾਦ ਨੂੰ ਵੰਗਾਰ (ਡੋਲੋਰਸ ਇਬਾਰੂਰੀ ਦੀ ਸਵੈ-ਜੀਵਨੀ)
- ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ
- ਓਪਰੇਸ਼ਨ ਗਰੀਨ ਹੰਟ ਬਾਰੇ ਪੁਸਤਕ ਲੜੀ 1,2,3 (ਸਹਿ-ਅਨੁਵਾਦ)

ਸਦਮਾ ਸਿਧਾਂਤ

ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ

ਨੈਓਮੀ ਕਲੇਨ

ਅਨੁਵਾਦ : ਬੂਟਾ ਸਿੰਘ

ਬਾਬਾ ਬੂਝਾ ਸਿੰਘ ਪ੍ਰਕਾਸ਼ਨ, ਬੰਗਾ
(ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)

Punjabi translation of the world famous book
“The Shock Doctrine, The Rise of Disaster Capitalism’’
(Vintage Canada Edition, 2008)

Author : Naomi Klein

Translated By Boota Singh
V.P.O. MEHMOODPUR,
Via: SAHLON
Distt. Shaheed Bhagat Singh Nagar (Punjab), India.
PIN: 144421
e-mail: atoozed@gmail.com
Mobile: 94634-74342

ਪਹਿਲੀ ਵਾਰ : ਮਈ 2011

Type-setting by : Ranjit Kaur

Printers : Shiv Shakti Printers, Delhi

(This translated book is circulated subject to the condition that this shall not be sold by way of trade purposes. This is for private circulation only.)

ਤਤਕਰਾ

ਜਾਣ-ਪਛਾਣ

ਉਜਾੜ ਦੇ ਦੀਵਾਨੇ,
ਦੁਨੀਆਂ ਦੇ ਸਫ਼ਾਏ ਅਤੇ ਮੁੜ-ਸਿਰਜਣਾ ਦੇ ਅਮਲ ਦੇ ਤਿੰਨ ਦਹਾਕੇ 1

ਹਿੱਸਾ ਪਹਿਲਾ
ਸਦਮਾ ਦੇਣ ਵਾਲੇ ਦੋ ਡਾਕਟਰ, ਖੋਜ ਅਤੇ ਵਿਕਾਸ ਦਾ ਦੌਰ

ਕਾਂਡ ਪਹਿਲਾ : ਤਸੀਹਿਆਂ ਦੀ ਪ੍ਰਯੋਗਸ਼ਾਲਾ 22
ਕਾਂਡ ਦੂਜਾ : ਦੂਜਾ ਸਦਮਾ ਡਾਕਟਰ 51

ਹਿੱਸਾ ਦੂਜਾ
ਪਹਿਲੀ ਪਰਖ, ਜੰਮਣ ਪੀੜਾਂ

ਕਾਂਡ ਤੀਜਾ : ਜਿਨ੍ਹਾਂ ਰਾਜਾਂ ਨੂੰ ਸਦਮਿਆਂ ਨੇ ਝੰਬਿਆ 77
ਕਾਂਡ ਚੌਥਾ : ਸਲੇਟ ਦੀ ਸਫ਼ਾਈ, ਦਹਿਸ਼ਤ ਆਪਣਾ ਕੰਮ ਕਰਦੀ ਹੈ 104
ਕਾਂਡ ਪੰਜਵਾਂ : "ਪੂਰੀ ਤਰ੍ਹਾਂ ਗ਼ੈਰ-ਸਬੰਧਤ" 124

ਹਿੱਸਾ ਤੀਜਾ
ਹੋਂਦ ਬਚਾਉਣ ਲਈ ਲੜ ਰਹੀ ਜਮਹੂਰੀਅਤ

ਕਾਂਡ ਛੇਵਾਂ : ਜਦੋਂ ਜੰਗ ਉਨ੍ਹਾਂ ਦੇ ਬਚਾਅ ਲਈ ਬਹੁੜੀ 138
ਕਾਂਡ ਸੱਤਵਾਂ : ਨਵੇਂ ਡਾਕਟਰ ਵਲੋਂ ਦਿੱਤਾ ਸਦਮਾ 150
ਕਾਂਡ ਅੱਠਵਾਂ : ਸੰਕਟ ਨੇ ਅਸਰ ਦਿਖਾਇਆ 165

ਹਿੱਸਾ ਚੌਥਾ
ਤਬਦੀਲੀ 'ਚ ਗੁਆਚੇ, ਜਦੋਂ ਅਸੀਂ ਰੋਏ, ਜਦੋਂ ਸਾਨੂੰ ਕੰਬਣੀ ਛਿੜੀ.....

ਕਾਂਡ ਨੌਵਾਂ : ਇਤਿਹਾਸ ਦਾ ਬੂਹਾ ਧੜੰਮ ਬੰਦ 181
ਕਾਂਡ ਦਸਵਾਂ : ਜ਼ੰਜੀਰਾਂ 'ਚ ਜਕੜੀ ਜਮਹੂਰੀਅਤ ਦੀ ਪੈਦਾਇਸ਼ 206
ਕਾਂਡ ਗਿਆਰਵਾਂ : ਅੱਲੜ੍ਹ ਜਮਹੂਰੀਅਤ ਦੀ ਚਿਤਾ 232
ਕਾਂਡ ਬਾਰ੍ਹਵਾਂ : ਸਰਮਾਏਦਾਰਾਂ ਦਾ ਪਛਾਣ ਚਿੰਨ੍ਹ 262
ਕਾਂਡ ਤੇਰਵਾਂ : ਇਸ ਨੂੰ ਲਾਂਬੂ ਲੱਗਣ ਦਿਓ 281

ਹਿੱਸਾ ਪੰਜਵਾਂ
ਸਦਮੇ ਦੇ ਸਮਿਆਂ ਵਿਚ, ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ

ਕਾਂਡ ਚੌਦਵਾਂ : ਅਮਰੀਕਾ ਵਿਚ ਸਦਮਾ ਸਿਧਾਂਤ 302
ਕਾਂਡ ਪੰਦਰਵਾਂ : ਕਾਰਪੋਰੇਟਵਾਦੀ ਰਾਜ 330

ਹਿੱਸਾ ਛੇਵਾਂ
ਇਰਾਕ 'ਚ ਗੇੜ ਪੂਰਾ ਹੋ ਗਿਆ, ਵਧਵਾਂ ਸਦਮਾ

ਕਾਂਡ ਸੋਲਵਾਂ : ਇਰਾਕ ਦੀ ਹਸਤੀ ਮਿਟਾਉਣ ਦਾ ਯਤਨ 348
ਕਾਂਡ ਸਤਾਰ੍ਹਵਾਂ : ਵਿਚਾਰਧਾਰਕ ਮਨਸੂਬਿਆਂ ਨੂੰ ਪਛਾੜ 366
ਕਾਂਡ ਅਠਾਰਵਾਂ : ਕੋਰੀ ਸਲੇਟ ਤੋਂ ਲੂਹੀ ਧਰਤੀ ਤੱਕ ਦਾ ਗੇੜ ਪੂਰਾ 389

ਹਿੱਸਾ ਸੱਤਵਾਂ
ਥਾਂ ਬਦਲ ਰਿਹਾ ਮਹਿਫੂਜ਼ ਖੇਤਰ, ਰਾਖਵੇਂ ਖੇਤਰ ਅਤੇ ਢਹਿਢੇਰੀ ਕੰਧਾਂ

ਕਾਂਡ ਉਨੀਵਾਂ : ਸਮੁੰਦਰੀ ਕੰਢੇ ਨੂੰ ਇੰਝ ਉਜਾੜਿਆ ਗਿਆ 416
ਕਾਂਡ ਵੀਹਵਾਂ : ਤਬਾਹੀ ਦਾ ਨਸਲੀ ਵਿਤਕਰਾ 439
ਕਾਂਡ ਇੱਕੀਵਾਂ : ਅਮਨ ਦਾ ਜੋਸ਼ ਮੱਠਾ ਪੈ ਗਿਆ 460

ਨਿਚੋੜ : ਸਦਮੇ ਦਾ ਅਸਰ ਖ਼ਤਮ ਹੋਣਾ ਸ਼ੁਰੂ ਹੋ ਗਿਆ 482
ਲੋਕ ਮੁੜ-ਉਸਾਰੀ ਦੇ ਰਾਹ ਤੁਰੇ

ਟਿੱਪਣੀਆਂ ਅਤੇ ਹਵਾਲੇ 511

ਧੰਨਵਾਦੀ ਲਫ਼ਜ਼ 584

ਪੰਜਾਬੀ ਛਾਪ ਬਾਰੇ ਦੋ ਸ਼ਬਦ

ਨੈਓਮੀ ਕਲੇਨ ਦੀ ਸ਼ਾਨਦਾਰ ਰਚਨਾ "ਸਦਮਾ ਸਿਧਾਂਤ" ਬੀਤੇ ਦਹਾਕੇ 'ਚ ਛਪੀਆਂ ਦੁਨੀਆਂ ਦੀਆਂ ਸਭ ਤੋਂ ਅਹਿਮ ਕਿਤਾਬਾਂ ਵਿਚੋਂ ਇਕ ਹੈ। ਇਹ ਦੁਨੀਆਂ ਦੀਆਂ 30 ਜ਼ਬਾਨਾਂ 'ਚ ਅਨੁਵਾਦ ਹੋ ਚੁੱਕੀ ਹੈ। ਇਸ ਵਿਚ ਕਲੇਨ ਆਲਮੀ ਆਰਥਿਕਤਾ 'ਤੇ ਕਾਬਜ਼ ਕਾਰਪੋਰੇਟ ਤਾਕਤਾਂ ਨੂੰ ਬੇਨਕਾਬ ਕਰਦੀ ਹੈ ਜੋ ਕੁਲ ਦੁਨੀਆਂ ਦੀ ਦੌਲਤ, ਕਿਰਤ ਸ਼ਕਤੀ ਅਤੇ ਕੁਦਰਤੀ ਵਸੀਲਿਆਂ ਨੂੰ ਆਪਣੀ ਸੁਪਰ ਮੁਨਾਫ਼ੇ ਬਟੋਰਨ ਦੀ ਲਾਲਸਾ ਦਾ ਸਾਧਨ ਬਣਾਉਣ ਦੀ ਹੋੜ 'ਚ ਗਲਤਾਨ ਹਨ। ਕਾਰਪੋਰੇਟਸ਼ਾਹੀ ਕੌਮੀ ਹਿੱਤਾਂ ਦੀਆਂ ਰੋਕਾਂ ਨਾਲ ਬੰਦ ਅਰਥਚਾਰਿਆਂ 'ਚ ਸੰਨ੍ਹ ਲਾ ਕੇ ਇਨ੍ਹਾਂ ਤੱਕ ਆਪਣੀ ਬੇਲਗਾਮ ਮੰਡੀ ਦਾ ਵਿਸਤਾਰ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਸਮਾਜਾਂ 'ਤੇ ਪਈ ਬਿਪਤਾ ਨੂੰ ਇਹ ਵਰਦਾਨ ਸਮਝਦੀ ਹੈ। ਬਿਪਤਾ ਚਾਹੇ ਕੁਦਰਤੀ ਆਫ਼ਤਾਂ ਨਾਲ ਆਈ ਹੋਵੇ ਚਾਹੇ ਆਰਥਕ ਸੰਕਟ ਨਾਲ। ਆਪਣੇ ਸਵਾਰਥ ਲਈ ਇਹ ਅਸਲੀ ਸੰਕਟਾਂ ਦਾ ਲਾਹਾ ਵੀ ਲੈਂਦੀ ਹੈ ਅਤੇ ਨਕਲੀ ਸੰਕਟ ਖ਼ੁਦ ਵੀ ਪੈਦਾ ਕਰਦੀ ਹੈ। ਇਸ ਯੁੱਧਨੀਤੀ ਨੂੰ "ਸਦਮਾ ਸਿਧਾਂਤ" ਅਤੇ "ਤਬਾਹੀਪਸੰਦ ਸਰਮਾਏਦਾਰੀ" ਵਜੋਂ ਪ੍ਰੀਭਾਸ਼ਤ ਕਰਦਿਆਂ ਕਲੇਨ ਕਹਿੰਦੀ ਹੈ ਕਿ ਜਦੋਂ ਜੰਗਾਂ, ਦਹਿਸ਼ਤਵਾਦੀ ਹਮਲਿਆਂ, ਰਾਜ-ਪਲਟਿਆਂ ਅਤੇ ਕੁਦਰਤੀ ਆਫ਼ਤਾਂ ਨਾਲ ਦੇਸ਼ ਹਿੱਲ ਜਾਂਦੇ ਹਨ ਤਾਂ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਸਿਆਸਤਦਾਨ ਇਨ੍ਹਾਂ ਨੂੰ ਸਦਮੇ ਦਿੰਦੇ ਹਨ ਅਤੇ ਪਹਿਲੇ ਸਦਮੇ ਨਾਲ ਪੈਦਾ ਹੋਏ ਖੌਫ਼ ਅਤੇ ਮਾਨਸਿਕ ਖਲਬਲੀ ਦਾ ਲਾਹਾ ਲੈ ਕੇ ਆਰਥਕ ਸਦਮਾ ਇਲਾਜ ਥੋਪ ਦਿੰਦੇ ਹਨ। ਅਤੇ ਜਦੋਂ ਲੋਕ ਇਸ ਸਦਮਾ ਸਿਆਸਤ ਦਾ ਵਿਰੋਧ ਕਰਨ ਦਾ ਜੇਰਾ ਕਰਦੇ ਹਨ ਤਾਂ ਪੁਲਿਸ, ਫ਼ੌਜ ਅਤੇ ਜੇਲ੍ਹਾਂ ਦੇ ਤਫ਼ਤੀਸ਼ੀ ਅਧਿਕਾਰੀ ਇਨ੍ਹਾਂ ਨੂੰ ਤੀਜਾ ਸਦਮਾ ਦਿੰਦੇ ਹਨ।

"ਤਬਾਹੀਪਸੰਦ ਸਰਮਾਏਦਾਰੀ" ਦੇ ਸਿਧਾਂਤ ਅਤੇ ਅਮਲ ਦੀ ਪ੍ਰਮਾਣਿਕ ਤਸਵੀਰ ਪੇਸ਼ ਕਰਨ ਲਈ ਕਲੇਨ ਸਦਮੇ ਦੇ ਸਾਧਨ ਵਜੋਂ ਤਸੀਹਿਆਂ ਬਾਰੇ ਖੋਜ ਤੋਂ ਸ਼ੁਰੂਆਤ ਕਰਦੀ ਹੈ ਅਤੇ ਫੇਰ ਇੰਡੋਨੇਸ਼ੀਆ, ਚਿੱਲੀ, ਅਰਜਨਟਾਈਨਾ, ਬੋਲੀਵੀਆ, ਉਰੂਗੁਏ, ਪੋਲੈਂਡ, ਰੂਸ, ਦੱਖਣੀ ਅਫ਼ਰੀਕਾ, ਸ੍ਰੀ ਲੰਕਾ, ਥਾਈਲੈਂਡ, ਦੱਖਣੀ ਕੋਰੀਆ, ਇਰਾਕ ਅਤੇ ਹੋਰ ਦੇਸ਼ਾਂ ਵਿਚ ਸਦਮਾ ਸਿਧਾਂਤ ਨੂੰ ਲਾਗੂ ਕੀਤੇ ਜਾਣ ਦਾ ਵਿਸਥਾਰਤ ਅਤੇ ਤੱਥਪੂਰਨ ਵੇਰਵਾ ਦਿੰਦੀ ਹੋਈ ਨਿਚੋੜ ਕੱਢਦੀ ਹੈ। ਹਰ ਥਾਂ ਇਕੋ ਦਰਦ ਕਹਾਣੀ ਹੈ—ਸੰਕਟਾਂ ਦਾ ਲਾਹਾ ਲੈ ਕੇ ਸਦਮਾ ਇਲਾਜ ਦੇ ਨੁਸਖ਼ੇ ਥੋਪ ਦਿੱਤੇ ਗਏ।

ਸ਼ਿਕਾਗੋ ਦੇ ਅਰਥਸ਼ਾਸਤਰ ਸਕੂਲ ਦੇ ਸਿਧਾਂਤਕਾਰਾਂ ਦੀ ਸੋਚ ਹੈ ਕਿ ਜਦੋਂ ਸਮਾਜਾਂ ਦੇ ਹਾਲਾਤ ਆਮ ਹੁੰਦੇ ਹਨ ਓਦੋਂ ਉਨ੍ਹਾਂ ਦੇ ਆਰਥਕ ਨੁਸਖ਼ਿਆਂ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਸੋ ਅਸਲੀ ਜਾਂ ਨਕਲੀ ਸੰਕਟਾਂ ਦਾ ਸਮਾਂ ਹੀ ਖੁੱਲ੍ਹੀ ਮੰਡੀ ਪੱਖੀ ਸੁਧਾਰ ਕਰਨ ਦਾ ਸਹੀ ਸਮਾਂ ਹੁੰਦਾ ਹੈ। ਸੰਕਟ ਸਮੇਂ ਕਰਜਿਆਂ ਜਾਂ ਸਹਾਇਤਾ ਨਾਲ ਸ਼ਰਤਾਂ ਲਾ ਕੇ ਜਦੋਂ ਪੈਕੇਜ ਦੇਸ਼ ਦੇ ਮੁਖੀਆਂ ਮੂਹਰੇ ਰੱਖ ਦਿੱਤੇ ਜਾਂਦੇ ਹਨ ਤਾਂ ਉਹ ਇਸ ਨੂੰ ਰੱਦ ਕਰਨ ਦੀ ਹਾਲਤ 'ਚ ਨਹੀਂ ਹੁੰਦੇ।

ਇਹ ਕਿਤਾਬ ਸੰਸਾਰ ਸਰਮਾਏਦਾਰੀ ਵਲੋਂ ਪ੍ਰਚਾਰੀ ਇਸ ਮਿੱਥ ਨੂੰ ਤੋੜਦੀ ਹੈ ਕਿ ਖੁੱਲ੍ਹੀ ਮੰਡੀ ਨੇ ਜਮਹੂਰੀ ਤਰੀਕੇ ਨਾਲ ਦੁਨੀਆਂ 'ਤੇ ਜਿੱਤ ਹਾਸਲ ਕੀਤੀ ਹੈ। ਸੋਵੀਅਤ ਯੂਨੀਅਨ ਦੇ ਢਹਿਢੇਰੀ ਹੋਣ ਸਮੇਂ ਇਹ ਮਿੱਥ ਜ਼ੋਰ-ਸ਼ੋਰ ਨਾਲ ਫੈਲਾਈ ਗਈ ਕਿ ਸਮਾਜਵਾਦੀ ਬਦਲ ਟਿਕਾਊ ਅਤੇ ਭਰੋਸੇਯੋਗ ਨਹੀਂ ਹਨ। ਕਿ "ਖੁੱਲ੍ਹੀ ਮੰਡੀ" ਦੇ ਸਾਰੇ ਬਦਲ ਇਤਿਹਾਸ 'ਚ ਦਫ਼ਨ ਹੋ ਗਏ ਹਨ, ਕਿਉਂਕਿ ਸਰਮਾਏਦਾਰੀ ਹਮੇਸ਼ਾ ਲਈ ਅਜਿੱਤ ਹੈ। ਨੈਓਮੀ ਕਲੇਨ ਇਹ ਸਾਬਤ ਕਰਨ ਲਈ ਠੋਸ ਮਿਸਾਲਾਂ ਦਿੰਦੀ ਹੈ ਕਿ ਮਾਮਲਾ ਇਸ ਤੋਂ ਉਲਟ ਹੈ—ਆਲਮੀ ਸਰਮਾਏਦਾਰੀ ਦੀ ਜਿੱਤ ਆਰਜ਼ੀ

ਹੈ ਅਤੇ ਇਹ ਜਮਹੂਰੀ ਤਰੀਕੇ ਨਾਲ ਨਹੀਂ ਸਗੋਂ ਕੁਦਰਤੀ ਆਫ਼ਤਾਂ, ਦਹਿਸ਼ਤਪਸੰਦ ਹਮਲਿਆਂ, ਜੰਗਾਂ, ਤਸੀਹਿਆਂ ਦੀਆਂ ਮੁਹਿੰਮਾਂ ਅਤੇ ਆਰਥਕ ਆਫ਼ਤਾਂ/ਤਬਾਹੀਆਂ ਨਾਲ ਉਪਜੇ ਸੰਕਟ ਦੇ ਸਮਿਆਂ ਦਾ ਲਾਹਾ ਲੈ ਕੇ ਗ਼ੈਰਜਮਹੂਰੀ ਅਤੇ ਸਾਜ਼ਿਸ਼ੀ ਢੰਗਾਂ ਨਾਲ ਸੰਭਵ ਬਣਾਈ ਗਈ ਹੈ।

ਜਿੱਥੇ ਕਿਤੇ ਵੀ ਸਰਮਾਏਦਾਰੀ ਦੇ ਬਦਲ ਉੱਭਰੇ, ਇਹ ਤਾਕਤ ਨਾਲ ਕੁਚਲ ਦਿੱਤੇ ਗਏ। ਰਾਜ ਪਲਟੇ, ਦੇਸ਼ਾਂ ਦੇ ਮੁਖੀਆਂ ਦੇ ਕਤਲ ਅਤੇ ਜੰਗਾਂ ਕੋਈ ਅਚਾਨਕ ਘਟਨਾਵਾਂ ਨਹੀਂ, ਅਸਲ ਵਿਚ ਖੁੱਲ੍ਹੀ ਮੰਡੀ ਦੇ ਮੂਲਵਾਦੀਆਂ ਦਾ ਸੁਚੇਤ ਜਹਾਦ ਹੈ, ਜਿਨ੍ਹਾਂ ਦਾ ਅਕੀਦਾ ਹੈ ਕਿ ''ਮੰਡੀ ਹੀ ਸਭ ਕਾਸੇ ਦਾ ਹੱਲ ਹੈ।'' ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਅਤੇ ਸੰਸਾਰ ਵਪਾਰ ਸੰਸਥਾ ਕੁਲ ਦੁਨੀਆਂ ਨੂੰ ਸਾਲਮ ਮੋਕਲੀ ਮੰਡੀ ਬਣਾਉਣ ਲਈ ਕਾਰਪੋਰੇਟਸ਼ਾਹੀ ਦਾ ਸੰਦ ਬਣੇ ਹੋਏ ਹਨ। ਇਹ ਸਰਕਾਰਾਂ ਦੀ ਬਾਂਹ ਮਰੋੜ ਕੇ ਉਨ੍ਹਾਂ ਨੂੰ ਆਪਣੇ ਦੇਸ਼ਾਂ ਦੇ ਹਿੱਤਾਂ ਅਤੇ ਵਾਤਾਵਰਣਾਂ ਦੀ ਬਲੀ ਦੇਣ ਅਤੇ ਕੀਨਜ਼ਵਾਦੀ ਅਤੇ ਸਮਾਜਵਾਦੀ ਮਾਡਲਾਂ ਨੂੰ ਤਿਲਾਂਜਲੀ ਦੇਣ ਲਈ ਮਜਬੂਰ ਕਰਦੇ ਹਨ। ਆਈ ਐੱਮ ਐੱਫ ਦੇ ਇਕ ਸੀਨੀਅਰ ਅਰਥਸ਼ਾਸਤਰੀ ਡੈਵੀਸਨ ਬੁਧੂ ਨੇ ਆਪਣੇ ਅਸਤੀਫ਼ੇ ਰਾਹੀਂ ਇਨ੍ਹਾਂ ਸੰਸਥਾਵਾਂ ਦੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਦਿਆਂ ਕਿਹਾ ਸੀ, ''ਕਈ ਵਾਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਪੂਰੀ ਦੁਨੀਆਂ 'ਚ ਐਸਾ ਸਾਬਣ ਨਹੀਂ ਹੋਵੇਗਾ ਜੋ ਮੈਨੂੰ ਉਸ ਤੋਂ ਪਾਕਿ ਕਰ ਸਕੇ ਜੋ ਮੈਂ ਤੁਹਾਡੇ ਨਾਂ 'ਤੇ ਕਰਦਾ ਰਿਹਾ ਹਾਂ।''

ਨੈਓਮੀ ਕਲੇਨ ਸਰਮਾਏਦਾਰੀ ਦੀ ਖ਼ਾਸ ਵੰਨਗੀ ''ਤਬਾਹੀਪਸੰਦ ਸਰਮਾਏਦਾਰੀ'' ਨੂੰ ਹੀ ਬੁਰਾਈ ਦੀ ਜੜ੍ਹ ਮੰਨਦੀ ਹੈ ਨਾ ਕਿ ਆਮ ਰੂਪ 'ਚ ਸਰਮਾਏਦਾਰੀ ਪ੍ਰਬੰਧ ਨੂੰ। ਸ਼ਾਇਦ ਉਹ ਕੀਨਜ਼ਵਾਦੀ ਆਰਥਕ ਮਾਡਲ ਨੂੰ ਠੀਕ ਸਮਝਦੀ ਹੈ। ਭਾਵੇਂ ਉਹ ਕਿਸੇ ਖ਼ਾਸ ਆਰਥਕ ਅਤੇ ਰਾਜਸੀ ਮਾਡਲ ਦੀ ਸਿੱਧੀ ਵਜਾਹਤ ਨਹੀਂ ਕਰਦੀ (ਇਹ ਸ਼ਾਇਦ ਇਸ ਕਿਤਾਬ ਦਾ ਉਦੇਸ਼ ਵੀ ਨਹੀਂ ਹੈ) ਪਰ ਉਹ ਉਸ ਚੁਣੌਤੀ ਦੀ ਹਮੈਤ ਕਰਦੀ ਹੈ ਜੋ ਲਾਤੀਨੀ ਅਮਰੀਕਾ ਵਲੋਂ ਕਾਰਪੋਰੇਟਸ਼ਾਹੀ ਨੂੰ ਦਿੱਤੀ ਜਾ ਰਹੀ ਹੈ। ਉਹ ਲੋਕਪੱਖੀ ਸਮਾਜ ਉਸਾਰਨ ਲਈ ਯਤਨਸ਼ੀਲ ਤਾਕਤਾਂ ਸਬੰਧੀ ਇਕ ਅਹਿਮ ਇਤਿਹਾਸਕ ਸਬਕ ਸਿੱਖਣ 'ਤੇ ਵੀ ਜ਼ੋਰ ਦਿੰਦੀ ਹੈ ਕਿ ਕਿਸੇ ਰਾਜਸੀ ਲਹਿਰ ਦੇ ਸਿਆਸੀ ਏਜੰਡੇ ਦੀ ਜਿੱਤ ਹੀ ਕਾਫ਼ੀ ਨਹੀਂ ਹੈ। ਜੇ ਕੋਈ ਲਹਿਰ ਸਪਸ਼ਟ ਆਰਥਕ ਪ੍ਰੋਗਰਾਮ ਦੇ ਅਧਾਰ 'ਤੇ ਨਵਉਦਾਰਵਾਦ ਵਿਰੁੱਧ ਦੋ-ਟੂਕ ਲੜਾਈ ਨਹੀਂ ਦਿੰਦੀ ਤਾਂ ਉਸ ਵਲੋਂ ਦੇਰ-ਸਵੇਰ ਸਦਮਾ ਇਲਾਜ ਦੇ ਨੁਸਖ਼ਿਆਂ ਦਾ ਸੰਦ ਬਣਕੇ ਆਪਣੇ ਪ੍ਰੋਗਰਾਮ ਦੇ ਉਲਟ ਭੁਗਤ ਜਾਣਾ ਅਟੱਲ ਹੈ। ਲੇਖਿਕਾ ਨੇ ਦੱਖਣੀ ਅਫ਼ਰੀਕਾ ਦੀ ਨੈਲਸਨ ਮੰਡੇਲਾ ਸਰਕਾਰ ਅਤੇ ਪੋਲੈਂਡ ਦੀ ਸਾਲੀਡੈਰਿਟੀ ਸਰਕਾਰ ਦੀਆਂ ਠੋਸ ਮਿਸਾਲਾਂ ਦਿੱਤੀਆਂ ਹਨ ਜੋ ਇਸ ਤਰਕਸੰਗਤ ਨਿਘਾਰ ਦੀ ਪੁਸ਼ਟੀ ਕਰਦੀਆਂ ਹਨ।

ਨੈਓਮੀ ਕਲੇਨ ਦਾ ਉਦੇਸ਼ ਸਦਮਾ ਸਿਧਾਂਤ ਦੇ ਉਦੇਸ਼ਾਂ, ਮਨਸੂਬਿਆਂ, ਸਾਜ਼ਿਸ਼ਾਂ ਅਤੇ ਕਾਰਵਾਈਆਂ ਦੇ ਸਿਲਸਿਲੇ ਨੂੰ ਭਰਵੇਂ ਰੂਪ 'ਚ ਬੇਨਕਾਬ ਕਰਨਾ ਹੈ। ਇਸ ਪੱਖੋਂ ਉਸ ਨੇ ਸ਼ਾਨਦਾਰ ਅਤੇ ਵਿਆਪਕ ਜਾਣਕਾਰੀ ਵਾਲੀ ਬੇਜੋੜ ਕਿਤਾਬ ਰਚਕੇ ਦੁਨੀਆਂ ਨੂੰ ਝੰਜੋੜਿਆ ਹੈ। ਜਿਹੜੀਆਂ ਤਾਕਤਾਂ ਨਵਉਦਾਰਵਾਦ ਦੇ ਜਹਾਦ ਵਿਰੁੱਧ ਸੰਜੀਦਾ ਲੜਾਈ ਲੜ ਰਹੀਆਂ ਹਨ ਉਨ੍ਹਾਂ ਲਈ ਇਹ ਲਾਜ਼ਮੀ ਪੜ੍ਹੀ ਜਾਣ ਵਾਲੀ ਡੂੰਘੀ ਖੋਜ ਨਾਲ ਭਰਪੂਰ ਕਿਤਾਬ ਹੈ।

ਇਸ ਕਿਤਾਬ ਦੀ ਅਹਿਮੀਅਤ ਨੂੰ ਮੁੱਖ ਰੱਖਕੇ ਹੋਏ ਇਸ ਨੂੰ ਪੰਜਾਬੀ 'ਚ ਅਨੁਵਾਦ ਕਰਕੇ ਛਾਪਣ ਦਾ ਵਿਤੋਂ ਵੱਡਾ ਕਾਰਜ ਹੱਥ ਲਿਆ ਗਿਆ ਸੀ। ਅਨੁਵਾਦ ਨੂੰ ਮਿਹਨਤ ਨਾਲ ਪੜ੍ਹਕੇ ਇਸ 'ਚ ਲੋੜੀਂਦੀਆਂ ਸੋਧਾਂ ਕਰਨ ਲਈ ਮੈਂ ਸਾਥੀ ਸਤਨਾਮ ਦਾ ਵਿਸ਼ੇਸ਼ ਧੰਨਵਾਦੀ ਹਾਂ। ਇਹ ਸ਼ਾਨਦਾਰ ਕਿਤਾਬ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ।

—ਬੂਟਾ ਸਿੰਘ

ਉਜਾੜ ਦੇ ਦੀਵਾਨੇ

ਦੁਨੀਆਂ ਦੇ ਸ਼ਫ਼ਾਏ ਅਤੇ ਮੁੜ ਸਿਰਜਣਾ ਦੇ ਅਮਲ ਦੇ ਤਿੰਨ ਦਹਾਕੇ

ਪ੍ਰਮਾਤਮਾ ਦੀ ਨਜ਼ਰ 'ਚ ਧਰਤੀ ਭ੍ਰਿਸ਼ਟ ਹੋ ਗਈ ਸੀ ਅਤੇ ਧਰਤੀ 'ਤੇ ਹਿੰਸਾ ਦਾ ਬੋਲਬਾਲਾ ਹੋ ਗਿਆ ਸੀ। ਅਤੇ ਪ੍ਰਮਾਤਮਾ ਨੇ ਦੇਖਿਆ ਕਿ ਧਰਤੀ ਭ੍ਰਿਸ਼ਟ ਹੋ ਗਈ ਹੈ; ਕਿਉਂਕਿ ਸਾਰੇ ਪ੍ਰਾਣੀਆਂ ਨੇ ਆਪਣੇ ਤਰੀਕਿਆਂ ਨਾਲ ਧਰਤੀ ਨੂੰ ਪਲੀਤ ਕਰ ਦਿੱਤਾ ਸੀ। ਪ੍ਰਮਾਤਮਾ ਨੇ ਨੋਹ ਨੂੰ ਕਿਹਾ, "ਮੈਂ ਸਾਰੇ ਪ੍ਰਾਣੀਆਂ ਨੂੰ ਖ਼ਤਮ ਕਰਨ ਦਾ ਇਰਾਦਾ ਬਣਾ ਲਿਆ ਹੈ, ਕਿਉਂਕਿ ਇਨ੍ਹਾਂ ਦੇ ਕਾਰਨ ਧਰਤੀ 'ਤੇ ਹਿੰਸਾ ਦਾ ਬੋਲਬਾਲਾ ਹੋ ਗਿਆ ਹੈ। ਹੁਣ ਮੈਂ ਇਨ੍ਹਾਂ ਨੂੰ ਧਰਤੀ ਸਮੇਤ ਨਸ਼ਟ ਕਰਨ ਲੱਗਾ ਹਾਂ।

—ਅੰਜੀਲ ਦਾ ਪਹਿਲਾ ਕਾਂਡ, ਦੁਨੀਆਂ ਦਾ ਜਨਮ 6 : 11 (ਨਵਾਂ ਸੋਧਿਆ ਹੋਇਆ ਸਟੈਂਡਰਡ ਰੂਪਾਂਤਰ)

ਸਦਮਾ ਅਤੇ ਖੌਫ਼ ਐਸੀਆਂ ਕਾਰਵਾਈਆਂ ਹਨ ਜਿਨ੍ਹਾਂ ਨਾਲ ਡਰ, ਖ਼ਤਰੇ ਅਤੇ ਤਬਾਹੀ ਉਪਜਦੇ ਹਨ ਜੋ ਅਕਸਰ ਹੀ ਲੋਕਾਂ, ਖ਼ਤਰੇ ਬਣੇ ਸਮਾਜ ਦੇ ਖ਼ਾਸ ਤੱਤਾਂ/ਹਿੱਸਿਆਂ ਜਾਂ ਲੀਡਰਸ਼ਿਪ ਦੇ ਸਮਝ ਨਹੀਂ ਪੈਂਦੇ। ਝੱਖੜਾਂ, ਸਮੁੰਦਰੀ ਤੂਫ਼ਾਨਾਂ, ਭੂਚਾਲਾਂ, ਹੜ੍ਹਾਂ, ਬੇਕਾਬੂ ਅੱਗਾਂ, ਸੋਕੇ ਅਤੇ ਬਿਮਾਰੀਆਂ ਦੇ ਰੂਪ 'ਚ ਕੁਦਰਤ ਵੀ ਸਦਮਾ ਅਤੇ ਖੌਫ਼ ਪੈਦਾ ਕਰ ਸਕਦੀ ਹੈ।

—ਸਦਮਾ ਅਤੇ ਖੌਫ਼ : ਤੇਜ਼ੀ ਨਾਲ ਗ਼ਲਬਾ ਪਾਉਣ ਦਾ ਸਾਧਨ, ਇਰਾਕ ਵਿਰੁੱਧ ਅਮਰੀਕੀ ਜੰਗ ਦਾ ਫ਼ੌਜੀ ਸਿਧਾਂਤ[1]

ਜਮਰ ਪੈਰੀ ਨਾਲ ਮੇਰੀ ਮੁਲਾਕਾਤ ਸਤੰਬਰ 2005 'ਚ ਬੈਟਨ ਰੋਗ, ਲੂਈਸਿਆਨਾ ਦੀ ਵਿਸ਼ਾਲ ਰੈੱਡ ਕਰਾਸ ਪਨਾਹਗਾਹ 'ਚ ਹੋਈ ਸੀ। ਖੁਸ਼ ਦਿਖਾਈ ਦੇ ਰਹੇ ਨੌਜਵਾਨ ਗੂੜ੍ਹ ਗਿਆਨੀ ਰਾਤ ਦਾ ਖਾਣਾ ਵਰਤਾ ਰਹੇ ਸਨ ਅਤੇ ਉਹ ਕਤਾਰ 'ਚ ਖੜ੍ਹਾ ਸੀ। ਮੈਂ ਹੁਣੇ ਹੁਣੇ ਮੀਡੀਆ ਵਾਲਿਆਂ ਨੂੰ ਨਾਲ ਲਏ ਬਗ਼ੈਰ ਹੀ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਨਾਲ ਗੱਲਬਾਤ ਕਰਨ ਲਈ ਨਿਕਲੀ ਸੀ ਅਤੇ ਮੈਂ, ਕਨੇਡਾ ਦੀ ਗੋਰੀ, ਅਫ਼ਰੀਕੀ-ਅਮਰੀਕੀ ਦੱਖਣੀ ਲੋਕਾਂ ਦੇ ਸਮੁੰਦਰ 'ਚ ਰਚਣ-ਮਿਚਣ ਦੀ ਪੂਰੀ ਵਾਹ ਲਾ ਰਹੀ ਸੀ। ਮੈਂ ਪੈਰੀ ਦੇ ਮਗਰ ਕਤਾਰ 'ਚ ਵੜ ਗਈ ਅਤੇ ਉਸ ਨੂੰ ਆਖਿਆ ਕਿ ਮੇਰੇ ਨਾਲ ਗੱਲ ਕਰੇ ਜਿਵੇਂ ਅਸੀਂ ਪੁਰਾਣੇ ਦੋਸਤ ਹੋਈਏ। ਉਸ ਨੇ ਇੰਞ ਹੀ ਕੀਤਾ।

ਉਹ ਨਿਊ ਔਰਲੀਨਜ਼ ਦਾ ਜੰਮ-ਪਲ ਸੀ ਜੋ, ਇਕ ਹਫ਼ਤੇ ਤੋਂ ਹੜ੍ਹਾਂ ਦੀ ਮਾਰ ਹੇਠ ਆਏ ਸ਼ਹਿਰ ਤੋਂ ਬਾਹਰ ਸੀ। ਲਗਦਾ ਇੰਞ ਸੀ ਕਿ ਉਹ ਸਤਾਰਾਂ ਦਾ ਕੁ ਸਾਲਾਂ ਦਾ ਹੈ ਪਰ ਉਸ ਨੇ ਦੱਸਿਆ ਕਿ ਉਸ ਦੀ ਉਮਰ ਤੇਈ ਸਾਲ ਸੀ। ਉਹ ਸਾਰਾ ਪਰਿਵਾਰ ਹੜ੍ਹ ਪੀੜਤਾਂ ਨੂੰ ਲਿਜਾਣ ਵਾਲੀਆਂ ਬੱਸਾਂ ਦੀ ਉਡੀਕ ਕਰਦੇ ਰਹੇ; ਜਦੋਂ ਬੱਸਾਂ ਨਹੀਂ ਪਹੁੰਚੀਆਂ ਤਾਂ ਉਨ੍ਹਾਂ ਨੂੰ ਕੜਕਦੀ ਧੁੱਪ 'ਚ ਪੈਦਲ ਤੁਰਕੇ ਇੱਥੇ ਆਉਣਾ ਪਿਆ ਸੀ। ਆਖ਼ਿਰ ਉਹ ਇੱਥੇ ਵਿਸ਼ਾਲ ਕਾਨਫਰੰਸ ਭਵਨ 'ਚ

ਆ ਪਹੁੰਚੇ। ਆਮ ਤੌਰ 'ਤੇ ਇੱਥੇ ਦਵਾਈਆਂ ਦੀਆਂ ਵਪਾਰਕ ਨੁਮਾਇਸ਼ਾਂ ਲੱਗਦੀਆਂ ਸਨ ਅਤੇ ਇਹ "ਕੈਪੀਟਲ ਸਿਟੀ ਕਾਰਨੇਜ਼ : ਲੋਹੇ ਦੇ ਪਿੰਜਰੇ ਦੀ ਚੋਟੀ ਦੀ ਲੜਾਈ" ਵਾਲੀ ਜਗ੍ਹਾ ਸੀ। ਹੁਣ ਇੱਥੇ ਦੋ ਹਜ਼ਾਰ ਮੰਜੇ ਤੂੜੇ ਹੋਏ ਸਨ ਅਤੇ ਇਰਾਕ ਤੋਂ ਹੁਣੇ ਹੁਣੇ ਵਾਪਸ ਆਏ ਨੈਸ਼ਨਲ ਗਾਰਡ ਦੇ ਚਿੜਚਿੜੇ ਫ਼ੌਜੀ ਗੁੱਸੇ ਨਾਲ ਭਰੇ ਪੀਤੇ ਅਤੇ ਹੰਭੇ ਹੋਏ ਲੋਕਾਂ ਦੇ ਘੜਮੱਸ ਦੇ ਆਲੇ ਦੁਆਲੇ ਗਸ਼ਤ ਕਰ ਰਹੇ ਸਨ।

ਉਸ ਦਿਨ ਇਸ ਪਨਾਹਗਾਹ ਵਿਚ ਇਹ ਖ਼ਬਰ ਫੈਲੀ ਹੋਈ ਸੀ ਕਿ ਇਸ ਸ਼ਹਿਰ ਦੇ ਰਿਪਬਲਿਕਨ ਪਾਰਟੀ ਦੇ ਉੱਘੇ ਸੰਸਦ ਮੈਂਬਰ ਨੇ ਸੰਸਦ ਮੈਂਬਰਾਂ ਨਾਲ ਜੋੜ-ਤੋੜ ਕਰਨ ਵਾਲੇ ਇਕ ਗੁੱਟ ਨੂੰ ਕਿਹਾ ਸੀ, "ਓੜਕ ਨਿਊ ਔਰਲੀਨਜ਼ ਦੇ ਘਰਾਂ ਦਾ ਸਫ਼ਾਇਆ ਹੋ ਹੀ ਗਿਆ। ਅਸੀ ਤਾਂ ਇਹ ਨਹੀਂ ਕਰ ਸਕੇ, ਪਰ ਰੱਬ ਨੇ ਜ਼ਰੂਰ ਕਰ ਦਿੱਤੈ।"[2] ਨਿਊ ਔਰਲੀਨਜ਼ ਨਾਲ ਸਬੰਧਤ ਉਸਾਰੀ ਦਾ ਕਾਰੋਬਾਰ ਕਰਨ ਵਾਲੇ ਇਕ ਸਭ ਤੋਂ ਧਨਾਢ ਵਿਅਕਤੀ ਜੋਸਫ ਕੈਨੀਜ਼ਾਰੋ ਨੇ ਵੀ ਅਜਿਹੀ ਭਾਵਨਾ ਪ੍ਰਗਟਾਈ ਸੀ : "ਮੈਂ ਸਮਝਦਾ ਹਾਂ ਕਿ ਸਾਡੇ ਕੋਲ ਹੁਣ ਨਵੇਂ ਸਿਰਿਉਂ ਸ਼ੁਰੂਆਤ ਕਰਨ ਲਈ ਕੋਰਾ ਕਾਗਜ਼ ਹੈ। ਅਤੇ ਇਸ ਕੋਰੇ ਕਾਗਜ਼ ਦੀ ਬਦੌਲਤ ਹੁਣ ਸਾਡੇ ਕੋਲ ਕਈ ਵੱਡੇ ਮੌਕੇ ਹਨ।"[3] ਇਹ ਪੂਰਾ ਹਫ਼ਤਾ ਬੈਟਨ ਰੋਗ ਸਥਿਤ ਲੂਈਸਿਆਨਾ ਦੀ ਸੂਬਾਈ ਵਿਧਾਨ ਸਭਾ 'ਚ ਕਾਰਪੋਰੇਟਾਂ ਦੇ ਪੱਖ 'ਚ ਜੋੜ-ਤੋੜ ਕਰਨ ਵਾਲੇ, ਇਨ੍ਹਾਂ ਵੱਡੇ ਮੌਕਿਆਂ ਨੂੰ ਹਥਿਆਉਣ ਲਈ ਕੁਰਬਲ ਕੁਰਬਲ ਕਰਦੇ ਰਹੇ। ਉਹ ਜੋੜ-ਤੋੜ ਕਰਨ 'ਚ ਜੁੱਟੇ ਰਹੇ ਤਾਂ ਜੁ ਟੈਕਸਾਂ 'ਚ ਹੋਰ ਛੋਟ ਮਿਲ ਜਾਵੇ, ਪਾਬੰਦੀਆਂ ਹੋਰ ਘਟ ਜਾਣ, ਮਜ਼ਦੂਰ ਹੋਰ ਸਸਤੇ ਅਤੇ "ਹੋਰ ਛੋਟਾਂ ਪਰ ਵੱਧ ਮਹਿਫੂਜ਼ ਸ਼ਹਿਰ" ਹਾਸਲ ਹੋ ਜਾਣ। ਇਸ ਦਾ ਵਿਹਾਰਕ ਭਾਵ ਸੀ ਸਰਕਾਰੀ ਘਰਾਂ ਦੇ ਪ੍ਰਾਜੈਕਟਾਂ ਦਾ ਖ਼ਾਤਮਾ ਕਰਕੇ ਇਨ੍ਹਾਂ ਦੀ ਥਾਂ ਨਿੱਜੀ ਰਿਹਾਇਸ਼ੀ ਇਮਾਰਤਾਂ ਬਣਾਉਣ ਦੀ ਯੋਜਨਾ। "ਤਾਜ਼ੀ ਸ਼ੁਰੂਆਤ" ਅਤੇ "ਕੋਰੇ ਕਾਗਜ਼" ਦੀ ਸਮੁੱਚੀ ਗੱਲਬਾਤ ਸੁਣ ਕੇ ਤੁਸੀਂ ਮਲਬੇ, ਰਸਾਇਣਕ ਵਹਾਅ ਅਤੇ ਮਨੁੱਖੀ ਰਹਿੰਦ-ਖੂੰਹਦ ਦੀ ਉਹ ਜ਼ਹਿਰੀਲੀ ਬਦਬੂ ਲਗਭਗ ਭੁੱਲ ਹੀ ਜਾਵੋਗੇ ਜੋ ਮੁੱਖ ਸੜਕ ਤੋਂ ਕੁਝ ਮੀਲ ਹਟਵੀਂ ਥਾਂ ਤੋਂ ਆ ਰਹੀ ਸੀ।

ਇਸ ਪਨਾਹਗਾਹ 'ਚ ਬੈਠੇ ਜਮਰ ਨੂੰ ਤਾਂ ਇਕ ਹੀ ਗੱਲ ਅਹੁੜ ਰਹੀ ਸੀ : "ਮੇਰੀ ਸੋਚ ਅਨੁਸਾਰ ਇਹ ਸ਼ਹਿਰ ਨੂੰ ਸਾਫ਼ ਕਰਨ ਦਾ ਮਾਮਲਾ ਬਿਲਕੁਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਮੁੱਖ ਸ਼ਹਿਰ ਦੇ ਬਾਹਰਵਾਰ ਬਹੁਤ ਸਾਰੇ ਲੋਕ ਮਾਰੇ ਗਏ ਹਨ। ਉਹ ਲੋਕ ਹਾਲੇ ਮਰਨੇ ਨਹੀਂ ਚਾਹੀਦੇ ਸਨ।"

ਉਹ ਸਹਿਜ ਨਾਲ ਗੱਲ ਕਰ ਰਿਹਾ ਸੀ ਪਰ ਇਹ ਗੱਲ ਸਾਡੇ ਮੂਹਰੇ ਕਤਾਰ ਵਿਚ ਖੜ੍ਹੇ ਇਕ ਬਜ਼ੁਰਗ ਦੇ ਵੀ ਕੰਨੀਂ ਪੈ ਗਈ ਅਤੇ ਉਹ ਕੜਕਦੀ ਆਵਾਜ਼ 'ਚ ਬੋਲਿਆ, "ਬੈਟਨ ਰੋਗ ਦੇ ਇਨ੍ਹਾਂ ਲੋਕਾਂ ਦਾ ਕੀ ਦੋਸ਼ ਹੈ ? ਇਹ ਕੋਈ ਮੌਕਾ ਨਹੀਂ ਹੈ। ਇਹ ਤਾਂ ਰੱਬ ਦੇ ਸਰਾਪ ਕਾਰਨ ਵਾਪਰਿਆ ਦੁਖਾਂਤ ਹੈ। ਉਹ ਕਿਹੜਾ ਅੰਨ੍ਹੇ ਹਨ ? "

ਇਕ ਦੋ ਬੱਚਿਆਂ ਦੀ ਮਾਂ ਨੇ ਗੱਲ ਟੋਕ ਦਿੱਤੀ, "ਨਹੀਂ ਉਹ ਅੰਨ੍ਹੇ ਨਹੀਂ ਹਨ, ਉਹ ਸ਼ੈਤਾਨ ਹਨ। ਉਹ ਤਾਂ ਸਮਝਦੇ ਹਨ ਚੰਗਾ ਹੋਇਆ।"

ਨਿਊ ਔਰਲੀਨਜ਼ ਦੇ ਹੜ੍ਹਾਂ ਦੇ ਪਾਣੀਆਂ 'ਚੋਂ ਮੌਕੇ ਤਲਾਸ਼ਣ ਵਾਲਿਆਂ ਵਿਚੋਂ ਇਕ ਸੀ ਮੁਕਤ ਸਰਮਾਏਦਾਰੀ ਦੀ ਲਹਿਰ ਦਾ ਗੁਰੂ ਘੰਟਾਲ ਮਿਲਟਨ ਫਰਾਇਡਮੈਨ, ਉਹ ਸ਼ਖਸ ਜਿਸ ਨੂੰ ਸਮਕਾਲੀ, ਅਤਿ-ਗਤੀਸ਼ੀਲ ਆਲਮੀ ਆਰਥਿਕਤਾ ਦੇ ਕਾਇਦੇ-ਕਾਨੂੰਨ ਲਿਖਣ ਦਾ ਸਿਹਰਾ

ਜਾਂਦਾ ਹੈ। ਆਪਣੇ ਸ਼ਰਧਾਲੂਆਂ 'ਚ ਮਿਲਟਨ ਚਾਚਾ ਵਜੋਂ ਮਸ਼ਹੂਰ ਇਸ ਤਿਰੰਨਵੇਂ ਸਾਲਾ ਬੁੱਢੇ ਦੀਆਂ ਭਾਵੇਂ ਕਬਰ 'ਚ ਲੱਤਾਂ ਸਨ ਇਸ ਦੇ ਬਾਵਜੂਦ ਉਸ ਨੇ ਸਮੁੰਦਰੀ ਬੰਨ੍ਹ ਟੁੱਟਣ ਤੋਂ ਤਿੰਨ ਮਹੀਨੇ ਬਾਅਦ *ਵਾਲ ਸਟਰੀਟ ਜਰਨਲ* ਦੇ ਖੁੱਲ੍ਹੇ ਸਫ਼ੇ ਉੱਪਰ ਲਿਖਣ ਦੀ ਤਾਕਤ ਜੁਟਾ ਲਈ। ਫਰਾਇਡਮੈਨ ਨੇ ਟਿੱਪਣੀ ਕੀਤੀ, "ਨਿਊ ਔਰਲੀਨਜ਼ ਦੇ ਬਹੁਤੇ ਸਕੂਲ ਉਸੇ ਤਰ੍ਹਾਂ ਤਬਾਹ ਹੋ ਚੁੱਕੇ ਹਨ ਜਿਵੇਂ ਇੱਥੇ ਪੜ੍ਹਨ ਆਉਣ ਵਾਲੇ ਬੱਚਿਆਂ ਦੇ ਘਰ। ਇਹ ਬੱਚੇ ਹੁਣ ਸਾਰੇ ਦੇਸ਼ 'ਚ ਖਿੰਡੇ ਹੋਏ ਹਨ। ਇਹ ਦੁਖਾਂਤਕ ਘਟਨਾ ਹੈ। ਨਾਲ ਹੀ ਇਹ ਸਿੱਖਿਆ ਪ੍ਰਬੰਧ ਅੰਦਰ ਤਿੱਖੇ ਰੂਪ 'ਚ ਸੁਧਾਰ ਕਰਨ ਦਾ ਮੌਕਾ ਵੀ ਹੈ।"[4]

ਫਰਾਇਡਮੈਨ ਦਾ ਤਿੱਖਾ ਵਿਚਾਰ ਸੀ ਕਿ ਸਰਕਾਰ ਮੁੜ-ਉਸਾਰੀ ਲਈ ਜਾਰੀ ਕੀਤੇ ਅਰਬਾਂ ਡਾਲਰ ਇਸ ਪ੍ਰਬੰਧ ਦੀ ਮੁੜ-ਉਸਾਰੀ ਕਰਨ ਅਤੇ ਇਸ 'ਚ ਸੁਧਾਰ ਲਿਆਉਣ ਉੱਪਰ ਨਾ ਖ਼ਰਚੇ ਇਸ ਦੀ ਬਜਾਏ ਇਨ੍ਹਾਂ ਪਰਿਵਾਰਾਂ ਨੂੰ ਅਦਾਇਗੀ ਪੱਤਰ ਦੇ ਦਿੱਤੇ ਜਾਣ। ਫਰਾਇਡਮੈਨ ਨੇ ਲਿਖਿਆ ਕਿ ਅਹਿਮ ਚੀਜ਼ ਇਹ ਹੈ ਕਿ ਇਹ ਬੁਨਿਆਦੀ ਤਬਦੀਲੀ ਡੰਗ-ਟਪਾਊ ਤੌਰ 'ਤੇ ਨਾ ਕੀਤੀ ਜਾਵੇ ਸਗੋਂ ਇਹ "ਸਥਾਈ ਸੁਧਾਰ" ਵਜੋਂ ਕੀਤੀ ਜਾਵੇ।[5]

ਸੱਜੇਪੱਖੀ ਨੀਤੀ ਘਾੜਿਆਂ ਦੇ ਇਕ ਘੇਰੇ ਨੇ ਫਰਾਇਡਮੈਨ ਦੇ ਸੁਝਾਅ ਦਾ ਫ਼ਾਇਦਾ ਉਠਾਇਆ ਅਤੇ ਸਮੁੰਦਰੀ ਤੂਫ਼ਾਨ ਆਉਣ ਤੋਂ ਬਾਅਦ ਸ਼ਹਿਰ ਉੱਤੇ ਹੱਲਾ ਬੋਲ ਦਿੱਤਾ। ਜਾਰਜ ਡਬਲਯੂ ਬੁਸ਼ ਸਰਕਾਰ ਨੇ ਨਿਊ ਔਰਲੀਨਜ਼ ਦੇ ਸਕੂਲਾਂ ਨੂੰ "ਚਾਰਟਰ ਸਕੂਲਾਂ" ਵਿਚ ਬਦਲਣ ਦੀਆਂ ਇਨ੍ਹਾਂ ਦੀਆਂ ਯੋਜਨਾਵਾਂ ਨੂੰ ਅਰਬਾਂ ਡਾਲਰ ਦੇ ਕੇ ਮਦਦ ਕੀਤੀ। ਇਹ ਨਿੱਜੀ ਸੰਸਥਾਵਾਂ ਵਲੋਂ ਆਪਣੇ ਹੀ ਕਾਨੂੰਨਾਂ ਅਨੁਸਾਰ ਚਲਾਏ ਜਾਂਦੇ ਸਕੂਲ ਹਨ ਜਿਨ੍ਹਾਂ ਨੂੰ ਫੰਡ ਸਰਕਾਰ ਦਿੰਦੀ ਹੈ। ਚਾਰਟਰ ਸਕੂਲਾਂ ਨਾਲ ਅਮਰੀਕਾ 'ਚ ਡੂੰਘੀ ਕਤਾਰਬੰਦੀ ਹੋ ਰਹੀ ਹੈ। ਨਿਊ ਔਰਲੀਨਜ਼ 'ਚ ਇਹ ਕਤਾਰਬੰਦੀ ਵਧੇਰੇ ਹੈ। ਜਿੱਥੇ ਬਹੁਤ ਸਾਰੇ ਅਫ਼ਰੀਕੀ-ਅਮਰੀਕੀ ਮਾਪੇ ਸਮਝਦੇ ਹਨ ਕਿ ਇਹ ਸ਼ਹਿਰੀ ਆਜ਼ਾਦੀਆਂ ਦੀ ਲਹਿਰ ਦੀਆਂ ਪ੍ਰਾਪਤੀਆਂ ਨੂੰ ਪੁੱਠਾ ਗੇੜਾ ਦੇਣ ਦਾ ਇਕ ਢੰਗ ਹੈ ਜੋ ਸਾਰੇ ਬੱਚਿਆਂ ਲਈ ਇਕੋ ਜਹੀ ਸਿੱਖਿਆ ਦੀ ਜ਼ਾਮਨੀ ਬਣਦੀਆਂ ਸਨ। ਜਦਕਿ, ਮਿਲਟਨ ਫਰਾਇਡਮੈਨ ਨੂੰ ਤਾਂ ਸਰਕਾਰ ਵਲੋਂ ਚਲਾਏ ਜਾ ਰਹੇ ਸਕੂਲਾਂ ਦੇ ਸਮੁੱਚੇ ਪ੍ਰਬੰਧ ਤੋਂ ਹੀ ਸਮਾਜਵਾਦ ਦੀ ਬੋਅ ਆਉਂਦੀ ਸੀ। ਉਸ ਦੀ ਸੋਚ ਸੀ ਕਿ ਰਾਜ ਦੇ ਕੰਮ ਤਾਂ ਸਿਰਫ਼ ਇਹ ਹਨ : "ਸਾਡੇ ਘਰਾਂ ਤੋਂ ਬਾਹਰਲੇ ਅਤੇ ਸਾਡੇ ਹਮ-ਸ਼ਹਿਰੀਆਂ ਤੋਂ ਸਾਡੀ ਆਜ਼ਾਦੀ ਨੂੰ ਬਚਾਉਣਾ; ਅਮਨ-ਕਾਨੂੰਨ ਬਹਾਲ ਰੱਖਣਾ, ਨਿੱਜੀ ਠੇਕੇ ਦਿਵਾਉਣਾ, ਮੁਕਾਬਲੇਬਾਜ਼ੀ ਵਾਲੀਆਂ ਮੰਡੀਆਂ ਨੂੰ ਉਤਸ਼ਾਹਤ ਕਰਨਾ।"[6] ਦੂਜੇ ਸ਼ਬਦਾਂ 'ਚ, ਪੁਲਿਸ ਅਤੇ ਫ਼ੌਜ ਮੁਹੱਈਆ ਕਰਨਾ—ਇਸ ਤੋਂ ਬਿਨਾ ਕੋਈ ਵੀ ਚੀਜ਼, ਸਮੇਤ ਮੁਫ਼ਤ ਸਿੱਖਿਆ ਦੀ ਸਹੂਲਤ ਦੇ, ਮੰਡੀ ਦੇ ਕੰਮ 'ਚ ਨਜਾਇਜ਼ ਦਖ਼ਲਅੰਦਾਜ਼ੀ ਸੀ।

ਸਮੁੰਦਰ ਦੇ ਧੁੱਸੀ ਬੰਨ੍ਹ ਅਤੇ ਬਿਜਲੀ ਦੇ ਗਰਿੱਡ ਦੀ ਮੁਰੰਮਤ ਬਹੁਤ ਹੀ ਹੌਲੀ-ਹੌਲੀ ਕੀਤੀ ਗਈ। ਇਸ ਦੇ ਐਨ ਉਲਟ ਨਿਊ ਔਰਲੀਨਜ਼ ਦੇ ਸਕੂਲਾਂ ਦੇ ਪ੍ਰਬੰਧ ਦੀ ਬੋਲੀ ਜੰਗੀ ਫੁਰਤੀ ਅਤੇ ਪੂਰੀ ਮੁਹਾਰਤ ਨਾਲ ਨੇਪਰੇ ਚਾੜ੍ਹੀ ਗਈ। ਉੱਨੀ ਮਹੀਨਿਆਂ ਦੇ ਅੰਦਰ, ਜਦੋਂ ਸ਼ਹਿਰ ਦੇ ਜ਼ਿਆਦਾਤਰ ਗਰੀਬ ਬਾਸ਼ਿੰਦੇ ਹਾਲੇ ਬੇਘਰ ਹੀ ਬੈਠੇ ਸਨ, ਨਿਊ ਔਰਲੀਨਜ਼ ਦੇ ਸਰਕਾਰੀ ਸਕੂਲਾਂ ਦੇ ਪ੍ਰਬੰਧ ਦੀ ਥਾਂ ਲਗਭਗ ਪੂਰੀ ਤਰ੍ਹਾਂ ਨਿੱਜੀ ਤੌਰ 'ਤੇ ਚਲਾਏ ਜਾਣ ਵਾਲੇ ਚਾਰਟਰ ਸਕੂਲਾਂ ਨੇ ਲੈ ਲਈ ਸੀ। ਕੈਟਰਿਨਾ ਸਮੁੰਦਰੀ ਤੂਫ਼ਾਨ ਤੋਂ ਪਹਿਲਾਂ, ਸ਼ਹਿਰ ਵਿਚ ਸੱਤ ਚਾਰਟਰ ਸਕੂਲ ਸਨ; ਹੁਣ ਇਹ 31 ਹੋ ਗਏ।[7] ਨਿਊ ਔਰਲੀਨਜ਼ ਦੇ ਅਧਿਆਪਕਾਂ ਦੀ ਯੂਨੀਅਨ ਬੜੀ ਤਕੜੀ ਜਥੇਬੰਦੀ ਸੀ; ਹੁਣ ਇਹ ਬੁਰੀ ਤਰ੍ਹਾਂ ਖਿੰਡ ਗਈ ਅਤੇ ਇਸ ਦੇ ਸੰਤਾਲੀ ਸੌ ਮੈਂਬਰ ਨੌਕਰੀ ਤੋਂ ਕੱਢ ਦਿੱਤੇ ਗਏ ਹਨ।[8]

ਕੁਝ ਥੋੜ੍ਹੀ ਉਮਰ ਦੇ ਅਧਿਆਪਕਾਂ ਨੂੰ ਚਾਰਟਰ ਸਕੂਲਾਂ ਨੇ ਥੋੜ੍ਹੀਆਂ ਤਨਖ਼ਾਹਾਂ 'ਤੇ ਮੁੜ ਨੌਕਰੀ 'ਤੇ ਰੱਖ ਲਿਆ; ਜ਼ਿਆਦਾਤਰ ਨੂੰ ਰੱਖਿਆ ਨਹੀਂ ਗਿਆ।

ਨਿਊ ਯਾਰਕ ਟਾਈਮਜ਼ ਅਨੁਸਾਰ ਨਿਊ ਔਰਲੀਨਜ਼ ਹੁਣ "ਚਾਰਟਰ ਸਕੂਲਾਂ ਦੀ ਵਿਆਪਕ ਵਰਤੋਂ ਕਰਨ ਬਾਰੇ ਦੇਸ਼ ਦੀ ਸਿਰਕੱਢ ਪ੍ਰਯੋਗਸ਼ਾਲਾ ਸੀ।" ਜਦਕਿ ਫਰਾਇਡਮੈਨਵਾਦੀ ਨੀਤੀ ਨਿਰਮਾਤਾ ਅਮੈਰੀਕਨ ਇੰਟਰਪ੍ਰਾਇਜ਼ ਇੰਸਟੀਚਿਊਟ ਨੇ ਜੋਸ਼ 'ਚ ਆ ਕੇ ਕਿਹਾ "ਕੈਟਰਿਨਾ ਨੇ ਉਹ ਇਕੋ ਦਿਨ 'ਚ ਕਰ ਦਿਖਾਇਆ.....ਜੋ ਲੂਈਸਿਆਨਾ ਦੇ ਸਕੂਲਾਂ 'ਚ ਸੁਧਾਰ ਲਿਆਉਣ ਵਾਲਿਆਂ ਤੋਂ ਸਾਲਾਂਬੱਧੀ ਟੱਕਰਾਂ ਮਾਰਨ ਤੋਂ ਬਾਅਦ ਵੀ ਨਹੀਂ ਹੋਇਆ ਸੀ।"[9] ਇਸੇ ਦੌਰਾਨ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਅੱਖਾਂ ਮੂਹਰੇ ਉਹ ਪੈਸਾ ਸਰਕਾਰੀ ਸਕੂਲਾਂ ਦਾ ਪ੍ਰਬੰਧ ਖ਼ਤਮ ਕਰਕੇ ਨਿੱਜੀ ਸਕੂਲ ਬਣਾਉਣ 'ਤੇ ਲਾਇਆ ਜਾ ਰਿਹਾ ਸੀ ਜੋ ਸਮੁੰਦਰੀ ਤੂਫ਼ਾਨ ਦਾ ਸ਼ਿਕਾਰ ਹੋਏ ਲੋਕਾਂ ਲਈ ਜਾਰੀ ਕੀਤਾ ਗਿਆ ਸੀ, ਉਹ ਫਰਾਇਡਮੈਨ ਦੀ ਯੋਜਨਾ ਨੂੰ "ਸਿੱਖਿਆ ਦੀ ਜ਼ਮੀਨ ਹੜੱਪਣ ਦੀ ਕਾਰਵਾਈ" ਦਾ ਨਾਂ ਦੇ ਰਹੇ ਸਨ।[10]

ਕੁਦਰਤੀ ਆਫ਼ਤਾਂ ਨਾਲ ਤਬਾਹੀ ਤੋਂ ਬਾਅਦ ਜਨਤਕ ਖੇਤਰ ਉੱਪਰ ਇਹ ਜੋ ਵਿਉਂਤਬਧ ਹਮਲੇ ਕੀਤੇ ਜਾ ਰਹੇ ਹਨ ਇਨ੍ਹਾਂ ਨੂੰ ਅਤੇ ਇਸ ਤਬਾਹੀ ਨੂੰ ਮੰਡੀ ਲਈ ਉਤਸ਼ਾਹਜਨਕ ਮੌਕੇ ਸਮਝਣ ਦੇ ਵਤੀਰੇ ਨੂੰ ਮੈਂ "ਤਬਾਹੀਪਸੰਦ ਸਰਮਾਏਦਾਰੀ" ਕਹਿੰਦੀ ਹਾਂ।

ਫਰਾਇਡਮੈਨ ਦਾ ਨਿਊ ਔਰਲੀਨਜ਼ ਬਾਰੇ ਅਖ਼ਬਾਰਾਂ ਦੇ ਖੁੱਲ੍ਹੇ ਸਫ਼ੇ ਦਾ ਲੇਖ ਸਰਕਾਰੀ ਨੀਤੀ ਬਾਰੇ ਉਸ ਦੀ ਆਖ਼ਰੀ ਸਿਫਾਰਸ਼ ਹੋ ਨਿੱਬੜਿਆ; ਇਸ ਤੋਂ ਸਾਲ ਬਾਅਦ 16 ਨਵੰਬਰ 2006 ਨੂੰ ਚੁਰੰਨਵੇਂ ਸਾਲ ਦੀ ਉਮਰ 'ਚ ਉਸ ਦੀ ਮੌਤ ਹੋ ਗਈ। ਇਕ ਦਰਮਿਆਨੇ ਜਹੇ ਅਮਰੀਕੀ ਸ਼ਹਿਰ ਦੇ ਸਕੂਲ ਪ੍ਰਬੰਧ ਦਾ ਨਿੱਜੀਕਰਨ ਐਸੇ ਬੰਦੇ ਲਈ ਸ਼ਾਇਦ ਇਕ ਮਾਮੂਲੀ ਕੰਮ ਹੀ ਜਾਪਦਾ ਹੋਵੇ ਜੋ ਬੀਤੀ ਅੱਧੀ ਸਦੀ ਦਾ ਸਭ ਤੋਂ ਵੱਧ ਅਸਰ-ਰਸੂਖ਼ ਵਾਲਾ ਅਰਥਸ਼ਾਸਤਰੀ ਸੀ, ਜਿਸ ਦੇ ਸ਼ਾਗਿਰਦਾਂ 'ਚ ਅਮਰੀਕਾ ਦੇ ਕਈ ਰਾਸ਼ਟਰਪਤੀ, ਬਰਤਾਨੀਆਂ ਦੇ ਪ੍ਰਧਾਨ ਮੰਤਰੀ, ਰੂਸੀ ਵਿਤੀ ਜੁੰਡੀਆਂ ਦੇ ਸਰਦਾਰ, ਪੋਲੈਂਡ ਦੇ ਵਿੱਤ ਮੰਤਰੀ, ਤੀਜੀ ਦੁਨੀਆਂ ਦੇ ਤਾਨਾਸ਼ਾਹ, ਚੀਨੀ ਕਮਿਊਨਿਸਟ ਪਾਰਟੀ ਦੇ ਸਕੱਤਰ, ਕੌਮਾਂਤਰੀ ਮੁਦਰਾ ਕੋਸ਼ ਦੇ ਨਿਰਦੇਸ਼ਕ ਅਤੇ ਅਮਰੀਕੀ ਫੈੱਡਰਲ ਰਿਜ਼ਰਵ ਦੇ ਪਿਛਲੇ ਤਿੰਨ ਮੁਖੀ ਸ਼ਾਮਲ ਸਨ। ਫੇਰ ਵੀ, ਸਰਮਾਏਦਾਰੀ ਦੇ ਰੂੜ੍ਹੀਵਾਦੀ ਰੂਪਾਂਤਰ ਦਾ ਵਿਕਾਸ ਕਰਨ ਲਈ ਨਿਊ ਔਰਲੀਨਜ਼ ਦੇ ਸੰਕਟ ਦਾ ਲਾਹਾ ਲੈਣ ਦੇ ਦ੍ਰਿੜ ਨਿਸ਼ਚੇ ਵਾਲੇ ਇਸ ਪੰਜ ਫੁੱਟ ਦੋ ਇੰਚ ਕੱਦ ਵਾਲੇ ਪ੍ਰੋਫੈਸਰ ਦੀ ਬੇਅੰਤ ਤਾਕਤਵਰ ਸ਼ਖਸੀਅਤ ਦੀ ਇਹ ਅਲਵਿਦਾ ਅਜੀਬ ਤਰੀਕੇ ਨਾਲ ਫੱਬਵੀਂ ਸੀ। ਜੋ ਭਰ ਜਵਾਨੀ ਵੇਲੇ ਆਪਣੇ ਬਾਰੇ ਕਹਿੰਦਾ ਹੁੰਦਾ ਸੀ ਕਿ ਉਹ ਤਾਂ "ਐਤਵਾਰ ਨੂੰ ਉਪਦੇਸ਼ ਦੇਣ ਵਾਲਾ ਪੁਰਾਣੀ ਤਰਜ਼ ਦਾ ਪ੍ਰਚਾਰਕ" ਹੈ।[11]

ਤਿੰਨ ਦਹਾਕੇ ਤੋਂ ਵੱਧ ਸਮੇਂ ਤੋਂ ਫਰਾਇਡਮੈਨ ਅਤੇ ਉਸ ਦੇ ਤਾਕਤਵਰ ਚੇਲੇ ਇਸੇ ਯੁੱਧਨੀਤੀ ਨੂੰ ਪ੍ਰਬੀਨ ਬਣਾਉਣ 'ਚ ਜੁੱਟੇ ਹੋਏ ਸਨ: ਵੱਡੇ ਸੰਕਟ ਨੂੰ ਉਡੀਕਦੇ ਰਹੋ, ਫੇਰ ਰਾਜ ਦੇ ਵੱਖ-ਵੱਖ ਹਿੱਸੇ ਉਸ ਸਮੇਂ ਨਿੱਜੀ ਕਾਰੋਬਾਰੀਆਂ ਨੂੰ ਵੇਚ ਦਿਓ ਜਦੋਂ ਹਾਲੇ ਨਾਗਰਿਕ ਸਦਮੇ ਦੀ ਹਾਲਤ 'ਚ ਹੀ ਹੋਣ, ਫੇਰ ਫਟਾਫਟ "ਸੁਧਾਰਾਂ" ਨੂੰ ਸਥਾਈ ਰੂਪ ਦੇ ਦਿਓ।

ਆਪਣੇ ਇਕ ਸਭ ਤੋਂ ਪ੍ਰਭਾਵਸ਼ਾਲੀ ਲੇਖ ਵਿਚ ਫਰਾਇਡਮੈਨ ਨੇ ਅੱਜ ਦੀ ਸਰਮਾਏਦਾਰੀ ਦੇ ਕੇਂਦਰੀ ਦਾਅਪੇਚਕ ਗੁਰ ਨੂੰ ਸੂਤਰਬਧ ਕੀਤਾ, ਜਿਸ ਬਾਰੇ ਮੇਰੀ ਸਮਝ ਬਣੀ ਹੈ ਕਿ ਇਹ ਸਦਮਾ ਸਿਧਾਂਤ ਹੈ। ਉਸ ਨੇ ਟਿੱਪਣੀ ਕੀਤੀ ਕਿ "ਸਿਰਫ਼ ਸੰਕਟ 'ਚੋਂ ਹੀ ਸੱਚੀ ਤਬਦੀਲੀ ਜਨਮ

ਲੈਂਦੀ ਹੈ—ਸੰਕਟ ਚਾਹੇ ਹਕੀਕੀ ਹੋਵੇ ਜਾਂ ਮਸਨੂਈ ਪੈਦਾ ਕੀਤਾ। ਜਦੋਂ ਇਹ ਸੰਕਟ ਆਉਂਦਾ ਹੈ ਤਾਂ ਕੀਤੀਆਂ ਕਾਰਵਾਈਆਂ ਉੱਥੇ ਮੌਜੂਦ ਵਿਚਾਰਾਂ 'ਤੇ ਨਿਰਭਰ ਕਰਦੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਸਾਡਾ ਬੁਨਿਆਦੀ ਕੰਮ ਇਹ ਹੈ : ਮੌਜੂਦ ਨੀਤੀਆਂ ਦੇ ਬਦਲ ਘੜਨਾ, ਇਨ੍ਹਾਂ ਨੂੰ ਓਦੋਂ ਤੱਕ ਜਿਊਂਦੇ ਅਤੇ ਹਾਸਲ ਬਣਾਈ ਰੱਖਣਾ ਜਦੋਂ ਤੱਕ ਸਿਆਸੀ ਤੌਰ 'ਤੇ ਅਸੰਭਵ ਕੰਮ ਸਿਆਸੀ ਤੌਰ 'ਤੇ ਲਾਜ਼ਮੀ ਨਹੀਂ ਬਣ ਜਾਂਦਾ।"[12] ਕੁਝ ਲੋਕ ਵੱਡੀਆਂ ਆਫ਼ਤਾਂ ਦੀ ਅਗਾਊਂ ਤਿਆਰੀ ਲਈ ਡੱਬਾਬੰਦ ਸਮਾਨ ਅਤੇ ਪਾਣੀ ਜਮਾਂ ਕਰਕੇ ਰੱਖਦੇ ਹਨ; ਫਰਾਇਡਮੈਨਵਾਦੀ ਖੁੱਲ੍ਹੀ ਮੰਡੀ ਦੇ ਵਿਚਾਰ ਜਮਾਂ ਕਰਦੇ ਹਨ। ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਦੀ ਸੋਚ ਸੀ ਕਿ ਸੰਕਟ ਪੈਦਾ ਹੁੰਦੇ ਸਾਰ ਫੁਰਤੀ ਨਾਲ ਕਾਰਵਾਈ ਕਰਨੀ ਬਹੁਤ ਅਹਿਮ ਚੀਜ਼ ਹੈ। ਇਸ ਤੋਂ ਪਹਿਲਾਂ ਕਿ ਸੰਕਟਗ੍ਰਸਤ ਸਮਾਜ ਦੁਬਾਰਾ "ਪਹਿਲਾਂ ਵਾਲੀ ਹਨੇਰਗਰਦੀ" 'ਚ ਵਾਪਸ ਮੁੜ ਜਾਵੇ, ਫਟਾਫਟ ਐਸੀ ਰੱਦੋਬਦਲ ਕਰ ਦੇਣੀ ਚਾਹੀਦੀ ਹੈ ਜਿਸ ਨੂੰ ਉਲਟਾਇਆ ਨਾ ਜਾ ਸਕੇ। ਉਸ ਨੇ ਅੰਦਾਜ਼ਾ ਲਗਾਇਆ ਕਿ "ਨਵੇਂ ਪ੍ਰਸ਼ਾਸਨ ਕੋਲ ਛੇ ਤੋਂ ਲੈ ਕੇ ਨੌ ਮਹੀਨੇ ਦਾ ਸਮਾਂ ਹੁੰਦਾ ਹੈ ਜਿਸ ਦੌਰਾਨ ਇਸ ਨੇ ਵੱਡੀਆਂ ਤਬਦੀਲੀਆਂ ਕਰਨੀਆਂ ਹੁੰਦੀਆਂ ਹਨ; ਜੇ ਇਸ ਅਰਸੇ 'ਚ ਇਹ ਫ਼ੈਸਲਾਕੁਨ ਕਾਰਵਾਈ ਕਰਨ ਦਾ ਮੌਕਾ ਨਹੀਂ ਸੰਭਾਲਦਾ, ਇਸ ਨੂੰ ਇਸ ਤਰ੍ਹਾਂ ਦਾ ਹੋਰ ਮੌਕਾ ਨਹੀਂ ਮਿਲੇਗਾ।"[13] ਮੈਕਿਆਵੇਲੀ• ਦਾ ਸੁਝਾਅ ਸੀ "ਨੁਕਸਾਨ ਝਟਪਟ" ਕਰ ਦੇਣਾ ਚਾਹੀਦਾ ਹੈ। ਇਸ ਨਾਲੋਂ ਥੋੜ੍ਹੀ ਵੱਖਰੀ ਫਰਾਇਡਮੈਨ ਦੀ ਉਪਰੋਕਤ ਸਲਾਹ ਉਸ ਦੀ ਸਭ ਤੋਂ ਸਦੀਵੀ ਯੁੱਧਨੀਤਕ ਵਿਰਾਸਤ ਹੋ ਨਿੱਬੜੀ।

ਫਰਾਇਡਮੈਨ ਨੂੰ ਵੱਡੇ ਪੱਧਰ ਦੇ ਸਦਮੇ ਜਾਂ ਸੰਕਟ ਦਾ ਲਾਹਾ ਲੈਣ ਦਾ ਇਲਮ ਸੱਤਰਵਿਆਂ ਦੇ ਅੱਧ 'ਚ ਜਾ ਕੇ ਹੋਇਆ, ਜਦੋਂ ਉਹ ਚਿੱਲੀ ਦੇ ਤਾਨਾਸ਼ਾਹ ਜਰਨੈਲ ਆਗਸਤੋ ਪਿਨੋਚੇ ਦਾ ਸਲਾਹਕਾਰ ਸੀ। ਪਿਨੋਚੇ ਵਲੋਂ ਕੀਤੇ ਹਿੰਸਕ ਰਾਜ ਪਲਟੇ ਤੋਂ ਬਾਅਦ ਚਿੱਲੀ ਵਾਸੀ ਸਦਮੇ ਦੀ ਹਾਲਤ 'ਚ ਸਨ। ਇਸ ਦੇ ਨਾਲ ਹੀ ਦੇਸ਼ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨੇ ਵੀ ਝੰਬਿਆ ਹੋਇਆ ਸੀ। ਫਰਾਇਡਮੈਨ ਨੇ ਪਿਨੋਚੇ ਨੂੰ ਸਲਾਹ ਦਿੱਤੀ ਕਿ ਇਸ ਹਾਲਤ 'ਚ ਟੈਕਸਾਂ 'ਚ ਕਟੌਤੀ, ਖੁੱਲ੍ਹੇ ਵਪਾਰ, ਜਨਤਕ ਸੇਵਾਵਾਂ ਦੇ ਨਿੱਜੀਕਰਨ, ਸਮਾਜ ਭਲਾਈ ਦੇ ਖ਼ਰਚਿਆਂ 'ਚ ਕਟੌਤੀ ਅਤੇ ਆਰਥਕ ਰੋਕਾਂ ਹਟਾਉਣ ਰਾਹੀਂ ਆਰਥਿਕਤਾ ਦੀ ਤੇਜ਼ੀ ਨਾਲ ਕਾਇਆ-ਕਲਪ ਕਰ ਦਿੱਤੀ ਜਾਵੇ। ਸਿੱਟੇ ਵਜੋਂ, ਚਿੱਲੀ ਦੇ ਲੋਕਾਂ ਦੇ ਦੇਖਦੇ ਦੇਖਦੇ ਸਰਕਾਰੀ ਸਕੂਲਾਂ ਦੀ ਥਾਂ ਸਰਕਾਰੀ ਫੰਡ ਹਾਸਲ ਕਰਨ ਵਾਲੇ ਨਿੱਜੀ ਸਕੂਲਾਂ ਨੇ ਲੈ ਲਈ। ਇਹ ਉਨ੍ਹਾਂ ਵਿਚੋਂ ਸਿਰੇ ਦੀ ਐਸੀ ਸਰਮਾਏਦਾਰਾ ਤਬਦੀਲੀ ਸੀ ਜੋ ਇਸ ਸਮੇਂ ਤੱਕ ਅਮਲ 'ਚ ਲਿਆਂਦੀਆਂ ਗਈਆਂ ਸਨ। ਇਹ ਤਬਦੀਲੀ "ਸ਼ਿਕਾਗੋ ਸਕੂਲ" ਇਨਕਲਾਬ ਵਜੋਂ ਪ੍ਰਸਿੱਧ ਹੋਈ, ਕਿਉਂਕਿ ਪਿਨੋਚੇ ਦੇ ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਫਰਾਇਡਮੈਨ ਦੀ ਅਗਵਾਈ ਹੇਠ ਸ਼ਿਕਾਗੋ ਯੂਨੀਵਰਸਿਟੀ 'ਚ ਤਾਲੀਮ ਹਾਸਲ ਕੀਤੀ ਸੀ। ਫਰਾਇਡਮੈਨ ਨੇ ਪੇਸ਼ੀਨਗੋਈ ਕੀਤੀ ਕਿ ਆਰਥਕ ਰੱਦੋਬਦਲ ਦੀ ਰਫ਼ਤਾਰ, ਅਚਾਨਕ ਅਮਲ ਅਤੇ ਇਸ ਦੀ ਵਿਆਪਕਤਾ ਨਾਲ ਜਨਤਾ 'ਚ ਜੋ ਮਨੋਵਿਗਿਆਨਕ ਪ੍ਰਤੀਕਰਮ ਪੈਦਾ ਹੋਣਗੇ ਉਨ੍ਹਾਂ ਨਾਲ "ਤਬਦੀਲੀ ਦਾ ਅਮਲ ਸੁਖ਼ਾਲਾ ਹੋ ਜਾਵੇਗਾ।"[14] ਇਸ ਦੁਖਦਾਈ ਚਾਲ ਨੂੰ ਉਸ ਨੇ ਆਰਥਕ "ਸਦਮਾ ਇਲਾਜ" ਦਾ ਨਵਾਂ ਨਾਂ ਦਿੱਤਾ। ਇਸ ਸਮੇਂ ਤੋਂ, ਜਦੋਂ ਵੀ

• ਮਸ਼ਹੂਰ ਇਤਾਲਵੀ ਦਾਰਸ਼ਨਿਕ ਅਤੇ ਸਿਆਸਤਦਾਨ (1469-1527 ਈਸਵੀ), *ਦੀ ਪ੍ਰਿੰਸ* ਦਾ ਲੇਖਕ ਜਿਸ ਨੇ ਹੁਕਮਰਾਨਾਂ ਨੂੰ ਸਲਾਹ ਦਿੱਤੀ ਸੀ ਕਿ ਸੱਤਾ 'ਤੇ ਜੱਫਾ ਮਾਰਕੇ ਰੱਖਣ ਲਈ ਅਨੈਤਿਕ ਢੰਗ ਹੀ ਵਰਤਣੇ ਪੈਣਗੇ—ਅਨੁਵਾਦਕ

ਸਰਕਾਰਾਂ ਨੇ ਖੁੱਲ੍ਹੀ ਮੰਡੀ ਦੇ ਹੂੰਝਾਫੇਰੂ ਪ੍ਰੋਗਰਾਮ ਥੋਪੇ, ਉਨ੍ਹਾਂ ਦਾ ਮਨਭਾਉਂਦਾ ਤਰੀਕਾ ਇਕਦਮ ਸਦਮਾ ਇਲਾਜ ਜਾਂ "ਸਦਮਾ ਇਲਾਜ ਵਿਧੀ" ਰਿਹਾ ਹੈ।

ਪਿਨੋਚੇ ਨੇ ਵੀ ਆਪਣੇ ਸਦਮਾ ਇਲਾਜ ਨਾਲ ਤਬਦੀਲੀ ਦੇ ਅਮਲ ਨੂੰ ਸੁਖਾਲਾ ਬਣਾਇਆ; ਇਹ ਸਦਮੇ ਉਸ ਦੇ ਨਿਜ਼ਾਮ ਦੀਆਂ ਕਤਲਗਾਹਾਂ 'ਚ ਤੜਫਦੇ ਜਿਸਮਾਂ 'ਤੇ ਅਜ਼ਮਾਏ ਗਏ ਜਿਨ੍ਹਾਂ ਨੂੰ ਸਰਮਾਏਦਾਰਾਨਾ ਕਾਇਆ-ਕਲਪ ਦੇ ਰਾਹ ਦੇ ਰੋੜੇ ਸਮਝਿਆ ਜਾਂਦਾ ਸੀ। ਬਹੁਤੇ ਲਾਤੀਨੀ ਅਮਰੀਕੀ ਦਹਿ ਲੱਖਾਂ ਲੋਕਾਂ ਨੂੰ ਕੰਗਾਲ ਬਣਾਉਣ ਵਾਲੇ ਆਰਥਕ ਸਦਮਿਆਂ ਅਤੇ ਵੱਖਰੀ ਤਰ੍ਹਾਂ ਦੇ ਸਮਾਜ ਦਾ ਸੁਪਨਾ ਲੈਣ ਵਾਲੇ ਲੱਖਾਂ ਲੋਕਾਂ ਨੂੰ ਦਿੱਤੇ ਤਸੀਹਿਆਂ 'ਚ ਸਿੱਧਾ ਸਬੰਧ ਦੇਖਦੇ ਸਨ। ਜਿਵੇਂ ਉਰੂਗੁਏ ਦੇ ਲੇਖਕ ਐਡੂਆਰਡੋ ਗਿਲਿਆਨੋ ਨੇ ਕਿਹਾ ਸੀ, "ਜੇ ਬਿਜਲੀ ਦਾ ਕਰੰਟ ਲਾ ਕੇ ਨਹੀਂ ਤਾਂ ਇਸ ਨਾਬਰਾਬਰੀ ਨੂੰ ਹੋਰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ ? "[15]

ਚਿੱਲੀ ਦੇ ਲੋਕਾਂ ਉੱਪਰ ਇਨ੍ਹਾਂ ਤਿੰਨ ਵੱਖ-ਵੱਖ ਤਰ੍ਹਾਂ ਦੇ ਸਦਮਿਆਂ ਦਾ ਕਹਿਰ ਝੱਲਣ ਤੋਂ ਠੀਕ ਤੀਹ ਸਾਲ ਬਾਅਦ ਇਹ ਨੁਸਖ਼ਾ ਹੋਰ ਵੱਡੇ ਪੱਧਰ ਦੀ ਹਿੰਸਾ ਲੈ ਕੇ ਇਰਾਕ 'ਚ ਮੁੜ ਉੱਭਰਿਆ। ਪਹਿਲਾ ਸਦਮਾ ਜੰਗ ਸੀ, ਸਦਮਾ ਅਤੇ ਖੌਫ਼ ਬਾਰੇ ਫ਼ੌਜੀ ਸਿਧਾਂਤ ਦੇ ਲੇਖਕਾਂ ਅਨੁਸਾਰ ਇਸ ਦਾ ਮੰਤਵ "ਵਿਰੋਧੀ ਦੀ ਇੱਛਾ, ਸੋਚਾਂ ਅਤੇ ਸੂਝ-ਬੂਝ ਨੂੰ ਕੰਟਰੋਲ ਕਰਨਾ ਅਤੇ ਵਿਰੋਧੀ ਨੂੰ ਸੱਚੀਮੁੱਚੀਂ ਨਿਪੁੰਸਕ ਬਣਾਉਣਾ ਹੈ ਤਾਂ ਜੋ ਉਹ ਹਰਕਤ 'ਚ ਆਉਣ ਜਾਂ ਪ੍ਰਤੀਕਰਮ ਦਿਖਾਉਣ ਜੋਗਾ ਨਾ ਰਹੇ।"[16] ਇਸ ਤੋਂ ਬਾਅਦ, ਜਦੋਂ ਦੇਸ਼ 'ਚ ਹਾਲੇ ਲਾਟਾਂ ਮਚ ਰਹੀਆਂ ਸਨ, ਅਮਰੀਕਾ ਦੇ ਮੁੱਖ ਦੂਤ ਐੱਲ ਪਾਲ ਬਰੈਮਰ ਵਲੋਂ ਤਿੱਖਾ ਆਰਥਕ ਸਦਮਾ ਇਲਾਜ ਥੋਪ ਦਿੱਤਾ ਗਿਆ ਭਾਵ ਵਿਆਪਕ ਨਿੱਜੀਕਰਨ, ਪੂਰੀ ਤਰ੍ਹਾਂ ਮੁਕਤ ਵਪਾਰ, ਸਿੱਧਾ 15 ਫ਼ੀ ਸਦੀ ਟੈਕਸ, ਸਰਕਾਰ ਦੇ ਕੰਮਾਂ 'ਚ ਤਿੱਖੀ ਕਟੌਤੀ। ਇਸ ਸਮੇਂ ਇਰਾਕ ਦੇ ਅੰਦਰੂਨੀ ਵਪਾਰ ਮੰਤਰੀ ਅਲੀ ਅਬਦੁਲ ਅਮੀਰ ਅਲਾਵੀ ਨੇ ਕਿਹਾ ਕਿ ਨਿੱਤ ਦੇ "ਤਜਰਬਿਆਂ ਤੋਂ ਤੰਗ ਆਏ" ਉਸ ਦੇ ਵਤਨ ਵਾਸੀ "ਰੋਗੀ ਹੋ ਚੁੱਕੇ ਹਨ। ਪ੍ਰਬੰਧ ਨੂੰ ਕਾਫ਼ੀ ਸਦਮੇ ਦਿੱਤੇ ਜਾ ਚੁੱਕੇ ਹਨ, ਇਸ ਕਰਕੇ ਸਾਨੂੰ ਆਰਥਿਕਤਾ 'ਚ ਇਸ ਸਦਮਾ ਇਲਾਜ ਦੀ ਲੋੜ ਨਹੀਂ ਹੈ।"[17] ਜਦੋਂ ਇਰਾਕੀਆਂ ਨੇ ਇਸ ਇਲਾਜ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਲਿਜਾਇਆ ਗਿਆ ਅਤੇ ਉੱਥੇ ਉਨ੍ਹਾਂ ਦੇ ਜਿਸਮਾਂ ਅਤੇ ਰੂਹਾਂ ਨੂੰ ਹੋਰ ਸਦਮੇ ਦਿੱਤੇ ਗਏ, ਇਹ ਵਿਸ਼ੇਸ਼ ਰੂਪ 'ਚ ਘੱਟ ਲਾਖਣਿਕ ਸਨ।

ਮੈਂ ਚਾਰ ਸਾਲ ਪਹਿਲਾਂ, ਇਰਾਕ ਉੱਪਰ ਕਬਜ਼ਾ ਕੀਤੇ ਜਾਣ ਦੇ ਮੁੱਢਲੇ ਦਿਨੀਂ, ਸਦਮੇ ਦੀ ਤਾਕਤ ਉੱਪਰ ਖੁੱਲ੍ਹੀ ਮੰਡੀ ਦੀ ਨਿਰਭਰਤਾ ਬਾਰੇ ਖੋਜ ਕਰਨੀ ਸ਼ੁਰੂ ਕੀਤੀ ਸੀ। ਸਦਮਾ ਇਲਾਜ ਵਰਤਕੇ ਸਦਮਾ ਅਤੇ ਖੌਫ਼ ਅਮਲ 'ਚ ਲਿਆਉਣ ਦੀ ਵਾਸ਼ਿੰਗਟਨ ਦੀ ਅਸਫ਼ਲ ਕੋਸ਼ਿਸ਼ ਬਾਰੇ ਬਗਦਾਦ ਤੋਂ ਰਿਪੋਰਟ ਕਰਨ ਤੋਂ ਪਿੱਛੋਂ ਮੈਂ ਸ੍ਰੀ ਲੰਕਾ ਗਈ। ਇਹ 2004 ਦੀ ਤਬਾਹੀ ਮਚਾਊ ਸੁਨਾਮੀ ਤੋਂ ਕਈ ਮਹੀਨੇ ਬਾਅਦ ਦੀ ਗੱਲ ਹੈ। ਇੱਥੇ ਮੈਨੂੰ ਉਸੇ ਚਾਲ ਦਾ ਇਕ ਹੋਰ ਰੂਪ ਦੇਖਣ ਨੂੰ ਮਿਲਿਆ : ਬਦੇਸ਼ੀ ਨਿਵੇਸ਼ਕਾਰਾਂ ਅਤੇ ਕੌਮਾਂਤਰੀ ਸ਼ਾਹੂਕਾਰਾਂ ਨੇ ਭੈਅ ਦੇ ਮਾਹੌਲ ਦਾ ਲਾਹਾ ਲੈਣ ਲਈ ਇੱਥੇ ਡੇਰੇ ਲਾਏ ਹੋਏ ਸਨ ਤਾਂ ਜੋ ਪੂਰੇ ਦੇ ਪੂਰੇ ਖ਼ੂਬਸੂਰਤ ਸਮੁੰਦਰੀ ਕੰਢੇ ਕਾਰੋਬਾਰੀਆਂ ਦੇ ਹੱਥ ਦੇ ਦਿੱਤੇ ਜਾਣ। ਅਤੇ ਲੱਖਾਂ ਮਛੇਰਿਆਂ ਨੂੰ ਪਾਣੀ ਦੇ ਨੇੜੇ ਆਪਣੇ ਪਿੰਡ ਮੁੜ ਵਸਾਉਣ ਤੋਂ ਰੋਕ ਕੇ ਇੱਥੇ ਫਟਾਫਟ ਵੱਡੇ ਹੋਟਲ ਉਸਾਰ ਦਿੱਤੇ ਜਾਣ। ਸ੍ਰੀ ਲੰਕਾ ਦੀ ਸਰਕਾਰ ਨੇ ਐਲਾਨ ਕੀਤਾ, "ਤਕਦੀਰ ਦੇ ਜ਼ਾਲਮ ਗੇੜ ਜ਼ਰੀਏ ਕੁਦਰਤ ਨੇ ਸ੍ਰੀ ਲੰਕਾ ਨੂੰ ਇਹ ਵਿਲੱਖਣ ਮੌਕਾ ਬਖਸ਼ਿਆ ਹੈ ਅਤੇ ਇਸ ਵੱਡੀ ਤ੍ਰਾਸਦੀ ਵਿਚੋਂ ਆਲਮੀ ਦਰਜੇ ਦਾ ਸੈਰ-ਸਪਾਟਾ ਟਿਕਾਣਾ ਵਿਕਾਸ ਕਰੇਗਾ।"[18]

ਜਿਸ ਸਮੇਂ ਕੈਟਰਿਨਾ ਸਮੁੰਦਰੀ ਤੂਫ਼ਾਨ ਆਇਆ ਅਤੇ ਰਿਪਬਲਿਕਨ ਸਿਆਸਤਦਾਨਾਂ, ਨੀਤੀ ਘਾੜਿਆਂ ਅਤੇ ਰਿਹਾਇਸ਼ਾਂ ਦੀ ਉਸਾਰੀ ਨਾਲ ਸਬੰਧਤ ਕਾਰੋਬਾਰੀਆਂ ਦੇ ਗੱਠਜੋੜ ਨੇ "ਕੋਰੇ ਕਾਗਜ਼" ਅਤੇ ਉਤਸ਼ਾਹਜਨਕ ਮੌਕਿਆਂ ਦੀ ਚਰਚਾ ਕਰਨੀ ਸ਼ੁਰੂ ਕਰ ਦਿੱਤੀ, ਓਦੋਂ ਇਹ ਸਪਸ਼ਟ ਹੋ ਗਿਆ ਕਿ ਕਾਰਪੋਰੇਟਾਂ ਦੇ ਉਦੇਸ਼ ਪੂਰੇ ਕਰਨ ਦਾ ਤਰਜੀਹੀ ਢੰਗ ਹੁਣ ਇਹੀ ਸੀ : ਸਮੂਹਿਕ ਸਦਮੇ ਦੇ ਸਮੇਂ ਦਾ ਲਾਹਾ ਲੈ ਕੇ ਤਿੱਖੀ ਸਮਾਜਿਕ ਅਤੇ ਆਰਥਕ ਤਬਦੀਲੀ ਲਿਆਉਣ ਲਈ ਜੁੱਟ ਜਾਓ।

ਇਸ ਤਬਾਹੀ ਮਚਾਊ ਆਫ਼ਤ ਤੋਂ ਜੋ ਲੋਕ ਬਚ ਗਏ ਉਨ੍ਹਾਂ 'ਚੋਂ ਬਹੁਤਿਆਂ ਦੀ ਇੱਛਾ ਇਸ ਕੋਰੀ ਸਲੇਟ ਤੋਂ ਉਲਟ ਸੀ; ਉਹ ਜੋ ਕੁਝ ਵੀ ਬਚਾਇਆ ਜਾ ਸਕਦਾ ਸੀ ਬਚਾਉਣਾ ਚਾਹੁੰਦੇ ਸਨ ਅਤੇ ਜੋ ਤਬਾਹ ਨਹੀਂ ਹੋਇਆ ਸੀ ਉਸ ਦੀ ਮੁਰੰਮਤ ਕਰਨਾ ਚਾਹੁੰਦੇ ਸਨ। ਉਹ ਉਨ੍ਹਾਂ ਥਾਵਾਂ ਨਾਲ ਆਪਣਾ ਲਗਾਉ ਮੁੜ ਜਤਾਉਣਾ ਚਾਹੁੰਦੇ ਸਨ ਜਿੱਥੇ ਉਹ ਜੰਮੇ ਪਲੇ ਸਨ। ਨਿਊ ਔਰਲੀਨਜ਼ ਦੇ ਬੁਰੀ ਤਰ੍ਹਾਂ ਤਬਾਹ ਹੋਏ ਨੀਵੇਂ ਨੌਵੇਂ ਵਾਰਡ ਦੀ ਵਸਨੀਕ ਕੈਸਾਂਦਰਾ ਔਂਦਰਿਊ ਨੇ ਤੂਫ਼ਾਨ ਆਉਣ ਤੋਂ ਬਾਅਦ ਮਲਬਾ ਹਟਾਉਂਦਿਆਂ ਕਿਹਾ, "ਸ਼ਹਿਰ ਦੀ ਮੁੜ ਉਸਾਰੀ ਕਰਦਿਆਂ ਮੈਨੂੰ ਇੰਞ ਮਹਿਸੂਸ ਹੁੰਦਾ ਹੈ ਜਿਵੇਂ ਮੈਂ ਆਪਣੀ ਮੁੜ ਉਸਾਰੀ ਕਰ ਰਹੀ ਹੋਵਾਂ।"[19] ਪਰ ਤਬਾਹੀਪਸੰਦ ਸਰਮਾਏਦਾਰਾਂ ਦੀ ਉਸ ਦੀ ਮੁਰੰਮਤ ਕਰਨ 'ਚ ਕੋਈ ਰੁਚੀ ਨਹੀਂ ਹੈ ਜੋ ਕਦੇ ਹੁੰਦਾ ਸੀ। ਇਰਾਕ, ਸ੍ਰੀ ਲੰਕਾ ਅਤੇ ਨਿਊ ਔਰਲੀਨਜ਼ ਵਿਚ ਉਸ ਧੋਖੇ ਭਰੇ ਅਮਲ ਜਿਸ ਨੂੰ "ਮੁੜ ਉਸਾਰੀ" ਕਿਹਾ ਜਾਂਦਾ ਹੈ, ਦੀ ਸ਼ੁਰੂਆਤ ਅਸਲ ਤਬਾਹੀ ਦੇ ਕੰਮ ਨੂੰ ਨੇਪਰੇ ਚਾੜ੍ਹਨ ਨਾਲ ਹੋਈ। ਜਨਤਕ ਖੇਤਰ ਅਤੇ ਇੱਥੋਂ ਦੇ ਵਸਨੀਕ ਭਾਈਚਾਰਿਆਂ ਦੀ ਰਹਿੰਦ-ਖੂੰਹਦ ਦਾ ਨਾਂ-ਨਿਸ਼ਾਨ ਮਿਟਾ ਦਿੱਤਾ ਗਿਆ ਅਤੇ ਫੇਰ ਇਸ ਦੀ ਥਾਂ ਫਟਾਫਟ ਇਕ ਤਰ੍ਹਾਂ ਦਾ ਨਵਾਂ ਕਾਰਪੋਰੇਟ ਜੇਰੂਸਲੇਮ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ—ਇਸ ਤੋਂ ਪਹਿਲਾਂ ਕਿ ਜੰਗ ਜਾਂ ਕੁਦਰਤੀ ਆਫ਼ਤ ਦਾ ਸ਼ਿਕਾਰ ਹੋਏ ਲੋਕ ਮੁੜ ਇਕੱਠੇ ਹੋ ਜਾਂਦੇ ਅਤੇ ਜੋ ਕੁਝ ਉਨ੍ਹਾਂ ਦਾ ਸੀ ਉਸ ਉੱਪਰ ਹੱਕ ਜਤਾਉਣਾ ਸ਼ੁਰੂ ਕਰਦੇ।

ਮਾਈਕ ਬੈਟਲਜ਼ ਇਸ ਨੂੰ ਸਭ ਤੋਂ ਵਧੀਆ ਪੇਸ਼ ਕਰਦਾ ਹੈ : "ਖੌਫ਼ ਅਤੇ ਅਫ਼ਰਾ-ਤਫ਼ਰੀ ਨੇ ਸਾਨੂੰ ਅਸਲ ਮੌਕਾ ਦਿੱਤਾ।"[20] ਸੀ ਆਈ ਏ ਦਾ ਇਹ ਸਾਬਕਾ ਚੌਂਤੀ ਸਾਲਾ ਅਧਿਕਾਰੀ ਇਹ ਦੱਸ ਰਿਹਾ ਸੀ ਕਿ ਕਿਵੇਂ ਇਰਾਕ ਉੱਪਰ ਹਮਲੇ ਤੋਂ ਬਾਅਦ ਦੀ ਗੜਬੜ ਉਸ ਦੀ ਗੁੰਮਨਾਮ ਅਤੇ ਅਨਾੜੀ ਨਿੱਜੀ ਸੁਰੱਖਿਆ ਕੰਪਨੀ *ਕਸਟਰ ਬੈਟਲਜ਼* ਲਈ ਅਮਰੀਕਾ ਦੀ ਕੇਂਦਰੀ ਸਰਕਾਰ ਤੋਂ 10 ਕਰੋੜ ਡਾਲਰ ਦੇ ਠੇਕੇ ਬਟੋਰਨ 'ਚ ਸਹਾਈ ਹੋਈ ਸੀ।[21] ਉਸ ਦੇ ਲਫ਼ਜ਼ ਇਵੇਂ ਹੀ ਅਜੋਕੀ ਸਰਮਾਏਦਾਰੀ ਦੇ ਇਸ ਜੰਗੀ ਨਾਅਰੇ ਦੀ ਪ੍ਰੋੜਤਾ ਕਰ ਸਕਦੇ ਹਨ—ਖੌਫ਼ ਅਤੇ ਅਫ਼ਰਾ-ਤਫ਼ਰੀ ਅੱਗੇ ਵਧਣ ਦੀ ਹਰੇਕ ਛਾਲ ਦਾ ਹੁਲਾਰ-ਪੈੜਾ ਹਨ।

ਜਦੋਂ ਮੈਂ ਸੁਪਰ ਮੁਨਾਫ਼ਿਆਂ ਅਤੇ ਮੈਗਾ ਤਬਾਹੀਆਂ ਦੇ ਆਪਸੀ ਰਿਸ਼ਤੇ ਦੀ ਘੋਖ ਕਰਨੀ ਸ਼ੁਰੂ ਕੀਤੀ, ਮੇਰੀ ਸੋਚ ਸੀ ਕਿ ਜਿਸ ਤਰੀਕੇ ਨਾਲ ਦੁਨੀਆਂ 'ਚ ਮੰਡੀਆਂ ਨੂੰ "ਮੁਕਤ ਕਰਾਉਣ" ਦੀ ਮੁਹਿੰਮ ਅਗੇ ਵਧ ਰਹੀ ਸੀ ਮੈਨੂੰ ਉਸ ਵਿਚ ਬੁਨਿਆਦੀ ਤਬਦੀਲੀ ਦਿਖਾਈ ਦੇ ਰਹੀ ਸੀ। ਜਿਸ ਫੈਲ ਰਹੀ ਕਾਰਪੋਰੇਟ ਤਾਕਤ ਨੇ 1999 'ਚ ਸਿਆਟਲ 'ਚ ਆਲਮੀ ਪ੍ਰਵੇਸ਼ ਕੀਤਾ ਸੀ, ਉਸ ਵਿਰੁੱਧ ਲਹਿਰ ਦਾ ਹਿੱਸਾ ਰਹੀ ਹੋਣ ਕਾਰਨ ਮੈਂ ਇਹ ਦੇਖਣ ਦੀ ਆਦੀ ਹੋ ਚੁੱਕੀ ਸੀ ਕਿ ਅਜਿਹੀਆਂ ਸਰਮਾਏਦਾਰੀ ਪੱਖੀ ਨੀਤੀਆਂ ਸੰਸਾਰ ਵਪਾਰ ਸੰਸਥਾ ਦੇ ਸਿਖਰ ਸੰਮੇਲਨਾਂ 'ਚ ਬਾਂਹ ਮਰੋੜ ਕੇ ਜਾਂ ਕੌਮਾਂਤਰੀ ਮੁਦਰਾ ਕੋਸ਼ ਵਲੋਂ ਦਿੱਤੇ ਜਾਣ ਵਾਲੇ ਕਰਜਿਆਂ ਨਾਲ ਸ਼ਰਤਾਂ ਲਾ ਕੇ ਥੋਪੀਆਂ ਜਾਂਦੀਆਂ ਹਨ। ਤਿੰਨ ਵਿਲੱਖਣ ਮੰਗਾਂ—ਨਿੱਜੀਕਰਨ, ਸਰਕਾਰੀ ਰੋਕਾਂ ਹਟਾਉਣਾ ਅਤੇ

ਸਮਾਜਿਕ ਖਰਚਿਆਂ 'ਚ ਭਾਰੀ ਕਟੌਤੀ—ਨਾਗਰਿਕਾਂ 'ਚ ਸਿਰੇ ਦੀਆਂ ਬਦਨਾਮ ਹਨ, ਪਰ ਜਦੋਂ ਇਕਰਾਰਨਾਮਿਆਂ 'ਤੇ ਦਸਤਖ਼ਤ ਕੀਤੇ ਗਏ ਉੱਥੇ ਹਾਲੇ ਵੀ ਘੱਟੋ-ਘੱਟ ਗੱਲਬਾਤ ਕਰਨ ਵਾਲੀਆਂ ਸਰਕਾਰਾਂ ਦਰਮਿਆਨ ਆਮ ਸਹਿਮਤੀ, ਨਾਲ ਹੀ ਅਖੌਤੀ ਮਾਹਰਾਂ ਦਰਮਿਆਨ ਆਮ ਸਹਿਮਤੀ ਦਾ ਢੌਂਗ ਰਚਿਆ ਗਿਆ। ਹੁਣ ਉਹੀ ਸਿਧਾਂਤਕ ਪ੍ਰੋਗਰਾਮ ਸੰਭਵ ਹੱਦ ਤੱਕ ਸਿਰੇ ਦੇ ਨੰਗੇ-ਚਿੱਟੇ ਜਾਬਰ ਢੰਗਾਂ ਰਾਹੀਂ ਥੋਪਿਆ ਜਾ ਰਿਹਾ ਸੀ : ਹਮਲੇ ਤੋਂ ਬਾਅਦ ਬਦੇਸ਼ੀ ਫ਼ੌਜੀ ਕਬਜ਼ੇ ਤਹਿਤ ਜਾਂ ਤਬਾਹੀ ਮਚਾਊ ਕੁਦਰਤੀ ਆਫ਼ਤ ਤੋਂ ਤੁਰੰਤ ਬਾਅਦ। ਜਾਪਦਾ ਸੀ ਕਿ 11 ਸਤੰਬਰ ਨੇ ਵਾਸ਼ਿੰਗਟਨ ਨੂੰ ਹਰੀ ਝੰਡੀ ਦੇ ਦਿੱਤੀ ਕਿ ਹੁਣ ਇਨ੍ਹਾਂ ਦੇਸ਼ਾਂ ਨੂੰ ਪੁੱਛਣ ਦੀ ਲੋੜ ਨਹੀਂ ਹੈ ਕਿ ਕੀ ਉਹ ਅਮਰੀਕਾ ਮਾਰਕਾ "ਮੁਕਤ ਵਪਾਰ ਅਤੇ ਜਮਹੂਰੀਅਤ" ਚਾਹੁੰਦੇ ਹਨ ਅਤੇ ਕੀ ਉਹ ਇਨ੍ਹਾਂ ਨੂੰ ਸਦਮਾ ਅਤੇ ਖੌਫ਼ ਪੈਦਾ ਕਰਨ ਵਾਲੀ ਫ਼ੌਜੀ ਤਾਕਤ ਨਾਲ ਥੋਪਣ ਦਾ ਅਮਲ ਵਿੱਢਣ ਦੇ ਹੱਕ 'ਚ ਹਨ।

ਪਰ, ਜਿਉਂ-ਜਿਉਂ ਮੈਂ ਇਸ ਇਤਿਹਾਸ ਦੀ ਗਹਿਰਾਈ 'ਚ ਉੱਤਰਦੀ ਗਈ ਕਿ ਮੰਡੀ ਦੇ ਇਸ ਨਮੂਨੇ ਨੇ ਪੂਰੀ ਦੁਨੀਆਂ 'ਤੇ ਜੱਫਾ ਕਿਵੇਂ ਮਾਰਿਆ, ਮੈਂ ਦੇਖਿਆ ਕਿ ਸੰਕਟ ਅਤੇ ਤਬਾਹੀ ਦਾ ਲਾਹਾ ਲੈਣ ਦੀ ਸੋਚ ਬਹੁਤ ਸ਼ੁਰੂ ਤੋਂ ਹੀ ਮਿਲਟਨ ਫਰਾਇਡਮੈਨ ਦੀ ਲਹਿਰ ਦਾ ਢੰਗ-ਤਰੀਕਾ ਰਹੀ ਹੈ—ਤਬਾਹੀਆਂ ਸਦਾ ਹੀ ਸਰਮਾਏਦਾਰੀ ਦੇ ਮੂਲਵਾਦੀ ਰੂਪ ਲਈ ਅੱਗੇ ਵਧਣ ਦੀ ਜ਼ਰੂਰਤ ਰਹੀਆਂ ਹਨ। ਯਕੀਨੀ ਤੌਰ 'ਤੇ, ਸਰਮਾਏਦਾਰੀ ਦੇ ਉਦੇਸ਼ ਨੂੰ ਸੁਖਾਲਾ ਬਣਾਉਣ ਵਾਲੀਆਂ ਤਬਾਹੀਆਂ ਹੋਰ ਵੱਡੀਆਂ ਤੇ ਵੱਧ ਸਦਮਾ ਦੇਣ ਵਾਲੀਆਂ ਬਣਦੀਆਂ ਗਈਆਂ, ਪਰ ਇਰਾਕ ਅਤੇ ਨਿਊ ਔਰਲੀਨਜ਼ 'ਚ ਜੋ ਵਾਪਰਿਆ ਉਹ ਕੋਈ ਨਵੀਂ, 11 ਸਤੰਬਰ ਤੋਂ ਪਿੱਛੋਂ ਦੀ ਕਾਢ ਨਹੀਂ ਸੀ। ਅਸਲ ਵਿਚ, ਸੰਕਟ ਦਾ ਲਾਹਾ ਲੈਣ ਦੇ ਇਹ ਨਿਧੜਕ ਤਜਰਬੇ ਤਿੰਨ ਦਹਾਕੇ ਸਦਮਾ ਸਿਧਾਂਤ ਨੂੰ ਸਖ਼ਤੀ ਨਾਲ ਅਮਲ 'ਚ ਲਿਆਉਣ ਦਾ ਸਿਖ਼ਰ ਸਨ।

ਇਸ ਸਿਧਾਂਤ ਦੀਆਂ ਐਨਕਾਂ ਰਾਹੀਂ ਦੇਖਿਆ ਜਾਵੇ ਤਾਂ ਬੀਤੇ ਪੈਂਤੀ ਸਾਲ ਬਹੁਤ ਵੱਖਰੇ ਦਿਖਾਈ ਦਿੰਦੇ ਹਨ। ਇਸ ਦੌਰ ਦੀਆਂ ਮਨੁੱਖੀ ਹੱਕਾਂ ਦੀਆਂ ਕੁਝ ਸਭ ਤੋਂ ਬਦਨਾਮ ਉਲੰਘਣਾਵਾਂ ਨੂੰ ਇਸ ਤਰ੍ਹਾਂ ਦੇਖਣ ਦਾ ਰੁਝਾਨ ਰਿਹਾ ਹੈ ਜਿਵੇਂ ਇਹ ਜਮਹੂਰੀਅਤ ਵਿਰੋਧੀ ਨਿਜ਼ਾਮਾਂ ਦੇ ਸਿਰਫ਼ ਜ਼ੁਲਮ ਢਾਹ ਕੇ ਸੁਆਦ ਲੈਣ ਦੇ ਮਾਮਲੇ ਹਨ। ਅਸਲ ਵਿਚ, ਇਹ ਉਲੰਘਣਾਵਾਂ ਜਨਤਾ ਨੂੰ ਦਹਿਸ਼ਤਜਦਾ ਕਰਨ ਦੇ ਇਰਾਦੇ ਨਾਲ ਜਾਣ-ਬੁੱਝ ਕੇ ਕੀਤੀਆਂ ਗਈਆਂ ਸਨ ਜਾਂ ਖੁੱਲ੍ਹੀ ਮੰਡੀ ਦੇ ਤਿੱਖੇ "ਸੁਧਾਰਾਂ" ਨੂੰ ਅਮਲ 'ਚ ਲਿਆਉਣ ਦੀ ਜ਼ਮੀਨ ਤਿਆਰ ਕਰਨ ਵਾਸਤੇ ਸਰਗਰਮੀ ਨਾਲ ਇਸਤੇਮਾਲ ਕੀਤੀਆਂ ਗਈਆਂ ਸਨ। ਸੱਤਰਵਿਆਂ 'ਚ ਅਰਜਨਟਾਈਨਾ ਵਿਚ, ਫ਼ੌਜੀ ਹਾਕਮ ਜੁੰਡਲੀ ਵਲੋਂ ਤੀਹ ਹਜ਼ਾਰ ਲੋਕਾਂ ਨੂੰ ਲਾਪਤਾ ਕਰ ਦੇਣਾ, ਜਿਨ੍ਹਾਂ ਵਿਚੋਂ ਬਹੁਤੇ ਖੱਬੇਪੱਖੀ ਕਾਰਕੁਨ ਸਨ, ਇੱਥੇ ਸ਼ਿਕਾਗੋ ਸਕੂਲ ਦੀਆਂ ਨੀਤੀਆਂ ਥੋਪਣ ਦੇ ਅਮਲ ਦਾ ਅਨਿੱਖੜ ਹਿੱਸਾ ਸੀ, ਉਸੇ ਤਰ੍ਹਾਂ ਜਿਵੇਂ ਚਿੱਲੀ ਅੰਦਰ ਦਹਿਸ਼ਤ ਇਸੇ ਤਰ੍ਹਾਂ ਦੀ ਆਰਥਕ ਤਬਦੀਲੀ ਦਾ ਹਿੱਸਾ ਸੀ। 1989 'ਚ ਚੀਨ ਅੰਦਰ, ਇਹ ਤਿਨਾਨਮਿੰਨ ਚੌਂਕ ਕਤਲੇਆਮ ਅਤੇ ਇਸ ਤੋਂ ਬਾਅਦ ਦਹਿ ਹਜ਼ਾਰਾਂ ਗ੍ਰਿਫ਼ਤਾਰੀਆਂ ਦਾ ਸਦਮਾ ਹੀ ਸੀ ਜਿਸ ਨੇ ਦੇਸ਼ ਦੇ ਜ਼ਿਆਦਾਤਰ ਹਿੱਸੇ ਨੂੰ ਵਿਸ਼ਾਲ ਬਰਾਮਦਕਾਰੀ ਖੇਤਰ 'ਚ ਬਦਲਣ ਦੀ ਖੁੱਲ੍ਹ ਕਮਿਊਨਿਸਟ ਪਾਰਟੀ ਨੂੰ ਦਿੱਤੀ। ਇੱਥੇ ਜੋ ਮਜ਼ਦੂਰ ਭਰਤੀ ਕੀਤੇ ਗਏ ਉਹ ਐਨੇ ਸਹਿਮੇ ਹੋਏ ਸਨ ਕਿ ਉਨ੍ਹਾਂ ਵਿਚ ਆਪਣੇ ਹੱਕ ਮੰਗਣ ਦੀ ਹਿੰਮਤ ਵੀ ਨਹੀਂ ਸੀ। 1993 'ਚ ਰੂਸ ਅੰਦਰ, ਸੰਸਦ ਭਵਨ ਨੂੰ ਸਾੜ ਕੇ ਸੁਆਹ ਕਰਨ ਲਈ ਟੈਂਕ ਭੇਜਣ ਅਤੇ ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ 'ਚ ਡੱਕਣ ਦੇ ਬੋਰਿਸ ਯੇਲਤਸਿਨ ਦੇ ਫ਼ੈਸਲੇ ਨੇ ਹੀ

ਕੌਡੀਆਂ ਦੇ ਭਾਅ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਲਈ ਰਾਹ ਪੱਧਰਾ ਕੀਤਾ ਸੀ। ਇਸ ਨਿੱਜੀਕਰਨ ਨਾਲ ਹੀ ਦੇਸ਼ ਦੀ ਬਦਨਾਮ ਵਿਤੀ ਹਾਕਮ ਜੁੰਡਲੀ ਹੋਂਦ 'ਚ ਆਈ।

1982 ਦੀ ਫਾਕਲੈਂਡ ਜੰਗ ਨੇ ਇੰਗਲੈਂਡ 'ਚ ਮਾਰਗਰੇਟ ਥੈਚਰ ਦੇ ਇਸੇ ਤਰ੍ਹਾਂ ਦੇ ਮੰਤਵ ਦੀ ਪੂਰਤੀ ਕੀਤੀ : ਜੰਗ 'ਚੋਂ ਉਪਜੀ ਅਫ਼ਰਾ-ਤਫ਼ਰੀ ਅਤੇ ਕੌਮਪ੍ਰਸਤ ਜੋਸ਼ ਨੇ ਕੋਲਾ ਖਾਣਾਂ ਦੇ ਹੜਤਾਲੀ ਮਜ਼ਦੂਰਾਂ ਨੂੰ ਕੁਚਲਣ ਲਈ ਭਾਰੀ ਤਾਕਤ ਵਰਤਣ ਅਤੇ ਪੱਛਮੀ ਜਮਹੂਰੀਅਤ ਅੰਦਰ ਪਹਿਲਾ ਜਨੂੰਨੀ ਨਿੱਜੀਕਰਨ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ। 1999 'ਚ ਬੈਲਗਰਾਦ ਉੱਪਰ ਨੈਟੋ ਦੇ ਹਮਲੇ ਨੇ ਸਾਬਕਾ ਯੂਗੋਸਲਾਵੀਆ 'ਚ ਤੇਜ਼ੀ ਨਾਲ ਨਿੱਜੀਕਰਨ ਲਈ ਹਾਲਾਤ ਪੈਦਾ ਕਰ ਦਿੱਤੇ—ਨਿੱਜੀਕਰਨ ਦਾ ਇਹ ਟੀਚਾ ਜੰਗ ਤੋਂ ਪਹਿਲਾਂ ਮਿਥਿਆ ਹੋਇਆ ਸੀ। ਅਰਥਸ਼ਾਸਤਰ ਇਨ੍ਹਾਂ ਜੰਗਾਂ ਦਾ ਇਕੋ ਇਕ ਪ੍ਰੇਰਕ ਨਹੀਂ ਸੀ, ਪਰ ਹਰੇਕ ਮਾਮਲੇ 'ਚ ਆਰਥਕ ਸਦਮਾ ਇਲਾਜ ਲਈ ਜ਼ਮੀਨ ਤਿਆਰ ਕਰਨ ਵਾਸਤੇ ਗੰਭੀਰ ਸਮੂਹਿਕ ਸਦਮੇ ਦਾ ਲਾਹਾ ਲਿਆ ਗਿਆ।

ਜਿਨ੍ਹਾਂ ਸਦਮਾਜਨਕ ਘਟਨਾਵਾਂ ਨੇ ਲੋਕਾਂ ਨੂੰ "ਢੈਲੇ ਕਰਨ" ਦੇ ਇਸ ਉਦੇਸ਼ ਦੀ ਪੂਰਤੀ ਕੀਤੀ ਉਹ ਸਦਾ ਸ਼ਰੇਆਮ ਹਿੰਸਕ ਨਹੀਂ ਸਨ। ਜਿਵੇਂ ਆਈ ਐੱਮ ਐੱਫ ਦਾ ਇਕ ਸਾਬਕਾ ਅਧਿਕਾਰੀ ਇਸ ਨੂੰ ਪੇਸ਼ ਕਰਦਾ ਹੈ, ਅੱਸੀਵਿਆਂ 'ਚ ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਦੇ ਦੇਸ਼ ਕਰਜੇ ਦੇ ਸੰਕਟ ਕਾਰਨ "ਨਿੱਜੀਕਰਨ ਕਰ ਦੇਣ ਜਾਂ ਮਰ ਜਾਣ" ਲਈ ਮਜਬੂਰ ਹੋ ਗਏ ਸਨ।[22] ਸਿੱਕੇ ਦਾ ਫੈਲਾਅ ਅਤੇ ਕਰਜਾ ਐਨਾ ਜ਼ਿਆਦਾ ਸੀ ਕਿ ਬਦੇਸ਼ੀ ਕਰਜੇ ਨਾਲ ਸ਼ਰਤਾਂ ਲਾਏ ਜਾਣ 'ਤੇ ਇਹ ਦੇਸ਼ ਨਾਂਹ ਕਹਿਣ ਦੀ ਹਾਲਤ 'ਚ ਨਹੀਂ ਸਨ। ਸਰਕਾਰਾਂ ਨੇ ਇਸ ਵਾਅਦੇ ਤਹਿਤ "ਸਦਮਾ ਇਲਾਜ" ਪ੍ਰਵਾਨ ਕਰ ਲਿਆ ਕਿ ਇਹ ਉਨ੍ਹਾਂ ਨੂੰ ਘੋਰ ਤਬਾਹੀ ਤੋਂ ਬਚਾ ਲਵੇਗਾ। ਏਸ਼ੀਆ ਵਿਚ, 1997-98 ਦੇ ਵਿੱਤੀ ਸੰਕਟ ਕਾਰਨ—ਇਸ ਨੇ ਲਗਭਗ ਮਹਾਂ ਮੰਦਵਾੜੇ ਜਿੰਨੀ ਹੀ ਤਬਾਹੀ ਮਚਾਈ ਸੀ—ਅਖੌਤੀ ਏਸ਼ੀਆਈ ਸ਼ੇਰ ਢੈਲੇ ਪੈ ਗਏ ਅਤੇ ਇਨ੍ਹਾਂ ਨੇ ਆਪਣੀਆਂ ਮੰਡੀਆਂ ਉਸ ਲਈ ਖੋਲ੍ਹ ਦਿੱਤੀਆਂ ਜਿਸ ਨੂੰ *ਨਿਊ ਯਾਰਕ ਟਾਈਮਜ਼* ਨੇ "ਦੁਨੀਆਂ 'ਚ ਕਾਰੋਬਾਰ ਦੀ ਨਿਲਾਮੀ ਦਾ ਵੱਡਾ ਅਮਲ" ਕਿਹਾ ਸੀ।[23] ਇਨ੍ਹਾਂ ਵਿਚੋਂ ਬਹੁਤੇ ਦੇਸ਼ ਜਮਹੂਰੀ ਪ੍ਰਬੰਧ ਸਨ, ਪਰ ਖੁੱਲ੍ਹੀ ਮੰਡੀ ਦੇ ਪੱਖ 'ਚ ਤਿੱਖੀ ਤਬਦੀਲੀ ਲਿਆਉਣ ਲਈ ਜਮਹੂਰੀ ਢੰਗ ਬਿਲਕੁਲ ਨਹੀਂ ਅਪਣਾਇਆ ਗਿਆ। ਵਾਪਰਿਆ ਇਸ ਦੇ ਐਨ ਉਲਟ। ਜਿਵੇਂ ਫਰਾਇਡਮੈਨ ਦੀ ਸੋਚ ਸੀ, ਵੱਡੇ ਪੱਧਰ ਦੇ ਸੰਕਟ ਦੇ ਮਾਹੌਲ ਨੇ ਵੋਟਰਾਂ ਦੀਆਂ ਗੀਝਾਂ ਨੂੰ ਕੁਚਲ ਕੇ ਦੇਸ਼ ਨੂੰ ਆਰਥਕ "ਟੈਕਨੋਕਰੇਟਾਂ" ਦੇ ਹਵਾਲੇ ਕਰਨ ਲਈ ਲੋੜੀਂਦਾ ਬਹਾਨਾ ਮੁਹੱਈਆ ਕਰ ਦਿੱਤਾ।

ਬੇਸ਼ੱਕ, ਐਸੀਆਂ ਮਿਸਾਲਾਂ ਵੀ ਹਨ ਜਦੋਂ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨੂੰ ਜਮਹੂਰੀ ਢੰਗ ਨਾਲ ਅਪਣਾਇਆ ਗਿਆ। ਸਿਆਸਤਦਾਨਾਂ ਨੇ ਨੀਤੀਆਂ ਬਾਰੇ ਕਰੜੇ ਸਟੈਂਡ ਲੈਣ ਵਾਲੇ ਮੰਚਾਂ ਤੋਂ ਚੋਣਾਂ ਲੜੀਆਂ, ਰੋਨਾਲਡ ਰੀਗਨ ਦੇ ਰਾਜ ਸਮੇਂ ਅਮਰੀਕਾ ਇਸ ਦੀ ਸਭ ਤੋਂ ਉਮਦਾ ਮਿਸਾਲ ਹੈ। ਫਰਾਂਸ 'ਚ ਨਿਕੋਲਸ ਸਰਕੋਜ਼ੀ ਦੀ ਚੋਣ ਹੋਰ ਵੀ ਤਾਜ਼ਾ ਮਿਸਾਲ ਹੈ। ਇਨ੍ਹਾਂ ਮਾਮਲਿਆਂ 'ਚ, ਖੁੱਲ੍ਹੀ ਮੰਡੀ ਦੇ ਜਹਾਦੀਆਂ ਨੇ ਜਨਤਾ ਦੇ ਦਬਾਅ ਵਿਰੁੱਧ ਸਟੈਂਡ ਲਿਆ ਪਰ ਆਪਣੀਆਂ ਤਿੱਖੀਆਂ ਯੋਜਨਾਵਾਂ 'ਚ ਸੋਧਾਂ ਕਰਨ ਲਈ ਮਜਬੂਰ ਹੋ ਗਏ। ਇਹ ਮੁਕੰਮਲ ਬਦਲਾਅ ਦੀ ਬਜਾਏ ਥੋੜ੍ਹੀਆਂ ਥੋੜ੍ਹੀਆਂ ਤਬਦੀਲੀਆਂ ਕਰਨ 'ਤੇ ਸਹਿਮਤ ਹੋ ਗਏ। ਸਾਰ-ਤੱਤ ਇਹ ਕਿ ਫਰਾਇਡਮੈਨ ਦੇ ਆਰਥਕ ਮਾਡਲ ਨੂੰ ਜਮਹੂਰੀਅਤ ਅੰਦਰ ਅੰਸ਼ਕ ਤੌਰ 'ਤੇ ਹੀ ਥੋਪਿਆ ਜਾ ਸਕਦਾ ਹੈ, ਇਸ ਦੀ ਅਸਲ ਦ੍ਰਿਸ਼ਟੀ ਨੂੰ ਲਾਗੂ ਕਰਨ ਲਈ ਤਾਨਾਸ਼ਾਹ ਹਾਲਾਤ ਦੀ ਜ਼ਰੂਰਤ

ਪੈਂਦੀ ਹੈ। ਆਰਥਕ ਸਦਮਾ ਇਲਾਜ ਨੂੰ ਬੇਰੋਕ-ਟੋਕ ਲਾਗੂ ਕਰਨ ਲਈ ਸਦਾ ਕਿਸੇ ਨਾ ਕਿਸੇ ਤਰ੍ਹਾਂ ਦੇ ਘੋਰ ਸਮੂਹਿਕ ਸਦਮੇ ਦੀ ਜ਼ਰੂਰਤ ਪੈਂਦੀ ਹੈ, ਜੋ ਜਮਹੂਰੀ ਅਮਲਾਂ ਨੂੰ ਜਾਂ ਤਾਂ ਆਰਜ਼ੀ ਤੌਰ 'ਤੇ ਠੱਪ ਕਰ ਦੇਵੇ ਜਾਂ ਪੂਰੀ ਤਰ੍ਹਾਂ ਰੋਕ ਦੇਵੇ ਜਿਵੇਂ ਸੱਤਰਵਿਆਂ ਵਿਚ ਚਿੱਲੀ ਵਿਚ, ਅੱਸੀਵਿਆਂ ਦੇ ਅਖ਼ੀਰ 'ਚ ਚੀਨ ਵਿਚ, ਨੱਬੇਵਿਆਂ 'ਚ ਰੂਸ ਵਿਚ ਅਤੇ 11 ਸਤੰਬਰ 2001 ਤੋਂ ਬਾਅਦ ਅਮਰੀਕਾ 'ਚ ਵਾਪਰਿਆ ਸੀ। ਇਸ ਵਿਚਾਰਧਾਰਕ ਜਹਾਦ ਦਾ ਜਨਮ ਦੱਖਣੀ ਅਮਰੀਕਾ ਦੇ ਤਾਨਾਸ਼ਾਹ ਨਿਜ਼ਾਮਾਂ 'ਚ ਹੋਇਆ ਸੀ ਅਤੇ ਇਸ ਨੇ ਜਿਨ੍ਹਾਂ ਨਵੇਂ ਸਭ ਤੋਂ ਵੱਡੇ ਖੇਤਰਾਂ ਨੂੰ ਜਿੱਤ ਲਿਆ—ਰੂਸ ਤੇ ਚੀਨ—ਉੱਥੇ ਇਹ ਬੇਰਹਿਮ ਲੀਡਰਸ਼ਿਪ ਦੇ ਨਿੱਘੇ ਸਾਥ 'ਚ ਅੱਜ ਤੱਕ ਮੁਨਾਫ਼ੇ ਬਟੋਰ ਕੇ ਦੇ ਰਹੇ ਹਨ।

ਸਦਮਾ ਇਲਾਜ ਦਾ ਆਪਣੇ ਜ਼ੱਦੀ ਦੇਸ਼ ਵੱਲ ਮੋੜਾ

ਫਰਾਇਡਮੈਨ ਦੀ ਸ਼ਿਕਾਗੋ ਸਕੂਲ ਲਹਿਰ ਸੱਤਰਵਿਆਂ ਤੋਂ ਦੁਨੀਆਂ 'ਚ ਇਲਾਕੇ ਜਿੱਤਦੀ ਆ ਰਹੀ ਹੈ, ਪਰ ਥੋੜ੍ਹਾ ਸਮਾਂ ਪਹਿਲਾਂ ਤੱਕ ਇਸ ਦੀ ਦ੍ਰਿਸ਼ਟੀ ਇਸ ਦੇ ਜ਼ੱਦੀ ਦੇਸ਼ 'ਚ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ ਸੀ। ਗੀਗਨ ਨੇ ਇਸ ਦਿਸ਼ਾ 'ਚ ਤਰੱਕੀ ਜ਼ਰੂਰ ਕੀਤੀ, ਪਰ ਅਮਰੀਕਾ ਨੇ ਲੋਕ-ਭਲਾਈ ਪ੍ਰਬੰਧ, ਸਮਾਜਿਕ ਸੁਰੱਖਿਆ ਅਤੇ ਸਰਕਾਰੀ ਸਕੂਲ ਬਰਕਰਾਰ ਰੱਖੇ ਹਨ ਜਿੱਥੇ ਫਰਾਇਡਮੈਨ ਦੇ ਲਫ਼ਜ਼ਾਂ 'ਚ ਮਾਪੇ "ਸਮਾਜਵਾਦੀ ਪ੍ਰਬੰਧ ਪ੍ਰਤੀ ਤਰਕਹੀਣ ਲਗਾਓ" ਨੂੰ ਚਿੰਬੜੇ ਹੋਏ ਹਨ।[24]

ਜਦੋਂ ਰਿਪਬਲਿਕਨਾਂ ਨੇ 1995 'ਚ ਅਮਰੀਕੀ ਸੰਸਦ ਉੱਪਰ ਕਬਜ਼ਾ ਕਰ ਲਿਆ ਤਾਂ ਅਮਰੀਕਾ ਵਿਚ ਸਦਮਾ ਇਲਾਜ ਤਰਜ਼ ਦਾ ਆਰਥਕ ਇਨਕਲਾਬ ਸ਼ੁਰੂ ਕਰਨ ਦਾ ਸੱਦਾ ਦੇਣ ਵਾਲੇ ਅਖੌਤੀ ਨਵ-ਰੂੜ੍ਹੀਵਾਦੀਆਂ (New Conservatives)'ਚ ਡੇਵਿਡ ਫਰੱਮ ਵੀ ਸੀ। ਇੱਥੇ ਆ ਕੇ ਵਸਿਆ ਇਹ ਕੈਨੇਡੀਅਨ ਪਿਛੋਕੜ ਵਾਲਾ ਸ਼ਖਸ ਬਾਅਦ 'ਚ ਜਾਰਜ ਡਬਲਯੂ ਬੁਸ਼ ਦਾ ਭਾਸ਼ਣ ਲੇਖਕ ਬਣਿਆ। ਉਸ ਦੇ ਬੋਲ ਸਨ, "ਸਾਨੂੰ ਕਿਵੇਂ ਕਰਨਾ ਚਾਹੀਦਾ ਹੈ ਇਸ ਬਾਰੇ ਮੇਰੀ ਸੋਚ ਇਸ ਤਰ੍ਹਾਂ ਹੈ : ਹੌਲੀ ਹੌਲੀ ਕਟੌਤੀ—ਥੋੜ੍ਹੀ ਇੱਧਰ ਥੋੜ੍ਹੀ ਉੱਧਰ—ਕਰਨ ਦੀ ਬਜਾਏ ਮੈਂ ਕਹਾਂਗਾ ਕਿ ਇਸ ਗਰਮ ਰੁੱਤ 'ਚ ਇਕ ਦਿਨ 'ਚ ਅਸੀਂ ਤਿੰਨ ਸੌ ਪ੍ਰੋਗਰਾਮਾਂ ਦਾ ਖ਼ਾਤਮਾ ਕਰ ਦੇਈਏ, ਇਨ੍ਹਾਂ ਵਿਚੋਂ ਹਰੇਕ 'ਤੇ ਇਕ ਅਰਬ ਜਾਂ ਇਸ ਤੋਂ ਥੋੜ੍ਹਾ ਘੱਟ ਖ਼ਰਚ ਆਉਂਦਾ ਹੈ। ਸ਼ਾਇਦ ਇਨ੍ਹਾਂ ਕਟੌਤੀਆਂ ਨਾਲ ਬਹੁਤ ਫ਼ਰਕ ਨਹੀਂ ਪਵੇਗਾ, ਪਰ ਮੁੰਡਿਓ, ਇਨ੍ਹਾਂ ਨਾਲ ਨੁਕਤਾ ਜ਼ਰੂਰ ਬਣ ਜਾਂਦਾ ਹੈ। ਅਤੇ ਤੁਸੀਂ ਤੁਰੰਤ ਇਹ ਕਰ ਸਕਦੇ ਹੋ।"[25]

ਫਰੱਮ ਆਪਣੇ ਦੇਸ਼ 'ਚ ਤਿਆਰ ਕੀਤਾ ਸਦਮਾ ਇਲਾਜ ਉਸ ਸਮੇਂ ਉੱਥੇ ਲਾਗੂ ਨਹੀਂ ਕਰਵਾ ਸਕਿਆ, ਕਿਉਂਕਿ ਹਾਲਾਤ ਤਿਆਰ ਕਰਨ ਲਈ ਘਰੋਗੀ ਸੰਕਟ ਮੌਜੂਦ ਨਹੀਂ ਸੀ, ਪਰ 2001 'ਚ ਹਾਲਾਤ ਬਦਲ ਗਏ। ਜਦੋਂ 11 ਸਤੰਬਰ ਦੇ ਹਮਲੇ ਹੋਏ, ਓਦੋਂ ਵਾਈਟ ਹਾਊਸ 'ਚ ਫਰਾਇਡਮੈਨ ਦੇ ਚੇਲਿਆਂ ਦੀ ਭਰਮਾਰ ਹੋ ਚੁੱਕੀ ਸੀ। ਇਨ੍ਹਾਂ 'ਚ ਉਸ ਦਾ ਜਿਗਰੀ ਯਾਰ ਡੋਨਾਲਡ ਰਮਜ਼ਫੈਲਡ ਵੀ ਸੀ। ਜਦੋਂ ਸਮੂਹ ਲੋਕਾਂ ਦੇ ਹੋਸ਼ ਉਡੇ ਹੋਏ ਸਨ ਤਾਂ ਬੁਸ਼ ਜੁੰਡਲੀ ਨੇ ਹੈਰਾਨੀਜਨਕ ਫੁਰਤੀ ਨਾਲ ਮੌਕਾ ਸਾਂਭ ਲਿਆ। ਕਾਰਨ ਇਹ ਨਹੀਂ ਸੀ, ਜਿਵੇਂ ਕੁਝ ਲੋਕਾਂ ਦਾ ਦਾਅਵਾ ਹੈ, ਕਿ ਸਰਕਾਰ ਨੇ ਚਲਾਕੀ ਨਾਲ ਸੰਕਟ ਦੀ ਸਾਜ਼ਿਸ਼ ਘੜੀ ਸਗੋਂ ਕਾਰਨ ਇਹ ਸੀ ਕਿ ਸਰਕਾਰ ਦੀਆਂ ਅਹਿਮ ਹਸਤੀਆਂ ਉਸ ਲਹਿਰ ਦਾ ਹਿੱਸਾ ਸਨ ਜੋ ਉਸੇ ਤਰ੍ਹਾਂ ਦੁਆਵਾਂ ਕਰਕੇ ਸੰਕਟ ਲੋੜਦੀ ਹੈ ਜਿਵੇਂ ਸੋਕੇ ਮਾਰੇ ਕਿਸਾਨ ਮੀਂਹ ਮੰਗਦੇ ਹਨ ਅਤੇ ਈਸਾਈ ਯਹੂਦੀਵਾਦੀ ਆਖ਼ਰੀ ਸਮਾਂ ਆਉਣ 'ਤੇ ਜ਼ੰਨਤ ਮੰਗਦੇ ਹਨ। ਇਹ ਸਾਰੇ ਲਾਤੀਨੀ ਅਮਰੀਕਾ ਅਤੇ ਪੂਰਬੀ ਯੂਰਪ ਵਿਚ ਤਬਾਹੀਪਸੰਦ

ਸਰਮਾਏਦਾਰੀ ਦੇ ਪਹਿਲੇ ਤਜਰਬਿਆਂ 'ਚ ਹੰਢੇ ਹੋਏ ਸਨ। ਜਦੋਂ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਤਬਾਹੀ ਹਮਲਾ ਕਰ ਦਿੰਦੀ ਹੈ, ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਆਖ਼ਿਰ ਉਨ੍ਹਾਂ ਦਾ ਮਨਭਾਉਂਦਾ ਮੌਕਾ ਆ ਗਿਆ ਹੈ।

ਤਿੰਨ ਦਹਾਕੇ, ਫਰਾਇਡਮੈਨ ਅਤੇ ਉਸ ਦੇ ਚੇਲੇ ਹੋਰ ਦੇਸ਼ਾਂ ਵਿਚ ਸਦਮੇ ਦੇ ਮੌਕਿਆਂ ਦਾ ਬਾਕਾਇਦਾ ਲਾਹਾ ਲੈਂਦੇ ਰਹੇ ਸਨ—ਇਨ੍ਹਾਂ ਦੀ ਸ਼ੁਰੂਆਤ 11 ਸਤੰਬਰ 1973 ਨੂੰ ਪਿਨੋਚੇ ਵਲੋਂ ਕੀਤੇ ਰਾਜ ਪਲਟੇ ਤੋਂ ਹੋਈ ਸੀ ਅਤੇ ਸਾਰੇ ਬਦੇਸ਼ਾਂ 'ਚ ਇਹ ਦਿਨ 11 ਸਤੰਬਰ ਹੀ ਚੁਣਿਆ ਗਿਆ ਸੀ। 11 ਸਤੰਬਰ 2001 ਨੂੰ ਹੋਇਆ ਇਹ ਕਿ ਜਿਸ ਵਿਚਾਰਧਾਰਾ ਨੇ ਅਮਰੀਕੀ ਯੂਨੀਵਰਸਿਟੀਆਂ 'ਚ ਜਨਮ ਲੈ ਕੇ ਵਾਸ਼ਿੰਗਟਨ ਦੀਆਂ ਸੰਸਥਾਵਾਂ 'ਚ ਪੈਰ ਜਮਾ ਲਏ ਸਨ ਆਖ਼ਿਰ ਉਸ ਦੇ ਘਰ ਮੁੜ ਆਉਣ ਦਾ ਮੌਕਾ ਆ ਗਿਆ ਸੀ।

ਬੁਸ਼ ਸਰਕਾਰ ਨੇ ਹਮਲਿਆਂ ਕਾਰਨ ਪੈਦਾ ਹੋਏ ਖੌਫ਼ ਦਾ ਮੌਕਾ ਤੁਰੰਤ ਬੋਚ ਲਿਆ ਨਾ ਸਿਰਫ਼ "ਦਹਿਸ਼ਤਵਾਦ ਵਿਰੁੱਧ ਜੰਗ" ਸ਼ੁਰੂ ਕਰਨ ਲਈ ਸਗੋਂ ਇਹ ਯਕੀਨੀ ਬਣਾਉਣ ਲਈ ਕਿ ਇਹ ਪੂਰੀ ਤਰ੍ਹਾਂ ਮੁਨਾਫ਼ੇ ਦੇਣ ਵਾਲਾ ਕਾਰੋਬਾਰ ਆਰਥਕ ਤੇਜ਼ੀ ਵਾਲੀ ਨਵੀਂ ਸਨਅਤ ਹੋਵੇ ਜਿਸ ਨੇ ਅਮਰੀਕਾ ਦੀ ਲੜਖੜਾ ਰਹੀ ਆਰਥਿਕਤਾ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਇਹ ਉਸਾਰ ਜਿਸ ਨੂੰ "ਤਬਾਹੀਪਸੰਦ ਸਰਮਾਏਦਾਰੀ ਦਾ ਉਸਾਰ" ਵਜੋਂ ਬਿਹਤਰ ਸਮਝਿਆ ਜਾ ਸਕਦਾ ਹੈ, ਇਸ ਦੀ ਜਕੜ ਫ਼ੌਜੀ-ਸਨਅਤੀ ਉਸਾਰ ਨਾਲੋਂ ਕਿਤੇ ਵੱਧ ਫੈਲੀ ਹੋਈ ਹੈ ਜਿਸ ਬਾਰੇ ਡਵਾਈਟ ਆਈਜ਼ਨਹਾਵਰ ਨੇ ਆਪਣੇ ਰਾਸ਼ਟਰਪਤੀ ਕਾਰਜ-ਕਾਲ ਦੇ ਅੰਤ 'ਚ ਚੇਤਾਵਨੀ ਦਿੱਤੀ ਸੀ : ਇਹ ਆਲਮੀ ਜੰਗ ਹੈ ਜੋ ਹਰ ਪੱਧਰ 'ਤੇ ਨਿੱਜੀ ਕੰਪਨੀਆਂ ਵਲੋਂ ਲੜੀ ਜਾ ਰਹੀ ਹੈ ਜਿਨ੍ਹਾਂ ਦੀ ਜੰਗ 'ਚ ਸ਼ਮੂਲੀਅਤ ਦੀ ਅਦਾਇਗੀ ਜਨਤਾ ਦੇ ਪੈਸੇ ਨਾਲ ਕੀਤੀ ਜਾਂਦੀ ਹੈ, ਇਹ ਅਮਰੀਕਾ ਨੂੰ ਹਮੇਸ਼ਾ ਲਈ ਮਹਿਫ਼ੂਜ਼ ਰੱਖਣ ਜਦਕਿ ਬਦੇਸ਼ੀ "ਬੁਰਾਈਆਂ" ਦਾ ਨਾਂ-ਨਿਸ਼ਾਨ ਮਿਟਾਉਣ ਦੇ ਅਨੰਤ ਫਤਵੇ ਰਾਹੀਂ ਕੀਤਾ ਜਾਂਦਾ ਹੈ। ਥੋੜ੍ਹੇ ਸਾਲਾਂ 'ਚ ਹੀ, ਇਸ ਉਸਾਰ ਨੇ ਆਪਣੀ ਮੰਡੀ ਦੀ ਪਹੁੰਚ ਦਾ ਫੈਲਾਅ ਦਹਿਸ਼ਤਵਾਦ ਵਿਰੁੱਧ ਲੜਾਈ ਤੋਂ ਕੌਮਾਂਤਰੀ ਅਮਨ ਬਣਾਈ ਰੱਖਣ, ਸ਼ਹਿਰਾਂ ਦੇ ਪੁਲਿਸ ਪ੍ਰਬੰਧ ਅਤੇ ਅਕਸਰ ਹੀ ਵਾਪਰਦੀਆਂ ਕੁਦਰਤੀ ਆਫ਼ਤਾਂ ਆਉਣ 'ਤੇ ਚੁੱਕੇ ਜਾਣ ਵਾਲੇ ਕਦਮਾਂ ਤੱਕ ਪਹਿਲਾਂ ਹੀ ਕਰ ਲਿਆ ਹੈ। ਇਸ ਉਸਾਰ ਦਾ ਧੁਰਾ ਕਾਰਪੋਰੇਸ਼ਨਾਂ ਹਨ ਜਿਨ੍ਹਾਂ ਦਾ ਅੰਤਮ ਨਿਸ਼ਾਨਾ ਮੁਨਾਫ਼ਾ ਪੱਖੀ ਸਰਕਾਰਾਂ ਦਾ ਮਾਡਲ ਲਿਆਉਣਾ ਹੈ, ਜੋ ਖ਼ਾਸ ਹਾਲਾਤ 'ਚ ਬਹੁਤ ਜ਼ਿਆਦਾ ਤੇਜ਼ੀ ਨਾਲ ਰਾਜ ਦੇ ਆਮ ਅਤੇ ਰੋਜ਼ਮਰਾ ਦੇ ਕੰਮਾਂ ਤੱਕ ਵਿਕਸਤ ਹੁੰਦਾ ਜਾ ਰਿਹਾ ਹੈ। ਅਸਲ ਵਿਚ ਇਹ ਨਿਸ਼ਾਨਾ ਹੈ ਸਰਕਾਰ ਦਾ ਨਿੱਜੀਕਰਨ ਕਰਨਾ।

ਤਬਾਹੀਪਸੰਦ ਸਰਮਾਏਦਾਰੀ ਦੇ ਉਸਾਰ ਦੀ ਸ਼ੁਰੂਆਤ ਕਰਨ ਲਈ ਬੁਸ਼ ਸਰਕਾਰ ਨੇ ਸਰਕਾਰ ਦੇ ਬਹੁਤ ਸਾਰੇ ਵੱਧ ਸੰਵੇਦਨਸ਼ੀਲ ਅਤੇ ਮੁੱਖ ਕੰਮ ਠੇਕੇ 'ਤੇ ਦੇ ਦਿੱਤੇ—ਫ਼ੌਜ ਦੀਆਂ ਸਿਹਤ ਸੇਵਾਵਾਂ ਤੋਂ ਲੈ ਕੇ ਕੈਦੀਆਂ ਨੂੰ ਤਸੀਹੇ ਦੇਣ ਅਤੇ ਸਾਡੇ ਸਾਰਿਆਂ ਬਾਰੇ ਜਾਣਕਾਰੀ ਜੁਟਾਉਣ ਅਤੇ ਇਸ ਦੀ ਘੋਖ-ਪੜਤਾਲ ਕਰਨ ਤੱਕ। ਇਸ ਬਾਰੇ ਜਨਤਾ 'ਚ ਕੋਈ ਬਹਿਸ ਨਹੀਂ ਕਰਵਾਈ ਗਈ। ਇਸ ਅਮੁੱਕ ਜੰਗ 'ਚ ਸਰਕਾਰ ਦੀ ਭੂਮਿਕਾ ਠੇਕੇ ਲੈਣ ਵਾਲੀਆਂ ਕੰਪਨੀਆਂ ਦੇ ਤਾਣੇ-ਬਾਣੇ ਦੇ ਇੰਤਜ਼ਾਮਾਂ ਦੀ ਦੇਖ-ਰੇਖ ਕਰਨ ਵਾਲੇ ਪ੍ਰਸ਼ਾਸਕ ਦੀ ਨਹੀਂ ਸਗੋਂ ਚੋਖੇ ਵਿਤੀ ਵਸੀਲਿਆਂ ਵਾਲੇ ਸਰਮਾਏਦਾਰ ਕਾਰੋਬਾਰੀ ਦੀ ਹੈ, ਜੋ ਉਸਾਰ ਦੀ ਸਿਰਜਣਾ ਲਈ ਮੁੱਢਲਾ ਧਨ ਮੁਹੱਈਆ ਕਰਨ ਅਤੇ ਇਸ ਦੀਆਂ ਨਵੀਂਆਂ ਸੇਵਾਵਾਂ ਦੀ ਸਭ ਤੋਂ ਵੱਡੀ ਗਾਹਕ ਬਣਨ ਦੇ ਦੋਵਾਂ ਕੰਮਾਂ ਦੀ ਭੂਮਿਕਾ ਹੈ। ਇਸ ਤਬਦੀਲੀ ਦੇ ਦਾਇਰੇ ਨੂੰ ਦਰਸਾਉਣ ਲਈ ਇੱਥੇ ਅੰਕੜਿਆਂ ਦੀਆਂ ਤਿੰਨ

ਮਿਸਾਲਾਂ ਦਿੱਤੀਆਂ ਜਾ ਰਹੀਆਂ ਹਨ। 2003 'ਚ ਅਮਰੀਕੀ ਸਰਕਾਰ ਨੇ ਸੁਰੱਖਿਆ ਦੀਆਂ ਸੇਵਾਵਾਂ ਬਾਰੇ 3512 ਠੇਕੇ ਕੰਪਨੀਆਂ ਨੂੰ ਦੇ ਦਿੱਤੇ; ਅਗਸਤ 2006 ਤੱਕ ਦੇ ਬਾਈ ਮਹੀਨਿਆਂ ਦੇ ਅਰਸੇ 'ਚ ਗ੍ਰਹਿ ਸੁਰੱਖਿਆ ਵਿਭਾਗ ਨੇ ਅਜਿਹੇ 115,000 ਤੋਂ ਵੱਧ ਠੇਕੇ ਦਿੱਤੇ ਸਨ।[26] ਆਲਮੀ "ਅੰਦਰੂਨੀ ਸੁਰੱਖਿਆ ਸਨਅਤ"—ਜੋ 2001 ਤੋਂ ਪਹਿਲਾਂ ਆਰਥਕ ਤੌਰ 'ਤੇ ਗ਼ੈਰ-ਅਹਿਮ ਸਨਅਤ ਸੀ—ਦਾ ਖੇਤਰ ਹੁਣ 200 ਅਰਬ ਡਾਲਰ ਹੈ।[27] 2006 'ਚ, ਅੰਦਰੂਨੀ ਸੁਰੱਖਿਆ ਉੱਪਰ ਅਮਰੀਕੀ ਸਰਕਾਰ ਵਲੋਂ ਕੀਤਾ ਜਾ ਰਿਹਾ ਖ਼ਰਚ ਔਸਤਨ 545 ਡਾਲਰ ਪ੍ਰਤੀ ਪਰਿਵਾਰ ਸੀ।[28]

ਅਤੇ ਇਹ ਸਿਰਫ਼ ਦਹਿਸ਼ਤਵਾਦ ਵਿਰੁੱਧ ਜੰਗ ਦੇ ਘਰੇਲੂ ਮੁਹਾਜ਼ ਦੇ ਅੰਕੜੇ ਹਨ; ਪਰ ਅਸਲ ਪੈਸਾ ਬਦੇਸ਼ਾਂ 'ਚ ਜੰਗਾਂ ਲੜਨ 'ਚ ਲਗਾਇਆ ਗਿਆ ਹੈ। ਹਥਿਆਰਾਂ ਦੇ ਠੇਕੇਦਾਰਾਂ ਤੋਂ ਅੱਗੇ, ਇਰਾਕ 'ਚ ਜੰਗ ਦੀ ਬਦੌਲਤ ਜਿਨ੍ਹਾਂ ਦੇ ਮੁਨਾਫ਼ਿਆਂ 'ਚ ਵਾਧਾ ਹੋਇਆ, ਅਮਰੀਕੀ ਫ਼ੌਜ ਦੇ ਰੱਖ-ਰਖਾਅ ਦਾ ਕੰਮ ਅੱਜਕੱਲ੍ਹ ਦੁਨੀਆਂ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਸਰਵਿਸ ਅਰਥਚਾਰਿਆਂ 'ਚੋਂ ਇਕ ਹੈ।[29] ਦਸੰਬਰ 1996 'ਚ *ਨਿਊ ਯਾਰਕ ਟਾਈਮਜ਼* ਦੇ ਕਾਲਮ ਨਵੀਸ ਥਾਮਸ ਫਰਾਇਡਮੈਨ ਨੇ ਸ਼ਰੇਆਮ ਐਲਾਨ ਕੀਤਾ ਸੀ, "ਕੋਈ ਦੋ ਦੇਸ਼ ਐਸੇ ਨਹੀਂ ਹਨ ਜਿਨ੍ਹਾਂ 'ਚ ਮੈਕਡਾਨਲਡ ਹੋਵੇ ਤੇ ਉਨ੍ਹਾਂ ਨੇ ਇਕ ਦੂਜੇ ਖਿਲਾਫ਼ ਜੰਗ ਲੜੀ ਹੋਵੇ।"[30] ਦੋ ਸਾਲ ਬਾਅਦ ਹੀ ਉਸ ਦਾ ਦਾਅਵਾ ਨਾ ਸਿਰਫ਼ ਗ਼ਲਤ ਸਾਬਤ ਹੋ ਗਿਆ ਸਗੋਂ ਮੁਨਾਫ਼ੇ ਦੇਣ ਵਾਲੀ ਜੰਗ ਦੇ ਮਾਡਲ ਦੀ ਬਦੌਲਤ ਹੁਣ ਅਮਰੀਕੀ ਫ਼ੌਜ *ਬਰਗਰ ਕਿੰਗ* ਅਤੇ *ਪਿਜ਼ਾ ਹੱਟ* ਨਾਲ ਕਦਮ ਮਿਲਾ ਕੇ ਜੰਗ ਨੂੰ ਜਾਂਦੀ ਹੈ। ਇਰਾਕ ਤੋਂ ਲੈ ਕੇ ਗੁਆਂਟਾਨਾਮੋ ਖਾੜੀ ਦੇ "ਮਿੰਨੀ ਸ਼ਹਿਰ" ਤੱਕ ਅਮਰੀਕੀ ਅੱਡਿਆਂ ਦੇ ਫ਼ੌਜੀਆਂ ਨੂੰ ਸਹੂਲਤਾਂ ਦੇਣ ਦੇ ਠੇਕੇ ਇਨ੍ਹਾਂ ਨੂੰ ਦਿੱਤੇ ਜਾਂਦੇ ਹਨ।

ਅਗਲੀ ਮਿਸਾਲ ਮਨੁੱਖਤਾਵਾਦੀ ਰਾਹਤ ਅਤੇ ਮੁੜ-ਉਸਾਰੀ ਦੀ ਹੈ। ਜਿਸ ਮੁਨਾਫ਼ਾਮੁਖੀ ਰਾਹਤ ਅਤੇ ਮੁੜ-ਉਸਾਰੀ ਦਾ ਮੁੱਢ ਇਰਾਕ 'ਚ ਬੰਨ੍ਹਿਆ ਗਿਆ ਸੀ, ਉਹ ਪਹਿਲਾਂ ਹੀ ਨਵਾਂ ਆਲਮੀ ਨਮੂਨਾ ਬਣ ਚੁੱਕੀ ਹੈ। ਚਾਹੇ ਅਸਲ ਤਬਾਹੀ ਜੰਗ ਤੋਂ ਪਹਿਲਾਂ ਹੀ ਹਮਲਾ ਕਰਨ ਨਾਲ ਹੋਈ ਹੋਵੇ, ਜਿਵੇਂ ਲਿਬਨਾਨ ਉੱਪਰ 2006 'ਚ ਇਸਰਾਇਲ ਨੇ ਹਮਲਾ ਕੀਤਾ ਸੀ, ਜਾਂ ਸਮੁੰਦਰੀ ਤੂਫ਼ਾਨ ਨਾਲ ਹੋਈ ਹੋਵੇ। ਵਸੀਲਿਆਂ ਦੀ ਥੁੜ੍ਹ ਅਤੇ ਵਾਤਾਵਰਨ ਦੀ ਤਬਦੀਲੀ ਕਾਰਨ ਨਵੀਂਆਂ ਤਬਾਹੀਆਂ 'ਚ ਲਗਾਤਾਰ ਵਾਧਾ ਹੁੰਦੇ ਜਾਣ ਨਾਲ, ਸੰਕਟ ਦੇ ਹਾਲਾਤ 'ਚ ਚੁੱਕੇ ਜਾਣ ਵਾਲੇ ਕਦਮ ਐਨੀ ਜ਼ਬਰਦਸਤ ਮੰਡੀ ਬਣ ਕੇ ਉੱਭਰੇ ਹਨ ਕਿ ਇਸ ਨੂੰ ਗ਼ੈਰ-ਮੁਨਾਫ਼ੇਦਾਰ ਉਦੇਸ਼ਾਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ—ਸਕੂਲਾਂ ਦੀ ਮੁੜ-ਉਸਾਰੀ ਦਾ ਕੰਮ ਯੂਨੀਸੈੱਫ ਕਿਉਂ ਕਰੇ ਜਦੋਂ ਇਹ ਬੈੱਚਟੈੱਲ ਕਰ ਸਕਦੀ ਹੈ, ਜੋ ਕਿ ਅਮਰੀਕਾ ਦੀ ਇਕ ਸਭ ਤੋਂ ਵੱਡੀ ਇੰਜੀਨੀਅਰਿਗ ਕੰਪਨੀ ਹੈ? ਮਿਸੀਸਿਪੀ ਦੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦਾ ਵਸੇਬਾ ਸਬਸਿਡੀਆਂ ਵਾਲੇ ਖਾਲੀ ਮਕਾਨਾਂ 'ਚ ਕਿਉਂ ਕੀਤਾ ਜਾਵੇ ਜਦੋਂ ਉਨ੍ਹਾਂ ਦੀ ਰਿਹਾਇਸ਼ ਕਾਰਨੀਵਾਲ ਦੇ ਕਰੂਜ਼ਸ਼ਿਪ 'ਚ ਕਰਾਈ ਜਾ ਸਕਦੀ ਹੈ? ਡਰਫ਼ੁਰ 'ਚ ਸੰਯੁਕਤ ਰਾਸ਼ਟਰ ਦੀ ਸ਼ਾਂਤੀ ਸੈਨਾ ਕਿਉਂ ਲਗਾਈ ਜਾਵੇ ਜਦੋਂ ਬਲੈਕਵਾਟਰ ਵਰਗੀਆਂ ਨਿੱਜੀ ਸੁਰੱਖਿਆ ਕੰਪਨੀਆਂ ਨਵੇਂ ਗਾਹਕ ਲੱਭ ਰਹੀਆਂ ਹਨ? ਅਤੇ ਇਹ 11 ਸਤੰਬਰ ਤੋਂ ਬਾਅਦ ਦਾ ਫ਼ਰਕ ਹੈ—ਪਹਿਲਾਂ ਜੰਗਾਂ ਅਤੇ ਤਬਾਹੀਆਂ ਆਰਥਿਕਤਾ ਦੇ ਸੀਮਤ ਖੇਤਰ ਲਈ ਮੌਕੇ ਮੁਹੱਈਆ ਕਰਦੀਆਂ ਸਨ। ਮਿਸਾਲ ਵਜੋਂ, ਲੜਾਕੂ ਜੈੱਟ ਜਹਾਜ਼ ਬਣਾਉਣ ਵਾਲੀਆਂ ਜਾਂ ਬੰਬਾਰੀ ਨਾਲ ਤਬਾਹ ਹੋਏ ਪੁਲਾਂ ਦੀ ਮੁੜ-ਉਸਾਰੀ ਕਰਨ ਵਾਲੀਆਂ ਉਸਾਰੀ ਕੰਪਨੀਆਂ। ਜਦਕਿ, ਜੰਗਾਂ ਦੀ ਮੁੱਖ ਆਰਥਕ ਭੂਮਿਕਾ ਬੰਦ ਹੋ ਚੁੱਕੀਆਂ ਨਵੀਂਆਂ

ਮੰਡੀਆਂ ਨੂੰ ਖੋਲ੍ਹਣ ਅਤੇ ਜੰਗ ਤੋਂ ਬਾਅਦ ਦੇ ਸ਼ਾਂਤਮਈ ਸਮਿਆਂ 'ਚ ਆਰਥਕ ਤੇਜ਼ੀ ਪੈਦਾ ਕਰਨ ਵਾਲੇ ਸਾਧਨ ਦੀ ਸੀ। ਹੁਣ ਜੰਗਾਂ ਅਤੇ ਤਬਾਹੀਆਂ ਦਾ ਐਨਾ ਮੁਕੰਮਲ ਨਿੱਜੀਕਰਨ ਹੋ ਚੁੱਕਾ ਹੈ ਕਿ ਇਹ ਖ਼ੁਦ ਹੀ ਨਵੀਂ ਮੰਡੀ ਬਣ ਚੁੱਕੀਆਂ ਹਨ; ਹੁਣ ਜੰਗ ਤੋਂ ਬਾਅਦ ਦੀ ਆਰਥਕ ਤੇਜ਼ੀ ਨੂੰ ਉਡੀਕਣ ਦੀ ਲੋੜ ਨਹੀਂ ਹੈ—ਜੰਗਾਂ ਦੌਰਾਨ ਦਾ ਸਮਾਂ ਖ਼ੁਦ ਹੀ ਅਜਿਹਾ ਸੰਦੇਸ਼ ਬਣ ਗਿਆ ਹੈ।

ਇਸ ਉੱਤਰ-ਆਧੁਨਿਕ ਪਹੁੰਚ ਦਾ ਇਕ ਨਿਵੇਕਲਾ ਫ਼ਾਇਦਾ ਇਹ ਹੈ ਕਿ ਮੰਡੀ ਪੱਖੋਂ ਇਹ ਕਦੇ ਨਾਕਾਮਯਾਬ ਨਹੀਂ ਹੋ ਸਕਦੀ। ਜਿਵੇਂ ਮੰਡੀ ਦੇ ਇਕ ਵਿਸ਼ਲੇਸ਼ਣਕਾਰ ਨੇ ਊਰਜਾ ਸੇਵਾਵਾਂ ਦੇਣ ਵਾਲੀ ਕੰਪਨੀ ਹੈਲੀਬਰਟਨ ਦੀ ਖ਼ਾਸ ਤੌਰ 'ਤੇ ਚੋਖੀ ਕਮਾਈ ਬਾਰੇ ਟਿੱਪਣੀ ਕੀਤੀ ਸੀ, "ਇਰਾਕ ਉਸ ਤੋਂ ਬਿਹਤਰ ਸਾਬਤ ਹੋਇਆ ਜਿੰਨੀ ਇਸ ਤੋਂ ਤਵੱਕੋ ਕੀਤੀ ਜਾਂਦੀ ਸੀ।"[31] ਇਹ ਗੱਲ ਅਕਤੂਬਰ 2006 ਦੀ ਹੈ। ਫੇਰ ਜੰਗ ਦਾ ਸਭ ਤੋਂ ਖ਼ੂਨ ਖਰਾਬੇ ਵਾਲਾ ਮਹੀਨਾ ਆਇਆ, ਇਸ ਮਹੀਨੇ ਇਰਾਕ 'ਚ 3709 ਮੌਤਾਂ ਦਰਜ ਹੋਈਆਂ।[32] ਫੇਰ ਵੀ ਜੰਗ ਕੁਝ ਸ਼ੇਅਰਧਾਰਕਾਂ ਨੂੰ ਪ੍ਰਭਾਵਤ ਨਾ ਕਰ ਸਕੀ ਜਿਸ ਨੇ ਇਕੱਲੀ ਹੈਲੀਬਰਟਨ ਨੂੰ ਹੀ 20 ਅਰਬ ਡਾਲਰ ਦੀ ਕਮਾਈ ਕਰਕੇ ਦਿੱਤੀ ਹੈ।[33]

ਹਥਿਆਰਾਂ ਦੇ ਵਪਾਰ, ਨਿੱਜੀ ਫ਼ੌਜੀਆਂ, ਮੁਨਾਫ਼ਾਮੁਖੀ ਮੁੜ-ਉਸਾਰੀ ਅਤੇ ਅੰਦਰੂਨੀ ਸੁਰੱਖਿਆ ਸਨਅਤ ਦਰਮਿਆਨ ਜਿਹੜੀ ਚੀਜ਼ ਬੁਸ਼ ਸਰਕਾਰ ਦੇ 11 ਸਤੰਬਰ ਤੋਂ ਬਾਅਦ ਦੇ ਵਿਸ਼ੇਸ਼ ਨਮੂਨੇ ਦੇ ਸਦਮਾ ਇਲਾਜ ਦੇ ਸਿੱਟੇ ਵਜੋਂ ਉੱਭਰੀ ਹੈ ਉਹ ਹੈ ਪੂਰੀ ਤਰ੍ਹਾਂ ਬੱਝਵੀਂ ਨਵੀਂ ਆਰਥਿਕਤਾ। ਇਸ ਦੀ ਉਸਾਰੀ ਬੁਸ਼ ਦੌਰ 'ਚ ਹੋਈ ਸੀ, ਪਰ ਹੁਣ ਇਹ ਕਿਸੇ ਇਕ ਸਰਕਾਰ ਤੋਂ ਪ੍ਰਵਾਹਰੀ ਪੂਰੀ ਤਰ੍ਹਾਂ ਵੱਖਰੀ ਮੌਜੂਦ ਹੈ ਅਤੇ ਇਹ ਓਦੋਂ ਤੱਕ ਪੈਰ ਜਮਾਈ ਰੱਖੇਗੀ ਜਦੋਂ ਤੱਕ ਕਾਰਪੋਰੇਟਾਂ ਦੀ ਧੌਂਸਬਾਜ਼ ਵਿਚਾਰਧਾਰਾ ਦੀ ਪਛਾਣ ਕਰਕੇ ਇਸ ਨੂੰ ਨਿਖੇੜਿਆ ਨਹੀਂ ਜਾਦਾ ਅਤੇ ਇਸ ਨੂੰ ਲਲਕਾਰਿਆ ਨਹੀਂ ਜਾਂਦਾ ਜੋ ਕਿ ਇਸ ਉਸਾਰ ਦਾ ਥੰਮ ਹੈ। ਇਹ ਤਾਂ ਠੀਕ ਹੈ ਕਿ ਇਸ ਉਸਾਰ ਉੱਪਰ ਅਮਰੀਕੀ ਕੰਪਨੀਆਂ ਭਾਰੂ ਹਨ, ਪਰ ਇਹ ਵਿਸ਼ਵੀ ਬਣ ਚੁੱਕੀ ਹੈ। ਬਰਤਾਨਵੀ ਕੰਪਨੀਆਂ ਆਪਣੇ ਤਜਰਬੇ ਦਾ ਯੋਗਦਾਨ ਹਰ ਥਾਂ ਲਗਾਏ ਜਾ ਰਹੇ ਸੁਰੱਖਿਆ ਕੈਮਰਿਆਂ ਰਾਹੀਂ, ਇਸਰਾਇਲੀ ਕੰਪਨੀਆਂ ਆਪਣੀਆਂ ਉੱਚ ਤਕਨੀਕੀ ਵਾੜਾਂ ਅਤੇ ਕੰਧਾਂ ਬਣਾਉਣ ਰਾਹੀਂ ਅਤੇ ਕੈਨੇਡਾ ਦੀ ਲੱਕੜ ਸਨਅਤ ਬਣੇ ਬਣਾਏ ਘਰ ਵੇਚ ਕੇ ਪਾ ਰਹੀਆਂ ਹਨ ਜੋ ਸਥਾਨਕ ਪੱਧਰ 'ਤੇ ਬਣਾਏ ਜਾਣ ਵਾਲੇ ਘਰਾਂ ਤੋਂ ਮਹਿੰਗੇ ਹੁੰਦੇ ਹਨ। ਕੈਨੇਡਾ ਦੇ ਜੰਗਲਾਤ ਵਪਾਰ ਸਮੂਹ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੇਨ ਬੇਕਰ ਨੇ ਕਿਹਾ ਸੀ, "ਮੈਨੂੰ ਨਹੀਂ ਲੱਗਦਾ ਕਿ ਪਹਿਲਾਂ ਕਿਸੇ ਨੇ ਤਬਾਹੀ ਤੋਂ ਬਾਅਦ ਦੀ ਮੁੜ-ਉਸਾਰੀ ਨੂੰ ਸਚਮੁਚ ਘਰਾਂ ਦੀ ਮੰਡੀ ਵਜੋਂ ਸੋਚਿਆ ਹੋਵੇ। ਲੰਮੇ ਸਮੇਂ 'ਚ ਇਹ ਯੁੱਧਨੀਤੀ ਵੰਨ-ਸੁਵੰਨੀ ਹੋ ਜਾਵੇਗੀ।"[34]

ਤਬਾਹੀਪਸੰਦ ਸਰਮਾਏਦਾਰੀ ਦੇ ਉਸਾਰ ਨੂੰ ਨੱਬੇਵਿਆਂ ਦੀ "ਉੱਭਰ ਰਹੀ ਮੰਡੀ" ਅਤੇ ਸੂਚਨਾ ਤਕਨਾਲੋਜੀ ਦੀ ਆਰਥਕ ਤੇਜ਼ੀ ਦੇ ਬਰਾਬਰ ਰੱਖਿਆ ਜਾ ਸਕਦਾ ਹੈ। ਅਸਲ ਵਿਚ, ਅੰਦਰਲਿਆਂ ਦਾ ਕਹਿਣਾ ਤਾਂ ਇਹ ਹੈ ਕਿ ਇਹ ਸੌਦੇ ਤਾਂ ਡਾਟਕਾਮ ਦੇ ਦੌਰ ਨਾਲੋਂ ਵੀ ਬਿਹਤਰ ਹਨ ਅਤੇ ਕਿ "ਸੁਰੱਖਿਆ ਬੁਲਬੁਲੇ" ਨੇ ਆਰਥਕ ਮੰਦਵਾੜੇ ਦੀ ਹਾਲਤ ਨੂੰ ਓਦੋਂ ਸੁਧਾਰ ਦਿੱਤਾ ਜਦੋਂ ਪਹਿਲੇ ਬੁਲਬਲਿਆਂ ਦਾ ਜ਼ੋਰ ਲੱਗ ਚੁੱਕਾ ਸੀ। ਬੀਮਾ ਸਨਅਤ ਦੇ ਵਧ ਰਹੇ ਮੁਨਾਫ਼ਿਆਂ (2006 'ਚ ਇਕੱਲੇ ਅਮਰੀਕਾ 'ਚ ਹੀ ਇਨ੍ਹਾਂ ਨੇ 60 ਅਰਬ ਡਾਲਰ ਦਾ ਰਿਕਾਰਡ ਬਣਾ ਦਿੱਤਾ ਸੀ) ਅਤੇ ਨਾਲ ਹੀ ਤੇਲ ਸਨਅਤ ਦੇ ਸੁਪਰ ਮੁਨਾਫ਼ਿਆਂ (ਜੋ ਹਰੇਕ ਨਵੇਂ ਸੰਕਟ ਨਾਲ ਵਧਦੇ ਜਾਂਦੇ ਹਨ) ਨਾਲ ਜੁੜ ਕੇ ਤਬਾਹੀ ਦੀ ਆਰਥਿਕਤਾ ਨੇ ਆਲਮੀ ਮੰਡੀ ਨੂੰ ਉਸ ਭਰਪੂਰ ਮੰਦਵਾੜੇ

ਤੋਂ ਬਚਾ ਲਿਆ ਜਿਸ ਦਾ ਸਾਹਮਣਾ ਇਸ ਨੂੰ 11 ਸਤੰਬਰ ਵਾਪਰਨ ਮੌਕੇ ਕਰਨਾ ਪੈ ਰਿਹਾ ਸੀ।[35]

ਜਿਸ ਵਿਚਾਰਧਾਰਕ ਜਹਾਦ ਦਾ ਸਿੱਟਾ ਜੰਗ ਅਤੇ ਤਬਾਹੀ ਦਾ ਤਿੱਖਾ ਨਿੱਜੀਕਰਨ ਕੀਤੇ ਜਾਣ 'ਚ ਨਿਕਲਿਆ, ਇਸ ਦੇ ਇਤਿਹਾਸ ਨੂੰ ਬਿਆਨ ਕਰਨ ਦਾ ਯਤਨ ਕਰਦਿਆਂ ਇਕ ਸਮੱਸਿਆ ਵਾਰ-ਵਾਰ ਆਉਂਦੀ ਹੈ : ਇਹ ਸਿਧਾਂਤ ਬਹੁਰੂਪੀਆ ਹੈ, ਇਹ ਹਮੇਸ਼ਾ ਆਪਣਾ ਨਾਂ ਅਤੇ ਪਛਾਣ ਬਦਲਦਾ ਰਹਿੰਦਾ ਹੈ। ਫਰਾਇਡਮੈਨ ਖ਼ੁਦ ਨੂੰ "ਉਦਾਰਵਾਦੀ" ਕਹਿੰਦਾ ਹੁੰਦਾ ਸੀ, ਪਰ ਉਸ ਦੇ ਅਮਰੀਕੀ ਸ਼ਰਧਾਲੂ, ਜਿਨ੍ਹਾਂ ਨੇ ਉਦਾਰਵਾਦੀਆਂ ਦਾ ਸਬੰਧ ਭਾਰੀ ਟੈਕਸਾਂ ਅਤੇ ਹਿੱਪੀਆਂ ਨਾਲ ਜੋੜ ਦਿੱਤਾ, ਉਨ੍ਹਾਂ ਦੀ ਪਹਿਲਾਂ ਰੁਚੀ ਆਪਣੀ ਪਛਾਣ "ਰੂੜ੍ਹੀਵਾਦੀ," "ਟਕਸਾਲੀ ਅਰਥਸ਼ਾਸਤਰੀ" "ਖੁੱਲ੍ਹੀ ਮੰਡੀ ਦੇ ਧਾਰਨੀ" ਦਰਸਾਉਣ ਦੀ ਰਹੀ ਅਤੇ ਬਾਅਦ 'ਚ "ਗੀਗਨਵਾਦੀ ਅਰਥਸ਼ਾਸਤਰ" ਜਾਂ "ਖੁੱਲ੍ਹੀ ਮੰਡੀ ਦੀ ਨੀਤੀ" ਵਜੋਂ ਪਛਾਣ ਬਣਾਉਣ ਦੀ। ਦੁਨੀਆਂ ਦੇ ਜ਼ਿਆਦਾਤਰ ਹਿੱਸੇ 'ਚ, ਇਨ੍ਹਾਂ ਦਾ ਰੂੜ੍ਹੀਵਾਦ "ਨਵ-ਉਦਾਰਵਾਦ" ਵਜੋਂ ਜਾਣਿਆ ਜਾਂਦਾ ਹੈ। ਪਰ ਅਕਸਰ ਹੀ ਇਸ ਨੂੰ "ਖੁੱਲ੍ਹਾ ਵਪਾਰ" ਜਾਂ ਸਧਾਰਨ ਤੌਰ 'ਤੇ "ਵਿਸ਼ਵੀਕਰਨ" ਕਹਿ ਦਿੱਤਾ ਜਾਂਦਾ ਹੈ। ਸੱਜੇਪੱਖੀ ਨੀਤੀ ਘੜਨ ਵਾਲੀਆਂ ਜਿਨ੍ਹਾਂ ਸੰਸਥਾਵਾਂ—ਹੈਰੀਟੇਜ ਫਾਊਂਡੇਸ਼ਨ, ਕੈਟੋ ਇੰਸਟੀਚਿਊਟ ਅਤੇ ਦੀ ਅਮੈਰੀਕਨ ਇੰਟਰਪ੍ਰਾਈਜ਼ ਇੰਸਟੀਚਿਊਟ—ਨਾਲ ਫਰਾਇਡਮੈਨ ਦੇ ਲੰਮੇ ਸਮੇਂ ਤੋਂ ਗੂੜ੍ਹੇ ਸਬੰਧ ਚਲੇ ਆ ਰਹੇ ਸਨ, ਉਨ੍ਹਾਂ ਦੀ ਅਗਵਾਈ ਵਾਲੀ ਬੁੱਧੀਜੀਵੀ ਲਹਿਰ ਨੇ ਖ਼ੁਦ ਨੂੰ ਸਿਰਫ਼ ਨੱਬੇਵਿਆਂ ਦੇ ਅੱਧ 'ਚ ਹੀ "ਨਵ-ਰੂੜ੍ਹੀਵਾਦੀ" ਕਹਿਣਾ ਸ਼ੁਰੂ ਕੀਤਾ। ਇਸ ਸੰਸਾਰ ਦ੍ਰਿਸ਼ਟੀ ਨੇ ਅਮਰੀਕੀ ਜੰਗੀ ਮਸ਼ੀਨ ਦੀ ਪੂਰੀ ਤਾਕਤ ਕਾਰਪੋਰੇਟ ਏਜੰਡੇ ਦੀ ਸੇਵਾ 'ਚ ਝੋਕੀ ਹੋਈ ਹੈ।

ਇਹ ਸਾਰੇ ਰੂਪ ਤਿੱਕੜੀ ਨੀਤੀ—ਜਨਤਕ ਖੇਤਰ ਦਾ ਖ਼ਾਤਮਾ, ਕਾਰਪੋਰੇਸ਼ਨਾਂ ਨੂੰ ਪੂਰੀ ਖੁੱਲ੍ਹ ਖੇਡ ਅਤੇ ਸਮਾਜ ਭਲਾਈ ਦੇ ਖ਼ਰਚ ਐਵੇਂ ਰਹਿੰਦ ਖੂੰਹਦ ਜਹੇ—ਪ੍ਰਤੀ ਵਚਨਬੱਧਤਾ 'ਚ ਹਿੱਸੇਦਾਰ ਹਨ। ਪਰ ਇਸ ਵਿਚਾਰਧਾਰਾ ਦੇ ਵੱਖੋ ਵੱਖਰੇ ਨਾਵਾਂ ਵਿਚੋਂ ਕੋਈ ਨਾਂ ਪੂਰੀ ਤਰ੍ਹਾਂ ਕਾਫ਼ੀ ਨਹੀਂ ਲੱਗਦਾ। ਫਰਾਇਡਮੈਨ ਨੇ ਆਪਣੀ ਲਹਿਰ ਦੀ ਯੋਜਨਾ ਮੰਡੀ ਨੂੰ ਰਾਜ ਤੋਂ ਆਜ਼ਾਦ ਕਰਾਉਣ ਦੇ ਯਤਨ ਕਰਨ ਲਈ ਬਣਾਈ ਸੀ। ਪਰ ਉਸ ਦੀ ਨਿਰੋਲ ਦ੍ਰਿਸ਼ਟੀ ਨੂੰ ਲਾਗੂ ਕਰਨ 'ਤੇ ਜੋ ਵਾਪਰਦਾ ਹੈ ਇਸ ਦੀ ਅਸਲ ਕਾਰਗੁਜ਼ਾਰੀ ਬਿਲਕੁਲ ਵੱਖਰੀ ਕਿਸਮ ਦੀ ਹੈ। ਹਰੇਕ ਦੇਸ਼ ਵਿਚ ਜਿੱਥੇ ਜਿੱਥੇ ਸ਼ਿਕਾਗੋ ਸਕੂਲ ਦੀਆਂ ਨੀਤੀਆਂ ਬੀਤੇ ਤਿੰਨ ਦਹਾਕਿਆਂ ਤੋਂ ਲਾਗੂ ਕੀਤੀਆਂ ਗਈਆਂ, ਉੱਥੇ ਜੋ ਉੱਭਰ ਕੇ ਸਾਹਮਣੇ ਆਇਆ ਉਹ ਹੈ ਮੁੱਠੀ ਭਰ ਦਿਓਕੱਦ ਕਾਰਪੋਰੇਸ਼ਨਾਂ ਅਤੇ ਸਭ ਤੋਂ ਅਮੀਰ ਸਿਆਸਤਦਾਨਾਂ ਦੀ ਜਮਾਤ ਦਾ ਤਾਕਤਵਰ ਸੱਤਾਧਾਰੀ ਗੱਠਜੋੜ। ਇਨ੍ਹਾਂ ਦੋਹਾਂ ਹਿੱਸਿਆਂ ਵਿਚਲੀ ਧੁੰਦਲੀ ਵੰਡ-ਰੇਖਾ ਇੱਧਰ ਉੱਧਰ ਹੁੰਦੀ ਰਹਿੰਦੀ ਹੈ। ਰੂਸ 'ਚ ਅਰਬਾਂਪਤੀ ਨਿੱਜੀ ਖਿਡਾਰੀਆਂ ਦੇ ਗੱਠਜੋੜ ਨੂੰ "ਵਿਤੀ ਜੁੰਡੀਆਂ" ਕਿਹਾ ਜਾਂਦਾ ਹੈ; ਚੀਨ ਵਿਚ "ਛੋਟੇ ਰਾਜ ਕੁਮਾਰ"; ਚਿੱਲੀ ਵਿਚ "ਮਗਰਮੱਛ" ਅਤੇ ਅਮਰੀਕਾ ਵਿਚ ਬੁਸ਼-ਚੇਨੀ ਮੁਹਿੰਮ ਦੇ "ਮੋਹਰੀ"। ਮੰਡੀ ਨੂੰ ਰਾਜ ਤੋਂ ਆਜ਼ਾਦ ਕਰਾਉਣਾ ਤਾਂ ਦੂਰ ਰਿਹਾ, ਇਹ ਸਿਆਸੀ ਅਤੇ ਕਾਰਪੋਰਟ ਕੁਲੀਨ ਵਰਗ ਸਰੋਂ ਇਕ ਦੂਜੇ ਨਾਲ ਘੁਲ-ਮਿਲ ਗਏ ਹਨ। ਰੂਸ ਦੇ ਤੇਲ ਖੇਤਰਾਂ ਤੋਂ ਲੈ ਕੇ ਚੀਨ ਦੀਆਂ ਸਾਂਝੀਆਂ ਜ਼ਮੀਨਾਂ ਅਤੇ ਇਰਾਕ 'ਚ ਮੁੜ-ਉਸਾਰੀ ਦੇ ਕੰਮ ਦੇ ਬਿਨਾ ਬੋਲੀ ਠੇਕੇ ਲੈਣ ਤੱਕ—ਜਿਹੜੇ ਅਹਿਮ ਵਸੀਲੇ ਪਹਿਲਾਂ ਸਰਕਾਰੀ ਖੇਤਰ ਕੋਲ ਹੁੰਦੇ ਸਨ ਉਹ ਹੱਕ ਹੁਣ ਇਨ੍ਹਾਂ ਨੇ ਆਪਣੇ ਵਪਾਰਕ ਹਿੱਤਾਂ ਲਈ ਹਥਿਆ ਲਏ ਹਨ।

ਵੱਡੀ ਸਰਕਾਰ ਅਤੇ ਵੱਡੇ ਸਰਮਾਏਦਾਰਾਂ ਦਰਮਿਆਨ ਦੀਆਂ ਹੱਦਬੰਦੀਆਂ ਨੂੰ ਮੇਟਣ ਵਾਲੇ ਪ੍ਰਬੰਧ ਲਈ ਢੁੱਕਵਾਂ ਲਫ਼ਜ਼ ਉਦਾਰਵਾਦੀ, ਰੂੜ੍ਹੀਵਾਦੀ ਜਾਂ ਸਰਮਾਏਦਾਰ ਨਹੀਂ ਸਗੋਂ ਕਾਰਪੋਰੇਟਵਾਦੀ ਹੈ। ਇਸ ਦੀਆਂ ਮੁੱਖ ਖ਼ੂਬੀਆਂ ਹਨ ਸਰਕਾਰੀ ਫੰਡ ਨਿੱਜੀ ਹੱਥਾਂ 'ਚ ਵੱਡੇ ਪੱਧਰ 'ਤੇ ਸੌਂਪਣੇ, ਅਕਸਰ ਹੀ ਇਸ ਨਾਲ ਕਰਜਾ ਜੁੜਿਆ ਹੁੰਦਾ ਹੈ ਜੋ ਲਗਾਤਾਰ ਵਧਦਾ ਰਹਿੰਦਾ ਹੈ, ਦਿਮਾਗ ਚਕਰਾ ਦੇਣ ਵਾਲੀ ਅਮੀਰੀ ਅਤੇ ਘੋਰ ਗਰੀਬੀ ਵਿਚਕਾਰ ਲਗਾਤਾਰ ਵਧ ਰਿਹਾ ਪਾੜਾ ਅਤੇ ਸੁਰੱਖਿਆ ਉੱਪਰ ਬੇਅੰਤ ਖ਼ਰਚ ਨੂੰ ਜਾਇਜ਼ ਠਹਿਰਾਉਣ ਵਾਲਾ ਧੱਕੜ ਕੌਮਵਾਦ। ਅਜਿਹੇ ਪ੍ਰਬੰਧ ਵਲੋਂ ਪੈਦਾ ਕੀਤੇ ਬੇਅੰਤ ਦੌਲਤ ਦੇ ਬੁਲਬੁਲੇ ਅੰਦਰਲੇ ਲੋਕਾਂ ਲਈ ਸਮਾਜ ਨੂੰ ਜਥੇਬੰਦ ਕਰਨ ਦਾ ਵੱਧ ਮੁਨਾਫ਼ੇਦਾਰ ਢੰਗ ਹੋਰ ਕੋਈ ਨਹੀਂ ਹੋਵੇਗਾ। ਪਰ ਵਸੋਂ ਦੀ ਭਾਰੀ ਬਹੁਗਿਣਤੀ ਬੁਲਬੁਲੇ ਤੋਂ ਬਾਹਰ ਹੁੰਦੀ ਹੈ, ਉਸ ਦੇ ਹਿੱਤਾਂ ਦੇ ਸਪਸ਼ਟ ਵਿਰੋਧ 'ਚ ਹੋਣ ਕਾਰਨ ਕਾਰਪੋਰੇਟਵਾਦੀ ਰਾਜ ਦੀ ਰੁਚੀ ਇਨ੍ਹਾਂ ਵਿਸ਼ੇਸ਼ ਖ਼ੂਬੀਆਂ 'ਚ ਹੋਰ ਵਾਧਾ ਕਰਨ ਦੀ ਹੁੰਦੀ ਹੈ। ਉਹ ਜਾਬਰ ਨਿਗਰਾਨੀ ਅਮਲ 'ਚ ਲਿਆਉਂਦੀਆਂ ਹਨ (ਇਕ ਵਾਰ ਫੇਰ ਸਰਕਾਰ ਅਤੇ ਵੱਡੀਆਂ ਕਾਰਪੋਰੇਸ਼ਨਾਂ ਵਪਾਰਕ ਹਿੱਤਾਂ ਅਤੇ ਠੇਕਿਆਂ ਦੀ ਖਾਤਰ ਇਹ ਕਰਦੀਆਂ ਹਨ), ਪੂਰੀ ਜਨਤਾ ਲਈ ਜੇਲ੍ਹ ਵਰਗੀ ਹਾਲਤ ਬਣਾ ਦਿੱਤੀ ਜਾਂਦੀ ਹੈ, ਸ਼ਹਿਰੀ ਆਜ਼ਾਦੀਆਂ ਸੁੰਗੜ ਜਾਂਦੀਆਂ ਹਨ ਅਤੇ ਅਕਸਰ ਹੀ, ਹਮੇਸ਼ਾ ਨਹੀਂ, ਤਸੀਹੇ ਦਿੱਤੇ ਜਾਂਦੇ ਹਨ।

ਤਸੀਹੇ ਅਲੰਕਾਰ ਬਣ ਗਏ

ਚਿੱਲੀ ਤੋਂ ਲੈ ਕੇ ਚੀਨ, ਇਸ ਤੋਂ ਅੱਗੇ ਇਰਾਕ ਤੱਕ ਤਸੀਹੇ ਖੁੱਲ੍ਹੀ ਮੰਡੀ ਦੇ ਆਲਮੀ ਜਹਾਦ ਦੇ ਖ਼ਾਮੋਸ਼ ਭਾਈਵਾਲ ਚਲੇ ਆ ਰਹੇ ਹਨ। ਪਰ ਤਸੀਹਿਆਂ ਦੀ ਭੂਮਿਕਾ ਬਾਗ਼ੀ ਲੋਕਾਂ ਉੱਪਰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਨੀਤੀਆਂ ਧੱਕੇ ਨਾਲ ਥੋਪਣ ਦੇ ਸੰਦ ਤੋਂ ਵਧੇਰੇ ਹੈ; ਇਹ ਸਦਮਾ ਸਿਧਾਂਤ ਦੇ ਬੁਨਿਆਦੀ ਤਰਕ ਦਾ ਅਲੰਕਾਰ ਵੀ ਹਨ।

ਤਸੀਹੇ, ਜਾਂ ਸੀ ਆਈ ਏ ਦੀ ਸ਼ਬਦਾਵਲੀ 'ਚ "ਜਬਰੀ ਤਫ਼ਤੀਸ਼" ਕੈਦੀਆਂ ਨੂੰ ਘੋਰ ਮਾਨਸਿਕ ਗੜਬੜ ਅਤੇ ਸਦਮੇ ਦੀ ਹਾਲਤ 'ਚ ਲਿਜਾਣ ਲਈ ਈਜਾਦ ਕੀਤੀਆਂ ਤਕਨੀਕਾਂ ਦਾ ਸਿਲਸਿਲਾ ਹੈ ਤਾਂ ਜੋ ਉਨ੍ਹਾਂ ਤੋਂ ਉਨ੍ਹਾਂ ਦੀ ਇੱਛਾ ਦੇ ਉਲਟ ਗੱਲਾਂ ਮੰਨਵਾਈਆਂ ਜਾ ਸਕਣ। ਇਸ ਦਾ ਮਾਰਗ-ਦਰਸ਼ਕ ਤਰਕ ਸੀ ਆਈ ਏ ਦੀਆਂ ਦੋ ਨੇਮਾਵਲੀਆਂ 'ਚ ਬਿਆਨ ਕੀਤਾ ਗਿਆ ਹੈ। ਇਹ ਦਸਤਾਵੇਜ਼ ਨੱਬੇਵਿਆਂ ਦੇ ਅਖ਼ੀਰ 'ਚ ਜਨਤਕ ਕੀਤੇ ਗਏ। ਇਹ ਵਿਆਖਿਆ ਕਰਦੇ ਹਨ ਕਿ "ਵਿਰੋਧ ਦੇ ਸੋਮੇ" ਨੂੰ ਨਸ਼ਟ ਕਰਨ ਦਾ ਤਰੀਕਾ ਹੈ ਕੈਦੀਆਂ ਅਤੇ ਆਲੇ-ਦੁਆਲੇ ਦੀ ਦੁਨੀਆਂ ਨੂੰ ਮਹਿਸੂਸ ਕਰਨ ਦੀ ਉਨ੍ਹਾਂ ਦੀ ਕਾਬਲੀਅਤ ਵਿਚਾਲੇ ਹਿੰਸਕ ਪਾੜੇ ਬਣਾ ਦੇਣਾ।[36] ਪਹਿਲਾਂ ਗਿਆਨ ਇੰਦਰੀਆਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ (ਚਿਹਰੇ 'ਤੇ ਟੋਪ, ਕੰਨਾਂ 'ਚ ਡੱਟ ਲਾ ਕੇ, ਬੇੜੀਆਂ ਪਹਿਨਾ ਕੇ ਅਤੇ ਪੂਰੀ ਤਰ੍ਹਾਂ ਇਕੱਲਾ ਰੱਖ ਕੇ) ਫੇਰ ਪ੍ਰੇਸ਼ਾਨੀ ਪੈਦਾ ਕਰਨ ਵਾਲੇ ਜ਼ਬਰਦਸਤ ਢੰਗਾਂ (ਜਗਦੀਆਂ-ਬੁਝਦੀਆਂ ਤਿੱਖੀਆਂ ਰੌਸ਼ਨੀਆਂ, ਕੰਨ ਪਾੜਵੇਂ ਸੰਗੀਤ, ਕੁੱਟਮਾਰ, ਕਰੰਟ ਦੇ ਸਦਮੇ) ਰਾਹੀਂ ਉਨ੍ਹਾਂ ਦੇ ਜਿਸਮਾਂ ਨੂੰ ਕੋਹਿਆ ਜਾਂਦਾ ਹੈ।

"ਪੋਲਾ ਪਾਉਣ" ਵਾਲੇ ਇਸ ਪੜਾਅ ਦਾ ਉਦੇਸ਼ ਹੈ ਕੈਦੀ ਦੇ ਮਨ ਅੰਦਰ ਖਲਬਲੀ ਮਚਾਉਣਾ : ਕੈਦੀ ਐਨਾ ਬੌਂਦਲ ਅਤੇ ਡਰ ਜਾਂਦੇ ਹਨ ਕਿ ਨਾ ਉਹ ਤਰਕਪੂਰਨ ਤਰੀਕੇ ਨਾਲ ਸੋਚ ਸਕਦੇ ਹਨ ਨਾ ਆਪਣੇ ਹਿੱਤਾਂ ਦੀ ਰਾਖੀ ਕਰ ਸਕਦੇ ਹਨ। ਇਸ ਤਰ੍ਹਾਂ ਦੀ ਸਦਮੇ ਦੀ ਹਾਲਤ 'ਚ ਜ਼ਿਆਦਾਤਰ ਕੈਦੀਆਂ ਤੋਂ ਤਫ਼ਤੀਸ਼ ਕਰਨ ਵਾਲੇ ਜੋ ਕੁਝ ਵੀ ਕਰਵਾਉਂਦੇ ਹਨ ਉਹ ਕਰ

ਦਿੰਦੇ ਹਨ—ਜਾਣਕਾਰੀ ਦੇਣਾ, ਦੋਸ਼ਾਂ ਦਾ ਇਕਬਾਲ, ਪਹਿਲੇ ਅਕੀਦਿਆਂ ਦਾ ਤਿਆਗ। ਸੀ ਆਈ ਏ ਦੀ ਇਕ ਨੇਮਾਵਲੀ ਇਸ ਹਾਲਤ ਦੀ ਵਿਸ਼ੇਸ਼ ਤੌਰ 'ਤੇ ਠੋਸ ਵਿਆਖਿਆ ਦਿੰਦੀ ਹੈ: "ਇਸ ਦੌਰਾਨ ਮਾਨਸਿਕ ਖੜੋਤ ਦਾ ਵਕਫ਼ਾ ਪੈਦਾ ਹੋ ਜਾਂਦਾ ਹੈ, ਇਕ ਤਰ੍ਹਾਂ ਦੀ ਮਾਨਸਿਕ ਸਦਮੇ ਜਾਂ ਅਧਰੰਗ ਦੀ ਹਾਲਤ—ਜੋ ਬਹੁਤ ਥੋੜ੍ਹੇ ਸਮੇਂ ਲਈ ਵੀ ਹੋ ਸਕਦਾ ਹੈ। ਇਹ ਹਾਲਤ ਉਸ ਸਦਮੇ ਜਾਂ ਨੀਮ ਸਦਮੇ ਕਾਰਨ ਪੈਦਾ ਹੁੰਦੀ ਹੈ ਜੋ ਤਸੀਹੇ ਭੁਗਤ ਰਹੇ ਬੰਦੇ ਦਾ ਆਲੇ-ਦੁਆਲੇ ਦੀ ਦੁਨੀਆਂ ਅਤੇ ਉਸ ਆਲੇ-ਦੁਆਲੇ ਅੰਦਰ ਉਸ ਦੇ ਆਪਣੇ ਬਾਰੇ ਬਣੇ ਅਕਸ ਨੂੰ ਤਹਿਸ਼ ਨਹਿਸ਼ ਕਰ ਦਿੰਦੇ ਹਨ। ਜਿਉਂ ਹੀ ਇਹ ਅਸਰ ਸਾਹਮਣੇ ਆਉਂਦਾ ਹੈ ਤਜਰਬੇਕਾਰ ਤਫ਼ਤੀਸ਼ ਕਰਤਾ ਇਸ ਨੂੰ ਝੱਟ ਬੁੱਝ ਲੈਂਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਪਲਾਂ 'ਚ ਤਸੀਹਿਆਂ ਦਾ ਸ਼ਿਕਾਰ ਬੰਦਾ ਉਸ ਤੋਂ ਕਿਤੇ ਵਧੇਰੇ ਸੁਝਾਅ ਕਬੂਲਦਾ ਹੈ, ਕਿਤੇ ਵਧੇਰੇ ਹੁਕਮ ਮੰਨਦਾ ਹੈ ਜਿੰਨੇ ਉਹ ਸਦਮੇ ਵਿਚੋਂ ਗੁਜ਼ਰਨ ਤੋਂ ਪਹਿਲਾਂ ਮੰਨਦਾ ਸੀ।"[37]

ਸਦਮਾ ਸਿਧਾਂਤ ਤਸੀਹਿਆਂ ਦੇ ਇਸ ਅਮਲ ਨੂੰ ਵਿਆਪਕ ਪੱਧਰ 'ਤੇ ਹਾਸਲ ਕਰਨ ਦੀ ਕੋਸ਼ਿਸ਼ ਹੈ ਜੋ ਕੰਮ ਤਸੀਹੇ ਇਕ ਇਕ ਕਰਕੇ ਤਸੀਹਾ ਕੇਂਦਰ 'ਚ ਕਰਦੇ ਹਨ। ਇਸ ਦੀ ਸਭ ਤੋਂ ਸਪਸ਼ਟ ਮਿਸਾਲ 11 ਸਤੰਬਰ ਦਾ ਸਦਮਾ ਸੀ ਜਿਸ ਨੇ ਦਹਿ-ਲੱਖਾਂ ਲੋਕਾਂ ਦੀ "ਮਹਿਰਮ ਦੁਨੀਆਂ" ਤਹਿਸ਼ ਨਹਿਸ਼ ਕਰ ਦਿੱਤੀ ਅਤੇ ਘੋਰ ਮਾਨਸਿਕ ਗੜਬੜ ਅਤੇ ਯਾਦਦਾਸ਼ਤ ਮਿਟਾ ਦੇਣ ਦੀ ਸ਼ੁਰੂਆਤ ਕਰ ਦਿੱਤੀ। ਬੁਸ਼ ਸਰਕਾਰ ਨੇ ਪੂਰੀ ਮੁਹਾਰਤ ਨਾਲ ਇਸ ਹਾਲਤ ਦਾ ਲਾਹਾ ਲਿਆ। ਅਚਾਨਕ ਅਸੀਂ ਦੇਖਿਆ ਕਿ ਅਸੀਂ ਤਾਂ ਸਿਫ਼ਰ ਸਾਲ 'ਚ ਮੌਜੂਦ ਹਾਂ, ਜਿਸ ਵਿਚ ਦੁਨੀਆਂ ਬਾਰੇ ਸਾਡਾ ਜੋ ਗਿਆਨ ਸੀ ਉਸ ਨੂੰ ਹੁਣ "11 ਸਤੰਬਰ ਤੋਂ ਪਹਿਲਾਂ ਦੀ ਸੋਚ" ਕਹਿ ਕੇ ਰੱਦ ਕੀਤਾ ਜਾ ਸਕਦਾ ਸੀ। ਇਤਿਹਾਸ ਬਾਰੇ ਜਿੰਨੀ ਕੁ ਜਾਣਕਾਰੀ ਹੈ, ਉੱਤਰੀ ਅਮਰੀਕੀ ਲੋਕ ਐਨੀ ਜ਼ਬਰਦਸਤ ਕੋਰੀ ਸਲੇਟ ਕਦੀ ਨਹੀਂ ਬਣੇ—ਮਾਓ ਦੇ ਕਥਨ ਅਨੁਸਾਰ "ਕੋਰੇ ਕਾਗਜ਼ ਦਾ ਟੁਕੜਾ" ਜਿਸ ਉੱਪਰ "ਪੂਰੀ ਤਰ੍ਹਾਂ ਨਵੇਂ ਨਕੋਰ ਅਤੇ ਸਭ ਤੋਂ ਖ਼ੂਬਸੂਰਤ ਲਫ਼ਜ਼ ਲਿਖੇ ਜਾ ਸਕਦੇ ਹਨ।"[38] ਮਾਹਰਾਂ ਦੀ ਨਵੀਂ ਫ਼ੌਜ ਸਾਡੀ ਸਦਮੇ ਤੋਂ ਬਾਅਦ ਦੀ ਚੇਤਨਾ ਦੀ ਗ੍ਰਹਿਣਸ਼ੀਲ ਧਰਾਤਲ ਉੱਪਰ ਨਵੇਂ ਅਤੇ ਖ਼ੂਬਸੂਰਤ ਲਫ਼ਜ਼ ਲਿਖਣ ਦਾ ਅਮਲ ਨੇਪਰੇ ਚਾੜ੍ਹਨ ਲਈ ਲਗਾਤਾਰ ਜੁੱਟ ਗਈ : ਇਨ੍ਹਾਂ ਨੇ ਲਫ਼ਜ਼ ਉੱਕਰੇ, "ਸੱਭਿਅਤਾਵਾਂ ਦਾ ਭੇੜ," "ਬੁਰਾਈ ਦਾ ਧੁਰਾ," "ਇਸਲਾਮੀ ਫਾਸ਼ੀਵਾਦ," "ਅੰਦਰੂਨੀ ਸੁਰੱਖਿਆ।" ਹਰ ਕਿਸੇ ਦਾ ਧਿਆਨ ਨਵੀਂਆਂ ਭਿਆਨਕ ਸੱਭਿਆਚਾਰ ਜੰਗਾਂ ਨੇ ਮੱਲਿਆ ਹੋਣ ਕਰਕੇ, ਬੁਸ਼ ਸਰਕਾਰ ਉਹ ਕੁਝ ਕਰਨ 'ਚ ਕਾਮਯਾਬ ਹੋ ਗਈ ਜਿਸ ਬਾਰੇ ਉਹ 11 ਸਤੰਬਰ ਤੋਂ ਪਹਿਲਾਂ ਸੁਪਨੇ ਲੈਂਦੀ ਸੀ ਅਰਥਾਤ ਬਦੇਸ਼ਾਂ 'ਚ ਜੰਗਾਂ ਦਾ ਨਿੱਜੀਕਰਨ ਕਰਕੇ ਜੰਗਾਂ ਲੜਨਾ ਅਤੇ ਦੇਸ਼ ਦੇ ਅੰਦਰ ਕਾਰਪੋਰੇਟ ਸੁਰੱਖਿਆ ਢਾਂਚੇ ਦੀ ਉਸਾਰੀ ਕਰਨਾ।

ਸਦਮਾ ਸਿਧਾਂਤ ਇਸ ਤਰੀਕੇ ਨਾਲ ਕੰਮ ਕਰਦਾ ਹੈ : ਮੁੱਢਲੀ ਤਬਾਹੀ—ਰਾਜ ਪਲਟਾ, ਦਹਿਸ਼ਤਪਸੰਦਾਂ ਦਾ ਹਮਲਾ, ਮੰਡੀ 'ਚ ਅਸਾਸਿਆਂ ਦੇ ਮੁੱਲ 'ਚ ਗਿਰਾਵਟ, ਜੰਗ, ਸੁਨਾਮੀ, ਸਮੁੰਦਰੀ ਤੂਫ਼ਾਨ—ਸਮੁੱਚੀ ਵਸੋਂ ਨੂੰ ਸਮੂਹਿਕ ਸਦਮੇ ਦੀ ਹਾਲਤ 'ਚ ਸੁੱਟ ਦਿੰਦੀ ਹੈ। ਬੰਬਾਰੀ, ਦਹਿਸ਼ਤ ਦੀਆਂ ਬੁਛਾੜਾਂ, ਝੱਖੜ ਦੇ ਥਪੇੜੇ ਪੂਰੇ ਸਮਾਜ ਨੂੰ ਢੈਲਾ ਪਾਉਣ ਦਾ ਕੰਮ ਉਵੇਂ ਹੀ ਕਰਦੇ ਹਨ ਜਿਵੇਂ ਤਸੀਹਾ ਕੋਠੜੀ 'ਚ ਕੰਨ ਪਾੜਵਾਂ ਸੰਗੀਤ ਅਤੇ ਕੁੱਟਮਾਰ ਕੈਦੀਆਂ ਨੂੰ ਢੈਲਾ ਪਾ ਦਿੰਦੇ ਹਨ। ਜਿਵੇਂ ਦਹਿਸ਼ਤਜ਼ਦਾ ਕੈਦੀ ਆਪਣੇ ਸਾਥੀਆਂ ਦੇ ਨਾਂ ਦੱਸ ਦਿੰਦਾ ਹੈ ਅਤੇ ਆਪਣਾ ਅਕੀਦਾ ਤਿਆਗ ਦਿੰਦਾ ਹੈ, ਉਸੇ ਤਰ੍ਹਾਂ ਸਦਮੇ ਦਾ ਸ਼ਿਕਾਰ ਸਮਾਜ ਅਕਸਰ ਹੀ ਉਨ੍ਹਾਂ ਚੀਜ਼ਾਂ ਨੂੰ ਤਿਲਾਂਜਲੀ ਦੇ ਦਿੰਦਾ ਹੈ ਜਿਨ੍ਹਾਂ ਦੀ ਰਾਖੀ ਲਈ ਉਹ ਕਿਸੇ ਵੱਖਰੀ ਹਾਲਤ 'ਚ ਸਿਰਤੋੜ ਕੋਸ਼ਿਸ਼

ਕਰੇਗਾ। ਬੇਟਨ ਰੋਗ ਦੇ ਪਨਾਹਗਾਹ ਖ਼ੇਮੇ ਵਿਚ ਜਮਰ ਪੈਰੀ ਅਤੇ ਉਸ ਦੇ ਨਾਲ ਦੇ ਉੱਜੜੇ ਹੋਏ ਲੋਕਾਂ ਬਾਰੇ ਇਹੀ ਸੋਚਿਆ ਗਿਆ ਸੀ ਕਿ ਉਹ ਆਪਣੇ ਸਰਕਾਰੀ ਘਰਾਂ ਦੇ ਪ੍ਰਾਜੈਕਟ ਅਤੇ ਸਰਕਾਰੀ ਸਕੂਲਾਂ ਦੀ ਸੋਚ ਤਿਆਗ ਦੇਣਗੇ। ਸੁਨਾਮੀ ਤੋਂ ਬਾਅਦ ਸੋਚ ਲਿਆ ਗਿਆ ਕਿ ਸ੍ਰੀ ਲੰਕਾ ਦੇ ਮਛੇਰੇ ਸਮੁੰਦਰੀ ਕੰਢੇ ਦੀ ਕੀਮਤੀ ਜ਼ਮੀਨ ਹੋਟਲ ਬਣਾਉਣ ਵਾਲਿਆਂ ਲਈ ਛੱਡ ਦੇਣਗੇ। ਜੇ ਸਾਰਾ ਕੁਝ ਯੋਜਨਾ ਅਨੁਸਾਰ ਚੱਲਦਾ ਤਾਂ ਇਰਾਕੀ ਲੋਕਾਂ ਬਾਰੇ ਇਹੀ ਸੋਚਿਆ ਗਿਆ ਸੀ ਕਿ ਉਹ ਐਨੇ ਸਦਮੇ 'ਚ ਹੋਣਗੇ ਅਤੇ ਭੈਭੀਤ ਹੋ ਜਾਣਗੇ ਕਿ ਉਹ ਆਪਣੇ ਤੇਲ ਭੰਡਾਰ, ਸਰਕਾਰੀ ਕੰਪਨੀਆਂ ਅਤੇ ਆਪਣੇ ਦੇਸ਼ ਦੀ ਆਜ਼ਾਦ ਹੈਸੀਅਤ ਅਮਰੀਕੀ ਫ਼ੌਜੀ ਅੱਡਿਆਂ ਅਤੇ ਸੁਰੱਖਿਅਤ ਖੇਤਰਾਂ 'ਚ ਬੈਠੇ ਕੁਲੀਨ ਵਰਗ ਦੇ ਹਵਾਲੇ ਕਰ ਦੇਣਗੇ।

ਮਹਾਂ ਕੁਫ਼ਰ

ਮਿਲਟਨ ਫਰਾਇਡਮੈਨ ਨੂੰ ਸ਼ਰਧਾਂਜਲੀ ਦੀ ਇਬਾਰਤ 'ਚ ਉਸ ਦੀ ਸੰਸਾਰ ਦ੍ਰਿਸ਼ਟੀ ਨੂੰ ਅੱਗੇ ਵਧਾਉਣ ਲਈ ਸਦਮਿਆਂ ਦੀ ਭੂਮਿਕਾ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦੀ ਬਜਾਏ, ਅਰਥਸ਼ਾਸਤਰੀ ਦੀ ਮੌਤ ਨੇ ਇਸ ਅਧਿਕਾਰਤ ਕਹਾਣੀ ਨੂੰ ਮੁੜ ਸੁਣਾਉਣ ਦਾ ਮੌਕਾ ਮੁਹੱਈਆ ਕੀਤਾ ਕਿ ਕਿਵੇਂ ਸਰਮਾਏਦਾਰੀ ਦਾ ਗਰਮ-ਖ਼ਿਆਲ ਬਰੈਂਡ ਲਗਭਗ ਧਰਤੀ ਦੇ ਹਰ ਖੂੰਜੇ 'ਚ ਸਰਕਾਰ ਦਾ ਕੱਟੜ ਸਿਧਾਂਤ ਬਣਿਆ। ਇਤਿਹਾਸ ਨੂੰ ਮਨਘੜਤ ਕਹਾਣੀ ਬਣਾ ਕੇ, ਹਰ ਤਰ੍ਹਾਂ ਦੀ ਹਿੰਸਾ ਅਤੇ ਜ਼ੁਲਮਾਂ ਤੋਂ ਰਹਿਤ ਬਣਾ ਕੇ ਪੇਸ਼ ਕੀਤਾ ਗਿਆ ਜਦਕਿ ਇਹ ਇਸ ਜਹਾਦ ਨਾਲ ਡੂੰਘੇ ਰੂਪ 'ਚ ਗੁੰਦੇ ਹੋਏ ਹਨ ਅਤੇ ਇਹ ਕਹਾਣੀ ਬੀਤੇ ਤਿੰਨ ਦਹਾਕਿਆਂ ਦੀ ਇਕੋ ਇਕ ਸਭ ਤੋਂ ਕਾਮਯਾਬ ਕੂੜ-ਪ੍ਰਚਾਰ ਮੁਹਿੰਮ ਦੀ ਨੁਮਾਇੰਦਗੀ ਕਰਦੀ ਹੈ। ਕਹਾਣੀ ਕੁਝ ਇਸ ਤਰ੍ਹਾਂ ਹੈ।

ਫਰਾਇਡਮੈਨ ਨੇ ਆਪਣੀ ਸਾਰੀ ਜ਼ਿੰਦਗੀ ਉਨ੍ਹਾਂ ਵਿਰੁੱਧ ਵਿਚਾਰਾਂ ਦੀ ਸ਼ਾਂਤਮਈ ਲੜਾਈ ਦੇ ਲੇਖੇ ਲਾ ਦਿੱਤੀ ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਮੰਡੀ ਦੀ ਤਿੱਖੀ ਧਾਰ ਨੂੰ ਨਰਮ ਬਣਾਉਣ ਲਈ ਇਸ 'ਚ ਦਖ਼ਲ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਸ ਦਾ ਵਿਸ਼ਵਾਸ ਸੀ ਕਿ ਇਤਿਹਾਸ ਓਦੋਂ "ਗ਼ਲਤ ਲੀਹ 'ਤੇ ਜਾ ਚੜ੍ਹਿਆ" ਜਦੋਂ ਸਿਆਸਤਦਾਨਾਂ ਨੇ ਨਿਊ ਡੀਲ ਅਤੇ ਅਜੋਕੇ ਕਲਿਆਣਕਾਰੀ ਰਾਜ ਦੇ ਘਾੜੇ ਬੁੱਧੀਜੀਵੀ ਜੌਹਨ ਮੇਅਨਰਡ ਕੀਨਜ਼ ਦੀ ਗੱਲ ਸੁਣਨੀ ਸ਼ੁਰੂ ਕਰ ਦਿੱਤੀ।[39] 1929 'ਚ ਖੁੱਲ੍ਹੀ ਮੰਡੀ ਦੀ ਨੀਤੀ ਫੇਲ੍ਹ ਹੋ ਚੁੱਕੀ ਸੀ ਅਤੇ ਦੌਲਤ ਦੀ ਨਵੇਂ ਸਿਰਿਉਂ ਵੰਡ ਕਰਨ ਅਤੇ ਕਾਰਪੋਰੇਸ਼ਨਾਂ ਨੂੰ ਨਿਯਮਤ ਕਰਨ ਲਈ ਸਰਕਾਰਾਂ ਦਾ ਆਰਥਿਕਤਾ 'ਚ ਦਖ਼ਲ ਦੇਣਾ ਜ਼ਰੂਰੀ ਹੋ ਗਿਆ ਸੀ। ਸਰਕਾਰੀ ਗ਼ੈਰ-ਦਖ਼ਲਅੰਦਾਜ਼ੀ ਦੇ ਉਨ੍ਹਾਂ ਕਾਲੇ ਦਿਨਾਂ 'ਚ ਜਦੋਂ ਪੂਰਬ ਵਿਚ ਕਮਿਊਨਿਜ਼ਮ ਜੇਤੂ ਹੋ ਗਿਆ ਸੀ, ਪੱਛਮ ਨੇ ਲੋਕ ਭਲਾਈ ਰਾਜ ਦੀ ਧਾਰਨਾ ਅਪਣਾ ਲਈ ਅਤੇ ਦੱਖਣ ਵਿਚ ਬਸਤੀਵਾਦ ਤੋਂ ਬਾਅਦ ਆਰਥਕ ਕੌਮਵਾਦ ਨੇ ਜੜ੍ਹਾਂ ਪੱਕੀਆਂ ਕਰ ਲਈਆਂ ਸਨ, ਫਰਾਇਡਮੈਨ ਅਤੇ ਉਸ ਦੇ ਗੁਰੂ ਫਰੈਡਰਿਕ ਹਾਏਕ ਨੇ ਸਰਮਾਏਦਾਰੀ ਦੇ ਖ਼ਾਲਸ ਰੂਪ ਦੀ ਲਾਟ ਦੀ ਹੌਸਲੇ ਨਾਲ ਰਾਖੀ ਕੀਤੀ ਅਤੇ ਇਸ ਨੂੰ ਉਨ੍ਹਾਂ ਕੀਨਜ਼ਵਾਦੀ ਕੋਸ਼ਿਸ਼ਾਂ ਤੋਂ ਬੇਦਾਗ਼ ਬਣਾਈ ਰੱਖਿਆ ਜੋ ਵੱਧ ਨਿਆਂਕਾਰੀ ਸਮਾਜ ਉਸਾਰਨ ਲਈ ਸਮੂਹਿਕ ਦੌਲਤ ਜੁਟਾਉਣ ਲਈ ਕੀਤੀਆਂ ਜਾ ਰਹੀਆਂ ਸਨ।

ਫਰਾਇਡਮੈਨ ਨੇ 1975 'ਚ ਪਿਨੋਚੇ ਨੂੰ ਲਿਖੀ ਚਿੱਠੀ ਵਿਚ ਲਿਖਿਆ, "ਮੇਰੇ ਵਿਚਾਰ ਅਨੁਸਾਰ, ਵੱਡੀ ਭੁੱਲ ਇਹ ਸੋਚ ਲੈਣਾ ਸੀ ਕਿ ਹੋਰ ਲੋਕਾਂ ਦੇ ਪੈਸੇ ਨਾਲ ਭਲਾਈ ਦਾ ਕੰਮ ਕੀਤਾ ਜਾ ਸਕਦਾ ਹੈ।"[40] ਬਹੁਤ ਥੋੜ੍ਹੇ ਲੋਕਾਂ ਨੇ ਉਸ ਦੇ ਕਹੇ ਵੱਲ ਗ਼ੌਰ ਕੀਤਾ; ਬਹੁਤੇ ਲੋਕ ਇਹੀ ਜ਼ੋਰ

ਦਿੰਦੇ ਰਹੇ ਕਿ ਉਨ੍ਹਾਂ ਦੀਆਂ ਸਰਕਾਰਾਂ ਇਸ ਤਰ੍ਹਾਂ ਭਲਾਈ ਦਾ ਕੰਮ ਕਰ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਕਰਨਾ ਚਾਹੀਦਾ ਹੈ। 1969 'ਚ *ਟਾਈਮ* ਰਸਾਲੇ ਵਿਚ ਫਰਾਇਡਮੈਨ ਨੂੰ "ਤੁਛ ਸੋਚ ਵਾਲਾ ਜਾਂ ਕੀੜਾ-ਮਕੌੜਾ" ਕਹਿ ਕੇ ਰੱਦ ਕਰ ਦਿੱਤਾ ਗਿਆ। ਬਹੁਤ ਥੋੜ੍ਹੇ ਲੋਕਾਂ ਨੇ ਹੀ ਪੇਸ਼ੀਨਗੋ ਵਜੋਂ ਉਸ ਦੀ ਤਾਰੀਫ਼ ਕੀਤੀ ਸੀ।[41]

ਆਖ਼ਿਰ, ਕਈ ਦਹਾਕੇ ਬੌਧਿਕ ਤਨਹਾਈ 'ਚ ਗੁਜ਼ਾਰਨ ਤੋਂ ਬਾਅਦ, ਅੱਸੀਵਿਆਂ 'ਚ ਮਾਰਗਰੇਟ ਥੈਚਰ (ਉਸ ਨੇ ਫਰਾਇਡਮੈਨ ਨੂੰ "ਬੁੱਧੀਜੀਵੀ ਆਜ਼ਾਦੀ ਘੁਲਾਟੀਆ" ਕਿਹਾ) ਅਤੇ ਰੋਨਾਲਡ ਰੀਗਨ (ਉਹ ਰਾਸ਼ਟਰਪਤੀ ਚੋਣਾਂ ਦੀ ਮੁਹਿੰਮ ਸਮੇਂ ਫਰਾਇਡਮੈਨ ਦੇ ਮਨੋਰਥਪੱਤਰ *ਸਰਮਾਏਦਾਰੀ ਅਤੇ ਆਜ਼ਾਦੀ* ਦੀ ਕਾਪੀ ਲੈ ਕੇ ਮੁਹਿੰਮ ਚਲਾਉਂਦਾ ਰਿਹਾ) ਦਾ ਰਾਜ ਆ ਗਿਆ।[42] ਆਖ਼ਿਰ ਉਹ ਸਿਆਸੀ ਆਗੂ ਉੱਭਰ ਆਏ ਜਿਨ੍ਹਾਂ 'ਚ ਬੰਧਨਾਂ ਤੋਂ ਮੁਕਤ ਖੁੱਲ੍ਹੀਆਂ ਮੰਡੀਆਂ ਨੂੰ ਅਸਲ ਦੁਨੀਆਂ 'ਚ ਸਾਕਾਰ ਕਰਨ ਦਾ ਜੇਰਾ ਸੀ। ਇਸ ਅਧਿਕਾਰਤ ਕਹਾਣੀ ਅਨੁਸਾਰ, ਰੀਗਨ ਅਤੇ ਥੈਚਰ ਵਲੋਂ ਆਪੋ-ਆਪਣੀਆਂ ਮੰਡੀਆਂ ਨੂੰ ਸ਼ਾਂਤਮਈ ਅਤੇ ਜਮਹੂਰੀ ਤਰੀਕੇ ਨਾਲ ਆਜ਼ਾਦ ਕਰਾ ਲੈਣ ਤੋਂ ਬਾਅਦ ਜੋ ਆਜ਼ਾਦੀ ਅਤੇ ਖੁਸ਼ਹਾਲੀ ਆਈ ਉਹ ਪ੍ਰਤੱਖ ਰੂਪ 'ਚ ਐਨੀ ਮੁਨਾਸਿਬ ਸੀ ਕਿ ਜਦੋਂ ਮਨੀਲਾ ਤੋਂ ਲੈ ਕੇ ਬਰਲਿਨ ਤੱਕ ਤਾਨਾਸ਼ਾਹ ਰਾਜਾਂ ਦਾ ਪਤਨ ਸ਼ੁਰੂ ਹੋਇਆ ਤਾਂ ਜਨਤਾ ਰੀਗਨਵਾਦੀ ਅਰਥਸ਼ਾਸਤਰ ਦੇ ਨਾਲ-ਨਾਲ ਇਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦੀ ਮੰਗ ਕਰਨ ਲੱਗੀ।

ਓੜਕ ਜਦੋਂ ਸੋਵੀਅਤ ਯੂਨੀਅਨ ਢਹਿ ਢੇਰੀ ਹੋਇਆ ਤਾਂ "ਬੁਰਾਈ ਦੀ ਸਲਤਨਤ" ਦੇ ਲੋਕ ਫਰਾਇਡਮੈਨਵਾਦੀ ਇਨਕਲਾਬ 'ਚ ਸ਼ਾਮਲ ਹੋਣ ਦੇ ਉਤਸੁਕ ਸਨ, ਇਸੇ ਤਰ੍ਹਾਂ ਹੀ ਚੀਨ ਦੇ ਕਮਿਊਨਿਸਟਾਂ ਤੋਂ ਸਰਮਾਏਦਾਰ ਬਣੇ ਲੋਕ ਉਤਸਕ ਸਨ। ਇਸ ਦਾ ਭਾਵ ਸੀ ਕਿ ਸਚਮੁਚ ਦੀ ਆਲਮੀ ਖੁੱਲ੍ਹੀ ਮੰਡੀ ਦੇ ਰਾਹ 'ਚ ਕੋਈ ਅੜਿੱਕਾ ਨਹੀਂ ਰਿਹਾ ਸੀ ਜਿਸ ਵਿਚ ਮੁਕਤ ਕਾਰਪੋਰੇਸ਼ਨਾਂ ਨਾ ਸਿਰਫ਼ ਆਪੋ ਆਪਣੇ ਦੇਸ਼ਾਂ 'ਚ ਸਗੋਂ ਬੇਰੋਕ-ਟੋਕ ਸਰਹੱਦਾਂ ਪਾਰ ਕਰਕੇ ਆਜ਼ਾਦੀ ਨਾਲ ਵਿਚਰਨ ਅਤੇ ਦੁਨੀਆਂ 'ਚ ਖੁਸ਼ਹਾਲੀ ਦਾ ਰਾਹ ਖੋਲ੍ਹਣ ਲਈ ਆਜ਼ਾਦ ਹੋ ਗਈਆਂ ਸਨ। ਸਮਾਜ ਨੂੰ ਕਿਵੇਂ ਚਲਾਇਆ ਜਾਵੇ ਇਸ ਬਾਰੇ ਹੁਣ ਜੋੜੀ ਆਮ ਸਹਿਮਤੀ ਸੀ : ਸਿਆਸੀ ਆਗੂਆਂ ਦੀ ਚੋਣ ਕੀਤੀ ਜਾਵੇਗੀ ਅਤੇ ਅਰਥਚਾਰਿਆਂ ਨੂੰ ਫਰਾਇਡਮੈਨਵਾਦੀ ਅਸੂਲਾਂ ਅਨੁਸਾਰ ਚਲਾਇਆ ਜਾਵੇਗਾ। ਜਿਵੇਂ ਫਰਾਂਸਿਸ ਫੁਕੂਯਾਮਾ ਨੇ ਕਿਹਾ ਸੀ, ਇਹ "ਇਤਿਹਾਸ ਦਾ ਅੰਤ ਸੀ।"—"ਮਨੁੱਖਤਾ ਦੇ ਵਿਚਾਰਧਾਰਕ ਵਿਕਾਸ ਦਾ ਆਖ਼ਰੀ ਸਿਰਾ।"[43] ਜਦੋਂ ਫਰਾਇਡਮੈਨ ਦੀ ਮੌਤ ਹੋ ਗਈ, ਓਦੋਂ *ਫਾਰਚੂਨ* ਰਸਾਲੇ ਨੇ ਲਿਖਿਆ ਕਿ "ਇਤਿਹਾਸ ਦੀ ਚੜ੍ਹਤ ਉਸ ਦੇ ਨਾਲ ਹੀ ਸੀ"; ਅਮਰੀਕੀ ਕਾਂਗਰਸ 'ਚ ਮਤਾ ਪਾਸ ਕਰਕੇ ਉਸ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਗਈ, "ਦੁਨੀਆਂ ਦੇ ਮੁਕਤੀ ਦੇ ਚੋਟੀ ਦੇ ਹਾਮੀਆਂ ਵਿਚੋਂ ਇਕ, ਨਾ ਸਿਰਫ਼ ਅਰਥਸ਼ਾਸਤਰ ਦੇ ਖੇਤਰ ਵਿਚ ਸਗੋਂ ਸਾਰੇ ਪੱਖਾਂ ਤੋਂ"; ਕੈਲੀਫੋਰਨੀਆਂ ਦੇ ਗਵਰਨਰ ਅਰਨੌਲਡ ਸਕਵਾਜ਼ੈਨੇਗਰ ਨੇ 29 ਜਨਵਰੀ 2007 ਨੂੰ ਸੂਬਾ ਪੱਧਰ 'ਤੇ ਮਿਲਟਨ ਫਰਾਇਡਮੈਨ ਦਿਹਾੜਾ ਮਨਾਉਣ ਦਾ ਐਲਾਨ ਕੀਤਾ। ਬਹੁਤ ਸਾਰੇ ਸ਼ਹਿਰਾਂ ਅਤੇ ਕਸਬਿਆਂ ਨੇ ਇੰਞ ਹੀ ਕੀਤਾ। *ਵਾਲ ਸਟਰੀਟ ਜਰਨਲ* ਦੀ ਸੁਰਖ਼ੀ 'ਚ ਇਸ ਦਾ ਸਾਰ-ਤੱਤ ਬਹੁਤ ਹੀ ਸਲੀਕੇ ਨਾਲ ਦਿੱਤਾ ਗਿਆ ਸੀ : "ਆਜ਼ਾਦੀ ਨੂੰ ਸਮਰਪਿਤ ਬੰਦਾ।"[44]

ਇਹ ਕਿਤਾਬ ਅਧਿਕਾਰਤ ਕਹਾਣੀ ਦੇ ਇਸ ਕੇਂਦਰੀ ਅਤੇ ਸਭ ਤੋਂ ਵੱਧ ਮਨਭਾਉਂਦੇ ਦਾਅਵੇ ਨੂੰ ਵੰਗਾਰ ਹੈ ਕਿ ਕਾਨੂੰਨੀ ਰੋਕਾਂ ਤੋਂ ਮੁਕਤ ਸਰਮਾਏਦਾਰੀ ਦੀ ਜਿੱਤ ਆਜ਼ਾਦੀ 'ਚੋਂ ਜੰਮੀ

ਹੈ, ਕਿ ਬੰਧਨ ਮੁਕਤ ਆਜ਼ਾਦ ਮੰਡੀਆਂ ਜਮਹੂਰੀਅਤ ਨਾਲ ਕਰਿਘੜੀ ਪਾ ਕੇ ਚੱਲ ਰਹੀਆਂ ਹਨ। ਇਸ ਦੇ ਉਲਟ, ਮੈਂ ਸਾਬਤ ਕਰਾਂਗੀ ਕਿ ਰੂੜ੍ਹੀਵਾਦੀ ਸਰਮਾਏਦਾਰੀ ਦੇ ਇਸ ਰੂਪ ਦਾ ਜਨਮ ਜ਼ੁਲਮਾਂ ਦੇ ਸਭ ਤੋਂ ਵਹਿਸ਼ੀ ਰੂਪਾਂ ਜ਼ਰੀਏ ਹੋਇਆ ਹੈ, ਜੋ ਸਿਆਸਤ ਦੀ ਸਮੂਹ ਸੰਸਥਾ ਅਤੇ ਬੇਸ਼ੁਮਾਰ ਵਿਅਕਤੀਆਂ ਦੇ ਜਿਸਮਾਂ ਉੱਪਰ ਢਾਹੇ ਗਏ। ਅਜੋਕੀ ਖੁੱਲ੍ਹੀ ਮੰਡੀ—ਇਹ ਕਾਰਪੋਰੇਟਸ਼ਾਹੀ ਦੀ ਉਠਾਣ ਵਜੋਂ ਬਿਹਤਰ ਸਮਝ ਪੈਂਦੀ ਹੈ—ਦਾ ਇਤਿਹਾਸ ਸਦਮਿਆਂ ਸਮੇਂ ਲਿਖਿਆ ਜਾਂਦਾ ਰਿਹਾ।

ਇਸ ਵਿਚ ਬਹੁਤ ਵੱਡੇ ਹਿੱਤ ਮੌਜੂਦ ਹਨ। ਕਾਰਪੋਰੇਟਵਾਦੀ ਗੱਠਜੋੜ ਆਪਣੀਆਂ ਆਖ਼ਰੀ ਹੱਦਬੰਦੀਆਂ ਭਾਵ ਅਰਬ ਦੁਨੀਆਂ ਦੇ ਬੂਹੇ ਭੇੜੀ ਬੈਠੇ ਤੇਲ ਅਰਥਚਾਰਿਆਂ ਅਤੇ ਪੱਛਮੀ ਅਰਥਚਾਰਿਆਂ ਦੇ ਜਿਨ੍ਹਾਂ ਖੇਤਰਾਂ ਨੂੰ ਲੰਮੇ ਸਮੇਂ ਤੋਂ ਮੁਨਾਫ਼ੇ ਕਮਾਉਣ ਤੋਂ ਬਚਾ ਕੇ ਰੱਖਿਆ ਗਿਆ ਨੂੰ ਜਿੱਤਣ ਦੇ ਅਮਲ 'ਚ ਹੈ, ਇਨ੍ਹਾਂ 'ਚ ਤਬਾਹੀ ਸਬੰਧੀ ਕਦਮ ਚੁੱਕਣਾ ਅਤੇ ਫ਼ੌਜਾਂ ਬਣਾਉਣਾ ਵੀ ਸ਼ਾਮਲ ਹੈ। ਕਿਉਂਕਿ ਅਜਿਹੇ ਅਹਿਮ ਕੰਮਾਂ ਦਾ ਨਿੱਜੀਕਰਨ ਕਰਨ ਲਈ ਜਨਤਕ ਸਹਿਮਤੀ ਲੈਣ ਦਾ ਮੁਲੰਮਾ ਚਾੜ੍ਹਨ ਦੀ ਲੋੜ ਵੀ ਨਹੀਂ ਸਮਝੀ ਜਾਂਦੀ, ਨਾ ਦੇਸ਼ 'ਚ ਅਤੇ ਨਾ ਬਦੇਸ਼ਾਂ 'ਚ, ਇਸ ਕਰਕੇ ਟੀਚਾ ਪੂਰਾ ਕਰਨ ਲਈ ਹਿੰਸਾ ਵਧਾਉਣਾ ਅਤੇ ਹੋਰ ਵੀ ਵੱਡੀਆਂ ਤਬਾਹੀਆਂ ਮਚਾਉਣਾ ਜ਼ਰੂਰੀ ਹੈ। ਫੇਰ ਵੀ ਖੁੱਲ੍ਹੀ ਮੰਡੀ ਦੇ ਉਭਾਰ ਦੇ ਅਧਿਕਾਰਤ ਰਿਕਾਰਡ ਵਿਚੋਂ ਸਦਮਿਆਂ ਅਤੇ ਸੰਕਟਾਂ ਦੀ ਫ਼ੈਸਲਾਕੁਨ ਭੂਮਿਕਾ ਨੂੰ ਐਨੇ ਪ੍ਰਭਾਵਸ਼ਾਲੀ ਰੂਪ 'ਚ ਹਟਾ ਦੇਣ ਕਾਰਨ ਇਰਾਕ ਅਤੇ ਨਿਊ ਔਰਲੀਨਜ਼ 'ਚ ਜੱਗ ਜ਼ਾਹਰ ਹੋਈਆਂ ਇੰਤਹਾ ਚਾਲਾਂ ਨੂੰ ਅਕਸਰ ਹੀ ਗ਼ਲਤੀ ਨਾਲ ਬੁਸ਼ ਦੇ ਵਾਈਟ ਹਾਊਸ ਦੀ ਵਿਸ਼ੇਸ਼ ਨਲਾਇਕੀ ਜਾਂ ਆਪਣੇ ਜੁੰਡੀਦਾਰਾਂ ਨੂੰ ਗੱਫੇ ਦੇਣ ਦੀ ਸੋਚ ਸਮਝ ਲਿਆ ਜਾਂਦਾ ਹੈ। ਅਸਲ ਵਿਚ ਬੁਸ਼ ਦੇ ਕਾਰਨਾਮੇ ਤਾਂ ਸਿਰਫ਼ ਕਾਰਪੋਰੇਟਾਂ ਦੀ ਮੁਕੰਮਲ ਮੁਕਤੀ ਦੇ ਘੋਰ ਹਿੰਸਕ ਅਤੇ ਮੌਲਿਕ ਸਿਖ਼ਰ ਦੀ ਨੁਮਾਇੰਦਗੀ ਹੀ ਕਰਦੇ ਹਨ।

ਵਿਚਾਰਧਾਰਾਵਾਂ ਦੇ ਚੇਲਿਆਂ ਵਲੋਂ ਕੀਤੇ ਜੁਰਮਾਂ ਲਈ ਵਿਚਾਰਧਾਰਾਵਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਈ ਵੀ ਕੋਸ਼ਿਸ਼ ਕਰਦੇ ਵਕਤ ਬਹੁਤ ਹੀ ਚੌਕਸ ਰਹਿਣਾ ਜ਼ਰੂਰੀ ਹੈ। ਇਹ ਕਹਿ ਦੇਣਾ ਬਹੁਤ ਅਸਾਨ ਹੈ ਕਿ ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ ਹਾਂ ਉਹ ਸਿਰਫ਼ ਗ਼ਲਤ ਹੀ ਨਹੀਂ ਸਗੋਂ ਜ਼ਾਲਮ, ਫਾਸ਼ੀਵਾਦੀ, ਨਸਲਕੁਸ਼ੀ ਕਰਨ ਵਾਲੇ ਵੀ ਹਨ। ਇਹ ਵੀ ਸੱਚ ਹੈ ਕਿ ਕੁਝ ਵਿਚਾਰਧਾਰਾਵਾਂ ਜਨਤਾ ਲਈ ਘਾਤਕ ਹਨ ਅਤੇ ਇਨ੍ਹਾਂ ਦੀ ਨਿਸ਼ਾਨਦੇਹੀ ਇੰਞ ਹੀ ਕਰਨੀ ਹੋਵੇਗੀ। ਇਹ ਬੰਦ ਸੋਚ ਵਾਲੇ, ਮੂਲਵਾਦੀ ਸਿਧਾਂਤ ਹਨ ਜੋ ਹੋਰ ਅਕੀਦਿਆਂ ਨਾਲ ਮਿਲ ਜੁਲ ਕੇ ਨਹੀਂ ਰਹਿ ਸਕਦੇ। ਇਨ੍ਹਾਂ ਸਿਧਾਂਤਾਂ ਦੇ ਪੈਰੋਕਾਰ ਵਿਚਾਰਾਂ ਦੀ ਵੰਨ-ਸੁਵੰਨਤਾ ਨੂੰ ਭੰਡਦੇ ਹਨ ਤੇ ਆਪਣੇ ਮੁਕੰਮਲ ਪ੍ਰਬੰਧ ਨੂੰ ਲਾਗੂ ਕਰਨ ਲਈ ਪੂਰੀ ਖੁੱਲ੍ਹ-ਖੇਡ ਭਾਲਦੇ ਹਨ। ਇਨ੍ਹਾਂ ਦੀ ਸ਼ੁੱਧ ਕਾਢ ਲਈ ਜ਼ਰੂਰੀ ਹੈ ਕਿ ਦੁਨੀਆਂ ਜਿਹੋ ਜਿਹੀ ਹੁਣ ਹੈ ਇਸ ਨੂੰ ਲਾਜ਼ਮੀ ਮਿਟਾ ਦਿੱਤਾ ਜਾਵੇ। ਇਸ ਤਰਕ ਦੀ ਜੜ੍ਹ ਵੱਡੇ ਵੱਡੇ ਹੜ੍ਹਾਂ ਅਤੇ ਵਿਸ਼ਾਲ ਸਾੜ-ਫੂਕ ਬਾਰੇ ਧਾਰਮਿਕ ਗ੍ਰੰਥਾਂ ਦੀਆਂ ਕਲਪਨਾਵਾਂ 'ਚ ਪਈ ਹੈ ਜਿਸ ਦਾ ਲਾਜ਼ਮੀ ਸਿੱਟਾ ਹਿੰਸਾ ਵਿਚ ਨਿਕਲਦਾ ਹੈ। ਅਜਿਹੀ ਅਸੰਭਵ ਕੋਰੀ ਸਲੇਟ ਲਈ ਤਾਂਘਦੀਆਂ ਵਿਚਾਰਧਾਰਾਵਾਂ, ਜਿਸ ਦੀ ਪ੍ਰਾਪਤੀ ਸਿਰਫ਼ ਕਿਸੇ ਤਰ੍ਹਾਂ ਦੀ ਪਰਲੋ ਰਾਹੀਂ ਹੀ ਹੋ ਸਕਦੀ ਹੈ, ਘਾਤਕ ਹਨ।

ਆਮ ਤੌਰ 'ਤੇ ਸਿਰੇ ਦੇ ਧਾਰਮਿਕ ਅਤੇ ਨਸਲਵਾਦੀ ਸੋਚ ਪ੍ਰਬੰਧ ਹੀ ਦੁਨੀਆਂ ਬਾਰੇ ਆਪਣੀ ਖ਼ਾਲਸ ਸੋਚ ਦੀ ਪੂਰਤੀ ਲਈ ਸਮੁੱਚੇ ਲੋਕਾਂ ਅਤੇ ਸੱਭਿਆਚਾਰਾਂ ਦਾ ਸਫ਼ਾਇਆ ਕਰ ਦੇਣ ਦੀ ਮੰਗ ਕਰਦੇ ਹਨ। ਪਰ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋ ਜਾਣ 'ਤੇ, ਕਮਿਊਨਿਜ਼ਮ ਦੇ ਨਾਂ

ਹੇਠ ਕੀਤੇ ਮਹਾਂ ਜੁਰਮਾਂ ਦੀ ਤਕੜੀ ਸਮੂਹਿਕ ਗਿਣਤੀ ਸਾਹਮਣੇ ਆਈ ਹੈ, ਸੋਵੀਅਤ ਸੂਚਨਾ ਦੇ ਭੋਰੇ ਖੋਜਕਾਰਾਂ ਲਈ ਖੁੱਲ੍ਹ ਗਏ ਹਨ ਅਤੇ ਭੁੱਖੇ ਰੱਖ ਕੇ ਅਤੇ ਵਗਾਰ ਕੈਂਪਾਂ ਅਤੇ ਕਤਲਾਂ ਰਾਹੀਂ ਮਾਰੇ ਜਾਣ ਵਾਲਿਆਂ ਦਾ ਹਿਸਾਬ ਲਾਇਆ ਗਿਆ ਹੈ। ਇਸ ਨਾਲ ਦੁਨੀਆਂ ਭਰ 'ਚ ਤਿੱਖੀ ਬਹਿਸ ਛਿੜ ਗਈ ਹੈ ਕਿ ਜਿਵੇਂ ਪੇਸ਼ ਕੀਤਾ ਜਾਂਦਾ ਹੈ ਕਿ ਸਟਾਲਿਨ, ਚਾਓਸੈਸਕੂ, ਮਾਓ ਅਤੇ ਪੋਲ ਪੋਤ ਵਰਗਿਆਂ ਵਲੋਂ ਆਪਣੀ ਵਿਚਾਰਧਾਰਾ ਨੂੰ ਤੋੜ ਮਰੋੜ ਕੇ ਲਾਗੂ ਕੀਤੇ ਜਾਣ ਕਾਰਨ ਜ਼ੁਲਮ ਹੋਏ, ਇਸ ਦੇ ਉਲਟ ਇਨ੍ਹਾਂ ਵਿਚੋਂ ਕਿੰਨੇ ਜ਼ੁਲਮਾਂ ਦੀ ਜੜ੍ਹ ਇਹ ਵਿਚਾਰਧਾਰਾ ਖ਼ੁਦ ਹੈ।

ਵਿਵਾਦਪੂਰਨ ਕਿਤਾਬ *ਕਮਿਊਨਿਜ਼ਮ ਦੀ ਕਾਲੀ ਸੂਚੀ* ਦਾ ਸਹਿ-ਲੇਖਕ ਸਟੀਫਨ ਕੋਰਤੋਇਸ ਲਿਖਦਾ ਹੈ, "ਇਹ ਜਿਊਂਦਾ ਜਾਗਦਾ ਕਮਿਊਨਿਜ਼ਮ ਖ਼ੁਦ ਸੀ ਜਿਸ ਨੇ ਥੋਕ ਜਬਰ ਲਾਗੂ ਕੀਤਾ, ਇਸ ਦੇ ਸਿੱਟੇ ਵਜੋਂ ਰਾਜਕੀ ਸਰਪ੍ਰਸਤੀ ਵਾਲੀ ਦਹਿਸ਼ਤ ਦਾ ਬੋਲ-ਬਾਲਾ ਹੋ ਗਿਆ। ਕੀ ਵਿਚਾਰਧਾਰਾ ਦਾ ਆਪਣਾ ਦੋਸ਼ ਕੋਈ ਨਹੀਂ ਹੈ ? "[45] ਬੇਸ਼ੱਕ ਇਹ ਦੋਸ਼ੀ ਹੈ। ਜਿਵੇਂ ਕੁਝ ਲੋਕ ਖ਼ੁਸ਼ ਹੋ ਕੇ ਦਾਅਵਾ ਕਰਦੇ ਹਨ ਕਿ ਇਸ ਦਾ ਅਰਥ ਇਹ ਨਹੀਂ ਹੈ ਕਿ ਨਸਲਕੁਸ਼ੀ ਹਰ ਤਰ੍ਹਾਂ ਦੇ ਕਮਿਊਨਿਜ਼ਮ ਦੀ ਵਜੂਦ-ਸਮੋਈ ਹੋਈ ਹੈ, ਪਰ ਇਹ ਕਮਿਊਨਿਸਟ ਸਿਧਾਂਤ ਦੀ ਵਿਆਖਿਆ ਹੀ ਸੀ ਜੋ ਗ਼ੈਰ-ਵਿਹਾਰਕ ਸੱਤਾਵਾਦੀ ਸੀ ਅਤੇ ਵੰਨ-ਸੁਵੰਨੇ ਵਿਚਾਰਾਂ ਨੂੰ ਨਫ਼ਰਤ ਕਰਦੀ ਸੀ। ਸਟਾਲਿਨ ਵਲੋਂ ਚਲਾਈਆਂ ਪਾਰਟੀ ਦੀ ਸਫ਼ਾਈ ਦੀਆਂ ਮੁਹਿੰਮਾਂ ਅਤੇ ਮਾਓ ਵਲੋਂ ਮੁੜ-ਸਿਖਲਾਈ ਕੈਂਪ ਇਸੇ ਦਾ ਸਿੱਟਾ ਸਨ। ਹਕੀਕੀ ਦੁਨੀਆਂ ਦੀਆਂ ਇਹ ਪ੍ਰਯੋਗਸ਼ਾਲਾਵਾਂ ਸੱਤਾਵਾਦੀ ਕਮਿਊਨਿਜ਼ਮ ਉੱਪਰ ਸਦਾ ਲਈ ਲੱਗਿਆ ਕਲੰਕ ਹਨ ਅਤੇ ਰਹਿਣਗੀਆਂ।

ਪਰ ਆਲਮੀ ਮੰਡੀਆਂ ਨੂੰ ਆਜ਼ਾਦ ਕਰਾਉਣ ਦੇ ਅਜੋਕੇ ਜਹਾਦ ਨੂੰ ਕਿਸ ਤਰ੍ਹਾਂ ਲਿਆ ਜਾਵੇ ? ਕਾਰਪੋਰੇਟ ਪੱਖੀ ਨਿਜ਼ਾਮ ਸਥਾਪਤ ਕਰਨ ਅਤੇ ਇਨ੍ਹਾਂ ਨੂੰ ਕਾਇਮ ਰੱਖਣ ਲਈ ਕੀਤੇ ਜਾਂਦੇ ਰਾਜ ਪਲਟਿਆਂ, ਜੰਗਾਂ ਅਤੇ ਕਤਲੇਆਮਾਂ ਨੂੰ ਕਦੇ ਸਰਮਾਏਦਾਰੀ ਜੁਰਮਾਂ ਵਜੋਂ ਨਹੀਂ ਲਿਆ ਜਾਂਦਾ। ਇਸ ਦੀ ਬਜਾਏ ਸਗੋਂ ਇਨ੍ਹਾਂ ਨੂੰ ਪਹਿਲਾਂ ਠੰਢੀ ਜੰਗ ਦੇ ਗਰਮ ਮੁਹਾਜ਼ਾਂ 'ਚ ਵੱਧ ਜੋਸ਼ੀਲੇ ਤਾਨਾਸ਼ਾਹਾਂ ਦੀਆਂ ਜ਼ਿਆਦਤੀਆਂ ਅਤੇ ਹੁਣ ਦਹਿਸ਼ਤਵਾਦ ਵਿਰੁੱਧ ਜੰਗ ਦੀਆਂ ਜ਼ਿਆਦਤੀਆਂ ਦੱਸ ਕੇ ਖਹਿੜਾ ਛੁਡਾ ਲਿਆ ਜਾਂਦਾ ਹੈ। ਜੇ ਕਾਰਪੋਰੇਟਵਾਦੀ ਆਰਥਕ ਮਾਡਲ ਦੇ ਸਭ ਤੋਂ ਸਮਰਪਿਤ ਵਿਰੋਧੀਆਂ ਦਾ ਵਿਉਂਤਬਧ ਢੰਗ ਨਾਲ ਸਫ਼ਾਇਆ ਕੀਤਾ ਜਾਂਦਾ ਹੈ, ਚਾਹੇ ਇਹ ਸੱਤਰਵਿਆਂ 'ਚ ਅਰਜਨਟਾਈਨਾ 'ਚ ਵਾਪਰਿਆ ਸੀ ਜਾਂ ਹੁਣ ਇਰਾਕ 'ਚ ਵਾਪਰ ਰਿਹਾ ਹੈ ਤਾਂ ਇਸ ਦਮਨ ਦੀ ਵਿਆਖਿਆ ਕਮਿਊਨਿਜ਼ਮ ਜਾਂ ਦਹਿਸ਼ਤਵਾਦ ਵਿਰੁੱਧ ਘ੍ਰਿਣਤ ਜੰਗ ਦੇ ਹਿੱਸੇ ਵਜੋਂ ਕਰ ਦਿੱਤੀ ਜਾਂਦੀ ਹੈ—ਇਸ ਨੂੰ ਖ਼ਾਲਸ ਸਰਮਾਏਦਾਰੀ ਦੇ ਵਿਕਾਸ ਲਈ ਜੱਦੋਜਹਿਦ ਵਜੋਂ ਤਕਰੀਬਨ ਕਦੇ ਵੀ ਬਿਆਨ ਨਹੀਂ ਕੀਤਾ ਜਾਂਦਾ।

ਮੈਂ ਇਹ ਦਲੀਲ ਨਹੀਂ ਦੇ ਰਹੀ ਕਿ ਹਿੰਸਾ ਹਰ ਤਰ੍ਹਾਂ ਦੇ ਮੰਡੀ ਪ੍ਰਬੰਧਾਂ ਦੀ ਵਜੂਦ-ਸਮੋਈ ਵਿਸ਼ੇਸ਼ਤਾ ਹੈ। ਐਸੀ ਮੰਡੀ ਅਧਾਰਤ ਆਰਥਿਕਤਾ ਹੋ ਸਕਦੀ ਹੈ ਜਿਸ ਨੂੰ ਅਜਿਹੀ ਵਹਿਸ਼ਤ ਦੀ ਲੋੜ ਨਾ ਪਵੇ ਅਤੇ ਜੋ ਅਜਿਹੀ ਸਿਧਾਂਤਕ ਸ਼ੁੱਧਤਾ ਦੀ ਮੰਗ ਨਾ ਕਰਦੀ ਹੋਵੇ। ਮੁਫ਼ਤ ਸਰਕਾਰੀ ਸਿਹਤ ਸੇਵਾਵਾਂ, ਸਰਕਾਰੀ ਸਕੂਲਾਂ ਅਤੇ ਆਰਥਿਕਤਾ ਦਾ ਵੱਡਾ ਹਿੱਸਾ—ਜਿਵੇਂ ਕੌਮੀ ਤੇਲ ਕੰਪਨੀ—ਸਰਕਾਰੀ ਹੱਥਾਂ 'ਚ ਰਹਿਣ ਦੇ ਨਾਲ ਨਾਲ ਖਪਤਕਾਰੀ ਵਸਤਾਂ ਦੀ ਖੁੱਲ੍ਹੀ ਮੰਡੀ ਦੀ ਹੋਂਦ ਰਹਿ ਸਕਦੀ ਹੈ। ਕਾਰਪੋਰੇਸ਼ਨਾਂ ਤੋਂ ਮੁਨਾਸਿਬ ਉਜਰਤਾਂ ਦਿਵਾਉਣਾ, ਮਜ਼ਦੂਰਾਂ ਦੇ ਯੂਨੀਅਨ ਬਣਾਉਣ ਦੇ ਹੱਕ ਨੂੰ ਮਾਨਤਾ ਦਿਵਾਉਣਾ ਅਤੇ ਸਰਕਾਰਾਂ ਵਲੋਂ ਟੈਕਸ ਲਾਉਣਾ ਅਤੇ ਦੌਲਤ ਦੀ ਨਵੇਂ ਸਿਰਿਉਂ ਵੰਡ ਕਰਾਉਣਾ ਵੀ ਇਸੇ ਤਰ੍ਹਾਂ ਸੰਭਵ ਹੈ ਤਾਂ ਜੋ ਉਹ ਤਿੱਖੀਆਂ ਨਾਬਰਾਬਰੀਆਂ

ਘਟ ਜਾਣ ਜੋ ਕਾਰਪੋਰੇਟਵਾਦੀ ਰਾਜ ਦੀ ਖ਼ਾਸੀਅਤ ਹਨ। ਇਹ ਜ਼ਰੂਰੀ ਨਹੀਂ ਹੈ ਕਿ ਮੰਡੀਆਂ ਰੂੜ੍ਹੀਵਾਦੀ ਬਣਨ।

ਮਹਾਂ ਮੰਦਵਾੜੇ ਤੋਂ ਬਾਅਦ ਕੀਨਜ਼ ਨੇ ਐਨ ਇਸੇ ਤਰ੍ਹਾਂ ਦੀ ਰਲੀ ਮਿਲੀ, ਕੰਟਰੋਲ ਵਾਲੀ ਆਰਥਿਕਤਾ ਦੀ ਤਜਵੀਜ਼ ਪੇਸ਼ ਕੀਤੀ ਸੀ। ਇਹ ਸਰਕਾਰੀ ਨੀਤੀ 'ਚ ਇਕ ਇਨਕਲਾਬ ਸੀ ਜਿਸ ਨਾਲ *ਨਵਾਂ ਸਮਝੌਤਾ* ਅਤੇ ਪੂਰੀ ਦੁਨੀਆਂ 'ਚ ਇਸ ਤਰ੍ਹਾਂ ਦੀ ਤਬਦੀਲੀ ਪੈਦਾ ਹੋਈ। ਸਮਝੌਤਿਆਂ, ਰੋਕਾਂ ਅਤੇ ਤਵਾਜ਼ਨ ਦੇ ਇਸੇ ਹੀ ਪ੍ਰਬੰਧ ਨੂੰ ਵਿਉਂਤਬਧ ਢੰਗ ਨਾਲ ਤੋੜਨ ਲਈ ਫਰਾਇਡਮੈਨ ਨੇ ਇਕ ਤੋਂ ਬਾਅਦ ਦੂਜੇ ਦੇਸ਼ 'ਚ ਉਲਟ-ਇਨਕਲਾਬ ਸ਼ੁਰੂ ਕੀਤਾ ਸੀ। ਇਸ ਰੌਸ਼ਨੀ 'ਚ ਦੇਖਿਆਂ, ਸ਼ਿਕਾਗੋ ਸਕੂਲ ਤਰਜ਼ ਦੀ ਸਰਮਾਏਦਾਰੀ ਦਾ ਹੋਰ ਘਾਤਕ ਸਿਧਾਂਤਾਂ ਨਾਲ ਕੁਝ ਸਾਂਝਾ ਜ਼ਰੂਰ ਹੈ; ਐਸੀ ਸ਼ੁੱਧਤਾ ਜੋ ਹਾਸਲ ਨਹੀਂ ਹੋ ਸਕਦੀ ਅਤੇ ਕੋਰੀ ਸਲੇਟ ਦੀ ਵਿਸ਼ੇਸ਼ ਖਾਹਸ਼ ਜਿਸ ਉੱਪਰ ਨਵੇਂ ਸਿਰਿਉਂ ਖ਼ਾਸ ਨਮੂਨੇ ਦਾ ਸਮਾਜ ਸਿਰਜਿਆ ਜਾ ਸਕੇ।

ਮੁਕੰਮਲ ਸਿਰਜਣਾ ਦੀਆਂ ਦੈਵੀ ਤਾਕਤਾਂ ਦੇ ਮਾਲਕ ਬਣਨ ਦੀ ਇਸੇ ਖਾਹਸ਼ ਕਾਰਨ ਖੁੱਲ੍ਹੀ ਮੰਡੀ ਦੇ ਸਿਧਾਂਤਕਾਰ ਸੰਕਟਾਂ ਅਤੇ ਤਬਾਹੀਆਂ ਦੇ ਐਨੇ ਦੀਵਾਨੇ ਹਨ। ਗ਼ੈਰ-ਅਰੰਮੀ ਹਕੀਕਤ ਇਨ੍ਹਾਂ ਦੇ ਉਦੇਸ਼ਾਂ ਨੂੰ ਪਸੰਦ ਨਹੀਂ ਹੈ। ਪੈਂਤੀ ਸਾਲਾਂ ਤੋਂ, ਫਰਾਇਡਮੈਨ ਦਾ ਉਲਟ-ਇਨਕਲਾਬ ਐਸੀ ਆਜ਼ਾਦੀ ਅਤੇ ਸੰਭਾਵਨਾ ਦੀ ਖਿੱਚ ਦੀ ਬਦੌਲਤ ਹੀ ਜਿਊਂਦਾ ਹੈ ਜੋ ਸਿਰਫ਼ ਪਰਲੋ ਦੇ ਸਮਿਆਂ 'ਚ ਹੀ ਹਾਸਲ ਹੁੰਦੀ ਹੈ—ਜਦੋਂ ਦ੍ਰਿੜ ਇਰਾਦੇ ਵਾਲੇ ਅਤੇ ਜ਼ੋਰਦਾਰ ਮੰਗ ਕਰਨ ਵਾਲੇ ਲੋਕਾਂ ਦਾ ਅੜਿੱਕਾ ਦੂਰ ਹੋ ਜਾਂਦਾ ਹੈ—ਜਿਨ੍ਹਾਂ ਪਲਾਂ 'ਚ ਜਮਹੂਰੀਅਤ ਵਿਹਾਰਕ ਤੌਰ 'ਤੇ ਅਸੰਭਵ ਹੋ ਜਾਂਦੀ ਹੈ।

ਸਦਮਾ ਸਿਧਾਂਤ ਦੇ ਧਾਰਨੀਆਂ ਨੂੰ ਇਹ ਜਚਿਆ ਹੋਇਆ ਹੈ ਕਿ ਸਿਰਫ਼ ਹੜ੍ਹ, ਜੰਗ ਅਤੇ ਦਹਿਸ਼ਤਪਸੰਦਾਂ ਦੇ ਹਮਲੇ ਰਾਹੀਂ ਵੱਡਾ ਪਾੜਾ ਪੈਣ ਨਾਲ ਹੀ ਉਸ ਤਰ੍ਹਾਂ ਦੀ ਵਿਸ਼ਾਲ, ਕੋਰੀ ਧਰਾਤਲ ਪੈਦਾ ਕੀਤੀ ਜਾ ਸਕਦੀ ਹੈ ਜਿਸ ਦੀ ਇਨ੍ਹਾਂ ਨੂੰ ਲਾਲਸਾ ਹੈ। ਇਨ੍ਹਾਂ ਢੈਲੇ ਸਮਿਆਂ 'ਚ, ਜਦੋਂ ਅਸੀਂ ਮਾਨਸਿਕ ਤੌਰ 'ਤੇ ਖੜੋਤ ਦਾ ਸ਼ਿਕਾਰ ਅਤੇ ਜਿਸਮਾਨੀ ਤੌਰ 'ਤੇ ਉੱਖੜੇ ਹੋਏ ਹੁੰਦੇ ਹਾਂ, ਇਹ ਕਲਾਕਾਰ ਸਹੀ ਮੌਕਾ ਦੇਖ ਕੇ ਦੁਨੀਆਂ ਨੂੰ ਨਵੇਂ ਸਿਰਿਉਂ ਘੜਨ ਦਾ ਕੰਮ ਵਿੱਢ ਦਿੰਦੇ ਹਨ।

ਹਿੱਸਾ ਪਹਿਲਾ

ਸਦਮੇ ਦੇਣ ਵਾਲੇ ਦੋ ਡਾਕਟਰ

ਖੋਜ ਅਤੇ ਵਿਕਾਸ ਦਾ ਦੌਰ

ਅਸੀਂ ਤੁਹਾਨੂੰ ਪੂਰੀ ਤਰ੍ਹਾਂ ਨਿਚੋੜ ਦੇਵਾਂਗੇ, ਅਤੇ ਫੇਰ ਅਸੀਂ ਤੁਹਾਡੇ ਅੰਦਰ ਆਪਣਾ ਆਪ ਭਰ ਦੇਵਾਂਗੇ।
—ਜਾਰਜ ਔਰਵੈੱਲ, *ਉਨੀ ਸੌ ਚੁਰਾਸੀ*

ਸਨਅਤੀ ਇਨਕਲਾਬ ਇਕ ਐਸੇ ਅਤਿ ਦੇ ਅਤੇ ਤੱਤੇ ਖ਼ਿਆਲਾਂ ਵਾਲੇ ਇਨਕਲਾਬ ਦੀ ਸਿਰਫ਼ ਸ਼ੁਰੂਆਤ ਹੀ ਸੀ ਜੋ ਸੰਕੀਰਣਤਾਵਾਦੀਆਂ ਦੇ ਮਨਾਂ 'ਚ ਹਮੇਸ਼ਾ ਮਘਦਾ ਰਿਹਾ, ਪਰ ਸਮੱਸਿਆਵਾਂ ਨੂੰ ਅਸੀਮ ਪਦਾਰਥਕ ਵਸਤਾਂ ਮੁਹੱਈਆ ਹੋਣ 'ਤੇ ਹੀ ਹੱਲ ਕੀਤਾ ਜਾ ਸਕਦਾ ਸੀ।
—ਕਾਰਲ ਪੋਲੇਨਯੀ, *ਮਹਾਨ ਕਾਇਆਕਲਪ*

ਕਾਂਡ ਪਹਿਲਾ

ਤਸੀਹਿਆਂ ਦੀ ਪ੍ਰਯੋਗਸ਼ਾਲਾ

ਈਵੇਨ ਕੈਮਰਨ, ਸੀ ਆਈ ਏ ਅਤੇ ਮਨੁੱਖੀ ਮਨ ਦੀ ਯਾਦਦਾਸ਼ਤ ਮਿਟਾਉਣ ਅਤੇ ਇਸ ਨੂੰ ਨਵੇਂ ਸਿਰਿਉਂ ਘੜਨ ਦੀ ਪਾਗਲਾਨਾ ਲਾਲਸਾ

ਲੱਗਦਾ ਹੈ ਕਿ ਉਨ੍ਹਾਂ ਦੇ ਮਨ ਕੋਰੀਆਂ ਸਲੇਟਾਂ ਵਰਗੇ ਹਨ ਜਿਨ੍ਹਾਂ ਉੱਪਰ ਅਸੀਂ ਲਿਖ ਸਕਦੇ ਹਾਂ।
—ਡਾ. ਸਿਰਿਲ ਜੇ ਸੀ ਕੈਨੇਡੀ ਅਤੇ ਡਾ. ਡੇਵਿਡ ਐਂਚਲ *ਬਿਜਲੀ ਦਾ ਕਰੰਟ ਲਾਉਣ ਦੀ ਇਲਾਜ ਵਿਧੀ ਦੇ ਫ਼ਾਇਦਿਆਂ ਬਾਰੇ*, 1948[1]

ਮੈਂ "ਬਿਜਲੀ ਨਾਲ ਜਾਨਵਰ ਵੱਢਣ ਦਾ ਢੰਗ" ਦੇਖਣ ਲਈ ਕਸਾਈਖ਼ਾਨੇ ਗਿਆ। ਮੈਂ ਦੇਖਿਆ ਕਿ ਸੂਰਾਂ ਦੀ ਪੁੜਪੁੜੀ 'ਤੇ ਧਾਤ ਦੇ ਵੱਡੇ ਵੱਡੇ ਚਿਮਟੇ ਕੱਸੇ ਹੋਏ ਸਨ ਜਿਨ੍ਹਾਂ ਨੂੰ ਬਿਜਲੀ ਦੇ ਕਰੰਟ (125 ਵੋਲਟ) ਦੀਆਂ ਤਾਰਾਂ ਬੰਨ੍ਹੀਆਂ ਹੋਈਆਂ ਸਨ। ਜਿਉਂ ਹੀ ਸੂਰਾਂ ਦੇ ਚਿਮਟੇ ਲਗਾਏ ਜਾਂਦੇ, ਉਹ ਬੇਹੋਸ਼ ਹੋ ਜਾਂਦੇ ਅਤੇ ਉਨ੍ਹਾਂ ਦੇ ਸਰੀਰ ਆਕੜ ਜਾਂਦੇ। ਕੁਝ ਸਕਿੰਟ ਬਾਅਦ ਉਨ੍ਹਾਂ ਦੇ ਜਿਸਮ ਪੀੜ ਨਾਲ ਉਸੇ ਤਰ੍ਹਾਂ ਤੜਫਦੇ ਜਿਵੇਂ ਉਨ੍ਹਾਂ ਕੁੱਤਿਆਂ ਦੇ ਜਿਨ੍ਹਾਂ ਉੱਤੇ ਅਸੀਂ ਤਜਰਬੇ ਕਰਦੇ ਹਾਂ। ਇਸ ਬੇਹੋਸ਼ੀ ਦੀ ਹਾਲਤ (ਮਿਰਗੀ ਦੇ ਦੌਰੇ ਵਰਗੀ ਬੇਸੁਰਤੀ) 'ਚ, ਕਸਾਈ ਬਿਨਾ ਕਿਸੇ ਮੁਸ਼ਕਲ ਦੇ ਜਾਨਵਰਾਂ ਨੂੰ ਛੁਰਾ ਮਾਰ ਕੇ ਮਾਰ ਦਿੰਦਾ।
—ਮਨੋਰੋਗ ਡਾਕਟਰ ਯੂਗੋ ਸਰਲੇਤੀ ਦਾ ਬਿਆਨ ਕਿ ਉਸ ਨੇ ਕਰੰਟ ਲਾ ਕੇ ਇਲਾਜ ਦੀ "ਖੋਜ ਕਿਵੇਂ ਕੀਤੀ," 1954[2]

ਫੋਨ ਦੇ ਦੂਜੇ ਪਾਸਿਉਂ ਥੱਕੀ-ਟੁੱਟੀ ਹੋਈ ਆਵਾਜ਼ ਆਉਂਦੀ ਹੈ "ਮੈਂ ਹੁਣ ਪੱਤਰਕਾਰਾਂ ਨਾਲ ਗੱਲ ਨਹੀਂ ਕਰਦੀ।" ਤੇ ਥੋੜ੍ਹੀ ਗੁੰਜਾਇਸ਼ ਵੀ ਦਿਖਾਈ ਦਿੰਦੀ ਹੈ : "ਤੁਸੀਂ ਕੀ ਚਾਹੁੰਦੇ ਹੋ ? "

ਮੈਂ ਫਟਾਫਟ ਹਿਸਾਬ ਲਾ ਲੈਂਦੀ ਹਾਂ ਕਿ ਆਪਣੀ ਗੱਲ ਕਹਿਣ ਲਈ ਮੇਰੇ ਕੋਲ ਸਿਰਫ਼ ਵੀਹ ਸਕਿੰਟ ਹਨ ਅਤੇ ਇਹ ਸੁਖਾਲ਼ਾ ਕੰਮ ਨਹੀਂ ਹੋਵੇਗਾ। ਮੈਂ ਇਹ ਵਿਆਖਿਆ ਕਿਵੇਂ ਦਿਆਂਗੀ ਕਿ ਮੈਂ ਗੇਲ ਕਾਸਤਨਰ ਤੋਂ ਕੀ ਚਾਹੁੰਦੀ ਹਾਂ, ਉਸ ਨਾਲ ਗੱਲ ਕਰਨ ਦਾ ਸਬੱਬ ਕਿਹੜੀ ਸ਼ੈਅ ਹੈ ?

ਲੱਗਦਾ ਹੈ ਕਿ ਸਚਾਈ ਇਸ ਤਰ੍ਹਾਂ ਦੀ ਬਹੁਤ ਹੀ ਅਜੀਬ ਹੈ, "ਮੈਂ ਸਦਮੇ ਬਾਰੇ ਇਕ ਕਿਤਾਬ ਲਿਖ ਰਹੀ ਹਾਂ। ਇਸ ਵਿਸ਼ੇ ਬਾਰੇ ਕਿ ਜੰਗਾਂ, ਦਹਿਸ਼ਤਵਾਦੀ ਹਮਲਿਆਂ, ਰਾਜ-ਪਲਟਿਆਂ ਅਤੇ ਕੁਦਰਤੀ ਆਫ਼ਤਾਂ ਨਾਲ ਕਿਵੇਂ ਦੇਸ਼ ਹਿੱਲ ਜਾਂਦੇ ਹਨ। ਤੇ ਫੇਰ ਕਿਵੇਂ ਕਾਰਪੋਰੇਸ਼ਨਾਂ ਅਤੇ ਸਿਆਸਤਦਾਨ ਇਨ੍ਹਾਂ ਨੂੰ ਸਦਮੇ ਦਿੰਦੇ ਹਨ ਜੋ ਇਸ ਪਹਿਲੇ ਸਦਮੇ ਨਾਲ ਪੈਦਾ ਹੋਏ ਡਰ ਅਤੇ ਮਾਨਸਿਕ ਗੜਬੜ ਦਾ ਲਾਹਾ ਲੈ ਕੇ ਆਰਥਕ ਸਦਮਾ ਇਲਾਜ ਥੋਪ ਦਿੰਦੇ ਹਨ। ਅਤੇ ਜਦੋਂ ਲੋਕ ਇਸ ਸਦਮਾ ਸਿਆਸਤ ਦਾ ਵਿਰੋਧ ਕਰਨ ਦਾ ਜੇਰਾ ਕਰਦੇ ਹਨ ਤਾਂ ਲੋੜ ਪੈਣ 'ਤੇ ਕਿਵੇਂ ਪੁਲਿਸ, ਫ਼ੌਜ ਅਤੇ ਜੇਲ੍ਹਾਂ ਦੇ ਤਫ਼ਤੀਸ਼ੀ ਅਧਿਕਾਰੀ ਤੀਜਾ ਸਦਮਾ ਦਿੰਦੇ ਹਨ। ਮੈਂ ਤੁਹਾਡੇ ਨਾਲ ਇਸ ਕਰਕੇ ਗੱਲ ਕਰਨਾ ਚਾਹੁੰਦੀ ਹਾਂ ਕਿਉਂਕਿ ਮੇਰੇ ਖ਼ਿਆਲ ਅਨੁਸਾਰ ਤੁਸੀਂ ਸਭ ਤੋਂ ਵੱਧ ਸਦਮੇ ਦਾ ਸ਼ਿਕਾਰ ਬਣੇ ਜ਼ਿੰਦਾ ਲੋਕਾਂ ਵਿਚੋਂ ਹੋ, ਬਿਜਲੀ ਦੇ ਸਦਮੇ ਅਤੇ 'ਵਿਸ਼ੇਸ਼ ਪੁੱਛਗਿੱਛ ਦੇ ਹੋਰ ਢੰਗਾਂ' ਬਾਰੇ ਸੀ ਆਈ ਏ ਦੇ ਗੁਪਤ ਤਜਰਬਿਆਂ 'ਚੋਂ ਲੰਘੇ ਜ਼ਿੰਦਾ ਬਚੇ ਲੋਕਾਂ ਵਿਚੋਂ ਇਕ। ਤੇ ਹਾਂ, ਮੇਰੇ ਇੰਞ ਵਿਸ਼ਵਾਸ ਦਾ ਕਾਰਨ ਹੈ ਕਿ ਜਿਹੜੀ ਖੋਜ 1950ਵਿਆਂ 'ਚ ਮੈਕਗਿਲ ਯੂਨੀਵਰਸਿਟੀ 'ਚ ਤੁਹਾਡੇ ਉੱਪਰ ਕੀਤੀ ਗਈ ਸੀ ਉਹ ਹੁਣ ਗੁਆਂਟਾਨਾਮੋ ਖਾੜੀ ਅਤੇ ਅਬੂ ਗ਼ਰੇਬ ਜੇਲ੍ਹਾਂ ਦੇ ਕੈਦੀਆਂ 'ਤੇ ਅਜ਼ਮਾਈ ਜਾ ਰਹੀ ਹੈ।"

ਨਹੀਂ, ਮੈਂ ਯਕੀਨ ਨਾਲ ਇੰਞ ਨਹੀਂ ਕਹਿ ਸਕਦੀ। ਇਸ ਦੀ ਬਜਾਏ ਮੈਂ ਕਹਿੰਦੀ ਹਾਂ, "ਮੈਂ ਪਿੱਛੇ ਜਹੇ ਇਰਾਕ ਗਈ ਸੀ ਅਤੇ ਮੈਂ ਉਸ ਭੂਮਿਕਾ ਨੂੰ ਸਮਝਣ ਦਾ ਯਤਨ ਕਰ ਰਹੀ ਹਾਂ ਜੋ ਤਸੀਹੇ ਉੱਥੇ ਨਿਭਾ ਰਹੇ ਹਨ। ਸਾਨੂੰ ਦੱਸਿਆ ਜਾਂਦਾ ਹੈ ਕਿ ਇਹ ਸੂਹ ਲੈਣ ਲਈ ਕੀਤਾ ਜਾ ਰਿਹਾ ਹੈ; ਪਰ ਮੈਂ ਸੋਚਦੀ ਹਾਂ ਕਿ ਇਹ ਉਸ ਤੋਂ ਕਿਤੇ ਵਧੇਰੇ ਭੂਮਿਕਾ ਹੈ—ਮੈਂ ਸਮਝਦੀ ਹਾਂ ਕਿ ਇਸ ਦਾ ਸਬੰਧ ਨਮੂਨੇ ਦਾ ਦੇਸ਼ ਉਸਾਰਨ, ਲੋਕਾਂ ਦੀ ਯਾਦਦਾਸ਼ਤ ਖ਼ਤਮ ਕਰਨ ਅਤੇ ਫੇਰ ਉਨ੍ਹਾਂ ਦੀ ਸੋਚ ਨੂੰ ਨਵੇਂ ਸਿਰਿਉਂ ਘੜਨ ਦੇ ਯਤਨ ਨਾਲ ਵੀ ਹੋ ਸਕਦਾ ਹੈ।"

ਕਾਫ਼ੀ ਸਮਾਂ ਕੋਈ ਗੱਲ ਨਹੀਂ ਹੁੰਦੀ। ਫੇਰ ਜਵਾਬ ਦੀ ਸੁਰ ਬਦਲ ਜਾਂਦੀ ਹੈ, ਇਹ ਹਾਲੇ ਵੀ ਥੱਕੀ ਹੋਈ ਹੈ ਪਰ ....ਕੀ ਇਹ ਰਾਹਤ ਦਾ ਸੰਕੇਤ ਹੈ ? "ਤੁਸੀਂ ਉਹੀ ਬਿਆਨ ਕੀਤਾ ਹੈ ਜੋ ਸੀ ਆਈ ਏ ਅਤੇ ਕੈਮਰਨ ਨੇ ਮੇਰੇ ਨਾਲ ਕੀਤਾ ਸੀ। ਉਨ੍ਹਾਂ ਨੇ ਮੇਰੀ ਯਾਦਦਾਸ਼ਤ ਮਿਟਾ ਕੇ ਮੇਰੀ ਸੋਚ ਨੂੰ ਨਵੇਂ ਸਿਰਿਉਂ ਘੜਨ ਦਾ ਯਤਨ ਕੀਤਾ। ਪਰ ਇੰਞ ਹੋ ਨਹੀਂ ਸਕਿਆ।"

ਚੌਵੀ ਘੰਟੇ ਤੋਂ ਪਹਿਲਾਂ ਹੀ ਮੈਂ ਮਾਂਟਰੀਅਲ 'ਚ ਭੱਦੇ ਜਹੇ ਬਿਰਧ ਆਸ਼ਰਮ 'ਚ ਗੇਲ ਕਾਸਤਨਰ ਦਾ ਬੂਹਾ ਖੜਕਾ ਰਹੀ ਹਾਂ। ਮਰੀ ਜਹੀ ਆਵਾਜ਼ ਆਉਂਦੀ ਹੈ, ਜੋ ਮੁਸ਼ਕਲ ਨਾਲ ਹੀ ਸੁਣਾਈ ਦਿੰਦੀ ਹੈ, "ਬੂਹਾ ਖੁੱਲ੍ਹਾ ਹੀ ਹੈ।" ਗੇਲ ਨੇ ਮੈਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਬੂਹੇ ਨੂੰ ਕੁੰਡਾ ਨਹੀਂ ਲਗਾਏਗੀ ਕਿਉਂਕਿ ਉਸ ਨੂੰ ਉੱਠਣ 'ਚ ਤਕਲੀਫ ਹੁੰਦੀ ਹੈ। ਜਦੋਂ ਗਠੀਆ ਸ਼ੁਰੂ ਹੋ ਜਾਂਦਾ ਹੈ ਤਾਂ ਕੰਗਰੋੜ ਦੇ ਨਿੱਕੇ ਨਿੱਕੇ ਫਰੈਕਚਰ ਵੱਧ ਦਰਦ ਕਰਨ ਲੱਗ ਜਾਂਦੇ ਹਨ। ਉਸ ਦੀ ਪਿੱਠ ਦਾ ਦਰਦ ਡੇਢ ਸੌ ਤੋਂ ਲੈ ਕੇ ਦੋ ਸੌ ਵੋਲਟ ਕਰੰਟ ਦੇ ਤਰੇਹਟ ਝਟਕਿਆਂ ਦੀ ਯਾਦ ਦਿਵਾਉਂਦਾ

ਹੈ ਜੋ ਉਸ ਦੇ ਦਿਮਾਗ ਦੇ ਮੂਹਰਲੇ ਮਾਸ ਉੱਪਰ ਲਾਏ ਗਏ ਸਨ। ਜਦੋਂ ਉਸ ਦੀ ਦੇਹ ਮੇਜ ਉੱਪਰ ਬੁਰੀ ਤਰ੍ਹਾਂ ਤੜਫ ਰਹੀ ਸੀ, ਉਸ ਦੀਆਂ ਹੱਡੀਆਂ ਟੁੱਟ ਰਹੀਆਂ ਸਨ, ਦੇਹ ਆਕੜ ਰਹੀ ਸੀ, ਮੂੰਹ 'ਚੋਂ ਲਹੂ ਵਗ ਰਿਹਾ ਸੀ ਅਤੇ ਦੰਦ ਟੁੱਟ ਗਏ ਸਨ।

ਗੇਲ ਗੂੜ੍ਹੀ ਨੀਲੀ ਕੁਰਸੀ ਉੱਪਰ ਢੋਅ ਲਾਈ ਬੈਠਿਆਂ ਹੀ ਮੈਨੂੰ ਜੀ ਆਇਆਂ ਕਹਿੰਦੀ ਹੈ। ਮੈਨੂੰ ਮਗਰੋਂ ਪਤਾ ਲੱਗਿਆ, ਇਸ ਕੁਰਸੀ ਦੀਆਂ ਵੀਹ ਪੁਜ਼ੀਸ਼ਨਾਂ ਹਨ ਅਤੇ ਉਹ ਕੈਮਰਾ ਕੇਂਦਰਤ ਕਰਨ ਦੀ ਕੋਸ਼ਿਸ਼ ਕਰਦੇ ਫੋਟੋਗ੍ਰਾਫਰ ਵਾਂਗ ਇਨ੍ਹਾਂ ਪੁਜ਼ੀਸ਼ਨਾਂ ਨੂੰ ਲਗਾਤਾਰ ਬਦਲਦੀ ਰਹਿੰਦੀ ਹੈ। ਇਸੇ ਕੁਰਸੀ 'ਤੇ ਬੈਠੀ ਉਹ ਆਪਣੇ ਦਿਨ ਤੇ ਰਾਤਾਂ ਗੁਜ਼ਾਰਦੀ ਹੈ, ਚੈਨ ਦੀ ਤਲਾਸ਼ 'ਚ ਸੌਣ ਤੋਂ ਬਚਣ ਦਾ ਯਤਨ ਕਰਦੀ ਹੋਈ ਅਤੇ ਜਿਸ ਨੂੰ ਉਹ "ਮੇਰੇ ਬਿਜਲਈ ਸੁਪਨੇ" ਕਹਿੰਦੀ ਹੈ ਉਨ੍ਹਾਂ 'ਚ ਜਿਉਂਦੀ। ਓਦੋਂ ਉਸ ਨੂੰ "ਉਸ ਦੇ" ਦੀਦਾਰ ਹੁੰਦੇ ਹਨ : ਡਾ. ਏਵਿਨ ਕੈਮਰਨ, ਲੰਮਾ ਸਮਾਂ ਪਹਿਲਾਂ ਮਰ ਚੁੱਕੇ ਮਨੋਰੋਗ ਡਾਕਟਰ ਦੇ ਜਿਸ ਨੇ ਬਹੁਤ ਸਾਲ ਪਹਿਲਾਂ ਉਸ ਨੂੰ ਬਿਜਲੀ ਦੇ ਸਦਮੇ ਲਾਏ ਤੇ ਨਾਲ ਹੀ ਜਿਸ ਨੇ ਉਸ ਨੂੰ ਤਸੀਹੇ ਦਿੱਤੇ। ਜਿਉਂ ਹੀ ਮੈਂ ਅੰਦਰ ਵੜਦੀ ਹਾਂ ਉਹ ਦੱਸਦੀ ਹੈ, "ਲੰਘੀ ਰਾਤ ਉਹ ਚਰਚਿਤ ਰਾਖਸ਼ ਮੈਨੂੰ ਦੋ ਵਾਰ ਚੇਤੇ ਆਇਆ। ਤੁਸੀਂ ਬੁਰਾ ਨਾ ਮਨਾਇਓ, ਅਸਲ ਵਿਚ ਇੰਞ ਲੱਗਦਾ ਸੀ ਜਿਵੇਂ ਤੁਸੀਂ ਇਹ ਸਾਰੇ ਸਵਾਲ ਅਕਾਸ਼ 'ਚੋਂ ਪੁੱਛ ਰਹੇ ਹੋਵੋ।"

ਮੈਂ ਝਟਪਟ ਚੌਕਸ ਹੋ ਜਾਂਦੀ ਹਾਂ ਕਿ ਮੇਰਾ ਇੱਥੇ ਮੌਜੂਦ ਹੋਣਾ ਵਾਜਬ ਨਹੀਂ ਸੀ। ਕਮਰੇ ਨੂੰ ਘੋਖਣ 'ਤੇ ਮੇਰੀ ਇਹ ਭਾਵਨਾ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਮੈਂ ਮਹਿਸੂਸ ਕਰਦੀ ਹਾਂ ਕਿ ਇੱਥੇ ਮੇਰੇ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ। ਹਰ ਥਾਂ ਕਾਗਜ਼ਾਂ ਅਤੇ ਕਿਤਾਬਾਂ ਦੇ ਢੇਰ ਲੱਗੇ ਹੋਏ ਹਨ, ਉੱਘੜ-ਦੁਘੜੇ ਚਿਣੇ ਹੋਏ ਪਰ ਇਹ ਸਪਸ਼ਟ ਸੀ ਇਹ ਕਿਸੇ ਤਰਤੀਬ 'ਚ ਰੱਖੇ ਹੋਏ ਹਨ। ਸਾਰੀਆਂ ਕਿਤਾਬਾਂ 'ਤੇ ਪੀਲੀਆਂ ਪਰਚੀਆਂ ਦੀਆਂ ਨਿਸ਼ਾਨੀਆਂ ਲਾਈਆਂ ਹੋਈਆਂ ਸਨ। ਗੇਲ ਮੈਨੂੰ ਕਮਰੇ ਦੀ ਇਕ ਖਾਲੀ ਥਾਂ, ਲੱਕੜ ਦੀ ਕੁਰਸੀ 'ਤੇ ਬੈਠਣ ਲਈ ਕਹਿੰਦੀ ਹੈ ਜੋ ਮੇਰੇ ਨਜ਼ਰ ਨਹੀਂ ਪਈ ਸੀ। ਪਰ ਜਦੋਂ ਰਿਕਾਰਡਰ ਟਿਕਾਉਣ ਲਈ ਚਾਰ ਇੰਚ ਥਾਂ ਦੀ ਮੰਗ ਕੀਤੀ ਤਾਂ ਉਹ ਥੋੜ੍ਹੀ ਡਰ ਗਈ। ਉਸ ਦੀ ਕੁਰਸੀ ਦੇ ਨਾਲ ਰੱਖੇ ਮੇਜ਼ ਨੂੰ ਵਰਤਣ ਦਾ ਸਵਾਲ ਹੀ ਨਹੀਂ ਹੈ, ਇੱਥੇ ਮੈਟਿਨੀ ਰੈਗੂਲਰ ਸਿਗਰਟਾਂ ਦੇ ਵੀਹ ਖਾਲੀ ਡੱਬੇ ਐਨ ਮੀਨਾਰ ਵਾਂਗ ਚਿਣੇ ਹੋਏ ਹਨ। (ਗੇਲ ਨੇ ਮੈਨੂੰ ਫ਼ੋਨ 'ਤੇ ਬਹੁਤ ਜ਼ਿਆਦਾ ਸਿਗਰਟਾਂ ਪੀਣ ਦੀ ਆਦਤ ਬਾਰੇ ਦੱਸ ਦਿੱਤਾ ਸੀ : "ਮਾਫ਼ ਕਰਨਾ, ਮੈਂ ਸਿਗਰਟਾਂ ਬਹੁਤ ਪੀਂਦੀ ਹਾਂ। ਤੇ ਮੈਂ ਬਹੁਤ ਥੋੜ੍ਹਾ ਖਾਂਦੀ ਹਾਂ। ਮੈਂ ਮੋਟੀ ਹਾਂ ਤੇ ਸਿਗਰਟ ਪੀਂਦੀ ਹਾਂ। ਮੈਨੂੰ ਆਸ ਹੈ ਤੁਸੀਂ ਮੁਸ਼ਕਲ ਮਹਿਸੂਸ ਨਹੀਂ ਕਰੋਗੇ।") ਇਸ ਤਰ੍ਹਾਂ ਲੱਗਦਾ ਹੈ ਕਿ ਗੇਲ ਨੇ ਡੱਬੀਆਂ ਨੂੰ ਅੰਦਰੋਂ ਕਾਲਾ ਰੰਗ ਕੀਤਾ ਹੋਇਆ ਹੈ, ਪਰ ਗਹੁ ਨਾਲ ਦੇਖਣ 'ਤੇ ਮੈਂ ਮਹਿਸੂਸ ਕਰਦੀ ਹਾਂ ਕਿ ਇਹ ਤਾਂ ਅਸਲ ਵਿਚ ਬਹੁਤ ਹੀ ਸੰਘਣੀ, ਬਾਰੀਕ ਇਬਾਰਤ ਲਿਖੀ ਹੋਈ ਹੈ : ਨਾਂ, ਗਿਣਤੀ, ਹਜ਼ਾਰਾਂ ਲਫ਼ਜ਼।

ਅਸੀਂ ਪੂਰਾ ਦਿਨ ਗੱਲਬਾਤ ਕਰਦਿਆਂ ਗੁਜ਼ਾਰਦੀਆਂ ਹਾਂ। ਗੇਲ ਅਕਸਰ ਕਾਗਜ਼ ਦੇ ਟੁਕੜੇ ਜਾਂ ਸਿਗਰਟ ਦੀ ਡੱਬੀ ਉੱਪਰ ਕੁਝ ਲਿਖਣ ਲਈ ਝੁਕਦੀ ਹੈ—ਉਹ ਸਪਸ਼ਟੀਕਰਨ ਦਿੰਦੀ ਹੈ, "ਇਹ ਮੈਂ ਆਪਣੇ ਲਈ ਨੋਟ ਲਿਖੇ ਹੋਏ ਹਨ, ਨਹੀਂ ਤਾਂ ਮੈਨੂੰ ਕਦੇ ਚੇਤੇ ਨਹੀਂ ਰਹਿੰਦਾ।" ਗੇਲ ਲਈ ਕਾਗਜ਼ਾਂ ਅਤੇ ਸਿਗਰਟਾਂ ਦੀਆਂ ਡੱਬੀਆਂ ਦੀਆਂ ਇਨ੍ਹਾਂ ਅਨੇਕਾਂ ਤੈਹਾਂ ਦੀ ਮਹੱਤਤਾ ਗ਼ੌਰ-ਰਵਾਇਤੀ ਫਾਈਲ ਵਿਵਸਥਾ ਤੋਂ ਕਿਤੇ ਵੱਧ ਹੈ। ਇਹ ਉਸ ਦੀ ਯਾਦਦਾਸ਼ਤ ਹਨ।

ਆਪਣੀ ਬਾਲਗ ਉਮਰ ਬਾਰੇ ਗੇਲ ਦਾ ਦਿਮਾਗ ਸਾਥ ਨਹੀਂ ਦਿੰਦਾ : ਤੱਥ ਲਗਾਤਾਰ

ਗਾਇਬ ਹੁੰਦੇ ਰਹਿੰਦੇ ਹਨ, ਜਿਹੜੀਆਂ ਕੁਝ ਯਾਦਾਂ ਹਨ (ਬਹੁਤ ਸਾਰੀਆਂ ਯਾਦਾਂ ਚੇਤੇ 'ਚ ਨਹੀਂ ਰਹੀਆਂ) ਉਹ ਜ਼ਮੀਨ 'ਤੇ ਖਿੰਡੇ ਤਸਵੀਰਾਂ ਦੇ ਟੁਕੜਿਆਂ ਵਾਂਗ ਹਨ। ਕਈ ਵਾਰ ਉਸ ਨੂੰ ਕੋਈ ਘਟਨਾ ਪੂਰੀ ਚੇਤੇ ਆ ਜਾਂਦੀ ਹੈ—ਜਿਸ ਨੂੰ ਉਹ "ਯਾਦਾਂ ਦੀ ਇਕ ਠੀਕਰੀ" ਕਹਿੰਦੀ ਹੈ—ਪਰ ਜਦੋਂ ਤਾਰੀਖ਼ ਪੁੱਛ ਲਉ ਤਾਂ ਉਹ ਦਹਾਕੇ ਦੂਰ ਚਲੀ ਜਾਵੇਗੀ। ਉਹ ਕਹੇਗੀ, "1968 ਵਿਚ।" "ਨਹੀਂ, ਨਹੀਂ, 1983।" ਅਤੇ ਇਸ ਕਰਕੇ ਉਹ ਸੂਚੀਆਂ ਬਣਾਉਂਦੀ ਰਹਿੰਦੀ ਹੈ ਅਤੇ ਜੋ ਉਸ ਦੀ ਜ਼ਿੰਦਗੀ 'ਚ ਵਾਪਰਿਆ ਸੀ ਉਹ ਉਸਦਾ ਹਰੇਕ ਸਬੂਤ ਰੱਖਦੀ ਹੈ। ਪਹਿਲਾਂ ਉਹ ਇਸ ਘੜੱਮਸ ਲਈ ਖ਼ਿਮਾ ਮੰਗਦੀ ਹੈ। ਪਰ ਬਾਅਦ 'ਚ ਉਹ ਕਹਿੰਦੀ ਹੈ, "ਉਸ ਨੇ ਮੇਰੇ ਨਾਲ ਇਹ ਕੁਝ ਕੀਤੈ! ਇਹ ਕਮਰਾ ਤਸੀਹਿਆਂ ਦਾ ਹਿੱਸਾ ਹੈ!"

ਕਈ ਸਾਲ ਗੇਲ ਯਾਦਦਾਸ਼ਤ ਦੀ ਘਾਟ ਅਤੇ ਹੋਰ ਵਹਿਮਾਂ ਕਰਕੇ ਪੂਰੀ ਤਰ੍ਹਾਂ ਗੁੰਮ ਸੁੰਮ ਰਹੀ। ਉਸ ਨੂੰ ਪਤਾ ਨਹੀਂ ਲੱਗਦਾ ਸੀ ਕਿ ਗਰਾਜ਼ ਦੇ ਦਰਵਾਜ਼ੇ ਦੇ ਹੈਂਡਲ ਤੋਂ ਲੱਗਣ ਵਾਲੇ ਹਲਕੇ ਜਹੇ ਕਰੰਟ ਨਾਲ ਖੌਫ਼ ਦਾ ਬੇਕਾਬੂ ਹਮਲਾ ਕਿਉਂ ਸ਼ੁਰੂ ਹੋ ਜਾਦਾ ਹੈ। ਜਾਂ ਜਦੋਂ ਉਹ ਵਾਲ ਸੁਕਾਉਣ ਵਾਲੀ ਮਸ਼ੀਨ ਚਲਾਉਂਦੀ ਹੈ ਤਾਂ ਉਸ ਦੇ ਹੱਥ ਕਿਉਂ ਕੰਬਣ ਲੱਗ ਜਾਂਦੇ ਹਨ। ਸਭ ਤੋਂ ਵੱਧ, ਉਸ ਨੂੰ ਸਮਝ ਨਹੀਂ ਸੀ ਪੈਂਦੀ ਕਿ ਉਸ ਨੂੰ ਬਾਲਗ ਉਮਰ ਤੋਂ ਲੈ ਕੇ ਬਹੁਤੀਆਂ ਘਟਨਾਵਾਂ ਕਿਉਂ ਚੇਤੇ ਰਹਿੰਦੀਆਂ ਹਨ ਪਰ ਵੀਹ ਸਾਲ ਦੀ ਉਮਰ ਤੋਂ ਪਹਿਲਾਂ ਦਾ ਲਗਭਗ ਕੁਝ ਵੀ ਚੇਤੇ ਕਿਉਂ ਨਹੀਂ ਰਹਿੰਦਾ। ਜਦੋਂ ਉਸ ਨੂੰ ਕੋਈ ਐਸਾ ਵਿਅਕਤੀ ਮਿਲ ਜਾਂਦਾ ਜੋ ਕਹਿੰਦਾ ਕਿ ਉਹ ਉਸ ਨੂੰ ਬਚਪਨ ਤੋਂ ਜਾਣਦਾ ਹੈ ਤਾਂ ਉਹ ਕਹਿੰਦੀ, " 'ਮੈਨੂੰ ਪਤਾ ਤੁਸੀਂ ਕੌਣ ਹੋ ਪਰ ਮੇਰੇ ਪੂਰੀ ਤਰ੍ਹਾਂ ਗੇਜ਼ 'ਚ ਨਹੀਂ ਆਉਂਦਾ।' ਮੈਂ ਐਵੇਂ ਕਹਿ ਦਿੱਤਾ।"

ਗੇਲ ਨੇ ਅੰਦਾਜ਼ਾ ਲਾਇਆ ਕਿ ਇਹ ਸਭ ਕੁਝ ਉਸ ਦੇ ਹਿੱਲੇ ਹੋਏ ਮਾਨਸਿਕ ਤਵਾਜ਼ਨ ਦਾ ਹਿੱਸਾ ਸੀ। ਵੀਹਵਿਆਂ ਅਤੇ ਤੀਹਵਿਆਂ ਦੀ ਉਮਰੇ, ਉਹ ਉਦਾਸੀ ਰੋਗ ਅਤੇ ਦਵਾਈਆਂ ਦੀ ਆਦਤ ਨਾਲ ਜੂਝਦੀ ਰਹੀ ਸੀ। ਕਈ ਵਾਰ ਤਾਂ ਉਸ ਦੀ ਸਿਹਤ ਐਨੀ ਵਿਗੜ ਜਾਂਦੀ ਕਿ ਉਸ ਨੂੰ ਹਸਪਤਾਲ 'ਚ ਦਾਖ਼ਲ ਕਰਾ ਕੇ ਨੀਂਦ ਦੀ ਹਾਲਤ 'ਚ ਰੱਖਣਾ ਪੈਂਦਾ। ਇਨ੍ਹਾਂ ਦੁਖਦਾਈ ਘਟਨਾਵਾਂ ਤੋਂ ਤੰਗ ਆ ਕੇ ਉਸ ਦੇ ਪਰਿਵਾਰ ਨੇ ਉਸ ਨਾਲੋਂ ਨਾਤਾ ਤੋੜ ਲਿਆ। ਉਸ ਨੂੰ 'ਕੱਲੀ ਨੂੰ ਐਸੀ ਨਿਰਾਸ਼ਤਾ ਦੀ ਹਾਲਤ 'ਚ ਤਿਆਗ ਦਿੱਤਾ ਕਿ ਉਹ ਕਰਿਆਨੇ ਦੀਆਂ ਦੁਕਾਨਾਂ ਦੇ ਕੂੜਾਦਾਨਾਂ ਦਾ ਗੰਦ-ਮੰਦ ਸਾਫ਼ ਕਰਕੇ ਗੁਜ਼ਾਰਾ ਕਰਦੀ ਰਹੀ।

ਇਸ ਤਰ੍ਹਾਂ ਦੇ ਸੰਕੇਤ ਵੀ ਸਨ ਕਿ ਇਸ ਤੋਂ ਪਹਿਲਾਂ ਕੁਝ ਹੋਰ ਵੀ ਵਧੇਰੇ ਸਦਮਾ ਪਹੁੰਚਾਉਣ ਵਾਲਾ ਵਾਪਰਿਆ ਸੀ। ਗੇਲ ਦੇ ਪਰਿਵਾਰ ਵਲੋਂ ਨਾਤਾ ਤੋੜ ਲੈਣ ਤੋਂ ਪਹਿਲਾਂ, ਉਸ ਅਤੇ ਉਸ ਦੀ ਜੌੜੀ ਭੈਣ ਵਿਚਾਲੇ ਓਦੋਂ ਤਕਰਾਰ ਹੁੰਦਾ ਰਹਿੰਦਾ ਸੀ ਜਦੋਂ ਗੇਲ ਵਧੇਰੇ ਬੀਮਾਰ ਰਹਿੰਦੀ ਸੀ ਅਤੇ ਜ਼ੇਲਾ ਉਸ ਦੀ ਸਾਂਭ-ਸੰਭਾਲ ਕਰਿਆ ਕਰਦੀ ਸੀ। ਜ਼ੇਲਾ ਕਹਿੰਦੀ, "ਤੈਨੂੰ ਪਤਾ ਨਹੀਂ ਹੈ ਕਿ ਤੂੰ ਕੀ ਕੀ ਕਰਦੀ ਰਹਿੰਦੀ ਸੈਂ। ਤੂੰ ਬੈਠਕ ਵਿਚ ਪੇਸ਼ਾਬ ਕਰ ਦਿੰਦੀ। ਅੰਗੂਠਾ ਚੁੰਘਦੀ ਰਹਿੰਦੀ ਅਤੇ ਬੱਚਿਆਂ ਵਾਲੀਆਂ ਗੱਲਾਂ ਕਰਦੀ। ਤੂੰ ਮੇਰੇ ਬੱਚੇ ਦੀ ਦੁੱਧ ਦੀ ਬੋਤਲ ਮੰਗਦੀ ਰਹਿੰਦੀ। ਮੈਨੂੰ ਇਹ ਸਭ ਕੁਝ ਸਹਿਣਾ ਪਿਆ ਹੈ!" ਗੇਲ ਨੂੰ ਕੁਝ ਨਹੀਂ ਸੁੱਝਦਾ ਸੀ ਕਿ ਆਪਣੀ ਜੌੜੀ ਭੈਣ ਦੇ ਮਿਹਣਿਆਂ ਦਾ ਕੀ ਜਵਾਬ ਦੇਵੇ। ਫਰਸ਼ 'ਤੇ ਪੇਸ਼ਾਬ? ਆਪਣੇ ਭਾਣਜੇ ਦੀ ਦੁੱਧ ਦੀ ਬੋਤਲ ਮੰਗਣਾ? ਉਸ ਨੂੰ ਅਜਿਹੀਆਂ ਅਜੀਬ ਗੱਲਾਂ ਦਾ ਕੋਈ ਚੇਤਾ ਨਹੀਂ ਸੀ।

ਚਾਲੀਆਂ ਦੇ ਅਖ਼ੀਰ 'ਚ, ਗੇਲ ਦੀ ਜੈਕਬ ਨਾਂ ਦੇ ਬੰਦੇ ਨਾਲ ਦੋਸਤੀ ਹੋ ਗਈ। ਉਸ ਨੂੰ ਉਹ ਆਪਣਾ ਮਹਿਰਮ ਕਹਿੰਦੀ ਹੈ। ਜੈਕਬ ਅੱਗ ਦੀ ਭਿਆਨਕ ਤਬਾਹੀ ਸਮੇਂ ਮੌਤ ਦੇ ਮੂੰਹੋਂ ਬਚ

ਗਿਆ ਸੀ। ਅਤੇ ਉਹ ਵੀ ਯਾਦਦਾਸ਼ਤ ਅਤੇ ਗੱਲਾਂ ਭੁੱਲਣ ਦੀ ਮੁਸ਼ਕਲ 'ਚ ਫਸਿਆ ਹੋਇਆ ਸੀ। ਜੈਕਬ ਦਾ ਆਪਾ ਦਹਾਕਾ ਪਹਿਲਾਂ ਮਰ ਚੁੱਕਾ ਸੀ। ਉਸ ਨੂੰ ਗੇਲ ਦੀ ਜ਼ਿੰਦਗੀ ਦੇ ਗੁੰਮ ਗਏ ਸਾਲ ਬਹੁਤ ਜ਼ਿਆਦਾ ਪ੍ਰੇਸ਼ਾਨ ਕਰਦੇ। ਉਸ ਦੀ ਜ਼ਿੰਦਗੀ ਵਿਚਲੇ ਪਾੜੇ ਬਾਰੇ ਉਹ ਕਹਿੰਦਾ, "ਕੋਈ ਵਜ੍ਹਾ ਤਾਂ ਹੋਵੇਗੀ। ਕੋਈ ਵਜ੍ਹਾ ਤਾਂ ਹੋਵੇਗੀ।"

1992 'ਚ, ਗੇਲ ਅਤੇ ਜੈਕਬ ਅਖ਼ਬਾਰਾਂ ਦੇ ਖੋਖੇ ਮੂਹਰਿਉਂ ਲੰਘ ਰਹੇ ਸਨ। ਅਖ਼ਬਾਰਾਂ 'ਚ ਇਕ ਵੱਡੀ, ਸਨਸਨੀਖੇਜ਼ ਸੁਰਖ਼ੀ ਸੀ : ਯਾਦਦਾਸ਼ਤ ਮਿਟਾਉਣ ਦੇ ਤਜਰਬੇ : "ਪੀੜਤਾਂ ਨੂੰ ਮੁਆਵਜ਼ਾ ਮਿਲੇਗਾ।" ਕਾਸਤਨਰ ਨੇ ਲਿਖਤ 'ਤੇ ਨਿਗਾਹ ਮਾਰੀ ਅਤੇ ਬਹੁਤ ਸਾਰੇ ਫ਼ਿਕਰੇ ਤੁਰੰਤ ਉੱਭਰ ਆਏ: "ਬੱਚਿਆਂ ਵਾਲੀਆਂ ਗੱਲਾਂ," "ਚੇਤਾ ਨਾ ਰਹਿਣਾ," "ਸਰੀਰਕ ਕਿਰਿਆਵਾਂ 'ਤੇ ਕਾਬੂ ਨਾ ਰਹਿਣਾ।" "ਮੈਂ ਕਿਹਾ, 'ਜੈਕਬ, ਇਹ ਅਖ਼ਬਾਰ ਖ਼ਰੀਦ ਲੈ।'" ਨੇੜੇ ਦੇ ਇਕ ਖੋਂਫ਼ੀ ਦੇ ਖੋਖੇ 'ਚ ਬੈਠ ਕੇ ਇਸ ਜੋੜੀ ਨੇ ਇਹ ਨਾ ਮੰਨਣਯੋਗ ਕਹਾਣੀ ਪੜ੍ਹੀ ਕਿ ਕਿਵੇਂ 1950ਵਿਆਂ 'ਚ ਅਮਰੀਕਾ ਦੀ ਕੇਂਦਰੀ ਸੂਹੀਆ ਏਜੰਸੀ ਨੇ ਮੌਂਟਰੀਅਲ ਦੇ ਇਕ ਡਾਕਟਰ ਨੂੰ ਫੰਡ ਮੁਹੱਈਆ ਕਰਕੇ ਉਸ ਦੇ ਮਨੋ-ਰੋਗੀਆਂ ਉੱਪਰ ਘਟੀਆ ਤਜਰਬੇ ਕਰਨ, ਉਨ੍ਹਾਂ ਨੂੰ ਹਫ਼ਤਿਆਂ ਬੱਧੀ ਨੀਂਦ 'ਚ ਅਤੇ ਇਕੱਲੇ ਰੱਖਣ ਅਤੇ ਫੇਰ ਬਿਜਲੀ ਦੇ ਤਕੜੇ ਸਦਮੇ ਲਾਉਣ ਲਈ ਕਿਹਾ ਸੀ। ਨਾਲ ਹੀ ਐੱਲ ਐੱਸ ਡੀ ਅਤੇ ਪੀ ਸੀ ਸੀ ਸਮੇਤ ਮਨੋ-ਭਰਮ ਪੈਦਾ ਕਰਨ ਵਾਲੀਆਂ ਤਜਰਬਾਕਾਰੀ ਦਵਾਈਆਂ ਮਿਲਾ ਕੇ ਵਰਤਣ ਲਈ ਕਿਹਾ ਗਿਆ, ਜਿਹੜੀਆਂ ਇਲਾਹੀ ਸੁਗਾਤ ਵਜੋਂ ਮਸ਼ਹੂਰ ਹਨ। ਮਰੀਜ਼ਾਂ ਨੂੰ ਬੋਲਣਾ ਸਿੱਖਣ ਤੋਂ ਪਹਿਲੀਆਂ ਬਾਲ ਅਵਸਥਾਵਾਂ ਤੱਕ ਸੀਮਤ ਕਰ ਦੇਣ ਵਾਲੇ ਇਹ ਤਜਰਬੇ ਮੈਕਗਿਲ ਯੂਨੀਵਰਸਿਟੀ ਦੀ ਐਲਨ ਯਾਦਗਾਰੀ ਸੰਸਥਾ ਵਿਖੇ, ਇਸ ਦੇ ਨਿਰਦੇਸ਼ਕ ਡਾ. ਈਵੇਨ ਕੈਮਰਨ ਦੀ ਦੇਖ-ਰੇਖ ਹੇਠ ਕੀਤੇ ਗਏ ਸਨ। ਸੀ ਆਈ ਏ ਵਲੋਂ ਕੈਮਰਨ ਨੂੰ ਫੰਡ ਦੇਣ ਦਾ ਭੇਤ ਸੱਤਰਵਿਆਂ ਦੇ ਅਖ਼ੀਰ 'ਚ ਸੂਚਨਾ ਅਧਿਕਾਰ ਦੀ ਆਜ਼ਾਦੀ ਤਹਿਤ ਦਿੱਤੀ ਦਰਖਾਸਤ ਰਾਹੀਂ ਨਸ਼ਰ ਹੋਇਆ। ਸਿੱਟੇ ਵਜੋਂ, ਅਮਰੀਕੀ ਸੈਨੇਟ 'ਚ ਇਸ ਦੀ ਸੁਣਵਾਈ ਸ਼ੁਰੂ ਹੋ ਗਈ। ਕੈਮਰਨ ਦੇ ਪੁਰਾਣੇ ਨੌ ਮਰੀਜ਼ਾਂ ਨੇ ਮਿਲ ਕੇ ਸੀ ਆਈ ਏ ਅਤੇ ਕੈਨੇਡਾ ਦੀ ਸਰਕਾਰ 'ਤੇ ਮੁਕੱਦਮਾ ਕਰ ਦਿੱਤਾ। ਇਸ ਸਰਕਾਰ ਨੇ ਵੀ ਕੈਮਰਨ ਨੂੰ ਫੰਡ ਦਿੱਤੇ ਸਨ। ਮੁਕੱਦਮਾ ਲੰਮਾ ਸਮਾਂ ਚਲਦਾ ਰਿਹਾ। ਮਰੀਜ਼ਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਇਨ੍ਹਾਂ ਤਜਰਬਿਆਂ ਨੇ ਡਾਕਟਰੀ ਨੈਤਿਕਤਾ ਦੇ ਸਾਰੇ ਅਸੂਲਾਂ ਦੀ ਉਲੰਘਣਾ ਕੀਤੀ ਸੀ। ਇਹ ਮਰੀਜ਼ ਸਾਧਾਰਨ ਮਾਨਸਿਕ ਬੀਮਾਰੀਆਂ ਤੋਂ ਰਾਹਤ ਪਾਉਣ ਲਈ ਕੈਮਰਨ ਕੋਲ ਗਏ ਸਨ—ਜਿਵੇਂ ਜਣੇਪੇ ਤੋਂ ਬਾਅਦ ਉਦਾਸੀ ਰੋਗ, ਚਿੰਤਾ ਰੋਗ, ਇੱਥੋਂ ਤੱਕ ਕਿ ਵਿਆਹੁਤਾ ਜ਼ਿੰਦਗੀ ਦੀਆਂ ਮੁਸ਼ਕਲਾਂ 'ਚ ਸਹਾਇਤਾ ਲੈਣ ਲਈ। ਮਰੀਜ਼ਾਂ ਦੀ ਜਾਣਕਾਰੀ ਜਾਂ ਇਜਾਜ਼ਤ ਤੋਂ ਬਿਨਾ ਹੀ ਉਨ੍ਹਾਂ ਨੂੰ ਤਜਰਬੇ ਕਰਨ ਵਾਲੇ ਮਨੁੱਖਾਂ ਵਜੋਂ ਵਰਤਿਆ ਗਿਆ ਤਾਂ ਜੋ ਸੀ ਆਈ ਏ ਦੀ ਇਹ ਲਾਲਸਾ ਪੂਰੀ ਕੀਤੀ ਜਾ ਸਕੇ ਕਿ ਮਨੁੱਖੀ ਮਨ ਨੂੰ ਕਾਬੂ ਕਿਵੇਂ ਕੀਤਾ ਜਾ ਸਕਦਾ ਹੈ। 1988 'ਚ, ਸੀ ਆਈ ਏ ਨੇ ਨੌ ਮੁਦੱਈਆਂ ਨਾਲ ਸਮਝੌਤਾ ਕਰਕੇ ਇਨ੍ਹਾਂ ਨੂੰ ਕੁਲ 750,000 ਡਾਲਰ ਦਾ ਹਰਜ਼ਾਨਾ ਦੇਣਾ ਮੰਨ ਲਿਆ—ਇਸ ਸਮੇਂ ਤੱਕ ਇਹ ਰਕਮ ਏਜੰਸੀ ਵਲੋਂ ਭਰੇ ਹਰਜ਼ਾਨੇ ਦੀ ਸਭ ਤੋਂ ਵੱਡੀ ਅਦਾਇਗੀ ਸੀ। ਚਾਰ ਸਾਲ ਬਾਅਦ ਤਜਰਬਿਆਂ 'ਚ ਭਾਈਵਾਲ ਕੈਨੇਡਾ ਸਰਕਾਰ ਨੇ ਵੀ ਹਰੇਕ ਮਰੀਜ਼ ਨੂੰ 100,000 ਡਾਲਰ ਦਾ ਮੁਆਵਜ਼ਾ ਦੇਣਾ ਮੰਨ ਲਿਆ।[3]

ਕੈਮਰਨ ਨੇ ਸਿਰਫ਼ ਅਮਰੀਕਾ ਦੇ ਅਜੋਕੇ ਤਸੀਹਾ ਢੰਗਾਂ ਨੂੰ ਵਿਕਸਤ ਕਰਨ 'ਚ ਹੀ ਕੇਂਦਰੀ ਭੂਮਿਕਾ ਨਹੀਂ ਨਿਭਾਈ ਬਲਕਿ ਉਸ ਦੇ ਤਜਰਬੇ ਤਬਾਹੀਪਸੰਦ ਸਰਮਾਏਦਾਰੀ ਦੇ ਅੰਦਰਲੇ

ਤਰਕ ਬਾਰੇ ਅਨੋਖੀ ਜਾਣਕਾਰੀ ਵੀ ਦਿੰਦੇ ਹਨ। ਜਿਵੇਂ ਖੁੱਲ੍ਹੀ ਮੰਡੀ ਦੇ ਅਰਥਸ਼ਾਸਤਰੀਆਂ ਨੂੰ ਜਚਿਆ ਹੋਇਆ ਹੈ ਕਿ ਸਿਰਫ਼ ਵੱਡੇ ਪੱਧਰ ਦੀ ਤਬਾਹੀ ਹੀ ਉਨ੍ਹਾਂ ਦੇ "ਸੁਧਾਰਾਂ" ਲਈ ਜ਼ਮੀਨ ਤਿਆਰ ਕਰ ਸਕਦੀ ਹੈ, ਉਨ੍ਹਾਂ ਵਾਂਗ ਹੀ ਕੈਮਰਨ ਦਾ ਵੀ ਵਿਸ਼ਵਾਸ ਸੀ ਕਿ ਮਨੁੱਖੀ ਦਿਮਾਗ ਨੂੰ ਵਾਰ-ਵਾਰ ਕਰੰਟ ਲਾ ਕੇ ਉਹ ਨਾਕਸ ਮਨਾਂ ਦੀ ਭੰਨਘੜ ਕਰਕੇ ਯਾਦਦਾਸ਼ਤ ਮਿਟਾ ਸਕਦਾ ਹੈ ਅਤੇ ਫੇਰ ਇਨ੍ਹਾਂ ਮਨਾਂ ਦੀ ਕੋਰੀ ਸਲੇਟ ਉੱਪਰ ਨਵੀਆਂ ਸ਼ਖਸੀਅਤਾਂ ਦੀ ਮੁੜ-ਉਸਾਰੀ ਕਰ ਸਕਦਾ ਹੈ ਜਿਨ੍ਹਾਂ ਦੀ ਯਾਦਦਾਸ਼ਤ ਹਮੇਸ਼ਾ ਭਰਮ ਦਾ ਸ਼ਿਕਾਰ ਬਣੀ ਰਹਿੰਦੀ ਹੈ।

ਗੇਲ ਨੂੰ ਸੀ ਆਈ ਏ ਅਤੇ ਮੈਕਗਿਲ ਦੇ ਪ੍ਰਾਜੈਕਟ 'ਚ ਸਾਲਾਂ ਬੱਧੀ ਸ਼ਾਮਲ ਰਹਿਣ ਦੀ ਕਹਾਣੀ ਦੀ ਧੁੰਦਲੀ ਜਹੀ ਜਾਣਕਾਰੀ ਸੀ, ਪਰ ਉਸ ਨੇ ਕਦੇ ਧਿਆਨ ਨਹੀਂ ਦਿੱਤਾ ਸੀ—ਐਲਨ ਯਾਦਗਾਰੀ ਸੰਸਥਾ ਨਾਲ ਉਸ ਦਾ ਕੋਈ ਲਾਗਾ-ਦੇਗਾ ਨਹੀਂ ਸੀ। ਪਰ ਹੁਣ, ਜੈਕਬ ਨਾਲ ਬੈਠਿਆਂ ਉਸ ਨੇ ਪੁਰਾਣੇ ਮਰੀਜ਼ਾਂ ਵਲੋਂ ਆਪਣੀ ਜ਼ਿੰਦਗੀ ਬਾਰੇ ਦੱਸੀਆਂ ਗੱਲਾਂ—ਚੇਤਾ ਨਾ ਰਹਿਣਾ, ਮੰਦ ਬੁੱਧੀ—ਵੱਲ ਡੂੰਘਾ ਧਿਆਨ ਦਿੱਤਾ। "ਓਦੋਂ ਮੈਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਲੋਕਾਂ ਨੂੰ ਮੇਰੇ ਵਾਲੇ ਤਜਰਬੇ ਵਿਚੋਂ ਹੀ ਲੰਘਣਾ ਪਿਆ ਹੋਵੇਗਾ। ਮੈਂ ਆਖਿਆ, 'ਜੈਕਬ, ਇਸ ਸਮੱਸਿਆ ਦਾ ਇਹੀ ਕਾਰਨ ਹੋਵੇਗਾ।' "

ਸਦਮਾ ਕੋਠੜੀ ਅੰਦਰ

ਕਾਸਤਨਰ ਨੇ ਐਲਨ ਸੰਸਥਾ ਨੂੰ ਦਰਖ਼ਾਸਤ ਲਿਖ ਕੇ ਆਪਣੀ ਮੈਡੀਕਲ ਫਾਈਲ ਦੀ ਮੰਗ ਕੀਤੀ। ਪਹਿਲਾਂ ਇਹ ਜਵਾਬ ਦਿੱਤਾ ਗਿਆ ਕਿ ਉਸ ਦਾ ਕੋਈ ਰਿਕਾਰਡ ਨਹੀਂ ਹੈ। ਆਖ਼ਿਰ ਉਸ ਨੇ 138 ਸਫ਼ੇ ਦੀ ਪੂਰੀ ਫਾਈਲ ਹਾਸਲ ਕਰ ਲਈ। ਜਿਸ ਡਾਕਟਰ ਨੇ ਉਸ ਨੂੰ ਦਾਖ਼ਲ ਕੀਤਾ ਸੀ ਉਹ ਈਵੇਨ ਕੈਮਰਨ ਹੀ ਸੀ।

ਗੇਲ ਦੀ ਮੈਡੀਕਲ ਫਾਈਲ 'ਚ ਨੱਥੀ ਕੀਤੀਆਂ ਚਿੱਠੀਆਂ, ਟਿੱਪਣੀਆਂ ਅਤੇ ਸਾਰਣੀਆਂ ਉਸ ਅਠਾਰਾਂ ਸਾਲ ਦੀ ਕੁੜੀ ਦੀ ਦਰਦ ਕਹਾਣੀ ਬਿਆਨ ਕਰਦੀਆਂ ਹਨ, ਜੋ ਆਪਣੇ ਅਧਿਕਾਰਾਂ ਦੀ ਦੂਰ ਵਰਤੋਂ ਕਰ ਰਹੀਆਂ ਸਰਕਾਰਾਂ ਅਤੇ ਡਾਕਟਰਾਂ ਮੂਹਰੇ ਬੇਵੱਸ ਸੀ। ਫਾਈਲ ਦੀ ਸ਼ੁਰੂਆਤ ਗੇਲ ਨੂੰ ਦਾਖ਼ਲ ਕਰਨ ਸਮੇਂ ਡਾ. ਕੈਮਰਨ ਦੇ ਉਸ ਬਾਰੇ ਜਾਇਜ਼ੇ ਤੋਂ ਹੁੰਦੀ ਹੈ : ਉਹ ਮੈਕਗਿਲ 'ਚ ਨਰਸਿੰਗ ਦੀ ਵਿਦਿਆਰਥਣ ਹੈ, ਪੜ੍ਹਾਈ 'ਚ ਮੂਹਰੇ। ਉਸ ਬਾਰੇ ਕੈਮਰਨ ਕਹਿੰਦਾ ਹੈ, "ਏਸ ਸਮੇਂ ਤੱਕ ਪੂਰੀ ਤਰ੍ਹਾਂ ਮੁਨਾਸਿਬ ਦਿਮਾਗੀ ਤਵਾਜ਼ਨ ਵਾਲੀ ਸ਼ਖਸੀਅਤ।" ਪਰ ਉਹ ਚਿੰਤਾ ਰੋਗ ਤੋਂ ਪੀੜਤ ਹੈ। ਕੈਮਰਨ ਸਪਸ਼ਟ ਲਿਖਦਾ ਹੈ ਕਿ ਇਸ ਦੀ ਵਜ੍ਹਾ ਉਸ ਦਾ ਬਦ ਜ਼ਬਾਨ ਬਾਪ ਸੀ, "ਬੁਰੀ ਤਰ੍ਹਾਂ ਹਿੱਲਿਆ ਹੋਇਆ" ਬੰਦਾ ਜੋ ਆਪਣੀ ਧੀ ਨੂੰ "ਵਾਰ ਵਾਰ ਮਾਨਸਿਕ ਤਸੀਹੇ" ਦਿੰਦਾ ਰਹਿੰਦਾ ਸੀ।

ਮੁਢਲੀਆਂ ਟਿੱਪਣੀਆਂ ਤੋਂ ਲੱਗਦਾ ਹੈ ਕਿ ਨਰਸਾਂ ਗੇਲ ਨੂੰ ਪਸੰਦ ਕਰਦੀਆਂ ਹਨ। ਉਹ ਉਨ੍ਹਾਂ ਨਾਲ ਨਰਸਾਂ ਦੇ ਕੰਮਾਂ ਬਾਰੇ ਸਾਂਝ ਬਣਾਉਂਦੀ ਹੈ ਅਤੇ ਨਰਸਾਂ ਉਸ ਬਾਰੇ ਬਿਆਨ ਕਰਦੀਆਂ ਹਨ ਕਿ ਉਹ "ਹਸਮੁੱਖ," "ਮਿਲਣਸਾਰ" ਅਤੇ "ਸਾਫ਼ ਸੁਥਰੀ" ਹੈ। ਪਰ ਉਨ੍ਹਾਂ ਦੀ ਦੇਖਭਾਲ ਹੇਠ ਮਹੀਨਿਆਂ ਬੱਧੀ ਰਹਿਣ ਤੋਂ ਬਾਅਦ, ਗੇਲ ਦੀ ਸ਼ਖਸੀਅਤ ਪੂਰੀ ਤਰ੍ਹਾਂ ਬਦਲ ਗਈ, ਜਿਸ ਦਾ ਵੇਰਵਾ ਫਾਈਲ ਅੰਦਰ ਬਾਰੀਕੀ ਨਾਲ ਦਰਜ ਕੀਤਾ ਗਿਆ ਹੈ : ਕੁਝ ਹਫ਼ਤੇ ਬਾਅਦ, ਉਸ ਦਾ "ਵਤੀਰਾ ਬੱਚਿਆਂ ਵਰਗਾ ਹੋ ਗਿਆ, ਉਹ ਅਜੀਬ ਗੱਲਾਂ ਕਰਦੀ। ਇਹ ਸਪਸ਼ਟ ਸੀ ਕਿ ਉਹ ਮਨੋ-ਭਰਮ ਦਾ ਸ਼ਿਕਾਰ ਹੋ ਗਈ ਸੀ ਅਤੇ ਤੋੜ-ਫੋੜ ਕਰਨ ਲੱਗ ਗਈ ਸੀ।" ਟਿੱਪਣੀਆਂ

ਕਹਿੰਦੀਆਂ ਹਨ ਕਿ ਇਹ ਬੁੱਧੀਮਾਨ ਮੁਟਿਆਰ ਹੁਣ ਸਿਰਫ਼ ਛੇ ਤੱਕ ਗਿਣਤੀ ਹੀ ਕਰ ਸਕਦੀ ਸੀ; ਅਗਲੀ ਟਿੱਪਣੀ 'ਚ ਉਹ "ਚਾਲਬਾਜ਼, ਵੈਰ-ਭਾਵਨਾ ਵਾਲੀ ਅਤੇ ਬਹੁਤ ਹੀ ਲੜਾਕੀ" ਦੱਸੀ ਗਈ ਹੈ; ਇਸ ਤੋਂ ਅੱਗੇ, ਉਸ ਨੂੰ ਚੁੱਪ-ਚਾਪ ਅਤੇ ਮੁਰਦਿਆਂ ਵਾਂਗ ਪਈ ਰਹਿਣ ਵਾਲੀ ਦਰਸਾਇਆ ਗਿਆ ਹੈ। ਉਸ ਦੇ ਆਖ਼ਰੀ ਲੱਛਣ ਇਸ ਤਰ੍ਹਾਂ ਬਿਆਨ ਕੀਤੇ ਗਏ ਹਨ "ਮਾਨਸਿਕ ਖਿੰਡਾਅ.....ਪਾਗਲਪਣ ਦੇ ਉੱਘੜਵੇਂ ਲੱਛਣਾਂ ਵਾਲੀ ਮਰੀਜ਼"—ਉਸ "ਚਿੰਤਾ ਰੋਗ" ਨਾਲੋਂ ਕਿਤੇ ਵੱਧ ਗੰਭੀਰ ਹਾਲਤ ਜਿਹੋ ਜਿਹੀ ਹਾਲਤ ਉਸ ਦੀ ਦਾਖ਼ਲ ਹੋਣ ਸਮੇਂ ਸੀ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਸ ਬਦਲਾਅ ਦਾ ਸਬੰਧ ਉਸ ਇਲਾਜ ਨਾਲ ਸੀ ਜਿਸ ਦੀ ਸੂਚੀ ਕਾਸਤਨਰ ਦੀ ਫਾਈਲ ਦੀ ਸਾਰਣੀ 'ਚ ਦਿੱਤੀ ਹੋਈ ਹੈ : ਭਾਰੀ ਮਾਤਰਾ 'ਚ ਇਨਸੂਲਿਨ ਦੀਆਂ ਖੁਰਾਕਾਂ ਦੇਣਾ, ਵਾਰ ਵਾਰ ਬੇਹੋਸ਼ ਕਰਨਾ; ਮਾਨਸਿਕ ਉਤੇਜਨਾ ਪੈਦਾ ਕਰਨ ਵਾਲੀਆਂ ਦਵਾਈਆਂ ਦੀਆਂ ਭਾਰੀ ਅਤੇ ਹਲਕੀਆਂ ਖੁਰਾਕਾਂ ਅਜੀਬ ਤਰੀਕੇ ਨਾਲ ਮਿਲਾਕੇ ਦੇਣਾ; ਨੀਂਦ ਦੀ ਦਵਾਈ ਦੇ ਕੇ ਉਸ ਨੂੰ ਲੰਮੇ ਸਮੇਂ ਤੱਕ ਸੁਲਾਈ ਰੱਖਣਾ; ਉਸ ਸਮੇਂ ਦਾ ਜੋ ਮਿਆਰ ਸੀ ਉਸ ਨਾਲੋਂ ਅੱਠ ਗੁਣਾਂ ਵੱਧ ਕਰੰਟ ਲਾਉਣਾ।

ਨਰਸਾਂ ਨੇ ਅਕਸਰ ਹੀ ਕਾਸਤਨਰ ਬਾਰੇ ਟਿੱਪਣੀਆਂ ਕੀਤੀਆਂ ਹੋਈਆਂ ਹਨ ਕਿ ਉਹ ਡਾਕਟਰਾਂ ਤੋਂ ਛੁੱਟਣ ਦੀ ਵਾਹ ਲਾਉਂਦੀ ਹੈ : "ਬਾਹਰ ਨਿੱਕਲਣ ਦੀ ਕੋਸ਼ਿਸ਼ ਕਰਦੀ ਹੈ...ਕਹਿੰਦੀ ਹੈ ਕਿ ਉਸ ਦਾ ਗ਼ਲਤ ਇਲਾਜ ਕੀਤਾ ਜਾ ਰਿਹਾ ਹੈ.....ਟੀਕਾ ਲਗਵਾਉਣ ਤੋਂ ਬਾਅਦ ਈ ਸੀ ਟੀ ਕਰਵਾਉਣ ਤੋਂ ਨਾਬਰ ਹੈ।" ਇਨ੍ਹਾਂ ਸ਼ਿਕਾਇਤਾਂ ਕਾਰਨ ਉਸ ਨੂੰ ਹਮੇਸ਼ਾ ਉੱਥੇ ਲਿਜਾਇਆ ਜਾਂਦਾ ਰਿਹਾ ਜਿਸ ਨੂੰ ਕੈਮਰਨ ਦੇ ਮਤਹਿਤ "ਸਦਮਾ ਕੋਠੜੀ" ਕਹਿੰਦੇ ਸਨ।[4]

ਥੋਥੇ ਦਿਮਾਗ ਘੜਨ ਦੀ ਲਾਲਸਾ

ਆਪਣੀ ਡਾਕਟਰੀ ਫਾਈਲ ਨੂੰ ਕਈ ਵਾਰ ਪੜ੍ਹਨ ਤੋਂ ਬਾਅਦ, ਗੇਲ ਕਾਸਤਨਰ ਇਕ ਤਰ੍ਹਾਂ ਆਪਣੀ ਜ਼ਿੰਦਗੀ ਬਾਰੇ ਪੁਰਾਤਤਵ ਵਿਗਿਆਨੀ ਬਣ ਗਈ। ਉਹ ਐਸੀ ਹਰੇਕ ਚੀਜ਼ ਜੁਟਾ ਕੇ ਅਧਿਐਨ ਕਰਦੀ ਜਿਸ ਤੋਂ ਇਹ ਵੇਰਵਾ ਮਿਲਣ ਦੀ ਸੰਭਾਵਨਾ ਹੋਵੇ ਕਿ ਹਸਪਤਾਲ 'ਚ ਉਸ ਨਾਲ ਕੀ ਵਾਪਰਦਾ ਰਿਹਾ ਸੀ। ਉਸ ਨੂੰ ਜਾਣਕਾਰੀ ਮਿਲੀ ਕਿ ਸਕਾਟਿਸ਼ ਪਿਛੋਕੜ ਵਾਲਾ ਅਮਰੀਕੀ ਨਾਗਰਿਕ ਈਵੇਨ ਕੈਮਰਨ ਆਪਣੇ ਕਿੱਤੇ ਦੀ ਬੁਲੰਦੀ 'ਤੇ ਪਹੁੰਚਿਆ ਹੋਇਆ ਸੀ : ਉਹ ਅਮਰੀਕੀ ਮਨੋਰੋਗ ਡਾਕਟਰਾਂ ਦੀ ਸੰਸਥਾ ਦਾ ਪ੍ਰਧਾਨ, ਕੈਨੇਡਾ ਦੀ ਮਨੋਰੋਗ ਡਾਕਟਰਾਂ ਦੀ ਸੰਸਥਾ ਦਾ ਪ੍ਰਧਾਨ ਅਤੇ ਸੰਸਾਰ ਮਨੋਰੋਗ ਡਾਕਟਰਾਂ ਦੀ ਸੰਸਥਾ ਦਾ ਪ੍ਰਧਾਨ ਸੀ। ਉਹ ਤਿੰਨ ਅਮਰੀਕੀ ਮਨੋਰੋਗ ਡਾਕਟਰਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ 1945 ਵਿਚ ਨਿਊਰਮਵਰਗ 'ਚ ਜੰਗੀ ਜੁਰਮਾਂ ਦੇ ਮੁਕੱਦਮਿਆਂ ਸਮੇਂ ਰੋਡੌਲਫ ਹੈੱਸ ਦੇ ਮਾਨਸਿਕ ਤਵਾਜ਼ਨ ਦੀ ਤਸਦੀਕ ਕਰਨ ਲਈ ਕਿਹਾ ਗਿਆ ਸੀ।[5]

ਜਿਸ ਸਮੇਂ ਗੇਲ ਨੇ ਛਾਣ-ਬੀਣ ਸ਼ੁਰੂ ਕੀਤੀ, ਕੈਮਰਨ ਲੰਮਾ ਸਮਾਂ ਪਹਿਲਾਂ ਮਰ ਚੁੱਕਾ ਸੀ। ਪਰ ਆਪਣੇ ਪਿੱਛੇ ਉਹ ਦਰਜਨਾਂ ਅਕਾਦਮਿਕ ਪਰਚੇ ਅਤੇ ਛਪੇ ਹੋਏ ਭਾਸ਼ਣ ਛੱਡ ਗਿਆ ਸੀ। ਮਨ ਉੱਤੇ ਕਾਬੂ ਪਾਉਣ ਦੇ ਤਜਰਬਿਆਂ ਨੂੰ ਸੀ ਆਈ ਏ ਵਲੋਂ ਫੰਡ ਦੇਣ ਬਾਰੇ ਬਹੁਤ ਸਾਰੀਆਂ ਕਿਤਾਬਾਂ ਵੀ ਛਪੀਆਂ ਹੋਈਆਂ ਸਨ, ਇਨ੍ਹਾਂ ਲਿਖਤਾਂ 'ਚ ਏਜੰਸੀ ਨਾਲ ਕੈਮਰਨ ਦੇ ਰਿਸ਼ਤੇ ਬਾਰੇ

ਕਾਫ਼ੀ ਵੇਰਵਾ ਮਿਲਦਾ ਸੀ।• ਗੇਲ ਨੇ ਇਸ ਸਭ ਕਾਸੇ ਨੂੰ ਪੜ੍ਹਿਆ ਤੇ ਢੁੱਕਵੇਂ ਪੈਰਿਆਂ 'ਤੇ ਨਿਸ਼ਾਨੀਆਂ ਲਾ ਲਈਆਂ, ਸਮਾਂ ਸੂਚੀਆਂ ਬਣਾ ਲਈਆਂ ਅਤੇ ਆਪਣੀ ਮੈਡੀਕਲ ਫਾਈਲ ਦੀਆਂ ਤਾਰੀਕਾਂ ਨਾਲ ਇਹ ਹਵਾਲੇ ਮਿਲਾ ਲਏ। ਉਹ ਇਸ ਨਤੀਜੇ 'ਤੇ ਪਹੁੰਚੀ ਕਿ 1950ਵਿਆਂ ਦੇ ਸ਼ੁਰੂ 'ਚ, ਕੈਮਰਨ ਨੇ "ਗੱਲਬਾਤ ਰਾਹੀਂ ਇਲਾਜ" ਦੀ ਉਹ ਆਮ ਫਰਾਇਡਵਾਦੀ ਪਹੁੰਚ ਰੱਦ ਕਰ ਦਿੱਤੀ ਸੀ ਜਿਸ ਨੂੰ ਉਹ ਆਪਣੇ ਮਰੀਜ਼ਾਂ ਦੀਆਂ ਮਾਨਸਿਕ ਬੀਮਾਰੀਆਂ ਦੀ "ਜੜ੍ਹ" ਲੱਭਣ ਲਈ ਵਰਤਿਆ ਕਰਦਾ ਸੀ। ਕੈਮਰਨ ਦਾ ਮਨੋਰਥ ਆਪਣੇ ਮਰੀਜ਼ਾਂ ਦੀ ਮਾਨਸਿਕ ਹਾਲਤ ਸੁਧਾਰਨਾ ਜਾਂ ਇਸ ਦਾ ਇਲਾਜ ਕਰਨਾ ਨਹੀਂ ਸਗੋਂ ਉਹ ਢੰਗ ਵਰਤ ਕੇ ਨਵੇਂ ਸਿਰਿਉਂ ਮਾਨਸਿਕਤਾ ਦੀ ਸਿਰਜਣਾ ਕਰਨਾ ਸੀ ਜਿਸ ਖੋਜ ਨੂੰ ਉਹ "ਮਾਨਸਿਕ ਸੰਚਾਲਨ" ਕਹਿੰਦਾ ਸੀ।[6]

ਉਸ ਸਮੇਂ ਛਪੇ ਉਸ ਦੇ ਖੋਜ-ਪੱਤਰਾਂ ਅਨੁਸਾਰ, ਉਸ ਦਾ ਵਿਸ਼ਵਾਸ ਸੀ ਕਿ ਆਪਣੇ ਮਰੀਜ਼ਾਂ ਨੂੰ ਨਵੇਂ ਤੰਦਰੁਸਤ ਵਤੀਰੇ ਸਿਖਾਉਣ ਦਾ ਇਕੋ ਇਕ ਰਸਤਾ ਉਨ੍ਹਾਂ ਦੇ ਮਨਾਂ 'ਚ ਡੂੰਘਾ ਉੱਤਰਨਾ ਅਤੇ "ਪੁਰਾਣੇ ਰੋਗ ਵਿਗਿਆਨਕ ਨਮੂਨਿਆਂ ਨੂੰ ਖ਼ਤਮ ਕਰਨਾ" ਹੈ।[7] ਪਹਿਲਾ ਕਦਮ ਹੈ "ਮਾਨਸਿਕ ਬਣਤਰ ਨੂੰ ਤੋੜ ਦੇਣਾ", ਜਿਸ ਦਾ ਮਕਸਦ ਸੁੰਨ ਕਰ ਦੇਣ ਵਾਲਾ ਸੀ : ਮਨ ਨੂੰ ਉਸ ਹਾਲਤ 'ਚ ਵਾਪਸ ਲਿਜਾਣਾ ਜਦੋਂ ਇਹ ਕੋਰਾ ਕਾਗਜ਼ ਸੀ, ਜਿਵੇਂ ਅਰਸਤੂ ਨੇ ਦਾਅਵਾ ਕੀਤਾ ਸੀ "ਐਸੀ ਫੱਟੀ ਜਿਸ ਉੱਪਰ ਹਾਲੇ ਕੁਝ ਨਾ ਲਿਖਿਆ ਗਿਆ ਹੋਵੇ।"[8] ਕੈਮਰਨ ਦਾ ਵਿਸ਼ਵਾਸ ਸੀ ਕਿ ਮਨ ਦੇ ਆਮ ਕਾਰ-ਵਿਹਾਰ 'ਚ ਖ਼ਲਲ ਪਾਉਣ ਵਾਲੀ ਹਰੇਕ ਚੀਜ਼ ਨਾਲ ਇਸ 'ਤੇ ਸੱਟ ਮਾਰ ਕੇ ਉਸ ਹਾਲਤ 'ਚ ਪਹੁੰਚਿਆ ਜਾ ਸਕਦਾ ਹੈ—ਸਭ ਕੁਝ ਇਕੋ ਵਾਰ ਵਰਤ ਕੇ। ਇਹ ਮਨ ਵਿਰੁੱਧ "ਸਦਮਾ ਅਤੇ ਖੌਫ਼" ਦੀ ਜੰਗ ਸੀ।

1940ਵਿਆਂ ਦੇ ਅੰਤ 'ਚ, ਬਿਜਲੀ ਦੇ ਝਟਕੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਮਨੋਰੋਗਾਂ ਦੇ ਡਾਕਟਰਾਂ 'ਚ ਬਹੁਤ ਹਰਮਨ ਪਿਆਰੇ ਹੋ ਰਹੇ ਸਨ। ਇਸ ਨਾਲ ਦਿਮਾਗ ਦੇ ਮੂਹਰੇ ਹਿੱਸੇ ਦੀ ਚੀਰਫਾੜ ਨਾਲੋਂ ਘੱਟ ਸਥਾਈ ਨੁਕਸਾਨ ਹੁੰਦਾ ਸੀ। ਲੱਗਦਾ ਇਹ ਸੀ ਕਿ ਇਸ ਨਾਲ ਇਸ ਪੱਖੋਂ ਸਹਾਇਤਾ ਮਿਲਦੀ ਸੀ : ਮਾਨਸਿਕ ਦੌਰਿਆਂ ਤੋਂ ਪੀੜਤ ਮਰੀਜ਼ ਅਕਸਰ ਹੀ ਸ਼ਾਂਤ ਹੋ ਜਾਂਦੇ ਸਨ ਅਤੇ ਕੁਝ ਮਾਮਲਿਆਂ 'ਚ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਰੰਟ ਨਾਲ ਮਰੀਜ਼ ਦੀ ਸੋਝੀ ਵਧ ਗਈ ਹੋਵੇ। ਅਸਲ ਵਿਚ ਇਹ ਸਭ ਨਿਰੀਖਣ ਹੀ ਹਨ ਅਤੇ ਤਕਨੀਕ ਦਾ ਵਿਕਾਸ ਕਰਨ ਵਾਲੇ ਡਾਕਟਰ ਵੀ ਇਸ ਦੀ ਵਿਗਿਆਨਕ ਵਿਆਖਿਆ ਨਹੀਂ ਦੇ ਸਕੇ ਕਿ ਇਹ ਕੰਮ ਕਿਵੇਂ ਕਰਦਾ ਹੈ।

ਹਾਲਾਂਕਿ ਉਹ ਇਸ ਦੇ ਮਾੜੇ ਪ੍ਰਭਾਵਾਂ ਤੋਂ ਵਾਕਫ਼ ਸਨ। ਸਵਾਲ ਇਹ ਨਹੀਂ ਸੀ ਕਿ ਈ ਸੀ ਟੀ ਦੇ ਸਿੱਟੇ ਵਜੋਂ ਯਾਦਦਾਸ਼ਤ ਖ਼ਤਮ ਹੋ ਸਕਦੀ ਸੀ : ਇਲਾਜ ਦੇ ਇਸ ਢੰਗ ਬਾਰੇ ਇਹ ਹੁਣ ਤੱਕ ਬਹੁਤ ਹੀ ਆਮ ਸ਼ਿਕਾਇਤ ਸੀ। ਯਾਦਦਾਸ਼ਤ ਖ਼ਤਮ ਹੋਣ ਨਾਲ ਹੀ ਨੇੜਿਉਂ ਜੁੜਿਆ ਹੋਇਆ ਦੂਜਾ ਮਾੜਾ ਪ੍ਰਭਾਵ ਸੀ ਮੰਦ ਬੁੱਧੀ ਬਣ ਜਾਣਾ। ਦਰਜਨਾਂ ਕਲਿਨੀਕਲ ਅਧਿਐਨਾਂ 'ਚ ਡਾਕਟਰਾਂ ਨੇ ਨੋਟ ਕੀਤਾ ਕਿ ਇਹ ਇਲਾਜ ਅਜ਼ਮਾਉਣ ਤੋਂ ਬਾਅਦ ਮਰੀਜ਼ ਆਪਣੇ ਅੰਗੂਠੇ ਚੁੰਘਣ ਲੱਗ

• ਇਨ੍ਹਾਂ ਕਿਤਾਬਾਂ 'ਚ ਸ਼ਾਮਲ ਹਨ ਐਨੀ ਕਾਲਿਨ ਦੇ ਗਵਰਨਰ ਜਨਰਲ ਦੀ ਇਨਾਮ ਜੇਤੂ ਕਿਤਾਬ In the Sleep Room , ਜੌਹਨ ਮਾਰਕਸ ਦੀ The Search for the Menchurian Candidate, ਐਲਨ ਸਕੇਫਲਿਨ ਅਤੇ ਐਡਵਰਡ ਆਪਸ਼ਨ ਜੂਨੀਅਰ ਦੀ The Mind Manipulators, ਵਾਲਟਰ ਬੋਵਰਟ ਦੀ Operation Mind Control, ਗਾਰਡਨ ਥਾਮਸ ਦੀ Journey into Madness ਅਤੇ ਕੈਮਰਨ ਦੇ ਇਕ ਮਰੀਜ਼ ਦੇ ਮਨੋ-ਰੋਗਾਂ ਦੇ ਡਾਕਟਰ ਪੁੱਤਰ ਹਾਰਵੇ ਵਿਨਸਟਿਨ ਦੀ ਲਿਖੀ A Father, a Son and the CIA.

ਜਾਂਦੇ, ਭਰੂਣ ਵਾਂਗ ਗੁੱਛਾ-ਮੁੱਛਾ ਹੋ ਜਾਂਦੇ, ਉਨ੍ਹਾਂ ਨੂੰ ਚਮਚੇ ਨਾਲ ਖਾਣਾ ਖਵਾਉਣਾ ਪੈਂਦਾ, ਅਤੇ ਉਹ ਆਪਣੀਆਂ ਮਾਵਾਂ ਨੂੰ ਆਵਾਜ਼ਾਂ ਮਾਰਦੇ ਰਹਿੰਦੇ (ਅਕਸਰ ਹੀ ਉਹ ਡਾਕਟਰਾਂ ਅਤੇ ਨਰਸਾਂ ਨੂੰ ਮਾਂ-ਪਿਉ ਸਮਝ ਕੇ ਪੇਸ਼ ਆਉਂਦੇ)। ਇਹ ਵਤੀਰੇ ਆਮ ਤੌਰ 'ਤੇ ਤੁਰੰਤ ਖ਼ਤਮ ਹੋ ਜਾਂਦੇ। ਪਰ ਕੁਝ ਮਾਮਲਿਆਂ 'ਚ ਡਾਕਟਰਾਂ ਦੀ ਰਿਪੋਰਟ ਸੀ ਕਿ ਜਦੋਂ ਵੱਡੀ ਮਾਤਰਾ 'ਚ ਕਰੰਟ ਲਾਇਆ ਗਿਆ ਤਾਂ ਉਨ੍ਹਾਂ ਦੇ ਮਰੀਜ਼ ਪੂਰੀ ਤਰ੍ਹਾਂ ਮੰਦ ਬੁੱਧੀ ਬਣ ਗਏ, ਉਨ੍ਹਾਂ ਨੂੰ ਚੱਲਣਾ ਅਤੇ ਗੱਲਾਂ ਕਰਨਾ ਭੁੱਲ ਗਿਆ। ਜਿਸ ਅਰਥਸ਼ਾਸਤਰੀ ਮੈਰੀਲਿਨ ਰਾਈਸ ਨੇ ਸੱਤਰਵਿਆਂ ਦੇ ਅੱਧ 'ਚ ਈ ਸੀ ਟੀ ਦੇ ਵਿਰੁੱਧ ਮਰੀਜ਼ਾਂ ਦੇ ਹੱਕਾਂ ਦੀ ਲਹਿਰ ਚਲਾਈ ਸੀ, ਉਹ ਨੇ ਸਪਸ਼ਟ ਬਿਆਨ ਕੀਤਾ ਸੀ ਕਿ ਇਸ ਨਾਲ ਉਸ ਦੀ ਯਾਦਦਾਸ਼ਤ 'ਤੇ ਕੀ ਅਸਰ ਹੋਇਆ ਸੀ। ਕਰੰਟ ਲਗਾਏ ਜਾਣ ਨਾਲ ਉਸ ਦੀ ਤਾਲੀਮ ਦਾ ਵੱਡਾ ਹਿੱਸਾ ਦਿਮਾਗ ਵਿਚੋਂ ਮਿਟ ਗਿਆ ਸੀ। ''ਹੁਣ ਮੈਂ ਜਾਣਦੀ ਹਾਂ ਕਿ ਆਦਿ ਔਰਤ ਨੇ ਕਿਸੇ ਬੰਦੇ ਦੀ ਪੱਸਲੀ ਵਿਚੋਂ ਪੂਰੇ ਵਿਕਸਤ ਰੂਪ 'ਚ ਬਿਨਾ ਕਿਸੇ ਪਿਛਲੇ ਇਤਿਹਾਸ ਦੇ ਪੈਦਾ ਕੀਤੇ ਜਾਣ ਸਮੇਂ ਕਿਵੇਂ ਮਹਿਸੂਸ ਕੀਤਾ ਹੋਵੇਗਾ। ਮੈਂ ਆਦਿ ਔਰਤ ਵਾਂਗ ਖਾਲੀ ਖਾਲੀ ਮਹਿਸੂਸ ਕਰਦੀ ਹਾਂ।''[9]•

ਰਾਈਸ ਅਤੇ ਹੋਰਨਾਂ ਲਈ, ਇਹ ਖ਼ਲਾਅ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਸੀ। ਦੂਜੇ ਪਾਸੇ, ਕੈਮਰਨ ਨੇ ਵੀ ਇਸ ਖ਼ਲਾਅ ਦੀ ਘੋਖ ਕੀਤੀ ਅਤੇ ਉਸ ਨੂੰ ਕੁਝ ਹੋਰ ਨਜ਼ਰੀਂ ਪਿਆ : ਬੁਰੀਆਂ ਆਦਤਾਂ ਤੋਂ ਮੁਕਤ ਹੋਏ ਦਿਮਾਗ ਦੀ ਕੋਰੀ ਸਲੇਟ ਜਿਸ ਉੱਪਰ ਨਵੇਂ ਪੂਰਨੇ ਪਾਏ ਜਾ ਸਕਦੇ ਸਨ। ਉਸ ਲਈ, ਜ਼ਬਰਦਸਤ ਈ ਸੀ ਟੀ ਦੇ ਸਿੱਟੇ ਵਜੋਂ ''ਸਮੁੱਚੀ ਯਾਦਦਾਸ਼ਤ ਦਾ ਵਿਆਪਕ ਨੁਕਸਾਨ'' ਅਭਾਗਾ ਮਾੜਾ ਪ੍ਰਭਾਵ ਨਹੀਂ ਸੀ; ਇਹ ਇਲਾਜ ਦਾ ਬਹੁਤ ਹੀ ਅਹਿਮ ਨੁਕਤਾ ਸੀ, ਮਰੀਜ਼ ਨੂੰ ਉਸ ਦੇ ਵਿਕਾਸ ਦੇ ਮੁੱਢਲੇ ਪੜਾਵਾਂ, ''ਪਾਗਲਾਂ ਵਾਲੀ ਹਾਲਤ ਅਤੇ ਹਰਕਤਾਂ ਸ਼ੁਰੂ ਹੋਣ ਤੋਂ ਲੰਮਾ ਸਮਾਂ ਪਹਿਲਾਂ ਦੇ ਪੜਾਅ'' ਵਿਚ ਵਾਪਸ ਮੋੜ ਲਿਜਾਣ ਦੀ ਕੁੰਜੀ।[10] ਦੇਸ਼ਾਂ ਉੱਪਰ ਬੰਬਾਰੀ ਕਰਕੇ ''ਉਨ੍ਹਾਂ ਨੂੰ ਵਾਪਸ ਪੱਥਰ ਯੁੱਗ 'ਚ ਮੋੜ ਲਿਜਾਣ'' ਦੇ ਹੋਕਰੇ ਮਾਰਨ ਵਾਲੇ ਜੰਗਬਾਜ਼ ਜ਼ਾਲਮਾਂ ਵਾਂਗ, ਕੈਮਰਨ ਸਦਮਾ ਇਲਾਜ ਵਿਧੀ ਨੂੰ ਐਸਾ ਸਾਧਨ ਸਮਝਦਾ ਸੀ ਜਿਸ ਦੁਆਰਾ ਆਪਣੇ ਮਰੀਜ਼ਾਂ ਦੀ ਮਾਨਸਿਕ ਬਣਤਰ ਨੂੰ ਤਹਿਸ਼-ਨਹਿਸ਼ ਕਰਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬਾਲ ਬੁੱਧੀ ਵਾਲੇ ਪੜਾਅ 'ਚ ਵਾਪਸ ਲਿਜਾਇਆ ਜਾ ਸਕਦਾ ਸੀ। 1962 ਦੇ ਇਕ ਪਰਚੇ 'ਚ, ਉਸ ਨੇ ਉਹ ਹਾਲਤ ਬਿਆਨ ਕੀਤੀ ਸੀ ਜਿਸ ਤੱਕ ਉਹ ਗੇਲ ਕਾਸਤਨਰ ਵਰਗੇ ਆਪਣੇ ਮਰੀਜ਼ਾਂ ਨੂੰ ਸੁੰਗੇੜਨਾ ਚਾਹੁੰਦਾ ਸੀ : ''ਇਸ ਨਾਲ ਸਿਰਫ਼ ਸਥਾਨ ਤੇ ਸਮੇਂ ਦੀ ਸੋਝੀ ਨੂੰ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਭਾਵਨਾ ਹੀ ਖ਼ਤਮ ਹੋ ਜਾਵੇਗੀ। ਇਸ ਪੜਾਅ 'ਚ, ਮਰੀਜ਼ 'ਚ ਕਈ ਤਰ੍ਹਾਂ ਦੇ ਹੋਰ ਲੱਛਣ ਸਾਹਮਣੇ ਆ ਸਕਦੇ ਹਨ, ਜਿਵੇਂ ਦੂਜੀ ਭਾਸ਼ਾ ਜਾਂ ਆਪਣੀ ਵਿਆਹੁਤਾ ਹੈਸੀਅਤ ਬਾਰੇ ਸਾਰੀ ਯਾਦਦਾਸ਼ਤ ਖ਼ਤਮ ਹੋ ਜਾਣਾ। ਵੱਧ ਵਿਕਸਤ ਪੜਾਵਾਂ 'ਤੇ, ਉਹ ਬਿਨਾ ਸਹਾਰੇ ਚੱਲ ਨਹੀਂ ਸਕੇਗਾ, ਖ਼ੁਦ ਖਾ-ਪੀ ਨਹੀਂ ਸਕੇਗਾ ਤੇ ਉਹ ਦੁੱਗਣਾ ਬੇਕਾਬੂ ਹੋ ਜਾਵੇਗਾ....ਉਸ ਦੀ

• ਅੱਜ ਵੀ ਜਦੋਂ, ਬਹੁਤ ਸੋਧੇ ਹੋਏ ਈ ਸੀ ਟੀ, ਜਿਸ ਵਿਚ ਮਰੀਜ਼ਾਂ ਦੀ ਸੁਰੱਖਿਆ ਅਤੇ ਆਰਾਮ ਯਕੀਨੀ ਬਣਾਉਣ ਦੇ ਢੰਗ ਸ਼ਾਮਲ ਕੀਤੇ ਗਏ ਹਨ, ਨੂੰ ਮਨੋਰੋਗਾਂ ਦਾ ਕਾਫ਼ੀ ਸਨਮਾਨਿਤ ਅਤੇ ਅਕਸਰ ਹੀ ਕਾਰਗਰ ਇਲਾਜ਼ ਮੰਨਿਆ ਜਾਂਦਾ ਹੈ, ਇਸ ਵਿਚ ਵੀ ਵਕਤੀ ਤੌਰ 'ਤੇ ਥੋੜ੍ਹੇ ਚਿਰ ਲਈ ਯਾਦਦਾਸ਼ਤ ਚਲੀ ਜਾਣ ਦਾ ਮਾੜਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਕੁਝ ਮਰੀਜ਼ ਹਾਲੇ ਵੀ ਦੱਸਦੇ ਹਨ ਕਿ ਉਨ੍ਹਾਂ ਦੀ ਸਥਾਈ ਯਾਦਦਾਸ਼ਤ 'ਤੇ ਵੀ ਮਾੜਾ ਅਸਰ ਪਿਆ ਹੈ। (ਹੁਣੇ ਜਹੇ ਇਸ ਇਲਾਜ ਵਿਧੀ 'ਤੇ ਪਾਬੰਦੀ ਲਾ ਦਿੱਤੀ ਗਈ ਹੈ।)

ਯਾਦਦਾਸ਼ਤ ਦੇ ਸਾਰੇ ਕੰਮ ਬੁਰੀ ਤਰ੍ਹਾਂ ਗੜਬੜਾ ਜਾਂਦੇ ਹਨ।"[11]

ਆਪਣੇ ਮਰੀਜ਼ਾਂ ਦੇ ਮਨ ਨੂੰ "ਨਵੇਂ ਸੱਚੇ 'ਚ ਢਾਲਣ ਲਈ," ਕੈਮਰਨ ਨੇ ਪੇਜ-ਰੂਸਲ ਨਾਂ ਦਾ ਮੁਕਾਬਲਤਨ ਨਵਾਂ ਯੰਤਰ ਵਰਤੋਂ 'ਚ ਲਿਆਂਦਾ ਜੋ ਇਕ ਸਦਮੇ ਦੀ ਬਜਾਏ ਉਪਰੋਥਲੀ ਛੇ ਸਦਮੇ ਦੇ ਸਕਦਾ ਸੀ। ਜਾਪਦਾ ਸੀ ਕਿ ਉਸ ਦੇ ਮਰੀਜ਼ ਹਾਲੇ ਆਪਣੀਆਂ ਹਸਤੀਆਂ ਦੀ ਰਹਿੰਦ-ਖੂੰਹਦ ਨੂੰ ਚਿੰਬੜੇ ਹੋਏ ਸਨ, ਇਸ ਤੋਂ ਮਾਯੂਸ ਹੋ ਕੇ ਉਸ ਨੇ ਮਾਨਸਿਕ ਭਰਮ ਪੈਦਾ ਕਰਨ ਵਾਲੀਆਂ ਦਵਾਈਆਂ ਦੀਆਂ ਭਾਰੀ ਅਤੇ ਹਲਕੀਆਂ ਖੁਰਾਕਾਂ ਦੇ ਕੇ ਉਨ੍ਹਾਂ ਦੀ ਮਾਨਸਿਕ ਬਣਤਰ ਨੂੰ ਤੋੜਨਾ ਚਾਹਿਆ ਜਿਵੇਂ Chlorpromazine, Barbiturates, Sodium amytal, Nitrous oxide, dexoxyn, Seconal, Nembutal, Veronal, Melicone, Thorazine, Largactil ਅਤੇ Insulin। 1956 ਦੇ ਇਕ ਪਰਚੇ 'ਚ ਕੈਮਰਨ ਨੇ ਲਿਖਿਆ ਕਿ ਇਹ ਦਵਾਈਆਂ "ਉਸ (ਮਰੀਜ਼) ਵਲੋਂ ਕੀਤੇ ਜਾ ਰਹੇ ਵਿਰੋਧ ਨੂੰ ਖ਼ਤਮ ਕਰਨ ਲਈ ਦਿੱਤੀਆਂ ਗਈਆਂ ਤਾਂ ਜੋ ਉਸ ਦੀ ਆਪਣਾ ਬਚਾਅ ਕਰਨ ਦੀ ਮਾਨਸਿਕ ਦ੍ਰਿੜਤਾ ਢੈਲੀ ਪੈ ਜਾਵੇ।"[12]

ਜਦੋਂ ਇਕ ਵਾਰ "ਮਨ ਨੂੰ ਨਵੇਂ ਸੱਚੇ 'ਚ ਢਾਲਣ ਦਾ ਅਮਲ ਪੂਰਾ ਹੋ ਗਿਆ," ਅਤੇ ਪਹਿਲੀ ਸ਼ਖਸੀਅਤ ਦਾ ਤਸੱਲੀਬਖਸ਼ ਤੌਰ 'ਤੇ ਸਫ਼ਾਇਆ ਹੋ ਗਿਆ ਤਾਂ ਇੱਥੋਂ ਮਾਨਸਿਕ ਸੰਚਾਲਨ ਸ਼ੁਰੂ ਕੀਤਾ ਜਾ ਸਕਦਾ ਸੀ। ਇਸ ਵਿਚ ਕੈਮਰਨ ਵਲੋਂ ਟੇਪ ਰਿਕਾਰਡ ਕੀਤੇ ਸੰਦੇਸ਼ ਸ਼ਾਮਲ ਸਨ ਜਿਵੇਂ "ਤੁਸੀਂ ਚੰਗੀ ਮਾਂ ਹੋ, ਤੁਸੀਂ ਚੰਗੀ ਪਤਨੀ ਹੋ ਅਤੇ ਲੋਕ ਤੁਹਾਡਾ ਸਾਥ ਚਾਹੁੰਦੇ ਹਨ।" ਵਤੀਰਾ ਬਦਲਣ ਜ਼ਰੀਏ ਇਲਾਜ ਕਰਨ ਦੇ ਝੰਡਾਬਰਦਾਰ ਵਜੋਂ ਉਸ ਦਾ ਵਿਸ਼ਵਾਸ ਸੀ ਕਿ ਜੇ ਉਹ ਆਪਣੇ ਮਰੀਜ਼ਾਂ ਦੇ ਦਿਮਾਗਾਂ ਵਿਚ ਟੇਪ ਰਿਕਾਰਡ ਕੀਤੇ ਸੰਦੇਸ਼ ਭਰਨ 'ਚ ਸਫ਼ਲ ਹੋ ਗਿਆ ਤਾਂ ਉਨ੍ਹਾਂ ਦਾ ਵਤੀਰਾ ਬਦਲ ਜਾਵੇਗਾ।•

ਸਦਮੇ ਦੇ ਭੰਨੇ ਹੋਏ ਅਤੇ ਦਵਾਈਆਂ ਦੇ ਕੇ ਨਕਾਰਾ ਕੀਤੇ ਮਰੀਜ਼ ਬੇਵੱਸ ਹੋਏ ਹਫ਼ਤਿਆਂ ਬੱਧੀ ਰੋਜ਼ਾਨਾ ਸੋਲਾਂ ਤੋਂ ਲੈ ਕੇ ਵੀਹ ਘੰਟੇ ਤੱਕ ਟੇਪ ਕੀਤੇ ਸੰਦੇਸ਼ ਸੁਣਦੇ ਰਹਿੰਦੇ ਸਨ। ਇਕ ਮਾਮਲੇ 'ਚ ਤਾਂ ਕੈਮਰਨ ਨੇ ਇਸ ਸੰਦੇਸ਼ ਦਾ ਸਿਲਸਿਲਾ ਲਗਾਤਾਰ 101 ਦਿਨ ਚਲਾਈ ਰੱਖਿਆ।[13]

1950ਵਿਆਂ ਦੇ ਅੱਧ 'ਚ ਸੀ ਆਈ ਏ ਦੇ ਬਹੁਤ ਸਾਰੇ ਖੋਜਕਾਰਾਂ ਦੀ ਕੈਮਰਨ ਦੇ ਢੰਗਾਂ 'ਚ ਦਿਲਚਸਪੀ ਪੈਦਾ ਹੋ ਗਈ। ਇਹ ਠੰਢੀ ਜੰਗ ਦੀ ਸ਼ੁਰੂਆਤ ਦਾ ਸਮਾਂ ਸੀ ਅਤੇ ਏਜੰਸੀ ਨੇ "ਜਬਰੀ ਤਫ਼ਤੀਸ਼ ਦੀਆਂ ਖ਼ਾਸ ਤਕਨੀਕਾਂ" ਦੀ ਖੋਜ ਦਾ ਗੁਪਤ ਪ੍ਰੋਗਰਾਮ ਅਜੇ ਸ਼ੁਰੂ ਹੀ ਕੀਤਾ ਸੀ। ਸੀ ਆਈ ਏ ਦੇ ਇਕ ਦਸਤਾਵੇਜ਼, ਜੋ ਹੁਣ ਜਨਤਕ ਹੋ ਚੁੱਕਾ ਹੈ, ਵਿਚ ਵੇਰਵਾ ਦਿੱਤਾ ਗਿਆ ਕਿ ਇਸ ਪ੍ਰੋਗਰਾਮ ਜ਼ਰੀਏ "ਜਬਰੀ ਤਫ਼ਤੀਸ਼ ਦੀਆਂ ਬਹੁਤ ਸਾਰੀਆਂ ਵਿਸ਼ੇਸ਼ ਤਕਨੀਕਾਂ ਦੀ ਘੋਖ-ਪੜਤਾਲ ਅਤੇ ਖੋਜ ਕੀਤੀ ਗਈ। ਇਨ੍ਹਾਂ ਵਿਚ ਮਨੋਵਿਗਿਆਨਕ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨਾ, "ਪੂਰੀ ਤਰ੍ਹਾਂ ਇਕੱਲਤਾ ਦੀ ਹਾਲਤ 'ਚ ਰੱਖਣਾ ਅਤੇ ਨਾਲ ਹੀ ਨਸ਼ੀਲੀਆਂ ਦਵਾਈਆਂ ਅਤੇ ਰਸਾਇਣਾਂ ਦੀ ਵਰਤੋਂ ਕਰਨਾ" ਸ਼ਾਮਲ ਸੀ।[14] ਪਹਿਲਾਂ ਇਸ ਦਾ ਕੋਡ ਨਾਂ

• ਜੇ ਕੈਮਰਨ ਆਪਣੇ ਖੇਤਰ ਵਿਚ ਐਨਾ ਤਾਕਤਵਰ ਨਾ ਹੁੰਦਾ ਤਾਂ ਉਸ ਦੀਆਂ "ਮਾਨਸਿਕ ਕੰਟਰੋਲ ਕਰਨ" ਵਾਲੀਆਂ ਟੇਪਾਂ ਨੂੰ ਐਵੇਂ ਮਜ਼ਾਕ ਸਮਝ ਕੇ ਰੱਦ ਕਰ ਦਿੱਤਾ ਜਾਣਾ ਸੀ। ਉਸ ਨੂੰ ਇਹ ਫੁਰਨਾ ਬੈੱਡ ਨਾਲ ਰੱਖ ਕੇ ਚਲਾਏ ਜਾਣ ਵਾਲੇ ਤਵਿਆਂ ਵਾਲੇ ਵਾਜੇ, ਸੈਰੋਬਰੋਫੋਨ ਦੀ ਇਸ਼ਤਿਹਾਰਬਾਜ਼ੀ ਤੋਂ ਫੁਰਿਆ ਸੀ ਜਿਸ ਦੇ ਸਿਰਹਾਣੇ 'ਚ ਸਪੀਕਰ ਫਿੱਟ ਕੀਤੇ ਹੋਏ ਸਨ। ਇਸ ਵਾਜੇ ਨੂੰ ਬਣਾਉਣ ਵਾਲਿਆਂ ਦਾ ਦਾਅਵਾ ਸੀ ਇਹ "ਸੌਂਦੇ ਵਕਤ ਬਦੇਸ਼ੀ ਭਾਸ਼ਾ ਸਿੱਖਣ ਦਾ ਇਨਕਲਾਬੀ ਤਰੀਕਾ ਹੈ।"

ਪ੍ਰਾਜੈਕਟ *ਬਲਿਊਬਰਡ*, ਫੇਰ ਪ੍ਰਾਜੈਕਟ *ਅਰਟੀਚੋਕ* ਰੱਖਿਆ ਗਿਆ ਅਤੇ ਅਖ਼ੀਰ 1953 'ਚ ਇਸ ਦਾ ਨਾਂ ਬਦਲ ਕੇ *ਐੱਮਕੇ ਅਲਟਰਾ* ਰੱਖ ਦਿੱਤਾ ਗਿਆ। ਅਗਲੇ ਦਹਾਕੇ 'ਚ, ਐੱਮ ਕੇ ਅਲਟਰਾ ਪ੍ਰਾਜੈਕਟ ਕੈਦ ਕੀਤੇ ਸ਼ੱਕੀ ਕਮਿਊਨਿਸਟਾਂ ਅਤੇ ਡਬਲ ਏਜੰਟਾਂ ਤੋਂ ਭੇਤ ਕਢਵਾਉਣ ਦੇ ਨਵੇਂ ਢੰਗਾਂ ਦੀ ਖੋਜ ਉੱਪਰ ਢਾਈ ਕਰੋੜ ਡਾਲਰ ਖਰਚ ਕਰੇਗਾ। ਇਸ ਪ੍ਰੋਗਰਾਮ 'ਚ 44 ਯੂਨੀਵਰਸਿਟੀਆਂ ਅਤੇ ਬਾਰਾਂ ਹਸਪਤਾਲਾਂ ਸਮੇਤ ਅੱਸੀ ਸੰਸਥਾਵਾਂ ਸ਼ਾਮਲ ਸਨ।[15]

ਏਜੰਸੀ ਦੇ ਏਜੰਟਾਂ ਕੋਲ ਅਜਿਹੇ ਨਵੇਂ ਨਵੇਂ ਢੰਗਾਂ ਦੀ ਕੋਈ ਕਮੀ ਨਹੀਂ ਸੀ ਕਿ ਉਨ੍ਹਾਂ ਲੋਕਾਂ ਤੋਂ ਜਾਣਕਾਰੀ ਕਿਵੇਂ ਉਗਲਾਈ ਜਾਵੇ ਜੋ ਉਂਞ ਕੁਝ ਨਹੀਂ ਦੱਸਦੇ—ਸਮੱਸਿਆ ਅਜਿਹੇ ਢੰਗਾਂ ਦੀ ਪੁਸ਼ਟੀ ਕਰਨ ਦੀ ਸੀ। ਪ੍ਰਾਜੈਕਟ ਬਲਿਊਬਰਡ ਅਤੇ ਅਰਟੀਚੋਕ ਦੇ ਪਹਿਲੇ ਕੁਝ ਸਾਲਾਂ ਦੀਆਂ ਕਾਰਵਾਈਆਂ ਜਸੂਸੀ ਬਾਰੇ ਉਸ ਤ੍ਰਾਸਦਿਕ ਹਾਸਰਸ ਫਿਲਮ ਨਾਲ ਮਿਲਦੀਆਂ-ਜੁਲਦੀਆਂ ਸਨ ਜਿਸ ਵਿਚ ਸੀ ਆਈ ਏ ਦੇ ਏਜੰਟਾਂ ਨੂੰ ਇਕ ਦੂਜੇ ਨੂੰ ਸੰਮੋਹਤ ਕਰਦੇ ਅਤੇ ਆਪਣੇ ਨਾਲ ਦਿਆਂ ਦੀਆਂ ਪੀਣ ਵਾਲੀਆਂ ਚੀਜ਼ਾਂ 'ਚ ਐੱਲ ਐੱਸ ਡੀ ਪਾਉਂਦੇ ਦਿਖਾਇਆ ਗਿਆ ਸੀ ਜੋ ਇਹ ਜਾਨਣਾ ਚਾਹੁੰਦੇ ਸਨ ਕਿ ਅਜਿਹਾ ਕਰਨ 'ਤੇ ਕੀ ਵਾਪਰਦਾ ਹੈ (ਘੱਟੋ ਘੱਟ ਇਕ ਮਾਮਲੇ 'ਚ ਤਾਂ ਸਬੰਧਤ ਵਿਅਕਤੀ ਨੇ ਖੁਦਕੁਸ਼ੀ ਕਰ ਲਈ)—ਸ਼ੱਕੀ ਰੂਸੀ ਜਸੂਸਾਂ ਨੂੰ ਤਸੀਹੇ ਦੇਣ ਦੀ ਤਾਂ ਗੱਲ ਹੀ ਛੱਡੋ।[16]

ਇਹ ਤਜਰਬਾ ਗੰਭੀਰ ਖੋਜ ਦੀ ਬਜਾਏ ਆਪੋ 'ਚ ਭਿਆਨਕ ਸ਼ੁਗਲ ਵੱਧ ਸੀ ਅਤੇ ਇਸ ਤੋਂ ਉਸ ਤਰ੍ਹਾਂ ਦੀ ਵਿਗਿਆਨਕ ਪੁਸ਼ਟੀ ਨਹੀਂ ਹੁੰਦੀ ਸੀ ਜੋ ਏਜੰਸੀ ਚਾਹੁੰਦੀ ਸੀ। ਇਸ ਲਈ ਉਨ੍ਹਾਂ ਨੂੰ ਐਸੇ ਵਿਅਕਤੀ ਵੱਡੀ ਗਿਣਤੀ 'ਚ ਚਾਹੀਦੇ ਸਨ ਜਿਨ੍ਹਾਂ ਉੱਪਰ ਇਹ ਪਰਖ ਕੀਤੀ ਜਾ ਸਕੇ। ਅਜਿਹੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਇਨ੍ਹਾਂ 'ਚ ਬਹੁਤ ਖ਼ਤਰੇ ਸਨ। ਜੇ ਗੱਲ ਬਾਹਰ ਨਿਕਲ ਗਈ ਕਿ ਸੀ ਆਈ ਏ ਅਮਰੀਕੀ ਸਰਜ਼ਮੀਨ ਉੱਪਰ ਖ਼ਤਰਨਾਕ ਨਸ਼ੀਲੀਆਂ ਦਵਾਈਆਂ ਦੀ ਪਰਖ ਕਰ ਰਹੀ ਹੈ ਤਾਂ ਸਾਰਾ ਪ੍ਰੋਗਰਾਮ ਹੀ ਬੰਦ ਕਰਨਾ ਪੈ ਸਕਦਾ ਸੀ।[17] ਇਹ ਸੋਚ ਕੇ ਕੈਨੇਡਾ ਦੇ ਖੋਜਕਾਰਾਂ 'ਚ ਸੀ ਆਈ ਏ ਦੀ ਦਿਲਚਸਪੀ ਪੈਦਾ ਹੋਈ। ਇਹ ਰਿਸ਼ਤੇ ਪਹਿਲੀ ਜੂਨ 1951 ਦੇ ਹਨ ਜਦੋਂ ਇਸ ਸਬੰਧੀ ਤਿੰਨ ਦੇਸ਼ਾਂ ਦੀਆਂ ਸੂਹੀਆ ਏਜੰਸੀਆਂ ਅਤੇ ਅਕਾਦਮਿਕ ਮਾਹਰਾਂ ਦੀ ਮੀਟਿੰਗ ਮਾਂਟਰੀਅਲ ਦੇ ਰਿਟਜ਼ ਕਾਰਲਟਨ ਹੋਟਲ 'ਚ ਹੋਈ। ਮੀਟਿੰਗ ਦਾ ਵਿਸ਼ਾ ਸੀ ਪੱਛਮੀ ਸੂਹੀਆ ਭਾਈਚਾਰੇ 'ਚ ਵਧ ਰਹੀ ਫ਼ਿਕਰਮੰਦੀ ਕਿ ਕਮਿਊਨਿਸਟਾਂ ਨੇ ਕਿਸੇ ਤਰ੍ਹਾਂ ਇਹ ਖੋਜ ਕਰ ਲਈ ਸੀ ਕਿ ਜੰਗੀ ਕੈਦੀਆਂ ਦੀ ਪਹਿਲੀ ਸੋਚ ਨੂੰ ਕਿਵੇਂ ਖ਼ਤਮ ਕੀਤਾ ਜਾਵੇ। ਇਸ ਦਾ ਸਬੂਤ ਸੀ ਕੋਰੀਆ ਵਿਚ ਬੰਦੀ ਬਣਾਏ ਗਏ ਅਮਰੀਕਾ ਦੇ *ਜੀ ਆਈ*• ਫ਼ੌਜੀ ਜੋ ਕੈਮਰਿਆਂ ਮੂਹਰੇ ਜਾ ਕੇ ਸਰਮਾਏਦਾਰੀ ਅਤੇ ਸਾਮਰਾਜ ਨੂੰ ਰੱਦ ਕਰ ਰਹੇ ਸਨ। ਜਾਪਦਾ ਸੀ ਕਿ ਉਹ ਮਰਜ਼ੀ ਨਾਲ ਅਜਿਹਾ ਕਰ ਰਹੇ ਸਨ। ਰਿਟਜ਼ ਮੀਟਿੰਗ ਦੀ ਜਨਤਕ ਹੋ ਚੁੱਕੀ ਕਾਰਵਾਈ ਰਿਪੋਰਟ ਅਨੁਸਾਰ ਇਸ ਮੀਟਿੰਗ 'ਚ ਕੈਨੇਡਾ ਦੇ ਸੁਰੱਖਿਆ ਖੋਜ ਬੋਰਡ ਦਾ ਪ੍ਰਧਾਨ ਓਮੋਂਡ ਸੋਲੈਂਤ, ਬਰਤਾਨਵੀ ਸੁਰੱਖਿਆ ਖੋਜ ਬਾਰੇ ਨੀਤੀ ਕਮੇਟੀ ਦਾ ਪ੍ਰਧਾਨ ਜਨਾਬ ਹੈਨਰੀ ਟਿਜ਼ਰਡ ਅਤੇ ਸੀ ਆਈ ਏ ਦੇ ਦੋ ਨੁਮਾਇੰਦੇ ਸ਼ਾਮਲ ਸਨ। ਇਹ ਸਾਰੇ ਇਸ ਬਾਰੇ ਸਹਿਮਤ ਸਨ ਕਿ ਪੱਛਮੀ ਤਾਕਤਾਂ ਲਈ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਕਮਿਊਨਿਸਟ ਇਹ ਕਮਾਲ ਦੇ ਇਕਬਾਲ ਕਰਵਾਉਣ 'ਚ ਕਿਵੇਂ ਕਾਮਯਾਬ ਹੋ ਰਹੇ ਹਨ। ਇਸ ਨੂੰ ਮੱਦੇ-ਨਜ਼ਰ ਰੱਖ ਕੇ, ਪਹਿਲਾ ਕਦਮ "ਅਸਲ ਵਿਅਕਤੀਆਂ ਉੱਪਰ ਅਧਿਐਨ ਤਜਰਬੇ ਕਰਨ" ਦਾ ਚੁੱਕਿਆ ਗਿਆ ਤਾਂ ਜੋ ਇਹ

• GI : Government Issue, ਅਮਰੀਕੀ ਫ਼ੌਜ ਦੇ ਪ੍ਰਾਈਵੇਟ ਫ਼ੌਜੀ—ਅਨੁਵਾਦਕ

ਪਤਾ ਲਾਇਆ ਜਾ ਸਕੇ ਕਿ ਪਹਿਲੀ ਸੋਚ ਨੂੰ ਖ਼ਤਮ ਕਰਨ ਦਾ ਅਮਲ ਕਿਵੇਂ ਕੰਮ ਸਕਦਾ ਹੈ।[18] ਇਸ ਖੋਜ ਦਾ ਜੋ ਮਕਸਦ ਦੱਸਿਆ ਗਿਆ ਉਹ ਪੱਛਮੀ ਤਾਕਤਾਂ ਵਲੋਂ ਕੈਦੀਆਂ ਦੇ ਮਨਾਂ ਨੂੰ ਕੰਟਰੋਲ ਕਰਨ ਦਾ ਢੰਗ ਵਰਤੋਂ 'ਚ ਲਿਆਉਣ ਦੀ ਸ਼ੁਰੂਆਤ ਕਰਨਾ ਨਹੀਂ ਸੀ। ਇਸ ਦਾ ਮਕਸਦ ਪੱਛਮ ਦੇ ਫ਼ੌਜੀਆਂ ਦੀ ਇਹ ਮਾਨਸਿਕ ਤਿਆਰੀ ਕਰਾਉਣਾ ਦੱਸਿਆ ਗਿਆ ਕਿ ਫੜੇ ਜਾਣ 'ਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਤਸੀਹਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਬੇਸ਼ੱਕ, ਸੀ ਆਈ ਏ ਦੀ ਦਿਲਚਸਪੀ ਇਸ ਤੋਂ ਵੱਖਰੀ ਸੀ। ਨਾਜ਼ੀਆਂ ਵਲੋਂ ਦਿੱਤੇ ਤਸੀਹਿਆਂ ਦਾ ਪਰਦਾਫਾਸ਼ ਹੋ ਜਾਣ 'ਤੇ ਦੁਨੀਆਂ ਭਰ 'ਚ ਜੋ ਨਫ਼ਰਤ ਦੀ ਅੱਗ ਭੜਕੀ ਸੀ ਉਸ ਤੋਂ ਤੁਰੰਤ ਬਾਅਦ ਏਜੰਸੀ ਵਲੋਂ ਰਿਟਜ਼ ਵਰਗੀਆਂ ਗੁਪਤ ਮੀਟਿੰਗਾਂ 'ਚ ਵੀ ਸ਼ਰੇਆਮ ਇਹ ਮੰਨਣਾ ਸੰਭਵ ਨਹੀਂ ਸੀ ਕਿ ਇਹ ਜਬਰੀ ਤਫ਼ਤੀਸ਼ ਦੇ ਬਦਲਵੇਂ ਢੰਗ ਵਿਕਸਤ ਕਰਨ 'ਚ ਦਿਲਚਸਪੀ ਰੱਖਦੀ ਹੈ।

ਰਿਟਜ਼ ਮੀਟਿੰਗ 'ਚ ਸ਼ਾਮਲ ਹੋਣ ਵਾਲਿਆਂ 'ਚ ਮੈਕਗਿਲ ਯੂਨੀਵਰਸਿਟੀ ਵਿਖੇ ਮਨੋਵਿਗਿਆਨ ਦਾ ਨਿਰਦੇਸ਼ਕ ਡਾ. ਡੋਨਾਲਡ ਹੈੱਬ ਵੀ ਸੀ। ਜਨਤਕ ਹੋ ਚੁੱਕੀਆਂ ਕਾਰਵਾਈ ਰਿਪੋਰਟਾਂ ਅਨੁਸਾਰ ਹੈੱਬ *ਜੀ ਆਈ* ਫ਼ੌਜੀਆਂ ਦੇ ਇਕਬਾਲੀਆ ਬਿਆਨਾਂ ਦੀ ਘੁੰਡੀ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦਾ ਅੰਦਾਜ਼ਾ ਸੀ ਕਿ ਕਮਿਊਨਿਸਟਾਂ ਨੇ ਜੰਗੀ ਕੈਦੀਆਂ ਨੂੰ ਬਹੁਤ ਜ਼ਿਆਦਾ ਇਕੱਲੇ ਰੱਖ ਕੇ ਅਤੇ ਉਨ੍ਹਾਂ ਦੀਆਂ ਗਿਆਨ ਇੰਦਰੀਆਂ ਨੂੰ ਜਾਣਕਾਰੀ ਦੇ ਸੰਚਾਰ ਤੋਂ ਪੂਰੀ ਤਰ੍ਹਾਂ ਵਾਂਝੇ ਕਰਕੇ ਚਲਾਕੀ ਖੇਡ੍ਹੀ ਹੋਵੇਗੀ। ਖੁਫ਼ੀਆ ਏਜੰਸੀਆਂ ਦੇ ਮੁਖੀ ਇਸ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਤਿੰਨ ਮਹੀਨੇ ਬਾਅਦ ਹੈੱਬ ਨੂੰ ਕੈਨੇਡਾ ਦੇ ਕੌਮੀ ਰੱਖਿਆ ਬੋਰਡ ਤੋਂ ਖੋਜ ਕਰਨ ਲਈ ਗਰਾਂਟ ਮਿਲ ਗਈ। ਗਰਾਂਟ ਗਿਆਨ ਇੰਦਰੀਆਂ ਨੂੰ ਜਾਣਕਾਰੀ ਦੇ ਸੰਚਾਰ ਤੋਂ ਵਾਂਝੇ ਰੱਖਣ ਬਾਰੇ ਤਜਰਬਿਆਂ ਦਾ ਗੁਪਤ ਸਿਲਸਿਲਾ ਚਲਾਉਣ ਲਈ ਦਿੱਤੀ ਗਈ ਸੀ। ਹੈੱਬ ਨੇ ਮੈਕਗਿਲ ਯੂਨੀਵਰਸਿਟੀ ਦੇ ਤਰੇਹਟ ਵਿਦਿਆਰਥੀਆਂ ਨੂੰ 20 ਡਾਲਰ ਰੋਜ਼ਾਨਾ ਦੇ ਕੇ ਉਨ੍ਹਾਂ ਦੇ ਕਾਲੀਆਂ ਐਨਕਾਂ ਲਾ ਕੇ ਹਰੇਕ ਨੂੰ ਪੂਰੀ ਤਰ੍ਹਾਂ ਇਕੱਲਤਾ 'ਚ ਰੱਖਿਆ। ਕੰਨਾਂ 'ਤੇ ਹੈੱਡ ਫੋਨ ਲਾ ਕੇ ਕੰਨ ਪਾੜਵੀਂ ਆਵਾਜ਼ ਸੁਣਾਈ ਗਈ ਅਤੇ ਉਨ੍ਹਾਂ ਦੀਆਂ ਬਾਹਵਾਂ ਅਤੇ ਹੱਥਾਂ ਉੱਪਰ ਗੱਤੇ ਦੇ ਗਿਲਾਫ਼ ਪਹਿਨਾ ਕੇ ਰੱਖੇ ਗਏ ਤਾਂ ਜੋ ਉਹ ਕਿਸੇ ਚੀਜ਼ ਨੂੰ ਛੂਹ ਨਾ ਸਕਣ। ਕਈ ਦਿਨਾਂ ਤੱਕ ਇਹ ਵਿਦਿਆਰਥੀ ਖ਼ਲਾਅ 'ਚ ਵਿਚਰਦੇ ਰਹੇ। ਉਹ ਆਪਣੀਆਂ ਅੱਖਾਂ, ਕੰਨ ਅਤੇ ਹੱਥਾਂ ਤੋਂ ਕੋਈ ਕੰਮ ਲੈਣ ਤੋਂ ਪੂਰੀ ਤਰ੍ਹਾਂ ਅਸਮਰੱਥ ਹੋ ਕੇ ਅਸੀਮ ਕਲਪਨਾ 'ਚ ਜੀਅ ਰਹੇ ਸਨ। ਸੰਵੇਦਨਾ ਤੋਂ ਵਾਂਝੇ ਰੱਖੇ ਜਾਣ ਦੀ ਹਾਲਤ ਨੇ ਉਨ੍ਹਾਂ ਦੀ "ਪੁਰਾਣੀ ਸੋਚ ਨੂੰ ਖ਼ਤਮ ਕਰਨ" ਲਈ ਵੱਧ ਅਨੁਕੂਲ ਬਣਾਇਆ ਜਾਂ ਨਹੀਂ, ਇਹ ਜਾਨਣ ਲਈ ਡਾਕਟਰ ਹੈੱਬ ਭੂਤਾਂ ਦੀ ਹੋਂਦ ਜਾਂ ਵਿਗਿਆਨ ਦੀ ਗ਼ੈਰ-ਈਮਾਨਦਾਰੀ ਬਾਰੇ ਗੱਲਬਾਤ ਦੀਆਂ ਰਿਕਾਰਡ ਕੀਤੀਆਂ ਆਵਾਜ਼ਾਂ ਉਨ੍ਹਾਂ ਨੂੰ ਸੁਣਾਉਂਦਾ ਰਿਹਾ—ਵਿਦਿਆਰਥੀਆਂ ਦਾ ਕਹਿਣਾ ਸੀ ਕਿ ਤਜਰਬਾ ਸ਼ੁਰੂ ਹੋਣ 'ਤੇ ਇਹ ਵਿਚਾਰ ਉਨ੍ਹਾਂ ਨੂੰ ਬਹੁਤ ਇਤਰਾਜ਼ਯੋਗ ਲੱਗੇ।[19]

ਹੈੱਬ ਦੀਆਂ ਖੋਜਾਂ ਬਾਰੇ ਰੱਖਿਆ ਖੋਜ ਬੋਰਡ ਦੀ ਗੁਪਤ ਰਿਪੋਰਟ ਇਸ ਸਿੱਟੇ 'ਤੇ ਪਹੁੰਚੀ ਕਿ ਗਿਆਨ ਇੰਦਰੀਆਂ ਨੂੰ ਸੰਚਾਰ ਦੇ ਸੰਪਰਕ ਤੋਂ ਵਾਂਝੇ ਰੱਖੇ ਜਾਣ ਨਾਲ ਇਹ ਵਿਦਿਆਰਥੀ ਸਿਰੇ ਦੇ ਘਚੋਲੇ ਅਤੇ ਮਾਨਸਿਕ ਭਰਮਾਂ ਦਾ ਸ਼ਿਕਾਰ ਹੋ ਗਏ। "ਜਾਣਕਾਰੀ ਦੇ ਅਨੁਭਵਾਂ ਤੋਂ ਵਾਂਝੇ ਰੱਖਣ ਸਮੇਂ ਅਤੇ ਇਸ ਤੋਂ ਤੁਰੰਤ ਬਾਅਦ ਦੇ ਸਮੇਂ 'ਚ ਇਨ੍ਹਾਂ ਦੀ ਬੌਧਿਕ ਕਾਬਲੀਅਤ 'ਚ ਆਰਜ਼ੀ ਤੌਰ 'ਤੇ ਚੋਖੀ ਗਿਰਾਵਟ ਦੇਖੀ ਗਈ।"[20] ਇਸ ਤੋਂ ਇਲਾਵਾ, ਵਿਦਿਆਰਥੀਆਂ ਦੀ ਸੰਵੇਦ

ਉਤੇਜਨਾ ਦੀ ਭੁੱਖ ਨੇ ਉਨ੍ਹਾਂ ਨੂੰ ਟੇਪਾਂ ਰਾਹੀਂ ਪ੍ਰਗਟਾਏ ਜਾ ਰਹੇ ਵਿਚਾਰਾਂ ਪ੍ਰਤੀ ਹੈਰਾਨੀਜਨਕ ਤੌਰ 'ਤੇ ਗ੍ਰਹਿਣਸ਼ੀਲ ਬਣਾ ਦਿੱਤਾ। ਅਸਲ ਵਿਚ ਕਈ ਤਾਂ ਇਸ ਤਜਰਬੇ ਤੋਂ ਕਈ ਹਫ਼ਤੇ ਬਾਅਦ ਵੀ ਇਸ ਰਹੱਸਮਈ ਅਨੁਭਵ ਦਾ ਸ਼ਿਕਾਰ ਰਹੇ। ਇੰਝ ਲੱਗਦਾ ਸੀ ਕਿ ਗਿਆਨ ਇੰਦਰੀਆਂ ਨੂੰ ਜਾਣਕਾਰੀ ਦੇ ਸੰਪਰਕ ਤੋਂ ਵਾਂਝੇ ਰੱਖੇ ਜਾਣ ਨਾਲ ਇਨਾਂ ਦੇ ਮਨਾਂ ਦੀ ਯਾਦਦਾਸ਼ਤ ਇਕ ਹੱਦ ਤੱਕ ਮਿਟ ਗਈ ਸੀ; ਤੇ ਫੇਰ ਗਿਆਨ ਇੰਦਰੀਆਂ ਦੀ ਉਤੇਜਨਾ ਨੇ ਇਨ੍ਹਾਂ ਦੇ ਮਨਾਂ ਦੀ ਭੰਨਘੜ ਕਰ ਦਿੱਤੀ ਸੀ।

ਹੈੱਬ ਦੇ ਇਸ ਅਹਿਮ ਅਧਿਐਨ ਦੀ ਕਾਪੀ ਸੀ ਆਈ ਏ ਨੂੰ ਭੇਜੀ ਗਈ ਅਤੇ ਨਾਲ ਹੀ ਇਕਤਾਲੀ ਕਾਪੀਆਂ ਅਮਰੀਕੀ ਸਮੁੰਦਰੀ ਫ਼ੌਜ ਅਤੇ ਬਿਆਲੀ ਕਾਪੀਆਂ ਅਮਰੀਕੀ ਫ਼ੌਜ ਨੂੰ ਭੇਜੀਆਂ ਗਈਆਂ।[21] ਸੀ ਆਈ ਏ ਨੇ ਹੈੱਬ ਦੇ ਇਕ ਖੋਜਕਾਰ ਵਿਦਿਆਰਥੀ ਮੇਤਲੈਂਡ ਬਾਲਦਵਿਨ ਜ਼ਰੀਏ ਇਨ੍ਹਾਂ ਖੋਜਾਂ 'ਤੇ ਸਿੱਧੇ ਤੌਰ 'ਤੇ ਨਜ਼ਰ ਰੱਖੀ ਹੋਈ ਸੀ। ਹੈੱਬ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਉਸ ਦਾ ਵਿਦਿਆਰਥੀ ਏਜੰਸੀ ਨੂੰ ਨਾਲ ਦੀ ਨਾਲ ਰਿਪੋਰਟ ਦੇ ਰਿਹਾ ਸੀ।[22] ਇਹ ਡੂੰਘੀ ਰੁਚੀ ਹੈਰਾਨੀਜਨਕ ਨਹੀਂ ਸੀ : ਘੱਟੋ ਘੱਟ ਹੈੱਬ ਇਹ ਤਾਂ ਸਾਬਤ ਕਰ ਹੀ ਰਿਹਾ ਸੀ ਕਿ ਬਹੁਤ ਜ਼ਿਆਦਾ ਇਕੱਲਤਾ 'ਚ ਰੱਖਣ ਨਾਲ ਸਪਸ਼ਟ ਤੌਰ 'ਤੇ ਸੋਚ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਸੀ ਅਤੇ ਇਹ ਵਿਅਕਤੀ ਸੁਝਾਅ ਵੱਧ ਮੰਨਣ ਲੱਗ ਜਾਂਦੇ ਸਨ—ਇਹ ਫੁਰਨੇ ਕਿਸੇ ਤਫ਼ਤੀਸ਼ੀ ਅਧਿਕਾਰੀ ਲਈ ਅਣਮੋਲ ਸਨ। ਆਖ਼ਿਰ ਹੈੱਬ ਨੂੰ ਵੀ ਇਹ ਸਮਝ ਪੈ ਗਈ ਕਿ ਉਸ ਦੀ ਖੋਜ ਨਾ ਸਿਰਫ਼ ਫੜੇ ਗਏ ਜਾਸੂਸਾਂ ਨੂੰ ਉਨ੍ਹਾਂ ਦੀ "ਪੁਰਾਣੀ ਸੋਚ ਨੂੰ ਖ਼ਤਮ ਕੀਤੇ ਜਾਣ" ਦੇ ਖ਼ਤਰੇ ਤੋਂ ਬਚਾਉਣ ਲਈ ਵਰਤੀ ਜਾ ਸਕਦੀ ਹੈ ਸਗੋਂ ਇਕ ਤਰ੍ਹਾਂ ਇਹ ਮਨੋਵਿਗਿਆਨਕ ਤਸੀਹਿਆਂ ਦੀ ਨੇਮਾਵਲੀ ਦੇ ਕੰਮ ਵੀ ਆ ਸਕਦੀ ਸੀ। ਆਪਣੀ ਮੌਤ ਤੋਂ ਪਹਿਲਾਂ 1985 'ਚ ਆਪਣੀ ਆਖ਼ਰੀ ਗੱਲਬਾਤ 'ਚ ਹੈੱਬ ਨੇ ਸਪਸ਼ਟ ਕਿਹਾ ਸੀ, "ਜਦੋਂ ਅਸੀਂ ਇਸ ਦੀ ਰਿਪੋਰਟ ਰੱਖਿਆ ਖੋਜ ਬੋਰਡ ਨੂੰ ਕੀਤੀ ਤਾਂ ਇਹ ਸਪਸ਼ਟ ਸੀ ਕਿ ਅਸੀਂ ਜਬਰੀ ਤਫ਼ਤੀਸ਼ ਦੀ ਜ਼ਬਰਦਸਤ ਤਕਨੀਕ ਉਨ੍ਹਾਂ ਨੂੰ ਦੱਸ ਰਹੇ ਸੀ।"[23]

ਹੈੱਬ ਦੀ ਰਿਪੋਰਟ 'ਚ ਨੋਟ ਕੀਤਾ ਗਿਆ ਸੀ ਕਿ ਜਿਨ੍ਹਾਂ ਵਿਦਿਆਰਥੀਆਂ ਉੱਤੇ ਇਹ ਤਜਰਬੇ ਕੀਤੇ ਗਏ ਉਨ੍ਹਾਂ ਵਿਚੋਂ ਚਾਰ ਨੇ "ਸੁਤੇ ਸਿੱਧ" ਟਿੱਪਣੀ ਕੀਤੀ ਕਿ ਇਸ ਹਾਲਤ ਵਿਚ ਵਿਚਰਨਾ "ਇਕ ਤਰ੍ਹਾਂ ਨਾਲ ਤਸੀਹਿਆਂ 'ਚੋਂ ਲੰਘਣਾ ਸੀ।" ਇਸ ਦਾ ਭਾਵ ਸੀ ਕਿ ਜੇ ਉਨ੍ਹਾਂ ਨੂੰ ਇਸ ਮਾਨਸਿਕ ਹਾਲਤ 'ਚ ਰੱਖ ਛੱਡਦੇ ਤਾਂ ਇਹ ਸਪਸ਼ਟ ਤੌਰ 'ਤੇ ਡਾਕਟਰੀ ਨੈਤਿਕਤਾ ਦੀ ਉਲੰਘਣਾ ਹੋਣਾ ਸੀ। ਹੈੱਬ ਨੇ ਲਿਖਿਆ ਕਿ ਵੱਧ "ਸਪਸ਼ਟ ਨਤੀਜੇ" ਹਾਸਲ ਨਹੀਂ ਹੋਏ ਸਨ ਕਿਉਂਕਿ "ਤਜਰਬੇ ਕੀਤੇ ਜਾਣ ਵਾਲੇ ਵਿਅਕਤੀਆਂ ਨੂੰ 30 ਤੋਂ ਲੈ ਕੇ 60 ਦਿਨਾਂ ਤੱਕ ਇਕੱਲਤਾ ਦੀ ਹਾਲਤ 'ਚ ਰੱਖਣਾ ਸੰਭਵ ਨਹੀਂ ਹੈ।"[24]

ਹੈੱਬ ਲਈ ਭਾਵੇਂ ਇਹ ਸੰਭਵ ਨਹੀਂ ਸੀ, ਪਰ ਉਸ ਦੇ ਨਾਲ ਮੈਕਗਿਲ 'ਚ ਕੰਮ ਕਰਨ ਵਾਲੇ ਅਕਾਦਮਿਕ ਸ਼ਰੀਕ ਡਾ. ਈਵੇਨ ਕੈਮਰਨ ਲਈ ਇਹ ਪੂਰੀ ਤਰ੍ਹਾਂ ਸੰਭਵ ਸੀ। (ਹੈੱਬ ਨੇ ਬਾਅਦ 'ਚ ਅਕਾਦਮਿਕ ਗੁਣਾਂ ਤੋਂ ਪਾਸਾ ਵੱਟਣ ਵਾਲੇ ਕੈਮਰਨ ਨੂੰ "ਮੁਜਰਮ ਬੇਵਕੂਫ" ਕਿਹਾ।)[25] ਕੈਮਰਨ ਨੂੰ ਪਹਿਲਾਂ ਹੀ ਇਹ ਜਚ ਗਿਆ ਸੀ ਕਿ ਉਸ ਦੇ ਮਰੀਜ਼ਾਂ ਦੇ ਮਨਾਂ ਦਾ ਭਿਆਨਕ ਵਿਨਾਸ਼ ਮਾਨਸਿਕ ਤੰਦਰੁਸਤੀ ਦੇ ਮੁਕਾਮ ਵੱਲ ਉਨ੍ਹਾਂ ਦੇ ਸਫ਼ਰ ਦੀ ਦਿਸ਼ਾ 'ਚ ਪਹਿਲਾ ਜ਼ਰੂਰੀ ਕਦਮ ਸੀ ਅਤੇ ਇਸ ਕਰਕੇ ਇਹ ਡਾਕਟਰੀ ਕਿੱਤੇ ਦੀ ਸਹੁੰ ਦੀ ਉਲੰਘਣਾ ਨਹੀਂ ਸੀ। ਜਿੱਥੋਂ ਤੱਕ ਸਹਿਮਤੀ ਦਾ ਸਵਾਲ ਸੀ, ਉਸ ਦੇ ਮਰੀਜ਼ ਉਸ ਦੇ ਰਹਿਮ 'ਤੇ ਸਨ : ਮਰੀਜ਼ ਵਲੋਂ ਭਰਿਆ ਇਲਾਜ ਦੀ

ਸਹਿਮਤੀ ਦਾ ਫਾਰਮ ਮਾਨਸਿਕ ਰੋਗੀਆਂ ਦੇ ਦਿਮਾਗ ਦੇ ਮੂਹਰਲੇ ਹਿੱਸੇ ਦੀ ਮੁਕੰਮਲ ਚੀਰਫਾੜ ਕਰਨ ਤੱਕ ਦਾ ਪੂਰਾ ਅਧਿਕਾਰ ਦਿੰਦਾ ਸੀ।

ਭਾਵੇਂ ਕੈਮਰਨ ਕਈ ਸਾਲਾਂ ਤੋਂ ਸੀ ਆਈ ਏ ਦੇ ਸੰਪਰਕ 'ਚ ਸੀ, ਉਸ ਨੂੰ ਏਜੰਸੀ ਤੋਂ ਪਹਿਲੀ ਗਰਾਂਟ 1957 'ਚ ਮਿਲੀ ਜੋ ਕੁਦਰਤੀ ਚੌਗਿਰਦੇ ਨਾਲ ਮਨੁੱਖ ਦੇ ਰਿਸ਼ਤੇ ਦੀ ਜਾਂਚ-ਪੜਤਾਲ ਲਈ ਸੁਸਾਇਟੀ ਨਾਂ ਦੀ ਫਰੰਟ ਜਥੇਬੰਦੀ ਦਾ ਨਾਂ ਵਰਤ ਕੇ ਹਾਸਲ ਕੀਤੀ ਗਈ ਸੀ।[26] ਅਤੇ ਜਿਉਂ ਹੀ ਸੀ ਆਈ ਏ ਦੇ ਡਾਲਰ ਪਹੁੰਚ ਗਏ, ਐਲਨ ਯਾਦਗਾਰੀ ਸੰਸਥਾ, ਹਸਪਤਾਲ ਘੱਟ ਅਤੇ ਭਿਆਨਕ ਜੇਲ੍ਹ ਵਜੋਂ ਵੱਧ ਨਜ਼ਰ ਆਉਣ ਲੱਗੀ।

ਪਹਿਲੀ ਤਬਦੀਲੀ ਇਹ ਕੀਤੀ ਗਈ ਕਿ ਕਰੰਟ ਦੀ ਮਾਤਰਾ 'ਚ ਹੈਰਾਨੀਜਨਕ ਵਾਧਾ ਕਰ ਦਿੱਤਾ ਗਿਆ। ਮਨੋਰੋਗਾਂ ਦੇ ਜਿਨ੍ਹਾਂ ਡਾਕਟਰਾਂ ਨੇ ਪੇਜ-ਰੂਸਲ ਨਾਂ ਦੇ ਕਰੰਟ ਲਗਾਉਣ ਵਾਲੇ ਵਿਵਾਦਪੂਰਨ ਯੰਤਰ ਦੀ ਕਾਢ ਕੱਢੀ ਸੀ ਉਨ੍ਹਾਂ ਨੇ ਪ੍ਰਤੀ ਮਰੀਜ਼ ਚਾਰ ਸਦਮਿਆਂ, ਇਕ ਮਰੀਜ਼ ਨੂੰ ਕੁਲ ਚੌਵੀ ਸਦਮੇ ਦੇਣ ਦੀ ਸਿਫਾਰਸ਼ ਕੀਤੀ ਸੀ।[27] ਕੈਮਰਨ ਇਹ ਮਸ਼ੀਨ ਵਰਤੋਂ 'ਚ ਲਿਆ ਕੇ ਆਪਣੇ ਮਰੀਜ਼ਾਂ ਨੂੰ ਰੋਜ਼ਾਨਾ ਦੋ ਵਾਰ ਇਹ ਸਦਮੇ ਦਿੰਦਾ ਰਿਹਾ, ਇਸ ਤਰ੍ਹਾਂ ਇਕੱਲੇ ਇਕੱਲੇ ਮਰੀਜ਼ ਨੂੰ 360 ਸਦਮੇ ਦਿੱਤੇ ਗਏ ਜੋ ਕਿ ਬਹੁਤ ਭਿਆਨਕ ਸੀ। ਇਹ ਗੇਲ ਵਰਗੇ ਉਸ ਦੇ ਪਹਿਲੇ ਮਰੀਜ਼ਾਂ ਨੂੰ ਦਿੱਤੇ ਸਦਮਿਆਂ ਤੋਂ ਵੀ ਕਿਤੇ ਵੱਧ ਮਾਤਰਾ ਸੀ।[28] ਪਹਿਲਾਂ ਹੀ ਉਹ ਮਰੀਜ਼ਾਂ ਨੂੰ ਦਵਾਈਆਂ ਦੀ ਦਿਮਾਗ ਚਕਰਾ ਦੇਣ ਵਾਲੀ ਮਾਤਰਾ ਦੇ ਰਿਹਾ ਸੀ। ਇਨ੍ਹਾਂ ਵਿਚ ਉਸ ਨੇ ਹੋਰ ਤਜਰਬੇ ਕਰਨ ਲਈ, ਮਨ ਵਿਚ ਬਦਲਾਅ ਲਿਆਉਣ ਵਾਲੀਆਂ ਦਵਾਈਆਂ ਐੱਲ ਐੱਸ ਡੀ ਅਤੇ ਪੀ ਸੀ ਸੀ ਸ਼ਾਮਲ ਕਰ ਦਿੱਤੀਆਂ, ਜਿਨ੍ਹਾਂ 'ਚ ਸੀ ਆਈ ਏ ਦੀ ਖ਼ਾਸ ਦਿਲਚਸਪੀ ਸੀ।

ਉਸ ਨੇ ਯਾਦਦਾਸ਼ਤ ਮੇਟਣ ਵਾਲੇ ਅਸਲਾਖ਼ਾਨੇ 'ਚ ਹੋਰ ਹਥਿਆਰ ਵੀ ਸ਼ਾਮਲ ਕਰ ਲਏ: ਗਿਆਨ ਇੰਦਰੀਆਂ ਨੂੰ ਜਾਣਕਾਰੀ ਦੇ ਸੰਪਰਕ ਤੋਂ ਵਾਂਝਾ ਰੱਖਣਾ ਅਤੇ ਲੰਮੀ ਨੀਂਦ। ਉਸ ਨੇ ਦਾਅਵਾ ਕੀਤਾ ਕਿ ਇਸ ਜੌੜੇ ਅਮਲ ਨਾਲ "ਬੰਦੇ ਦੀ ਆਪਣਾ ਬਚਾਅ ਕਰਨ ਦੀ ਸਮਰੱਥਾ ਹੋਰ ਘਟ ਜਾਵੇਗੀ"। ਇੰਝ ਮਰੀਜ਼ ਡਾਕਟਰ ਦੇ ਟੇਪ ਰਿਕਾਰਡ ਕੀਤੇ ਸੰਦੇਸ਼ਾਂ ਨੂੰ ਵਧੇਰੇ ਗ੍ਰਹਿਣ ਕਰਨ ਦੀ ਹਾਲਤ 'ਚ ਪਹੁੰਚ ਜਾਵੇਗਾ।[29] ਜਦੋਂ ਸੀ ਆਈ ਏ ਦੇ ਡਾਲਰ ਮਿਲ ਗਏ ਤਾਂ ਕੈਮਰਨ ਨੇ ਗਰਾਂਟ ਦਾ ਇਹ ਪੈਸਾ ਵਰਤ ਕੇ ਹਸਪਤਾਲ ਦੇ ਪਿੱਛੇ ਬਣੇ ਘੋੜਿਆਂ ਦੇ ਤਬੇਲੇ ਦੇ ਇਕ ਦੂਜੇ ਤੋਂ ਅੱਡ ਅੱਡ ਕੈਬਿਨ ਬਣਾ ਦਿੱਤੇ। ਉਸ ਨੇ ਤਹਿਖ਼ਾਨੇ 'ਚ ਵੀ ਵਿਆਪਕ ਰੱਦੋਬਦਲ ਕਰਵਾ ਦਿੱਤੀ ਤਾਂ ਜੋ ਇਹ ਐਸਾ ਭੋਰਾ ਬਣ ਜਾਵੇ ਜਿਸ ਨੂੰ ਉਹ ਇਕੱਲਤਾ 'ਚ ਰੱਖੇ ਜਾਣ ਲਈ ਕਮਰਾ ਕਹਿੰਦਾ ਸੀ।[30] ਉਸ ਨੇ ਇਸ ਕਮਰੇ ਨੂੰ ਆਵਾਜ਼ ਰਹਿਤ ਬਣਾ ਦਿੱਤਾ। ਇਸ ਵਿਚ ਇਕੋ ਤਰ੍ਹਾਂ ਦਾ ਸ਼ੋਰ ਸੰਚਾਰ ਕਰਨ ਲਈ ਪਾਈਪ ਲਗਾ ਦਿੱਤੇ। ਰੌਸ਼ਨੀ ਬੰਦ ਕਰਕੇ ਮਰੀਜ਼ਾਂ ਦੇ ਕਾਲੀਆਂ ਐਨਕਾਂ ਅਤੇ "ਕੰਨਾਂ 'ਚ ਰਬੜ ਦੇ ਡੱਟ ਲਗਾ ਦਿੱਤੇ। ਨਾਲ ਹੀ ਉਨ੍ਹਾਂ ਦੇ ਹੱਥਾਂ ਅਤੇ ਬਾਹਵਾਂ ਉੱਪਰ ਗੱਤੇ ਦੇ ਗਿਲਾਫ਼ ਚਾੜ੍ਹ ਦਿੱਤੇ ਤਾਂ ਜੋ ਉਹ ਆਪਣੇ ਸਰੀਰ ਨੂੰ ਛੂਹ ਨਾ ਸਕਣ।" ਇਸ ਤਰ੍ਹਾਂ, ਜਿਵੇਂ ਕੈਮਰਨ ਨੇ 1956 ਦੇ ਖੋਜ ਪੱਤਰ 'ਚ ਪੇਸ਼ ਕੀਤਾ, ਮਰੀਜ਼ ਦੇ ਸਵੈ ਦੇ ਅਕਸ 'ਚ ਖ਼ਲਲ ਪਾ ਦਿੱਤਾ ਗਿਆ।[31] ਹੈੱਬ ਦੇ ਵਿਦਿਆਰਥੀ ਤਾਂ ਸਿਰਫ਼ ਦੋ ਦਿਨ ਹੀ ਗਿਆਨ ਤੋਂ ਵਾਂਝੇ ਰੱਖਣ ਤੋਂ ਭੱਜ ਨਿੱਕਲੇ ਸਨ ਜੋ ਐਨੀ ਘੋਰ ਹਾਲਤ ਵੀ ਨਹੀਂ ਸੀ, ਪਰ ਕੈਮਰਨ ਵਲੋਂ ਆਪਣੇ ਮਰੀਜ਼ਾਂ ਨੂੰ ਹਫ਼ਤਿਆਂ ਬੱਧੀ ਇੱਥੇ ਬੰਦ ਰੱਖਿਆ ਗਿਆ। ਇਨ੍ਹਾਂ ਵਿਚੋਂ ਇਕ ਨੂੰ ਤਾਂ ਪੈਂਤੀ ਦਿਨ ਇਕੱਲਤਾ ਕੋਠੜੀ 'ਚ ਤਾੜ ਕੇ ਰੱਖਿਆ ਗਿਆ।[32]

ਫੇਰ ਕੈਮਰਨ ਨੇ ਆਪਣੇ ਮਰੀਜ਼ਾਂ ਨੂੰ ਅਖੌਤੀ ਨੀਂਦ-ਘਰ 'ਚ ਰੱਖਿਆ। ਇੱਥੇ ਉਨ੍ਹਾਂ ਦੀਆਂ

ਗਿਆਨ ਇੰਦਰੀਆਂ ਦਾ ਸੰਪਰਕ ਹੋਰ ਵੱਧ ਤੋੜਨ ਲਈ ਨਸ਼ੇ ਦੀਆਂ ਦਵਾਈਆਂ ਦੇ ਕੇ ਵੀਹ ਤੋਂ ਲੈ ਕੇ ਬਾਈ ਘੰਟੇ ਤੱਕ ਨੀਂਦ ਦੀ ਹਾਲਤ 'ਚ ਰੱਖਿਆ ਗਿਆ। ਲਗਾਤਾਰ ਲੰਮੇ ਪਏ ਰਹਿਣ ਨਾਲ ਹੋਣ ਵਾਲੇ ਜ਼ਖ਼ਮਾਂ ਤੋਂ ਬਚਾਅ ਕਰਨ ਲਈ ਹਰ ਦੋ ਘੰਟੇ ਬਾਅਦ ਨਰਸਾਂ ਇਨ੍ਹਾਂ ਨੂੰ ਪਾਸਾ ਦਿਵਾ ਦਿੰਦੀਆਂ। ਸਿਰਫ਼ ਖਾਣਾ ਖਵਾਉਣ ਜਾਂ ਟੱਟੀ-ਪੇਸ਼ਾਬ ਕਰਵਾਉਣ ਲਈ ਹੀ ਇਨ੍ਹਾਂ ਨੂੰ ਉਠਾਇਆ ਜਾਂਦਾ।[33] ਮਰੀਜ਼ਾਂ ਨੂੰ ਇਸ ਹਾਲਤ 'ਚ ਪੰਦਰਾਂ ਤੋਂ ਤੀਹ ਦਿਨ ਤੱਕ ਰੱਖਿਆ ਗਿਆ, ਹਾਲਾਂਕਿ ਕੈਮਰਨ ਨੇ ਰਿਪੋਰਟ ਕੀਤੀ ਕਿ "ਕੁਝ ਮਰੀਜ਼ਾਂ ਨੂੰ 65 ਦਿਨ ਲਗਾਤਾਰ ਸੁੱਤੇ ਰੱਖਿਆ ਗਿਆ।"[34] ਹਸਪਤਾਲ ਦੇ ਅਮਲੇ ਨੂੰ ਮਰੀਜ਼ਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਕਿੰਨਾ ਸਮਾਂ ਇਸ ਕਮਰੇ 'ਚ ਰੱਖਿਆ ਜਾਵੇਗਾ ਇਸ ਦੀ ਜਾਣਕਾਰੀ ਦੇਣ ਦੀ ਮਨਾਹੀ ਸੀ। ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਇਸ ਨੀਂਦ ਦੀ ਹਾਲਤ 'ਚੋਂ ਭੱਜ ਨਾ ਸਕੇ, ਕੈਮਰਨ ਮਰੀਜ਼ਾਂ ਦੇ ਇਕ ਗਰੁੱਪ ਨੂੰ Curare ਦਵਾਈ ਦੀਆਂ ਥੋੜ੍ਹੀਆਂ ਥੋੜ੍ਹੀਆਂ ਖੁਰਾਕਾਂ ਦਿੰਦਾ ਰਹਿੰਦਾ ਸੀ। ਇਸ ਨਾਲ ਅਧਰੰਗ ਦੀ ਹਾਲਤ ਬਣ ਜਾਣ ਕਾਰਨ ਮਰੀਜ਼ ਆਪਣੇ ਹੀ ਜਿਸਮਾਂ ਦੇ ਕੈਦੀ ਬਣੇ ਰਹਿੰਦੇ ਸਨ।[35]

1960 ਦੇ ਇਕ ਖੋਜ-ਪੱਤਰ 'ਚ ਕੈਮਰਨ ਨੇ ਕਿਹਾ ਕਿ "ਦੋ ਮੁੱਖ ਫੈਕਟਰ" ਐਸੇ ਹਨ ਜਿਨ੍ਹਾਂ ਨਾਲ ਸਾਡੀ "ਸਮੇਂ ਅਤੇ ਸਥਾਨ ਬਾਰੇ ਜਾਣਕਾਰੀ ਬਰਕਰਾਰ ਰਹਿੰਦੀ ਹੈ।" ਦੂਜੇ ਲਫ਼ਜ਼ਾਂ 'ਚ, ਜਿਨ੍ਹਾਂ ਤੋਂ ਸਾਨੂੰ ਇਹ ਪਤਾ ਲੱਗਦਾ ਰਹਿੰਦਾ ਹੈ ਕਿ ਅਸੀਂ ਕਿੱਥੇ ਹਾਂ ਅਤੇ ਕੌਣ ਹਾਂ। ਇਹ ਦੋ ਤਾਕਤਾਂ ਹਨ : "(ੳ) ਸਾਨੂੰ ਗਿਆਨ ਇੰਦਰੀਆਂ ਰਾਹੀਂ ਲਗਾਤਾਰ ਮਿਲਦੀ ਜਾਣਕਾਰੀ, ਅਤੇ (ਅ) ਸਾਡੀ ਯਾਦਦਾਸ਼ਤ।" ਬਿਜਲੀ ਦੇ ਸਦਮੇ ਦੇ ਕੇ ਕੈਮਰਨ ਨੇ ਯਾਦਦਾਸ਼ਤ ਦਾ ਸਫ਼ਾਇਆ ਕਰ ਦਿੱਤਾ; ਇਕੱਲਤਾ ਕੋਠੜੀਆਂ 'ਚ ਰੱਖ ਕੇ ਉਸ ਨੇ ਗਿਆਨ ਇੰਦਰੀਆਂ ਰਾਹੀਂ ਮਿਲਣ ਵਾਲੀ ਜਾਣਕਾਰੀ ਖ਼ਤਮ ਕਰ ਦਿੱਤੀ। ਉਹ ਇਸ ਗੱਲ 'ਤੇ ਬਜ਼ਿੱਦ ਸੀ ਕਿ ਉਸ ਦੇ ਮਰੀਜ਼ਾਂ ਦੀ ਇਹ ਸੂਝ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ ਕਿ ਉਹ ਕਿਸ ਸਮੇਂ ਅਤੇ ਸਥਾਨ 'ਚ ਮੌਜੂਦ ਹਨ। ਇਹ ਪਤਾ ਲੱਗਣ 'ਤੇ ਕਿ ਉਸ ਦੇ ਮਰੀਜ਼ ਖਾਣਾ ਖਵਾਏ ਜਾਣ ਦੇ ਅਧਾਰ 'ਤੇ ਦਿਨ ਅਤੇ ਵਕਤ ਦਾ ਹਿਸਾਬ ਲਾ ਲੈਂਦੇ ਹਨ, ਕੈਮਰਨ ਨੇ ਲੰਗਰ ਵਾਲਿਆਂ ਨੂੰ ਸਾਰਾ ਕੁਝ ਉਘੜ ਦੁੱਘੜਾ ਕਰ ਦੇਣ ਦਾ ਹੁਕਮ ਦੇ ਦਿੱਤਾ। ਖਾਣੇ ਦਾ ਸਮਾਂ ਬਦਲ ਦਿੱਤਾ ਗਿਆ ਅਤੇ ਨਾਸ਼ਤੇ 'ਚ ਤਰੀ ਅਤੇ ਰਾਤ ਦੇ ਖਾਣੇ 'ਚ ਦਲੀਆ ਵਰਤਾਉਣਾ ਸ਼ੁਰੂ ਕਰ ਦਿੱਤਾ ਗਿਆ। ਕੈਮਰਨ ਨੇ ਪੂਰੀ ਤਸੱਲੀ ਨਾਲ ਇਹ ਰਿਪੋਰਟ ਦਿੱਤੀ, "ਇਨ੍ਹਾਂ ਵਕਫ਼ਿਆਂ 'ਚ ਫੇਰ-ਬਦਲ ਕਰਕੇ ਅਤੇ ਸਮੇਂ ਅਨੁਸਾਰ ਦਿੱਤੇ ਜਾਂਦੇ ਖਾਣੇ ਦੀ ਸੂਚੀ ਉਲਟਾ ਕੇ ਅਸੀਂ ਸਮੇਂ ਦਾ ਹਿਸਾਬ ਲਾਉਣ ਦਾ ਇਹ ਔਖ ਵੀ ਮੁਕਾ ਦਿੱਤਾ।" ਫੇਰ ਵੀ ਉਸ ਨੇ ਦੇਖਿਆ ਕਿ ਉਸ ਦੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਇਕ ਮਰੀਜ਼ ਨੇ ਹਵਾਈ ਜਹਾਜ਼ ਦੀ "ਬਹੁਤ ਹੀ ਮਧਮ ਗੂੰਜ" ਦਾ ਧਿਆਨ ਰੱਖ ਕੇ ਬਾਹਰੀ ਦੁਨੀਆਂ ਨਾਲ ਰਾਬਤਾ ਬਣਾਈ ਰੱਖਿਆ ਸੀ। ਇਹ ਜਹਾਜ਼ ਰੋਜ਼ਾਨਾ ਨੌਂ ਵਜੇ ਹਸਪਤਾਲ ਦੇ ਉੱਪਰ ਉਡਾਣ ਭਰਦਾ ਸੀ।[36]

ਜਿਹੜਾ ਬੰਦਾ ਤਸੀਹਿਆਂ 'ਚੋਂ ਜਿਊਂਦੇ ਬਚ ਗਏ ਵਿਅਕਤੀਆਂ ਦੀਆਂ ਦਰਦ ਕਹਾਣੀਆਂ ਬਾਰੇ ਜਾਣਦਾ ਹੈ, ਉਸ ਲਈ ਇਹ ਵੇਰਵਾ ਭਿਆਨਕ ਹੈ। ਜਦੋਂ ਕੈਦੀਆਂ ਨੂੰ ਇਹ ਪੁੱਛਿਆ ਜਾਂਦਾ ਹੈ ਕਿ ਉਹ ਮਹੀਨਿਆਂ ਜਾਂ ਸਾਲਾਂ ਦੀ ਇਕੱਲਤਾ ਅਤੇ ਵਹਿਸ਼ੀ ਤਸੀਹਿਆਂ ਦੌਰਾਨ ਕਿਵੇਂ ਬਚੇ ਰਹੇ, ਉਹ ਅਕਸਰ ਹੀ ਦੂਰ-ਦੁਰਾਡੇ ਗਿਰਜਾਘਰਾਂ ਦੀਆਂ ਘੰਟੀਆਂ, ਜਾਂ ਮੁਸਲਮਾਨਾਂ ਦੇ ਨਮਾਜ਼ ਪੜ੍ਹਨ ਜਾਂ ਕਿਸੇ ਨੇੜੇ ਦੇ ਪਾਰਕ 'ਚ ਬੱਚਿਆਂ ਦੇ ਖੇਡ੍ਹਣ ਦੀਆਂ ਆਵਾਜ਼ਾਂ ਦਾ ਜ਼ਿਕਰ ਕਰਦੇ ਹਨ। ਜਦੋਂ ਜ਼ਿੰਦਗੀ ਕਾਲ ਕੋਠੜੀ ਦੀ ਚਾਰ ਦੀਵਾਰੀ ਤੱਕ ਸੁੰਗੜ ਜਾਂਦੀ ਹੈ, ਇਨ੍ਹਾਂ ਬਾਹਰੀ ਆਵਾਜ਼ਾਂ ਦੀ ਤਾਲ ਇਕ ਤਰ੍ਹਾਂ ਜਾਨ ਬਣ ਜਾਂਦੀ ਹੈ, ਇਹ ਸਬੂਤ ਕਿ ਕੈਦੀ ਹਾਲੇ ਵੀ ਇਨਸਾਨ ਹੈ, ਕਿ

ਤਸੀਹਿਆਂ ਤੋਂ ਪਰ੍ਹਾਂ ਵੀ ਇਕ ਦੁਨੀਆਂ ਹੈ। ਉਰੂਗੁਏ ਦੀ ਪਿਛਲੀ ਤਾਨਾਸ਼ਾਹੀ ਦੇ ਤਸੀਹਿਆਂ ਤੋਂ ਜਿਊਂਦੇ ਬਚ ਰਹੇ ਇਕ ਵਿਅਕਤੀ ਨੇ ਵਹਿਸ਼ੀ ਤਸੀਹਿਆਂ ਦੀ ਤਸਵੀਰ ਖਿੱਚਦਿਆਂ ਦੱਸਿਆ ਸੀ, "ਚਾਰ ਵਾਰ ਮੈਂ ਕਾਲ ਕੋਠੜੀ ਤੋਂ ਬਾਹਰ ਸੂਰਜ ਚੜ੍ਹਨ ਸਮੇਂ ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਸੁਣੀਆਂ—ਇਸ ਤਰ੍ਹਾਂ ਮੈਨੂੰ ਪਤਾ ਲੱਗ ਗਿਆ ਕਿ ਚਾਰ ਦਿਨ ਹੋ ਗਏ ਹਨ।"[37] ਐਲਨ ਯਾਦਗਾਰੀ ਸੰਸਥਾ ਦੇ ਭੋਰੇ 'ਚ ਜਿਹੜੀ ਗੁੰਮਨਾਮ ਔਰਤ ਘੁੱਪ-ਹਨੇਰੇ, ਨਸ਼ੀਲੀਆਂ ਦਵਾਈਆਂ ਅਤੇ ਕਰੰਟ ਲਗਾਏ ਜਾਣ ਦੇ ਧੁੰਦਲਕੇ 'ਚ ਹਵਾਈ ਜਹਾਜ਼ ਦੇ ਇੰਜਣ ਦੀ ਗੂੰਜ ਸੁਣਨ ਲਈ ਖੌਝਲਦੀ ਰਹਿੰਦੀ ਸੀ, ਉਸ ਦਾ ਇਕ ਡਾਕਟਰ ਦੀ ਨਿਗਰਾਨੀ ਹੇਠ ਇਲਾਜ ਨਹੀਂ ਹੋ ਰਿਹਾ ਸੀ; ਅਸਲ ਵਿਚ ਉਹ ਤਸੀਹੇ ਭੋਗ ਰਹੀ ਕੈਦਣ ਸੀ।

ਇਸ ਦੇ ਬਹੁਤ ਸਾਰੇ ਜ਼ੋਰਦਾਰ ਸੰਕੇਤ ਹਨ ਕਿ ਕੈਮਰਨ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਤਸੀਹਿਆਂ ਦੇ ਹਾਲਾਤ ਦੇ ਤਜਰਬੇ ਕਰ ਰਿਹਾ ਹੈ ਅਤੇ ਕੱਟੜ ਕਮਿਊਨਿਸਟ ਵਿਰੋਧੀ ਵਜੋਂ ਉਸ ਨੂੰ ਇਹ ਸੋਚ ਕੇ ਸਕੂਨ ਮਿਲਦਾ ਸੀ ਕਿ ਉਸ ਦੇ ਮਰੀਜ਼ (ਕਮਿਊਨਿਸਟ ਵਿਰੋਧੀ) ਠੰਢੀ ਜੰਗ ਦੇ ਉੱਦਮ ਦਾ ਹਿੱਸਾ ਹਨ। 1955 'ਚ ਇਕ ਪ੍ਰਸਿੱਧ ਰਸਾਲੇ ਨਾਲ ਗੱਲਬਾਤ 'ਚ ਉਸ ਨੇ ਆਪਣੇ ਮਰੀਜ਼ਾਂ ਦਾ ਮੁਕਾਬਲਾ ਤਸੀਹਿਆਂ ਦਾ ਸਾਹਮਣਾ ਕਰ ਰਹੇ ਜੰਗੀ ਕੈਦੀਆਂ ਨਾਲ ਕਰਦਿਆਂ ਕਿਹਾ ਸੀ ਕਿ ਉਹ "ਕਮਿਊਨਿਸਟਾਂ ਦੇ ਕੈਦੀਆਂ ਵਾਂਗ (ਇਲਾਜ ਦਾ) ਵਿਰੋਧ ਕਰਦੇ ਸਨ ਅਤੇ ਇਸ ਲਈ ਵਿਰੋਧ ਨੂੰ ਖ਼ਤਮ ਕਰਨਾ ਹੀ ਪੈਣਾ ਸੀ"।[38] ਇਕ ਸਾਲ ਬਾਅਦ ਉਸ ਨੇ ਲਿਖਿਆ ਕਿ ਮਨ ਦੀ ਬਣਤਰ ਨੂੰ ਤੋੜਨ ਦਾ ਅਸਲ ਮਕਸਦ "ਬਚਾਅ ਕਰਨ ਦੀ ਜੱਦੋਜਹਿਦ ਨੂੰ 'ਹੰਭਾ ਦੇਣਾ' ਸੀ।"। ਉਸ ਨੇ ਟਿੱਪਣੀ ਕੀਤੀ ਕਿ "ਲਗਾਤਾਰ ਸਖ਼ਤੀ ਨਾਲ ਤਫ਼ਤੀਸ਼ ਕਰਕੇ ਬੰਦੇ ਨੂੰ ਬਕਾਉਣਾ ਵੀ ਇਸੇ ਤਰ੍ਹਾਂ ਦਾ ਅਮਲ ਹੈ।"[39] 1960 'ਚ ਕੈਮਰਨ ਗਿਆਨ ਤੋਂ ਵਾਂਝੇ ਰੱਖਣ ਦੀ ਖੋਜ ਬਾਰੇ ਨਾ ਸਿਰਫ਼ ਹੋਰ ਮਨੋਰੋਗ ਡਾਕਟਰਾਂ ਨੂੰ ਸਗੋਂ ਫ਼ੌਜੀ ਸਰੋਤਿਆਂ ਨੂੰ ਭਾਸ਼ਣ ਦੇ ਰਿਹਾ ਸੀ। ਟੈਕਸਾਸ ਵਿਚ ਹਵਾਈ ਫ਼ੌਜ ਦੇ ਬਰੁਕਸ ਅੱਡੇ ਵਿਖੇ ਗੱਲਬਾਤ ਦੌਰਾਨ ਉਸ ਨੇ ਇਹ ਦਾਅਵਾ ਨਹੀਂ ਕੀਤਾ ਕਿ ਉਹ ਮਾਨਸਿਕ ਖਿੰਡਾਅ ਦੇ ਮਰੀਜ਼ਾਂ ਦਾ ਇਲਾਜ ਕਰ ਰਿਹਾ ਸੀ। ਅਸਲ ਵਿਚ ਉਸ ਨੇ ਇਹ ਮੰਨਿਆ ਕਿ ਗਿਆਨ ਤੋਂ ਵਾਂਝਾ ਕਰ ਦੇਣ ਨਾਲ "ਮਾਨਸਿਕ ਖਿੰਡਾਅ ਦੇ ਮੂਲ ਲੱਛਣ ਪੈਦਾ ਹੋ ਜਾਂਦੇ ਹਨ।"—ਜਿਵੇਂ ਮਨੋ ਭਰਮ, ਘੋਰ ਉਦਾਸੀ, ਹਕੀਕਤ ਨਾਲੋਂ ਟੁੱਟਣਾ।[40] ਭਾਸ਼ਣ ਲਈ ਲਿਖੇ ਨੋਟਾਂ 'ਚ ਉਹ "ਗਿਆਨ ਇੰਦਰੀਆਂ ਉੱਪਰ ਹੱਦੋਂ ਵੱਧ ਬੋਝ" ਰਾਹੀਂ ਇਨ੍ਹਾਂ ਨੂੰ ਗਿਆਨ ਦੇ ਸੋਮਿਆਂ ਤੋਂ ਵਾਂਝੇ ਰੱਖਣ ਦਾ ਜ਼ਿਕਰ ਕਰਦਾ ਹੈ। ਇਹ ਉਸ ਵਲੋਂ ਕਰੰਟ ਲਾਉਣ ਅਤੇ ਟੇਪ ਕੀਤੀਆਂ ਆਵਾਜ਼ਾਂ ਲਗਾਤਾਰ ਦੁਹਰਾਉਂਦੇ ਰਹਿਣ ਦੇ ਢੰਗ ਦੀ ਵਰਤੋਂ ਦਾ ਹਵਾਲਾ ਹੈ—ਅਤੇ ਇਹ ਤਸੀਹਿਆਂ ਦੇ ਦਾਅਪੇਚਾਂ ਵਲ ਇਸ਼ਾਰਾ ਵੀ ਹੈ।[41]

ਕੈਮਰਨ ਦੇ ਖੋਜ ਕਾਰਜ ਲਈ ਸੀ ਆਈ ਏ 1961 ਤੱਕ ਪੈਸਾ ਦਿੰਦੀ ਰਹੀ। ਬਹੁਤ ਸਾਲਾਂ ਤੱਕ, ਇਹ ਪਤਾ ਨਹੀਂ ਲੱਗਿਆ ਕਿ ਅਮਰੀਕੀ ਸਰਕਾਰ ਨੇ ਉਸ ਦੀ ਖੋਜ ਨੂੰ ਕਿਵੇਂ ਵਰਤਿਆ। ਸੱਤਰਵਿਆਂ ਦੇ ਅਖ਼ੀਰ ਅਤੇ ਅੱਸੀਵਿਆਂ 'ਚ, ਜਦੋਂ ਸੀ ਆਈ ਏ ਵਲੋਂ ਇਨ੍ਹਾਂ ਤਜਰਬਿਆਂ ਲਈ ਪੈਸਾ ਦਿੱਤੇ ਜਾਣ ਦੇ ਸਬੂਤ ਸੈਨੇਟ ਦੀ ਸੁਣਵਾਈ ਲਈ ਪੇਸ਼ ਕੀਤੇ ਗਏ ਅਤੇ ਫੇਰ ਸਬੰਧਤ ਮਰੀਜ਼ਾਂ ਨੇ ਏਜੰਸੀ ਵਿਰੁੱਧ ਸਾਂਝਾ ਮੁਕੱਦਮਾ ਕਰ ਦਿੱਤਾ ਅਤੇ ਇਹ ਮੁਕੱਦਮਾ ਅਗਵਾਨੂੰ ਹੋ ਨਿਬੜਿਆ, ਓਦੋਂ ਵੀ ਪੱਤਰਕਾਰਾਂ ਅਤੇ ਸੈਨੇਟ ਮੈਂਬਰਾਂ ਦਾ ਰੁਝਾਨ ਸੀ ਆਈ ਏ ਵਲੋਂ ਪੇਸ਼ ਕੀਤੀ ਇਸ ਵਿਆਖਿਆ ਨੂੰ ਸੱਚ ਮੰਨਣ ਦਾ ਹੀ ਰਿਹਾ ਕਿ ਏਜੰਸੀ ਤਾਂ ਫੜ੍ਹੇ ਜਾਣ ਵਾਲੇ ਅਮਰੀਕੀ ਫ਼ੌਜੀਆਂ ਦਾ ਬਚਾਅ ਕਰਨ ਦੇ ਉਦੇਸ਼ ਨਾਲ ਉਨ੍ਹਾਂ ਦੀ ਪੁਰਾਣੀ ਸੋਚ ਨੂੰ ਖ਼ਤਮ ਕਰਨ ਲਈ ਵਰਤੀਆਂ

ਜਾਣ ਵਾਲੀਆਂ ਤਕਨੀਕਾਂ ਬਾਰੇ ਹੀ ਖੋਜ ਕਰਵਾ ਰਹੀ ਸੀ। ਪ੍ਰੈੱਸ ਦਾ ਬਹੁਤਾ ਧਿਆਨ ਇਨ੍ਹਾਂ ਸਨਸਨੀਖੇਜ਼ ਵੇਰਵਿਆਂ 'ਤੇ ਹੀ ਲੱਗਿਆ ਰਿਹਾ ਕਿ ਸਰਕਾਰ ਤਾਂ ਮਨ ਬਾਰੇ ਤਜਰਬਿਆਂ ਲਈ ਪੈਸਾ ਦੇ ਰਹੀ ਸੀ। ਆਖ਼ਿਰ ਸਕੈਂਡਲ ਨੰਗਾ ਹੋ ਗਿਆ। ਅਸਲ ਵਿਚ, ਇਸ ਦਾ ਵੱਡਾ ਹਿੱਸਾ ਇਹ ਸੀ ਕਿ ਸੀ ਆਈ ਏ ਅਤੇ ਈਵੇਨ ਕੈਮਰਨ ਨੇ ਆਪਣੇ ਤਜਰਬਿਆਂ ਨਾਲ ਇਨਸਾਨਾਂ ਦੀਆਂ ਜ਼ਿੰਦਗੀਆਂ ਬੇਰਹਿਮੀ ਨਾਲ ਤਬਾਹ ਕਰ ਦਿੱਤੀਆਂ ਸਨ ਜਿਸ ਦੀ ਕੋਈ ਵਾਜਬ ਵਜ੍ਹਾ ਨਹੀਂ ਸੀ। ਇਹ ਖੋਜ ਆਪਣੇ ਆਪ 'ਚ ਹੀ ਵਿਅਰਥ ਖੋਜ ਜਾਪਦੀ ਸੀ ਕਿਉਂਕਿ ਹਰ ਕੋਈ ਜਾਣਦਾ ਸੀ ਕਿ ਫ਼ੌਜੀਆਂ ਦੀ ਪਹਿਲੀ ਸੋਚ ਨੂੰ ਖ਼ਤਮ ਕੀਤੇ ਜਾਣ ਦਾ ਸਮਾਂ ਠੰਢੀ ਜੰਗ ਦੀ ਮਿੱਥ ਸੀ। ਆਪਣੇ ਵਲੋਂ ਸੀ ਆਈ ਨੇ ਇਸ ਘਾੜਤ ਨੂੰ ਉਤਸ਼ਾਹਤ ਕਰਨ ਲਈ ਪੂਰਾ ਤਾਣ ਲਾਇਆ—ਕਿਸੇ ਪ੍ਰਸਿੱਧ ਯੂਨੀਵਰਸਿਟੀ ਦੀ ਪ੍ਰਯੋਗਸ਼ਾਲਾ 'ਚ ਤਸੀਹਿਆਂ ਦੀ ਖੋਜ ਲਈ ਪੈਸੇ ਦਿੱਤੇ ਜਾਣ ਦੀ ਬਜਾਏ ਇਹ ਵਿਗਿਆਨ ਦੀਆਂ ਕਾਲਪਨਿਕ ਕਹਾਣੀਆਂ ਵਜੋਂ ਮਖੌਲ ਉਡਾਏ ਜਾਣ ਦੀ ਬਹੁਤੀ ਹੱਕਦਾਰ ਸੀ। .....ਜਦੋਂ ਕੈਮਰਨ ਤੱਕ ਪਹੁੰਚ ਕਰਨ ਵਾਲੇ ਸੀ ਆਈ ਏ ਦੇ ਮਨੋਵਿਗਿਆਨੀ ਜੌਹਨ ਗਿਤਿੰਜ਼ਰ ਨੂੰ ਸੈਨੇਟ ਦੀ ਸਾਂਝੀ ਸੁਣਵਾਈ ਮੂਹਰੇ ਪੇਸ਼ ਹੋ ਕੇ ਇਸ ਦੀ ਪੁਸ਼ਟੀ ਕਰਨ ਲਈ ਮਜਬੂਰ ਕੀਤਾ ਗਿਆ, ਉਸ ਨੇ "ਬੇਵਕੂਫਾਂ ਵਾਲੀ ਗ਼ਲਤੀ.....ਭਿਆਨਕ ਭੁੱਲ" ਕਹਿ ਕੇ ਕੈਮਰਨ ਦੀ ਹਮਾਇਤ ਕੀਤੀ।[42] ਜਦੋਂ ਸੁਣਵਾਈ ਕਰਨ ਵਾਲਿਆਂ ਨੇ ਐੱਮ ਕੇ ਅਲਟਰਾ ਦੇ ਸਾਬਕਾ ਨਿਰਦੇਸ਼ਕ ਸਿਡਨੀ ਗੌਤਲੀਬ ਨੂੰ ਸਪਸ਼ਟੀਕਰਨ ਦੇਣ ਲਈ ਕਿਹਾ ਕਿ ਉਸ ਨੇ ਢਾਈ ਕਰੋੜ ਡਾਲਰ ਦੇ ਪ੍ਰੋਗਰਾਮ ਦੀਆਂ ਫਾਈਲਾਂ ਨਸ਼ਟ ਕਰਨ ਦਾ ਹੁਕਮ ਕਿਉਂ ਦਿੱਤਾ ਸੀ ਤਾਂ ਉਸ ਨੇ ਜਵਾਬ ਦਿੱਤਾ ਕਿ "ਐੱਮ ਕੇ ਅਲਟਰਾ ਪ੍ਰਾਜੈਕਟ ਤੋਂ ਏਜੰਸੀ ਲਈ ਕੋਈ ਕੰਮ ਦੇ ਨਤੀਜੇ ਹਾਸਲ ਨਹੀਂ ਹੋਏ ਸਨ।"[43] ਅੱਸੀਵਿਆਂ ਤੋਂ ਲੈ ਕੇ ਐੱਮ ਕੇ ਅਲਟਰਾ ਦੇ ਜੋ ਵੀ ਪਰਦਾਫਾਸ਼, ਮੁੱਖ ਧਾਰਾ ਦੀ ਪ੍ਰੈੱਸ ਵੱਲੋਂ ਕੀਤੀ ਛਾਣਬੀਣ ਦੇ ਵੇਰਵਿਆਂ ਜਾਂ ਕਿਤਾਬਾਂ 'ਚ ਹੋਇਆ, ਇਨ੍ਹਾਂ ਵਿਚੋਂ ਇਨ੍ਹਾਂ ਤਜਰਬਿਆਂ ਨੂੰ "ਮਨ ਉੱਤੇ ਕਾਬੂ ਪਾਉਣ" ਅਤੇ "ਪੁਰਾਣੀ ਸੋਚ ਨੂੰ ਖ਼ਤਮ ਕਰਨ" ਵਜੋਂ ਹੀ ਬਿਆਨ ਕੀਤਾ ਜਾਂਦਾ ਰਿਹਾ ਹੈ। "ਤਸੀਹੇ" ਲਫ਼ਜ਼ ਕਦੇ ਵੀ ਨਹੀਂ ਵਰਤਿਆ ਗਿਆ।

ਖੌਫ਼ ਦਾ ਵਿਗਿਆਨ

1988 'ਚ, *ਨਿਊ ਯਾਰਕ ਟਾਈਮਜ਼* ਨੇ ਹਾਂਡੂਰਾਸ ਵਿਚ ਤਸੀਹਿਆਂ ਅਤੇ ਕਤਲਾਂ 'ਚ ਅਮਰੀਕਾ ਦੀ ਸ਼ਮੂਲੀਅਤ ਬਾਰੇ ਲੀਹ ਤੋਂ ਹਟਵੀਂ ਰਿਪੋਰਟ ਛਾਪੀ। ਹਾਂਡੂਰਾਸ ਦੀ ਬਦਨਾਮ ਵਹਿਸ਼ੀ ਬਟਾਲੀਅਨ *3-16* ਨਾਲ ਸਬੰਧਤ ਤਫ਼ਤੀਸ਼ੀ ਅਧਿਕਾਰੀ ਫਲੋਰੈਂਸੀਓ ਕੈਬਾਲਿਰੋ ਨੇ *ਟਾਈਮਜ਼* ਨੂੰ ਦੱਸਿਆ ਕਿ ਉਸ ਨੂੰ ਅਤੇ ਉਸ ਨਾਲ ਕੰਮ ਕਰਨ ਵਾਲੇ ਚੌਵੀ ਅਧਿਕਾਰੀਆਂ ਨੂੰ ਸੀ ਆਈ ਏ ਵਲੋਂ ਟੈਕਸਾਸ ਲਿਜਾ ਕੇ ਸਿਖਲਾਈ ਦਿੱਤੀ ਗਈ ਸੀ। "ਉਨ੍ਹਾਂ ਨੇ ਸਾਨੂੰ ਕੈਦੀ ਵਿਅਕਤੀ ਦੇ ਡਰਾਂ ਅਤੇ ਕਮਜ਼ੋਰੀਆਂ ਨੂੰ ਬੁੱਝਣ ਦੇ ਮਨੋਵਿਗਿਆਨਕ ਢੰਗਾਂ ਦੀ ਸਿਖਲਾਈ ਦਿੱਤੀ। ਉਨ੍ਹਾਂ ਨੇ ਸਿਖਾਇਆ ਉਸ ਨੂੰ ਲਗਾਤਾਰ ਖੜ੍ਹਾ ਰੱਖੋ, ਸੌਣ ਨਾ ਦਿਓ, ਨੰਗਾ ਕਰਕੇ ਇਕੱਲਾ ਰੱਖੋ, ਉਸ ਦੀ ਕੋਠੜੀ 'ਚ ਚੂਹੇ ਅਤੇ ਕਾਕਰੋਚ ਛੱਡ ਦਿਓ, ਘਟੀਆ ਖਾਣਾ ਦਿਓ, ਅਤੇ ਮਰੇ ਹੋਏ ਜਾਨਵਰ ਉਸ ਮੂਹਰੇ ਸੁੱਟੋ, ਉਸ ਉੱਪਰ ਠੰਢਾ ਪਾਣੀ ਸੁੱਟਦੇ ਰਹੋ, ਕੋਠੜੀ ਦਾ ਤਾਪਮਾਨ ਘਟਾਉਂਦੇ ਵਧਾਉਂਦੇ ਰਹੋ।" ਇਕ ਤਕਨੀਕ ਦਾ ਜ਼ਿਕਰ ਕਰਨਾ ਉਹ ਭੁੱਲ ਲਿਆ : ਕਰੰਟ ਦੇ ਸਦਮੇ। ਚੌਵੀ ਸਾਲਾ ਕੈਦਣ ਇਨਿਸ ਮੁਰਿਲੋ, ਜਿਸ ਦੀ "ਤਫ਼ਤੀਸ਼" ਕੈਬਾਲਿਰੋ ਅਤੇ ਉਸ ਦੇ ਸਾਥੀ ਅਧਿਕਾਰੀਆਂ ਨੇ ਕੀਤੀ ਸੀ, ਨੇ *ਟਾਈਮਜ਼* ਨੂੰ ਦੱਸਿਆ ਕਿ ਉਸ ਨੂੰ ਐਨੀ ਦਫ਼ਾ ਕਰੰਟ ਲਾਇਆ ਗਿਆ ਕਿ ਉਹ

“ਚੀਕਾਂ ਮਾਰਨ ਲੱਗ ਪਈ ਅਤੇ ਕਰੰਟ ਲੱਗਣ ਨਾਲ ਜ਼ਮੀਨ ’ਤੇ ਡਿਗ ਪਈ। ਚੀਕਾਂ ਤੁਹਾਡਾ ਬਚਾਅ ਕਰ ਦਿੰਦੀਆਂ ਹਨ।” ਉਸ ਨੇ ਦੱਸਿਆ, “ਮੈਨੂੰ ਧੂੰਏਂ ਦਾ ਮੁਸ਼ਕ ਆਇਆ ਅਤੇ ਮੈਂ ਮਹਿਸੂਸ ਕੀਤਾ ਕਿ ਕਰੰਟ ਲਾਏ ਜਾਣ ਵਾਲੀ ਥਾਂ ਲੂਹੀ ਜਾਣ ਕਾਰਨ ਜਲਣ ਹੋ ਰਹੀ ਹੈ। ਉਹ ਕਹਿ ਰਹੇ ਸਨ ਕਿ ਜਦੋਂ ਤੱਕ ਮੈਂ ਪਾਗਲ ਨਹੀਂ ਹੋ ਜਾਂਦੀ ਉਹ ਮੈਨੂੰ ਤਸੀਹੇ ਦਿੰਦੇ ਰਹਿਣਗੇ। ਮੈਨੂੰ ਉਨ੍ਹਾਂ ਦੇ ਬੋਲਾਂ ’ਤੇ ਵਿਸ਼ਵਾਸ ਨਾ ਆਇਆ। ਪਰ ਫੇਰ ਉਨ੍ਹਾਂ ਨੇ ਮੇਰੀਆਂ ਲੱਤਾਂ ਚੌੜੀਆਂ ਕਰਕੇ ਮੇਰੇ ਜਨਣ ਅੰਗਾਂ ਉੱਪਰ ਕਰੰਟ ਲਾਉਣਾ ਸ਼ੁਰੂ ਕਰ ਦਿੱਤਾ।”[44] ਮੁਰਿਲੋ ਨੇ ਇਹ ਵੀ ਦੱਸਿਆ ਕਿ ਕਮਰੇ ’ਚ ਕੋਈ ਹੋਰ ਵੀ ਸੀ; ਕੋਈ ਅਮਰੀਕੀ ਤਸੀਹੇ ਦੇਣ ਵਾਲਿਆਂ ਨੂੰ ਸਵਾਲ ਭੇਜ ਰਿਹਾ ਸੀ ਜਿਸ ਨੂੰ ਬਾਕੀ ਦੇ “ਸ੍ਰੀਮਾਨ ਮਾਈਕ” ਕਹਿੰਦੇ ਸਨ।[45]

ਇਸ ਪਰਦਾਫਾਸ਼ ਦੇ ਸਿੱਟੇ ਵਜੋਂ ਜਾਸੂਸੀ ਬਾਰੇ ਸੈਨੇਟ ਦੀ ਚੋਣਵੀਂ ਕਮੇਟੀ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ, ਜਿੱਥੇ ਸੀ ਆਈ ਏ ਦੇ ਸਹਾਇਕ ਨਿਰਦੇਸ਼ਕ ਰਿਚਰਡ ਸਟੋਲਜ਼ ਨੇ ਪੁਸ਼ਟੀ ਕੀਤੀ ਕਿ “ਕੈਬਾਲਿਰੋ ਸਚਮੁੱਚ ਸੀ ਆਈ ਏ ਵਲੋਂ ਮਨੁੱਖੀ ਜਾਣਕਾਰੀ ਦਾ ਲਾਹਾ ਲੈਣ ਜਾਂ ਤਫ਼ਤੀਸ਼ੀ ਕੋਰਸ ’ਚ ਸ਼ਾਮਲ ਹੋਇਆ ਸੀ।”[46] *ਬਾਲਤੀਮੋਰ ਸਨ* ਅਖ਼ਬਾਰ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਉਹ ਸਮੱਗਰੀ ਹਾਸਲ ਕਰਨ ਲਈ ਦਰਖਾਸਤ ਦਿੱਤੀ ਜੋ ਕੈਬਾਲਿਰੋ ਵਰਗੇ ਅਧਿਕਾਰੀਆਂ ਨੂੰ ਸਿਖਲਾਈ ਦੇਣ ਲਈ ਵਰਤੋਂ ’ਚ ਲਿਆਂਦੀ ਗਈ ਸੀ। ਕਈ ਸਾਲ ਸੀ ਆਈ ਏ ਇਸ ਦੀ ਤਾਮੀਲ ਕਰਨ ਤੋਂ ਨਾਂਹ ਕਰਦੀ ਰਹੀ; ਆਖ਼ਿਰ ਮੁਕੱਦਮੇ ਦੀ ਧਮਕੀ ਦੇ ਦਬਾਅ ਹੇਠ ਅਤੇ ਅਸਲ ਕਹਾਣੀ ਦੇ ਛਪਣ ਤੋਂ ਨੌ ਸਾਲ ਬਾਅਦ, ਸੀ ਆਈ ਏ ਨੇ ਦੁਸ਼ਮਣ ਦੇ ਜਾਸੂਸਾਂ ਤੋਂ ਤਫ਼ਤੀਸ਼ ਨਾਂ ਦੀ ਕਿਤਾਬ ਪੇਸ਼ ਕੀਤੀ। *ਨਿਊ ਯਾਰਕ ਟਾਈਮਜ਼* ਅਨੁਸਾਰ ਇਸ ਦਾ ਸਿਰਲੇਖ “ਕੁਬਾਰਕ ਇਕ ਕੋਡ ਸ਼ਬਦ ਹੈ। ਇਸ ਗੁਪਤ ਸ਼ਬਦ ਦੇ ਦੋ ਹਿੱਸੇ ਹਨ : ਕੇ ਯੂ ਅਤੇ ਬਾਰਕ। ਬਾਰਕ ਉਸ ਸਮੇਂ ਏਜੰਸੀ ਵਲੋਂ ਆਪਣੇ ਲਈ ਵਰਤਿਆ ਕੋਡ ਹੈ।” ਹੋਰ ਤਾਜ਼ਾ ਰਿਪੋਰਟਾਂ ਨੇ ਅੰਦਾਜ਼ਾ ਲਾਇਆ ਹੈ ਕਿ “ਕੇ ਯੂ ਇਕ ਦੇਸ਼ ਜਾਂ ਵਿਸ਼ੇਸ਼ ਗੁਪਤ ਜਾਂ ਲੁਕਵੀਂ ਕਾਰਵਾਈ” ਦਾ “ਕੋਡ ਹੈ।”[47] ਇਹ ਕਿਤਾਬ “ਅਡੋਲ ਰਹਿਣ ਵਾਲਿਆਂ ਤੋਂ ਸਖ਼ਤੀ ਨਾਲ ਤਫ਼ਤੀਸ਼ ਕਰਨ” ਬਾਰੇ 128 ਸਫ਼ੇ ਦੀ ਗੁਪਤ ਨੇਮਾਵਲੀ ਹੈ ਜੋ ਜ਼ਿਆਦਾਤਰ ਐੱਮ ਕੇ ਅਲਟਰਾ ਵਲੋਂ ਕੀਤੀ ਖੋਜ ’ਤੇ ਅਧਾਰਤ ਹੈ। ਇਸ ਉੱਪਰ ਈਵੇਨ ਕੈਮਰਨ ਅਤੇ ਡੋਨਾਲਡ ਹੈੱਬ ਦੇ ਤਜਰਬਿਆਂ ਦੀ ਛਾਪ ਸਾਫ਼ ਪਤਾ ਲੱਗਦੀ ਹੈ। ਇਸ ਵਿਚ ਗਿਆਨ ਇੰਦਰੀਆਂ ਨੂੰ ਗਿਆਨ ਤੋਂ ਵਾਂਝੇ ਕਰਨ ਤੋਂ ਲੈ ਕੇ ਮਾਨਸਿਕ ਦਬਾਅ ਦੇ ਹਾਲਾਤ ਤੱਕ, ਚਿਹਰਾ ਢਕਣ ਤੋਂ ਲੈ ਕੇ ਕਸ਼ਟ ਦੇਣ ਤੱਕ ਸਾਰੇ ਢੰਗ ਦਰਜ ਹਨ। (ਨੇਮਾਵਲੀ ਸ਼ੁਰੂ ’ਚ ਹੀ ਮੰਨ ਕੇ ਚੱਲਦੀ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਦਾਅਪੇਚ ਗ਼ੈਰਕਾਨੂੰਨੀ ਹਨ। ਇਹ ਸਖ਼ਤੀ ਵਰਤਣ ਵਾਲਿਆਂ ਨੂੰ “ਇਨ੍ਹਾਂ ਹਾਲਾਤ ਬਾਰੇ ਸਦਰ ਮੁਕਾਮ ਤੋਂ ਅਗਾਊਂ ਮਨਜ਼ੂਰੀ ਲੈਣ” ਦੀ ਹਦਾਇਤ ਦਿੰਦੀ ਹੈ : 1) ਜੇ ਕੈਦੀ ਦੇ ਜਿਸਮ ਨੂੰ ਨੁਕਸਾਨ ਪਹੁੰਚਾਉਣਾ ਹੋਵੇ, 2) ਜੇ ਜਾਣਕਾਰੀ ਲੈਣ ਲਈ ਮੈਡੀਕਲ, ਰਸਾਇਣਕ, ਜਾਂ ਬਿਜਲੀ ਲਾਉਣ ਦੇ ਢੰਗ ਜਾਂ ਸਮੱਗਰੀ ਵਰਤਣੀ ਹੋਵੇ।”[48]

ਇਸ ਨੇਮਾਵਲੀ ਉੱਪਰ 1963 ਸੰਨ ਦਰਜ ਹੈ। ਇਹ ਐੱਮ ਕੇ ਅਲਟਰਾ ਪ੍ਰੋਗਰਾਮ ਦੇ ਆਖ਼ਰੀ ਸਾਲ ਅਤੇ ਕੈਮਰਨ ਵਲੋਂ ਸੀ ਆਈ ਏ ਦੇ ਪੈਸੇ ਨਾਲ ਕੀਤੇ ਗਏ ਤਜਰਬਿਆਂ ਤੋਂ ਦੋ ਸਾਲ ਬਾਅਦ ਦਾ ਸਮਾਂ ਹੈ। ਨੇਮਾਵਲੀ ਦਾਅਵਾ ਕਰਦੀ ਹੈ ਕਿ ਜੇ ਇਨ੍ਹਾਂ ਤਕਨੀਕਾਂ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਤਫ਼ਤੀਸ਼ ’ਚ ਸਹਿਯੋਗ ਨਾ ਦੇਣ ਵਾਲਾ ਕਾਬੂ ਆ ਹੀ ਜਾਂਦਾ ਹੈ ਅਤੇ “ਉਸ ਦੀ ਵਿਰੋਧ ਕਰਨ ਦੀ ਸਮਰੱਥਾ ਨਸ਼ਟ ਹੋ ਜਾਂਦੀ ਹੈ।” ਇਸ ਤੋਂ ਪਤਾ ਲੱਗਦਾ ਹੈ ਕਿ ਐੱਮ

ਕੇ ਅਲਟਰਾ ਦਾ ਅਸਲ ਮਕਸਦ ਵੀ ਇਹੀ ਸੀ : ਭਾਵ ਵਿਅਕਤੀ ਦੀ ਪਹਿਲੀ ਸੋਚ ਮਿਟਾਉਣਾ ਨਹੀਂ (ਇਹ ਤਾਂ ਪ੍ਰਾਜੈਕਟ ਦਾ ਸਿਰਫ਼ ਦੋਮ ਕਾਰਜ ਸੀ) ਸਗੋਂ "ਤਫ਼ਤੀਸ਼", ਦੂਜੇ ਸ਼ਬਦਾਂ 'ਚ "ਤਸੀਹੇ ਦੇਣ ਸਮੇਂ ਅੜੀਅਲ ਵਿਅਕਤੀਆਂ" ਨੂੰ ਬਕਾਉਣ ਲਈ ਵਿਗਿਆਨਕ ਤੌਰ 'ਤੇ ਪਰਖੇ ਢੰਗ-ਤਰੀਕੇ ਤਿਆਰ ਕਰਨਾ ਸੀ।[49]

ਨੇਮਾਵਲੀ ਦੇ ਪਹਿਲੇ ਸਫ਼ੇ 'ਤੇ ਲਿਖਿਆ ਹੋਇਆ ਹੈ ਕਿ ਇਹ ਸਖ਼ਤੀ ਨਾਲ ਤਫ਼ਤੀਸ਼ ਦੇ ਢੰਗ ਬਿਆਨ ਕਰਨ ਬਾਰੇ ਹੈ ਜੋ "ਇਸ ਵਿਸ਼ੇ ਨਾਲ ਡੂੰਘੇ ਰੂਪ 'ਚ ਜੁੜੇ ਮਾਹਰਾਂ ਵਲੋਂ ਕੀਤੀਆਂ ਵਿਗਿਆਨਕ ਪੜਤਾਲਾਂ ਸਮੇਤ ਵਿਆਪਕ ਖੋਜ" ਉੱਪਰ ਅਧਾਰਤ ਹਨ। ਇਹ ਢੁੱਕਵੇਂ, ਸੋਧੇ ਹੋਏ ਤਸੀਹਿਆਂ ਦੇ ਨਵੇਂ ਯੁੱਗ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਸ 'ਚ ਦਿੱਤੇ ਢੰਗ ਲਹੂ ਲਿੱਬੜੇ, ਅਨਿਸ਼ਚਿਤ ਤਸੀਹੇ ਨਹੀਂ ਹਨ ਜੋ ਸਪੇਨੀ ਫ਼ੌਜ ਵਲੋਂ ਮੁੱਢਲੇ ਸਮਿਆਂ 'ਚ ਤਫ਼ਤੀਸ਼ ਲਈ ਅਪਣਾਏ ਜਾਂਦੇ ਸਨ ਜੋ ਓਦੋਂ ਤੋਂ ਹੀ ਮਿਆਰੀ ਢੰਗ ਚਲਿਆ ਆ ਰਿਹਾ ਹੈ। ਭੂਮਿਕਾ 'ਚ, ਨੇਮਾਵਲੀ ਬਿਆਨ ਕਰਦੀ ਹੈ : "ਖੁਫ਼ੀਆ ਸੇਵਾ ਅੱਜ ਆਪਣੀਆਂ ਸਮੱਸਿਆਵਾਂ ਬਾਰੇ ਢੁੱਕਵਾਂ, ਆਧੁਨਿਕ ਗਿਆਨ ਹਾਸਲ ਕਰਨ ਦੇ ਸਮਰੱਥ ਹੈ। ਇਹ ਅਠਾਰਵੀਂ ਸਦੀ 'ਚ ਖੁਫ਼ੀਆ ਕੰਮ ਕਰਨ ਵਾਲੀ ਸੇਵਾ ਨਾਲੋਂ ਬਹੁਤ ਜ਼ਿਆਦਾ ਲਾਹੇਵੰਦੀ ਹਾਲਤ 'ਚ ਹੈ। .....ਹੁਣ ਬੀਤੇ ਦਹਾਕੇ 'ਚ ਕੀਤੀ ਗਈ ਮਨੋਵਿਗਿਆਨਕ ਖੋਜ ਦਾ ਹਵਾਲਾ ਦਿੱਤੇ ਬਿਨਾ ਤਫ਼ਤੀਸ਼ ਬਾਰੇ ਅਹਿਮ ਵਿਚਾਰ-ਚਰਚਾ ਕਰਨਾ ਸੰਭਵ ਨਹੀਂ ਹੈ।"[50] ਇਸ ਤੋਂ ਅੱਗੇ ਦੱਸਿਆ ਗਿਆ ਹੈ ਕਿ ਗ੍ਰਿਫ਼ਤਾਰ ਵਿਅਕਤੀਆਂ ਦੇ ਵਿਅਕਤਿਤਵ ਨੂੰ ਮਾਨਸਿਕ ਤੌਰ 'ਤੇ ਨਕਾਰਾ ਕਿਵੇਂ ਕੀਤਾ ਜਾਵੇ।

ਨੇਮਾਵਲੀ 'ਚ ਇਕ ਲੰਮਾ ਹਿੱਸਾ ਗਿਆਨ ਇੰਦਰੀਆਂ ਨੂੰ ਜਾਣਕਾਰੀ ਦੇ ਸੰਪਰਕ ਤੋਂ ਵਾਂਝਾ ਕਰਨ ਬਾਰੇ ਸ਼ਾਮਲ ਕੀਤਾ ਗਿਆ ਹੈ ਜੋ "ਮੈਕਗਿਲ ਯੂਨੀਵਰਸਿਟੀ ਵਿਖੇ ਕੀਤੇ ਬਹੁਤ ਸਾਰੇ ਤਜਰਬਿਆਂ" ਦਾ ਜ਼ਿਕਰ ਕਰਦਾ ਹੈ।[51] ਇਸ ਵਿਚ ਬਿਆਨ ਕੀਤਾ ਗਿਆ ਹੈ ਕਿ ਇਕੱਲਤਾ 'ਚ ਰੱਖਣ ਵਾਲੀਆਂ ਕੋਠੜੀਆਂ ਕਿਵੇਂ ਬਣਾਈਆਂ ਜਾਣ। ਨੇਮਾਵਲੀ 'ਚ ਨੋਟ ਹੈ "ਤਫ਼ਤੀਸ਼ ਕੀਤੇ ਜਾਣ ਵਾਲੇ ਵਿਅਕਤੀ ਦੇ ਮਨ ਦਾ ਬਾਹਰੀ ਦੁਨੀਆਂ ਨਾਲੋਂ ਸੰਪਰਕ ਤੋੜ ਕੇ ਉਸ ਦੀਆਂ ਗਿਆਨ ਇੰਦਰੀਆਂ ਨੂੰ ਵਾਂਝਾ ਰੱਖਣ ਨਾਲ ਉਹ ਮੰਦ ਬੁੱਧੀ ਵਾਲੀ ਹਾਲਤ 'ਚ ਚਲਾ ਜਾਂਦਾ ਹੈ ਅਤੇ ਇਹ ਹਾਲਤ ਉਸ ਉੱਪਰ ਹਾਵੀ ਹੋ ਜਾਂਦੀ ਹੈ। ਨਾਲ ਹੀ, ਇਸ ਤਰ੍ਹਾਂ ਦੀ ਤਫ਼ਤੀਸ਼ ਸਮੇਂ ਉਤੇਜਕ ਦਵਾਈਆਂ ਜ਼ਰੀਏ ਮੰਦ ਬੁੱਧੀ 'ਚ ਪਹੁੰਚਿਆ ਵਿਅਕਤੀ ਤਫ਼ਤੀਸ਼ ਕਰਨ ਵਾਲੇ ਨੂੰ ਧਰਮ ਪਿਤਾ ਸਮਝਣ ਲੱਗ ਜਾਂਦਾ ਹੈ।"[52] ਸੂਚਨਾ ਅਧਿਕਾਰ ਕਾਨੂੰਨ ਤਹਿਤ ਦਰਖ਼ਾਸਤ ਦਿੱਤੇ ਜਾਣ ਸਮੇਂ ਇਸ ਨੇਮਾਵਲੀ ਦਾ ਵਿਕਸਤ ਰੂਪ ਵੀ ਪੇਸ਼ ਕੀਤਾ ਗਿਆ, ਜੋ ਪਹਿਲੀ ਵਾਰ ਲਾਤੀਨੀ ਅਮਰੀਕਾ 'ਚ ਇਸਤੇਮਾਲ ਕਰਨ ਲਈ ਛਾਪਿਆ ਗਿਆ ਸੀ। ਨੇਮਾਵਲੀ ਕਹਿੰਦੀ ਹੈ, "ਖਿੜਕੀ ਕੰਧ 'ਚ ਐਨੀ ਉਚਾਈ 'ਤੇ ਲਗਾਓ ਤਾਂ ਜੋ ਚਾਨਣ ਅੰਦਰ ਨਾ ਆ ਸਕੇ।"•[53]

ਹੈੱਬ ਨੂੰ ਐਨ ਇਹੀ ਡਰ ਸਤਾਉਂਦਾ ਸੀ : ਗਿਆਨ ਇੰਦਰੀਆਂ ਨੂੰ ਜਾਣਕਾਰੀ ਤੋਂ ਵਾਂਝੇ ਕਰਨ ਦੇ ਉਸ ਦੇ ਢੰਗਾਂ ਦੀ "ਜ਼ਬਰਦਸਤ ਤਫ਼ਤੀਸ਼ੀ ਤਕਨੀਕਾਂ" ਵਜੋਂ ਕੁਵਰਤੋਂ। ਅਸਲ ਵਿਚ ਕੈਮਰਨ ਦੀ ਮਿਹਨਤ ਅਤੇ ਉਸ ਦਾ "ਸਮਾਂ ਤੇ ਸਥਾਨ ਦੀ ਸੂਝ" ਨੂੰ ਭੰਗ ਕਰਨ ਦਾ ਗੁਰ ਕੁਬਾਰਕ 'ਚ ਦਿੱਤੇ ਫਾਰਮੂਲੇ ਦੀ ਗੁਲੀ ਹੈ। ਨੇਮਾਵਲੀ ਬਹੁਤ ਸਾਰੀਆਂ ਤਕਨੀਕਾਂ ਬਿਆਨ

• 1983 ਵਾਲੀ ਛਾਪ ਸਪਸ਼ਟ ਤੌਰ 'ਤੇ ਸਿਖਲਾਈ ਜਮਾਤਾਂ ਦੇ ਕਮਰੇ 'ਚ ਵਰਤਣ ਲਈ ਹੈ। ਹੱਲ ਕਰਨ ਲਈ ਸਵਾਲਨਾਮੇ ਅਤੇ ਸਹਾਇਤਾ ਲਈ ਚੇਤਾਵਨੀਆਂ ਸ਼ਾਮਲ ਕਰਕੇ ਇਸ ਨੂੰ ਮੁਕੰਮਲ ਬਣਾਇਆ ਗਿਆ ਹੈ। ਜਿਵੇਂ "ਹਰੇਕ ਸੈਸ਼ਨ ਨੂੰ ਤਾਜ਼ਾ ਬੈਟਰੀਆਂ ਨਾਲ ਸ਼ੁਰੂ ਕਰੋ" ਦੀ ਸਲਾਹ।

ਕਰਦੀ ਹੈ ਜੋ ਐਲਨ ਯਾਦਗਾਰੀ ਸੰਸਥਾ ਦੇ ਭੋਰੇ 'ਚ ਮਰੀਜ਼ਾਂ ਨੂੰ ਨਵੇਂ ਸੱਚੇ 'ਚ ਢਾਲਦੇ ਸਮੇਂ ਹੋਰ ਵਿਕਸਤ ਕੀਤੀਆਂ ਗਈਆਂ ਸਨ : "ਅਸੂਲ ਇਹ ਹੈ ਕਿ ਸੈਸ਼ਨਾਂ ਦੀ ਵਿਉਂਤਬੰਦੀ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਘਟਨਾਵਾਂ ਦੀ ਤਰਤੀਬ ਯਾਦ ਰੱਖਣ ਦੀ ਸੂਝ 'ਚ ਗੜਬੜ ਪੈਦਾ ਹੋ ਜਾਵੇ।.....ਕੁਝ ਵਿਅਕਤੀਆਂ ਨੂੰ ਸਮੇਂ 'ਚ ਹੇਰ-ਫੇਰ ਕਰਕੇ, ਘੜੀਆਂ ਨੂੰ ਰੋਕ ਕੇ ਅਤੇ ਇਨ੍ਹਾਂ ਦਾ ਸਮਾਂ ਅੱਗੇ ਕਰਕੇ ਅਤੇ ਉੱਘੜ-ਦੁੱਘੜ ਸਮਿਆਂ 'ਤੇ ਖਾਣਾ ਦੇ ਕੇ ਮੰਦ ਬੁੱਧੀ ਬਣਾਇਆ ਜਾ ਸਕਦਾ ਹੈ—ਹੁਣੇ ਜੋ ਖਾਣਾ ਖਵਾਇਆ ਸੀ ਉਸ ਤੋਂ ਦਸ ਮਿੰਟ ਜਾਂ ਦਸ ਘੰਟੇ ਬਾਅਦ ਖਾਣਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਦਿਨ ਅਤੇ ਰਾਤ ਰਲਗੱਡ ਹੋ ਜਾਂਦੇ ਹਨ।"[54]

ਹੋਰ ਕਿਸੇ ਤਕਨੀਕ ਨਾਲੋਂ ਵੱਧ ਕੁਬਾਰਕ ਦੇ ਲੇਖਕਾਂ ਦਾ ਸਭ ਤੋਂ ਵੱਧ ਧਿਆਨ ਜਿਸ ਪਹਿਲੂ ਨੇ ਖਿੱਚਿਆ ਉਹ ਸੀ ਵਿਅਕਤੀ ਨੂੰ ਮੰਦ ਬੁੱਧੀ ਬਣਾਉਣ ਉੱਪਰ ਧਿਆਨ ਕੇਂਦਰਤ ਕਰਨਾ—ਇਹ ਵਿਚਾਰ ਕਿ ਵਿਅਕਤੀਆਂ ਦੀਆਂ ਗਿਆਨ ਇੰਦਰੀਆਂ ਨੂੰ ਇਸ ਸੂਝ ਤੋਂ ਵਾਂਝੇ ਕਰਨ ਨਾਲ ਕਿ ਉਹ ਕੌਣ ਹਨ ਅਤੇ ਸਮੇਂ ਤੇ ਸਥਾਨ 'ਚ ਕਿੱਥੇ ਮੌਜੂਦ ਹਨ, ਬਾਲਗ ਮਨੁੱਖਾਂ ਨੂੰ ਬੇਵੱਸ ਬੱਚਿਆਂ 'ਚ ਬਦਲਿਆ ਜਾ ਸਕਦਾ ਹੈ, ਜਿਨ੍ਹਾਂ ਦੇ ਮਨ ਐਸੀਆਂ ਕੋਰੀਆਂ ਸਲੇਟਾਂ ਬਣ ਜਾਂਦੇ ਹਨ ਕਿ ਉਹ ਹਰ ਸੁਝਾਅ ਮੰਨਣ ਲੱਗ ਜਾਂਦੇ ਹਨ। ਵਾਰ ਵਾਰ ਲੇਖਕ ਇਸੇ ਵਿਸ਼ੇ ਵੱਲ ਆਉਂਦੇ ਹਨ। "ਤਫ਼ਤੀਸ਼ ਦੀ ਰੁਕਾਵਟ ਨੂੰ ਦੂਰ ਕਰਨ ਲਈ ਵਰਤੀਆਂ ਜਾਂਦੀਆਂ ਕੁਝ ਤਕਨੀਕਾਂ, ਆਮ ਇਕੱਲਤਾ ਤੋਂ ਲੈ ਕੇ ਸੰਮੋਹਨ ਦੀ ਹਾਲਤ ਅਤੇ ਨਸ਼ੀਲੀਆਂ ਦਵਾਈਆਂ ਰਾਹੀਂ ਬੇਹੋਸ਼ੀ ਦਾ ਪੂਰਾ ਸਿਲਸਿਲਾ, ਮਨੁੱਖ ਨੂੰ ਮੰਦ ਬੁੱਧੀ ਬਣਾਉਣ ਦੇ ਅਮਲ ਨੂੰ ਤੇਜ਼ ਕਰਨ ਵਾਲੇ ਲਾਜ਼ਮੀ ਢੰਗ ਹਨ। ਜਿਸ ਵਿਅਕਤੀ ਦੀ ਤਫ਼ਤੀਸ਼ ਕੀਤੀ ਜਾ ਰਹੀ ਹੁੰਦੀ ਹੈ ਜਿਉਂ ਹੀ ਉਹ ਪ੍ਰੋੜ ਹਾਲਤ ਤੋਂ ਮੰਦ ਬੁੱਧੀ 'ਚ ਚਲਿਆ ਜਾਂਦਾ ਹੈ, ਉਸ ਵਲੋਂ ਗ੍ਰਹਿਣ ਕੀਤੇ ਹੋਏ ਜਾਂ ਉਸ ਦੀ ਸ਼ਖਸੀਅਤ ਦਾ ਹਿੱਸਾ ਬਣੇ ਵਿਸ਼ੇਸ਼ ਗੁਣ ਅਲੋਪ ਹੋ ਜਾਂਦੇ ਹਨ।" ਭਾਵ ਜਦੋਂ ਕੈਦੀ ਉਸ ਹਾਲਤ 'ਚ ਚਲਾ ਜਾਂਦਾ ਹੈ ਜਿਸ ਦਾ ਪਿੱਛੇ "ਮਾਨਸਿਕ ਸਦਮਾ" ਜਾਂ "ਉਤੇਜਨਾ 'ਚ ਖੜੋਤ" ਵਜੋਂ ਜ਼ਿਕਰ ਕੀਤਾ ਗਿਆ ਹੈ—ਇਹ ਤਸੀਹੇ ਦੇਣ ਵਾਲੇ ਦੀ ਮਨਭਾਉਂਦੀ ਹਾਲਤ ਹੈ ਜਦੋਂ "ਕੈਦੀ ਸੁਝਾਅ ਵਧੇਰੇ ਗ੍ਰਹਿਣ ਕਰਨ ਅਤੇ ਆਗਿਆ ਦਾ ਪਾਲਣ ਵੱਧ ਕਰਨ ਲੱਗ ਜਾਂਦਾ ਹੈ।"[55]

ਵਿਸਕਾਨਸਿਨ ਯੂਨੀਵਰਸਿਟੀ ਦੇ ਇਤਿਹਾਸਕਾਰ ਐਲਫਰੈੱਡ ਡਬਲਯੂ ਮੈਕਕੌਏ ਦੀ ਕਿਤਾਬ ਹੈ *ਤਸੀਹਿਆਂ ਦਾ ਸਵਾਲ : ਠੰਢੀ ਜੰਗ ਦੇ ਸਮੇਂ ਤੋਂ ਲੈ ਕੇ ਦਹਿਸ਼ਤਵਾਦ ਵਿਰੁੱਧ ਜੰਗ ਤੱਕ ਸੀ ਆਈ ਏ ਦੇ ਤਫ਼ਤੀਸ਼ ਦੇ ਢੰਗ।* ਇਸ ਵਿਚ ਤਫ਼ਤੀਸ਼ ਦੀ ਸ਼ੁਰੂਆਤ ਦੇ ਸਮੇਂ ਤੋਂ ਲੈ ਕੇ ਤਸੀਹਿਆਂ ਦੀਆਂ ਤਕਨੀਕਾਂ ਦੇ ਵਿਕਾਸ ਨੂੰ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ। ਉਹ ਗਿਆਨ ਇੰਦਰੀਆਂ ਨੂੰ ਜਾਣਕਾਰੀ ਤੋਂ ਵਾਂਝਾ ਕਰਨ ਅਤੇ ਇਸ ਪਿੱਛੋਂ ਗਿਆਨ ਇੰਦਰੀਆਂ ਉੱਪਰ ਹੱਦੋਂ ਵੱਧ ਬੋਝ ਪਾਉਣ ਦੇ ਸਦਮੇ ਦੇ ਗੁਰ ਬਾਰੇ ਲਿਖਦਾ ਹੈ ਕਿ ਇਹ "ਤਿੰਨ ਸਦੀਆਂ ਦੌਰਾਨ ਤਸੀਹੇ ਦੇਣ ਦੇ ਜ਼ਾਲਮ ਵਿਗਿਆਨ ਵਿਚ ਪਹਿਲਾ ਅਸਲੀ ਇਨਕਲਾਬ" ਹੈ।[56] ਅਤੇ ਮੈਕਕੌਏ ਅਨੁਸਾਰ 1959ਵਿਆਂ ਵਿਚ ਮੈਕਗਿਲ ਯੂਨੀਵਰਸਿਟੀ 'ਚ ਕੀਤੇ ਗਏ ਤਜਰਬਿਆਂ ਤੋਂ ਬਗ਼ੈਰ ਅਜਿਹਾ ਹੋਣਾ ਸੰਭਵ ਨਹੀਂ ਸੀ। "ਜੇ ਇਸ ਦੇ ਬੇਤੁਕੇ ਜ਼ੁਲਮਾਂ ਨੂੰ ਹਟਾ ਦਿੱਤਾ ਜਾਵੇ ਤਾਂ ਸੀ ਆਈ ਏ ਦੇ ਮਨੋਵਿਗਿਆਨਕ ਤਸੀਹਿਆਂ ਦੇ ਦੋ-ਪੜਾਵੀ ਢੰਗ ਦੀ ਵਿਗਿਆਨਕ ਨੀਂਹ ਡਾ. ਹੈੱਬ ਦੀਆਂ ਪਹਿਲੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਡਾ. ਕੈਮਰਨ ਵਲੋਂ ਕੀਤੇ ਗਏ ਤਜਰਬਿਆਂ ਨਾਲ ਰੱਖੀ ਗਈ।"[57]

ਜਿੱਥੇ ਕਿਤੇ ਵੀ ਕੁਬਾਰਕ ਦੇ ਢੰਗ ਦੀ ਸਿਖਲਾਈ ਦਿੱਤੀ ਗਈ, ਉੱਥੇ ਖ਼ਾਸ ਸਪਸ਼ਟ ਨਮੂਨੇ ਉੱਭਰ ਕੇ ਸਾਹਮਣੇ ਆਏ, ਇਹ ਸਾਰੇ ਸਦਮਾ ਦੇਣ, ਇਸ ਨੂੰ ਡੂੰਘਾ ਕਰਨ ਅਤੇ ਬਰਕਰਾਰ ਰੱਖਣ ਲਈ ਤਿਆਰ ਕੀਤੇ ਹੋਏ ਹਨ। ਜਿਵੇਂ ਕੈਦੀ ਬਣਾਏ ਵਿਅਕਤੀਆਂ ਨੂੰ ਵੱਧ ਤੋਂ ਵੱਧ ਕੁੱਢਰ ਅਤੇ ਬੌਂਦਲਾਊ ਢੰਗ ਨਾਲ, ਦੇਰ ਰਾਤ ਗਏ ਜਾਂ ਸਵੇਰੇ ਸੁਵੱਖਤੇ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਨੇਮਾਵਲੀ ਇਹੀ ਕਰਨ ਲਈ ਕਹਿੰਦੀ ਹੈ। ਤੁਰੰਤ ਉਨ੍ਹਾਂ ਦੇ ਚਿਹਰੇ ਉੱਪਰ ਕੱਪੜਾ ਪਾ ਦਿੱਤਾ ਜਾਂਦਾ ਹੈ ਜਾਂ ਅੱਖਾਂ ਬੰਨ੍ਹ ਦਿੱਤੀਆਂ ਜਾਂਦੀਆਂ ਹਨ, ਅਲਫ਼ ਨੰਗਾ ਕਰਕੇ ਕੁੱਟਮਾਰ ਕੀਤੀ ਜਾਂਦੀ ਹੈ ਅਤੇ ਫੇਰ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ 'ਚ ਗਿਆਨ ਇੰਦਰੀਆਂ ਨੂੰ ਜਾਣਕਾਰੀ ਤੋਂ ਵਾਂਝਾ ਰੱਖਣ ਦੀ ਹਾਲਤ 'ਚ ਸੁੱਟ ਦਿੱਤਾ ਜਾਂਦਾ ਹੈ। ਗੁਆਟੇਮਾਲਾ ਤੋਂ ਲੈ ਕੇ ਹਾਂਡੂਰਾਸ ਤੱਕ, ਵੀਅਤਨਾਮ ਤੋਂ ਲੈ ਕੇ ਇਰਾਨ ਤੱਕ, ਫਿਲਪਾਈਨਜ਼ ਤੋਂ ਲੈ ਕੇ ਚਿੱਲੀ ਤੱਕ, ਕਰੰਟ ਲਾਉਣਾ ਸਰਵ-ਵਿਆਪਕ ਵਰਤਾਰਾ ਹੈ।

ਬੇਸ਼ੱਕ ਇਹ ਸਭ ਕੈਮਰਨ ਜਾਂ ਐੱਮ ਕੇ ਅਲਟਰਾ ਦੇ ਪ੍ਰਭਾਵ ਹੇਠ ਨਹੀਂ ਕੀਤਾ ਗਿਆ। ਤਸੀਹੇ ਸਦਾ ਅਭਿਆਸ ਰਾਹੀਂ ਸੋਧੀ, ਭਾਵ ਸਿੱਖੀ ਹੋਈ ਤਕਨੀਕ ਅਤੇ ਮਨੁੱਖ ਦੀ ਵਹਿਸ਼ੀ ਪ੍ਰਵਿਰਤੀ ਦਾ ਸੁਮੇਲ ਹੁੰਦਾ ਹੈ। ਵਹਿਸ਼ਤ ਸਦਾ ਉੱਥੇ ਹੀ ਢਾਹੀ ਜਾਂਦੀ ਹੈ ਜਿੱਥੇ ਡਰ-ਭੈਅ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਪੰਜਾਹਵਿਆਂ ਦੇ ਅੱਧ 'ਚ, ਅਲਜੀਰੀਆ 'ਚ ਫਰਾਂਸੀਸੀ ਫ਼ੌਜੀਆਂ ਵੱਲੋਂ ਮਨੋਰੋਗ ਡਾਕਟਰਾਂ ਦੀ ਮਦਦ ਨਾਲ ਮੁਕਤੀ ਯੋਧਿਆਂ ਨੂੰ ਬਿਜਲੀ ਦਾ ਕਰੰਟ ਆਮ ਹੀ ਲਾਇਆ ਜਾਂਦਾ ਸੀ।[58] ਇਹ ਫਰਾਂਸੀਸੀ ਫ਼ੌਜ ਦੇ ਮੁਖੀ ਉੱਤਰੀ ਕੈਰੋਲਿਨਾ ਸਥਿਤ ਅਮਰੀਕੀ ਫ਼ੌਜ ਦੇ "ਬਾਗ਼ੀਆਂ ਵਿਰੁੱਧ" ਫੋਰਟ ਬਰੈਗ ਸਕੂਲ 'ਚ ਸੈਮੀਨਾਰ 'ਚ ਸ਼ਾਮਲ ਹੋਏ ਜਿੱਥੇ ਉਨ੍ਹਾਂ ਨੇ ਅਮਰੀਕੀ ਫ਼ੌਜੀ ਸਿੱਖਿਆਰਥੀਆਂ ਨੂੰ ਅਲਜੀਰੀਆ ਦੀਆਂ ਤਕਨੀਕਾਂ ਬਾਰੇ ਸਿਖਲਾਈ ਦਿੱਤੀ।[59] ਪਰ, ਇਹ ਵੀ ਸਪਸ਼ਟ ਹੈ ਕਿ ਕਰੰਟ ਦੇ ਸਦਮੇ ਵੱਡੀ ਮਾਤਰਾ 'ਚ ਵਰਤਣ ਦੇ ਕੈਮਰਨ ਦੇ ਵਿਸ਼ੇਸ਼ ਮਾਡਲ ਨੇ ਸੀ ਆਈ ਏ ਨੂੰ ਪ੍ਰਭਾਵਿਤ ਕੀਤਾ ਸੀ ਜੋ ਸਿਰਫ਼ ਕਸ਼ਟ ਦੇਣ ਲਈ ਹੀ ਨਹੀਂ ਸਗੋਂ ਵਿਅਕਤੀ ਦੀ ਮਾਨਸਿਕ ਬਣਤਰ ਨੂੰ ਮੇਟਣ ਦੇ ਖ਼ਾਸ ਮਕਸਦ ਨਾਲ ਲਾਏ ਜਾਂਦੇ ਸਨ। 1966 'ਚ ਸੀ ਆਈ ਏ ਨੇ ਪੇਜ-ਰੂਸਲ ਮਸ਼ੀਨ ਦੇ ਕੇ ਤਿੰਨ ਮਨੋਰੋਗ ਡਾਕਟਰ ਸਾਏਗੋਂ ਭੇਜੇ ਸਨ। ਇਹ ਕੈਮਰਨ ਦੀ ਕਰੰਟ ਲਾਉਣ ਵਾਲੀ ਮਨਭਾਉਂਦੀ ਮਸ਼ੀਨ ਸੀ। ਇਹ ਐਨੀ ਬੇਰਹਿਮੀ ਨਾਲ ਵਰਤੀ ਗਈ ਕਿ ਇਸ ਨੇ ਬਹੁਤ ਸਾਰੇ ਕੈਦੀ ਮਾਰ ਦਿੱਤੇ। ਮੈਕਕੌਏ ਅਨੁਸਾਰ, "ਅਸਲ ਵਿਚ ਉਹ ਵਿਹਾਰਕ ਹਾਲਾਤ 'ਚ ਇਹ ਪਰਖ ਕਰ ਰਹੇ ਸਨ ਕਿ ਈਵੇਨ ਕੈਮਰਨ ਦੀਆਂ ਮੈਕਗਿਲ ਯੂਨੀਵਰਸਿਟੀ ਵਾਲੀਆਂ "ਮਨ ਨੂੰ ਨਵੇਂ ਸੱਚੇ 'ਚ ਢਾਲਣ" ਦੀਆਂ ਤਕਨੀਕਾਂ ਸਚਮੁੱਚ ਮਨੁੱਖੀ ਵਤੀਰੇ 'ਚ ਬਦਲਾਅ ਲਿਆਉਂਦੀਆਂ ਹਨ ਜਾਂ ਨਹੀਂ।"[60]

ਅਮਰੀਕੀ ਖ਼ੁਫ਼ੀਆ ਅਧਿਕਾਰੀਆਂ ਲਈ ਇਸ ਤਰ੍ਹਾਂ ਦੀ ਵਿਹਾਰਕ ਪਹੁੰਚ ਦੁਰਲੱਭ ਚੀਜ਼ ਸੀ। ਸੱਤਰਵਿਆਂ ਤੋਂ, ਅਮਰੀਕੀ ਏਜੰਟ ਉਸਤਾਦ ਜਾਂ ਸਿਖਲਾਈ ਦੇਣ ਵਾਲੇ ਦੀ ਭੂਮਿਕਾ ਨਿਭਾਉਣ ਲੱਗ ਪਏ। ਉਨ੍ਹਾਂ ਆਪ ਸਿੱਧੀ ਤਫ਼ਤੀਸ਼ ਕਰਨ ਦੀ ਭੂਮਿਕਾ ਨਿਭਾਉਣੀ ਬੰਦ ਕਰ ਦਿੱਤੀ। ਸੱਤਰਵਿਆਂ ਅਤੇ ਅੱਸੀਵਿਆਂ ਦੌਰਾਨ ਕੇਂਦਰੀ ਅਮਰੀਕਾ 'ਚ ਦਿੱਤੇ ਗਏ ਤਸੀਹਿਆਂ ਵਿਚੋਂ ਜਿਹੜੇ ਲੋਕ ਜਿਊਂਦੇ ਬਚ ਗਏ ਉਨ੍ਹਾਂ ਦੀਆਂ ਗਵਾਹੀਆਂ 'ਚ ਥਾਂ ਥਾਂ ਜ਼ਿਕਰ ਮਿਲਦਾ ਹੈ ਕਿ ਤਸੀਹੇ ਦੇਣ ਸਮੇਂ ਅੰਗਰੇਜ਼ੀ ਬੋਲਣ ਵਾਲੇ ਗੁਪਤ ਬੰਦੇ ਕੋਠੜੀ 'ਚ ਆਉਂਦੇ ਜਾਂਦੇ ਰਹਿੰਦੇ ਸਨ ਅਤੇ ਤਫ਼ਤੀਸ਼ ਕਰਨ ਵਾਲਿਆਂ ਨੂੰ ਸਵਾਲ ਸਮਝਾਉਂਦੇ ਜਾਂ ਨੁਕਤੇ ਦੱਸਦੇ ਸਨ। ਜਿਸ ਅਮਰੀਕੀ ਸਾਧਵੀ ਡਿਆਨਾ ਔਰਤਿਜ਼ ਨੂੰ 1989 'ਚ ਗੁਆਟੇਮਾਲਾ ਤੋਂ ਅਗਵਾ ਕਰਕੇ ਜੇਲ੍ਹ 'ਚ ਡੱਕਿਆ

ਗਿਆ ਸੀ ਉਸ ਨੇ ਪੁਸ਼ਟੀ ਕੀਤੀ ਕਿ ਜਿਨ੍ਹਾਂ ਬੰਦਿਆਂ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਉਸ ਨੂੰ ਸਿਗਰਟਾਂ ਨਾਲ ਲੂਹਿਆ, ਉਹ ਅਮਰੀਕੀ ਅੰਦਾਜ਼ 'ਚ ਸਪੇਨੀ ਭਾਸ਼ਾ ਬੋਲਦੇ ਇਕ ਬੰਦੇ ਦੇ ਹੁਕਮਾਂ ਦੀ ਤਾਮੀਲ ਕਰਦੇ ਸਨ, ਜਿਸ ਨੂੰ ਉਹ "ਬੌਸ" ਕਹਿ ਕੇ ਬੁਲਾਉਂਦੇ ਸਨ।[61] ਜੈਨੀਫਰ ਹਰਬਰੀ, ਜਿਸ ਦੇ ਪਤੀ ਨੂੰ ਸੀ ਆਈ ਏ ਦੇ ਤਨਖ਼ਾਹੀਏ ਗੁਆਟੇਮਾਲਾ ਅਧਿਕਾਰੀ ਨੇ ਤਸੀਹੇ ਦੇ ਕੇ ਮਾਰਿਆ ਸੀ, ਨੇ ਆਪਣੀ ਅਹਿਮ ਕਿਤਾਬ 'ਸੱਚ, ਤਸੀਹੇ ਅਤੇ ਅਮਰੀਕੀ ਤਰੀਕਾ' ਵਿਚ ਇਨ੍ਹਾਂ ਵਿਚੋਂ ਕਈ ਮਾਮਲੇ ਦਰਜ ਕੀਤੇ ਹਨ।[62]

ਭਾਵੇਂ ਇਨ੍ਹਾਂ ਘਿਣਾਉਣੀਆਂ ਜੰਗਾਂ ਨੂੰ ਵਾਸ਼ਿੰਗਟਨ ਦੀਆਂ ਵੱਖ ਵੱਖ ਸਰਕਾਰਾਂ ਮਨਜ਼ੂਰੀ ਦਿੰਦੀਆਂ ਰਹੀਆਂ, ਫੇਰ ਵੀ ਪ੍ਰਤੱਖ ਕਾਰਨਾਂ ਕਰਕੇ ਇਨ੍ਹਾਂ 'ਚ ਅਮਰੀਕਾ ਦੀ ਭੂਮਿਕਾ ਗੁਪਤ ਰੱਖੀ ਗਈ। ਤਸੀਹੇ, ਚਾਹੇ ਜਿਸਮਾਨੀ ਹੋਣ ਜਾਂ ਮਾਨਸਿਕ, ਸਪਸ਼ਟ ਤੌਰ 'ਤੇ ਜਨੇਵਾ ਕਨਵੈਨਸ਼ਨ ਦੀ ਆਮ ਉਲੰਘਣਾ ਹਨ ਜੋ "ਕਿਸੇ ਵੀ ਤਰ੍ਹਾਂ ਦੇ ਤਸੀਹੇ ਜਾਂ ਬੇਰਹਿਮੀ ਵਰਤਣ" ਉੱਪਰ ਪਾਬੰਦੀ ਲਾਉਂਦੀ ਹੈ। ਨਾਲ ਹੀ ਇਹ ਅਮਰੀਕੀ ਫ਼ੌਜ ਦੇ ਫ਼ੌਜੀ ਨਿਆਂ ਬਾਰੇ ਇਕਸਾਰ ਕੋਡ ਦੀ ਵੀ ਉਲੰਘਣਾ ਹੈ ਜੋ ਕੈਦੀਆਂ ਪ੍ਰਤੀ "ਬੇਰਹਿਮੀ ਵਰਤਣ" ਅਤੇ "ਜਬਰ ਕਰਨ" ਉੱਤੇ ਰੋਕ ਲਾਉਂਦੀ ਹੈ।[63] ਕੁਬਾਰਕ ਨੇਮਾਵਲੀ ਦੇ ਸਫ਼ਾ ਦੋ ਉੱਪਰ ਪਾਠਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਇਸ ਦੀਆਂ ਤਕਨੀਕਾਂ ਨੂੰ ਵਰਤਣ ਸਬੰਧੀ "ਇਹ ਭਾਰੀ ਖ਼ਤਰਾ ਹੁੰਦਾ ਹੈ ਕਿ ਬਾਅਦ 'ਚ ਮੁਕੱਦਮੇਬਾਜ਼ੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।" 1983 ਦੀ ਛਾਪ ਤਾਂ ਹੋਰ ਵੀ ਵਧੇਰੇ ਸਪਸ਼ਟ ਕਹਿੰਦੀ ਹੈ: "ਤਫ਼ਤੀਸ਼ ਦੀ ਸਹਾਇਤਾ ਲਈ ਤਾਕਤ ਦੀ ਵਰਤੋਂ ਕਰਨ, ਮਾਨਸਿਕ ਤਸੀਹੇ ਦੇਣ, ਡਰਾਉਣ-ਧਮਕਾਉਣ, ਜ਼ਲੀਲ ਕਰਨ, ਜਾਂ ਕਿਸੇ ਤਰ੍ਹਾਂ ਦਾ ਪ੍ਰੇਸ਼ਾਨੀ ਪੈਦਾ ਕਰਨ ਵਾਲਾ ਅਤੇ ਅਣਮਨੁੱਖੀ ਵਤੀਰਾ ਅਪਣਾਏ ਜਾਣ ਉੱਪਰ ਕਾਨੂੰਨੀ ਤੌਰ 'ਤੇ ਪਾਬੰਦੀ ਹੈ, ਕੌਮਾਂਤਰੀ ਅਤੇ ਦੇਸ਼ਾਂ ਦੇ ਅੰਦਰ, ਦੋਵਾਂ ਪੱਧਰਾਂ 'ਤੇ।"[64] ਸਿੱਧਾ ਕਹਿਣਾ ਹੋਵੇ ਤਾਂ ਅਮਰੀਕੀ ਜੋ ਸਿਖਾ ਰਹੇ ਸਨ ਗ਼ੈਰਕਾਨੂੰਨੀ ਸੀ, ਅਤੇ ਆਪਣੇ ਸੁਭਾਅ ਪੱਖੋਂ ਇਹ ਗੁਪਤ ਕਾਰਵਾਈ ਸੀ। ਜੇ ਕੋਈ ਪੁੱਛ ਲਵੇ ਤਾਂ ਜਵਾਬ ਸਿੱਧਾ ਹੈ ਅਮਰੀਕੀ ਏਜੰਟ ਤਾਂ ਵਿਕਾਸਸ਼ੀਲ ਦੁਨੀਆਂ ਦੇ ਵਿਦਿਆਰਥੀਆਂ ਨੂੰ ਪੁਲਿਸ ਦੇ ਆਧੁਨਿਕ ਅਤੇ ਪੇਸ਼ੇਵਰ ਢੰਗ ਹੀ ਸਿਖਾ ਰਹੇ ਸਨ—ਇਸ ਕਰਕੇ ਜੇ ਉਨ੍ਹਾਂ ਦੀਆਂ ਜਮਾਤਾਂ ਤੋਂ ਬਾਹਰ "ਜ਼ਿਆਦਤੀਆਂ" ਹੋ ਗਈਆਂ ਤਾਂ ਉਹ ਇਸ ਦੇ ਜ਼ਿੰਮੇਵਾਰ ਨਹੀਂ ਠਹਿਰਾਏ ਜਾ ਸਕਦੇ।

11 ਸਤੰਬਰ 2001 ਨੂੰ ਉਹ ਕੁਝ ਸਾਹਮਣੇ ਆ ਗਿਆ ਜਿਸ ਬਾਰੇ ਲੰਮੇ ਸਮੇਂ ਤੋਂ ਮੁੱਕਰਿਆ ਜਾ ਰਿਹਾ ਸੀ। ਇਹ ਨਾਂਹ ਸਾਰਿਆਂ ਨੂੰ ਸਹੀ ਲੱਗਦੀ ਸੀ। ਜੌੜੇ ਮੀਨਾਰਾਂ ਅਤੇ ਪੈਂਟਾਗਾਨ ਉੱਪਰ ਦਹਿਸ਼ਤਪਸੰਦਾਂ ਦਾ ਹਮਲਾ ਉਸ ਤੋਂ ਵੱਖਰੀ ਤਰ੍ਹਾਂ ਦਾ ਸਦਮਾ ਸੀ ਜਿਸ ਦੀ ਕਲਪਨਾ ਕੁਬਾਰਕ ਨੇਮਾਵਲੀ ਦੇ ਪੰਨਿਆਂ 'ਤੇ ਮਿਲਦੀ ਸੀ। ਪਰ ਇਸ ਦੇ ਪ੍ਰਭਾਵਾਂ 'ਚ ਕਮਾਲ ਦੀ ਸਮਾਨਤਾ ਸੀ : ਘੋਰ ਧੁੰਦੂਕਾਰਾ, ਸਿਰੇ ਦਾ ਭੈਅ ਅਤੇ ਫ਼ਿਕਰਮੰਦੀ ਅਤੇ ਸਮੁੱਚੇ ਸਮਾਜ ਦੀ ਮੌਜੂਦਾ ਸੋਝੀ ਦਾ ਸਿਫ਼ਰ ਹੋ ਜਾਣਾ। ਜਿਵੇਂ ਕੁਬਾਰਕ ਨੇਮਾਵਲੀ ਦਾ ਤਫ਼ਤੀਸ਼ੀ ਅਧਿਕਾਰੀ "ਧਰਮ ਪਿਤਾ" ਹੋਣ ਦਾ ਭਰਮ ਪੈਦਾ ਕਰ ਦਿੰਦਾ ਹੈ, ਉਸੇ ਤਰ੍ਹਾਂ ਬੁਸ਼ ਸਰਕਾਰ ਨੇ ਸਾਰਿਆਂ ਦੇ ਰਖਵਾਲੇ ਮਾਈ-ਬਾਪ ਹੋਣ ਦੀ ਭੂਮਿਕਾ ਨਿਭਾਉਣ ਲਈ ਇਸ ਖੌਫ਼ ਦੀ ਫੁਰਤੀ ਨਾਲ ਵਰਤੋਂ ਕੀਤੀ। ਉਹ "ਵਤਨ" ਅਤੇ ਇਸ ਦੇ ਨਿਤਾਣੇ ਲੋਕਾਂ ਦੀ ਰਾਖੀ ਕਰਨ ਲਈ ਤਿਆਰ ਬੈਠੇ ਸਨ। ਅਮਰੀਕੀ ਨੀਤੀ 'ਚ ਤਬਦੀਲੀ ਦਾ ਸਾਰ-ਤੱਤ ਉੱਪ ਰਾਸ਼ਟਰਪਤੀ ਡਿਕ ਚੈਨੀ ਦੇ ਬਿਆਨ 'ਚ ਦਰਜ ਸੀ ਜੋ ਉਸ ਨੇ "ਮਨਹੂਸ ਪੱਖ" ਬਾਰੇ ਕੰਮ ਕਰਨ ਸਬੰਧੀ ਦਿੱਤਾ ਸੀ। ਇਹ ਇਸ ਸਰਕਾਰ ਵਲੋਂ ਉਨ੍ਹਾਂ ਦਾਅਪੇਚਾਂ ਨੂੰ ਅਪਣਾਏ ਜਾਣ ਦਾ ਸੂਚਕ ਨਹੀਂ ਸੀ ਜਿਨ੍ਹਾਂ ਨੂੰ ਇਸ ਦੇ ਵੱਧ ਮਨੁੱਖਤਾਵਾਦੀ ਪਹਿਲੇ ਹਾਕਮ

ਸ਼ਾਇਦ ਮਾੜਾ ਸਮਝਦੇ ਹੋਣ (ਜਿਵੇਂ ਬਹੁਤ ਸਾਰੇ ਡੈਮੋਕਰੇਟ ਦਾਅਵਾ ਕਰਦੇ ਹਨ, ਉਸੇ ਤਰ੍ਹਾਂ ਦੀ ਦੁਹਾਈ ਦੇ ਕੇ ਜਿਸ ਨੂੰ ਇਤਿਹਾਸਕਾਰ ਗੈਰੀ ਵਿਲਜ਼ ''ਠੇਠ ਚੰਗਿਆਈ'' ਦੀ ਖ਼ਾਸ ਅਮਰੀਕੀ ਮਿਥ ਕਹਿੰਦਾ ਹੈ।)[65] ਖ਼ਾਸ ਵਿਹਾਰਕ ਤਬਦੀਲੀ ਇਹ ਹੋਈ ਸੀ ਕਿ ਜੋ ਪਹਿਲਾਂ ਮੋਹਰਿਆਂ ਰਾਹੀਂ ਕਰਵਾਇਆ ਜਾਂਦਾ ਸੀ, ਜਿਸ ਦੀ ਜਾਣਕਾਰੀ ਨਾ ਹੋਣ ਦਾ ਬਹਾਨਾ ਬਣਾਉਣ ਲਈ ਆਪ ਉਹ ਲੋੜੀਂਦੀ ਵਿੱਥ ਰੱਖ ਕੇ ਚੱਲਦੇ ਸਨ, ਉਹ ਹੁਣ ਸਿੱਧੇ ਰੂਪ 'ਚ ਅਤੇ ਸ਼ਰੇਆਮ ਕੀਤਾ ਜਾਵੇਗਾ।

ਤਸੀਹਿਆਂ 'ਚ ਸ਼ਾਮਲ ਨਾ ਹੋਣ ਦੇ ਸਾਰੇ ਦਾਅਵਿਆਂ ਦੇ ਬਾਵਜੂਦ, ਬੁਸ਼ ਸਰਕਾਰ ਦੀ ਅਸਲ ਕਾਢ ਇਸ ਦਾ ਤਸੀਹਿਆਂ 'ਚ ਸ਼ਾਮਲ ਹੋਣਾ ਹੀ ਹੈ। ਅਮਰੀਕਾ ਵਲੋਂ ਚਲਾਈਆਂ ਜਾਂਦੀਆਂ ਜੇਲ੍ਹਾਂ ਅੰਦਰ ਕੈਦੀਆਂ ਨੂੰ ਅਮਰੀਕੀ ਨਾਗਰਿਕ ਖ਼ੁਦ ਤਸੀਹੇ ਦਿੰਦੇ ਹਨ ਜਾਂ ਕੈਦੀਆਂ ਨੂੰ ਅਮਰੀਕੀ ਹਵਾਈ ਜਹਾਜ਼ਾਂ 'ਚ ਬੈਠਾ ਕੇ ''ਵਿਸ਼ੇਸ਼ ਸਪੁਰਦਗੀ'' ਤਹਿਤ ਹੋਰ ਦੇਸ਼ਾਂ 'ਚ ਆਪ ਛੱਡ ਕੇ ਆਉਂਦੇ ਹਨ। ਬੁਸ਼ ਸਰਕਾਰ ਨੂੰ ਇਹੀ ਚੀਜ਼ ਪਹਿਲੀਆਂ ਸਰਕਾਰਾਂ ਤੋਂ ਵਖਰਿਆਉਂਦੀ ਹੈ : 11 ਸਤੰਬਰ ਤੋਂ ਬਾਅਦ ਇਸ ਨੇ ਸ਼ਰਮ ਦਾ ਪੱਲਾ ਵਗਾਹ ਕੇ ਤਸੀਹੇ ਦੇਣ ਦਾ ਹੱਕ ਮੰਗਿਆ ਕਿਉਂਕਿ ਸਰਕਾਰ ਮੁਜਰਮਾਨਾ ਮੁਕੱਦਮੇਬਾਜ਼ੀ 'ਚ ਫਸ ਸਕਦੀ ਸੀ। ਇਸ ਸਮੱਸਿਆ ਨਾਲ ਨਜਿੱਠਣ ਲਈ ਇਸ ਨੇ ਕਾਨੂੰਨ ਬਦਲ ਦਿੱਤੇ। ਇਸ ਸਬੰਧੀ ਘਟਨਾਵਾਂ ਦਾ ਸਿਲਸਿਲਾ ਜੱਗ ਜ਼ਾਹਿਰ ਹੈ : ਜਾਰਜ ਬੁਸ਼ ਵਲੋਂ ਵਿਸ਼ੇਸ਼ ਅਧਿਕਾਰਾਂ ਨਾਲ ਲੈਸ ਕੀਤੇ ਰੱਖਿਆ ਮੰਤਰੀ ਡੋਨਾਲਡ ਰਮਜ਼ਫੈਲਡ ਨੇ ਐਲਾਨ ਕਰ ਦਿੱਤਾ ਕਿ ਅਫ਼ਗ਼ਾਨਿਸਤਾਨ 'ਚ ਗ੍ਰਿਫ਼ਤਾਰ ਕੀਤੇ ਗਏ ਕੈਦੀ ਜਨੇਵਾ ਕਨਵੈਨਸ਼ਨ ਦੇ ਘੇਰੇ 'ਚ ਨਹੀਂ ਆਉਂਦੇ ਕਿਉਂਕਿ ਉਹ ਜੰਗੀ ਕੈਦੀ ਨਹੀਂ ਸਗੋਂ ''ਦੁਸ਼ਮਣ ਦੇ ਲੜਾਕੇ'' ਹਨ। ਉਸ ਵਕਤ ਵਾਈਟ ਹਾਊਸ ਦੇ ਕਾਨੂੰਨੀ ਸਲਾਹਕਾਰ ਅਲਬਰਟੋ ਗੌਂਜ਼ੇਲਜ਼ ਨੇ ਇਸ ਵਿਚਾਰ ਦੀ ਤਾਈਦ ਕੀਤੀ (ਜਿਸ ਨੂੰ ਬਾਅਦ 'ਚ ਅਮਰੀਕਾ ਦਾ ਅਟਾਰਨੀ ਜਨਰਲ ਬਣਾਇਆ ਗਿਆ)।[66] ਇਸ ਤੋਂ ਅੱਗੇ, ਰਮਜ਼ਫੈਲਡ ਨੇ ਦਹਿਸ਼ਤਵਾਦ ਵਿਰੁੱਧ ਜੰਗ 'ਚ ਇਸਤੇਮਾਲ ਕਰਨ ਲਈ ਤਫ਼ਤੀਸ਼ ਦੀਆਂ ਵਿਸ਼ੇਸ਼ ਵਿਧੀਆਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ 'ਚ ਉਹ ਢੰਗ ਸ਼ਾਮਲ ਸਨ ਜੋ ਸੀ ਆਈ ਏ ਦੀ ਨੇਮਾਵਲੀ 'ਚ ਦਿੱਤੇ ਹੋਏ ਹਨ : ''ਤੀਹ ਦਿਨਾਂ ਤੱਕ ਇਕੱਲਤਾ 'ਚ ਰੱਖਣ ਦੀ ਸਹੂਲਤ ਦੀ ਵਰਤੋਂ'' ''ਚਾਨਣ ਅਤੇ ਆਵਾਜ਼ਾਂ ਸੁਣਨ ਤੋਂ ਪੂਰੀ ਤਰ੍ਹਾਂ ਵਾਂਝਾ ਕਰਨਾ,'' ''ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਇੱਧਰ ਉੱਧਰ ਲਿਜਾਣ ਅਤੇ ਤਫ਼ਤੀਸ਼ ਕਰਨ ਸਮੇਂ ਉਸ ਦਾ ਚਿਹਰਾ ਢੱਕ ਕੇ ਰੱਖਣਾ,'' ''ਨੰਗਾ ਰੱਖਣਾ,'' ''ਮਾਨਸਿਕ ਬੋਝ ਪਾਉਣ ਲਈ ਗ੍ਰਿਫ਼ਤਾਰ ਵਿਅਕਤੀਆਂ ਦੇ ਵਿਅਕਤੀਗਤ ਡਰਾਂ (ਜਿਵੇਂ ਕੁੱਤਿਆਂ ਤੋਂ ਡਰਨਾ) ਦੀ ਵਰਤੋਂ ਕਰਨਾ।''[67] ਵਾਈਟ ਹਾਊਸ ਅਨੁਸਾਰ, ਤਸੀਹਿਆਂ ਉੱਪਰ ਹਾਲੇ ਵੀ ਪਾਬੰਦੀ ਸੀ—ਪਰ ਹੁਣ ਸਿਰਫ਼ ਉਨ੍ਹਾਂ ਨੂੰ ਹੀ ਤਸੀਹੇ ਮੰਨਿਆ ਜਾਵੇਗਾ ਜੇ ਦਿੱਤੇ ਜਾ ਰਹੇ ਕਸ਼ਟ ਗੰਭੀਰ ਸਰੀਰਕ ਸੱਟਾਂ ਦੇ ਕਸ਼ਟ ਦੇ ਬਰਾਬਰ ਤੀਬਰਤਾ ਵਾਲੇ ਹੋਣਗੇ, ਭਾਵ ਜੇ ਕੋਈ ਅੰਗ ਨਕਾਰਾ ਹੋਵੇਗਾ।''•[68] ਇਨ੍ਹਾਂ ਨਵੇਂ ਨੇਮਾਂ ਅਨੁਸਾਰ, ਅਮਰੀਕੀ

• ਕਾਂਗਰਸ ਅਤੇ ਸੈਨੇਟ ਦੇ ਕਾਨੂੰਨ ਘਾੜਿਆਂ ਤੇ ਨਾਲ ਹੀ ਸੁਪਰੀਮ ਕੋਰਟ ਦੇ ਦਬਾਅ ਹੇਠ ਬੁਸ਼ ਸਰਕਾਰ ਕਾਂਗਰਸ ਵਲੋਂ ਫ਼ੌਜੀ ਕਮਿਸ਼ਨ ਐਕਟ 2006 ਨੂੰ ਪ੍ਰਵਾਨਗੀ ਦੇਣ ਸਮੇਂ, ਆਪਣੀ ਪੁਜ਼ੀਸ਼ਨ ਦੀ ਸੁਰ ਕੁਝ ਨਰਮ ਕਰਨ ਲਈ ਮਜਬੂਰ ਹੋ ਗਈ। ਭਾਵੇਂ ਨਵੇਂ ਬਿੱਲ ਦੇ ਨਾਂ ਹੇਠ ਵਾਈਟ ਹਾਊਸ ਨੇ ਦਾਅਵਾ ਕੀਤਾ ਕਿ ਇਸ ਨੇ ਸਾਰੇ ਤਸੀਹਿਆਂ ਦੀ ਵਰਤੋਂ ਛੱਡ ਦਿੱਤੀ ਹੈ, ਪਰ ਇਸ ਨੇ ਬਿੱਲ 'ਚ ਵੱਡੇ ਮਘੋਰੇ ਰੱਖ ਲਏ, ਜਿਨ੍ਹਾਂ ਨਾਲ ਸੀ ਆਈ ਏ ਦੇ ਏਜੰਟਾਂ ਅਤੇ ਖ਼ੁਫ਼ੀਆ ਕੰਮ 'ਚ ਜੁੱਟੇ ਠੇਕੇਦਾਰਾਂ ਨੂੰ ਕੁਬਾਰਕ ਨੇਮਾਵਲੀ ਵਾਲੇ ਢੰਗ ਵਰਤਣ ਦੀ ਖੁੱਲ੍ਹ ਦੇ ਦਿੱਤੀ ਗਈ ਜਿਵੇਂ ਗਿਆਨ ਇੰਦਰੀਆਂ ਨੂੰ ਜਾਣਕਾਰੀ ਤੋਂ ਵਾਂਝਾ ਕਰਨਾ ਅਤੇ ਗਿਆਨ

ਸਰਕਾਰ ਹੁਣ ਉਨ੍ਹਾਂ ਢੰਗਾਂ ਨੂੰ ਵਰਤਣ ਲਈ ਆਜ਼ਾਦ ਸੀ ਜੋ ਇਸ ਨੇ ਗੁਪਤ ਅਤੇ ਮੁੱਕਰਨ ਦੀ ਆੜ ਹੇਠ 1950ਵਿਆਂ 'ਚ ਵਿਕਸਤ ਕੀਤੇ ਸਨ। ਫ਼ਰਕ ਸਿਰਫ਼ ਇਹ ਸੀ ਕਿ ਹੁਣ ਇਸ ਨੂੰ ਮੁਕੱਦਮੇਬਾਜ਼ੀ ਦਾ ਡਰ ਨਾ ਹੋਣ ਕਰਕੇ ਇਹ ਖੁੱਲ੍ਹ ਕੇ ਸਾਹਮਣੇ ਆ ਗਈ ਸੀ। ਇਸ ਕਰਕੇ ਸੀ ਆਈ ਏ ਦੀ ਸਲਾਹਕਾਰ ਸ਼ਾਖਾ, ਸੂਹੀਆ ਵਿਗਿਆਨ ਬੋਰਡ ਨੇ ਫਰਵਰੀ 2006 'ਚ ਇਕ ਰਿਪੋਰਟ ਛਾਪੀ ਜੋ ਰੱਖਿਆ ਵਿਭਾਗ ਦੇ ਹੰਢੇ ਹੋਏ ਤਫ਼ਤੀਸ਼ੀ ਅਧਿਕਾਰੀ ਦੀ ਲਿਖੀ ਹੋਈ ਸੀ। ਇਸ 'ਚ ਸ਼ਰੇਆਮ ਕਿਹਾ ਗਿਆ ਕਿ "ਤਫ਼ਤੀਸ਼ ਕਰਨ 'ਚ ਸ਼ਾਮਲ ਹਰੇਕ ਵਿਅਕਤੀ ਲਈ ਕੁਬਾਰਕ ਨੇਮਾਵਲੀ ਦਾ ਗੌਰ ਨਾਲ ਮੁਤਾਲਿਆ ਕਰਨਾ ਜ਼ਰੂਰੀ ਹੈ।"[69]

ਜਿਹੜੇ ਲੋਕ ਨਵੇਂ ਫ਼ਰਮਾਨ ਨਾਲ ਟੱਕਰ ਲੈਣ ਦਾ ਸਬੱਬ ਬਣੇ ਉਨ੍ਹਾਂ ਵਿਚੋਂ ਇਕ ਸੀ ਅਮਰੀਕੀ ਨਾਗਰਿਕ ਅਤੇ ਮੁਜਰਮ ਗ੍ਰੋਹ ਦਾ ਸਾਬਕਾ ਮੈਂਬਰ ਜੋਸ ਪੈਦਿਲਾ। ਉਸ ਨੂੰ ਸ਼ਿਕਾਗੋ ਦੇ ਓ-ਹੇਅਰ ਹਵਾਈ ਅੱਡੇ ਤੋਂ ਮਈ 2002 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਉੱਪਰ "ਖ਼ਤਰਨਾਕ ਬੰਬ" ਬਣਾਉਣ ਦਾ ਇਰਾਦਾ ਰੱਖਣ ਦਾ ਦੋਸ਼ ਲਾਇਆ ਗਿਆ। ਚਾਰਜਸ਼ੀਟ ਤਿਆਰ ਕਰਕੇ ਅਦਾਲਤ 'ਚ ਪੇਸ਼ ਕਰਨ ਦੀ ਬਜਾਏ ਪੈਦਿਲਾ ਨੂੰ ਦੁਸ਼ਮਣ ਲੜਾਕਿਆਂ ਦੀ ਸ਼੍ਰੇਣੀ 'ਚ ਰੱਖ ਕੇ ਉਸ ਦੇ ਸਾਰੇ ਹੱਕ ਖੋਹ ਲਏ ਗਏ। ਉਸ ਨੂੰ ਦੱਖਣੀ ਕੈਰੋਲਿਨਾ 'ਚ ਅਮਰੀਕੀ ਸਮੁੰਦਰੀ ਫ਼ੌਜ ਦੀ ਚਾਰਲਸਟਨ ਜੇਲ੍ਹ 'ਚ ਲਿਜਾਇਆ ਗਿਆ। ਪੈਦਿਲਾ ਦੱਸਦਾ ਹੈ ਕਿ ਉਸ ਨੂੰ ਐੱਲ ਐੱਸ ਡੀ ਜਾਂ ਪੀ ਸੀ ਪੀ ਦਵਾਈ ਦਿੱਤੀ ਗਈ ਅਤੇ ਉਸ ਨੂੰ ਸੰਵੇਦਨਾ ਤੋਂ ਵਾਂਝੀ ਹਾਲਤ ਦਾ ਬੁਰੀ ਤਰ੍ਹਾਂ ਸ਼ਿਕਾਰ ਬਣਾਇਆ ਗਿਆ। ਉਸ ਨੂੰ ਨਿੱਕੀ ਜਹੀ ਕਾਲ ਕੋਠੜੀ ਵਿਚ ਕੰਧ ਘੜੀ ਜਾਂ ਕੈਲੰਡਰ ਤੋਂ ਵਾਂਝਾ ਰੱਖਿਆ ਗਿਆ। ਜਦੋਂ ਉਸ ਨੂੰ ਕੋਠੜੀ ਤੋਂ ਬਾਹਰ ਕੱਢਿਆ ਜਾਂਦਾ, ਉਸ ਨੂੰ ਜ਼ੰਜੀਰਾਂ 'ਚ ਜਕੜ ਕੇ ਲਿਜਾਇਆ ਜਾਂਦਾ, ਅੱਖਾਂ 'ਤੇ ਕਾਲੀਆਂ ਐਨਕਾਂ ਅਤੇ ਕੰਨਾਂ ਉੱਪਰ ਭਾਰੀ ਹੈੱਡ ਫੋਨ ਲਗਾਏ ਹੁੰਦੇ। ਪੈਦਿਲਾ ਨੂੰ ਇਨ੍ਹਾਂ ਹਾਲਾਤ 'ਚ, 1307 ਦਿਨ ਰੱਖਿਆ ਗਿਆ। ਤਫ਼ਤੀਸ਼ ਕਰਨ ਵਾਲਿਆਂ ਤੋਂ ਬਿਨਾ ਉਸ ਨੂੰ ਕੋਈ ਨਹੀਂ ਮਿਲ ਸਕਦਾ ਸੀ। ਜਦੋਂ ਉਹ ਸਵਾਲ ਪੁੱਛਦੇ ਤਾਂ ਉਸ ਦੀਆਂ ਗਿਆਨ ਇੰਦਰੀਆਂ ਨੂੰ ਤਿੱਖੀ ਰੌਸ਼ਨੀ ਅਤੇ ਕੰਨ ਪਾੜਵੀਂਆਂ ਆਵਾਜ਼ਾਂ ਨਾਲ ਪਾਗਲ ਕਰ ਦਿੰਦੇ।[70]

ਦਸੰਬਰ 2006 'ਚ ਪੈਦਿਲਾ ਨੂੰ ਅਦਾਲਤ 'ਚ ਪੇਸ਼ ਕੀਤੇ ਜਾਣ ਦੀ ਇਜ਼ਾਜਤ ਦਿੱਤੀ ਗਈ, ਹਾਲਾਂਕਿ ਘਾਤਕ ਬੰਬ ਦੇ ਜਿਨ੍ਹਾਂ ਦੋਸ਼ਾਂ ਤਹਿਤ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਉਹ ਵਾਪਸ ਲੈ ਲਏ ਗਏ ਸਨ। ਉਸ ਉੱਪਰ ਦਹਿਸ਼ਤਪਸੰਦਾਂ ਨਾਲ ਸਬੰਧਾਂ ਦਾ ਦੋਸ਼ ਲਾਇਆ ਗਿਆ, ਪਰ ਉਹ ਆਪਣਾ ਬਚਾਅ ਕਰਨ ਦੀ ਹਾਲਤ 'ਚ ਨਹੀਂ ਸੀ। ਮਾਹਰਾਂ ਨੇ ਦੱਸਿਆ ਕਿ ਜਿਨ੍ਹਾਂ ਤਕਨੀਕਾਂ ਦੀ ਵਰਤੋਂ ਕੈਮਰਨ ਆਪਣੇ ਮਰੀਜ਼ਾਂ ਨੂੰ ਮੰਦ ਬੁੱਧੀ ਬਣਾਉਣ ਲਈ ਕਰਦਾ ਸੀ, ਅਜਿਹੀਆਂ ਤਕਨੀਕਾਂ ਨੇ ਉਸ ਦੀ ਜਵਾਨੀ ਤਬਾਹ ਕਰ ਦਿੱਤੀ ਸੀ। ਇਹ ਤਕਨੀਕਾਂ ਇਸੇ

ਇੰਦਰੀਆਂ ਉੱਪਰ ਹੱਦੋਂ ਵੱਧ ਬੋਝ ਪਾਉਣਾ ਅਤੇ ਨਾਲ ਹੀ ਹੋਰ "ਉਸਾਰੂ" ਤਕਨੀਕਾਂ ਜਿਨ੍ਹਾਂ ਵਿਚ ਪਾਣੀ 'ਚ ਡੁਬੋਣਾ ("ਜਲ ਦੀ ਸਵਾਰੀ ਕਰਾਉਣਾ") ਵੀ ਸ਼ਾਮਲ ਹੈ। ਇਸ ਕਾਨੂੰਨ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਬੁਸ਼ ਨੇ ਇਸ ਨਾਲ ਇਕ "ਹਸਤਾਖ਼ਰੀ ਬਿਆਨ" ਜੋੜ ਦਿੱਤਾ ਜਿਸ ਵਿਚ ਇਹ ਹੱਕ ਜਤਾਇਆ ਗਿਆ ਸੀ ਕਿ ਉਹ ਆਪਣੀ ਸਹੂਲਤ ਅਨੁਸਾਰ "ਜਨੇਵਾ ਕਨਵੈਨਸ਼ਨ ਦੇ ਅਰਥਾਂ ਅਤੇ ਇਨ੍ਹਾਂ ਨੂੰ ਲਾਗੂ ਕੀਤੇ ਜਾਣ ਦੀ ਵਿਆਖਿਆ" ਕਰ ਸਕਦੇ ਹਨ। *ਨਿਊ ਯਾਰਕ ਟਾਈਮਜ਼* ਨੇ ਇਸ ਬਾਰੇ ਕਿਹਾ, "ਇਹ ਦੋ ਸੌ ਸਾਲ ਤੋਂ ਵੱਧ ਪੁਰਾਣੀ ਰਵਾਇਤ ਅਤੇ ਕਾਨੂੰਨ ਨੂੰ ਮੁੜ ਲਿਖੇ ਜਾਣ ਦੀ ਇਕ ਤਰਫ਼ਾ ਕਾਰਵਾਈ ਹੈ।"

ਮਕਸਦ ਲਈ ਹੀ ਬਣਾਈਆਂ ਗਈਆਂ ਸਨ। ਉਸ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ, "ਸ਼੍ਰੀਮਾਨ ਪੈਦਿਲਾ ਨੂੰ ਦਿੱਤੇ ਇੰਤਹਾ ਤਸੀਹਿਆਂ ਨੇ ਉਸ ਨੂੰ ਜਿਸਮਾਨੀ ਅਤੇ ਮਾਨਸਿਕ ਤੌਰ 'ਤੇ ਤਬਾਹ ਕਰ ਦਿੱਤਾ ਹੈ। ਸਰਕਾਰ ਨੇ ਉਸ ਦੀ ਹਸਤੀ ਉਸ ਤੋਂ ਖੋਹ ਲਈ ਹੈ।" ਉਸ ਦਾ ਮੁਆਇਨਾ ਕਰਨ ਵਾਲਾ ਮਨੋਰੋਗ ਡਾਕਟਰ ਇਸ ਸਿੱਟੇ 'ਤੇ ਪਹੁੰਚਿਆ ਕਿ "ਉਹ ਆਪਣਾ ਬਚਾਅ ਕਰਨ ਦੀ ਹਾਲਤ 'ਚ ਨਹੀਂ ਰਿਹਾ।"[71] ਜਦਕਿ ਬੁਸ਼ ਵਲੋਂ ਲਗਾਇਆ ਜੱਜ ਇਸੇ 'ਤੇ ਅੜਿਆ ਰਿਹਾ ਕਿ ਉਹ ਮੁਕੱਦਮਾ ਚਲਾਏ ਜਾਣ ਲਈ ਲੋੜੀਂਦਾ ਤੰਦਰੁਸਤ ਹੈ। ਪੈਦਿਲਾ ਦਾ ਮੁਕੱਦਮਾ ਜਨਤਕ ਤੌਰ 'ਤੇ ਚਲਾਏ ਜਾਣ ਕਾਰਨ ਉਸਦਾ ਮਾਮਲਾ ਖ਼ਾਸ ਮਾਮਲਾ ਹੈ। ਅਮਰੀਕਾ ਵਲੋਂ ਚਲਾਈਆਂ ਜਾ ਰਹੀਆਂ ਜੇਲ੍ਹਾਂ 'ਚ ਐਸੇ ਹਜ਼ਾਰਾਂ ਕੈਦੀ ਡੱਕੇ ਹੋਏ ਹਨ। ਉਹ ਪੈਦਿਲਾ ਵਾਂਗ ਅਮਰੀਕੀ ਨਾਗਰਿਕ ਨਹੀਂ ਹਨ। ਉਨ੍ਹਾਂ ਨੂੰ ਵੀ ਅਜਿਹੇ ਤਸੀਹਿਆਂ 'ਚੋਂ ਗੁਜਰਨਾ ਪਿਆ ਪਰ ਕਿਸੇ ਮੁਕੱਦਮੇ ਰਾਹੀਂ ਉਨ੍ਹਾਂ ਦੀ ਕੋਈ ਜਨਤਕ ਜਵਾਬਦੇਹੀ ਨਹੀਂ ਹੋਈ।

ਅਨੇਕਾਂ ਕੈਦੀ ਗੁਆਂਟਾਨਾਮੋ ਜੇਲ੍ਹ 'ਚ ਸੜ ਰਹੇ ਹਨ। ਮਮਦੋਹ ਮਸੀਹ ਨਾਂ ਦਾ ਆਸਟਰੇਲੀਅਨ ਇੱਥੇ ਸੜਦਾ ਰਿਹਾ। ਉਸ ਦਾ ਕਹਿਣਾ ਹੈ ਕਿ "ਗੁਆਂਟਾਨਾਮੋ ਖਾੜੀ ਇਕ ਤਜਰਬਾ ਹੈ.....ਅਤੇ ਇੱਥੇ ਉਹ ਬੰਦੇ ਦੀ ਪਹਿਲੀ ਸੋਚ ਨੂੰ ਮੇਟਣ ਲਈ ਤਜਰਬੇ ਕਰਦੇ ਹਨ।"[72] ਅਸਲ ਵਿਚ ਗੁਆਂਟਾਨਾਮੋ ਤੋਂ ਜਿਹੜੇ ਸਬੂਤ, ਰਿਪੋਰਟਾਂ ਅਤੇ ਤਸਵੀਰਾਂ ਬਾਹਰ ਆਈਆਂ ਹਨ ਉਨ੍ਹਾਂ ਤੋਂ ਲੱਗਦਾ ਹੈ ਜਿਵੇਂ 1950ਵਿਆਂ ਵਾਲੀ ਐਲਨ ਯਾਦਗਾਰੀ ਸੰਸਥਾ ਇੱਥੇ ਕਿਊਬਾ 'ਚ ਆ ਗਈ ਹੈ। ਗ੍ਰਿਫ਼ਤਾਰ ਕਰਦੇ ਸਾਰ ਕੈਦੀਆਂ ਦੇ ਚਿਹਰੇ ਢੱਕ ਕੇ, ਕਾਲੀਆਂ ਐਨਕਾਂ ਲਾ ਕੇ ਅਤੇ ਹਰ ਤਰ੍ਹਾਂ ਦੀ ਆਵਾਜ਼ ਬੰਦ ਕਰਨ ਲਈ ਕੰਨਾਂ ਉੱਪਰ ਵੱਡੇ-ਵੱਡੇ ਹੈੱਡ ਫੋਨ ਲਾ ਕੇ ਗਿਆਨ ਇੰਦਰੀਆਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਤੋਂ ਵਾਂਝੇ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਮਹੀਨਿਆਂ ਬੱਧੀ ਸੁੰਨੀਆਂ ਕੋਠੜੀਆਂ 'ਚ ਡੱਕਿਆ ਜਾਂਦਾ ਹੈ। ਕੈਦੀਆਂ ਨੂੰ ਓਦੋਂ ਹੀ ਬਾਹਰ ਕੱਢਿਆ ਜਾਂਦਾ ਹੈ ਜਦੋਂ ਉਨ੍ਹਾਂ ਦੀਆਂ ਗਿਆਨ ਇੰਦਰੀਆਂ ਨੂੰ ਕੁੱਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ, ਜਗਦੀਆਂ ਬੁੱਝਦੀਆਂ ਰੌਸ਼ਨੀਆਂ ਅਤੇ ਬੱਚਿਆਂ ਦੀਆਂ ਚੀਕਾਂ ਦੀਆਂ ਅਵਾਜ਼ਾਂ ਅਤੇ ਕੰਨ ਪਾੜਵੇਂ ਸੰਗੀਤ ਦੀ ਲਗਾਤਾਰ ਰਿਕਾਰਡਿੰਗ ਸੁਣਾ ਕੇ ਪਾਗਲ ਕਰਨਾ ਹੁੰਦਾ ਹੈ।

ਬਹੁਤੇ ਕੈਦੀਆਂ ਅਨੁਸਾਰ ਇਨ੍ਹਾਂ ਤਕਨੀਕਾਂ ਦੇ ਪ੍ਰਭਾਵ ਜ਼ਿਆਦਾਤਰ ਉਸੇ ਤਰ੍ਹਾਂ ਦੇ ਹਨ ਜੋ ਪੰਜਾਹਵਿਆਂ 'ਚ ਐਲਨ ਸੰਸਥਾ ਦੇ ਮਰੀਜ਼ਾਂ ਉੱਪਰ ਸਾਹਮਣੇ ਆਏ ਸਨ : ਪੂਰੀ ਤਰ੍ਹਾਂ ਮੰਦ ਬੁੱਧੀ ਬਣ ਜਾਣਾ। ਇਕ ਰਿਹਾਅ ਕੀਤੇ ਗਏ ਬਰਤਾਨਵੀ ਨਾਗਰਿਕ ਕੈਦੀ ਨੇ ਆਪਣੇ ਵਕੀਲਾਂ ਨੂੰ ਦੱਸਿਆ ਕਿ ਇਸ ਜੇਲ੍ਹ ਦਾ ਇਕ ਪੂਰਾ ਹਿੱਸਾ, ਡੈਲਟਾ ਬਲਾਕ, "ਘੱਟੋ ਘੱਟ ਪੰਜਾਹ" ਕੈਦੀਆਂ ਲਈ ਰਾਖਵਾਂ ਹੈ ਜੋ ਹਮੇਸ਼ਾ ਲਈ ਮਾਨਸਿਕ ਭਰਮ ਦਾ ਸ਼ਿਕਾਰ ਹੋ ਚੁੱਕੇ ਹਨ।[73] ਐੱਫ ਬੀ ਆਈ ਵਲੋਂ ਇਕ ਚਿੱਠੀ ਪੈਂਟਾਗਾਨ ਨੂੰ ਲਿਖੀ ਗਈ ਸੀ ਜੋ ਹੁਣ ਜਨਤਕ ਕਰਨੀ ਪਈ ਹੈ। ਇਸ ਵਿਚ ਇਕ ਬਹੁਤ ਹੀ ਅਹਿਮ ਕੈਦੀ ਦੀ ਹਾਲਤ ਬਿਆਨ ਕੀਤੀ ਗਈ ਹੈ, ਜਿਸ ਨੂੰ "ਤਿੰਨ ਮਹੀਨੇ ਤੋਂ ਵੱਧ ਸਮਾਂ ਪੂਰੀ ਤਰ੍ਹਾਂ ਸੁੰਨੀ ਹਾਲਤ 'ਚ ਰੱਖਿਆ ਗਿਆ ਸੀ" ਅਤੇ ਉਸ ਦਾ "ਵਤੀਰਾ ਘੋਰ ਮਨੋਵਿਗਿਆਨਕ ਸਦਮੇ ਵਾਲਾ ਹੋ ਗਿਆ ਸੀ (ਉਨ੍ਹਾਂ ਲੋਕਾਂ ਨਾਲ ਗੱਲਾਂ ਕਰਨਾ ਜੋ ਉੱਥੇ ਮੌਜੂਦ ਹੀ ਨਹੀਂ, ਆਵਾਜ਼ਾਂ ਸੁਣਨ ਦਾ ਭਰਮ, ਘੰਟਿਆਂ ਬੱਧੀ ਚਾਦਰ ਓੜ ਕੇ ਕੋਠੜੀ 'ਚ ਗੁੱਛਾ-ਮੁੱਛਾ ਹੋਏ ਰਹਿਣਾ)।"[74] ਅਮਰੀਕੀ ਫ਼ੌਜ ਨਾਲ ਸਬੰਧਤ ਇਕ ਸਾਬਕਾ ਮੌਲਵੀ ਜੇਮਜ਼ ਯੀ, ਜੋ ਗੁਆਂਟਾਨਾਮੋ ਵਿਖੇ ਕੰਮ ਕਰਦਾ ਰਿਹਾ ਸੀ ਅਨੁਸਾਰ ਡੈਲਟਾ ਬਲਾਕ ਦੇ ਕੈਦੀਆਂ 'ਚ ਘੋਰ ਮੰਦ ਬੁੱਧੀ ਦੇ ਟਕਸਾਲੀ ਲੱਛਣ ਦਿਖਾਈ ਦੇ ਰਹੇ ਹਨ। ਉਸ ਨੇ ਦੱਸਿਆ, "ਮੈਂ ਉਨ੍ਹਾਂ ਨਾਲ ਗੱਲਬਾਤ

ਬੰਦ ਕਰ ਦਿੰਦਾ, ਉਹ ਬੱਚਿਆਂ ਵਰਗੀ ਆਵਾਜ਼ 'ਚ ਹੁੰਗਾਰਾ ਭਰਦੇ, ਪੂਰਾ ਬਕੜਵਾਹ ਕਰਦੇ ਰਹਿੰਦੇ। ਉਨ੍ਹਾਂ ਵਿਚੋਂ ਕਈ ਤਾਂ ਬੱਚਿਆਂ ਵਾਲੇ ਗੀਤ ਉੱਚੀ ਉੱਚੀ ਗਾਉਂਦੇ ਰਹਿੰਦੇ, ਇਕੋ ਗੀਤ ਵਾਰ ਵਾਰ ਦੁਹਰਾਈ ਜਾਂਦੇ। ਕੁਝ ਕੈਦੀ ਲੋਹੇ ਦੇ ਮੰਜਿਆਂ 'ਤੇ ਚੜ੍ਹ ਕੇ ਬੱਚਿਆਂ ਵਾਲੀਆਂ ਹਰਕਤਾਂ ਕਰਨ ਲੱਗ ਜਾਂਦੇ। ਇਸ ਤੋਂ ਮੈਨੂੰ ਪਰਬਤ ਬਾਦਸ਼ਾਹ ਨਾਂ ਦੀ ਖੇਡ੍ਹ ਚੇਤੇ ਆ ਜਾਂਦੀ ਸੀ ਜੋ ਮੈਂ ਬਚਪਨ ਵਿਚ ਆਪਣੇ ਭਰਾਵਾਂ ਨਾਲ ਖੇਡ੍ਹਿਆ ਕਰਦਾ ਸੀ।" ਜਨਵਰੀ 2007 'ਚ ਹਾਲਤ ਓਦੋਂ ਹੋਰ ਵਿਗੜ ਗਈ ਜਦੋਂ 165 ਕੈਦੀਆਂ ਨੂੰ ਜੇਲ੍ਹ ਦੇ ਨਵੇਂ ਹਿੱਸੇ, ਛੇਵਾਂ ਕੈਂਪ, ਵਿਚ ਲਿਜਾਇਆ ਗਿਆ ਜਿੱਥੇ ਸੁੰਨੀ ਥਾਂ ਰੱਖਣ ਲਈ ਬਣਾਏ ਲੋਹੇ ਦੇ ਖੋਖਿਆਂ 'ਚ ਮਨੁੱਖਾਂ ਦਾ ਆਪੋ ਵਿਚ ਕਿਸੇ ਤਰ੍ਹਾਂ ਦਾ ਰਾਬਤਾ ਸੰਭਵ ਨਹੀਂ ਸੀ। ਗੁਆਂਟਾਨਾਮੋ ਦੇ ਕੈਦੀਆਂ ਦੀ ਪੈਰਵਾਈ ਕਰਨ ਵਾਲੇ ਵਕੀਲ ਸੈਬਿਨ ਵਿਲੇ ਨੇ ਚੇਤਾਵਨੀ ਦਿੱਤੀ ਸੀ ਕਿ ਜੇ ਇਹੀ ਹਾਲ ਰਿਹਾ, "ਤੁਸੀਂ ਇਸ ਜੇਲ੍ਹ ਨੂੰ ਪਾਗਲਖ਼ਾਨਾ ਬਣਾ ਦਿਓਗੇ।"[75]

ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੇ ਧਿਆਨ ਦਿਵਾਇਆ ਹੈ ਕਿ ਗੁਆਂਟਾਨਾਮੋ ਜੇਲ੍ਹ ਜਿਸ ਤਰ੍ਹਾਂ ਦੀ ਭਿਆਨਕ ਹੈ ਇਹ ਅਸਲ ਵਿਚ ਅਮਰੀਕਾ ਵਲੋਂ ਸਮੁੰਦਰੀ ਇਲਾਕਿਆਂ 'ਚ ਚਲਾਏ ਜਾ ਰਹੇ ਤਫ਼ਤੀਸ਼ੀ ਕੇਂਦਰਾਂ ਵਿਚੋਂ ਸਭ ਤੋਂ ਉਪਯੋਗੀ ਹੈ ਕਿਉਂਕਿ ਇਸ ਉੱਪਰ ਰੈੱਡ ਕਰਾਸ ਅਤੇ ਵਕੀਲਾਂ ਦੀ ਨਿਗਰਾਨੀ ਬਹੁਤ ਘੱਟ ਹੈ। ਬੇਸ਼ੁਮਾਰ ਕੈਦੀ ਦੁਨੀਆਂ ਭਰ 'ਚ ਫੈਲੇ ਇਨ੍ਹਾਂ ਘਿਣਾਉਣੇ ਅੱਡਿਆਂ ਦੇ ਜਾਲ ਵਿਚ ਗੁੰਮ ਹੋ ਜਾਂਦੇ ਹਨ ਜਾਂ ਅਮਰੀਕੀ ਏਜੰਟਾਂ ਨੇ ਵਿਸ਼ੇਸ਼ ਸਪੁਰਦਗੀ ਜ਼ਰੀਏ ਬਦੇਸ਼ਾਂ ਦੀਆਂ ਜੇਲ੍ਹਾਂ ਵਿਚ ਡੱਕ ਦਿੱਤੇ ਹਨ। ਇਨ੍ਹਾਂ ਭਿਆਨਕ ਹਾਲਤਾਂ 'ਚੋਂ ਜਿਹੜੇ ਕੈਦੀ ਬਾਹਰ ਆ ਆਏ ਉਹ ਪੁਸ਼ਟੀ ਕਰਦੇ ਹਨ ਕਿ ਇੱਥੇ ਕੈਦੀਆਂ ਨੂੰ ਕੈਮਰਨ ਤਰਜ਼ ਦੇ ਸਦਮਾ ਦਾਅਪੇਚਾਂ ਦੇ ਪੂਰੇ ਅਸਲ੍ਹਾਖ਼ਾਨੇ ਦਾ ਸੰਤਾਪ ਭੋਗਣਾ ਪੈਂਦਾ ਹੈ।

ਇਤਾਲਵੀ ਪਾਦਰੀ ਹਸਨ ਮੁਸਤਫਾ ਓਸਾਮਾ ਨਾਸਰ ਨੂੰ ਸੀ ਆਈ ਏ ਦੇ ਏਜੰਟਾਂ ਅਤੇ ਇਤਾਲਵੀ ਖ਼ੁਫ਼ੀਆ ਪੁਲਿਸ ਦੇ ਇਕ ਗਰੋਹ ਨੇ ਮਿਲਾਨ ਦੀ ਸੜਕ ਤੋਂ ਅਗਵਾ ਕੀਤਾ ਸੀ। ਬਾਅਦ 'ਚ ਉਸ ਨੇ ਲਿਖਿਆ, "ਕੀ ਹੋ ਰਿਹਾ ਹੈ ਇਹ ਮੈਨੂੰ ਸਮਝ ਨਹੀਂ ਆਇਆ। ਉਹ ਮੇਰੇ ਢਿੱਡ ਅਤੇ ਸਾਰੇ ਜਿਸਮ ਉੱਪਰ ਸੱਟਾਂ ਮਾਰਨ ਲੱਗ ਪਏ। ਉਨ੍ਹਾਂ ਨੇ ਮੇਰਾ ਸਿਰ-ਮੂੰਹ ਚੌੜੀ ਟੇਪ 'ਚ ਪੂਰੀ ਤਰ੍ਹਾਂ ਲਪੇਟ ਦਿੱਤਾ। ਮੇਰੇ ਨੱਕ ਅਤੇ ਮੂੰਹ ਵਾਲੀ ਥਾਂ ਸੁਰਾਖ਼ ਕਰ ਦਿੱਤੇ ਤਾਂ ਜੋ ਸਾਹ ਆਉਂਦਾ ਰਹੇ।" ਉਸ ਨੂੰ ਮਿਸਰ ਲਿਜਾਇਆ ਗਿਆ ਜਿੱਥੇ ਉਸ ਨੂੰ ਐਸੀ ਕਾਲ ਕੋਠੜੀ 'ਚ ਰੱਖਿਆ ਗਿਆ ਜਿੱਥੇ ਚਾਨਣ ਬਿਲਕੁਲ ਨਹੀਂ ਪੁੱਜਦਾ ਸੀ। "ਚੌਦਾਂ ਮਹੀਨੇ ਕਾਕਰੋਚ ਅਤੇ ਚੂਹੇ ਮੇਰੇ ਪਿੰਡੇ 'ਤੇ ਤੁਰੇ ਫਿਰਦੇ ਰਹੇ।" ਨਾਸਿਰ ਫਰਵਰੀ 2007 ਤੱਕ ਮਿਸਰ ਦੀ ਜੇਲ੍ਹ 'ਚ ਸੜਦਾ ਰਿਹਾ ਪਰ ਉਹ ਕਿਸੇ ਤਰ੍ਹਾਂ ਆਪਣੇ ਨਾਲ ਹੋ ਰਹੇ ਘਿਣਾਉਣੇ ਜ਼ੁਲਮਾਂ ਬਾਰੇ ਗਿਆਰਾਂ ਸਫ਼ਿਆਂ ਦੀ ਹੱਥ-ਲਿਖਤ ਬਾਹਰ ਭੇਜਣ 'ਚ ਕਾਮਯਾਬ ਹੋ ਗਿਆ।[76]

ਉਸ ਨੇ ਲਿਖਿਆ ਕਿ ਉਸ ਨੂੰ ਵਾਰ ਵਾਰ ਕਰੰਟ ਲਾ ਕੇ ਤਸੀਹੇ ਦਿੱਤੇ ਗਏ। *ਵਾਸ਼ਿੰਗਟਨ ਪੋਸਟ* ਅਨੁਸਾਰ "ਉਸ ਨੂੰ 'ਵਹੁਟੀ' ਨਾਂ ਦੀ ਲੋਹੇ ਦੀ ਕੁਰਸੀ ਦੀ ਟਿਕਟਿਕੀ ਨਾਲ ਨੂੜ ਦਿੱਤਾ ਗਿਆ ਅਤੇ ਕਰੰਟ ਲਾਉਣ ਵਾਲੇ ਯੰਤਰ ਨਾਲ ਕੋਹਿਆ ਗਿਆ। ਫਿਰ ਉਸ ਨੂੰ ਫਰਸ਼ ਉੱਪਰ ਗਿੱਲੇ ਗੱਦੇ ਨਾਲ ਬੰਨ੍ਹ ਦਿੱਤਾ ਗਿਆ। ਇਕ ਤਫ਼ਤੀਸ਼ੀ ਅਧਿਕਾਰੀ ਉਸ ਦੇ ਮੋਢਿਆਂ ਉੱਪਰ ਲੱਕੜ ਦੀ ਕੁਰਸੀ ਡਾਹ ਕੇ ਬੈਠ ਗਿਆ, ਜਦਕਿ ਦੂਜਾ ਅਧਿਕਾਰੀ ਸਵਿਚ ਦਬਾ ਕੇ ਗੱਦੇ ਦੇ ਸਪਰਿੰਗਾਂ ਰਾਹੀਂ ਕਰੰਟ ਲਾਉਂਦਾ ਰਿਹਾ।"[77] ਐਮਨੈਸਟੀ ਇੰਟਰਨੈਸ਼ਨਲ ਅਨੁਸਾਰ, ਉਸ ਦੇ ਪਤਾਲੂਆਂ 'ਤੇ ਵੀ ਵਾਰ ਵਾਰ ਕਰੰਟ ਲਾਇਆ ਗਿਆ।[78]

ਇਹ ਮੰਨਣ ਦਾ ਹਰ ਕਾਰਨ ਮੌਜੂਦ ਹੈ ਕਿ ਅਮਰੀਕਾ ਵਲੋਂ ਗ੍ਰਿਫ਼ਤਾਰ ਕੀਤੇ ਗਏ ਕੈਦੀਆਂ ਨੂੰ ਕਰੰਟ ਲਾ ਕੇ ਤਸੀਹੇ ਦੇਣ ਦੀਆਂ ਮਿਸਾਲਾਂ ਇਕਾ ਦੁੱਕਾ ਮਿਸਾਲਾਂ ਨਹੀਂ ਹਨ। ਲਗਭਗ ਹਰੇਕ ਵਿਚਾਰ-ਚਰਚਾ ਸਮੇਂ ਇਸ ਤੱਥ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਕੀ ਅਮਰੀਕਾ ਸੱਚੀਉਂ ਤਸੀਹੇ ਦੇ ਰਿਹਾ ਹੈ ਜਾਂ ਸਿਰਫ਼ "ਉਸਾਰੂ ਤਫ਼ਤੀਸ਼" ਕਰ ਰਿਹਾ ਹੈ। ਗੁਆਂਟਾਨਾਮੋ ਦੇ ਇਕ ਕੈਦੀ ਜੁਮਾਹ ਅਲ-ਦੋਸਾਰੀ, ਜਿਸ ਨੇ ਦਰਜਨ ਤੋਂ ਵੱਧ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਨੇ ਆਪਣੇ ਵਕੀਲ ਨੂੰ ਲਿਖਤੀ ਬਿਆਨ ਦਿੱਤਾ ਕਿ ਜਦੋਂ ਉਹ ਕੰਧਾਰ 'ਚ ਅਮਰੀਕਾ ਦੀ ਹਿਰਾਸਤ 'ਚ ਸੀ, "ਤਫ਼ਤੀਸ਼ੀ ਅਧਿਕਾਰੀ ਮੋਬਾਈਲ ਫੋਨ ਵਰਗਾ ਇਕ ਨਿੱਕਾ ਜਿਹਾ ਯੰਤਰ ਲੈ ਕੇ ਆ ਗਿਆ। ਅਸਲ ਵਿਚ ਇਹ ਕਰੰਟ ਲਾਉਣ ਵਾਲਾ ਯੰਤਰ ਸੀ। ਉਸ ਨੇ ਇਸ ਨਾਲ ਮੇਰੇ ਚਿਹਰੇ, ਮੇਰੀ ਪਿੱਠ, ਮੇਰੀਆਂ ਲੱਤਾਂ-ਬਾਹਵਾਂ ਅਤੇ ਗੁਪਤ ਅੰਗਾਂ ਉੱਪਰ ਕਰੰਟ ਲਾਉਣਾ ਸ਼ੁਰੂ ਕਰ ਦਿੱਤਾ।"[79] ਜਰਮਨੀ ਦੇ ਮੁਰਾਤ ਕੁਰਨਾਜ਼ ਨੂੰ ਵੀ ਕੰਧਾਰ 'ਚ ਅਮਰੀਕਾ ਦੀ ਜੇਲ੍ਹ ਅੰਦਰ ਇਸੇ ਤਰ੍ਹਾਂ ਤੇ ਤਸੀਹਿਆਂ ਵਿਚੋਂ ਲੰਘਣਾ ਪਿਆ। "ਇਹ ਮੁੱਢਲਾ ਸਮਾਂ ਸੀ, ਇਸ ਕਰਕੇ ਕੋਈ ਕਾਇਦੇ-ਕਾਨੂੰਨ ਨਹੀਂ ਸਨ। ਇਨ੍ਹਾਂ ਨੂੰ ਕੁਝ ਵੀ ਕਰਨ ਦਾ ਹੱਕ ਸੀ। ਉਹ ਜਦੋਂ ਵੀ ਆਉਂਦੇ ਹਰ ਸਮੇਂ ਸਾਨੂੰ ਕੁਟਾਪਾ ਚਾੜ੍ਹਦੇ ਰਹਿੰਦੇ। ਉਹ ਸਾਨੂੰ ਕਰੰਟ ਲਾਉਂਦੇ ਰਹੇ। ਉਹ ਮੇਰਾ ਸਿਰ ਪਾਣੀ ਵਿਚ ਡਬੋਂਦੇ ਰਹੇ।"[80]

ਸੋਚ ਨੂੰ ਨਵੇਂ ਸਿਰਿਉਂ ਘੜਨ ਦੀ ਅਸਫ਼ਲਤਾ

ਸਾਡੀ ਪਹਿਲੀ ਮੁਲਾਕਾਤ ਦੇ ਅਖ਼ੀਰ 'ਚ, ਮੈਂ ਗੇਲ ਕਾਸਤਨਰ ਨੂੰ ਆਪਣੇ "ਬਿਜਲਈ ਸੁਪਨਿਆਂ" ਬਾਰੇ ਹੋਰ ਵੇਰਵਾ ਦੇਣ ਲਈ ਕਿਹਾ। ਉਸ ਨੇ ਮੈਨੂੰ ਦੱਸਿਆ ਕਿ ਉਸ ਨੂੰ ਅਕਸਰ ਹੀ ਦਵਾਈਆਂ ਦੀ ਘੂਕੀ ਦੌਰਾਨ ਆ ਜਾ ਰਹੇ ਮਰੀਜ਼ਾਂ ਦੀਆਂ ਕਤਾਰਾਂ ਦੇ ਖ਼ਿਆਲ ਆਉਂਦੇ ਸਨ। "ਮੈਨੂੰ ਚੀਕਾਂ ਮਾਰਦੇ, ਕੁਰਲਾਉਂਦੇ, ਹੂੰਗਰ ਮਾਰਦੇ ਅਤੇ ਨਾ-ਨਾ-ਨਾ ਕਹਿੰਦੇ ਬੰਦਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਰਹਿੰਦੀਆਂ। ਉਸ ਕਮਰੇ 'ਚ ਜਾਗ ਖੁੱਲ੍ਹਣ ਦਾ ਮੰਜ਼ਰ ਮੈਨੂੰ ਅੱਜ ਵੀ ਚੇਤੇ ਹੈ। ਮੈਂ ਪਸੀਨੇ ਤੇ ਉਲਟੀਆਂ ਨਾਲ ਲਿੱਬੜੀ ਹੁੰਦੀ ਅਤੇ ਮੇਰਾ ਜੀਅ ਕੱਚਾ-ਕੱਚਾ ਹੋਈ ਜਾਂਦਾ। ਮੈਨੂੰ ਆਪਣਾ ਸਿਰ ਬਹੁਤ ਹੀ ਅਜੀਬ ਕਿਸਮ ਦਾ ਮਹਿਸੂਸ ਹੁੰਦਾ। ਇਸ ਤਰ੍ਹਾਂ ਲੱਗਦਾ ਜਿਵੇਂ ਇਹ ਸਿਰ ਨਹੀਂ, ਕੋਈ ਗੋਲਾ ਹੋਵੇ।" ਇਹ ਬਿਆਨ ਕਰਦੇ ਵਕਤ ਗੇਲ ਅਚਾਨਕ ਕਿਤੇ ਦੂਰ ਪਹੁੰਚ ਗਈ, ਉਹ ਆਪਣੀ ਨੀਲੀ ਕੁਰਸੀ 'ਚ ਧਸ ਗਈ। ਉਸ ਦਾ ਸਾਹ ਸ਼ੁਕਣ ਲੱਗਿਆ। ਉਸ ਨੇ ਪਲਕਾਂ ਬੰਦ ਕਰ ਲਈਆਂ ਅਤੇ ਮੈਂ ਦੇਖ ਸਕਦੀ ਸੀ ਕਿ ਪਲਕਾਂ ਦੇ ਹੇਠ ਉਸ ਦੀਆਂ ਪੁਤਲੀਆਂ ਤੇਜ਼ੀ ਨਾਲ ਕੰਬ ਰਹੀਆਂ ਸਨ। ਉਸ ਨੇ ਆਪਣਾ ਹੱਥ ਆਪਣੀ ਸੱਜੀ ਪੁੜਪੁੜੀ 'ਤੇ ਟਿਕਾ ਲਿਆ ਅਤੇ ਭਾਰੀ ਘੂਕੀ ਵਾਲੀ ਆਵਾਜ਼ 'ਚ ਕਹਿਣ ਲੱਗੀ, "ਮੈਂ ਬੀਤੇ ਨੂੰ ਚੇਤੇ ਕਰ ਰਹੀ ਹਾਂ। ਤੁਸੀਂ ਮੇਰਾ ਧਿਆਨ ਉੱਧਰੋਂ ਹਟਾ ਦਿਓ। ਮੈਨੂੰ ਇਰਾਕ ਬਾਰੇ ਦੱਸੋ—ਮੈਨੂੰ ਦੱਸੋ ਉੱਥੇ ਕਿੰਨਾ ਘਿਣਾਉਣਾ ਵਾਪਰਿਆ।"

ਮੈਂ ਇਸ ਅਜੀਬ ਹਾਲਤ ਲਈ ਢੁੱਕਵੀਂ ਜੰਗ ਦੀ ਕਹਾਣੀ ਪੇਸ਼ ਕਰਨ ਲਈ ਦਿਮਾਗ ਲੜਾਉਣ ਲੱਗੀ ਅਤੇ ਇਰਾਕ ਦੇ ਮਹਿਫੂਜ਼ ਖੇਤਰ ਦੀ ਜ਼ਿੰਦਗੀ ਬਾਰੇ ਮੁਕਾਬਲਤਨ ਸੁਖਾਵਾਂ ਬਿਰਤਾਂਤ ਸੁਣਾਉਣ ਲੱਗ ਪਈ। ਸਹਿਜੇ ਸਹਿਜੇ ਗੇਲ ਦਾ ਚਿਹਰਾ ਤਣਾਅ ਮੁਕਤ ਹੋ ਗਿਆ ਅਤੇ ਉਸ ਨੇ ਡੂੰਘੇ ਸਾਹ ਲੈਣੇ ਸ਼ੁਰੂ ਕਰ ਦਿੱਤੇ। ਉਸ ਦੀਆਂ ਨੀਲੀਆਂ ਅੱਖਾਂ ਇਕ ਵਾਰ ਫੇਰ ਮੇਰੇ 'ਤੇ ਟਿਕ ਗਈਆਂ ਅਤੇ ਉਹ ਕਹਿਣ ਲੱਗੀ, "ਸ਼ੁਕਰੀਆ। ਮੈਂ ਬੀਤੇ ਨੂੰ ਚੇਤੇ ਕਰ ਰਹੀ ਹਾਂ।"

“ਮੈਂ ਜਾਣਦੀ ਹਾਂ।”

“ਤੈਨੂੰ ਕਿਵੇਂ ਪਤੈ ? ”

“ਤੂੰ ਆਪ ਹੀ ਤਾਂ ਮੈਨੂੰ ਦੱਸਿਆ ਸੀ।”

ਉਹ ਅੱਗੇ ਨੂੰ ਝੁਕ ਗਈ ਅਤੇ ਕਾਗਜ਼ ਦੇ ਟੁਕੜੇ ਉੱਪਰ ਕੁਝ ਲਿਖਣ ਲੱਗੀ।

ਉਸ ਸ਼ਾਮ ਗੇਲ ਨੂੰ ਅਲਵਿਦਾ ਕਹਿਣ ਤੋਂ ਬਾਅਦ, ਮੈਂ ਸੋਚਦੀ ਰਹੀ ਕਿ ਜਦੋਂ ਉਸ ਨੇ ਮੈਨੂੰ ਇਰਾਕ ਬਾਰੇ ਪੁੱਛਿਆ ਸੀ ਤਾਂ ਮੈਂ ਉਸ ਨੂੰ ਕਿਹੜੀ ਕਿਹੜੀ ਗੱਲ ਨਹੀਂ ਦੱਸੀ ਸੀ। ਜੋ ਮੈਂ ਉਸ ਨੂੰ ਦੱਸਣਾ ਚਾਹੁੰਦੀ ਸੀ ਪਰ ਦੱਸ ਨਹੀਂ ਸਕੀ ਉਹ ਇਹ ਸੀ ਕਿ ਉਸ ਨੇ ਮੈਨੂੰ ਇਰਾਕ ਦੀ ਹਾਲਤ ਚੇਤੇ ਕਰਵਾ ਦਿੱਤੀ ਸੀ। ਮੈਨੂੰ ਮਹਿਸੂਸ ਹੋਇਆ ਕਿ ਸਦਮੇ ਦੀ ਸ਼ਿਕਾਰ ਇਸ ਔਰਤ ਨਾਲ ਜੋ ਵਾਪਰਿਆ ਸੀ ਅਤੇ ਇਸ ਸਦਮੇ ਦੇ ਸ਼ਿਕਾਰ ਦੇਸ਼ ਨਾਲ ਜੋ ਹੋਇਆ ਸੀ ਉਹ ਕਿਵੇਂ ਨਾ ਕਿਵੇਂ ਆਪੋ ਵਿਚ ਜੁੜੇ ਹੋਏ, ਉਸੇ ਭਿਆਨਕ ਤਰਕ ਦੇ ਵੱਖ-ਵੱਖ ਇਜ਼ਹਾਰ ਸਨ।

ਕੈਮਰਨ ਦਾ ਸਿਧਾਂਤ ਇਸ ਧਾਰਨਾ ’ਤੇ ਅਧਾਰਤ ਸੀ ਕਿ ਮਰੀਜ਼ਾਂ ਨੂੰ ਕਰੰਟ ਲਾ ਕੇ ਧੁੰਦੂਕਾਰ ਵਾਲੀ ਮੰਦ ਬੁੱਧੀ ’ਚ ਲਿਜਾ ਕੇ ਉਹ ਆਪਣੇ ਮਰੀਜ਼ਾਂ ਦਾ ਤੰਦਰੁਸਤ ਆਦਰਸ਼ ਸ਼ਹਿਰੀਆਂ ਵਜੋਂ “ਪੁਨਰ ਜਨਮ” ਕਰਨ ਦੀ ਪੂਰਵ-ਸ਼ਰਤ ਪੈਦਾ ਕਰ ਦੇਵੇਗਾ। ਜ਼ਖ਼ਮੀ ਕੰਗਰੋੜ ਅਤੇ ਬੁਰੀ ਤਰ੍ਹਾਂ ਤਬਾਹ ਹੋਈ ਯਾਦਦਾਸ਼ਤ ਵਾਲੀ ਗੇਲ ਲਈ ਇਹ ਖੁਸ਼ਗਵਾਰ ਨਹੀਂ ਸੀ ਪਰ ਆਪਣੀਆਂ ਲਿਖਤਾਂ ’ਚ ਕੈਮਰਨ ਨੇ ਤਾਂ ਇਨ੍ਹਾਂ ਤਬਾਹਕੁਨ ਕਾਰਵਾਈਆਂ ਨੂੰ ਉਸਾਰੂ ਪ੍ਰਾਪਤੀਆਂ ਦੇ ਰੂਪ ਵਿਚ ਚਿਤਵਿਆ ਸੀ, ਆਪਣੇ ਚੰਗੇ ਭਾਗਾਂ ਵਾਲੇ ਮਰੀਜ਼ਾਂ ਲਈ ਤੋਹਫ਼ੇ ਵਜੋਂ ਜਿਨ੍ਹਾਂ ਦਾ ਉਸ ਦੀ ਬੇਰਹਿਮ ਭੰਨਘੜ ਤਹਿਤ ਪੁਨਰ ਜਨਮ ਹੋਣ ਜਾ ਰਿਹਾ ਸੀ।

ਇਸ ਮੁਹਾਜ਼ ਉੱਪਰ ਕੈਮਰਨ ਦੇ ਪੱਲੇ ਨਮੋਸ਼ੀ ਭਰੀ ਹਾਰ ਪਈ ਸੀ। ਚਾਹੇ ਉਸ ਨੇ ਆਪਣੇ ਮਰੀਜ਼ਾਂ ਨੂੰ ਪੂਰੀ ਤਰ੍ਹਾਂ ਮੰਦ ਬੁੱਧੀ ਬਣਾ ਦਿੱਤਾ, ਪਰ ਉਨ੍ਹਾਂ ਨੇ ਉਸ ਦੇ ਟੇਪਾਂ ’ਤੇ ਰਿਕਾਰਡ ਕੀਤੇ ਅਮੁੱਕ ਰੂਪ ’ਚ ਦੁਹਰਾਏ ਜਾਣ ਵਾਲੇ ਸੁਝਾਅ ਕਦੇ ਵੀ ਗ੍ਰਹਿਣ ਨਹੀਂ ਕੀਤੇ ਜਾਂ ਨਹੀਂ ਮੰਨੇ। ਭਾਵੇਂ ਉਹ ਲੋਕਾਂ ਨੂੰ ਤਬਾਹ ਕਰਨ ਵਾਲਾ ਸ਼ੈਤਾਨ ਬੁੱਧੀਮਾਨ ਸੀ ਪਰ ਉਹ ਉਨ੍ਹਾਂ ਦੀ ਨਵੇਂ ਸਿਰਿਉਂ ਸਿਰਜਣਾ ਕਰਨ ’ਚ ਅਸਫ਼ਲ ਰਿਹਾ। ਕੈਮਰਨ ਵਲੋਂ ਐਲਨ ਯਾਦਗਾਰੀ ਸੰਸਥਾ ਛੱਡ ਦੇਣ ਤੋਂ ਬਾਅਦ ਇਸ ਤਜਰਬੇ ਦੀ ਪੁਸ਼ਟੀ ਲਈ ਕੀਤੇ ਅਧਿਐਨ ’ਚ ਸਾਹਮਣੇ ਆਇਆ ਕਿ ਉਸ ਦੇ 75 ਫ਼ੀ ਸਦੀ ਸਾਬਕਾ ਮਰੀਜ਼ਾਂ ਦੀ ਹਾਲਤ ਉਸ ਕੋਲ ਦਾਖ਼ਲ ਕੀਤੇ ਜਾਣ ਤੋਂ ਪਹਿਲਾਂ ਦੀ ਹਾਲਤ ਤੋਂ ਵੱਧ ਭੈੜੀ ਸੀ। ਦਾਖ਼ਲ ਕੀਤੇ ਜਾਣ ਤੋਂ ਪਹਿਲਾਂ ਉਸ ਦੇ ਮਰੀਜ਼ ਪੂਰਾ ਸਮਾਂ ਨੌਕਰੀ ਕਰਦੇ ਸਨ, ਹੁਣ ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਨਕਾਰਾ ਹੋ ਚੁੱਕੇ ਸਨ। ਗੇਲ ਵਰਗੇ ਕਈ ਤਾਂ ਬਹੁਤ ਸਾਰੀਆਂ ਨਵੀਂਆਂ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਗਏ ਸਨ। “ਮਨ ਦਾ ਸੰਚਾਲਨ” ਭੋਰਾ ਕੰਮ ਨਹੀਂ ਆਇਆ ਸੀ। ਓੜਕ ਐਲਨ ਯਾਦਗਾਰੀ ਸੰਸਥਾ ਵਲੋਂ ਇਸ ਅਭਿਆਸ ’ਤੇ ਪਾਬੰਦੀ ਲਾ ਦਿੱਤੀ ਗਈ।[81]

ਇਸ ਸਮੁੱਚੇ ਅਮਲ ’ਤੇ ਪਿਛਲ ਝਾਤ ਮਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਸਮੱਸਿਆ ਉਹ ਸਿਧਾਂਤ ਹੀ ਹੈ ਜੋ ਇਸ ਸੋਚ ਦਾ ਅਧਾਰ ਬਣਿਆ : ਇਹ ਧਾਰਨਾ ਕਿ ਤੰਦਰੁਸਤ ਹੋਣ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ, ਹਰੇਕ ਮੌਜੂਦ ਚੀਜ਼ ਨੂੰ ਮਿਟਾਉਣਾ ਜ਼ਰੂਰੀ ਹੈ। ਕੈਮਰਨ ਨੂੰ ਯਕੀਨ ਸੀ ਕਿ ਜੇ ਉਹ ਆਪਣੇ ਮਰੀਜ਼ਾਂ ਦੀਆਂ ਆਦਤਾਂ, ਸੋਚ ਸ਼ੈਲੀ ਅਤੇ ਯਾਦਦਾਸ਼ਤ ਨੂੰ ਖ਼ਤਮ ਕਰ ਦੇਵੇ ਤਾਂ ਆਖ਼ਿਰ ਉਹ ਕਾਲਪਨਿਕ ਕੋਰੀ ਸਲੇਟ ਵਰਗੀ ਹਾਲਤ ਤੱਕ ਪਹੁੰਚ ਜਾਵੇਗਾ। ਭਾਵੇਂ ਉਹ ਕਿੰਨੀ ਦ੍ਰਿੜਤਾ ਨਾਲ ਕਰੰਟ ਲਾ ਕੇ, ਨਸ਼ੀਲੀਆਂ ਦਵਾਈਆਂ ਦੇ ਕੇ ਮਰੀਜ਼ਾਂ ਦੀ ਸੂਝ ਨੂੰ ਮੇਟਦਾ ਰਿਹਾ

ਪਰ ਮਨਭਾਉਂਦੀ ਹਾਲਤ ਤੱਕ ਕਦੇ ਵੀ ਨਹੀਂ ਪਹੁੰਚ ਸਕਿਆ। ਸਾਬਤ ਉਲਟਾ ਹੋਇਆ : ਜਿੰਨੀ ਵਧੇਰੇ ਬੇਰਹਿਮੀ ਨਾਲ ਉਹ ਮਰੀਜ਼ਾਂ ਉੱਪਰ ਤਜਰਬੇ ਕਰਦਾ ਰਿਹਾ, ਉਨ੍ਹਾਂ ਦੀ ਬੌਧਿਕ ਕਾਬਲੀਅਤ ਓਨੀ ਹੀ ਵਧੇਰੇ ਤਬਾਹ ਹੁੰਦੀ ਗਈ। ਉਨ੍ਹਾਂ ਦੇ ਮਨ "ਸਾਫ਼" ਨਹੀਂ ਹੋਏ ਸਨ; ਅਸਲ ਵਿਚ ਇਹ ਗੜਬੜਾ ਗਏ ਸਨ, ਉਨ੍ਹਾਂ ਦੀ ਯਾਦਦਾਸ਼ਤ ਨੁਕਸਾਨੀ ਗਈ ਸੀ, ਉਨ੍ਹਾਂ ਦਾ ਸਵੈ-ਵਿਸ਼ਵਾਸ ਖ਼ਤਮ ਹੋ ਗਿਆ ਸੀ।

ਇਸੇ ਤਰ੍ਹਾਂ, ਤਬਾਹੀਪਸੰਦ ਸਰਮਾਏਦਾਰੀ ਵੀ ਤਬਾਹੀ ਅਤੇ ਸਿਰਜਣਾ, ਫੱਟੜ ਕਰਨ ਅਤੇ ਤੰਦਰੁਸਤ ਕਰਨ ਦਰਮਿਆਨ ਨਿਖੇੜਾ ਕਰਨ ਦੇ ਨਾਕਾਬਿਲ ਹੈ। ਜਦੋਂ ਮੈਂ ਇਰਾਕ 'ਚ ਅਗਲੇ ਧਮਾਕੇ ਤੋਂ ਪਹਿਲਾਂ ਤਬਾਹੀ ਦੇ ਮੰਜ਼ਰ ਨੂੰ ਪ੍ਰੇਸ਼ਾਨੀ ਨਾਲ ਘੋਖ ਰਹੀ ਸੀ ਤਾਂ ਮੈਨੂੰ ਅਕਸਰ ਹੀ ਇਹੀ ਮਹਿਸੂਸ ਹੁੰਦਾ ਸੀ। ਸਦਮੇ ਦੀਆਂ ਮੁਕਤੀ ਦਾਤਾ ਤਾਕਤਾਂ ਦੇ ਜੋਸ਼ੀਲੇ ਪੈਰੋਕਾਰਾਂ, ਅਮਰੀਕੀ-ਬਰਤਾਨਵੀ ਹਮਲੇ ਦੇ ਨੀਤੀ ਘਾੜਿਆਂ ਨੇ ਸੋਚਿਆ ਸੀ ਕਿ ਉਨ੍ਹਾਂ ਦੀ ਤਾਕਤ ਦੀ ਵਰਤੋਂ ਐਨੀ ਸੁੰਨ ਕਰ ਦੇਣ ਵਾਲੀ, ਐਨੀ ਜ਼ਬਰਦਸਤ ਹੋਵੇਗੀ ਕਿ ਇਰਾਕੀ ਲੋਕ ਇਕ ਤਰ੍ਹਾਂ ਦੀ "ਬੇਹਰਕਤ ਹਾਲਤ" 'ਚ ਡਿਗ ਜਾਣਗੇ, ਜਿਸ ਤਰ੍ਹਾਂ ਦੀ ਹਾਲਤ ਕੁਬਾਰਕ ਨੇਮਾਵਲੀ ਨੇ ਬਿਆਨ ਕੀਤੀ ਸੀ। ਇਸ ਮੌਕੇ ਦਾ ਲਾਹਾ ਲੈ ਕੇ, ਇਰਾਕ 'ਤੇ ਹਮਲਾ ਕਰਨ ਵਾਲੇ ਸਦਮਿਆਂ ਦਾ ਅਗਲਾ ਸਿਲਸਿਲਾ ਵਿੱਢ ਦੇਣਗੇ—ਇਹ ਆਰਥਕ ਸਦਮੇ ਹੋਣਗੇ—ਇਸ ਨਾਲ ਉਸ ਕੋਰੀ ਸਲੇਟ ਉੱਪਰ ਖੁੱਲ੍ਹੀ ਮੰਡੀ ਮਾਰਕਾ ਜਮਹੂਰੀਅਤ ਦੇ ਮਾਡਲ ਦੀ ਸਿਰਜਣਾ ਹੋ ਜਾਵੇਗੀ ਜਿਹੜੀ ਹਾਲਤ ਇਰਾਕ ਉੱਪਰ ਹਮਲੇ ਤੋਂ ਬਾਅਦ ਇੱਥੇ ਬਣਨੀ ਸੀ।

ਪਰ ਉੱਥੇ ਕੋਈ ਕੋਰੀ ਸਲੇਟ ਨਹੀਂ ਬਣੀ, ਉੱਥੇ ਸਿਰਫ਼ ਮਲਬਾ ਅਤੇ ਤਬਾਹ ਹੋਏ, ਗੁੱਸੇ ਨਾਲ ਖੌਲਦੇ ਲੋਕ ਸਨ। ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਹੋਰ ਵੱਧ ਸਦਮੇ ਦੇ ਕੇ ਤਬਾਹ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਕੁਝ ਸਦਮੇ ਉਨ੍ਹਾਂ ਤਜਰਬਿਆਂ 'ਤੇ ਅਧਾਰਤ ਸਨ ਜੋ ਗੇਲ ਕਾਸਤਨਰ ਉੱਪਰ ਬਹੁਤ ਸਾਲ ਪਹਿਲਾਂ ਕੀਤੇ ਗਏ ਸਨ। ਅਮਰੀਕੀ ਫ਼ੌਜ ਦੀ ਪਹਿਲੀ ਰਿਸਾਲਾ ਡਿਵੀਜ਼ਨ ਦੇ ਕਮਾਂਡਰ ਜਰਨੈਲ ਪੀਟਰ ਡਬਲਯੂ ਚਿਰੈਲੀ ਨੇ ਜੰਗ ਦੇ ਖ਼ਾਤਮੇ ਦੇ ਸਰਕਾਰੀ ਐਲਾਨ ਤੋਂ ਡੇਢ ਸਾਲ ਬਾਅਦ ਟਿੱਪਣੀ ਕੀਤੀ ਸੀ, "ਸਾਡੀ ਕਾਰਗੁਜ਼ਾਰੀ ਵਧੀਆ ਹੈ ਅਤੇ ਅਸੀਂ ਤਬਾਹੀ ਕਰ ਰਹੇ ਹਾਂ। ਪਰ ਜਿਸ ਦਿਨ ਮੈਨੂੰ ਲੜਾਈ ਦੀ ਬਜਾਏ ਉਸਾਰੀ ਦਾ ਕੰਮ ਕਰਨ ਲਈ ਵੱਧ ਸਮਾਂ ਮਿਲਣਾ ਸ਼ੁਰੂ ਹੋ ਗਿਆ, ਉਹ ਦਿਨ ਬਹੁਤ ਸੁਹਾਵਣਾ ਹੋਵੇਗਾ।"[82] ਐਸਾ ਦਿਨ ਕਦੇ ਨਹੀਂ ਆਇਆ। ਕੈਮਰਨ ਵਾਂਗ, ਇਰਾਕ ਨੂੰ ਸਦਮੇ ਦੇਣ ਵਾਲੇ ਡਾਕਟਰ ਤਬਾਹੀ ਤਾਂ ਮਚਾ ਸਕਦੇ ਹਨ ਪਰ ਉਹ ਨਵੇਂ ਸਿਰਿਉਂ ਸਿਰਜਣਾ ਕਦੇ ਨਹੀਂ ਕਰ ਸਕਣਗੇ।

ਕਾਂਡ ਦੂਜਾ

ਦੂਜਾ ਡਾਕਟਰੀ ਸਦਮਾ

ਮਿਲਟਨ ਫਰਾਇਡਮੈਨ ਅਤੇ ਖੁੱਲ੍ਹੀ ਮੰਡੀ ਦੀ ਪ੍ਰਯੋਗਸ਼ਾਲਾ ਦੀ ਤਲਾਸ਼

> ਆਰਥਕ ਟੈਕਨੋਕਰੇਟ ਇਕ ਥਾਂ ਸੁਧਾਰ ਦਾ ਢਾਂਚਾ ਘੜ ਲੈਣਗੇ, ਦੂਜੀ ਥਾਂ ਨਵਾਂ ਸਮਾਜਿਕ ਸੁਰੱਖਿਆ ਕਾਨੂੰਨ ਬਣਾ ਲੈਣਗੇ, ਜਾਂ ਕਿਤੇ ਹੋਰ ਸੋਧੀ ਹੋਈ ਵਟਾਂਦਰਾ ਦਰ ਪ੍ਰਣਾਲੀ ਘੜ ਲੈਣਗੇ, ਪਰ ਉਨ੍ਹਾਂ ਨੂੰ ਆਨੰਦਮਈ ਕੋਰੀ ਸਲੇਟ ਕਿਤੇ ਹਾਸਲ ਨਹੀਂ ਹੋਣੀ, ਜਿਸ ਉੱਪਰ ਉਹ ਮਨਭਾਉਂਦਾ ਮੁਕੰਮਲ ਆਰਥਕ ਨੀਤੀ-ਚੌਖਟਾ ਤਿਆਰ ਕਰ ਸਕਣ, ਜਿਸ ਤਰ੍ਹਾਂ ਦਾ ਭਰਪੂਰ ਇਹ ਹੋਣਾ ਚਾਹੀਦਾ ਹੈ।
>
> —ਅਰਨੌਲਡ ਹਾਰਬਰਜਰ, ਸ਼ਿਕਾਗੋ ਯੂਨੀਵਰਸਿਟੀ ਦਾ ਅਰਥਸ਼ਾਸਤਰ ਦਾ ਪ੍ਰੋਫੈਸਰ, 1998[1]

1950 ਵਿਚ ਸ਼ਿਕਾਗੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਮਾਹੌਲ ਐਨਾ ਮਿਥਹਾਸਕ ਹੋ ਗਿਆ ਸੀ, ਜਿਹੋ ਜਿਹਾ ਹੋਰ ਕਿਤੇ ਨਹੀਂ ਸੀ ਮਿਲਦਾ। ਐਸੀ ਜਗ੍ਹਾ, ਜੋ ਨਾ ਸਿਰਫ਼ ਖ਼ੁਦ ਨੂੰ ਅਕਾਦਮਿਕ ਸੰਸਥਾ ਸਮਝਦੀ ਸੀ ਸਗੋਂ ਖ਼ੁਦ ਨੂੰ ਫ਼ਲਸਫ਼ੇ ਦੀ ਇਕ ਧਾਰਾ ਖ਼ਿਆਲ ਕਰਦੀ ਸੀ। ਇਹ ਸਿਰਫ਼ ਵਿਦਿਆਰਥੀਆਂ ਨੂੰ ਪੜ੍ਹਾਈ ਹੀ ਨਹੀਂ ਕਰਵਾ ਰਹੀ ਸੀ; ਇਹ ਤਾਂ ਅਰਥਸ਼ਾਸਤਰ ਦੇ ਸ਼ਿਕਾਗੋ ਸਕੂਲ ਨੂੰ ਉਸਾਰਨ ਅਤੇ ਮਜ਼ਬੂਤ ਬਣਾਉਣ ਦਾ ਕੰਮ ਕਰ ਰਹੀ ਸੀ। ਜੋ ਰੂੜ੍ਹੀਵਾਦੀ ਸਿੱਖਿਆਸ਼ਾਸਤਰੀਆਂ ਦੇ ਗੁੱਟ ਦੀ ਸੋਚ ਦੀ ਉਪਜ ਸੀ ਜਿਸ ਦੇ ਵਿਚਾਰ ਸਮੇਂ ਦੀ ਭਾਰੂ "ਕੇਂਦਰੀਕ੍ਰਿਤ ਰਾਜ ਪ੍ਰਬੰਧ ਅਤੇ ਸਮਾਜਿਕ ਅਤੇ ਆਰਥਕ ਮਾਮਲਿਆਂ ਉੱਤੇ ਜਕੜ" ਦੀ ਸੋਚ ਵਿਰੁੱਧ ਇਨਕਲਾਬੀ ਬੰਨ੍ਹ ਦੀ ਨੁਮਾਇੰਦਗੀ ਕਰਦੇ ਸਨ। ਸਮਾਜ ਵਿਗਿਆਨ ਦੀ ਇਮਾਰਤ, ਜਿਸ ਉੱਪਰ "ਵਿਗਿਆਨ ਨਾਪ-ਤੋਲ ਦਾ ਨਾਂ ਹੈ" ਲਿਖਿਆ ਹੋਇਐ, ਦੀ ਦੇਹਲੀ ਲੰਘ ਕੇ ਤੁਸੀਂ ਪ੍ਰਸਿੱਧ ਖਾਣ ਕਮਰੇ 'ਚ ਪਹੁੰਚਦੇ ਹੋ ਜਿੱਥੇ ਵਿਦਿਆਰਥੀ ਆਪਣੇ ਪ੍ਰਤਿਭਾਸ਼ਾਲੀ ਪ੍ਰੋਫੈਸਰਾਂ ਨੂੰ ਚੁਣੌਤੀ ਦੇ ਕੇ ਆਪਣਾ ਬੁੱਧੀ ਦਾ ਜ਼ੋਰ ਅਜਮਾਉਂਦੇ ਸਨ। ਅਤੇ ਉਨ੍ਹਾਂ ਦਾ ਮਕਸਦ ਡਿਗਰੀ ਵਰਗੀ ਭੱਦੀ ਜਹੀ ਚੀਜ਼ ਹਾਸਲ ਕਰਨਾ ਨਹੀਂ ਸੀ। ਇਹ ਜਹਾਦ 'ਚ ਭਰਤੀ ਹੋਣ ਬਰਾਬਰ ਸੀ। ਰੂੜ੍ਹੀਵਾਦੀ ਅਰਥਸ਼ਾਸਤਰੀ ਅਤੇ ਨੋਬਲ ਇਨਾਮ ਜੇਤੂ ਗੈਰੀ ਬੈਕਰ ਇਸ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ, "ਅਸੀਂ ਕਿੱਤੇ ਦੇ ਬਾਕੀ ਦੇ ਜ਼ਿਆਦਾਤਰ ਹਿੱਸੇ ਨਾਲ ਲੜਾਈ 'ਚ ਜੁੱਟੇ ਹੋਏ ਯੋਧੇ ਸੀ।"[2]

ਇਸੇ ਅਰਸੇ 'ਚ ਮੈਕਗਿਲ ਯੂਨੀਵਰਸਿਟੀ ਵਿਖੇ ਈਵੇਨ ਕੈਮਰਨ ਦੇ ਮਨੋਰੋਗ ਵਿਭਾਗ ਵਾਂਗ, ਸ਼ਿਕਾਗੋ ਯੂਨੀਵਿਰਸਿਟੀ ਦਾ ਅਰਥਸ਼ਾਸਤਰ ਵਿਭਾਗ ਵੀ ਇਕ ਜੋਸ਼ੀਲੇ ਅਤੇ ਚਮਤਕਾਰੀ ਬੰਦੇ ਦੇ ਅਧੀਨ ਸੀ। ਜੋ ਆਪਣੇ ਪੇਸ਼ੇ ਦਾ ਬੁਨਿਆਦੀ ਇਨਕਲਾਬੀਕਰਨ ਕਰਨ ਦੇ ਮਿਸ਼ਨ ਨੂੰ ਪ੍ਰਣਾਇਆ ਹੋਇਆ ਸੀ। ਇਹ ਬੰਦਾ ਮਿਲਟਨ ਫਰਾਇਡਮੈਨ ਸੀ। ਹਾਲਾਂਕਿ ਉਸ ਦੇ ਬਹੁਤ ਸਾਰੇ ਉਸਤਾਦ ਅਤੇ ਉਸ ਦੇ ਸੰਗੀ ਅਰਥਸ਼ਾਸਤਰੀ ਖੁੱਲ੍ਹੀ ਮੰਡੀ ਦੀ ਤਿੱਖੀ ਨੀਤੀ ਦੇ ਉਸ ਵਾਂਗ ਹੀ ਜ਼ੋਰਦਾਰ ਧਾਰਨੀ ਸਨ ਪਰ ਇਹ ਫਰਾਇਡਮੈਨ ਦੀ ਤਾਕਤ ਹੀ ਸੀ ਜਿਸ ਨੇ ਇਸ ਅਰਥਸ਼ਾਸਤਰ ਸਕੂਲ 'ਚ ਇਨਕਲਾਬੀ ਜੋਸ਼ ਭਰਿਆ। ਬੈਕਰ ਚੇਤੇ ਕਰਦਾ ਹੈ, "ਲੋਕ ਸਦਾ ਮੈਨੂੰ ਪੁੱਛਦੇ, 'ਤੂੰ ਐਨਾ ਉਤਸ਼ਾਹ 'ਚ ਕਿਉਂ ਏਂ ? ਕੀ ਕਿਸੇ ਖ਼ੂਬਸੂਰਤ ਔਰਤ ਨਾਲ ਸਮਾਂ ਰੱਖਿਆ ਹੋਇਐ ? ' ਮੈਂ ਜਵਾਬ ਦਿੰਦਾ, 'ਨਹੀਂ, ਅਰਥਸ਼ਾਸਤਰ ਦੀ ਜਮਾਤ ਲਾਉਣ ਜਾ ਰਿਹਾਂ!' ਮਿਲਟਨ ਦਾ

ਵਿਦਿਆਰਥੀ ਹੋਣਾ ਸਚਮੁਚ ਜਾਦੂਮਈ ਚੀਜ਼ ਸੀ।"[3]

ਕੈਮਰਨ ਵਾਂਗ ਫਰਾਇਡਮੈਨ ਦਾ ਮਿਸ਼ਨ ਵੀ "ਕੁਦਰਤੀ" ਸਿਹਤ ਦੀ ਹਾਲਤ 'ਚ ਵਾਪਸ ਮੁੜਨ ਦੇ ਸੁਪਨੇ 'ਤੇ ਟਿਕਿਆ ਹੋਇਆ ਸੀ। ਜਦੋਂ ਮਨੁੱਖੀ ਦਖ਼ਲਅੰਦਾਜ਼ੀਆਂ ਨਾਲ ਪੈਦਾ ਹੋਏ ਵਿਗਾੜਾਂ ਵਾਲੇ ਨਮੂਨੇ ਪੈਦਾ ਹੋਣ ਤੋਂ ਪਹਿਲਾਂ ਹਰ ਚੀਜ਼ ਸਾਵੀਂ ਹਾਲਤ ਵਿਚ ਸੀ। ਜਿੱਥੇ ਕੈਮਰਨ ਮਨੁੱਖੀ ਮਨ ਨੂੰ ਐਸੀ ਕੋਰੀ ਹਾਲਤ 'ਚ ਵਾਪਸ ਲਿਜਾਣ ਦੇ ਸੁਪਨੇ ਲੈਂਦਾ ਸੀ, ਉੱਥੇ ਫਰਾਇਡਮੈਨ ਸਮਾਜਾਂ ਨੂੰ ਨਵੇਂ ਸੱਚੇ 'ਚ ਢਾਲ ਕੇ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅੜਿੱਕਿਆਂ ਤੋਂ ਮੁਕਤ ਖ਼ਾਲਸ ਸਰਮਾਏਦਾਰੀ ਦੀ ਹਾਲਤ 'ਚ ਵਾਪਸ ਲੈ ਜਾਣ ਦੇ ਸੁਪਨੇ ਲੈ ਰਿਹਾ ਸੀ। ਭਾਵ ਸਰਕਾਰੀ ਨੇਮਬੰਦੀ, ਵਪਾਰਕ ਰੋਕਾਂ ਅਤੇ ਪੈਰ ਜਮਾਈ ਬੈਠੇ ਹਿੱਤਾਂ ਦੀਆਂ ਰੋਕਾਂ ਦਾ ਖ਼ਾਤਮਾ। ਕੈਮਰਨ ਵਾਂਗ ਫਰਾਇਡਮੈਨ ਦਾ ਵੀ ਵਿਸ਼ਵਾਸ ਸੀ ਕਿ ਜਦੋਂ ਆਰਥਿਕਤਾ 'ਚ ਬਹੁਤ ਜ਼ਿਆਦਾ ਵਿਗਾੜ ਪੈਦਾ ਹੋ ਜਾਂਦੇ ਹਨ, ਓਦੋਂ ਏਸ ਸਹਿਜ ਹਾਲਤ 'ਚ ਪਹੁੰਚਣ ਦਾ ਇਕੋ ਇਕ ਰਾਹ ਜਾਣ-ਬੁੱਝ ਕੇ ਦੁਖਦਾਈ ਸਦਮੇ ਦੇਣਾ ਹੀ ਹੈ : ਸਿਰਫ਼ "ਕੌੜੀ ਦਵਾਈ" ਹੀ ਇਨ੍ਹਾਂ ਵਿਗਾੜਾਂ ਅਤੇ ਭੈੜੇ ਨਮੂਨਿਆਂ ਦੇ ਰੂਪ 'ਚ ਪੈਰ ਜਮਾਈ ਬੈਠੇ ਰਾਹ ਦੇ ਰੋੜਿਆਂ ਨੂੰ ਦੂਰ ਕਰ ਸਕਦੀ ਹੈ। ਕੈਮਰਨ ਸਦਮੇ ਦੇਣ ਲਈ ਕਰੰਟ ਦੀ ਵਰਤੋਂ ਕਰਦਾ ਸੀ; ਫਰਾਇਡਮੈਨ ਦਾ ਮਨਭਾਉਂਦਾ ਸੰਦ ਨੀਤੀ ਸੀ—ਸਦਮਾ ਇਲਾਜ ਦੀ ਪਹੁੰਚ ਜਿਸ ਨੂੰ ਲਾਗੂ ਕਰਨ ਲਈ ਉਹ ਸੰਕਟਗ੍ਰਸਤ ਦੇਸ਼ਾਂ ਦੇ ਧੜੱਲੇਦਾਰ ਸਿਆਸਤਦਾਨਾਂ ਨੂੰ ਆਖਦਾ ਸੀ। ਕੈਮਰਨ ਤਾਂ ਆਪਣੇ ਮਨਭਾਉਂਦੇ ਸਿਧਾਂਤ ਆਪਣੇ ਅਣਜਾਣ ਮਰੀਜ਼ਾਂ 'ਤੇ ਲਗਾਤਾਰ ਅਜ਼ਮਾਉਂਦਾ ਰਹਿ ਸਕਦਾ ਸੀ। ਇਸ ਦੇ ਉਲਟ ਫਰਾਇਡਮੈਨ ਨੂੰ ਆਰਥਿਕਤਾ ਬਾਰੇ ਪੁਰਾਣੀ ਸੋਚ ਨੂੰ ਮਿਟਾਉਣ ਅਤੇ ਆਪਣੇ ਸੁਪਨਿਆਂ ਦੀ ਹਕੀਕੀ ਦੁਨੀਆਂ ਦੀ ਸਿਰਜਣਾ ਕਰਨ ਦਾ ਮੌਕਾ ਲੱਭਣ 'ਤੇ ਦੋ ਦਹਾਕੇ ਲੱਗ ਜਾਣੇ ਸਨ ਅਤੇ ਇਤਿਹਾਸ ਨੇ ਕਈ ਮੋੜਾਂ ਘੋੜਾਂ ਵਿਚੋਂ ਲੰਘਣਾ ਸੀ।

ਅਰਥਸ਼ਾਸਤਰ ਦੇ ਸ਼ਿਕਾਗੋ ਸਕੂਲ ਦੇ ਬਾਨੀਆਂ ਵਿਚੋਂ ਇਕ, ਫਰੈਂਕ ਨਾਈਟ ਦੀ ਸੋਚ ਸੀ ਕਿ ਪ੍ਰੋਫੈਸਰਾਂ ਨੂੰ ਆਪਣੇ ਵਿਦਿਆਰਥੀਆਂ ਦੇ ਦਿਮਾਗਾਂ ਵਿਚ ਇਹ "ਭਰ ਦੇਣਾ" ਚਾਹੀਦਾ ਹੈ ਕਿ ਹਰੇਕ ਆਰਥਕ ਸਿਧਾਂਤ ਇਕ ਬਹਿਸ-ਮੁਬਾਸਾ ਕਰਨ ਵਾਲੀ ਮਨੌਂਤ ਨਹੀਂ ਬਲਕਿ "ਪ੍ਰਬੰਧ ਦੀ ਪਵਿੱਤਰ ਵਿਸ਼ੇਸ਼ਤਾ" ਹੈ।[4] ਸ਼ਿਕਾਗੋ ਮਾਰਕਾ ਅਜਿਹੀਆਂ ਪਵਿੱਤਰ ਸਿੱਖਿਆਵਾਂ ਦੀ ਗੁਲੀ ਇਹ ਸੀ ਕਿ ਪੂਰਤੀ, ਮੰਗ, ਸਿੱਕੇ ਦਾ ਫੈਲਾਅ ਅਤੇ ਬੇਰੁਜ਼ਗਾਰੀ ਦੀਆਂ ਆਰਥਕ ਤਾਕਤਾਂ ਕੁਦਰਤੀ ਤਾਕਤਾਂ ਵਾਂਗ ਪੱਕੀਆਂ ਅਤੇ ਅਬਦਲ ਹਨ। ਸ਼ਿਕਾਗੋ ਸਕੂਲ ਦੀਆਂ ਜਮਾਤਾਂ ਅਤੇ ਪਾਠ ਪੁਸਤਕਾਂ ਵਿਚ ਕਲਪਨਾ ਕੀਤੀ ਗਈ ਸੱਚੀਮੁੱਚੀਂ ਦੀ ਖੁੱਲ੍ਹੀ ਮੰਡੀ ਵਿਚ, ਇਹ ਤਾਕਤਾਂ ਪੂਰੇ ਸਮਤੋਲ ਦੀ ਹਾਲਤ 'ਚ ਦਿਖਾਈਆਂ ਗਈਆਂ ਹਨ। ਸਪਲਾਈ ਦਾ ਮੰਗ ਨਾਲ ਉਸੇ ਤਰੀਕੇ ਨਾਲ ਸਬੰਧ ਦੱਸਿਆ ਗਿਆ ਹੈ ਜਿਵੇਂ ਜਵਾਰਭਾਟਿਆਂ ਦਾ ਚੰਨ ਨਾਲ। ਜੇ ਅਰਥਚਾਰੇ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦਾ ਸ਼ਿਕਾਰ ਹੁੰਦੇ ਹਨ ਤਾਂ ਫਰਾਇਡਮੈਨ ਦੇ ਕਰੜੇ ਮੁਦਰਾਵਾਦੀ ਸਿਧਾਂਤ ਅਨੁਸਾਰ ਇਸ ਦੀ ਵਜ੍ਹਾ ਹਮੇਸ਼ਾ ਗੁੰਮਰਾਹ ਹੋਏ ਨੀਤੀ ਘਾੜੇ ਹੀ ਹੁੰਦੇ ਹਨ ਜੋ ਮੰਡੀ ਪ੍ਰਬੰਧ 'ਚ ਬਹੁਤ ਜ਼ਿਆਦਾ ਪੈਸਾ ਆ ਜਾਣ ਦੀ ਇਜ਼ਾਜਤ ਦਿੰਦੇ ਹਨ ਅਤੇ ਮੰਡੀ ਨੂੰ ਆਪਣਾ ਤਵਾਜ਼ਨ ਆਪ ਬਣਾਉਣ ਦਾ ਕਾਜ ਆਪ ਨਹੀਂ ਸੰਵਾਰਨ ਦਿੰਦੇ। ਜਿਵੇਂ ਕੁਦਰਤ ਦੀ ਕਾਇਨਾਤ ਖ਼ੁਦ-ਬਖ਼ੁਦ ਹੀ ਆਪਣਾ ਤਵਾਜ਼ਨ ਬਣਾਈ ਰੱਖਦੀ ਹੈ, ਇਵੇਂ ਹੀ ਮੰਡੀ ਨੂੰ ਇਸੇ ਦੀਆਂ ਜੁਗਤਾਂ 'ਤੇ ਛੱਡ ਦੇਣਾ ਚਾਹੀਦਾ ਹੈ। ਇਹ ਆਪ ਹੀ ਸਹੀ ਲਾਗਤ ਮੁੱਲਾਂ 'ਤੇ ਮਜ਼ਦੂਰਾਂ ਨੂੰ ਸਹੀ ਉਜਰਤਾਂ ਦੇ

ਕੇ ਉਨ੍ਹਾਂ ਕੋਲੋਂ ਵਸਤਾਂ ਦੀ ਪੈਦਾਵਾਰ ਸਹੀ ਮਾਤਰਾ ਵਿਚ ਕਰਵਾ ਲਵੇਗੀ ਜਿਨ੍ਹਾਂ ਉਜਰਤਾਂ ਉਪਰ ਉਹ ਇਨ੍ਹਾਂ ਉਪਜਾਂ ਨੂੰ ਖ਼ਰੀਦ ਸਕਣ—ਹੈ ਨਾ ਭਰਪੂਰ ਰੁਜ਼ਗਾਰ, ਬੇਰੋਕ ਸਿਰਜਣਾ ਅਤੇ ਸਿੱਕੇ ਦੇ ਸਿਫ਼ਰ ਫੈਲਾਅ ਦੇ ਰੂਪ 'ਚ ਸੁਰਗ!

ਹਾਵਰਡ ਦੇ ਸਮਾਜ ਵਿਗਿਆਨੀ ਡੇਨੀਅਲ ਬੈੱਲ ਅਨੁਸਾਰ, ਆਦਰਸ਼ਕ ਰੂਪ ਵਿਚ ਪੇਸ਼ ਕੀਤੇ ਇਸ ਪ੍ਰਬੰਧ ਪ੍ਰਤੀ ਮੋਹ ਖੁੱਲ੍ਹੀ ਮੰਡੀ ਦੇ ਗਰਮ-ਖ਼ਿਆਲ ਅਰਥਸ਼ਾਸਤਰ ਦੀ ਖ਼ਾਸ ਖ਼ੂਬੀ ਹੈ। ਸਰਮਾਏਦਾਰੀ ਨੂੰ ਇਸ ਤਰ੍ਹਾਂ ਚਿਤਵਿਆ ਜਾਂਦਾ ਹੈ ਕਿ ਇਹ "ਅੰਦੋਲਨਾਂ ਦਾ ਗਹਿਣਾ" ਜਾਂ "ਇਕ ਦੈਵੀ ਸਵੈ-ਅਮਲ, ... ਕੋਈ ਕਲਾਮਈ ਕਿਰਤ ਹੈ ਜੋ ਐਨੀ ਪ੍ਰਭਾਵਸ਼ਾਲੀ ਹੈ ਕਿ ਇਹ ਅਪੈਲੀਜ਼• ਦੀਆਂ ਪ੍ਰਸਿੱਧ ਕਲਾ ਕਿਰਤਾਂ ਦਾ ਭੁਲੇਖਾ ਪਾ ਦਿੰਦੀ ਹੈ ਜਿਸ ਨੇ ਅੰਗੂਰਾਂ ਦੇ ਗੁੱਛੇ ਦੀ ਤਸਵੀਰ ਐਨੀ ਹਕੀਕੀ ਬਣਾ ਦਿੱਤੀ ਸੀ ਕਿ ਪੰਛੀ ਭੁਲੇਖੇ ਨਾਲ ਇਨ੍ਹਾਂ ਨੂੰ ਅਸਲੀ ਅੰਗੂਰ ਸਮਝਕੇ ਠੂੰਗੇ ਮਾਰਨ ਲੱਗ ਜਾਂਦੇ ਸਨ।"[5]

ਫਰਾਇਡਮੈਨ ਅਤੇ ਉਸ ਦੇ ਸਾਥੀਆਂ ਸਾਹਮਣੇ ਇਹ ਸਾਬਤ ਕਰਨ ਦੀ ਚੁਣੌਤੀ ਸੀ ਕਿ ਹਕੀਕੀ ਆਲਮੀ ਮੰਡੀ ਉਨ੍ਹਾਂ ਦੀ ਵਿਸਮਾਦੀ ਕਲਪਨਾ ਨੂੰ ਸਾਕਾਰ ਕਰ ਸਕਦੀ ਹੈ। ਫਰਾਇਡਮੈਨ ਨੂੰ ਸਦਾ ਇਹ ਮਾਣ ਰਿਹਾ ਕਿ ਉਹ ਅਰਥਸ਼ਾਸਤਰ ਨੂੰ ਭੌਤਿਕ ਜਾਂ ਰਸਾਇਣ ਵਿਗਿਆਨ ਵਰਗੀ ਨਿੱਗਰ ਅਤੇ ਕਰੜੀ ਚੀਜ਼ ਸਮਝਦਾ ਸੀ। ਅਸਲ ਵਿਚ, ਗੂੜ੍ਹ ਵਿਗਿਆਨੀ ਆਪਣੇ ਸਿਧਾਂਤਾਂ ਦੀ ਪ੍ਰੌੜਤਾ ਲਈ ਤੱਤਾਂ ਦੇ ਵਤੀਰੇ 'ਤੇ ਜ਼ੋਰ ਦੇ ਸਕਦੇ ਹਨ। ਪਰ ਫਰਾਇਡਮੈਨ ਕੋਈ ਸਾਕਾਰ ਆਰਥਿਕਤਾ ਐਸੀ ਨਹੀਂ ਦਿਖਾ ਸਕਿਆ ਜੋ ਇਹ ਸਾਬਤ ਕਰਦੀ ਹੋਵੇ ਕਿ ਜੇ ਸਾਰੇ "ਵਿਗਾੜ" ਮੇਟ ਦਿੱਤੇ ਜਾਣ ਤਾਂ ਪਿੱਛੇ ਇਕ ਮੁਕੰਮਲ ਨਰੋਆ ਅਤੇ ਭਰਪੂਰ ਸਮਾਜ ਬਾਕੀ ਰਹੇਗਾ, ਕਿਉਂਕਿ ਕੋਈ ਵੀ ਦੇਸ਼ ਖੁੱਲ੍ਹੀ ਮੰਡੀ ਦੀ ਅਧਿਕਾਰਤ ਨੀਤੀ ਦੀ ਕਸਵੱਟੀ 'ਤੇ ਪੂਰਾ ਨਹੀਂ ਉੱਤਰਦਾ। ਫਰਾਇਡਮੈਨ ਅਤੇ ਉਸ ਦੇ ਸਾਥੀ, ਕੇਂਦਰੀ ਬੈਂਕਾਂ ਅਤੇ ਵਪਾਰ ਮੰਤਰਾਲੇ 'ਚ ਆਪਣੇ ਸਿਧਾਂਤ ਅਜ਼ਮਾਉਣ 'ਚ ਅਸਫ਼ਲ ਹੋ ਗਏ ਤਾਂ ਉਨ੍ਹਾਂ ਨੂੰ ਸ਼ਿਕਾਗੋ ਸਕੂਲ ਦੀ ਸਮਾਜ ਵਿਗਿਆਨ ਦੀ ਇਮਾਰਤ ਦੇ ਭੋਰੇ 'ਚ ਵਰਕਸ਼ਾਪਾਂ ਲਾ ਕੇ ਵਿਆਖਿਆਵਾਂ ਅਤੇ ਹਿਸਾਬ ਦੀਆਂ ਜੁਗਤਪੂਰਨ ਸਮੀਕਰਨਾਂ ਅਤੇ ਕੰਪਿਊਟਰੀ ਨਮੂਨੇ ਤਿਆਰ ਕਰਨ ਦੇ ਕੰਮ 'ਚ ਹੀ ਲੱਗਣਾ ਪਿਆ।

ਅੰਕੜਿਆਂ ਅਤੇ ਪ੍ਰਣਾਲੀਆਂ ਦਾ ਮੋਹ ਹੀ ਫਰਾਇਡਮੈਨ ਨੂੰ ਅਰਥਸ਼ਾਸਤਰ ਵੱਲ ਖਿੱਚ ਲਿਆਇਆ ਸੀ। ਆਪਣੀ ਸਵੈ-ਜੀਵਨੀ 'ਚ ਉਹ ਦੱਸਦਾ ਹੈ ਕਿ ਉਸ ਨੂੰ ਚਾਨਣ ਉਸ ਪਲ ਹੋਇਆ ਜਦੋਂ ਹਾਈ ਸਕੂਲ ਵਿਚ ਰੇਖਾ ਗਣਿਤ ਦੇ ਅਧਿਆਪਕ ਨੇ ਬਲੈਕ ਬੋਰਡ ਉੱਪਰ ਪਾਈਥਾਗੋਰਸ ਦਾ ਸਿਧਾਂਤ ਲਿਖਿਆ ਅਤੇ ਫੇਰ ਇਸ ਦੀ ਆਭਾ ਤੋਂ ਪ੍ਰਭਾਵਤ ਹੋ ਕੇ, ਜੌਹਨ ਕੀਟਸ ਦੀ ਰਚਨਾ "ਯੂਨਾਨੀ ਕਲਸ 'ਤੇ ਉੱਕਰਿਆ ਗੀਤ" ਵਿਚੋਂ ਹਵਾਲਾ ਦਿੱਤਾ :" ਸੁੰਦਰਤਾ ਸੱਚ ਹੈ, ਸੱਚ ਸੁੰਦਰਤਾ ਹੈ,"—"ਇਹੀ ਸਭ ਕੁਝ ਹੈ/ਜੋ ਤੁਸੀਂ ਧਰਤੀ 'ਤੇ ਦੇਖਦੇ ਹੋ, ਅਤੇ ਜੋ ਤੁਹਾਨੂੰ ਦੇਖਣਾ ਚਾਹੀਦਾ ਹੈ।"[6] ਫਰਾਇਡਮੈਨ ਨੇ ਅਰਥਸ਼ਾਸਤਰ ਦੇ ਵਿਦਵਾਨਾਂ ਦੀਆਂ ਪੀੜ੍ਹੀਆਂ ਨੂੰ ਇਕ ਖ਼ੂਬਸੂਰਤ ਸਰਵ-ਵਿਆਪਕ ਪ੍ਰਬੰਧ ਪ੍ਰਤੀ ਇਸ ਵਿਸਮਾਦੀ ਮੋਹ ਦੀ ਬਖਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਸਾਦਗੀ, ਸਜ-ਧਜ ਅਤੇ ਸ਼ੁੱਧਤਾ 'ਤੇ ਜ਼ੋਰ ਦੇਣ ਦੇ ਲੜ ਲਾਇਆ।

ਸਾਰੇ ਕੱਟੜ ਵਿਸ਼ਵਾਸਾਂ ਵਾਂਗ, ਸ਼ਿਕਾਗੋ ਸਕੂਲ ਦਾ ਅਰਥਸ਼ਾਸਤਰ ਇਸ ਦੇ ਸੱਚੇ ਪੈਰੋਕਾਰਾਂ ਲਈ ਇਕ ਰਟਣ-ਮੰਤਰ ਹੈ। ਇਸ ਦੀ ਭੂਮਿਕਾ ਇਸ ਨੁਕਤੇ ਤੋਂ ਸ਼ੁਰੂ ਹੁੰਦੀ ਹੈ ਕਿ ਖੁੱਲ੍ਹੀ ਮੰਡੀ ਇਕ ਮੁਕੰਮਲ ਵਿਗਿਆਨਕ ਪ੍ਰਬੰਧ ਹੈ, ਜਿਸ ਵਿਚ ਵਿਅਕਤੀ ਆਪੋ ਆਪਣੀਆਂ ਖਾਹਸ਼ਾਂ ਮੁਤਾਬਿਕ

• ਅਪੈਲੀਜ਼ : ਮਹਾਨ ਸਿਕੰਦਰ ਦੇ ਦਰਬਾਰ ਦਾ ਪ੍ਰਸਿੱਧ ਚਿੱਤਰਕਾਰ—ਅਨੁਵਾਦਕ

ਵਿਚਰਦੇ ਹੋਏ ਸਾਰਿਆਂ ਲਈ ਵੱਧ ਤੋਂ ਵੱਧ ਲਾਭ ਪੈਦਾ ਕਰਦੇ ਹਨ। ਇਸ ਤੋਂ ਇਹ ਲਾਜ਼ਮੀ ਸਿੱਟਾ ਨਿੱਕਲਦਾ ਹੈ ਕਿ ਜੇ ਖੁੱਲ੍ਹੀ ਮੰਡੀ ਦੀ ਆਰਥਿਕਤਾ ਅੰਦਰ ਕੁਝ ਗ਼ਲਤ ਹੋ ਰਿਹਾ ਹੈ—ਬਹੁਤ ਜ਼ਿਆਦਾ ਸਿੱਕੇ ਦਾ ਫੈਲਾਅ ਜਾਂ ਬੇਰੁਜ਼ਗਾਰੀ ਦਾ ਵਧਣਾ—ਇਹ ਇਸ ਕਰਕੇ ਹੋਵੇਗਾ ਕਿਉਂਕਿ ਮੰਡੀ ਖ਼ਾਲਸ ਰੂਪ 'ਚ ਆਜ਼ਾਦ ਨਹੀਂ ਹੈ। ਇਸ ਪ੍ਰਬੰਧ 'ਚ ਕੋਈ ਦਖ਼ਲਅੰਦਾਜ਼ੀ, ਕੋਈ ਵਿਗਾੜ ਲਾਜ਼ਮੀ ਹੋਣਗੇ। ਸ਼ਿਕਾਗੋ ਸਕੂਲ ਕੋਲ ਸਦਾਬਹਾਰ ਘੜਿਆ-ਘੜਾਇਆ ਹੱਲ ਹੈ : ਖੁੱਲ੍ਹੀ ਮੰਡੀ ਦੇ ਮੂਲ ਸਿਧਾਂਤਾਂ ਉੱਪਰ ਵਧੇਰੇ ਕਰੜਾਈ ਨਾਲ ਅਤੇ ਵੱਧ ਮੁਕੰਮਲ ਅਮਲ ਕਰੋ।

ਜਦੋਂ 2006 'ਚ ਫਰਾਇਡਮੈਨ ਦੀ ਮੌਤ ਹੋਈ ਤਾਂ ਸ਼ਰਧਾਂਜਲੀ ਲਿਖਣ ਵਾਲਿਆਂ ਨੂੰ ਉਸ ਦੀ ਵਿਰਾਸਤ ਦੀ ਵਿਸ਼ਾਲਤਾ ਦਾ ਨਿਚੋੜ ਪੇਸ਼ ਕਰਨ ਲਈ ਕਾਫ਼ੀ ਤਰੱਦਦ ਕਰਨਾ ਪਿਆ। ਆਖ਼ਿਰ ਇਸ ਪੇਸ਼ਕਾਰੀ 'ਤੇ ਸਹਿਮਤੀ ਹੋ ਗਈ : "ਖੁੱਲ੍ਹੀਆਂ ਮੰਡੀਆਂ, ਮੁਕਤ ਕੀਮਤਾਂ, ਖਪਤਕਾਰ ਦੀ ਪਸੰਦ ਅਤੇ ਆਰਥਕ ਮੁਕਤੀ ਦੀ ਬਦੌਲਤ ਹੀ ਉਹ ਆਲਮੀ ਖੁਸ਼ਹਾਲੀ ਸੰਭਵ ਹੋਈ ਹੈ, ਜੋ ਅੱਜ ਅਸੀਂ ਮਾਣ ਰਹੇ ਹਾਂ।"[7] ਇਹ ਅੰਸ਼ਕ ਸਚਾਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਆਲਮੀ ਖੁਸ਼ਹਾਲੀ ਦੀ ਫ਼ਿਤਰਤ—ਇਹ ਕਿਸ ਦੇ ਹਿੱਸੇ ਆਈ, ਕਿਸ ਦੇ ਨਹੀਂ ਆਈ, ਇਹ ਕਿਥੋਂ ਆਈ—ਇਹ ਸਭ ਕੁਝ ਬਹੁਤ ਜ਼ਿਆਦਾ ਰੱਟੇ ਵਾਲਾ ਹੈ। ਪਰ ਇਸ ਤੱਥ ਬਾਰੇ ਕੋਈ ਰੱਟਾ ਨਹੀਂ ਹੈ ਕਿ ਫਰਾਇਡਮੈਨ ਦੇ ਕਾਇਦੇ-ਕਾਨੂੰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਉਸ ਦੀਆਂ ਤੇਜ਼-ਤਰਾਰ ਨੀਤੀਆਂ ਨੇ ਕੁਝ ਲੋਕਾਂ ਨੂੰ ਬਹੁਤ ਜ਼ਿਆਦਾ ਅਮੀਰ ਬਣਾ ਦਿੱਤਾ ਹੈ, ਇਨ੍ਹਾਂ ਨੂੰ ਤਕਰੀਬਨ ਮੁਕੰਮਲ ਆਜ਼ਾਦੀ ਹਾਸਲ ਕਰਵਾ ਦਿੱਤੀ ਹੈ ਭਾਵ ਕੌਮੀ ਹੱਦਬੰਦੀਆਂ ਨੂੰ ਨਜ਼ਰਅੰਦਾਜ਼ ਕਰਨ, ਕਾਨੂੰਨ ਅਤੇ ਟੈਕਸਾਂ ਦੇ ਅੱਖੀਂ ਘੱਟਾ ਪਾਉਣ ਅਤੇ ਹੋਰ ਦੌਲਤ ਜੋੜਨ ਦੀ ਆਜ਼ਾਦੀ।

ਜਾਪਦਾ ਹੈ ਕਿ ਇਸ ਸਿਰੇ ਦੇ ਮੁਨਾਫ਼ੇ ਕਮਾਉਣ ਵਾਲੀ ਸੋਚ ਪ੍ਰਣਾਲੀ ਦੀਆਂ ਜੜ੍ਹਾਂ ਫਰਾਇਡਮੈਨ ਦੇ ਮੁੱਢਲੇ ਬਚਪਨ 'ਚ ਮੌਜੂਦ ਹਨ, ਜਦੋਂ ਹੰਗਰੀ ਤੋਂ ਪ੍ਰਵਾਸ ਕਰਕੇ ਆਏ ਉਸ ਦੇ ਮਾਪਿਆਂ ਨੇ ਨਿਊ ਜਰਸੀ ਦੇ ਰ੍ਹਾਵੇਅ ਸ਼ਹਿਰ 'ਚ ਕੱਪੜਿਆਂ ਦੀ ਫੈਕਟਰੀ ਲਾਈ। ਪਰਿਵਾਰ ਦੀ ਰਿਹਾਇਸ਼ ਉਸੇ ਇਮਾਰਤ 'ਚ ਕੰਮ ਕਰਨ ਵਾਲੀ ਥਾਂ ਦੇ ਨਾਲ ਲੱਗਵੀਂ ਸੀ ਜਿਸ ਬਾਰੇ ਫਰਾਇਡਮੈਨ ਨੇ ਲਿਖਿਆ, "ਇਸ ਨੂੰ ਅੱਜ ਕਾਰਖ਼ਾਨਾ ਕਹਿਣਾ ਹੋਵੇਗਾ।"[8] ਕਾਰਖ਼ਾਨੇਦਾਰਾਂ ਲਈ ਉਸ ਸਮੇਂ ਦੇ ਹਾਲਾਤ ਬਹੁਤ ਬੇਯਕੀਨੇ ਸਨ। ਮਾਰਕਸਵਾਦੀ ਅਤੇ ਅਰਾਜਕਤਾਵਾਦੀ ਪ੍ਰਵਾਸੀ ਮਜ਼ਦੂਰਾਂ ਲਈ ਸੁਰੱਖਿਆ ਕਾਨੂੰਨਾਂ ਅਤੇ ਹਫ਼ਤੇ ਦੀ ਛੁੱਟੀ ਦੀ ਮੰਗ ਕਰਦਿਆਂ ਉਨ੍ਹਾਂ ਨੂੰ ਯੂਨੀਅਨ 'ਚ ਜਥੇਬੰਦ ਕਰ ਰਹੇ ਸਨ। ਸ਼ਿਫਟ ਤੋਂ ਬਾਅਦ ਮਜ਼ਦੂਰਾਂ ਦੀ ਮਾਲਕੀ ਦੇ ਸਿਧਾਂਤ ਬਾਰੇ ਅਕਸਰ ਬਹਿਸਾਂ ਹੁੰਦੀਆਂ ਰਹਿੰਦੀਆਂ। ਬੇਸ਼ੱਕ, ਮਾਲਕ ਦੇ ਫਰਜ਼ੰਦ ਵਜੋਂ, ਇਨ੍ਹਾਂ ਬਹਿਸਾਂ ਦੌਰਾਨ ਫਰਾਇਡਮੈਨ ਬਹੁਤ ਹੀ ਵੱਖਰੀ ਤਰ੍ਹਾਂ ਦੇ ਭਵਿੱਖ ਦੀ ਕਲਪਨਾ ਕਰਦਾ। ਆਖ਼ਿਰ ਉਸ ਦੀ ਫੈਕਟਰੀ ਤਬਾਹ ਹੋ ਗਈ, ਪਰ ਆਪਣੇ ਭਾਸ਼ਣਾਂ ਅਤੇ ਟੈਲੀਵਿਜ਼ਨ ਪ੍ਰੋਗਰਾਮਾਂ 'ਚ ਫਰਾਇਡਮੈਨ ਅਕਸਰ ਹੀ ਇਸ ਨੂੰ ਕਾਨੂੰਨੀ ਅੜਿੱਕਿਆਂ ਤੋਂ ਮੁਕਤ ਸਰਮਾਏਦਾਰੀ ਦੇ ਫ਼ਾਇਦਿਆਂ ਦੇ ਹੱਕ ਵਿਚ ਅਧਿਐਨ ਵਜੋਂ ਭੁਗਤਾਉਂਦਾ ਰਹਿੰਦਾ—ਇਸ ਦੇ ਸਬੂਤ ਵਜੋਂ ਕਿ ਭੈੜੀਆਂ ਤੋਂ ਭੈੜੀਆਂ, ਨਾ ਮਾਤਰ ਕਾਨੂੰਨਾਂ ਵਾਲੀਆਂ ਨੌਕਰੀਆਂ ਵੀ ਆਜ਼ਾਦੀ ਅਤੇ ਖੁਸ਼ਹਾਲੀ ਦਾ ਪਹਿਲਾ ਪੌਡਾ ਬਣਦੀਆਂ ਹਨ।

ਸ਼ਿਕਾਗੋ ਸਕੂਲ ਅਰਥਸ਼ਾਸਤਰ ਦੀ ਖਿੱਚ ਜ਼ਿਆਦਾਤਰ ਇਸੇ ਕਰਕੇ ਵੀ ਹੈ ਕਿ ਜਿਸ ਵਕਤ ਮਜ਼ਦੂਰਾਂ ਦੇ ਹੱਕਾਂ ਬਾਰੇ ਤਿੱਖੇ ਖੱਬੇਪੱਖੀ ਵਿਚਾਰ ਦੁਨੀਆਂ ਭਰ 'ਚ ਮਕਬੂਲ ਹੋ ਰਹੇ ਸਨ, ਓਦੋਂ ਇਸ ਅਰਥਸ਼ਾਸਤਰ ਨੇ ਮਾਲਕਾਂ ਦੇ ਹਿੱਤਾਂ ਦੀ ਰਾਖੀ ਦੀ ਜੁਗਤ ਮੁਹੱਈਆ ਕੀਤੀ। ਇਹ ਜੁਗਤ ਵੀ ਇਸੇ ਤਰ੍ਹਾਂ ਤਿੱਖੀ ਸੀ ਅਤੇ ਆਦਰਸ਼ਵਾਦੀ ਦਾਅਵਿਆਂ ਨਾਲ ਗੜੁੱਚ ਸੀ। ਜਦੋਂ

ਫਰਾਇਡਮੈਨ ਇਹ ਬਿਆਨ ਕਰ ਰਿਹਾ ਹੁੰਦਾ ਤਾਂ ਉਹ ਘੱਟ ਉਜਰਤਾਂ ਦੇਣ ਦੇ ਮਾਲਕਾਂ ਦੇ ਹੱਕ ਦਾ ਪੱਖ ਨਾ ਲੈਂਦਾ। ਇਸ ਦੀ ਬਜਾਏ ਉਹ ਸਭ ਤੋਂ ਖ਼ਰੀ "ਲੋਕਾਂ ਦੀ ਹਿੱਸੇਦਾਰੀ ਵਾਲੀ ਜਮਹੂਰੀਅਤ" ਦੀ ਤਲਾਸ਼ ਦੀ ਗੱਲ ਕਰਦਾ। ਉਹ ਕਹਿੰਦਾ, "ਹਰੇਕ ਮਨੁੱਖ ਆਪਣੇ ਹੱਕ ਅਨੁਸਾਰ ਆਪਣੀ ਮਨ ਮਰਜ਼ੀ ਦੀ ਟਾਈ ਚੁਣ ਸਕਦਾ ਹੈ।"[9] ਜਿੱਥੇ ਖੱਬੇਪੱਖੀ ਮਜ਼ਦੂਰਾਂ ਨੂੰ ਮਾਲਕਾਂ ਤੋਂ, ਨਾਗਰਿਕਾਂ ਨੂੰ ਤਾਨਾਸ਼ਾਹੀ ਤੋਂ ਅਤੇ ਦੇਸ਼ਾਂ ਨੂੰ ਬਸਤੀਵਾਦ ਦੇ ਚੁੰਗਲ ਵਿਚੋਂ ਮੁਕਤ ਕਰਾਉਣ ਦੇ ਵਾਅਦੇ ਕਰਦੇ ਸਨ, ਉੱਥੇ ਫਰਾਇਡਮੈਨ "ਵਿਅਕਤੀਗਤ ਆਜ਼ਾਦੀ" ਦਾ ਵਾਅਦਾ ਕਰਦਾ। ਇਹ ਪ੍ਰਾਜੈਕਟ ਇਕੱਲੇ ਇਕੱਲੇ ਨਾਗਰਿਕਾਂ ਨੂੰ ਕਿਸੇ ਸਮੂਹਿਕ ਅਦਾਰੇ ਤੋਂ ਉੱਪਰ ਉਠਾ ਦਿੰਦਾ ਸੀ ਅਤੇ ਉਨ੍ਹਾਂ ਨੂੰ ਖਪਤਕਾਰੀ ਪਸੰਦਾਂ ਰਾਹੀਂ ਆਪਣੀ ਪੂਰੀ ਤਰ੍ਹਾਂ ਆਜ਼ਾਦ ਇੱਛਾ ਦੇ ਪ੍ਰਗਟਾਵੇ ਲਈ ਆਜ਼ਾਦ ਬਣਾ ਕੇ ਪੇਸ਼ ਕਰਦਾ ਸੀ। ਅਰਥਸ਼ਾਸਤਰੀ ਡੌਨ ਪੈਟਿਨਕਿਨ ਨੇ ਚਾਲੀਵਿਆਂ 'ਚ ਸ਼ਿਕਾਗੋ ਸਕੂਲ ਵਿਚ ਪੜ੍ਹਾਈ ਕੀਤੀ ਸੀ। ਉਸ ਨੇ ਚੇਤੇ ਕੀਤਾ, "ਵਿਸ਼ੇਸ਼ ਉਤਸ਼ਾਹ ਦੇਣ ਵਾਲੀਆਂ ਖ਼ੂਬੀਆਂ ਓਹੀ ਸਨ ਜਿਨ੍ਹਾਂ ਕਰਕੇ ਉਸ ਵਕਤ ਮਾਰਕਸਵਾਦ ਬਹੁਤ ਸਾਰੇ ਨੌਜਵਾਨ ਲੋਕਾਂ 'ਚ ਐਨਾ ਹਰਮਨ ਪਿਆਰਾ ਸੀ—ਪ੍ਰਤੱਖ ਤਰਕਪੂਰਨ ਸੰਪੂਰਨਤਾ ਨਾਲ ਇਕਸੁਰ ਸਾਦਗੀ, ਤਿੱਖੇ ਵਿਚਾਰਾਂ ਨਾਲ ਇਕਮਿਕ ਆਦਰਸ਼ਵਾਦ।"[10] ਮਾਰਕਸਵਾਦੀਆਂ ਕੋਲ ਮਜ਼ਦੂਰਾਂ ਬਾਰੇ ਸੁਪਨਾ ਸੀ ਅਤੇ ਸ਼ਿਕਾਗੋਵਾਦੀਆਂ ਕੋਲ ਸਰਮਾਏਦਾਰਾਂ ਬਾਰੇ ਸੁਪਨਾ ਸੀ, ਦੋਵਾਂ ਦਾ ਦਾਅਵਾ ਸੀ ਕਿ ਉਨ੍ਹਾਂ ਦੇ ਸੁਪਨੇ ਪੂਰੇ ਹੋ ਗਏ ਤਾਂ ਸੰਪੂਰਨਤਾ ਅਤੇ ਆਰਥਕ ਤਵਾਜ਼ਨ ਬਣ ਜਾਵੇਗਾ।

ਹਮੇਸ਼ਾ ਵਾਂਗ ਸਵਾਲ ਇਹ ਸੀ ਕਿ ਹਾਸਲ ਹਾਲਤ ਤੋਂ ਉਸ ਚਮਤਕਾਰੀ ਮੁਕਾਮ 'ਤੇ ਕਿਵੇਂ ਪਹੁੰਚਿਆ ਜਾਵੇ। ਮਾਰਕਸਵਾਦੀ ਇਸ ਬਾਰੇ ਸਪਸ਼ਟ ਸਨ : ਮੌਜੂਦਾ ਪ੍ਰਬੰਧ ਦਾ ਫਸਤਾ ਵੱਢ ਕੇ ਇਸ ਦੀ ਥਾਂ ਸਮਾਜਵਾਦ ਲਿਆਓ। ਸ਼ਿਕਾਗੋਵਾਦੀਆਂ ਲਈ ਐਨਾ ਸਪਾਟ ਜਵਾਬ ਦੇਣਾ ਸੰਭਵ ਨਹੀਂ ਸੀ। ਅਮਰੀਕਾ ਪਹਿਲਾਂ ਹੀ ਸਰਮਾਏਦਾਰ ਦੇਸ਼ ਸੀ, ਪਰ ਇਸ ਨੂੰ ਇੰਝ ਨਹੀਂ ਕਿਹਾ ਜਾ ਸਕਦਾ ਸੀ ਕਿ ਇਹ ਸ਼ਿਕਾਗੋਵਾਦੀਆਂ ਦੀ ਸੋਚ ਅਨੁਸਾਰ ਸੀ। ਅਮਰੀਕਾ ਅਤੇ ਸਾਰੇ ਹੀ ਸਰਮਾਏਦਾਰ ਮੁਲਕਾਂ 'ਚ, ਹਰ ਥਾਂ ਸ਼ਿਕਾਗੋਵਾਦੀਆਂ ਨੂੰ ਰਾਜ ਦੀ ਦਖ਼ਲਅੰਦਾਜ਼ੀ ਦਿਖਾਈ ਦਿੰਦੀ ਸੀ। ਵਸਤਾਂ ਨੂੰ ਸਸਤੀਆਂ ਕਰਨ ਲਈ ਸਿਆਸਤਦਾਨ ਮੁੱਲ ਤੈਅ ਕਰਦੇ ਸਨ; ਮਜ਼ਦੂਰਾਂ ਦੀ ਲੁੱਟ ਖਸੁੱਟ ਘਟਾਉਣ ਲਈ ਉਜਰਤਾਂ ਤੈਅ ਕੀਤੀਆਂ ਜਾਂਦੀਆਂ ਸਨ; ਸਭ ਲਈ ਸਿੱਖਿਆ ਯਕੀਨੀ ਬਣਾਉਣ ਲਈ ਰਾਜ ਨੇ ਇਸ ਨੂੰ ਆਪਣੇ ਹੱਥ ਲਿਆ ਹੋਇਆ ਸੀ। ਅਕਸਰ ਹੀ ਸਮਝਿਆ ਜਾਂਦਾ ਸੀ ਇਹ ਕਦਮ ਲੋਕਾਂ ਦੀ ਸਹਾਇਤਾ ਕਰਦੇ ਹਨ, ਪਰ ਫਰਾਇਡਮੈਨ ਅਤੇ ਉਸ ਦੇ ਸਾਥੀਆਂ ਨੂੰ ਇਹ ਜਚਿਆ ਹੋਇਆ ਸੀ—ਅਤੇ ਉਹ ਆਪਣੇ ਮਾਡਲਾਂ ਰਾਹੀਂ ਇਸ ਨੂੰ "ਸਾਬਤ ਕਰਦੇ" ਸਨ—ਕਿ ਇਸ ਨਾਲ ਸਰੋਂ ਮੰਡੀ ਦੇ ਸਮਤੋਲ ਅਤੇ ਇਸ ਦੇ ਵੱਖ-ਵੱਖ ਸੂਚਕਾਂ ਦੀ ਇਕ ਦੂਜੇ ਨਾਲ ਆਦਾਨ-ਪ੍ਰਦਾਨ ਦੀ ਯੋਗਤਾ ਦਾ ਅਕਹਿ ਨੁਕਸਾਨ ਹੋ ਰਿਹਾ ਸੀ। ਇਸ ਤਰ੍ਹਾਂ ਸ਼ਿਕਾਗੋ ਸਕੂਲ ਦਾ ਮਿਸ਼ਨ ਸੀ ਇਸ ਵਿਗਾੜ ਦੀ ਦਰੁਸਤੀ ਕਰਨਾ—ਮੰਡੀ ਦੀਆਂ ਇਹ ਰੋਕਾਂ ਹਟਾਉਣਾ ਤਾਂ ਜੋ ਖੁੱਲ੍ਹੀ ਮੰਡੀ ਢੋਲੇ ਦੀਆਂ ਲਾ ਸਕੇ।

ਇਸੇ ਕਾਰਨ, ਸ਼ਿਕਾਗੋਵਾਦੀ ਆਪਣਾ ਅਸਲ ਦੁਸ਼ਮਣ ਮਾਰਕਸਵਾਦ ਨੂੰ ਨਹੀਂ ਸਮਝਦੇ ਸਨ। ਗੜਬੜ ਦਾ ਅਸਲ ਕਾਰਨ ਅਮਰੀਕਾ ਦੇ ਕੀਨਜ਼ਵਾਦੀ ਵਿਚਾਰਾਂ, ਯੂਰਪ ਦੇ ਸਮਾਜਿਕ ਜਮਹੂਰੀਅਤਪਸੰਦਾਂ ਅਤੇ ਤੀਜੀ ਦੁਨੀਆਂ ਦੇ ਵਿਕਾਸਵਾਦੀਆਂ ਨੂੰ ਸਮਝਿਆ ਜਾ ਰਿਹਾ ਸੀ। ਮਗਰਲਿਆਂ ਨੂੰ ਓਦੋਂ ਵਿਕਾਸਵਾਦੀ ਹੀ ਕਿਹਾ ਜਾਂਦਾ ਸੀ। ਇਹ ਕਿਸੇ ਕਾਲਪਨਿਕ ਸੋਚ ਦੇ ਨਹੀਂ ਅਸਲ ਵਿਚ ਮਿੱਸੀ ਆਰਥਿਕਤਾ ਦੇ ਧਾਰਨੀ ਸਨ। ਸ਼ਿਕਾਗੋਵਾਦੀਆਂ ਦੀਆਂ ਨਜ਼ਰਾਂ 'ਚ ਇਹ

ਖਪਤਕਾਰੀ ਮਾਲ ਦੀ ਪੈਦਾਵਾਰ ਅਤੇ ਵੰਡ ਦੇ ਸਰਮਾਏਦਾਰਾ ਅਮਲ ਅਤੇ ਸਿੱਖਿਆ, ਪਾਣੀ ਵਰਗੀਆਂ ਲਾਜ਼ਮੀ ਸਹੂਲਤਾਂ 'ਚ ਰਾਜ ਦੀ ਮਾਲਕੀ ਅਤੇ ਸਰਮਾਏਦਾਰੀ ਦੀ ਇੰਤਹਾ ਨੂੰ ਘਟਾਉਣ ਲਈ ਬਣਾਏ ਹਰ ਤਰ੍ਹਾਂ ਦੇ ਕਾਨੂੰਨਾਂ ਦੇ ਰੂਪ 'ਚ ਸਮਾਜਵਾਦ ਦਾ ਭੱਦਾ ਮਿਲਗੋਭਾ ਸੀ। ਜਿਵੇਂ ਧਾਰਮਿਕ ਮੂਲਵਾਦੀਆਂ ਦੇ ਮਨਾਂ 'ਚ ਹੋਰ ਧਾਰਮਿਕ ਅਕੀਦਿਆਂ ਵਾਲੇ ਮੂਲਵਾਦੀਆਂ ਅਤੇ ਐਲਾਨੀਆਂ ਨਾਸਤਿਕਾਂ ਲਈ ਗੁੱਝਾ ਸਤਿਕਾਰ ਪਰ ਕੱਚੇ ਪਿੱਲੇ ਪੈਰੋਕਾਰਾਂ ਲਈ ਨਫ਼ਰਤ ਹੁੰਦੀ ਹੈ, ਉਨ੍ਹਾਂ ਵਾਂਗ ਹੀ ਸ਼ਿਕਾਗੋਵਾਦੀਆਂ ਨੇ ਇਨ੍ਹਾਂ ਮਿਲਗੋਭਾ ਅਰਥਸ਼ਾਸਤਰੀਆਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਉਹ ਇਨਕਲਾਬ ਨਹੀਂ ਅਸਲ ਵਿਚ ਸਰਮਾਏਦਾਰੀ ਦਾ ਪੁਨਰ-ਗਠਨ ਕਰਨਾ ਚਾਹੁੰਦੇ ਸਨ ਭਾਵ ਵਿਗਾੜਾਂ ਦੀ ਮਿਲਾਵਟ ਤੋਂ ਰਹਿਤ ਸਰਮਾਏਦਾਰੀ ਦੀ ਉਸਾਰੀ ਕਰਨਾ।

ਇਹ ਸ਼ੁੱਧਤਾਵਾਦ ਜ਼ਿਆਦਾਤਰ ਫਰਾਇਡਮੈਨ ਦੇ ਗੁਰੂ ਫਰੈਂਡਰਿਕ ਹਾਏਕ ਦੀ ਦੇਣ ਸੀ, ਜੋ 1950ਵਿਆਂ ਵਿਚ ਸ਼ਿਕਾਗੋ ਯੂਨੀਵਰਸਿਟੀ 'ਚ ਪੜ੍ਹਾਉਂਦਾ ਰਿਹਾ ਸੀ। ਇਸ ਕੱਟੜ ਆਸਟਰੀਅਨ ਨੇ ਚੇਤਾਵਨੀ ਦਿੱਤੀ ਕਿ ਆਰਥਿਕਤਾ 'ਚ ਸਰਕਾਰ ਦੀ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਦਾ ਸਿੱਟਾ ਸਮਾਜ ਦੇ "ਭੇਂਇ ਗ਼ੁਲਾਮੀ ਦੇ ਰਾਹ ਪੈਣ" ਵਿਚ ਨਿਕਲੇਗਾ ਅਤੇ ਇਸ ਨੂੰ ਖ਼ਤਮ ਕਰਨਾ ਹੋਵੇਗਾ।[11] ਸ਼ਿਕਾਗੋ ਵਿਖੇ ਲੰਮਾ ਸਮਾਂ ਪ੍ਰੋਫੈਸਰ ਰਹੇ ਅਰਨੌਲਡ ਹਾਰਬਰਜ਼ਰ ਅਨੁਸਾਰ, "ਆਸਟਰੀਅਨ," ਜਿਵੇਂ ਇਸ ਜੁੰਡਲੀ ਅੰਦਰਲੀ ਜੁੰਡਲੀ ਦਾ ਨਾਂ ਪ੍ਰਚਲਤ ਸੀ, ਐਨੇ ਜੋਸ਼ 'ਚ ਸਨ ਕਿ ਉਨ੍ਹਾਂ ਅਨੁਸਾਰ ਕਿਸੇ ਤਰ੍ਹਾਂ ਦੀ ਸਰਕਾਰੀ ਦਖ਼ਲਅੰਦਾਜ਼ੀ ਨਾ ਸਿਰਫ਼ ਗ਼ਲਤ ਸੀ ਸਗੋਂ "ਭੈੜੀ ਸੀ...ਇਹ ਇੰਞ ਹੈ ਜਿਵੇਂ ਇਕ ਬਹੁਤ ਹੀ ਸੁੰਦਰ ਪਰ ਬਹੁਤ ਜ਼ਿਆਦਾ ਸੂਖ਼ਮ ਤਸਵੀਰ ਹੁੰਦੀ ਹੈ, ਤੁਸੀਂ ਦੇਖਦੇ ਹੋ ਇਹ ਆਪਣੇ ਆਪ ਵਿਚ ਪੂਰੀ ਤਰ੍ਹਾਂ ਇਕਸੁਰ ਹੈ, ਅਤੇ ਜੇ ਇਸ 'ਤੇ ਦਾਗ਼ ਹੋਵੇ, ਜੋ ਉੱਥੇ ਨਹੀਂ ਹੋਣਾ ਚਾਹੀਦਾ, ਇਹ ਭੈੜਾ ਲਗਦਾ ਹੈ.....ਇਸ ਨੁਕਸ ਕਾਰਨ ਖ਼ੂਬਸੂਰਤੀ ਗ੍ਰਹਿਣੀ ਜਾਂਦੀ ਹੈ।"[12]

1947 ਵਿਚ ਫਰਾਇਡਮੈਨ ਨੇ ਪਹਿਲੀ ਵਾਰ ਹਾਏਕ ਨਾਲ ਮਿਲ ਕੇ ਮੌਂਟ ਪੈਲਰਿਨ ਸੁਸਾਇਟੀ, ਖੁੱਲ੍ਹੀ ਮੰਡੀ ਦੇ ਝੰਡਾਬਰਦਾਰ ਅਰਥਸ਼ਾਸਤਰੀਆਂ ਦਾ ਕਲੱਬ ਬਣਾਇਆ। ਇਸ ਦਾ ਨਾਂ ਸਵਿਟਰਜ਼ਰਲੈਂਡ ਦੇ ਉਸੇ ਸ਼ਹਿਰ ਦੇ ਅਧਾਰ 'ਤੇ ਰੱਖਿਆ ਗਿਆ ਜਿੱਥੇ ਇਹ ਮੌਜੂਦ ਸੀ। ਓਦੋਂ ਮਾਹੌਲ ਇਸ ਭੱਦਰ ਮੰਡਲੀ ਦੇ ਇਸ ਵਿਚਾਰ ਲਈ ਮੁਆਫ਼ਕ ਨਹੀਂ ਸੀ ਕਿ ਦੁਨੀਆਂ ਦੇ ਸਿਲਸਿਲੇ ਨੂੰ ਚਲਾਉਣ ਦਾ ਸਵਾਲ ਸਰਮਾਏਦਾਰਾਂ ਦੀ ਇੱਛਾ 'ਤੇ ਛੱਡ ਦੇਣਾ ਚਾਹੀਦਾ ਹੈ। 1929 'ਚ ਮੰਡੀ ਦੀ ਤਬਾਹੀ ਅਤੇ ਇਸ ਪਿੱਛੋਂ ਦੇ ਭਾਰੀ ਮੰਦਵਾੜੇ ਦੀਆਂ ਯਾਦਾਂ ਹਾਲੇ ਸੱਜਰੀਆਂ ਸਨ— ਲੋਕਾਂ ਦੀ ਪੂਰੀ ਜ਼ਿੰਦਗੀ ਦੀ ਕਮਾਈ ਰਾਤੋ-ਰਾਤ ਰੁੜ ਗਈ ਸੀ ਅਤੇ ਚਾਰੇ ਪਾਸੇ ਖ਼ੁਦਕੁਸ਼ੀਆਂ, ਭੁੱਖਿਆਂ ਲਈ ਲੰਗਰ ਅਤੇ ਸ਼ਰਨਾਰਥੀਆਂ ਦਾ ਮੰਜ਼ਰ ਸੀ। ਮੰਡੀ ਦੀ ਪੈਦਾ ਕੀਤੀ ਇਸ ਤਬਾਹੀ ਦੇ ਸਿੱਟੇ ਵਜੋਂ ਖ਼ਾਸ ਵਿਹਾਰਕ ਸਰਕਾਰ ਦੀ ਜ਼ੋਰਦਾਰ ਮੰਗ ਉੱਠੀ ਹੋਈ ਸੀ। ਮੰਦਵਾੜਾ ਸਰਮਾਏਦਾਰੀ ਦੇ ਅੰਤ ਦਾ ਸੂਚਕ ਨਹੀਂ ਸੀ। ਸਗੋਂ ਜਿਵੇਂ ਕੁਝ ਸਾਲ ਪਹਿਲਾਂ ਜੌਹਨ ਮੇਅਨਾਰਡ ਕੀਨਜ਼ ਨੇ ਪੇਸ਼ੀਨਗੋਈ ਕੀਤੀ ਸੀ, ਇਹ "ਖੁੱਲ੍ਹੀ ਮੰਡੀ" ਦਾ ਹਸ਼ਰ ਸੀ, ਮੰਡੀ ਨੂੰ ਆਪਣੀ ਦਰੁਸਤੀ ਆਪ ਕਰਨ ਦੇਣ ਦੀ ਨੀਤੀ ਦਾ ਅੰਤ।[13] 1930ਵਿਆਂ ਤੋਂ ਲੈ ਕੇ 1950ਵਿਆਂ ਦੇ ਸ਼ੁਰੂ ਤੱਕ ਦਾ ਵਕਤ ਨਿਰਲੱਜ *ਖੁੱਲ੍ਹ* ਦਾ ਵਕਤ ਸੀ : ਨਿਊ ਡੀਲ ਦੇ ਜੋਸ਼ ਦੀ ਥਾਂ ਬਹੁਤ ਜ਼ਿਆਦਾ ਲੋੜੀਂਦੀਆਂ ਨੌਕਰੀਆਂ ਪੈਦਾ ਕਰਨ ਦੇ ਉਦੇਸ਼ ਨਾਲ ਲੋਕਾਂ ਲਈ ਸਹੂਲਤਾਂ ਦੇ ਪ੍ਰੋਗਰਾਮ ਸ਼ੁਰੂ ਕਰਨ ਦੀਆਂ ਜੰਗੀ ਕੋਸ਼ਿਸ਼ਾਂ ਨੇ ਲੈ ਲਈ ਸੀ। ਨਾਲ ਹੀ ਕੱਟੜ ਖੱਬੇਪੱਖੀਆਂ ਨਾਲ ਲੋਕਾਂ ਦੇ ਰਲਣ ਦੇ ਵਧ ਰਹੇ ਰੁਝਾਨ ਨੂੰ ਰੋਕਣ ਲਈ ਨਵੇਂ ਸਮਾਜਿਕ ਪ੍ਰੋਗਰਾਮ ਸ਼ੁਰੂ ਕਰ ਦਿੱਤੇ ਗਏ। ਇਹ ਉਹ ਵਕਤ ਸੀ ਜਦੋਂ

ਖੱਬਿਆਂ ਅਤੇ ਸੱਜਿਆਂ ਵਿਚਕਾਰ ਸਮਝੌਤਾ ਮਾੜਾ ਲਫ਼ਜ਼ ਨਹੀਂ ਰਿਹਾ ਸੀ। ਇਹ ਸਗੋਂ ਉਸ ਦਾ ਹਿੱਸਾ ਬਣ ਗਿਆ ਜੋ ਜ਼ਿਆਦਾਤਰ ਲੋਕਾਂ ਦੀਆਂ ਨਜ਼ਰਾਂ 'ਚ ਉਸ ਦੁਨੀਆਂ ਨੂੰ ਠੱਲਣ ਦਾ ਉੱਤਮ ਮਿਸ਼ਨ ਸੀ ਜਿਵੇਂ ਕੀਨਜ਼ ਨੇ 1933 'ਚ ਰਾਸ਼ਟਰਪਤੀ ਫਰੈਂਕਲਿਨ ਡੀ ਰੂਜ਼ਵੈਲਟ ਨੂੰ ਲਿਖਿਆ ਸੀ, ਜਿਸ ਵਿਚ "ਇਸ ਨੂੰ ਹਰਾਉਣ ਦਾ ਕੰਮ ਪਰੰਪਰਾਵਾਦ ਅਤੇ ਇਨਕਲਾਬ ਉੱਪਰ" ਛੱਡ ਦਿੱਤਾ ਜਾਂਦਾ ਹੈ।[14] ਅਮਰੀਕਾ 'ਚ ਕੀਨਜ਼ ਦੀ ਅਥਾਰਟੀ ਦੇ ਵਾਰਿਸ ਜੌਹਨ ਕੈਨਥ ਗਾਲਬਰੇਦ ਨੇ ਸਿਆਸਤਦਾਨਾਂ ਅਤੇ ਅਰਥਸ਼ਾਸਤੀਆਂ ਦਾ ਮਿਸ਼ਨ ਇਸ ਤਰ੍ਹਾਂ ਬਿਆਨ ਕੀਤਾ ਸੀ, "ਮੰਦਵਾੜੇ ਤੋਂ ਬਚਣਾ ਅਤੇ ਬੇਰੁਜ਼ਗਾਰੀ ਨੂੰ ਠੱਲ ਪਾਉਣਾ।"[15]

ਦੂਜੀ ਸੰਸਾਰ ਜੰਗ ਨੇ ਗਰੀਬੀ ਵਿਰੁੱਧ ਜੰਗ ਨੂੰ ਨਵੀਂ ਮਹੱਤਤਾ ਪ੍ਰਦਾਨ ਕਰ ਦਿੱਤੀ। ਨਾਜ਼ੀਵਾਦ ਨੇ ਜਰਮਨੀ 'ਚ ਓਦੋਂ ਪੈਰ ਜਮਾਏ ਜਦੋਂ ਦੇਸ਼ ਤਬਾਹਕੁਨ ਮੰਦਵਾੜੇ ਦੀ ਲਪੇਟ 'ਚ ਸੀ। ਮੰਦਵਾੜਾ ਜੋ ਪਹਿਲੀ ਸੰਸਾਰ ਜੰਗ ਤੋਂ ਬਾਅਦ ਥੋਪੇ ਤਾਜ਼ੀਰੀ ਹਰਜ਼ਾਨੇ 'ਚੋਂ ਉਪਜਿਆ ਸੀ ਅਤੇ 1929 ਦੀ ਤਬਾਹੀ ਨੇ ਇਸ ਨੂੰ ਹੋਰ ਡੂੰਘਾ ਬਣਾ ਦਿੱਤਾ ਸੀ। ਕੀਨਜ਼ ਨੇ ਅਗਾਊਂ ਚੇਤਾਵਨੀ ਦੇ ਦਿੱਤੀ ਸੀ ਕਿ ਜੇ ਦੁਨੀਆਂ ਨੇ ਜਰਮਨੀ ਦੀ ਗਰੀਬੀ ਪ੍ਰਤੀ ਖੁੱਲ੍ਹੀ ਮੰਡੀ ਦੀ ਪਹੁੰਚ ਅਪਣਾਈ ਤਾਂ ਬੇਰਹਿਮ ਪਛਾੜ ਦਾ ਸਾਹਮਣਾ ਕਰਨਾ ਪਵੇਗਾ : "ਮੈਂ ਸ਼ਰੇਆਮ ਕਹਿੰਦਾ ਹਾਂ, ਇਸ ਦਾ ਭਾਰੀ ਸਰਾਪ ਝੱਲਣਾ ਪਵੇਗਾ।"[16] ਉਸ ਵਕਤ ਕਿਸੇ ਨੇ ਇਨ੍ਹਾਂ ਲਫ਼ਜ਼ਾਂ ਨੂੰ ਨਹੀਂ ਗੌਲਿਆ, ਪਰ ਜਦੋਂ ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪ ਦੀ ਮੁੜ ਉਸਾਰੀ ਕੀਤੀ ਗਈ ਤਾਂ ਪੱਛਮੀ ਤਾਕਤਾਂ ਨੇ ਇਹ ਅਸੂਲ ਅਪਣਾਇਆ ਕਿ ਮੰਡੀ ਅਧਾਰਤ ਅਰਥਚਾਰਿਆਂ ਨੂੰ ਚੋਖੀ ਮਾਤਰਾ ਵਿਚ ਇਹ ਜ਼ਾਮਨੀ ਚਾਹੀਦੀ ਹੈ ਕਿ ਉਨ੍ਹਾਂ ਦੀ ਬੁਨਿਆਦੀ ਵੁੱਕਤ ਬਣੀ ਰਹੇ ਤਾਂ ਜੋ ਇਨ੍ਹਾਂ ਅਰਥਚਾਰਿਆਂ ਤੋਂ ਨਿਰਾਸ਼ ਹੋਏ ਲੋਕ ਦੁਬਾਰਾ ਕਿਸੇ ਵੱਧ ਲੁਭਾਉਣੀ ਵਿਚਾਰਧਾਰਾ ਦਾ ਪ੍ਰਭਾਵ ਨਾ ਕਬੂਲਣ, ਚਾਹੇ ਇਹ ਫਾਸ਼ੀਵਾਦ ਹੋਵੇ ਜਾਂ ਕਮਿਊਨਿਜ਼ਮ ਹੋਵੇ। ਇਸ ਵਿਹਾਰਕ ਜ਼ਰੂਰਤ ਦਾ ਸਿੱਟਾ ਹਰੇਕ ਉਸ ਚੀਜ਼ ਦੀ ਸਿਰਜਣਾ 'ਚ ਨਿਕਲਿਆ ਜਿਸ ਨੂੰ ਅੱਜ ਅਸੀਂ "ਸਚਿਆਰੀ" ਸਰਮਾਏਦਾਰੀ ਦੇ ਬੀਤੇ ਦਿਨਾਂ ਨਾਲ ਜੋੜਦੇ ਹਾਂ। ਭਾਵ ਅਮਰੀਕਾ 'ਚ ਸਮਾਜਿਕ ਸੁਰੱਖਿਆ, ਕੈਨੇਡਾ 'ਚ ਜਨਤਕ ਸਿਹਤ ਸੇਵਾਵਾਂ, ਬਰਤਾਨੀਆਂ 'ਚ ਲੋਕ ਭਲਾਈ, ਫਰਾਂਸ ਅਤੇ ਜਰਮਨੀ ਵਿਚ ਮਜ਼ਦੂਰਾਂ ਦੀ ਸੁਰੱਖਿਆ।

ਇਹੋ ਜਿਹਾ ਹੀ, ਪਰ ਵੱਧ ਤਿੱਖਾ ਮਿਜ਼ਾਜ ਆਮ ਹੀ ਵਿਕਾਸਵਾਦ ਜਾਂ ਤੀਜੀ ਦੁਨੀਆਂ ਦੇ ਕੌਮਵਾਦ ਦੇ ਨਾਂ ਹੇਠ ਵਿਕਾਸਸ਼ੀਲ ਦੁਨੀਆਂ 'ਚ ਬਣਦਾ ਜਾ ਰਿਹਾ ਸੀ। ਵਿਕਾਸਵਾਦੀ ਅਰਥਸ਼ਾਸਤਰੀਆਂ ਦੀ ਦਲੀਲ ਸੀ ਕਿ ਉਨ੍ਹਾਂ ਦੇ ਦੇਸ਼ ਆਖ਼ਿਰ ਗਰੀਬੀ ਦੇ ਗੇੜ ਤੋਂ ਤਦ ਹੀ ਬਚ ਸਕਣਗੇ ਜੇ ਉਹ ਆਪਣੇ ਕੁਦਰਤੀ ਵਸੀਲੇ ਯੂਰਪ ਅਤੇ ਉੱਤਰੀ ਅਮਰੀਕਾ ਨੂੰ ਬਰਾਮਦ ਕਰਨ ਦੀ ਥਾਂ ਦੇਸ਼ ਦੇ ਅੰਦਰ ਸਨਅਤੀਕਰਨ ਦੀ ਯੁੱਧਨੀਤੀ ਅਪਣਾਉਣਗੇ। ਬਰਾਮਦਾਂ ਦੇ ਭਾਅ ਲਗਾਤਾਰ ਡਿਗਦੇ ਜਾ ਰਹੇ ਸਨ। ਉਨ੍ਹਾਂ ਨੇ ਆਰਥਿਕਤਾ ਨੂੰ ਸਰਕਾਰੀ ਜਕੜ ਹੇਠ ਲਿਆਉਣ ਜਾਂ ਇੱਥੋਂ ਤੱਕ ਕਿ ਤੇਲ, ਖਣਿਜ ਪਦਾਰਥਾਂ ਅਤੇ ਵੱਧ ਅਹਿਮ ਸਨਅਤਾਂ ਦਾ ਕੌਮੀਕਰਨ ਕੀਤੇ ਜਾਣ ਦੀ ਮੰਗ ਕੀਤੀ ਤਾਂ ਜੋ ਤਰੱਕੀ ਦੇ ਨਰੋਏ ਹਿੱਸੇ ਨੂੰ ਸਰਕਾਰੀ ਅਗਵਾਈ ਹੇਠ ਚੱਲਣ ਵਾਲੇ ਵਿਕਾਸ-ਅਮਲ ਲਈ ਵਰਤਿਆ ਜਾ ਸਕੇ।

1950ਵਿਆਂ 'ਚ, ਅਮੀਰ ਦੇਸ਼ਾਂ ਦੇ ਕੀਨਜ਼ਵਾਦੀਆਂ ਅਤੇ ਸਮਾਜਿਕ ਜਮਹੂਰੀਅਤਪਸੰਦਾਂ ਵਾਂਗ ਵਿਕਾਸਵਾਦੀ ਵੀ ਆਪਣੀ ਕਾਮਯਾਬੀ ਦੀਆਂ ਪ੍ਰਭਾਵਸ਼ਾਲੀ ਕਹਾਣੀਆਂ ਨੂੰ ਮਾਣ ਨਾਲ ਪੇਸ਼ ਕਰਨ ਦੇ ਸਮਰੱਥ ਹੋ ਗਏ। ਵਿਕਾਸਵਾਦ ਦੀ ਸਭ ਤੋਂ ਵਿਕਸਤ ਪ੍ਰਯੋਗਸ਼ਾਲਾ ਲਾਤੀਨੀ ਅਮਰੀਕਾ ਦਾ ਦੱਖਣੀ ਸਿਰੇ ਵਾਲਾ ਹਿੱਸਾ ਸੀ ਜੋ ਦੱਖਣੀ ਤਿਕੋਨ ਵਜੋਂ ਪ੍ਰਸਿੱਧ ਹੈ। ਭਾਵ ਚਿੱਲੀ,

ਅਰਜਨਟਾਈਨਾ, ਉਰੂਗੁਏ ਅਤੇ ਬਰਾਜ਼ੀਲ ਦੇ ਕੁਝ ਹਿੱਸੇ। ਇਸ ਦਾ ਧੁਰਾ ਸੀ ਸਾਂਤਿਆਗੋ (ਚਿੱਲੀ) ਵਿਚ ਸੰਯੁਕਤ ਰਾਸ਼ਟਰ ਦਾ ਲਾਤੀਨੀ ਅਮਰੀਕਾ ਬਾਰੇ ਆਰਥਕ ਕਮਿਸ਼ਨ। ਅਰਥਸ਼ਾਸਤਰੀ ਰੌਅਲ ਪ੍ਰੈਬਿਚ 1950ਵਿਆਂ ਤੋਂ ਲੈ ਕੇ 1963 ਤੱਕ ਇਸ ਦਾ ਮੁਖੀ ਰਿਹਾ। ਪ੍ਰੈਬਿਚ ਨੇ ਵਿਕਾਸਵਾਦੀ ਸਿਧਾਂਤ ਬਾਰੇ ਅਰਥਸ਼ਾਸਤਰੀਆਂ ਦੇ ਪੂਰ ਸਿੱਖਿਅਤ ਕੀਤੇ ਅਤੇ ਉਨ੍ਹਾਂ ਨੂੰ ਇਸ ਮਹਾਂਦੀਪ 'ਚ ਸਰਕਾਰਾਂ ਦੇ ਨੀਤੀ ਸਲਾਹਕਾਰਾਂ ਵਜੋਂ ਕੰਮ ਕਰਨ ਲਈ ਭੇਜਿਆ ਗਿਆ। ਅਰਜਨਟਾਈਨਾ ਦੇ ਜੁਆਨ ਪੈਰੋਨ ਵਰਗੇ ਕੌਮਪ੍ਰਸਤ ਸਿਆਸਤਦਾਨਾਂ ਨੇ ਵਿਕਾਸਵਾਦੀ ਵਿਚਾਰਾਂ ਨੂੰ ਬਹੁਤ ਸ਼ਿੱਦਤ ਨਾਲ ਲਾਗੂ ਕੀਤਾ। ਇਨ੍ਹਾਂ ਨੇ ਵੱਡੀਆਂ ਸੜਕਾਂ ਅਤੇ ਸਟੀਲ ਪਲਾਂਟਾਂ ਵਰਗੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ 'ਚ ਸਰਕਾਰੀ ਪੈਸਾ ਲਾਇਆ, ਸਥਾਨਕ ਕਾਰੋਬਾਰੀਆਂ ਨੂੰ ਫੈਕਟਰੀਆਂ ਲਾਉਣ ਲਈ ਖੁੱਲ੍ਹੇ ਦਿਲ ਨਾਲ ਸਬਸਿਡੀਆਂ ਦੇ ਕੇ ਕਾਰਾਂ ਅਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਦੀ ਪੈਦਾਵਾਰ ਕਰਵਾਈ ਅਤੇ ਬਦੇਸ਼ੀ ਦਰਾਮਦਾਂ ਉੱਪਰ ਭਾਰੀ ਟੈਕਸ ਰੋਕਾਂ ਲਾ ਦਿੱਤੀਆਂ।

ਕਾਰੋਬਾਰ ਦੇ ਇਸ ਹੈਰਾਨੀਜਨਕ ਸਮੇਂ, ਦੱਖਣੀ ਤਿਕੋਨ ਦੇ ਦੇਸ਼ ਹੁਣ ਬਾਕੀ ਲਾਤੀਨੀ ਅਮਰੀਕਾ ਜਾਂ ਤੀਜੀ ਦੁਨੀਆਂ ਦੇ ਦੇਸ਼ਾਂ ਵਰਗੇ ਨਾ ਰਹੇ। ਇਹ ਯੂਰਪ ਅਤੇ ਉੱਤਰੀ ਅਮਰੀਕਾ ਵਰਗੇ ਵੱਧ ਦਿਖਾਈ ਦਿੰਦੇ ਸਨ। ਨਵੀਂਆਂ ਫੈਕਟਰੀਆਂ ਦੇ ਮਜ਼ਦੂਰਾਂ ਨੇ ਤਕੜੀਆਂ ਯੂਨੀਅਨਾਂ ਬਣਾ ਲਈਆਂ। ਇਹ ਮੱਧ ਵਰਗ ਦੇ ਪੱਧਰ ਦੀਆਂ ਤਨਖਾਹਾਂ ਲੈਣ ਲਈ ਅਗਵਾਈ ਕਰਦੀਆਂ। ਇਨ੍ਹਾਂ ਮਜ਼ਦੂਰਾਂ ਦੇ ਬੱਚੇ ਨਵੀਆਂ ਸਰਕਾਰੀ ਯੂਨੀਵਰਸਿਟੀਆਂ 'ਚ ਪੜ੍ਹਨ ਲੱਗੇ। ਇਸ ਖੇਤਰ ਦੇ ਪੋਲੋ ਕਲੱਬਾਂ ਵਾਲੇ ਕੁਲੀਨ ਵਰਗ ਅਤੇ ਕਿਸਾਨ ਜਨਤਾ ਵਿਚਲਾ ਪਾੜਾ ਘਟਣਾ ਸ਼ੁਰੂ ਹੋ ਗਿਆ। 1950ਵਿਆਂ 'ਚ, ਅਰਜਨਟਾਈਨਾ ਦੇ ਮੱਧ ਵਰਗ ਦੀ ਗਿਣਤੀ ਇਸ ਮਹਾਂਦੀਪ ਦੇ ਦੇਸ਼ਾਂ 'ਚ ਸਭ ਤੋਂ ਵੱਡੀ ਸੀ। ਇਸ ਦੇ ਗੁਆਂਢੀ ਉਰੂਗੁਏ ਦੀ ਸਾਖ਼ਰਤਾ ਦਰ 95 ਫ਼ੀ ਸਦੀ ਸੀ ਅਤੇ ਇਸ ਨੇ ਨਾਗਰਿਕਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕੀਤੀਆਂ ਸਨ। ਇਕ ਸਮੇਂ ਵਿਕਾਸਵਾਦ ਦੀ ਕਾਮਯਾਬੀ ਐਨੀ ਹੈਰਤਅੰਗੇਜ਼ ਸੀ ਕਿ ਲਾਤੀਨੀ ਅਮਰੀਕਾ ਦੀ ਦੱਖਣੀ ਤਿਕੋਨ ਦੁਨੀਆਂ ਭਰ ਦੇ ਗਰੀਬ ਦੇਸ਼ਾਂ ਲਈ ਜ਼ਬਰਦਸਤ ਮਿਸਾਲ ਬਣ ਕੇ ਉੱਭਰ ਆਈ : ਇੱਥੇ ਇਹ ਸਾਬਤ ਹੋ ਗਿਆ ਕਿ ਤਿੱਖੀਆਂ ਵਿਹਾਰਕ ਨੀਤੀਆਂ ਨੂੰ ਜੇ ਧੜੱਲੇ ਨਾਲ ਲਾਗੂ ਕੀਤਾ ਜਾਵੇ ਤਾਂ ਪਹਿਲੀ ਅਤੇ ਤੀਸਰੀ ਦੁਨੀਆਂ ਵਿਚਲੇ ਜਮਾਤੀ ਪਾੜੇ ਨੂੰ ਸੱਚੀਮੁੱਚੀਂ ਪੂਰਿਆ ਜਾ ਸਕਦਾ ਹੈ।

ਕੀਨਜ਼ਵਾਦੀ ਉੱਤਰ ਅਤੇ ਵਿਕਾਸਵਾਦੀ ਦੱਖਣ 'ਚ ਸਰਕਾਰੀ ਕੰਟਰੋਲ ਵਾਲੇ ਅਰਥਚਾਰਿਆਂ ਦੀ ਇਸ ਸਮੁੱਚੀ ਕਾਮਯਾਬੀ ਨਾਲ ਸ਼ਿਕਾਗੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ 'ਚ ਨ੍ਹੇਰ ਪੈ ਗਿਆ। ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ਵਲੋਂ ਹਾਵਰਡ, ਯੇਲ ਅਤੇ ਆਕਸਫੋਰਡ ਯੂਨੀਵਰਸਿਟੀਆਂ ਵਿਚੋਂ ਸ਼ਿਕਾਗੋਵਾਦੀਆਂ ਦੇ ਨੰਬਰ ਇਕ ਅਕਾਦਮਿਕ ਸ਼ਰੀਕਾਂ ਨੂੰ ਭਰਤੀ ਕਰਕੇ ਮੰਡੀ ਦੇ ਦੈਂਤ ਨੂੰ ਕਾਬੂ ਕਰਨ ਲਈ ਸਹਾਇਤਾ ਲਈ ਜਾ ਰਹੀ ਸੀ; ਘੱਟੋ ਘੱਟ ਕਿਸੇ ਦੀ ਵੀ ਇਸ ਦੈਂਤ ਨੂੰ ਹੋਰ ਵਹਿਸ਼ੀ ਰੂਪ 'ਚ ਖ਼ੌਰੂ ਪਾਉਂਦੇ ਰਹਿਣ ਦੇਣ ਬਾਰੇ ਫਰਾਇਡਮੈਨ ਦੇ ਨਿਧੜਕ ਵਿਚਾਰਾਂ 'ਚ ਕੋਈ ਰੁਚੀ ਨਹੀਂ ਸੀ। ਫੇਰ ਵੀ, ਕੁਝ ਲੋਕ ਐਸੇ ਸਨ ਜਿਨ੍ਹਾਂ ਦੀ ਸ਼ਿਕਾਗੋ ਸਕੂਲ ਦੇ ਵਿਚਾਰਾਂ 'ਚ ਡੂੰਘੀ ਰੁਚੀ ਸੀ—ਅਤੇ ਇਹ ਬੜੀ ਤਾਕਤਵਰ ਜੁੰਡਲੀ ਸੀ।

ਅਮਰੀਕੀ ਬਹੁ-ਕੌਮੀ ਕੰਪਨੀਆਂ ਦੇ ਮੁਖੀਆਂ ਲਈ ਜੰਗ ਤੋਂ ਬਾਅਦ ਆਰਥਕ ਤੇਜ਼ੀ ਦੇ ਇਹ ਸਾਲ ਪ੍ਰੇਸ਼ਾਨੀ ਵਾਲੇ ਸਨ। ਵਿਕਾਸਸ਼ੀਲ ਦੁਨੀਆਂ 'ਚ ਇਨ੍ਹਾਂ ਦੀ ਆਓਭਗਤ ਘਟ ਗਈ ਸੀ ਅਤੇ ਆਪਣੇ ਦੇਸ਼ਾਂ 'ਚ ਇਨ੍ਹਾਂ ਨੂੰ ਕਾਫ਼ੀ ਤਕੜੀਆਂ ਯੂਨੀਅਨਾਂ ਦੀਆਂ ਮੰਗਾਂ ਦਾ ਸਾਹਮਣਾ

ਕਰਨਾ ਪੈ ਰਿਹਾ ਸੀ। ਆਰਥਿਕਤਾ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ, ਪਰ ਮਾਲਕਾਂ ਅਤੇ ਹਿੱਸੇਦਾਰਾਂ ਨੂੰ ਇਸ ਦੌਲਤ ਦਾ ਤਕੜਾ ਹਿੱਸਾ ਕਾਰਪੋਰੇਟ ਟੈਕਸਾਂ ਅਤੇ ਮਜ਼ਦੂਰਾਂ ਦੀਆਂ ਤਨਖਾਹਾਂ ਦੇ ਰੂਪ 'ਚ ਦੇਣਾ ਪੈ ਰਿਹਾ ਸੀ। ਹਰ ਕਿਸੇ ਨੂੰ ਫ਼ਾਇਦਾ ਹੋ ਰਿਹਾ ਸੀ, ਪਰ ਇਸ ਦੇ ਉਲਟ ਜੇ ਨਵੇਂ ਸਮਝੌਤੇ (New Deal) ਤੋਂ ਪਹਿਲੇ ਨਿਯਮਾਂ ਨੂੰ ਦੁਬਾਰਾ ਅਪਣਾਇਆ ਜਾਂਦਾ ਤਾਂ ਇਹ ਤਕੜਾ ਫ਼ਾਇਦਾ ਥੋੜ੍ਹੇ ਜਹੇ ਲੋਕਾਂ ਤੱਕ ਹੀ ਪਹੁੰਚਣਾ ਸੀ।

ਖੁੱਲ੍ਹੀ ਮੰਡੀ ਦੀ ਨੀਤੀ ਖਿਲਾਫ਼ ਕੀਨਜ਼ਵਾਦੀ ਇਨਕਲਾਬ ਦੀ ਕਾਰਪੋਰੇਟ ਖੇਤਰ ਨੂੰ ਭਾਰੀ ਕੀਮਤ ਤਾਰਨੀ ਪੈ ਰਹੀ ਸੀ। ਇਹ ਸਪਸ਼ਟ ਸੀ ਕਿ ਖੁੱਸਿਆ ਹੋਇਆ ਅਧਾਰ ਮੁੜ ਹਾਸਲ ਕਰਨ ਲਈ ਕੀਨਜ਼ਵਾਦ ਵਿਰੁੱਧ ਉਲਟ ਇਨਕਲਾਬ ਦੀ ਇਨ੍ਹਾਂ ਨੂੰ ਜ਼ੋਰਦਾਰ ਜ਼ਰੂਰਤ ਸੀ, ਸਰਮਾਏਦਾਰੀ ਦੇ ਉਸ ਰੂਪ ਵੱਲ ਵਾਪਸੀ ਦੀ ਜ਼ਰੂਰਤ ਜੋ ਮੰਦਵਾੜੇ ਦੇ ਸਮੇਂ ਤੋਂ ਵੀ ਘੱਟ ਸਰਕਾਰੀ ਜਕੜ 'ਚ ਹੋਵੇ। ਇਸ ਜਹਾਦ ਦੀ ਅਗਵਾਈ *ਵਾਲ ਸਟਰੀਟ* ਖ਼ੁਦ ਨਹੀਂ ਕਰ ਸਕਦਾ ਸੀ—ਘੱਟੋ ਘੱਟ ਮੌਜੂਦ ਮਾਹੌਲ 'ਚ ਤਾਂ ਬਿਲਕੁਲ ਨਹੀਂ। ਜੇ ਫਰਾਇਡਮੈਨ ਦਾ ਗੂੜ੍ਹਾ ਯਾਰ ਵਾਲਟਰ ਰਿਸਤਨ, ਜੋ ਸਿਟੀ ਬੈਂਕ ਦਾ ਮੁਖੀ ਸੀ, ਅੱਗੇ ਵਧ ਕੇ ਦਲੀਲ ਦਿੰਦਾ ਕਿ ਘੱਟੋ ਘੱਟ ਉਜਰਤ ਅਤੇ ਕਾਰਪੋਰੇਟ ਟੈਕਸ ਦੋਵੇਂ ਖ਼ਤਮ ਕੀਤੇ ਜਾਣੇ ਚਾਹੀਦੇ ਹਨ ਤਾਂ ਇਹ ਸੁਭਾਵਿਕ ਸੀ ਕਿ ਉਸ 'ਤੇ ਬੇਰਹਿਮ ਧਨਾਢ ਦਾ ਇਲਜ਼ਾਮ ਲੱਗ ਜਾਣਾ ਸੀ। ਅਤੇ ਇੱਥੇ ਸ਼ਿਕਾਗੋ ਸਕੂਲ ਕੰਮ ਆਇਆ। ਇਹ ਇਕਦਮ ਸਪਸ਼ਟ ਹੋ ਗਿਆ ਕਿ ਜਦੋਂ ਪ੍ਰਤਿਭਾਵਾਨ ਹਿਸਾਬਦਾਨ ਅਤੇ ਬਹਿਸ ਦੇ ਮਾਹਰ ਫਰਾਇਡਮੈਨ ਨੇ ਇਹੀ ਦਲੀਲਾਂ ਦਿੱਤੀਆਂ ਤਾਂ ਇਨ੍ਹਾਂ ਨੇ ਵੱਖਰੀ ਅਹਿਮੀਅਤ ਅਖ਼ਤਿਆਰ ਕਰ ਲਈ। ਇਨ੍ਹਾਂ ਨੂੰ ਸਿਰ-ਫਿਰੇ ਕਹਿ ਕੇ ਰੱਦ ਕੀਤਾ ਜਾ ਸਕਦਾ ਸੀ ਪਰ ਇਹ ਵਿਗਿਆਨਕ ਨਿਰਪੱਖਤਾ ਦੀ ਆਭਾ ਨਾਲ ਜਗਮਗਾ ਰਹੇ ਸਨ। ਕਾਰਪੋਰੇਟ ਵਿਚਾਰ ਅਕਾਦਮਿਕ, ਜਾਂ ਨੀਮ-ਅਕਾਦਮਿਕ ਸੰਸਥਾਵਾਂ ਜ਼ਰੀਏ ਆਉਣ ਦਾ ਚੋਖਾ ਫ਼ਾਇਦਾ ਹੋਇਆ। ਇਸ ਦੀ ਬਦੌਲਤ ਨਾ ਸਿਰਫ਼ ਸ਼ਿਕਾਗੋ ਸਕੂਲ ਨੂੰ ਫੰਡਾਂ ਦੇ ਗੱਫੇ ਮਿਲਦੇ ਰਹੇ ਸਗੋਂ ਥੋੜ੍ਹੇ ਸਮੇਂ 'ਚ ਹੀ ਇਸ ਨੇ ਸੱਜੇ ਪੱਖੀ ਨੀਤੀ ਮਾਹਰਾਂ ਦਾ ਆਲਮੀ ਤਾਣਾ-ਬਾਣਾ ਖੜ੍ਹਾ ਕਰ ਲਿਆ ਜੋ ਦੁਨੀਆਂ ਭਰ 'ਚ ਪਿਛਾਖੜੀ ਮੁਹਿੰਮਬਾਜ਼ਾਂ ਦਾ ਅੱਡਾ ਬਣ ਜਾਣਾ ਸੀ ਅਤੇ ਜਿਸ ਨੇ ਇਨ੍ਹਾਂ ਦਾ ਪਾਲਣ-ਪੋਸ਼ਣ ਕਰਨਾ ਸੀ।

ਫਰਾਇਡਮੈਨ ਉੱਪਰ ਤਾਂ ਇਕ ਹੀ ਭੂਤ ਸਵਾਰ ਸੀ : ਨਵੇਂ ਸਮਝੌਤੇ ਨੇ ਹਰ ਚੀਜ਼ ਗ਼ਲਤ ਮਲਤ ਕਰ ਦਿੱਤੀ ਹੈ। ਇਹੀ ਸਮਾਂ ਸੀ ਜਦੋਂ ਬਹੁਤ ਸਾਰੇ ਦੇਸ਼ "ਸਮੇਤ ਮੇਰੇ ਆਪਣੇ ਦੇਸ਼ ਦੇ, ਗ਼ਲਤ ਰਾਹੇ ਪੈ ਗਏ ਸਨ।"[17] ਸਰਕਾਰਾਂ ਨੂੰ ਲੀਹ 'ਤੇ ਲਿਆਉਣ ਲਈ ਫਰਾਇਡਮੈਨ ਨੇ ਆਪਣੀ ਪਲੇਠੀ ਪ੍ਰਸਿੱਧ ਕਿਤਾਬ *ਸਰਮਾਏਦਾਰੀ ਅਤੇ ਆਜ਼ਾਦੀ* ਵਿਚ ਉਹ ਖ਼ਾਕਾ ਪੇਸ਼ ਕੀਤਾ ਜੋ ਆਲਮੀ ਖੁੱਲ੍ਹੀ ਮੰਡੀ ਦਾ ਕਾਇਦਾ-ਕਾਨੂੰਨ ਬਣ ਕੇ ਉੱਭਰੇਗਾ ਅਤੇ ਅਮਰੀਕਾ 'ਚ ਨਵ-ਰੂੜ੍ਹੀਵਾਦੀ ਲਹਿਰ ਦਾ ਆਰਥਕ ਏਜੰਡਾ ਬਣੇਗਾ।

ਪਹਿਲਾ, ਸਰਕਾਰਾਂ ਨੂੰ ਮੁਨਾਫ਼ੇ ਬਟੋਰਨ ਦੇ ਰਾਹ ਦਾ ਰੋੜਾ ਬਣਨ ਵਾਲੇ ਸਾਰੇ ਕਾਇਦੇ-ਕਾਨੂੰਨ ਖ਼ਤਮ ਕਰਨੇ ਹੋਣਗੇ। ਦੂਜਾ, ਸਰਕਾਰਾਂ ਆਪਣੇ ਸਾਰੇ ਅਸਾਸੇ ਵੇਚ ਦੇਣ ਤਾਂ ਜੋ ਕਾਰਪੋਰੇਸ਼ਨਾਂ ਨੂੰ ਮੁਨਾਫ਼ੇ ਹੋਣੇ ਸ਼ੁਰੂ ਹੋ ਜਾਣ। ਅਤੇ ਤੀਜਾ, ਸਰਕਾਰਾਂ ਸਮਾਜਿਕ ਪ੍ਰੋਗਰਾਮਾਂ ਲਈ ਦਿੱਤੇ ਜਾਂਦੇ ਫੰਡਾਂ 'ਚ ਤਿੱਖੀਆਂ ਕਟੌਤੀਆਂ ਕਰਨ। ਸਰਕਾਰੀ ਕੰਟਰੋਲ ਹਟਾਉਣ, ਨਿੱਜੀਕਰਨ ਅਤੇ ਕਟੌਤੀਆਂ ਦੇ ਇਸ ਤਿਪੱਖੀ ਗੁਰ 'ਚ ਫਰਾਇਡਮੈਨ ਦੇ ਸਾਰੇ ਖ਼ਾਸ ਨੁਕਤੇ ਸ਼ਾਮਲ ਸਨ। ਜੇ ਟੈਕਸ ਕਾਇਮ ਰੱਖਣੇ ਹਨ ਤਾਂ ਨੀਵੀਂ ਦਰ ਵਾਲੇ ਰੱਖਣੇ ਹੋਣਗੇ। ਅਮੀਰ ਅਤੇ ਗਰੀਬ ਨੂੰ ਇਕੋ ਜਹੀਆਂ ਬਰਾਬਰ

ਦਰਾਂ ਨਾਲ ਟੈਕਸ ਲੱਗੇਗਾ। ਕਾਰਪੋਰੇਸ਼ਨਾਂ ਨੂੰ ਦੁਨੀਆਂ 'ਚ ਕਿਤੇ ਵੀ ਆਪਣਾ ਮਾਲ ਵੇਚਣ ਦੀ ਖੁੱਲ੍ਹ ਦਿੱਤੀ ਜਾਵੇਗੀ ਅਤੇ ਸਰਕਾਰਾਂ ਸਥਾਨਕ ਸਨਅਤਾਂ ਜਾਂ ਸਥਾਨਕ ਮਾਲਕਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕਰਨਗੀਆਂ। ਮਿਹਨਤ ਦੇ ਮੁੱਲ ਸਮੇਤ, ਸਾਰੀਆਂ ਕੀਮਤਾਂ ਮੰਡੀ ਤੈਅ ਕਰੇਗੀ। ਘੱਟੋ ਘੱਟ ਉਜਰਤ ਦੀ ਕਾਨੂੰਨੀ ਸੁਰੱਖਿਆ ਨਹੀਂ ਰਹੇਗੀ। ਫਰਾਇਡਮੈਨ ਨੇ ਸਿਹਤ ਸੇਵਾਵਾਂ, ਡਾਕ ਸੇਵਾਵਾਂ, ਸਿੱਖਿਆ, ਸੇਵਾ ਮੁਕਤੀ ਪੈਨਸ਼ਨ, ਇੱਥੋਂ ਤੱਕ ਕਿ ਨੈਸ਼ਨਲ ਪਾਰਕ ਤੱਕ ਦਾ ਨਿੱਜੀਕਰਨ ਕਰ ਦੇਣ ਦੀ ਸਲਾਹ ਦਿੱਤੀ। ਸੰਖੇਪ 'ਚ, ਅਤੇ ਪੂਰੀ ਬੇਸ਼ਰਮੀ ਨਾਲ, ਉਹ ਰਾਜ, ਕਾਰਪੋਰੇਸ਼ਨਾਂ ਅਤੇ ਕਿਰਤੀ ਸ਼ਕਤੀ ਦਰਮਿਆਨ ਦੇ ਇਸ ਪ੍ਰੇਸ਼ਾਨ ਕਰਨ ਵਾਲੇ ਨਵੇਂ ਸਮਝੌਤੇ ਨੂੰ ਖ਼ਤਮ ਕਰਨ ਦੇ ਸੱਦੇ ਦੇ ਰਿਹਾ ਸੀ ਜਿਸ ਨੇ ਮਹਾਂ ਮੰਦਵਾੜੇ ਤੋਂ ਬਾਅਦ ਜਨਤਕ ਬਗ਼ਾਵਤ ਨੂੰ ਠੱਲ੍ਹ ਪਾ ਦਿੱਤੀ ਸੀ। ਮਜ਼ਦੂਰਾਂ ਨੇ ਜਿਹੜੀ ਵੀ ਕਾਨੂੰਨੀ ਸੁਰੱਖਿਆ ਜਦੋਜਹਿਦ ਰਾਹੀਂ ਹਾਸਲ ਕੀਤੀ ਹੋਈ ਸੀ, ਮੰਡੀ ਦੀ ਚੋਭ ਨੂੰ ਘਟਾਉਣ ਲਈ ਰਾਜ ਜਿਹੜੀਆਂ ਵੀ ਸੇਵਾਵਾਂ ਮੁਹੱਈਆ ਕਰਦਾ ਸੀ, ਸ਼ਿਕਾਗੋ ਸਕੂਲ ਦਾ ਉਲਟ ਇਨਕਲਾਬ ਉਨ੍ਹਾਂ ਨੂੰ ਪੁੱਠਾ ਗੇੜਾ ਦੇਣਾ ਚਾਹੁੰਦਾ ਸੀ।

ਇਸ ਉਲਟ ਇਨਕਲਾਬ ਦੀ ਲਾਲਸਾ ਤਾਂ ਇਸ ਤੋਂ ਵੀ ਅਗਾਂਹ ਦੀ ਸੀ—ਸਰਕਾਰੀ ਸਹੂਲਤਾਂ ਜਨੂੰਨੀ ਰਫ਼ਤਾਰ ਨਾਲ ਮੁਹੱਈਆ ਕਰਨ ਦੇ ਉਨ੍ਹਾਂ ਦਹਾਕਿਆਂ ਦੌਰਾਨ ਮਜ਼ਦੂਰਾਂ ਅਤੇ ਸਰਕਾਰਾਂ ਨੇ ਜੋ ਕੁਝ ਉਸਾਰਿਆ ਸੀ ਇਹ ਉਸ ਨੂੰ ਹੜੱਪਣਾ ਚਾਹੁੰਦਾ ਸੀ। ਫਰਾਇਡਮੈਨ ਜਿਨ੍ਹਾਂ ਜਾਇਦਾਦਾਂ ਨੂੰ ਵੇਚਣ ਦੀਆਂ ਨਸੀਹਤਾਂ ਸਰਕਾਰਾਂ ਨੂੰ ਦੇ ਰਿਹਾ ਸੀ ਉਹ ਸਾਲਾਂ ਬੱਧੀ ਜਨਤਾ ਦੇ ਪੈਸੇ ਦੇ ਪੂੰਜੀ-ਨਿਵੇਸ਼ ਅਤੇ ਇਨ੍ਹਾਂ ਬਹੁਮੁੱਲੀਆਂ ਜਾਇਦਾਦਾਂ ਦੀ ਸਿਰਜਣਾ ਕਰਨ ਵਾਲਿਆਂ ਦੇ ਗਿਆਨ ਦਾ ਫ਼ਲ ਸਨ। ਜਿੱਥੋਂ ਤੱਕ ਫਰਾਇਡਮੈਨ ਦਾ ਸਵਾਲ ਸੀ, ਉਸ ਦਾ ਅਸੂਲ ਸੀ ਕਿ ਇਹ ਕੁਲ ਸਾਂਝੀ ਦੌਲਤ ਨਿੱਜੀ ਹੱਥਾਂ 'ਚ ਦੇ ਦਿੱਤੀ ਜਾਵੇ।

ਫਰਾਇਡਮੈਨ ਆਪਣੀ ਦ੍ਰਿਸ਼ਟੀ ਨੂੰ ਭਾਵੇਂ ਹਮੇਸ਼ਾ ਅੰਕੜਿਆਂ ਅਤੇ ਵਿਗਿਆਨ 'ਚ ਲਪੇਟ ਕੇ ਪੇਸ਼ ਕਰਦਾ ਸੀ, ਪਰ ਇਹ ਪੂਰੀ ਤਰ੍ਹਾਂ ਵੱਡੀਆਂ ਬਹੁ-ਕੌਮੀ ਕੰਪਨੀਆਂ ਦੇ ਹਿੱਤਾਂ ਅਨੁਸਾਰ ਸੀ। ਜਿਨ੍ਹਾਂ ਦੀ ਫ਼ਿਤਰਤ ਹੀ ਵਿਸ਼ਾਲ ਨਵੀਆਂ ਕੰਟਰੋਲ ਮੁਕਤ ਮੰਡੀਆਂ ਦੀ ਲਾਲਸਾ ਰਹੀ ਹੈ। ਸਰਮਾਏਦਾਰੀ ਦੇ ਫੈਲਾਅ ਦੇ ਪਹਿਲੇ ਪੜਾਅ 'ਚ, ਵਿਕਾਸ ਦੀ ਇਸ ਤਰ੍ਹਾਂ ਦੀ ਲਾਲਸਾ ਨੂੰ ਬਸਤੀਵਾਦ ਪੂਰਾ ਕਰਦਾ ਸੀ। ਬਸਤੀਵਾਦ ਨਵੇਂ ਇਲਾਕੇ "ਲੱਭ ਕੇ" ਅਤੇ ਬਿਨਾ ਮੁੱਲ ਤਾਰੇ ਜ਼ਮੀਨ ਹੜੱਪ ਕੇ ਕਾਰਪੋਰੇਸ਼ਨਾਂ ਨੂੰ ਦਿੰਦਾ ਅਤੇ ਫੇਰ ਸਥਾਨਕ ਬਾਸ਼ਿੰਦਿਆਂ ਨੂੰ ਮੁਆਵਜ਼ਾ ਦਿੱਤੇ ਬਗ਼ੈਰ ਹੀ ਉਨ੍ਹਾਂ ਦੀ ਧਰਤੀ ਵਿਚੋਂ ਕੁਦਰਤੀ ਦੌਲਤ ਦੀ ਲੁੱਟ ਕਰਵਾਉਂਦਾ। "ਕਲਿਆਣਕਾਰੀ ਰਾਜ" ਅਤੇ "ਵੱਡੀ ਸਰਕਾਰ" ਬਾਰੇ ਫਰਾਇਡਮੈਨ ਦੀ ਜੰਗ ਤੇਜ਼ੀ ਨਾਲ ਅਮੀਰ ਹੋਣ ਦੀ ਨਵੀਂ ਨੁਹਾਰ ਵਾਲਾ ਵਾਅਦਾ ਕਰਦੀ ਸੀ। ਇਸ ਵਾਰ, ਨਵੇਂ ਇਲਾਕੇ ਜਿੱਤਣ ਦੀ ਥਾਂ, ਰਾਜ ਖ਼ੁਦ ਹੀ ਨਵੀਂ ਹੱਦਬੰਦੀ ਹੋਵੇਗਾ। ਇਸ ਦੀਆਂ ਜਨਤਕ ਸੇਵਾਵਾਂ ਅਤੇ ਜਾਇਦਾਦਾਂ ਕੌਡੀਆਂ ਦੇ ਭਾਅ ਨਿਲਾਮ ਕੀਤੀਆਂ ਜਾਣਗੀਆਂ।

ਵਿਕਾਸਵਾਦੀ ਵਿਚਾਰਧਾਰਾ ਵਿਰੁੱਧ ਜੰਗ

1950ਵਿਆਂ ਦੇ ਅਮਰੀਕਾ 'ਚ, ਇਸ ਤਰ੍ਹਾਂ ਅਮੀਰ ਬਣਨ ਤੱਕ ਪਹੁੰਚਣ ਲਈ ਹਾਲੇ ਦਹਾਕਿਆਂ ਦਾ ਸਮਾਂ ਲੱਗਣਾ ਸੀ। ਇੱਥੋਂ ਤੱਕ ਕਿ, ਵਾਈਟ ਹਾਊਸ 'ਚ ਡੀ ਆਈਜ਼ਨਹਾਵਰ ਵਰਗਾ ਕੱਟੜ ਰਿਪਬਲਿਕਨ ਕਾਬਜ਼ ਹੋਣ ਕਾਰਨ, ਸ਼ਿਕਾਗੋਵਾਦੀਆਂ ਦੀ ਸਲਾਹ ਅਨੁਸਾਰ ਇਸ ਤਰ੍ਹਾਂ ਸੱਜੇਪੱਖੀ ਮੋੜਾ ਕੱਟੇ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ। ਸਰਕਾਰੀ ਸਹੂਲਤਾਂ ਅਤੇ

ਮਜ਼ਦੂਰਾਂ ਦੀ ਸੁਰੱਖਿਆ ਦਾ ਕਾਨੂੰਨੀ ਇੰਤਜ਼ਾਮ ਬਹੁਤ ਜ਼ਿਆਦਾ ਹਰਮਨਪਿਆਰਾ ਸੀ ਅਤੇ ਆਈਜ਼ਨਹਾਵਰ ਦੀ ਅੱਖ ਅਗਲੀਆਂ ਚੋਣਾਂ 'ਤੇ ਸੀ। ਭਾਵੇਂ ਆਪਣੇ ਦੇਸ਼ 'ਚ ਕੀਨਜ਼ਵਾਦ ਨੂੰ ਪੁੱਠਾ ਗੇੜਾ ਦੇਣ ਦੀ ਲਾਲਸਾ ਆਈਜ਼ਨਹਾਵਰ 'ਚ ਘੱਟ ਸੀ ਪਰ ਉਸ ਨੇ ਦੂਜੇ ਦੇਸ਼ਾਂ 'ਚ ਵਿਕਾਸਵਾਦ ਨੂੰ ਹਰਾਉਣ ਲਈ ਫੁਰਤੀ ਨਾਲ ਤਿੱਖੀ ਕਾਰਵਾਈ ਕਰਨ 'ਚ ਪੂਰੀ ਉਤਸੁਕਤਾ ਦਿਖਾਈ। ਇਸ ਮੁਹਿੰਮ 'ਚ ਸ਼ਿਕਾਗੋ ਯੂਨੀਵਰਸਿਟੀ ਅੰਤ ਕੇਂਦਰੀ ਭੂਮਿਕਾ ਨਿਭਾਏਗੀ।

ਜਦੋਂ 1953 'ਚ ਆਈਜ਼ਨਹਾਵਰ ਨੇ ਅਹੁਦਾ ਸੰਭਾਲਿਆ ਓਦੋਂ ਇਰਾਨ ਦਾ ਮੁੱਖ ਵਿਕਾਸਵਾਦੀ ਆਗੂ ਮੁਹੰਮਦ ਮੁਸੱਦਗ਼ ਸੀ। ਜਿਸ ਨੇ ਪਹਿਲਾਂ ਹੀ ਤੇਲ ਕੰਪਨੀ ਦਾ ਕੌਮੀਕਰਨ ਕਰ ਦਿੱਤਾ ਸੀ। ਇੰਡੋਨੇਸ਼ੀਆ ਦੀ ਵਾਗਡੋਰ ਐਕਮਦ ਸੁਕਾਰਨੋ ਦੇ ਹੱਥ ਸੀ। ਉਹ ਵੱਡੇ ਸੁਪਨੇ ਲੈ ਰਿਹਾ ਸੀ ਅਤੇ ਤੀਜੀ ਦੁਨੀਆਂ ਦੀਆਂ ਕੌਮਪ੍ਰਸਤ ਸਰਕਾਰਾਂ ਨੂੰ ਇਕਜੁੱਟ ਕਰਕੇ ਪੱਛਮੀ ਅਤੇ ਸੋਵੀਅਤ ਬਲਾਕ ਦੇ ਬਰਾਬਰ ਦੀ ਅਤਿ-ਮਹਾਂ ਸ਼ਕਤੀ ਬਣਾਉਣ ਬਾਰੇ ਆਮ ਹੀ ਚਰਚਾ ਕਰਦਾ ਰਹਿੰਦਾ ਸੀ। ਅਮਰੀਕਾ ਦੇ ਬਦੇਸ਼ ਮਹਿਕਮੇ ਲਈ ਮੁੱਖ ਫ਼ਿਕਰਮੰਦੀ ਲਾਤੀਨੀ ਅਮਰੀਕਾ ਦੇ ਦੱਖਣੀ ਤਿਕੋਨ ਦੇਸ਼ਾਂ 'ਚ ਕੌਮਪ੍ਰਸਤ ਅਰਥਸ਼ਾਸਤਰ ਦੀ ਵਧ ਰਹੀ ਕਾਮਯਾਬੀ ਸੀ। ਜਿਸ ਵਕਤ ਧਰਤੀ ਦੇ ਵੱਡੇ ਹਿੱਸੇ ਸਟਾਲਿਨਵਾਦ ਅਤੇ ਮਾਓਵਾਦ ਵੱਲ ਖਿੱਚੇ ਜਾ ਰਹੇ ਸਨ, ਓਦੋਂ "ਦਰਾਮਦਾਂ ਦੇ ਬਦਲ" ਦੀਆਂ ਵਿਕਾਸਵਾਦੀ ਤਜਵੀਜ਼ਾਂ ਅਸਲ ਵਿਚ ਪੂਰੀ ਤਰ੍ਹਾਂ ਮੱਧ ਮਾਰਗੀ ਸਨ। ਫੇਰ ਵੀ, ਲਾਤੀਨੀ ਅਮਰੀਕਾ ਲਈ ਖ਼ੁਦ ਦਾ ਆਪਣਾ ਨਵਾਂ ਸਮਝੌਤਾ ਦਰਕਾਰ ਹੋਣ ਦੇ ਵਿਚਾਰ ਦੇ ਜ਼ਬਰਦਸਤ ਦੁਸ਼ਮਣ ਮੌਜੂਦ ਸਨ। ਇਸ ਮਹਾਂਦੀਪ ਦੇ ਜਗੀਰੂ ਭੋਂਇ ਮਾਲਕ, ਪੁਰਾਣੇ ਦਸਤੂਰ ਤੋਂ ਖੁਸ਼ ਸਨ ਜਿਸ ਵਿਚ ਉਹ ਭਾਰੀ ਮੁਨਾਫ਼ੇ ਕਮਾ ਰਹੇ ਸਨ ਅਤੇ ਉਨ੍ਹਾਂ ਨੂੰ ਖੇਤਾਂ ਅਤੇ ਖਾਣਾਂ 'ਚ ਕੰਮ ਕਰਨ ਲਈ ਬੇਸ਼ੁਮਾਰ ਗਰੀਬ ਕਿਸਾਨ ਹਾਸਲ ਹੋ ਰਹੇ ਹਨ। ਹੁਣ ਉਹ ਇਹ ਦੇਖ ਕੇ ਲੋਹੇ-ਲਾਖੇ ਸਨ ਕਿ ਉਨ੍ਹਾਂ ਦੇ ਮੁਨਾਫ਼ੇ ਹੋਰ ਪਾਸੇ ਉਸਾਰੀ ਕਰਨ 'ਤੇ ਖ਼ਰਚੇ ਜਾ ਰਹੇ ਹਨ, ਮਜ਼ਦੂਰ ਜ਼ਮੀਨ ਦੀ ਮੁੜ ਵੰਡ ਕੀਤੇ ਜਾਣ ਦੀ ਮੰਗ ਕਰ ਰਹੇ ਹਨ ਅਤੇ ਸਰਕਾਰ ਫ਼ਸਲਾਂ ਦੇ ਭਾਅ ਗਿਣ-ਮਿੱਥ ਕੇ ਘਟਾ ਰਹੀ ਹੈ ਤਾਂ ਜੋ ਸਾਰਿਆਂ ਨੂੰ ਖਾਣਾ ਮਿਲੇ। ਲਾਤੀਨੀ ਅਮਰੀਕਾ 'ਚ ਜਿਨ੍ਹਾਂ ਅਮਰੀਕੀ ਅਤੇ ਯੂਰਪੀ ਕਾਰਪੋਰੇਸ਼ਨਾਂ ਦੇ ਕਾਰੋਬਾਰ ਸਨ ਉਨ੍ਹਾਂ ਨੇ ਵੀ ਆਪੋ ਆਪਣੀਆਂ ਸਰਕਾਰਾਂ ਕੋਲ ਇਹ ਦੁੱਖੜੇ ਰੋਣੇ ਸ਼ੁਰੂ ਕਰ ਦਿੱਤੇ : ਸਰਹੱਦਾਂ 'ਤੇ ਉਨ੍ਹਾਂ ਦੇ ਮਾਲ ਨੂੰ ਰੋਕਿਆ ਜਾ ਰਿਹਾ ਹੈ, ਮਜ਼ਦੂਰ ਵੱਧ ਉਜਰਤਾਂ ਦੀ ਮੰਗ ਕਰ ਰਹੇ ਹਨ ਅਤੇ ਸਭ ਤੋਂ ਵੱਡੀ ਖ਼ਤਰੇ ਦੀ ਘੰਟੀ ਇਸ ਚਰਚਾ ਦਾ ਵਧਦੇ ਜਾਣਾ ਸੀ ਕਿ ਲਾਤੀਨੀ ਅਮਰੀਕਾ ਦੇ ਆਰਥਕ ਆਜ਼ਾਦੀ ਦੇ ਸੁਪਨੇ ਦੀ ਪੂਰਤੀ ਲਈ ਪੈਸਾ ਜੁਟਾਉਣ ਖ਼ਾਤਰ ਬਦੇਸ਼ੀ ਮਾਲਕੀ ਵਾਲੀਆਂ ਖਾਣਾਂ ਤੋਂ ਲੈ ਕੇ ਬੈਂਕਾਂ ਤੱਕ ਹਰ ਚੀਜ਼ ਦਾ ਕੌਮੀਕਰਨ ਕਰਨ ਦਾ ਖ਼ਤਰਾ ਮੰਡਲਾ ਰਿਹਾ ਸੀ।

ਇਨ੍ਹਾਂ ਕਾਰਪੋਰੇਟ ਹਿੱਤਾਂ ਦੇ ਦਬਾਅ ਹੇਠ ਅਮਰੀਕੀ ਅਤੇ ਬਰਤਾਨਵੀ ਬਦੇਸ਼ ਨੀਤੀ ਦੇ ਹਲਕਿਆਂ 'ਚ ਐਸੀ ਲਹਿਰ ਨੇ ਜਕੜ ਬਣਾ ਲਈ ਜਿਸ ਨੇ ਵਿਕਾਸਵਾਦੀ ਸਰਕਾਰਾਂ ਨੂੰ ਠੰਢੀ ਜੰਗ ਵਾਲੀ ਸਫ਼ਬੰਦੀ 'ਚ ਖਿੱਚਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਧਾੜਵੀਆਂ ਨੇ ਚੇਤਾਵਨੀ ਦਿੱਤੀ ਕਿ ਮੱਧ ਮਾਰਗੀ, ਜਮਹੂਰੀ ਮੁਲੰਮੇ ਦੇ ਝਾਂਸੇ 'ਚ ਨਾ ਆਓ; ਤੀਜੀ ਦੁਨੀਆਂ ਦੀ ਇਹ ਕੌਮਪ੍ਰਸਤੀ ਤਾਨਾਸ਼ਾਹ ਕਮਿਊਨਿਜ਼ਮ ਦੇ ਰਾਹ 'ਤੇ ਪਹਿਲਾ ਕਦਮ ਹੈ ਅਤੇ ਇਸ ਨੂੰ ਜੰਮਦੇ ਸਾਰ ਹੀ ਕੁਚਲ ਦੇਣਾ ਚਾਹੀਦਾ ਹੈ। ਇਸ ਸਿਧਾਂਤ ਦੇ ਦੋ ਮੁੱਖ ਵਕੀਲ ਸਨ : ਆਈਜ਼ਨਹਾਵਰ ਦੇ ਬਦੇਸ਼ ਮਾਮਲਿਆਂ ਦਾ ਸਕੱਤਰ ਜੌਹਨ ਫੋਸਟਰ ਡਲਜ਼ ਅਤੇ ਉਸ ਦਾ ਭਰਾ ਐਲਨ ਡਲਜ਼ ਜੋ ਨਵੀਂ ਬਣਾਈ ਸੀ ਆਈ ਏ ਦਾ ਮੁਖੀ ਸੀ। ਦੋਵੇਂ ਨਿਊ ਯਾਰਕ ਦੀ ਪ੍ਰਸਿੱਧ ਕਾਨੂੰਨੀ ਸਲਾਹਕਾਰ ਕੰਪਨੀ ਸਲੀਵਨ

ਐਂਡ ਕ੍ਰਾਮਵੈੱਲ 'ਚ ਕੰਮ ਕਰਦੇ ਸਨ ਜਿੱਥੇ ਉਹ ਇਹ ਸਰਕਾਰੀ ਅਹੁਦੇ ਸੰਭਾਲਣ ਤੋਂ ਪਹਿਲਾਂ ਬਹੁਤ ਸਾਰੀਆਂ ਕੰਪਨੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੇ ਰਹੇ ਸਨ ਜਿਨ੍ਹਾਂ ਨੂੰ ਵਿਕਾਸਵਾਦ ਕਾਰਨ ਬਹੁਤ ਜ਼ਿਆਦਾ ਨੁਕਸਾਨ ਉਠਾਉਣਾ ਪੈਣਾ ਸੀ। ਇਨ੍ਹਾਂ ਵਿਚ ਸ਼ਾਮਲ ਸਨ ਜੇ ਪੀ ਮਾਰਗਨ ਐਂਡ ਕੰਪਨੀ, ਇੰਟਰਨੈਸ਼ਨਲ ਨਿੱਕਲ ਕੰਪਨੀ, ਕਿਊਬਨ ਰੰਗਨਾ ਕਾਰਪੋਰੇਸ਼ਨ ਅਤੇ ਯੂਨਾਈਟਿਡ ਫਰੂਟ ਕੰਪਨੀ।[18] ਡਲਜ਼ ਜੋੜੀ ਦੇ ਸੱਤਾ 'ਚ ਆਉਣ ਦੇ ਸਿੱਟੇ ਇਕਦਮ ਸਾਹਮਣੇ ਆ ਗਏ : 1953 ਅਤੇ 1954 'ਚ ਸੀ ਆਈ ਏ ਨੇ ਪਹਿਲੇ ਦੋ ਰਾਜ ਪਲਟੇ ਕਰਵਾਏ, ਦੋਵੇਂ ਤੀਜੀ ਦੁਨੀਆਂ ਦੀਆਂ ਉਨ੍ਹਾਂ ਸਰਕਾਰਾਂ ਨੂੰ ਉਲਟਾਉਣ ਦੇ ਉਦੇਸ਼ ਨਾਲ ਕੀਤੇ ਗਏ ਸਨ ਜਿਨ੍ਹਾਂ ਦੀ ਰਾਸ ਸਟਾਲਿਨ ਦੀ ਸੋਚ ਨਾਲ ਨਹੀਂ ਸਗੋਂ ਕੀਨਜ਼ਵਾਦੀ ਸੋਚ ਨਾਲ ਵੱਧ ਰਲਦੀ ਸੀ।

ਪਹਿਲਾ ਰਾਜ ਪਲਟਾ 1953 'ਚ ਹੋਇਆ ਜਦੋਂ ਸੀ ਆਈ ਏ ਨੇ ਸਾਜ਼ਿਸ਼ ਰਚ ਕੇ ਇਰਾਨ 'ਚ ਮੁਸੱਦਗ ਦੀ ਸਰਕਾਰ ਉਲਟਾ ਦਿੱਤੀ। ਅਤੇ ਉਸ ਦੀ ਥਾਂ ਜ਼ਾਲਮ ਸ਼ਾਹ ਨੂੰ ਤਖ਼ਤ-ਨਸ਼ੀਨ ਕਰ ਦਿੱਤਾ। ਅਗਲਾ ਰਾਜ ਪਲਟਾ 1954 'ਚ ਸੀ ਆਈ ਏ ਦੀ ਮਦਦ ਨਾਲ ਗੁਆਟੇਮਾਲਾ 'ਚ ਕੀਤਾ ਗਿਆ, ਯੂਨਾਈਟਿਡ ਫਰੂਟ ਕੰਪਨੀ ਨੇ ਇਸ ਰਾਜ ਪਲਟੇ ਨੂੰ ਸਿੱਧਾ ਅੰਜਾਮ ਦਿੱਤਾ। ਕ੍ਰਾਮਵੈੱਲ ਕੰਪਨੀ 'ਚ ਕੰਮ ਕਰਨ ਸਮੇਂ ਤੋਂ ਹੀ ਡਲਜ਼ ਭਰਾਵਾਂ ਦੀ ਇਸ ਕਾਰਪੋਰੇਸ਼ਨ ਨਾਲ ਸਾਂਝ ਚਲੀ ਆ ਰਹੀ ਸੀ। ਰਾਸ਼ਟਰਪਤੀ ਜੈਕੋਬੋ ਅਰਬੈਂਜ਼ ਗੁਜ਼ਮੈਨ ਨੇ ਗੁਆਟੇਮਾਲਾ ਦੀ ਕਾਇਆਕਲਪ ਕਰਨ ਦੇ ਪ੍ਰਾਜੈਕਟ ਦੇ ਹਿੱਸੇ ਵਜੋਂ (ਪੂਰਾ ਮੁਆਵਜ਼ਾ ਦੇ ਕੇ) ਕਾਰਪੋਰੇਸ਼ਨ ਦੀ ਕੁਝ ਖਾਲੀ ਪਈ ਜ਼ਮੀਨ ਹਾਸਲ ਕਰ ਲਈ ਸੀ। ਇਸ ਨੂੰ ਉਹ "ਭਾਰੂ ਜਗੀਰੂ ਆਰਥਿਕਤਾ ਵਾਲੇ ਰਾਜ ਨੂੰ ਆਧੁਨਿਕ ਸਰਮਾਏਦਾਰ ਰਾਜ 'ਚ ਕਾਇਆਕਲਪ ਕਰਨਾ" ਕਹਿੰਦਾ ਸੀ। ਕਾਰਪੋਰੇਸ਼ਨ ਬਖ਼ਿੱਦ ਸੀ ਕਿ ਰਾਸ਼ਟਰਪਤੀ ਦਾ ਉਦੇਸ਼ ਇਸ ਨੂੰ ਮਨਜ਼ੂਰ ਨਹੀਂ ਹੈ।[19] ਛੇਤੀ ਹੀ ਅਰਬੈਂਜ਼ ਨੂੰ ਲਾਹ ਦਿੱਤਾ ਗਿਆ ਅਤੇ ਯੂਨਾਈਟਿਡ ਫਰੂਟ ਕੰਪਨੀ ਮੁੜ ਮਾਲਕ ਬਣ ਗਈ।

ਦੱਖਣੀ ਤਿਕੋਨ ਦੇਸ਼ਾਂ 'ਚ ਡੂੰਘੀਆਂ ਜੜ੍ਹਾਂ ਲਾਈ ਬੈਠੇ ਵਿਕਾਸਵਾਦ ਦਾ ਖ਼ਾਤਮਾ ਕਰਨਾ ਬਹੁਤ ਵੱਡੀ ਚੁਣੌਤੀ ਸੀ। ਇਹ ਮਕਸਦ ਕਿਵੇਂ ਪੂਰਾ ਕੀਤਾ ਜਾਵੇ, ਇਸ ਬਾਰੇ ਵਿਚਾਰ ਉਨ੍ਹਾਂ ਦੋ ਵਿਅਕਤੀਆਂ ਦਰਮਿਆਨ ਚਰਚਾ ਦਾ ਵਿਸ਼ਾ ਸੀ ਜਿਨ੍ਹਾਂ ਨੇ 1953 'ਚ ਸਾਂਤਿਆਗੋ (ਚਿੱਲੀ)'ਚ ਮੀਟਿੰਗ ਕੀਤੀ। ਇਨ੍ਹਾਂ ਵਿਚੋਂ ਇਕ ਸੀ ਚਿੱਲੀ ਵਿਚ ਅਮਰੀਕੀ ਕੌਮਾਂਤਰੀ ਸਹਿਯੋਗ ਪ੍ਰਸ਼ਾਸਨ ਦਾ ਮੁਖੀ ਐੱਲ ਬਿਓਨ ਪੈਤਰਸਨ—ਇਹ ਏਜੰਸੀ ਬਾਅਦ 'ਚ ਯੂ ਐੱਸ ਏਡ ਬਣਕੇ ਉੱਭਰੀ—ਅਤੇ ਦੂਜਾ ਸੀ ਸ਼ਿਕਾਗੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਚੇਅਰਮੈਨ ਥਿਓਡੋਰ ਡਬਲਯੂ ਸ਼ੁਲਜ਼। ਪੈਤਰਸਨ ਰਾਓਲ ਪ੍ਰੈਬਿਸਚ ਅਤੇ ਲਾਤੀਨੀ ਅਮਰੀਕਾ ਦੇ ਹੋਰ "ਸਮਾਜਵਾਦੀ ਰੁਚੀਆਂ ਵਾਲੇ" ਅਰਥਸ਼ਾਸਤਰੀਆਂ ਦੇ ਜ਼ਬਰਦਸਤ ਅਸਰ-ਰਸੂਖ਼ ਤੋਂ ਬਹੁਤ ਫ਼ਿਕਰਮੰਦ ਸੀ ਅਤੇ ਕਚੀਚੀਆਂ ਵੱਟਦਾ ਸੀ। ਉਸ ਨੇ ਆਪਣੇ ਸੰਗੀ ਨੂੰ ਜ਼ੋਰ ਦੇ ਕੇ ਕਿਹਾ ਸੀ, "ਅਰਥਸ਼ਾਸਤਰ ਦੀ ਸਿੱਖਿਆ 'ਤੇ ਪ੍ਰਭਾਵ ਪਾਉਣ ਲਈ ਬੰਦਿਆਂ ਦੀ ਬਣਤਰ ਬਦਲਣੀ ਜ਼ਰੂਰੀ ਹੈ। ਇਹ ਹਾਲਤ ਬਹੁਤ ਮਾੜੀ ਹੈ।"[20] ਇਹ ਉਦੇਸ਼ ਸ਼ੁਲਜ਼ ਦੀ ਆਪਣੀ ਧਾਰਨਾ ਦੇ ਅਨੁਸਾਰ ਸੀ ਕਿ ਅਮਰੀਕੀ ਸਰਕਾਰ ਮਾਰਕਸਵਾਦ ਨਾਲ ਬੌਧਿਕ ਲੜਾਈ ਲੜਨ ਲਈ ਤਸੱਲੀਬਖ਼ਸ਼ ਕੰਮ ਨਹੀਂ ਕਰ ਰਹੀ। ਉਸ ਨੇ ਕਿਹਾ, "ਅਮਰੀਕਾ ਨੂੰ ਬਦੇਸ਼ 'ਚ ਆਪਣੇ ਆਰਥਕ ਪ੍ਰੋਗਰਾਮਾਂ ਦਾ ਜਾਇਜ਼ਾ ਲਾਜ਼ਮੀ ਲੈਣਾ ਚਾਹੀਦਾ ਹੈ.....ਅਸੀਂ ਚਾਹੁੰਦੇ ਹਾਂ ਕਿ (ਗਰੀਬ ਦੇਸ਼) ਸਾਡੇ ਨਾਲ ਜੁੜ ਕੇ ਅਤੇ ਆਰਥਕ ਵਿਕਾਸ ਦੇ ਸਾਡੇ ਰਾਹ 'ਤੇ ਚੱਲ ਕੇ ਆਪਣੀ ਆਰਥਕ ਮੁਕਤੀ ਦਾ ਮਸਲਾ ਹੱਲ ਕਰਨ।"[21]

ਦੋਵੇਂ ਵਿਅਕਤੀਆਂ ਨੇ ਇਕ ਯੋਜਨਾ ਬਣਾਈ। ਉਸ ਦੇ ਸਿੱਟੇ ਵਜੋਂ ਰਾਜ ਦੁਆਰਾ

ਆਰਥਿਕਤਾ ਨੂੰ ਕੰਟਰੋਲ ਕਰਨ ਦੇ ਹਮਾਇਤੀ ਅਰਥਸ਼ਾਸਤਰ ਦਾ ਅੱਡਾ ਸਾਂਤਿਆਗੋ ਨੂੰ ਬਣਾਇਆ ਗਿਆ। ਇਸ ਨੂੰ ਬਾਅਦ ਵਿਚ ਖੁੱਲ੍ਹੀ ਮੰਡੀ ਦੇ ਆਧੁਨਿਕ ਤਜਰਬਿਆਂ ਦੀ ਪ੍ਰਯੋਗਸ਼ਾਲਾ ਬਣਾਇਆ ਜਾਣਾ ਸੀ। ਮਿਲਟਨ ਫਰਾਇਡਮੈਨ ਲੰਮੇ ਸਮੇਂ ਤੋਂ ਐਸੇ ਪ੍ਰਯੋਗਸ਼ਾਲਾ ਰੂਪੀ ਦੇਸ਼ ਲਈ ਤਾਂਘ ਰਿਹਾ ਸੀ ਜਿੱਥੇ ਉਹ ਆਪਣੇ ਮਨਭਾਉਂਦੇ ਸਿਧਾਂਤ ਦੀ ਪਰਖ ਕਰ ਸਕੇ। ਮੁਢਲੀ ਯੋਜਨਾ ਸਿੱਧੀ ਜਹੀ ਸੀ : ਉਨ੍ਹਾਂ ਵਿਦਿਆਰਥੀਆਂ ਦੀ ਸ਼ਿਕਾਗੋ ਯੂਨੀਵਰਸਿਟੀ 'ਚ ਪੜ੍ਹਾਈ ਦਾ ਖ਼ਰਚਾ ਅਮਰੀਕੀ ਸਰਕਾਰ ਦੇਵੇਗੀ ਜਿਨ੍ਹਾਂ ਨੂੰ ਇੱਥੇ ਪੜ੍ਹਨ ਲਈ ਭੇਜਿਆ ਜਾਵੇਗਾ। ਇਹ ਯੂਨੀਵਰਸਿਟੀ ਦੁਨੀਆਂ ਭਰ 'ਚ "ਸਮਾਜਵਾਦੀ" ਵਿਚਾਰਧਾਰਾ ਦੀ ਸਭ ਤੋਂ ਘੋਰ ਵਿਰੋਧੀ ਵਜੋਂ ਮਸ਼ਹੂਰ ਸੀ। ਸ਼ੁਲਜ਼ ਅਤੇ ਉਸ ਦੇ ਯੂਨੀਵਰਸਿਟੀ ਵਾਲੇ ਸਾਥੀਆਂ ਵਲੋਂ ਸਾਂਤਿਆਗੋ ਜਾ ਕੇ ਚਿੱਲੀ ਦੀ ਆਰਥਿਕਤਾ ਬਾਰੇ ਖੋਜ ਕਰਨ ਅਤੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਸ਼ਿਕਾਗੋ ਸਕੂਲ ਦੇ ਮੂਲ ਸਿਧਾਂਤਾਂ ਬਾਰੇ ਸਿਖਲਾਈ ਦੇਣ ਦਾ ਖ਼ਰਚਾ ਵੀ ਦਿੱਤਾ ਜਾਵੇਗਾ।

ਲਾਤੀਨੀ ਅਮਰੀਕਾ ਦੇ ਵਿਦਿਆਰਥੀਆਂ ਦੀ ਸਿਖਲਾਈ ਦੇ ਹੋਰ ਵੀ ਵਧੇਰੇ ਪ੍ਰੋਗਰਾਮ ਸਨ। ਪਰ ਇਹ ਯੋਜਨਾ ਆਪਣੇ ਸ਼ਰੇਆਮ ਵਿਚਾਰਧਾਰਕ ਖ਼ਾਸੇ ਕਾਰਨ ਉਨ੍ਹਾਂ ਤੋਂ ਨਿਵੇਕਲੀ ਸੀ। ਚਿੱਲੀ ਦੇ ਵਿਦਿਆਰਥੀਆਂ ਨੂੰ ਸ਼ਿਕਾਗੋ ਦੀ ਉਸ ਸੰਸਥਾ 'ਚ ਸਿਖਲਾਈ, ਜਿਸ ਦੇ ਪ੍ਰੋਫੈਸਰ ਇਕਜੁੱਟ ਹੋ ਕੇ ਚਿੱਲੀ ਸਰਕਾਰ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੋਏ ਪਏ ਸਨ, ਲਈ ਚੁਣ ਕੇ ਅਮਰੀਕੀ ਬਦੇਸ਼ ਵਿਭਾਗ ਵਿਕਾਸਵਾਦ ਨੂੰ ਚੇਤਾਵਨੀ ਦੇ ਰਿਹਾ ਸੀ। ਇਹ ਚਿੱਲੀ ਵਾਲਿਆਂ ਨੂੰ ਦੱਸ ਰਿਹਾ ਸੀ ਕਿ ਅਮਰੀਕੀ ਸਰਕਾਰ ਨੇ ਫ਼ੈਸਲਾ ਕਰ ਲਿਆ ਹੈ ਕਿ ਉਨ੍ਹਾਂ ਦੇ ਆਹਲਾ ਦਰਜੇ ਦੇ ਵਿਦਿਆਰਥੀਆਂ ਨੂੰ ਕੀ ਸਿਖਾਇਆ ਜਾਵੇਗਾ ਅਤੇ ਕੀ ਨਹੀਂ ਸਿਖਾਇਆ ਜਾਵੇਗਾ। ਇਹ ਲਾਤੀਨੀ ਅਮਰੀਕਾ ਦੇ ਮਾਮਲਿਆਂ 'ਚ ਅਮਰੀਕਾ ਦੀ ਐਨੀ ਨੰਗੀ-ਚਿੱਟੀ ਦਖ਼ਲਅੰਦਾਜ਼ੀ ਸੀ ਕਿ ਜਦੋਂ ਐਲਬਿਓਨ ਪੈਤਰਸਨ ਨੇ ਦੇਸ਼ ਦੀ ਪ੍ਰਮੁੱਖ ਯੂਨੀਵਰਸਿਟੀ, ਚਿੱਲੀ ਯੂਨੀਵਰਸਿਟੀ ਦੇ ਡੀਨ ਨਾਲ ਰਾਬਤਾ ਬਣਾ ਕੇ ਉਸ ਨੂੰ ਸਿੱਖਿਆ ਦੇ ਅਦਾਨ-ਪ੍ਰਦਾਨ ਦੇ ਪ੍ਰੋਗਰਾਮ ਲਈ ਗਰਾਂਟ ਦੀ ਪੇਸ਼ਕਸ਼ ਕੀਤੀ ਤਾਂ ਉਸ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। ਉਸ ਨੇ ਕਿਹਾ, ਉਹ ਸਿਰਫ਼ ਉਸ ਹਾਲਤ 'ਚ ਹੀ ਪ੍ਰੋਗਰਾਮ ਦਾ ਹਿੱਸਾ ਬਣੇਗਾ ਜੇ ਉਨ੍ਹਾਂ ਦੇ ਪ੍ਰੋਫੈਸਰਾਂ ਨੂੰ ਇਹ ਦੱਸਿਆ ਜਾਵੇਗਾ ਕਿ ਵਿਦਿਆਰਥੀਆਂ ਨੂੰ ਅਮਰੀਕਾ 'ਚ ਪੜ੍ਹਾਈ ਕੌਣ ਕਰਾਏਗਾ। ਫੇਰ ਪੈਤਰਸਨ ਨੇ ਇਕ ਛੋਟੀ ਸੰਸਥਾ ਚਿੱਲੀ ਦੀ ਕੈਥੋਲਿਕ ਯੂਨੀਵਰਸਿਟੀ ਦੇ ਡੀਨ ਤੱਕ ਪਹੁੰਚ ਕੀਤੀ। ਇਸ ਬਹੁਤ ਜ਼ਿਆਦਾ ਰੂੜ੍ਹੀਵਾਦੀ ਸੰਸਥਾ 'ਚ ਅਰਥਸ਼ਾਸਤਰ ਵਿਭਾਗ ਵੀ ਨਹੀਂ ਸੀ। ਕੈਥੋਲਿਕ ਯੂਨੀਵਰਸਿਟੀ ਦੇ ਡੀਨ ਨੇ ਇਹ ਪੇਸ਼ਕਸ਼ ਝਟਪਟ ਮੰਨ ਲਈ। ਅਤੇ ਇਸ ਤਰ੍ਹਾਂ ਉਹ ਪ੍ਰਾਜੈਕਟ ਹੋਂਦ ਵਿਚ ਆ ਗਿਆ ਜੋ ਵਾਸ਼ਿੰਗਟਨ ਅਤੇ ਸ਼ਿਕਾਗੋ 'ਚ "ਚਿੱਲੀ ਪ੍ਰਾਜੈਕਟ" ਵਜੋਂ ਮਸ਼ਹੂਰ ਹੋਇਆ।

"ਅਸੀਂ ਇੱਥੇ ਮੁਕਾਬਲੇਬਾਜ਼ੀ 'ਚ ਪੈਣ ਆਏ ਹਾਂ ਨਾ ਕਿ ਸਾਂਝ ਪਾਉਣ," ਇਹ ਲਫ਼ਜ਼ ਸ਼ਿਕਾਗੋ ਯੂਨੀਵਰਸਿਟੀ ਦੇ ਸ਼ੁਲਜ਼ ਨੇ ਓਦੋਂ ਉਚਰੇ ਜਦੋਂ ਉਹ ਇਹ ਵਿਆਖਿਆ ਦੇ ਰਿਹਾ ਸੀ ਕਿ ਇਸ ਪ੍ਰੋਗਰਾਮ ਦੇ ਦਰਵਾਜ਼ੇ ਕੁਝ ਚੁਣਵੇਂ ਵਿਦਿਆਰਥੀਆਂ ਤੋਂ ਬਿਨਾਂ ਚਿੱਲੀ ਦੇ ਬਾਕੀ ਵਿਦਿਆਰਥੀਆਂ ਲਈ ਕਿਉਂ ਬੰਦ ਰਹਿਣਗੇ।[22] ਮੁੱਢ ਤੋਂ ਹੀ ਇਹ ਟਕਰਾਅ ਦਾ ਪੈਂਤੜਾ ਐਨ ਸਪਸ਼ਟ ਸੀ : ਚਿੱਲੀ ਪ੍ਰਾਜੈਕਟ ਦਾ ਮਕਸਦ ਐਸੇ ਵਿਚਾਰਧਾਰਕ ਜੰਗਜੂ ਤਿਆਰ ਕਰਨਾ ਸੀ ਜੋ ਲਾਤੀਨੀ ਅਮਰੀਕਾ ਦੇ "ਸਮਾਜਵਾਦੀ ਰੁਚੀ ਵਾਲੇ" ਅਰਥਸ਼ਾਸਤਰੀਆਂ ਵਿਰੁੱਧ ਵਿਚਾਰਾਂ ਦੀ ਲੜਾਈ ਦਾ ਮੋਰਚਾ ਮਾਰਨਗੇ।

ਰਸਮੀ ਤੌਰ 'ਤੇ 1956 'ਚ ਸ਼ੁਰੂ ਕੀਤੇ ਇਸ ਪ੍ਰਾਜੈਕਟ ਨੇ 1957 ਅਤੇ 1970 ਦਰਮਿਆਨ

ਚਿੱਲੀ ਦੇ ਸੌ ਵਿਦਿਆਰਥੀਆਂ ਨੂੰ ਸ਼ਿਕਾਗੋ ਯੂਨੀਵਰਸਿਟੀ ਦੀਆਂ ਉਚੇਰੀਆਂ ਡਿਗਰੀਆਂ ਦੀ ਪੜ੍ਹਾਈ ਕਰਾਈ। ਇਨ੍ਹਾਂ ਦੀ ਟਿਊਸ਼ਨ ਅਤੇ ਹੋਰ ਖ਼ਰਚੇ ਅਮਰੀਕਾ ਦੇ ਟੈਕਸਾਂ ਦੇ ਪੈਸੇ ਨਾਲ ਸਰਕਾਰ ਨੇ ਅਤੇ ਅਮਰੀਕੀ ਖੋਜ ਸੰਸਥਾਵਾਂ ਨੇ ਦਿੱਤੇ। 1965 'ਚ ਪ੍ਰੋਗਰਾਮ ਦਾ ਵਿਸਤਾਰ ਕਰਕੇ ਪੂਰੇ ਲਾਤੀਨੀ ਅਮਰੀਕਾ ਦੇ ਵਿਦਿਆਰਥੀਆਂ ਨੂੰ ਇਸ ਘੇਰੇ 'ਚ ਸ਼ਾਮਲ ਕਰ ਲਿਆ ਗਿਆ। ਖ਼ਾਸ ਕਰਕੇ ਅਰਜਨਟਾਈਨਾ, ਬਰਾਜ਼ੀਲ ਅਤੇ ਮੈਕਸੀਕੋ ਨੇ ਜ਼ੋਰਦਾਰ ਹਿੱਸਾ ਲਿਆ। ਇਸ ਵਿਸਤਾਰ ਲਈ ਗਰਾਂਟ ਫੋਰਡ ਫਾਊਂਡੇਸ਼ਨ ਵਲੋਂ ਦਿੱਤੀ ਗਈ ਅਤੇ ਇਸ ਦੇ ਸਿੱਟੇ ਵਜੋਂ ਸ਼ਿਕਾਗੋ ਯੂਨੀਵਰਸਿਟੀ ਵਿਖੇ ਲਾਤੀਨੀ ਅਮਰੀਕੀ ਅਰਥਸ਼ਾਸਤਰ ਅਧਿਐਨ ਕੇਂਦਰ ਹੋਂਦ 'ਚ ਆਇਆ। ਇਸ ਪ੍ਰੋਗਰਾਮ ਤਹਿਤ, ਚਾਲੀ ਤੋਂ ਲੈ ਕੇ ਪੰਜਾਹ ਲਾਤੀਨੀ ਅਮਰੀਕੀ ਵਿਦਿਆਰਥੀ ਗਰੈਜੂਏਟ ਪੱਧਰ 'ਤੇ ਪੜ੍ਹਾਈ ਕਰਦੇ—ਮੋਟੇ ਤੌਰ 'ਤੇ ਵਿਭਾਗ ਦੇ ਕੁਲ ਵਿਦਿਆਰਥੀਆਂ ਦਾ ਤੀਜਾ ਹਿੱਸਾ। ਹਾਵਰਡ ਜਾਂ ਐੱਮ ਆਈ ਟੀ ਦੇ ਇਸ ਤਰ੍ਹਾਂ ਦੇ ਪ੍ਰੋਗਰਾਮਾਂ 'ਚ ਸਿਰਫ਼ ਚਾਰ ਜਾਂ ਪੰਜ ਵਿਦਿਆਰਥੀ ਹੁੰਦੇ ਸਨ। ਇਹ ਹੈਰਾਨੀਜਨਕ ਪ੍ਰਾਪਤੀ ਸੀ : ਇਕ ਦਹਾਕੇ 'ਚ ਹੀ, ਸਿਰੇ ਦੀ ਰੂੜ੍ਹੀਵਾਦੀ ਸਰਮਾਏਦਾਰਾ ਸੋਚ ਵਾਲੀ ਸ਼ਿਕਾਗੋ ਯੂਨੀਵਰਸਿਟੀ ਬਦੇਸ਼ 'ਚ ਅਰਥਸ਼ਾਸਤਰ ਦੀ ਪੜ੍ਹਾਈ ਕਰਨ ਦੇ ਖ਼ਾਹਸ਼ਮੰਦ ਲਾਤੀਨੀ ਅਮਰੀਕੀ ਵਿਦਿਆਰਥੀਆਂ ਦਾ ਪ੍ਰਮੁੱਖ ਮੁਕਾਮ ਬਣ ਗਈ ਸੀ। ਇਸ ਤੱਥ ਨੇ ਆਉਣ ਵਾਲੇ ਦਹਾਕਿਆਂ 'ਚ ਇਸ ਖੇਤਰ ਦੇ ਇਤਿਹਾਸ ਦਾ ਰੁਖ਼ ਤੈਅ ਕਰਨਾ ਸੀ।

ਵਿਦਿਆਰਥੀਆਂ ਦੇ ਦਿਮਾਗਾਂ 'ਚ ਸ਼ਿਕਾਗੋ ਸਕੂਲ ਦੇ ਰੂੜ੍ਹੀਵਾਦੀ ਸਿਧਾਂਤ ਭਰਨਾ ਇਸ ਸੰਸਥਾ ਦੀ ਜ਼ੋਰਦਾਰ ਤਰਜੀਹ ਬਣ ਗਿਆ। ਇਸ ਪ੍ਰੋਗਰਾਮ ਅਤੇ ਲਾਤੀਨੀ ਅਮਰੀਕੀਆਂ ਦੀ ਆਓਭਗਤ ਦਾ ਮੁਖੀ ਅਰਨੌਲਡ ਹਾਰਬਰਜ਼ਰ ਸੀ। ਸਫਾਰੀ ਸੂਟ ਪਹਿਨਣ ਵਾਲਾ ਇਹ ਅਰਥਸ਼ਾਸਤਰੀ ਫਰਾਟੇਦਾਰ ਸਪੇਨੀ ਭਾਸ਼ਾ ਬੋਲਦਾ ਸੀ, ਇਸ ਨੇ ਚਿੱਲੀ ਦੀ ਨਾਗਰਿਕ ਔਰਤ ਨਾਲ ਵਿਆਹ ਕਰਾਇਆ ਹੋਇਆ ਸੀ ਅਤੇ ਖ਼ੁਦ ਨੂੰ "ਗੰਭੀਰ ਸਮਰਪਿਤ ਮਿਸ਼ਨਰੀ" ਕਿਹਾ ਕਰਦਾ ਸੀ।[23] ਜਦੋਂ ਚਿੱਲੀ ਦੇ ਵਿਦਿਆਰਥੀ ਆਉਣੇ ਸ਼ੁਰੂ ਹੋ ਗਏ ਤਾਂ ਹਾਰਬਰਜ਼ਰ ਨੇ ਵਿਸ਼ੇਸ਼ "ਚਿੱਲੀ ਵਰਕਸ਼ਾਪ" ਬਣਾ ਲਈ ਜਿੱਥੇ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਇਸ ਦੱਖਣੀ ਅਮਰੀਕੀ ਦੇਸ਼ ਦੀ ਬੀਮਾਰੀ ਦੀ ਭਰਪੂਰ ਵਿਚਾਰਧਾਰਕ ਰੋਗ-ਪਛਾਣ ਕਰਦੇ ਅਤੇ ਇਸ ਨੂੰ ਤੰਦਰੁਸਤ ਕਰਨ ਦੇ ਵਿਗਿਆਨਕ ਨੁਸਖ਼ੇ ਦੱਸਦੇ।

ਅੰਦਰੀ ਗੁੰਡਰ ਫਰੈਂਕ 1950ਵਿਆਂ 'ਚ ਫਰਾਇਡਮੈਨ ਦੀ ਅਗਵਾਈ 'ਚ ਇੱਥੇ ਪੜ੍ਹਦਾ ਰਿਹਾ ਸੀ। ਬਾਅਦ 'ਚ ਉਹ ਸੰਸਾਰ ਪ੍ਰਸਿੱਧ ਵਿਕਾਸ ਅਰਥਸ਼ਾਸਤਰੀ ਬਣ ਕੇ ਉੱਭਰਿਆ। ਉਸ ਨੇ ਇਨ੍ਹਾਂ ਦਿਨਾਂ ਬਾਰੇ ਦੱਸਿਆ, "ਅਚਾਨਕ ਚਿੱਲੀ ਅਤੇ ਇਸ ਦੀ ਆਰਥਿਕਤਾ ਅਰਥਸ਼ਾਸਤਰ ਵਿਭਾਗ ਦੀ ਰੋਜ਼ਮਰਾ ਚਰਚਾ ਦਾ ਵਿਸ਼ਾ ਬਣ ਗਿਆ।"[24] ਚਿੱਲੀ ਦੀਆਂ ਸਾਰੀਆਂ ਨੀਤੀਆਂ ਦੀ ਬਾਰੀਕੀ 'ਚ ਘੋਖ-ਪੜਤਾਲ ਕੀਤੀ ਜਾਣ ਲੱਗੀ ਅਤੇ ਇਹ ਨੁਕਸ ਲੱਭੇ ਗਏ : ਇਸ ਦਾ ਮਜ਼ਬੂਤ ਸਮਾਜਿਕ ਸੁਰੱਖਿਆ ਪ੍ਰਬੰਧ, ਕੌਮੀ ਸਨਅਤ ਦੇ ਸੁਰੱਖਿਆ ਉਪਾਅ, ਇਸ ਵਲੋਂ ਲਾਈਆਂ ਵਪਾਰਕ ਰੋਕਾਂ, ਕੀਮਤਾਂ 'ਤੇ ਕੰਟਰੋਲ। ਗਰੀਬੀ ਦੂਰ ਕਰਨ ਦੇ ਇਨ੍ਹਾਂ ਯਤਨਾਂ ਬਾਰੇ ਵਿਦਿਆਰਥੀਆਂ ਨੂੰ ਨਫ਼ਰਤ ਕਰਨੀ ਸਿਖਾਈ ਗਈ। ਅਤੇ ਇਨ੍ਹਾਂ ਵਿਚੋਂ ਕਈਆਂ ਦੇ ਪੀ ਐੱਚ ਡੀ ਦੇ ਥੀਸਿਜ਼ ਲਾਤੀਨੀ ਅਮਰੀਕੀ ਵਿਕਾਸਵਾਦ ਦੀਆਂ ਇਨ੍ਹਾਂ 'ਬੇਵਕੂਫੀਆਂ' ਦਾ ਵਿਸ਼ਲੇਸ਼ਣ ਕਰਨ ਬਾਰੇ ਸਨ।[25] ਗੁੰਡਰ ਫਰੈਂਕ ਨੇ ਯਾਦ ਸਾਂਝੀ ਕੀਤੀ ਕਿ ਜਦੋਂ ਪੰਜਾਹਵਿਆਂ ਅਤੇ ਸੱਠਵਿਆਂ 'ਚ ਹਾਰਬਰਜ਼ਰ ਸਾਂਤਿਆਗੋ ਦੇ ਦੌਰਿਆਂ ਤੋਂ ਮੁੜਦਾ ਤਾਂ ਉਹ ਚਿੱਲੀ ਦੇ ਸਿਹਤ ਅਤੇ ਸਿੱਖਿਆ ਪ੍ਰਬੰਧਾਂ ਨੂੰ ਲੈ ਕੇ ਸਾਂਤਿਆਗੋ ਦੀ ਤਿੱਖੀ ਆਲੋਚਨਾ ਕਰਦਾ ਅਤੇ ਉਹ "ਇਸ ਨੂੰ ਆਪਣੇ ਘੱਟ

ਵਿਕਸਤ ਸਾਧਨਾਂ ਦੇ ਵਿਤ ਤੋਂ ਬਾਹਰ ਜਾ ਕੇ ਜਿਊਣ ਦੀ ਬੇਤੁਕੀ ਕੋਸ਼ਿਸ਼" ਕਹਿੰਦਾ।[26]

ਫੋਰਡ ਫਾਊਂਡੇਸ਼ਨ ਅੰਦਰ, ਅਜਿਹੇ ਸ਼ਰੇਆਮ ਵਿਚਾਰਧਾਰਕ ਪ੍ਰੋਗਰਾਮ ਨੂੰ ਫੰਡ ਮੁਹੱਈਆ ਕਰਨ ਬਾਰੇ ਚਿੰਤਾ ਜ਼ਾਹਰ ਕੀਤੀ ਜਾਣ ਲੱਗੀ। ਕੁਝ ਲੋਕਾਂ ਨੇ ਇਹ ਨੁਕਤਾ ਉਠਾਇਆ ਕਿ ਸ਼ਿਕਾਗੋ 'ਚ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸਿਰਫ਼ ਲਾਤੀਨੀ ਅਮਰੀਕਾ ਦੇ ਬੁਲਾਰਿਆਂ ਨੂੰ ਬੁਲਾਉਣਾ ਇਸੇ ਵਿਚਾਰਧਾਰਕ ਪ੍ਰੋਗਰਾਮ ਦਾ ਹਿੱਸਾ ਸੀ। ਫੋਰਡ ਦੇ ਇਕ ਲਾਤੀਨੀ ਅਮਰੀਕੀ ਮਾਹਰ ਜੈਫਰੀ ਪਰਯੀਅਰ ਨੇ ਸੰਸਥਾ ਦੇ ਇਕ ਅੰਦਰੂਨੀ ਲੇਖੇਜੋਖੇ 'ਚ ਲਿਖਿਆ, "ਭਾਵੇਂ ਇਸ ਯਤਨ ਦੇ ਮਿਆਰ ਅਤੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਸ ਦਾ ਵਿਚਾਰਧਾਰਕ ਸੌੜਾਪਣ ਇਕ ਗੰਭੀਰ ਖ਼ਾਮੀ ਸੀ। ਇਕੋ ਦ੍ਰਿਸ਼ਟੀਕੋਣ ਦੀ ਨੁਮਾਇਸ਼ ਲਾ ਕੇ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ ਦੀ ਵਧੀਆ ਸੇਵਾ ਨਹੀਂ ਕੀਤੀ ਜਾ ਸਕਦੀ।"[27] ਇਹ ਜਾਇਜ਼ਾ ਹੁੰਦੇ ਹੋਏ ਵੀ ਫੋਰਡ ਵਲੋਂ ਇਸ ਪ੍ਰੋਗਰਾਮ ਨੂੰ ਫੰਡ ਬੇਰੋਕ ਜਾਰੀ ਰੱਖੇ ਗਏ।

ਜਦੋਂ ਚਿੱਲੀ ਦੇ ਵਿਦਿਆਰਥੀਆਂ ਦਾ ਪਹਿਲਾ ਪੂਰ ਸ਼ਿਕਾਗੋ ਤੋਂ ਵਾਪਸ ਆਪਣੇ ਦੇਸ਼ ਪਰਤਿਆ ਤਾਂ ਉਹ "ਫਰਾਇਡਮੈਨ ਤੋਂ ਵੀ ਵੱਧ ਫਰਾਇਡਮੈਨਵਾਦੀ ਸਨ।"•[28] ਇਹ ਲਫ਼ਜ਼ ਸਾਂਤਿਆਗੋ ਦੀ ਕੈਥੋਲਿਕ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਮਾਰੀਓ ਜ਼ਾਨਰਤੂ ਦੇ ਹਨ। ਇਨ੍ਹਾਂ ਵਿਚੋਂ ਕਈਆਂ ਨੇ ਇਸ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ 'ਚ ਪ੍ਰੋਫੈਸਰਾਂ ਦੇ ਅਹੁਦੇ ਸਾਂਭ ਲਏ। ਇਨ੍ਹਾਂ ਨੇ ਇਸ ਵਿਭਾਗ ਨੂੰ ਤੇਜ਼ੀ ਨਾਲ ਸਾਂਤਿਆਗੋ 'ਚ ਆਪਣਾ ਮਿੰਨੀ ਸ਼ਿਕਾਗੋ ਸਕੂਲ ਬਣਾ ਦਿੱਤਾ—ਉਹੀ ਪਾਠਕ੍ਰਮ, ਉਹੀ ਅੰਗਰੇਜ਼ੀ ਦੇ ਪਾਠ, "ਖ਼ਾਲਸ" ਅਤੇ "ਵਿਗਿਆਨਕ" ਇਲਮ ਦਾ ਉਹੀ ਜ਼ਿੱਦੀ ਦਾਅਵਾ। 1963 'ਚ, ਇਸ ਵਿਭਾਗ ਦੇ ਤੇਰਾਂ ਕੁਲ-ਵਕਤੀ ਫੈਕਲਟੀ ਮੈਂਬਰਾਂ ਵਿਚੋਂ ਬਾਰਾਂ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਗਰਾਮ ਦੇ ਗਰੈਜੂਏਟ ਸਨ। ਪਹਿਲੇ ਗਰੈਜੂਏਟਾਂ ਵਿਚੋਂ ਇਕ ਸਰਜੀਓ ਡੀ ਕਾਸਤਰੋ ਨੂੰ ਫੈਕਲਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ।[29] ਹੁਣ ਚਿੱਲੀ ਦੇ ਵਿਦਿਆਰਥੀਆਂ ਨੂੰ ਦੂਰ ਅਮਰੀਕਾ 'ਚ ਜਾਣ ਦੀ ਲੋੜ ਨਹੀਂ ਸੀ—ਹੁਣ ਬਿਨਾ ਘਰ ਛੱਡੇ ਸੈਂਕੜੇ ਵਿਦਿਆਰਥੀ ਸ਼ਿਕਾਗੋ ਸਕੂਲ ਦੀ ਪੜ੍ਹਾਈ ਕਰ ਸਕਦੇ ਸਨ।

ਇਸ ਪ੍ਰੋਗਰਾਮ ਦੀ ਸਿਖਲਾਈ ਲੈਣ ਵਾਲੇ ਵਿਦਿਆਰਥੀਆਂ ਨੇ ਚਾਹੇ ਸ਼ਿਕਾਗੋ 'ਚ ਸਿਖਲਾਈ ਲਈ ਜਾਂ ਸਾਂਤਿਆਗੋ ਦੀ ਵਿਸ਼ੇਸ਼ ਸ਼ਾਖਾ ਵਿਚ, ਉਹ ਇਸ ਸਮੁੱਚੇ ਖੇਤਰ 'ਚ "ਸ਼ਿਕਾਗੋ ਵਾਲੇ ਮੁੰਡੇ" ਵਜੋਂ ਮਸ਼ਹੂਰ ਹੋ ਗਏ। ਯੂ ਐੱਸ ਏਡ ਤੋਂ ਹੋਰ ਫੰਡ ਮਿਲਣ ਨਾਲ ਚਿੱਲੀ ਦੇ ਸ਼ਿਕਾਗੋ ਵਾਲੇ ਮੁੰਡੇ ਉਨ੍ਹਾਂ ਵਿਚਾਰਾਂ ਦੇ ਜੋਸ਼ੀਲੇ ਖੇਤਰੀ ਸਫ਼ੀਰ ਬਣ ਗਏ ਜਿਨ੍ਹਾਂ ਨੂੰ ਲਾਤੀਨੀ ਅਮਰੀਕੀ ਲੋਕ "ਨਵ-ਉਦਾਰਵਾਦ" ਕਹਿੰਦੇ ਹਨ। ਉਹ ਸ਼ਿਕਾਗੋ ਯੂਨੀਵਰਸਿਟੀ ਦੀਆਂ ਹੋਰ ਸ਼ਾਖਾਵਾਂ ਸਥਾਪਤ ਕਰਨ ਲਈ ਅਰਜਨਟਾਈਨਾ ਅਤੇ ਕੋਲੰਬੀਆ ਦੇ ਦੌਰੇ ਕਰਨ ਲੱਗੇ ਤਾਂ ਜੋ, ਇਕ ਚਿੱਲੀ ਗਰੈਜੂਏਟ ਅਨੁਸਾਰ, "ਇਸ ਗਿਆਨ ਦਾ ਚਾਨਣ ਪੂਰੇ ਲਾਤੀਨੀ ਅਮਰੀਕਾ 'ਚ ਵੰਡਿਆ ਜਾ ਸਕੇ ਅਤੇ ਉਨ੍ਹਾਂ ਵਿਚਾਰਧਾਰਕ ਪੁਜ਼ੀਸ਼ਨਾਂ ਨਾਲ ਮੱਥਾ ਲਾਇਆ ਜਾ ਸਕੇ ਜੋ ਆਜ਼ਾਦੀ ਦੇ ਰਾਹ 'ਚ ਰੁਕਾਵਟ ਹਨ ਅਤੇ ਜਿਨ੍ਹਾਂ ਕਾਰਨ ਗਰੀਬੀ ਅਤੇ ਪਿਛੜੇਵਾਂ ਹੈ।"[30]

• ਕੈਨੇਡੀ ਸਰਕਾਰ ਦੇ ਪ੍ਰਸਿੱਧ ਅਰਥਸ਼ਾਸਤਰੀ ਵਾਲਟਰ ਹੈਲਰ ਨੇ ਇਕ ਵਾਰ ਫਰਾਇਡਮੈਨ ਦੇ ਚੇਲਿਆਂ ਨੂੰ ਵਰਗਾਂ 'ਚ ਵੰਡ ਕੇ ਫਰਾਇਡਮੈਨ ਦੀ ਵਿਅਕਤੀ ਪੂਜਾ ਦਾ ਮਖੌਲ ਉਡਾਉਂਦੇ ਹੋਏ ਕਿਹਾ ਸੀ ਕਿ ਕੁਝ ਚੇਲੇ ਫਰਾਇਡਮੈਨ ਵਰਗੇ ਹਨ, ਕੁਝ ਫਰਾਇਡਮੈਨ ਦੇ ਚੇਲੇ ਹਨ, ਕੁਝ ਦਾ ਅੰਦਾਜ਼ ਫਰਾਇਡਮੈਨ ਵਾਲਾ ਹੈ, ਕੁਝ ਫਰਾਇਡਮੈਨ ਦੀਆਂ ਖ਼ੂਬੀਆਂ ਵਾਲੇ ਹਨ ਅਤੇ ਕੁਝ ਨੂੰ ਫਰਾਇਡਮੈਨਵਾਦ ਦਾ ਫ਼ਤੂਰ ਹੈ।

ਜੂਆਨ ਗੈਬਰੀਅਲ ਵਾਲਦੇ 1990ਵਿਆਂ ਵਿਚ ਚਿੱਲੀ ਦਾ ਬਦੇਸ਼ ਮੰਤਰੀ ਸੀ। ਉਸ ਨੇ ਸ਼ਿਕਾਗੋ ਸਕੂਲ ਦੀ ਰੂੜ੍ਹੀਵਾਦੀ ਵਿਚਾਰਧਾਰਾ ਦੀ ਸਿਖਲਾਈ ਲੈਣ ਵਾਲੇ ਚਿੱਲੀ ਦੇ ਸੈਂਕੜੇ ਅਰਥਸ਼ਾਸਤਰੀਆਂ ਦੀ ਸਿਖਲਾਈ ਦੇ ਅਮਲ ਬਾਰੇ ਕਿਹਾ ਕਿ ਇਹ "ਅਮਰੀਕਾ ਵਲੋਂ ਆਪਣੇ ਸਿੱਧੇ ਪ੍ਰਭਾਵ ਖੇਤਰ ਵਿਚਲੇ ਦੇਸ਼ 'ਚ ਵਿਚਾਰਧਾਰਾ ਦੇ ਵਿਉਂਤਬਧ ਤਬਾਦਲੇ ਦੀ ਉੱਘੜਵੀਂ ਮਿਸਾਲ ਹੈ.....ਚਿੱਲੀ ਦੇ ਇਨ੍ਹਾਂ ਵਿਅਕਤੀਆਂ ਦੀ ਸਿਖਲਾਈ 1950ਵਿਆਂ 'ਚ ਬਣਾਏ ਗਏ ਇਕ ਵਿਸ਼ੇਸ਼ ਪ੍ਰਾਜੈਕਟ ਦਾ ਸਿੱਟਾ ਸੀ ਜਿਸ ਦਾ ਉਦੇਸ਼ ਚਿੱਲੀ ਦੀ ਆਰਥਕ ਸੋਚ ਦੇ ਵਿਕਾਸ ਅਮਲ ਉੱਪਰ ਅਸਰ ਅੰਦਾਜ਼ ਹੋਣਾ ਸੀ।" ਉਸ ਨੇ ਧਿਆਨ ਦਿਵਾਇਆ ਕਿ "ਇਨ੍ਹਾਂ ਨੇ ਚਿੱਲੀ ਦੇ ਸਮਾਜ ਵਿਚ ਐਸੇ ਵਿਚਾਰ ਦਾ ਮੁੱਢ ਬੰਨ੍ਹਿਆ ਜੋ ਪੂਰੀ ਤਰ੍ਹਾਂ ਨਵੇਂ ਸਨ। ਇਹ ਧਾਰਨਾਵਾਂ 'ਵਿਚਾਰਾਂ ਦੀ ਮੰਡੀ' ਵਿਚ ਬਿਲਕੁਲ ਮੌਜੂਦ ਨਹੀਂ ਸਨ।"[31]

ਬੌਧਿਕ ਸਾਮਰਾਜ ਦਾ ਇਹ ਰੂਪ ਪੱਕਾ ਬੇਸ਼ਰਮ ਸੀ। ਫੇਰ ਵੀ ਇਕ ਸਮੱਸਿਆ ਸੀ। ਇਹ ਲਾਗੂ ਨਹੀਂ ਹੋ ਰਿਹਾ ਸੀ। ਸ਼ਿਕਾਗੋ ਯੂਨੀਵਰਸਿਟੀ ਵਲੋਂ ਇਸ ਪ੍ਰਾਜੈਕਟ ਲਈ ਫੰਡ ਦੇਣ ਵਾਲਿਆਂ, ਜੋ ਬਦੇਸ਼ ਵਿਭਾਗ 'ਚ ਬੈਠੇ ਸਨ, ਨੂੰ 1957 'ਚ ਭੇਜੀ ਰਿਪੋਰਟ ਅਨੁਸਾਰ : "ਇਸ ਪ੍ਰਾਜੈਕਟ ਦਾ ਕੇਂਦਰੀ ਮਕਸਦ ਸੀ" ਵਿਦਿਆਰਥੀਆਂ ਦੇ ਐਸੇ ਲੌਅ ਤਿਆਰ ਕਰਨਾ "ਜੋ ਚਿੱਲੀ ਦੇ ਆਰਥਕ ਮਾਮਲਿਆਂ ਦੇ ਬੌਧਿਕ ਰਾਹਨੁਮਾ ਬਣਨ।"[32] ਪਰ ਸ਼ਿਕਾਗੋ ਵਾਲੇ ਮੁੰਡੇ ਕਿਤੇ ਵੀ ਆਪਣੇ ਦੇਸ਼ਾਂ ਨੂੰ ਅਗਵਾਈ ਨਹੀਂ ਦੇ ਰਹੇ ਸਨ—ਅਸਲ ਵਿਚ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਗਿਆ ਸੀ। ਉਨੀ ਸੌ ਸੱਠਵਿਆਂ ਦੇ ਸ਼ੁਰੂ 'ਚ ਦੱਖਣੀ ਤਿਕੋਨ ਦੇ ਦੇਸ਼ਾਂ 'ਚ ਬਹਿਸ ਖੁੱਲ੍ਹੀ ਮੰਡੀ ਦੀ ਨੀਤੀ ਬਨਾਮ ਵਿਕਾਸਵਾਦ ਬਾਰੇ ਨਹੀਂ ਸੀ ਸਗੋਂ ਬਹਿਸ ਇਹ ਸੀ ਕਿ ਵਿਕਾਸਵਾਦ ਨੂੰ ਅਗਲੇ ਪੜਾਅ 'ਚ ਬਿਹਤਰ ਤਰੀਕੇ ਨਾਲ ਕਿਵੇਂ ਲਿਜਾਇਆ ਜਾਵੇ। ਮਾਰਕਸਵਾਦੀ ਵਿਆਪਕ ਕੌਮੀਕਰਨ ਅਤੇ ਤਿੱਖੇ ਜ਼ਮੀਨੀ ਸੁਧਾਰਾਂ ਦੇ ਹੱਕ 'ਚ ਦਲੀਲਾਂ ਦਿੰਦੇ ਸਨ; ਮੱਧਮਾਰਗੀਆਂ ਦੀ ਦਲੀਲ ਸੀ ਕਿ ਲਾਤੀਨੀ ਅਮਰੀਕੀ ਦੇਸ਼ਾਂ ਦਰਮਿਆਨ ਹੋਰ ਵੱਡੇ ਪੱਧਰ 'ਤੇ ਵਪਾਰਕ ਲੈਣ-ਦੇਣ ਅਹਿਮ ਹੈ ਜਿਸ ਦਾ ਉਦੇਸ਼ ਖਿੱਤੇ ਨੂੰ ਯੂਰਪ ਅਤੇ ਉੱਤਰੀ ਅਮਰੀਕਾ ਦੇ ਮੁਕਾਬਲੇ ਤਾਕਤਵਰ ਵਪਾਰਕ ਗੁੱਟ ਬਣਾਉਣਾ ਹੋਵੇ। ਵੋਟਾਂ ਸਮੇਂ ਅਤੇ ਸੜਕਾਂ ਉੱਤੇ, ਦੱਖਣੀ ਤਿਕੋਨ ਦੇ ਦੇਸ਼ ਖੱਬੇ ਪਾਸੇ ਜਾ ਰਹੇ ਸਨ।

1962 'ਚ ਜੁਆਓ ਗੌਲਾਰਤ ਦੀ ਅਗਵਾਈ ਹੇਠ ਬਰਾਜ਼ੀਲ ਦ੍ਰਿੜਤਾ ਨਾਲ ਇਸ ਦਿਸ਼ਾ ਵਿਚ ਚੱਲ ਪਿਆ। ਇਹ ਆਰਥਕ ਕੌਮਪ੍ਰਸਤ ਜ਼ਮੀਨ ਦੀ ਮੁੜ ਵੰਡ ਅਤੇ ਉਚੇਰੀਆਂ ਤਨਖ਼ਾਹਾਂ ਪ੍ਰਤੀ ਵਚਨਬਧ ਸੀ। ਉਸ ਦੀ ਦਲੇਰੀ ਭਰੀ ਯੋਜਨਾ ਬਦੇਸ਼ੀ ਬਹੁ-ਕੌਮੀ ਕੰਪਨੀਆਂ ਨੂੰ ਆਪਣੇ ਮੁਨਾਫ਼ਿਆਂ ਦਾ ਇਕ ਹਿੱਸਾ ਦੁਬਾਰਾ ਬਰਾਜ਼ੀਲ ਦੀ ਆਰਥਿਕਤਾ 'ਚ ਪੂੰਜੀ ਨਿਵੇਸ਼ ਕਰਨ ਲਈ ਮਜਬੂਰ ਕਰਨ ਦੀ ਸੀ। ਉਹ ਇਹ ਮੁਨਾਫ਼ੇ ਦੇਸ਼ ਤੋਂ ਬਾਹਰ ਲਿਜਾਕੇ ਨਿਊ ਯਾਰਕ ਅਤੇ ਲੰਡਨ 'ਚ ਬੈਠੇ ਹਿੱਸੇਦਾਰਾਂ 'ਚ ਵੰਡਣ ਨੂੰ ਰੋਕਣ ਲਈ ਵਚਨਬਧ ਸੀ। ਅਰਜਨਟਾਈਨਾ 'ਚ ਫ਼ੌਜੀ ਤਾਨਾਸ਼ਾਹ ਸਰਕਾਰ ਜੂਆਨ ਪੈਰੋਨ ਦੀ ਪਾਰਟੀ ਦੇ ਚੋਣਾਂ ਲੜਨ 'ਤੇ ਪਾਬੰਦੀ ਲਾ ਕੇ ਇਸ ਤਰ੍ਹਾਂ ਦੀਆਂ ਮੰਗਾਂ ਨੂੰ ਮਾਤ ਦੇਣ ਦੇ ਯਤਨ ਕਰ ਰਹੀ ਸੀ। ਪਰ ਇਹ ਚਾਲ ਨੌਜਵਾਨ ਪੈਰੋਨਵਾਦੀਆਂ ਦੀ ਨਵੀਂ ਪੀੜ੍ਹੀ ਨੂੰ ਇਨਕਲਾਬੀ ਵਿਚਾਰਾਂ ਦੇ ਧਾਰਨੀ ਬਣਾਉਣ ਦਾ ਕੰਮ ਹੀ ਕਰ ਰਹੀ ਸੀ, ਇਨ੍ਹਾਂ ਵਿਚੋਂ ਕਈ ਹਥਿਆਰਾਂ ਦੀ ਵਰਤੋਂ ਕਰਕੇ ਦੇਸ਼ ਦੀ ਵਾਗਡੋਰ ਆਪਣੇ ਹੱਥ ਲੈਣਾ ਚਾਹੁੰਦੇ ਸਨ।

ਸ਼ਿਕਾਗੋ ਵਿਚਾਰਧਾਰਾ ਦੇ ਤਜਰਬੇ ਦਾ ਧੁਰਾ ਚਿੱਲੀ ਅੰਦਰ ਲੜਾਈ ਸਮੇਂ ਇਨ੍ਹਾਂ ਵਿਚਾਰਾਂ ਦੀ ਹਾਰ ਸਭ ਤੋਂ ਉੱਘੜਵੀਂ ਸੀ। 1970 'ਚ ਚਿੱਲੀ ਦੀਆਂ ਇਤਿਹਾਸਕ ਚੋਣਾਂ ਨਾਲ, ਇਹ ਦੇਸ਼

ਖੱਬੇ ਵਿਚਾਰਾਂ ਦੇ ਐਨਾ ਨੇੜੇ ਚਲਾ ਗਿਆ ਸੀ ਕਿ ਤਿੰਨੋਂ ਹੀ ਵੱਡੀਆਂ ਸਿਆਸੀ ਪਾਰਟੀਆਂ ਦੇਸ਼ ਦੀ ਆਮਦਨੀ ਦੇ ਸਭ ਤੋਂ ਵੱਡੇ ਵਸੀਲੇ ਤਾਂਬੇ ਦੀਆਂ ਖਾਣਾਂ ਦਾ ਕੌਮੀਕਰਨ ਕਰਨ ਦੇ ਹੱਕ 'ਚ ਸਨ। ਇਨ੍ਹਾਂ ਖਾਣਾਂ ਉੱਪਰ ਅਮਰੀਕਾ ਦੀਆਂ ਦਿਓਕੱਦ ਕੰਪਨੀਆਂ ਦਾ ਕਬਜ਼ਾ ਸੀ।[33] ਦੂਜੇ ਲਫ਼ਜ਼ਾਂ 'ਚ ਚਿੱਲੀ ਪ੍ਰਾਜੈਕਟ ਦੀ ਫੂਕ ਨਿਕਲ ਗਈ ਸੀ। ਆਪਣੇ ਖੱਬੇਪੱਖੀ ਦੁਸ਼ਮਣਾਂ ਨਾਲ ਵਿਚਾਰਾਂ ਦੀ ਸ਼ਾਂਤਮਈ ਲੜਾਈ ਲੜ ਰਹੇ ਸਿਧਾਂਤਕ ਯੋਧੇ ਸ਼ਿਕਾਗੋ ਵਾਲੇ ਮੁੰਡੇ ਆਪਣੇ ਮਿਸ਼ਨ 'ਚ ਅਸਫ਼ਲ ਰਹੇ ਸਨ। ਆਰਥਿਕਤਾ ਬਾਰੇ ਬਹਿਸ ਸਿਰਫ਼ ਖੱਬੇਪੱਖੀਆਂ ਦੀ ਹਮਾਇਤ ਹੀ ਨਹੀਂ ਕਰ ਰਹੀ ਸੀ ਸਗੋਂ ਸ਼ਿਕਾਗੋ ਵਾਲੇ ਮੁੰਡੇ ਐਨਾ ਖੂੰਜੇ ਲਾ ਦਿੱਤੇ ਗਏ ਸਨ ਕਿ ਚਿੱਲੀ ਦੀਆਂ ਚੋਣਾਂ ਵਿਚ ਇਨ੍ਹਾਂ ਦਾ ਖਾਤਾ ਵੀ ਨਹੀਂ ਖੁੱਲ੍ਹਿਆ ਸੀ।

ਚਿੱਲੀ ਪ੍ਰਾਜੈਕਟ ਦਾ ਸ਼ਾਇਦ ਨਿੱਕਾ ਜਿਹਾ ਇਤਿਹਾਸਕ ਫੁੱਟ-ਨੋਟ ਬਣ ਕੇ ਭੋਗ ਹੀ ਪੈ ਜਾਂਦਾ ਪਰ ਕੁਝ ਐਸਾ ਵਾਪਰ ਗਿਆ ਜੋ ਸ਼ਿਕਾਗੋ ਵਾਲੇ ਮੁੰਡਿਆਂ ਦੀ ਗੁੰਮਨਾਮੀ ਤੋਂ ਖ਼ਲਾਸੀ ਦਾ ਸਬੱਬ ਹੋ ਨਿੱਬੜਿਆ : ਰਿਚਰਡ ਨਿਕਸਨ ਅਮਰੀਕਾ ਦਾ ਰਾਸ਼ਟਰਪਤੀ ਚੁਣਿਆ ਗਿਆ। ਫਰਾਇਡਮੈਨ ਪੂਰੇ ਉਤਸ਼ਾਹ 'ਚ ਸੀ ਕਿ ਨਿਕਸਨ ਕੋਲ "ਇਕ ਸੁਪਨਮਈ, ਅਤੇ ਕੁਲ ਮਿਲਾ ਕੇ ਪ੍ਰਭਾਵਸ਼ਾਲੀ ਬਦੇਸ਼ ਨੀਤੀ ਤਾਂ ਹੈ।"[34] ਅਤੇ ਚਿੱਲੀ ਤੋਂ ਵੱਧ ਸੁਪਨਮਈ ਇਹ ਹੋਰ ਕਿਤੇ ਨਹੀਂ ਸੀ।

ਨਿਕਸਨ ਨੇ ਸ਼ਿਕਾਗੋ ਵਾਲੇ ਮੁੰਡਿਆਂ ਅਤੇ ਇਨ੍ਹਾਂ ਦੇ ਪ੍ਰੋਫੈਸਰਾਂ ਨੂੰ ਐਸੀ ਸੁਗਾਤ ਦੇਣੀ ਸੀ ਜਿਸ ਦੇ ਉਹ ਲੰਮੇ ਸਮੇਂ ਤੋਂ ਸੁਪਨੇ ਲੈ ਰਹੇ ਸਨ। ਇਹ ਸਾਬਤ ਕਰਨ ਦਾ ਮੌਕਾ ਕਿ ਉਨ੍ਹਾਂ ਦੀ ਸਰਮਾਏਦਾਰਾ ਕਲਪਨਾ ਯੂਨੀਵਰਸਿਟੀ ਦੇ ਭੋਰੇ ਵਿਚਲੀ ਵਰਕਸ਼ਾਪ 'ਚ ਘੜੇ ਸਿਧਾਂਤ ਤੋਂ ਵੱਡੀ ਸ਼ੈਅ ਹੈ—ਕਿਸੇ ਦੇਸ਼ ਨੂੰ ਸਿਫ਼ਰ ਤੋਂ ਸ਼ੁਰੂ ਕਰਕੇ ਨਵੇਂ ਸਿਰਿਉਂ ਘੜਨ ਦਾ ਯਤਨ। ਸ਼ਿਕਾਗੋ ਵਾਲੇ ਮੁੰਡਿਆਂ ਨੂੰ ਚਿੱਲੀ ਵਿਚ "ਜਮਹੂਰੀਅਤ" ਰਾਸ ਨਹੀਂ ਆਈ ਸੀ ; ਤਾਨਾਸ਼ਾਹੀ 'ਚ ਉਨ੍ਹਾਂ ਨੇ ਬਹੁਤ ਆਸਾਨੀ ਨਾਲ ਹੀ ਆਪਣੀ ਥਾਂ ਬਣਾ ਲੈਣੀ ਸੀ।

ਚਿੱਲੀ ਵਿਚ ਸਲਵਾਡੋਰ ਅਲੈਂਡੇ ਦੀ ਲੋਕ ਏਕਤਾ ਸਰਕਾਰ ਨੇ 1970 ਦੀਆਂ ਚੋਣਾਂ ਇਸ ਵਾਅਦੇ ਤਹਿਤ ਜਿੱਤੀਆਂ ਕਿ ਆਰਥਿਕਤਾ ਦੇ ਅਹਿਮ ਖੇਤਰਾਂ ਨੂੰ ਸਰਕਾਰ ਦੇ ਕੰਟਰੋਲ ਹੇਠ ਲਿਆਂਦਾ ਜਾਵੇਗਾ। ਇਨ੍ਹਾਂ ਉੱਪਰ ਬਦੇਸ਼ੀ ਅਤੇ ਸਥਾਨਕ ਕਾਰਪੋਰੇਸ਼ਨਾਂ ਦਾ ਕਬਜ਼ਾ ਸੀ। ਅਲੈਂਡੇ ਲਾਤੀਨੀ ਅਮਰੀਕੀ ਇਨਕਲਾਬੀਆਂ ਦਾ ਨਵਾਂ ਲੌਅ ਸੀ। ਚੇ ਗਵੇਰਾ ਵਾਂਗ, ਉਹ ਵੀ ਡਾਕਟਰ ਸੀ। ਪਰ ਚੇ ਵਾਂਗ ਉਹ ਰੋਮਾਂਚਕ ਛਾਪਾਮਾਰ ਨਹੀਂ ਸਗੋਂ ਬੇਤਕੱਲਫ਼ ਚਿੰਤਕ ਸੀ। ਉਹ ਫਿਦਲ ਕਾਸਤਰੋ ਵਾਂਗ ਜ਼ਬਰਦਸਤ ਤਕਰੀਰ ਕਰ ਲੈਂਦਾ ਸੀ, ਪਰ ਉਹ ਐਸਾ ਜ਼ੋਰਦਾਰ ਜਮਹੂਰੀਅਤ ਪਸੰਦ ਸੀ ਜਿਸ ਦਾ ਵਿਸ਼ਵਾਸ ਸੀ ਕਿ ਚਿੱਲੀ ਵਿਚ ਸਮਾਜਵਾਦੀ ਤਬਦੀਲੀ ਦਾ ਸਾਧਨ ਬੰਦੂਕ ਦੀ ਨਾਲੀ ਨਹੀਂ ਸਗੋਂ ਵੋਟ ਬਕਸੇ ਹੋਣਗੇ। ਜਦੋਂ ਨਿਕਸਨ ਨੂੰ ਪਤਾ ਲੱਗਿਆ ਕਿ ਅਲੈਂਡੇ ਰਾਸ਼ਟਰਪਤੀ ਚੁਣਿਆ ਗਿਆ ਹੈ ਤਾਂ ਉਸ ਨੇ ਸੀ ਆਈ ਏ ਦੇ ਨਿਰਦੇਸ਼ਕ ਰਿਚਰਡ ਹੈੱਮਜ਼ ਨੂੰ ਇਹ ਪ੍ਰਸਿੱਧ ਹੁਕਮ ਦੇ ਦਿੱਤਾ ਕਿ "ਆਰਥਿਕਤਾ 'ਤੇ ਸਿਕੰਜਾ ਕੱਸ ਦਿਉ।"[35] ਅਲੈਂਡੇ ਸਰਕਾਰ ਚੁਣੇ ਜਾਣ ਦੀ ਗੂੰਜ ਸ਼ਿਕਾਗੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ 'ਚ ਵੀ ਸੁਣਾਈ ਦਿੱਤੀ। ਅਰਨੌਲਡ ਹਾਰਬਰਜ਼ਰ ਇਸ ਸਮੇਂ ਚਿੱਲੀ ਵਿਚ ਹੀ ਸੀ। ਉਸ ਨੇ ਆਪਣੇ ਦੇਸ਼ ਵਿਚ ਸੰਗੀ-ਸਾਥੀਆਂ ਨੂੰ ਲਿਖੀ ਚਿੱਠੀ 'ਚ ਇਸ ਘਟਨਾ ਨੂੰ "ਦੁਖਾਂਤ" ਵਜੋਂ ਬਿਆਨ ਕੀਤਾ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ "ਸੱਜੇਪੱਖੀ ਹਲਕਿਆਂ 'ਚ ਕਈ ਵਾਰ ਫ਼ੌਜ ਰਾਹੀਂ ਸੱਤਾ 'ਤੇ ਕਬਜ਼ਾ ਕਰਨ ਦੀ ਚਰਚਾ ਵੀ ਸ਼ੁਰੂ ਹੋ ਜਾਂਦੀ ਹੈ।"[36]

ਭਾਵੇਂ ਅਲੈਂਡੇ ਨੇ ਉਨ੍ਹਾਂ ਕੰਪਨੀਆਂ ਨੂੰ ਵਾਜਬ ਮੁਆਵਜ਼ਾ ਦੇਣ ਦਾ ਵਚਨ ਦਿੱਤਾ ਸੀ ਜਿਨ੍ਹਾਂ ਦੀ ਜਾਇਦਾਦ ਅਤੇ ਪੂੰਜੀ-ਨਿਵੇਸ਼ ਨਕੁਸਾਨੇ ਜਾਣੇ ਸਨ, ਪਰ ਅਮਰੀਕੀ ਬਹੁ-ਕੌਮੀ ਕੰਪਨੀਆਂ ਨੂੰ ਡਰ ਸੀ ਕਿ ਅਲੈਂਡੇ ਪੂਰੇ ਲਾਤੀਨੀ ਅਮਰੀਕਾ 'ਚ ਇਕ ਰੁਝਾਨ ਦੇ ਆਗਾਜ਼ ਦਾ ਸੂਚਕ ਹੈ। ਕਈ ਕੰਪਨੀਆਂ ਇਸ ਹੋਣੀ ਨੂੰ ਮੰਨਣ ਲਈ ਤਿਆਰ ਨਹੀਂ ਸਨ ਕਿ ਉਨ੍ਹਾਂ ਦੇ ਸ਼ੁੱਧ ਮੁਨਾਫ਼ਿਆਂ ਵਾਲਾ ਤੇਜ਼ੀ ਨਾਲ ਵਧ ਰਿਹਾ ਹਿੱਸਾ ਖੁੱਸ ਜਾਵੇ। 1968 'ਚ, ਅਮਰੀਕਾ ਦੇ ਕੁਲ ਬਦੇਸ਼ੀ ਪੂੰਜੀ-ਨਿਵੇਸ਼ ਦਾ 20 ਫ਼ੀ ਸਦੀ ਲਾਤੀਨੀ ਅਮਰੀਕਾ 'ਚ ਲੱਗਿਆ ਹੋਇਆ ਸੀ ਅਤੇ ਇਸ ਖਿੱਤੇ ਵਿਚ ਅਮਰੀਕੀ ਕੰਪਨੀਆਂ ਦੀਆਂ 5436 ਸਹਾਇਕ ਕੰਪਨੀਆਂ ਸਨ। ਇਨ੍ਹਾਂ ਦੇ ਪੂੰਜੀ-ਨਿਵੇਸ਼ ਤੋਂ ਹੋ ਰਹੇ ਮੁਨਾਫ਼ੇ ਦੇਖ ਕੇ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ। ਖਾਣਾਂ ਖੋਦਣ ਵਾਲੀਆਂ ਕੰਪਨੀਆਂ ਨੇ ਪਿਛਲੇ ਪੰਜਾਹ ਸਾਲਾਂ 'ਚ ਚਿੱਲੀ ਦੀਆਂ ਤਾਂਬੇ ਦੀਆਂ ਖਾਣਾਂ 'ਚ ਇਕ ਅਰਬ ਡਾਲਰ ਦਾ ਪੂੰਜੀ-ਨਿਵੇਸ਼ ਕੀਤਾ ਸੀ। ਇਹ ਦੁਨੀਆਂ ਦਾ ਸਭ ਤੋਂ ਵੱਡਾ ਪੂੰਜੀ-ਨਿਵੇਸ਼ ਸੀ। ਪਰ ਇਨ੍ਹਾਂ ਨੇ ਆਪਣੇ ਦੇਸ਼ 'ਚ 7.2 ਅਰਬ ਡਾਲਰ ਮੁਨਾਫ਼ੇ ਭੇਜ ਵੀ ਦਿੱਤੇ ਸਨ।[37]

ਜਿਉਂ ਹੀ ਅਲੈਂਡੇ ਜੇਤੂ ਹੋਇਆ, ਉਸ ਦੇ ਮਹੂਰਤ ਕਰਨ ਤੋਂ ਪਹਿਲਾਂ ਹੀ ਕਾਰਪੋਰੇਟ ਅਮਰੀਕਾ ਨੇ ਉਸ ਦੀ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਇਸ ਸਰਗਰਮੀ ਦਾ ਕੇਂਦਰ ਸੀ ਚਿੱਲੀ ਬਾਰੇ ਆਰਜ਼ੀ ਕਮੇਟੀ ਜੋ ਵਾਸ਼ਿੰਗਟਨ ਵਿਚ ਮੌਜੂਦ ਸੀ। ਇਸ ਟੋਲੇ 'ਚ ਸ਼ਾਮਲ ਸਨ ਵੱਡੀਆਂ ਅਮਰੀਕੀ ਖਾਣ-ਪੁੱਟ ਕੰਪਨੀਆਂ ਜਿਨ੍ਹਾਂ ਦਾ ਚਿੱਲੀ 'ਚ ਪੂੰਜੀ-ਨਿਵੇਸ਼ ਸੀ ਅਤੇ ਇੰਟਰਨੈਸ਼ਨਲ ਟੈਲੀਫ਼ੋਨ ਅਤੇ ਟੈਲੀਗ੍ਰਾਫ ਕੰਪਨੀ (ਆਈ ਟੀ ਟੀ)। ਇਹ ਇਸ ਕਮੇਟੀ ਦੀ ਅਸਲ ਸਰਗਨਾ ਸੀ ਅਤੇ ਇਹ ਚਿੱਲੀ ਦੀ ਫ਼ੋਨ ਪ੍ਰਣਾਲੀ ਦੇ 70 ਫ਼ੀ ਸਦੀ ਹਿੱਸੇ ਦੀ ਮਾਲਕ ਸੀ ਜਿਸ ਦਾ ਛੇਤੀ ਹੀ ਕੌਮੀਕਰਨ ਕਰ ਦਿੱਤਾ ਜਾਣਾ ਸੀ। ਪੂਰਿਨਾ, ਬੈਂਕ ਆਫ ਅਮੈਰਿਕਾ ਅਤੇ ਫਾਈਜ਼ਰ ਕੈਮੀਕਲ ਦੇ ਨੁਮਾਇੰਦੇ ਵੀ ਵੱਖ-ਵੱਖ ਸਮੇਂ 'ਤੇ ਕਮੇਟੀ 'ਚ ਸ਼ਾਮਲ ਰਹੇ।

ਕਮੇਟੀ ਦਾ ਇਕੋ ਇਕ ਮਕਸਦ ਸੀ ਅਲੈਂਡੇ "ਮੂਹਰੇ ਆਰਥਕ ਤਬਾਹੀ ਦੀ ਹਾਲਤ ਬਣਾ ਦਿੱਤੀ ਜਾਵੇ" ਤਾਂ ਜੋ ਉਸ ਨੂੰ ਕੌਮੀਕਰਨ ਤੋਂ ਪਿੱਛੇ ਹਟਣ ਲਈ ਮਜਬੂਰ ਕੀਤਾ ਜਾ ਸਕੇ। ਅਲੈਂਡੇ ਨੂੰ ਪ੍ਰੇਸ਼ਾਨ ਕਰਨ ਲਈ ਉਨ੍ਹਾਂ ਕੋਲ ਕਈ ਜੁਗਤਾਂ ਸਨ। ਇਨ੍ਹਾਂ ਕੰਪਨੀਆਂ ਦੀਆਂ ਗੁਪਤ ਮੀਟਿੰਗਾਂ ਦੀ ਕਾਰਵਾਈ ਹੁਣ ਜਨਤਕ ਹੋ ਚੁੱਕੀ ਹੈ। ਇਸ ਮੁਤਾਬਿਕ ਕੰਪਨੀਆਂ ਨੇ ਵਿਉਂਤ ਬਣਾਈ ਕਿ ਚਿੱਲੀ ਨੂੰ ਦਿੱਤੇ ਜਾ ਰਹੇ ਅਮਰੀਕੀ ਕਰਜੇ ਰੋਕ ਦਿੱਤੇ ਜਾਣ ਅਤੇ "ਅਮਰੀਕਾ ਦੀਆਂ ਵੱਡੀਆਂ ਨਿੱਜੀ ਬੈਂਕਾਂ ਵੀ ਚੁੱਪ ਚੁਪੀਤੇ ਇੰਞ ਹੀ ਕਰਨ। ਬਦੇਸ਼ੀ ਬੈਂਕ ਵਸੀਲਿਆਂ ਨੂੰ ਵੀ ਇਸ ਨੂੰ ਧਿਆਨ 'ਚ ਰੱਖ ਕੇ ਚੱਲਣ ਦੀ ਸਲਾਹ ਦਿੱਤੀ ਜਾਵੇ। ਅਗਲੇ ਛੇ ਮਹੀਨੇ ਚਿੱਲੀ ਤੋਂ ਖ਼ਰੀਦਦਾਰੀ ਰੋਕ ਦਿੱਤੀ ਜਾਵੇ। ਚਿੱਲੀ ਤੋਂ ਖਰੀਦਣ ਦੀ ਬਜਾਏ ਅਮਰੀਕਾ ਦੇ ਤਾਂਬੇ ਦੇ ਸਟਾਕ ਵਰਤੇ ਜਾਣ। ਚਿੱਲੀ 'ਚ ਅਮਰੀਕੀ ਡਾਲਰਾਂ ਦੀ ਥੁੜ੍ਹ ਪੈਦਾ ਕਰ ਦਿੱਤੀ ਜਾਵੇ।" ਅਤੇ ਇਹ ਸੂਚੀ ਹੋਰ ਵੀ ਲੰਮੀ ਹੈ।[39]

ਅਲੈਂਡੇ ਨੇ ਆਪਣੇ ਗੂੜ੍ਹੇ ਮਿੱਤਰ ਲੇਤੇਲੀਅਰ ਨੂੰ ਵਾਸ਼ਿੰਗਟਨ 'ਚ ਸਫ਼ੀਰ ਲਾ ਦਿੱਤਾ। ਉਸ ਨੂੰ ਉਨ੍ਹਾਂ ਹੀ ਕਾਰਪੋਰੇਸ਼ਨਾਂ ਨਾਲ ਉਨ੍ਹਾਂ ਦੀ ਜਾਇਦਾਦ ਦੀ ਜ਼ਬਤੀ ਦੀਆਂ ਸ਼ਰਤਾਂ ਬਾਰੇ ਗੱਲਬਾਤ ਕਰਨ ਦਾ ਕੰਮ ਸੌਂਪਿਆ ਗਿਆ ਜੋ ਅਲੈਂਡੇ ਸਰਕਾਰ ਨੂੰ ਉਲਟਾਉਣ ਦੀਆਂ ਸਾਜਿਸ਼ਾਂ ਰਚ ਰਹੀਆਂ ਸਨ। ਸੱਤਰਵਿਆਂ ਦੇ ਖ਼ਾਸ ਅੰਦਾਜ਼ ਦੀਆਂ ਮੁੱਛਾਂ ਅਤੇ ਗਜ਼ਬ ਦੀ ਸੁਰੀਲੀ ਆਵਾਜ਼ ਵਾਲਾ ਲੇਤੇਲੀਅਰ ਖੁਸ਼ਮਿਜ਼ਾਜ ਬੰਦਾ ਸੀ ਅਤੇ ਕੂਟਨੀਤਕ ਹਲਕਿਆਂ 'ਚ ਬਹੁਤ ਹਰਮਨਪਿਆਰਾ ਸੀ। ਉਸ ਦੇ ਪੁੱਤਰ ਫਰਾਂਸਿਸਕੋ ਦੀਆਂ ਸਭ ਤੋਂ ਪਿਆਰੀਆਂ ਯਾਦਾਂ ਆਪਣੇ ਪਿਤਾ ਦੇ ਵਾਸ਼ਿੰਗਟਨ ਵਾਲੇ ਘਰ 'ਚ ਗਿਟਾਰ ਵਜਾਉਂਦੇ ਅਤੇ ਆਪਣੇ ਮਿੱਤਰਾਂ ਦੀਆਂ ਮਹਿਫ਼ਿਲਾਂ 'ਚ ਲੋਕ ਗੀਤ

ਗਾਉਂਦੇ ਹੋਣ ਬਾਰੇ ਹਨ।[40] ਪਰ ਲੇਤੇਲੀਅਰ ਦੇ ਖੁਸ਼ਮਿਜ਼ਾਜ ਸੁਭਾਅ ਅਤੇ ਮੁਹਾਰਤ ਦੇ ਬਾਵਜੂਦ ਕੋਈ ਗੱਲਬਾਤ ਨੇਪਰੇ ਨਹੀਂ ਚੜ੍ਹ ਸਕੀ।

ਮਾਰਚ 1972 'ਚ, ਜਦੋਂ ਆਈ ਟੀ ਟੀ ਨਾਲ ਲੇਤੇਲੀਅਰ ਦੀ ਤਣਾਅ ਭਰੀ ਗੱਲਬਾਤ ਚੱਲ ਰਹੀ ਸੀ, ਸਿੰਡੀਕੇਟਡ ਅਖ਼ਬਾਰ ਦੇ ਕਾਲਮ-ਨਵੀਸ ਜੈਕ ਐਂਡਰਸਨ ਨੇ ਤਹਿਲਕਾ ਮਚਾਊ ਲੜੀਵਾਰ ਲੇਖ ਲਿਖੇ। ਇਹ ਐਸੇ ਦਸਤਾਵੇਜ਼ਾਂ 'ਤੇ ਅਧਾਰਤ ਸਨ ਜੋ ਦਰਸਾਉਂਦੇ ਸਨ ਕਿ ਇਸ ਟੈਲੀਫ਼ੋਨ ਕੰਪਨੀ ਨੇ ਦੋ ਸਾਲ ਪਹਿਲਾਂ ਸੀ ਆਈ ਏ ਅਤੇ ਅਮਰੀਕੀ ਸਰਕਾਰ ਦੇ ਬਦੇਸ਼ ਵਿਭਾਗ ਨਾਲ ਮਿਲਕੇ ਅਲੈਂਡੇ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੀ ਗੁਪਤ ਸਾਜ਼ਿਸ਼ ਘੜੀ ਸੀ। ਅਮਰੀਕੀ ਸੈਨੇਟ 'ਤੇ ਇਸ ਸਮੇਂ ਡੈਮੋਕਰੇਟਾਂ ਦਾ ਕਬਜ਼ਾ ਸੀ। ਇਨ੍ਹਾਂ ਦੋਸ਼ਾਂ ਦੇ ਮੱਦੇ ਨਜ਼ਰ ਅਤੇ ਅਲੈਂਡੇ ਹਾਲੇ ਸੱਤਾ 'ਚ ਹੋਣ ਕਾਰਨ ਸੈਨੇਟ ਨੇ ਪੜਤਾਲ ਕਰਵਾਈ। ਇਕ ਡੂੰਘੀ ਸਾਜ਼ਿਸ਼ ਸਾਹਮਣੇ ਆਈ ਜਿਸ ਤਹਿਤ "ਆਈ ਟੀ ਟੀ ਨੇ ਚਿੱਲੀ ਦੀ ਵਿਰੋਧੀ ਧਿਰ ਨੂੰ 10 ਲੱਖ ਡਾਲਰ ਰਿਸ਼ਵਤ ਦੀ ਪੇਸ਼ਕਸ਼ ਕੀਤੀ ਸੀ ਅਤੇ ਚਿੱਲੀ ਦੀ ਰਾਸ਼ਟਰਪਤੀ ਚੋਣ 'ਚ ਪੱਤਾ ਖੇੜ੍ਹਣ ਦੀ ਗੁਪਤ ਯੋਜਨਾ 'ਚ ਸੀ ਆਈ ਏ ਨੂੰ ਸ਼ਾਮਲ ਕੀਤਾ ਸੀ।"[41]

ਸੈਨੇਟ ਦੀ ਰਿਪੋਰਟ ਜੂਨ 1973 'ਚ ਜਾਰੀ ਕੀਤੀ ਗਈ। ਇਸ ਵਿਚ ਵੀ ਸਾਹਮਣੇ ਆਇਆ ਕਿ ਜਦੋਂ ਯੋਜਨਾ ਅਸਫ਼ਲ ਹੋ ਗਈ ਅਤੇ ਅਲੈਂਡੇ ਸੱਤਾਧਾਰੀ ਹੋ ਗਿਆ ਤਾਂ ਆਈ ਟੀ ਟੀ ਨੇ ਨਵੀਂ ਚਾਲ ਖੇਡੀ। ਜੋ ਇਹ ਯਕੀਨੀ ਬਣਾਉਣ ਲਈ ਘੜੀ ਗਈ ਸੀ ਕਿ ਉਹ "ਛੇ ਮਹੀਨੇ ਨਾ ਕੱਢ ਸਕੇ।" ਸੈਨੇਟ ਲਈ ਸਭ ਤੋਂ ਭਿਆਨਕ ਸੀ ਆਈ ਟੀ ਟੀ ਦੇ ਕਾਰਜਕਾਰੀ ਅਧਿਕਾਰੀਆਂ ਅਤੇ ਅਮਰੀਕੀ ਸਰਕਾਰ ਦਰਮਿਆਨ ਗੰਢ-ਚਿਤਰਾਵਾ। ਗਵਾਹੀਆਂ ਅਤੇ ਦਸਤਾਵੇਜ਼ਾਂ ਤੋਂ ਇਹ ਸਾਫ਼ ਹੋ ਗਿਆ ਕਿ ਚਿੱਲੀ ਬਾਰੇ ਅਮਰੀਕੀ ਨੀਤੀ ਘੜਨ 'ਚ ਸਿਖਰਲੇ ਪੱਧਰ 'ਤੇ ਆਈ ਟੀ ਟੀ ਸਿੱਧੇ ਰੂਪ 'ਚ ਸ਼ਾਮਲ ਸੀ। ਇਕ ਪੜਾਅ 'ਤੇ, ਆਈ ਟੀ ਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਕੌਮੀ ਸੁਰੱਖਿਆ ਸਲਾਹਕਾਰ ਹੈਨਰੀ ਕਸਿੰਜਰ ਨੂੰ ਚਿੱਠੀ ਲਿਖ ਕੇ ਸਲਾਹ ਦਿੱਤੀ ਸੀ ਕਿ "ਚਿੱਲੀ ਨਾਲ ਜਿਹੜੇ ਫੰਡ ਦੇਣ ਦਾ ਪਹਿਲਾਂ ਹੀ ਇਕਰਾਰ ਕੀਤਾ ਜਾ ਚੁੱਕਾ ਹੈ ਅਮਰੀਕੀ ਸਹਾਇਤਾ ਦੇ ਉਹ ਸਾਰੇ ਹੀ ਫੰਡ ਰਾਸ਼ਟਰਪਤੀ ਅਲੈਂਡੇ ਨੂੰ ਦੱਸੇ ਬਗ਼ੈਰ ਹੀ 'ਦੁਬਾਰਾ ਵਿਚਾਰ ਕਰਨ ਲਈ' ਰੋਕ ਲਏ ਜਾਣ।" ਕੰਪਨੀ ਨੇ ਨਿਕਸਨ ਸਰਕਾਰ ਲਈ ਅਠਾਰਾਂ-ਨੁਕਾਤੀ ਯੁੱਧਨੀਤੀ ਤਿਆਰ ਕਰਨ ਦੀ ਖੁੱਲ੍ਹ ਵੀ ਲਈ ਜਿਸ ਵਿਚ ਫ਼ੌਜੀ ਰਾਜ ਪਲਟੇ ਦਾ ਸਪਸ਼ਟ ਸੱਦਾ ਦਿੱਤਾ ਗਿਆ ਸੀ। ਇਸ ਵਿਚ ਕਿਹਾ ਗਿਆ, "ਚਿੱਲੀ ਦੀ ਫ਼ੌਜ ਅੰਦਰ ਭਰੋਸੇਯੋਗ ਸੂਤਰ ਲੱਭੋ,...ਉਨ੍ਹਾਂ ਨੂੰ ਅਲੈਂਡੇ ਵਿਰੁੱਧ ਗਿਣ-ਮਿਥ ਕੇ ਤਿਆਰ ਕਰੋ, ਇਵ ਉਸ ਨੂੰ ਅਹੁਦੇ ਤੋਂ ਹਟਾਉਣ ਦੀ ਲੋੜ ਬਣਾ ਦਿਓ।"[42]

ਜਦੋਂ ਸੈਨੇਟ ਨੇ ਕੰਪਨੀ ਦੇ ਮੀਤ ਪ੍ਰਧਾਨ ਨੈੱਡ ਗੈਰਿਤੀ ਨੂੰ ਚਿੱਲੀ ਦੇ ਸੰਵਿਧਾਨਕ ਅਮਲ ਨੂੰ ਢਾਹ ਲਾਉਣ ਦੇ ਉਦੇਸ਼ ਨਾਲ ਅਮਰੀਕੀ ਸਰਕਾਰ ਦੀ ਤਾਕਤ ਦੀ ਵਰਤੋਂ ਕਰਨ ਦੀਆਂ ਬੇਹਯਾ ਕੋਸ਼ਿਸ਼ਾਂ ਬਾਰੇ ਸਵਾਲਾਂ ਦੀ ਬੌਛਾੜ ਕੀਤੀ ਤਾਂ ਉਹ ਸੱਚਮੁੱਚ ਉਲਝ ਗਿਆ। ਉਸ ਨੇ ਅੱਗੋਂ ਸਵਾਲ ਕੀਤਾ, "ਨੰਬਰ ਇਕ ਦਾ ਖ਼ਿਆਲ ਰੱਖਣ 'ਚ ਕੀ ਗ਼ਲਤ ਹੈ ? " ਇਸ ਦੇ ਪ੍ਰਤੀਕਰਮ 'ਚ ਕਮੇਟੀ ਨੇ ਰਿਪੋਰਟ 'ਚ ਕਿਹਾ, "ਇਕ ਨੰਬਰ ਨੂੰ ਅਮਰੀਕਾ ਦੀ ਬਦੇਸ਼ ਨੀਤੀ ਤੈਅ ਕਰਨ 'ਚ ਅਣਉਚਿਤ ਭੂਮਿਕਾ ਨਿਭਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।"[43]

ਫੇਰ ਵੀ ਸਾਲਾਂ ਬੱਧੀ ਅਮਰੀਕਾ ਵੱਲੋਂ ਘ੍ਰਿਣਤ ਚਾਲਾਂ ਚੱਲਦੇ ਰਹਿਣ ਦੇ ਬਾਵਜੂਦ, ਆਈ ਟੀ ਟੀ ਦੇ ਮਾਮਲੇ 'ਚ ਐਨੀ ਘੋਖ-ਪੜਤਾਲ ਕਰਨਾ ਸਿਰਫ਼ ਇਕ ਮਿਸਾਲ ਸੀ ਅਤੇ 1973 'ਚ

ਅਲੈਂਡੇ ਹਾਲੇ ਵੀ ਸੱਤਾ 'ਚ ਸੀ। ਗੁੱਝੇ ਰੂਪ 'ਚ ਅੱਸੀ ਲੱਖ ਡਾਲਰ ਖ਼ਰਚੇ ਜਾਣ ਦੇ ਬਾਵਜੂਦ ਵੀ ਉਸ ਦਾ ਅਧਾਰ ਕਮਜ਼ੋਰ ਨਹੀਂ ਕੀਤਾ ਜਾ ਸਕਿਆ ਸੀ। ਇਸੇ ਸਾਲ ਸੰਸਦ ਦੀਆਂ ਮੱਧਕਾਲੀ ਚੋਣਾਂ 'ਚ, ਅਲੈਂਡੇ ਦੀ ਪਾਰਟੀ ਨੂੰ ਉਸ ਤੋਂ ਵੱਧ ਗਿਣਤੀ 'ਚ ਹਮਾਇਤ ਮਿਲੀ ਸੀ ਜਿੰਨੀ 1970 'ਚ ਹੋਈ ਪਹਿਲੀ ਚੋਣ ਮੌਕੇ ਹਾਸਲ ਹੋਈ ਸੀ। ਸਪਸ਼ਟ ਸੀ ਕਿ ਚਿੱਲੀ 'ਚ ਵੱਖਰੇ ਆਰਥਕ ਮਾਡਲ ਦੀ ਤਾਂਘ ਦੀਆਂ ਡੂੰਘੀਆਂ ਜੜ੍ਹਾਂ ਲੱਗ ਚੁੱਕੀਆਂ ਸਨ ਅਤੇ ਸਮਾਜਵਾਦੀ ਬਦਲ ਦੀ ਹਮਾਇਤ 'ਚ ਵਾਧਾ ਹੋ ਰਿਹਾ ਸੀ। ਜਦੋਂ 1970 ਦੀ ਚੋਣ ਦੇ ਨਤੀਜੇ ਸਾਹਮਣੇ ਆਏ, ਅਲੈਂਡੇ ਦੇ ਵੈਰੀ ਉਸੇ ਦਿਨ ਤੋਂ ਉਸ ਦਾ ਤਖ਼ਤਾ ਉਲਟਾਉਣ ਦੀ ਸਾਜ਼ਿਸ਼ 'ਚ ਲੱਗੇ ਹੋਏ ਸਨ। ਪਰ ਇਸ ਦਾ ਅਰਥ ਇਹ ਸੀ ਕਿ ਬਸ ਅਲੈਂਡੇ ਤੋਂ ਛੁਟਕਾਰਾ ਪਾਉਣ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ ਸਨ—ਉਸ ਦੀ ਥਾਂ ਕੋਈ ਹੋਰ ਆ ਜਾਵੇਗਾ। ਇਸ ਲਈ ਇਕ ਵੱਧ ਤਿੱਖੀ ਯੋਜਨਾ ਦੀ ਲੋੜ ਸੀ।

ਨਿਜ਼ਾਮ ਬਦਲੀ ਦੇ ਸਬਕ : ਬਰਾਜ਼ੀਲ ਅਤੇ ਇੰਡੋਨੇਸ਼ੀਆ

ਅਲੈਂਡੇ ਦੇ ਵੈਰੀ "ਨਿਜ਼ਾਮ ਬਦਲੀ" ਦੇ ਦੋ ਮਾਡਲਾਂ ਦੀ ਡੂੰਘੀ ਘੋਖ-ਪੜਤਾਲ ਕਰ ਰਹੇ ਸਨ। ਇਹ ਦੋ ਪਹੁੰਚਾਂ ਹੀ ਉਨ੍ਹਾਂ ਨੂੰ ਸੰਭਵ ਦਿਖਾਈ ਦਿੰਦੀਆਂ ਸਨ। ਇਕ ਬਰਾਜ਼ੀਲ ਦੀ ਸੀ, ਤੇ ਦੂਜੀ ਇੰਡੋਨੇਸ਼ੀਆ ਦੀ। ਜਦੋਂ ਬਰਾਜ਼ੀਲ ਦੇ ਅਮਰੀਕੀ ਥਾਪੜੇ ਵਾਲੇ ਫ਼ੌਜੀ ਗੁੱਟ ਨੇ ਜਰਨੈਲ ਹਮਬਰਟੋ ਕਾਸਤਿਲੋ ਬਰੈਂਸੋ ਦੀ ਅਗਵਾਈ ਹੇਠ 1964 'ਚ ਸੱਤਾ 'ਤੇ ਕਬਜ਼ਾ ਕੀਤਾ, ਓਦੋਂ ਫ਼ੌਜ ਦੀ ਯੋਜਨਾ ਨਿਰੀ ਜੁਆਓ ਗੋਲਰਤ ਦੇ ਗਰੀਬ ਹਿਤੈਸ਼ੀ ਪ੍ਰੋਗਰਾਮ ਨੂੰ ਪੁੱਠਾ ਗੇੜਾ ਦੇਣ ਤੱਕ ਸੀਮਤ ਨਹੀਂ ਸੀ ਸਗੋਂ ਬਰਾਜ਼ੀਲ ਦੇ ਦਰਵਾਜ਼ੇ ਬਦੇਸ਼ੀ ਪੂੰਜੀ-ਨਿਵੇਸ਼ ਲਈ ਚੌਪਟ ਖੋਲ੍ਹ ਦੇਣ ਦੀ ਸੀ। ਪਹਿਲਾਂ ਪਹਿਲ, ਬਰਾਜ਼ੀਲ ਦੇ ਫ਼ੌਜੀ ਜਰਨੈਲਾਂ ਨੇ ਇਹ ਏਜੰਡਾ ਮੁਕਾਬਲਤਨ ਸ਼ਾਂਤਮਈ ਰੂਪ 'ਚ ਥੋਪਣ ਦੀ ਕੋਸ਼ਿਸ਼ ਕੀਤੀ—ਕੋਈ ਸ਼ਰੇਆਮ ਜ਼ੁਲਮ ਨਹੀਂ ਢਾਹੇ ਗਏ, ਕੋਈ ਗ੍ਰਿਫ਼ਤਾਰੀਆਂ ਨਹੀਂ ਕੀਤੀਆਂ ਗਈਆਂ। ਹਾਲਾਂਕਿ ਬਾਅਦ 'ਚ ਇਹ ਸਾਹਮਣੇ ਆਇਆ ਕਿ ਇਸ ਸਮੇਂ ਕੁਝ "ਭੰਨਤੋੜ ਕਰਨ ਵਾਲਿਆਂ" ਨੂੰ ਵਹਿਸ਼ੀ ਤਸੀਹੇ ਦਿੱਤੇ ਗਏ ਸਨ, ਪਰ ਇਹ ਗਿਣਤੀ ਐਨੀ ਥੋੜ੍ਹੀ ਸੀ (ਅਤੇ ਬਰਾਜ਼ੀਲ ਐਨਾ ਵੱਡਾ ਦੇਸ਼ ਸੀ) ਕਿ ਇਨ੍ਹਾਂ 'ਤੇ ਕੀਤੇ ਜ਼ੁਲਮਾਂ ਦੀ ਧੂੰ ਵੀ ਨਹੀਂ ਨਿੱਕਲੀ। ਫ਼ੌਜੀ ਗੁੱਟ ਨੇ ਜਮਹੂਰੀਅਤ ਦੀ ਕੁਝ ਰਹਿੰਦ-ਖੂੰਹਦ ਬਣਾਈ ਰੱਖੀ, ਇਸ ਵਿਚ ਪ੍ਰੈੱਸ ਦੀ ਆਜ਼ਾਦੀ ਅਤੇ ਇਕੱਠੇ ਹੋਣ ਦੀ ਖੁੱਲ੍ਹ ਸ਼ਾਮਲ ਸੀ—ਇਸ ਤਰ੍ਹਾਂ ਇਹ ਅਖੌਤੀ ਭੱਦਰ ਪੁਰਸ਼ਾਂ ਦਾ ਰਾਜ ਪਲਟਾ ਸੀ।

ਸੱਠਵਿਆਂ ਦੇ ਅਖ਼ੀਰ 'ਚ, ਬਹੁਤ ਸਾਰੇ ਨਾਗਰਿਕਾਂ ਨੇ ਇਨ੍ਹਾਂ ਸੀਮਤ ਆਜ਼ਾਦੀਆਂ ਦੀ ਵਰਤੋਂ ਕਰਦੇ ਹੋਏ ਬਰਾਜ਼ੀਲ ਦੀ ਘੋਰ ਗਰੀਬੀ ਬਾਰੇ ਗੁੱਸਾ ਜ਼ਾਹਰ ਕੀਤਾ। ਉਨ੍ਹਾਂ ਨੇ ਇਸ ਦਾ ਦੋਸ਼ੀ ਫ਼ੌਜੀ ਗੁੱਟ ਦੇ ਸਰਮਾਏਦਾਰੀ ਪੱਖੀ ਪ੍ਰੋਗਰਾਮ ਨੂੰ ਠਹਿਰਾਇਆ, ਇਹ ਜ਼ਿਆਦਾਤਰ ਸ਼ਿਕਾਗੋ ਯੂਨੀਵਰਸਿਟੀ ਦੇ ਗਰੈਜੂਏਟਾਂ ਨੇ ਤਿਆਰ ਕੀਤਾ ਸੀ। 1968 'ਚ, ਸੜਕਾਂ ਉੱਤੇ ਫ਼ੌਜੀ ਗੁੱਟ ਵਿਰੁੱਧ ਮੁਜ਼ਾਹਰਿਆਂ ਦਾ ਤਾਂਤਾ ਲੱਗ ਗਿਆ। ਸਭ ਤੋਂ ਵੱਡੇ ਮੁਜ਼ਾਹਰੇ ਵਿਦਿਆਰਥੀਆਂ ਦੀ ਅਗਵਾਈ 'ਚ ਹੋਏ। ਸਰਕਾਰ ਕਸੂਤੀ ਹਾਲਤ 'ਚ ਫਸ ਗਈ। ਸੱਤਾ 'ਤੇ ਬਣੇ ਰਹਿਣ ਦੀ ਪੁਰਜ਼ੋਰ ਕੋਸ਼ਿਸ਼ ਕਰਦਿਆਂ ਫ਼ੌਜ ਨੇ ਆਪਣੇ ਦਾਅਪੇਚਾਂ 'ਚ ਤਿੱਖੀ ਤਬਦੀਲੀ ਲੈ ਆਂਦੀ : ਜਮਹੂਰੀਅਤ ਦਾ ਪੂਰੀ ਤਰ੍ਹਾਂ ਭੋਗ ਪਾ ਦਿੱਤਾ ਗਿਆ, ਕੁਲ ਸ਼ਹਿਰੀ ਆਜ਼ਾਦੀਆਂ ਕੁਚਲ ਦਿੱਤੀਆਂ ਗਈਆਂ, ਯੋਜਨਾਬਧ ਤਰੀਕੇ ਨਾਲ ਤਸੀਹੇ ਦਿੱਤੇ ਜਾਣ ਲੱਗੇ ਅਤੇ ਪਿੱਛੋਂ ਬਣਾਏ ਗਏ ਬਰਾਜ਼ੀਲ ਦੇ ਤੱਥ

ਖੋਜ ਕਮਿਸ਼ਨ ਅਨੁਸਾਰ, "ਰਾਜ ਵੱਲੋਂ ਕਤਲਾਂ ਦਾ ਵਰਤਾਰਾ ਆਮ ਹੋ ਗਿਆ।"[44]

ਇੰਡੋਨੇਸ਼ੀਆ ਦਾ 1965 ਦਾ ਰਾਜ ਪਲਟਾ ਬਹੁਤ ਹੀ ਵੱਖਰੇ ਤਰੀਕੇ ਨਾਲ ਹੋਇਆ। ਦੂਜੀ ਸੰਸਾਰ ਜੰਗ ਤੋਂ ਲੈ ਕੇ ਦੇਸ਼ ਦੀ ਵਾਗਡੋਰ ਰਾਸ਼ਟਰਪਤੀ ਸੁਕਾਰਨੋ ਦੇ ਹੱਥ 'ਚ ਸੀ। ਉਹ ਆਪਣੇ ਸਮਿਆਂ ਦਾ ਹਿਓਗੋ ਸ਼ਾਵੇਜ਼ ਸੀ (ਹਾਲਾਂ ਕਿ ਉਸ ਵਿਚ ਸ਼ਾਵੇਜ਼ ਵਾਲੀ ਚੋਣਾਂ ਦੀ ਲਾਲਸਾ ਨਹੀਂ ਸੀ)। ਅਮੀਰ ਦੇਸ਼ ਸੁਕਾਰਨੋ ਵਲੋਂ ਇੰਡੋਨੇਸ਼ੀਆ ਦੀ ਆਰਥਿਕਤਾ ਦੀ ਸੁਰੱਖਿਆ ਲਈ ਕਦਮ ਚੁੱਕਣ, ਦੌਲਤ ਦੀ ਨਵੇਂ ਸਿਰਿਉਂ ਵੰਡ ਕਰਨ ਅਤੇ ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ ਨੂੰ ਦਫ਼ਾ ਕਰਨ ਤੋਂ ਲੋਹੇ ਲਾਖੇ ਸਨ। ਉਸ ਨੇ ਇਨ੍ਹਾਂ ਦੋਵਾਂ ਸੰਸਥਾਵਾਂ 'ਤੇ ਪੱਛਮੀ ਬਹੁ-ਕੌਮੀ ਕੰਪਨੀਆਂ ਦੇ ਹਿੱਤਾਂ ਲਈ ਕੰਮ ਕਰਨ ਵਾਲੇ ਮੋਹਰਿਆਂ ਦਾ ਦੋਸ਼ ਲਾਇਆ ਸੀ। ਭਾਵੇਂ ਸੁਕਾਰਨੋ ਕਮਿਊਨਿਸਟ ਨਹੀਂ ਸੀ, ਇਕ ਕੌਮਪ੍ਰਸਤ ਹੀ ਸੀ, ਪਰ ਉਹ ਕਮਿਊਨਿਸਟ ਪਾਰਟੀ ਨਾਲ ਨੇੜਿਉਂ ਜੁੜ ਕੇ ਕੰਮ ਕਰਦਾ ਸੀ। ਕਮਿਊਨਿਸਟ ਪਾਰਟੀ ਦੇ ਤੀਹ ਲੱਖ ਸਰਗਰਮ ਮੈਂਬਰ ਸਨ। ਅਮਰੀਕੀ ਅਤੇ ਬਰਤਾਨਵੀ ਸਰਕਾਰਾਂ ਨੇ ਸੁਕਾਰਨੋ ਦੇ ਰਾਜ ਦਾ ਖ਼ਾਤਮਾ ਮਰਨ ਦਾ ਤਹੱਈਆ ਕੀਤਾ ਹੋਇਆ ਸੀ। ਹੁਣ ਜੋ ਦਸਤਾਵੇਜ਼ ਜਨਤਕ ਹੋ ਚੁੱਕੇ ਹਨ ਉਨ੍ਹਾਂ 'ਚ ਸਾਹਮਣੇ ਆਇਆ ਹੈ ਕਿ ਸੀ ਆਈ ਏ ਨੂੰ ਉੱਪਰੋਂ ਹਦਾਇਤਾਂ ਸਨ ਕਿ "ਹਾਲਤ ਅਨੁਸਾਰ ਹਾਸਲ ਮੌਕੇ ਵਰਤ ਕੇ ਰਾਸ਼ਟਰਪਤੀ ਸੁਕਾਰਨੋ ਦਾ ਸਫ਼ਾਇਆ ਕਰ ਦਿਓ।"[45]

ਬਹੁਤ ਵਾਰ ਹੱਥ-ਪੈਰ ਮਾਰਨ ਤੋਂ ਬਾਅਦ, ਅਕਤੂਬਰ 1965 'ਚ ਇਹ ਮੌਕਾ ਹੱਥ ਲੱਗ ਗਿਆ। ਸੀ ਆਈ ਏ ਦੀ ਹਮਾਇਤ ਨਾਲ ਜਰਨੈਲ ਸੁਹਾਰਤੋ ਨੇ ਸੱਤਾ 'ਤੇ ਕਬਜ਼ਾ ਕਰਨ ਅਤੇ ਖੱਬੀ ਧਿਰ ਦਾ ਸਫ਼ਾਇਆ ਕਰਨ ਦਾ ਅਮਲ ਵਿੱਢ ਦਿੱਤਾ। ਸੀ ਆਈ ਏ ਨੇ ਚੁੱਪ ਚੁਪੀਤੇ ਹੀ ਦੇਸ਼ ਦੇ ਮੋਹਰੀ ਖੱਬੇਪੱਖੀਆਂ ਦੀ ਸੂਚੀ ਬਣਾ ਲਈ ਸੀ। ਇਹ ਦਸਤਾਵੇਜ਼ ਸੁਹਾਰਤੋ ਨੂੰ ਸੌਂਪ ਦਿੱਤਾ ਗਿਆ। ਪੈਂਟਾਗਾਨ ਨੇ ਵਾਧੂ ਹਥਿਆਰ ਅਤੇ ਫੀਲਡ ਰੇਡੀਓ ਸੈੱਟ ਮੁਹੱਈਆ ਕਰਾਏ ਤਾਂ ਜੋ ਇੰਡੋਨੇਸ਼ੀਆ ਦੀਆਂ ਫ਼ੌਜਾਂ ਦਾ ਦੂਰ-ਦੁਰਾਡੇ ਟਾਪੂਆਂ 'ਚ ਕਾਰਵਾਈ ਕਰਨ ਸਮੇਂ ਸੰਪਰਕ ਬਣਿਆ ਰਹੇ। ਇਸ ਪਿੱਛੋਂ ਸੁਹਾਰਤੋ ਨੇ ਚਾਰ ਤੋਂ ਲੈ ਕੇ ਪੰਜ ਹਜ਼ਾਰ ਖੱਬੇਪੱਖੀਆਂ ਦਾ ਸ਼ਿਕਾਰ ਖੇਡ੍ਹਣ ਲਈ ਫ਼ੌਜੀ ਭੇਜ ਦਿੱਤੇ। ਸੀ ਆਈ ਏ ਨੇ ਇਸ ਨੂੰ "ਚਾਂਦਮਾਰੀ ਸੂਚੀ" ਦਾ ਨਾਂ ਦਿੱਤਾ ਸੀ। ਅਮਰੀਕੀ ਸਫ਼ਾਰਤਖ਼ਾਨੇ ਨੂੰ ਕਾਰਵਾਈ ਦੀ ਕਾਮਯਾਬੀ ਦੀ ਬਾਕਾਇਦਾ ਰਿਪੋਰਟ ਮਿਲ ਰਹੀ ਸੀ।[46] ਜਿਉਂ ਜਿਉਂ ਕਾਰਵਾਈਆਂ ਦੀ ਸੂਚਨਾ ਆਉਂਦੀ ਗਈ, ਸੀ ਆਈ ਏ ਇਹ ਨਾਂ ਆਪਣੀਆਂ ਸੂਚੀਆਂ ਨਾਲ ਓਦੋਂ ਤੱਕ ਮਿਲਾ ਕੇ ਦੇਖਦੀ ਰਹੀ ਜਦੋਂ ਤੱਕ ਇਸ ਨੂੰ ਇਹ ਤਸੱਲੀ ਨਹੀਂ ਹੋ ਗਈ ਕਿ ਇੰਡੋਨੇਸ਼ੀਆ ਦੀ ਖੱਬੀ ਧਿਰ ਦਾ ਸਫ਼ਾਇਆ ਕਰ ਦਿੱਤਾ ਗਿਆ ਹੈ। ਇਨ੍ਹਾਂ ਕਾਰਵਾਈਆਂ 'ਚ ਸ਼ਾਮਲ ਲੋਕਾਂ 'ਚ ਰੋਬਰਟ ਜੇ ਮਾਰਟਨਜ਼ ਵੀ ਸੀ, ਜੋ ਜਕਾਰਤਾ 'ਚ ਅਮਰੀਕੀ ਸਫ਼ਾਰਤਖ਼ਾਨੇ ਲਈ ਕੰਮ ਕਰਦਾ ਸੀ। ਪੰਝੀ ਸਾਲ ਬਾਅਦ ਉਸ ਨੇ ਪੱਤਰਕਾਰ ਕੈਥੀ ਕਦਾਨ ਨੂੰ ਹੁੱਬ ਕੇ ਦੱਸਿਆ, "ਇਹ ਸੱਚੀਓਂ ਹੀ ਫ਼ੌਜ ਦੀ ਬਹੁਤ ਵੱਡੀ ਮਦਦ ਸੀ। ਉਨ੍ਹਾਂ ਨੇ ਬਹੁਤ ਸਾਰੇ ਲੋਕ ਮਾਰੇ। ਅਤੇ ਮੇਰੇ ਹੱਥ ਵੀ ਬਹੁਤ ਸਾਰੇ ਖ਼ੂਨ ਨਾਲ ਲਿੱਬੜੇ ਹੋਏ ਹਨ, ਪਰ ਇਸ ਵਿਚ ਕੁਝ ਵੀ ਮਾੜਾ ਨਹੀਂ ਹੈ। ਇਕ ਸਮਾਂ ਹੁੰਦਾ ਹੈ ਜਦੋਂ ਤੁਸੀਂ ਫ਼ੈਸਲਾਕੁਨ ਪਲਾਂ 'ਚ ਜ਼ਬਰਦਸਤ ਵਾਰ ਕਰਨਾ ਹੁੰਦਾ ਹੈ।"[47]

ਕਤਲਾਂ ਦੀਆਂ ਸੂਚੀਆਂ 'ਚ ਉਹ ਸਾਰੇ ਨਾਂ ਆ ਗਏ ਸਨ ਜਿਨ੍ਹਾਂ ਨੂੰ ਕਤਲ ਕਰਨ ਦਾ ਨਿਸ਼ਾਨਾ ਮਿਥਿਆ ਹੋਇਆ ਸੀ; ਜਿਨ੍ਹਾਂ ਅੰਨ੍ਹੇਵਾਹ ਕਤਲੋਗ਼ਾਰਤਾਂ ਕਰਕੇ ਸੁਹਾਰਤੋ ਦੀ ਜ਼ਿਆਦਾ ਬਦਨਾਮੀ ਹੋਈ ਉਨ੍ਹਾਂ ਦੇ ਵੱਡੇ ਹਿੱਸੇ ਨੂੰ ਧਰਮ ਦੀ ਪੜ੍ਹਾਈ ਕਰਦੇ ਤਾਲਿਬਾਨਾਂ ਨੇ ਸਰ ਅੰਜਾਮ ਦਿੱਤਾ ਸੀ। ਫ਼ੌਜ ਨੇ ਇਨ੍ਹਾਂ ਨੂੰ ਝਟਪਟ ਸਿਖਲਾਈ ਦਿੱਤੀ ਅਤੇ ਸਮੁੰਦਰੀ ਫ਼ੌਜ ਦੇ ਮੁਖੀ ਦੀਆਂ

ਹਦਾਇਤਾਂ ਅਨੁਸਾਰ ਇਨ੍ਹਾਂ ਨੂੰ ਕਮਿਊਨਿਸਟਾਂ ਦੇ ਗੜ੍ਹ ਪੇਂਡੂ ਖੇਤਰ ਦਾ "ਸਫ਼ਾਇਆ ਕਰਨ" ਲਈ ਘੱਲ ਦਿੱਤਾ ਗਿਆ। ਇਕ ਰਿਪੋਰਟਰ ਨੇ ਲਿਖਿਆ, "ਉਹ ਚਟਕਾਰੇ ਲੈ ਕੇ ਆਪਣੇ ਚੇਲਿਆਂ ਨੂੰ ਸੱਦਦੇ, ਡੱਬਾਂ 'ਚ ਛੁਰੇ ਤੇ ਪਿਸਤੌਲ ਟੁੰਗ ਕੇ ਅਤੇ ਮੋਢੇ 'ਤੇ ਡਾਂਗ ਧਰ ਕੇ ਸੌਂਪਿਆ ਹੋਇਆ ਕੰਮ ਕਰਨ ਨਿਕਲ ਤੁਰਦੇ। ਇਹ ਉਨ੍ਹਾਂ ਦੀ ਲੰਮੇ ਸਮੇਂ ਤੋਂ ਖ਼ਾਹਸ਼ ਸੀ।"[48] ਇਕ ਮਹੀਨੇ 'ਚ ਹੀ ਘੱਟੋ ਘੱਟ ਪੰਜ ਲੱਖ ਲੋਕ ਕਤਲ ਕਰ ਦਿੱਤੇ ਗਏ ਸ਼ਾਇਦ ਇਹ ਗਿਣਤੀ ਦਸ ਲੱਖ ਹੋਵੇ। *ਟਾਈਮ* ਅਨੁਸਾਰ "ਹਜ਼ਾਰਾਂ ਦੀ ਗਿਣਤੀ ਨੇ ਇਹ ਕਤਲੇਆਮ ਕੀਤੇ।"[49] ਪੂਰਬੀ ਜਾਵਾ 'ਚ, "ਇਨ੍ਹਾਂ ਇਲਾਕਿਆਂ 'ਚ ਘੁੰਮ ਕੇ ਆਏ ਲੋਕ ਦੱਸਦੇ ਹਨ ਕਿ ਛੋਟੇ ਦਰਿਆ ਅਤੇ ਨਦੀਆਂ ਲਾਸ਼ਾਂ ਨਾਲ ਭਰੀਆਂ ਹੋਈਆਂ ਹਨ; ਕਈ ਥਾਈਂ ਦਰਿਆਈ ਆਵਾਜਾਈ ਰੁਕ ਗਈ ਹੈ।"[50]

ਵਾਸ਼ਿੰਗਟਨ ਅਤੇ ਸਾਂਤਿਆਗੋ ਦੇ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਨੇ ਇੰਡੋਨੇਸ਼ੀਆ ਦੇ ਤਜਰਬੇ 'ਚ ਡੂੰਘੀ ਰੁਚੀ ਦਿਖਾਈ ਜੋ ਸਲਵਾਡੋਰ ਅਲੈਂਡੇ ਦੀ ਸਰਕਾਰ ਨੂੰ ਉਲਟਾਉਣ ਦੀਆਂ ਗੋਂਦਾਂ ਗੁੰਦ ਰਹੇ ਸਨ। ਇਨ੍ਹਾਂ ਦੀ ਸਿਰਫ਼ ਸੁਹਾਰਤੋ ਦੀ ਵਹਿਸ਼ਤ 'ਚ ਹੀ ਨਹੀਂ ਸਗੋਂ ਉਸ ਅਸਾਧਾਰਨ ਭੂਮਿਕਾ 'ਚ ਵੀ ਦਿਲਚਸਪੀ ਸੀ ਜੋ ਇੰਡੋਨੇਸ਼ੀਆ ਦੇ ਅਰਥਸ਼ਾਸਤਰੀਆਂ ਦੇ ਉਸ ਗੁੱਟ ਨੇ ਨਿਭਾਈ ਸੀ ਜਿਸ ਨੂੰ ਬਰਕਲੇ ਦੀ ਕੈਲੀਫੋਰਨੀਆਂ ਯੂਨੀਵਰਸਿਟੀ 'ਚ ਸਿਖਲਾਈ ਦਿੱਤੀ ਗਈ ਸੀ, ਜੋ ਬਰਕਲੇ ਮਾਫੀਆ ਵਜੋਂ ਮਸ਼ਹੂਰ ਹੋਏ। ਸੁਹਾਰਤੋ ਖੱਬੀ ਧਿਰ ਦਾ ਸਫ਼ਾਇਆ ਕਰਨ 'ਚ ਕਾਮਯਾਬ ਹੋਇਆ ਸੀ, ਪਰ ਇਹ ਬਰਕਲੇ ਮਾਫੀਆ ਹੀ ਸੀ ਜਿਸ ਨੇ ਦੇਸ਼ ਦੀ ਭਵਿੱਖੀ ਆਰਥਕ ਯੋਜਨਾ ਤਿਆਰ ਕੀਤੀ।

ਬਰਕਲੇ ਮਾਫੀਆ ਦੀਆਂ ਸ਼ਿਕਾਗੋ ਵਾਲੇ ਮੁੰਡਿਆਂ ਨਾਲ ਸਮਾਨਤਾਵਾਂ ਬਹੁਤ ਉੱਘੜਵੀਂਆਂ ਸਨ। ਬਰਕਲੇ ਮਾਫੀਆ ਨੇ ਅਮਰੀਕਾ ਅੰਦਰ ਉਸ ਪ੍ਰੋਗਰਾਮ ਦੇ ਹਿੱਸੇ ਵਜੋਂ ਪੜ੍ਹਾਈ ਕੀਤੀ ਸੀ ਜੋ 1956 'ਚ ਸ਼ੁਰੂ ਕੀਤਾ ਗਿਆ ਸੀ ਅਤੇ ਜਿਸ ਦਾ ਖਰਚਾ ਫੋਰਡ ਫਾਊਂਡੇਸ਼ਨ ਨੇ ਚੁੱਕਿਆ ਸੀ। ਇਹ ਵੀ ਇੰਡੋਨੇਸ਼ੀਆ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਨੂੰ ਪੱਛਮੀ ਤਰਜ਼ ਦਾ ਅਰਥਸ਼ਾਸਤਰ ਵਿਭਾਗ ਬਣਾਉਣ ਦਾ ਵਫ਼ਾਦਾਰ ਉਦੇਸ਼ ਲੈ ਕੇ ਦੇਸ਼ ਵਾਪਸ ਮੁੜੇ ਸਨ। ਜਿਵੇਂ ਸ਼ਿਕਾਗੋ ਵਾਲੇ ਪ੍ਰੋਫੈਸਰ ਸਾਂਤਿਆਗੋ 'ਚ ਨਵਾਂ ਅਰਥਸ਼ਾਸਤਰ ਵਿਭਾਗ ਖੜ੍ਹਾ ਕਰਨ 'ਚ ਮਦਦ ਦੇਣ ਲਈ ਉੱਥੇ ਗਏ ਸਨ, ਉਸੇ ਤਰ੍ਹਾਂ ਫੋਰਡ ਨੇ ਜਕਾਰਤਾ 'ਚ ਅਜਿਹਾ ਵਿਚਾਰਧਾਰਕ ਕੇਂਦਰ ਸਥਾਪਤ ਕਰਨ ਲਈ ਅਮਰੀਕੀ ਪ੍ਰੋਫੈਸਰ ਉੱਥੇ ਭੇਜੇ। ਜੌਹਨ ਹਾਵਰਡ ਓਦੋਂ ਫੋਰਡ ਦੇ ਕੌਮਾਂਤਰੀ ਸਿਖਲਾਈ ਅਤੇ ਖੋਜ ਪ੍ਰੋਗਰਾਮ ਦਾ ਨਿਰਦੇਸ਼ਕ ਸੀ। ਉਸ ਨੇ ਸਾਫ਼ ਮੰਨਿਆ, "ਫੋਰਡ ਸਮਝਦੀ ਸੀ ਕਿ ਇਹ ਉਨ੍ਹਾਂ ਵਿਅਕਤੀਆਂ ਦੀ ਸਿਖਲਾਈ ਹੈ ਜੋ ਸੁਕਾਰਨੋ ਨੂੰ ਦਫ਼ਾ ਕਰਨ ਤੋਂ ਬਾਅਦ ਦੇਸ਼ ਦੀ ਅਗਵਾਈ ਕਰਨਗੇ।"[51]

ਫੋਰਡ ਦੇ ਫੰਡਾਂ ਨਾਲ ਪੜ੍ਹ ਕੇ ਆਏ ਵਿਦਿਆਰਥੀ ਕੈਂਪਸ ਦੀਆਂ ਉਨ੍ਹਾਂ ਟੋਲੀਆਂ ਦੇ ਆਗੂ ਬਣੇ ਜਿਨ੍ਹਾਂ ਨੇ ਸੁਕਾਰਨੋ ਦੀ ਸਰਕਾਰ ਨੂੰ ਉਲਟਾਉਣ 'ਚ ਜੋਰ-ਸ਼ੋਰ ਨਾਲ ਹਿੱਸਾ ਲਿਆ। ਅਤੇ ਬਰਕਲੇ ਮਾਫੀਆ ਨੇ ਫ਼ੌਜ ਨਾਲ ਜੋਟੀ ਪਾ ਕੇ ਰਾਜ ਪਲਟੇ ਦੀ ਅਗਵਾਈ ਕਰਨ ਲਈ ਕੰਮ ਕੀਤਾ। ਇਸ ਨੇ ਅਚਾਨਕ ਸਰਕਾਰ ਦਾ ਖ਼ਾਤਮਾ ਹੋਣ ਦੀ ਹਾਲਤ 'ਚ "ਅਗਾਊਂ ਯੋਜਨਾਵਾਂ" ਤਿਆਰ ਕੀਤੀਆਂ।•[52] ਜਰਨੈਲ ਸੁਹਾਰਤੋ ਇਨ੍ਹਾਂ ਅਰਥਸ਼ਾਸਤਰੀਆਂ ਦਾ ਚੋਖਾ ਪ੍ਰਭਾਵ ਕਬੂਲਦਾ

• ਇਸ ਪ੍ਰੋਗਰਾਮ ਤਹਿਤ ਜਿੰਨੇ ਪ੍ਰੋਫੈਸਰ ਭੇਜੇ ਗਏ ਸਨ ਉਨ੍ਹਾਂ ਸਾਰਿਆਂ ਨੂੰ ਇਹ ਭੂਮਿਕਾ ਗਵਾਰਾ ਨਹੀਂ ਸੀ। ਬਰਕਲੇ ਦੇ ਜਿਸ ਪ੍ਰੋਫੈਸਰ ਲੇਨ ਡੋਇਲੇ ਨੂੰ ਇੰਡੋਨੇਸ਼ੀਆ ਬਾਰੇ ਫੋਰਡ ਦੇ ਆਰਥਕ ਪ੍ਰੋਗਰਾਮ ਦਾ ਮੁਖੀ ਲਾਇਆ ਗਿਆ ਸੀ ਉਸ ਦਾ ਕਹਿਣਾ ਸੀ, "ਮੈਂ ਮਹਿਸੂਸ ਕੀਤਾ ਕਿ

ਸੀ ਉਸ ਨੂੰ ਵਿਤੀ ਮਾਮਲਿਆਂ ਦਾ ਕੋਈ ਇਲਮ ਨਹੀਂ ਸੀ। *ਫਾਰਚੂਨ* ਰਸਾਲੇ ਅਨੁਸਾਰ, ਬਰਕਲੇ ਮਾਫੀਆ ਨੇ ਆਡੀਓ ਟੇਪਾਂ ਉੱਪਰ ਅਰਥਸ਼ਾਸਤਰ ਬਾਰੇ ਭਾਸ਼ਣ ਰਿਕਾਰਡ ਕਰਕੇ ਉਸ ਨੂੰ ਦਿੱਤੇ ਤਾਂ ਜੋ ਉਹ ਘਰ 'ਚ ਬੈਠ ਕੇ ਸੁਣ ਸਕੇ।[53] ਇਸ ਗਰੁੱਪ ਦੇ ਇਕ ਮੈਂਬਰ ਨੇ ਹੁੱਬ ਕੇ ਆਪਣੀ ਯਾਦ ਸਾਂਝੀ ਕੀਤੀ ਕਿ ਜਦੋਂ ਉਹ ਨਿੱਜੀ ਤੌਰ 'ਤੇ ਮਿਲੇ, "ਰਾਸ਼ਟਰਪਤੀ ਸੁਹਾਰਤੋ ਨੇ ਸਿਰਫ਼ ਸੁਣਿਆ ਹੀ ਨਹੀਂ ਸਗੋਂ ਨੋਟ ਵੀ ਲਏ।"[54] ਬਰਕਲੇ ਦੇ ਇਕ ਹੋਰ ਗਰੈਜੂਏਟ ਨੇ ਸੁਹਾਰਤੋ ਨਾਲ ਰਿਸ਼ਤਾ ਇਸ ਤਰ੍ਹਾਂ ਬਿਆਨ ਕੀਤਾ : ਅਸੀਂ "ਇੰਡੋਨੇਸ਼ੀਆ ਦੇ ਗੰਭੀਰ ਆਰਥਕ ਮਸਲਿਆਂ ਨਾਲ ਨਜਿੱਠਣ ਲਈ ਫ਼ੌਜੀ ਲੀਡਰਸ਼ਿਪ ਨੂੰ 'ਨੁਸਖ਼ਿਆਂ ਦੀ ਕਿਤਾਬ' ਭੇਟ ਕੀਤੀ—ਨੁਸਖ਼ੇ ਜੋ ਨਵੇਂ ਪ੍ਰਬੰਧ ਦਾ ਅਹਿਮ ਹਿੱਸਾ ਸਨ। ਫ਼ੌਜ ਦੇ ਮੁਖੀ ਦੀ ਹੈਸੀਅਤ 'ਚ ਜਰਨੈਲ ਸੁਹਾਰਤੋ ਨੇ ਸਿਰਫ਼ ਇਹ ਕਿਤਾਬ ਹੀ ਸਵੀਕਾਰ ਨਹੀਂ ਕੀਤੀ ਸਗੋਂ ਇਨ੍ਹਾਂ ਨੁਸਖ਼ਿਆਂ ਦੇ ਲੇਖਕਾਂ ਨੂੰ ਆਪਣੇ ਆਰਥਕ ਸਲਾਹਕਾਰ ਬਣਾਉਣ ਦੀ ਖਾਹਸ਼ ਵੀ ਜ਼ਾਹਿਰ ਕੀਤੀ।"[55] ਉਸ ਨੇ ਇਹ ਕੀਤਾ ਵੀ। ਸੁਹਾਰਤੋ ਨੇ ਆਪਣੇ ਮੰਤਰੀ ਮੰਡਲ 'ਚ ਬਰਕਲੇ ਮਾਫੀਆ ਮੈਂਬਰਾਂ ਨੂੰ ਵੱਡੀ ਗਿਣਤੀ 'ਚ ਲੈ ਲਿਆ। ਵਪਾਰਕ ਨੁਮਾਇੰਦੇ ਅਤੇ ਵਾਸ਼ਿੰਗਟਨ ਦੇ ਸਫ਼ੀਰ ਸਮੇਤ ਸਾਰੇ ਅਹਿਮ ਵਿਤੀ ਅਹੁਦੇ ਇਨ੍ਹਾਂ ਦੇ ਹਵਾਲੇ ਕਰ ਦਿੱਤੇ ਗਏ।[56]

ਘੱਟ ਵਿਚਾਰਧਾਰਕ ਰੰਗਤ ਵਾਲੇ ਸਕੂਲ 'ਚ ਪੜ੍ਹੀ ਇਹ ਅਰਥਸ਼ਾਸਤਰੀ ਟੋਲੀ ਸ਼ਿਕਾਗੋ ਵਾਲੇ ਮੁੰਡਿਆਂ ਵਾਂਗ ਰਾਜ ਵਿਰੋਧੀ ਗਰਮ ਖ਼ਿਆਲੀਆਂ ਦੀ ਨਹੀਂ ਸੀ। ਇਨ੍ਹਾਂ ਦਾ ਵਿਸ਼ਵਾਸ ਸੀ ਕਿ ਇੰਡੋਨੇਸ਼ੀਆ ਦੀ ਘਰੇਲੂ ਆਰਥਿਕਤਾ ਨੂੰ ਚਲਾਉਣ ਅਤੇ ਚੌਲਾਂ ਜਹੀਆਂ ਬੁਨਿਆਦੀ ਜ਼ਰੂਰਤ ਦੀਆਂ ਚੀਜ਼ਾਂ ਸਸਤੀਆਂ ਬਣਾਈ ਰੱਖਣ 'ਚ ਸਰਕਾਰ ਦੀ ਭੂਮਿਕਾ ਜ਼ਰੂਰੀ ਹੈ। ਫੇਰ ਵੀ, ਬਰਕਲੇ ਮਾਫੀਆ ਬਦੇਸ਼ੀ ਨਿਵੇਸ਼ਕਾਰਾਂ ਲਈ ਘੱਟ ਮਹਿਮਾਨ-ਨਿਵਾਜ਼ ਨਹੀਂ ਹੋ ਸਕਦਾ ਸੀ ਜੋ ਇੰਡੋਨੇਸ਼ੀਆ ਦੇ ਅਥਾਹ ਖਣਿਜ ਅਤੇ ਤੇਲ ਨੂੰ ਧਰਤੀ 'ਚੋਂ ਬਾਹਰ ਕੱਢਣਾ ਚਾਹੁੰਦੇ ਸਨ। ਰਿਚਰਡ ਨਿਕਸਨ ਨੇ ਇਸ ਨੂੰ "ਦੱਖਣੀ-ਪੂਰਬੀ ਏਸ਼ੀਆਈ ਖੇਤਰ ਦੀ ਸਭ ਤੋਂ ਵਡਮੁੱਲੀ ਦੌਲਤ" ਕਿਹਾ ਸੀ।•[57] ਇਨ੍ਹਾਂ ਨੇ ਕਾਨੂੰਨ ਪਾਸ ਕਰਕੇ ਬਦੇਸ਼ੀ ਕੰਪਨੀਆਂ ਨੂੰ ਇਨ੍ਹਾਂ ਵਸੀਲਿਆਂ ਦੀ ਸੌ ਫ਼ੀ ਸਦੀ ਮਾਲਕ ਬਣਨ ਦੀ ਇਜਾਜ਼ਤ ਦੇ ਦਿੱਤੀ। "ਟੈਕਸ ਤੋਂ ਛੋਟਾਂ" ਦੇ ਦਿੱਤੀਆਂ ਅਤੇ ਦੋ ਸਾਲਾਂ ਦੇ ਅੰਦਰ ਹੀ ਇੰਡੋਨੇਸ਼ੀਆ ਦੀ ਕੁਦਰਤੀ ਦੌਲਤ—ਤਾਂਬਾ, ਨਿਕਲ, ਪੱਕੀ ਲੱਕੜ, ਰਬੜ ਅਤੇ ਤੇਲ—ਦੁਨੀਆਂ ਦੀਆਂ ਵੱਡੀਆਂ ਖਾਣ ਪੁੱਟ ਅਤੇ ਊਰਜਾ ਕੰਪਨੀਆਂ 'ਚ ਵੰਡੀ ਜਾਣ ਲੱਗੀ।

ਜਦੋਂ ਸੁਹਾਰਤੋ ਦਾ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਅਲੈਂਡੇ ਦੀ ਸਰਕਾਰ ਨੂੰ ਉਲਟਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਲਈ ਬਰਾਜ਼ੀਲ ਅਤੇ ਇੰਡੋਨੇਸ਼ੀਆ ਦੇ ਤਜਰਬੇ ਤੁਲਨਾਤਮਕ ਅਧਿਐਨ ਵਜੋਂ ਕੰਮ ਆਏ। ਬਰਾਜ਼ੀਲੀਆਂ ਨੇ ਸਦਮੇ ਦੀ ਤਾਕਤ ਬਹੁਤ ਘੱਟ ਵਰਤੀ ਸੀ, ਉਹ ਦਰਿੰਦਗੀ ਦਿਖਾਉਣ ਤੋਂ ਪਹਿਲਾਂ ਵਰ੍ਹਿਆਂ ਬੱਧੀ ਇੰਤਜ਼ਾਰ ਕਰਦੇ ਰਹੇ ਸਨ। ਇਹ ਉਨ੍ਹਾਂ ਦੀ ਘਾਤਕ ਗ਼ਲਤੀ ਸਾਬਤ ਹੋਣੀ ਸੀ ਕਿਉਂਕਿ ਇਸ ਨਾਲ ਇਸ ਦੇ ਵਿਰੋਧੀਆਂ ਨੂੰ ਮੁੜ ਜਥੇਬੰਦ ਹੋਣ ਅਤੇ ਕੁਝ ਨੂੰ ਖੱਬੇ ਪੱਖੀ ਛਾਪਾਮਾਰ ਫ਼ੌਜਾਂ ਬਣਾਉਣ ਦਾ ਮੌਕਾ ਮਿਲ ਗਿਆ। ਭਾਵੇਂ ਫ਼ੌਜੀ ਜੁੰਡੀ ਸੜਕਾਂ

ਯੂਨੀਵਰਸਿਟੀ ਨੂੰ ਉਸ ਅਮਲ 'ਚ ਨਹੀਂ ਉਲਝਾਇਆ ਜਾਣਾ ਚਾਹੀਦਾ ਜੋ ਲਾਜ਼ਮੀ ਤੌਰ 'ਤੇ ਸਰਕਾਰ ਵਿਰੁੱਧ ਬਗ਼ਾਵਤ ਦਾ ਰੂਪ ਲੈ ਰਿਹਾ ਹੈ।" ਇਸ ਦ੍ਰਿਸ਼ਟੀਕੋਣ ਕਾਰਨ ਡੋਇਲੇ ਨੂੰ ਵਾਪਸ ਕੈਲੀਫੋਰਨੀਆ ਸੱਦ ਲਿਆ ਗਿਆ ਤੇ ਉਸ ਦੀ ਥਾਂ ਹੋਰ ਮੁਖੀ ਥਾਪ ਦਿੱਤਾ ਗਿਆ।

• ਦਿਲਚਸਪ ਗੱਲ ਇਹ ਹੋਈ ਕਿ ਅਰਨੌਲਡ ਹਾਰਬਰਜ਼ਰ ਨੂੰ 1975 'ਚ ਸੁਹਾਰਤੋ ਦੇ ਵਿੱਤ ਮੰਤਰਾਲੇ ਦਾ ਸਲਾਹਕਾਰ ਬਣਾ ਲਿਆ ਗਿਆ।

ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ 'ਚ ਕਾਮਯਾਬ ਹੋ ਗਈ ਪਰ ਵਧ ਰਹੇ ਵਿਰੋਧ ਕਾਰਨ ਇਸ ਨੂੰ ਆਪਣੀਆਂ ਆਰਥਕ ਯੋਜਨਾਵਾਂ ਦੀ ਚਾਲ ਮੱਠੀ ਕਰਨੀ ਪੈ ਗਈ ਸੀ।

ਦੂਜੇ ਪਾਸੇ, ਸੁਹਾਰਤੋ ਦੇ ਤਜਰਬੇ ਨੇ ਦਿਖਾਇਆ ਸੀ ਕਿ ਜੇ ਪਹਿਲਾਂ ਹੀ ਵਿਆਪਕ ਜਬਰ ਕਰ ਦਿੱਤਾ ਜਾਵੇ ਤਾਂ ਦੇਸ਼ ਇਕ ਤਰ੍ਹਾਂ ਦੇ ਸਦਮੇ ਦੀ ਹਾਲਤ 'ਚ ਚਲਾ ਜਾਵੇਗਾ ਅਤੇ ਨੀਤੀਆਂ ਦਾ ਵਿਰੋਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਉਸ ਨੇ ਦਹਿਸ਼ਤ ਦੀ ਵਰਤੋਂ ਐਨੀ ਬੇਕਿਰਕੀ ਨਾਲ ਕੀਤੀ ਅਤੇ ਇਹ ਸਭ ਤੋਂ ਭੈੜੀ ਕਿਸਮ ਦੇ ਜ਼ੁਲਮਾਂ ਦੀ ਉਮੀਦ ਤੋਂ ਵੀ ਐਨੀ ਜ਼ਿਆਦਾ ਸੀ ਕਿ ਜਿਹੜੇ ਲੋਕ ਕੁਝ ਹਫ਼ਤੇ ਪਹਿਲਾਂ ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਰਲ ਕੇ ਹੰਭਲਾ ਮਾਰ ਰਹੇ ਸਨ ਉਹ ਹੁਣ ਐਨੇ ਦਹਿਲ ਗਏ ਸਨ ਕਿ ਉਨ੍ਹਾਂ ਨੇ ਦੇਸ਼ ਦਾ ਮੁਕੰਮਲ ਕੰਟਰੋਲ ਸੁਹਾਰਤੋ ਅਤੇ ਇਸ ਦੇ ਗੁੰਡਿਆਂ ਦੇ ਹਵਾਲੇ ਕਰ ਦਿੱਤਾ। ਰਾਲਫ਼ ਮੈਗੀਹੀ ਰਾਜ ਪਲਟੇ ਸਮੇਂ ਸੀ ਆਈ ਏ ਦੀਆਂ ਕਾਰਵਾਈਆਂ ਦਾ ਸੰਚਾਲਨ ਕਰਨ ਵਾਲੇ ਸੀਨੀਅਰ ਅਧਿਕਾਰੀਆਂ ਵਿਚੋਂ ਇਕ ਸੀ। ਉਸ ਦਾ ਕਹਿਣਾ ਸੀ, ਇੰਡੋਨੇਸ਼ੀਆ ਦਾ ਰਾਜ-ਪਲਟਾ "ਨਮੂਨੇ ਦੀ ਕਾਰਵਾਈ ਸੀ.....ਤੁਸੀਂ ਦੇਖ ਸਕਦੇ ਹੋ ਕਿ ਸੁਹਾਰਤੋ ਦੇ ਸੱਤਾ 'ਚ ਆਉਣ ਤੱਕ ਦੀਆਂ ਸਾਰੀਆਂ ਵੱਡੀਆਂ ਤੇ ਖ਼ੂਨੀ ਘਟਨਾਵਾਂ ਦਾ ਸੰਚਾਲਨ ਵਾਸ਼ਿੰਗਟਨ ਤੋਂ ਹੋ ਰਿਹਾ ਸੀ। ਇਸ ਦੀ ਕਾਮਯਾਬੀ ਦਾ ਅਰਥ ਸੀ ਕਿ ਇਸ ਤਰ੍ਹਾਂ ਥਾਂ-ਥਾਂ ਦੁਹਰਾਇਆ ਜਾਵੇਗਾ।"[58]

ਇੰਡੋਨੇਸ਼ੀਆ ਦਾ ਇਕ ਹੋਰ ਅਹਿਮ ਸਬਕ ਸੁਹਾਰਤੋ ਅਤੇ ਬਰਕਲੇ ਮਾਫੀਆ ਦਰਮਿਆਨ ਰਾਜ ਪਲਟੇ ਤੋਂ ਪਹਿਲਾਂ ਦੀ ਸਾਂਝ ਸੀ। ਕਿਉਂਕਿ ਇਹ ਮਾਫੀਆ ਨਵੀਂ ਸਰਕਾਰ 'ਚ ਚੋਟੀ ਦੇ "ਟੈਕਨੋਕਰੇਟ" ਅਹੁਦੇ ਸੰਭਾਲਣ ਲਈ ਤਿਆਰ ਬੈਠਾ ਸੀ ਅਤੇ ਇਸ ਨੇ ਪਹਿਲਾਂ ਹੀ ਸੁਹਾਰਤੋ ਦਾ ਸੰਸਾਰ ਨਜ਼ਰੀਆ ਬਦਲ ਦਿੱਤਾ ਸੀ, ਇਸ ਕਰਕੇ ਰਾਜ ਪਲਟੇ ਨੇ ਕੌਮਪ੍ਰਸਤ ਖ਼ਤਰੇ ਤੋਂ ਛੁਟਕਾਰਾ ਦਿਵਾਉਣ ਨਾਲੋਂ ਵੀ ਵੱਡੀ ਭੂਮਿਕਾ ਨਿਭਾਈ। ਇਸ ਨੇ ਇੰਡੋਨੇਸ਼ੀਆ ਨੂੰ ਬਹੁ-ਕੌਮੀ ਕੰਪਨੀਆਂ ਲਈ ਦੁਨੀਆਂ ਦਾ ਇਕ ਸਭ ਤੋਂ ਵੱਧ ਖੁਸ਼ਗਵਾਰ ਦੇਸ਼ ਬਣਾ ਦਿੱਤਾ।

ਜਿਉਂ ਹੀ ਅਲੈਂਡੇ ਨੂੰ ਉਲਟਾਉਣ ਦਾ ਮਾਹੌਲ ਬਣਨਾ ਸ਼ੁਰੂ ਹੋਇਆ, ਸਾਂਤਿਆਗੋ ਦੀਆਂ ਕੰਧਾਂ ਉੱਪਰ ਇਕ ਕੰਬਣੀ ਛੇੜਨ ਵਾਲੀ ਚੇਤਾਵਨੀ ਲਾਲ ਅੱਖਰਾਂ ਵਿਚ ਲਿਖੀ ਜਾਣ ਲੱਗੀ। ਇਸ ਵਿਚ ਕਿਹਾ ਗਿਆ, "ਸਾਵਧਾਨ ਜਕਾਰਤਾ ਆ ਰਿਹਾ ਹੈ।"

ਅਲੈਂਡੇ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਤੁਰੰਤ ਬਾਅਦ ਉਸ ਦੇ ਚਿੱਲੀ ਵਿਚਲੇ ਵਿਰੋਧੀਆਂ ਨੇ ਭਿਆਨਕ ਮੁਸਤੈਦੀ ਨਾਲ ਇੰਡੋਨੇਸ਼ੀਆ ਵਾਲੀ ਪਹੁੰਚ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ। ਕੈਥੋਲਿਕ ਯੂਨੀਵਰਸਿਟੀ ਸ਼ਿਕਾਗੋ ਵਾਲੇ ਮੁੰਡਿਆਂ ਦਾ ਅੱਡਾ ਸੀ। ਇਹ ਉਸ ਹਾਲਤ ਦੀ ਸਿਰਜਣਾ ਲਈ ਗਰਾਊਂਡ ਜ਼ੀਰੋ ਬਣ ਗਿਆ ਜਿਸ ਨੂੰ ਸੀ ਆਈ ਏ "ਰਾਜ ਪਲਟੇ ਦਾ ਮਾਹੌਲ" ਕਹਿੰਦੀ ਸੀ।[59] ਬਹੁਤ ਸਾਰੇ ਵਿਦਿਆਰਥੀ ਫਾਸ਼ੀਵਾਦੀ Patria y Liberted• 'ਚ ਸ਼ਾਮਲ ਹੋ ਗਏ ਅਤੇ ਹਿਟਲਰੀ ਚੋਬਰਾਂ ਵਾਂਗ ਸ਼ਰੇਆਮ ਸੜਕਾਂ 'ਤੇ ਆ ਕੇ ਕਵਾਇਦ ਕਰਨ ਲੱਗ ਪਏ। ਅਲੈਂਡੇ ਨੂੰ ਮਿਲੇ ਫਤਵੇ ਤੋਂ ਸਾਲ ਬਾਅਦ ਸਤੰਬਰ 1971 'ਚ ਚੋਟੀ ਦੇ ਸਰਮਾਏਦਾਰ ਮੋਹਰੀਆਂ ਨੇ ਚਿੱਲੀ ਦੇ ਸਮੁੰਦਰੀ ਕੰਢੇ 'ਤੇ ਵਸੇ ਸ਼ਹਿਰ ਵਿਨਾ-ਡੈਲ-ਮਾਰ 'ਚ ਹੰਗਾਮੀ ਮੀਟਿੰਗ ਕੀਤੀ ਜਿਸ ਦਾ ਮੰਤਵ

• The Fatherland and Liberty Nationalist Front 1970 'ਚ ਪਾਬਲੋ ਰੈਂਡਰਿਗਜ਼ ਗਰੈਜ਼ ਨੇ ਬਣਾਇਆ ਸੀ ਜਿਸ ਉੱਪਰ ਸੀ ਆਈ ਏ ਲਈ ਕੰਮ ਕਰਨ ਦਾ ਦੋਸ਼ ਲੱਗਦਾ ਰਿਹਾ।—ਅਨੁਵਾਦਕ

ਸੀ ਨਿਜ਼ਾਮ ਬਦਲਣ ਦੀ ਇਕਜੁੱਟ ਯੁੱਧਨੀਤੀ ਘੜਨਾ। ਉਦਯੋਗਪਤੀਆਂ ਦੀ ਕੌਮੀ ਸਭਾ (ਜਿਸ ਨੂੰ ਸੀ ਆਈ ਏ ਖੁੱਲ੍ਹਦਿਲੀ ਨਾਲ ਫੰਡਾਂ ਦੇ ਗੱਫੇ ਦੇ ਰਹੀ ਸੀ ਅਤੇ ਇਨ੍ਹਾਂ 'ਚੋਂ ਬਹੁਤ ਸਾਰੀਆਂ ਬਹੁ-ਕੌਮੀ ਕੰਪਨੀਆਂ ਵਾਸ਼ਿੰਗਟਨ 'ਚ ਆਪ ਵੀ ਸਾਜ਼ਿਸ਼ਾਂ ਘੜਨ 'ਚ ਜੁੱਟੀਆਂ ਹੋਈਆਂ ਸਨ) ਦੇ ਪ੍ਰਧਾਨ ਔਰਲੈਂਡੋ ਸਾਏਨਜ਼ ਅਨੁਸਾਰ, ਇਸ ਇਕੱਠ ਨੇ ਫ਼ੈਸਲਾ ਕੀਤਾ ਕਿ "ਅਲੈਂਡੇ ਦੀ ਸਰਕਾਰ ਚਿੱਲੀ ਦੀ ਆਜ਼ਾਦੀ ਅਤੇ ਨਿੱਜੀ ਕਾਰੋਬਾਰ ਦੀ ਹੋਂਦ ਨਾਲ ਬੇਮੇਲ ਹੈ ਅਤੇ ਅੰਜਾਮ ਤੋਂ ਬਚਣ ਦਾ ਇਕੋ ਇਕ ਰਾਹ ਹੈ ਸਰਕਾਰ ਨੂੰ ਉਲਟਾਉਣਾ।" ਇਨ੍ਹਾਂ ਕਾਰੋਬਾਰੀਆਂ ਨੇ ਇਕ "ਜੰਗੀ ਢਾਂਚਾ" ਬਣਾ ਲਿਆ, ਇਸ ਦਾ ਇਕ ਹਿੱਸਾ ਫ਼ੌਜ ਨਾਲ ਰਾਬਤਾ ਰੱਖੇਗਾ ਅਤੇ ਦੂਜਾ, ਸਾਏਨਜ਼ ਅਨੁਸਾਰ, "ਸਰਕਾਰ ਦੇ ਪ੍ਰੋਗਰਾਮ ਦੇ ਬਦਲ ਵਜੋਂ ਵਿਸ਼ੇਸ਼ ਪ੍ਰੋਗਰਾਮ ਤਿਆਰ ਕਰੇਗਾ ਜੋ ਵਿਉਂਤਬਧ ਤਰੀਕੇ ਨਾਲ ਹਥਿਆਰਬੰਦ ਤਾਕਤਾਂ ਨੂੰ ਪਹੁੰਚਾਏ ਜਾਣਗੇ।"[60]

ਸਾਏਨਜ਼ ਨੇ ਇਹ ਬਦਲਵਾਂ ਪ੍ਰੋਗਰਾਮ ਤਿਆਰ ਕਰਨ ਲਈ ਸ਼ਿਕਾਗੋ ਵਾਲੇ ਬਹੁਤ ਸਾਰੇ ਅਹਿਮ ਮੁੰਡੇ ਭਰਤੀ ਕਰ ਲਏ ਅਤੇ ਸਾਂਤਿਆਗੋ ਦੇ ਰਾਸ਼ਟਰਪਤੀ ਭਵਨ ਨੇੜੇ ਉਨ੍ਹਾਂ ਲਈ ਨਵਾਂ ਦਫ਼ਤਰ ਬਣਾ ਦਿੱਤਾ।[61] ਸ਼ਿਕਾਗੋ ਗਰੈਜੂਏਟ ਸਰਜੀਓ ਡੀ ਕਾਸਤਰੋ ਅਤੇ ਸਰਜੀਓ ਓਂਡੁਰਾਮਾ, ਜੋ ਕੈਥੋਲਿਕ ਯੂਨੀਵਰਸਿਟੀ 'ਚ ਉਸ ਨਾਲ ਕੰਮ ਕਰਦਾ ਸੀ, ਦੀ ਅਗਵਾਈ ਵਿਚ ਇਸ ਗਰੋਹ ਨੇ ਹਫ਼ਤਾਵਾਰ ਗੁਪਤ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਵਿਚ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਕਿ ਆਪਣੇ ਦੇਸ਼ ਨੂੰ ਨਵ-ਉਦਾਰਵਾਦੀ ਲੀਹਾਂ 'ਤੇ ਤਿੱਖੇ ਰੂਪ 'ਚ ਮੁੜ ਕਿਵੇਂ ਸਿਰਜਿਆ ਜਾਵੇ।[62] ਬਾਅਦ 'ਚ ਅਮਰੀਕੀ ਸੈਨੇਟ ਵਲੋਂ ਕੀਤੀ ਜਾਂਚ ਅਨੁਸਾਰ ਇਸ "ਵਿਰੋਧੀ ਖੋਜ ਸੰਸਥਾ" ਦੇ ਫੰਡਾਂ ਦਾ "75 ਫ਼ੀ ਸਦੀ ਤੋਂ ਵੱਧ" ਸਿੱਧਾ ਸੀ ਆਈ ਏ ਤੋਂ ਆ ਰਿਹਾ ਸੀ।[63]

ਇਕ ਸਮੇਂ ਤੱਕ, ਰਾਜ ਪਲਟੇ ਦੀ ਯੋਜਨਾ ਦੋ ਵੱਖੋ-ਵੱਖਰੀਆਂ ਲੀਹਾਂ 'ਤੇ ਕੰਮ ਕਰਦੀ ਰਹੀ : ਫ਼ੌਜ ਅਲੈਂਡੇ ਤੇ ਉਸ ਦੇ ਹਮਾਇਤੀਆਂ ਦੇ ਖ਼ਾਤਮੇ ਦੀ ਸਾਜ਼ਿਸ਼ 'ਚ ਲੱਗੀ ਰਹੀ ਜਦਕਿ ਅਰਥਸ਼ਾਸਤਰੀ ਅਲੈਂਡੇ ਦੇ ਵਿਚਾਰਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼ 'ਚ ਜੁੱਟੇ ਰਹੇ। ਜਿਉਂ ਹੀ ਹਿੰਸਕ ਹੱਲ ਦਾ ਮਾਹੌਲ ਤਿਆਰ ਹੋ ਗਿਆ, ਦੋਵਾਂ ਕੈਂਪਾਂ ਦਰਮਿਆਨ ਅਦਾਨ-ਪ੍ਰਦਾਨ ਸ਼ੁਰੂ ਹੋ ਗਿਆ। ਸੀ ਆਈ ਏ ਦੇ ਫੰਡਾਂ ਨਾਲ ਚਲਾਏ ਜਾਣ ਵਾਲੇ ਅਖ਼ਬਾਰ *ਐੱਲ ਮਰਕਿਊ ਗੀਓ* ਨਾਲ ਸਬੰਧਤ ਸਰਮਾਏਦਾਰ ਰੋਬਰਤੋ ਕੈਲੀ ਨੇ ਕਾਸਦ ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ। ਸ਼ਿਕਾਗੋ ਵਾਲੇ ਮੁੰਡਿਆਂ ਨੇ ਆਪਣੇ ਆਰਥਕ ਪ੍ਰੋਗਰਾਮ ਦਾ ਪੰਜ ਸਫ਼ਿਆਂ ਦਾ ਸਾਰ ਕੈਲੀ ਰਾਹੀਂ ਸਮੁੰਦਰੀ ਫ਼ੌਜ ਦੇ ਸੈਨਾਪਤੀ ਨੂੰ ਭੇਜਿਆ। ਸਮੁੰਦਰੀ ਫ਼ੌਜ ਨੇ ਇਸ ਦੀ ਹਾਮੀ ਭਰ ਦਿੱਤੀ; ਅਤੇ ਇੱਥੋਂ ਹੀ ਸ਼ਿਕਾਗੋ ਵਾਲੇ ਮੁੰਡੇ ਰਾਜ ਪਲਟੇ ਦੇ ਸਮੇਂ ਤੱਕ ਆਪਣਾ ਮੁਕੰਮਲ ਪ੍ਰੋਗਰਾਮ ਤਿਆਰ ਕਰ ਦੇਣ ਦੇ ਕੰਮ 'ਚ ਜੁਟ ਗਏ।

ਇਨ੍ਹਾਂ ਦਾ ਪੰਜ ਸੌ ਸਫ਼ੇ ਦਾ ਗ੍ਰੰਥ ਇਕ ਵਿਸਥਾਰਤ ਆਰਥਕ ਪ੍ਰੋਗਰਾਮ ਸੀ ਜਿਸ ਨੇ ਸ਼ੁਰੂ ਤੋਂ ਹੀ ਫ਼ੌਜੀ ਜੁੰਡੀ ਨੂੰ ਸੇਧ ਮੁਹੱਈਆ ਕੀਤੀ। ਚਿੱਲੀ 'ਚ ਇਹ 'ਦੀ ਬਰਿੱਕ' ਵਜੋਂ ਮਸ਼ਹੂਰ ਹੋਇਆ। ਬਾਅਦ 'ਚ ਅਮਰੀਕੀ ਸੈਨੇਟ ਕਮੇਟੀ ਦੀ ਰਿਪੋਰਟ ਅਨੁਸਾਰ, "ਸੀ ਆਈ ਏ ਦੇ ਸਾਂਝੀਦਾਰ ਮੁੱਢਲੀ ਸਮੁੱਚੀ ਆਰਥਕ ਯੋਜਨਾ ਤਿਆਰ ਕਰਨ 'ਚ ਸ਼ਾਮਲ ਸਨ ਜਿਸ ਨੇ ਫ਼ੌਜੀ ਗੁੱਟ ਦੇ ਸਭ ਤੋਂ ਵੱਧ ਅਹਿਮ ਫ਼ੈਸਲਿਆਂ ਦੀ ਬੁਨਿਆਦ ਦਾ ਕੰਮ ਕੀਤਾ।"[64] "ਦੀ ਬਰਿਕ" ਦੇ ਦਸ ਪ੍ਰਮੁੱਖ ਲੇਖਕਾਂ ਵਿਚੋਂ ਅੱਠ ਨੇ ਸ਼ਿਕਾਗੋ ਯੂਨੀਵਰਸਿਟੀ 'ਚ ਅਰਥਸ਼ਾਸਤਰ ਪੜ੍ਹਿਆ ਹੋਇਆ ਸੀ।[65]

ਭਾਵੇਂ ਅਲੈਂਡੇ ਸਰਕਾਰ ਨੂੰ ਉਲਟਾਏ ਜਾਣ ਦੀ ਘਟਨਾ ਨੂੰ ਆਮ ਹੀ ਫ਼ੌਜੀ ਰਾਜ ਪਲਟਾ ਬਣਾ ਕੇ ਪੇਸ਼ ਕੀਤਾ ਗਿਆ, ਪਰ ਅਲੈਂਡੇ ਦੇ ਵਾਸ਼ਿੰਗਟਨ 'ਚ ਸਫ਼ੀਰ ਔਰਲੈਂਡੋ ਲੇਤੇਲੀਅਰ

ਅਨੁਸਾਰ ਇਸ 'ਚ ਫ਼ੌਜ ਅਤੇ ਅਰਥਸ਼ਾਸਤਰੀ ਬਰਾਬਰ ਭਾਈਵਾਲ ਸਨ। ਲੇਤੇਲੀਅਰ ਨੇ ਲਿਖਿਆ, "ਜਿਵੇਂ ਚਿੱਲੀ 'ਚ "ਸ਼ਿਕਾਗੋ ਵਾਲੇ ਮੁੰਡਿਆਂ" ਵਜੋਂ ਮਸ਼ਹੂਰ ਇਨ੍ਹਾਂ ਸ਼ਖਸਾਂ ਨੇ ਜਰਨੈਲਾਂ ਨੂੰ ਕਾਇਲ ਕਰ ਲਿਆ ਕਿ ਉਨ੍ਹਾਂ ਦੀ ਫ਼ੌਜ ਦਰਿੰਦਾ ਤਾਂ ਹੈ ਪਰ ਬੌਧਿਕ ਦੌਲਤ ਤੋਂ ਸੱਖਣੀ ਹੈ, ਤੇ ਉਹ ਇਸ ਘਾਟ ਨੂੰ ਪੂਰੀ ਕਰਨ ਲਈ ਤਿਆਰ ਹਨ।"[66]

ਆਖ਼ਿਰ ਜਦੋਂ ਚਿੱਲੀ 'ਚ ਰਾਜ ਪਲਟਾ ਹੋਇਆ ਤਾਂ ਤਿੰਨ ਵਿਲੱਖਣ ਰੂਪਾਂ 'ਚ ਸਦਮਾ ਇਸ ਦੀ ਵਿਸ਼ੇਸ਼ਤਾ ਬਣ ਕੇ ਉੱਭਰਿਆ। ਇਸ ਨੁਸਖ਼ੇ ਦੀ ਨਕਲ ਫੇਰ ਗੁਆਂਢੀ ਦੇਸ਼ਾਂ 'ਚ ਕੀਤੀ ਜਾਣੀ ਸੀ ਅਤੇ ਤਿੰਨ ਦਹਾਕੇ ਬਾਅਦ ਇਸ ਨੇ ਇਰਾਕ 'ਚ ਮੁੜ ਸਾਹਮਣੇ ਆਉਣਾ ਸੀ। ਰਾਜ ਪਲਟੇ ਦੇ ਸਦਮੇ ਤੋਂ ਤੁਰੰਤ ਬਾਅਦ ਦੋ ਤਰ੍ਹਾਂ ਦੇ ਹੋਰ ਸਦਮੇ ਦਿੱਤੇ ਜਾਣੇ ਸਨ। ਇਨ੍ਹਾਂ 'ਚੋਂ ਇਕ ਸੀ ਮਿਲਟਨ ਫਰਾਇਡਮੈਨ ਦਾ ਸਰਮਾਏਦਾਰਾਨਾ "ਸਦਮਾ ਇਲਾਜ"। ਇਹ ਉਹ ਤਕਨੀਕ ਸੀ ਜਿਸ ਵਿਚ ਹੁਣ ਤੱਕ ਲਾਤੀਨੀ ਅਮਰੀਕਾ ਦੇ ਸੈਂਕੜੇ ਅਰਥਸ਼ਾਸਤਰੀਆਂ ਨੂੰ ਸ਼ਿਕਾਗੋ ਯੂਨੀਵਰਸਿਟੀ ਅਤੇ ਇਸ ਦੀਆਂ ਵੱਖੋ-ਵੱਖਰੀਆਂ ਸ਼ਾਖਾਵਾਂ 'ਚ ਸਿਖਲਾਈ ਦਿੱਤੀ ਗਈ ਸੀ। ਦੂਜੀ ਸੀ ਈਵੇਨ ਕੈਮਰਨ ਦੀ ਸਦਮਾ, ਨਸ਼ੀਲੀਆਂ ਦਵਾਈਆਂ ਅਤੇ ਗਿਆਨ ਇੰਦਰੀਆਂ ਨੂੰ ਸੰਵੇਦਨਾ ਤੋਂ ਵਾਂਝੇ ਕਰਨ ਦੀ ਤਕਨੀਕ ਬਾਰੇ ਖੋਜ। ਇਸ ਨੂੰ ਹੁਣ ਕੁਬਾਰਕ ਨੇਮਾਵਲੀ 'ਚ ਤਸੀਹਿਆਂ ਬਾਰੇ ਤਕਨੀਕਾਂ ਵਜੋਂ ਸਿਲਸਿਲੇਵਾਰ ਢੰਗ ਨਾਲ ਸ਼ਾਮਲ ਕੀਤਾ ਗਿਆ ਅਤੇ ਸੀ ਆਈ ਏ ਵਲੋਂ ਵਿਆਪਕ ਸਿਖਲਾਈ ਪ੍ਰੋਗਰਾਮਾਂ ਰਾਹੀਂ ਲਾਤੀਨੀ ਅਮਰੀਕਾ ਦੀ ਪੁਲਿਸ ਅਤੇ ਫ਼ੌਜ ਨੂੰ ਇਹ ਤਕਨੀਕ ਸਿਖਾਈ ਗਈ।

ਇਨ੍ਹਾਂ ਤਿੰਨ ਤਰ੍ਹਾਂ ਦੇ ਸਦਮਿਆਂ ਨੇ ਮਿਲਕੇ ਲਾਤੀਨੀ ਅਮਰੀਕੀ ਲੋਕਾਂ ਦੇ ਜਿਸਮਾਂ ਅਤੇ ਇਸ ਖਿੱਤੇ ਦੀ ਸਿਆਸਤ ਉੱਪਰ ਤਬਾਹੀ ਅਤੇ ਮੁੜ-ਉਸਾਰੀ ਦਾ, ਪੁਰਾਣੇ ਨੂੰ ਮਿਟਾ ਕੇ ਇਨ੍ਹਾਂ ਨੂੰ ਨਵੇਂ ਰੂਪ 'ਚ ਘੜਨ ਦਾ ਬੇਰੋਕ ਝੱਖੜ ਝੁਲਾਇਆ। ਰਾਜ ਪਲਟੇ ਦੇ ਸਦਮੇ ਨੇ ਆਰਥਕ ਸਦਮਾ ਇਲਾਜ ਲਈ ਜ਼ਮੀਨ ਤਿਆਰ ਕੀਤੀ : ਤਸੀਹਾ ਕੇਂਦਰਾਂ ਦੇ ਸਦਮੇ ਨੇ ਹਰ ਉਸ ਬੰਦੇ ਨੂੰ ਦਹਿਸ਼ਤਜ਼ਦਾ ਕੀਤਾ ਜਿਸ ਦੀ ਸੋਚ ਆਰਥਕ ਸਦਮਿਆਂ 'ਚ ਅੜਿੱਕਾ ਬਣ ਰਹੀ ਸੀ। ਇਸ ਸਾਖਿਆਤ ਪ੍ਰਯੋਗਸ਼ਾਲਾ ਵਿਚੋਂ ਸ਼ਿਕਾਗੋ ਸਕੂਲ ਦੀ ਸੋਚ ਵਾਲਾ ਪਹਿਲਾ ਰਾਜ ਅਤੇ ਆਲਮੀ ਉਲਟ ਇਨਕਲਾਬ ਦੀ ਪਹਿਲੀ ਜਿੱਤ ਉੱਭਰੇ।

ਹਿੱਸਾ ਦੂਜਾ

ਪਹਿਲੀ ਪਰਖ

ਜੰਮਣ ਪੀੜਾਂ

ਮਿਲਟਨ ਫਰਾਇਡਮੈਨ ਦੇ ਸਿਧਾਂਤਾਂ ਨੇ ਉਸ ਨੂੰ ਨੋਬਲ ਇਨਾਮ ਲੈ ਕੇ ਦਿੱਤਾ; ਪਰ ਚਿੱਲੀ ਨੂੰ ਉਨ੍ਹਾਂ ਨੇ ਪਿਨੋਚੇ ਦਿੱਤਾ।
—ਐਡੂਆਰਡੋ ਗੈਲਿਆਨੋ, *ਪਿਆਰ ਅਤੇ ਜੰਗ ਵਿਚ ਦਿਨ ਅਤੇ ਰਾਤਾਂ*, 1983

ਮੈਂ ਨਹੀਂ ਸੋਚਦਾ ਕਿ ਮੈਨੂੰ ਕਦੇ "ਬੁਰਾਈ" ਸਮਝਿਆ ਗਿਆ।
—ਮਿਲਟਨ ਫਰਾਇਡਮੈਨ, *ਵਾਲ ਸਟਰੀਟ ਜਰਨਲ* 'ਚ ਦਿੱਤਾ ਗਿਆ ਹਵਾਲਾ, 22 ਜੁਲਾਈ 2006

ਕਾਂਡ ਤੀਜਾ

ਜਿਨ੍ਹਾਂ ਰਾਜਾਂ ਨੂੰ ਸਦਮਿਆਂ ਨੇ ਝੰਬਿਆ

ਉਲਟ ਇਨਕਲਾਬ ਦਾ ਖ਼ੂਨੀ ਜਨਮ

ਫੱਟ ਇਕੋ ਵਾਰ ਹੀ ਮਾਰ ਦੇਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਦੀ ਚੀਸ ਥੋੜ੍ਹੇ ਸਮੇਂ ਲਈ ਮਹਿਸੂਸ ਹੋਵੇ ਅਤੇ ਇਨ੍ਹਾਂ ਨਾਲ ਠੇਸ ਵੀ ਥੋੜ੍ਹੀ ਪਹੁੰਚੇ।
—ਨਿਕੋਲੋ ਮੈਕਿਆਵੇਲੀ, ਦੀ ਪ੍ਰਿੰਸ, 1513[1]

ਜੇ ਇਹ ਸਦਮਾ ਪਹੁੰਚ ਅਪਣਾਉਣੀ ਹੈ, ਮੇਰਾ ਵਿਸ਼ਵਾਸ ਹੈ ਕਿ ਇਸ ਨੂੰ ਕਾਫ਼ੀ ਵਿਸਤਾਰ 'ਚ ਜਨਤਕ ਪੱਧਰ 'ਤੇ ਐਲਾਨ ਕਰ ਦੇਣਾ ਚਾਹੀਦਾ ਹੈ, ਜਿਸ ਨੂੰ ਲਾਗੂ ਜਾਣ ਦੀ ਤਾਰੀਕ ਬਹੁਤ ਹੀ ਨੇੜੇ ਹੋਵੇ। ਜਨਤਾ ਨੂੰ ਇਸ ਦੀ ਜਿੰਨੀ ਭਰਵੀਂ ਜਾਣਕਾਰੀ ਦਿੱਤੀ ਜਾਵੇਗੀ, ਇਸ ਦੇ ਪ੍ਰਤੀਕਰਮ ਸੁਧਾਰਾਂ ਦੇ ਅਮਲ ਨੂੰ ਓਨਾ ਹੀ ਵੱਧ ਸੁਖਾਲਾ ਬਣਾ ਦੇਣਗੇ।
—ਮਿਲਟਨ ਫਰਾਇਡਮੈਨ ਦੀ ਜਰਨੈਲ ਆਗਸਤੋ ਪਿਨੋਚੇ ਨੂੰ ਚਿੱਠੀ, 21 ਅਪ੍ਰੈਲ1975[2]

ਜਰਨੈਲ ਆਗਸਤੋ ਪਿਨੋਚੇ ਅਤੇ ਉਸ ਦੇ ਹਮਾਇਤੀ 11 ਸਤੰਬਰ 1973 ਦੀਆਂ ਘਟਨਾਵਾਂ ਦਾ ਜ਼ਿਕਰ ਰਾਜ ਪਲਟੇ ਵਜੋਂ ਨਹੀਂ ਸਗੋਂ "ਇਕ ਜੰਗ" ਵਜੋਂ ਲਗਾਤਾਰ ਕਰਦੇ ਰਹੇ। ਸਾਂਤਿਆਗੋ ਸਚਮੁਚ ਜੰਗੀ ਖੇਤਰ ਵਾਂਗ ਲੱਗਦਾ ਸੀ : ਸੜਕਾਂ 'ਤੇ ਦੌੜਦੇ ਟੈਂਕਾਂ ਵਿਚੋਂ ਗੋਲੀਆਂ ਦੀਆਂ ਬੌਛਾੜਾਂ ਹੋ ਰਹੀਆਂ ਸਨ ਅਤੇ ਸਰਕਾਰੀ ਇਮਾਰਤਾਂ ਲੜਾਕਾ ਜੈੱਟ ਜਹਾਜ਼ਾਂ ਦੇ ਹਵਾਈ ਹਮਲਿਆਂ ਦੀ ਮਾਰ ਹੇਠ ਸਨ। ਇਸ ਜੰਗ ਬਾਰੇ ਇਕ ਚੀਜ਼ ਅਜੀਬ ਸੀ। ਲੜਾਈ 'ਚ ਸਿਰਫ਼ ਇਕ ਧਿਰ ਜੁਟੀ ਹੋਈ ਸੀ।

ਸ਼ੁਰੂ ਤੋਂ ਹੀ ਪਿਨੋਚੇ ਦਾ ਫ਼ੌਜ, ਹਵਾਈ ਫ਼ੌਜ, ਸਮੁੰਦਰੀ ਬੇੜਿਆਂ ਅਤੇ ਪੁਲਿਸ ਉੱਪਰ ਪੂਰਾ ਕੰਟਰੋਲ ਸੀ। ਇਸ ਸਮੇਂ, ਰਾਸ਼ਟਰਪਤੀ ਸਲਵਾਡੋਰ ਅਲੈਂਡੇ ਨੇ ਆਪਣੇ ਹਮਾਇਤੀਆਂ ਨੂੰ

ਹਥਿਆਰਬੰਦ ਰੱਖਿਆ ਟੁਕੜੀਆਂ 'ਚ ਜਥੇਬੰਦ ਕਰਨ ਤੋਂ ਨਾਂਹ ਕਰ ਦਿੱਤੀ ਸੀ, ਇਸ ਕਰਕੇ ਉਸ ਕੋਲ ਆਪਣੀ ਕੋਈ ਫ਼ੌਜ ਨਹੀਂ ਸੀ। ਇਕੋ ਇਕ ਟਾਕਰਾ ਰਾਸ਼ਟਰਪਤੀ ਭਵਨ, ਲਾ ਮੋਨਿਦਾ ਅਤੇ ਇਸ ਦੇ ਆਲੇ ਦੁਆਲੇ ਦੀਆਂ ਛੱਤਾਂ ਤੋਂ ਕੀਤਾ ਗਿਆ, ਜਿੱਥੇ ਅਲੈਂਡੇ ਅਤੇ ਉਸ ਦੇ ਨਜ਼ਦੀਕੀ ਹਲਕਿਆਂ ਨੇ ਜਮਹੂਰੀਅਤ ਦੇ ਕੇਂਦਰ ਦੀ ਰਾਖੀ ਕਰਨ ਲਈ ਬਹਾਦਰੀ ਨਾਲ ਕੋਸ਼ਿਸ਼ਾਂ ਕੀਤੀਆਂ। ਇਹ ਬਰਾਬਰ ਦੀ ਲੜਾਈ ਨਹੀਂ ਸੀ : ਭਾਵੇਂ ਭਵਨ ਅੰਦਰ ਅਲੈਂਡੇ ਦੇ ਸਿਰਫ਼ ਛੱਤੀ ਹਮਾਇਤੀ ਸਨ, ਫੇਰ ਵੀ ਫ਼ੌਜ ਨੇ ਭਵਨ ਉੱਪਰ ਚੌਵੀ ਰਾਕਟ ਚਲਾਏ।[3]

ਇਹ ਸਪਸ਼ਟ ਸੀ ਕਿ ਇਸ ਕਾਰਵਾਈ ਦਾ ਹੰਕਾਰੀ ਅਤੇ ਚੰਚਲ ਕਮਾਂਡਰ ਪਿਨੋਚੇ (ਜੋ ਉਸੇ ਤਰ੍ਹਾਂ ਦਾ ਮਜ਼ਬੂਤ ਸੀ ਜਿਸ ਤਰ੍ਹਾਂ ਦੇ ਉਹ ਟੈਂਕ ਜਿਨ੍ਹਾਂ ਵਿਚੋਂ ਇਕ 'ਤੇ ਉਹ ਸਵਾਰ ਸੀ) ਇਸ ਵਰਤਾਰੇ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਨਾਟਕੀ ਅਤੇ ਸਦਮਾ ਪਹੁੰਚਾਉਣ ਵਾਲਾ ਬਣਾਉਣਾ ਚਾਹੁੰਦਾ ਸੀ। ਹਾਲਾਂਕਿ ਇਹ ਰਾਜ ਪਲਟਾ ਜੰਗ ਨਹੀਂ ਸੀ ਪਰ ਇਹ ਇਸ ਤਰ੍ਹਾਂ ਵਿਉਂਤੀ ਗਈ ਕਿ ਇਸ ਦਾ ਪ੍ਰਭਾਵ ਜੰਗ ਵਾਲਾ ਪਵੇ—ਚਿੱਲੀ ਸਦਮੇ ਅਤੇ ਖੌਫ਼ ਦੀ ਮੁੱਖ ਮਿਸਾਲ ਬਣ ਜਾਵੇ। ਇਹ ਸ਼ਾਇਦ ਹੀ ਹੋਰ ਵਧੇਰੇ ਸਦਮਾ ਦੇਣ ਵਾਲੀ ਬਣ ਸਕਦੀ ਸੀ। ਗੁਆਂਢੀ ਅਰਜਨਟਾਈਨਾ 'ਚ ਪਿਛਲੇ ਚਾਰ ਦਹਾਕਿਆਂ 'ਚ ਛੇ ਫ਼ੌਜੀ ਹਕੂਮਤਾਂ ਨੇ ਰਾਜ ਕੀਤਾ ਸੀ, ਇਸ ਦੇ ਉਲਟ ਚਿੱਲੀ ਦਾ ਇਸ ਤਰ੍ਹਾਂ ਦੀ ਹਿੰਸਾ ਦਾ ਕੋਈ ਅਨੁਭਵ ਨਹੀਂ ਸੀ। ਇਸ ਨੇ 160 ਸਾਲ ਸ਼ਾਂਤਮਈ ਜਮਹੂਰੀ ਰਾਜ ਦਾ ਆਨੰਦ ਮਾਣਿਆ ਸੀ, ਪਿਛਲੇ ਇਕਤਾਲੀ ਸਾਲ ਤਾਂ ਨਿਰਵਿਘਨ ਲੰਘੇ ਸਨ।

ਹੁਣ ਰਾਸ਼ਟਰਪਤੀ ਭਵਨ ਅੱਗ ਦੀਆਂ ਲਾਟਾਂ ਵਿਚ ਘਿਰਿਆ ਹੋਇਆ ਸੀ। ਰਾਸ਼ਟਰਪਤੀ ਦੀ ਕਫ਼ਨ 'ਚ ਲਪੇਟੀ ਲਾਸ਼ ਸਟਰੇਚਰ 'ਤੇ ਪਾ ਕੇ ਲਿਜਾਈ ਜਾ ਰਹੀ ਸੀ ਅਤੇ ਉਸ ਦੇ ਨਜ਼ਦੀਕੀ ਸਾਥੀ ਬੰਦੂਕ ਦੀ ਨੋਕ 'ਤੇ ਸੜਕ ਉੱਪਰ ਮੂੰਹ ਦੇ ਭਾਰ ਗੀਂਘਦੇ ਜਾ ਰਹੇ ਸਨ।• ਰਾਸ਼ਟਰਪਤੀ ਭਵਨ ਤੋਂ ਥੋੜ੍ਹੀ ਦੂਰ, ਔਰਲੈਂਡੋ ਲੇਤੇਲੀਅਰ ਉਸੇ ਸਵੇਰ ਆਪਣੇ ਮੰਤਰਾਲੇ ਦੇ ਦਫ਼ਤਰ ਗਿਆ ਸੀ। ਉਹ ਹੁਣੇ ਹੀ ਚਿੱਲੀ ਦੇ ਰੱਖਿਆ ਮੰਤਰੀ ਦਾ ਅਹੁਦਾ ਸੰਭਾਲਣ ਲਈ ਵਾਸ਼ਿੰਗਟਨ ਤੋਂ ਵਾਪਸ ਆਇਆ ਸੀ। ਜਿਉਂ ਹੀ ਉਹ ਮੁੱਖ ਦਰਵਾਜ਼ੇ ਰਾਹੀਂ ਅੰਦਰ ਦਾਖ਼ਲ ਹੋਇਆ, ਉੱਥੇ ਘਾਤ ਲਾਈ ਬੈਠੇ ਬਾਰਾਂ ਵਰਦੀਧਾਰੀ ਫ਼ੌਜੀਆਂ ਨੇ ਤੁਰੰਤ ਆਪਣੀਆਂ ਮਸ਼ੀਨਗੰਨਾਂ ਉਸ ਵੱਲ ਸੇਧ ਦਿੱਤੀਆਂ।[4]

ਰਾਜ ਪਲਟੇ ਦੀ ਤਿਆਰੀ ਦੇ ਸਾਲਾਂ ਦੌਰਾਨ, ਸਿਖਲਾਈ ਦੇਣ ਵਾਲੇ ਅਮਰੀਕੀਆਂ, ਜਿਨ੍ਹਾਂ 'ਚੋਂ ਬਹੁਤੇ ਸੀ ਆਈ ਏ ਦੇ ਬੰਦੇ ਸਨ, ਨੇ ਚਿੱਲੀ ਦੀ ਫ਼ੌਜ 'ਚ ਕਮਿਊਨਿਸਟ ਵਿਰੋਧੀ ਜਨੂੰਨ ਭੜਕਾਇਆ। ਉਨ੍ਹਾਂ ਦੇ ਦਿਮਾਗਾਂ 'ਚ ਭਰਿਆ ਗਿਆ ਕਿ ਸਮਾਜਵਾਦੀ ਤਾਂ ਅਸਲ ਵਿਚ ਰੂਸ ਦੇ ਜਾਸੂਸ ਹਨ ਅਤੇ ਚਿੱਲੀ ਦੇ ਸਮਾਜ ਲਈ ਬੇਗਾਨੀ ਤਾਕਤ ਹਨ—ਦੇਸ਼ 'ਚ ਜੰਮੇ "ਅੰਦਰਲੇ ਦੁਸ਼ਮਣ।" ਅਸਲੀਅਤ ਇਹ ਸੀ ਕਿ ਅਸਲ ਵਿਚ ਫ਼ੌਜ ਹੀ ਦੇਸ਼ ਦੀ ਦੁਸ਼ਮਣ ਬਣ ਗਈ ਸੀ, ਇਹ ਆਪਣੇ ਹਥਿਆਰ ਉਨ੍ਹਾਂ ਲੋਕਾਂ ਵੱਲ ਸੇਧ ਰਹੀ ਸੀ ਜਿਨ੍ਹਾਂ ਦੀ ਰਾਖੀ ਕਰਨ ਦਾ ਇਸ ਨੇ ਹਲਫ਼ ਲਿਆ ਹੋਇਆ ਸੀ।

ਅਲੈਂਡੇ ਦੇ ਮਾਰੇ ਜਾਣ, ਉਸ ਦੇ ਮੰਤਰੀ ਮੰਡਲ ਨੂੰ ਕੈਦ ਕਰ ਲਏ ਜਾਣ ਅਤੇ ਕੋਈ ਜਨਤਕ

• ਅਲੈਂਡੇ ਦਾ ਸਿਰ ਖੱਖੜੀਆਂ ਹੋਇਆ ਮਿਲਿਆ ਸੀ। ਇਹ ਬਹਿਸ ਹਾਲੇ ਵੀ ਜਾਰੀ ਹੈ ਕਿ ਕੀ ਉਹ *ਲਾ ਮੋਨਿਦਾ ਭਵਨ* 'ਤੇ ਚਲਾਈਆਂ ਜਾ ਰਹੀਆਂ ਗੋਲੀਆਂ ਵਿਚੋਂ ਕੋਈ ਗੋਲੀ ਲੱਗਣ ਨਾਲ ਮਾਰਿਆ ਗਿਆ ਸੀ ਜਾਂ ਉਸ ਨੇ ਖ਼ੁਦ ਨੂੰ ਗੋਲੀ ਮਾਰ ਲਈ ਤਾਂ ਜੋ ਚਿੱਲੀ ਦੇ ਲੋਕਾਂ ਨੂੰ ਉਸ ਦੀ ਆਖ਼ਰੀ ਨਮੋਸ਼ੀ ਭਰੀ ਝਲਕ ਨਾ ਦੇਖਣੀ ਪਵੇ ਕਿ ਉਨ੍ਹਾਂ ਦਾ ਚੁਣਿਆ ਹੋਇਆ ਰਾਸ਼ਟਰਪਤੀ ਬਾਗ਼ੀ ਫ਼ੌਜ ਮੂਹਰੇ ਆਤਮ-ਸਮਰਪਣ ਕਰ ਰਿਹਾ ਹੈ। ਇਹ ਦਲੀਲ ਵੱਧ ਪ੍ਰਮਾਣਿਕ ਲੱਗਦੀ ਹੈ।

ਵਿਰੋਧ ਨਾ ਉੱਠਣ ਕਰਕੇ, ਫ਼ੌਜੀ ਜੁੰਡੀ ਦੀ ਵੱਡੀ ਲੜਾਈ ਦੁਪਹਿਰ ਤੱਕ ਮੁੱਕ ਗਈ ਸੀ। ਲੇਤੇਲੀਅਰ ਅਤੇ ਹੋਰ "ਵੀ ਆਈ ਪੀ" ਕੈਦੀਆਂ ਨੂੰ ਦੱਖਣੀ ਮੈਗਲਨ ਸਮੁੰਦਰੀ ਖੇਤਰ ਦੇ ਬਰਫ਼ਾਨੀ ਡਾਅਸਨ ਟਾਪੂ 'ਤੇ ਲਿਜਾਇਆ ਗਿਆ, ਪਿਨੋਚੇ ਦੀ ਸੋਚ ਅਨੁਸਾਰ ਇਹ ਸਾਇਬੇਰੀਅਨ ਕੈਂਪ ਵਰਗਾ ਸੀ। ਚਿੱਲੀ ਦੀ ਨਵੀਂ ਫ਼ੌਜੀ ਸਰਕਾਰ ਅਨੁਸਾਰ ਚੁਣੀ ਹੋਈ ਸਰਕਾਰ ਨੂੰ ਕਤਲ ਕਰਨਾ ਅਤੇ ਜੇਲ੍ਹ 'ਚ ਡੱਕਣਾ ਹੀ ਕਾਫ਼ੀ ਨਹੀਂ ਸੀ। ਫ਼ੌਜੀ ਜਰਨੈਲ ਜਾਣਦੇ ਸਨ ਕਿ ਉਨ੍ਹਾਂ ਦਾ ਸੱਤਾ ਉੱਪਰ ਕਬਜ਼ਾ ਚਿੱਲੀ ਦੇ ਲੋਕਾਂ ਦੇ ਉਸੇ ਤਰ੍ਹਾਂ ਸਹਿਮੇ ਰਹਿਣ 'ਤੇ ਨਿਰਭਰ ਸੀ, ਜਿਵੇਂ ਇੰਡੋਨੇਸ਼ੀਆ ਦੇ ਲੋਕ ਸਹਿਮ ਗਏ ਸਨ। ਸੀ ਆਈ ਏ ਦੀ ਜਨਤਕ ਹੋ ਚੁੱਕੀ ਇਕ ਰਿਪੋਰਟ ਅਨੁਸਾਰ, ਮੋਟੇ ਤੌਰ 'ਤੇ 13,500 ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਕੇ, ਟਰੱਕਾਂ 'ਚ ਲੱਦ ਕੇ ਜੇਲ੍ਹਾਂ 'ਚ ਡੱਕ ਦਿੱਤਾ ਗਿਆ।[5] ਹਜ਼ਾਰਾਂ ਲੋਕ ਸਾਂਤਿਆਗੋ ਦੇ ਦੋ ਮੁੱਖ ਫੁੱਟਬਾਲ ਸਟੇਡੀਅਮਾਂ, ਚਿੱਲੀ ਸਟੇਡੀਅਮ ਅਤੇ ਵਿਸ਼ਾਲ ਨੈਸ਼ਨਲ ਸਟੇਡੀਅਮ, ਵਿਚ ਖ਼ਤਮ ਕਰ ਦਿੱਤੇ ਗਏ। ਨੈਸ਼ਨਲ ਸਟੇਡੀਅਮ 'ਚ ਹੁਣ ਲੋਕਾਂ ਦੇ ਦੇਖਣ ਲਈ ਫੁੱਟਬਾਲ ਦੇ ਮੈਚ ਦੀ ਥਾਂ ਮੌਤ ਦਾ ਮੰਜ਼ਰ ਸੀ। ਫ਼ੌਜੀ ਨਕਾਬਪੋਸ਼ ਮੁਖ਼ਬਰਾਂ ਨੂੰ ਨਾਲ ਲੈ ਕੇ ਪੌੜੀਆਂ 'ਚ ਤਲਾਸ਼ ਕਰਦੇ ਰਹਿੰਦੇ ਜੋ "ਭੰਨਤੋੜ ਕਰਨ ਵਾਲਿਆਂ" ਦੀ ਸ਼ਨਾਖ਼ਤ ਕਰਦੇ; ਜਿਸ ਕਿਸੇ ਵੱਲ ਉਂਗਲ ਉੱਠ ਜਾਂਦੀ ਉਸ ਨੂੰ ਫ਼ੌਜੀ ਹੂਹ ਕੇ ਬੰਦ ਕਮਰਿਆਂ ਅਤੇ ਦਰਸ਼ਕਾਂ ਲਈ ਬਣਾਏ ਨਿੱਜੀ ਬਾਕਸਾਂ 'ਚ ਲੈ ਜਾਂਦੇ। ਇਨ੍ਹਾਂ ਥਾਵਾਂ ਨੂੰ ਆਰਜੀ ਤਸੀਹਾ ਕੋਠੜੀਆਂ ਬਣਾ ਦਿੱਤਾ ਗਿਆ ਸੀ। ਸੈਂਕੜੇ ਲੋਕ ਮਾਰ ਦਿੱਤੇ ਗਏ। ਮੁੱਖ ਸੜਕਾਂ ਕੰਢੇ ਸੁੱਟੀਆਂ ਹੋਈਆਂ ਜਾਂ ਸ਼ਹਿਰ ਵਿਚਲੀਆਂ ਨਹਿਰਾਂ 'ਚ ਤੈਰਦੀਆਂ ਲਾਸ਼ਾਂ ਦੇ ਦ੍ਰਿਸ਼ ਥਾਂ ਥਾਂ ਦਿਖਾਈ ਦੇਣ ਲੱਗੇ।

ਰਾਜਧਾਨੀ ਤੋਂ ਬਾਹਰ ਦਹਿਸ਼ਤ ਦਾ ਬੋਲਬਾਲਾ ਯਕੀਨੀ ਬਣਾਉਣ ਲਈ ਪਿਨੋਚੇ ਨੇ ਆਪਣੇ ਸਭ ਤੋਂ ਬੇਰਹਿਮ ਕਮਾਂਡਰ ਜਰਨੈਲ ਸਰਜੀਓ ਐਰੀਲੈਨੋ ਸਟਾਰਕ ਨੂੰ ਹੈਲੀਕਾਪਟਰ 'ਤੇ ਦੱਖਣੀ ਸੂਬਿਆਂ 'ਚ ਬੰਦੀਖ਼ਾਨਿਆਂ ਦਾ ਦੌਰਾ ਕਰਨ ਲਈ ਭੇਜਿਆ ਜਿੱਥੇ "ਭੰਨਤੋੜ ਕਰਨ ਵਾਲਿਆਂ" ਨੂੰ ਬੰਦੀ ਬਣਾਇਆ ਹੋਇਆ ਸੀ। ਸਟਾਰਕ ਅਤੇ ਉਸ ਦੇ ਕਾਤਲ ਗਰੋਹ ਚੋਟੀ ਦੇ ਕੈਦੀਆਂ ਨੂੰ ਛਾਂਟ ਲੈਂਦੇ। ਇਕ ਵਾਰ ਉਹ ਛੱਬੀ ਕੈਦੀਆਂ ਨੂੰ ਚੁਣਦੇ ਅਤੇ ਫੇਰ ਲਿਜਾ ਕੇ ਗੋਲੀ ਮਾਰ ਦਿੰਦੇ। ਪਿੱਛੇ ਬਸ ਖ਼ੂਨੀ ਪੈੜਾਂ ਦੇ ਨਿਸ਼ਾਨ ਰਹਿ ਜਾਂਦੇ। ਚਾਰ ਦਿਨ ਮੌਤ ਦਾ ਇਹ ਤਾਂਡਵ ਚੱਲਦਾ ਰਿਹਾ ਜੋ ਮੌਤ ਦਾ ਕਾਰਵਾਂ ਵਜੋਂ ਮਸ਼ਹੂਰ ਹੋਇਆ।[6] ਥੋੜ੍ਹੇ ਸਮੇਂ 'ਚ ਹੀ, ਪੂਰੇ ਦੇਸ਼ ਨੂੰ ਸੁਨੇਹਾ ਦੇ ਦਿੱਤਾ ਗਿਆ : ਵਿਰੋਧ ਕਰਨਾ ਘਾਤਕ ਹੈ।

ਭਾਵੇਂ ਪਿਨੋਚੇ ਦੀ ਲੜਾਈ ਇਕ ਤਰਫ਼ਾ ਸੀ, ਪਰ ਇਸ ਦੇ ਪ੍ਰਭਾਵ ਸਚਮੁਚ ਖ਼ਾਨਾਜੰਗੀ ਜਾਂ ਬਦੇਸ਼ੀ ਹਮਲੇ ਵਰਗੇ ਸਨ : ਕੁਲ-ਮਿਲਾ ਕੇ, 3200 ਤੋਂ ਵੱਧ ਲੋਕ ਲਾਪਤਾ ਹੋ ਗਏ ਜਾਂ ਕਤਲ ਕਰ ਦਿੱਤੇ ਗਏ, 80 ਹਜ਼ਾਰ ਲੋਕ ਕੈਦ ਕਰ ਲਏ ਗਏ ਅਤੇ ਦੋ ਲੱਖ ਵਿਅਕਤੀ ਸਿਆਸੀ ਕਾਰਨਾਂ ਕਰਕੇ ਦੇਸ਼ ਛੱਡ ਕੇ ਭੱਜ ਗਏ।[7]

ਆਰਥਕ ਮੁਹਾਜ਼

ਸ਼ਿਕਾਗੋ ਵਾਲੇ ਮੁੰਡਿਆਂ ਲਈ, 11 ਸਤੰਬਰ ਦਾ ਦਿਨ ਬੇਕਰਾਰੀ ਭਰੀ ਉਮੀਦ ਅਤੇ ਉਤੇਜਨਾ ਭਰਿਆ ਆਖ਼ਰੀ ਦਿਨ ਸੀ। ਸਰਜੀਓ ਡੀ ਕਾਸਤਰੋ ਤਾਰ ਸੰਚਾਰ 'ਤੇ ਕੰਮ ਕਰ ਰਿਹਾ ਸੀ। ਉਹ ਸਮੁੰਦਰੀ ਫ਼ੌਜ ਤੋਂ "ਦੀ ਬਰਿਕ" ਬਾਰੇ ਆਖ਼ਰੀ ਸਫ਼ਿਆਂ ਦੀ ਮਨਜ਼ੂਰੀ ਦਾ ਕੰਮ ਮੁਕਾ ਰਿਹਾ ਸੀ। ਹੁਣ, ਰਾਜ ਪਲਟੇ ਦੇ ਦਿਨ, ਬਹੁਤ ਸਾਰੇ ਸ਼ਿਕਾਗੋ ਵਾਲੇ ਮੁੰਡੇ *ਐੱਲ ਮਰਕਿਊ ਹੀਓ* ਸੱਜੇਪੱਖੀ ਅਖ਼ਬਾਰ ਦੇ ਛਾਪੇਖ਼ਾਨਿਆਂ 'ਚ ਡੇਰੇ ਲਾਈ ਬੈਠੇ ਸਨ। ਜਦੋਂ ਬਾਹਰ ਸੜਕਾਂ 'ਤੇ ਗੋਲੀਆਂ

ਚਲ ਰਹੀਆਂ ਸਨ ਤਾਂ ਫ਼ੌਜੀ ਗੁੱਟ ਵੱਲੋਂ ਪਹਿਲੇ ਦਿਨ ਅਹੁਦਿਆਂ 'ਤੇ ਬਿਰਾਜਮਾਨ ਹੋਣ ਸਮੇਂ ਉਹ ਦਸਤਾਵੇਜ਼ ਛਪਵਾ ਕੇ ਦੇਣ ਦੇ ਕੰਮ 'ਚ ਜਨੂੰਨੀ ਰਫ਼ਤਾਰ ਨਾਲ ਜੁਟੇ ਹੋਏ ਸਨ। ਇਕ ਅਖ਼ਬਾਰ ਦੇ ਸੰਪਾਦਕ ਆਰਤੁਰੋ ਫੌਂਟੇਨ ਨੇ ਚੇਤੇ ਕੀਤਾ ਕਿ "ਇਸ ਲੰਮੇ ਦਸਤਾਵੇਜ਼ ਦੀਆਂ ਕਾਪੀਆਂ ਤਿਆਰ ਕਰਨ ਲਈ ਮਸ਼ੀਨ ਬਿਨਾ ਰੁਕੇ ਕੰਮ ਕਰਦੀ ਰਹੀ ਸੀ। ਅਤੇ ਉਹ ਮਸਾਂ ਹੀ ਸਮੇਂ ਸਿਰ ਕਾਪੀਆਂ ਤਿਆਰ ਕਰਵਾ ਸਕੇ। 12 ਸਤੰਬਰ 1973 ਦਿਨ ਬੁੱਧਵਾਰ ਨੂੰ ਦੁਪਹਿਰ ਤੋਂ ਪਹਿਲਾਂ ਸਰਕਾਰੀ ਜ਼ਿੰਮੇਵਾਰੀਆਂ ਨਿਭਾਉਣ ਵਾਲੀਆਂ ਹਥਿਆਰਬੰਦ ਫ਼ੌਜਾਂ ਦੇ ਮੁਖੀਆਂ ਦੇ ਦਫ਼ਤਰਾਂ ਦੇ ਮੇਜ਼ਾਂ ਉੱਪਰ ਯੋਜਨਾ ਦੀਆਂ ਕਾਪੀਆਂ ਮੌਜੂਦ ਸਨ।"[8]

ਅੰਤਮ ਦਸਤਾਵੇਜ਼ ਦੀਆਂ ਤਜਵੀਜ਼ਾਂ ਮਿਲਟਨ ਫਰਾਇਡਮੈਨ ਦੀ ਕਿਤਾਬ *ਸਰਮਾਏਦਾਰੀ ਅਤੇ ਆਜ਼ਾਦੀ* ਨਾਲ ਬਹੁਤ ਜ਼ਿਆਦਾ ਮਿਲਦੀਆਂ-ਜੁਲਦੀਆਂ ਸਨ : ਨਿੱਜੀਕਰਨ, ਕੰਟਰੋਲ ਹਟਾਉਣਾ ਅਤੇ ਸਮਾਜਿਕ ਖ਼ਰਚਿਆਂ 'ਚ ਕਟੌਤੀਆਂ ਭਾਵ ਖੁੱਲ੍ਹੀ ਮੰਡੀ ਦੀ ਤਿੱਕੜੀ। ਚਿੱਲੀ ਦੇ ਅਮਰੀਕਾ ਤੋਂ ਸਿਖਲਾਈ ਪ੍ਰਾਪਤ ਅਰਥਸ਼ਾਸਤਰੀਆਂ ਨੇ ਇਹ ਵਿਚਾਰ ਜਮਹੂਰੀ ਬਹਿਸ-ਮੁਬਾਸੇ ਦੀਆਂ ਹੱਦਾਂ 'ਚ ਰਹਿੰਦੇ ਹੋਏ ਸ਼ਾਂਤਮਈ ਢੰਗ ਨਾਲ ਲਾਗੂ ਕਰਾਉਣ ਦਾ ਯਤਨ ਕੀਤਾ ਸੀ। ਪਰ ਇਹ ਬੁਰੀ ਤਰ੍ਹਾਂ ਰੱਦ ਕਰ ਦਿੱਤੇ ਗਏ ਸਨ। ਹੁਣ ਸ਼ਿਕਾਗੋ ਵਾਲੇ ਮੁੰਡੇ ਅਤੇ ਇਨ੍ਹਾਂ ਦੀਆਂ ਯੋਜਨਾਵਾਂ ਉਸ ਮਾਹੌਲ 'ਚ ਮੁੜ ਉੱਭਰ ਆਈਆਂ ਸਨ ਜੋ ਇਨ੍ਹਾਂ ਦੇ ਤਿੱਖੀ ਤਬਦੀਲੀ ਦੇ ਸੁਪਨੇ ਲਈ ਵੱਧ ਸਾਜ਼ਗਾਰ ਸੀ। ਇਸ ਨਵੇਂ ਦੌਰ 'ਚ, ਮੁੱਠੀ ਭਰ ਵਰਦੀਧਾਰੀਆਂ ਨੂੰ ਛੱਡ ਕੇ ਹੋਰ ਕਿਸੇ ਦੀ ਸਹਿਮਤੀ ਲੈਣ ਦੀ ਲੋੜ ਹੀ ਨਹੀਂ ਸੀ। ਇਨ੍ਹਾਂ ਦੇ ਸਭ ਤੋਂ ਦ੍ਰਿੜ ਸਿਆਸੀ ਵਿਰੋਧੀ ਜਾਂ ਜੇਲ੍ਹਾਂ 'ਚ ਸਨ ਜਾਂ ਮਾਰੇ ਜਾ ਚੁੱਕੇ ਸਨ ਜਾਂ ਲੁਕਣ ਲਈ ਮਾਰੇ ਮਾਰੇ ਫਿਰ ਰਹੇ ਸਨ : ਲੜਾਕੂ ਹਵਾਈ ਜਹਾਜ਼ਾਂ ਅਤੇ ਮੌਤ ਦੇ ਕਾਰਵਾਂ ਦੇ ਦ੍ਰਿਸ਼ ਨੇ ਹਰ ਕਿਸੇ ਨੂੰ ਖੁੱਡੇ ਲਾ ਰੱਖਿਆ ਸੀ।

ਪਿਨੋਚੇ ਦੇ ਇਕ ਸਹਿਯੋਗੀ ਅਰਥਸ਼ਾਸਤਰੀ ਕ੍ਰਿਸਤੀਅਨ ਲਾਰੈਲੈਤ ਨੇ ਦੱਸਿਆ, "ਸਾਡੇ ਲਈ ਇਹੀ ਇਨਕਲਾਬ ਸੀ।"[9] ਇਹ ਵਧੀਆ ਪੇਸ਼ਕਾਰੀ ਸੀ। 11 ਸਤੰਬਰ 1973 ਦੀ ਘਟਨਾ, ਅਲੈਂਡੇ ਦੇ ਸ਼ਾਂਤਮਈ ਸਮਾਜਵਾਦੀ ਇਨਕਲਾਬ ਦੇ ਹਿੰਸਕ ਖ਼ਾਤਮੇ ਤੋਂ ਕਿਤੇ ਵੱਧ ਸੀ; ਇਹ ਉਸ ਦੀ ਸ਼ੁਰੂਆਤ ਸੀ ਜਿਸ ਨੂੰ ਬਾਅਦ 'ਚ *ਦੀ ਇਕਨਾਮਿਸਟ* ਨੇ "ਉਲਟ ਇਨਕਲਾਬ" ਦਾ ਨਾਂ ਦਿੱਤਾ—ਉਨ੍ਹਾਂ ਲਾਭਾਂ ਨੂੰ ਸ਼ਿਕਾਗੋ ਸਕੂਲ ਦੇ ਜਹਾਦ ਵਲੋਂ ਮੁੜ ਖੋਹ ਲੈਣ ਦੀ ਠੋਸ ਜਿੱਤ ਜੋ ਵਿਕਾਸਵਾਦ ਅਤੇ ਕੀਨਜ਼ਵਾਦ ਤਹਿਤ ਹਾਸਲ ਕੀਤੇ ਗਏ ਸਨ।[10] ਜਮਹੂਰੀਅਤ ਦੇ ਦਬਾਵਾਂ ਅਤੇ ਪ੍ਰਭਾਵਾਂ ਹੇਠ ਅਲੈਂਡੇ ਦਾ ਅੰਸ਼ਕ ਇਨਕਲਾਬ ਨਰਮ ਸੁਰ ਵਾਲਾ ਅਤੇ ਨਿਤਾਣਾ ਸੀ। ਇਸ ਦੇ ਉਲਟ, ਇਹ ਬਗ਼ਾਵਤ ਵਹਿਸ਼ੀ ਤਾਕਤ ਨਾਲ ਪ੍ਰਵਾਨ ਚੜ੍ਹੀ ਸੀ ਅਤੇ ਪੂਰੀ ਤਰ੍ਹਾਂ ਆਜ਼ਾਦ ਸੀ। ਅਗਲੇ ਸਾਲਾਂ 'ਚ, "ਦੀ ਬਰਿਕ" ਵਿਚ ਬਿਆਨ ਕੀਤੀਆਂ ਗਈਆਂ ਇਹੀ ਨੀਤੀਆਂ ਤਰ੍ਹਾਂ ਤਰ੍ਹਾਂ ਦੇ ਸੰਕਟਾਂ ਦੇ ਪਰਦੇ ਓਹਲੇ ਦਰਜਨਾਂ ਹੋਰ ਦੇਸ਼ਾਂ 'ਤੇ ਥੋਪੀਆਂ ਜਾਣੀਆਂ ਸਨ। ਪਰ ਚਿੱਲੀ ਉਲਟ ਇਨਕਲਾਬ ਦਾ, ਦਹਿਸ਼ਤ ਦਾ ਮੁੱਢ ਸੀ।

ਕੈਥੋਲਿਕ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਸਾਬਕਾ ਵਿਦਿਆਰਥੀ ਅਤੇ ਸ਼ਿਕਾਗੋ ਵਾਲਾ ਮੁੰਡਾ ਕਹਾਉਂਦਾ ਜੋਸ ਪਿਨੇਰਾ ਰਾਜ ਪਲਟੇ ਸਮੇਂ ਹਾਵਰਡ ਵਿਖੇ ਗਰੈਜੂਏਸ਼ਨ ਕਰ ਰਿਹਾ ਸੀ। ਖ਼ੁਸ਼ਖ਼ਬਰੀ ਸੁਣ ਕੇ, "ਉਹ ਪੁਰਾਣੇ ਖੰਡਰਾਂ ਉੱਪਰ ਨਵੇਂ ਦੇਸ਼ ਦੀ ਸਥਾਪਨਾ ਕਰਨ 'ਚ ਮਦਦ ਕਰਨ ਲਈ" ਦੇਸ਼ ਮੁੜ ਆਇਆ, "ਨਵਾਂ ਦੇਸ਼ ਜੋ ਮੁਕਤੀ ਨੂੰ ਸਮਰਪਿਤ ਸੀ।" ਅੰਤ ਪਿਨੇਰਾ ਪਿਨੋਚੇ ਦਾ ਕਿਰਤ ਅਤੇ ਖਾਣ ਮੰਤਰੀ ਬਣਿਆ। ਉਸ ਅਨੁਸਾਰ, ਇਹ "ਸੱਚਾ ਇਨਕਲਾਬ ਸੀ....ਖੁੱਲ੍ਹੀਆਂ ਮੰਡੀਆਂ ਦੀ ਦਿਸ਼ਾ 'ਚ ਤਿੱਖੀ, ਭਰਵੀਂ ਅਤੇ ਟਿਕਾਊ ਮੁਹਿੰਮ।"[11]

ਰਾਜ ਪਲਟੇ ਤੋਂ ਪਹਿਲਾਂ, ਆਗਸਤੋ ਪਿਨੋਚੇ ਦਾ ਅਕਸ ਆਗਿਆਕਾਰ ਅਤੇ ਜੀ ਹਜ਼ੂਰੀਏ ਦਾ ਸੀ। ਉਹ ਸਦਾ ਆਪਣੇ ਸਿਵਲ ਆਗੂਆਂ ਦੀ ਚਾਪਲੂਸੀ ਕਰਦਾ ਰਹਿੰਦਾ ਅਤੇ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਂਦਾ ਰਹਿੰਦਾ। ਹੁਣ ਇਕ ਤਾਨਾਸ਼ਾਹ ਵਜੋਂ, ਪਿਨੋਚੇ ਦੇ ਕਿਰਦਾਰ ਦੀਆਂ ਨਵੀਂਆਂ ਪਰਤਾਂ ਸਾਹਮਣੇ ਆਈਆਂ। ਉਸ ਨੇ ਇਕ ਤਾਨਾਸ਼ਾਹ ਵਾਲਾ ਦਿਖਾਵਾ ਕਰਦੇ ਹੋਏ ਬੇਹੂਦਾ ਸ਼ੌਂਕ ਨਾਲ ਰਾਜ-ਭਾਗ ਸੰਭਾਲਿਆ ਅਤੇ ਦਾਅਵਾ ਕੀਤਾ ਕਿ "ਤਕਦੀਰ" ਨੇ ਉਸ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਥੋੜ੍ਹੇ ਸਮੇਂ 'ਚ ਹੀ, ਉਸ ਨੇ ਰਾਜ ਪਲਟੇ ਅੰਦਰ ਰਾਜ ਪਲਟਾ ਕਰਕੇ ਉਨ੍ਹਾਂ ਤਿੰਨ ਫ਼ੌਜੀ ਮੁਖੀਆਂ ਨੂੰ ਵਗਾਹ ਮਾਰਿਆ ਜਿਨ੍ਹਾਂ ਨਾਲ ਮਿਲ ਕੇ ਉਸ ਨੇ ਸੱਤਾ ਹਥਿਆਈ ਸੀ। ਉਹ ਕੌਮ ਦਾ ਉੱਚਤਮ ਮੁਖੀ ਅਤੇ ਨਾਲ ਹੀ ਰਾਸ਼ਟਰਪਤੀ ਬਣ ਗਿਆ। ਉਹ ਦਿਖਾਵੇ ਅਤੇ ਰਸਮੀਪਣ 'ਚ ਪੂਰਾ ਲੁਤਫ਼ ਲੈਂਦਾ, ਜੋ ਉਸ ਦੇ ਰਾਜ ਕਰਨ ਦੇ ਹੱਕ ਦਾ ਸਬੂਤ ਸੀ। ਉਹ ਕਦੇ ਵੀ ਲਬਾਦੇ ਵਾਲੀ ਪੂਰੀ ਪਰੁਸ਼ੀਅਨ ਵਰਦੀ ਪਹਿਨਣ ਦਾ ਮੌਕਾ ਹੱਥੋਂ ਨਾ ਜਾਣ ਦਿੰਦਾ। ਸਾਂਤਿਆਗੋ 'ਚ ਗੇੜਾ ਮਾਰਨ ਲਈ, ਉਹ ਸੁਨਹਿਰੀ ਰੰਗ ਦੀਆਂ ਬੁਲਟ ਪਰੂਫ ਮਰਸਡੀਜ਼ ਬੈਂਜ਼ ਗੱਡੀਆਂ ਦਾ ਕਾਫ਼ਲਾ ਉਚੇਚ ਨਾਲ ਚੁਣਦਾ।[12]

ਪਿਨੋਚੇ ਆਪਾਸ਼ਾਹ ਰਾਜ ਦਾ ਮਾਹਰ ਸੀ, ਪਰ ਸੁਹਾਰਤੋ ਵਾਂਗ ਉਸ ਨੂੰ ਅਰਥਸ਼ਾਸਤਰ ਦਾ ਊੜਾ-ਐੜਾ ਵੀ ਨਹੀਂ ਆਉਂਦਾ ਸੀ। ਇਹ ਡਾਹਢੀ ਸਮੱਸਿਆ ਸੀ ਕਿਉਂਕਿ ਆਈ ਟੀ ਟੀ ਦੀ ਅਗਵਾਈ 'ਚ ਕਾਰਪੋਰੇਟਾਂ ਵਲੋਂ ਚਲਾਈ ਭੰਨਤੋੜ ਦੀ ਮੁਹਿੰਮ ਕਾਰਨ ਆਰਥਿਕਤਾ 'ਚ ਖਲਬਲੀ ਮਚੀ ਹੋਈ ਸੀ। ਪਿਨੋਚੇ ਮੂਹਰੇ ਸੰਕਟ ਮੂੰਹ ਅੱਡੀ ਖੜ੍ਹਾ ਸੀ। ਸ਼ੁਰੂ ਤੋਂ ਹੀ ਫ਼ੌਜੀ ਗੁੱਟ ਅੰਦਰ ਦੋ ਧਿਰਾਂ ਵਿਚਾਲੇ ਸੱਤਾ ਦੀ ਲੜਾਈ ਚੱਲ ਰਹੀ ਸੀ। ਇਕ ਧਿਰ ਉਨ੍ਹਾਂ ਦੀ ਸੀ ਜੋ ਅਲੈਂਡੇ ਦੇ ਰਾਜ ਤੋਂ ਪਹਿਲੀ ਹਾਲਤ ਮੁੜ ਬਹਾਲ ਕਰਨਾ ਚਾਹੁੰਦੇ ਸਨ ਅਤੇ ਤੁਰੰਤ ਜਮਹੂਰੀਅਤ ਲਾਗੂ ਕਰਨ ਦੇ ਹਾਮੀ ਸਨ। ਪਰ ਸ਼ਿਕਾਗੋ ਵਾਲੇ ਮੁੰਡੇ ਸਿਰ ਤੋਂ ਪੈਰਾਂ ਤੱਕ ਖੁੱਲ੍ਹੀ ਮੰਡੀ ਦੇ ਸੁਧਾਰ ਕਰਨ ਦੇ ਇੱਛਕ ਸਨ ਜਿਸ ਨੂੰ ਸਾਲਾਂ ਬੱਧੀ ਵਕਤ ਚਾਹੀਦਾ ਸੀ। ਨਵੇਂ ਅਧਿਕਾਰ ਮਾਣ ਰਿਹਾ ਪਿਨੋਚੇ ਇਸ ਵਿਚਾਰ ਦਾ ਘੋਰ ਵਿਰੋਧੀ ਸੀ ਕਿ ਉਸ ਦਾ ਕੰਮ ਸਿਰਫ਼ ਸਫ਼ਾਈ ਕਰਨਾ ਭਾਵ "ਅਮਨ ਬਹਾਲ ਕਰਕੇ" ਪਾਸੇ ਹੋ ਜਾਣ ਤੱਕ ਸੀਮਤ ਹੈ। ਉਹ ਕਹਿੰਦਾ, "ਅਸੀਂ ਗ਼ਰਦ ਝਾੜਨ ਵਾਲੇ ਨਹੀਂ ਹਾਂ ਕਿ ਮਾਰਕਸਵਾਦ ਦਾ ਸਫ਼ਾਇਆ ਕਰਕੇ ਜਨਾਬ ਸਿਆਸਤਦਾਨਾਂ ਨੂੰ ਸੱਤਾ ਸੰਭਾਲ ਦੇਈਏ।"[13] ਉਸ ਦੀ ਨਵੀਂ ਨਵੀਂ ਉੱਭਰੀ ਲਾਲਸਾ ਨੂੰ ਸ਼ਿਕਾਗੋ ਵਾਲੇ ਮੁੰਡਿਆਂ ਦੀ ਦੇਸ਼ 'ਚ ਮੁਕੰਮਲ ਸੁਧਾਰ ਕਰਨ ਦੀ ਦ੍ਰਿਸ਼ਟੀ ਖ਼ੂਬ ਰਾਸ ਆਉਂਦੀ ਸੀ। ਸੁਹਾਰਤੋ ਨੇ ਜਿਵੇਂ ਬਰਕਲੇ ਮਾਫੀਆ ਨੂੰ ਲਿਆ ਸੀ ਉਸੇ ਤਰ੍ਹਾਂ ਪਿਨੋਚੇ ਨੇ ਸ਼ਿਕਾਗੋ ਵਾਲੇ ਕਈ ਗਰੈਜੂਏਟਾਂ ਨੂੰ ਝਟਪਟ ਆਪਣੇ ਸੀਨੀਅਰ ਆਰਥਕ ਸਲਾਹਕਾਰ ਬਣਾ ਲਿਆ। ਇਨ੍ਹਾਂ ਵਿਚ ਇਸ ਲਹਿਰ ਦਾ ਅਸਲ ਮੁਖੀ ਅਤੇ "ਦੀ ਬਰਿਕ" ਦਸਤਾਵੇਜ਼ ਦਾ ਮੁੱਖ ਰਚੇਤਾ ਸਰਜੀਓ ਡੀ ਕਾਸਤਰੋ ਵੀ ਸ਼ਾਮਲ ਸੀ। ਉਸ ਨੇ ਇਨ੍ਹਾਂ ਦਾ ਨਾਂ *ਟੈਕਨੋ* ਰੱਖਿਆ—ਤਕਨੀਕੀ ਮਾਹਰ ਜੋ ਸ਼ਿਕਾਗੋ ਸਕੂਲ ਦੇ ਇਸ ਦਾਅਵੇ ਦੀ ਪ੍ਰੋੜਤਾ ਕਰਦਾ ਸੀ ਕਿ ਆਰਥਿਕਤਾ ਦੀ ਦਰੁਸਤੀ ਕਰਨ ਦਾ ਸਵਾਲ ਵਿਗਿਆਨ ਦਾ ਸਵਾਲ ਹੈ ਨਾ ਕਿ ਅੰਤਰਮੁਖੀ ਪਸੰਦਾਂ ਦਾ ਸਵਾਲ।

ਭਾਵੇਂ ਪਿਨੋਚੇ ਨੂੰ ਸਿੱਕੇ ਦੇ ਫੈਲਾਅ ਅਤੇ ਵਿਆਜ ਦਰਾਂ ਬਾਰੇ ਸਮਝ ਨਹੀਂ ਸੀ, ਪਰ ਤਕਨੀਕੀ ਮਾਹਰਾਂ ਦੀ ਭਾਸ਼ਾ ਉਸ ਨੂੰ ਸਮਝ ਪੈਂਦੀ ਸੀ। ਉਨ੍ਹਾਂ ਲਈ ਅਰਥਸ਼ਾਸਤਰ ਦਾ ਅਰਥ ਸੀ ਕੁਦਰਤ ਦੀਆਂ ਤਾਕਤਾਂ ਦਾ ਸਤਿਕਾਰ ਅਤੇ ਆਗਿਆ ਪਾਲਣ ਕਰਨਾ ਕਿਉਂਕਿ, ਜਿਵੇਂ ਪਿਨੇਰਾ ਨੇ ਵਿਆਖਿਆ ਕੀਤੀ ਸੀ, "ਕੁਦਰਤ ਦੇ ਖਿਲਾਫ਼ ਕੰਮ ਕਰਨਾ ਗ਼ੈਰ-ਉਪਜਾਊ ਅਤੇ ਖ਼ੁਦ ਨੂੰ

ਧੋਖਾ ਦੇਣਾ ਹੈ।"[14] ਪਿਨੋਚੇ ਇਸ ਨਾਲ ਸਹਿਮਤ ਸੀ : ਇਕ ਵਾਰ ਉਸ ਨੇ ਲਿਖਿਆ ਕਿ ਲੋਕਾਂ ਨੂੰ ਲਾਜ਼ਮੀ ਤੌਰ 'ਤੇ ਢਾਂਚੇ ਦੇ ਅਧੀਨ ਹੋ ਕੇ ਚੱਲਣਾ ਚਾਹੀਦਾ ਹੈ ਕਿਉਂਕਿ "ਕੁਦਰਤ ਸਾਨੂੰ ਸਿਖਾਉਂਦੀ ਹੈ ਕਿ ਬੁਨਿਆਦੀ ਕੁਦਰਤੀ ਵਿਧਾਨ ਅਤੇ ਦਰਜਾਬੰਦੀ ਜ਼ਰੂਰੀ ਹਨ।"[15] ਸਰਬੋਤਮ ਕੁਦਰਤੀ ਨਿਯਮਾਂ ਦੇ ਹੁਕਮਾਂ ਅਨੁਸਾਰ ਕੰਮ ਕਰਨ ਦਾ ਇਹ ਸਾਂਝਾ ਦਾਅਵਾ ਪਿਨੋਚੇ-ਸ਼ਿਕਾਗੋ ਗੱਠਜੋੜ ਦਾ ਅਧਾਰ ਸੀ।

ਪਹਿਲੇ ਡੇਢ ਸਾਲ ਤੱਕ ਪਿਨੋਚੇ ਵਫ਼ਾਦਾਰੀ ਨਾਲ ਸ਼ਿਕਾਗੋ ਦੇ ਅਸੂਲਾਂ ਦੀ ਪਾਲਣਾ ਕਰਦਾ ਰਿਹਾ : ਉਸ ਨੇ ਭਾਵੇਂ ਸਾਰੀਆਂ ਤਾਂ ਨਹੀਂ ਪਰ ਕਈ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਕਰ ਦਿੱਤਾ (ਕਈ ਬੈਂਕਾਂ ਸਮੇਤ); ਉਸ ਨੇ ਸੱਟੇਬਾਜ਼ ਵਿਤੀ ਸਿਲਸਿਲੇ ਨੂੰ ਨਵੀਂਆਂ ਤਿੱਖੀਆਂ ਸ਼ਕਲਾਂ ਅਖ਼ਤਿਆਰ ਕਰਨ ਦੀ ਖੁੱਲ੍ਹ ਦੇ ਦਿੱਤੀ; ਉਸ ਨੇ ਬਦੇਸ਼ੀ ਦਰਾਮਦਾਂ ਲਈ ਸਰਹੱਦਾਂ ਚੌਪਟ ਖੋਲ੍ਹ ਦਿੱਤੀਆਂ ਅਤੇ ਉਹ ਰੋਕਾਂ ਖ਼ਤਮ ਕਰ ਦਿੱਤੀਆਂ ਜਿਨ੍ਹਾਂ ਨੇ ਲੰਮੇ ਸਮੇਂ ਤੋਂ ਚਿੱਲੀ ਦੇ ਸਨਅਤਕਾਰਾਂ ਨੂੰ ਬਚਾਇਆ ਹੋਇਆ ਸੀ; ਅਤੇ ਉਸ ਨੇ ਸਰਕਾਰੀ ਖ਼ਰਚੇ 'ਚ ਦਸ ਫ਼ੀ ਸਦੀ ਕਟੌਤੀ ਕਰ ਦਿੱਤੀ—ਇਹ ਕਟੌਤੀ ਫ਼ੌਜੀ ਖੇਤਰ 'ਤੇ ਲਾਗੂ ਨਹੀਂ ਸੀ ਇਸ ਦੇ ਖ਼ਰਚ 'ਚ ਸਗੋਂ ਚੋਖਾ ਵਾਧਾ ਕਰ ਦਿੱਤਾ ਗਿਆ।[16] ਉਸ ਨੇ ਕੀਮਤਾਂ ਤੋਂ ਕੰਟਰੋਲ ਵੀ ਹਟਾ ਦਿੱਤਾ—ਇਹ ਉਸ ਦੇਸ਼ 'ਚ ਬਹੁਤ ਤਿੱਖੀ ਕਾਰਵਾਈ ਸੀ ਜਿੱਥੇ ਦਹਾਕਿਆਂ ਤੋਂ ਰੋਟੀ ਅਤੇ ਖਾਣ ਵਾਲੇ ਤੇਲ ਵਰਗੀਆਂ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ 'ਤੇ ਕੰਟਰੋਲ ਲਾਗੂ ਸੀ।

ਸ਼ਿਕਾਗੋ ਵਾਲੇ ਮੁੰਡਿਆਂ ਨੇ ਪਿਨੋਚੇ ਨੂੰ ਹਿੱਕ ਠੋਕ ਕੇ ਭਰੋਸਾ ਦਿਵਾਇਆ ਸੀ ਕਿ ਜੇ ਉਹ ਚਾਣਚੱਕ ਇਕੋ ਵਾਰ ਨਾਲ ਹੀ ਇਨ੍ਹਾਂ ਖੇਤਰਾਂ 'ਚ ਸਰਕਾਰੀ ਦਖ਼ਲਅੰਦਾਜ਼ੀ ਦਾ ਭੋਗ ਪਾ ਦੇਵੇ ਤਾਂ ਅਰਥਸ਼ਾਸਤਰ ਦੇ "ਕੁਦਰਤੀ" ਕਾਨੂੰਨ ਖ਼ੁਦ ਹੀ ਹਾਲਤ ਨੂੰ ਸਾਵੀਂ ਕਰਨ ਦਾ ਰਾਹ ਕੱਢ ਲੈਣਗੇ ਅਤੇ ਸਿੱਕੇ ਦਾ ਫੈਲਾਅ ਚਮਤਕਾਰੀ ਰੂਪ 'ਚ ਘਟ ਜਾਵੇਗਾ—ਇਸ ਨੂੰ ਉਹ ਇਕ ਤਰ੍ਹਾਂ ਦਾ ਆਰਥਕ ਬੁਖ਼ਾਰ ਸਮਝਦੇ ਸਨ ਜੋ ਮੰਡੀ 'ਚ ਗ਼ੈਰਸਿਹਤਮੰਦ ਤੱਤਾਂ ਦੀ ਮੌਜੂਦਗੀ ਦਾ ਸੂਚਕ ਸੀ। ਪਰ ਉਨ੍ਹਾਂ ਦਾ ਅੰਦਾਜ਼ਾ ਗ਼ਲਤ ਸੀ। 1974 'ਚ ਸਿੱਕੇ ਦਾ ਫੈਲਾਅ 375 ਫ਼ੀ ਸਦੀ ਤੱਕ ਵਧ ਗਿਆ—ਇਹ ਦੁਨੀਆਂ ਦੀ ਸਭ ਤੋਂ ਵੱਧ ਦਰ ਸੀ ਅਤੇ ਇਹ ਅਲੈਂਡੇ ਦੇ ਰਾਜ ਸਮੇਂ ਦੀ ਸਿਖਰਲੀ ਦਰ ਤੋਂ ਦੁੱਗਣੀ ਸੀ।[17] ਰੋਟੀ ਵਰਗੀਆਂ ਬੁਨਿਆਦੀ ਜ਼ਰੂਰਤ ਦੀਆਂ ਚੀਜ਼ਾਂ ਦੇ ਭਾਅ ਆਸਮਾਨ ਜਾ ਚੜ੍ਹੇ। ਨਾਲ ਹੀ, ਚਿੱਲੀ ਦੇ ਵਾਸੀ ਕੰਮ ਤੋਂ ਬਾਹਰ ਧੱਕੇ ਜਾ ਰਹੇ ਸਨ ਕਿਉਂਕਿ ਪਿਨੋਚੇ ਦੇ "ਮੁਕਤ ਵਪਾਰ" ਦੇ ਤਜਰਬੇ ਨਾਲ ਦੇਸ਼ 'ਚ ਸਸਤੀਆਂ ਦਰਾਮਦਾਂ ਦਾ ਹੜ੍ਹ ਆ ਗਿਆ ਸੀ। ਇਨ੍ਹਾਂ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਸਥਾਨਕ ਕਾਰੋਬਾਰ ਬੰਦ ਹੋ ਰਹੇ ਸਨ, ਬੇਰੁਜ਼ਗਾਰੀ ਨੇ ਨਵੇਂ ਰਿਕਾਰਡ ਕਾਇਮ ਕਰ ਦਿੱਤੇ ਸਨ ਅਤੇ ਭੁੱਖਮਰੀ ਦੀ ਭਰਮਾਰ ਸੀ। ਸ਼ਿਕਾਗੋ ਸਕੂਲ ਦਾ ਪਹਿਲਾ ਤਜਰਬਾ ਬੁਰੀ ਤਰ੍ਹਾਂ ਅਸਫ਼ਲ ਹੋਇਆ ਸੀ।

ਸਰਜੀਓ ਡੀ ਕਾਸਤਰੋ ਅਤੇ ਸ਼ਿਕਾਗੋ ਵਾਲੇ ਹੋਰ ਮੁੰਡਿਆਂ ਨੇ (ਸ਼ਿਕਾਗੋ ਵਾਲੇ ਖ਼ਰੇ ਅੰਦਾਜ਼ 'ਚ) ਦਲੀਲ ਦਿੱਤੀ ਕਿ ਸਮੱਸਿਆ ਉਨ੍ਹਾਂ ਦੇ ਸਿਧਾਂਤ 'ਚ ਨਹੀਂ ਸਗੋਂ ਇਸ ਤੱਥ 'ਚ ਮੌਜੂਦ ਹੈ ਕਿ ਇਸਨੂੰ ਲੋੜੀਂਦੀ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਗਿਆ। ਆਰਥਿਕਤਾ ਆਪਣੀ ਦਰੁਸਤੀ ਕਰਨ ਅਤੇ ਸਾਵੀਂ ਹਾਲਤ 'ਚ ਆਉਣ 'ਚ ਇਸ ਕਰਕੇ ਅਸਫ਼ਲ ਰਹੀ ਸੀ ਕਿਉਂਕਿ ਅੱਧੀ ਸਦੀ ਤੋਂ ਚਲੀ ਆ ਰਹੀ ਸਰਕਾਰੀ ਦਖ਼ਲਅੰਦਾਜ਼ੀ ਦੇ "ਵਿਗਾੜਾਂ" ਦੀ ਰਹਿੰਦ-ਖੂੰਹਦ ਹਾਲੇ ਵੀ ਬਾਕੀ ਰਹਿੰਦੀ ਸੀ। ਤਜਰਬੇ ਨੂੰ ਕਾਮਯਾਬ ਕਰਨ ਲਈ ਪਿਨੋਚੇ ਨੂੰ ਇਹ ਵਿਗਾੜ ਦੂਰ ਕਰਨੇ ਹੀ ਪੈਣਗੇ—ਹੋਰ ਕਟੌਤੀਆਂ, ਹੋਰ ਨਿੱਜੀਕਰਨ ਕਰਨਾ ਹੋਵੇਗਾ ਅਤੇ ਵੱਧ ਤੇਜ਼ੀ ਨਾਲ ਕੰਮ ਕਰਨਾ

ਹੋਵੇਗਾ।

ਉਸ ਡੇਢ ਸਾਲ 'ਚ, ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਦੀ ਇੰਤਹਾਪਸੰਦ ਸਰਮਾਏਦਾਰੀ ਦੇ ਮਾਅਰਕਿਆਂ ਨੇ ਦੇਸ਼ ਦੇ ਅਨੇਕ ਮੋਹਰੀ ਕਾਰੋਬਾਰਾਂ ਦੇ ਹੱਥ ਖੜ੍ਹੇ ਕਰਾ ਦਿੱਤੇ ਸਨ। ਸਿਰਫ਼ ਬਦੇਸ਼ੀ ਕੰਪਨੀਆਂ ਅਤੇ ਵਿਤੀ ਕਾਰੋਬਾਰੀਆਂ ਦੇ ਮੁੱਠੀ ਭਰ ਗੁੱਟ ਨੂੰ ਹੀ ਫ਼ਾਇਦਾ ਹੋ ਰਿਹਾ ਸੀ ਜੋ "ਮਗਰਮੱਛਾਂ" ਵਜੋਂ ਬਦਨਾਮ ਸਨ। ਇਹ ਸੱਟੇਬਾਜ਼ੀ ਦਾ ਖ਼ੂਬ ਲਾਹਾ ਲੈ ਰਹੇ ਸਨ। ਨਟ-ਬੋਲਟ ਬਣਾਉਣ ਵਾਲੇ ਕਾਰਖ਼ਾਨੇਦਾਰਾਂ ਨੇ ਰਾਜ ਪਲਟੇ ਦੀ ਭਰਵੀਂ ਹਮਾਇਤ ਕੀਤੀ ਸੀ ਹੁਣ ਉਨ੍ਹਾਂ ਦਾ ਹੀ ਸਫ਼ਾਇਆ ਹੋ ਰਿਹਾ ਸੀ। ਸ਼ੁਰੂ 'ਚ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਰਾਜ ਪਲਟੇ ਦੀ ਸਾਜ਼ਿਸ਼ 'ਚ ਸ਼ਾਮਲ ਕਰਨ ਵਾਲੇ ਉਦਯੋਗਪਤੀਆਂ ਦੀ ਕੌਮੀ ਸਭਾ ਦੇ ਪ੍ਰਧਾਨ ਔਰਲੈਂਡੋ ਸਾਏਨਜ਼ ਨੇ ਹੁਣ ਐਲਾਨ ਕੀਤਾ ਕਿ ਤਜਰਬੇ ਦੇ ਨਤੀਜੇ "ਸਾਡੇ ਆਰਥਕ ਇਤਿਹਾਸ ਦੀ ਇਕ ਸਭ ਤੋਂ ਵੱਡੀ ਨਾਕਾਮਯਾਬੀ ਹਨ।"[18] ਉਦਯੋਗਪਤੀਆਂ ਨੂੰ ਅਲੈਂਡੇ ਦਾ ਸਮਾਜਵਾਦ ਪਸੰਦ ਨਹੀਂ ਸੀ ਪਰ ਉਹ ਚਾਹੁੰਦੇ ਸਨ ਕਿ ਸਰਕਾਰੀ ਕੰਟਰੋਲ ਵਾਲੀ ਆਰਥਿਕਤਾ 'ਚ ਸੁਧਾਰ ਕਰ ਲਏ ਜਾਣ। ਸਾਏਨਜ਼ ਨੇ ਕਿਹਾ, "ਚਿੱਲੀ 'ਚ ਅੱਜ ਜਿਸ ਤਰ੍ਹਾਂ ਦੀ ਵਿਤੀ ਗੜਬੜ ਫੈਲੀ ਹੋਈ ਹੈ ਇਸ ਨੂੰ ਚਲਦਾ ਰੱਖਣਾ ਸੰਭਵ ਨਹੀਂ ਹੈ। ਉਨ੍ਹਾਂ ਲਖੂਖਾ ਵਿਤੀ ਵਸੀਲਿਆਂ ਨੂੰ ਪੈਦਾਵਾਰੀ ਪੂੰਜੀ-ਨਿਵੇਸ਼ 'ਚ ਲਾਉਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਇਸ ਵਕਤ ਉਨ੍ਹਾਂ ਦੀ ਨਜ਼ਰਸਾਨੀ ਹੇਠ ਅੰਨ੍ਹੇਵਾਹ ਸੱਟੇਬਾਜ਼ ਕਾਰਵਾਈਆਂ 'ਚ ਵਰਤਿਆ ਜਾ ਰਿਹਾ ਹੈ ਜਿਨ੍ਹਾਂ ਦਾ ਇਹ ਕੰਮ ਹੀ ਨਹੀਂ ਹੈ।"[19]

ਹੁਣ ਆਪਣੇ ਏਜੰਡੇ ਨੂੰ ਖ਼ਤਰੇ ਦੇ ਮੂੰਹ ਆਇਆ ਦੇਖ ਕੇ ਸ਼ਿਕਾਗੋ ਵਾਲੇ ਮੁੰਡਿਆਂ ਅਤੇ ਮਗਰਮੱਛ ਕਾਰੋਬਾਰੀਆਂ (ਦੋਵੇਂ ਇਕ ਦੂਜੇ ਨਾਲ ਬਹੁਤ ਜ਼ਿਆਦਾ ਖੰਡ-ਖੀਰ ਹੋ ਚੁੱਕੇ ਸਨ) ਨੇ ਫ਼ੈਸਲਾ ਕੀਤਾ ਕਿ ਹੁਣ ਵੱਡੀਆਂ ਤੋਪਾਂ ਨੂੰ ਬੁਲਾਉਣਾ ਜ਼ਰੂਰੀ ਹੈ। ਮਾਰਚ 1975 'ਚ, ਮਿਲਟਨ ਫਰਾਇਡਮੈਨ ਅਤੇ ਅਰਨੌਲਡ ਹਾਰਬਰਜ਼ਰ ਹਵਾਈ ਜਹਾਜ਼ ਰਾਹੀਂ ਸਾਂਤਿਆਗੋ ਆ ਪਹੁੰਚੇ, ਉਨ੍ਹਾਂ ਨੂੰ ਇਕ ਵੱਡੇ ਬੈਂਕ ਨੇ ਇਸ ਤਜਰਬੇ ਨੂੰ ਬਚਾਉਣ ਦੀ ਖ਼ਾਤਰ ਸੱਦਿਆ ਸੀ।

ਫ਼ੌਜੀ ਗੁੱਟ ਦੇ ਕੰਟਰੋਲ ਵਾਲੀ ਪ੍ਰੈੱਸ ਨੇ ਫਰਾਇਡਮੈਨ ਦੀ ਇਸ ਤਰ੍ਹਾਂ ਆਓ-ਭਗਤ ਕੀਤੀ ਜਿਵੇਂ ਉਹ ਕੋਈ ਰੌਕ ਸੰਗੀਤ ਦਾ ਸਿਤਾਰਾ, ਨਵੇਂ ਪ੍ਰਬੰਧ ਦਾ ਕੋਈ ਗੁਰੂ ਹੋਵੇ। ਉਸ ਦੇ ਹਰੇਕ ਐਲਾਨ ਨੂੰ ਸੁਰਖ਼ੀ ਬਣਾ ਦਿੱਤਾ ਗਿਆ, ਉਸ ਦੇ ਅਕਾਦਮਿਕ ਭਾਸ਼ਣ ਕੌਮੀ ਟੈਲੀਵਿਜ਼ਨ 'ਤੇ ਪ੍ਰਸਾਰਤ ਕੀਤੇ ਗਏ ਅਤੇ ਉਸ ਦਾ ਸਭ ਤੋਂ ਅਹਿਮ ਸਰੋਤਾ ਸੀ ਪਿਨੋਚੇ ਜਿਸ ਨੇ ਉਸ ਨਾਲ ਨਿੱਜੀ ਮੀਟਿੰਗ ਕੀਤੀ।

ਜਿੰਨਾ ਸਮਾਂ ਫਰਾਇਡਮੈਨ ਉੱਥੇ ਰਿਹਾ, ਉਸ ਦੀ ਸੂਈ ਇਕੋ ਵਿਸ਼ੇ 'ਤੇ ਟਿਕੀ ਰਹੀ; ਫ਼ੌਜੀ ਗੁੱਟ ਨੇ ਸ਼ੁਰੂਆਤ ਵਧੀਆ ਕੀਤੀ ਸੀ, ਪਰ ਇਸ ਨੂੰ ਖੁੱਲ੍ਹੀ ਮੰਡੀ ਨੂੰ ਵੱਧ ਬੇਪ੍ਰਵਾਹ ਹੋ ਕੇ ਅਪਨਾਉਣ ਦੀ ਲੋੜ ਹੈ। ਆਪਣੀਆਂ ਤਕਰੀਰਾਂ ਅਤੇ ਗੱਲਬਾਤਾਂ 'ਚ ਉਸ ਨੇ ਇਕ ਲਫ਼ਜ਼ ਵਰਤਿਆ ਜੋ ਪਹਿਲਾਂ ਕਦੇ ਵਿਹਾਰਕ ਆਰਥਕ ਸੰਕਟ ਉੱਪਰ ਖੁੱਲ੍ਹੇਆਮ ਲਾਗੂ ਨਹੀਂ ਕੀਤਾ ਗਿਆ ਸੀ : ਉਸ ਨੇ "ਸਦਮਾ ਇਲਾਜ" ਅਜ਼ਮਾਉਣ ਦਾ ਸੱਦਾ ਦਿੱਤਾ। ਉਸ ਦਾ ਕਹਿਣਾ ਸੀ ਕਿ ਇਹੀ "ਇਕੋ ਇਕ ਦਵਾ ਹੈ। ਇਸ ਤੋਂ ਬਿਨਾ ਹੋਰ ਕੋਈ ਇਲਾਜ ਹੀ ਨਹੀਂ ਹੈ। ਹੋਰ ਕੋਈ ਪੱਕਾ ਹੱਲ ਨਹੀਂ ਹੈ।"[20] ਜਦੋਂ ਚਿੱਲੀ ਦੇ ਇਕ ਪੱਤਰਕਾਰ ਨੇ ਨੁਕਤਾ ਉਠਾਇਆ ਕਿ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਵੀ ਖੁੱਲ੍ਹੀ ਮੰਡੀ ਨੂੰ ਕਾਬੂ ਹੇਠ ਰੱਖਣ ਲਈ ਪਾਬੰਦੀਆਂ ਲਗਾਈਆਂ ਹੋਈਆਂ ਹਨ ਤਾਂ ਫਰਾਇਡਮੈਨ ਨੇ ਤੜਾਕ ਜਵਾਬ ਦਿੱਤਾ, "ਮੈਂ ਉਸ ਨੂੰ ਪ੍ਰਵਾਨਗੀ ਨਹੀਂ ਦਿੰਦਾ। ਮੇਰਾ ਵਿਸ਼ਵਾਸ ਹੈ ਕਿ ਸਾਨੂੰ ਇਹ ਲਾਗੂ ਨਹੀਂ ਕਰਨੀਆਂ ਚਾਹੀਦੀਆਂ। ਮੈਂ ਆਪਣੇ ਦੇਸ਼ ਵਿਚ ਆਰਥਿਕਤਾ

ਅੰਦਰ ਸਰਕਾਰੀ ਦਖ਼ਲਅੰਦਾਜ਼ੀ ਕਰਨ ਦੇ ਵੀ ਖਿਲਾਫ਼ ਹਾਂ ਅਤੇ ਚਿੱਲੀ 'ਚ ਵੀ।"[21]

ਪਿਨੋਚੇ ਨਾਲ ਮੁਲਾਕਾਤ ਤੋਂ ਬਾਅਦ, ਫਰਾਇਡਮੈਨ ਨੇ ਇਸ ਬਾਰੇ ਕੁਝ ਨਿੱਜੀ ਟਿੱਪਣੀਆਂ ਲਿਖੀਆਂ ਜਿਨ੍ਹਾਂ ਦਾ ਉਸ ਨੇ ਦਹਾਕਿਆਂ ਬਾਅਦ ਆਪਣੀਆਂ ਯਾਦਾਂ 'ਚ ਦੁਬਾਰਾ ਜ਼ਿਕਰ ਕੀਤਾ। ਉਸ ਨੇ ਟਿੱਪਣੀ ਕੀਤੀ ਕਿ ਜਰਨੈਲ ਨੂੰ "ਸਦਮਾ ਇਲਾਜ ਦੇ ਮਸ਼ਵਰੇ ਨੇ ਬਹੁਤ ਟੁੰਬਿਆ ਪਰ ਸਪਸ਼ਟ ਸੀ ਕਿ ਉਹ ਇਸ ਕਾਰਨ ਪੈਦਾ ਹੋਣ ਵਾਲੀ ਆਰਜੀ ਬੇਰੁਜ਼ਗਾਰੀ ਦੀ ਸੰਭਾਵਨਾ ਤੋਂ ਪ੍ਰੇਸ਼ਾਨ ਸੀ।"[22] ਇਸ ਪੱਖੋਂ ਪਿਨੋਚੇ ਪਹਿਲਾਂ ਹੀ ਫੁੱਟਬਾਲ ਸਟੇਡੀਅਮ ਅੰਦਰ ਕਤਲੇਆਮ ਦੇ ਹੁਕਮ ਦੇਣ ਲਈ ਪੂਰੀ ਦੁਨੀਆਂ 'ਚ ਬਦਨਾਮ ਸੀ; ਸਦਮਾ ਇਲਾਜ ਦੀ ਜੋ ਮਨੁੱਖੀ ਕੀਮਤ ਦੇਣੀ ਪੈਣੀ ਸੀ ਇਸ ਬਾਰੇ ਤਾਨਾਸ਼ਾਹ ਦੀ "ਪ੍ਰੇਸ਼ਾਨੀ" ਦੇਖ ਕੇ ਫਰਾਇਡਮੈਨ ਚੁੱਪ ਕਰ ਗਿਆ ਹੋਵੇਗਾ। ਇਸ ਦੀ ਥਾਂ, ਉਸ ਨੇ ਆਪਣੇ ਵਿਚਾਰਾਂ ਦੀ ਪੈਰਵਾਈ ਕਰਦਿਆਂ ਜੋ ਚਿੱਠੀ ਲਿਖੀ ਉਸ ਵਿਚ ਇਸੇ ਨੁਕਤੇ 'ਤੇ ਜ਼ੋਰ ਦਿੱਤਾ ਗਿਆ ਸੀ। ਉਸ ਨੇ ਜਰਨੈਲ ਪਿਨੋਚੇ ਦੇ "ਬਹੁਤ ਜ਼ਿਆਦਾ ਸੂਝ ਬੂਝ ਵਾਲੇ" ਫ਼ੈਸਲਿਆਂ ਦੀ ਤਾਰੀਫ਼ ਕੀਤੀ ਪਰ ਉਸ ਨੂੰ ਸਰਕਾਰੀ ਖ਼ਰਚਾਂ 'ਚ "ਛੇ ਮਹੀਨਿਆਂ ਅੰਦਰ ਹਰ ਖੇਤਰ 'ਚ 25 ਫ਼ੀ ਸਦੀ" ਹੋਰ ਕਟੌਤੀ ਕਰਨ ਲਈ ਕਿਹਾ। ਨਾਲ ਹੀ ਉਸ ਨੇ "ਮੁਕੰਮਲ ਮੁਕਤ ਵਪਾਰ" ਦੀ ਦਿਸ਼ਾ 'ਚ ਅੱਗੇ ਵਧਦੇ ਹੋਏ ਸਰਮਾਏਦਾਰਾਂ ਪੱਖੀ ਹੋਰ ਨੀਤੀਆਂ ਅਪਨਾਉਣ ਲਈ ਕਿਹਾ ਜਿਨ੍ਹਾਂ ਨਾਲ ਮਾਮਲਾ ਸਿਰੇ ਲੱਗ ਜਾਵੇ। ਫਰਾਇਡਮੈਨ ਨੇ ਪੇਸ਼ੀਨਗੋਈ ਕੀਤੀ ਕਿ ਸਰਕਾਰੀ ਖੇਤਰ 'ਚੋਂ ਜਿਹੜੇ ਲੱਖਾਂ ਲੋਕਾਂ ਨੂੰ ਨੌਕਰੀ ਤੋਂ ਹਟਾਇਆ ਜਾਵੇਗਾ ਉਨ੍ਹਾਂ ਨੂੰ ਉਸ ਨਿੱਜੀ ਖੇਤਰ 'ਚ ਝਟਪਟ ਨੌਕਰੀਆਂ ਮਿਲ ਜਾਣਗੀਆਂ ਜਿਸ ਵਿਚ ਪਿਨੋਚੇ ਵਲੋਂ "ਵੱਧ ਤੋਂ ਵੱਧ ਸੰਭਵ ਰੁਕਾਵਟਾਂ ਨੂੰ ਦੂਰ ਕਰ ਦੇਣ" ਨਾਲ ਤੇਜ਼ੀ ਆਵੇਗੀ, ਰੁਕਾਵਟਾਂ "ਜੋ ਹੁਣ ਨਿੱਜੀ ਮੰਡੀ 'ਚ ਅੜਿੱਕਾ ਬਣੀਆਂ ਹੋਈਆਂ ਹਨ।"[23]

ਫਰਾਇਡਮੈਨ ਨੇ ਜਰਨੈਲ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਉਸ ਦੀ ਸਲਾਹ ਮੰਨ ਲਵੇ ਤਾਂ ਉਹ "ਆਰਥਕ ਚਮਤਕਾਰ" ਦਾ ਸਿਹਰਾ ਲੈ ਸਕਦਾ ਹੈ; "ਉਹ ਮਹੀਨਿਆਂ 'ਚ ਹੀ ਸਿੱਕੇ ਦੇ ਫੈਲਾਅ ਨੂੰ ਖ਼ਤਮ ਕਰ ਸਕਦਾ ਹੈ।" ਜਦਕਿ ਬੇਰੁਜ਼ਗਾਰੀ ਦੀ ਸਮੱਸਿਆ ਵੀ ਇੰਨੇ "ਮਹੀਨੇ ਹੀ ਰਹੇਗੀ ਅਤੇ ਇਸ ਤੋਂ ਅੱਗੇ ਆਰਥਕ ਹਾਲਤ ਤੇਜ਼ੀ ਨਾਲ ਸੁਧਰੇਗੀ।" ਬਸ ਲੋੜ ਇਸ ਦੀ ਹੈ ਕਿ ਪਿਨੋਚੇ ਫਟਾਫਟ ਅਤੇ ਦ੍ਰਿੜਤਾ ਨਾਲ ਕਾਰਵਾਈ ਕਰੇ; ਫਰਾਇਡਮੈਨ ਨੇ "ਸਦਮੇ" ਦੀ ਮਹੱਤਤਾ ਉੱਪਰ ਵਾਰ ਵਾਰ ਜ਼ੋਰ ਦਿੱਤਾ, ਉਸ ਨੇ ਇਹ ਲਫ਼ਜ਼ ਤਿੰਨ ਵਾਰ ਵਰਤਿਆ ਅਤੇ ਜ਼ੋਰ ਦਿੱਤਾ ਕਿ "ਸਹਿਜਵਾਦ ਨਹੀਂ ਚੱਲੇਗਾ।"[24]

ਪਿਨੋਚੇ ਦੀ ਸੋਚ ਬਦਲ ਗਈ। ਇਸ ਦੇ ਜਵਾਬ 'ਚ ਚਿੱਠੀ ਲਿਖ ਕੇ ਚਿੱਲੀ ਦੇ ਉੱਚਤਮ ਮੁਖੀ ਨੇ ਫਰਾਇਡਮੈਨ ਦਾ "ਬਹੁਤ ਜ਼ਿਆਦਾ ਆਦਰ" ਕਰਦਿਆਂ ਉਸ ਨੂੰ ਭਰੋਸਾ ਦਿਵਾਇਆ ਕਿ "ਹੁਣ ਯੋਜਨਾ ਨੂੰ ਮੁਕੰਮਲ ਰੂਪ 'ਚ ਲਾਗੂ ਕੀਤਾ ਜਾ ਰਿਹਾ ਹੈ।"[25] ਫਰਾਇਡਮੈਨ ਦੀ ਫੇਰੀ ਤੋਂ ਤੁਰੰਤ ਬਾਅਦ ਪਿਨੋਚੇ ਨੇ ਆਪਣੇ ਆਰਥਕ ਮੰਤਰੀ ਨੂੰ ਹਟਾ ਦਿੱਤਾ ਅਤੇ ਇਹ ਜ਼ਿੰਮੇਵਾਰੀ ਸਰਜੀਓ ਡੀ ਕਾਸਤਰੋ ਨੂੰ ਸੌਂਪ ਦਿੱਤੀ। ਬਾਅਦ 'ਚ ਡੀ ਕਾਸਤਰੋ ਨੂੰ ਤਰੱਕੀ ਦੇ ਕੇ ਵਿੱਤ ਮੰਤਰੀ ਬਣਾ ਦਿੱਤਾ ਗਿਆ। ਡੀ ਕਾਸਤਰੋ ਨੇ ਸਰਕਾਰ 'ਚ ਆਪਣੇ ਸ਼ਿਕਾਗੋ ਵਾਲੇ ਯਾਰ ਵੱਡੀ ਗਿਣਤੀ 'ਚ ਭਰਤੀ ਕਰ ਲਏ, ਇਨ੍ਹਾਂ ਵਿਚੋਂ ਇਕ ਨੂੰ ਕੇਂਦਰੀ ਬੈਂਕ ਦਾ ਮੁਖੀ ਬਣਾ ਦਿੱਤਾ ਗਿਆ। ਔਰਲੈਂਡੋ ਸਾਏਨਜ਼ ਨੇ ਵਿਆਪਕ ਪੱਧਰ 'ਤੇ ਨੌਕਰੀਆਂ ਖ਼ਤਮ ਕਰਨ ਅਤੇ ਪਲਾਂਟ ਬੰਦ ਕਰਨ ਬਾਰੇ ਇਤਰਾਜ਼ ਕੀਤਾ ਸੀ। ਉਸ ਨੂੰ ਉਦਯੋਗਪਤੀਆਂ ਦੀ ਸਭਾ ਦੇ ਮੁਖੀ ਦੇ ਅਹੁਦੇ ਤੋਂ ਹਟਾ ਕੇ ਉਸ ਦੀ ਥਾਂ ਐਸੇ ਸ਼ਖਸ ਨੂੰ ਮੁਖੀ ਬਣਾਇਆ ਗਿਆ ਜਿਸ ਦਾ ਰਵੱਈਆ ਸਦਮਾ ਇਲਾਜ ਦੇ ਹੱਕ 'ਚ

ਵਧੇਰੇ ਸੀ। ਨਵੇਂ ਨਿਰਦੇਸ਼ਕ ਨੇ ਐਲਾਨ ਕੀਤਾ, "ਜੇ ਕੋਈ ਸਨਅਤਕਾਰ ਐਸੇ ਹਨ ਜਿਨ੍ਹਾਂ ਨੂੰ ਇਸ ਬਾਰੇ ਇਤਰਾਜ਼ ਹੈ ਤਾਂ ਉਹ 'ਢੱਠੇ ਖੂਹ 'ਚ ਪੈਣ।' ਮੈਂ ਉਨ੍ਹਾਂ ਦੀ ਹਮਾਇਤ ਨਹੀਂ ਕਰਾਂਗਾ।"[26]

ਨਾਂਹ ਕਹਿਣ ਵਾਲਿਆਂ ਤੋਂ ਛੁਟਕਾਰਾ ਪਾ ਕੇ, ਪਿਨੋਚੇ ਅਤੇ ਡੀ ਕਾਸਤਰੋ ਆਪਣਾ ਖ਼ਾਲਸ ਸਰਮਾਏਦਾਰੀ ਦਾ ਸੁਪਨਾ ਸਾਕਾਰ ਕਰਨ ਲਈ ਕਲਿਆਣਕਾਰੀ ਰਾਜ ਨੂੰ ਤਿਲਾਂਜਲੀ ਦੇਣ ਦੇ ਕੰਮ 'ਚ ਜੁਟ ਗਏ। 1975 'ਚ ਉਨ੍ਹਾਂ ਨੇ ਲੋਕ ਭਲਾਈ ਉੱਪਰ ਸਰਕਾਰੀ ਖ਼ਰਚਿਆਂ 'ਚ ਇਕੋ ਸੱਟੇ 27 ਫ਼ੀ ਸਦੀ ਕਟੌਤੀ ਕਰ ਦਿੱਤੀ ਅਤੇ ਉਹ ਓਦੋਂ ਤੱਕ ਕਟੌਤੀ ਕਰਦੇ ਗਏ ਜਦੋਂ 1980 'ਚ ਇਹ ਅਲੈਂਡੇ ਦੇ ਰਾਜ ਨਾਲੋਂ ਅੱਧੇ ਰਹਿ ਗਏ।[27] ਸਿਹਤ ਅਤੇ ਸਿੱਖਿਆ ਉੱਪਰ ਸਭ ਤੋਂ ਵੱਧ ਮਾਰ ਪਈ। ਇੱਥੋਂ ਤੱਕ ਕਿ ਖੁੱਲ੍ਹੀ ਮੰਡੀ ਉੱਪਰ ਕੱਛਾਂ ਵਜਾਉਣ ਵਾਲੇ *ਦੀ ਇਕਨਾਮਿਸਟ* ਨੇ ਵੀ ਇਸ ਨੂੰ "ਆਪਣੇ ਅੰਗ ਵੱਢ ਦੇਣ ਦੀ ਖ਼ਰਮਸਤੀ" ਕਹਿ ਦਿੱਤਾ।[28] ਡੀ ਕਾਸਤਰੋ ਨੇ ਤਕਰੀਬਨ ਪੰਜ ਸੌ ਸਰਕਾਰੀ ਕੰਪਨੀਆਂ ਅਤੇ ਬੈਂਕਾਂ ਦਾ ਨਿੱਜੀਕਰਨ ਕਰ ਦਿੱਤਾ। ਵਿਹਾਰਕ ਤੌਰ 'ਤੇ ਇਨ੍ਹਾਂ ਵਿਚੋਂ ਕਈ ਤਾਂ ਉਸ ਨੇ ਸਰਮਾਏਦਾਰਾਂ ਨੂੰ ਦਾਨ ਹੀ ਕਰ ਦਿੱਤੀਆਂ ਕਿਉਂਕਿ ਜਿੰਨੀ ਛੇਤੀ ਹੋ ਸਕੇ ਇਨ੍ਹਾਂ ਨੂੰ 'ਆਰਥਕ ਪ੍ਰਬੰਧ ਵਿਚ ਸਹੀ ਥਾਂ ਦੇਣ ਦਾ ਸਵਾਲ' ਸੀ।[29] ਉਸ ਨੇ ਸਥਾਨਕ ਕੰਪਨੀਆਂ 'ਤੇ ਵੀ ਕੋਈ ਤਰਸ ਨਹੀਂ ਕੀਤਾ ਅਤੇ ਵਪਾਰਕ ਰੋਕਾਂ ਹੋਰ ਜ਼ਿਆਦਾ ਹਟਾ ਦਿੱਤੀਆਂ; ਸਿੱਟੇ ਵਜੋਂ 1973 ਅਤੇ 1983 ਦਰਮਿਆਨ 177,000 ਸਨਅਤੀ ਨੌਕਰੀਆਂ ਖ਼ਤਮ ਹੋ ਗਈਆਂ।[30] 1980ਵਿਆਂ ਦੇ ਅੱਧ 'ਚ, ਸਨਅਤੀ ਖੇਤਰ ਆਰਥਿਕਤਾ ਦੀ ਫ਼ੀ ਸਦੀ ਪੱਖੋਂ ਉਸ ਪੱਧਰ ਤੱਕ ਹੇਠਾਂ ਜਾ ਡਿਗਿਆ ਜਿਹੜਾ ਪੱਧਰ ਦੂਜੀ ਸੰਸਾਰ ਜੰਗ ਸਮੇਂ ਆਖ਼ਰੀ ਵਾਰ ਦੇਖਣ 'ਚ ਆਇਆ ਸੀ।[31]

ਫਰਾਇਡਮੈਨ ਨੇ ਜੋ ਨੁਸਖ਼ਾ ਦੱਸਿਆ ਸੀ ਸਦਮਾ ਇਲਾਜ ਉਸ ਦੀ ਚੂੱਕਵੀਂ ਪ੍ਰੀਭਾਸ਼ਾ ਸੀ। ਪਿਨੋਚੇ ਨੇ ਆਪਣੇ ਵਤਨ ਨੂੰ ਉਸ ਅਣਪਰਖੇ ਸਿਧਾਂਤ ਦੇ ਅਧਾਰ 'ਤੇ ਜਾਣ-ਬੁੱਝ ਕੇ ਘੋਰ ਮੰਦਵਾੜੇ ਦਾ ਸ਼ਿਕਾਰ ਬਣਾ ਦਿੱਤਾ ਜੋ ਕਹਿੰਦਾ ਸੀ ਕਿ ਅਚਾਨਕ ਪਿਚਕਾ ਦੇਣ ਵਾਲੇ ਸਦਮੇ ਨਾਲ ਆਰਥਿਕਤਾ ਤੰਦਰੁਸਤ ਹੋ ਜਾਵੇਗੀ। ਦਲੀਲ ਪੱਖੋਂ, ਇਹ ਮਨੋਰੋਗ ਡਾਕਟਰਾਂ ਦੀ ਦਲੀਲ ਨਾਲ ਉਘੜਵੇਂ ਰੂਪ 'ਚ ਮੇਲ ਖਾਂਦੀ ਸੀ ਜਿਨ੍ਹਾਂ ਨੇ 1940ਵਿਆਂ ਅਤੇ 1950ਵਿਆਂ 'ਚ ਈ ਸੀ ਟੀ ਦੀ ਵੱਡੀ ਪੱਧਰ 'ਤੇ ਸਲਾਹ ਦੇਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੂੰ ਇਹ ਜਚਿਆ ਹੋਇਆ ਸੀ ਕਿ ਮਰੀਜ਼ਾਂ ਦੇ ਪੂਰੇ ਦਿਮਾਗ ਨੂੰ ਜਾਣ-ਬੁੱਝ ਕੇ ਬੇਹੋਸ਼ੀ ਦੇ ਦੌਰੇ ਪਾਉਣ ਨਾਲ ਉਨ੍ਹਾਂ ਦੇ ਦਿਮਾਗ ਚਮਤਕਾਰੀ ਢੰਗ ਨਾਲ ਦੁਬਾਰਾ ਚੱਲਣੇ ਸ਼ੁਰੂ ਹੋ ਜਾਣਗੇ।

ਆਰਥਕ ਸਦਮਾ ਇਲਾਜ ਦੇ ਸਿਧਾਂਤ ਦੀ ਟੇਕ ਇਕ ਹੱਦ ਤੱਕ ਸਿੱਕੇ ਦੇ ਫੈਲਾਅ ਦੇ ਅਮਲ ਨੂੰ ਤ੍ਰਿਪਤ ਕਰਨ ਦੀਆਂ ਸੰਭਾਵਨਾਵਾਂ ਦੀ ਭੂਮਿਕਾ ਉੱਪਰ ਸੀ। ਸਿੱਕੇ ਦੇ ਫੈਲਾਅ ਨੂੰ ਕੰਟਰੋਲ ਕਰਨ ਲਈ ਨਾ ਸਿਰਫ਼ ਮੁਦਰਾ ਨੀਤੀ 'ਚ ਤਬਦੀਲੀ ਕਰਨ ਦੀ ਸਗੋਂ ਖਪਤਕਾਰਾਂ, ਫੈਕਟਰੀ ਮਾਲਕਾਂ ਅਤੇ ਮਜ਼ਦੂਰਾਂ ਦੇ ਵਤੀਰੇ 'ਚ ਤਬਦੀਲੀ ਲਿਆਉਣ ਦੀ ਲੋੜ ਹੁੰਦੀ ਹੈ ਅਤੇ ਜਨਤਾ ਨੂੰ ਸੰਕੇਤ ਦੇ ਦਿੱਤਾ ਜਾਂਦਾ ਹੈ ਕਿ ਖੇਡ੍ਹ ਦੇ ਨਿਯਮਾਂ 'ਚ ਇਸ ਤਰ੍ਹਾਂ ਨਾਟਕੀ ਤਬਦੀਲੀ ਕਰ ਦਿੱਤੀ ਗਈ ਹੈ : ਨਾ ਹੁਣ ਕੀਮਤਾਂ ਵਧਾਈਆਂ ਜਾਇਆ ਕਰਨਗੀਆਂ, ਨਾ ਉਜਰਤਾਂ ਵਧਾਈਆਂ ਜਾਣਗੀਆਂ। ਇਸ ਸਿਧਾਂਤ ਅਨੁਸਾਰ, ਜੇ ਸਿੱਕੇ ਦੇ ਤੇਜ਼ੀ ਨਾਲ ਫੈਲਾਅ ਦੀਆਂ ਵੱਧ ਸੰਭਾਵਨਾਵਾਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਹਨ, ਮੰਦਵਾੜੇ ਦੇ ਕਸ਼ਟ ਦਾ ਸਮਾਂ ਜਿੰਨਾ ਥੋੜ੍ਹਾ ਹੁੰਦਾ ਹੈ, ਬੇਰੁਜ਼ਗਾਰੀ ਓਨੀ ਵਧ ਹੋਵੇਗੀ। ਜਦਕਿ, ਖ਼ਾਸ ਕਰਕੇ ਉਨ੍ਹਾਂ ਦੇਸ਼ਾਂ 'ਚ ਜਿੱਥੇ ਜਨਤਾ 'ਚ ਸਿਆਸੀ ਜਮਾਤ ਦੀ ਪ੍ਰਤੀਤ ਖ਼ਤਮ ਹੋ ਜਾਂਦੀ ਹੈ, ਕਿਹਾ ਜਾਂਦਾ ਹੈ ਕਿ ਉੱਥੇ ਸਿਰਫ਼ ਨੀਤੀ ਦੇ ਵੱਡੇ,

ਫ਼ੈਸਲਾਕੁਨ ਸਦਮੇ ’ਚ ਹੀ ਜਨਤਾ ਨੂੰ ਇਹ ਕੌੜੇ ਸਬਕ “ਸਿਖਾਉਣ” ਦੀ ਤਾਕਤ ਹੁੰਦੀ ਹੈ।•

ਮੰਦਵਾੜਾ ਪੈਦਾ ਕਰਨਾ ਵਹਿਸ਼ੀ ਸੋਚ ਹੈ, ਕਿਉਂਕਿ ਇਸ ਨਾਲ ਲਾਜ਼ਮੀ ਤੌਰ ’ਤੇ ਜਨਤਕ ਪੱਧਰ ’ਤੇ ਗਰੀਬੀ ਪੈਦਾ ਹੁੰਦੀ ਹੈ, ਇਹੀ ਵਜ੍ਹਾ ਹੈ ਕਿ ਇਸ ਸਮੇਂ ਤੱਕ ਕੋਈ ਸਿਆਸੀ ਆਗੂ ਇਸ ਸਿਧਾਂਤ ਦਾ ਤਜਰਬਾ ਕਰਨ ਦਾ ਖ਼ਾਹਸ਼ਮੰਦ ਨਹੀਂ ਸੀ। ਜਿਸ ਨੂੰ *ਬਿਜ਼ਨੈੱਸ ਵੀਕ* ਨੇ “ਜਾਣ-ਬੁੱਝ ਕੇ ਮੰਦਵਾੜਾ ਪੈਦਾ ਕਰਨ ਦੀ ਡਾ. ਅਜੀਬ ਮੋਹ ਦੀ ਦੁਨੀਆਂ” ਕਿਹਾ ਸੀ, ਉਸ ਲਈ ਕੌਣ ਜ਼ਿੰਮੇਵਾਰ ਬਣਨਾ ਚਾਹੇਗਾ ? [32]

ਇਹ ਕੰਮ ਪਿਨੋਚੇ ਨੇ ਕੀਤਾ। ਫਰਾਇਡਮੈਨ ਨੇ ਜੋ ਸਦਮਾ ਇਲਾਜ ਦੀ ਸਿਫਾਰਸ਼ ਕੀਤੀ ਸੀ ਉਸ ਦੇ ਪਹਿਲੇ ਸਾਲ ’ਚ ਚਿੱਲੀ ਦੀ ਆਰਥਿਕਤਾ 15 ਫ਼ੀ ਸਦੀ ਸੁੰਗੜ ਗਈ ਅਤੇ ਬੇਰੁਜ਼ਗਾਰੀ—ਜੋ ਅਲੈਂਡੇ ਦੇ ਰਾਜ ’ਚ ਸਿਰਫ਼ 3 ਫ਼ੀ ਸਦੀ ਸੀ—20 ਫ਼ੀ ਸਦੀ ਨੂੰ ਜਾ ਪਹੁੰਚੀ, ਇਹ ਦਰ ਓਦੋਂ ਤੱਕ ਚਿੱਲੀ ’ਚ ਕਦੇ ਸੁਣਨ ’ਚ ਨਹੀਂ ਆਈ ਸੀ।[33] ਦੇਸ਼ ਸਚਮੁੱਚ ਇਸ ਦੇ “ਇਲਾਜ” ਨਾਲ ਤੜਫ਼ ਰਿਹਾ ਸੀ ਅਤੇ ਫਰਾਇਡਮੈਨ ਦੀਆਂ ਰੌਸ਼ਨ ਭਵਿੱਖਬਾਣੀਆਂ ਦੇ ਉਲਟ, ਬੇਰੁਜ਼ਗਾਰੀ ਦਾ ਸੰਕਟ ਮਹੀਨਿਆਂ ਤੱਕ ਸੀਮਤ ਨਹੀਂ ਸੀ, ਇਹ ਸਾਲਾਂ ਬੱਧੀ ਚਲਦਾ ਰਿਹਾ।[34] ਫ਼ੌਜੀ ਗੁੱਟ ਜੋ ਬੀਮਾਰੀ ਬਾਰੇ ਫਰਾਇਡਮੈਨ ਦੇ ਅਲੰਕਾਰਾਂ ਦੀਆਂ ਮਿਸਾਲਾਂ ਲਗਾਤਾਰ ਦਿੰਦਾ ਰਿਹਾ ਸੀ, ਉਸ ਨੂੰ ਹਾਲੇ ਵੀ ਕੋਈ ਪਛਤਾਵਾ ਨਹੀਂ ਸੀ। ਉਹ ਹਾਲੇ ਵੀ ਵਿਆਖਿਆ ਦੇ ਰਹੇ ਸਨ ਕਿ “ਇਹ ਰਾਹ ਇਸ ਕਰਕੇ ਚੁਣਿਆ ਸੀ ਕਿਉਂਕਿ ਇਹੀ ਇਕੋ ਇਕ ਰਾਹ ਹੈ ਜੋ ਸਿੱਧਾ ਨਬਜ਼ ’ਤੇ ਹੱਥ ਰੱਖਦਾ ਹੈ।”[35] ਫਰਾਇਡਮੈਨ ਨੇ ਝਟਪਟ ਹਾਂ ’ਚ ਹਾਂ ਮਿਲਾ ਦਿੱਤੀ। ਜਦੋਂ ਇਕ ਪੱਤਰਕਾਰ ਨੇ ਸਵਾਲ

• ਸ਼ਿਕਾਗੋ ਸਕੂਲ ਦੇ ਕੁਝ ਅਰਥਸ਼ਾਸਤਰੀ ਦਾਅਵਾ ਕਰਦੇ ਹਨ ਕਿ ਸਦਮਾ ਇਲਾਜ ਦਾ ਪਹਿਲਾ ਤਜਰਬਾ 20 ਜੂਨ 1948 ਨੂੰ ਜਰਮਨੀ ਵਿਚ ਕੀਤਾ ਗਿਆ ਸੀ। ਭਾਵ ਜਦੋਂ ਵਿਤ ਮੰਤਰੀ ਲੁਡਵਿਗ ਇਰਹਾਰਡ ਨੇ ਕੀਮਤਾਂ ਤੋਂ ਜ਼ਿਆਦਾਤਰ ਕੰਟਰੋਲ ਖ਼ਤਮ ਕਰ ਦਿੱਤੇ ਅਤੇ ਨਵਾਂ ਸਿੱਕਾ ਚਾਲੂ ਕਰ ਦਿੱਤਾ। ਇਹ ਕਾਰਵਾਈਆਂ ਅਚਾਨਕ ਅਤੇ ਚੇਤਾਵਨੀ ਦਿੱਤੇ ਬਗ਼ੈਰ ਕੀਤੀਆਂ ਗਈਆਂ ਸਨ। ਜਰਮਨੀ ਦੀ ਆਰਥਿਕਤਾ ਲਈ ਇਹ ਭਾਰੀ ਸਦਮਾ ਸੀ, ਜਿਸ ਦੇ ਸਿੱਟੇ ਵਜੋਂ ਵਿਆਪਕ ਬੇਰੁਜ਼ਗਾਰੀ ਫੈਲ ਗਈ। ਅਸਲ ਵਿਚ, ਇੱਥੇ ਹੀ ਸਮਾਨਤਾ ਖ਼ਤਮ ਹੋ ਜਾਂਦੀ ਹੈ : ਇਰਹਾਰਡ ਨੇ ਜੋ ਸੁਧਾਰ ਕੀਤੇ ਉਹ ਕੀਮਤ ਅਤੇ ਮੁਦਰਾ ਨੀਤੀ ਤੱਕ ਸੀਮਤ ਸਨ। ਇਨ੍ਹਾਂ ਵਿਚ ਸਮਾਜਿਕ ਪ੍ਰੋਗਰਾਮ ’ਚ ਕਟੌਤੀਆਂ ਜਾਂ ਖੁੱਲ੍ਹੇ ਵਪਾਰ ਨੂੰ ਤੇਜ਼ੀ ਨਾਲ ਲਾਗੂ ਕਰਨਾ ਸ਼ਾਮਲ ਨਹੀਂ ਸੀ। ਅਤੇ ਉਜਰਤਾਂ ’ਚ ਵਾਧੇ ਸਮੇਤ ਕਈ ਕਦਮ ਤਾਂ ਨਾਗਰਿਕਾਂ ਨੂੰ ਇਨ੍ਹਾਂ ਸਦਮਿਆਂ ਤੋਂ ਬਚਾਉਣ ਲਈ ਚੁੱਕੇ ਗਏ ਸਨ। ਇੱਥੋਂ ਤੱਕ ਕਿ ਇਸ ਸਦਮੇ ਤੋਂ ਬਾਅਦ ਦਾ ਪੱਛਮੀ ਜਰਮਨੀ ਫਰਾਇਡਮੈਨ ਦੀ ਨੀਮ-ਸਮਾਜਵਾਦੀ ਕਲਿਆਣਕਾਰੀ ਰਾਜ ਦੀ ਪ੍ਰੀਭਾਸ਼ਾ ਨਾਲ ਸੁਖਾਲਿਆਂ ਹੀ ਮੇਲ ਖਾਂਦਾ ਸੀ : ਇਸ ਨੇ ਸਬਸਿਡੀਆਂ ਤਹਿਤ ਮਕਾਨ, ਸਰਕਾਰੀ ਪੈਨਸ਼ਨਾਂ, ਸਰਕਾਰੀ ਸਿਹਤ ਸਹੂਲਤਾਂ ਅਤੇ ਸਿੱਖਿਆ ਦਾ ਸਰਕਾਰੀ ਪਬੰਧ ਮੁਹੱਈਆ ਕੀਤੇ, ਜਦਕਿ ਫ਼ੋਨ ਕੰਪਨੀ ਤੋਂ ਲੈ ਕੇ ਐਲਮਿਨੀਅਮ ਪਲਾਂਟਾਂ ਤੱਕ ਹਰ ਚੀਜ਼ ਦਾ ਪ੍ਰਬੰਧ ਸਰਕਾਰ ਆਪ ਚਲਾਉਂਦੀ ਸੀ ਅਤੇ ਸਬਸਿਡੀਆਂ ਦਿੰਦੀ ਸੀ। ਸਦਮਾ ਇਲਾਜ ਦੀ ਖੋਜ ਦਾ ਸਿਹਰਾ ਇਰਹਾਰਡ ਸਿਰ ਬੰਨ੍ਹਣਾ ਤੱਥਾਂ ਨੂੰ ਮਰਜ਼ੀ ਅਨੁਸਾਰ ਬਿਆਨ ਕਰਨਾ ਹੈ, ਕਿਉਂਕਿ ਇਹ ਤਜਰਬਾ ਪੱਛਮੀ ਜਰਮਨੀ ਦੇ ਤਾਨਾਸ਼ਾਹੀ ਰਾਜ ਤੋਂ ਮੁਕਤ ਹੋ ਜਾਣ ਤੋਂ ਬਾਅਦ ਹੋਇਆ ਸੀ। ਪਰ ਇਰਹਾਰਡ ਵਲੋਂ ਦਿੱਤਾ ਸਦਮਾ ਉਸ ਹੂੰਝਾ ਫੇਰੂ ਬਦਲ ਨਾਲ ਬਹੁਤ ਘੱਟ ਮਿਲਦਾ-ਜੁਲਦਾ ਹੈ ਜਿਸ ਨੂੰ ਅੱਜਕੱਲ੍ਹ ਆਰਥਕ ਸਦਮਾ ਇਲਾਜ ਸਮਝਿਆ ਜਾਂਦਾ ਹੈ। ਫਰਾਇਡਮੈਨ ਅਤੇ ਪਿਨੋਚੇ ਨੇ ਇਹ ਉਸ ਦੇਸ਼ ’ਚ ਲਾਗੂ ਕੀਤਾ ਸੀ ਜਿਸ ਦੀ ਆਜ਼ਾਦੀ ਖ਼ਤਮ ਹੋ ਚੁੱਕੀ ਸੀ।

ਕੀਤਾ "ਕੀ ਉਸ ਦੀਆਂ ਨੀਤੀਆਂ ਦੀ ਸਮਾਜਿਕ ਕੀਮਤ ਬੇਹਿਸਾਬ ਹੋਵੇਗੀ," ਉਸ ਨੇ ਜਵਾਬ ਦਿੱਤਾ, "ਬੇਵਕੂਫ਼ਾਂ ਵਾਲਾ ਸਵਾਲ।"[36] ਇਕ ਹੋਰ ਪੱਤਰਕਾਰ ਦਾ ਜਵਾਬ ਦਿੰਦਿਆਂ ਉਸ ਨੇ ਕਿਹਾ, "ਮੇਰਾ ਇਕੋ ਇਕ ਸਰੋਕਾਰ ਇਹ ਹੈ ਕਿ ਉਹ ਇਸ ਨੂੰ ਲੰਮੇ ਸਮੇਂ ਤੱਕ ਅਤੇ ਸਖ਼ਤੀ ਨਾਲ ਜਾਰੀ ਰੱਖਣ।"[37]

ਮਜ਼ੇ ਦੀ ਗੱਲ ਇਹ ਹੈ ਕਿ ਸਦਮਾ ਇਲਾਜ ਦੀ ਸਭ ਤੋਂ ਜ਼ਬਰਦਸਤ ਅਲੋਚਨਾ ਵੀ ਫਰਾਇਡਮੈਨ ਦੇ ਇਕ ਸਾਬਕਾ ਸ਼ਾਗਿਰਦ ਐਂਦਰੀ ਗੁੰਡਰ ਫਰੈਂਕ ਨੇ ਕੀਤੀ ਸੀ। ਪੰਜਾਹਵਿਆਂ ਦੇ ਅਖ਼ੀਰ 'ਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਪੜ੍ਹਾਈ ਕਰਨ ਸਮੇਂ ਗੁੰਡਰ ਫਰੈਂਕ—ਜੋ ਜਰਮਨੀ ਤੋਂ ਸੀ—ਨੇ ਚਿੱਲੀ ਬਾਰੇ ਐਨੀ ਜ਼ਿਆਦਾ ਚਰਚਾ ਸੁਣੀ ਹੋਈ ਸੀ ਕਿ ਜਦੋਂ ਉਸ ਨੇ ਅਰਥਸ਼ਾਸਤਰ ਬਾਰੇ ਪੀ ਐੱਚ ਡੀ ਦੀ ਡਿਗਰੀ ਲਈ, ਉਸ ਨੇ ਉਸ ਦੇਸ਼ ਨੂੰ ਅੱਖੀਂ ਦੇਖਣ ਦਾ ਮਨ ਬਣਾਇਆ ਜਿਸ ਨੂੰ ਉਸ ਦੇ ਪ੍ਰੋਫੈਸਰ ਭੈੜੇ ਪ੍ਰਬੰਧ ਵਾਲੇ ਵਿਕਾਸਵਾਦੀ ਸੁਪਨੇ ਵਜੋਂ ਪੇਸ਼ ਕਰਦੇ ਸਨ। ਉਸ ਨੇ ਜੋ ਦੇਖਿਆ ਉਸ ਨੂੰ ਚੰਗਾ ਲੱਗਿਆ। ਉਸ ਨੇ ਚਿੱਲੀ ਯੂਨੀਵਰਸਿਟੀ ਦੀ ਨੌਕਰੀ ਛੱਡ ਦਿੱਤੀ ਅਤੇ ਸਲਵਾਡੋਰ ਅਲੈਂਡੇ ਸਰਕਾਰ ਦੇ ਆਰਥਕ ਸਲਾਹਕਾਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਮਨ 'ਚ ਅਲੈਂਡੇ ਲਈ ਬਹੁਤ ਸਤਿਕਾਰ ਪੈਦਾ ਹੋ ਗਿਆ ਸੀ। ਖੁੱਲ੍ਹੀ ਮੰਡੀ ਦੇ ਕੱਟੜ ਮੱਤ ਨਾਲੋਂ ਨਾਤਾ ਤੋੜਨ ਉਪਰੰਤ ਸ਼ਿਕਾਗੋ ਵਾਲੇ ਇਸ ਮੁੰਡੇ ਦੀ ਦੇਸ਼ ਦੇ ਆਰਥਕ ਵਿਕਾਸ ਬਾਰੇ ਨਿਵੇਕਲੀ ਭਵਿੱਖੀ ਸੋਚ ਵਿਕਸਤ ਹੋ ਗਈ। ਫਰਾਇਡਮੈਨ ਨੇ ਜੋ ਵੱਧ ਤੋਂ ਵੱਧ ਸਦਮੇ ਦਾ ਮਸ਼ਵਰਾ ਦਿੱਤਾ ਸੀ ਇਸ ਤੋਂ ਇਕ ਸਾਲ ਬਾਅਦ ਫਰੈਂਕ ਨੇ ਅਰਨੈਲਡ ਹਾਰਬਰਜ਼ਰ ਅਤੇ ਮਿਲਟਨ ਫਰਾਇਡਮੈਨ ਨੂੰ "ਖੁੱਲ੍ਹੀ ਚਿੱਠੀ" ਲਿਖੀ। ਚਿੱਠੀ ਵਿਚ ਉਸ ਨੇ ਸ਼ਿਕਾਗੋ ਸਕੂਲ ਦੀ ਪੜ੍ਹਾਈ ਨੂੰ ਇਹ "ਘੋਖ-ਪੜਤਾਲ ਕਰਨ ਲਈ ਵਰਤਿਆ ਕਿ ਮਰੀਜ਼ ਚਿੱਲੀ ਨੇ ਤੁਹਾਡੇ ਇਲਾਜ ਬਾਰੇ ਕੀ ਪ੍ਰਤੀਕਰਮ ਦਿਖਾਇਆ ਹੈ।"[38]

ਉਸ ਨੇ ਹਿਸਾਬ ਲਾਇਆ ਕਿ ਜਿਸ ਨੂੰ ਪਿਨੋਚੇ "ਗੁਜ਼ਾਰੇ ਲਾਇਕ ਉਜਰਤ ਦੱਸਦਾ ਸੀ ਉਸ ਦੇ ਅਧਾਰ 'ਤੇ ਚਿੱਲੀ ਦੇ ਇਕ ਪਰਿਵਾਰ ਵਲੋਂ ਜਿਊਂਦੇ ਰਹਿਣ ਦੀ ਵਾਹ ਲਾਉਣ ਦਾ ਕੀ ਅਰਥ ਬਣਦਾ ਸੀ। ਮੋਟੇ ਤੌਰ 'ਤੇ, ਪਰਿਵਾਰ ਦੀ 74 ਫ਼ੀ ਸਦੀ ਆਮਦਨੀ ਰੋਟੀ 'ਤੇ ਹੀ ਖਰਚੀ ਗਈ ਅਤੇ ਪਰਿਵਾਰ ਦੁੱਧ ਅਤੇ ਕੰਮ 'ਤੇ ਜਾਣ ਲਈ ਬੱਸ ਦੇ ਕਿਰਾਏ ਵਰਗੀਆਂ "ਅੱਯਾਸ਼ੀ ਦੀਆਂ ਚੀਜ਼ਾਂ" ਉੱਤੇ ਕਟੌਤੀ ਲਾਉਣ ਲਈ ਮਜਬੂਰ ਹੋ ਗਿਆ। ਇਸ ਦੀ ਤੁਲਨਾ 'ਚ, ਅਲੈਂਡੇ ਦੀ ਸਰਕਾਰ ਸਮੇਂ ਇਕ ਸਰਕਾਰੀ ਮੁਲਾਜ਼ਮ ਦੀ ਤਨਖਾਹ ਦਾ ਸਿਰਫ਼ 17 ਫ਼ੀ ਸਦੀ ਰੋਟੀ, ਦੁੱਧ ਅਤੇ ਬੱਸਾਂ ਦੇ ਕਿਰਾਏ ਭਾੜੇ 'ਤੇ ਖ਼ਰਚ ਹੁੰਦਾ ਸੀ।[39] ਹੁਣ ਬਹੁਤ ਸਾਰੇ ਬੱਚਿਆਂ ਨੂੰ ਸਕੂਲ 'ਚ ਦੁੱਧ ਵੀ ਨਸੀਬ ਨਹੀਂ ਹੁੰਦਾ ਸੀ, ਕਿਉਂਕਿ ਫ਼ੌਜੀ ਗੁੱਟ ਦੀ ਪਹਿਲੀ ਮੁਹਿੰਮ ਹੀ ਸਕੂਲ 'ਚ ਦੁੱਧ ਪਿਆਉਣ ਦੇ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਸੀ। ਘਰ 'ਚ ਮਾਯੂਸੀ ਅਤੇ ਸਕੂਲ 'ਚ ਦੁੱਧ ਦੀ ਕਟੌਤੀ ਕਾਰਨ ਵੱਧ ਤੋਂ ਵੱਧ ਬੱਚੇ ਜਮਾਤ 'ਚ ਬੇਹੋਸ਼ ਹੋਣੇ ਸ਼ੁਰੂ ਹੋ ਗਏ, ਕਈਆਂ ਨੇ ਤਾਂ ਸਕੂਲ ਜਾਣਾ ਹੀ ਬੰਦ ਕਰ ਦਿੱਤਾ।[40] ਗੁੰਡਰ ਫਰੈਂਕ ਨੇ ਦੇਖਿਆ ਕਿ ਉਸ ਦੇ ਸਾਬਕਾ ਹਮ-ਜਮਾਤੀਆਂ ਵਲੋਂ ਥੋਪੀਆਂ ਵਹਿਸ਼ੀ ਆਰਥਕ ਨੀਤੀਆਂ ਅਤੇ ਦੇਸ਼ ਉੱਪਰ ਪਿਨੋਚੇ ਵਲੋਂ ਢਾਹੀ ਹਿੰਸਾ ਦਰਮਿਆਨ ਸਿੱਧਾ ਸਬੰਧ ਹੈ। ਸ਼ਿਕਾਗੋ ਦੇ ਬਾਗ਼ੀ ਮੁੰਡੇ ਨੇ ਲਿਖਿਆ, ਫਰਾਇਡਮੈਨ ਦੇ ਮਸ਼ਵਰੇ ਐਨੇ ਕਸ਼ਟਦਾਇਕ ਸਨ ਕਿ ਇਨ੍ਹਾਂ ਨੂੰ "ਉਨ੍ਹਾਂ ਜੌੜੇ ਤੱਤਾਂ—ਫ਼ੌਜੀ ਤਾਕਤ ਅਤੇ ਸਿਆਸੀ ਦਹਿਸ਼ਤ—ਤੋਂ ਬਗੈਰ ਥੋਪਿਆ ਜਾਂ ਲਾਗੂ ਨਹੀਂ ਕੀਤਾ ਜਾ ਸਕਦਾ ਸੀ ਜੋ ਹਰ ਚੀਜ਼ ਦੀ ਤਹਿ ਹੇਠ ਮੌਜੂਦ ਸਨ।"[41]

ਪਰ ਪਿਨੋਚੇ ਦੀ ਅਮੋੜ ਅਰਥਸ਼ਾਸਤਰੀ ਟੋਲੀ ਹੋਰ ਵਧੇਰੇ ਤਜਰਬੇ ਕਰਨ 'ਚ ਜੁਟ ਗਈ ਅਤੇ ਫਰਾਇਡਮੈਨ ਦੀਆਂ ਸਭ ਤੋਂ ਮੋਹਰੀ ਨੀਤੀਆਂ ਲਾਗੂ ਕਰ ਦਿੱਤੀਆਂ : ਸਰਕਾਰੀ ਸਕੂਲਾਂ ਦੀ ਥਾਂ ਵਾਊਚਰ ਅਤੇ ਸਹਾਇਤਾ ਪ੍ਰਾਪਤ ਨਿੱਜੀ ਸਕੂਲਾਂ ਨੇ ਲੈ ਲਈ, ਸਿਹਤ ਸੇਵਾਵਾਂ 'ਚ ਇਲਾਜ ਕਰਾਉਣ ਸਮੇਂ ਅਦਾਇਗੀ ਕਰਨ ਦਾ ਅਸੂਲ ਲਾਗੂ ਹੋ ਗਿਆ, ਨਿੱਕੇ ਬੱਚਿਆਂ ਦੇ ਸਕੂਲਾਂ ਅਤੇ ਕਬਰਸਤਾਨਾਂ ਦਾ ਨਿੱਜੀਕਰਨ ਕਰ ਦਿੱਤਾ ਗਿਆ। ਸਭ ਤੋਂ ਤਿੱਖਾ ਕਦਮ ਸੀ ਚਿੱਲੀ ਦੇ ਸਮਾਜਿਕ ਸੁਰੱਖਿਆ ਪ੍ਰਬੰਧ ਦਾ ਨਿੱਜੀਕਰਨ। ਇਹ ਪ੍ਰੋਗਰਾਮ ਲਿਆਉਣ ਵਾਲੇ ਸ਼ਖ਼ਸ ਜੋਸ ਪਿਨੇਰਾ ਨੇ ਦੱਸਿਆ ਕਿ ਉਸ ਨੂੰ ਇਹ ਫੁਰਨਾ *ਸਰਮਾਏਦਾਰੀ ਅਤੇ ਆਜ਼ਾਦੀ* ਕਿਤਾਬ ਪੜ੍ਹ ਕੇ ਫੁਰਿਆ ਸੀ।[42] ਆਮ ਤੌਰ 'ਤੇ ਜਾਰਜ ਬੁਸ਼ ਦੀ ਸਰਕਾਰ ਨੂੰ ਨਿੱਜੀਕਰਨ ਅਧਾਰਤ "ਮਾਲਕੀ ਵਾਲੇ ਸਮਾਜ" ਦਾ ਮੋਢੀ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਇਹ ਪਿਨੋਚੇ ਦੀ ਸਰਕਾਰ ਸੀ ਜਿਸ ਨੇ ਤੀਹ ਸਾਲ ਪਹਿਲਾਂ "ਮਾਲਕਾਂ ਦੀ ਕੌਮ" ਦਾ ਵਿਚਾਰ ਸਭ ਤੋਂ ਪਹਿਲਾਂ ਲਿਆਂਦਾ ਸੀ।

ਚਿੱਲੀ ਨੇ ਹੁਣ ਨਵੇਂ ਨਿਝੱਕ ਖੇਤਰ 'ਚ ਪੈਰ ਰੱਖ ਲਏ ਸਨ। ਪਹਿਲਾਂ ਇਨ੍ਹਾਂ ਨੀਤੀਆਂ ਦੀਆਂ ਖ਼ੂਬੀਆਂ ਦੀ ਚਰਚਾ ਨਿਰੋਲ ਅਕਾਦਮਿਕ ਚੌਖਟੇ 'ਚ ਹੁੰਦੀ ਸੀ, ਹੁਣ ਖੁੱਲ੍ਹੀ ਮੰਡੀ ਨੂੰ ਦੁਨੀਆਂ ਭਰ 'ਚ ਫੈਲਾਉਣ ਵੱਲ ਡੂੰਘਾ ਧਿਆਨ ਦਿੱਤਾ ਜਾ ਰਿਹਾ ਸੀ। ਅਮਰੀਕੀ ਕਾਰੋਬਾਰੀ ਰਸਾਲੇ *ਬੈਰਨਜ਼* ਨੇ ਜਗਿਆਸਾ ਜ਼ਾਹਿਰ ਕੀਤੀ, "ਅਰਥਸ਼ਾਸਤਰ ਦੀਆਂ ਪਾਠ ਪੁਸਤਕਾਂ ਕਹਿੰਦੀਆਂ ਹਨ ਕਿ ਦੁਨੀਆਂ ਨੂੰ ਇਸੇ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ, ਪਰ ਉਹ ਹੋਰ ਕਿੱਥੇ ਇਸ ਨੂੰ ਲਾਗੂ ਕਰ ਰਹੇ ਹਨ? "[43] "ਚਿੱਲੀ, ਇਕ ਸਿਧਾਂਤਕਾਰ ਲਈ ਪ੍ਰਯੋਗਸ਼ਾਲਾ ਵਾਲੀ ਪਰਖ" ਸਿਰਲੇਖ ਵਾਲੇ ਲੇਖ 'ਚ *ਨਿਊ ਯਾਰਕ ਟਾਈਮਜ਼* ਨੇ ਤਬਸਰਾ ਕੀਤਾ ਕਿ "ਇਹ ਅਕਸਰ ਨਹੀਂ ਹੁੰਦਾ ਕਿ ਮਜ਼ਬੂਤ ਵਿਚਾਰਾਂ ਵਾਲੇ ਇਕ ਮੋਹਰੀ ਅਰਥਸ਼ਾਸਤਰੀ ਨੂੰ ਖ਼ਾਸ ਨੁਸਖ਼ੇ ਕਿਸੇ ਬਹੁਤ ਜ਼ਿਆਦਾ ਬੀਮਾਰ ਆਰਥਿਕਤਾ ਉੱਪਰ ਪਰਖਣ ਦਾ ਮੌਕਾ ਦਿੱਤਾ ਜਾਂਦਾ ਹੋਵੇ। ਇਹ ਹੋਰ ਵੀ ਵਿਲੱਖਣ ਮਿਸਾਲ ਹੈ ਕਿ ਅਰਥਸ਼ਾਸਤਰੀ ਦਾ ਗਾਹਕ ਉਸ ਦਾ ਆਪਣਾ ਦੇਸ਼ ਨਹੀਂ ਸਗੋਂ ਹੋਰ ਦੇਸ਼ ਹੈ।"[44] ਪ੍ਰਯੋਗਸ਼ਾਲਾ ਬਣਾਏ ਚਿੱਲੀ ਨੂੰ ਨੇੜਿਉਂ ਤੱਕਣ ਲਈ ਅਨੇਕ ਲੋਕ ਆਏ, ਇਨ੍ਹਾਂ ਵਿਚ ਫਰੈੱਡਰਿਕ ਹਾਏਕ ਖ਼ੁਦ ਵੀ ਸੀ। ਉਹ ਕਈ ਵਾਰ ਪਿਨੋਚੇ ਦੇ ਚਿੱਲੀ ਗਿਆ ਅਤੇ 1981 'ਚ ਉਸ ਨੇ ਮੌਂਟ ਪੈਲਰਿਨ ਸੁਸਾਇਟੀ ਦੀ ਖੇਤਰੀ ਮੀਟਿੰਗ ਜਥੇਬੰਦ ਕਰਨ ਲਈ *ਵਿਨਾ ਡੈੱਲ ਮਾਰ* ਸ਼ਹਿਰ ਨੂੰ ਚੁਣਿਆ (ਉਹ ਸ਼ਹਿਰ ਜਿੱਥੇ ਰਾਜ ਪਲਟੇ ਦੀ ਸਾਜ਼ਿਸ਼ ਘੜੀ ਗਈ ਸੀ)। ਇਸ ਸੁਸਾਇਟੀ ਨੂੰ ਉਲਟ ਇਨਕਲਾਬ ਦਾ ਦਿਮਾਗ ਮੰਨਿਆ ਜਾਂਦਾ ਹੈ।

ਚਿੱਲੀ ਦੇ ਚਮਤਕਾਰ ਦੀ ਮਿੱਥ

ਤਿੰਨ ਦਹਾਕੇ ਬਾਅਦ, ਹਾਲੇ ਵੀ ਖੁੱਲ੍ਹੀ ਮੰਡੀ ਦੇ ਜੋਸ਼ੀਲੇ ਹਮਾਇਤੀ ਚਿੱਲੀ ਨੂੰ ਵਿਹਾਰਕ ਸਬੂਤ ਬਣਾ ਕੇ ਪੇਸ਼ ਕਰਦੇ ਹਨ ਕਿ ਫਰਾਇਡਮੈਨ ਦਾ ਸਿਧਾਂਤ ਕੰਮ ਕਰ ਰਿਹਾ ਹੈ। ਜਦੋਂ ਦਸੰਬਰ 2006 ਵਿਚ ਪਿਨੋਚੇ ਦੀ ਮੌਤ ਹੋਈ (ਫਰਾਇਡਮੈਨ ਤੋਂ ਇਕ ਮਹੀਨਾ ਬਾਅਦ) ਤਾਂ *ਨਿਊ ਯਾਰਕ ਟਾਈਮਜ਼* ਨੇ ਉਸ ਦੀ ਤਾਰੀਫ਼ ਕਰਦਿਆਂ ਲਿਖਿਆ "ਉਸ ਨੇ ਦੀਵਾਲੀਆ ਆਰਥਿਕਤਾ ਨੂੰ ਲਾਤੀਨੀ ਅਮਰੀਕਾ ਦੀ ਸਭ ਤੋਂ ਰੱਜੀ-ਪੁੱਜੀ ਆਰਥਿਕਤਾ 'ਚ ਬਦਲ ਦਿੱਤਾ।" ਜਦਕਿ *ਵਾਸ਼ਿੰਗਟਨ ਪੋਸਟ* ਨੇ ਸੰਪਾਦਕੀ ਲਿਖੀ ਕਿ ਉਸ ਨੇ "ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕੀਤੀਆਂ ਜਿਨ੍ਹਾਂ ਦੀ ਬਦੌਲਤ ਚਿੱਲੀ ਦਾ ਆਰਥਕ ਚਮਤਕਾਰ ਵਾਪਰਿਆ।"[45] ਹਾਲਾਂਕਿ "ਚਿੱਲੀ ਦੇ ਚਮਤਕਾਰ" ਪਿੱਛੇ ਮੌਜੂਦ ਤੱਥ ਅੱਜ ਵੀ ਭਾਰੀ ਬਹਿਸ ਦਾ ਮੁੱਦਾ ਹਨ।

ਪਿਨੋਚੇ ਸਤਾਰਾਂ ਸਾਲ ਸੱਤਾ 'ਤੇ ਕਾਬਜ਼ ਰਿਹਾ ਅਤੇ ਇਸ ਦੌਰਾਨ ਉਸ ਨੇ ਕਈ ਵਾਰ ਸਿਆਸੀ ਪਲਟੀਆਂ ਮਾਰੀਆਂ। ਦੇਸ਼ ਦੇ ਟਿਕਾਊ ਆਰਥਕ ਵਾਧੇ, ਜਿਸ ਨੂੰ ਇਸ ਦੀ ਚਮਤਕਾਰੀ ਕਾਮਯਾਬੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਦਾ ਸਮਾਂ ਅੱਸੀਵਿਆਂ ਦੇ ਅੱਧ ਤੋਂ ਸ਼ੁਰੂ ਹੁੰਦਾ ਹੈ ਇਸ ਤੋਂ ਪਹਿਲਾਂ ਇਹ ਸੰਭਵ ਨਹੀਂ ਹੋਇਆ। ਚਮਤਕਾਰ ਸ਼ਿਕਾਗੋ ਵਾਲੇ ਮੁੰਡਿਆਂ ਵਲੋਂ ਸਦਮਾ ਇਲਾਜ ਲਾਗੂ ਕਰਨ ਤੋਂ ਪੂਰਾ ਇਕ ਦਹਾਕਾ ਬਾਅਦ ਅਤੇ ਪਿਨੋਚੇ ਵਲੋਂ ਆਪਣੀ ਸੇਧ 'ਚ ਭਾਰੀ ਸੋਧਾਂ ਕਰਨ ਲਈ ਮਜਬੂਰ ਹੋਣ ਤੋਂ ਬਾਅਦ ਹੋਇਆ। ਇਹੀ ਵਜ੍ਹਾ ਸੀ ਕਿ ਸ਼ਿਕਾਗੋ ਸਿਧਾਂਤ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਬਾਵਜੂਦ 1982 ਵਿਚ ਚਿੱਲੀ ਦੀ ਆਰਥਿਕਤਾ ਢਹਿਢੇਰੀ ਹੋ ਗਈ ਸੀ : ਕਰਜਾ ਬੰਬ ਬਣ ਕੇ ਫਟਿਆ ਸੀ, ਇਸ ਨੂੰ ਇਕ ਵਾਰ ਫੇਰ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦਾ ਸਾਹਮਣਾ ਕਰਨਾ ਪਿਆ ਅਤੇ ਬੇਰੁਜ਼ਗਾਰੀ 30 ਫ਼ੀ ਸਦੀ ਵਧ ਗਈ ਸੀ—ਇਹ ਅਲੈਂਡੇ ਦੇ ਰਾਜ ਨਾਲੋਂ ਦਸ ਗੁਣਾਂ ਵੱਧ ਸੀ।[46] ਇਸ ਦਾ ਮੁੱਖ ਕਾਰਨ ਸੀ, ਸ਼ਿਕਾਗੋ ਵਾਲੇ ਮੁੰਡਿਆਂ ਨੇ ਐਨਰੋਨ ਤਰਜ਼ ਦੇ ਵਿਤੀ ਘਰਾਣਿਆਂ, ਮਗਰਮੱਛ ਸਨਅਤਕਾਰਾਂ, ਨੂੰ ਹਰ ਤਰ੍ਹਾਂ ਦੇ ਕੰਟਰੋਲ ਤੋਂ ਮੁਕਤ ਕਰ ਦਿੱਤਾ ਸੀ, ਉਨ੍ਹਾਂ ਨੇ ਦੇਸ਼ ਦੀਆਂ ਜਾਇਦਾਦਾਂ ਉਧਾਰ ਖ਼ਰੀਦ ਲਈਆਂ ਸਨ ਅਤੇ ਦੇਸ਼ ਨੂੰ 14 ਅਰਬ ਡਾਲਰ ਦਾ ਭਾਰੀ ਕਰਜਾਈ ਕਰ ਦਿੱਤਾ ਸੀ।[47]

ਹਾਲਤ ਐਨੀ ਡਾਵਾਂਡੋਲ ਸੀ ਕਿ ਪਿਨੋਚੇ ਉਹ ਕੁਝ ਕਰਨ ਲਈ ਮਜਬੂਰ ਹੋ ਗਿਆ ਜੋ ਅਲੈਂਡੇ ਨੇ ਕੀਤਾ ਸੀ : ਉਸ ਨੇ ਇਨ੍ਹਾਂ ਵਿਚੋਂ ਕਈ ਕੰਪਨੀਆਂ ਦਾ ਕੌਮੀਕਰਨ ਕਰ ਦਿੱਤਾ।[48] ਇਸ ਭਾਰੀ ਅਸਫ਼ਲਤਾ ਦੀ ਹਾਲਤ 'ਚ ਸ਼ਿਕਾਗੋ ਵਾਲੇ ਮੁੰਡਿਆਂ ਦੇ ਪ੍ਰਭਾਵਸ਼ਾਲੀ ਸਰਕਾਰੀ ਅਹੁਦੇ ਖੁਸ ਗਏ, ਸਮੇਤ ਸਰਜੀਓ ਡੀ ਕਾਸਤਰੋ ਦੇ। ਸ਼ਿਕਾਗੋ ਦੇ ਹੋਰ ਬਹੁਤ ਸਾਰੇ ਗਰੈਜੂਏਟ ਮਗਰਮੱਛ ਘਰਾਣਿਆਂ ਦੇ ਕਾਰੋਬਾਰਾਂ 'ਚ ਅਹਿਮ ਅਹੁਦਿਆਂ 'ਤੇ ਬਿਰਾਜਮਾਨ ਸਨ। ਜਦੋਂ ਧੋਖਾਧੜੀ ਦੇ ਦੋਸ਼ਾਂ ਤਹਿਤ ਸ਼ਿਕਾਗੋ ਵਾਲੇ ਮੁੰਡਿਆਂ ਦੀ ਜਾਂਚ ਸ਼ੁਰੂ ਹੋਈ ਤਾਂ ਇਨ੍ਹਾਂ ਦਾ ਵਿਗਿਆਨਕ ਨਿਰਪੱਖਤਾ ਦਾ ਢੌਂਗ ਨੰਗਾ ਹੋ ਗਿਆ ਜਿਸ ਨੂੰ ਉਹ ਆਪਣੀ ਮੁੱਖ ਪਛਾਣ ਬਣਾ ਕੇ ਪੇਸ਼ ਕਰਨ ਵੱਲ ਉਚੇਚਾ ਧਿਆਨ ਦਿੰਦੇ ਸਨ।

1980ਵਿਆਂ ਦੇ ਸ਼ੁਰੂ 'ਚ ਚਿੱਲੀ ਨੂੰ ਮੁਕੰਮਲ ਆਰਥਕ ਤਬਾਹੀ ਤੋਂ ਬਚਾਉਣ ਵਾਲੀ ਇਕੋ ਇਕ ਚੀਜ਼ ਸੀ ਪਿਨੋਚੇ ਵਲੋਂ ਤਾਂਬੇ ਦੀ ਸਰਕਾਰੀ ਖਾਣ ਕੰਪਨੀ ਕੋਡੈਲਕੋ ਦਾ ਨਿੱਜੀਕਰਨ ਨਾ ਕਰਨਾ। ਇਸ ਦਾ ਕੌਮੀਕਰਨ ਅਲੈਂਡੇ ਨੇ ਕੀਤਾ ਸੀ। ਇਹ ਇਕੋ ਕੰਪਨੀ ਚਿੱਲੀ ਦੀਆਂ ਬਰਾਮਦਾਂ ਤੋਂ ਆਮਦਨੀ ਦਾ 85 ਫ਼ੀ ਸਦੀ ਕਮਾ ਕੇ ਦਿੰਦੀ ਸੀ। ਇਸ ਦਾ ਅਰਥ ਸੀ ਕਿ ਜਦੋਂ ਵਿਤੀ ਗੁਬਾਰਾ ਫਟਿਆ ਤਾਂ ਰਾਜ ਦੇ ਹੱਥ 'ਚ ਹਾਲੇ ਵੀ ਫੰਡਾਂ ਦਾ ਪੱਕਾ ਵਸੀਲਾ ਸੀ।[49]

ਸਪਸ਼ਟ ਹੈ ਕਿ ਚਿੱਲੀ ਕਦੇ ਵੀ "ਖ਼ਾਲਸ" ਖੁੱਲ੍ਹੀ ਮੰਡੀ ਦੀ ਪ੍ਰਯੋਗਸ਼ਾਲਾ ਨਹੀਂ ਬਣਿਆ ਜਿਵੇਂ ਖੁੱਲ੍ਹੀ ਮੰਡੀ ਦੇ ਜ਼ੋਰਦਾਰ ਹਮਾਇਤੀ ਦਾਅਵਾ ਕਰਦੇ ਹਨ। ਇਸ ਦੀ ਬਜਾਏ, ਇਹ ਐਸਾ ਦੇਸ਼ ਸੀ ਜਿੱਥੇ ਮੁੱਠੀ ਭਰ ਕੁਲੀਨ ਵਰਗ ਬਹੁਤ ਥੋੜ੍ਹੇ ਸਮੇਂ 'ਚ ਧਨਾਢ ਤੋਂ ਸੁਪਰ ਧਨਾਢ ਬਣ ਗਿਆ—ਇਹ ਕਰਜੇ ਅਤੇ ਜਨਤਕ ਫੰਡਾਂ ਦੀਆਂ ਭਾਰੀ ਸਬਸਿਡੀਆਂ (ਫੇਰ ਪੂਰੀ ਛੋਟ ਦੇ ਦਿੱਤੀ ਗਈ) ਦੀ ਵਿਤੀ ਮਦਦ ਨਾਲ ਬਹੁਤ ਵੱਡੇ ਮੁਨਾਫ਼ੇ ਕਮਾਉਣ ਦਾ ਗੁਰ ਸੀ। ਜੇ ਇਸ ਚਮਤਕਾਰ ਪਿਛਲੀ ਵਿਕਰੀ ਦੀ ਕਾਰੀਗਰੀ ਅਤੇ ਮੁਹਾਰਤ ਦਾ ਪਰਦਾ ਲਾਹ ਕੇ ਦੇਖਿਆ ਜਾਵੇ ਤਾਂ ਪਿਨੋਚੇ ਅਤੇ ਸ਼ਿਕਾਗੋ ਵਾਲੇ ਮੁੰਡਿਆਂ ਦੀ ਸਰਦਾਰੀ ਵਾਲਾ ਚਿੱਲੀ ਖੁੱਲ੍ਹੀ ਮੰਡੀ ਦੀ ਖ਼ਾਸੀਅਤ ਵਾਲਾ ਸਰਮਾਏਦਾਰ ਰਾਜ ਨਹੀਂ ਸਗੋਂ ਕਾਰਪੋਰੇਟਵਾਦੀ ਰਾਜ ਸੀ। ਕਾਰਪੋਰੇਟਵਾਦ ਜਾਂ "ਕਾਰਪੋਰੇਟਿਵਵਾਦ" ਸ਼ੁਰੂ 'ਚ ਪੁਲਿਸ ਰਾਜ ਦੇ ਮੁਸੋਲਿਨੀ ਮਾਡਲ ਦਾ ਹਵਾਲਾ ਦੇਣ ਲਈ ਵਰਤਿਆ ਜਾਂਦਾ ਲਕਬ ਸੀ

ਜੋ ਸਮਾਜ ਦੀ ਤਾਕਤ ਦੇ ਤਿੰਨ ਮੁੱਖ ਸੋਮਿਆਂ ਦੇ ਗੱਠਜੋੜ ਦੇ ਰੂਪ ਵਿਚ ਚਲਾਇਆ ਜਾਂਦਾ ਸੀ ਯਾਨੀ ਸਰਕਾਰ, ਸਰਮਾਏਦਾਰੀ ਕਾਰੋਬਾਰ ਅਤੇ ਟਰੇਡ ਯੂਨੀਅਨਾਂ—ਕੌਮਵਾਦ ਦੇ ਨਾਂ ਹੇਠ ਅਮਨ-ਅਮਾਨ ਦੀ ਜ਼ਾਮਨੀ ਦੇਣ ਲਈ ਤਿੰਨਾਂ ਦਾ ਗੱਠਜੋੜ ਸੀ। ਪਿਨੋਚੇ ਦੇ ਰਾਜ 'ਚ ਚਿੱਲੀ ਕਾਰਪੋਰੇਟਵਾਦ ਦੇ ਵਿਕਸਤ ਰੂਪ ਦਾ ਮੁਹਰੈਲ ਸੀ : ਪੁਲਿਸ ਰਾਜ ਅਤੇ ਵੱਡੀਆਂ ਕਾਰਪੋਰੇਸ਼ਨਾਂ ਦਾ ਇਕ ਦੂਜੇ ਦੀ ਮਦਦ ਲਈ ਗੱਠਜੋੜ। ਇਨ੍ਹਾਂ ਨੇ ਮਿਲ ਕੇ ਤਾਕਤ ਦੇ ਤੀਜੇ ਖੇਤਰ, ਮਜ਼ਦੂਰਾਂ, ਵਿਰੁੱਧ ਮੁਕੰਮਲ ਜੰਗ ਛੇੜ ਰੱਖੀ ਸੀ—ਇਸ ਨਾਲ ਕੌਮੀ ਦੌਲਤ 'ਚ ਇਸ ਗੱਠਜੋੜ ਦਾ ਹਿੱਸਾ ਬਹੁਤ ਤੇਜ਼ੀ ਨਾਲ ਵਧ ਰਿਹਾ ਸੀ।

ਚਿੱਲੀ ਦੇ ਆਰਥਕ "ਚਮਤਕਾਰ" ਦੀ ਅਸਲ ਕਹਾਣੀ ਇਹੋ ਜੰਗ ਹੈ—ਜਿਸ ਨੂੰ ਚਿੱਲੀ ਦੇ ਬਹੁਤ ਸਾਰੇ ਲੋਕ ਗਰੀਬਾਂ ਅਤੇ ਮੱਧ ਵਰਗ ਵਿਰੁੱਧ ਅਮੀਰਾਂ ਦੀ ਜੰਗ ਵਜੋਂ ਦੇਖਦੇ ਹਨ। ਇਹ ਸਮਝ ਵੀ ਆਉਂਦਾ ਹੈ। 1988 'ਚ, ਜਦੋਂ ਆਰਥਿਕਤਾ 'ਚ ਟਿਕ-ਟਿਕਾਅ ਹੋ ਗਿਆ ਸੀ ਅਤੇ ਤੇਜ਼ੀ ਨਾਲ ਆਰਥਕ ਵਾਧਾ ਹੋ ਰਿਹਾ ਸੀ, ਉਸ ਸਮੇਂ 45 ਫ਼ੀ ਸਦੀ ਆਬਾਦੀ ਗਰੀਬੀ ਦੀ ਰੇਖਾ ਤੋਂ ਹੇਠਾਂ ਚਲੀ ਗਈ ਸੀ।[50] ਜਦਕਿ, ਚਿੱਲੀ ਦੇ ਵਧੇਰੇ ਅਮੀਰ ਦਸ ਫ਼ੀ ਸਦੀ ਲੋਕਾਂ ਦੀਆਂ ਆਮਦਨੀਆਂ 'ਚ 83 ਫ਼ੀ ਸਦੀ ਦਾ ਵਾਧਾ ਹੋ ਗਿਆ ਸੀ।[51] 2007 'ਚ ਵੀ, ਚਿੱਲੀ ਦੁਨੀਆਂ ਦਾ ਇਕ ਸਭ ਤੋਂ ਅਸਾਵਾਂ ਸਮਾਜ ਸੀ—ਸੰਯੁਕਤ ਰਾਸ਼ਟਰ ਨੇ 123 ਦੇਸ਼ਾਂ 'ਚ ਨਾਬਰਾਬਰੀ ਦਾ ਅਧਿਐਨ ਕਰਾਇਆ ਸੀ। ਚਿੱਲੀ 116ਵੇਂ ਨੰਬਰ 'ਤੇ ਸੀ ਜੋ ਸੂਚੀ 'ਚ ਸ਼ਾਮਲ ਅੱਠਵਾਂ ਸਭ ਤੋਂ ਵੱਧ ਨਾਬਰਾਬਰੀ ਵਾਲਾ ਦੇਸ਼ ਸੀ।[52]

ਜੇ ਚਿੱਲੀ ਦੀ ਇਸੇ ਕਾਰਗੁਜ਼ਾਰੀ ਨੂੰ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰੀਆਂ ਦਾ ਚਮਤਕਾਰ ਮੰਨਿਆ ਜਾ ਸਕਦਾ ਹੈ, ਫੇਰ ਸਦਮਾ ਇਲਾਜ ਦਾ ਅਸਲ ਉਦੇਸ਼ ਸ਼ਾਇਦ ਕਦੇ ਵੀ ਆਰਥਿਕਤਾ ਨੂੰ ਤੰਦਰੁਸਤ ਕਰਨਾ ਨਹੀਂ ਸੀ। ਸ਼ਾਇਦ ਇਸ ਦਾ ਭਾਵ ਸੀ ਐਨ ਉਹੀ ਕੁਝ ਕਰਨਾ ਜੋ ਇਸ ਨੇ ਕੀਤਾ—ਦੌਲਤ ਹੂੰਝ ਕੇ ਚੋਟੀ ਦੇ ਅਮੀਰਾਂ ਦੀ ਝੋਲੀ ਪਾ ਦੇਣਾ ਅਤੇ ਮੱਧ ਵਰਗ ਨੂੰ ਸਦਮਾ ਦੇ ਕੇ ਇਸ ਦੇ ਜ਼ਿਆਦਾਤਰ ਹਿੱਸੇ ਦੀ ਹੋਂਦ ਖ਼ਤਮ ਕਰ ਦੇਣਾ।

ਅਲੈਂਡੇ ਦਾ ਸਾਬਕਾ ਰੱਖਿਆ ਮੰਤਰੀ ਔਰਲੈਂਡੋ ਲੇਤੇਲੀਅਰ ਇਸ ਨੂੰ ਇਸੇ ਤਰ੍ਹਾਂ ਦੇਖਦਾ ਸੀ। ਪਿਨੋਚੇ ਦੀਆਂ ਜੇਲ੍ਹਾਂ ਵਿਚ ਇਕ ਸਾਲ ਗੁਜ਼ਾਰਨ ਤੋਂ ਬਾਅਦ ਲੇਤੇਲੀਅਰ ਦੇ ਹੱਕ 'ਚ ਵਿਆਪਕ ਕੌਮਾਂਤਰੀ ਮੁਹਿੰਮ ਚਲਾਏ ਜਾਣ ਦੀ ਬਦੌਲਤ ਉਹ ਚਿੱਲੀ ਵਿਚੋਂ ਨਿਕਲਣ 'ਚ ਕਾਮਯਾਬ ਹੋ ਗਿਆ। ਜਲਾਵਤਨੀ 'ਚ ਰਹਿੰਦਿਆਂ ਆਪਣੇ ਦੇਸ਼ ਨੂੰ ਤੇਜ਼ੀ ਨਾਲ ਕੰਗਾਲ ਹੁੰਦਾ ਦੇਖ ਕੇ, ਉਸ ਨੇ 1976 ਵਿਚ ਲਿਖਿਆ ਕਿ "ਬੀਤੇ ਤਿੰਨ ਸਾਲਾਂ 'ਚ ਕਈ ਅਰਬਾਂ ਡਾਲਰ ਮਿਹਨਤਕਸ਼ ਲੋਕਾਂ ਦੀਆਂ ਜੇਬਾਂ ਵਿਚੋਂ ਕੱਢ ਕੇ ਸਰਮਾਏਦਾਰਾਂ ਅਤੇ ਭੋਂਇ ਸਰਦਾਰਾਂ ਦੀਆਂ ਜੇਬਾਂ ਵਿਚ ਪਾ ਦਿੱਤੇ ਗਏ....। ਦੌਲਤ ਦਾ ਜਮਾਂ ਹੋਣਾ ਕੋਈ ਸਬੱਬ ਨਹੀਂ, ਸਗੋਂ ਇਕ ਨਿਯਮ ਹੈ; ਇਹ ਇਕ ਮੁਸ਼ਕਲ ਹਾਲਤ ਦਾ ਗ਼ੈਰ-ਅਹਿਮ ਨਤੀਜਾ ਨਹੀਂ ਹੈ—ਜਿਵੇਂ ਫ਼ੌਜੀ ਗੁੱਟ ਦੁਨੀਆਂ ਨੂੰ ਜਚਾਉਣਾ ਚਾਹੇਗਾ—ਸਗੋਂ ਇਹ ਇਕ ਸਮਾਜਿਕ ਪ੍ਰਾਜੈਕਟ ਦੀ ਨੀਂਹ ਹੈ; ਇਹ ਆਰਥਕ ਦੇਣਦਾਰੀ ਨਹੀਂ ਹੈ ਸਗੋਂ ਆਰਜੀ ਸਿਆਸੀ ਕਾਮਯਾਬੀ ਹੈ।"[53]

ਉਸ ਸਮੇਂ ਲੇਤੇਲੀਅਰ ਜੋ ਸਮਝ ਨਹੀਂ ਸਕਿਆ ਉਹ ਇਹ ਸੀ ਕਿ ਸ਼ਿਕਾਗੋ ਸਕੂਲ ਦੇ ਰਾਜ ਹੇਠ ਚਿੱਲੀ ਆਲਮੀ ਆਰਥਿਕਤਾ ਦੇ ਭਵਿੱਖ ਦੀ ਝਲਕ ਪੇਸ਼ ਕਰ ਰਿਹਾ ਸੀ, ਇਕ ਐਸਾ ਨਮੂਨਾ ਜੋ ਰੂਸ ਤੋਂ ਲੈ ਕੇ ਦੱਖਣੀ ਅਫ਼ਰੀਕਾ, ਅਰਜਨਟਾਈਨਾ ਤੱਕ ਵਾਰ ਵਾਰ ਦੁਹਰਾਇਆ ਜਾਵੇਗਾ। ਸ਼ਹਿਰੀ ਬੁਲਬੁਲਾ ਅਤੇ ਅੰਕੜਿਆਂ 'ਚ ਹੇਰਾਫੇਰੀ ਸੱਟੇਬਾਜ਼ੀ ਦਾ ਜਨੂੰਨ ਹਨ ਜੋ ਸੁਪਰ ਮੁਨਾਫ਼ਿਆਂ

ਅਤੇ ਖਪਤਵਾਦ ਦੇ ਝੱਲ ਨੂੰ ਬੇਤਹਾਸ਼ਾ ਵਧਾਉਂਦੇ ਹਨ; ਇਸ ਦੇ ਆਲੇ-ਦੁਆਲੇ ਭਾਂ-ਭਾਂ ਕਰਦੀਆਂ ਫੈਕਟਰੀਆਂ ਅਤੇ ਗਲ-ਸੜ ਰਹੇ ਸਹਾਇਕ ਢਾਂਚੇ ਦਾ ਘੇਰਾ ਜੋ ਬੀਤੇ ਦੇ ਵਿਕਾਸ ਦਾ ਚਿੰਨ੍ਹ ਹੈ; ਬੇਕਾਬੂ ਭ੍ਰਿਸ਼ਟਾਚਾਰ ਅਤੇ ਚਹੇਤਾਵਾਦ, ਕੌਮੀ ਮਾਲਕੀ ਵਾਲੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਦਾ ਸਫ਼ਾਇਆ; ਅੱਧੀ ਆਬਾਦੀ ਦਾ ਅਰਥਚਾਰੇ ਨਾਲੋਂ ਉੱਕਾ ਹੀ ਕੱਟੇ ਜਾਣਾ; ਚੋਖੀ ਦੌਲਤ ਸਰਕਾਰੀ ਹੱਥਾਂ ਤੋਂ ਨਿੱਜੀ ਹੱਥਾਂ 'ਚ ਚਲੇ ਜਾਣਾ ਅਤੇ ਨਾਲ ਹੀ ਨਿੱਜੀ ਕਰਜ਼ਿਆਂ ਦਾ ਸਰਕਾਰ ਦੇ ਖਾਤੇ 'ਚ ਵਿਆਪਕ ਤਬਾਦਲਾ। ਚਿੱਲੀ ਵਿਚ, ਜੇ ਤੁਸੀਂ ਦੌਲਤ ਦੇ ਬੁਲਬੁਲੇ ਤੋਂ ਬਾਹਰ ਹੋ, ਤਾਂ ਚਮਤਕਾਰ ਮਹਾਂ ਮੰਦਵਾੜੇ ਵਾਂਗ ਦਿਖਾਈ ਦਿੰਦਾ ਸੀ, ਪਰ ਇਸ ਦੇ ਪੂਰੀ ਤਰ੍ਹਾਂ ਬੰਦ ਖੋਲ ਦੇ ਅੰਦਰ ਮੁਨਾਫ਼ਿਆਂ ਦਾ ਵਹਿਣ ਐਨੀ ਆਜ਼ਾਦੀ ਅਤੇ ਤੇਜ਼ੀ ਨਾਲ ਵਹਿ ਰਿਹਾ ਸੀ ਕਿ ਸਦਮਾ ਇਲਾਜ ਤਰਜ਼ ਦੇ "ਸੁਧਾਰਾਂ" ਰਾਹੀਂ ਦੌਲਤ ਜੋੜਨਾ ਜਿੰਨਾ ਅਸਾਨ ਸੀ ਇਹ ਓਦੋਂ ਤੋਂ ਵਿਤੀ ਮੰਡੀਆਂ ਲਈ ਬਹੁਤ ਵੱਡਾ ਨਸ਼ਾ ਬਣ ਗਿਆ। ਤੇ ਇਸੇ ਕਾਰਨ ਵਿਤੀ ਦੁਨੀਆਂ ਨੇ ਖੁੱਲ੍ਹੀ ਮੰਡੀ ਦੇ ਸਿਧਾਂਤ ਦੀਆਂ ਬੁਨਿਆਦੀ ਧਾਰਨਾਵਾਂ ਦਾ ਦੁਬਾਰਾ ਜਾਇਜ਼ਾ ਲੈ ਕੇ ਚਿੱਲੀ ਦੇ ਤਜਰਬੇ ਦੇ ਜ਼ਾਹਰਾ ਸਵੈ-ਵਿਰੋਧਾਂ ਬਾਰੇ ਪ੍ਰਤੀਕਰਮ ਜ਼ਾਹਰ ਨਹੀਂ ਕੀਤਾ। ਇਸ ਦੀ ਬਜਾਏ ਵਿਤੀ ਦੁਨੀਆਂ ਦਾ ਪ੍ਰਤੀਕਰਮ ਅਮਰੀਕੀਆਂ ਦੀ ਦਲੀਲ ਵਾਲਾ ਸੀ : ਅਗਲਾ ਇਲਾਜ ਕਿਸ ਦਾ ਕਰਨਾ ਹੈ ?

ਇਨਕਲਾਬ ਦਾ ਪਸਾਰਾ, ਲੋਕਾਂ ਲਈ ਪਰਲੋ

ਇਕ ਸਮੇਂ ਲਾਤੀਨੀ ਅਮਰੀਕਾ ਦੇ ਦੱਖਣੀ ਤਿਕੋਨ ਦੇ ਦੇਸ਼ਾਂ ਵਿਚੋਂ ਉਹ ਦੇਸ਼ ਹੀ ਇਲਾਜ ਲਈ ਚੁਣੇ ਗਏ ਜਿੱਥੇ ਸ਼ਿਕਾਗੋ ਸਕੂਲ ਦਾ ਉਲਟ ਇਨਕਲਾਬ ਤੇਜ਼ੀ ਨਾਲ ਫੈਲਿਆ ਸੀ। ਬਰਾਜ਼ੀਲ ਪਹਿਲਾਂ ਹੀ ਅਮਰੀਕੀ ਹਮਾਇਤ ਪ੍ਰਾਪਤ ਫ਼ੌਜੀ ਗੁੱਟ ਦੇ ਕੰਟਰੋਲ 'ਚ ਸੀ ਅਤੇ ਫਰਾਇਡਮੈਨ ਦੇ ਬਹੁਤ ਸਾਰੇ ਬਰਾਜ਼ੀਲੀ ਸ਼ਾਗਿਰਦ ਅਹਿਮ ਅਹੁਦਿਆਂ 'ਤੇ ਕਾਬਜ਼ ਸਨ। ਫਰਾਇਡਮੈਨ ਨੇ 1973 'ਚ ਉਸ ਵਕਤ ਬਰਾਜ਼ੀਲ ਦਾ ਦੌਰਾ ਕੀਤਾ ਜਦੋਂ ਇਸ ਨਿਜ਼ਾਮ ਦੀ ਦਰਿੰਦਗੀ ਸਿਖ਼ਰਾਂ ਛੂਹ ਰਹੀ ਸੀ, ਉਸ ਨੇ ਬਰਾਜ਼ੀਲ ਦੇ ਆਰਥਕ ਤਜਰਬੇ ਨੂੰ "ਚਮਤਕਾਰ" ਗਰਦਾਨਿਆ।[54] ਉਰੂਗੁਏ 'ਚ ਫ਼ੌਜ ਨੇ 1973 'ਚ ਰਾਜ ਪਲਟਾ ਕਰ ਦਿੱਤਾ ਸੀ ਅਤੇ ਅਗਲੇ ਸਾਲ ਇਸ ਨੇ ਸ਼ਿਕਾਗੋ ਦੇ ਰਾਹ ਤੁਰਨ ਦਾ ਫ਼ੈਸਲਾ ਕਰ ਲਿਆ। ਉਰੂਗੁਏ 'ਚ ਸ਼ਿਕਾਗੋ ਯੂਨੀਵਰਸਿਟੀ ਤੋਂ ਪੜ੍ਹੇ ਗਰੈਜੂਏਟਾਂ ਦੀ ਲੋੜੀਂਦੀ ਤਦਾਦ ਨਹੀਂ ਸੀ, ਇਸ ਕਰਕੇ ਫ਼ੌਜੀ ਜਰਨੈਲਾਂ ਨੇ "ਅਰਨੌਲਡ ਹਾਰਬਰਜ਼ਰ ਅਤੇ ਸ਼ਿਕਾਗੋ ਯੂਨੀਵਰਸਿਟੀ ਤੋਂ (ਅਰਥ ਸ਼ਾਸਤਰ ਦੇ ਪ੍ਰੋਫੈਸਰ) ਲੈਰੀ ਸਜਾਸਤਦ ਅਤੇ ਉਨ੍ਹਾਂ ਦੀ ਟੋਲੀ ਨੂੰ ਸੱਦ ਲਿਆ ਤਾਂ ਜੋ ਉਰੂਗੁਏ ਦੇ ਟੈਕਸ ਪ੍ਰਬੰਧ ਅਤੇ ਵਣਜ ਨੀਤੀ 'ਚ ਸੁਧਾਰ ਕੀਤੇ ਜਾ ਸਕਣ। ਇਨ੍ਹਾਂ ਵਿਚ ਅਰਜਨਟਾਈਨਾ, ਚਿੱਲੀ ਅਤੇ ਬਰਾਜ਼ੀਲ ਨਾਲ ਸਬੰਧਤ ਸ਼ਿਕਾਗੋ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸਨ।"[55] ਉਰੂਗੁਏ ਦਾ ਪਹਿਲਾ ਸਮਾਜ ਸਮਾਨਤਾਵਾਦੀ ਸਮਾਜ ਸੀ, ਇਸ ਉੱਪਰ ਸ਼ਿਕਾਗੋ ਵਾਲੀਆਂ ਨੀਤੀਆਂ ਦੇ ਗੰਭੀਰ ਅਸਰ ਤੁਰੰਤ ਦਿਖਾਈ ਦੇਣ ਲੱਗੇ : ਅਸਲ ਉਜਰਤਾਂ 28 ਫ਼ੀ ਸਦੀ ਘਟ ਗਈਆਂ ਅਤੇ ਪਹਿਲੀ ਵਾਰ ਮੌਂਟੀਵਿਡਿਓ ਦੀਆਂ ਸੜਕਾਂ ਉੱਪਰ ਕੂੜਾ ਚੁਗਣ ਵਾਲਿਆਂ ਦੇ ਝੁੰਡ ਦਿਖਾਈ ਦੇਣ ਲੱਗੇ।[56]

1976 'ਚ ਅਗਲਾ ਦੇਸ਼ ਅਰਜਨਟਾਈਨਾ ਤਜਰਬੇ ਦਾ ਹਿੱਸਾ ਬਣਿਆ, ਜਦੋਂ ਫ਼ੌਜੀ ਗੁੱਟ ਨੇ ਇਸਾਬਲ ਪੈਰੋਨ ਤੋਂ ਸੱਤਾ ਖੋਹ ਲਈ। ਇਸ ਦਾ ਅਰਥ ਸੀ ਕਿ ਹੁਣ ਅਰਜਨਟਾਈਨਾ, ਚਿੱਲੀ, ਉਰੂਗੁਏ ਅਤੇ ਬਰਾਜ਼ੀਲ ਇਨ੍ਹਾਂ ਸਾਰੇ ਦੇਸ਼ਾਂ ਨੂੰ ਅਮਰੀਕਾ ਦੀਆਂ ਪਿੱਠੂ ਫ਼ੌਜੀ ਸਰਕਾਰਾਂ ਚਲਾ ਰਹੀਆਂ ਸਨ ਅਤੇ ਇਹ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰ ਦੀਆਂ ਸਾਕਾਰ ਪ੍ਰਯੋਗਸ਼ਾਲਾਵਾਂ ਬਣ

ਚੁੱਕੇ ਸਨ। ਇਸ ਤੋਂ ਪਹਿਲਾਂ ਇਹ ਦੇਸ਼ ਵਿਕਾਸਵਾਦ ਦੀਆਂ ਮਿਸਾਲਾਂ ਹੁੰਦੇ ਸਨ।

ਮਾਰਚ 2007 'ਚ ਜਨਤਕ ਕੀਤੇ ਗਏ ਬਰਾਜ਼ੀਲੀ ਦਸਤਾਵੇਜ਼ ਦਰਸਾਉਂਦੇ ਹਨ ਕਿ ਅਰਜਨਟਾਈਨੀ ਜਰਨੈਲਾਂ ਵਲੋਂ ਸੱਤਾ 'ਤੇ ਕਬਜ਼ਾ ਕਰਨ ਤੋਂ ਕਈ ਹਫ਼ਤੇ ਪਹਿਲਾਂ ਉਨ੍ਹਾਂ ਨੇ ਪਿਨੋਚੇ ਅਤੇ ਬਰਾਜ਼ੀਲ ਦੇ ਫ਼ੌਜੀ ਗੁੱਟ ਨਾਲ ਰਾਬਤਾ ਬਣਾ ਲਿਆ ਸੀ ਅਤੇ "ਭਵਿਖੀ ਸਰਕਾਰ ਵਲੋਂ ਚੁੱਕੇ ਜਾਣ ਵਾਲੇ ਮੁੱਖ ਕਦਮਾਂ ਦਾ ਖ਼ਾਕਾ ਤਿਆਰ ਕਰ ਲਿਆ ਸੀ।"[57]

ਇਸ ਗੂੜ੍ਹੀ ਸਾਂਝ ਦੇ ਬਾਵਜੂਦ, ਅਰਜਨਟਾਈਨਾ ਦੀ ਫ਼ੌਜੀ ਹਕੂਮਤ ਹੂ-ਬਹੂ ਪਿਨੋਚੇ ਵਾਲੇ ਨਵ-ਉਦਾਰਵਾਦੀ ਤਜਰਬੇ ਦੇ ਰਾਹ ਨਹੀਂ ਤੁਰੀ : ਮਿਸਾਲ ਵਜੋਂ, ਇਸ ਨੇ ਦੇਸ਼ ਦੇ ਤੇਲ ਦੇ ਰਾਖਵੇਂ ਭੰਡਾਰਾਂ ਜਾਂ ਸਮਾਜਿਕ ਸੁਰੱਖਿਆ ਦਾ ਨਿੱਜੀਕਰਨ ਨਹੀਂ ਕੀਤਾ (ਸਰਕਾਰ ਇਹ ਕਦਮ ਬਾਅਦ 'ਚ ਚੁੱਕੇਗੀ)। ਪਰ ਜਦੋਂ ਅਰਜਨਟਾਈਨਾ ਦੇ ਗਰੀਬਾਂ ਨੂੰ ਮੱਧ ਵਰਗ ਤੱਕ ਉੱਚਾ ਚੁੱਕਣ ਵਾਲੀਆਂ ਨੀਤੀਆਂ ਅਤੇ ਅਦਾਰਿਆਂ ਦਾ ਸਵਾਲ ਆਇਆ ਤਾਂ ਫ਼ੌਜੀ ਗੁੱਟ ਵਫ਼ਾਦਾਰੀ ਨਾਲ ਪਿਨੋਚੇ ਦੇ ਨਕਸ਼ੇ ਕਦਮਾਂ 'ਤੇ ਚੱਲਿਆ। ਇਹ ਇਕ ਹੱਦ ਤੱਕ ਅਰਜਨਟਾਈਨੀ ਅਰਥਸ਼ਾਸਤਰੀਆਂ ਦੀ ਭਰਮਾਰ ਦੀ ਮਿਹਰਬਾਨੀ ਨਾਲ ਹੋਇਆ ਜੋ ਸ਼ਿਕਾਗੋ ਪ੍ਰੋਗਰਾਮ ਦੇ ਚੰਡੇ ਹੋਏ ਸਨ।

ਅਰਜਨਟਾਈਨਾ ਦੇ ਨਵੇਂ ਸਜੇ ਸ਼ਿਕਾਗੋ ਵਾਲੇ ਮੁੰਡਿਆਂ ਨੇ ਫ਼ੌਜੀ ਹਕੂਮਤ 'ਚ ਅਹਿਮ ਆਰਥਕ ਅਹੁਦੇ ਮੱਲ ਲਏ—ਜਿਵੇਂ ਸਕੱਤਰ, ਕੇਂਦਰੀ ਬੈਂਕ ਦੇ ਪ੍ਰਧਾਨ ਅਤੇ ਵਿਤ ਮੰਤਰਾਲੇ ਦੇ ਖਜ਼ਾਨਾ ਵਿੰਗ ਦੇ ਖੋਜ ਨਿਰਦੇਸ਼ਕ ਦੇ ਅਹੁਦੇ ਅਤੇ ਨਾਲ ਹੀ ਕਈ ਹੋਰ ਹੇਠਲੇ ਪੱਧਰ ਦੇ ਆਰਥਕ ਅਹੁਦੇ।[58] ਭਾਵੇਂ ਅਰਜਨਟਾਈਨਾ ਦੇ ਸ਼ਿਕਾਗੋ ਵਾਲੇ ਮੁੰਡੇ ਫ਼ੌਜੀ ਹਕੂਮਤ 'ਚ ਪੁਰਜੋਸ਼ ਹਿੱਸੇਦਾਰ ਸਨ, ਪਰ ਕੁੰਜੀਵਤ ਆਰਥਕ ਅਹੁਦਾ ਉਨ੍ਹਾਂ ਵਿਚੋਂ ਸਿਰਫ਼ ਜੋਸ ਅਲਫਰੈਡੋ ਮਾਰਤੀਨੇਜ਼ ਡੀ ਹੌਜ਼ ਨੂੰ ਦਿੱਤਾ ਗਿਆ। ਹੌਜ਼ ਉਸ ਭੋਂਇ ਸਰਦਾਰ ਜਮਾਤ ਦਾ ਹਿੱਸਾ ਸੀ ਜੋ ਪਸ਼ੂ-ਫਾਰਮਾਂ ਦੇ ਮਾਲਕਾਂ ਦੀ ਸਭਾ, *ਸੋਸਾਏਦਾਦ ਰੂਰਲ*, ਨਾਲ ਸਬੰਧਤ ਸੀ। ਇਹ ਲੰਮੇ ਸਮੇਂ ਤੋਂ ਦੇਸ਼ ਦੀ ਦਰਾਮਦੀ ਆਰਥਿਕਤਾ ਨੂੰ ਕੰਟਰੋਲ ਕਰ ਰਹੀ ਸੀ। ਅਰਜਨਟਾਈਨਾ ਦੀ ਰਾਠਸ਼ਾਹੀ ਦੇ ਸਭ ਤੋਂ ਨਜ਼ਦੀਕੀ ਇਨ੍ਹਾਂ ਘਰਾਣਿਆਂ ਨੂੰ ਜਗੀਰੂ ਆਰਥਕ ਪ੍ਰਬੰਧ ਬਹੁਤ ਰਾਸ ਆਉਂਦਾ ਸੀ—ਇਸ ਪ੍ਰਬੰਧ 'ਚ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਕਿਸਾਨਾਂ ਨੂੰ ਮੁੜ ਵੰਡੇ ਜਾਣ ਜਾਂ ਮੀਟ ਦੇ ਭਾਅ ਘੱਟ ਰੱਖਣ ਦਾ ਸੰਸਾ ਨਹੀਂ ਸੀ। ਜੇ ਮੀਟ ਦੇ ਭਾਅ ਘਟਾ ਦਿੱਤੇ ਜਾਂਦੇ ਤਾਂ ਹਰ ਕੋਈ ਮਾਸ ਖਾ ਸਕਦਾ ਸੀ।

ਮਾਰਤੀਨੇਜ਼ ਡੀ ਹੌਜ਼ ਹੁਣ ਸਭਾ ਦਾ ਪ੍ਰਧਾਨ ਸੀ, ਉਸ ਤੋਂ ਪਹਿਲਾਂ ਉਸ ਦਾ ਬਾਪ ਅਤੇ ਦਾਦਾ ਇਸੇ ਅਹੁਦੇ 'ਤੇ ਰਹੇ ਸਨ; ਉਹ ਕਈ ਬਹੁ-ਕੌਮੀ ਕੰਪਨੀਆਂ ਦੇ ਬੋਰਡਾਂ 'ਚ ਵੀ ਸ਼ਾਮਲ ਸੀ ਇਨ੍ਹਾਂ ਵਿਚ ਪੈਨ-ਅਮੈਰੀਕਨ ਏਅਰਵੇਜ਼ ਅਤੇ ਆਈ ਟੀ ਟੀ ਸ਼ਾਮਲ ਸਨ। ਜਦੋਂ ਉਸ ਨੇ ਫ਼ੌਜੀ ਗੁੱਟ ਦੀ ਸਰਕਾਰ 'ਚ ਅਹੁਦਾ ਸੰਭਾਲਿਆ ਤਾਂ ਇਸ ਨਾਲ ਇਸ ਤੱਥ ਦੀ ਪੁਸ਼ਟੀ ਹੀ ਹੋਈ ਕਿ ਰਾਜ ਪਲਟਾ ਕੁਲੀਨ ਵਰਗਾਂ ਦੀ ਬਗ਼ਾਵਤ ਸੀ ਜੋ ਅਰਜਨਟਾਈਨਾ ਦੇ ਮਜ਼ਦੂਰਾਂ ਦੀ ਚਾਲੀ ਸਾਲਾਂ ਦੀ ਘਾਲਣਾ ਵਿਰੁੱਧ ਉਲਟ ਇਨਕਲਾਬ ਦੀ ਨੁਮਾਇੰਦਗੀ ਕਰਦਾ ਸੀ।

ਆਰਥਿਕਤਾ ਦੇ ਮੰਤਰੀ ਵਜੋਂ ਮਾਰਤੀਨੇਜ਼ ਡੀ ਹੌਜ਼ ਦੀ ਪਹਿਲੀ ਕਾਰਵਾਈ ਸੀ ਹੜਤਾਲਾਂ ਉੱਪਰ ਪਾਬੰਦੀ ਅਤੇ ਮਾਲਕਾਂ ਨੂੰ ਮਰਜ਼ੀ ਨਾਲ ਮਜ਼ਦੂਰਾਂ ਨੂੰ ਕੰਮ ਤੋਂ ਕੱਢਣ ਦੀ ਖੁੱਲ੍ਹ ਦੇਣਾ। ਉਸ ਨੇ ਕੀਮਤਾਂ ਤੋਂ ਕੰਟਰੋਲ ਹਟਾ ਦਿੱਤੇ, ਜਿਸ ਨਾਲ ਖਾਣ-ਪੀਣ ਦੇ ਖ਼ਰਚੇ ਵਧ ਗਏ। ਉਹ ਇਕ ਵਾਰ ਫੇਰ ਅਰਜਨਟਾਈਨਾ ਨੂੰ ਬਦੇਸ਼ੀ ਬਹੁ-ਕੌਮੀ ਕੰਪਨੀਆਂ ਦੀ ਵਿਸ਼ੇਸ਼ ਆਓ-ਭਗਤ ਦਾ ਅੱਡਾ ਬਣਾਉਣਾ ਚਾਹੁੰਦਾ ਸੀ। ਉਸ ਨੇ ਬਦੇਸ਼ੀ ਮਾਲਕੀ ਤੋਂ ਪਾਬੰਦੀਆਂ ਹਟਾ ਦਿੱਤੀਆਂ ਅਤੇ ਪਹਿਲੇ ਕੁਝ ਸਾਲਾਂ 'ਚ ਸੈਂਕੜੇ ਸਰਕਾਰੀ ਕੰਪਨੀਆਂ ਵੇਚ ਦਿੱਤੀਆਂ।[59] ਇਨ੍ਹਾਂ ਕਦਮਾਂ ਕਰਕੇ ਵਾਸ਼ਿੰਗਟਨ

'ਚ ਉਸ ਦੇ ਤਕੜੇ ਪ੍ਰਸ਼ੰਸਕ ਬਣ ਗਏ। ਜਨਤਕ ਹੋ ਚੁੱਕੇ ਦਸਤਾਵੇਜ਼ ਦਰਸਾਉਂਦੇ ਹਨ ਕਿ ਰਾਜ ਪਲਟੇ ਤੋਂ ਥੋੜ੍ਹੀ ਦੇਰ ਬਾਅਦ ਹੀ ਲਾਤੀਨੀ ਅਮਰੀਕਾ ਬਾਰੇ ਸਹਾਇਕ ਬਦੇਸ਼ ਸਕੱਤਰ ਵਿਲੀਅਮ ਰੋਗਰਜ਼ ਆਪਣੇ ਬੌਸ ਹੈਨਰੀ ਕਸਿੰਜਰ ਨੂੰ ਕਹਿ ਰਿਹਾ ਸੀ, "ਮਾਰਤੀਨੇਜ਼ ਡੀ ਹੌਜ਼ ਭਲਾ ਆਦਮੀ ਹੈ। ਅਸੀਂ ਸਦਾ ਗੁਪਤ ਸਲਾਹ-ਮਸ਼ਵਰਾ ਕਰਦੇ ਰਹੇ ਹਾਂ।" ਕਸਿੰਜਰ ਐਨਾ ਪ੍ਰਭਾਵਿਤ ਹੋਇਆ ਕਿ ਜਦੋਂ ਮਾਰਤੀਨੇਜ਼ ਡੀ ਹੌਜ਼ "ਹਾਂ ਪੱਖੀ ਸੰਕੇਤ ਦੇਣ ਲਈ" ਵਾਸ਼ਿੰਗਟਨ ਗਿਆ ਤਾਂ ਕਸਿੰਜਰ ਨੇ ਉਸ ਨਾਲ ਆਹਲਾ ਮਿਆਰੀ ਮੀਟਿੰਗ ਕੀਤੀ। ਉਸ ਨੇ ਅਰਜਨਟਾਈਨਾ ਦੇ ਆਰਥਕ ਯਤਨਾਂ ਦੀ ਮਦਦ ਕਰਨ ਲਈ ਦੋ ਵਿਅਕਤੀਆਂ ਨੂੰ ਫੋਨ ਕਰਕੇ ਸਿਫਾਰਸ਼ ਕਰਨ ਦੀ ਪੇਸ਼ਕਸ਼ ਵੀ ਕੀਤੀ। ਕਸਿੰਜਰ ਨੇ ਫ਼ੌਜੀ ਗੁੱਟ ਦੇ ਬਦੇਸ਼ ਮੰਤਰੀ ਨੂੰ ਦੱਸਿਆ, "ਮੈਂ ਡੇਵਿਡ ਰੌਕਫੈਲਰ ਨੂੰ ਫੋਨ ਕਰਕੇ ਕਹਿ ਦਿਆਂਗਾ," ਉਸ ਦਾ ਇਸ਼ਾਰਾ ਚੇਜ਼ ਮੈਨਹਟਨ ਬੈਂਕ ਦੇ ਪ੍ਰਧਾਨ ਵੱਲ ਸੀ। "ਅਤੇ ਮੈਂ ਉਸ ਦੇ ਭਰਾ, [ਅਮਰੀਕਾ ਦੇ] ਉੱਪ ਰਾਸ਼ਟਰਪਤੀ ਨੈਲਸਨ ਰੌਕਫੈਲਰ ਨੂੰ ਫੋਨ ਕਰ ਦਿਆਂਗਾ।"[60]

ਪੂੰਜੀ-ਨਿਵੇਸ਼ ਖਿੱਚਣ ਲਈ, *ਅਰਜਨਟਾਈਨਾ ਨੇ ਬਿਜਨੈੱਸ ਵੀਕ* 'ਚ ਤੀਹ ਸਫ਼ਿਆਂ ਦਾ ਇਸ਼ਤਿਹਾਰੀ ਸਪਲੀਮੈਂਟ ਕੱਢਿਆ, ਜਿਸ ਨੂੰ ਲੋਕਾਂ 'ਚ ਨੀਤੀਆਂ ਦੇ ਪ੍ਰਚਾਰ ਦੇ ਖੇਤਰ ਨਾਲ ਸਬੰਧਤ ਦਿਓ-ਕੱਦ ਕੰਪਨੀ ਬਰਸਨ ਮਾਰਸਟੈਲਰ ਨੇ ਤਿਆਰ ਕੀਤਾ ਸੀ। ਇਸ ਵਿਚ ਐਲਾਨ ਕੀਤਾ ਗਿਆ ਕਿ "ਇਤਿਹਾਸ 'ਚ ਕੁਝ ਸਰਕਾਰਾਂ ਨੇ ਹੀ ਨਿੱਜੀ ਪੂੰਜੀ-ਨਿਵੇਸ਼ ਨੂੰ ਐਨਾ ਜ਼ਿਆਦਾ ਉਤਸ਼ਾਹਤ ਕੀਤਾ ਹੈ....ਅਸੀਂ ਸੱਚੇ ਸਮਾਜਿਕ ਇਨਕਲਾਬ ਵਿਚੋਂ ਲੰਘ ਰਹੇ ਹਾਂ ਅਤੇ ਅਸੀਂ ਹਿੱਸੇਦਾਰ ਚਾਹੁੰਦੇ ਹਾਂ। ਅਸੀਂ ਸਰਕਾਰੀ ਕੰਟਰੋਲ ਵਾਲੇ ਪ੍ਰਬੰਧ ਦਾ ਬੋਝ ਸਿਰੋਂ ਲਾਹ ਰਹੇ ਹਾਂ ਅਤੇ ਸਾਡਾ ਨਿੱਜੀ ਖੇਤਰ ਦੀ ਹਰ ਪੱਖੋਂ ਅਹਿਮ ਭੂਮਿਕਾ 'ਚ ਦ੍ਰਿੜ ਭਰੋਸਾ ਹੈ।"•

ਇਕ ਵਾਰ ਫੇਰ ਵਸੋਂ ਉੱਪਰ ਇਸ ਦਾ ਅਸਰ ਸਪਸ਼ਟ ਸੀ : ਇਕ ਸਾਲ ਦੇ ਅੰਦਰ ਹੀ ਉਜਰਤਾਂ ਦੀ ਕਦਰ 40 ਫ਼ੀ ਸਦੀ ਘਟ ਗਈ, ਫੈਕਟਰੀਆਂ ਬੰਦ ਹੋ ਗਈਆਂ, ਕੰਗਾਲੀ ਤੇਜ਼ੀ ਨਾਲ ਵਧ ਗਈ। ਫ਼ੌਜੀ ਗੁੱਟ ਦੇ ਸੱਤਾ ਉੱਪਰ ਕਬਜ਼ਾ ਕੀਤੇ ਜਾਣ ਤੋਂ ਪਹਿਲਾਂ ਅਰਜਨਟਾਈਨਾ 'ਚ ਫਰਾਂਸ ਜਾਂ ਅਮਰੀਕਾ ਨਾਲੋਂ ਘੱਟ ਲੋਕ ਗਰੀਬੀ 'ਚ ਰਹਿ ਰਹੇ ਸਨ—ਸਿਰਫ਼ 9 ਫ਼ੀ ਸਦੀ—ਅਤੇ ਬੇਰੁਜ਼ਗਾਰੀ ਦੀ ਦਰ ਸਿਰਫ਼ 4.2 ਫ਼ੀ ਸਦੀ ਸੀ।[62] ਹੁਣ ਦੇਸ਼ 'ਚ ਪਿਛੜੇਵੇਂ ਦੀਆਂ ਅਲਾਮਤਾਂ ਉੱਭਰਨ ਲੱਗੀਆਂ ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਤਾਂ ਬਹੁਤ ਪਿੱਛਲੀਆਂ ਗੱਲਾਂ ਹਨ। ਗਰੀਬਾਂ ਦੇ ਮੁਹੱਲੇ ਪਾਣੀ ਤੋਂ ਵਾਂਝੇ ਹੋ ਗਏ ਅਤੇ ਐਸੀਆਂ ਬੀਮਾਰੀਆਂ ਦੀ ਭਰਮਾਰ ਹੋ ਗਈ ਜਿਨ੍ਹਾਂ ਦੀ ਰੋਕਥਾਮ ਸੰਭਵ ਸੀ।

ਚਿੱਲੀ ਅੰਦਰ ਪਿਨੋਚੇ ਨੇ ਜਿਨ੍ਹਾਂ ਸਦਮਾ ਦੇਣ ਵਾਲੇ ਅਤੇ ਦਹਿਸ਼ਤਪਾਊ ਤਰੀਕਿਆਂ ਨਾਲ ਸੱਤਾ 'ਤੇ ਕਬਜ਼ਾ ਕੀਤਾ ਸੀ ਉਨ੍ਹਾਂ ਦੀ ਬਦੌਲਤ ਉਹ ਮੱਧ ਵਰਗ ਨੂੰ ਵਾਂਝਾ ਕਰਨ ਲਈ ਆਰਥਕ ਨੀਤੀ ਦਾ ਖੁੱਲ੍ਹ ਕੇ ਇਸਤੇਮਾਲ ਕਰ ਸਕਦਾ ਸੀ। ਭਾਵੇਂ ਉਸ ਦੇ ਲੜਾਕੂ ਜੈੱਟ ਜਹਾਜ਼ ਅਤੇ ਕਾਤਲ ਗ੍ਰੋਹ ਦਹਿਸ਼ਤ ਫੈਲਾਉਣ 'ਚ ਚੋਖੇ ਕਾਰਗਰ ਸਿੱਧ ਹੋਏ ਸਨ ਪਰ ਇਨ੍ਹਾਂ ਨੇ ਜਨਤਾ ਨਾਲ ਰਿਸ਼ਤੇ ਵੀ ਖ਼ਤਮ ਕਰ ਦਿੱਤੇ। ਪਿਨੋਚੇ ਵਲੋਂ ਕੀਤੇ ਕਤਲੇਆਮ ਬਾਰੇ ਪ੍ਰੈੱਸ ਦੀਆਂ ਰਿਪੋਰਟਾਂ ਨੇ ਪੂਰੀ ਦੁਨੀਆਂ 'ਚ ਹਾਹਾਕਾਰ ਮਚਾ ਦਿੱਤੀ। ਯੂਰਪ ਅਤੇ ਉੱਤਰੀ ਅਮਰੀਕਾ ਦੇ ਕਾਰਕੁਨਾਂ ਨੇ ਆਪੋ ਆਪਣੀਆਂ ਸਰਕਾਰਾਂ ਉੱਪਰ ਚਿੱਲੀ ਨਾਲ ਕੋਈ ਵਪਾਰਕ ਲੈਣ-ਦੇਣ ਨਾ ਕਰਨ ਲਈ

• ਫ਼ੌਜੀ ਗੁੱਟ ਪੂੰਜੀ-ਨਿਵੇਸ਼ਕਾਰਾਂ ਨੂੰ ਆਪਣਾ ਦੇਸ਼ ਨਿਲਾਮ ਕਰਨ ਲਈ ਐਨਾ ਤਹੂ ਸੀ ਕਿ "ਇਸ ਨੇ ਸੱਠ ਦਿਨਾਂ ਦੇ ਅੰਦਰ ਖੁਦਾਈ ਕਰਨ ਵਾਲਿਆਂ ਲਈ ਜ਼ਮੀਨ ਦੇ ਭਾਅ 'ਚ 10 ਫੀਸਦੀ ਛੋਟ ਦੇਣ ਦਾ ਇਸ਼ਤਿਹਾਰ ਜਾਰੀ ਕਰ ਦਿੱਤਾ।"

ਜ਼ਬਰਦਸਤ ਦਬਾਅ ਪਾਇਆ। ਇਹ ਇਕ ਐਸੇ ਨਿਜ਼ਾਮ ਲਈ ਸਪਸ਼ਟ ਰੂਪ 'ਚ ਗ਼ੈਰ-ਸਾਜ਼ਗਾਰ ਨਤੀਜਾ ਸੀ ਜਿਸ ਦੀ ਹੋਂਦ ਹੀ ਆਪਣੇ ਦੇਸ਼ ਨੂੰ ਵਪਾਰ ਲਈ ਖੋਲ੍ਹਣ 'ਤੇ ਟਿਕੀ ਹੋਈ ਸੀ।

ਬਰਾਜ਼ੀਲ ਨਾਲ ਸਬੰਧਤ ਹੁਣੇ-ਹੁਣੇ ਜਨਤਕ ਹੋਏ ਦਸਤਾਵੇਜ਼ ਦਿਖਾਉਂਦੇ ਹਨ ਕਿ ਜਦੋਂ ਅਰਜਨਟਾਈਨਾ ਦੇ ਫ਼ੌਜੀ ਜਰਨੈਲ 1976 ਦੇ ਰਾਜ ਪਲਟੇ ਦੀ ਤਿਆਰੀ ਕਰ ਰਹੇ ਸਨ, ਓਦੋਂ ਉਹ "ਉਸ ਤਰ੍ਹਾਂ ਦੀ ਕੌਮਾਂਤਰੀ ਮੁਹਿੰਮ ਦਾ ਸ਼ਿਕਾਰ ਹੋਣ ਤੋਂ ਗੁਰੇਜ਼ ਕਰਨਾ ਚਾਹੁੰਦੇ ਸਨ ਜੋ ਚਿੱਲੀ ਵਿਰੁੱਧ ਚਲਾਈ ਗਈ ਸੀ।" ਇਹ ਨਿਸ਼ਾਨਾ ਹਾਸਲ ਕਰਨ ਲਈ, ਜਬਰ ਦੇ ਘੱਟ ਸਨਸਨੀਖੇਜ਼ ਦਾਅਪੇਚ ਦਰਕਾਰ ਸਨ—ਐਸੇ ਘੱਟ ਜ਼ਾਹਰ ਹੋਣ ਵਾਲੇ ਦਾਅਪੇਚ ਜੋ ਪੂਰੀ ਦਹਿਸ਼ਤ ਪਾਉਣ ਪਰ ਸੂਹਾਂ ਲੈ ਰਹੀ ਕੌਮਾਂਤਰੀ ਪ੍ਰੈੱਸ ਦੀ ਨਿਗਾਹ ਤੋਂ ਬਚੇ ਰਹਿਣ। ਚਿੱਲੀ ਵਿਚ, ਪਿਨੋਚੇ ਨੇ ਤੁਰੰਤ ਲਾਪਤਾ ਕਰ ਦੇਣ ਦਾ ਦਾਅਪੇਚ ਅਪਣਾਇਆ। ਆਪਣੇ ਸ਼ਿਕਾਰ ਨੂੰ ਸ਼ਰੇਆਮ ਕਤਲ ਕਰਨ ਜਾਂ ਗ੍ਰਿਫ਼ਤਾਰ ਕਰਨ ਦੀ ਬਜਾਏ, ਫ਼ੌਜੀ ਉਨ੍ਹਾਂ ਨੂੰ ਅਗਵਾ ਕਰਕੇ ਖ਼ੁਫੀਆ ਕੈਂਪਾਂ 'ਚ ਲੈ ਜਾਂਦੇ, ਤਸੀਹੇ ਦਿੰਦੇ ਅਤੇ ਮਾਰ ਕੇ ਖਪਾ ਦਿੰਦੇ ਅਤੇ ਫੇਰ ਕਹਿ ਦਿੰਦੇ ਕਿ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਲਾਸ਼ਾਂ ਜਨਤਕ ਕਬਰਾਂ 'ਚ ਦਬਾ ਦਿੱਤੀਆਂ ਜਾਂਦੀਆਂ। ਚਿੱਲੀ ਦਾ ਜੋ ਤੱਥ ਖੋਜ ਕਮਿਸ਼ਨ ਮਈ 1990 'ਚ ਬਣਾਇਆ ਗਿਆ ਸੀ, ਉਸ ਅਨੁਸਾਰ ਖ਼ੁਫੀਆ ਪੁਲਿਸ ਅਕਸਰ ਹੀ ਕਈ ਵਿਅਕਤੀਆਂ ਦੇ "ਢਿੱਡ ਛੁਰਿਆਂ ਨਾਲ ਪਾੜਨ ਤੋਂ ਬਾਅਦ" ਉਨ੍ਹਾਂ ਨੂੰ ਹੈਲੀਕਾਪਟਰਾਂ ਰਾਹੀਂ ਸਮੁੰਦਰ 'ਚ ਸੁੱਟ ਦਿੰਦੀ ਸੀ "ਤਾਂ ਜੋ ਲਾਸ਼ਾਂ ਪਾਣੀ ਉੱਪਰ ਨਾ ਤੈਰਨ।"[64] ਲਾਪਤਾ ਮਾਮਲਿਆਂ ਦੀ ਚਰਚਾ ਤਾਂ ਘੱਟ ਹੀ ਹੁੰਦੀ ਸੀ, ਇਸ ਤੋਂ ਇਲਾਵਾ ਇਹ ਸ਼ਰੇਆਮ ਕਤਲੇਆਮ ਨਾਲੋਂ ਦਹਿਸ਼ਤ ਫੈਲਾਉਣ ਦਾ ਵੱਧ ਅਸਰਦਾਰ ਸਾਧਨ ਸਨ। ਇਹ ਫੁਰਨਾ ਐਨਾ ਹਲਚਲ ਮਚਾਉਣ ਵਾਲਾ ਸੀ ਕਿ ਰਾਜ ਢਾਂਚੇ ਦਾ ਇਸਤੇਮਾਲ ਲੋਕਾਂ ਨੂੰ ਖ਼ਲਾਅ 'ਚ ਹੀ ਗਾਇਬ ਕਰ ਦੇਣ ਲਈ ਕੀਤਾ ਜਾ ਸਕਦਾ ਸੀ।

ਸੱਤਰਵਿਆਂ ਦੇ ਅੱਧ 'ਚ, ਲਾਪਤਾ ਕਰ ਦੇਣ ਦਾ ਢੰਗ ਦੱਖਣੀ ਤਿਕੋਨ ਖੇਤਰ ਦੇ ਸਾਰੇ ਦੇਸ਼ਾਂ 'ਚ ਸ਼ਿਕਾਗੋ ਸਕੂਲ ਦੇ ਹੱਥਠੋਕੇ ਫ਼ੌਜੀ ਗੁੱਟਾਂ ਵਲੋਂ ਆਪਣੀਆਂ ਨੀਤੀਆਂ ਲਾਗੂ ਕਰਨ ਦਾ ਪ੍ਰਮੁੱਖ ਸੰਦ ਬਣ ਗਿਆ ਸੀ। ਅਤੇ ਅਰਜਨਟਾਈਨਾ ਦੇ ਰਾਸ਼ਟਰਪਤੀ ਭਵਨ 'ਤੇ ਕਾਬਜ਼ ਹੋਣ ਵਾਲੇ ਫ਼ੌਜੀ ਜਰਨੈਲਾਂ ਤੋਂ ਵੱਧ ਉਤਸ਼ਾਹ ਨਾਲ ਇਸ ਨੂੰ ਅਮਲ 'ਚ ਲਿਆਉਣ ਵਾਲਾ ਹੋਰ ਕੋਈ ਨਹੀਂ ਸੀ। ਉਨ੍ਹਾਂ ਦੇ ਰਾਜ ਦੇ ਅਖ਼ੀਰ 'ਤੇ, ਅੰਦਾਜ਼ਨ ਤੀਹ ਹਜ਼ਾਰ ਲੋਕ ਲਾਪਤਾ ਕਰ ਦਿੱਤੇ ਗਏ ਸਨ।[65] ਇਨ੍ਹਾਂ ਵਿਚੋਂ ਬਹੁਤੇ, ਚਿੱਲੀ ਦੇ ਲੋਕਾਂ ਵਾਂਗ ਹੀ, ਹਵਾਈ ਜਹਾਜ਼ਾਂ ਰਾਹੀਂ ਰੀਓ ਡੀ ਲਾ ਪਲੈਤਾ ਦੇ ਗੰਧਲੇ ਪਾਣੀਆਂ 'ਚ ਸੁੱਟ ਦਿੱਤੇ ਗਏ ਸਨ।

ਅਰਜਨਟਾਈਨਾ ਦਾ ਫ਼ੌਜੀ ਗੁੱਟ ਸ਼ਰੇਆਮ ਅਤੇ ਗੁਪਤ ਦਹਿਸ਼ਤ ਦਰਮਿਆਨ ਸਾਵਾਂਪਣ ਬਣਾਈ ਰੱਖਣ ਪੱਖੋਂ ਬਾਜੀ ਲੈ ਗਿਆ। ਇਹ ਲੋੜੀਂਦੀ ਦਹਿਸ਼ਤ ਸ਼ਰੇਆਮ ਪਾਉਂਦਾ। ਹਰ ਕਿਸੇ ਨੂੰ ਪਤਾ ਹੁੰਦਾ ਸੀ ਕਿ ਕੀ ਹੋ ਰਿਹਾ ਹੈ, ਪਰ ਨਾਲ ਹੀ ਫ਼ੌਜੀ ਗੁੱਟ ਕਾਰਵਾਈ ਐਨੀ ਕੁ ਗੁਪਤ ਰੱਖਦਾ ਕਿ ਇਸ ਤੋਂ ਬਾਦ ਮੁੱਕਰਿਆ ਜਾ ਸਕੇ। ਸੱਤਾ 'ਚ ਆਉਣ ਦੇ ਪਹਿਲੇ ਦਿਨ ਹੀ ਫ਼ੌਜੀ ਗੁੱਟ ਨੇ ਭਿਆਨਕ ਤਾਕਤ ਵਰਤਣ ਦੀ ਇੱਛਾ ਦੀ ਇਕ ਨਾਟਕੀ ਝਲਕ ਦਿਖਾ ਦਿੱਤੀ : ਇਕ ਵਿਅਕਤੀ ਨੂੰ ਫੋਰਡ ਫਾਲਕਨ (ਇਹ ਵਾਹਨ ਖੁਫ਼ੀਆ ਪੁਲਿਸ ਵਲੋਂ ਅਗਵਾ ਲਈ ਵਰਤੇ ਜਾਣ ਵਾਲੇ ਵਾਹਨ ਵਜੋਂ ਬਦਨਾਮ ਸੀ) ਵਿਚੋਂ ਧੂਹ ਕੇ ਬਿਓਨਸ ਏਅਰੀਸ ਦੇ ਸਭ ਤੋਂ ਮਸ਼ਹੂਰ ਮੀਨਾਰ, ਜੋ 67.5 ਮੀਟਰ ਉੱਚਾ ਸਫੈਦ ਥਮਲਾ ਸੀ, ਨਾਲ ਬੰਨ੍ਹ ਦਿੱਤਾ ਗਿਆ ਅਤੇ ਸ਼ਰੇਆਮ ਮਸ਼ੀਨ ਗੰਨ ਦੀਆਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ।

ਇਸ ਤੋਂ ਬਾਅਦ, ਫ਼ੌਜੀ ਗੁੱਟ ਵਲੋਂ ਗੁਪਤ ਕਤਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ,

ਪਰ ਹਰੇਕ ਕਤਲ ਸਮੇਂ ਫ਼ੌਜੀ ਗੁੱਟ ਹਮੇਸ਼ਾ ਉੱਥੇ ਹੁੰਦੇ ਸਨ। ਅਗਵਾ ਕੀਤੇ ਵਿਅਕਤੀ ਨੂੰ ਗਾਇਬ ਕਰ ਦੇਣ ਤੋਂ ਸਰਕਾਰੀ ਤੌਰ 'ਤੇ ਇਨਕਾਰ ਕਰ ਦਿੱਤਾ ਜਾਂਦਾ ਸੀ ਜਦਕਿ ਪੂਰਾ ਮੁਹੱਲਾ ਇਸ ਦਾ ਖ਼ਾਮੋਸ਼ ਗਵਾਹ ਹੁੰਦਾ ਸੀ। ਜਿਸ ਬੰਦੇ ਦਾ ਸਫ਼ਾਇਆ ਕਰਨਾ ਹੁੰਦਾ, ਫ਼ੌਜੀ ਗੱਡੀਆਂ ਦਾ ਕਾਫ਼ਲਾ ਉਸ ਦੇ ਘਰ ਜਾਂ ਕੰਮ ਦੀ ਥਾਂ 'ਤੇ ਪਹੁੰਚ ਜਾਂਦਾ ਅਤੇ ਉਸ ਜਗ੍ਹਾ ਨੂੰ ਘੇਰਾ ਘੱਤ ਲੈਂਦਾ। ਅਕਸਰ ਹੀ ਉੱਪਰ ਹੈਲੀਕਾਪਟਰ ਚੱਕਰ ਲਾਉਂਦਾ ਰਹਿੰਦਾ। ਦਿਨ-ਦਿਹਾੜੇ ਅਤੇ ਗੁਆਂਢੀਆਂ ਦੀਆਂ ਅੱਖਾਂ ਮੂਹਰੇ ਪੁਲਿਸ ਜਾਂ ਫ਼ੌਜੀ ਦਰਵਾਜ਼ਾ ਤੋੜ ਕੇ ਉਸ ਬੰਦੇ ਨੂੰ ਧੂਹ ਕੇ ਲੈ ਜਾਂਦੇ। ਇਸ ਤੋਂ ਪਹਿਲਾਂ ਕਿ ਉਸ ਨੂੰ ਬਾਹਰ ਇੰਤਜ਼ਾਰ ਕਰ ਰਹੀ ਫੋਰਡ ਫਾਲਕਨ 'ਚ ਸੁੱਟ ਕੇ ਲੈ ਜਾਣ, ਉਹ ਅਕਸਰ ਹੀ ਆਪਣਾ ਨਾਂ ਇਸ ਉਮੀਦ ਨਾਲ ਉੱਚੀ ਉੱਚੀ ਬੋਲਦਾ ਕਿ ਘਟਨਾ ਦੀ ਖ਼ਬਰ ਉਸ ਦੇ ਪਰਿਵਾਰ ਨੂੰ ਮਿਲ ਜਾਵੇਗੀ। ਕੁਝ "ਗੁਪਤ" ਕਾਰਵਾਈਆਂ ਬਹੁਤ ਜ਼ਿਆਦਾ ਨਿਝੱਕ ਕੀਤੀਆਂ ਜਾਂਦੀਆਂ ਸਨ : ਪੁਲਿਸ ਭੀੜ-ਭੜੱਕੇ ਵਾਲੀਆਂ ਬੱਸਾਂ 'ਚ ਚੜ੍ਹ ਕੇ ਸਵਾਰੀਆਂ ਨੂੰ ਵਾਲਾਂ ਤੋਂ ਫੜ ਕੇ ਧੂਹ ਲਿਜਾਂਦੀ; ਸਾਂਤਾ ਫੀ ਸ਼ਹਿਰ 'ਚ, ਇਕ ਜੋੜੇ ਨੂੰ ਉਨ੍ਹਾਂ ਦੇ ਵਿਆਹ ਮੌਕੇ ਲੋਕਾਂ ਨਾਲ ਖਚਾਖਚ ਭਰੇ ਗਿਰਜਾਘਰ ਅੰਦਰੋਂ ਵਿਆਹ ਵਾਲੀ ਵੇਦੀ ਤੋਂ ਅਗਵਾ ਕਰ ਕੇ ਲੈ ਗਏ ਸਨ।[66]

ਦਹਿਸ਼ਤ ਦਾ ਜਨਤਕ ਕਿਰਦਾਰ ਅਗਵਾ ਕਰਨ ਤੱਕ ਸੀਮਤ ਨਹੀਂ ਸੀ। ਅਰਜਨਟਾਈਨਾ 'ਚ ਕੈਦੀਆਂ ਨੂੰ ਹਿਰਾਸਤ 'ਚ ਲੈ ਕੇ ਤਿੰਨ ਸੌ ਤਸੀਹਾਂ ਕੇਂਦਰਾਂ ਵਿਚੋਂ ਕਿਸੇ ਇਕ 'ਚ ਲਿਜਾਇਆ ਜਾਂਦਾ ਜੋ ਪੂਰੇ ਦੇਸ਼ 'ਚ ਬਣਾਏ ਹੋਏ ਸਨ।[67] ਇਨ੍ਹਾਂ ਵਿਚੋਂ ਕਈਆਂ ਬੰਦਿਆਂ ਨੂੰ ਸੰਘਣੀ ਵਸੋਂ ਵਾਲੇ ਰਿਹਾਇਸ਼ੀ ਇਲਾਕਿਆਂ ਵਿਚ ਦੇਖਿਆ ਗਿਆ। ਇਕ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣੇ ਵਿਅਕਤੀ ਨੂੰ ਬਿਓਨਸ ਏਅਰੀਸ ਦੀ ਭੀੜ-ਭੜੱਕੇ ਵਾਲੀ ਸੜਕ ਦੇ ਇਕ ਸਾਬਕਾ ਖੇਡ੍ਹ ਕਲੱਬ 'ਚ, ਇਕ ਹੋਰ ਨੂੰ ਕੇਂਦਰੀ ਬਾਹੀਆ ਬਲੈਂਸਾ ਦੇ ਸਕੂਲ ਵਿਚ ਅਤੇ ਇਕ ਹੋਰ ਨੂੰ ਹਸਪਤਾਲ ਦੇ ਇਕ ਹਿੱਸੇ ਵਿਚ ਦੇਖਿਆ ਗਿਆ। ਫ਼ੌਜ ਦੀਆਂ ਗੱਡੀਆਂ ਇਨ੍ਹਾਂ ਤਸੀਹਾ ਕੇਂਦਰਾਂ 'ਚ ਵੇਲੇ-ਕੁਵੇਲੇ ਵਾਹੋਦਾਹੀ ਆਉਂਦੀਆਂ ਜਾਂਦੀਆਂ ਰਹਿੰਦੀਆਂ, ਕੁਚੱਜੇ ਢੰਗ ਨਾਲ ਬਣਾਈਆਂ ਕੰਧਾਂ ਵਿਚ ਦੀ ਚੀਕਾਂ ਸੁਣਾਈ ਦਿੰਦੀਆਂ ਅਤੇ ਲਾਸ਼ਾਂ ਦੀ ਸ਼ਕਲ ਦੇ ਅਜੀਬ ਲਪੇਟੇ ਹੋਏ ਅਕਾਰ ਗੱਡੀਆਂ 'ਚ ਲੱਦਣ ਤੇ ਲਾਹੁਣ ਦਾ ਸਿਲਸਿਲਾ ਚੱਲਦਾ ਰਹਿੰਦਾ। ਗੁਆਂਢ 'ਚ ਰਹਿੰਦੇ ਲੋਕ ਸਭ ਕੁਝ ਬਿਟਰ ਬਿਟਰ ਦੇਖਦੇ ਰਹਿੰਦੇ।

ਉਰੂਗੁਏ ਦਾ ਨਿਜ਼ਾਮ ਵੀ ਇਸੇ ਤਰ੍ਹਾਂ ਦਾ ਨਿਡਰ ਸੀ। ਇਸ ਦੇ ਮੁੱਖ ਤਸੀਹਾ ਕੇਂਦਰਾਂ 'ਚੋਂ ਇਕ ਸੀ ਮੌਂਟੀ ਵੀਡੀਓ ਦੀ ਬੈਰਕ ਜੋ ਸਮੁੰਦਰੀ ਕੰਢੇ ਦੀ ਫੱਟਿਆਂ ਵਾਲੀ ਸੈਰਗਾਹ ਦੇ ਨਾਲ ਲੱਗਵੀਂ ਸੀ। ਇਹ ਕਦੇ ਸਮੁੰਦਰੀ ਕੰਢੇ 'ਤੇ ਚਹਿਲ ਕਦਮੀ ਕਰਨ ਜਾਂ ਪਿਕਨਿਕਾਂ ਲਈ ਪਰਿਵਾਰਾਂ ਦੀ ਮਨਭਾਉਂਦੀ ਜਗ੍ਹਾ ਹੁੰਦੀ ਸੀ। ਤਾਨਾਸ਼ਾਹੀ ਸਮੇਂ ਇਹ ਖ਼ੂਬਸੂਰਤ ਜਗ੍ਹਾ ਸੁੰਨ-ਮਸਾਨ ਸੀ। ਕਿਉਂਕਿ ਸ਼ਹਿਰ ਵਾਸੀ ਚੀਕਾਂ ਸੁਣਨ ਤੋਂ ਜਾਣ-ਬੁੱਝ ਕੇ ਟਾਲਾ ਵੱਟਦੇ ਸਨ।[68]

ਅਰਜਨਟਾਈਨਾ ਦਾ ਫ਼ੌਜੀ ਗੁੱਟ ਜ਼ੁਲਮ ਦੇ ਸ਼ਿਕਾਰ ਵਿਅਕਤੀਆਂ ਨੂੰ ਟਿਕਾਣੇ ਲਾਉਣ ਪੱਖੋਂ ਖ਼ਾਸ ਕਰਕੇ ਬੇਪ੍ਰਵਾਹ ਸੀ। ਇੱਥੇ ਸੈਰ ਕਰਨ ਨਿੱਕਲਣਾ ਵੀ ਭਿਆਨਕ ਸਾਬਤ ਹੋ ਸਕਦਾ ਸੀ ਕਿਉਂਕਿ ਥਾਂ-ਥਾਂ ਪੁੱਟੀਆਂ ਕਬਰਾਂ ਉੱਤੇ ਮਿੱਟੀ ਵੀ ਨਹੀਂ ਪਾਈ ਜਾਂਦੀ ਸੀ। ਜਨਤਕ ਕੂੜਾਦਾਨ 'ਚ ਲਾਸ਼ਾਂ ਅਕਸਰ ਹੀ ਸੁੱਟੀਆਂ ਹੁੰਦੀਆਂ, ਇਨ੍ਹਾਂ ਦੀਆਂ ਉਂਗਲੀਆਂ ਅਤੇ ਦੰਦ ਗਾਇਬ ਹੁੰਦੇ (ਅੱਜਕੱਲ੍ਹ ਇਰਾਕ 'ਚ ਇਹੀ ਕੀਤਾ ਜਾ ਰਿਹਾ ਹੈ)। ਜਾਂ ਇਹ ਰਿਉਡੀ ਲਾ ਪਲੈਤਾ ਦੇ ਕੰਢਿਆਂ ਤੋਂ ਸਮੁੰਦਰ 'ਚ ਹੜਾ ਦਿੱਤੀਆਂ ਜਾਂਦੀਆਂ। ਕਈ ਵਾਰ ਤਾਂ ਫ਼ੌਜੀ ਗੁੱਟ "ਯਮਦੂਤ ਵਾਲੀਆਂ ਉਡਾਣਾਂ ਭਰਨ" ਤੋਂ ਬਾਅਦ ਅੱਧੀ ਦਰਜਣ ਲਾਸ਼ਾਂ ਸਮੁੰਦਰ 'ਚ ਸੁੱਟ ਜਾਂਦਾ। ਕਈ ਵਾਰ ਉਹ,

ਹੈਲੀਕਾਪਟਰਾਂ ਰਾਹੀਂ ਕਿਸਾਨਾਂ ਦੇ ਖੇਤਾਂ 'ਚ ਲਾਸ਼ਾਂ ਸੁੱਟ ਜਾਂਦੇ।[69]

ਅਰਜਨਟਾਈਨਾ ਦੇ ਸਾਰੇ ਲੋਕ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਹਮ-ਵਤਨੀਆਂ ਨੂੰ ਖ਼ਤਮ ਕੀਤੇ ਜਾਣ ਦੇ ਚਸ਼ਮਦੀਦ ਗਵਾਹ ਸਨ, ਫੇਰ ਵੀ ਬਹੁਤੇ ਲੋਕ ਇਹੀ ਕਹਿੰਦੇ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਅਰਜਨਟਾਈਨਾ 'ਚ ਇਕ ਕਹਾਵਤ ਹੈ ਜੋ ਅੱਖੀਂ ਡਿੱਠੇ ਦੀ ਜਾਣਕਾਰੀ ਅਤੇ ਦਹਿਸ਼ਤ ਨਾਲ ਅੱਖਾਂ ਮੀਟਣ ਦੇ ਵਿਰੋਧਾਭਾਸ ਨੂੰ ਬਿਆਨ ਕਰਨ ਸਮੇਂ ਵਰਤੀ ਜਾਂਦੀ ਹੈ। ਇਹ ਉਨ੍ਹਾਂ ਸਾਲਾਂ ਦੀ ਭਾਰੂ ਮਾਨਸਿਕਤਾ ਹੁੰਦੀ ਸੀ : "ਅਸੀਂ ਉਸ ਦੇ ਬਾਰੇ ਕੁਝ ਨਹੀਂ ਜਾਣਦੇ ਜਿਸ ਤੋਂ ਕੋਈ ਵੀ ਮੁੱਕਰ ਨਹੀਂ ਸਕਦਾ।"

ਕਿਉਂਕਿ ਜਿਹੜੇ ਬੰਦੇ ਵੱਖ-ਵੱਖ ਫ਼ੌਜੀ ਸਰਕਾਰਾਂ ਨੂੰ ਲੋੜੀਂਦੇ ਹੁੰਦੇ, ਉਹ ਗੁਆਂਢੀ ਦੇਸ਼ਾਂ 'ਚ ਪਨਾਹ ਲੈਂਦੇ ਸਨ, ਇਸ ਲਈ ਇਸ ਖੇਤਰ ਦੀਆਂ ਸਰਕਾਰਾਂ ਨੇ ਬਦਨਾਮ *ਓਪਰੇਸ਼ਨ ਕੌਂਦੋਰ* ਸਮੇਂ ਆਪਸ 'ਚ ਮਿਲ ਕੇ ਕੰਮ ਕੀਤਾ। ਇਸ ਓਪਰੇਸ਼ਨ ਤਹਿਤ, ਦੱਖਣੀ ਤਿਕੋਨ ਦੇ ਦੇਸ਼ਾਂ ਦੀਆਂ ਸਰਕਾਰਾਂ, ਵਾਸ਼ਿੰਗਟਨ ਵਲੋਂ ਦਿੱਤੀ ਗਈ ਆਧੁਨਿਕ ਕੰਪਿਊਟਰ ਪ੍ਰਣਾਲੀ ਦੀ ਮਦਦ ਨਾਲ "ਭੰਨਤੋੜ ਕਰਨ ਵਾਲਿਆਂ" ਬਾਰੇ ਜਾਣਕਾਰੀ ਸਾਂਝੀ ਕਰਦੀਆਂ ਅਤੇ ਇਸ ਉਪਰੰਤ ਇਕ ਦੂਜੇ ਦੇ ਖੁਫ਼ੀਆ ਏਜੰਟਾਂ ਨੂੰ ਸਰਹੱਦ ਪਾਰ ਜਾ ਕੇ ਲੋੜੀਂਦੇ ਵਿਅਕਤੀਆਂ ਨੂੰ ਅਗਵਾ ਕਰਨ ਅਤੇ ਤਸੀਹੇ ਦੇਣ ਲਈ ਸੁਰੱਖਿਅਤ ਲਾਂਘਾ ਦਿੰਦੀਆਂ। ਇਹ ਪ੍ਰਬੰਧ ਸੀ ਆਈ ਏ ਦੇ ਅਜੋਕੇ "ਵਿਸ਼ੇਸ਼ ਸਪੁਰਦਗੀ" ਦੇ ਤਾਣੇਬਾਣੇ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਹੈ।•[70]

ਫ਼ੌਜੀ ਗੁੱਟ ਕੈਦੀਆਂ ਨੂੰ ਬਕਾ ਕੇ ਸੂਹ ਕੱਢਣ ਦੇ ਸਭ ਤੋਂ ਕਾਰਗਰ ਢੰਗਾਂ ਬਾਰੇ ਗਿਆਨ ਦਾ ਵਟਾਂਦਰਾ ਵੀ ਕਰਦੇ ਰਹਿੰਦੇ ਸਨ। ਚਿੱਲੀ ਦੇ ਜਿਨ੍ਹਾਂ ਲੋਕਾਂ ਨੂੰ ਰਾਜ ਪਲਟੇ ਤੋਂ ਬਾਅਦ ਚਿੱਲੀ ਸਟੇਡੀਅਮ 'ਚ ਤਸੀਹੇ ਦਿੱਤੇ ਗਏ ਉਨ੍ਹਾਂ ਨੇ ਇਹ ਅਣਕਿਆਸੀ ਜਾਣਕਾਰੀ ਦਿੱਤੀ ਕਿ ਤਸੀਹੇ ਦੇਣ ਸਮੇਂ ਕਮਰੇ 'ਚ ਬਰਾਜ਼ੀਲ ਦੇ ਫ਼ੌਜੀ ਮੌਜੂਦ ਸਨ ਜੋ ਇਹ ਮਸ਼ਵਰਾ ਦਿੰਦੇ ਸਨ ਕਿ ਕਸ਼ਟ ਦੀ ਸਭ ਤੋਂ ਵਧੀਆ ਵਿਗਿਆਨਕ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।[71]

ਇਸ ਸਮੇਂ, ਅਜਿਹੇ ਅਦਾਨ-ਪ੍ਰਦਾਨ ਦੇ ਬੇਸ਼ੁਮਾਰ ਮੌਕੇ ਸਨ, ਇਨ੍ਹਾਂ ਵਿਚੋਂ ਬਹੁਤ ਕੁਝ ਅਮਰੀਕਾ ਜ਼ਰੀਏ ਹੋ ਰਿਹਾ ਸੀ ਅਤੇ ਸੀ ਆਈ ਏ ਇਸ ਵਿਚ ਸ਼ਾਮਲ ਸੀ। ਚਿੱਲੀ 'ਚ ਅਮਰੀਕੀ ਦਖ਼ਲਅੰਦਾਜ਼ੀ ਬਾਰੇ ਅਮਰੀਕੀ ਸੈਨੇਟ ਵਲੋਂ 1975 'ਚ ਕੀਤੀ ਜਾਂਚ ਸਮੇਂ ਸਾਹਮਣੇ ਆਇਆ ਕਿ ਸੀ ਆਈ ਏ ਨੇ ਪਿਨੋਚੇ ਦੀ ਫ਼ੌਜ ਨੂੰ "ਭੰਨਤੋੜ 'ਤੇ ਕਾਬੂ ਪਾਉਣ" ਦੇ ਢੰਗਾਂ ਦੀ ਸਿਖਲਾਈ ਦਿੱਤੀ ਸੀ।[72] ਬਰਾਜ਼ੀਲ ਅਤੇ ਉਰੂਗੁਏ ਦੀ ਪੁਲਿਸ ਨੂੰ ਤਫ਼ਤੀਸ਼ ਦੀਆਂ ਤਕਨੀਕਾਂ ਬਾਰੇ ਅਮਰੀਕੀ ਸਿਖਲਾਈ ਦਾ ਦਸਤਾਵੇਜ਼ੀ ਵੇਰਵਾ ਵੱਡੇ ਪੱਧਰ 'ਤੇ ਮੌਜੂਦ ਹੈ। ਬਰਾਜ਼ੀਲ ਦੇ ਤੱਥ ਖੋਜ ਕਮਿਸ਼ਨ ਦੀ ਰਿਪੋਰਟ, *ਬਰਾਜ਼ੀਲ : ਮੁੜ ਇਹ ਕਦੇ ਨਾ ਵਾਪਰੇ*, 1985 ਛਾਪੀ ਗਈ ਸੀ। ਇਸ ਵਿਚ ਅਦਾਲਤੀ ਗਵਾਹੀ ਬਾਰੇ ਦਿੱਤੇ ਹਵਾਲੇ ਅਨੁਸਾਰ : ਫ਼ੌਜੀ ਅਫ਼ਸਰ ਫ਼ੌਜ ਦੀਆਂ ਇਕਾਈਆਂ 'ਚ "ਤਸੀਹਿਆਂ ਬਾਰੇ ਬਾਕਾਇਦਾ ਜਮਾਤਾਂ" ਲਾਉਂਦੇ ਸਨ ਜਿੱਥੇ ਉਨ੍ਹਾਂ ਨੂੰ ਤਸੀਹੇ ਦੇਣ ਦੇ ਵੱਖ-ਵੱਖ

• ਲਾਤੀਨੀ ਅਮਰੀਕਾ 'ਚ ਇਹ ਕਾਰਵਾਈ ਹਿਟਲਰ ਦੀ "ਰਾਤ ਅਤੇ ਧੁੰਦ" ਦੇ ਨਮੂਨੇ 'ਤੇ ਉਲੀਕੀ ਗਈ ਸੀ। 1941 'ਚ, ਹਿਟਲਰ ਨੇ ਫ਼ਰਮਾਨ ਜਾਰੀ ਕੀਤਾ ਕਿ ਨਾਜ਼ੀ ਕਬਜ਼ੇ ਵਾਲੇ ਦੇਸ਼ਾਂ ਦੇ ਲੜਾਕੂ ਯੋਧਿਆਂ ਨੂੰ ਜਰਮਨੀ 'ਚ ਲਿਆ ਕੇ "ਰਾਤ ਅਤੇ ਧੁੰਦ" 'ਚ ਖ਼ਤਮ ਕੀਤਾ ਜਾਵੇਗਾ।" ਬਾਅਦ 'ਚ, ਬਹੁਤ ਸਾਰੇ ਉੱਚ ਕੋਟੀ ਦੇ ਨਾਜ਼ੀ ਜਲਾਦਾਂ ਨੇ ਚਿੱਲੀ ਅਤੇ ਅਰਜਨਟਾਈਨਾ 'ਚ ਪਨਾਹ ਲਈ ਸੀ। ਕੁਝ ਇਸ ਤਰ੍ਹਾਂ ਜਾਪਦਾ ਹੈ ਕਿ ਦੱਖਣੀ ਤਿਕੋਨ ਦੇਸ਼ਾਂ ਦੀਆਂ ਖੁਫ਼ੀਆ ਏਜੰਸੀਆਂ ਨੂੰ ਇਨ੍ਹਾਂ ਦਾਅਪੇਚਾਂ ਦੀ ਸਿਖਲਾਈ ਉਨ੍ਹਾਂ ਨੇ ਹੀ ਦਿੱਤੀ ਹੋਵੇਗੀ।

ਢੰਗ ਬਿਆਨ ਕਰਦੀਆਂ ਸਲਾਈਡਾਂ ਦਿਖਾਈਆਂ ਜਾਂਦੀਆਂ ਸਨ। ਇਨ੍ਹਾਂ ਸੈਸ਼ਨਾਂ 'ਚ "ਅਮਲੀ ਪ੍ਰਦਰਸ਼ਨ" ਕਰਨ ਲਈ ਕੈਦੀਆਂ ਨੂੰ ਇੱਥੇ ਲਿਆ ਕੇ ਬੁਰੀ ਤਰ੍ਹਾਂ ਤਸੀਹੇ ਦਿੱਤੇ ਜਾਂਦੇ ਸਨ ਜਦਕਿ ਸੌ ਦੇ ਕਰੀਬ ਫ਼ੌਜੀ ਸਾਰਜੰਟ ਇਸ ਪ੍ਰਤੱਖ ਤਜਰਬੇ ਤੋਂ ਸਬਕ ਲੈਂਦੇ ਸਨ। ਰਿਪੋਰਟ ਬਿਆਨ ਕਰਦੀ ਹੈ ਕਿ "ਬਰਾਜ਼ੀਲ 'ਚ ਇਹ ਅਭਿਆਸ ਸ਼ੁਰੂ ਕਰਨ ਵਾਲੇ ਪਹਿਲੇ ਵਿਅਕਤੀਆਂ 'ਚੋਂ ਸੀ ਇਕ ਅਮਰੀਕੀ ਪੁਲਿਸ ਅਫ਼ਸਰ ਡੈਨ ਮਿਤਰਿਓਨ। ਬਰਾਜ਼ੀਲ ਦੇ ਫ਼ੌਜੀ ਰਾਜ ਦੇ ਮੁੱਢਲੇ ਸਮਿਆਂ ਦੌਰਾਨ ਬੈਲੋ ਹੌਰਾਈਜੋਂਟੇ 'ਚ ਬਤੌਰ ਪੁਲਿਸ ਉਸਤਾਦ ਮਿਤਰਿਓਨ ਸੜਕਾਂ ਤੋਂ ਮੰਗਤਿਆਂ ਨੂੰ ਫੜ੍ਹ ਕੇ ਉਨ੍ਹਾਂ ਨੂੰ ਜਮਾਤ ਦੇ ਕਮਰੇ 'ਚ ਤਸੀਹੇ ਦਿੰਦਾ ਸੀ ਤਾਂ ਜੋ ਸਥਾਨਕ ਪੁਲਿਸ ਕੈਦੀ ਦੇ ਜਿਸਮ ਅਤੇ ਮਨ ਦਰਮਿਆਨ ਆਹਲਾ ਦਰਜੇ ਦੀ ਵਿਰੋਧਤਾਈ ਖੜ੍ਹੀ ਕਰਨ ਦੇ ਵੱਖ-ਵੱਖ ਢੰਗ ਸਿੱਖ ਲਵੇ।"[73] ਮਿਤਰਿਓਨ ਫੇਰ ਪੁਲਿਸ ਨੂੰ ਸਿਖਲਾਈ ਦੇਣ ਲਈ ਉਰੂਗੁਏ ਰਵਾਨਾ ਹੋ ਗਿਆ ਜਿੱਥੇ 1970 ਵਿਚ ਤੂਪਾਮਾਰੂ ਛਾਪਾਮਾਰਾਂ ਨੇ ਉਸ ਨੂੰ ਅਗਵਾ ਕਰਕੇ ਮਾਰ ਦਿੱਤਾ। ਖੱਬੇਪੱਖੀ ਇਨਕਲਾਬੀ ਧੜੇ ਨੇ ਇਹ ਕਾਰਵਾਈ ਤਸੀਹਿਆਂ ਦੀ ਸਿਖਲਾਈ ਦੇਣ 'ਚ ਮਿਤਰਿਓਨ ਦੀ ਸ਼ਮੂਲੀਅਤ ਨੂੰ ਨੰਗਾ ਕਰਨ ਲਈ ਵਿਉਂਤੀ ਸੀ।• ਉਸ ਦੇ ਇਕ ਸ਼ਾਗਿਰਦ ਅਨੁਸਾਰ, ਸੀ ਆਈ ਏ ਦੀ ਨੇਮਾਵਲੀ ਦੇ ਲੇਖਕਾਂ ਵਾਂਗ ਉਹ ਜ਼ੋਰ ਦਿੰਦਾ ਕਿ ਕਾਰਗਰ ਤਸੀਹੇ ਦੂਜਿਆਂ ਨੂੰ ਤੰਗ ਕਰਨ ਦਾ ਸ਼ੁਗਲ ਨਹੀਂ ਸਗੋਂ ਵਿਗਿਆਨ ਹੈ। ਉਸ ਦਾ ਆਦਰਸ਼ ਸੀ, "ਸਹੀ ਟਿਕਾਣੇ 'ਤੇ ਸਹੀ ਮਾਤਰਾ 'ਚ ਸਹੀ ਕਸ਼ਟ।"[74] ਇਸ ਮਨਹੂਸ ਦੌਰ ਨਾਲ ਸਬੰਧਤ ਦੱਖਣੀ ਤਿਕੋਨ ਦੇ ਦੇਸ਼ਾਂ ਬਾਰੇ ਮਨੁੱਖੀ ਹੱਕਾਂ ਦੀਆਂ ਸਾਰੀਆਂ ਹੀ ਰਿਪੋਰਟਾਂ 'ਚ ਇਸ ਸਿਖਲਾਈ ਦੇ ਨਤੀਜੇ ਸਪਸ਼ਟ ਦਿਖਾਈ ਦਿੰਦੇ ਹਨ। ਵਾਰ-ਵਾਰ ਉਹ ਕੁਬਾਰਕ ਨੇਮਾਵਲੀ 'ਚ ਦਰਜ ਵਿਸ਼ੇਸ਼ ਢੰਗਾਂ ਦੀ ਪੁਸ਼ਟੀ ਕਰਦੇ ਹਨ : ਸਵੇਰੇ ਸਾਝਰੇ ਗ੍ਰਿਫ਼ਤਾਰ ਕਰਨਾ, ਸਿਰ-ਮੂੰਹ ਢਕ ਦੇਣਾ, ਪੂਰੀ ਤਰ੍ਹਾਂ ਸੁੰਨੀ ਥਾਂ 'ਤੇ ਰੱਖਣਾ, ਨਸ਼ੀਲੀਆਂ ਦਵਾਈਆਂ ਦੇਣਾ, ਜਬਰੀ ਨੰਗੇ ਕਰਕੇ ਰੱਖਣਾ, ਕਰੰਟ ਲਾਉਣਾ। ਅਤੇ ਹਰ ਥਾਂ ਹੀ, ਜਾਣ-ਬੁੱਝ ਕੇ ਕੈਦੀਆਂ ਨੂੰ ਮੰਦ ਬੁੱਧੀ ਬਣਾਉਣ ਦੇ ਮੈਕਗਿਲ ਦੇ ਤਜਰਬਿਆਂ ਦੀ ਭਿਆਨਕ ਵਿਰਾਸਤ ਮੌਜੂਦ ਸੀ।

ਚਿੱਲੀ ਦੇ ਕੌਮੀ ਸਟੇਡੀਅਮ 'ਚੋਂ ਰਿਹਾਅ ਕੀਤੇ ਗਏ ਕੈਦੀਆਂ ਨੇ ਦੱਸਿਆ ਕਿ ਤੇਜ਼ ਫਲੱਡ ਰੌਸ਼ਨੀਆਂ ਚੌਵੀ ਘੰਟੇ ਜਗਦੀਆਂ ਰੱਖੀਆਂ ਜਾਂਦੀਆਂ ਸਨ ਅਤੇ ਖਾਣੇ ਦੀ ਤਰਤੀਬ ਜਾਣ-ਬੁੱਝ ਕੇ ਉਲਟ-ਪੁਲਟ ਕੀਤੀ ਜਾਂਦੀ ਸੀ।[75] ਫ਼ੌਜੀ ਬਹੁਤੇ ਕੈਦੀਆਂ ਨੂੰ ਕੰਬਲ ਨਾਲ ਸਿਰ-ਮੂੰਹ ਢਕ ਕੇ ਰੱਖਣ ਲਈ ਮਜਬੂਰ ਕਰਦੇ ਤਾਂ ਜੋ ਨਾ ਉਹ ਚੰਗੀ ਤਰ੍ਹਾਂ ਸੁਣ ਸਕਣ ਨਾ ਦੇਖ ਸਕਣ। ਇਸ ਦਾ ਉਦੇਸ਼ ਕੈਦੀਆਂ ਨੂੰ ਚੱਕਰਾਂ 'ਚ ਪਾਉਣਾ ਸੀ ਕਿਉਂਕਿ ਕੈਦੀ ਜਾਣਦੇ ਸਨ ਕਿ ਉਨ੍ਹਾਂ ਨੂੰ ਸਟੇਡੀਅਮ 'ਚ ਰੱਖਿਆ ਗਿਆ ਹੈ। ਕੈਦੀਆਂ ਨੇ ਦੱਸਿਆ ਕਿ ਇਨ੍ਹਾਂ ਚਲਾਕੀਆਂ ਦਾ ਅਸਰ ਇਹ ਹੋਇਆ ਕਿ ਉਨ੍ਹਾਂ ਦੀ ਦਿਨ-ਰਾਤ ਦੀ ਸੁੱਧ-ਬੁੱਧ ਜਾਂਦੀ ਰਹੀ ਅਤੇ ਇਸ ਨਾਲ ਰਾਜ ਪਲਟੇ ਦੇ ਉੱਪਰੋਂ ਦੀ ਇਨ੍ਹਾਂ ਗ੍ਰਿਫ਼ਤਾਰੀਆਂ ਨੇ ਸਦਮੇ ਅਤੇ ਖੌਫ਼ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਸੀ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਸਟੇਡੀਅਮ ਨੂੰ ਬਹੁਤ ਵੱਡੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੋਵੇ ਅਤੇ ਉਹ ਗਿਆਨ ਇੰਦਰੀਆਂ ਨੂੰ ਧੋਖਾ ਦੇਣ ਦੇ ਅਜੀਬ ਤਜਰਬੇ ਕਰਨ ਦੀਆਂ ਵਸਤੂਆਂ ਹੋਣ।

ਸੀ ਆਈ ਏ ਦੇ ਤਜਰਬਿਆਂ ਦੀ ਵਧੇਰੇ ਸਹੀ ਨਕਲ ਚਿੱਲੀ ਦੀ ਵਿਲਾ ਗ੍ਰਿਮਾਲਦੀ ਜੇਲ੍ਹ 'ਚ ਦੇਖੀ ਜਾ ਸਕਦੀ ਸੀ, "ਜੋ ਇਸ ਦੀਆਂ 'ਚਿੱਲੀ ਕੋਠੜੀਆਂ' ਲਈ ਮਸ਼ਹੂਰ ਸੀ—ਲੱਕੜ ਦੀਆਂ ਇਹ ਅੱਡ-ਅੱਡ ਕੋਠੜੀਆਂ ਐਨੀਆਂ ਛੋਟੀਆਂ ਸਨ ਕਿ ਕੈਦੀ ਨਾ ਲੱਤਾਂ ਸਿੱਧੀਆਂ ਕਰ

• ਕੋਸਤਾ ਗਾਵਰਸ ਦੀ 1972 'ਚ ਬਣਾਈ ਗਈ ਸ਼ਾਨਦਾਰ ਫਿਲਮ The state of Siege ਦਾ ਅਧਾਰ ਇਹੀ ਘਟਨਾ ਸੀ।

ਸਕਦੇ ਨਾ ਲੰਮੇ ਪੈ ਸਕਦੇ।"[76] ਉਰੂਗੁਏ ਦੀ ਲਿਬਰਟਾਡ ਜੇਲ੍ਹ ਦੇ ਕੈਦੀਆਂ ਨੂੰ ਟਾਪੂ 'ਚ ਭੇਜਿਆ ਜਾਂਦਾ ਸੀ : ਇਹ ਖਿੜਕੀਆਂ ਤੋਂ ਬਗ਼ੈਰ ਨਿੱਕੇ ਨਿੱਕੇ ਖੁੱਡੇ ਸਨ ਜਿਨ੍ਹਾਂ ਵਿਚ ਬੱਤੀ ਹਰ ਸਮੇਂ ਜਗਦੀ ਰਹਿੰਦੀ ਸੀ। ਵਧੇਰੇ ਅਹਿਮ ਕੈਦੀਆਂ ਨੂੰ ਇਕ ਦਹਾਕੇ ਤੋਂ ਵੀ ਵੱਧ ਸਮਾਂ ਪੂਰੀ ਤਰ੍ਹਾਂ ਅਲੱਗ ਥਲੱਗ ਰੱਖਿਆ ਗਿਆ। ਇਨ੍ਹਾਂ ਵਿਚੋਂ ਇਕ ਕੈਦੀ ਮਾਰਸੀਓ ਰੁਜ਼ਨਕੌਫ ਨੇ ਚੇਤੇ ਕੀਤਾ, "ਅਸੀਂ ਸੋਚ ਰਹੇ ਸਾਂ ਅਸੀਂ ਮਰ ਚੁੱਕੇ ਹਾਂ, ਕਿ ਸਾਡੀਆਂ ਕੋਠੜੀਆਂ ਕੋਠੜੀਆਂ ਨਹੀਂ ਸਗੋਂ ਕਬਰਾਂ ਹਨ, ਕਿ ਬਾਹਰ ਕੋਈ ਦੁਨੀਆਂ ਨਹੀਂ ਹੈ, ਕਿ ਸੂਰਜ ਇਕ ਮਿਥ ਹੈ।" ਸਾਢੇ ਗਿਆਰਾਂ ਸਾਲਾਂ 'ਚ ਉਸ ਨੂੰ ਕੁਲ ਅੱਠ ਘੰਟੇ ਸੂਰਜ ਦੇਖਣਾ ਨਸੀਬ ਹੋਇਆ ਸੀ। ਇਸ ਸਮੇਂ ਦੌਰਾਨ ਉਸ ਦੀਆਂ ਗਿਆਨ ਇੰਦਰੀਆਂ ਐਨੀਆਂ ਸੰਵੇਦਨਹੀਣ ਹੋ ਗਈਆਂ ਸਨ ਕਿ ਉਸ ਨੂੰ "ਰੰਗਾਂ ਦੀ ਪਛਾਣ ਹੀ ਭੁੱਲ ਗਈ—ਕਿ ਕੋਈ ਰੰਗ ਨਾਂ ਦੀ ਚੀਜ਼ ਵੀ ਹੁੰਦੀ ਹੈ।"•[77]

ਅਰਜਨਟਾਈਨਾ ਦੀ ਇਕ ਸਭ ਤੋਂ ਵੱਡੀ ਕਤਲਗਾਹ ਬਿਓਨਸ ਏਅਰੀਸ ਦੇ ਨੇਵੀ ਸਕੂਲ ਆਫ ਮਕੈਨਿਕਸ ਵਿਚ ਅਲੱਗ ਕੋਠੜੀ ਨੂੰ Capucha ਭਾਵ ਬੁਰਕਾ ਕਹਿੰਦੇ ਸਨ। ਇਸ ਕਾਲ ਕੋਠੜੀ 'ਚ ਤਿੰਨ ਮਹੀਨੇ ਨਰਕ ਭੋਗਣ ਵਾਲੇ ਜੁਆਨ ਮਿਰਾਂਦਾ ਨੇ ਮੈਨੂੰ ਇਸ ਬਾਰੇ ਇਸ ਤਰ੍ਹਾਂ ਦੱਸਿਆ ਸੀ : "ਉਹ ਤੁਹਾਡੀਆਂ ਅੱਖਾਂ ਬੰਨ੍ਹ ਕੇ ਚਿਹਰਾ ਕੱਪੜੇ ਨਾਲ ਢਕ ਕੇ ਅਤੇ ਹੱਥਾਂ ਪੈਰਾਂ ਨੂੰ ਜ਼ੰਜੀਰਾਂ 'ਚ ਜਕੜ ਕੇ ਰੱਖਦੇ ਸਨ। ਉਹ ਸਾਨੂੰ ਸਾਰਾ ਦਿਨ ਜੇਲ੍ਹ ਦੀ ਮਮਟੀ 'ਚ ਫੋਮ ਦੇ ਗੱਦਿਆਂ 'ਤੇ ਲੰਮਾ ਪਾਈ ਰੱਖਦੇ। ਮੈਂ ਦੂਜੇ ਕੈਦੀਆਂ ਨੂੰ ਦੇਖ ਨਹੀਂ ਸਕਦਾ ਸੀ, ਆਲੇ ਦੁਆਲੇ ਪਲਾਈ ਵੁੱਡ ਲਾ ਕੇ ਮੈਨੂੰ ਦੂਜਿਆਂ ਤੋਂ ਅੱਡ ਕੀਤਾ ਹੋਇਆ ਸੀ। ਜਦੋਂ ਸੰਤਰੀ ਖਾਣਾ ਦੇਣ ਆਉਂਦੇ, ਉਹ ਮੇਰਾ ਮੂੰਹ ਕੰਧ ਵੱਲ ਕਰਵਾ ਕੇ ਫੇਰ ਹੀ ਚਿਹਰੇ ਤੋਂ ਕੱਪੜਾ ਲਾਹੁੰਦੇ ਤਾਂ ਜੋ ਮੈਂ ਖਾਣਾ ਖਾ ਲਵਾਂ। ਸਿਰਫ਼ ਇਸ ਸਮੇਂ ਹੀ ਸਾਨੂੰ ਬੈਠਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ; ਬਾਕੀ ਸਮਾਂ ਸਾਨੂੰ ਲੰਮੇ ਪੈਣਾ ਪੈਂਦਾ ਸੀ।" ਅਰਜਨਟਾਈਨਾ ਦੇ ਹੋਰ ਕੈਦੀਆਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਤੋਂ ਵਾਂਝੇ ਰੱਖਣ ਲਈ ਅਰਥੀ ਦੇ ਆਕਾਰ ਦੇ ਖੁੱਡਿਆਂ ਵਿਚ ਡੱਕਿਆ ਹੋਇਆ ਸੀ ਜਿਨ੍ਹਾਂ ਨੂੰ Tubo ਕਹਿੰਦੇ ਸਨ।

ਸੁੰਨੀ ਥਾਂ ਰੱਖੇ ਜਾਣ ਦੀ ਇਕੋ ਇਕ ਰਾਹਤ ਸੀ ਤਸੀਹਿਆਂ ਵਾਲੀ ਕੋਠੜੀ ਦੇ ਭਿਆਨਕ ਸੰਤਾਪ ਤੋਂ ਬਚਾਅ। ਇਸ ਖੇਤਰ ਦੇ ਸਾਰੇ ਫ਼ੌਜੀ ਰਾਜਾਂ ਦੀਆਂ ਤਸੀਹਾ ਕੋਠੜੀਆਂ 'ਚ ਵਰਤੀ ਜਾਂਦੀ ਸਰਵ-ਵਿਆਪਕ ਤਕਨੀਕ ਕਰੰਟ ਲਾਉਣਾ ਸੀ। ਕੈਦੀਆਂ ਦੇ ਜਿਸਮਾਂ ਨੂੰ ਬਿਜਲੀ ਦਾ ਕਰੰਟ ਲਾਉਣ ਦੇ ਦਰਜਣਾਂ ਵੱਖ-ਵੱਖ ਤਰੀਕੇ ਵਰਤੇ ਜਾਂਦੇ ਸਨ : ਨੰਗੀਆਂ ਤਾਰਾਂ ਨਾਲ, ਫ਼ੌਜ ਦੇ ਟੈਲੀਫੋਨ ਸੈੱਟ ਨਾਲ ਜਾਂ ਨਹੁੰਆਂ ਹੇਠ ਸੂਈਆਂ ਚੁਭੋ ਕੇ ਜਾਂ ਮਸੂੜਿਆਂ, ਛਾਤੀ ਦੀਆਂ ਨਿੱਪਲਾਂ, ਗੁਪਤ ਅੰਗਾਂ, ਕੰਨਾਂ, ਮੂੰਹ ਜਾਂ ਖੁੱਲ੍ਹੇ ਜ਼ਖ਼ਮਾਂ ਉੱਪਰ ਕੱਪੜੇ ਟੰਗਣ ਵਾਲੀਆਂ ਚੂੰਢੀਆਂ ਲਾ ਕੇ। ਕਰੰਟ ਦਾ ਅਸਰ ਵਧਾਉਣ ਲਈ ਜਿਸਮਾਂ ਨੂੰ ਪਾਣੀ 'ਚ ਡੁਬੋਇਆ ਜਾਂਦਾ, ਮੇਜ ਉੱਪਰ ਲੰਮਾ ਪਾ ਕੇ ਜਿਸਮ ਨੂੰ ਬੰਨ੍ਹ ਕੇ ਜਾਂ ਬਰਾਜ਼ੀਲ ਦੀ ਲੋਹੇ ਦੀ "ਸ਼ੈਤਾਨ ਦੀ ਗੱਦੀ" ਉੱਪਰ ਬੈਠਾ ਕੇ ਕਰੰਟ ਲਾਇਆ ਜਾਂਦਾ। ਅਰਜਨਟਾਈਨਾ ਦੇ ਪਸ਼ੂ ਫਾਰਮਾਂ ਦੇ ਮਾਲਕ ਫ਼ੌਜੀ ਸਰਗਨਿਆਂ ਨੂੰ ਇਸ ਸਬੰਧੀ ਆਪਣੀ ਵਿਲੱਖਣ ਕਾਢ ਉੱਤੇ ਮਾਣ ਸੀ। ਉਹ ਕੈਦੀਆਂ ਨੂੰ ਲੋਹੇ ਦੇ ਮੰਜੇ ਉੱਪਰ ਲਿਟਾ ਕੇ ਕਰੰਟ ਲਾਉਂਦੇ ਸਨ, ਤੇ ਇਸ ਮਕਸਦ ਲਈ ਪਸ਼ੂਆਂ ਵਾਲੀ ਆਰ ਵਰਤਦੇ ਸਨ।

ਦੱਖਣੀ ਤਿਕੋਨ ਦੇ ਦੇਸ਼ਾਂ ਦੇ ਜਿਹੜੇ ਲੋਕਾਂ ਨੂੰ ਤਸੀਹਿਆਂ ਦੀ ਮਸ਼ੀਨਰੀ ਵਿਚੋਂ ਲੰਘਣਾ

• ਲਿਬਰਟਾਡ ਦਾ ਜੇਲ੍ਹ ਪ੍ਰਸ਼ਾਸਨ ਹਰੇਕ ਵਿਅਕਤੀ ਦੀ ਮਨੋਵਿਗਿਆਨਕ ਤਸਵੀਰ ਅਨੁਸਾਰ ਤਕਨੀਕਾਂ ਤਿਆਰ ਕਰਨ ਲਈ ਵਤੀਰੇ ਦੇ ਮਾਹਰ ਮਨੋਵਿਗਿਆਨੀਆਂ ਨਾਲ ਨੇੜਿਉਂ ਜੁੜ ਕੇ ਕੰਮ ਕਰਦਾ ਸੀ—ਇਹ ਢੰਗ ਹੁਣ ਗੁਆਂਟਾਨਾਮੋ ਖਾੜੀ ਜੇਲ੍ਹ 'ਚ ਵਰਤਿਆ ਜਾ ਰਿਹਾ ਹੈ।

ਪਿਆ ਉਨ੍ਹਾਂ ਦੀ ਸਹੀ ਗਿਣਤੀ ਕਰਨਾ ਸੰਭਵ ਨਹੀਂ ਹੈ। ਸ਼ਾਇਦ ਇਹ ਇਕ ਲੱਖ ਤੋਂ ਲੈ ਕੇ ਡੇਢ ਲੱਖ ਦੇ ਵਿਚਕਾਰ ਹੈ, ਇਨ੍ਹਾਂ ਵਿਚੋਂ ਦਹਿ ਹਜ਼ਾਰਾਂ ਕਤਲ ਕਰ ਦਿੱਤੇ ਗਏ।[78]

ਅੱਖੀਆਂ ਘੜੀਆਂ ਦਾ ਗਵਾਹ

ਉਨ੍ਹਾਂ ਸਮਿਆਂ ਵਿਚ ਖੱਬੇਪੱਖੀ ਹੋਣ ਦਾ ਅਰਥ ਸੀ ਸ਼ਿਕਾਰ ਪਿੱਛਾ ਕੀਤਾ ਜਾਣਾ। ਜਿਹੜੇ ਦੇਸ਼ ਛੱਡ ਕੇ ਨਹੀਂ ਗਏ ਉਨ੍ਹਾਂ ਦੇ ਮਗਰ ਖ਼ੁਫ਼ੀਆ ਪੁਲਿਸ ਹਰ ਪਲ ਲੱਗੀ ਰਹਿੰਦੀ ਸੀ। ਉਨ੍ਹਾਂ ਨੂੰ ਸੁਰੱਖਿਅਤ ਠਾਹਰਾਂ, ਫੋਨਾਂ ਦੇ ਕੋਡ ਅਤੇ ਨਕਲੀ ਸ਼ਨਾਖ਼ਤ ਵਰਤ ਕੇ ਪਲ-ਪਲ ਸੰਘਰਸ਼ ਕਰਨਾ ਪੈਂਦਾ ਸੀ। ਅਰਜਨਟਾਈਨਾ 'ਚ ਅਜਿਹੀ ਜ਼ਿੰਦਗੀ ਜਿਊਣ ਵਾਲੇ ਲੋਕਾਂ ਵਿਚੋਂ ਇਕ ਸੀ ਦੇਸ਼ ਦਾ ਪ੍ਰਸਿੱਧ ਤਫ਼ਤੀਸ਼ੀ ਪੱਤਰਕਾਰ ਰੌਡੌਲਫੋ ਵਾਲਸ਼। ਵਾਲਸ਼ ਮਿਲਣਸਾਰ ਨਵ-ਚੇਤਨ ਬੰਦਾ ਸੀ। ਉਹ ਜੁਰਮਾਂ ਦਾ ਕਥਾਕਾਰ ਅਤੇ ਇਨਾਮ ਜੇਤੂ ਕਹਾਣੀਕਾਰ ਸੀ। ਉਹ ਐਸਾ ਚੋਟੀ ਦਾ ਜਸੂਸ ਸੀ ਕਿ ਫ਼ੌਜ ਦੇ ਕੋਡ ਬੁੱਝ ਲੈਂਦਾ ਸੀ ਅਤੇ ਜਸੂਸਾਂ ਦੀ ਜਸੂਸੀ ਕਰ ਲੈਂਦਾ ਸੀ। ਉਸ ਨੇ ਛਾਣਬੀਣ ਦੇ ਖੇਤਰ 'ਚ ਸਭ ਤੋਂ ਵੱਡੀ ਮੱਲ ਓਦੋਂ ਮਾਰੀ ਜਦੋਂ ਉਹ ਕਿਊਬਾ 'ਚ ਪੱਤਰਕਾਰ ਵਜੋਂ ਕੰਮ ਕਰ ਰਿਹਾ ਸੀ। ਉੱਥੇ ਉਹ ਸੀ ਆਈ ਏ ਦਾ ਇਕ ਟੈਲੀਪ੍ਰਿੰਟਰ ਸੰਦੇਸ਼ ਫੜਨ ਅਤੇ ਇਸ ਦਾ ਕੋਡ ਤੋੜਨ 'ਚ ਕਾਮਯਾਬ ਹੋ ਗਿਆ ਜਿਸ ਨਾਲ *ਬੇਅ ਆਫ ਪਿਗਜ਼* ਹਮਲੇ ਦਾ ਪਰਦਾਫਾਸ਼ ਹੋ ਗਿਆ। ਇਸ ਜਾਣਕਾਰੀ ਸਦਕਾ ਫਿਦਲ ਕਾਸਤਰੋ ਨੇ ਇਸ ਹਮਲੇ ਨਾਲ ਨਜਿੱਠਣ ਦੀ ਤਿਆਰੀ ਕਰ ਲਈ ਅਤੇ ਉਹ ਇਸ ਦਾ ਮੁਕਾਬਲਾ ਕਰ ਸਕਿਆ।

ਜਦੋਂ ਅਰਜਨਟਾਈਨਾ ਦੀ ਪਿਛਲੀ ਫ਼ੌਜੀ ਹਕੂਮਤ ਨੇ ਪੈਰੋਨਵਾਦ ਉੱਤੇ ਪਾਬੰਦੀ ਲਾ ਦਿੱਤੀ ਸੀ ਅਤੇ ਜਮਹੂਰੀਅਤ ਦਾ ਗਲਾ ਘੁੱਟ ਦਿੱਤਾ ਸੀ ਤਾਂ ਵਾਲਸ਼ ਨੇ ਹਥਿਆਰਬੰਦ *ਮੌਂਟੋਨੈਰੋ* ਲਹਿਰ ਦੇ ਜਸੂਸੀ ਮਾਹਰ ਵਜੋਂ ਕੰਮ ਕਰਨ ਦਾ ਫ਼ੈਸਲਾ ਕੀਤਾ।• ਇਸ ਨਾਲ ਉਹ ਐਸੇ ਵਿਅਕਤੀਆਂ ਦੀ ਸੂਚੀ ਦੇ ਮੂਹਰਲੇ ਨਾਵਾਂ 'ਚ ਸ਼ੁਮਾਰ ਹੋ ਗਿਆ ਜੋ ਫ਼ੌਜੀ ਜਰਨੈਲਾਂ ਨੂੰ ਸਭ ਤੋਂ ਵੱਧ ਲੋੜੀਂਦੇ ਸਨ। ਜਦੋਂ ਵੀ ਕਿਸੇ ਦੇ ਲਾਪਤਾ ਹੋਣ ਦੀ ਖ਼ਬਰ ਆਉਂਦੀ ਤਾਂ ਵਾਲਸ਼ ਨੂੰ ਇਹ ਡਰ ਪੈ ਜਾਂਦਾ ਕਿ ਪਸ਼ੂਆਂ ਵਾਲੀ ਆਰ ਦੇ ਤਸੀਹੇ ਦੇ ਕੇ ਹਾਸਲ ਕੀਤੀ ਜਾਣਕਾਰੀ ਦੇ ਅਧਾਰ 'ਤੇ ਪੁਲਿਸ ਉਸ ਦੀ ਮਹਿਫੂਜ਼ ਠਾਹਰ ਤੱਕ ਪਹੁੰਚ ਜਾਵੇਗੀ। ਉਹ ਬਿਓਨਸ ਏਅਰੀਸ ਦੇ ਬਾਹਰਵਾਰ ਇਕ ਨਿੱਕੇ ਜਹੇ ਪਿੰਡ ਵਿਚ ਆਪਣੀ ਜੀਵਨ ਸਾਥਣ ਲਿਲੀਆ ਫੈਰੇਰਾ ਨਾਲ ਲੁਕਿਆ ਹੋਇਆ ਸੀ।

ਆਪਣੇ ਵਸੀਲਿਆਂ ਦੇ ਵਿਆਪਕ ਤਾਣੇਬਾਣੇ ਰਾਹੀਂ ਵਾਲਸ਼ ਫ਼ੌਜੀ ਗੁੱਟ ਦੇ ਅਨੇਕਾਂ

• ਮੌਂਟੋਨੈਰੋ ਪਿਛਲੀ ਤਾਨਾਸ਼ਾਹੀ ਦੇ ਪ੍ਰਤੀਕਰਮ ਵਜੋਂ ਬਣਾਈਆਂ ਗਈਆਂ ਸਨ। ਪੈਰੋਨਵਾਦ 'ਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਜੂਆਨ ਪੈਰੋਨ ਨੇ ਜਲਾਵਤਨੀ ਤੋਂ ਆਪਣੇ ਨੌਜਵਾਨ ਹਮਾਇਤੀਆਂ ਨੂੰ ਹਥਿਆਰਬੰਦ ਹੋਣ ਅਤੇ ਜਮਹੂਰੀਅਤ ਵਾਪਸ ਲਿਆਉਣ ਲਈ ਲੜਾਈ ਲੜਨ ਦਾ ਸੱਦਾ ਦਿੱਤਾ ਸੀ। ਉਨ੍ਹਾਂ ਨੇ ਇਸੇ ਤਰ੍ਹਾਂ ਕੀਤਾ ਅਤੇ ਮੌਂਟੋਨੈਰੋ ਨੇ 1973 'ਚ ਪੈਰੋਨਵਾਦੀ ਉਮੀਦਵਾਰ ਖੜ੍ਹਾ ਕਰਕੇ ਤਾਨਾਸ਼ਾਹੀ ਨੂੰ ਜਮਹੂਰੀ ਚੋਣਾਂ ਕਰਵਾਉਣ ਲਈ ਮਜਬੂਰ ਕਰਨ 'ਚ ਅਹਿਮ ਭੂਮਿਕਾ ਨਿਭਾਈ ਹਾਲਾਂਕਿ ਉਹ ਹਥਿਆਰਬੰਦ ਹਮਲਿਆਂ ਅਤੇ ਅਗਵਾ ਦੀਆਂ ਵਾਰਦਾਤਾਂ 'ਚ ਜੁਟੇ ਹੋਏ ਸਨ। ਪਰ ਜਦੋਂ ਪੈਰੋਨ ਦੁਬਾਰਾ ਸੱਤਾ 'ਚ ਆ ਗਿਆ ਤਾਂ ਉਸ ਨੂੰ ਮੌਂਟੋਨੈਰੋ ਦੀ ਜਨਤਕ ਹਮਾਇਤ ਤੋਂ ਖ਼ਤਰਾ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਅਤੇ ਉਸ ਨੇ ਪਿਛਾਖੜੀ ਕਾਤਲ ਦਸਤੇ ਉਨ੍ਹਾਂ ਦੇ ਮਗਰ ਲਾ ਦਿੱਤੇ। ਇਹੀ ਵਜ੍ਹਾ ਹੈ ਕਿ ਇਹ ਬਹੁਤ ਜ਼ਿਆਦਾ ਵਿਵਾਦਪੂਰਨ ਧੜਾ 1976 ਦੇ ਰਾਜ ਪਲਟੇ ਸਮੇਂ ਚੋਖਾ ਕਮਜ਼ੋਰ ਹੋ ਚੁੱਕਿਆ ਸੀ।

ਜੁਰਮਾਂ ਦੀ ਪੈੜ ਨੱਪਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਕਤਲ ਅਤੇ ਲਾਪਤਾ ਕੀਤੇ ਲੋਕਾਂ ਅਤੇ ਨਾਲ ਹੀ ਗੁਪਤ ਕਬਰਾਂ ਦੀਆਂ ਥਾਵਾਂ ਅਤੇ ਗੁਪਤ ਤਸੀਹਾ ਕੇਂਦਰਾਂ ਦੀ ਸੂਚੀਆਂ ਬਣਾਉਣ 'ਚ ਕਾਮਯਾਬ ਹੋ ਗਿਆ। ਉਸ ਨੂੰ ਦੁਸ਼ਮਣ ਬਾਰੇ ਆਪਣੇ ਇਲਮ 'ਤੇ ਮਾਣ ਸੀ। ਪਰ 1977 'ਚ ਉਹ ਵੀ ਉਸ ਭਿਆਨਕ ਦਰਿੰਦਗੀ ਦੇ ਘੇਰੇ 'ਚ ਆ ਗਿਆ ਜੋ ਅਰਜਨਟਾਈਨਾ ਦਾ ਫ਼ੌਜੀ ਗੁੱਟ ਆਪਣੇ ਲੋਕਾਂ 'ਤੇ ਢਾਹ ਰਿਹਾ ਸੀ। ਫ਼ੌਜੀ ਰਾਜ ਦੇ ਪਹਿਲੇ ਸਾਲ 'ਚ, ਉਸ ਦੇ ਦਰਜਨਾਂ ਗੂੜ੍ਹੇ ਮਿੱਤਰ ਅਤੇ ਸੰਗੀ-ਸਾਥੀ ਮੌਤ ਦਾ ਛੱਟਾ ਦਿੰਦੀਆਂ ਕਤਲਗਾਹਾਂ ਨੇ ਮਾਰ ਕੇ ਖਪਾ ਦਿੱਤੇ। ਜਦੋਂ ਉਸ ਦੀ ਛੱਬੀ ਸਾਲ ਦੀ ਧੀ ਮਾਗੀ ਗਈ ਤਾਂ ਗ਼ਮ ਨਾਲ ਉਸ ਦਾ ਹਾਲ ਪਾਗਲਾਂ ਵਾਲਾ ਹੋ ਗਿਆ।

ਪਰ ਫੋਰਡ ਫਾਲਕਨ ਗੱਡੀਆਂ ਦੇ ਘੇਰੇ 'ਚ, ਖ਼ਾਮੋਸ਼ ਸੋਗੀ ਜ਼ਿੰਦਗੀ ਉਸ ਲਈ ਕਾਰਆਮਦ ਨਹੀਂ ਸੀ। ਵਾਲਸ਼ ਨੂੰ ਪਤਾ ਸੀ ਕਿ ਉਸ ਕੋਲ ਵਕਤ ਬਹੁਤ ਥੋੜ੍ਹਾ ਹੈ ਇਸ ਲਈ ਉਸ ਨੇ ਮਨ ਬਣਾਇਆ ਕਿ ਫ਼ੌਜੀ ਗੁੱਟ ਦੇ ਰਾਜ ਦੀ ਪਹਿਲੀ ਵਰ੍ਹੇਗੰਢ ਕਿਵੇਂ ਮਨਾਈ ਜਾਵੇ : ਜਦੋਂ ਸਰਕਾਰ ਪੱਖੀ ਅਖ਼ਬਾਰ ਦੇਸ਼ ਨੂੰ ਬਚਾਉਣ ਲਈ ਜਰਨੈਲਾਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੇ ਸਨ ਤਾਂ ਉਸ ਨੇ ਉਸ ਵਾਂਝੇਪਣ, ਜਿਸ ਵਿਚ ਉਸ ਦੇ ਵਤਨ ਨੂੰ ਧੱਕ ਦਿੱਤਾ ਗਿਆ ਸੀ, ਦੀ ਵੱਖਰੀ ਤਰ੍ਹਾਂ ਦੀ ਐਸੀ ਤਸਵੀਰ ਪੇਸ਼ ਕੀਤੀ ਜੋ ਸੈਂਸਰ ਦੀ ਭੇਂਟ ਚੜ੍ਹਨੋਂ ਬਚ ਗਈ। ਇਸ ਦਾ ਸਿਰਲੇਖ ਸੀ, "ਫ਼ੌਜੀ ਹਾਕਮਾਂ ਦੇ ਨਾਂ ਇਕ ਲੇਖਕ ਦੀ ਖੁੱਲ੍ਹੀ ਚਿੱਠੀ।" ਵਾਲਸ਼ ਨੇ ਚਿੱਠੀ ਤਿਆਰ ਕਰ ਲਈ। ਉਸ ਨੇ ਲਿਖਿਆ, "ਸੁਣੇ ਜਾਣ ਦੀ ਕੋਈ ਉਮੀਦ ਨਹੀਂ ਸੀ ਅਤੇ ਮੈਂ ਜ਼ੁਲਮ ਦਾ ਯਕੀਨੀ ਸ਼ਿਕਾਰ ਬਣ ਜਾਣਾ ਹੈ ਇਸ ਨੂੰ ਮੱਦੇਨਜ਼ਰ ਰੱਖ ਕੇ, ਮੈਂ ਲੰਮਾ ਸਮਾਂ ਪਹਿਲਾਂ ਸੱਚੀ ਵਚਨਬਧਤਾ ਨਾਲ ਕਾਲੇ ਦੌਰ ਦਾ ਗਵਾਹ ਬਣਨ ਦੀ ਜ਼ਿੰਮੇਵਾਰੀ ਓਟੀ ਸੀ।"[79]

ਇਹ ਚਿੱਠੀ ਹਕੂਮਤੀ ਦਹਿਸ਼ਤ ਦੇ ਢੰਗਾਂ ਅਤੇ ਜਿਸ ਆਰਥਕ ਪ੍ਰਬੰਧ ਦੀ ਇਹ ਸੇਵਾ ਕਰਦੇ ਸਨ ਦੋਵਾਂ ਦੀ ਜ਼ਬਰਦਸਤ ਥੂਹ ਥੂਹ ਬਣਨੀ ਸੀ। ਵਾਲਸ਼ ਨੇ ਆਪਣੀ "ਖੁੱਲ੍ਹੀ ਚਿੱਠੀ" ਉਵੇਂ ਹੀ ਖੁਫ਼ੀਆ ਢੰਗ ਨਾਲ ਵੰਡਣ ਦੀ ਵਿਉਂਤ ਬਣਾਈ ਜਿਵੇਂ ਉਸ ਨੇ ਆਪਣੇ ਪਹਿਲੇ ਬਿਆਨ ਤਕਸੀਮ ਕੀਤੇ ਸਨ : ਉਸ ਨੇ ਦਸ ਨਕਲਾਂ ਤਿਆਰ ਕੀਤੀਆਂ, ਜੋ ਉਸਨੇ ਚਿੱਠੀਆਂ ਪਾਉਣ ਵਾਲੇ ਵੱਖੋ-ਵੱਖਰੇ ਢੋਲਾਂ ਤੋਂ ਆਪਣੇ ਚੁਣਵੇਂ ਸੰਪਰਕਾਂ ਨੂੰ ਭੇਜ ਦੇਣੀਆਂ ਸਨ ਜੋ ਇਨ੍ਹਾਂ ਨੂੰ ਅਗਾਂਹ ਵੰਡ ਦੇਣਗੇ। ਆਪਣੇ ਓਲਿੰਪੀਆ ਟਾਈਪ ਰਾਈਟਰ 'ਤੇ ਬੈਠਦਿਆਂ ਉਸ ਨੇ ਲਿਲੀਆ ਨੂੰ ਦੱਸਿਆ, "ਮੈਂ ਉਨ੍ਹਾਂ ਘ੍ਰਿਣਤ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿਤੇ ਨਹੀਂ ਗਿਆ, ਮੈਂ ਹਾਲੇ ਜਿਊਂਦਾ ਹਾਂ ਅਤੇ ਲਿਖ ਰਿਹਾ ਹਾਂ।"[80]

ਚਿੱਠੀ ਦਾ ਆਗਾਜ਼ ਜਰਨੈਲਾਂ ਦੀਆਂ ਦਹਿਸ਼ਤਵਾਦੀ ਮੁਹਿੰਮਾਂ, ਇਨ੍ਹਾਂ ਵਲੋਂ "ਇਤਹਾ, ਅਨੰਤ ਅਤੇ ਬਹੁਤ ਹੀ ਸੂਖ਼ਮ ਤਸੀਹੇ ਦੇਣ" ਅਤੇ ਨਾਲ ਹੀ ਅਰਜਨਟਾਈਨਾ ਦੀ ਪੁਲਿਸ ਨੂੰ ਸਿਖਲਾਈ ਦੇਣ 'ਚ ਸੀ ਆਈ ਏ ਦੀ ਸ਼ਮੂਲੀਅਤ ਦੇ ਵੇਰਵਿਆਂ ਤੋਂ ਹੁੰਦਾ ਹੈ। ਤਸੀਹਿਆਂ ਦੇ ਢੰਗਾਂ ਅਤੇ ਗੁਪਤ ਕਬਰਾਂ ਦਾ ਦਰਦਨਾਕ ਵਰਨਣ ਕਰਨ ਤੋਂ ਬਾਅਦ, ਵਾਲਸ਼ ਇਕਦਮ ਵਿਸ਼ਾ ਬਦਲ ਲੈਂਦਾ ਹੈ, "ਪਰ ਜਿਨ੍ਹਾਂ ਘਟਨਾਵਾਂ ਨੂੰ ਤੁਸੀਂ ਅੰਜਾਮ ਦਿੱਤਾ ਹੈ ਸੱਭਿਆ ਦੁਨੀਆਂ ਦੀ ਜ਼ਮੀਰ ਨੂੰ ਝੰਜੋੜਨ ਵਾਲੀਆਂ ਇਹ ਘਟਨਾਵਾਂ ਅਰਜਨਟਾਈਨਾ ਦੇ ਲੋਕਾਂ ਉੱਪਰ ਢਾਹਿਆ ਗਿਆ ਸਭ ਤੋਂ ਵੱਡਾ ਕਹਿਰ ਨਹੀਂ ਹਨ, ਨਾ ਹੀ ਮਨੁੱਖੀ ਹੱਕਾਂ ਦਾ ਸਭ ਤੋਂ ਵੱਡਾ ਘਾਣ ਹਨ। ਇਸ ਸਰਕਾਰ ਦੀ ਆਰਥਕ ਨੀਤੀ ਵਿਚ ਨਾ ਸਿਰਫ਼ ਜੁਰਮਾਂ ਦੀ ਵਿਆਖਿਆ ਸਗੋਂ ਉਹ ਮਹਾਂ ਜ਼ੁਲਮ ਵੀ ਲੱਭ ਜਾਂਦੇ ਹਨ ਜੋ ਦਹਿ-ਲੱਖਾਂ ਇਨਸਾਨਾਂ ਨੂੰ ਗਿਣ-ਮਿਥ ਕੇ ਮੰਦਹਾਲੀ ਦੀ ਸਜ਼ਾ ਦਿੰਦੇ

ਹਨ.....ਇਹ ਨੀਤੀ ਕਿੰਨੀ ਤੇਜ਼ੀ ਨਾਲ ਸ਼ਹਿਰ ਨੂੰ ਇਕ ਕਰੋੜ ਲੋਕਾਂ ਦੀ 'ਗਰੀਬ ਬਸਤੀ' ਵਿਚ ਬਦਲ ਰਹੀ ਹੈ ਇਸ ਦਾ ਪਤਾ ਲਾਉਣ ਲਈ ਬਿਓਨਸ ਏਅਰੀਸ ਦੁਆਲੇ ਕੁਝ ਘੰਟੇ ਗੇੜਾ ਕੱਢ ਲੈਣਾ ਹੀ ਕਾਫ਼ੀ ਹੈ।"[81]

ਵਾਲਸ਼ ਜਿਸ ਪ੍ਰਬੰਧ ਦੀ ਗੱਲ ਕਰ ਰਿਹਾ ਸੀ ਉਹ ਸੀ ਸ਼ਿਕਾਗੋ ਸਕੂਲ ਦਾ ਨਵ-ਉਦਾਰਵਾਦ, ਜਿਸ ਆਰਥਕ ਮਾਡਲ ਨਾਲ ਦੁਨੀਆਂ 'ਚ ਪਰਲੋ ਆ ਜਾਣੀ ਸੀ। ਜਿਉਂ ਹੀ ਆਉਣ ਵਾਲੇ ਦਹਾਕਿਆਂ 'ਚ ਅਰਜਨਟਾਈਨਾ ਵਿਚ ਇਸ ਨੇ ਡੂੰਘੀਆਂ ਜੜ੍ਹਾਂ ਲਾਈਆਂ, ਇਸ ਨਾਲ ਆਖ਼ਿਰ ਅੱਧੋਂ ਵੱਧ ਵਸੋਂ ਗਰੀਬੀ ਰੇਖਾ ਤੋਂ ਹੇਠਾਂ ਧੱਕੀ ਗਈ। ਵਾਲਸ਼ ਇਸ ਨੂੰ ਮਹਿਜ਼ ਇਕ ਘਟਨਾ ਨਹੀਂ ਸਗੋਂ ਕਿਸੇ ਯੋਜਨਾ ਨੂੰ ਠੰਢੇ ਦਿਮਾਗ ਨਾਲ ਲਾਗੂ ਕਰਨ ਦਾ ਅਮਲ, "ਗਿਣੀ-ਮਿਥੀ ਮੰਦਹਾਲੀ" ਸਮਝਦਾ ਸੀ

ਉਸ ਨੇ 24 ਮਾਰਚ 1977 ਨੂੰ ਚਿੱਠੀ 'ਤੇ ਦਸਤਖ਼ਤ ਕੀਤੇ, ਰਾਜ ਪਲਟੇ ਤੋਂ ਠੀਕ ਇਕ ਸਾਲ ਬਾਅਦ। ਅਗਲੀ ਸਵੇਰ ਵਾਲਸ਼ ਅਤੇ ਲਿਲੀਆ ਫੈਰੇਰਾ ਬਿਓਨਸ ਏਅਰੀਸ ਲਈ ਚੱਲ ਪਏ। ਉਨ੍ਹਾਂ ਨੇ ਚਿੱਠੀਆਂ ਦੇ ਬੰਡਲ ਆਪੋ ਵਿਚ ਵੰਡ ਲਏ ਅਤੇ ਇਹ ਸ਼ਹਿਰ ਦੇ ਚਿੱਠੀਆਂ ਵਾਲੇ ਢੋਲਾਂ 'ਚ ਪਾ ਦਿੱਤੇ ਗਏ। ਕੁਝ ਘੰਟੇ ਬਾਅਦ, ਵਾਲਸ਼ ਇਕ ਮੀਟਿੰਗ 'ਚ ਸ਼ਾਮਲ ਹੋਣ ਲਈ ਗਿਆ ਜੋ ਉਸ ਨੇ ਆਪਣੇ ਇਕ ਲਾਪਤਾ ਸਾਥੀ ਦੇ ਪਰਿਵਾਰ ਨਾਲ ਰੱਖੀ ਸੀ। ਅਸਲ ਵਿਚ ਇਹ ਹੁਕਮਰਾਨਾਂ ਦਾ ਵਿਛਾਇਆ ਹੋਇਆ ਜਾਲ ਸੀ : ਕਿਸੇ ਨੇ ਤਸੀਹਿਆਂ ਦੀ ਮਾਰ ਹੇਠ ਉਸ ਬਾਰੇ ਭੇਦ ਉਗਲ ਦਿੱਤਾ ਸੀ। ਦਸ ਹਥਿਆਰਬੰਦ ਆਦਮੀ ਵਾਲਸ਼ ਨੂੰ ਫੜਨ ਲਈ ਘਰ ਦੇ ਬਾਹਰ ਘਾਤ ਲਾਈ ਬੈਠੇ ਸਨ। ਦੱਸਿਆ ਜਾਂਦਾ ਹੈ ਕਿ ਫ਼ੌਜੀ ਗੁੱਟ ਦੇ ਤਿੰਨਾਂ ਆਗੂਆਂ ਵਿਚੋਂ ਇਕ ਅਡਮਿਰਲ ਮਸੇਰਾ ਨੇ ਇਨ੍ਹਾਂ ਫ਼ੌਜੀਆਂ ਨੂੰ ਨਿਰਦੇਸ਼ ਦਿੱਤਾ ਸੀ, "ਏਸ ਹਰਾਮਜ਼ਾਦੇ ਨੂੰ ਜ਼ਿੰਦਾ ਫੜ ਕੇ ਲਿਆਓ, ਉਹ ਮੇਰਾ ਸ਼ਿਕਾਰ ਹੈ।" ਪਰ ਵਾਲਸ਼ ਦਾ ਆਦਰਸ਼ ਸੀ "ਗੱਲਾਂ ਕਰਨਾ ਜੁਰਮ ਨਹੀਂ ਹੈ; ਗ੍ਰਿਫ਼ਤਾਰ ਹੋ ਜਾਣਾ ਜੁਰਮ ਹੈ।" ਉਸ ਨੇ ਇਕਦਮ ਬੰਦੂਕ ਕੱਢ ਲਈ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਇਕ ਫ਼ੌਜੀ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਫ਼ੌਜੀ ਵੀ ਗੋਲੀਆਂ ਚਲਾਉਣ ਲੱਗੇ। ਜਿਸ ਵਕਤ ਕਾਰ ਸਮੁੰਦਰੀ ਫ਼ੌਜ ਦੇ ਮਕੈਨਿਕਾਂ ਵਾਲੇ ਸਕੂਲ ਪਹੁੰਚੀ ਵਾਲਸ਼ ਮਰ ਚੁੱਕਿਆ ਸੀ। ਵਾਲਸ਼ ਦੀ ਲਾਸ਼ ਜਲਾ ਕੇ ਦਰਿਆ ਵਿਚ ਖਪਾ ਦਿੱਤੀ ਗਈ।[82]

"ਦਹਿਸ਼ਤਵਾਦ ਵਿਰੁੱਧ ਜੰਗ" ਦੀ ਮੁੱਖ ਕਹਾਣੀ

ਦੱਖਣੀ ਤਿਕੋਨ ਦੇ ਫ਼ੌਜੀ ਗੁੱਟਾਂ ਨੇ ਆਪੋ ਆਪਣੇ ਸਮਾਜਾਂ ਨੂੰ ਨਵੇਂ ਸਿਰਿਉਂ ਘੜਨ ਦੇ ਉੱਥਲ-ਪੁੱਥਲ ਮਚਾਊ ਉਦੇਸ਼ਾਂ ਦਾ ਲੁਕੋ ਨਹੀਂ ਰੱਖਿਆ, ਉਹ ਤਾਂ ਸਗੋਂ ਉਸ ਤੋਂ ਸ਼ਰੇਆਮ ਮੁੱਕਰਨ ਲਈ ਕਾਫ਼ੀ ਸਮਝਦਾਰ ਸਨ ਜਿਸ ਦਾ ਦੋਸ਼ ਵਾਲਸ਼ ਉਨ੍ਹਾਂ ਉੱਪਰ ਲਾ ਰਿਹਾ ਸੀ। ਵਾਲਸ਼ ਦਾ ਦੋਸ਼ ਸੀ ਕਿ ਉਹ ਐਸੇ ਆਰਥਕ ਮੰਤਵ ਪੂਰੇ ਕਰਨ ਲਈ ਵਿਆਪਕ ਹਿੰਸਾ ਢਾਹੁੰਦੇ ਹਨ ਜਿਨ੍ਹਾਂ ਕਾਰਨ ਜੇ ਜਨਤਾ ਨੂੰ ਦਹਿਸ਼ਤਜ਼ਦਾ ਨਾ ਕੀਤਾ ਜਾਵੇ ਅਤੇ ਅੜਿੱਕਾ ਬਣਨ ਵਾਲਿਆਂ ਦਾ ਸਫ਼ਾਇਆ ਨਾ ਕੀਤਾ ਜਾਵੇ ਤਾਂ ਯਕੀਨਨ ਹੀ ਜਨਤਕ ਬਗ਼ਾਵਤ ਭੜਕ ਉੱਠੇਗੀ।

ਜਿਸ ਹੱਦ ਤੱਕ ਰਾਜ ਨੇ ਇਹ ਕਤਲ ਕਰਨੇ ਮੰਨੇ, ਫ਼ੌਜੀ ਹਾਕਮਾਂ ਨੇ ਇਸ ਅਧਾਰ 'ਤੇ ਇਨ੍ਹਾਂ ਨੂੰ ਜਾਇਜ਼ ਠਹਿਰਾਇਆ ਸੀ ਕਿ ਉਹ ਤਾਂ ਉਨ੍ਹਾਂ ਖ਼ਤਰਨਾਕ ਮਾਰਕਸਵਾਦੀ ਦਹਿਸ਼ਤਪਸੰਦਾਂ ਵਿਰੁੱਧ ਜੰਗ ਲੜ ਰਹੇ ਸਨ ਜਿਨ੍ਹਾਂ ਨੂੰ ਕੇ ਜੀ ਬੀ ਤੋਂ ਫੰਡ ਆਉਂਦੇ ਸਨ ਅਤੇ ਇਹ ਉਸੇ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਹਨ। ਫ਼ੌਜੀ ਹਾਕਮਾਂ ਨੇ ਦੁਸ਼ਮਣ ਨੂੰ ਬਹੁਤ ਹੀ ਭਿਆਨਕ ਦਰਸਾ ਕੇ

“ਘ੍ਰਿਣਤ” ਦਾਅਪੇਚ ਵਰਤੋਂ ’ਚ ਲਿਆਂਦੇ। ਐਡਮਿਰਲ ਮਸੇਰਾ ਦੀ ਭਾਸ਼ਾ ਅਜੋਕੀ ਭਾਸ਼ਾ ਨਾਲ ਕਿੰਨੀ ਮਿਲਦੀ ਹੈ। ਉਸ ਨੇ ਇਸ ਨੂੰ “ਆਜ਼ਾਦੀ ਲਈ ਅਤੇ ਜ਼ੁਲਮ ਵਿਰੁੱਧ ਜੰਗ” ਕਿਹਾ ਸੀ, “ਉਨ੍ਹਾਂ ਵਿਰੁੱਧ ਜੰਗ ਜੋ ਮੌਤ ਦੇ ਹਾਮੀ ਹਨ ਅਤੇ ਸਾਡੇ ਵਲੋਂ ਜੰਗ ਜੋ ਜ਼ਿੰਦਗੀ ਦੇ ਹਾਮੀ ਹਾਂ....। ਅਸੀਂ ਵਿਨਾਸ਼ਵਾਦੀਆਂ, ਤਬਾਹੀ ਦੇ ਦੂਤਾਂ ਵਿਰੁੱਧ ਲੜ ਰਹੇ ਹਾਂ। ਜਿਨ੍ਹਾਂ ਦਾ ਇਕੋ ਇਕ ਮਕਸਦ ਤਬਾਹੀ ਹੈ, ਭਾਵੇਂ ਉਹ ਇਸ ਨੂੰ ਸਮਾਜਿਕ ਜਹਾਦ ਦਾ ਬੁਰਕਾ ਪਹਿਨਾ ਕੇ ਚੱਲਦੇ ਹਨ।”[83]

ਚਿੱਲੀ ਦੇ ਰਾਜ ਪਲਟੇ ਦੀ ਤਿਆਰੀ ਵਜੋਂ ਸੀ ਆਈ ਏ ਨੇ ਵਿਆਪਕ ਪ੍ਰਚਾਰ ਮੁਹਿੰਮ ਚਲਾਈ ਜਿਸ ਵਿਚ ਸਲਵਾਡੋਰ ਅਲੈਂਡੇ ਨੂੰ ਗੁੱਝਾ ਤਾਨਾਸ਼ਾਹ, ਇਕ ਖਚਰਾ ਸਾਜ਼ਿਸ਼ੀ ਦਰਸਾਇਆ ਗਿਆ ਸੀ। ਇਹ ਪ੍ਰਚਾਰਿਆ ਗਿਆ ਕਿ ਉਸ ਨੇ ਸੱਤਾ ਹਾਸਲ ਕਰਨ ਲਈ ਸੰਵਿਧਾਨਕ ਜਮਹੂਰੀਅਤ ਨੂੰ ਜ਼ਰੂਰ ਵਰਤਿਆ ਪਰ ਉਹ ਸੋਵੀਅਤ ਤਰਜ਼ ਦਾ ਪੁਲਸੀ ਰਾਜ ਥੋਪਣ ਦੀ ਤਿਆਰੀ ’ਚ ਹੈ ਜਿਸ ਤੋਂ ਚਿੱਲੀ ਦੇ ਲੋਕ ਕਦੇ ਵੀ ਛੁਟਕਾਰਾ ਨਹੀਂ ਪਾ ਸਕਣਗੇ। ਅਰਜਨਟਾਈਨਾ ਅਤੇ ਉਰੂਗੁਏ ’ਚ ਸਭ ਤੋਂ ਵੱਡੇ ਖੱਬੇਪੱਖੀ ਛਾਪਾਮਾਰ ਧੜਿਆਂ—ਮੌਂਟੋਨੈਰੋ ਅਤੇ ਤੂਪਾਮਾਰੂ—ਨੂੰ ਦੇਸ਼ ਦੀ ਕੌਮੀ ਸੁਰੱਖਿਆ ਲਈ ਐਸੇ ਘਾਤਕ ਖ਼ਤਰੇ ਬਣਾ ਕੇ ਪੇਸ਼ ਕੀਤਾ ਗਿਆ ਕਿ ਇਸ ਹਾਲਤ ’ਚ ਜਰਨੈਲਾਂ ਕੋਲ ਜਮਹੂਰੀਅਤ ਉੱਪਰ ਰੋਕ ਲਾ ਕੇ ਰਾਜ ਆਪਣੇ ਹੱਥ ਲੈਣ ਅਤੇ ਇਨ੍ਹਾਂ ਨੂੰ ਕੁਚਲਣ ਲਈ ਜ਼ਰੂਰੀ ਢੰਗ ਵਰਤਣ ਤੋਂ ਬਗ਼ੈਰ ਹੋਰ ਕੋਈ ਚਾਰਾ ਨਹੀਂ ਸੀ।

ਹਰੇਕ ਮਾਮਲੇ ’ਚ, ਖ਼ਤਰੇ ਨੂੰ ਜਾਂ ਤਾਂ ਫ਼ੌਜੀ ਗੁੱਟਾਂ ਨੇ ਬੇਤਹਾਸ਼ਾ ਵਧਾ ਕੇ ਪੇਸ਼ ਕੀਤਾ ਜਾਂ ਪੂਰੀ ਤਰ੍ਹਾਂ ਆਪਣੇ ਕੋਲੋਂ ਹੀ ਘੜ ਲਿਆ ਸੀ। 1975 ਵਿਚ ਸੈਨੇਟ ਵਲੋਂ ਕੀਤੀ ਜਾਂਚ ਨੇ ਬਹੁਤ ਸਾਰੇ ਹੋਰ ਇੰਕਸ਼ਾਫ਼ ਕਰਨ ਦੇ ਨਾਲ ਇਹ ਭੇਦ ਵੀ ਖੋਲ੍ਹਿਆ ਕਿ ਅਲੈਂਡੇ ਜਮਹੂਰੀਅਤ ਲਈ ਕੋਈ ਖ਼ਤਰਾ ਨਹੀਂ ਸੀ।[84] ਜਿੱਥੋਂ ਤੱਕ ਅਰਜਨਟਾਈਨਾ ਦੇ ਮੌਂਟੋਨੈਰੋ ਅਤੇ ਉਰੂਗੁਏ ਦੇ ਤੂਪਾਮਾਰੂ ਦਾ ਸਵਾਲ ਸੀ, ਇਨ੍ਹਾਂ ਧੜਿਆਂ ਨੂੰ ਚੋਖੀ ਜਨਤਕ ਹਮਾਇਤ ਸੀ ਅਤੇ ਇਹ ਫ਼ੌਜ ਅਤੇ ਕਾਰਪੋਰੇਟ ਨਿਸ਼ਾਨਿਆਂ ਉੱਪਰ ਘਾਤਕ ਹਮਲੇ ਕਰਨ ਦੇ ਸਮਰੱਥ ਸਨ। ਪਰ ਜਿਸ ਸਮੇਂ ਫ਼ੌਜ ਨੇ ਸੱਤਾ ’ਤੇ ਕਬਜ਼ਾ ਕੀਤਾ ਉਰੂਗੁਏ ਦੇ ਤੂਪਾਮਾਰੂ ਪੂਰੀ ਤਰ੍ਹਾਂ ਖਿੰਡ-ਪੁੰਡ ਗਏ ਸਨ; ਅਤੇ ਅਰਜਨਟਾਈਨਾ ਦੇ ਮੌਂਟੋਨੈਰੋ ਤਾਨਾਸ਼ਾਹੀ ਦੇ ਛੇ ਮਹੀਨਿਆਂ ਦੇ ਅੰਦਰ ਹੀ ਖ਼ਤਮ ਹੋ ਗਏ ਸਨ ਪਰ ਤਾਨਾਸ਼ਾਹੀ ਸੱਤ ਸਾਲ ਜਾਰੀ ਰਹੀ (ਇਸੇ ਵਜ੍ਹਾ ਕਾਰਨ ਵਾਲਸ਼ ਲੁਕਿਆ ਹੋਇਆ ਸੀ)। ਅਮਰੀਕੀ ਬਦੇਸ਼ ਵਿਭਾਗ ਦੇ ਜਨਤਕ ਕੀਤੇ ਦਸਤਾਵੇਜ਼ਾਂ ਨੇ ਸਾਬਤ ਕੀਤਾ ਹੈ ਕਿ ਸੀਜ਼ਰ ਆਗਸਤੋ ਗੁਜ਼ੈਤੀ, ਜੋ ਅਰਜਨਟਾਈਨਾ ਦੀ ਫ਼ੌਜੀ ਹਕੂਮਤ ਦਾ ਬਦੇਸ਼ ਮੰਤਰੀ ਸੀ, ਨੇ 7 ਅਕਤੂਬਰ 1976 ਨੂੰ ਹੈਨਰੀ ਕਸਿੰਜਰ ਨੂੰ ਦੱਸਿਆ ਸੀ ਕਿ “ਦਹਿਸ਼ਤਪਸੰਦ ਜਥੇਬੰਦੀਆਂ ਖ਼ਤਮ ਹੋ ਗਈਆਂ ਹਨ”—ਪਰ ਇਸ ਤਾਰੀਕ ਤੋਂ ਬਾਅਦ ਵੀ ਫ਼ੌਜੀ ਹਕੂਮਤ ਦਹਿ ਹਜ਼ਾਰਾਂ ਨਾਗਰਿਕਾਂ ਨੂੰ ਅਗਵਾ ਕਰਕੇ ਲਾਪਤਾ ਕਰਦੀ ਰਹੇਗੀ।

ਕਈ ਸਾਲਾਂ ਤੱਕ, ਅਮਰੀਕਾ ਦਾ ਬਦੇਸ਼ ਵਿਭਾਗ ਵੀ ਦੱਖਣੀ ਤਿਕੋਨ ਦੀਆਂ “ਘ੍ਰਿਣਤ ਜੰਗਾਂ” ਨੂੰ ਫ਼ੌਜ ਅਤੇ ਖ਼ਤਰਨਾਕ ਛਾਪਾਮਾਰਾਂ ਦਰਮਿਆਨ ਆਰ-ਪਾਰ ਦੀ ਲੜਾਈ ਬਣਾ ਕੇ ਪੇਸ਼ ਕਰਦਾ ਰਿਹਾ, ਟਕਰਾਅ ਜੋ ਕਈ ਵਾਰ ਵਸੋਂ ਬਾਹਰੇ ਹੁੰਦੇ ਰਹੇ ਪਰ ਅਮਰੀਕਾ ਅਨੁਸਾਰ ਇਨ੍ਹਾਂ ਨੂੰ ਆਰਥਕ ਅਤੇ ਫ਼ੌਜੀ ਮਦਦ ਦੇਣੀ ਠੀਕ ਸੀ। ਇਸ ਦੇ ਤਕੜੇ ਸਬੂਤ ਮੌਜੂਦ ਹਨ ਕਿ ਵਾਸ਼ਿੰਗਟਨ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਇਹ ਅਰਜਨਟਾਈਨਾ ਅਤੇ ਚਿੱਲੀ ਵਿਚ ਬਹੁਤ ਹੀ ਨਿਵੇਕਲੀ ਕਿਸਮ ਦੀ ਫ਼ੌਜੀ ਕਾਰਵਾਈ ਦੀ ਹਮਾਇਤ ਕਰ ਰਿਹਾ ਹੈ।

ਮਾਰਚ 2006 ’ਚ, ਵਾਸ਼ਿੰਗਟਨ ਦੇ ਕੌਮੀ ਸੁਰੱਖਿਆ ਨਾਲ ਸਬੰਧਤ ਪੁਰਾਲੇਖ ਵਿਭਾਗ ਨੇ

ਬਦੇਸ਼ ਵਿਭਾਗ ਦੀ ਮੀਟਿੰਗ ਦੀ ਕਾਰਵਾਈ ਜਾਰੀ ਕੀਤੀ ਜੋ ਤਾਜ਼ੀ ਤਾਜ਼ੀ ਜਨਤਕ ਕੀਤੀ ਗਈ ਸੀ। ਇਹ ਮੀਟਿੰਗ ਅਰਜਨਟਾਈਨਾ ਦੇ ਫ਼ੌਜੀ ਗੁੱਟ ਵਲੋਂ 1976 ਦਾ ਰਾਜ ਪਲਟਾ ਕਰਨ ਤੋਂ ਦੋ ਦਿਨ ਬਾਅਦ ਕੀਤੀ ਗਈ ਸੀ। ਮੀਟਿੰਗ 'ਚ, ਲਾਤੀਨੀ ਅਮਰੀਕਾ ਦਾ ਸਹਾਇਕ ਬਦੇਸ਼ ਸਕੱਤਰ ਵਿਲੀਅਮ ਰੋਜਰਜ਼ ਕਸਿੰਜਰ ਨੂੰ ਦੱਸਦਾ ਹੈ "ਸਾਨੂੰ ਜਾਣਕਾਰੀ ਮਿਲੀ ਹੈ ਕਿ ਬਹੁਤ ਛੇਤੀ ਹੀ ਅਰਜਨਟਾਈਨਾ 'ਚ ਜਬਰ ਦਾ ਵੱਡਾ ਝੱਖੜ ਝੁੱਲਣ ਵਾਲਾ ਹੈ, ਸ਼ਾਇਦ ਵਾਹਵਾ ਖ਼ੂਨ ਖਰਾਬਾ ਹੋਵੇਗਾ। ਮੇਰੀ ਸੋਚ ਅਨੁਸਾਰ ਉਹ ਨਾ ਸਿਰਫ਼ ਦਹਿਸ਼ਤਪਸੰਦਾਂ ਉੱਪਰ ਸਗੋਂ ਟਰੇਡ ਯੂਨੀਅਨਾਂ ਅਤੇ ਇਨ੍ਹਾਂ ਦੀਆਂ ਪਾਰਟੀਆਂ ਨਾਲ ਸਬੰਧਤ ਵੱਖਰੇ ਵਿਚਾਰਾਂ ਵਾਲੇ ਲੋਕਾਂ ਉੱਪਰ ਵੱਡਾ ਹਮਲਾ ਕਰਨ ਜਾ ਰਹੇ ਹਨ।"[85]

ਸੱਚੀਉਂ ਇੰਝ ਹੀ ਕੀਤਾ ਗਿਆ। ਦੱਖਣੀ ਤਿਕੋਨ ਖੇਤਰ 'ਚ ਦਹਿਸ਼ਤ ਦੀ ਮਸ਼ੀਨ ਦਾ ਸ਼ਿਕਾਰ ਹੋਣ ਵਾਲੇ ਭਾਰੀ ਬਹੁਗਿਣਤੀ ਲੋਕ ਹਥਿਆਰਬੰਦ ਧੜਿਆਂ ਦੇ ਮੈਂਬਰ ਨਹੀਂ ਸਨ ਸਗੋਂ ਕਾਰਖ਼ਾਨਿਆਂ, ਖੇਤਾਂ, ਗਰੀਬ ਬਸਤੀਆਂ ਅਤੇ ਯੂਨੀਵਰਸਿਟੀਆਂ 'ਚ ਕੰਮ ਕਰਨ ਵਾਲੇ ਅਹਿੰਸਕ ਕਾਰਕੁਨ ਸਨ। ਇਹ ਅਰਥਸ਼ਾਸਤਰੀ, ਕਲਾਕਾਰ, ਮਨੋਵਿਗਿਆਨੀ ਅਤੇ ਖੱਬੇਪੱਖੀ ਪਾਰਟੀ ਦੇ ਹਮਾਇਤੀ ਸਨ। ਇਹ ਹਥਿਆਰ ਰੱਖਣ ਦੇ ਕਾਰਨ ਨਹੀਂ ਮਾਰੇ ਗਏ (ਬਹੁਤਿਆਂ ਕੋਲ ਕੋਈ ਹਥਿਆਰ ਨਹੀਂ ਸਨ) ਸਗੋਂ ਆਪਣੇ ਵਿਚਾਰਾਂ ਕਾਰਨ ਕਤਲ ਕਰ ਦਿੱਤੇ ਗਏ। ਦੱਖਣੀ ਤਿਕੋਨ ਖੇਤਰ, ਜਿੱਥੇ ਮੌਜੂਦਾ ਤਬਾਹੀਪਸੰਦ ਸਰਮਾਏਦਾਰੀ ਦਾ ਜਨਮ ਹੋਇਆ, ਦੀ "ਦਹਿਸ਼ਤਵਾਦ ਵਿਰੁੱਧ ਜੰਗ" ਅਸਲ ਵਿਚ ਇਸ ਨਵੇਂ ਪ੍ਰਬੰਧ ਦੇ ਰਾਹ ਦੀਆਂ ਕੁਲ ਰੁਕਾਵਟਾਂ ਵਿਰੁੱਧ ਜੰਗ ਸੀ।

ਕਾਂਡ ਚੌਥਾ

ਸਲੇਟ ਦੀ ਸਫ਼ਾਈ

ਦਹਿਸ਼ਤ ਆਪਣੀ ਕੰਮ ਕਰਦੀ ਹੈ

ਅਰਜਨਟਾਈਨਾ 'ਚ ਨਸਲਕੁਸ਼ੀ ਆਪਮੁਹਾਰੇ ਨਹੀਂ ਕੀਤੀ ਗਈ, ਇਹ ਅਚਾਨਕ ਨਹੀਂ ਹੋਈ, ਇਹ ਤਰਕਹੀਣ ਨਹੀਂ ਹੈ; ਇਹ ਅਰਜਨਟਾਈਨਾ ਦੇ ਇਕ ਕੌਮੀ ਸਮੂਹ ਦੇ "ਚੋਖੇ ਹਿੱਸੇ" ਦਾ ਵਿਉਂਤਬਧ ਘਾਣ ਹੈ; ਜਿਸ ਦਾ ਮਕਸਦ ਸਮੂਹ ਦੀ ਕਾਇਆਕਲਪ ਕਰਨਾ, ਇਸ ਦੇ ਜਿਊਣ ਢੰਗ, ਇਸ ਦੇ ਸਮਾਜਿਕ ਸਬੰਧਾਂ, ਇਸ ਦੀ ਹੋਣੀ, ਇਸ ਦੇ ਭਵਿੱਖ ਨੂੰ ਦੁਬਾਰਾ ਨਿਰਧਾਰਤ ਕਰਨਾ ਹੈ।
—ਡੇਨੀਅਲ ਫੇਰਿਸਟੀਨ, ਅਰਜਨਟਾਈਨੀ ਸਮਾਜ ਵਿਗਿਆਨੀ, 2004[1]

ਮੇਰਾ ਇਕ ਹੀ ਮਕਸਦ ਸੀ—ਅਗਲੇ ਦਿਨ ਤੱਕ ਜਿਊਂਦਾ ਰਹਿਣਾ....ਅਸਲ ਵਿਚ ਇਹ ਨਿਰਾ ਜਿਊਂਦਾ ਰਹਿਣਾ ਨਹੀਂ ਸੀ ਸਗੋਂ ਜੋ ਕੁਝ ਮੇਰੀ ਹਸਤੀ ਸੀ ਉਸ ਨੂੰ ਜਿਊਂਦਾ ਰੱਖਣਾ ਸੀ।
—ਮੈਰੀਓ ਵਿਲੈਨੀ, ਅਰਜਨਟਾਈਨਾ ਦੇ ਤਸੀਹਾ ਕੈਂਪ 'ਚ ਚਾਰ ਸਾਲ ਤਸੀਹੇ ਝੱਲ ਕੇ ਜਿਊਂਦਾ ਬਚਿਆ ਵਿਅਕਤੀ[2]

1976 'ਚ, ਔਰਲੈਂਡੋ ਲੇਤੇਲੀਅਰ ਦੁਬਾਰਾ ਵਾਸ਼ਿੰਗਟਨ ਡੀ ਸੀ 'ਚ ਆ ਗਿਆ ਸੀ, ਹੁਣ ਉਹ ਸਫ਼ੀਰ ਵਜੋਂ ਨਹੀਂ ਅਗਾਂਹਵਧੂ ਨੀਤੀ ਮਾਹਰ, ਨੀਤੀਆਂ ਦੇ ਅਧਿਐਨ ਬਾਰੇ ਸੰਸਥਾ ਦੇ ਕਾਰਕੁਨ ਵਜੋਂ ਆਇਆ ਸੀ। ਉਸ ਦੇ ਜਿਹੜੇ ਸੰਗੀ-ਸਾਥੀ ਅਤੇ ਦੋਸਤ ਫ਼ੌਜੀ ਹਕੂਮਤ ਦੇ ਕੈਂਪਾਂ 'ਚ ਹਾਲੇ ਵੀ ਤਸੀਹੇ ਝੱਲ ਰਹੇ ਸਨ, ਉਨ੍ਹਾਂ ਦੀ ਯਾਦ ਉਸ ਨੂੰ ਸਤਾਉਂਦੀ ਸੀ। ਲੇਤੇਲੀਅਰ ਨੂੰ ਜੋ ਨਵੀਂ ਆਜ਼ਾਦੀ ਮਿਲੀ ਸੀ ਉਸ ਦੀ ਵਰਤੋਂ ਉਸ ਨੇ ਪਿਨੋਚੇ ਦੇ ਜੁਰਮਾਂ ਦਾ ਪੋਲ ਖੋਲ੍ਹਣ ਅਤੇ ਸੀ ਆਈ ਏ ਦੀ ਪ੍ਰਚਾਰ ਮਸ਼ੀਨਰੀ ਵਿਰੁੱਧ ਅਲੈਂਡੇ ਦੇ ਰਿਕਾਰਡ ਦੀ ਵਜਾਹਤ ਕਰਨ ਲਈ ਕੀਤੀ।

ਇਹ ਸਰਗਰਮੀ ਕਾਰਗਰ ਸਿੱਧ ਹੋਈ, ਅਤੇ ਪਿਨੋਚੇ ਨੂੰ ਆਪਣੀ ਮਨੁੱਖੀ ਹੱਕਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਵਿਆਪਕ ਭੰਡੀ ਦਾ ਸਾਹਮਣਾ ਕਰਨਾ ਪਿਆ। ਮਾਹਰ ਅਰਥਸ਼ਾਸਤਰੀ ਲੇਤੇਲੀਅਰ ਨੂੰ ਇਸ ਗੱਲ ਨੇ ਨਿਰਾਸ਼ ਕੀਤਾ ਕਿ ਭਾਵੇਂ ਦੁਨੀਆਂ ਚਿੱਲੀ ਦੀਆਂ ਜੇਲ੍ਹਾਂ 'ਚ ਐਵੇਂ ਹੀ ਕਤਲ ਕਰ ਦੇਣ ਅਤੇ ਕਰੰਟ ਲਾਉਣ ਦੀਆਂ ਰਿਪੋਰਟਾਂ ਸੁਣ ਕੇ ਸੁੰਨ ਹੋ ਗਈ ਸੀ, ਪਰ ਬਹੁਤੇ ਲੋਕ ਆਰਥਕ ਸਦਮਾ ਇਲਾਜ ਬਾਰੇ ਖ਼ਾਮੋਸ਼ ਸਨ ਜਾਂ ਫੇਰ ਇਸ ਤੋਂ ਪੂਰੀ ਤਰ੍ਹਾਂ ਬੇਪ੍ਰਵਾਹ ਸਨ ਕਿ ਕੌਮਾਂਤਰੀ ਬੈਂਕਾਂ ਵਲੋਂ ਫ਼ੌਜੀ ਹਕੂਮਤ ਨੂੰ ਕਰਜਿਆਂ ਦੇ ਗੱਫੇ ਇਸ ਲਈ ਦਿੱਤੇ ਗਏ ਕਿ ਪਿਨੋਚੇ ਨੇ "ਖੁੱਲ੍ਹੀ ਮੰਡੀ ਦੇ ਮੂਲ ਸਿਧਾਂਤਾਂ" ਨੂੰ ਅਪਨਾਇਆ ਸੀ। ਲੇਤੇਲੀਅਰ ਨੇ ਉਸ ਵਿਚਾਰ ਨੂੰ ਰੱਦ ਕੀਤਾ ਜੋ ਅਕਸਰ ਹੀ ਪੇਸ਼ ਕੀਤਾ ਜਾਂਦਾ ਹੈ ਕਿ ਫ਼ੌਜੀ ਹਕੂਮਤ ਦੇ ਦੋ ਵੱਖੋ-ਵੱਖਰੇ ਪ੍ਰਾਜੈਕਟ ਸਨ ਅਤੇ ਇਹ ਸੁਭਾਵਿਕ ਹੀ ਅੱਡ-ਅੱਡ ਕੀਤੇ ਜਾ ਸਕਦੇ ਹਨ—ਇਕ ਆਰਥਕ ਰੱਦੋਬਦਲ ਦਾ ਨਿਝੱਕ ਤਜਰਬਾ, ਦੂਜਾ ਭਿਆਨਕ ਤਸੀਹਿਆਂ ਅਤੇ ਦਹਿਸ਼ਤ ਦਾ ਘ੍ਰਿਣਤ ਸਿਲਸਿਲਾ। ਸਾਬਕਾ ਸਫ਼ੀਰ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰਾਜੈਕਟ ਅੱਡ-ਅੱਡ ਨਹੀਂ ਹਨ। ਉਨ੍ਹਾਂ ਦਾ ਸਿਰਫ਼ ਇਕ ਹੀ ਪ੍ਰਾਜੈਕਟ ਸੀ ਅਤੇ ਖੁੱਲ੍ਹੀ ਮੰਡੀ ਦੇ ਉਦੇਸ਼ ਤਹਿਤ ਰੱਦੋਬਦਲ ਕਰਨ ਲਈ ਹੀ ਮੁੱਖ ਸਾਧਨ ਵਜੋਂ ਦਹਿਸ਼ਤ ਵਰਤੀ ਗਈ ਸੀ।

“ਮਨੁੱਖੀ ਹੱਕਾਂ ਦਾ ਘਾਣ, ਸੰਸਥਾਗਤ ਦਰਿੰਦਗੀ ਦਾ ਸਿਲਸਿਲਾ, ਹਰ ਤਰ੍ਹਾਂ ਦੇ ਸਾਰਥਕ ਵੱਖਰੇ ਵਿਚਾਰਾਂ ਦਾ ਦਮਨ ਅਤੇ ਸਖ਼ਤ ਕੰਟਰੋਲ ਇਸ ਸਭ ਕਾਸੇ ਬਾਰੇ ਇਸ ਤਰ੍ਹਾਂ ਚਰਚਾ ਕੀਤੀ ਜਾਂਦੀ ਹੈ (ਅਕਸਰ ਹੀ ਇਸ ਦੀ ਨਿੰਦਾ ਇਸੇ ਤਰ੍ਹਾਂ ਕੀਤੀ ਜਾਂਦੀ ਹੈ) ਜਿਵੇਂ ਇਹ ਵਰਤਾਰਾ ਫ਼ੌਜੀ ਹਕੂਮਤ ਵਲੋਂ ਥੋਪੀਆਂ ਗਈਆਂ ਬੇਲਗਾਮ ‘ਖੁੱਲ੍ਹੀ ਮੰਡੀ’ ਦੀਆਂ ਟਕਸਾਲੀ ਨੀਤੀਆਂ ਨਾਲ ਸਿਰਫ਼ ਅਸਿੱਧੇ ਢੰਗ ਨਾਲ ਜੁੜਿਆ, ਜਾਂ ਅਸਲ ਵਿਚ ਉੱਕਾ ਹੀ ਗ਼ੈਰ ਸਬੰਧਤ ਹੋਵੇ।” ਲੇਤੇਲੀਅਰ ਨੇ *ਦੀ ਨੇਸ਼ਨ* ਲਈ ਲਿਖੇ ਤਿੱਖੇ ਲੇਖ ਵਿਚ ਇਹ ਵਿਚਾਰ ਪੇਸ਼ ਕੀਤੇ। ਉਸ ਨੇ ਨੁਕਤਾ ਉਠਾਇਆ ਕਿ “ਸਮਾਜਿਕ ਪ੍ਰਬੰਧ ਦੀ ਇਹ ਖ਼ਾਸ ਤੌਰ ’ਤੇ ਸਹੂਲਤਮਈ ਧਾਰਨਾ, ਜਿਸ ਵਿਚ ‘ਆਰਥਕ ਆਜ਼ਾਦੀ’ ਅਤੇ ਸਿਆਸੀ ਦਹਿਸ਼ਤ ਨੂੰ ਇਕ ਦੂਜੇ ਨਾਲ ਜੁੜੇ ਦਰਸਾਉਣ ਦੀ ਬਜਾਏ ਇਨ੍ਹਾਂ ਦੀ ਨਾਲੋ ਨਾਲ ਮੌਜੂਦਗੀ ਦਰਸਾਈ ਜਾਂਦੀ ਹੈ, ਇਨ੍ਹਾਂ ਵਿਤੀ ਤਰਜ਼ਮਾਨਾਂ ਨੂੰ ਆਪਣੀ ‘ਆਜ਼ਾਦੀ’ ਦੀ ਧਾਰਨਾ ਨੂੰ ਜਾਇਜ਼ ਠਹਿਰਾਉਣ ਦੀ ਖੁੱਲ੍ਹ ਦਿੰਦੀ ਹੈ ਜਦਕਿ ਗੱਲੀਂਬਾਤੀਂ ਇਹ ਮਨੁੱਖੀ ਹੱਕਾਂ ਦੀ ਰਾਖੀ ਦੀ ਕਵਾਇਦ ਕਰਦੇ ਰਹਿੰਦੇ ਹਨ।”[3]

ਲੇਤੇਲੀਅਰ ਨੇ ਇੱਥੋਂ ਤੱਕ ਲਿਖ ਦਿੱਤਾ ਕਿ “ਸਿਧਾਂਤ ਦੇ ਰਚੇਤਾ ਬੁੱਧੀਜੀਵੀ ਅਤੇ ਅੱਜ ਕੱਲ੍ਹ ਚਿੱਲੀ ਦੀ ਆਰਥਿਕਤਾ ਦਾ ਸੰਚਾਲਨ ਕਰ ਰਹੇ ਅਰਥਸ਼ਾਸਤਰੀਆਂ ਦੀ ਟੋਲੀ ਦੇ ਗ਼ੈਰ-ਸਰਕਾਰੀ ਸਲਾਹਕਾਰ ਵਜੋਂ” ਫਰਾਇਡਮੈਨ ਪਿਨੋਚੇ ਦੇ ਜੁਰਮਾਂ ਦਾ ਭਾਗੀਦਾਰ ਹੈ। ਉਸ ਨੇ ਫਰਾਇਡਮੈਨ ਵਲੋਂ ਪੇਸ਼ ਕੀਤੀ ਇਹ ਸਫ਼ਾਈ ਰੱਦ ਕਰ ਦਿੱਤੀ ਕਿ ਸਦਮਾ ਇਲਾਜ ਲਈ ਉਸ ਨੇ ਜੋ ਪ੍ਰਭਾਵ ਪਾਇਆ ਉਹ ਸਿਰਫ਼ “ਤਕਨੀਕੀ” ਸਲਾਹ ਸੀ। ਲੇਤੇਲੀਅਰ ਨੇ ਦਲੀਲ ਦਿੱਤੀ ਕਿ ਫਰਾਇਡਮੈਨ ਦੀ ਸਲਾਹ ਅਨੁਸਾਰ “ਬੇਲਗਾਮ ‘ਨਿੱਜੀ ਆਰਥਿਕਤਾ’ ਦੀ ਸਥਾਪਨਾ” ਅਤੇ ਸਿੱਕੇ ਦੇ ਫੈਲਾਅ ’ਤੇ ਕੰਟਰੋਲ ਸ਼ਾਂਤਮਈ ਢੰਗ ਨਾਲ ਨਹੀਂ ਕੀਤੇ ਜਾ ਸਕਦੇ ਸਨ। “ਇਸ ਆਰਥਕ ਯੋਜਨਾ ਨੂੰ ਜਬਰੀ ਥੋਪਣਾ ਪੈਣਾ ਸੀ। ਅਤੇ ਚਿੱਲੀ ਦੇ ਹਾਲਾਤ ’ਚ ਸਿਰਫ਼ ਹਜ਼ਾਰਾਂ ਲੋਕਾਂ ਨੂੰ ਕਤਲ ਕਰਕੇ, ਪੂਰੇ ਦੇਸ਼ ’ਚ ਤਸੀਹਾ ਕੈਂਪ ਬਣਾ ਕੇ, ਤਿੰਨ ਸਾਲ ’ਚ ਇਕ ਲੱਖ ਤੋਂ ਵੱਧ ਲੋਕਾਂ ਨੂੰ ਜੇਲ੍ਹਾਂ ’ਚ ਡੱਕ ਕੇ ਹੀ ਇਸ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਸੀ। ....ਚਿੱਲੀ ਵਿਚ ਬਹੁਗਿਣਤੀ ਲੋਕਾਂ ਦਾ ਪਿਛੜੇਵੇਂ ਵੱਲ ਧੱਕੇ ਜਾਣਾ ਅਤੇ ਸਹੂਲਤਾਂ ਮਾਣ ਰਹੀ ਛੋਟੀ ਜਿਹੀ ਗਿਣਤੀ ਲਈ ‘ਆਰਥਕ ਆਜ਼ਾਦੀ’ ਇਕੋ ਸਿੱਕੇ ਦੇ ਦੋ ਪਾਸੇ ਹਨ।” ਉਸ ਨੇ ਅੱਗੇ ਲਿਖਿਆ, “ਖੁੱਲ੍ਹੀ ਮੰਡੀ” ਅਤੇ ਇੰਤਹਾ ਦਹਿਸ਼ਤ “ਆਪਸੀ ਸਦਭਾਵਨਾ ਨਾਲ” ਕੰਮ ਕਰਦੇ ਸਨ।[4]

ਲੇਤੇਲੀਅਰ ਦਾ ਵਿਵਾਦ ਛੇੜਨ ਵਾਲਾ ਲੇਖ ਅਗਸਤ 1976 ਦੇ ਅਖ਼ੀਰ ਵਿਚ ਛਪਿਆ ਸੀ। ਇਕ ਮਹੀਨਾ ਵੀ ਨਹੀਂ ਹੋਇਆ ਸੀ ਕਿ 21 ਸਤੰਬਰ ਨੂੰ ਇਹ ਚੁਤਾਲੀ ਸਾਲਾ ਅਰਥਸ਼ਾਸਤਰੀ ਕਾਰ ਰਾਹੀਂ ਵਾਸ਼ਿੰਗਟਨ ਡੀ ਸੀ ਦੇ ਸਭ ਤੋਂ ਅਹਿਮ ਹਿੱਸੇ ’ਚ ਕਿਸੇ ਕੰਮ ਜਾ ਰਿਹਾ ਸੀ। ਜਦੋਂ ਉਹ ਸਫ਼ਾਰਤੀ ਖੇਤਰ ਦੇ ਕੇਂਦਰ ਵਿਚੋਂ ਲੰਘ ਰਿਹਾ ਸੀ ਤਾਂ ਕਾਰ ਚਾਲਕ ਦੀ ਸੀਟ ’ਚ ਲਗਾਇਆ ਰਿਮੋਟ ਕੰਟਰੋਲ ਬੰਬ ਫਟ ਗਿਆ। ਕਾਰ ਦੇ ਪਰਖਚੇ ਉਡ ਗਏ ਅਤੇ ਉਸ ਦੀਆਂ ਦੋਵੇਂ ਲੱਤਾਂ ਉਡ ਗਈਆਂ। ਲੇਤੇਲੀਅਰ ਦੇ ਜਿਸਮ ਤੋਂ ਜੁਦਾ ਹੋਏ ਪੈਰ ਉੱਥੇ ਹੀ ਸੜਕ ਕੰਢੇ ਛੱਡ ਕੇ, ਉਸ ਨੂੰ ਜਾਰਜ ਵਾਸ਼ਿੰਗਟਨ ਹਸਪਤਾਲ ਲਿਜਾਇਆ ਗਿਆ; ਉਸ ਦੀ ਮੌਤ ਹੋ ਚੁੱਕੀ ਸੀ। ਸਾਬਕਾ ਸਫ਼ੀਰ ਆਪਣੀ ਪੰਝੀ ਸਾਲਾ ਅਮਰੀਕੀ ਸਾਥੀ ਰੋਨੀ ਮੋਫਿਤ ਨਾਲ ਕਾਰ ’ਚ ਸਫ਼ਰ ਕਰ ਰਿਹਾ ਸੀ, ਤੇ ਹਮਲੇ ’ਚ ਉਹ ਵੀ ਜਾਨ ਗੁਆ ਬੈਠੀ।[5][5] ਇਹ ਪਿਨੋਚੇ ਦਾ ਰਾਜ ਪਲਟੇ ਦੇ ਸਮੇਂ ਤੋਂ ਕੀਤੇ ਜੁਰਮਾਂ ਵਿਚੋਂ ਸਭ ਤੋਂ ਘਿਨਾਉਣਾ ਅਤੇ ਆਕੀ ਜੁਰਮ ਸੀ।

ਐੱਫ ਬੀ ਆਈ ਦੀ ਤਫ਼ਤੀਸ਼ ਤੋਂ ਪਤਾ ਲੱਗਿਆ ਕਿ ਇਹ ਬੰਬ ਧਮਾਕਾ ਪਿਨੋਚੇ ਦੀ

ਖੁਫ਼ੀਆ ਪੁਲਿਸ ਦੇ ਸੀਨੀਅਰ ਅਧਿਕਾਰੀ ਮਿਸ਼ੇਲ ਟਾਓਨਲੇ ਦਾ ਕਾਰਾ ਸੀ। ਬਾਅਦ 'ਚ ਅਮਰੀਕਾ ਦੀ ਕੇਂਦਰੀ ਅਦਾਲਤ 'ਚ ਉਸ ਨੂੰ ਜੁਰਮ ਦਾ ਦੋਸ਼ੀ ਠਹਿਰਾਇਆ ਗਿਆ। ਕਾਤਲ ਸੀ ਆਈ ਏ ਦੀ ਮਿਲੀ-ਭੁਗਤ ਨਾਲ ਜਾਅਲੀ ਪਾਸਪੋਰਟਾਂ ਉੱਪਰ ਅਮਰੀਕਾ 'ਚ ਦਾਖ਼ਲ ਹੋਏ ਸਨ।[6]

ਦਸੰਬਰ 2006 ਵਿਚ ਇਕਾਨਵੇਂ ਸਾਲ ਦੀ ਉਮਰ 'ਚ ਪਿਨੋਚੇ ਦੀ ਮੌਤ ਹੋਈ। ਉਸ ਉੱਪਰ ਉਸ ਦੇ ਰਾਜ ਦੌਰਾਨ ਕਤਲੋਗ਼ਾਰਤ, ਅਗਵਾ ਅਤੇ ਤਸੀਹਿਆਂ ਤੋਂ ਲੈ ਕੇ ਭ੍ਰਿਸ਼ਟਾਚਾਰੀ ਅਤੇ ਟੈਕਸ ਚੋਰੀ ਦੇ ਜੁਰਮਾਂ ਲਈ ਮੁਕੱਦਮੇ ਚਲਾਏ ਜਾਣ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਔਰਲੈਂਡੋ ਲੇਤੇਲੀਅਰ ਦਾ ਪਰਿਵਾਰ ਉਸ ਉੱਪਰ ਵਾਸ਼ਿੰਗਟਨ ਦੇ ਬੰਬ ਕਾਂਡ ਦਾ ਮੁਕੱਦਮਾ ਚਲਾਉਣ ਅਤੇ ਇਸ ਕਾਂਡ ਬਾਰੇ ਅਮਰੀਕੀ ਮਿਸਲਾਂ ਖੁਲ੍ਹਵਾਉਣ ਲਈ ਦਹਾਕਿਆਂ ਤੋਂ ਟੱਕਰਾਂ ਮਾਰ ਰਿਹਾ ਸੀ। ਪਰ ਤਾਨਾਸ਼ਾਹ ਸਾਰੇ ਮੁਕੱਦਮਿਆਂ ਤੋਂ ਬਚਦਾ ਰਿਹਾ, ਉਸ ਨੇ ਆਖ਼ਰੀ ਲਫ਼ਜ਼ ਮੌਤ ਸਮੇਂ ਲਿਖੀ ਇਕ ਵਸੀਅਤਨੁਮਾ ਚਿੱਠੀ 'ਚ ਹੀ ਕਹੇ ਜੋ ਉਸ ਦੀ ਮੌਤ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਇਸ ਵਿਚ "ਪ੍ਰੋਲੇਤਾਰੀ ਦੀ ਤਾਨਾਸ਼ਾਹੀ ਨੂੰ ਰੋਕਣ ਲਈ" ਕੀਤੇ ਰਾਜ ਪਲਟੇ ਅਤੇ "ਵੱਧ ਤੋਂ ਵੱਧ ਸਖ਼ਤੀ" ਕਰਨ ਨੂੰ ਜਾਇਜ਼ ਠਹਿਰਾਉਂਦਿਆਂ ਪਿਨੋਚੇ ਨੇ ਲਿਖਿਆ "ਮੈਂ ਕਿਵੇਂ ਮੰਨ ਲਵਾਂ ਕਿ 11 ਸਤੰਬਰ 1973 ਦੀ ਫ਼ੌਜੀ ਕਾਰਵਾਈ ਜ਼ਰੂਰੀ ਨਹੀਂ ਸੀ! ਮੈਂ ਕਿਵੇਂ ਮੰਨ ਲਵਾਂ ਕਿ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨੇ ਸਾਡੇ ਪੁਰਖਿਆਂ ਦੀ ਧਰਤੀ 'ਚ ਘੁਸਪੈਠ ਨਹੀਂ ਕੀਤੀ ਸੀ।"[7]

ਲਾਤੀਨੀ ਅਮਰੀਕਾ ਦੇ ਦਹਿਸ਼ਤ ਦੇ ਦੌਰ ਦੇ ਸਾਰੇ ਮੁਜਰਮ ਐਨੇ ਖ਼ੁਸ਼ਕਿਸਮਤ ਨਹੀਂ ਸਨ। ਅਰਜਨਟਾਈਨਾ ਦੀ ਫ਼ੌਜੀ ਤਾਨਾਸ਼ਾਹੀ ਦੇ ਖ਼ਾਤਮੇ ਤੋਂ ਤੇਈ ਸਾਲ ਬਾਅਦ ਸਤੰਬਰ 2006 'ਚ ਦਹਿਸ਼ਤਵਾਦੀ ਰਾਜ ਥੋਪਣ ਵਾਲੇ ਇਕ ਮੁੱਖ ਦੋਸ਼ੀ ਨੂੰ ਓੜਕ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਦੋਸ਼ੀ ਠਹਿਰਾਇਆ ਗਿਆ ਸ਼ਖਸ ਮਿਗੂਅਲ ਓਸਵਾਲਦੋ ਇਚੈਕੋਲੇਜ਼ ਫ਼ੌਜੀ ਹਕੂਮਤ ਸਮੇਂ ਬਿਓਨਸ ਏਅਰੀਸ ਸੂਬੇ ਦਾ ਪੁਲਿਸ ਕਮਿਸ਼ਨਰ ਰਿਹਾ ਸੀ।

ਇਸ ਇਤਿਹਾਸਕ ਮੁਕੱਦਮੇ ਦੌਰਾਨ, ਅਹਿਮ ਗਵਾਹ ਜਾਰਜ ਜੂਲੀਓ ਲੋਪੇਜ਼ ਲਾਪਤਾ ਹੋ ਗਿਆ ਜਾਂ ਗਾਇਬ ਕਰ ਦਿੱਤਾ ਗਿਆ। ਲੋਪੇਜ਼ ਨੂੰ ਸੱਤਰਵਿਆਂ 'ਚ ਅਗਵਾ ਕਰ ਲਿਆ ਗਿਆ ਸੀ, ਉਸ ਨੂੰ ਤਸੀਹੇ ਦਿੱਤੇ ਗਏ ਤੇ ਫੇਰ ਰਿਹਾਅ ਕਰ ਦਿੱਤਾ ਗਿਆ ਸੀ—ਹੁਣ ਸਭ ਕੁਝ ਦੁਬਾਰਾ ਵਾਪਰ ਰਿਹਾ ਸੀ। ਲੋਪੇਜ਼ ਅਰਜਨਟਾਈਨਾ 'ਚ "ਦੁਬਾਰਾ ਲਾਪਤਾ ਹੋਣ ਵਾਲਾ" ਪਹਿਲਾ ਵਿਅਕਤੀ ਬਣ ਕੇ ਉੱਭਰਿਆ।[8] 2007 ਦੇ ਅੱਧ ਤੱਕ ਉਸ ਦਾ ਕੋਈ ਅਤਾ-ਪਤਾ ਨਹੀਂ ਸੀ। ਅਸਲ ਵਿਚ ਪੁਲਿਸ ਨੂੰ ਪੱਕਾ ਪਤਾ ਸੀ ਕਿ ਉਸ ਨੂੰ ਚੇਤਾਵਨੀ ਦੇਣ ਲਈ ਅਗਵਾ ਕੀਤਾ ਗਿਆ ਸੀ ਤਾਂ ਜੋ ਹੋਰ ਗਵਾਹਾਂ ਨੂੰ ਕੰਨ ਹੋ ਜਾਣ—ਇਹ ਦਹਿਸ਼ਤ ਦੇ ਦੌਰ ਵਾਲਾ ਪੁਰਾਣਾ ਤਰੀਕਾ ਸੀ।

ਅਰਜਨਟਾਈਨਾ ਦੀ ਕੇਂਦਰੀ ਅਦਾਲਤ ਵਲੋਂ ਇਸ ਮਾਮਲੇ ਦਾ ਫ਼ੈਸਲਾ ਦੇਣ ਵਾਲਾ ਪਚਵੰਜਾ ਸਾਲਾ ਜੱਜ ਕਾਰਲਸ ਰੋਜ਼ੈਨਸਕੀ ਸੀ। ਉਸ ਨੇ ਇਚੈਕੋਲੇਜ਼ ਨੂੰ ਕਤਲਾਂ ਦੇ ਛੇ ਮਾਮਲਿਆਂ, ਗ਼ੈਰਕਾਨੂੰਨੀ ਕੈਦ ਰੱਖਣ ਦੇ ਛੇ ਮਾਮਲਿਆਂ ਅਤੇ ਤਸੀਹੇ ਦੇਣ ਦੇ ਸੱਤ ਮਾਮਲਿਆਂ 'ਚ ਦੋਸ਼ੀ ਪਾਇਆ। ਜਦੋਂ ਉਸ ਨੇ ਫ਼ੈਸਲਾ ਸੁਣਾਇਆ, ਉਸ ਨੇ ਇਕ ਅਸਾਧਾਰਨ ਕਦਮ ਚੁੱਕਿਆ। ਉਸ ਨੇ ਕਿਹਾ ਕਿ ਦੋਸ਼ਾਂ ਦੀ ਸਜ਼ਾ ਇਸ ਜੁਰਮ ਦੀ ਅਸਲ ਫ਼ਿਤਰਤ ਨਾਲ ਇਨਸਾਫ਼ ਨਹੀਂ ਹੈ ਅਤੇ "ਸਮੂਹਿਕ ਯਾਦਦਾਸ਼ਤ ਦੀ ਵਿਆਖਿਆ" ਦੇ ਹਿੱਤ 'ਚ ਉਹ ਇਹ ਦਰਜ ਕਰਨਾ ਜ਼ਰੂਰੀ ਸਮਝਦਾ ਹੈ ਕਿ "ਮਨੁੱਖਤਾ ਵਿਰੁੱਧ ਕੀਤੇ ਗਏ ਇਹ ਕੁਲ ਜੁਰਮ ਨਸਲਕੁਸ਼ੀ ਦੇ ਉਨ੍ਹਾਂ ਹਾਲਾਤ 'ਚ ਕੀਤੇ

ਗਏ ਸਨ ਜੋ ਅਰਜਨਟਾਈਨਾ ਗਣਰਾਜ 'ਚ 1976 ਅਤੇ 1983 ਦਰਮਿਆਨ ਮੌਜੂਦ ਸਨ।"[9]

ਇਸ ਫ਼ਿਕਰੇ ਨਾਲ ਜੱਜ ਨੇ ਅਰਜਨਟਾਈਨਾ ਦੇ ਇਤਿਹਾਸ ਨੂੰ ਮੁੜ ਲਿਖਣ 'ਚ ਭੂਮਿਕਾ ਨਿਭਾਈ : ਸੱਤਰਵਿਆਂ 'ਚ ਖੱਬੇਪੱਖੀਆਂ ਦੇ ਕਤਲ ਕਿਸੇ ਐਸੀ "ਘ੍ਰਿਣਤ ਜੰਗ" ਦਾ ਹਿੱਸਾ ਨਹੀਂ ਸਨ ਜੋ ਦੋ ਧਿਰਾਂ ਦੀ ਜੰਗ ਹੋਵੇ ਅਤੇ ਜੁਰਮ ਵੱਖੋ-ਵੱਖਰੇ ਕੀਤੇ ਗਏ ਹੋਣ। ਦਹਾਕਿਆਂ ਤੋਂ ਸਰਕਾਰੀ ਪੱਖ ਇਸੇ ਤਰ੍ਹਾਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਲਾਪਤਾ ਹੋਏ ਲੋਕ ਮਹਿਜ਼ ਤਸੀਹੇ ਦੇਣ ਦੇ ਸ਼ੁਗਲ ਅਤੇ ਤਾਕਤ ਦੇ ਗਰੂਰ 'ਚ ਅੰਨ੍ਹੇ ਹੋਏ ਪਾਗਲ ਤਾਨਾਸ਼ਾਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਨਹੀਂ ਹੋਏ ਸਨ। ਜੋ ਕੁਝ ਵਾਪਰਿਆ ਸੀ ਇਹ ਬਹੁਤ ਜ਼ਿਆਦਾ ਵਿਉਂਤਬਧ ਅਤੇ ਭਿਆਨਕ ਤਰਕ ਦੀ ਉਪਜ ਸੀ। ਜਿਵੇਂ ਜੱਜ ਨੇ ਪੇਸ਼ ਕੀਤਾ "ਨਸਲਕੁਸ਼ੀ ਦੀ ਯੋਜਨਾ ਨੂੰ ਦੇਸ਼ 'ਤੇ ਰਾਜ ਕਰਨ ਵਾਲਿਆਂ ਨੇ ਅੰਜਾਮ ਦਿੱਤਾ ਸੀ।"[10]

ਉਸ ਨੇ ਵਿਆਖਿਆ ਦਿੱਤੀ ਕਿ ਕਤਲ ਅਗਾਊਂ ਬਣਾਈ ਯੋਜਨਾ ਦਾ ਹਿੱਸਾ ਸਨ, ਪੂਰੇ ਦੇਸ਼ 'ਚ ਇਕੋ ਜਹੇ ਤਰੀਕੇ ਅਪਣਾਏ ਗਏ। ਇਹ ਕਤਲ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਨਹੀਂ ਸਗੋਂ ਸਮਾਜ ਦੇ ਖ਼ਾਸ ਹਿੱਸਿਆਂ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਕੀਤੇ ਗਏ ਸਨ, ਜਿਸ ਸਮਾਜ ਦੀ ਇਹ ਲੋਕ ਨੁਮਾਇੰਦਗੀ ਕਰਦੇ ਸਨ। ਨਸਲਕੁਸ਼ੀ, ਇਕ ਖ਼ਾਸ ਵਿਚਾਰਾਂ ਵਾਲੇ ਵਿਅਕਤੀਆਂ ਦੇ ਸਮੂਹ ਨੂੰ ਕਤਲ ਕਰਨ ਦੀ ਕੋਸ਼ਿਸ਼ ਹੈ ਨਾ ਕਿ ਵਿਅਕਤੀਆਂ ਦੇ ਸਮੂਹ ਨੂੰ ਕਤਲ ਕਰਨ ਦੀ। ਜੱਜ ਨੇ ਦਲੀਲ ਦਿੱਤੀ, ਇਸੇ ਲਈ ਇਹ ਨਸਲਕੁਸ਼ੀ ਸੀ।[11]

ਰੋਜ਼ੈਨਸਕੀ ਨੇ ਬੁਝ ਲਿਆ ਕਿ ਉਸ ਵਲੋਂ "ਨਸਲਕੁਸ਼ੀ" ਲਫ਼ਜ਼ ਦੀ ਵਰਤੋਂ ਰੁੱਟੇ ਵਾਲੀ ਹੈ, ਅਤੇ ਉਸ ਨੇ ਇਸ ਸ਼ਬਦ ਚੋਣ ਦਾ ਪੱਖ ਪੂਰਨ ਲਈ ਲੰਮਾ ਫ਼ੈਸਲਾ ਲਿਖਿਆ। ਉਸ ਨੇ ਮੰਨਿਆ ਕਿ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਇਸ ਜੁਰਮ ਦੀ ਪ੍ਰੀਭਾਸ਼ਾ ਇੰਞ ਦਿੰਦੀ ਹੈ :"ਇਕ ਕੌਮੀ, ਨਸਲੀ-ਸੱਭਿਆਚਾਰਕ, ਧਾਰਮਿਕ ਜਾਂ ਨਸਲੀ ਸਮੂਹ ਨੂੰ ਸਮੁੱਚੇ ਰੂਪ 'ਚ ਜਾਂ ਇਕ ਹਿੱਸੇ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਕਤਲ"; ਕਨਵੈਨਸ਼ਨ ਦੀ ਪ੍ਰੀਭਾਸ਼ਾ 'ਚ ਸਿਆਸੀ ਵਿਚਾਰਾਂ ਦੇ ਅਧਾਰ 'ਤੇ ਸਮੂਹ ਦਾ ਸਫ਼ਾਇਆ ਸ਼ਾਮਲ ਨਹੀਂ ਹੈ—ਜਿਵੇਂ ਅਰਜਨਟਾਈਨਾ 'ਚ ਵਾਪਰਿਆ ਸੀ—ਪਰ ਰੋਜ਼ੈਨਸਕੀ ਨੇ ਕਿਹਾ ਕਿ ਉਹ ਇਸ ਹਿੱਸੇ ਨੂੰ ਬਾਹਰ ਰੱਖੇ ਜਾਣ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਨਹੀਂ ਸਮਝਦਾ।[12] ਸੰਯੁਕਤ ਰਾਸ਼ਟਰ ਦੇ ਇਤਿਹਾਸ ਦੇ ਜਿਸ ਕਾਂਡ ਦੀ ਬਹੁਤ ਘੱਟ ਜਾਣਕਾਰੀ ਹੈ ਉਸ ਵੱਲ ਇਸ਼ਾਰਾ ਕਰਦਿਆਂ ਉਸ ਨੇ ਵਿਆਖਿਆ ਕੀਤੀ ਕਿ 11 ਦਸੰਬਰ 1946 ਨੂੰ ਨਾਜ਼ੀਆਂ ਵਲੋਂ ਜੋ ਸਰਬ-ਨਾਸ਼ ਕੀਤਾ ਗਿਆ ਸੀ ਉਸ ਦੇ ਸਿੱਧੇ ਪ੍ਰਤੀਕਰਮ ਵਜੋਂ ਸੰਯੁਕਤ ਰਾਸ਼ਟਰ ਦੀ ਆਮ ਸਭਾ ਦੇ ਮਤੇ 'ਚ ਕਿਹਾ ਗਿਆ ਸੀ "ਨਸਲੀ, ਧਾਰਮਿਕ, ਸਿਆਸੀ ਅਤੇ ਹੋਰ ਸਮੂਹਾਂ ਨੂੰ ਸਮੁੱਚੇ ਜਾਂ ਇਕ ਹਿੱਸੇ ਨੂੰ ਤਬਾਹ ਕੀਤਾ ਜਾਣਾ" ਨਸਲਕੁਸ਼ੀ ਦੀਆਂ ਕਾਰਵਾਈਆਂ ਹਨ।[13] ਦੋ ਸਾਲ ਬਾਅਦ ਕਨਵੈਨਸ਼ਨ ਵਿਚੋਂ "ਸਿਆਸੀ" ਲਫ਼ਜ਼ ਕੱਢ ਦਿੱਤੇ ਜਾਣ ਦਾ ਕਾਰਨ ਇਹ ਸੀ ਕਿ ਅਜਿਹਾ ਸਟਾਲਿਨ ਵੱਲੋਂ ਮੰਗ ਕਰਨ 'ਤੇ ਕੀਤਾ ਗਿਆ ਸੀ। ਉਹ ਜਾਣਦਾ ਸੀ ਕਿ ਜੇ ਇਕ "ਸਿਆਸੀ" ਸਮੂਹ ਨੂੰ ਖ਼ਤਮ ਕਰਨਾ ਨਸਲਕੁਸ਼ੀ ਹੈ ਤਾਂ ਉਸ ਦੀਆਂ ਖ਼ੂਨੀ ਸ਼ੁੱਧੀ ਮੁਹਿੰਮਾਂ ਅਤੇ ਸਿਆਸੀ ਵਿਰੋਧੀਆਂ ਨੂੰ ਜਨਤਕ ਪੱਧਰ 'ਤੇ ਜੇਲ੍ਹਾਂ 'ਚ ਡੱਕਣ ਦੀਆਂ ਕਾਰਵਾਈਆਂ ਆਪਣੇ ਆਪ 'ਚ ਹੀ ਇਸ ਨੂੰ ਨਸਲਕੁਸ਼ੀ ਕਹਿਣ ਲਈ ਕਾਫ਼ੀ ਹੋਣਗੀਆਂ। ਸਟਾਲਿਨ ਨੂੰ ਹੋਰ ਨੁਮਾਇੰਦਿਆਂ ਦੀ ਚੋਖੀ ਹਮਾਇਤ ਮਿਲ ਗਈ ਕਿਉਂਕਿ ਉਹ ਵੀ ਆਪਣੇ ਸਿਆਸੀ ਵਿਰੋਧੀਆਂ ਦਾ ਸਫ਼ਾਇਆ ਕਰਨ ਦਾ ਹੱਕ ਰਾਖਵਾਂ ਰੱਖਣਾ ਚਾਹੁੰਦੇ ਸਨ ਇਸ ਕਰਕੇ ਇਹ ਲਫ਼ਜ਼ ਹਟਾ ਦਿੱਤਾ ਗਿਆ।[14]

ਰੋਜ਼ੈਨਸਕੀ ਨੇ ਲਿਖਿਆ ਕਿ ਉਹ ਸੰਯੁਕਤ ਰਾਸ਼ਟਰ ਦੀ ਪਹਿਲੀ ਵਿਆਖਿਆ ਨੂੰ ਵੱਧ ਸਹੀ ਮੰਨਦਾ ਹੈ, ਕਿਉਂਕਿ ਇਹ ਸਵੈ-ਹਿੱਤਾਂ ਦੀ ਖ਼ਾਤਰ ਸਮਝੌਤੇ ਦੀ ਭੇਟ ਨਹੀਂ ਚੜ੍ਹੀ ਸੀ।• ਉਸ ਨੇ ਸਪੇਨ ਦੀ ਕੌਮੀ ਅਦਾਲਤ ਦੇ ਇਕ ਫ਼ੈਸਲੇ ਦਾ ਹਵਾਲਾ ਵੀ ਦਿੱਤਾ ਜਿਸ ਨੇ 1998 'ਚ ਅਰਜਨਟਾਈਨਾ ਦੇ ਇਕ ਬਦਨਾਮ ਜਲਾਦ ਅਧਿਕਾਰੀ 'ਤੇ ਮੁਕੱਦਮਾ ਚਲਾਇਆ ਸੀ। ਅਦਾਲਤ ਨੇ ਇਹ ਵੀ ਫ਼ੈਸਲਾ ਦਿੱਤਾ ਸੀ ਕਿ ਅਰਜਨਟਾਈਨਾ ਦੀ ਫ਼ੌਜੀ ਹਕੂਮਤ ਨੇ "ਨਸਲਕੁਸ਼ੀ ਦਾ ਜੁਰਮ" ਕੀਤਾ ਹੈ। ਜਿਸ ਸਮੂਹ ਨੂੰ ਫ਼ੌਜੀ ਹਕੂਮਤ ਖ਼ਤਮ ਕਰਨ ਦਾ ਯਤਨ ਕਰ ਰਹੀ ਸੀ ਉਸ ਦੀ ਪ੍ਰੀਭਾਸ਼ਾ ਅਦਾਲਤ ਨੇ ਇਸ ਤਰ੍ਹਾਂ ਦਿੱਤੀ "ਉਹ ਨਾਗਰਿਕ ਜੋ ਜਾਬਰਾਂ ਵਲੋਂ ਦੇਸ਼ 'ਚ ਸਥਾਪਤ ਕੀਤੇ ਜਾ ਰਹੇ ਨਵੇਂ ਪ੍ਰਬੰਧ ਦੇ ਮਾਡਲ ਨੂੰ ਰਾਸ ਨਹੀਂ ਆਉਂਦੇ ਸਨ।"[15] ਅਗਲੇ ਸਾਲ, 1999 'ਚ ਸਪੇਨੀ ਜੱਜ ਬਾਲਤਾਸਰ ਗਾਰਜ਼ਨ, ਜੋ ਆਗਸਤੋ ਪਿਨੋਚੇ ਦੇ ਵਾਰੰਟ ਕੱਢਣ ਲਈ ਚਰਚਿਤ ਹੋਇਆ, ਨੇ ਵੀ ਦਲੀਲ ਦਿੱਤੀ ਸੀ ਕਿ ਅਰਜਨਟਾਈਨਾ ਨਸ਼ਲਕੁਸ਼ੀ ਦਾ ਸ਼ਿਕਾਰ ਹੋਇਆ ਸੀ। ਉਸ ਨੇ ਵੀ ਪ੍ਰੀਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਹੜੇ ਖ਼ਾਸ ਸਮੂਹ ਨੂੰ ਨਸਲਕੁਸ਼ੀ ਦਾ ਨਿਸ਼ਾਨਾ ਬਣਾਇਆ ਗਿਆ ਸੀ। ਉਸ ਨੇ ਲਿਖਿਆ, ਫ਼ੌਜੀ ਹਕੂਮਤ ਦਾ ਨਿਸ਼ਾਨਾ "ਉਸੇ ਤਰ੍ਹਾਂ ਦਾ ਨਵਾਂ ਪ੍ਰਬੰਧ ਕਾਇਮ ਕਰਨਾ ਸੀ ਜਿਸ ਤਰ੍ਹਾਂ ਦਾ ਹਿਟਲਰ ਜਰਮਨੀ ਵਿਚ ਲਿਆਉਣਾ ਚਾਹੁੰਦਾ ਸੀ, ਜਿਸ ਵਿਚ ਖ਼ਾਸ ਕਿਸਮ ਦੇ ਲੋਕਾਂ ਲਈ ਕੋਈ ਜਗ੍ਹਾ ਨਹੀਂ ਸੀ।" ਜਿਹੜੇ ਲੋਕ ਨਵੇਂ ਪ੍ਰਬੰਧ ਨੂੰ ਰਾਸ ਨਹੀਂ ਆਉਂਦੇ ਸਨ ਉਹ "ਉਨ੍ਹਾਂ ਖੇਤਰਾਂ 'ਚ ਮੌਜੂਦ ਸਨ ਜੋ ਨਵੀਂ ਅਰਜਨਟਾਈਨੀ ਕੌਮ ਦੀ ਖ਼ਾਸ ਆਦਰਸ਼ ਬਣਤਰ ਦੇ ਰਾਹ ਦਾ ਰੋੜਾ ਬਣਦੇ ਸਨ।"[16]

ਬੇਸ਼ੱਕ, ਜੋ ਕੁਝ ਨਾਜ਼ੀਆਂ ਦੇ ਰਾਜ ਤਹਿਤ ਜਾਂ 1994 'ਚ ਰਵਾਂਡਾ 'ਚ ਵਾਪਰਿਆ ਅਤੇ ਸੱਤਰਵਿਆਂ 'ਚ ਲਾਤੀਨੀ ਅਮਰੀਕਾ ਦੀਆਂ ਕਾਰਪੋਰੇਟਵਾਦੀ ਤਾਨਾਸ਼ਾਹੀਆਂ ਨੇ ਜੋ ਜੁਰਮ ਕੀਤੇ, ਇਨ੍ਹਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਜੇ ਨਸਲਕੁਸ਼ੀ ਦਾ ਅਰਥ ਸਰਬਨਾਸ਼ ਹੈ ਤਾਂ ਇਹ ਜੁਰਮ ਇਸ ਸ਼੍ਰੇਣੀ 'ਚ ਨਹੀਂ ਆਉਂਦੇ। ਪਰ ਜੇ ਨਸਲਕੁਸ਼ੀ ਨੂੰ ਇਨ੍ਹਾਂ ਅਦਾਲਤਾਂ ਦੀ ਪ੍ਰੀਭਾਸ਼ਾ ਅਨੁਸਾਰ, ਉਨ੍ਹਾਂ ਸਮੂਹਾਂ ਨੂੰ ਜਾਣ-ਬੁੱਝ ਕੇ ਖ਼ਤਮ ਕਰਨ ਦੀ ਕੋਸ਼ਿਸ਼ ਵਜੋਂ ਲਿਆ ਜਾਵੇ ਜੋ ਇਕ ਸਿਆਸੀ ਪ੍ਰਾਜੈਕਟ ਲਈ ਅੜਿੱਕਾ ਬਣਦੇ ਸਨ ਤਾਂ ਇਹ ਅਮਲ ਸਿਰਫ਼ ਅਰਜਨਟਾਈਨਾ ਵਿਚ ਹੀ ਨਹੀਂ ਮਿਲਦਾ ਸਗੋਂ ਵੱਖ-ਵੱਖ ਤੀਬਰਤਾ ਨਾਲ ਪੂਰੇ ਲਾਤੀਨੀ ਅਮਰੀਕਾ 'ਚ ਮਿਲ ਸਕਦਾ ਹੈ ਜਿਸ ਨੂੰ ਸ਼ਿਕਾਗੋ ਸਕੂਲ ਦੀ ਪ੍ਰਯੋਗਸ਼ਾਲਾ ਬਣਾਇਆ ਗਿਆ ਸੀ। ਇਨ੍ਹਾਂ ਦੇਸ਼ਾਂ ਵਿਚ, ਹਰ ਤਰ੍ਹਾਂ ਦੇ ਖੱਬੇਪੱਖੀ ਜਿਵੇਂ ਅਰਥਸ਼ਾਸਤਰੀ, ਬਹਿਰੇ, ਟਰੇਡ ਯੂਨੀਅਨਾਂ ਵਾਲੇ, ਸੰਗੀਤਕਾਰ, ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਾਲੇ ਕਾਰਕੁਨ, ਸਿਆਸਤਦਾਨ ਇਹ ਸਾਰੇ "ਆਦਰਸ਼ ਦੇ ਰਾਹ ਦਾ ਰੋੜਾ ਬਣਨ ਵਾਲੇ" ਲੋਕ ਸਨ। ਇਨ੍ਹਾਂ ਸਾਰੇ ਸਮੂਹਾਂ ਦੇ ਮੈਂਬਰ ਪੂਰੇ ਖੇਤਰ ਸਬੰਧੀ ਅਪਣਾਈ ਸਪਸ਼ਟ ਅਤੇ ਗਿਣੀ-ਮਿਥੀ ਯੁੱਧਨੀਤੀ ਦਾ ਸ਼ਿਕਾਰ ਬਣਾਏ ਗਏ ਸਨ। ਜਿਸ ਨੂੰ ਸਰਹੱਦਾਂ ਦੇ ਆਰ-ਪਾਰ ਓਪਰੇਸ਼ਨ ਕੌਂਦੋਰ ਰਾਹੀਂ ਤਾਲਮੇਲ ਰੱਖਕੇ ਲਾਗੂ ਕੀਤਾ ਗਿਆ ਸੀ। ਇਸ ਦਾ ਉਦੇਸ਼ ਖੱਬੀ ਧਿਰ ਦੀਆਂ ਜੜ੍ਹਾਂ ਵੱਢਣਾ ਅਤੇ ਇਸ ਦਾ ਸਫ਼ਾਇਆ ਕਰਨਾ ਸੀ।

• ਪੁਰਤਗਾਲ, ਪੇਰੂ ਅਤੇ ਕੋਸਤਾਰੀਕਾ ਸਮੇਤ ਕਈ ਦੇਸ਼ਾਂ ਦੇ ਫ਼ੌਜਦਾਰੀ ਕਾਨੂੰਨ ਨਸਲਕੁਸ਼ੀ ਦੀਆਂ ਕਾਰਵਾਈਆਂ ਦੀ ਜੋ ਪ੍ਰੀਭਾਸ਼ਾ ਦਿੰਦੇ ਹਨ, ਉਨ੍ਹਾਂ ਵਿਚ ਸਿਆਸੀ ਸਮੂਹ ਜਾਂ "ਸਮਾਜਿਕ ਸਮੂਹ" ਸਪਸ਼ਟ ਤੌਰ 'ਤੇ ਸ਼ਾਮਲ ਹਨ। ਫਰਾਂਸ ਦਾ ਕਾਨੂੰਨ ਹੋਰ ਵੀ ਵਿਸ਼ਾਲ ਹੈ, ਇਸ ਦੀ ਪ੍ਰੀਭਾਸ਼ਾ ਅਨੁਸਾਰ ਨਸਲਕੁਸ਼ੀ ਉਹ ਯੋਜਨਾ ਹੈ ਜਿਸ ਦਾ ਇਰਾਦਾ "ਮਨ-ਮਰਜ਼ੀ ਨਾਲ ਬਣਾਏ ਚੌਖਟੇ ਤਹਿਤ ਨਿਸ਼ਚਿਤ ਸਮੂਹ" ਨੂੰ ਸਮੁੱਚੇ ਰੂਪ 'ਚ ਜਾਂ ਇਸ ਦੇ ਇਕ ਹਿੱਸੇ ਨੂੰ ਖ਼ਤਮ ਕਰਨਾ ਹੁੰਦਾ ਹੈ।

ਕਮਿਊਨਿਜ਼ਮ ਦੇ ਢਹਿ-ਢੇਰੀ ਹੋਣ ਦੇ ਸਮੇਂ ਤੋਂ, ਖੁੱਲ੍ਹੀਆਂ ਮੰਡੀਆਂ ਅਤੇ ਖੁੱਲ੍ਹਾਂ ਮਾਣਦੇ ਲੋਕਾਂ ਨੂੰ ਇਕੋ ਇਕ ਵਿਚਾਰਧਾਰਾ 'ਚ ਸਿਰ-ਨਰੜ ਕਰ ਦਿੱਤਾ ਗਿਆ ਹੈ। ਇਸ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਮਨੁੱਖਤਾ ਦੀ ਸਭ ਤੋਂ ਵਧੀਆ ਵਿਚਾਰਧਾਰਾ ਹੈ ਅਤੇ ਕਿ ਇਹ ਹੀ ਥੋਕ ਕਬਰਾਂ ਨਾ ਬਣਨ, ਇਸ ਧਰਤੀ ਉੱਪਰ ਕਤਲੋਗ਼ਾਰਤ ਅਤੇ ਤਸੀਹਾ ਕੇਂਦਰਾਂ ਦਾ ਇਤਿਹਾਸ ਮੁੜ ਨਾ ਦੁਹਰਾਏ ਜਾਣ ਦੀ, ਜ਼ਾਮਨ ਹੈ। ਜਦਕਿ, ਬੇਲਗਾਮ ਖੁੱਲ੍ਹੀ ਮੰਡੀ ਦੇ ਅਜੋਕੇ ਮੱਤ ਨੂੰ ਸ਼ਿਕਾਗੋ ਯੂਨੀਵਰਸਿਟੀ ਦੇ ਭੋਰੇ ਦੀਆਂ ਵਰਕਸ਼ਾਪਾਂ 'ਚੋਂ ਕੱਢ ਕੇ ਜਿਸ ਪਹਿਲੀ ਥਾਂ ਦੱਖਣੀ ਤਿਕੋਨ ਦੇ ਦੇਸ਼ਾਂ ਵਿਚ ਹਕੀਕੀ ਦੁਨੀਆਂ 'ਤੇ ਲਾਗੂ ਕੀਤਾ ਗਿਆ, ਉੱਥੇ ਇਹ ਜਮਹੂਰੀਅਤ ਨਹੀਂ ਲਿਆ ਸਕਿਆ। ਸਗੋਂ ਇਹ ਇਕ ਤੋਂ ਬਾਅਦ ਇਕ ਦੇਸ਼ 'ਚ ਉੱਥੋਂ ਦੀ ਜਮਹੂਰੀਅਤ ਦਾ ਤਖ਼ਤਾ ਉਲਟਾ ਕੇ ਸਥਾਪਤ ਕੀਤਾ ਗਿਆ ਸੀ। ਅਤੇ ਇਹ ਸ਼ਾਂਤੀ ਦਾ ਦੂਤ ਨਹੀਂ ਬਣ ਸਕਿਆ ਸਗੋਂ ਦਹਿ-ਹਜ਼ਾਰਾਂ ਲੋਕਾਂ ਨੂੰ ਯੋਜਨਾਬਧ ਢੰਗ ਨਾਲ ਕਤਲ ਕਰਨਾ ਅਤੇ ਇਕ ਲੱਖ ਤੋਂ ਲੈ ਕੇ ਡੇਢ ਲੱਖ ਲੋਕਾਂ ਨੂੰ ਤਸੀਹੇ ਦੇਣਾ ਇਸ ਦੀ ਲੋੜ ਸੀ।

ਜਿਵੇਂ ਲੇਤੇਲੀਅਰ ਨੇ ਲਿਖਿਆ, ਸਮਾਜ ਦੇ ਖ਼ਾਸ ਹਿੱਸਿਆਂ 'ਚ ਸਫ਼ਾਏ ਦੀ ਮੁਹਿੰਮ ਅਤੇ ਇਸ ਪ੍ਰਾਜੈਕਟ ਦਾ ਧੁਰਾ ਵਿਚਾਰਧਾਰਾ ਦਰਮਿਆਨ ਪੂਰੀ "ਸਦ-ਭਾਵਨਾ" ਸੀ। ਸ਼ਿਕਾਗੋ ਵਾਲੇ ਮੁੰਡੇ ਅਤੇ ਉਨ੍ਹਾਂ ਦੇ ਪ੍ਰੋਫੈਸਰ ਸਲਾਹਕਾਰ ਬਣੇ ਅਤੇ ਦੱਖਣੀ ਤਿਕੋਨ ਖੇਤਰ ਦੇ ਫ਼ੌਜੀ ਰਾਜਾਂ 'ਚ ਚੋਟੀ ਦੇ ਅਹੁਦਿਆਂ 'ਤੇ ਬਿਰਾਜਮਾਨ ਹੋਏ, ਉਨ੍ਹਾਂ ਦਾ ਜਿਸ ਤਰ੍ਹਾਂ ਦੀ ਸਰਮਾਏਦਾਰੀ ਵਿਚ ਵਿਸ਼ਵਾਸ ਸੀ ਉਸ ਦੀ ਫ਼ਿਤਰਤ ਸ਼ੁੱਧਤਾਵਾਦੀ ਹੈ। ਉਨ੍ਹਾਂ ਦੀ ਸੋਚ ਦਾ ਪ੍ਰਬੰਧ ਪੂਰੀ ਤਰ੍ਹਾਂ, "ਤਵਾਜ਼ਨ" ਅਤੇ "ਵਿਵਸਥਾ" ਦਾ ਧਾਰਨੀ ਹੈ। ਇਸ ਦਾ ਇਹ ਵੀ ਵਿਸ਼ਵਾਸ ਹੈ ਕਿ ਸਫ਼ਲ ਹੋਣ ਲਈ ਇਸ ਨੂੰ ਦਖ਼ਲਅੰਦਾਜ਼ੀਆਂ ਅਤੇ "ਵਿਗਾੜਾਂ" ਤੋਂ ਮੁਕਤ ਰੱਖਣਾ ਜ਼ਰੂਰੀ ਹੈ। ਇਨ੍ਹਾਂ ਖ਼ਾਸ ਖ਼ੂਬੀਆਂ ਕਾਰਨ, ਜਿਹੜਾ ਨਿਜ਼ਾਮ ਇਸ ਆਦਰਸ਼ ਨੂੰ ਨੇਪਰੇ ਚਾੜ੍ਹਨ ਨੂੰ ਸਮਰਪਿਤ ਹੈ ਉਹ ਮੁਕਾਬਲੇਬਾਜ਼ੀ ਜਾਂ ਮਿਸ਼ਰਤ ਸੰਸਾਰ ਦ੍ਰਿਸ਼ਟੀਕੋਣਾਂ ਦੀ ਹੋਂਦ ਨੂੰ ਪ੍ਰਵਾਨ ਨਹੀਂ ਕਰ ਸਕਦਾ। ਆਦਰਸ਼ ਦੀ ਪੂਰਤੀ ਲਈ, ਇਸ ਨੂੰ ਵਿਚਾਰਧਾਰਾ ਉੱਪਰ ਅਜਾਰੇਦਾਰੀ ਦੀ ਲੋੜ ਹੈ। ਇਸ ਦੇ ਕੇਂਦਰੀ ਸਿਧਾਂਤ ਅਨੁਸਾਰ ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਰਥਕ ਸੂਚਕਾਂ 'ਚ ਵਿਗਾੜ ਪੈਦਾ ਹੋ ਜਾਂਦੇ ਹਨ ਅਤੇ ਪੂਰੇ ਪ੍ਰਬੰਧ ਦਾ ਤਵਾਜ਼ਨ ਵਿਗੜ ਜਾਂਦਾ ਹੈ।

ਸ਼ਿਕਾਗੋ ਵਾਲੇ ਮੁੰਡਿਆਂ ਲਈ ਇਹ ਨਿਰੰਕੁਸ਼ ਤਜਰਬਾ ਕਰਨ ਵਾਸਤੇ ਦੁਨੀਆਂ ਦਾ ਕੋਈ ਹੋਰ ਹਿੱਸਾ ਚੁਣਨਾ ਬਿਲਕੁਲ ਮੁਆਫ਼ਕ ਨਹੀਂ ਸੀ ਜਿੱਥੋਂ ਦੇ ਹਾਕਮ ਉਨ੍ਹਾਂ ਦਾ 1970ਵਿਆਂ ਦੇ ਇਨ੍ਹਾਂ ਲਾਤੀਨੀ ਅਮਰੀਕੀ ਦੇਸ਼ਾਂ ਨਾਲੋਂ ਘੱਟ ਹੁੰਗਾਰਾ ਭਰਨ। ਇੱਥੇ ਵਿਕਾਸਵਾਦ ਦੀ ਵਿਸ਼ੇਸ਼ ਚੜ੍ਹਤ ਦਾ ਅਰਥ ਇਹ ਸੀ ਕਿ ਇਹ ਖੇਤਰ ਉਨ੍ਹਾਂ ਹੀ ਨੀਤੀਆਂ ਦੇ ਜ਼ੋਰਦਾਰ ਪ੍ਰਚਾਰ ਦਾ ਕੇਂਦਰ ਸੀ ਜਿਨ੍ਹਾਂ ਨੂੰ ਸ਼ਿਕਾਗੋ ਸਕੂਲ ਵਿਗਾੜ ਜਾਂ "ਗ਼ੈਰਆਰਥਕ ਖ਼ਿਆਲ" ਸਮਝਦਾ ਸੀ। ਵੱਧ ਅਹਿਮ ਸੀ ਇੱਥੇ ਜਨਤਕ ਅਤੇ ਬੁੱਧੀਜੀਵੀ ਲਹਿਰਾਂ ਦੀ ਭਰਮਾਰ ਜੋ ਖੁੱਲ੍ਹੀ ਮੰਡੀ ਵਾਲੀ ਸਰਮਾਏਦਾਰੀ ਦੇ ਸਿੱਧਾ ਵਿਰੋਧ 'ਚ ਉੱਭਰੀਆਂ ਸਨ। ਇਹ ਵਿਚਾਰ ਸੀਮਤ ਹਿੱਸੇ ਦੇ ਨਹੀਂ ਸਗੋਂ ਬਹੁਗਿਣਤੀ ਨਾਗਰਿਕਾਂ ਦੇ ਸਨ, ਜਿਵੇਂ ਇਕ ਦੇਸ਼ ਤੋਂ ਬਾਅਦ ਦੂਜੇ ਦੇਸ਼ ਦੀਆਂ ਚੋਣਾਂ 'ਚ ਸਾਹਮਣੇ ਆਇਆ ਸੀ। ਸ਼ਿਕਾਗੋ ਸਕੂਲ ਦੇ ਸਿਧਾਂਤ ਅਨੁਸਾਰ ਅਜਿਹੀ ਰੱਦੋਬਦਲ ਦਾ ਦੱਖਣੀ ਤਿਕੋਨ ਦੇ ਦੇਸ਼ਾਂ 'ਚ ਉਵੇਂ ਹੀ ਨਿੱਘਾ ਸਵਾਗਤ ਹੋਣ ਦੀ ਸੰਭਾਵਨਾ ਸੀ ਜਿਵੇਂ ਕੈਲੀਫੋਰਨੀਆ ਦੇ ਬੈਵਰਲੀ ਹਿੱਲ ਖੇਤਰ 'ਚ ਪ੍ਰੋਲੇਤਾਰੀ ਇਨਕਲਾਬ ਦਾ ਹੋਇਆ ਸੀ।

ਅਰਜਨਟਾਈਨਾ ਉੱਪਰ ਦਹਿਸ਼ਤ ਦੀ ਮੁਹਿੰਮ ਦੀ ਚੜ੍ਹਾਈ ਤੋਂ ਪਹਿਲਾਂ ਰੋਡੋਲਫੋ ਵਾਲਸ਼ ਨੇ ਲਿਖਿਆ ਸੀ, "ਸਾਨੂੰ ਕੁਝ ਨਹੀਂ ਰੋਕ ਸਕਦਾ, ਨਾ ਜੇਲ੍ਹਾਂ ਨਾ ਮੌਤ। ਕਿਉਂਕਿ ਤੁਸੀਂ ਸਾਰੇ ਲੋਕਾਂ ਨੂੰ ਨਾ ਜੇਲ੍ਹਾਂ 'ਚ ਡੱਕ ਸਕਦੇ ਹੋ ਨਾ ਕਤਲ ਕਰ ਸਕਦੇ ਹੋ ਕਿਉਂਕਿ ਅਰਜਨਟਾਈਨੀ ਲੋਕਾਂ ਦੀ ਵਿਸ਼ਾਲ ਬਹੁ-ਗਿਣਤੀ ਜਾਣਦੀ ਹੈ ਕਿ ਸਿਰਫ਼ ਲੋਕ ਹੀ ਲੋਕਾਂ ਨੂੰ ਬਚਾ ਸਕਦੇ ਹਨ।"[17] ਜਦੋਂ ਸਲਵਾਡੋਰ ਅਲੈਂਡੇ ਨੇ ਦੇਖਿਆ ਕਿ ਟੈਂਕਾਂ ਨੇ ਰਾਸ਼ਟਰਪਤੀ ਭਵਨ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਉਸ ਨੇ ਆਖ਼ਰੀ ਰੇਡੀਓ ਸੰਦੇਸ਼ ਦਿੱਤਾ, ਜੋ ਇਸੇ ਆਕੀ ਰੰਗ 'ਚ ਰੰਗਿਆ ਹੋਇਆ ਸੀ : "ਮੈਨੂੰ ਯਕੀਨ ਹੈ ਕਿ ਜੋ ਬੀਜ ਅਸੀਂ ਚਿੱਲੀ ਦੇ ਕਰੋੜਾਂ ਲੋਕਾਂ ਦੀ ਜ਼ਰਖੇਜ਼ ਚੇਤਨਾ 'ਚ ਬੀਜੇ ਹਨ ਉਨ੍ਹਾਂ ਦੀ ਜੜ੍ਹ ਖ਼ਤਮ ਨਹੀਂ ਕੀਤੀ ਜਾ ਸਕਦੀ।" ਉਸ ਦੇ ਆਖ਼ਰੀ ਲਫ਼ਜ਼ ਸਨ "ਉਨ੍ਹਾਂ ਕੋਲ ਤਾਕਤ ਹੈ; ਉਹ ਸਾਨੂੰ ਕੁਚਲ ਸਕਦੇ ਹਨ, ਪਰ ਉਹ ਜੁਰਮ ਜਾਂ ਤਾਕਤ ਰਾਹੀਂ ਸਮਾਜਿਕ ਅਮਲਾਂ ਨੂੰ ਨਹੀਂ ਰੋਕ ਸਕਦੇ। ਇਤਿਹਾਸ ਸਾਡਾ ਹੈ, ਅਤੇ ਇਸ ਨੂੰ ਲੋਕ ਸਿਰਜਦੇ ਹਨ।"[18]

ਇਸ ਖੇਤਰ ਦੇ ਫ਼ੌਜੀ ਗੁੱਟ ਦੇ ਕਮਾਂਡਰ ਅਤੇ ਇਨ੍ਹਾਂ ਦੇ ਆਰਥਕ ਜੋਟੀਦਾਰ ਇਨ੍ਹਾਂ ਸਚਾਈਆਂ ਤੋਂ ਭਲੀਭਾਂਤ ਵਾਕਫ਼ ਸਨ। ਅਰਜਨਟਾਈਨਾ ਦੇ ਕਈ ਫ਼ੌਜੀ ਰਾਜ ਪਲਟਿਆਂ ਦੇ ਇਕ ਤਜਰਬੇਕਾਰ ਖਿਡਾਰੀ ਨੇ ਫ਼ੌਜ ਅੰਦਰਲੀ ਸੋਚ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ : "1955 'ਚ ਸਾਡਾ ਵਿਸ਼ਵਾਸ ਸੀ ਕਿ ਸਮੱਸਿਆ (ਜੁਆਨ) ਪੈਰੋਨ ਹੈ, ਇਸ ਲਈ ਅਸੀਂ ਉਸ ਨੂੰ ਦਬੱਲ ਦਿੱਤਾ, ਪਰ 1976 'ਚ ਸਾਨੂੰ ਪਹਿਲਾਂ ਹੀ ਪਤਾ ਸੀ ਕਿ ਸਮੱਸਿਆ ਮਜ਼ਦੂਰ ਜਮਾਤ ਹੈ।"[19] ਪੂਰੇ ਖੇਤਰ 'ਚ ਇੰਞ ਹੀ ਸੀ : ਸਮੱਸਿਆ ਵੱਡੀ ਅਤੇ ਡੂੰਘੀ ਸੀ। ਇਸ ਸਮਝ ਦਾ ਅਰਥ ਸੀ ਕਿ ਜੇ ਨਵ-ਉਦਾਰਵਾਦੀ ਇਨਕਲਾਬ ਨੂੰ ਕਾਮਯਾਬ ਕਰਨਾ ਹੈ ਤਾਂ ਫ਼ੌਜੀ ਹਕੂਮਤ ਲਈ ਉਹ ਕੁਝ ਕਰਨਾ ਜ਼ਰੂਰੀ ਸੀ ਜਿਸ ਬਾਰੇ ਅਲੈਂਡੇ ਨੇ ਦਾਅਵਾ ਕੀਤਾ ਸੀ ਕਿ ਇਹ ਸੰਭਵ ਨਹੀਂ ਹੋਵੇਗਾ—ਲਾਤੀਨੀ ਅਮਰੀਕਾ ਦੇ ਖੱਬੇਪੱਖੀ ਉਭਾਰ ਸਮੇਂ ਜਿਹੜੇ ਬੀਜ ਬੀਜੇ ਗਏ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਜੜ੍ਹੋਂ ਪੁੱਟਣਾ ਪੈਣਾ ਸੀ। ਰਾਜ ਪਲਟੇ ਤੋਂ ਬਾਅਦ ਜਾਰੀ ਕੀਤੇ ਅਸੂਲਾਂ ਦੇ ਐਲਾਨਨਾਮੇ 'ਚ ਪਿਨੋਚੇ ਤਾਨਾਸ਼ਾਹੀ ਨੇ ਆਪਣਾ ਮਿਸ਼ਨ ਇਸ ਤਰ੍ਹਾਂ ਬਿਆਨ ਕੀਤਾ ਸੀ "ਚਿੱਲੀ ਦੀ ਮਾਨਸਿਕਤਾ ਨੂੰ ਬਦਲਣ ਲਈ ਲੰਮੀ ਅਤੇ ਭਰਵੀਂ ਕਾਰਵਾਈ।" ਇਹ ਚਿੱਲੀ ਪ੍ਰਾਜੈਕਟ ਦੇ ਪਿਤਾਮਾ, ਯੂ ਐੱਸ ਏਡ ਦੇ ਐਲਬੀਅਨ ਪੈਤਰਸਨ ਦੇ ਵੀਹ ਸਾਲ ਪਹਿਲਾਂ ਦੇ ਬਿਆਨ ਦਾ ਪਰਤੋਂ ਸੀ ਜੋ ਇਸ ਤਰ੍ਹਾਂ ਸੀ : "ਸਾਨੂੰ ਮਨੁੱਖਾਂ ਦੀ ਬਣਤਰ ਨੂੰ ਬਦਲਣ ਦੀ ਲੋੜ ਹੈ।"[20]

ਪਰ ਇਹ ਕੀਤਾ ਕਿਵੇਂ ਜਾਵੇ ? ਜਿਸ ਚੀਜ਼ ਦਾ ਜ਼ਿਕਰ ਅਲੈਂਡੇ ਨੇ ਕੀਤਾ ਸੀ ਉਹ ਕੋਈ ਇਕਹਿਰਾ ਵਿਚਾਰ ਜਾਂ ਸਿਆਸੀ ਪਾਰਟੀਆਂ ਅਤੇ ਟਰੇਡ ਯੂਨੀਅਨਾਂ ਦਾ ਇਕ ਸਮੂਹ ਨਹੀਂ ਸੀ। ਸੱਠਵਿਆਂ 'ਚ ਅਤੇ ਸੱਤਰਵਿਆਂ ਦੇ ਸ਼ੁਰੂ 'ਚ ਲਾਤੀਨੀ ਅਮਰੀਕਾ ਅੰਦਰ ਖੱਬੀ ਸੋਚ ਦਾ ਜਨਤਕ ਸੱਭਿਆਚਾਰ ਭਾਰੂ ਸੀ—ਪਾਬਲੋ ਨੈਰੂਦਾ ਦੀ ਕਵਿਤਾ, ਵਿਕਟਰ ਜਾਰਾ ਅਤੇ ਮਰਸਡੀਜ਼ ਸੋਸਾ ਦਾ ਲੋਕ ਸੰਗੀਤ, ਤੀਜੀ ਦੁਨੀਆਂ ਦੇ ਪਾਦਰੀਆਂ ਦਾ ਮੁਕਤੀ ਧਰਮ-ਸ਼ਾਸਤਰ, ਆਗਸਤੋ ਬੋਲ ਦਾ ਮੁਕਤੀ ਦਾ ਥੀਏਟਰ, ਪਾਓਲੋ ਫਰੈਰੇ ਦਾ ਇਨਕਲਾਬੀ ਸਿੱਖਿਆ-ਸ਼ਾਸਤਰ, ਐਡੂਆਰਡੋ ਗੈਲਿਆਨੋ ਅਤੇ ਵਾਲਸ਼ ਦੀ ਇਨਕਲਾਬੀ ਪੱਤਰਕਾਰੀ। ਇਹ ਜੋਸ ਗਰਵੈਸੀਓ ਅਰਤਿਗਾਸ ਤੋਂ ਲੈ ਕੇ ਸਿਮੋਨ ਬੋਲੀਵਰ ਅਤੇ ਚੇ ਗਵੇਰਾ ਤੱਕ ਬੀਤੇ ਦੇ ਅਤੇ ਮੌਜੂਦਾ ਇਤਿਹਾਸ ਦੇ ਲੋਕ ਨਾਇਕਾਂ ਅਤੇ ਸ਼ਹੀਦਾਂ ਦੀ ਵਿਰਾਸਤ ਸੀ। ਜਦੋਂ ਫ਼ੌਜੀ ਹਕੂਮਤਾਂ ਨੇ ਅਲੈਂਡੇ ਦੀ ਪੇਸ਼ੀਨਗੋਈ ਨੂੰ ਵੰਗਾਰਨ ਅਤੇ ਸਮਾਜਵਾਦ ਨੂੰ ਜੜ੍ਹੋਂ ਪੁੱਟਣ ਦਾ ਰਾਹ ਅਖ਼ਤਿਆਰ ਕੀਤਾ, ਇਹ ਇਸ ਸਮੁੱਚੇ ਸੱਭਿਆਚਾਰ ਵਿਰੁੱਧ ਜੰਗ ਦਾ ਐਲਾਨ ਸੀ।

ਇਹ ਜ਼ਰੂਰਤ ਬਰਾਜ਼ੀਲ, ਚਿੱਲੀ, ਉਰੂਗੁਏ ਅਤੇ ਅਰਜਨਟਾਈਨਾ ਦੇ ਫ਼ੌਜੀ ਰਾਜਾਂ ਵਲੋਂ ਵਰਤੇ ਗਏ ਪ੍ਰਮੁੱਖ ਅਲੰਕਾਰਾਂ 'ਚ ਦਿਖਾਈ ਦਿੰਦੀ ਸੀ : ਇਹ ਅਲੰਕਾਰ ਫਾਸ਼ੀਵਾਦੀ ਢੰਗਾਂ ਨਾਲ ਸਫ਼ਾਈ ਕਰਨ, ਰਗੜਾ ਚਾੜ੍ਹਨ, ਜੜ੍ਹੋਂ ਉਖਾੜਨ ਅਤੇ ਇਲਾਜ ਕਰਨ ਦੇ ਹਾਮੀ ਸਨ। ਬਰਾਜ਼ੀਲ 'ਚ ਫ਼ੌਜੀ ਹਕੂਮਤ ਵਲੋਂ ਖੱਬੇਪੱਖੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਗੁਪਤ ਨਾਂ ਓਪਰੇਸ਼ਨ ਕਲੀਨ-ਅਪ ਰੱਖਿਆ ਗਿਆ ਸੀ। ਰਾਜ ਪਲਟੇ ਦੇ ਦਿਨ, ਪਿਨੋਚੇ ਨੇ ਅਲੈਂਡੇ ਅਤੇ ਉਸ ਦੇ ਮੰਤਰੀ ਮੰਡਲ ਬਾਰੇ ਕਿਹਾ ਸੀ "ਅਹੁ ਗੰਦ ਜਿਸ ਨੇ ਦੇਸ਼ ਨੂੰ ਤਬਾਹ ਕਰ ਦੇਣਾ ਸੀ।"[21] ਇਕ ਮਹੀਨੇ ਬਾਅਦ ਉਸ ਨੇ "ਚਿੱਲੀ ਵਿਚੋਂ ਬੁਰਾਈ ਦੀ ਜੜ੍ਹ ਪੁੱਟਣ," ਕੌਮ ਦੀ "ਨੈਤਿਕ ਸਫ਼ਾਈ ਕਰਨ," "ਇਸ ਨੂੰ ਬਦੀ ਤੋਂ ਮੁਕਤ ਕਰਨ" ਦਾ ਹਲਫ਼ ਲਿਆ ਸੀ—ਇਹ ਨਾਜ਼ੀ ਸਲਤਨਤ ਦੇ ਰਚੇਤਾ ਅਲਫਰੈੱਡ ਰੋਜ਼ਨਬਰਗ ਦੇ "ਫ਼ੌਲਾਦੀ ਝਾੜੂ ਨਾਲ ਬੇਕਿਰਕ ਸਫ਼ਾਈ ਕਰਨ" ਦੇ ਸੱਦੇ ਦਾ ਪਰਤੌ ਸੀ।[22]

ਸਫ਼ਾਈ ਦਾ ਸੱਭਿਆਚਾਰ

ਚਿੱਲੀ, ਅਰਜਨਟਾਈਨਾ ਅਤੇ ਉਰੂਗੁਏ ਵਿਚ ਫ਼ੌਜੀ ਹਕੂਮਤਾਂ ਨੇ ਵਿਆਪਕ ਵਿਚਾਰਧਾਰਕ ਸਫ਼ਾਈ ਮੁਹਿੰਮਾਂ ਚਲਾਈਆਂ। ਫਰਾਇਡ, ਮਾਰਕਸ ਅਤੇ ਨੈਰੂਦਾ ਦੀਆਂ ਕਿਤਾਬਾਂ ਸਾੜ ਦਿੱਤੀਆਂ, ਸੈਂਕੜੇ ਅਖ਼ਬਾਰ ਅਤੇ ਰਸਾਲੇ ਬੰਦ ਕਰ ਦਿੱਤੇ, ਯੂਨੀਵਰਸਿਟੀਆਂ ਕਬਜ਼ੇ 'ਚ ਲੈ ਲਈਆਂ, ਹੜਤਾਲਾਂ ਅਤੇ ਸਿਆਸੀ ਮੀਟਿੰਗਾਂ ਉੱਪਰ ਪਾਬੰਦੀ ਲਾ ਦਿੱਤੀ।

ਕੁਝ ਸਭ ਤੋਂ ਵੱਧ ਘਿਣਾਉਣੇ ਹਮਲੇ "ਸਮਾਜਵਾਦੀ" ਅਰਥਸ਼ਾਸਤਰੀਆਂ ਲਈ ਰਾਖਵੇਂ ਸਨ ਜਿਨ੍ਹਾਂ ਨੂੰ ਸ਼ਿਕਾਗੋ ਵਾਲੇ ਮੁੰਡੇ ਰਾਜ ਪਲਟਿਆਂ ਤੋਂ ਪਹਿਲਾਂ ਹਰਾ ਨਹੀਂ ਸਕੇ ਸਨ। ਸ਼ਿਕਾਗੋ ਵਾਲੇ ਮੁੰਡਿਆਂ ਦੇ ਸਦਰ ਮੁਕਾਮ ਕੈਥੋਲਿਕ ਯੂਨੀਵਰਸਿਟੀ ਦੀ ਸ਼ਰੀਕ ਚਿੱਲੀ ਯੂਨੀਵਰਸਿਟੀ 'ਚ ਸੈਂਕੜੇ ਪ੍ਰੋਫੈਸਰਾਂ ਨੂੰ "ਇਖ਼ਲਾਕੀ ਫਰਜ਼ਾਂ ਦੀ ਪਾਲਣਾ ਨਾ ਕਰਨ" ਦਾ ਦੋਸ਼ ਲਾ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ (ਇਨ੍ਹਾਂ ਵਿਚ ਵੱਖਰੇ ਖ਼ਿਆਲਾਂ ਦਾ ਧਾਰਨੀ ਸ਼ਿਕਾਗੋ ਵਾਲਾ ਮੁੰਡਾ ਐਂਦਰੀ ਗੁੰਡਰ ਫਰੈਂਕ ਵੀ ਸ਼ਾਮਲ ਸੀ ਜਿਸ ਨੇ ਆਪਣੇ ਸਾਬਕਾ ਪ੍ਰੋਫੈਸਰਾਂ ਨੂੰ ਰੋਹ ਭਰੀਆਂ ਚਿੱਠੀਆਂ ਲਿਖੀਆਂ ਸਨ)।[23] ਗੁੰਡਰ ਫਰੈਂਕ ਨੇ ਦੱਸਿਆ ਕਿ ਰਾਜ ਪਲਟੇ ਸਮੇਂ "ਛੇ ਵਿਦਿਆਰਥੀਆਂ ਨੂੰ ਅਰਥਸ਼ਾਸਤਰ ਸਕੂਲ ਦੇ ਮੁੱਖ ਦਰਵਾਜ਼ੇ 'ਚ ਥਾਂ 'ਤੇ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਤਾਂ ਜੋ ਬਾਕੀਆਂ ਨੂੰ ਪ੍ਰਤੱਖ ਸਬਕ ਸਿਖਾਇਆ ਜਾ ਸਕੇ।"[24] ਜਦੋਂ ਫ਼ੌਜੀ ਗੁੱਟ ਨੇ ਅਰਜਨਟਾਈਨਾ 'ਚ ਸੱਤਾ ਉੱਤੇ ਕਬਜ਼ਾ ਕਰ ਲਿਆ ਤਾਂ ਫ਼ੌਜੀਆਂ ਨੇ ਬਾਹੀਆ ਬਲੈਂਸਾ ਦੀ ਦੱਖਣ ਯੂਨੀਵਰਸਿਟੀ 'ਚ ਮਾਰਚ ਕੀਤਾ ਅਤੇ ਸਤਾਰਾਂ ਅਧਿਆਪਕਾਂ ਨੂੰ "ਭੰਨਤੋੜ ਲਈ ਭੜਕਾਉਣ" ਦੇ ਦੋਸ਼ਾਂ ਤਹਿਤ ਜੇਲ੍ਹਾਂ ਵਿਚ ਡੱਕ ਦਿੱਤਾ; ਇਕ ਵਾਰ ਫੇਰ, ਜ਼ਿਆਦਾਤਰ ਗਿਣਤੀ ਅਰਥਸ਼ਾਸਤਰ ਵਿਭਾਗ ਨਾਲ ਸਬੰਧਤ ਸੀ।[25] ਇਕ ਜਰਨੈਲ ਨੇ ਪ੍ਰੈੱਸ ਕਾਨਫਰੰਸ 'ਚ ਐਲਾਨ ਕੀਤਾ : "ਉਨ੍ਹਾਂ ਸਰੋਤਾਂ ਨੂੰ ਤਬਾਹ ਕਰਨਾ ਜ਼ਰੂਰੀ ਹੈ ਜੋ ਭੰਨਤੋੜ ਕਰਨ ਵਾਲੇ ਦੋਸ਼ੀਆਂ ਨੂੰ ਪਾਲਦੇ-ਪੋਸਦੇ, ਇਨ੍ਹਾਂ ਨੂੰ ਸਿਖਲਾਈ ਦਿੰਦੇ ਅਤੇ ਸਿਧਾਂਤਾਂ ਦੀ ਪੁੱਠ ਚਾੜ੍ਹਦੇ ਹਨ।"[26] ਓਪਰੇਸ਼ਨ ਕਲੈਰਿਟੀ ਦੇ ਹਿੱਸੇ ਵਜੋਂ "ਵਿਚਾਰਧਾਰਕ ਤੌਰ 'ਤੇ ਸ਼ੱਕੀ" ਅੱਠ ਹਜ਼ਾਰ ਖੱਬੇਪੱਖੀ ਸਿੱਖਿਆ ਸ਼ਾਸਤਰੀ ਕੱਢ ਦਿੱਤੇ ਗਏ।[27] ਹਾਈ ਸਕੂਲਾਂ 'ਚ, ਸਮੂਹਿਕ ਪੇਸ਼ਕਾਰੀਆਂ 'ਤੇ ਪਾਬੰਦੀ ਲਾ ਦਿੱਤੀ ਗਈ—ਇਨ੍ਹਾਂ ਨੂੰ ਹਾਕਮ ਗੁਪਤ ਸਮੂਹਿਕ ਭਾਵਨਾ ਦਾ ਚਿੰਨ ਸਮਝਦੇ ਸਨ, ਜੋ "ਵਿਅਕਤੀਗਤ ਆਜ਼ਾਦੀ" ਲਈ ਖ਼ਤਰਨਾਕ ਸੀ।[28]

ਸਾਂਤਿਆਗੋ 'ਚ ਹਰਮਨਪਿਆਰਾ ਖੱਬੇਪੱਖੀ ਲੋਕ ਗਾਇਕ ਵਿਕਟਰ ਜਾਰਾ ਉਨ੍ਹਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਚਿੱਲੀ ਸਟੇਡੀਅਮ 'ਚ ਲਿਜਾਇਆ ਗਿਆ। ਉਸ ਨਾਲ ਕੀਤਾ ਵਰਤਾਅ

ਸੱਭਿਆਚਾਰ ਨੂੰ ਖ਼ਾਮੋਸ਼ ਕਰਨ ਦੇ ਘੋਰ ਇਰਾਦੇ ਦਾ ਸਾਕਾਰ ਰੂਪ ਸੀ। ਚਿੱਲੀ ਦੇ ਤੱਥ ਖੋਜ ਅਤੇ ਮੌਤਾਂ ਦੀ ਗਿਣਤੀ ਬਾਰੇ ਕਮਿਸ਼ਨ ਅਨੁਸਾਰ, ਪਹਿਲਾਂ ਫ਼ੌਜੀਆਂ ਨੇ ਉਸ ਦੇ ਹੱਥ ਤੋੜੇ ਤਾਂ ਜੋ ਉਹ ਗਿਟਾਰ ਨਾ ਵਜਾ ਸਕੇ, ਫੇਰ ਉਸ ਨੂੰ ਚਾਲੀ ਗੋਲੀਆਂ ਮਾਰੀਆਂ ਗਈਆਂ।[29] ਇਹ ਯਕੀਨੀ ਬਣਾਉਣ ਲਈ ਕਿ ਉਹ ਕਬਰ ਤੋਂ ਬਾਹਰ ਪ੍ਰੇਰਨਾ ਸਰੋਤ ਨਾ ਬਣ ਸਕੇ, ਸਰਕਾਰ ਨੇ ਉਸ ਦੀਆਂ ਮਾਸਟਰ ਰਿਕਾਰਡਿੰਗ ਤਬਾਹ ਕਰਨ ਦਾ ਹੁਕਮ ਚਾੜ੍ਹ ਦਿੱਤਾ। ਉਸ ਦੇ ਸਾਥੀ ਸੰਗੀਤਕਾਰ ਮਰਸਡੀਜ਼ ਸੋਸਾ ਨੂੰ ਅਰਜਨਟਾਈਨਾ ਤੋਂ ਜਲਾਵਤਨ ਹੋਣ ਲਈ ਮਜਬੂਰ ਕਰ ਦਿੱਤਾ ਗਿਆ। ਇਨਕਲਾਬੀ ਨਾਟਕਕਾਰ ਆਗਸਤੋ ਬੋਲ ਨੂੰ ਤਸੀਹੇ ਦਿੱਤੇ ਗਏ ਅਤੇ ਬਰਾਜ਼ੀਲ ਤੋਂ ਜਲਾਵਤਨ ਕਰ ਦਿੱਤਾ ਗਿਆ। ਐਡੁਆਰਡੋ ਗੈਲਿਆਨੋ ਨੂੰ ਉਰੂਗੁਏ ਤੋਂ ਕੱਢ ਦਿੱਤਾ ਗਿਆ ਅਤੇ ਵਾਲਸ਼ ਨੂੰ ਬਿਓਨਸ ਏਅਰੀਸ ਦੀਆਂ ਸੜਕਾਂ 'ਤੇ ਕਤਲ ਕਰ ਦਿੱਤਾ ਗਿਆ। ਇਕ ਸੱਭਿਆਚਾਰ ਦਾ ਗਿਣ-ਮਿੱਥ ਕੇ ਨਾਂ-ਨਿਸ਼ਾਨ ਮਿਟਾਇਆ ਗਿਆ।

ਇਸੇ ਦੌਰਾਨ, ਇਕ ਐਸਾ ਸੱਭਿਆਚਾਰ ਇਸ ਦੀ ਥਾਂ ਲੈ ਰਿਹਾ ਸੀ ਜਿਸ ਨੂੰ ਸਾਫ਼ ਤੇ ਸ਼ੁੱਧ ਮੰਨਿਆ ਜਾਂਦਾ ਸੀ। ਚਿੱਲੀ, ਅਰਜਨਟਾਈਨਾ ਅਤੇ ਉਰੂਗੁਏ ਦੀਆਂ ਤਾਨਾਸ਼ਾਹੀਆਂ ਦੀ ਸ਼ੁਰੂਆਤ ਸਮੇਂ ਜਿਨ੍ਹਾਂ ਜਨਤਕ ਇਕੱਠਾਂ ਦੀ ਇਜ਼ਾਜਤ ਦਿੱਤੀ ਜਾਂਦੀ ਸੀ ਉਹ ਸਨ ਸਿਰਫ਼ ਫ਼ੌਜੀ ਤਾਕਤ ਦੇ ਦਿਖਾਵੇ ਅਤੇ ਫੁੱਟਬਾਲ ਦੇ ਮੈਚ। ਚਿੱਲੀ 'ਚ, ਜੇ ਤੁਸੀਂ ਔਰਤ ਹੋ ਤਾਂ ਸਲੈਕਸ ਪਹਿਨਣਾ, ਜੇ ਤੁਸੀਂ ਮਰਦ ਹੋ ਤਾਂ ਲੰਮੇ ਵਾਲ ਰੱਖਣਾ ਹੀ ਤੁਹਾਡੀ ਗ੍ਰਿਫ਼ਤਾਰੀ ਲਈ ਕਾਫ਼ੀ ਸੀ। ਫ਼ੌਜੀ ਹਕੂਮਤ ਦੇ ਕੰਟਰੋਲ ਵਾਲੇ ਅਰਜਨਟਾਈਨੀ ਅਖ਼ਬਾਰ ਦੀ ਇਕ ਸੰਪਾਦਕੀ 'ਚ ਐਲਾਨ ਕੀਤਾ ਗਿਆ, "ਪੂਰੇ ਗਣਰਾਜ 'ਚ ਭਰਵੀਂ ਸਫ਼ਾਈ ਕੀਤੀ ਜਾ ਰਹੀ ਹੈ।" ਇਸ ਨੇ ਕੰਧਾਂ 'ਤੇ ਲਿਖੇ ਖੱਬੇਪੱਖੀ ਨਾਅਰੇ ਮਿਟਾ ਦੇਣ ਦਾ ਸੱਦਾ ਦਿੱਤਾ : "ਛੇਤੀ ਹੀ ਕੰਧਾਂ ਸਾਬਣ ਅਤੇ ਪਾਣੀ ਦੇ ਹਮਲੇ ਨਾਲ ਇਸ ਹਊਏ ਤੋਂ ਮੁਕਤ ਹੋ ਕੇ ਚਮਕਣ ਲੱਗ ਜਾਣਗੀਆਂ।"[30]

ਚਿੱਲੀ ਵਿਚ, ਪਿਨੋਚੇ ਨੇ ਉੱਥੋਂ ਦੇ ਲੋਕਾਂ ਦੀ ਸੜਕਾਂ ਉੱਤੇ ਆਉਣ ਦੀ ਆਦਤ ਹਟਾਉਣ ਦਾ ਪੱਕਾ ਇਰਾਦਾ ਧਾਰਿਆ ਹੋਇਆ ਸੀ। ਛੋਟੇ ਤੋਂ ਛੋਟੇ ਇਕੱਠ ਨੂੰ ਵੀ ਪਾਣੀ ਵਾਲੀਆਂ ਤੋਪਾਂ ਨਾਲ ਖਿੰਡਾ ਦਿੱਤਾ ਜਾਂਦਾ। ਹਜ਼ੂਮਾਂ 'ਤੇ ਕਾਬੂ ਪਾਉਣ ਲਈ ਇਹ ਪਿਨੋਚੇ ਦਾ ਮਨਭਾਉਂਦਾ ਹਥਿਆਰ ਸੀ। ਫ਼ੌਜੀ ਹਕੂਮਤ ਕੋਲ ਸੈਂਕੜੇ ਤੋਪਾਂ ਸਨ, ਜੋ ਐਨੀਆਂ ਛੋਟੀਆਂ ਸਨ ਕਿ ਸੜਕਾਂ ਦੀ ਪਟੜੀ 'ਤੇ ਅਸਾਨੀ ਨਾਲ ਖਿੱਚੀਆਂ ਜਾ ਸਕਦੀਆਂ ਸਨ। ਇਹ ਹੱਥ ਪਰਚੇ ਵੰਡਦੇ ਸਕੂਲੀ ਬੱਚਿਆਂ ਦੀਆਂ ਟੋਲੀਆਂ ਉੱਪਰ ਪਾਣੀ ਦੀ ਬੌਛਾੜ ਕਰਨ ਲਈ ਵਰਤੀਆਂ ਜਾਂਦੀਆਂ ਸਨ। ਇੱਥੋਂ ਤੱਕ ਕਿ ਜੇ ਕਿਸੇ ਮੌਤ ਦੀ ਘਟਨਾ ਸਮੇਂ ਲੋਕਾਂ ਦਾ ਗੁੱਸਾ ਵਧਦਾ ਦਿਖਾਈ ਦਿੰਦਾ ਤਾਂ ਜਨਾਜ਼ੇ ਦੇ ਜਲੂਸ ਨੂੰ ਵੀ ਦਰਿੰਦਗੀ ਨਾਲ ਕੁਚਲ ਦਿੱਤਾ ਜਾਂਦਾ ਸੀ। ਹਰ ਥਾਂ ਮੌਜੂਦ ਇਹ ਤੋਪਾਂ ਲੋਕਾਂ ਨੂੰ ਇਸ ਤਰ੍ਹਾਂ ਹੂੰਝ ਦਿੰਦੀਆਂ ਸਨ ਜਿਵੇਂ ਉਹ ਕੂੜਾ ਹੋਣ ਅਤੇ ਪਿੱਛੇ ਰਹਿ ਜਾਂਦੀਆਂ ਸਨ ਵੀਰਾਨ ਅਤੇ ਲਿਸ਼ਕਾਂ ਮਾਰਦੀਆਂ ਸੜਕਾਂ।

ਰਾਜ ਪਲਟੇ ਤੋਂ ਛੇਤੀ ਬਾਅਦ, ਚਿੱਲੀ ਦੀ ਫ਼ੌਜੀ ਹਕੂਮਤ ਨੇ ਨਾਗਰਿਕਾਂ ਨੂੰ ਫਰਮਾਨ ਸੁਣਾ ਦਿੱਤਾ ਕਿ ਬਦੇਸ਼ੀ "ਅੱਤਵਾਦੀਆਂ" ਅਤੇ "ਚਿੱਲੀ ਦੇ ਜਨੂੰਨੀ ਬੰਦਿਆਂ" ਦੀ ਸੂਹ ਲਾ ਕੇ "ਆਪਣੇ ਦੇਸ਼ ਦੀ ਸਫ਼ਾਈ ਕਰਨ 'ਚ ਯੋਗਦਾਨ ਪਾਓ।"[31]

ਕੌਣ ਮਾਰੇ ਗਏ ਅਤੇ ਕਿਉਂ ਮਾਰੇ ਗਏ

ਦਾਅਵਾ ਤਾਂ ਇਹ ਕੀਤਾ ਜਾਂਦਾ ਹੈ ਜਿਨ੍ਹਾਂ ਲੋਕਾਂ ਨੂੰ ਛਾਪੇ ਮਾਰ ਕੇ ਅਗਵਾ ਕੀਤਾ ਗਿਆ

ਉਹ "ਦਹਿਸ਼ਤਪਸੰਦ" ਸਨ ਪਰ ਅਜਿਹਾ ਨਹੀਂ ਸੀ, ਅਸਲ ਵਿਚ ਇਹ ਉਹ ਲੋਕ ਸਨ ਜਿਨ੍ਹਾਂ ਨੂੰ ਫ਼ੌਜੀ ਹਕੂਮਤ ਆਪਣੇ ਆਰਥਕ ਪ੍ਰੋਗਰਾਮ ਦੇ ਰਾਹ 'ਚ ਸਭ ਤੋਂ ਗੰਭੀਰ ਅੜਿੱਕਾ ਸਮਝਦੀ ਸੀ। ਕੁਝ ਤਾਂ ਸਚਮੁਚ ਵਿਰੋਧ ਕਰਦੇ ਸਨ, ਪਰ ਬਹੁਤੇ ਲੋਕ ਤਾਂ ਉਨ੍ਹਾਂ ਕਦਰਾਂ-ਕੀਮਤਾਂ ਦੇ ਮਹਿਜ਼ ਨੁਮਾਇੰਦੇ ਹੀ ਸਨ ਜੋ ਨਵ-ਉਦਾਰਵਾਦੀ ਇਨਕਲਾਬ ਨਾਲ ਟਕਰਾਉਂਦੀਆਂ ਸਨ।

ਮਨੁੱਖੀ ਹੱਕਾਂ ਅਤੇ ਤੱਥ ਖੋਜ ਕਮਿਸ਼ਨਾਂ ਦੀਆਂ ਰਿਪੋਰਟਾਂ 'ਚ ਇਨ੍ਹਾਂ ਲੋਕਾਂ ਨੂੰ ਗਾਇਬ ਕਰ ਦੇਣ ਦੀਆਂ ਜੋ ਤਾਰੀਕਾਂ ਅਤੇ ਸਮਾਂ ਦਰਜ ਹਨ ਉਸ ਨਾਲ ਮਿਲਾ ਕੇ ਦੇਖਿਆ ਜਾਵੇ ਤਾਂ ਇਸ ਸਫ਼ਾਇਆ ਮੁਹਿੰਮ ਦੀ ਯੋਜਨਾਬਧ ਫ਼ਿਤਰਤ ਦੀ ਪੁਸ਼ਟੀ ਹੋ ਜਾਂਦੀ ਹੈ। ਬਰਾਜ਼ੀਲ ਵਿਚ ਫ਼ੌਜੀ ਹਕੂਮਤ ਨੇ ਸੱਠਵਿਆਂ ਦੇ ਅਖ਼ੀਰ 'ਚ ਜਨਤਕ ਜਬਰ ਵਿੱਢਿਆ, ਇਸ ਤੋਂ ਪਹਿਲਾਂ ਜਬਰ ਦੀ ਇਕ ਹੀ ਵਿਸ਼ੇਸ਼ ਮਿਸਾਲ ਸਾਹਮਣੇ ਆਈ ਸੀ। ਜਿਉਂ ਹੀ ਰਾਜ ਪਲਟਾ ਸ਼ੁਰੂ ਕੀਤਾ ਗਿਆ, ਫ਼ੌਜੀਆਂ ਨੇ ਫੈਕਟਰੀਆਂ ਅਤੇ ਵੱਡੇ ਪਸ਼ੂ ਫਾਰਮਾਂ 'ਚ ਸਰਗਰਮ ਟਰੇਡ ਯੂਨੀਅਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। 'ਬਰਾਜ਼ੀਲ : ਮੁੜ ਕਦੇ ਇੰਞ ਨਾ ਵਾਪਰੇ' ਅਨੁਸਾਰ ਉਨ੍ਹਾਂ ਨੂੰ ਜੇਲ੍ਹ ਭੇਜਿਆ ਗਿਆ; ਜਿੱਥੇ ਬਹੁਤਿਆਂ ਨੂੰ "ਸਿਰਫ਼ ਇਸ ਕਾਰਨ ਤਸੀਹੇ ਝੱਲਣੇ ਪਏ ਕਿ ਸੱਤਾਧਾਰੀ ਲੋਕ ਉਸ ਫ਼ਿਲਾਸਫ਼ੀ ਦੇ ਖ਼ਿਲਾਫ਼ ਸਨ ਜੋ ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਸੀ।" ਫੌਜ ਦੀ ਆਪਣੀ ਅਦਾਲਤ ਦਾ ਰਿਕਾਰਡ ਅਤੇ ਤੱਥ ਖੋਜ ਕਮਿਸ਼ਨ ਦੀ ਰਿਪੋਰਟ ਦੱਸਦੀ ਹੈ ਕਿ ਟਰੇਡ ਯੂਨੀਅਨਾਂ ਦੇ ਮੁੱਖ ਗੱਠਜੋੜ (ਜਨਰਲ ਵਰਕਰਜ਼ ਕਮਾਂਡ—ਸੀ ਜੀ ਟੀ) ਬਾਰੇ ਫ਼ੌਜੀ ਹਕੂਮਤ ਦੀ ਅਦਾਲਤੀ ਕਾਰਵਾਈ 'ਚ ਇਸ ਤਰ੍ਹਾਂ ਦਰਜ ਹੈ : "ਸਰਵ-ਵਿਆਪਕ ਪ੍ਰੇਤ ਸਾਇਆ ਜਿਸ ਨੂੰ ਲਾਹੁਣਾ ਜ਼ਰੂਰੀ ਹੈ।" ਰਿਪੋਰਟ ਸਪਸ਼ਟ ਨਤੀਜੇ 'ਤੇ ਪਹੁੰਚਦੀ ਹੈ ਕਿ 1964 'ਚ ਸੱਤਾ 'ਤੇ ਕਾਬਜ਼ ਹੋਣ ਵਾਲੇ ਗੁੱਟ ਵਲੋਂ ਇਸ ਖੇਤਰ ਦੀ "ਸਫ਼ਾਈ ਕਰਨ" ਵੱਲ ਉਚੇਚਾ ਧਿਆਨ ਦੇਣ ਦੀ ਵਜ੍ਹਾ ਇਹ ਸੀ ਕਿ ਇਸ ਨੂੰ "ਡਰ ਸੀ ਕਿ ਮਜ਼ਦੂਰ ਯੂਨੀਅਨਾਂ ਕਾਰਨ ਇਨ੍ਹਾਂ ਦੇ ਆਰਥਕ ਪ੍ਰੋਗਰਾਮ ਖ਼ਿਲਾਫ਼ ਵਿਰੋਧ ਦੀ ਲਹਿਰ ਫੈਲ ਜਾਵੇਗੀ, ਪ੍ਰੋਗਰਾਮ ਜੋ ਤਨਖਾਹਾਂ ਘਟਾਉਣ ਅਤੇ ਆਰਥਿਕਤਾ ਦਾ ਕੌਮੀਕਰਨ ਖ਼ਤਮ ਕਰਨ 'ਤੇ ਅਧਾਰਤ ਸਨ।"[32]

ਚਿੱਲੀ ਅਤੇ ਅਰਜਨਟਾਈਨਾ ਦੋਵਾਂ 'ਚ, ਫ਼ੌਜੀ ਸਰਕਾਰਾਂ ਨੇ ਰਾਜ ਪਲਟੇ ਦੀ ਮੁੱਢਲੀ ਅਫ਼ਰਾ-ਤਫ਼ਰੀ ਦੀ ਹਾਲਤ ਦੀ ਵਰਤੋਂ ਟਰੇਡ ਯੂਨੀਅਨ ਲਹਿਰ ਉੱਪਰ ਵਹਿਸ਼ੀ ਹਮਲੇ ਕਰਨ ਲਈ ਕੀਤੀ। ਇਹ ਸਪਸ਼ਟ ਹੈ ਕਿ ਇਨ੍ਹਾਂ ਕਾਰਵਾਈਆਂ ਦੀ ਅਗੇਤੀ ਵਿਉਂਤਬੰਦੀ ਕੀਤੀ ਹੋਈ ਸੀ, ਕਿਉਂਕਿ ਰਾਜ ਪਲਟੇ ਵਾਲੇ ਦਿਨ ਹੀ ਛਾਪਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਚਿੱਲੀ 'ਚ, ਜਦੋਂ ਸਾਰਿਆਂ ਦੀਆਂ ਨਜ਼ਰਾਂ ਰਾਸ਼ਟਰਪਤੀ ਭਵਨ ਦੀ ਘੇਰਾਬੰਦੀ 'ਤੇ ਟਿਕੀਆਂ ਹੋਈਆਂ ਸਨ ਓਦੋਂ ਬਾਕੀ ਬਟਾਲੀਅਨਾਂ 'ਸਨਅਤੀ ਪੱਟੀਆਂ' ਵਜੋਂ ਮਸ਼ਹੂਰ ਫੈਕਟਰੀਆਂ 'ਚ ਭੇਜ ਦਿੱਤੀਆਂ ਗਈਆਂ, ਜਿੱਥੇ ਫ਼ੌਜੀ ਦਸਤਿਆਂ ਨੇ ਛਾਪੇ ਮਾਰ ਕੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਚਿੱਲੀ ਦੇ ਤੱਥ ਖੋਜ ਕਮਿਸ਼ਨ ਅਨੁਸਾਰ "ਅਗਲੇ ਕੁਝ ਦਿਨਾਂ 'ਚ" ਬਹੁਤ ਸਾਰੀਆਂ ਹੋਰ ਫੈਕਟਰੀਆਂ 'ਤੇ ਛਾਪੇ ਮਾਰੇ ਗਏ, "ਸਿੱਟੇ ਵਜੋਂ ਫ਼ੌਜੀ ਦਸਤਿਆਂ ਨੇ ਛਾਪੇ ਮਾਰ ਕੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ, ਇਨ੍ਹਾਂ ਵਿਚੋਂ ਕਈਆਂ ਨੂੰ ਬਾਅਦ 'ਚ ਕਤਲ ਕਰ ਦਿੱਤਾ ਗਿਆ ਜਾਂ ਲਾਪਤਾ ਕਰ ਦਿੱਤਾ ਗਿਆ।"[33] 1976 'ਚ, ਚਿੱਲੀ ਦੇ 80 ਫ਼ੀ ਸਦੀ ਸਿਆਸੀ ਕੈਦੀ ਮਜ਼ਦੂਰ ਅਤੇ ਕਿਸਾਨ ਸਨ।[34]

ਅਰਜਨਟਾਈਨਾ ਦੀ 'ਮੁੜ ਕਦੇ ਇੰਞ ਨਾ ਵਾਪਰੇ' ਨਾਂ ਦੀ ਤੱਥ ਖੋਜ ਕਮਿਸ਼ਨ ਰਿਪੋਰਟ ਨਾਲ ਦੀ ਨਾਲ ਹੀ ਟਰੇਡ ਯੂਨੀਅਨ ਵਿਰੁੱਧ ਫ਼ੌਜੀ ਹਮਲੇ ਦਾ ਵੇਰਵਾ ਦਿੰਦੀ ਹੈ : "ਅਸੀਂ ਦੇਖਦੇ ਹਾਂ ਕਿ (ਮਜ਼ਦੂਰਾਂ ਵਿਰੁੱਧ) ਜ਼ਿਆਦਾਤਰ ਕਾਰਵਾਈਆਂ ਰਾਜ ਪਲਟੇ ਦੇ ਦਿਨ ਜਾਂ ਇਸ ਤੋਂ ਤੁਰੰਤ

ਬਾਅਦ ’ਚ ਕੀਤੀਆਂ ਗਈਆਂ ਸਨ।”[35] ਫੈਕਟਰੀਆਂ ਉੱਪਰ ਹਮਲਿਆਂ ਦੀ ਸੂਚੀ ’ਚ ਇਕ ਸਬੂਤ ਖ਼ਾਸ ਤੌਰ ’ਤੇ ਚਾਨਣਾ ਪਾਉਂਦਾ ਹੈ ਕਿ ਓਦੋਂ ਅਹਿੰਸਕ ਮਜ਼ਦੂਰ ਕਾਰਕੁਨਾਂ ਦਾ ਪਿੱਛਾ ਕਰਨ ਲਈ ਕਿਵੇਂ “ਦਹਿਸ਼ਤਵਾਦ” ਦੀ ਆੜ ਲਈ ਜਾਂਦੀ ਸੀ। ਲਾ ਪੇਰਲਾ ਨਾਂ ਦੇ ਤਸੀਹਾ ਕੇਂਦਰ ’ਚ ਬੰਦ ਰਹੇ ਸਿਆਸੀ ਕੈਦੀ ਗਰੇਸਿਲਾ ਗਿਊਨਾ ਨੇ ਦੱਸਿਆ ਕਿ ਜਦੋਂ ਇਕ ਪਾਵਰ ਪਲਾਂਟ ਉੱਪਰ ਹੜਤਾਲ ਦਾ ਖ਼ਤਰਾ ਮੰਡਲਾਉਣਾ ਸ਼ੁਰੂ ਹੋਇਆ ਤਾਂ ਕਿਵੇਂ ਪਲਾਂਟ ਦੀ ਨਿਗਰਾਨੀ ਕਰ ਰਹੇ ਫ਼ੌਜੀ ਭੜਕ ਉੱਠੇ ਸਨ। ਵਜ੍ਹਾ ਸਪਸ਼ਟ ਸੀ, ਹੜਤਾਲ “ਫ਼ੌਜੀ ਤਾਨਾਸ਼ਾਹੀ ਦੇ ਵਿਰੋਧ ਦੀ ਉੱਘੀ ਮਿਸਾਲ” ਬਣ ਜਾਣੀ ਸੀ ਅਤੇ ਫ਼ੌਜੀ ਹਕੂਮਤ ਨਹੀਂ ਸੀ ਚਾਹੁੰਦੀ ਕਿ ਹੜਤਾਲ ਹੋਵੇ। ਗਿਊਨਾ ਨੇ ਚੇਤੇ ਕੀਤਾ, “ਇਸ ਯੂਨਿਟ ਦੇ ਫ਼ੌਜੀਆਂ ਨੇ ਫ਼ੈਸਲਾ ਕਰ ਲਿਆ ਕਿ ਇਸ [ਹੜਤਾਲ] ਨੂੰ ਗ਼ੈਰਕਾਨੂੰਨੀ ਕਰਾਰ ਦੇ ਦੇਵੋ ਜਾਂ, ਜਿਵੇਂ ਉਨ੍ਹਾਂ ਨੇ ਕਿਹਾ, ਇਸ ਦਾ ਮੌਂਟੇਨੈਰੋਕਰਨ ਕਰ ਦਿਉ (ਛਾਪਾਮਾਰ ਧੜੇ ਮੌਂਟੇਨੈਰੋ ਧੜੇ ਨੂੰ ਫ਼ੌਜ ਪਹਿਲਾਂ ਹੀ ਬੁਰੀ ਤਰ੍ਹਾਂ ਤਬਾਹ ਕਰ ਚੁੱਕੀ ਸੀ)। ਹੜਤਾਲੀ ਮਜ਼ਦੂਰਾਂ ਦਾ ਮੌਂਟੇਨੈਰੋ ਨਾਲ ਕੋਈ ਲਾਗਾ-ਦੇਗਾ ਨਹੀਂ ਸੀ, ਪਰ ਇਸ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। “ਫ਼ੌਜੀਆਂ ਨੇ ਆਪ ਹੀ ‘ਮੌਂਟੇਨੈਰੋ’ ਦੇ ਹੱਥ ਪਰਚੇ ਛਾਪ ਕੇ ਦਸਤਖ਼ਤ ਕਰ ਲਏ। ਹੱਥ ਪਰਚਿਆਂ ’ਚ ਪਾਵਰ ਮਜ਼ਦੂਰਾਂ ਨੂੰ ਹੜਤਾਲ ਕਰਨ ਦਾ ਸੱਦਾ ਦਿੱਤਾ ਗਿਆ”—ਇਹ ਪਰਚਾ ਫੇਰ ਯੂਨੀਅਨ ਦੀ ਲੀਡਰਸ਼ਿਪ ਨੂੰ ਅਗਵਾ ਕਰਕੇ ਕਤਲ ਕਰਨ ਲਈ ਲੋੜੀਂਦਾ “ਸਬੂਤ” ਬਣ ਗਿਆ।

ਤਸੀਹਿਆਂ ਨੂੰ ਕਾਰਪੋਰੇਟਾਂ ਦੀ ਸਰਪ੍ਰਸਤੀ

ਯੂਨੀਅਨ ਆਗੂਆਂ ਉੱਪਰ ਹਮਲੇ ਅਕਸਰ ਹੀ ਮਾਲਕਾਂ ਨਾਲ ਮਿਲ ਕੇ ਕੀਤੇ ਜਾਂਦੇ ਸਨ। ਪਿਛਲੇ ਸਾਲਾਂ ’ਚ ਅਦਾਲਤਾਂ ’ਚ ਦਰਜ ਕੀਤੇ ਮਾਮਲੇ ਬਦੇਸ਼ੀ ਬਹੁ-ਕੌਮੀ ਕੰਪਨੀਆਂ ਦੀਆਂ ਸਥਾਨਕ ਸਹਾਇਕ ਕੰਪਨੀਆਂ ਦੀ ਸਿੱਧੀ ਸ਼ਮੂਲੀਅਤ ਦਾ ਆਹਲਾ ਦਰਜੇ ਦਾ ਦਸਤਾਵੇਜ਼ੀ ਸਬੂਤ ਬਣਦੇ ਹਨ।[36]

ਅਰਜਨਟਾਈਨਾ ’ਚ ਰਾਜ ਪਲਟੇ ਤੋਂ ਪਹਿਲੇ ਸਾਲਾਂ ਵਿਚ, ਖੱਬੇਪੱਖੀ ਖਾੜਕੂ ਲਹਿਰ ਦੀ ਉਠਾਣ ਦਾ ਆਰਥਕ ਅਤੇ ਵਿਅਕਤੀਗਤ ਦੋਵਾਂ ਪੱਖਾਂ ਤੋਂ ਬਦੇਸ਼ੀ ਬਹੁ-ਕੌਮੀ ਕੰਪਨੀਆਂ ’ਤੇ ਅਸਰ ਪਿਆ ਸੀ : 1972 ਅਤੇ 1976 ਦੇ ਸਮੇਂ ਦੌਰਾਨ, ਫੀਏਟ ਆਟੋ ਕੰਪਨੀ ਦੇ ਪੰਜ ਪ੍ਰਬੰਧਕੀ ਅਧਿਕਾਰੀ ਕਤਲ ਕਰ ਦਿੱਤੇ ਗਏ ਸਨ।[37] ਜਦੋਂ ਫ਼ੌਜੀ ਗੁੱਟ ਨੇ ਸੱਤਾ ’ਤੇ ਕਬਜ਼ਾ ਕਰਕੇ ਸ਼ਿਕਾਗੋ ਸਕੂਲ ਦੀਆਂ ਨੀਤੀਆਂ ਅਪਣਾਈਆਂ ਤਾਂ ਇਨ੍ਹਾਂ ਕੰਪਨੀਆਂ ਦੀ ਕਿਸਮਤ ਨਾਟਕੀ ਢੰਗ ਨਾਲ ਬਦਲ ਗਈ : ਹੁਣ ਉਨ੍ਹਾਂ ਨੂੰ ਸਥਾਨਕ ਮੰਡੀ ’ਚ ਦਰਾਮਦਾਂ ਦਾ ਹੜ੍ਹ ਲਿਆਉਣ, ਘੱਟ ਉਜਰਤਾਂ ਦੇਣ, ਮਜ਼ਦੂਰਾਂ ਨੂੰ ਮਰਜ਼ੀ ਨਾਲ ਕੱਢਣ ਅਤੇ ਮੁਨਾਫ਼ੇ ਆਪਣੇ ਦੇਸ਼ਾਂ ਨੂੰ ਬੇਰੋਕ-ਟੋਕ ਢੋਣ ਦੀ ਪੂਰੀ ਖੁੱਲ੍ਹ ਮਿਲ ਗਈ ਸੀ।

ਕਈ ਬਹੁ-ਕੌਮੀ ਕੰਪਨੀਆਂ ਨੇ ਪੂਰੇ ਜੋਸ਼ ਨਾਲ ਇਸ ਦਾ ਸ਼ੁਕਰਾਨਾ ਜ਼ਾਹਰ ਕੀਤਾ। ਅਰਜਟਾਈਨਾ ’ਚ ਫ਼ੌਜੀ ਰਾਜ ਸਮੇਂ ਪਹਿਲੇ ਨਵੇਂ ਸਾਲ ਮੌਕੇ ਫੋਰਡ ਮੋਟਰ ਕੰਪਨੀ ਨੇ ਅਖ਼ਬਾਰਾਂ ’ਚ ਜਸ਼ਨੀ ਇਸ਼ਤਿਹਾਰ ਦਿੱਤਾ ਅਤੇ ਇਹ ਫ਼ੌਜੀ ਨਿਜ਼ਾਮ ਨਾਲ ਸ਼ਰੇਆਮ ਖੜ੍ਹ ਗਈ। ਇਸ਼ਤਿਹਾਰ ਦੀ ਇਬਾਰਤ ਇਸ ਤਰ੍ਹਾਂ ਸੀ : “1976 : ਇਕ ਵਾਰ ਫੇਰ ਅਰਜਨਟਾਈਨਾ ਆਪਣਾ ਰਾਹ ਤਲਾਸ਼ਦਾ ਹੈ। 1977 : ਸਾਰੇ ਅਰਜਨਟਾਈਨੀਆਂ ਲਈ ਭਰੋਸੇ ਅਤੇ ਆਸ ਦੀਆਂ ਸ਼ੁਭ ਕਾਮਨਾਵਾਂ ਦਾ ਨਵਾਂ ਵਰ੍ਹਾ। ਅਰਜਨਟਾਈਨਾ ਦੀ ਫੋਰਡ ਮੋਟਰ ਅਤੇ ਇਸ ਦੇ ਲੋਕ ਪਿਤਰ ਭੂਮੀ ਦੀ ਸ਼ਾਨਦਾਰ

ਤਕਦੀਰ ਘੜਨ ਦੀ ਜੱਦੋਜਹਿਦ ਪ੍ਰਤੀ ਵਚਨਬਧ ਹਨ।"[38] ਬਦੇਸ਼ੀ ਕਾਰਪੋਰੇਸ਼ਨਾਂ ਫ਼ੌਜੀ ਹਕੂਮਤ ਦੀ ਸ਼ਾਨਦਾਰ ਕਾਰਗੁਜ਼ਾਰੀ ਦਾ ਧੰਨਵਾਦ ਕਰਨ ਤੱਕ ਸੀਮਤ ਨਾ ਰਹੀਆਂ; ਕਈਆਂ ਨੇ ਦਹਿਸ਼ਤ ਪਾਊ ਮੁਹਿੰਮਾਂ 'ਚ ਸਰਗਰਮੀ ਨਾਲ ਹਿੱਸਾ ਲਿਆ। ਬਰਾਜ਼ੀਲ 'ਚ, ਬਹੁਤ ਸਾਰੀਆਂ ਬਹੁ-ਕੌਮੀ ਕੰਪਨੀਆਂ ਨੇ ਮਿਲ ਕੇ ਆਪਣੇ ਖ਼ਰਚ 'ਤੇ ਤਸੀਹੇ ਦੇਣ ਵਾਲੇ ਨਿੱਜੀ ਗਰੋਹ ਬਣਾ ਲਏ। 1969 ਦੇ ਅੱਧ 'ਚ, ਜਿਉਂ ਹੀ ਫ਼ੌਜੀ ਹਕੂਮਤ ਸਭ ਤੋਂ ਵੱਧ ਵਹਿਸ਼ੀ ਪੜਾਅ 'ਚ ਦਾਖ਼ਲ ਹੋਈ ਤਾਂ ਓਪਰੇਸ਼ਨ ਬੈਂਡੇਰੈਂਟੀਸ ਨਾਂ ਦੀ ਗ਼ੈਰ-ਕਾਨੂੰਨੀ ਪੁਲਿਸ ਤਾਕਤ ਬਣਾ ਲਈ ਗਈ, ਜੋ *ਓਬੇਨ* ਵਜੋਂ ਮਸ਼ਹੂਰ ਹੋਈ। "ਬਰਾਜ਼ੀਲ : ਮੁੜ ਕਦੇ ਇੰਝ ਨਾ ਵਾਪਰੇ" ਰਿਪੋਰਟ ਅਨੁਸਾਰ ਓਬੇਨ ਦਾ ਸਾਰਾ ਖਰਚ "ਫੋਰਡ ਅਤੇ ਜਨਰਲ ਮੋਟਰਜ਼ ਸਮੇਤ ਵੱਖ-ਵੱਖ ਬਹੁ-ਕੌਮੀ ਕੰਪਨੀਆਂ" ਕਰਦੀਆਂ ਸਨ। ਰਿਪੋਰਟ ਬਿਆਨ ਕਰਦੀ ਹੈ ਕਿ *ਓਬੇਨ* ਸਰਕਾਰ ਦੇ ਫ਼ੌਜੀ ਅਤੇ ਪੁਲਿਸ ਢਾਂਚੇ ਤੋਂ ਪ੍ਰਵਾਹਰੀ ਸੀ ਇਸ ਕਾਰਨ "ਇਸ ਨੂੰ ਤਸੀਹੇ ਦੇਣ ਦੇ ਢੰਗਾਂ ਸਬੰਧੀ ਪੂਰੀ ਖੁੱਲ੍ਹ ਖੇਡ੍ਹ ਸੀ ਅਤੇ ਕੋਈ ਡਰ-ਭੈਅ ਨਹੀਂ ਸੀ।" ਛੇਤੀ ਹੀ ਇਸ ਨੇ ਬੇਮਿਸਾਲ ਤਸੀਹਿਆਂ ਦੀ ਪੈਂਠ ਬਣਾ ਲਈ।[39]

ਅਸਲ ਵਿਚ, ਦਹਿਸ਼ਤ ਦੇ ਢਾਂਚੇ 'ਚ ਫੋਰਡ ਦੀ ਸਥਾਨਕ ਸਹਾਇਕ ਕੰਪਨੀ ਦੀ ਸ਼ਮੂਲੀਅਤ ਅਰਜਨਟਾਈਨਾ ਵਿਚ ਸਭ ਤੋਂ ਵਧ ਕੇ ਸ਼ਰੇਆਮ ਸੀ। ਕੰਪਨੀ ਨੇ ਫ਼ੌਜ ਨੂੰ ਕਾਰਾਂ ਸਪਲਾਈ ਕੀਤੀਆਂ ਅਤੇ ਹਰੇ ਰੰਗ ਦੀ ਫੋਰਡ ਫਾਲਕਨ ਗੱਡੀ ਹਜ਼ਾਰਾਂ ਲੋਕਾਂ ਨੂੰ ਅਗਵਾ ਕਰਨ ਅਤੇ ਗਾਇਬ ਕਰਨ ਲਈ ਹਰ ਥਾਂ ਵਰਤੀ ਗਈ। ਅਰਜਨਟਾਈਨਾ ਦੇ ਮਨੋਵਿਗਿਆਨੀ ਅਤੇ ਨਾਟਕਕਾਰ ਐਡੂਆਰਡੋ ਪਾਵਲੋਵਸਕੀ ਨੇ ਇਸ ਕਾਰ ਨੂੰ "ਦਹਿਸ਼ਤ ਦਾ ਪ੍ਰਤੀਕ, ਚਲਦੀ-ਫਿਰਦੀ ਮੌਤ" ਕਿਹਾ ਸੀ।[40]

ਜੇ ਫੋਰਡ ਨੇ ਫ਼ੌਜੀ ਹਕੂਮਤ ਨੂੰ ਕਾਰਾਂ ਸਪਲਾਈ ਕੀਤੀਆਂ ਤਾਂ ਫ਼ੌਜੀ ਸਰਕਾਰ ਨੇ ਫੋਰਡ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ—ਇਸ ਨੇ ਕੰਪਨੀ ਦੀਆਂ ਅਸੰਬਲੀ ਲਾਈਨ ਫੈਕਟਰੀਆਂ ਨੂੰ ਗੜਬੜ ਕਰਨ ਵਾਲੇ ਟਰੇਡ ਯੂਨੀਅਨ ਆਗੂਆਂ ਤੋਂ ਮੁਕਤ ਕਰਾਇਆ। ਰਾਜ ਪਲਟੇ ਤੋਂ ਪਹਿਲਾਂ, ਫੋਰਡ ਆਪਣੇ ਮਜ਼ਦੂਰਾਂ ਨੂੰ ਕਾਫ਼ੀ ਰਿਆਇਤਾਂ ਦੇਣ ਲਈ ਮਜਬੂਰ ਹੋਈ ਸੀ : ਦੁਪਹਿਰ ਦੇ ਖਾਣੇ ਦਾ ਸਮਾਂ ਵੀਹ ਮਿੰਟ ਦੀ ਬਜਾਏ ਇਕ ਘੰਟਾ ਕਰਨਾ ਪਿਆ ਸੀ ਅਤੇ ਹਰੇਕ ਕਾਰ ਦੀ ਵਿਕਰੀ ਦਾ ਇਕ ਫ਼ੀ ਸਦੀ ਸਮਾਜਿਕ ਸੇਵਾਵਾਂ ਦੇ ਪ੍ਰੋਗਰਾਮ 'ਚ ਲੱਗਣਾ ਸ਼ੁਰੂ ਹੋ ਗਿਆ ਸੀ। ਜਦੋਂ ਉਲਟ ਇਨਕਲਾਬ ਸ਼ੁਰੂ ਹੋਇਆ ਤਾਂ ਰਾਜ ਪਲਟੇ ਦੇ ਦਿਨ ਇਕਦਮ ਸਭ ਕੁਝ ਬਦਲ ਗਿਆ। ਬਿਓਨਸ ਏਅਰੀਸ ਦੇ ਬਾਹਰਵਾਰ ਬਣਾਈ ਫੋਰਡ ਫੈਕਟਰੀ ਹਥਿਆਰਬੰਦ ਕੈਂਪ 'ਚ ਬਦਲ ਗਈ; ਅਗਲੇ ਹਫ਼ਤਿਆਂ 'ਚ ਇਥੇ ਟੈਂਕਾਂ ਅਤੇ ਫ਼ੌਜੀ ਗੱਡੀਆਂ ਦਾ ਝੁਰਮੁਟ ਪਿਆ ਰਹਿੰਦਾ ਅਤੇ ਉੱਪਰ ਹੈਲੀਕਾਪਟਰ ਮੰਡਰਾਉਂਦੇ ਰਹਿੰਦੇ। ਮਜ਼ਦੂਰਾਂ ਨੇ ਤਸਦੀਕ ਕੀਤਾ ਕਿ ਫੈਕਟਰੀ 'ਚ ਸੌ ਫ਼ੌਜੀਆਂ ਦੀ ਬਟਾਲੀਅਨ ਨੇ ਪੱਕਾ ਅੱਡਾ ਬਣਾਇਆ ਹੋਇਆ ਸੀ।[41] ਯੂਨੀਅਨ ਦੇ ਇਕ ਡੈਲੀਗੇਟ ਪੈਦਰੋ ਤਰੋਇਨੀ ਨੇ ਦੱਸਿਆ, "ਇਸ ਤਰ੍ਹਾਂ ਲੱਗਦਾ ਸੀ ਜਿਵੇਂ ਫੋਰਡ 'ਚ ਜੰਗ ਲੱਗੀ ਹੋਵੇ। ਅਤੇ ਇਹ ਸਾਡੇ, ਮਜ਼ਦੂਰਾਂ ਵਿਰੁੱਧ ਸੇਧਤ ਸੀ।"[42]

ਫ਼ੌਜੀ ਹਰਲ ਹਰਲ ਕਰਦੇ ਫਿਰਦੇ। ਉਹ ਫੈਕਟਰੀ ਦੇ ਫੋਰਮੈਨ ਦੇ ਇਸ਼ਾਰੇ 'ਤੇ ਯੂਨੀਅਨ ਦੇ ਸਭ ਤੋਂ ਸਰਗਰਮ ਕਾਰਕੁਨਾਂ ਨੂੰ ਦਬੋਚ ਲੈਂਦੇ ਅਤੇ ਚਿਹਰੇ 'ਤੇ ਕੱਪੜਾ ਸੁੱਟ ਕੇ ਲੈ ਜਾਂਦੇ। ਤਰੋਇਨੀ ਅਸੰਬਲੀ ਲਾਈਨ 'ਚੋਂ ਅਗਵਾ ਕਰਕੇ ਲਿਜਾਏ ਗਏ ਕਾਰਕੁਨਾਂ ਵਿਚੋਂ ਇਕ ਸੀ। ਉਸ ਨੇ ਚੇਤੇ ਕੀਤਾ, "ਮੈਨੂੰ ਫੜ ਕੇ ਲਿਜਾਣ ਤੋਂ ਪਹਿਲਾਂ ਉਨ੍ਹਾਂ ਨੇ ਫੈਕਟਰੀ ਦੁਆਲੇ ਘੁੰਮਾਇਆ, ਉਨ੍ਹਾਂ ਨੇ ਸ਼ਰੇਆਮ ਇੰਝ ਕੀਤਾ ਤਾਂ ਜੋ ਲੋਕ ਦੇਖ ਲੈਣ। ਫੋਰਡ ਨੇ ਫੈਕਟਰੀ 'ਚੋਂ ਯੂਨੀਅਨ ਦਾ ਸਫ਼ਾਇਆ

ਕਰਨ ਲਈ ਇਹ ਢੰਗ ਵਰਤਿਆ।"[43] ਇਸ ਤੋਂ ਅੱਗੇ ਜੋ ਵਾਪਰਿਆ ਉਹ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਸੀ। ਤਰੋਇਨੀ ਤੇ ਹੋਰ ਦੱਸਦੇ ਹਨ ਕਿ ਉਨ੍ਹਾਂ ਨੂੰ ਨੇੜੇ ਦੀ ਜੇਲ੍ਹ ਲਿਜਾਣ ਦੀ ਬਜਾਏ ਫ਼ੌਜੀ ਉਨ੍ਹਾਂ ਨੂੰ ਫੈਕਟਰੀ ਅੰਦਰ ਬਣਾਈ ਹਵਾਲਾਤ 'ਚ ਲੈ ਗਏ। ਉਨ੍ਹਾਂ ਦੇ ਕੰਮ ਵਾਲੀ ਥਾਂ, ਜਿੱਥੇ ਉਹ ਹਾਲੇ ਕੁਝ ਦਿਨ ਪਹਿਲਾਂ ਆਪਣੀਆਂ ਮੰਗਾਂ ਸਬੰਧੀ ਗੱਲਬਾਤ ਕਰਦੇ ਰਹੇ ਸਨ, ਉੱਥੇ ਹੁਣ ਮਜ਼ਦੂਰਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਜਾ ਰਹੀ ਸੀ ਤੇ ਠੁੱਡੇ ਮਾਰੇ ਜਾ ਰਹੇ ਸਨ। ਦੋ ਮਾਮਲਿਆਂ 'ਚ ਤਾਂ ਕਰੰਟ ਵੀ ਲਾਇਆ ਗਿਆ।[44] ਫੇਰ ਉਨ੍ਹਾਂ ਨੂੰ ਬਾਹਰ ਜੇਲ੍ਹਾਂ 'ਚ ਲਿਜਾਇਆ ਗਿਆ ਜਿੱਥੇ ਹਫ਼ਤਿਆਂ ਬੱਧੀ, ਤਸੀਹੇ ਦਿੱਤੇ ਗਏ। ਕੁਝ ਮਾਮਲਿਆਂ 'ਚ ਤਾਂ ਮਹੀਨਿਆਂ ਬੱਧੀ ਤਸੀਹਿਆਂ ਦਾ ਸਿਲਸਿਲਾ ਚੱਲਦਾ ਰਿਹਾ।[45] ਮਜ਼ਦੂਰਾਂ ਦੇ ਵਕੀਲਾਂ ਅਨੁਸਾਰ, ਫੋਰਡ ਮਜ਼ਦੂਰ ਯੂਨੀਅਨ ਦੇ ਘੱਟੋ ਘੱਟ ਪੰਝੀ ਨੁਮਾਇੰਦਿਆਂ ਨੂੰ ਇਸ ਸਮੇਂ ਅਗਵਾ ਕੀਤਾ ਗਿਆ। ਇਨ੍ਹਾਂ ਵਿਚੋਂ ਅੱਧਿਆਂ ਨੂੰ ਕੰਪਨੀ ਦੀ ਹਦੂਦ 'ਚ ਬਣਾਈ ਹਵਾਲਾਤ ਵਿਚ ਰੱਖਿਆ ਗਿਆ। ਅਰਜਨਟਾਈਨਾ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਜ਼ੋਰ ਪਾ ਰਹੀਆਂ ਹਨ ਕਿ ਇਨ੍ਹਾਂ ਹਵਾਲਾਤਾਂ ਨੂੰ ਸਾਬਕਾ ਗੁਪਤ ਹਵਾਲਾਤਾਂ ਦੀ ਸਰਕਾਰੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ।[46]

2002 'ਚ, ਕੇਂਦਰੀ ਸਰਕਾਰ ਦੇ ਵਕੀਲਾਂ ਨੇ ਤਰੋਇਨੀ ਅਤੇ ਚੌਦਾਂ ਹੋਰ ਮਜ਼ਦੂਰਾਂ ਵਲੋਂ ਫੋਰਡ ਅਰਜਨਟਾਈਨਾ ਵਿਰੁੱਧ ਫ਼ੌਜਦਾਰੀ ਸ਼ਿਕਾਇਤ ਦਰਜ ਕਰਾਈ। ਇਸ ਵਿਚ ਦੋਸ਼ ਲਾਇਆ ਗਿਆ ਕਿ ਕੰਪਨੀ ਦੀ ਹਦੂਦ 'ਚ ਢਾਹੇ ਗਏ ਜਬਰ ਲਈ ਇਹ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਹੈ। ਤਰੋਇਨੀ ਕਹਿੰਦਾ ਹੈ, "ਫੋਰਡ (ਅਰਜਨਟਾਈਨਾ) ਅਤੇ ਇਸ ਦੇ ਪ੍ਰਬੰਧਕੀ ਅਧਿਕਾਰੀ ਆਪਣੇ ਮਜ਼ਦੂਰਾਂ ਨੂੰ ਅਗਵਾ ਕਰਵਾਉਣ 'ਚ ਸ਼ਾਮਲ ਸਨ ਅਤੇ ਮੇਰੀ ਸੋਚ ਹੈ ਕਿ ਉਨ੍ਹਾਂ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।"[47] ਮਰਸਡੀਜ਼ ਬੈਂਜ਼ (ਡੈਮਲਰਕ੍ਰਿਸਲਰ ਦੀ ਸਹਾਇਕ ਕੰਪਨੀ) ਵੀ ਇਸੇ ਤਰ੍ਹਾਂ ਦੀ ਜਾਂਚ ਦਾ ਸਾਹਮਣਾ ਕਰ ਰਹੀ ਹੈ। ਇਸ ਕੰਪਨੀ ਉੱਪਰ ਦੋਸ਼ ਹੈ ਕਿ 1970ਵਿਆਂ 'ਚ ਇਸ ਨੇ ਫ਼ੌਜ ਨਾਲ ਮਿਲ ਕੇ ਆਪਣੇ ਪਲਾਂਟਾਂ ਦੇ ਯੂਨੀਅਨ ਆਗੂਆਂ ਨੂੰ ਖ਼ਤਮ ਕਰਾਇਆ। ਇਸ ਉੱਪਰ ਸੋਲਾਂ ਮਜ਼ਦੂਰਾਂ ਦੇ ਨਾਂ-ਪਤੇ ਦੇਣ ਦਾ ਦੋਸ਼ ਹੈ ਜਿਨ੍ਹਾਂ ਨੂੰ ਬਾਅਦ ਵਿਚ ਗਾਇਬ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਚੌਦਾਂ ਹਮੇਸ਼ਾ ਲਈ ਲਾਪਤਾ ਹੋ ਗਏ।[48]

ਲਾਤੀਨੀ ਅਮਰੀਕੀ ਇਤਿਹਾਸਕਾਰ ਕਾਰਿਨ ਰੋਬਰਟ ਅਨੁਸਾਰ, ਤਾਨਾਸ਼ਾਹੀ ਦੇ ਖ਼ਾਤਮੇ ਤੱਕ, "ਅਸਲ ਵਿਚ ਦੇਸ਼ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਜਿਵੇਂ ਮਰਸਡੀਜ਼ ਬੈਂਜ਼, ਕ੍ਰਿਸਲਰ ਅਤੇ ਫੀਏਟ ਕਾਨਕੌਰਡ, ਦੇ ਸਾਰੇ ਸ਼ਾਪ ਫਲੋਰ ਨੁਮਾਇੰਦੇ ਲਾਪਤਾ ਕਰ ਦਿੱਤੇ ਗਏ ਸਨ।"[49] ਫੋਰਡ ਅਤੇ ਮਰਸਡੀਜ਼ ਬੈਂਜ਼ ਦੋਵੇਂ ਇਹ ਮੰਨਣ ਤੋਂ ਇਨਕਾਰੀ ਹਨ ਕਿ ਇਨ੍ਹਾਂ ਦੇ ਪ੍ਰਬੰਧਕੀ ਅਧਿਕਾਰੀਆਂ ਨੇ ਜਬਰ 'ਚ ਕੋਈ ਭੂਮਿਕਾ ਨਿਭਾਈ ਸੀ। ਮੁਕੱਦਮੇ ਹਾਲੇ ਤੱਕ ਚੱਲ ਰਹੇ ਹਨ।

ਸਿਰਫ਼ ਯੂਨੀਅਨਾਂ ਵਾਲੇ ਹੀ ਅਗਾਊਂ ਹਮਲਿਆਂ ਦਾ ਸ਼ਿਕਾਰ ਨਹੀਂ ਹੋਏ—ਜਿਹੜਾ ਵੀ ਕੋਈ ਖ਼ਾਲਸ ਮੁਨਾਫ਼ੇ ਤੋਂ ਇਲਾਵਾ ਹੋਰ ਕਦਰਾਂ-ਕੀਮਤਾਂ ਦੇ ਅਧਾਰ 'ਤੇ ਸਮਾਜ ਨੂੰ ਉਸਾਰਨ ਦੀ ਸੋਚ ਰੱਖਦਾ ਸੀ ਹਰ ਕਿਸੇ ਨੂੰ ਇਹ ਜਬਰ ਝੱਲਣਾ ਪਿਆ। ਪੂਰੇ ਖੇਤਰ 'ਚ ਉਨ੍ਹਾਂ ਕਿਸਾਨਾਂ ਉੱਪਰ ਖ਼ਾਸ ਤੌਰ 'ਤੇ ਵਹਿਸ਼ੀ ਹਮਲੇ ਹੋਏ ਜੋ ਜ਼ਮੀਨੀ ਸੁਧਾਰਾਂ ਲਈ ਸੰਘਰਸ਼ 'ਚ ਸ਼ਾਮਲ ਸਨ। ਅਰਜਨਟਾਈਨੀ ਜ਼ਰੱਈ ਇਨਕਲਾਬ ਦੇ ਆਗੂ ਕਿਉਂਕਿ ਕਿਸਾਨਾਂ ਦੇ ਆਪਣੀ ਜ਼ਮੀਨ ਦੇ ਮਾਲਕੀ ਹੱਕਾਂ ਦਾ ਪ੍ਰਚਾਰ ਕਰ ਰਹੇ ਸਨ, ਉਨ੍ਹਾਂ ਨੂੰ ਜਨਤਕ ਤੌਰ 'ਤੇ ਹਮਲੇ ਦਾ ਨਿਸ਼ਾਨਾ ਬਣਾ ਕੇ ਤਸੀਹੇ ਦਿੱਤੇ ਗਏ ਅਤੇ ਅਕਸਰ ਹੀ ਉਨ੍ਹਾਂ ਨੂੰ ਅਧਮੋਏ ਕਰਕੇ ਉਨ੍ਹਾਂ ਖੇਤਾਂ 'ਚ ਸੁੱਟ ਦਿੱਤਾ

ਜਾਂਦਾ ਸੀ ਜਿੱਥੇ ਉਹ ਕੰਮ ਕਰਦੇ ਸਨ। ਆਰਾਂ ਨਾਲ ਕਰੰਟ ਲਗਾਉਣ ਲਈ ਫ਼ੌਜੀ ਟਰੱਕਾਂ ਦੀਆਂ ਬੈਟਰੀਆਂ ਵਰਤਦੇ ਰਹੇ। ਕਿਸਾਨਾਂ ਦਾ ਸੰਦ ਆਰ ਉਨ੍ਹਾਂ ਦੇ ਖ਼ਿਲਾਫ਼ ਹੀ ਵਰਤਿਆ ਗਿਆ। ਇਸ ਸਮੇਂ, ਫ਼ੌਜੀ ਹਕੂਮਤ ਦੀਆਂ ਆਰਥਕ ਨੀਤੀਆਂ ਭੋਂਇ ਸਰਦਾਰਾਂ ਅਤੇ ਪਸ਼ੂ ਫਾਰਮਾਂ ਦੇ ਮਾਲਕਾਂ ਲਈ ਅਣਕਿਆਸੀ ਸੁਗਾਤ ਬਣ ਕੇ ਬਹੁੜੀਆਂ। ਅਰਜਨਟਾਈਨਾ 'ਚ ਮਾਰਤੀਨੇਜ਼ ਡੀ ਹੌਜ਼ ਨੇ ਮੀਟ ਦੀਆਂ ਕੀਮਤਾਂ ਨੂੰ ਕੰਟਰੋਲ ਮੁਕਤ ਕਰ ਦਿੱਤਾ ਸੀ। ਇਸ ਕਰਕੇ ਇਸ ਦਾ ਭਾਅ 700 ਫ਼ੀ ਸਦੀ ਤੋਂ ਵੀ ਵਧ ਗਿਆ, ਸਿੱਟੇ ਵਜੋਂ ਫਾਰਮਾਂ ਦੇ ਮਾਲਕਾਂ ਨੇ ਭਾਰੀ ਮੁਨਾਫ਼ੇ ਕਮਾਏ।[50]

ਗਰੀਬ ਬਸਤੀਆਂ 'ਚ, ਅਗਾਊਂ ਹਮਲਿਆਂ ਦਾ ਨਿਸ਼ਾਨਾ ਲੋਕ ਭਲਾਈ ਦੇ ਕੰਮ 'ਚ ਜੁਟੇ ਕਾਰਕੁਨ ਬਣੇ। ਇਨ੍ਹਾਂ ਵਿਚੋਂ ਬਹੁਤ ਸਾਰੇ ਗਿਰਜਾਘਰਾਂ ਨਾਲ ਸਬੰਧਤ ਸਨ ਜੋ ਸਮਾਜ ਦੇ ਸਭ ਤੋਂ ਗਰੀਬ ਹਿੱਸਿਆਂ ਨੂੰ ਸਿਹਤ ਸਹੂਲਤਾਂ, ਘਰ ਅਤੇ ਸਿੱਖਿਆ ਦੀਆਂ ਮੰਗਾਂ ਲਈ ਜਥੇਬੰਦ ਕਰਦੇ ਸਨ। ਦੂਜੇ ਲਫ਼ਜ਼ਾਂ 'ਚ, ਸ਼ਿਕਾਗੋ ਵਾਲੇ ਮੁੰਡੇ "ਕਲਿਆਣਕਾਰੀ ਰਾਜ" ਦਾ ਭੋਗ ਪਾ ਰਹੇ ਸਨ। ਇਕ ਅਰਜਨਟਾਈਨੀ ਡਾਕਟਰ ਨੌਵਰਟੋ ਲਿਵਸਕੀ ਨੇ ਦੱਸਿਆ, "ਉਹ ਨਾਲੇ ਮੇਰੇ ਮਸੂੜਿਆਂ, ਛਾਤੀ ਦੇ ਨਿੱਪਲਾਂ, ਗੁਪਤ ਅੰਗਾਂ, ਪੇਟ ਅਤੇ ਕੰਨਾਂ ਉੱਪਰ ਕਰੰਟ ਲਾ ਰਹੇ ਸਨ ਅਤੇ ਨਾਲੇ ਕਹਿ ਰਹੇ ਸਨ ਕਿ ਹੁਣ ਕੋਈ ਗਰੀਬਾਂ ਦੀ ਸਾਰ ਲੈਣ ਵਾਲਾ ਨਹੀਂ ਰਹੇਗਾ।"[51]

ਇਕ ਅਰਜਨਟਾਈਨੀ ਪਾਦਰੀ ਜੋ ਫ਼ੌਜੀ ਹਕੂਮਤ ਨਾਲ ਮਿਲਿਆ ਹੋਇਆ ਸੀ ਉਸ ਨੇ ਹੁਕਮਰਾਨਾਂ ਦੀ ਰਾਹ-ਦਰਸਾਵਾ ਫ਼ਿਲਾਸਫ਼ੀ ਇਸ ਤਰ੍ਹਾਂ ਬਿਆਨ ਕੀਤੀ : "ਦੁਸ਼ਮਣ ਮਾਰਕਸਵਾਦ ਸੀ। ਇੰਞ ਕਹਿ ਲਉ, ਗਿਰਜਾਘਰ ਦਾ ਮਾਰਕਸਵਾਦ। ਅਤੇ ਦੇਸ਼ ਦੀ ਨਵੀਂ ਪੀੜ੍ਹੀ ਖ਼ਤਰੇ 'ਚ ਸੀ।"[52] "ਨਵੀਂ ਪੀੜ੍ਹੀ ਨੂੰ ਖ਼ਤਰੇ" ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਐਨੀ ਵੱਡੀ ਗਿਣਤੀ 'ਚ ਨੌਜਵਾਨ ਫ਼ੌਜੀ ਹਕੂਮਤਾਂ ਦੇ ਜ਼ੁਲਮਾਂ ਦਾ ਸ਼ਿਕਾਰ ਕਿਉਂ ਹੋਏ। ਅਰਜਨਟਾਈਨਾ 'ਚ, ਲਾਪਤਾ ਕੀਤੇ ਗਏ ਤੀਹ ਹਜ਼ਾਰ ਲੋਕਾਂ ਵਿਚੋਂ 81 ਫ਼ੀ ਸਦੀ ਦੀ ਉਮਰ ਸੋਲਾਂ ਤੋਂ ਤੀਹ ਸਾਲ ਦੇ ਦਰਮਿਆਨ ਸੀ।[53] ਤਸੀਹੇ ਦੇਣ ਵਾਲੇ ਇਕ ਅਰਜਨਟਾਈਨੀ ਅਧਿਕਾਰੀ ਨੇ ਤਸੀਹੇ ਭੁਗਤ ਰਹੇ ਇਕ ਵਿਅਕਤੀ ਨੂੰ ਦੱਸਿਆ ਸੀ "ਅਸੀਂ ਹੁਣ ਅਗਲੇ ਵੀਹ ਸਾਲਾਂ ਦਾ ਕੰਮ ਕਰ ਰਹੇ ਹਾਂ।"[54]

ਸਭ ਤੋਂ ਛੋਟੀ ਉਮਰ ਦੇ ਪੀੜਤਾਂ 'ਚ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਇਕ ਟੋਲੀ ਵੀ ਸੀ ਜੋ ਸਤੰਬਰ 1976 'ਚ ਬੱਸਾਂ ਦੇ ਕਿਰਾਏ ਘਟਾਉਣ ਦੀ ਮੰਗ ਕਰਨ ਲਈ ਜੁੜੇ ਸਨ। ਫ਼ੌਜੀ ਹਕੂਮਤ ਲਈ, ਸਮੂਹਿਕ ਕਾਰਵਾਈ ਦਾ ਅਰਥ ਸੀ ਇਨ੍ਹਾਂ ਗਭਰੇਟਾਂ ਨੂੰ ਮਾਰਕਸਵਾਦ ਦੀ ਛੂਤ ਚਿੰਬੜ ਗਈ ਹੈ। ਹਾਕਮ ਗੁੱਸੇ ਨਾਲ ਭੜਕ ਉੱਠੇ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਮੰਗ ਦਾ ਜਵਾਬ ਉਨ੍ਹਾਂ ਦਾ ਘਾਣ ਕਰਕੇ ਦਿੱਤਾ। ਉਨ੍ਹਾਂ ਨੂੰ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ ਅਤੇ ਛੇ ਵਿਦਿਆਰਥੀ ਕਤਲ ਕਰ ਦਿੱਤੇ ਗਏ ਜਿਨ੍ਹਾਂ ਨੇ ਇਹ 'ਭੰਨਤੋੜਵਾਦੀ' ਬੇਨਤੀ ਕਰਨ ਦਾ ਜੇਰਾ ਕੀਤਾ ਸੀ।[55] ਪੁਲਿਸ ਕਮਿਸ਼ਨਰ ਮਿਗੂਅਲ ਓਸਵਾਲਦੋ ਇਚੈਕੋਲੇਜ਼ ਇਸ ਕਾਂਡ 'ਚ ਸ਼ਾਮਲ ਮੁੱਖ ਸਰਗਨਿਆਂ ਵਿਚੋਂ ਇਕ ਸੀ। ਆਖ਼ਿਰ 2006 'ਚ ਉਸ ਨੂੰ ਸਜ਼ਾ ਮਿਲੀ।

ਇਨ੍ਹਾਂ ਲਾਪਤਾ ਮਾਮਲਿਆਂ ਦਾ ਨਮੂਨਾ ਸਪਸ਼ਟ ਸੀ : ਜੇ ਸਦਮਾ ਡਾਕਟਰ ਆਰਥਿਕਤਾ ਵਿਚੋਂ ਸਾਂਝੀਵਾਲਤਾ ਦੀ ਰਹਿੰਦ-ਖੂੰਹਦ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਜੁਟੇ ਹੋਏ ਸਨ ਤਾਂ ਹਮਲੇ ਕਰਨ ਵਾਲੇ ਫ਼ੌਜੀ ਦਸਤੇ ਸੜਕਾਂ, ਯੂਨੀਵਰਸਿਟੀਆਂ ਅਤੇ ਫੈਕਟਰੀਆਂ ਵਿਚੋਂ ਸਾਂਝ ਦੀ ਇਸ ਫ਼ਿਤਰਤ ਦਾ ਨਾਂ ਨਿਸ਼ਾਨ ਮਿਟਾ ਰਹੇ ਸਨ।

ਜਦੋਂ ਇਸ ਆਰਥਕ ਰੱਦੋਬਦਲ ਦੀਆਂ ਮੂਹਰਲੀਆਂ ਸਫ਼ਾਂ 'ਚ ਕੰਮ ਕਰਨ ਵਾਲੇ ਅਵੇਸਲੇ ਹੋ ਗਏ ਤਾਂ ਉਨ੍ਹਾਂ ਵਿਚੋਂ ਕੁਝ ਨੇ ਮੰਨਿਆ ਕਿ ਆਪਣੇ ਮਕਸਦ ਪੂਰੇ ਕਰਨ ਲਈ ਜਨਤਕ ਜਬਰ

ਢਾਹੁਣਾ ਉਨ੍ਹਾਂ ਦੀ ਜ਼ਰੂਰਤ ਸੀ। ਬਰਸਨ ਮਾਰਸਟੈਲਰ ਪਬਲਿਕ ਰਿਲੇਸ਼ਨਜ਼ ਕੰਪਨੀ ਦੇ ਪ੍ਰਬੰਧਕੀ ਅਧਿਕਾਰੀ ਵਿਕਟਰ ਇਮੈਨੂਅਲ ਦੀ ਜ਼ਿੰਮੇਵਾਰੀ ਬਾਹਰੀ ਦੁਨੀਆਂ ਨੂੰ ਇਹ ਜਚਾਉਣਾ ਸੀ ਕਿ ਅਰਜਨਟਾਈਨਾ ਦੇ ਨਵੇਂ ਫ਼ੌਜੀ ਗੁੱਟ ਦਾ ਨਵੀਂ ਕਿਸਮ ਦਾ ਸਰਮਾਏਦਾਰੀ ਨਿਜ਼ਾਮ ਕਿਓਂ ਜ਼ਰੂਰੀ ਸੀ। ਉਸ ਨੇ ਇਕ ਖੋਜ ਕਰਤਾ ਨੂੰ ਦੱਸਿਆ ਕਿ "ਸੁਰੱਖਿਆ ਬੰਦਸ਼ਾਂ 'ਚ ਬੱਝੀ, ਅਰਜਨਟਾਈਨਾ ਦੀ ਰਾਜ ਦੇ ਕੰਟਰੋਲ ਵਾਲੀ" ਆਰਥਿਕਤਾ ਦੇ ਦਰਵਾਜ਼ੇ ਚੌਪਟ ਖੋਲ੍ਹਣ ਲਈ ਹਿੰਸਾ ਜ਼ਰੂਰੀ ਸੀ। ਉਸ ਨੇ ਦੱਸਿਆ, "ਅਸਲ ਵਿਚ ਖ਼ਾਨਾਜੰਗੀ 'ਚ ਉਲਝੇ ਦੇਸ਼ ਅੰਦਰ ਕੋਈ ਵੀ ਪੂੰਜੀ-ਨਿਵੇਸ਼ ਨਹੀਂ ਕਰੇਗਾ।" ਪਰ ਉਸ ਨੇ ਮੰਨਿਆ ਕਿ ਮਰਨ ਵਾਲੇ ਸਿਰਫ਼ ਛਾਪਾਮਾਰ ਹੀ ਨਹੀਂ ਸਨ। ਉਸ ਨੇ ਲੇਖਕ ਮਾਰਗਰਿਤ ਫੇਤਲੋਵਿਜ਼ ਨੂੰ ਦੱਸਿਆ। "ਸ਼ਾਇਦ ਬਹੁਤ ਸਾਰੇ ਨਿਰਦੋਸ਼ ਲੋਕ ਵੀ ਮਾਰੇ ਗਏ, ਪਰ ਹਾਲਤ ਅਨੁਸਾਰ ਭਾਰੀ ਤਾਕਤ ਵਰਤੋਂ 'ਚ ਲਿਆਉਣਾ ਜ਼ਰੂਰੀ ਸੀ।"[56]

ਪਿਨੋਚੇ ਦਾ ਸ਼ਿਕਾਗੋ ਸਕੂਲ ਵਾਲਾ ਆਰਥਕ ਮੰਤਰੀ ਸਰਜੀਓ ਡੀ ਕਾਸਤਰੋ ਸਦਮਾ ਇਲਾਜ ਲਾਗੂ ਕਰਨ ਦਾ ਨਿਗਰਾਨ ਸੀ। ਉਸ ਨੇ ਦੱਸਿਆ ਕਿ ਜੇ ਉਸ ਨੂੰ ਪਿਨੋਚੇ ਦੇ ਜਬਰ ਦੀ ਹਮਾਇਤ ਨਾ ਮਿਲਦੀ ਤਾਂ ਉਹ ਇਹ ਕਦੇ ਵੀ ਨੇਪਰੇ ਨਹੀਂ ਚਾੜ੍ਹ ਸਕਦਾ ਸੀ। "ਲੋਕ ਰਾਏ ਸਾਡੇ ਬਹੁਤ ਜ਼ਿਆਦਾ ਖ਼ਿਲਾਫ਼ ਸੀ, ਇਸ ਕਰਕੇ ਨੀਤੀ ਨੂੰ ਲਾਗੂ ਕਰਨ ਲਈ ਸਾਨੂੰ ਮਜ਼ਬੂਤ ਸ਼ਖਸੀਅਤਾਂ ਦੀ ਲੋੜ ਸੀ। ਸਾਡੀ ਖੁਸ਼ਕਿਸਮਤੀ ਸੀ ਕਿ ਰਾਸ਼ਟਰਪਤੀ ਪਿਨੋਚੇ ਇਸ ਜ਼ਰੂਰਤ ਨੂੰ ਸਮਝਦਾ ਸੀ ਅਤੇ ਉਸ 'ਚ ਆਲੋਚਨਾ ਦਾ ਸਾਹਮਣਾ ਕਰਨ ਦਾ ਮਾਦਾ ਸੀ।" ਉਸ ਨੇ ਇਹ ਵੀ ਕਿਹਾ ਕਿ "ਆਪਾਸ਼ਾਹ ਸਰਕਾਰ" ਵਲੋਂ ਤਾਕਤ ਦੀ "ਗ਼ੈਰਵਿਅਕਤੀਗਤ ਹਿੱਤ" ਲਈ ਵਰਤੋਂ ਕਾਰਨ ਇਹ ਆਰਥਕ ਆਜ਼ਾਦੀ ਦੀ ਰਾਖੀ ਕਰਨ ਲਈ ਸਭ ਤੋਂ ਢੁੱਕਵੀਂ ਹੈ।[57]

ਜਿਵੇਂ ਰਾਜਕੀ ਦਹਿਸ਼ਤ ਦੇ ਬਹੁਤੇ ਮਾਮਲਿਆਂ 'ਚ ਵਾਪਰਿਆ, ਇਨ੍ਹਾਂ ਕਤਲਾਂ ਦਾ ਦੂਹਰਾ ਮਕਸਦ ਸੀ। ਪਹਿਲਾ, ਇਨ੍ਹਾਂ ਨੇ ਪ੍ਰਾਜੈਕਟ ਦੀਆਂ ਰੁਕਾਵਟਾਂ—ਉਹ ਲੋਕ ਜਿਨ੍ਹਾਂ ਦੇ ਵਿਰੋਧ ਕਰਨ ਦੀ ਵੱਧ ਸੰਭਾਵਨਾ ਸੀ—ਦੂਰ ਕਰ ਦਿੱਤੀਆਂ। ਦੂਜਾ, "ਗੜਬੜ ਕਰਨ ਵਾਲਿਆਂ" ਨੂੰ ਸਾਰਿਆਂ ਦੀਆਂ ਅੱਖਾਂ ਮੂਹਰੇ ਅਗਵਾ ਕਰਕੇ ਗਾਇਬ ਕਰ ਦੇਣ ਦਾ ਤੱਥ ਉਨ੍ਹਾਂ ਸਾਰਿਆਂ ਲਈ ਸਪਸ਼ਟ ਚੇਤਾਵਨੀ ਸੀ ਜੋ ਵਿਰੋਧ ਕਰਨ ਦੀ ਸੋਚ ਰੱਖਦੇ ਸਨ, ਇਸ ਨਾਲ ਭਵਿੱਖ ਦੇ ਅੜਿੱਕੇ ਦੂਰ ਹੋ ਗਏ।

ਇਸ ਦਾ ਡੂੰਘਾ ਅਸਰ ਪਿਆ। ਚਿੱਲੀ ਦੇ ਮਨੋਰੋਗ ਡਾਕਟਰ ਮਾਰਕੋ ਅਨਤੋਨੀਓ ਡੀ ਲਾ ਪਾਰਾ ਨੇ ਉਸ ਸਮੇਂ ਦੀ ਹਾਲਤ ਇਸ ਤਰ੍ਹਾਂ ਬਿਆਨ ਕੀਤੀ, "ਅਸੀਂ ਡੌਰ-ਭੌਰ ਅਤੇ ਦੁਖੀ ਸੀ, ਕੈਲੀ ਗਊ ਬਣ ਕੇ ਹੁਕਮ ਉਡੀਕਦੇ ਸੀ—ਲੋਕਾਂ ਦੀ ਸੂਝ ਜਵਾਬ ਦੇ ਗਈ ਸੀ; ਉਹ ਹੋਰ ਨਿਰਭਰ ਅਤੇ ਭੈਭੀਤ ਹੋ ਗਏ ਸਨ।"[58] ਦੂਜੇ ਲਫ਼ਜ਼ਾਂ 'ਚ, ਉਹ ਸਦਮੇ 'ਚ ਸਨ। ਇਸ ਲਈ, ਜਦੋਂ ਆਰਥਕ ਸਦਮਿਆਂ ਨਾਲ ਕੀਮਤਾਂ ਵਧ ਗਈਆਂ ਅਤੇ ਉਜਰਤਾਂ ਘਟ ਗਈਆਂ ਤਾਂ ਚਿੱਲੀ, ਅਰਜਨਟਾਈਨਾ ਅਤੇ ਉਰੂਗੁਏ ਦੀਆਂ ਸੜਕਾਂ ਸੁੰਨੀਆਂ ਅਤੇ ਖ਼ਾਮੋਸ਼ ਰਹੀਆਂ। ਖਾਣੇ ਪਿੱਛੇ ਕੋਈ ਦੰਗੇ-ਫ਼ਸਾਦ ਨਹੀਂ ਹੋਏ, ਕੋਈ ਆਮ ਹੜਤਾਲਾਂ ਨਹੀਂ ਹੋਈਆਂ। ਪਰਿਵਾਰ ਚੁੱਪ ਕਰਕੇ ਭੁੱਖ ਨਾਲ ਘੁਲਦੇ ਰਹਿੰਦੇ, ਆਪਣੇ ਬੱਚਿਆਂ ਨੂੰ ਰਵਾਇਤੀ ਚਾਹ ਪਿਆ ਦਿੰਦੇ ਜਿਸ ਨਾਲ ਉਨ੍ਹਾਂ ਦੀ ਭੁੱਖ ਮਰੀ ਰਹਿੰਦੀ। ਪਹੁ ਫੁੱਟਣ ਤੋਂ ਪਹਿਲਾਂ ਹੀ ਉਹ ਕੰਮ 'ਤੇ ਨਿੱਕਲ ਜਾਂਦੇ ਅਤੇ ਘੰਟਿਆਂ ਬੱਧੀ ਪੈਦਲ ਚੱਲ ਕੇ ਬੱਸ ਦਾ ਕਿਰਾਇਆ ਬਚਾਉਂਦੇ। ਜੋ ਕੁਪੋਸ਼ਣ ਜਾਂ ਟਾਈਫਾਈਡ ਨਾਲ ਮਰ ਜਾਂਦੇ, ਉਨ੍ਹਾਂ ਨੂੰ ਚੁਪ ਚੁਪੀਤੇ ਦਫ਼ਨਾ ਦਿੱਤਾ ਜਾਂਦਾ।

ਇਕ ਦਹਾਕਾ ਪਹਿਲਾਂ ਦੱਖਣੀ ਤਿਕੋਨ ਦੇ ਦੇਸ਼ਾਂ ਦੇ ਸਨਅਤੀ ਖੇਤਰ ਤੇਜ਼ੀ ਨਾਲ ਵਧ-ਫੁੱਲ ਰਹੇ ਸਨ। ਮੱਧ ਵਰਗ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਸਿਹਤ ਤੇ ਸਿੱਖਿਆ

ਸੇਵਾਵਾਂ ਮਜ਼ਬੂਤ ਸਨ। ਇਹ ਵਿਕਾਸਸ਼ੀਲ ਦੇਸ਼ਾਂ ਲਈ ਆਸ ਦੀ ਕਿਰਨ ਬਣੇ ਹੋਏ ਸਨ। ਹੁਣ ਲੋਕ ਅਮੀਰ ਅਤੇ ਗਰੀਬ ਦੋ ਵੱਖੋ ਵੱਖਰੇ ਸੰਸਾਰਾਂ 'ਚ ਜੀਅ ਰਹੇ ਸਨ, ਧਨਾਢ ਲੋਕ ਫਲੋਰਿਡਾ ਸੂਬੇ 'ਚ ਸਨਮਾਨਯੋਗ ਨਾਗਰਿਕਤਾ ਹਾਸਲ ਕਰ ਰਹੇ ਸਨ ਅਤੇ ਬਾਕੀਆਂ ਨੂੰ ਦੁਬਾਰਾ ਹੇਠਲੀ ਵਿਕਾਸ ਪੱਧਰ 'ਚ ਧੱਕਿਆ ਜਾ ਰਿਹਾ ਸੀ। ਇਹ ਅਮਲ ਤਾਨਾਸ਼ਾਹੀ ਤੋਂ ਬਾਅਦ ਦੇ ਦੌਰ ਦੀ ਨਵ-ਉਦਾਰਵਾਦੀ "ਢਾਂਚਾ ਢਲਾਈ" 'ਚ ਹੋਰ ਡੂੰਘਾ ਹੁੰਦਾ ਜਾਣਾ ਸੀ। ਇਹ ਦੇਸ਼ ਹੁਣ ਪ੍ਰੇਰਨਾ ਸਰੋਤ ਨਹੀਂ ਰਹੇ ਸਨ। ਇਹ ਤਾਂ ਹੁਣ ਉਨ੍ਹਾਂ ਗਰੀਬ ਦੇਸ਼ਾਂ ਲਈ ਭਿਆਨਕ ਚੇਤਾਵਨੀ ਬਣੇ ਹੋਏ ਸਨ ਜੋ ਸੋਚਦੇ ਹੋਣਗੇ ਕਿ ਉਹ ਤੀਜੀ ਦੁਨੀਆਂ ਤੋਂ ਉੱਚੇ ਉੱਠ ਸਕਦੇ ਹਨ। ਇਹ ਉਸੇ ਤਰ੍ਹਾਂ ਦੀ ਤਬਦੀਲੀ ਸੀ ਜਿਸ ਤਰ੍ਹਾਂ ਦੀ ਤਬਦੀਲੀ ਵਿਚੋਂ ਫ਼ੌਜੀ ਹਕੂਮਤਾਂ ਦੇ ਤਸੀਹਾ ਕੇਂਦਰਾਂ ਅੰਦਰ ਕੈਦੀ ਲੰਘ ਰਹੇ ਸਨ : ਭੇਦ ਉਗਲ ਦੇਣਾ ਕਾਫ਼ੀ ਨਹੀਂ ਸੀ—ਕੈਦੀਆਂ ਨੂੰ ਆਪਣੇ ਸਭ ਤੋਂ ਪਿਆਰੇ ਅਕੀਦੇ ਤਿਆਗਣ ਲਈ, ਆਪਣੇ ਪਿਆਰਿਆਂ ਅਤੇ ਬੱਚਿਆਂ ਨਾਲ ਧ੍ਰੋਹ ਕਮਾਉਣ ਲਈ ਮਜਬੂਰ ਕੀਤਾ ਜਾਂਦਾ ਸੀ। ਜਿਹੜੇ ਝੁਕ ਜਾਂਦੇ ਸਨ ਉਨ੍ਹਾਂ ਨੂੰ ਪਾਲਤੂ (quebrado) ਕਿਹਾ ਜਾਂਦਾ ਸੀ। ਦੱਖਣੀ ਤਿਕੋਨ ਖੇਤਰ ਦੀ ਇਹ ਹਾਲਤ ਹੋ ਗਈ ਸੀ : ਖੇਤਰ ਮਹਿਜ਼ ਹਾਰਿਆ ਨਹੀਂ ਸੀ, ਇਸ ਨੂੰ ਪਾਲਤੂ ਬਣਾ ਲਿਆ ਗਿਆ ਸੀ।

ਤਸੀਹਿਆਂ ਰਾਹੀਂ "ਇਲਾਜ"

ਨੀਤੀਆਂ ਨੇ ਸੱਭਿਆਚਾਰ ਵਿਚੋਂ ਸਾਂਝੀਵਾਲਤਾ ਨੂੰ ਨੇਸਤੋਨਾਬੂਦ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜੇਲ੍ਹ ਅੰਦਰ ਤਸੀਹਿਆਂ ਰਾਹੀਂ ਇਸ ਨੂੰ ਮਨ ਅਤੇ ਰੂਹ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ ਗਈ। ਅਰਜਨਟਾਈਨੀ ਫ਼ੌਜ ਹਕੂਮਤ ਨੇ 1976 'ਚ ਬੇਸ਼ਰਮੀ ਨਾਲ ਸੰਪਾਦਕੀ ਟਿੱਪਣੀ ਕੀਤੀ ਸੀ, "ਮਨਾਂ ਦੀ ਸਫ਼ਾਈ ਵੀ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਇੱਥੋਂ ਹੀ ਗ਼ਲਤੀ ਦਾ ਜਨਮ ਹੋਇਆ ਸੀ।"[59]

ਕਈ ਤਸੀਹੇ ਦੇਣ ਵਾਲਿਆਂ ਨੇ ਇਕ ਡਾਕਟਰ ਜਾਂ ਸਰਜਨ ਵਾਲਾ ਅੰਦਾਜ਼ ਅਖ਼ਤਿਆਰ ਕਰ ਲਿਆ। ਸ਼ਿਕਾਗੋ ਵਾਲੇ ਅਰਥਸ਼ਾਸਤਰੀਆਂ ਵਾਂਗ ਇਨ੍ਹਾਂ ਨੇ ਕਸ਼ਟਦਾਇਕ ਪਰ ਲਾਜ਼ਮੀ ਸਦਮਾ ਇਲਾਜ ਦੀ ਮਦਦ ਲੈ ਕੇ ਇਹ ਕਲਪਨਾ ਕੀਤੀ ਕਿ ਉਨ੍ਹਾਂ ਵਲੋਂ ਦਿੱਤੇ ਜਾ ਰਹੇ ਕਰੰਟ ਦੇ ਸਦਮੇ ਅਤੇ ਹੋਰ ਤਸੀਹੇ ਇਲਾਜ ਦਾ ਕੰਮ ਕਰਦੇ ਹਨ—ਕਿ ਉਹ ਤਾਂ ਆਪਣੇ ਕੈਦੀਆਂ ਨੂੰ ਇਕ ਤਰ੍ਹਾਂ ਦੀ ਦਵਾਈ ਦੇ ਰਹੇ ਹਨ। ਜੇਲ੍ਹਾਂ ਅੰਦਰ ਕੈਦੀਆਂ ਦਾ ਜ਼ਿਕਰ ਅਕਸਰ ਹੀ ਗੰਦੇ ਜਾਂ ਰੋਗੀ ਕਹਿਕੇ ਕੀਤਾ ਜਾਂਦਾ ਸੀ। ਉਨ੍ਹਾਂ ਦੀ ਸੋਚ ਸੀ ਕਿ ਉਹ ਮਰੀਜ਼ਾਂ ਦੀ ਸਮਾਜਵਾਦ ਦੀ, ਸਮੂਹਿਕ ਕਾਰਵਾਈ ਪ੍ਰਤੀ ਉਕਸਾਹਟ ਦੀ ਬੀਮਾਰੀ ਦੂਰ ਕਰ ਦੇਣਗੇ।• ਉਨ੍ਹਾਂ ਦੇ "ਇਲਾਜ" ਨਿਸ਼ਚਿਤ ਸਨ : ਇਹ ਖ਼ਤਰਨਾਕ ਸਾਬਤ ਵੀ ਹੋ ਸਕਦੇ ਸਨ—ਪਰ ਇਹ ਮਰੀਜ਼ ਦੇ ਭਲੇ ਦੇ ਨਾਂ ਹੇਠ ਕੀਤਾ

• ਇਸ ਨਾਲ ਕਰੰਟ ਲਾ ਕੇ ਇਲਾਜ ਦੀ ਵਿਧੀ ਪੂਰਾ ਚੱਕਰ ਲਾ ਕੇ ਆਪਣੇ ਮੁੱਢਲੇ ਰੂਪ ਭਾਵ ਮਾੜੀਆਂ ਰੂਹਾਂ ਦੇ ਪ੍ਰਭਾਵ ਖ਼ਤਮ ਕਰਨ ਦੀ ਵਿਧੀ ਵਾਲੇ ਮੁੱਢਲੇ ਪੜਾਅ 'ਤੇ ਪਹੁੰਚ ਗਈ। ਇਲਾਜ ਦੇ ਰੂਪ 'ਚ ਕਰੰਟ ਲਾਉਣ ਦੀ ਪਹਿਲੀ ਮਿਸਾਲ ਇਕ ਸਵਿਸ ਡਾਕਟਰ ਦੀ ਸੀ ਜੋ 1700 'ਚ ਇਸ ਦੀ ਵਰਤੋਂ ਆਪਣੀ ਪ੍ਰੈਕਟਿਸ 'ਚ ਕਰਿਆ ਕਰਦਾ ਸੀ। ਇਸ ਵਿਸ਼ਵਾਸ ਨਾਲ ਕਿ ਮਾਨਸਿਕ ਬੀਮਾਰੀ ਦਾ ਕਾਰਨ ਸ਼ੈਤਾਨ ਦਾ ਪਹਿਰਾ ਹੈ, ਉਹ ਮਰੀਜ਼ਾਂ ਨੂੰ ਤਾਰ ਲਗਾ ਦਿੰਦਾ ਜੋ ਸਿੱਧੀ ਬਿਜਲੀ ਦੀ ਮਸ਼ੀਨ ਨਾਲ ਲਗਾਈ ਹੁੰਦੀ ਸੀ; ਹਰੇਕ ਮਰੀਜ਼ ਨੂੰ ਕਰੰਟ ਲਾਇਆ ਜਾਂਦਾ। ਫੇਰ ਐਲਾਨ ਕਰ ਦਿੱਤਾ ਜਾਂਦਾ ਕਿ ਉਹ ਰਾਜ਼ੀ ਹੋ ਗਿਆ ਹੈ।

ਜਾ ਰਿਹਾ ਸੀ। ਪਿਨੋਚੇ ਨੇ ਮਨੁੱਖੀ ਹੱਕਾਂ ਦੀ ਕਾਰਗੁਜ਼ਾਰੀ ਬਾਰੇ ਆਪਣੀ ਨੁਕਤਾਚੀਨੀ ਦਾ ਬੇਸਬਰਿਆਂ ਵਾਂਗ ਜਵਾਬ ਦਿੰਦੇ ਹੋਏ ਕਿਹਾ ਸੀ, "ਜੇ ਤੁਹਾਡੀ ਇਕ ਬਾਂਹ 'ਚ ਗੈਂਗਰੀਨ ਹੈ, ਤੁਹਾਨੂੰ ਇਹ ਕੱਟਣੀ ਪਵੇਗੀ, ਹੈ ਨਾ ? "[60]

ਸਮੁੱਚੇ ਖੇਤਰ ਦੀਆਂ ਤੱਥ ਖੋਜ ਰਿਪੋਰਟਾਂ 'ਚ ਗਵਾਹੀ ਦੇਣ ਸਮੇਂ ਕੈਦੀ ਐਸੇ ਪ੍ਰਬੰਧ ਬਾਰੇ ਦੱਸਦੇ ਸਨ ਜੋ ਉਨ੍ਹਾਂ ਨੂੰ ਉਸ ਸਿਧਾਂਤ ਦਾ ਤਿਆਗ ਕਰਨ ਲਈ ਮਜਬੂਰ ਕਰਨ ਲਈ ਬਣਾਇਆ ਹੋਇਆ ਸੀ, ਸਿਧਾਂਤ ਜੋ ਕੈਦੀਆਂ ਦੀ ਸਵੈ ਬਾਰੇ ਸੋਝੀ ਦਾ ਸਭ ਤੋਂ ਅਨਿੱਖੜ ਅੰਗ ਸੀ। ਲਾਤੀਨੀ ਅਮਰੀਕਾ ਦੇ ਜ਼ਿਆਦਾਤਰ ਖੱਬਿਆਂ ਲਈ ਇਹ ਸਭ ਤੋਂ ਪਿਆਰਾ ਸਿਧਾਂਤ ਸੀ ਜਿਸ ਨੂੰ ਅਰਜਨਟਾਈਨਾ ਦੇ ਤਿੱਖੇ ਵਿਚਾਰਾਂ ਵਾਲੇ ਇਤਿਹਾਸਕਾਰ ਓਸਵਾਲਦੋ ਬੇਅਰ ਨੇ "ਇਕਮੁੱਠਤਾ ਇਕੋ ਇਕ ਗੂੜ੍ਹ ਬ੍ਰਹਮ ਗਿਆਨ" ਕਿਹਾ ਸੀ।[61] ਤਸੀਹੇ ਦੇਣ ਵਾਲੇ ਇਕਮੁੱਠਤਾ ਦੀ ਅਹਿਮੀਅਤ ਭਲੀਭਾਂਤ ਸਮਝਦੇ ਸਨ; ਅਤੇ ਉਨ੍ਹਾਂ ਨੇ ਆਪਣੇ ਕੈਦੀਆਂ ਦੀ ਆਪਸੀ ਸਮਾਜਿਕ ਸਾਂਝ ਦੀ ਉਕਸਾਹਟ ਨੂੰ ਸੱਟ ਮਾਰਨ ਦਾ ਰਾਹ ਫੜ ਲਿਆ। ਬੇਸ਼ੱਕ ਕੁਲ ਤਸੀਹਿਆਂ ਦਾ ਮਕਸਦ ਅਹਿਮ ਜਾਣਕਾਰੀ ਹਾਸਲ ਕਰਨਾ ਅਤੇ ਗ਼ੱਦਾਰੀ ਕਰਨ ਲਈ ਮਜਬੂਰ ਕਰਨਾ ਹੁੰਦਾ ਹੈ, ਪਰ ਕਈ ਕੈਦੀ ਦੱਸਦੇ ਹਨ ਕਿ ਉਨ੍ਹਾਂ ਨੂੰ ਤਸੀਹੇ ਦੇਣ ਵਾਲਿਆਂ ਦੀ ਦਿਲਚਸਪੀ ਜਾਣਕਾਰੀ ਹਾਸਲ ਕਰਨ 'ਚ ਓਨੀ ਨਹੀਂ ਸੀ ਜਿੰਨੀ ਗ਼ੱਦਾਰੀ ਕਰਵਾਉਣ 'ਚ। ਜਾਣਕਾਰੀ ਤਾਂ ਆਮ ਤੌਰ 'ਤੇ ਉਨ੍ਹਾਂ ਨੂੰ ਪਹਿਲਾਂ ਹੀ ਸੀ। ਉਨ੍ਹਾਂ ਦਾ ਤੰਗ ਕਰਨ ਦਾ ਮਕਸਦ ਕੈਦੀਆਂ ਦੀ ਹਸਤੀ ਦੇ ਉਸ ਹਿੱਸੇ ਨੂੰ ਨਾ ਪੂਰਿਆ ਜਾਣ ਵਾਲਾ ਨੁਕਸਾਨ ਪਹੁੰਚਾਉਣਾ ਸੀ ਜਿਸ ਹਿੱਸੇ ਦਾ ਸਭ ਤੋਂ ਵੱਧ ਦੂਜਿਆਂ ਦੀ ਸਹਾਇਤਾ ਕਰਨ 'ਚ ਵਿਸ਼ਵਾਸ ਸੀ, ਜਿਹੜੀ ਚੀਜ਼ ਨੇ ਉਨ੍ਹਾਂ ਨੂੰ ਕਾਰਕੁਨ ਬਣਾਇਆ ਸੀ। ਇਸ ਦੀ ਥਾਂ ਉਹ ਉਨ੍ਹਾਂ ਨੂੰ ਸ਼ਰਮ ਅਤੇ ਜ਼ਲਾਲਤ 'ਚ ਡੁਬੋ ਦੇਣਾ ਚਾਹੁੰਦੇ ਸਨ।

ਕਈ ਵਾਰ ਗ਼ੱਦਾਰੀ ਕੈਦੀ ਦੇ ਬਿਲਕੁਲ ਵੱਸ ਦੀ ਗੱਲ ਨਹੀਂ ਰਹਿੰਦੀ ਸੀ। ਮਿਸਾਲ ਵਜੋਂ ਅਰਜਨਟਾਈਨੀ ਕੈਦੀ ਮਾਰੀਓ ਵਿਲਾਨੀ ਨੂੰ ਜਦੋਂ ਅਗਵਾ ਕੀਤਾ ਗਿਆ, ਉਸ ਕੋਲੋਂ ਉਨ੍ਹਾਂ ਨੂੰ ਉਸ ਦੇ ਕੰਮਾਂ ਦੀ ਸੂਚੀ ਮਿਲ ਗਈ। ਇਸ ਵਿਚ ਉਸ ਮੀਟਿੰਗ 'ਚ ਬੁਲਾਏ ਜਾਣ ਵਾਲੇ ਵਿਅਕਤੀਆਂ ਦਾ ਵੇਰਵਾ ਸੀ ਜਿਸ ਦੀ ਯੋਜਨਾ ਉਸ ਨੇ ਆਪਣੇ ਇਕ ਮਿੱਤਰ ਨਾਲ ਮਿਲ ਕੇ ਵਿਉਂਤੀ ਸੀ। ਫ਼ੌਜੀ ਉਸ ਥਾਂ ਜਾ ਪੁੱਜੇ ਅਤੇ ਇਕ ਹੋਰ ਕਾਰਕੁਨ (ਜਾਰਜ) ਜ਼ਾਲਮ ਮਸ਼ੀਨਰੀ ਨੇ ਅਗਵਾ ਕਰ ਲਿਆ। ਵਿਲਾਨੀ ਤੋਂ ਪੁੱਛਗਿੱਛ ਕਰਨ ਵਾਲਿਆਂ ਨੇ ਤਸੀਹੇ ਦੇਣ ਸਮੇਂ ਉਸ ਜਾਣਕਾਰੀ ਨੂੰ ਵਰਤਿਆ ਜੋ "ਉਨ੍ਹਾਂ ਨੇ ਜਾਰਜ ਤੋਂ ਹਾਸਲ ਕਰ ਲਈ ਸੀ ਕਿਉਂਕਿ ਉਸ ਨੇ ਮੇਰੇ ਨਾਲ ਸਮਾਂ ਰੱਖਿਆ ਹੋਇਆ ਸੀ। ਉਹ ਜਾਣਦੇ ਸਨ ਕਿ ਮੈਨੂੰ ਇਹ ਦੱਸਣ ਦਾ ਅਸਰ ਮੇਰੇ 'ਤੇ 220 ਵੋਲਟ ਦੇ ਕਰੰਟ ਤੋਂ ਵੀ ਵੱਧ ਭੈੜਾ ਹੋਵੇਗਾ। ਉਹ ਤੁਹਾਨੂੰ ਉਸ ਨਾਲੋਂ ਵੱਧ ਪਛਤਾਵਾ ਕਰਨ ਦੀ ਹਾਲਤ 'ਚ ਸੁੱਟ ਦੇਂਦੇ ਜਿੰਨਾ ਕਿ ਤੁਸੀਂ ਕਰ ਸਕਦੇ ਹੋ।"[62]

ਇਸ ਹਾਲਤ 'ਚ ਅਖ਼ੀਰਲੀ ਬਾਗ਼ੀ ਕਾਰਵਾਈ ਕੈਦੀਆਂ ਦੇ ਆਪੋ ਵਿਚ ਹਮਦਰਦੀ ਭਰੇ ਨਿੱਕੇ ਨਿੱਕੇ ਇਜ਼ਹਾਰ ਹੀ ਹੁੰਦੇ ਹਨ, ਜਿਵੇਂ ਇਕ ਦੂਜੇ ਦੇ ਜ਼ਖ਼ਮਾਂ ਨੂੰ ਸਹਿਲਾਉਣਾ ਜਾਂ ਜਿੰਨਾ ਕੁ ਅੰਨ-ਪਾਣੀ ਮਿਲੇ ਉਹ ਆਪੋ 'ਚ ਵੰਡ ਕੇ ਛਕ ਲੈਣਾ। ਜੇ ਅਜਿਹੇ ਸਨੇਹ ਦੀ ਭਿਣਕ ਪੈ ਜਾਂਦੀ ਤਾਂ ਕੈਦੀਆਂ ਨੂੰ ਭਾਰੀ ਸਜ਼ਾ ਭੁਗਤਣੀ ਪੈਂਦੀ। ਉਨ੍ਹਾਂ ਨੂੰ ਵੱਧ ਤੋਂ ਵੱਧ ਸਵਾਰਥੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਉਨ੍ਹਾਂ ਨੂੰ ਲਗਾਤਾਰ ਲਾਲਚ ਦੀ ਪੇਸ਼ਕਸ਼ ਕੀਤੀ ਜਾਂਦੀ। ਮਿਸਾਲ ਵਜੋਂ ਉਨ੍ਹਾਂ ਨੂੰ ਕਿਹਾ ਜਾਂਦਾ ਕਿ ਤੂੰ ਖ਼ੁਦ ਵੱਧ ਤਸੀਹੇ ਝੱਲਣੇ ਹਨ ਜਾਂ ਨਾਲ ਦੇ ਕੈਦੀ ਨੂੰ ਹੋਰ ਤਸੀਹੇ ਦੇਣੇ ਹਨ ਇਸ ਵਿਚੋਂ ਇਕ ਚੁਣ ਲੈ। ਕੁਝ ਮਾਮਲਿਆਂ 'ਚ ਕੈਦੀ ਐਨਾ ਟੁੱਟ ਜਾਂਦੇ ਸਨ ਕਿ ਉਹ

ਆਪਣੇ ਨਾਲ ਦੇ ਕੈਦੀਆਂ ਦੇ ਕਰੰਟ ਲਾਉਣ ਜਾਂ ਟੈਲੀਵਿਜ਼ਨ 'ਤੇ ਜਾ ਕੇ ਆਪਣੇ ਵਿਚਾਰਾਂ ਤੋਂ ਤੋਬਾ ਕਰਨੀ ਮੰਨ ਜਾਂਦੇ। ਇਹ ਕੈਦੀ ਤਸੀਹੇ ਦੇਣ ਵਾਲਿਆਂ ਦੇ ਆਪਣੇ ਮਕਸਦ 'ਚ ਕਾਮਯਾਬ ਹੋ ਜਾਣ ਦਾ ਪ੍ਰਤੀਕ ਸਨ: ਕੈਦੀਆਂ ਨੇ ਸਿਰਫ਼ ਇਕ ਦੂਜੇ ਨਾਲ ਹਮਦਰਦੀ ਦਿਖਾਉਣੀ ਹੀ ਬੰਦ ਨਹੀ ਕੀਤੀ ਸਗੋਂ ਆਪਣੀ ਜਾਨ ਬਚਾਉਣ ਲਈ ਖੁੱਲ੍ਹੀ ਮੰਡੀ ਮਾਰਕਾ ਸਰਮਾਏਦਾਰੀ ਦੀ ਗਲ ਵੱਢ ਫ਼ਿਤਰਤ ਦੇ ਢਹੇ ਵੀ ਚੜ੍ਹ ਗਏ—ਆਈ ਟੀ ਟੀ ਦੇ ਕਾਰਜਕਾਰੀ ਅਧਿਕਾਰੀ ਦੇ ਕਹਿਣ ਅਨੁਸਾਰ ਉਹ "ਪਹਿਲੀ ਤਰਜੀਹ ਲੱਭਣ ਲੱਗੇ।"•[63]

ਦੱਖਣੀ ਤਿਕੋਨ ਦੇਸ਼ਾਂ 'ਚ ਕੰਮ ਕਰਨ ਵਾਲੇ ਦੋਵੇਂ ਤਰ੍ਹਾਂ ਦੇ ਸਦਮਾ "ਡਾਕਟਰਾਂ"—ਫ਼ੌਜੀ ਜਰਨੈਲਾਂ ਅਤੇ ਅਰਥਸ਼ਾਸਤਰੀਆਂ—ਨੇ ਆਪਣੇ ਕੰਮ ਬਾਰੇ ਇਕੋ ਜਹੇ ਅਲੰਕਾਰ ਵਰਤੇ। ਫਰਾਇਡਮੈਨ ਨੇ ਚਿੱਲੀ 'ਚ ਆਪਣੀ ਭੂਮਿਕਾ ਦੀ ਤੁਲਨਾ ਇਕ ਡਾਕਟਰ ਨਾਲ ਕੀਤੀ ਜੋ "ਸਿੱਕੇ ਦੇ ਫੈਲਾਅ ਦੀ ਪਲੇਗ ਦਾ ਖ਼ਾਤਮਾ ਕਰਨ 'ਚ ਚਿੱਲੀ ਦੀ ਸਰਕਾਰ ਦੀ ਮਦਦ ਕਰਨ ਲਈ ਤਕਨੀਕੀ ਡਾਕਟਰੀ ਮਸ਼ਵਰੇ ਦੇ ਰਿਹਾ ਸੀ।"[64] ਸ਼ਿਕਾਗੋ ਯੂਨੀਵਰਸਿਟੀ ਵਿਖੇ ਲਾਤੀਨੀ ਅਮਰੀਕੀ ਪ੍ਰੋਗਰਾਮ ਦਾ ਮੁਖੀ ਅਰਨੌਲਡ ਹਾਰਬਰਜ਼ਰ ਤਾਂ ਇਸ ਪੱਖੋਂ ਹੋਰ ਵੀ ਅੱਗੇ ਨਿਕਲ ਗਿਆ। ਤਾਨਾਸ਼ਾਹੀ ਦੇ ਖ਼ਾਤਮੇ ਤੋਂ ਕਾਫ਼ੀ ਸਮਾਂ ਬਾਅਦ, ਅਰਜਨਟਾਈਨਾ ਦੇ ਨੌਜਵਾਨ ਅਰਥਸ਼ਾਸਤਰੀਆਂ ਨੂੰ ਸੰਬੋਧਨ ਕਰਦਿਆਂ ਉਸ ਨੇ ਨਸੀਹਤ ਦਿੱਤੀ ਕਿ ਵਧੀਆ ਅਰਥਸ਼ਾਸਤਰੀ ਆਪਣੇ ਆਪ 'ਚ ਹੀ ਇਲਾਜ ਹਨ—ਉਹ ਖੁੱਲ੍ਹੀ ਮੰਡੀ "ਆਰਥਿਕਤਾ ਦੇ ਵਿਰੋਧੀ ਵਿਚਾਰਾਂ ਅਤੇ ਨੀਤੀਆਂ ਦਾ ਮੁਕਾਬਲਾ ਕਰਨ ਲਈ ਬੀਮਾਰੀ ਨਾਲ ਲੜਨ ਵਾਲੇ ਸਰੀਰਕ ਤੱਤਾਂ" ਵਾਲਾ ਕੰਮ ਕਰਦੇ ਹਨ।[65] ਅਰਜਨਟਾਈਨਾ ਦੀ ਫ਼ੌਜੀ ਹਕੂਮਤ ਦੇ ਬਦੇਸ਼ ਮੰਤਰੀ ਸੀਜ਼ਰ ਆਗਸਤੋ ਗੁਜ਼ੈਤੀ ਨੇ ਕਿਹਾ ਸੀ ਕਿ "ਜਦੋਂ ਦੇਸ਼ ਦੀ ਸਮਾਜਿਕ ਦੇਹ ਨੂੰ ਅੰਦਰੋ ਅੰਦਰੀ ਖਾ ਜਾਣ ਵਾਲੀ ਬੀਮਾਰੀ ਚਿੰਬੜ ਜਾਵੇ ਤਾਂ

• ਬੰਦੇ ਦੀ ਹਸਤੀ ਨੂੰ ਤਬਾਹ ਕਰਨ ਦੇ ਉਦੇਸ਼ ਦਾ ਅਜੋਕਾ ਇਜ਼ਹਾਰ ਉਹ ਤਰੀਕਾ ਹੈ ਜੋ ਅੱਜਕੱਲ੍ਹ ਅਮਰੀਕਾ ਵਲੋਂ ਚਲਾਈਆਂ ਜਾ ਰਹੀਆਂ ਜੇਲ੍ਹਾਂ 'ਚ ਮੁਸਲਮਾਨ ਕੈਦੀਆਂ ਖ਼ਿਲਾਫ਼ ਵਰਤਿਆ ਜਾ ਰਿਹਾ ਹੈ। ਅਬੂ ਗ਼ਰੇਬ ਅਤੇ ਗੁਆਂਟਾਨਾਮੋ ਤੋਂ ਜੋ ਬੇਸ਼ੁਮਾਰ ਸਬੂਤ ਬਾਹਰ ਆਏ ਹਨ ਉਨ੍ਹਾਂ ਤੋਂ ਦੋ ਤਰ੍ਹਾਂ ਦੀ ਬਦਤਮੀਜ਼ੀ ਵਾਰ ਵਾਰ ਸਾਹਮਣੇ ਆਉਂਦੀ ਹੈ : ਨੰਗਾ ਰੱਖਣਾ ਅਤੇ ਇਸਲਾਮਿਕ ਮਰਯਾਦਾ ਦੀ ਜਾਣ-ਬੁੱਝ ਕੇ ਬੇਅਦਬੀ ਕਰਨਾ। ਜਿਵੇਂ ਕੈਦੀਆਂ ਦੀਆਂ ਦਾੜ੍ਹੀਆਂ ਜਬਰੀ ਮੁੰਨਣਾ, ਕੁਰਾਨ ਨੂੰ ਠੁੱਡੇ ਮਾਰਨਾ, ਕੈਦੀਆਂ ਉੱਪਰ ਮਾਹਵਾਰੀ ਦਾ ਨਕਲੀ ਖ਼ੂਨ ਸੁੱਟਣਾ, ਕੈਦੀਆਂ ਨੂੰ ਇਸਰਾਇਲੀ ਝੰਡੇ 'ਚ ਲਪੇਟਣਾ, ਕੈਦੀਆਂ ਨੂੰ ਸਮਲਿੰਗੀ ਹਰਕਤਾਂ ਕਰਨ ਲਈ ਮਜਬੂਰ ਕਰਕੇ ਉਨ੍ਹਾਂ ਦੀਆਂ ਤਸਵੀਰਾਂ ਲੈ ਲੈਣਾ। ਗੁਆਂਟਾਨਾਮੋ ਦਾ ਇਕ ਸਾਬਕਾ ਕੈਦੀ ਮੁਅੱਜ਼ਮ ਸੇਗ ਦੱਸਦਾ ਹੈ ਕਿ ਉਸ ਦੀ ਦਾੜ੍ਹੀ ਵਾਰ ਵਾਰ ਧੱਕੇ ਨਾਲ ਮੁੰਨ ਦਿੱਤੀ ਜਾਂਦੀ ਅਤੇ ਸੰਤਰੀ ਕਹਿੰਦਾ, "ਇਹ ਤੁਹਾਨੂੰ ਮੁਸਲਿਆਂ ਨੂੰ ਇਸਲਾਮ ਦਾ ਤੋਹਫ਼ਾ ਹੈ, ਹੈ ਨਾ ?" ਇਸਲਾਮ ਦੀ ਬੇਅਦਬੀ ਇਸ ਕਰਕੇ ਨਹੀਂ ਕੀਤੀ ਜਾਂਦੀ ਕਿ ਸੰਤਰੀ ਇਸ ਧਰਮ ਨੂੰ ਨਫ਼ਰਤ ਕਰਦੇ ਹਨ (ਹਾਲਾਂਕਿ ਇਹ ਹੋ ਹੀ ਸਕਦਾ ਹੈ) ਸਗੋਂ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਇਹ ਕੈਦੀਆਂ ਨੂੰ ਪਿਆਰਾ ਹੈ। ਤਸੀਹਿਆਂ ਦਾ ਮੰਤਵ ਸ਼ਖਸੀਅਤ ਨੂੰ ਦੁਬਾਰਾ ਘੜਨਾ ਹੋਣ ਕਾਰਨ, ਜੋ ਕੁਝ ਵੀ ਕੈਦੀ ਦੀ ਸ਼ਖਸੀਅਤ ਦਾ ਹਿੱਸਾ ਸੀ ਉਸ ਨੂੰ ਉਸ ਤੋਂ ਗਿਣ-ਮਿੱਥ ਕੇ ਵਾਂਝਾ ਕਰਨਾ ਜ਼ਰੂਰੀ ਸੀ—ਕੱਪੜਿਆਂ ਤੋਂ ਲੈ ਕੇ ਮਨਪਸੰਦ ਅਕੀਦਿਆਂ ਤੱਕ ਹਰ ਚੀਜ਼। ਸੱਤਰਵਿਆਂ 'ਚ ਇਸ ਦਾ ਅਰਥ ਸੀ ਸਮਾਜ ਪ੍ਰਤੀ ਹਮਦਰਦੀ 'ਤੇ ਹਮਲਾ; ਅੱਜ ਇਸ ਦਾ ਅਰਥ ਹੈ ਇਸਲਾਮ 'ਤੇ ਹਮਲਾ।

ਦੇਹ ਬੀਮਾਰੀ ਨਾਲ ਲੜਨ ਵਾਲੇ ਸਰੀਰਕ ਤੱਤ ਖ਼ੁਦ ਹੀ ਪੈਦਾ ਕਰ ਲੈਂਦੀ ਹੈ। ਇਨ੍ਹਾਂ ਤੱਤਾਂ ਨੂੰ ਉਵੇਂ ਨਹੀਂ ਲਿਆ ਜਾ ਸਕਦਾ ਜਿਵੇਂ ਬੀਮਾਰੀ ਦੇ ਕੀਟਾਣੂਆਂ ਨੂੰ ਲਿਆ ਜਾਂਦਾ ਹੈ। ਜਿਉਂ ਹੀ ਸਰਕਾਰ ਛਾਪਾਮਾਰਾਂ 'ਤੇ ਕਾਬੂ ਪਾ ਕੇ ਇਨ੍ਹਾਂ ਦਾ ਖ਼ਾਤਮਾ ਕਰ ਦਿੰਦੀ ਹੈ, ਇਸ ਦੀ ਇਨ੍ਹਾਂ ਤੱਤਾਂ ਵਾਲੀ ਭੂਮਿਕਾ ਵੀ ਅਲੋਪ ਹੋ ਜਾਵੇਗੀ ਜਿਵੇਂ ਪਹਿਲਾਂ ਹੀ ਵਾਪਰ ਰਿਹਾ ਹੈ। ਇਹ ਬੀਮਾਰ ਦੇਹੀ ਦਾ ਸੁਭਾਵਿਕ ਪ੍ਰਤੀਕਰਮ ਹੀ ਤਾਂ ਹੈ।"[66]

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਭਾਸ਼ਾ ਦਾ ਬੌਧਿਕ ਉਸਾਰ ਉਸੇ ਤਰ੍ਹਾਂ ਦਾ ਹੈ ਜੋ ਨਾਜ਼ੀਆਂ ਨੂੰ ਇਹ ਦਲੀਲ ਦੇਣ ਦੀ ਖੁੱਲ੍ਹ ਦਿੰਦਾ ਸੀ ਕਿ ਸਮਾਜ ਦੇ "ਰੋਗੀ" ਹਿੱਸਿਆਂ ਨੂੰ ਕਤਲ ਕਰਕੇ ਉਹ "ਕੌਮੀ ਦੇਹ" ਨੂੰ ਤੰਦਰੁਸਤ ਕਰ ਰਹੇ ਹਨ। ਜਿਵੇਂ ਨਾਜ਼ੀ ਡਾਕਟਰ ਫਰਿਟਜ਼ ਕਲੇਨ ਨੇ ਦਾਅਵਾ ਕੀਤਾ ਸੀ, "ਮੈਂ ਜ਼ਿੰਦਗੀ ਨੂੰ ਬਚਾਉਣਾ ਚਾਹੁੰਦਾ ਹਾਂ। ਮਨੁੱਖੀ ਜ਼ਿੰਦਗੀ ਲਈ ਸਤਿਕਾਰ ਦੀ ਖ਼ਾਤਰ, ਮੈਂ ਰੋਗੀ ਦੇਹ ਵਿਚੋਂ ਪਲਮ ਮਾਰੀ ਅਪੈਂਡਿਕਸ ਕੱਢ ਦਿਆਂਗਾ। ਯਹੂਦੀ ਮਨੁੱਖਤਾ ਦੀ ਦੇਹੀ 'ਚ ਪਲਮ ਮਾਰੀ ਅਪੈਂਡਿਕਸ ਹੀ ਹਨ।" ਕੰਬੋਡੀਆ 'ਚ ਕਤਲੇਆਮ ਨੂੰ ਜਾਇਜ਼ ਠਹਿਰਾਉਣ ਲਈ ਖਮੇਰ ਰੂਜ ਵੀ ਇਹੋ ਬੋਲੀ ਬੋਲਦੇ ਸਨ : "ਜਿਸ ਨੂੰ ਛੂਤ ਚਿੰਬੜੀ ਹੋਵੇ ਉਸ ਨੂੰ ਕੱਟ ਕੇ ਸੁੱਟਣਾ ਜ਼ਰੂਰੀ ਹੈ।"[67]

"ਸਹਿਜ" ਔਲਾਦ

ਅਰਜਨਟਾਈਨਾ ਦੀ ਫ਼ੌਜੀ ਹਕੂਮਤ ਦੇ ਤਸੀਹਾ ਕੇਂਦਰਾਂ 'ਚ ਬੱਚਿਆਂ ਨਾਲ ਜੋ ਸਲੂਕ ਕੀਤਾ ਜਾਂਦਾ ਸੀ ਉਸ ਤੋਂ ਵੱਧ ਰੌਂਗਟੇ ਖੜ੍ਹੇ ਕਰਨ ਵਾਲੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਸਮਝੌਤਾ ਕਹਿੰਦਾ ਹੈ ਕਿ ਨਸਲਕੁਸ਼ੀ ਦੀਆਂ ਅਲਾਮਤਾਂ 'ਚ ਇਨ੍ਹਾਂ ਸ਼ਕਲਾਂ ਵਾਲੀ ਨਸਲਕੁਸ਼ੀ ਵੀ ਸ਼ਾਮਲ ਹੈ "ਖ਼ਾਸ ਸਮੂਹ ਦੇ ਅੰਦਰ ਬੱਚੇ ਜੰਮਣ ਤੋਂ ਰੋਕਣ ਦੇ ਉਦੇਸ਼ ਨਾਲ ਰੋਕਥਾਮ ਦੇ ਢੰਗ ਜਬਰੀ ਅਪਨਾਉਣਾ" ਅਤੇ "ਇਕ ਸਮੂਹ ਦੇ ਬੱਚੇ ਜ਼ਬਰਦਸਤੀ ਦੂਜੇ ਸਮੂਹ 'ਚ ਰਲਾਉਣਾ।"[68]

ਅਰਜਨਟਾਈਨਾ ਦੇ ਤਸੀਹਾ ਕੇਂਦਰਾਂ 'ਚ ਅੰਦਾਜ਼ਨ ਪੰਜ ਸੌ ਬੱਚਿਆਂ ਦਾ ਜਨਮ ਹੋਇਆ ਸੀ। ਇਨ੍ਹਾਂ ਬਾਲਾਂ ਨੂੰ ਝਟਪਟ ਸਮਾਜ ਨੂੰ ਮੁੜ ਘੜਨ ਅਤੇ ਆਦਰਸ਼ ਨਾਗਰਿਕਾਂ ਦੀ ਨਵੀਂ ਨਸਲ ਤਿਆਰ ਕਰਨ ਦੀ ਯੋਜਨਾ 'ਚ ਸ਼ਾਮਲ ਕਰ ਲਿਆ ਗਿਆ। ਥੋੜ੍ਹਾ ਸਮਾਂ ਪਰਵਰਿਸ਼ ਕਰਨ ਤੋਂ ਬਾਅਦ, ਸੈਂਕੜੇ ਬੱਚੇ ਤਾਨਾਸ਼ਾਹੀ ਨਾਲ ਸਿੱਧੇ ਰੂਪ 'ਚ ਜੁੜੇ ਪਰਿਵਾਰਾਂ ਨੂੰ ਜਾਂ ਤਾਂ ਵੇਚ ਦਿੱਤੇ ਗਏ ਜਾਂ ਉਂਵ ਹੀ ਦੇ ਦਿੱਤੇ ਗਏ। ਇਨ੍ਹਾਂ ਬੱਚਿਆਂ ਦੀ ਪਰਵਰਿਸ਼ ਸਰਮਾਏਦਾਰੀ ਅਤੇ ਈਸਾਈਅਤ ਦੀਆਂ ਉਨ੍ਹਾਂ ਕਦਰਾਂ-ਕੀਮਤਾਂ ਅਨੁਸਾਰ ਕੀਤੀ ਗਈ ਜਿਨ੍ਹਾਂ ਨੂੰ ਫ਼ੌਜੀ ਗੁੱਟ "ਸਹਿਜ" ਅਤੇ ਨਰੋਈਆਂ ਸਮਝਦਾ ਸੀ। ਮਨੁੱਖਾਂ ਹੱਕਾਂ ਦੀ ਸੰਸਥਾ *ਪਲਾਜ਼ਾ ਡੀ ਮਾਈਓ* ਦੀਆਂ ਮਾਵਾਂ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਇਨ੍ਹਾਂ ਦੇ ਵਿਰਸੇ ਬਾਰੇ ਕਦੇ ਨਹੀਂ ਦੱਸਿਆ ਜਾਂਦਾ ਸੀ। ਸੰਸਥਾ ਨੇ ਸਖ਼ਤ ਮਿਹਨਤ ਕਰਕੇ ਅਜਿਹੇ ਦਰਜਨਾਂ ਬੱਚਿਆਂ ਦਾ ਪਤਾ ਲਾਇਆ ਸੀ।[69] ਇਨ੍ਹਾਂ ਬੱਚਿਆਂ ਦੇ ਮਾਪੇ ਆਮ ਤੌਰ 'ਤੇ ਕੈਂਪਾਂ 'ਚ ਮਾਰ ਦਿੱਤੇ ਗਏ ਸਨ। ਕਿਉਂਕਿ ਉਨ੍ਹਾਂ ਬਾਰੇ ਸਮਝ ਇਹ ਬਣੀ ਹੋਈ ਸੀ ਕਿ ਉਹ ਐਨੇ ਜ਼ਿਆਦਾ ਰੋਗਗ੍ਰਸਤ ਹਨ ਕਿ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਦਾ। ਇਨ੍ਹਾਂ ਬੱਚਿਆਂ ਦੀ ਤਸਕਰੀ ਵਿਅਕਤੀਗਤ ਜ਼ੁਲਮ ਨਹੀਂ ਸੀ ਸਗੋਂ ਇਹ ਜਥੇਬੰਦ ਹਕੂਮਤੀ ਕਾਰਵਾਈ ਸੀ। ਅਦਾਲਤ ਵਿਚ ਇਕ ਮੁਕੱਦਮੇ ਸਮੇਂ ਗ੍ਰਹਿ ਵਿਭਾਗ ਦਾ 1977 ਦਾ ਇਕ ਸਰਕਾਰੀ ਦਸਤਾਵੇਜ਼ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ; ਇਸ ਦਾ ਸਿਰਲੇਖ ਸੀ "ਸਿਆਸੀ ਜਾਂ ਟਰੇਡ ਯੂਨੀਅਨ

ਆਗੂਆਂ ਦੇ ਜਿਨ੍ਹਾਂ ਨਬਾਲਗ ਬੱਚਿਆਂ ਦੇ ਮਾਪੇ ਜੇਲ੍ਹਾਂ 'ਚ ਹਨ ਜਾਂ ਲਾਪਤਾ ਹਨ ਉਨ੍ਹਾਂ ਦੀ ਪਰਵਰਿਸ਼ ਦੇ ਤਰੀਕਾਕਾਰ ਬਾਰੇ ਹਦਾਇਤਾਂ।"[70]

ਅਰਜਨਟਾਈਨਾ ਦੇ ਇਤਿਹਾਸ ਦੇ ਇਸ ਕਾਂਡ ਦੀਆਂ ਕੁਝ ਖ਼ੂਬੀਆਂ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ 'ਚ ਮੂਲਵਾਸੀ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਚੋਰੀ-ਛੁਪੇ ਦੂਰ ਕਰਨ ਨਾਲ ਬਹੁਤ ਜ਼ਿਆਦਾ ਮਿਲਦੀਆਂ-ਜੁਲਦੀਆਂ ਹਨ ਜਿੱਥੇ ਉਨ੍ਹਾਂ ਨੂੰ ਰਿਹਾਇਸ਼ੀ ਸਕੂਲਾਂ 'ਚ ਭੇਜਿਆ ਗਿਆ, ਮਾਂ ਬੋਲੀ ਬੋਲਣ ਤੋਂ ਰੋਕਿਆ ਗਿਆ ਅਤੇ ਜਬਰੀ "ਗੋਰੇ" ਬਣਾਇਆ ਗਿਆ। ਸੱਤਰਵਿਆਂ 'ਚ ਅਰਜਨਟਾਈਨਾ ਅੰਦਰ, ਸਪਸ਼ਟ ਤੌਰ 'ਤੇ ਅਜਿਹੀ ਸਰਬੋਤਮਵਾਦੀ ਦਲੀਲ ਪ੍ਰਚਲਤ ਸੀ ਜਿਸ ਦਾ ਅਧਾਰ ਨਸਲ ਨਹੀਂ ਸਗੋਂ ਸਿਆਸੀ ਵਿਸ਼ਵਾਸ, ਸੱਭਿਆਚਾਰ ਅਤੇ ਜਮਾਤ ਸੀ।

ਸਿਆਸੀ ਕਤਲੋਗ਼ਾਰਤ ਅਤੇ ਖੁੱਲ੍ਹੀ ਮੰਡੀ ਮਾਰਕਾ ਇਨਕਲਾਬ ਦੇ ਸਬੰਧਾਂ ਦਾ ਇਕ ਖ਼ਾਸ ਵੇਰਵਾ ਓਦੋਂ ਹੀ ਹਾਸਲ ਹੋ ਸਕਿਆ ਜਦੋਂ ਅਰਜਨਟਾਈਨੀ ਤਾਨਾਸ਼ਾਹੀ ਦੇ ਖ਼ਾਤਮੇ ਨੂੰ ਚਾਰ ਸਾਲ ਬੀਤ ਗਏ। 1987 'ਚ, ਇਕ ਫਿਲਮ ਬਣਾਉਣ ਵਾਲੀ ਟੋਲੀ ਬਿਓਨਸ ਏਅਰੀਸ ਦੇ ਇਕ ਸਭ ਤੋਂ ਅਮੀਰ ਇਲਾਕੇ 'ਚ ਬਣੇ ਸ਼ਾਪਿੰਗ ਮਾਲ ਦੇ ਭੋਰੇ 'ਚ ਸ਼ੂਟਿੰਗ ਕਰ ਰਹੀ ਸੀ। ਅਚਾਨਕ ਇਕ ਤਸੀਹਾ ਕੇਂਦਰ ਸਾਹਮਣੇ ਆ ਜਾਣ ਕਾਰਨ ਉਹ ਸੁੰਨ ਹੋ ਗਏ। ਘੋਖ ਕਰਨ 'ਤੇ ਪਤਾ ਲੱਗਿਆ ਕਿ ਤਾਨਾਸ਼ਾਹੀ ਸਮੇਂ, ਪਹਿਲੀ ਫ਼ੌਜ ਦੇ ਦਸਤਿਆਂ ਨੇ ਅਗਵਾ ਕਰਕੇ ਗਾਇਬ ਕੀਤੇ ਕੁਝ ਲੋਕਾਂ ਨੂੰ ਇਸ ਭੋਰੇ 'ਚ ਲੁਕੋਇਆ ਹੋਇਆ ਸੀ; ਬੰਦੀਖ਼ਾਨੇ ਦੀਆਂ ਕੰਧਾਂ ਉੱਪਰ ਉਨ੍ਹਾਂ ਕੈਦੀਆਂ ਨੇ ਆਪਣੇ ਨਾਂ, ਤਰੀਕਾਂ ਅਤੇ ਮਦਦ ਲਈ ਕੱਢੇ ਹਾੜੇ ਉੱਕਰੇ ਹੋਏ ਸਨ ਅਤੇ ਉਹ ਲੰਮਾ ਸਮਾਂ ਪਹਿਲਾਂ ਰੱਬ ਨੂੰ ਪਿਆਰੇ ਹੋ ਚੁੱਕੇ ਸਨ।[71]

ਹੁਣ ਇਹ ਗਾਲੇਰੀਅਸ ਪੈਸੀਫਿਕੋ, ਬਿਓਨਸ ਏਅਰੀਸ ਦੇ ਸ਼ਾਪਿੰਗ ਖੇਤਰ ਦਾ ਸਭ ਤੋਂ ਅਹਿਮ ਕੇਂਦਰ ਹੈ ਜੋ ਵਿਸ਼ਵੀ ਹੋ ਚੁੱਕੇ ਖਪਤਕਾਰੀ ਸਰਮਾਏ ਦੀ ਆਮਦ ਦਾ ਗਵਾਹ ਹੈ। ਹੁਣ ਇੱਥੇ ਕ੍ਰਿਸਟੀਅਨ ਡਿਓਰ ਤੋਂ ਲੈ ਕੇ ਰਾਲਫ ਲੈਰੇਨ ਅਤੇ ਨਾਈਕੇ ਤੱਕ, ਵੱਡੇ ਬਰੈਂਡ ਵਾਲੇ ਸਟੋਰਾਂ ਦੀ ਵਿਸ਼ਾਲ ਲੜੀ ਡਾਟਦਾਰ ਛੱਤਾਂ ਅਤੇ ਚਿੱਤਰਕਾਰੀ ਨਾਲ ਸਜੀ ਜਗਮਗ ਜਗਮਗ ਕਰਦੀ ਹੈ। ਭਾਰੂ ਬਹੁ-ਗਿਣਤੀ ਦੇਸ਼ ਵਾਸੀਆਂ ਦੀ ਜੇਬ੍ਹ ਉਨ੍ਹਾਂ ਨੂੰ ਇਨ੍ਹਾਂ ਵੱਲ ਮੂੰਹ ਕਰਨ ਦੀ ਇਜਾਜ਼ਤ ਨਹੀਂ ਦਿੰਦੀ ਪਰ ਇਸ ਦੇਸ਼ ਦੀ ਬੇਕਦਰੀ ਦੀ ਸ਼ਿਕਾਰ ਮੁਦਰਾ ਦਾ ਲਾਹਾ ਲੈਣ ਲਈ ਬਦੇਸ਼ੀ ਇੱਥੇ ਝੁਰਮਟ ਪਾਈ ਰੱਖਦੇ ਹਨ।

ਜਿਹੜੇ ਅਰਜਨਟਾਈਨੀ ਆਪਣਾ ਇਤਿਹਾਸ ਜਾਣਦੇ ਹਨ, ਉਨ੍ਹਾਂ ਲਈ ਇਹ ਵਿਸ਼ਾਲ ਮਾਲ ਰੌਂਗਟੇ ਖੜ੍ਹੇ ਕਰਨ ਵਾਲੀ ਯਾਦ ਹਨ। ਜਿਵੇਂ ਪੁਰਾਤਨ ਸਰਮਾਏਦਾਰੀ ਦੀ ਜਿੱਤ ਦੇਸ਼ ਦੇ ਮੂਲ ਵਾਸੀਆਂ ਦੇ ਜਨਤਕ ਕਬਰਸਤਾਨ ਉੱਪਰ ਉੱਸਰੀ ਸੀ ਉਸੇ ਤਰ੍ਹਾਂ ਲਾਤੀਨੀ ਅਮਰੀਕਾ 'ਚ ਸ਼ਿਕਾਗੋ ਸਕੂਲ ਦਾ ਪ੍ਰਾਜੈਕਟ ਖੁਫ਼ੀਆ ਕਤਲਗਾਹਾਂ 'ਤੇ ਉਸਰਿਆ ਸੀ ਜਿੱਥੇ ਵੱਖਰੀ ਤਰ੍ਹਾਂ ਦੇ ਦੇਸ਼ ਉਸਾਰਨ ਦੇ ਧਾਰਨੀ ਹਜ਼ਾਰਾਂ ਲੋਕਾਂ ਨੂੰ ਮਾਰ ਕੇ ਖਪਾ ਦਿੱਤਾ ਗਿਆ ਸੀ।

ਕਾਂਡ ਪੰਜਵਾਂ

‘‘ਪੂਰੀ ਤਰ੍ਹਾਂ ਗ਼ੈਰ ਸਬੰਧਤ’’

ਵਿਚਾਰਧਾਰਾ ਜੁਰਮਾਂ ਤੋਂ ਸੁਰਖ਼ਰੂ ਕਿਵੇਂ ਕੀਤੀ ਗਈ

ਮਿਲਟਨ (ਫਰਾਇਡਮੈਨ) ਇਸ ਸਚਾਈ ਦੀ ਸਾਕਾਰ ਮੂਰਤ ਹੈ ਕਿ ‘‘ਵਿਚਾਰ ਹਮੇਸ਼ਾ ਸਿੱਟਿਆਂ ਨੂੰ ਜਨਮ ਦਿੰਦੇ ਹਨ।’’
—ਡੋਨਾਲਡ ਰਮਜ਼ਫੈਲਡ, ਅਮਰੀਕੀ ਰੱਖਿਆ ਮੰਤਰੀ, ਮਈ 2002[1]

ਲੋਕ ਜੇਲ੍ਹਾਂ ’ਚ ਡੱਕੇ ਹੋਏ ਸਨ ਤਾਂ ਜੋ ਕੀਮਤਾਂ ਨੂੰ ਆਜ਼ਾਦ ਕੀਤਾ ਜਾ ਸਕੇ।
—ਐਡੂਆਰਡੋ ਗੈਲਿਆਨੋ, 1990[2]

ਥੋੜ੍ਹੇ ਸਮੇਂ ਲਈ ਤਾਂ ਇੰਝ ਲੱਗਦਾ ਸੀ ਕਿ ਦੱਖਣੀ ਤਿਕੋਨ ਦੇ ਦੇਸ਼ਾਂ ਦੇ ਜੁਰਮਾਂ ਨਾਲ ਕਲੰਕਤ ਨਵ-ਉਦਾਰਵਾਦੀ ਲਹਿਰ ਨੇ ਆਪਣੀ ਪਲੇਠੀ ਪ੍ਰਯੋਗਸ਼ਾਲਾ ਤੋਂ ਬਾਹਰ ਫੈਲਣ ਤੋਂ ਪਹਿਲਾਂ ਹੀ ਬੁਰੀ ਤਰ੍ਹਾਂ ਬਦਨਾਮੀ ਖੱਟ ਲਈ ਹੈ। ਮਿਲਟਨ ਫਰਾਇਡਮੈਨ ਵਲੋਂ 1975 ’ਚ ਚਿੱਲੀ ’ਚ ਫੇਰੀ ਪਾਉਣ ਤੋਂ ਬਾਅਦ *ਨਿਊ ਯਾਰਕ ਟਾਈਮਜ਼* ਦੇ ਕਾਲਮਨਵੀਸ ਅਨਤੋਨੀ ਲੂਇਸ ਨੇ ਇਕ ਸਧਾਰਨ ਪਰ ਵਿਚਾਰ ਉਕਸਾਊ ਸਵਾਲ ਪੁੱਛਿਆ ਸੀ : ‘‘ਜੇ ਸ਼ਿਕਾਗੋ ਸਕੂਲ ਦਾ ਖ਼ਾਲਸ ਆਰਥਕ ਸਿਧਾਂਤ ਚਿੱਲੀ ਵਿਚ ਜਬਰ ਦੀ ਕੀਮਤ ’ਤੇ ਲਾਗੂ ਕੀਤਾ ਜਾ ਸਕਦਾ ਹੈ, ਕੀ ਇਸ ਦੇ ਰਚੇਤਾ ਇਸ ਦੀ ਕੋਈ ਜ਼ਿੰਮੇਵਾਰੀ ਮਹਿਸੂਸ ਕਰਦੇ ਹਨ ? ’’[3]

ਔਰਲੈਂਡੋ ਲੇਤੇਲੀਅਰ ਦੇ ਕਤਲ ਤੋਂ ਬਾਅਦ, ਜਨਤਾ ’ਚ ਬੁਨਿਆਦੀ ਕੰਮ ਕਰਨ ਵਾਲੇ ਕਾਰਕੁਨਾਂ ਨੇ ਉਸ ਸੱਦੇ ਦੀ ਜ਼ਿੰਮੇਵਾਰੀ ਓਟ ਲਈ ਜਿਸ ਵਿਚ ਲੇਤੇਲੀਅਰ ਨੇ ਕਿਹਾ ਸੀ ਕਿ ਚਿੱਲੀ ਦੇ ਆਰਥਕ ਇਨਕਲਾਬ ਦੇ ‘‘ਰਚੇਤਾ ਬੁੱਧੀਜੀਵੀ’’ ਨੂੰ ਮਨੁੱਖੀ ਜਾਨਾਂ ਦੀ ਉਸ ਕੀਮਤ ਲਈ ਜ਼ਿੰਮੇਵਾਰ ਜ਼ਰੂਰ ਠਹਿਰਾਇਆ ਜਾਣਾ ਚਾਹੀਦਾ ਹੈ ਜੋ ਉਸ ਦੀਆਂ ਨੀਤੀਆਂ ਨੇ ਵਸੂਲ ਕੀਤੀ ਹੈ। ਉਨ੍ਹਾਂ ਸਾਲਾਂ ਵਿਚ ਮਿਲਟਨ ਫਰਾਇਡਮੈਨ ਇਕ ਵੀ ਤਕਰੀਰ ਐਸੀ ਨਹੀਂ ਕਰ ਸਕਿਆ ਜਿੱਥੇ ਉਸ ਨੂੰ ਲੇਤੇਲੀਅਰ ਦਾ ਹਵਾਲਾ ਦੇ ਕੇ ਕਿਸੇ ਨੇ ਟੋਕਿਆ ਨਾ ਹੋਵੇ। ਜਿਨ੍ਹਾਂ ਬਹੁਤ ਸਾਰੇ ਸਮਾਗਮਾਂ ’ਚ ਉਸ ਦਾ ਸਨਮਾਨ ਕੀਤਾ ਜਾਣਾ ਸੀ ਉੱਥੇ ਉਹ ਲੰਗਰ ਵਾਲੇ ਪਾਸਿਉਂ ਵੜ ਕੇ ਅੰਦਰ ਜਾਣ ਲਈ ਮਜਬੂਰ ਹੁੰਦਾ ਰਿਹਾ।

ਸ਼ਿਕਾਗੋ ਯੂਨੀਵਰਸਿਟੀ ਦੇ ਵਿਦਿਆਰਥੀ ਫ਼ੌਜੀ ਹਕੂਮਤ ਨਾਲ ਆਪਣੇ ਪ੍ਰੋਫੈਸਰਾਂ ਦੀ ਸਾਂਝ-ਭਿਆਲੀ ਦਾ ਪਤਾ ਲੱਗਣ ’ਤੇ ਐਨੇ ਪ੍ਰੇਸ਼ਾਨ ਹੋਏ ਕਿ ਉਨ੍ਹਾਂ ਨੇ ਅਕਾਦਮਿਕ ਜਾਂਚ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਕੁਝ ਸਿੱਖਿਆ ਸ਼ਾਸਤਰੀਆਂ ਨੇ ਉਨ੍ਹਾਂ ਦੀ ਹਮਾਇਤ ਕੀਤੀ, ਇਨ੍ਹਾਂ ਵਿਚੋਂ ਆਸਟਰੀਆ ਦਾ ਅਰਥਸ਼ਾਸਤਰੀ ਗੇਰਹਾਰਡ ਟਿੰਟਨਰ ਵੀ ਸੀ ਜੋ 1930ਵਿਆਂ ਵਿਚ ਯੂਰਪੀ ਫਾਸ਼ੀਵਾਦ ਤੋਂ ਬਚ ਕੇ ਅਮਰੀਕਾ ਚਲਾ ਗਿਆ ਸੀ। ਟਿੰਟਨਰ ਨੇ ਚਿੱਲੀ ਵਿਚ ਪਿਨੋਚੇ ਦੇ ਰਾਜ ਦੀ ਤੁਲਨਾ ਜਰਮਨੀ ਦੇ ਨਾਜ਼ੀ ਰਾਜ ਨਾਲ ਕੀਤੀ ਅਤੇ ਉਸ ਨੇ ਫਰਾਇਡਮੈਨ ਵਲੋਂ ਪਿਨੋਚੇ ਦੀ ਹਮਾਇਤ ਕਰਨ ਦਾ ਮੁਕਾਬਲਾ ਉਨ੍ਹਾਂ ਤਕਨੀਕੀ ਮਾਹਰਾਂ ਨਾਲ ਕੀਤਾ ਜੋ ਜਰਮਨੀ ਦੀ ਫਾਸ਼ੀ ਹਕੂਮਤ ’ਚ ਭਿਆਲ ਰਹੇ ਸਨ। (ਫਰਾਇਡਮੈਨ ਨੇ ਉਲਟਾ ਆਪਣੇ ਆਲੋਚਕਾਂ ਉੱਪਰ

“ਨਾਜ਼ੀਵਾਦੀ” ਹੋਣ ਦਾ ਇਲਜ਼ਾਮ ਥੱਪਿਆ।)[4]

ਫਰਾਇਡਮੈਨ ਅਤੇ ਅਰਨੌਲਡ ਹਾਰਬਰਜ਼ਰ ਦੋਵੇਂ ਲਾਤੀਨੀ ਅਮਰੀਕਾ ਦੇ ਸ਼ਿਕਾਗੋ ਵਾਲੇ ਮੁੰਡਿਆਂ ਵਲੋਂ ਕੀਤੇ ਆਰਥਕ ਚਮਤਕਾਰਾਂ ਉੱਪਰ ਬਹੁਤ ਹੁੱਬਦੇ ਸਨ। 1982 ’ਚ *ਨਿਊਜ਼ ਵੀਕ* ’ਚ ਫਰਾਇਡਮੈਨ ਨੇ ਮਾਣਮੱਤੇ ਬਾਪ ਵਾਂਗ ਫੜ੍ਹ ਮਾਰੀ ਕਿ “ਸ਼ਿਕਾਗੋ ਵਾਲੇ ਮੁੰਡੇ ਸਿਰਮੌਰ ਬੌਧਿਕ ਅਤੇ ਪ੍ਰਬੰਧਕੀ ਲਿਆਕਤ, ਵਚਨਬਧਤਾ ਦੀ ਦਲੇਰੀ ਅਤੇ ਇਸ ਨੂੰ ਅਮਲ ’ਚ ਲਿਆਉਣ ਦੀ ਸਮਰਪਣ ਭਾਵਨਾ ਦਾ ਸੁਮੇਲ ਸਨ।” ਹਾਰਬਰਜ਼ਰ ਦਾ ਕਹਿਣਾ ਸੀ ਕਿ “ਮੈਂ ਜੋ ਕੁਝ ਲਿਖਿਆ ਹੈ ਉਸ ਤੋਂ ਵੱਧ ਮੈਨੂੰ ਆਪਣੇ ਵਿਦਿਆਰਥੀਆਂ ’ਤੇ ਮਾਣ ਹੈ। ਅਸਲ ਵਿਚ *ਲਾਤੀਨੋ* ਟੋਲੀ ਦੇ ਨਿਰਮਾਣ ’ਚ ਸਾਹਿਤ ਨਾਲੋਂ ਮੇਰਾ ਯੋਗਦਾਨ ਕਿਤੇ ਵਧੇਰੇ ਹੈ।”[5] ਪਰ ਜਦੋਂ ਇਨ੍ਹਾਂ ਦੇ ਸ਼ਾਗਿਰਦਾਂ ਦੇ “ਚਮਤਕਾਰਾਂ” ਦੀ ਮਨੁੱਖੀ ਕੀਮਤ ਦੀ ਪੜਤਾਲ ਦੀ ਗੱਲ ਤੁਰੀ ਤਾਂ ਦੋਵੇਂ ਆਪਣੇ ਯੋਗਦਾਨ ਤੋਂ ਇਕ ਦਮ ਮੁੱਕਰ ਗਏ।

ਫਰਾਇਡਮੈਨ ਨੇ *ਨਿਊਜ਼ ਵੀਕ* ’ਚ ਛਪਦੇ ਆਪਣੇ ਕਾਲਮ ’ਚ ਲਿਖਿਆ, “ਚਿੱਲੀ ਦੇ ਆਪਾਸ਼ਾਹ ਸਿਆਸੀ ਰਾਜ ਨਾਲ ਤਿੱਖੇ ਮਤਭੇਦ ਹੋਣ ਦੇ ਬਾਵਜੂਦ, ਮੈਂ ਨਹੀਂ ਸਮਝਦਾ ਕਿ ਅਰਥਸ਼ਾਸਤਰੀ ਵਜੋਂ ਚਿੱਲੀ ਦੀ ਸਰਕਾਰ ਨੂੰ ਤਕਨੀਕੀ ਆਰਥਕ ਮਸ਼ਵਰਾ ਦੇਣਾ ਕੋਈ ਮਾੜੀ ਗੱਲ ਹੈ।”[6]

ਆਪਣੀਆਂ ਯਾਦਾਂ ’ਚ ਫਰਾਇਡਮੈਨ ਨੇ ਦਾਅਵਾ ਕੀਤਾ ਕਿ ਪਿਨੋਚੇ ਨੇ ਪਹਿਲੇ ਦੋ ਸਾਲ ਆਰਥਿਕਤਾ ਦਾ ਪ੍ਰਬੰਧ ਖ਼ੁਦ ਹੀ ਚਲਾਉਣ ਦੀ ਕੋਸ਼ਿਸ਼ ਕੀਤੀ, ਅਤੇ “1975 ’ਚ ਜਦੋਂ ਸਿੱਕੇ ਦਾ ਫੈਲਾਅ ਹਾਲੇ ਵੀ ਹੋਈ ਜਾ ਰਿਹਾ ਸੀ ਅਤੇ ਆਲਮੀ ਮੰਦਵਾੜੇ ਕਾਰਨ ਚਿੱਲੀ ’ਚ ਵੀ ਆਰਥਕ ਮੰਦਵਾੜਾ ਫੈਲਣਾ ਸ਼ੁਰੂ ਹੋ ਗਿਆ ਸੀ ਓਦੋਂ ਜਰਨੈਲ ਪਿਨੋਚੇ ਨੇ ‘ਸ਼ਿਕਾਗੋ ਵਾਲੇ ਮੁੰਡਿਆਂ’ ਵੱਲ ਮੂੰਹ ਕੀਤਾ।”[7] ਇਹ ਸ਼ਰੇਆਮ ਝੂਠ ਸੀ—ਸ਼ਿਕਾਗੋ ਵਾਲੇ ਮੁੰਡੇ ਤਾਂ ਰਾਜ ਪਲਟਾ ਕੀਤੇ ਜਾਣ ਤੋਂ ਪਹਿਲਾਂ ਹੀ ਫ਼ੌਜ ਨਾਲ ਮਿਲ ਕੇ ਕੰਮ ’ਚ ਜੁੱਟੇ ਹੋਏ ਸਨ ਅਤੇ ਜਿਸ ਦਿਨ ਫ਼ੌਜੀ ਗੁੱਟ ਨੇ ਸੱਤਾ ’ਤੇ ਕਬਜ਼ਾ ਕੀਤਾ ਉਸੇ ਦਿਨ ਤੋਂ ਆਰਥਕ ਰੱਦੋਬਦਲ ਸ਼ੁਰੂ ਹੋ ਗਈ ਸੀ। ਹੋਰ ਮੌਕਿਆਂ ’ਤੇ, ਫਰਾਇਡਮੈਨ ਨੇ ਇੱਥੋਂ ਤੱਕ ਕਿ ਦਾਅਵਾ ਕਰ ਮਾਰਿਆ ਕਿ ਪਿਨੋਚੇ ਦੇ ਰਾਜ ਦਾ ਪੂਰਾ ਦੌਰ—ਸਤਾਰਾਂ ਸਾਲ ਲੰਮੀ ਤਾਨਾਸ਼ਾਹੀ ਅਤੇ ਦਹਿ ਹਜ਼ਾਰਾਂ ਲੋਕਾਂ ਦਾ ਤਸੀਹੇ ਝੱਲਣਾ—ਜਮਹੂਰੀਅਤ ਦੀ ਤਬਾਹੀ ਨਹੀਂ ਸਗੋਂ ਇਸ ਦੇ ਉਲਟ ਚੀਜ਼ ਸੀ। ਉਸ ਨੇ ਦਾਅਵਾ ਕੀਤਾ, “ਚਿੱਲੀ ਦੇ ਕਾਰੋਬਾਰ ਬਾਰੇ ਅਸਲ ਅਹਿਮ ਚੀਜ਼ ਇਹ ਹੈ ਕਿ ਖੁੱਲ੍ਹੀਆਂ ਮੰਡੀਆਂ ਨੇ ਮੁਕਤ ਸਮਾਜ ਕਾਇਮ ਕਰਨ ’ਚ ਆਪਣੇ ਢੰਗ ਨਾਲ ਭੂਮਿਕਾ ਨਿਭਾਈ ਹੈ।”[8]

ਲੇਤੇਲੀਅਰ ਦੇ ਕਤਲ ਤੋਂ ਤਿੰਨ ਹਫ਼ਤੇ ਬਾਅਦ, ਜੋ ਖ਼ਬਰ ਆਈ ਉਸ ਨਾਲ ਇਹ ਬਹਿਸ ਖ਼ਤਮ ਹੋ ਗਈ ਕਿ ਪਿਨੋਚੇ ਦੇ ਜੁਰਮ ਸ਼ਿਕਾਗੋ ਸਕੂਲ ਲਹਿਰ ਦਾ ਅਕਸ ਬਣਦੇ ਹਨ ਜਾਂ ਨਹੀਂ। 1976 ’ਚ ਮਿਲਟਨ ਫਰਾਇਡਮੈਨ ਨੂੰ ਸਿੱਕੇ ਦੇ ਫੈਲਾਅ ਅਤੇ ਬੇਰੁਜ਼ਗਾਰੀ ਦੇ ਆਪਸੀ ਰਿਸ਼ਤੇ ਬਾਰੇ ਕੀਤੇ “ਮੌਲਿਕ ਅਤੇ ਬੇਹੱਦ ਅਹਿਮ” ਕੰਮ ਕਰਨ ਬਦਲੇ ਅਰਥਸ਼ਾਸਤਰ ਸਬੰਧੀ ਨੋਬਲ ਇਨਾਮ ਦਿੱਤਾ ਗਿਆ ਸੀ।[9] ਫਰਾਇਡਮੈਨ ਨੇ ਨੋਬਲ ਇਨਾਮ ਦੇ ਮੌਕੇ ਦੀ ਵਰਤੋਂ ਇਹ ਦਲੀਲ ਦੇਣ ਲਈ ਕੀਤੀ ਕਿ ਅਰਥਸ਼ਾਸਤਰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਇਲਾਜ ਵਿਗਿਆਨ ਵਾਂਗ ਹੀ ਠੋਸ ਅਤੇ ਯਥਾਰਥਕ ਵਿਗਿਆਨਕ ਜ਼ਾਬਤੇ ਦਾ ਪਾਬੰਦ ਹੈ, ਅਤੇ ਇਹ ਹਾਸਲ ਤੱਥਾਂ ਦੀ ਨਿਰਪੱਖ ਪੁਣਛਾਣ ’ਤੇ ਅਧਾਰਤ ਹੈ। ਉਸ ਨੇ ਮੌਜ ਨਾਲ ਹੀ ਇਸ ਤੱਥ ’ਤੇ ਪੂੰਝਾ ਫੇਰ ਦਿੱਤਾ ਕਿ ਜਿਸ ਮੁੱਖ ਧਾਰਨਾ ਲਈ ਉਸ ਨੂੰ ਇਨਾਮ ਦਿੱਤਾ ਜਾ ਰਿਹਾ ਸੀ, ਚਿੱਲੀ ਵਿਚ ਰੋਟੀ

ਲਈ ਲੱਗੀਆਂ ਕਤਾਰਾਂ, ਟਾਈਫਾਈਡ ਦੀ ਮਹਾਂਮਾਰੀ ਅਤੇ ਬੰਦ ਫੈਕਟਰੀਆਂ ਉਸ ਧਾਰਨਾ ਨੂੰ ਇਨਬਿੰਨ ਗ਼ਲਤ ਸਾਬਤ ਕਰ ਰਹੀਆਂ ਸਨ। ਇਕੋ ਨਿਜ਼ਾਮ ਨੇ ਉਸ ਦੇ ਵਿਚਾਰਾਂ ਨੂੰ ਲਾਗੂ ਕਰਨ 'ਚ ਬਥੇਰੀ ਬੇਰਹਿਮੀ ਵਰਤੀ ਸੀ।[10]

ਇਕ ਸਾਲ ਬਾਅਦ, ਦੱਖਣੀ ਤਿਕੋਨ ਦੇਸ਼ਾਂ ਬਾਰੇ ਬਹਿਸ ਦੇ ਚੌਖਟੇ ਤੈਅ ਕਰਨ ਪੱਖੋਂ ਕੁਝ ਹੋਰ ਵਾਪਰ ਗਿਆ : ਐਮਨੈਸਟੀ ਇੰਟਰਨੈਸ਼ਨਲ ਨੂੰ ਨੋਬਲ ਸ਼ਾਂਤੀ ਇਨਾਮ ਮਿਲ ਗਿਆ। ਇਹ ਚਿੱਲੀ ਅਤੇ ਅਰਜਨਟਾਈਨਾ 'ਚ ਮਨੁੱਖੀ ਹੱਕਾਂ ਦੇ ਘਾਣ ਦਾ ਪਾਜ ਉਘਾੜਨ 'ਚ ਇਸ ਦੀ ਹੌਸਲੇ ਵਾਲੀ ਅਤੇ ਜਹਾਦੀ ਘਾਲਣਾ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਸੀ। ਦੂਰੋਂ ਦੇਖਿਆਂ ਇਸ ਤਰ੍ਹਾਂ ਲੱਗਦਾ ਸੀ ਕਿ ਇਹ ਦੋ ਨੋਬਲ ਇਨਾਮ ਦੇ ਕੇ ਦੁਨੀਆਂ ਦੇ ਬਹੁਤ ਜ਼ਿਆਦਾ ਵੱਕਾਰੀ ਜੱਜਾਂ ਨੇ ਆਪਣਾ ਫਤਵਾ ਸੁਣਾ ਦਿੱਤਾ ਹੈ : ਬੁੱਚੜਖ਼ਾਨਿਆਂ ਦੇ ਸਦਮੇ ਦੀ ਜ਼ੋਰਦਾਰ ਨਿਖੇਧੀ, ਪਰ ਆਰਥਕ ਸਦਮਾ ਇਲਾਜ ਦੀ ਬੱਲੇ ਬੱਲੇ—ਅਤੇ ਜਿਵੇਂ ਲੇਤੇਲੀਅਰ ਨੇ ਤਿੱਖੀ ਟਕੋਰ ਕਰਦਿਆਂ ਲਿਖਿਆ ਸੀ, ਸਦਮੇ ਦੇ ਇਹ ਦੋ ਰੂਪ "ਪੂਰੀ ਤਰ੍ਹਾਂ ਗ਼ੈਰ ਸਬੰਧਤ" ਹਨ![11]

"ਮਨੁੱਖੀ ਹੱਕਾਂ" ਦੇ ਖੋਪੇ

ਬੁੱਧੀਜੀਵੀਆਂ ਦੇ ਇਸ ਤਰ੍ਹਾਂ ਡਟਣ ਦਾ ਕਾਰਨ ਸਿਰਫ ਇਹ ਨਹੀਂ ਸੀ ਕਿ ਸ਼ਿਕਾਗੋ ਸਕੂਲ ਵਾਲੇ ਅਰਥਸ਼ਾਸਤਰੀ ਆਪਣੀਆਂ ਨੀਤੀਆਂ ਅਤੇ ਦਹਿਸ਼ਤ ਦੇ ਇਸਤੇਮਾਲ 'ਚ ਕੋਈ ਸਬੰਧ ਹੋਣ ਤੋਂ ਮੁੱਕਰ ਗਏ ਸਨ। ਸਮੱਸਿਆ ਉਸ ਖ਼ਾਸ ਤਰੀਕੇ ਦੀ ਸੀ ਜਿਵੇਂ ਇਨ੍ਹਾਂ ਦਹਿਸ਼ਤੀ ਕਾਰਵਾਈਆਂ ਨੂੰ ਸਪਸ਼ਟ ਸਿਆਸੀ ਅਤੇ ਆਰਥਕ ਮਕਸਦਾਂ ਦੀ ਪੂਰਤੀ ਦੇ ਸੰਦ ਸਮਝਣ ਦੀ ਬਜਾਏ "ਮਨੁੱਖੀ ਹੱਕਾਂ ਦੇ ਘਾਣ" ਦੇ ਸੀਮਤ ਚੌਖਟੇ 'ਚ ਰੱਖ ਕੇ ਦੇਖਿਆ ਜਾ ਰਿਹਾ ਸੀ। ਇਕ ਹੱਦ ਤੱਕ ਇਸ ਦਾ ਕਾਰਨ ਇਹ ਸੀ ਕਿ ਦੱਖਣੀ ਤਿਕੋਨ ਖੇਤਰ ਸੱਤਰਵਿਆਂ 'ਚ ਨਿਰੀ ਨਵੇਂ ਆਰਥਕ ਮਾਡਲ ਦੀ ਪ੍ਰਯੋਗਸ਼ਾਲਾ ਨਹੀਂ ਸੀ। ਇਹ ਸਰਗਰਮੀ ਦੇ ਮੁਕਾਬਲਤਨ ਨਵੇਂ ਮਾਡਲ ਦੀ ਪ੍ਰਯੋਗਸ਼ਾਲਾ ਵੀ ਸੀ। ਇਹ ਸੀ ਲੋਕਾਂ ਵਿਚ ਬੁਨਿਆਦੀ ਕੰਮ ਕਰਨ ਵਾਲੀ ਮਨੁੱਖੀ ਹੱਕਾਂ ਦੀ ਕੌਮਾਂਤਰੀ ਲਹਿਰ। ਬੇਸ਼ੱਕ ਇਸ ਲਹਿਰ ਨੇ ਫ਼ੌਜੀ ਹਕੂਮਤ ਵਲੋਂ ਮਨੁੱਖੀ ਹੱਕਾਂ ਦੀਆਂ ਜੋ ਇੰਤਹਾ ਉਲੰਘਣਾਵਾਂ ਕੀਤੀਆਂ ਜਾ ਰਹੀਆਂ ਸਨ ਉਸ ਨੂੰ ਇਹ ਬੰਦ ਕਰਨ ਲਈ ਮਜਬੂਰ ਕਰਨ 'ਚ ਫ਼ੈਸਲਾਕੁਨ ਭੂਮਿਕਾ ਨਿਭਾਈ। ਪਰ ਇਸ ਨੇ ਸਿਰਫ਼ ਜੁਰਮਾਂ ਨੂੰ ਹੀ ਤਵੱਜੋਂ ਦਿੱਤੀ ਅਤੇ ਇਨ੍ਹਾਂ ਪਿਛਲੇ ਕਾਰਨ ਨੂੰ ਦਰਕਿਨਾਰ ਕੀਤਾ। ਮਨੁੱਖੀ ਹੱਕਾਂ ਦੀ ਲਹਿਰ ਨੇ ਸ਼ਿਕਾਗੋ ਸਕੂਲ ਦੀ ਵਿਚਾਰਧਾਰਾ ਦੀ ਆਪਣੀ ਪਹਿਲੀ ਪ੍ਰਯੋਗਸ਼ਾਲਾ ਦੇ ਸਿੱਟਿਆਂ ਤੋਂ ਬਰੀ ਹੋਣ ਜਾਣ 'ਚ ਸਹਾਇਤਾ ਵੀ ਕੀਤੀ।

ਇਹ ਦੋਚਿੱਤੀ ਮਨੁੱਖਾਂ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਆਮ ਐਲਾਨ 1948 ਨੂੰ ਪ੍ਰਵਾਨਗੀ ਦਿੱਤੇ ਜਾਣ ਦੇ ਸਮੇਂ ਤੋਂ ਸ਼ੁਰੂ ਹੋ ਜਾਂਦੀ ਹੈ। ਲਿਖੇ ਜਾਣ ਦੇ ਸਮੇਂ ਤੋਂ ਹੀ ਇਹ ਦਸਤਾਵੇਜ਼ ਐਸੀ ਪੱਖਪਾਤੀ ਗੁਰਜ ਬਣ ਗਿਆ ਕਿ ਠੰਢੀ ਜੰਗ 'ਚ ਦੋਵੇਂ ਧਿਰਾਂ ਇਕ ਦੂਜੀ ਉੱਪਰ ਅਗਲਾ ਹਿਟਲਰ ਹੋਣ ਦਾ ਦੋਸ਼ ਲਾਉਣ ਲਈ ਇਸ ਦੀ ਵਰਤੋਂ ਕਰਦੀਆਂ ਰਹੀਆਂ। 1967 'ਚ ਪ੍ਰੈੱਸ ਰਿਪੋਰਟਾਂ ਨੇ ਦਰਸਾਇਆ ਕਿ ਸੋਵੀਅਤ ਉਲੰਘਣਾਵਾਂ 'ਤੇ ਕੇਂਦਰਤ ਕਰਕੇ ਕਾਨੂੰਨਦਾਨਾਂ 'ਚ ਕੌਮਾਂਤਰੀ ਕਮਿਸ਼ਨ ਦਾ ਜੋ ਪ੍ਰਸਿੱਧ ਮਨੁੱਖੀ ਅਧਿਕਾਰ ਗਰੁੱਪ ਬਣਾਇਆ ਗਿਆ ਸੀ ਉਹ ਜਿਵੇਂ ਨਿਰਪੱਖ ਸਾਲਸ ਹੋਣ ਦਾ ਦਾਅਵਾ ਕਰਦਾ ਸੀ ਉਹੋ ਜਿਹਾ ਹੈ ਨਹੀਂ ਸੀ। ਅਸਲ ਵਿਚ ਉਸ ਨੂੰ ਸੀ ਆਈ ਏ ਵਲੋਂ ਗੁਪਤ ਫੰਡ ਦਿੱਤੇ ਜਾ ਰਹੇ ਸਨ।[12]

ਐਮਨੈਸਟੀ ਇੰਟਰਨੈਸ਼ਨਲ ਦਾ ਦ੍ਰਿੜ ਨਿਰਪੱਖਤਾ ਦਾ ਸਿਧਾਂਤ ਇਸ ਪੱਖਪਾਤੀ ਪ੍ਰਸੰਗ 'ਚ

ਵਿਕਸਤ ਹੋਇਆ : ਇਸ ਦੇ ਫੰਡ ਸਿਰਫ਼ ਤੇ ਸਿਰਫ਼ ਇਸ ਦੇ ਮੈਂਬਰਾਂ ਤੋਂ ਲਏ ਜਾਣਗੇ ਅਤੇ ਇਹ "ਕਿਸੇ ਸਰਕਾਰ, ਸਿਆਸੀ ਗੁੱਟ, ਵਿਚਾਰਧਾਰਾ, ਆਰਥਕ ਹਿੱਤ ਜਾਂ ਧਾਰਮਿਕ ਅਕੀਦੇ" ਤੋਂ ਸਖ਼ਤੀ ਨਾਲ "ਆਜ਼ਾਦ" ਰਹੇਗੀ। ਇਹ ਸਾਬਤ ਕਰਨ ਲਈ ਕਿ ਐਮਨੈਸਟੀ ਖ਼ਾਸ ਸਿਆਸੀ ਏਜੰਡੇ ਨੂੰ ਅੱਗੇ ਵਧਾਉਣ ਲਈ ਮਨੁੱਖੀ ਹੱਕਾਂ ਦਾ ਇਸਤੇਮਾਲ ਨਹੀਂ ਕਰ ਰਹੀ ਇਸ ਦੇ ਹਰੇਕ ਹਿੱਸੇ ਨੂੰ ਹਦਾਇਤ ਕੀਤੀ ਗਈ ਕਿ ਪੜਤਾਲ ਲਈ ਇਕੋ ਸਮੇਂ ਤਿੰਨ ਵਿਸ਼ੇਸ਼ ਸੋਚ ਵਾਲੇ ਕੈਦੀਆਂ ਨੂੰ "ਚੁਣਨ", "ਕਮਿਊਨਿਸਟ ਰਾਜਾਂ, ਪੱਛਮ ਅਤੇ ਤੀਜੀ ਦੁਨੀਆਂ" ਹਰੇਕ ਤੋਂ ਇਕ ਇਕ ਕੈਦੀ।[13] ਉਸ ਵਕਤ ਕੁਲ ਮਿਲਾ ਕੇ ਐਮਨੈਸਟੀ ਦੀ ਪੁਜ਼ੀਸ਼ਨ ਮਨੁੱਖੀ ਹੱਕਾਂ ਦੀ ਲਹਿਰ ਬਾਰੇ ਪ੍ਰਤੀਕਵਾਦੀ ਸੀ। ਪੁਜ਼ੀਸ਼ਨ ਇਹ ਸੀ ਕਿ ਕਿਉਂਕਿ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਸਰਵਵਿਆਪਕ ਬੁਰਾਈ ਅਤੇ ਆਪਣੇ ਆਪ 'ਚ ਹੀ ਗ਼ਲਤੀ ਹੈ, ਇਸ ਕਰਕੇ ਇਹ ਤੈਅ ਕਰਨਾ ਜ਼ਰੂਰੀ ਨਹੀਂ ਹੈ ਕਿ ਉਲੰਘਣਾਵਾਂ ਕਿਉਂ ਹੋ ਰਹੀਆਂ ਹਨ ਸਗੋਂ ਇਨ੍ਹਾਂ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਬਾਰੀਕੀ ਨਾਲ ਅਤੇ ਪ੍ਰਮਾਣਿਕ ਰੂਪ 'ਚ ਦਰਜ ਕਰਨਾ ਜ਼ਰੂਰੀ ਹੈ।

ਜਿਸ ਤਰੀਕੇ ਨਾਲ ਦੱਖਣੀ ਤਿਕੋਨ ਦੇਸ਼ਾਂ ਅੰਦਰ ਦਹਿਸ਼ਤ ਦੀਆਂ ਮੁਹਿੰਮਾਂ ਦਾ ਵੇਰਵਾ ਦਰਜ ਕੀਤਾ ਗਿਆ ਉਸ ਵਿਚ ਇਹ ਅਸੂਲ ਨਜ਼ਰੀਂ ਪੈਂਦਾ ਹੈ। ਖ਼ੁਫ਼ੀਆ ਪੁਲਿਸ ਦੀ ਲਗਾਤਾਰ ਨਿਗਰਾਨੀ ਹੇਠ ਅਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦੀ ਹਾਲਤ 'ਚ ਮਨੁੱਖੀ ਹੱਕ ਸੰਸਥਾਵਾਂ ਵੱਲੋਂ ਤਸੀਹਿਆਂ ਦਾ ਸ਼ਿਕਾਰ ਹੋਏ ਸੈਂਕੜੇ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕਰਨ ਲਈ ਅਰਜਨਟਾਈਨਾ, ਉਰੂਗੁਏ ਅਤੇ ਚਿੱਲੀ ਵਿਚ ਪ੍ਰਤੀਨਿਧੀ ਮੰਡਲ ਭੇਜੇ ਗਏ। ਉਹ ਜੇਲ੍ਹਾਂ ਤੱਕ ਜਿੰਨੀ ਵੀ ਪਹੁੰਚ ਕਰ ਸਕਦੇ ਸਨ ਉਨ੍ਹਾਂ ਨੇ ਕੀਤੀ। ਕਿਉਂਕਿ ਆਜ਼ਾਦ ਪ੍ਰਚਾਰ ਮਾਧਿਅਮਾਂ 'ਤੇ ਪਾਬੰਦੀ ਸੀ ਅਤੇ ਫ਼ੌਜੀ ਸਰਕਾਰਾਂ ਜੁਰਮਾਂ ਤੋਂ ਮੁੱਕਰਦੀਆਂ ਸਨ ਇਸ ਕਰਕੇ ਇਹ ਸਬੂਤ ਇਤਿਹਾਸ ਦਾ ਬੁਨਿਆਦੀ ਦਸਤਾਵੇਜ਼ੀ ਰੂਪ ਹਨ ਜਿਸ ਬਾਰੇ ਸੋਚ ਇਹ ਬਣੀ ਹੋਈ ਸੀ ਕਿ ਇਹ ਕਦੇ ਵੀ ਲਿਖਿਆ ਨਹੀਂ ਜਾ ਸਕੇਗਾ। ਇਹ ਕੰਮ ਜਿੰਨਾ ਅਹਿਮ ਸੀ, ਓਨਾ ਹੀ ਸੀਮਤ ਵੀ ਸੀ। ਇਹ ਰਿਪੋਰਟਾਂ ਜਬਰ ਦੇ ਬਹੁਤ ਜ਼ਿਆਦਾ ਘ੍ਰਿਣਤ ਢੰਗਾਂ ਦੀ ਕਾਨੂੰਨੀ ਸੂਚੀ ਸਨ, ਨਾਲ ਹੀ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੀਆਂ ਜਿਨ੍ਹਾਂ ਮੱਦਾਂ ਦੀ ਇਨ੍ਹਾਂ ਨੇ ਉਲੰਘਣਾ ਕੀਤੀ ਸੀ ਉਨ੍ਹਾਂ ਦਾ ਵੇਰਵਾ ਦਿੱਤਾ ਗਿਆ ਸੀ।

ਅਰਜਨਟਾਈਨਾ ਬਾਰੇ ਐਮਨੈਸਟੀ ਇੰਟਰਨੈਸ਼ਨਲ ਦੀ 1976 ਦੀ ਰਿਪੋਰਟ 'ਚ ਇਹ ਸੀਮਤਾਈ ਸਭ ਤੋਂ ਵੱਧ ਸ਼ੱਕੀ ਹੈ। ਫ਼ੌਜੀ ਹਕੂਮਤ ਦੇ ਜ਼ੁਲਮਾਂ ਦੇ ਇਸ ਖੋਜ ਭਰਪੂਰ ਵੇਰਵੇ ਦੇ ਅਧਾਰ 'ਤੇ ਹੀ ਇਸ ਨੂੰ ਨੋਬਲ ਇਨਾਮ ਮਿਲਿਆ ਸੀ। ਪਰ ਆਪਣੀ ਕੁਲ ਸੰਪੂਰਨਤਾ ਦੇ ਬਾਵਜੂਦ ਰਿਪੋਰਟ ਇਹ ਸਪਸ਼ਟ ਨਹੀਂ ਕਰਦੀ ਕਿ ਉਲੰਘਣਾਵਾਂ ਕੀਤੀਆਂ ਕਿਉਂ ਜਾ ਰਹੀਆਂ ਸਨ। ਇਹ ਸਵਾਲ ਕਰਦੀ ਹੈ ਕਿ "ਸੁਰੱਖਿਆ" ਬਹਾਲ ਕਰਨ ਲਈ ਇਹ ਉਲੰਘਣਾਵਾਂ ਕਿੱਥੋਂ ਤੱਕ ਵਿਆਖਿਆ ਦੇ ਕਾਬਲ ਜਾਂ ਜ਼ਰੂਰੀ ਬਣਦੀਆਂ ਹਨ—ਫ਼ੌਜੀ ਹਕੂਮਤ ਦਾ "ਘ੍ਰਿਣਤ ਜੰਗ" ਬਾਰੇ ਸਰਕਾਰੀ ਤਰਕ ਵੀ ਇਹੀ ਸੀ।[14] ਸਬੂਤਾਂ ਦੀ ਛਾਣਬੀਣ ਕਰਨ ਤੋਂ ਬਾਅਦ, ਰਿਪੋਰਟ ਇਹ ਸਿੱਟਾ ਕੱਢਦੀ ਹੈ ਕਿ ਖੱਬੇਪੱਖੀ ਛਾਪਾਮਾਰਾਂ ਤੋਂ ਜੋ ਖ਼ਤਰਾ ਦਰਸਾਇਆ ਗਿਆ ਉਹ ਕਿਸੇ ਵੀ ਤਰ੍ਹਾਂ ਰਾਜ ਵਲੋਂ ਢਾਹੇ ਜਬਰ ਦੇ ਪੱਧਰ ਨਾਲ ਮੇਲ ਨਹੀਂ ਖਾਂਦਾ।

ਪਰ ਕੀ ਕੋਈ ਹੋਰ ਮਕਸਦ ਵੀ ਸੀ ਜਿਸ ਨੇ ਹਿੰਸਾ ਨੂੰ "ਵਿਆਖਿਆ ਦੇ ਕਾਬਲ ਜਾਂ ਜ਼ਰੂਰੀ" ਬਣਾ ਦਿੱਤਾ ਸੀ ? ਐਮਨੈਸਟੀ ਇਸ ਦਾ ਕੋਈ ਜ਼ਿਕਰ ਨਹੀਂ ਕਰਦੀ। ਅਸਲ ਵਿਚ, ਆਪਣੀ ਦੋ ਸੌ ਸਫ਼ਿਆਂ ਦੀ ਰਿਪੋਰਟ 'ਚ ਇਸ ਨੇ ਕੋਈ ਜ਼ਿਕਰ ਨਹੀਂ ਕੀਤਾ ਕਿ ਫ਼ੌਜੀ ਹਕੂਮਤ

ਤਿੱਖੀਆਂ ਸਰਮਾਏਦਾਰਾ ਲੀਹਾਂ 'ਤੇ ਦੇਸ਼ ਦੀ ਦੁਬਾਰਾ ਉਸਾਰੀ ਕਰਨ ਦਾ ਅਮਲ ਚਲਾ ਰਹੀ ਸੀ। ਇਸ ਨੇ ਵਧ ਰਹੀ ਗਰੀਬੀ ਜਾਂ ਦੌਲਤ ਦੀ ਮੁੜ ਵੰਡ ਕਰਨ ਦੇ ਪ੍ਰੋਗਰਾਮਾਂ ਨੂੰ ਨਾਟਕੀ ਢੰਗ ਨਾਲ ਪੁੱਠਾ ਗੇੜਾ ਦੇਣ ਬਾਰੇ ਕੋਈ ਟਿੱਪਣੀ ਨਹੀਂ ਕੀਤੀ; ਹਾਲਾਂਕਿ ਇਹ ਕਦਮ ਫ਼ੌਜੀ ਹਕੂਮਤ ਦੀ ਨੀਤੀ ਦਾ ਸ਼ਿਗਾਰ ਸਨ। ਇਹ ਪੂਰੀ ਨੀਝ ਨਾਲ ਫ਼ੌਜੀ ਹਕੂਮਤ ਦੇ ਉਨ੍ਹਾਂ ਕਾਨੂੰਨਾਂ ਅਤੇ ਐਲਾਨਾਂ ਦੀ ਸੂਚੀ ਦਿੰਦੀ ਹੈ ਜਿਨ੍ਹਾਂ ਨੇ ਸ਼ਹਿਰੀ ਆਜ਼ਾਦੀਆਂ ਦਾ ਘਾਣ ਕੀਤਾ। ਪਰ ਇਹ ਉਜਰਤਾਂ ਘਟਾਉਣ ਅਤੇ ਕੀਮਤਾਂ ਵਧਾਉਣ ਵਾਲੇ ਇਕ ਵੀ ਐਲਾਨ ਦਾ ਜ਼ਿਕਰ ਨਹੀਂ ਕਰਦੀ ਜਿਨ੍ਹਾਂ ਜ਼ਰੀਏ ਖਾਣੇ ਅਤੇ ਸਿਰ ਉੱਪਰ ਛੱਤ ਹਾਸਲ ਕਰਨ ਦੇ ਹੱਕ ਲੋਕਾਂ ਤੋਂ ਖੋਹੇ ਗਏ ਸਨ—ਹਾਲਾਂਕਿ ਇਹ ਹੱਕ ਵੀ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ 'ਚ ਦਰਜ ਹਨ। ਫ਼ੌਜੀ ਹਕੂਮਤ ਦੇ ਆਰਥਕ ਪ੍ਰਾਜੈਕਟ ਉੱਪਰ ਤਰਦੀ ਜਹੀ ਝਾਤ ਮਾਰੇ ਜਾਣ 'ਤੇ ਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਜਿਹੇ ਵਿਸ਼ੇਸ਼ ਜਬਰ ਦੀ ਜ਼ਰੂਰਤ ਕਿਉਂ ਸੀ, ਜਿਵੇਂ ਇਹ ਵੀ ਸਪਸ਼ਟ ਹੋ ਜਾਵੇਗਾ ਕਿ ਐਮਨੈਸਟੀ ਨੇ ਵਿਸ਼ੇਸ਼ ਸੋਚ ਵਾਲੇ ਜਿਹੜੇ ਕੈਦੀ ਚੁਣੇ ਸਨ ਉਨ੍ਹਾਂ ਵਿਚੋਂ ਬਹੁਤੇ ਸ਼ਾਂਤਮਈ ਟਰੇਡ ਯੂਨੀਅਨ ਕਾਰਕੁਨ ਅਤੇ ਸਮਾਜਿਕ ਕਾਰਕੁਨ ਸਨ।

ਇਕ ਹੋਰ ਵੱਡੀ ਖ਼ਾਮੀ ਇਹ ਸੀ ਕਿ ਐਮਨੈਸਟੀ ਨੇ ਇਸ ਟਕਰਾਅ ਨੂੰ ਸਥਾਨਕ ਫ਼ੌਜ ਅਤੇ ਖੱਬੇਪੱਖੀ ਅੱਤਵਾਦੀਆਂ ਦੇ ਟਕਰਾਅ ਤੱਕ ਸੀਮਤ ਕਰ ਦਿੱਤਾ। ਇਸ 'ਚ ਭੂਮਿਕਾ ਨਿਭਾਉਣ ਵਾਲੀਆਂ ਹੋਰ ਤਾਕਤਾਂ ਦਾ ਕੋਈ ਜ਼ਿਕਰ ਨਹੀਂ ਹੈ—ਨਾ ਅਮਰੀਕੀ ਸਰਕਾਰ ਜਾਂ ਸੀ ਆਈ ਏ ਦਾ, ਨਾ ਸਥਾਨਕ ਭੋਂਇ ਸਰਦਾਰਾਂ ਦਾ ਅਤੇ ਨਾ ਬਹੁ-ਕੌਮੀ ਕਾਰਪੋਰੇਸ਼ਨਾਂ ਦਾ। ਲਾਤੀਨੀ ਅਮਰੀਕਾ ਉੱਪਰ "ਖ਼ਾਲਸ ਸਰਮਾਏਦਾਰੀ" ਥੋਪਣ ਦੀ ਲੰਮੀ-ਚੌੜੀ ਯੋਜਨਾ ਅਤੇ ਇਸ ਵਿਆਪਕ ਯੋਜਨਾ ਪਿਛਲੇ ਤਾਕਤਵਰ ਹਿੱਤਾਂ ਦੀ ਛਾਣਬੀਣ ਕੀਤੇ ਬਗ਼ੈਰ, ਰਿਪੋਰਟ 'ਚ ਦਰਜ ਜ਼ੁਲਮਾਂ ਦੀ ਕੋਈ ਤੁਕ ਨਹੀਂ ਬਣਦੀ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਇਕਾ-ਦੁੱਕਾ ਜ਼ੁਲਮ, ਬਿਨਾ ਵਜ੍ਹਾ ਹੀ ਸਿਆਸੀ ਮਾਹੌਲ 'ਚ ਆ ਟਪਕੇ ਹੋਣ ਜਿਨ੍ਹਾਂ ਦੀ ਨਿਖੇਧੀ ਤਾਂ ਹਰ ਜ਼ਮੀਰ ਵਾਲਾ ਇਨਸਾਨ ਕਰੇਗਾ ਪਰ ਇਨ੍ਹਾਂ ਦੀ ਸਮਝ ਕਿਸੇ ਨੂੰ ਨਹੀਂ ਪਵੇਗੀ।

ਮਨੁੱਖੀ ਹੱਕਾਂ ਦੀ ਲਹਿਰ ਦਾ ਹਰੇਕ ਹਿੱਸਾ ਬਹੁਤ ਹੀ ਬੰਧੇਜ ਵਾਲੇ ਹਾਲਾਤ 'ਚ ਕੰਮ ਕਰ ਰਿਹਾ ਸੀ, ਹਾਲਾਂਕਿ ਉਨ੍ਹਾਂ ਦੀ ਵਜ੍ਹਾ ਵੱਖੋ-ਵੱਖਰੀ ਸੀ। ਜ਼ੁਲਮਾਂ ਦਾ ਸ਼ਿਕਾਰ ਦੇਸ਼ਾਂ ਅੰਦਰ ਦਹਿਸ਼ਤ ਦਾ ਪਰਦਾਫਾਸ਼ ਕਰਨ ਵਾਲੇ ਪਹਿਲੇ ਲੋਕ ਪੀੜਤਾਂ ਦੇ ਦੋਸਤ-ਮਿੱਤਰ ਅਤੇ ਸਕੇ-ਸਬੰਧੀ ਸਨ। ਪਰ ਉਹ ਜੋ ਕੁਝ ਦੱਸ ਸਕਦੇ ਸਨ ਉਸ ਦੀਆਂ ਭਾਰੀ ਸੀਮਤਾਈਆਂ ਸਨ। ਉਹ ਗਾਇਬ ਕੀਤੇ ਜਾਣ ਦੀਆਂ ਵਾਰਦਾਤਾਂ ਪਿਛੇ ਕੰਮ ਕਰ ਰਹੇ ਸਿਆਸੀ ਜਾਂ ਆਰਥਕ ਏਜੰਡਿਆਂ ਦੀ ਚਰਚਾ ਨਹੀਂ ਕਰ ਸਕਦੇ ਸਨ ਕਿਉਂਕਿ ਅਜਿਹਾ ਕਰਨ 'ਤੇ ਉਨ੍ਹਾਂ ਨੂੰ ਵੀ ਗਾਇਬ ਕਰ ਦੇਣ ਦਾ ਖ਼ਤਰਾ ਸੀ। ਇਨ੍ਹਾਂ ਖ਼ਤਰਨਾਕ ਹਾਲਾਤ 'ਚ ਮੈਦਾਨ ਵਿਚ ਨਿੱਤਰਨ ਵਾਲੀਆਂ ਸਭ ਤੋਂ ਉੱਘੀਆਂ ਕਾਰਕੁਨ ਬਣੀਆਂ ਪਲਾਜ਼ਾ ਡੀ ਮਾਈਓ ਦੀਆਂ ਮਾਵਾਂ, ਜੋ ਅਰਜਨਟਾਈਨਾ 'ਚ Madres• ਵਜੋਂ ਮਸ਼ਹੂਰ ਹੋਈਆਂ। ਬਿਓਨਸ ਏਅਰੀਸ 'ਚ ਸਰਕਾਰ ਦੇ ਸਦਰ ਮੁਕਾਮ ਦੇ ਬਾਹਰ ਵਿਖਾਵਿਆਂ 'ਚ ਮਾਵਾਂ ਰੋਸ ਪ੍ਰਗਟਾਵੇ ਦੇ ਕੋਈ ਚਿੰਨ ਉਠਾਉਣ ਦਾ ਜੇਰਾ ਨਾ ਕਰਦੀਆਂ—ਇਨ੍ਹਾਂ ਦੀ ਥਾਂ ਉਨ੍ਹਾਂ ਨੇ ਆਪਣੇ ਲਾਪਤਾ ਹੋਏ ਬੱਚਿਆਂ ਦੀਆਂ ਤਸਵੀਰਾਂ ਚੁੱਕੀਆਂ ਹੁੰਦੀਆਂ ਜਿਨ੍ਹਾਂ 'ਤੇ ਲਿਖਿਆ ਹੁੰਦਾ 'ਦੱਸੋ ਇਹ ਕਿੱਥੇ ਹਨ'। ਨਾਅਰੇ ਲਗਾਉਣ ਦੀ ਥਾਂ ਉਹ ਖ਼ਾਮੋਸ਼ ਘੇਰਾ ਬਣਾ ਲੈਂਦੀਆਂ। ਉਨ੍ਹਾਂ ਨੇ ਸਿਰਾਂ 'ਤੇ ਰੁਮਾਲ

• ਤਾਨਾਸ਼ਾਹੀ ਦੇ ਅਖ਼ੀਰ 'ਤੇ, ਮਾਵਾਂ ਅਰਜਨਟਾਈਨਾ ਦੇ ਨਵੇਂ ਆਰਥਕ ਪ੍ਰਬੰਧ ਦੀਆਂ ਬਹੁਤ ਜ਼ਬਰਦਸਤ ਆਲੋਚਕ ਬਣ ਕੇ ਉੱਭਰੀਆਂ, ਉਹ ਅੱਜ ਤੱਕ ਵੀ ਇਸੇ ਤਰ੍ਹਾਂ ਆਲੋਚਕ ਹਨ।

ਬੰਨ੍ਹੇ ਹੁੰਦੇ ਜਿਨ੍ਹਾਂ ਉੱਪਰ ਉਨ੍ਹਾਂ ਦੇ ਬੱਚਿਆਂ ਦੇ ਨਾਂ ਕਢਾਈ ਕੀਤੇ ਹੁੰਦੇ। ਬਹੁਤ ਸਾਰੀਆਂ ਮਾਵਾਂ ਪੱਕੇ ਸਿਆਸੀ ਵਿਚਾਰਾਂ ਵਾਲੀਆਂ ਸਨ, ਪਰ ਉਹ ਧਿਆਨ ਰੱਖਦੀਆਂ ਕਿ ਉਨ੍ਹਾਂ ਦਾ ਪ੍ਰਭਾਵ ਸੋਗ 'ਚ ਡੁੱਬੀਆਂ ਮਾਵਾਂ ਵਾਲਾ ਹੀ ਪਵੇ ਜੋ ਇਹ ਜਾਨਣਾ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਨਿਰਦੋਸ਼ ਬੱਚੇ ਕਿੱਥੇ ਹਨ। ਇਸ ਤੋਂ ਇਲਾਵਾ ਉਹ ਸਰਕਾਰ ਲਈ ਹੋਰ ਕਿਸੇ ਤਰ੍ਹਾਂ ਦਾ ਖ਼ਤਰਾ ਬਣਨ ਦਾ ਪ੍ਰਭਾਵ ਨਹੀਂ ਦੇਣਾ ਚਾਹੁੰਦੀਆਂ ਸਨ।

ਚਿੱਲੀ ਵਿਚ ਮਨੁੱਖੀ ਹੱਕਾਂ ਦੀਆਂ ਸੰਸਥਾਵਾਂ ਵਿਚੋਂ ਸਭ ਤੋਂ ਵੱਡੀ ਅਮਨ ਕਮੇਟੀ ਸੀ, ਜੋ ਵਿਰੋਧੀ ਧਿਰ ਦੇ ਸਿਆਸਤਦਾਨਾਂ, ਵਕੀਲਾਂ ਅਤੇ ਗਿਰਜਾਘਰਾਂ ਦੇ ਮੁਖੀਆਂ ਨੇ ਬਣਾਈ ਸੀ। ਇਹ ਪੂਰੀ ਜ਼ਿੰਦਗੀ ਜੂਝਣ ਵਾਲੇ ਸਿਆਸੀ ਕਾਰਕੁਨ ਸਨ ਜੋ ਜਾਣਦੇ ਸਨ ਕਿ ਤਸੀਹਿਆਂ ਨੂੰ ਰੋਕਣ ਅਤੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਾਉਣ ਦੀ ਕੋਸ਼ਿਸ਼ ਉਸ ਵਿਸ਼ਾਲ ਲੜਾਈ ਦਾ ਸਿਰਫ਼ ਇਕ ਮੁਹਾਜ਼ ਹੈ ਜਿਸ ਦਾ ਮੁੱਦਾ ਇਹ ਸੀ ਕਿ ਚਿੱਲੀ ਦੀ ਦੌਲਤ ਕਿਸ ਦੇ ਕੰਟਰੋਲ 'ਚ ਹੋਵੇਗੀ। ਪਰ ਨਿਜ਼ਾਮ ਦਾ ਅਗਲਾ ਨਿਸ਼ਾਨਾ ਬਣਨ ਤੋਂ ਬਚਣ ਲਈ ਉਨ੍ਹਾਂ ਨੇ ਬੁਰਜੂਆ ਵਾਲੀ ਆਮ ਪੁਰਾਣੀ ਖੱਬੀ ਭੰਡੀ ਛੱਡ ਦਿੱਤੀ ਅਤੇ "ਆਮ ਮਨੁੱਖੀ ਹੱਕਾਂ" ਦੀ ਨਵੀਂ ਬੋਲੀ ਕੰਠ ਕਰ ਲਈ। ਅਮੀਰ ਅਤੇ ਗਰੀਬ, ਨਿਤਾਣਾ ਅਤੇ ਡਾਹਢਾ, ਉੱਤਰ ਅਤੇ ਦੱਖਣ ਦਾ ਜ਼ਿਕਰ ਛੱਡਕੇ ਦੁਨੀਆਂ ਦੀ ਵਿਆਖਿਆ ਕਰਨ ਦਾ ਇਹ ਢੰਗ ਉੱਤਰੀ ਅਮਰੀਕਾ 'ਚ ਬਹੁਤ ਹਰਮਨਪਿਆਰਾ ਹੋ ਗਿਆ। ਇਹ ਢੰਗ ਸਧਾਰਨ ਹੱਕ ਦੀ ਮੰਗ ਕਰਦਾ ਸੀ ਕਿ ਹਰ ਕਿਸੇ ਨੂੰ ਸਹੀ ਮੁਕੱਦਮਾ ਚਲਾਏ ਜਾਣ ਅਤੇ ਜ਼ਾਲਮ, ਅਣਮਨੁੱਖੀ ਅਤੇ ਜ਼ਲੀਲ ਕਰਨ ਵਾਲੇ ਦਸਤੂਰ ਤੋਂ ਨਿਜਾਤ ਪਾਉਣ ਦਾ ਹੱਕ ਹੈ। ਇਸ ਨੇ ਸਿਰਫ਼ ਏਨਾ ਹੀ ਕਿਹਾ, ਇਸ ਤਰ੍ਹਾਂ ਦੇ ਵਤੀਰੇ ਦਾ ਕਾਰਨ ਨਹੀਂ ਪੁੱਛਿਆ। ਕਾਨੂੰਨੀ ਅਤੇ ਮਨੁੱਖੀ ਹਿੱਤ ਦਾ ਇਹ ਮਿਲਗੋਭਾ ਮਨੁੱਖੀ ਹੱਕਾਂ ਦੀ ਸ਼ਬਦਾਵਲੀ ਦੀ ਖ਼ਾਸੀਅਤ ਸੀ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਜੇਲ੍ਹਾਂ 'ਚ ਡੱਕੇ ਸੰਗੀ-ਸਾਥੀ ਅਸਲ ਵਿਚ ਵਿਸ਼ੇਸ਼ ਵਿਚਾਰਾਂ ਦੇ ਧਾਰਨੀ ਹੋਣ ਕਾਰਨ ਕੈਦੀ ਬਣਾਏ ਗਏ ਹਨ ਜਿਨ੍ਹਾਂ ਦੇ ਆਪਣੀ ਸੋਚ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦਾ ਘਾਣ ਕੀਤਾ ਗਿਆ ਹੈ, ਜਿਸ ਹੱਕ ਦੀ ਵਜਾਹਤ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਸਰਵ-ਵਿਆਪਕ ਐਲਾਨ ਦੀ ਮਦ 18 ਅਤੇ 19 'ਚ ਕੀਤੀ ਗਈ ਸੀ।

ਤਾਨਾਸ਼ਾਹੀ ਹੇਠ ਜਿਊਣ ਵਾਲਿਆਂ ਲਈ, ਇਹ ਨਵੀਂ ਬੋਲੀ ਲਾਜ਼ਮੀ ਤੌਰ 'ਤੇ ਇਕ ਗੁਪਤ ਇਸ਼ਾਰਾ ਸੀ : ਜਿਵੇਂ ਸੰਗੀਤਕਾਰਾਂ ਦੇ ਸੰਗੀਤ 'ਚ ਗੁੱਝੇ ਅਲੰਕਾਰਾਂ ਰਾਹੀਂ ਸਿਆਸੀ ਸੁਨੇਹੇ ਛੁਪੇ ਹੁੰਦੇ ਸਨ ਉਸੇ ਤਰ੍ਹਾਂ ਇਨ੍ਹਾਂ ਨੇ ਕਾਨੂੰਨੀ ਪਰਦੇ ਹੇਠ ਆਪਣੀ ਖੱਬੀ ਸੋਚ ਛੁਪਾਈ ਹੋਈ ਸੀ— ਇਹ ਸਿਆਸਤ ਦਾ ਜ਼ਿਕਰ ਕੀਤੇ ਬਗ਼ੈਰ ਸਿਆਸੀ ਕੰਮ 'ਚ ਜੁਟਣ ਦਾ ਤਰੀਕਾ ਸੀ।•

ਪਰ ਜਦੋਂ ਤੇਜ਼ੀ ਨਾਲ ਫੈਲ ਰਹੀ ਮਨੁੱਖੀ ਹੱਕਾਂ ਦੀ ਲਹਿਰ ਨੇ ਲਾਤੀਨੀ ਅਮਰੀਕਾ 'ਚ

• ਇਹ ਸਾਵਧਾਨੀਆਂ ਵਰਤ ਕੇ ਵੀ ਮਨੁੱਖੀ ਹੱਕਾਂ ਦੇ ਕਾਰਕੁਨ ਦਹਿਸ਼ਤ ਤੋਂ ਮਹਿਫ਼ੂਜ਼ ਨਹੀਂ ਸਨ। ਚਿੱਲੀ ਦੀਆਂ ਜੇਲ੍ਹਾਂ ਮਨੁੱਖੀ ਹੱਕਾਂ ਲਈ ਸਰਗਰਮ ਵਕੀਲਾਂ ਨਾਲ ਭਰੀਆਂ ਹੋਈਆਂ ਸਨ ਅਤੇ ਅਰਜਨਟਾਈਨਾ ਦੀ ਫ਼ੌਜੀ ਹਕੂਮਤ ਨੇ ਮਾਵਾਂ ਦੀ ਲਹਿਰ 'ਚ ਘੁਸਪੈਠ ਕਰਨ ਲਈ ਆਪਣੇ ਚੋਟੀ ਦੇ ਜਲਾਦ ਨੂੰ ਪੀੜਤ ਰਿਸ਼ਤੇਦਾਰ ਦੇ ਭੇਸ 'ਚ ਭੇਜਿਆ ਸੀ। ਦਸੰਬਰ 1977 'ਚ, ਇਸ ਗਰੁੱਪ 'ਤੇ ਛਾਪੇ ਮਾਰੇ ਗਏ। ਬਾਰਾਂ ਮਾਵਾਂ ਹਮੇਸ਼ਾ ਲਈ ਗਾਇਬ ਕਰ ਦਿੱਤੀਆਂ ਗਈਆਂ; ਇਨ੍ਹਾਂ ਵਿਚ ਮਾਵਾਂ ਦੀ ਲਹਿਰ ਦੀ ਆਗੂ ਅਜ਼ੂਸੇਨਾ ਡੀ ਵਿਸੈਂਟੀ ਅਤੇ ਦੋ ਫਰਾਂਸੀਸੀ ਸਾਧਵੀਆਂ ਵੀ ਸ਼ਾਮਲ ਸਨ।

ਢਾਹੀ ਜਾ ਰਹੀ ਦਹਿਸ਼ਤ ਦਾ ਮੁੱਦਾ ਉਠਾਇਆ ਤਾਂ ਉਨ੍ਹਾਂ ਕਾਰਕੁਨਾਂ ਵਲੋਂ ਸਿਆਸਤ ਦੀ ਚਰਚਾ ਕਰਨ ਤੋਂ ਗੁਰੇਜ਼ ਕਰਨ ਦੇ ਆਪਣੇ ਹੀ ਵੱਖਰੇ ਕਾਰਨ ਸਨ।

ਫੋਰਡ ਉੱਪਰ ਫੋਰਡ ਦੀ ਜਕੜ

ਹਕੂਮਤੀ ਦਹਿਸ਼ਤ ਦਾ ਢਾਂਚਾ ਜਿਸ ਵਿਚਾਰਧਾਰਕ ਪ੍ਰਾਜੈਕਟ ਦੇ ਹਿੱਤ ਪੂਰਦਾ ਸੀ ਇਨ੍ਹਾਂ ਦੋਵਾਂ ਨੂੰ ਜੋੜ ਕੇ ਦੇਖਣ ਤੋਂ ਇਨਕਾਰੀ ਹੋਣਾ ਇਸ ਸਮੇਂ ਦੇ ਮਨੁੱਖੀ ਹੱਕਾਂ ਬਾਰੇ ਤਕਰੀਬਨ ਸਾਰੇ ਹੀ ਸਾਹਿਤ ਦੀ ਖ਼ਾਸੀਅਤ ਰਿਹਾ ਹੈ। ਭਾਵੇਂ ਐਮਨੈਸਟੀ ਦੀ ਸੋਕੋਚ ਨੂੰ ਠੰਢੀ ਜੰਗ ਦੇ ਤਣਾਅ ਦੌਰਾਨ ਨਿਰਪੱਖ ਰਹਿਣ ਦਾ ਯਤਨ ਸਮਝਿਆ ਜਾ ਸਕਦਾ ਹੈ ਪਰ ਹੋਰ ਬਹੁਤ ਸਾਰੇ ਗਰੁੱਪਾਂ ਦੇ ਸੰਕੋਚ ਪਿੱਛੇ ਹੋਰ ਕਾਰਕ ਕੰਮ ਕਰਦੇ ਸਨ। ਇਸ ਸਮੇਂ ਇਸ ਕੰਮ ਲਈ ਫੰਡ ਦਾ ਸਭ ਤੋਂ ਅਹਿਮ ਵਸੀਲਾ ਫੋਰਡ ਫਾਊਂਡੇਸ਼ਨ ਹੀ ਸੀ ਜੋ ਓਦੋਂ ਦੁਨੀਆਂ ਦੀ ਸਭ ਤੋਂ ਵੱਡੀ ਪਰਉਪਕਾਰੀ ਸੰਸਥਾ ਸੀ। ਸੱਠਵਿਆਂ 'ਚ ਇਸ ਜਥੇਬੰਦੀ ਨੇ ਆਪਣੇ ਬਜਟ ਦਾ ਬਹੁਤ ਛੋਟਾ ਹਿੱਸਾ ਹੀ ਮਨੁੱਖੀ ਹੱਕਾਂ ਬਾਰੇ ਖ਼ਰਚ ਕੀਤਾ ਸੀ। ਪਰ ਸੱਤਰਵਿਆਂ ਅਤੇ ਅੱਸੀਵਿਆਂ 'ਚ ਇਸ ਨੇ ਲਾਤੀਨੀ ਅਮਰੀਕਾ 'ਚ ਮਨੁੱਖੀ ਹੱਕਾਂ ਨੂੰ ਸਮਰਪਿਤ ਕੰਮ ਉੱਪਰ 3 ਕਰੋੜ ਡਾਲਰ ਦੀ ਰਕਮ ਖ਼ਰਚ ਕੀਤੀ। ਇਨ੍ਹਾਂ ਫੰਡਾਂ ਰਾਹੀਂ ਇਸ ਸੰਸਥਾ ਨੇ ਲਾਤੀਨੀ ਅਮਰੀਕਾ ਦੀਆਂ ਜਥੇਬੰਦੀਆਂ ਦੀ ਪੂਰੀ ਸਹਾਇਤਾ ਕੀਤੀ ਜਿਵੇਂ ਚਿੱਲੀ ਦੀ ਅਮਨ ਫਾਊਂਡੇਸ਼ਨ ਅਤੇ ਅਮਰੀਕਾ ਦੇ ਨਵੇਂ ਗਰੁੱਪ। ਇਨ੍ਹਾਂ 'ਚ *ਅਮੈਰਿਕਾਜ਼ ਵਾਚ* ਵੀ ਸ਼ਾਮਲ ਸੀ।[15]

ਫ਼ੌਜੀ ਰਾਜ ਪਲਟਿਆਂ ਤੋਂ ਪਹਿਲਾਂ ਫੋਰਡ ਫਾਊਂਡੇਸ਼ਨ ਦੀ ਪ੍ਰਮੁੱਖ ਭੂਮਿਕਾ ਉਨ੍ਹਾਂ ਸਿੱਖਿਆ ਸ਼ਾਸਤਰੀਆਂ ਨੂੰ ਅਰਥਸ਼ਾਸਤਰ ਅਤੇ ਖੇਤੀ ਵਿਗਿਆਨ ਦੀ ਸਿਖਲਾਈ ਦੇਣ ਲਈ ਫੰਡ ਦੇਣ ਦੀ ਸੀ ਜੋ ਦੱਖਣੀ ਤਿਕੋਨ ਦੇ ਦੇਸ਼ਾਂ ਨਾਲ ਸਬੰਧਤ ਅਮਰੀਕੀ ਬਦੇਸ਼ ਵਿਭਾਗ ਨਾਲ ਨੇੜਿਉਂ ਜੁੜ ਕੇ ਕੰਮ ਕਰਦੇ ਸਨ।[16] ਫੋਰਡ ਦੀ ਕੌਮਾਂਤਰੀ ਸ਼ਾਖਾ ਦੇ ਡਿਪਟੀ ਮੀਤ ਪ੍ਰਧਾਨ ਫਰੈਂਕ ਸਟੱਨ ਨੇ ਸੰਸਥਾ ਦੀ ਫ਼ਿਲਾਸਫ਼ੀ ਇਸ ਤਰ੍ਹਾਂ ਬਿਆਨ ਕੀਤੀ ਸੀ : "ਆਧੁਨਿਕ ਕੁਲੀਨ ਵਰਗ ਤੋਂ ਬਗ਼ੈਰ ਤੁਸੀਂ ਆਧੁਨਿਕ ਦੇਸ਼ ਨਹੀਂ ਬਣਾ ਸਕਦੇ।"[17] ਭਾਵੇਂ ਫੋਰਡ ਦੀਆਂ ਸਿੱਖਿਆ ਨਾਲ ਸਬੰਧਤ ਗਰਾਂਟਾਂ ਇਨਕਲਾਬੀ ਮਾਰਕਸਵਾਦ ਦੇ ਬਦਲ ਦੀ ਪੁਸ਼ਤ ਪਨਾਹੀ ਕਰਨ ਦੇ ਠੰਢੀ ਜੰਗ ਦੇ ਤਰਕ ਦੇ ਦਾਇਰੇ ਦੇ ਐਨ ਅੰਦਰ ਅੰਦਰ ਸਨ, ਪਰ ਇਹ ਮਜ਼ਬੂਤ ਸੱਜੇਪੱਖੀ ਝੁਕਾਅ ਤੋਂ ਬਚੀਆਂ ਹੋਈਆਂ ਨਹੀਂ ਸਨ। ਲਾਤੀਨੀ ਅਮਰੀਕਾ ਦੇ ਵਿਦਿਆਰਥੀਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹਨ ਲਈ ਭੇਜਿਆ ਜਾਂਦਾ ਸੀ ਅਤੇ ਲਾਤੀਨੀ ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਗਰੈਜੂਏਟ ਵਿਭਾਗਾਂ ਨੂੰ ਫੰਡ ਮੁਹੱਈਆ ਕੀਤੇ ਜਾਂਦੇ ਸਨ, ਇਨ੍ਹਾਂ ਵਿਚ ਖੱਬੇਪੱਖੀ ਝੁਕਾਅ ਵਾਲੀਆਂ ਵੱਡੀਆਂ ਸਰਕਾਰੀ ਯੂਨੀਵਰਸਿਟੀਆਂ ਸ਼ਾਮਲ ਸਨ।

ਪਰ ਬਹੁਤ ਸਾਰੀਆਂ ਅਹਿਮ ਵਿਸ਼ੇਸ਼ ਮਿਸਾਲਾਂ ਵੀ ਸਨ। ਪਿੱਛੇ ਚਰਚਾ ਕੀਤੀ ਗਈ ਹੈ ਕਿ ਫੋਰਡ ਫਾਊਂਡੇਸ਼ਨ ਸ਼ਿਕਾਗੋ ਯੂਨੀਵਰਸਿਟੀ ਦੇ ਲਾਤੀਨੀ ਅਮਰੀਕੀ ਆਰਥਕ ਖੋਜ ਅਤੇ ਸਿਖਲਾਈ ਪ੍ਰੋਗਰਾਮ ਦੇ ਫੰਡਾਂ ਦਾ ਪ੍ਰਮੁੱਖ ਵਸੀਲਾ ਸੀ। ਇਸ ਪ੍ਰੋਗਰਾਮ ਨੇ ਸੈਂਕੜਿਆਂ ਦੀ ਗਿਣਤੀ 'ਚ ਲਾਤੀਨੀ ਮੂਲ ਦੇ ਸ਼ਿਕਾਗੋ ਵਾਲੇ ਮੁੰਡੇ ਤਿਆਰ ਕੀਤੇ। ਫੋਰਡ ਸਾਂਤਿਆਗੋ ਦੀ ਕੈਥੋਲਿਕ ਯੂਨੀਵਰਸਿਟੀ ਵਿਖੇ ਇਕ ਸਮਾਂਤਰ ਪ੍ਰੋਗਰਾਮ ਨੂੰ ਫੰਡ ਵੀ ਮੁਹੱਈਆ ਕਰਦੀ ਸੀ, ਜੋ ਚਿੱਲੀ ਦੇ ਗੁਆਂਢੀ ਦੇਸ਼ਾਂ ਵਿਚੋਂ ਅੰਡਰ ਗਰੈਜੂਏਟ ਵਿਦਿਆਰਥੀਆਂ ਨੂੰ ਫਾਹ ਕੇ ਚਿੱਲੀ ਦੇ ਸ਼ਿਕਾਗੋ ਵਾਲੇ ਮੁੰਡਿਆਂ ਦੀ ਰਾਹਨੁਮਾਈ ਹੇਠ ਪੜ੍ਹਾਉਣ ਲਈ ਉਚੇਚੇ ਤੌਰ 'ਤੇ ਬਣਾਇਆ ਗਿਆ ਸੀ। ਚਾਹੇ ਇਹ ਮਿੱਥ ਕੇ ਕੀਤਾ ਗਿਆ ਹੋਵੇ ਜਾਂ ਨਾ, ਪਰ ਅਜਿਹਾ ਕਰਕੇ ਫੋਰਡ ਫਾਊਂਡੇਸ਼ਨ ਪੂਰੇ ਲਾਤੀਨੀ

ਅਮਰੀਕਾ ਵਿਚ ਸ਼ਿਕਾਗੋ ਸਕੂਲ ਦੀ ਵਿਚਾਰਧਾਰਾ ਦਾ ਛੱਟਾ ਦੇਣ ਲਈ ਫੰਡਾਂ ਦਾ ਮੁੱਖ ਵਸੀਲਾ ਬਣ ਗਈ। ਇੰਞ ਇਸ ਦੀ ਭੂਮਿਕਾ ਤਾਂ ਅਮਰੀਕੀ ਸਰਕਾਰ ਨਾਲੋਂ ਵੀ ਅਹਿਮ ਸੀ।[18]

ਜਦੋਂ ਸ਼ਿਕਾਗੋ ਵਾਲੇ ਮੁੰਡੇ ਪਿਨੋਚੇ ਨਾਲ ਜੋਟੀ ਪਾਈ ਬੈਂਦੂਕਾਂ ਦੀ ਸਲਾਮੀ ਲੈ ਕੇ ਸੱਤਾਧਾਰੀ ਬਣੇ ਤਾਂ ਇਸ ਨਾਲ ਸਗੋਂ ਫੋਰਡ ਫਾਊਂਡੇਸ਼ਨ ਦੇ ਮੱਥੇ 'ਤੇ ਕਲੰਕ ਹੀ ਲੱਗਿਆ। ਫਾਊਂਡੇਸ਼ਨ ਨੇ ਸ਼ਿਕਾਗੋ ਵਾਲੇ ਮੁੰਡਿਆਂ ਦੀ ਪੜ੍ਹਾਈ ਲਈ ਫੰਡ "ਆਰਥਕ ਸੰਸਥਾਵਾਂ ਦੀ ਹਾਲਤ ਸੁਧਾਰਨ" ਦੇ ਮਿਸ਼ਨ ਤਹਿਤ ਦਿੱਤਾ ਸੀ "ਤਾਂ ਜੋ ਜਮਹੂਰੀ ਟੀਚੇ ਬਿਹਤਰ ਤਰੀਕੇ ਨਾਲ ਪੂਰੇ ਕੀਤੇ ਜਾ ਸਕਣ।"[19] ਸ਼ਿਕਾਗੋ ਅਤੇ ਸਾਂਤਿਆਗੋ ਦੋਵਾਂ 'ਚ ਅਰਥਸ਼ਾਸਤਰੀ ਸੰਸਥਾਵਾਂ ਨੂੰ ਉਸਾਰਨ 'ਚ ਫੋਰਡ ਨੇ ਜੋ ਮਦਦ ਕੀਤੀ ਸੀ ਉਹ ਹੁਣ ਚਿੱਲੀ ਦੀ ਜਮਹੂਰੀਅਤ ਦਾ ਭੋਗ ਪਾਉਣ 'ਚ ਮੁੱਖ ਭੂਮਿਕਾ ਨਿਭਾ ਰਹੀਆਂ ਸਨ। ਅਤੇ ਇਸ ਦੇ ਸਾਬਕਾ ਵਿਦਿਆਰਥੀ ਆਪਣੀ ਅਮਰੀਕੀ ਪੜ੍ਹਾਈ ਨੂੰ ਬੁਰੀ ਤਰ੍ਹਾਂ ਝੰਜੋੜਨ ਵਾਲੀ ਦਰਿੰਦਗੀ ਦੇ ਮਾਹੌਲ ਵਿਚ ਲਾਗੂ ਕਰਨ ਦੇ ਅਮਲ 'ਚ ਜੁਟੇ ਹੋਏ ਸਨ। ਇਸ ਨਾਲ ਫੋਰਡ ਫਾਊਂਡੇਸ਼ਨ ਦੀ ਤਾਣੀ ਹੋਰ ਉਲਝ ਗਈ ਸੀ, ਥੋੜ੍ਹੇ ਜਹੇ ਸਾਲਾਂ 'ਚ ਹੀ ਇਹ ਦੂਜੀ ਵਾਰ ਵਾਪਰਿਆ ਸੀ ਕਿ ਇਸ ਦੇ ਪਿੱਠੂਆਂ ਨੇ ਸੱਤਾ 'ਤੇ ਕਾਬਜ਼ ਹੋਣ ਲਈ ਹਿੰਸਕ ਰਾਹ ਅਪਣਾਇਆ ਸੀ। ਇਸ ਦੀ ਪਹਿਲੀ ਮਿਸਾਲ ਇੰਡੋਨੇਸ਼ੀਆ ਸੀ ਜਿੱਥੇ ਸੁਹਾਰਤੋ ਵਲੋਂ ਕੀਤੇ ਖ਼ੂਨੀ ਰਾਜ ਪਲਟੇ ਤੋਂ ਬਾਅਦ ਬਰਕਲੇ ਮਾਫ਼ੀਆ ਤੇਜ਼ੀ ਨਾਲ ਸੱਤਾਧਾਰੀ ਹੋ ਗਿਆ ਸੀ।

ਇੰਡੋਨੇਸ਼ੀਆ ਯੂਨੀਵਰਸਿਟੀ 'ਚ ਅਰਥਸ਼ਾਸਤਰ ਵਿਭਾਗ ਦੀ ਉਸਾਰੀ ਮੁੱਢੋਂ-ਸੁੱਢੋਂ ਫੋਰਡ ਨੇ ਕੀਤੀ ਸੀ। ਪਰ ਜਦੋਂ ਸੁਹਾਰਤੋ ਸੱਤਾ 'ਚ ਆਇਆ ਤਾਂ "ਇਸ ਦੇ ਪ੍ਰੋਗਰਾਮ ਨੇ ਜਿੰਨੇ ਅਰਥਸ਼ਾਸਤਰੀ ਤਿਆਰ ਕੀਤੇ ਸਨ ਲਗਭਗ ਸਾਰੇ ਹੀ ਸਰਕਾਰ 'ਚ ਲੈ ਲਏ ਗਏ।" ਇਹ ਟਿੱਪਣੀ ਫੋਰਡ ਦੇ ਆਪਣੇ ਦਸਤਾਵੇਜ਼ ਦੀ ਹੈ। ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਪਿੱਛੇ ਕੋਈ ਅਧਿਆਪਕ ਨਹੀਂ ਬਚਿਆ ਸੀ।[20] 1974 'ਚ, ਇੰਡੋਨੇਸ਼ੀਆ ਅੰਦਰ ਆਰਥਿਕਤਾ 'ਚ "ਬਦੇਸ਼ੀ ਭੰਨਤੋੜ" ਵਿਰੁੱਧ ਕੌਮਪ੍ਰਸਤ ਦੰਗੇ ਭੜਕ ਉੱਠੇ : ਫੋਰਡ ਫਾਊਂਡੇਸ਼ਨ ਜਨਤਕ ਰੋਹ ਦਾ ਨਿਸ਼ਾਨਾ ਬਣੀ। ਇਹ ਨੁਕਤਾ ਕਈ ਲੋਕ ਉਠਾਉਂਦੇ ਸਨ ਕਿ ਪੱਛਮੀ ਬਹੁ-ਕੌਮੀ ਕੰਪਨੀਆਂ ਨੂੰ ਇੰਡੋਨੇਸ਼ੀਆ ਦਾ ਤੇਲ ਅਤੇ ਹੋਰ ਕੁਦਰਤੀ ਦੌਲਤ ਵੇਚ ਦੇਣ ਦੀ ਸਿਖਲਾਈ ਸੁਹਾਰਤੋ ਦੇ ਅਰਥਸ਼ਾਸਤਰੀਆਂ ਨੂੰ ਇਸ ਫਾਊਂਡੇਸ਼ਨ ਨੇ ਹੀ ਦਿੱਤੀ ਸੀ।

ਚਿੱਲੀ ਦੇ ਸ਼ਿਕਾਗੋ ਵਾਲੇ ਮੁੰਡਿਆਂ ਅਤੇ ਇੰਡੋਨੇਸ਼ੀਆ ਦੇ ਬਰਕਲੇ ਮਾਫ਼ੀਆ ਨਾਲ ਘਿਰੀ ਫੋਰਡ ਫਾਊਂਡੇਸ਼ਨ ਦਾ ਅਕਸ ਕਲੰਕਿਤ ਹੋ ਗਿਆ ਸੀ : ਇਸ ਦੇ ਦੋ ਮੁੱਖ ਪ੍ਰੋਗਰਾਮਾਂ ਦੀ ਪੈਦਾਵਾਰ ਗਰੈਜੂਏਟ ਹੁਣ ਦੁਨੀਆਂ ਦੀਆਂ ਸਭ ਤੋਂ ਬਦਨਾਮ ਸੱਜੇਪੱਖੀ ਤਾਨਾਸ਼ਾਹੀਆਂ 'ਚ ਛਾਏ ਹੋਏ ਸਨ। ਭਾਵੇਂ ਫੋਰਡ ਨੂੰ ਇਹ ਜਾਣਕਾਰੀ ਨਾ ਹੋਵੇ ਕਿ ਇਸ ਦੇ ਗਰੈਜੂਏਟਾਂ ਨੂੰ ਜਿਨ੍ਹਾਂ ਵਿਚਾਰਾਂ ਦੀ ਸਿਖਲਾਈ ਦਿੱਤੀ ਜਾ ਰਹੀ ਸੀ, ਉਨ੍ਹਾਂ ਵਿਚਾਰਾਂ ਨੂੰ ਅਜਿਹੀ ਦਰਿੰਦਗੀ ਨਾਲ ਥੋਪਿਆ ਜਾਵੇਗਾ, ਫੇਰ ਵੀ ਇਹ ਸਵਾਲ ਬੇਚੈਨ ਜ਼ਰੂਰ ਕਰਦੇ ਹਨ ਕਿ ਸ਼ਾਂਤੀ ਅਤੇ ਜਮਹੂਰੀਅਤ ਲਈ ਵਚਨਬੱਧ ਇਹ ਫਾਊਂਡੇਸ਼ਨ ਤਾਨਾਸ਼ਾਹੀ ਅਤੇ ਹਿੰਸਾ 'ਚ ਐਨੀ ਗਲਤਾਨ ਕਿਉਂ ਸੀ।

ਚਾਹੇ ਇਹ ਡਰ ਵਿਚੋਂ ਕੀਤਾ ਗਿਆ ਹੋਵੇ ਜਾਂ ਸਮਾਜਿਕ ਜ਼ਮੀਰ ਜਾਗਣ ਕਾਰਨ ਜਾਂ ਦੋਵਾਂ ਦੇ ਸਿੱਟੇ ਵਜੋਂ, ਫੋਰਡ ਫਾਊਂਡੇਸ਼ਨ ਨੇ ਆਪਣੀ ਤਾਨਾਸ਼ਾਹੀ ਨਾਲ ਜੁੜੇ ਹੋਣ ਦੀ ਸਮੱਸਿਆ ਨੂੰ ਇਕ ਸੁਚੱਜੇ ਕਾਰੋਬਾਰੀ ਬੰਦੇ ਵਾਂਗ ਸ਼ਿੱਦਤ ਨਾਲ ਨਜਿੱਠਿਆ। ਸੱਤਰਵਿਆਂ ਦੇ ਅੱਧ 'ਚ, ਫੋਰਡ ਨੇ ਅਖੌਤੀ ਤੀਜੀ ਦੁਨੀਆਂ ਦੇ ਦੇਸ਼ਾਂ ਲਈ "ਤਕਨੀਕੀ ਮਾਹਰ" ਪੈਦਾ ਕਰਨ ਲਈ ਫੰਡ ਦੇਣ ਦੀ ਭੂਮਿਕਾ ਨੂੰ ਮਨੁੱਖੀ ਹੱਕਾਂ ਲਈ ਸਰਗਰਮੀ ਨੂੰ ਫੰਡ ਦੇਣ ਵਾਲੀ ਮੋਹਰੀ ਸੰਸਥਾ ਦੀ ਭੂਮਿਕਾ 'ਚ

ਬਦਲ ਲਿਆ। ਇਹ ਤਬਦੀਲੀ ਚਿੱਲੀ ਅਤੇ ਇੰਡੀਨੇਸ਼ੀਆ ਦੋਵਾਂ 'ਚ ਖ਼ਾਸ ਤੌਰ 'ਤੇ ਤਿੱਖੀ ਸੀ। ਜਿਨ੍ਹਾਂ ਫੌਜੀ ਹਕੂਮਤਾਂ ਨੂੰ ਘੜਨ 'ਚ ਫੋਰਡ ਨੇ ਸਹਾਇਤਾ ਕੀਤੀ ਸੀ ਉਨ੍ਹਾਂ ਵਲੋਂ ਇਨ੍ਹਾਂ ਦੇਸ਼ਾਂ ਵਿਚੋਂ ਖੱਬੀ ਧਿਰ ਦਾ ਸਫ਼ਾਇਆ ਕਰ ਦੇਣ ਤੋਂ ਬਾਅਦ, ਖ਼ੁਦ ਫੋਰਡ ਹੀ ਉਨ੍ਹਾਂ ਸਮਰਪਿਤ ਵਕੀਲਾਂ ਦੀ ਨਵੀਂ ਪੀੜ੍ਹੀ ਨੂੰ ਫੰਡ ਮੁਹੱਈਆ ਕਰਨ ਲੱਗੀ ਜੋ ਇਨ੍ਹਾਂ ਹੀ ਨਿਜ਼ਾਮਾਂ ਵਲੋਂ ਜੇਲ੍ਹਾਂ 'ਚ ਡੱਕੇ ਹੋਏ ਲੱਖਾਂ ਸਿਆਸੀ ਕੈਦੀਆਂ ਨੂੰ ਰਿਹਾਅ ਕਰਾਉਣ ਦੀ ਮੁਹਿੰਮ 'ਚ ਜੁੱਟੇ ਹੋਏ ਸਨ।

ਫੋਰਡ ਦਾ ਆਪਣਾ ਇਤਿਹਾਸ ਬਹੁਤ ਜ਼ਿਆਦਾ ਸਮਝੌਤੇਬਾਜ਼ ਰਿਹਾ ਹੋਣ ਕਰਕੇ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਜਦੋਂ ਇਹ ਮਨੁੱਖੀ ਹੱਕਾਂ ਦੇ ਖੇਤਰ 'ਚ ਕੁੱਦੀ ਇਸ ਨੇ ਇਸ ਖੇਤਰ ਨੂੰ ਵੱਧ ਤੋਂ ਵੱਧ ਸੀਮਤ ਰੱਖ ਕੇ ਪ੍ਰੀਭਾਸ਼ਤ ਕੀਤਾ। ਫਾਊਂਡੇਸ਼ਨ ਨੇ ਉਨ੍ਹਾਂ ਗਰੁੱਪਾਂ ਦੀ ਜ਼ੋਰਦਾਰ ਹਮਾਇਤ ਕੀਤੀ ਜਿਨ੍ਹਾਂ ਨੇ ਆਪਣੇ ਕੰਮ ਦਾ ਚੌਖਟਾ "ਕਾਨੂੰਨ ਦਾ ਰਾਜ" "ਪਾਰਦਰਸ਼ਤਾ" ਅਤੇ "ਚੰਗਾ ਪ੍ਰਸ਼ਾਸਨ" ਲਈ ਕਾਨੂੰਨੀ ਘੋਲਾਂ ਤੱਕ ਮਹਿਦੂਦ ਰੱਖਿਆ ਸੀ। ਜਿਵੇਂ ਫੋਰਡ ਫਾਊਂਡੇਸ਼ਨ ਦਾ ਇਕ ਅਧਿਕਾਰੀ ਇਸ ਨੂੰ ਪੇਸ਼ ਕਰਦਾ ਹੈ, ਚਿੱਲੀ ਵਿਚ ਸੰਸਥਾ ਦਾ ਰਵੱਈਆ ਸੀ : "ਅਸੀਂ ਇਹ ਕਿੰਞ ਕਰ ਸਕਦੇ ਹਾਂ ਅਤੇ ਸਿਆਸਤ 'ਚ ਸ਼ਾਮਲ ਵੀ ਨਹੀਂ ਹੋਣਾ ਹੈ।"[21] ਮਾਮਲਾ ਇਸ ਤਰ੍ਹਾਂ ਨਹੀਂ ਸੀ ਕਿ ਫੋਰਡ ਜਮਾਂਦਰੂ ਤੌਰ 'ਤੇ ਪਿਛਾਖੜੀ ਸੰਸਥਾ ਸੀ ਜੋ ਅਮਰੀਕਾ ਦੀ ਸਰਕਾਰੀ ਬਦੇਸ਼ ਨੀਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦੀ ਆਦੀ ਹੋਵੇ ਅਤੇ ਇਸ ਦੇ ਟਕਰਾਵੇਂ ਉਦੇਸ਼ ਹੀ ਨਾ ਹੋਣ।• ਸਵਾਲ ਇਹ ਵੀ ਸੀ ਕਿ ਚਿੱਲੀ ਵਿਚ ਜਿਸ ਮਕਸਦ ਦੀ ਪੂਰਤੀ ਲਈ ਜਬਰ ਢਾਹਿਆ ਗਿਆ ਸੀ ਉਸ ਦੀ ਗੰਭੀਰ ਛਾਣਬੀਣ ਅਟੱਲ ਤੌਰ 'ਤੇ ਸਿੱਧੀ ਫੋਰਡ ਫਾਊਂਡੇਸ਼ਨ ਅਤੇ ਇਸ ਦੀ ਮੁੱਖ ਭੂਮਿਕਾ ਵੱਲ ਸੇਧਤ ਹੋ ਜਾਣੀ ਸੀ। ਉਹ ਭੂਮਿਕਾ ਜੋ ਇਸ ਨੇ ਦੇਸ਼ ਦੇ ਉਸ ਸਮੇਂ ਦੇ ਹਾਕਮਾਂ ਨੂੰ ਅਰਥਸ਼ਾਸਤਰ ਦੇ ਇਕ ਮੂਲਵਾਦੀ ਸਿਧਾਂਤ ਦੀ ਸਿੱਖਿਆ ਦੇਣ 'ਚ ਨਿਭਾਈ ਸੀ।

ਫਾਊਂਡੇਸ਼ਨ ਦੀ ਫੋਰਡ ਮੋਟਰ ਕੰਪਨੀ ਨਾਲ ਅਟੱਲ ਸਾਂਝ ਦਾ ਸਵਾਲ ਵੀ ਇਕ ਪੇਚੀਦਾ ਰਿਸ਼ਤਾ ਸੀ, ਖ਼ਾਸ ਕਰਕੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਕਾਰਕੁਨਾਂ ਲਈ। ਅੱਜ, ਫੋਰਡ ਫਾਊਂਡੇਸ਼ਨ ਕਾਰ ਕੰਪਨੀ ਅਤੇ ਇਸ ਦੇ ਵਾਰਿਸਾਂ ਤੋਂ ਪੂਰੀ ਤਰ੍ਹਾਂ ਆਜ਼ਾਦ ਹੈ ਪਰ ਪੰਜਾਹਵਿਆਂ ਅਤੇ ਸੱਠਵਿਆਂ 'ਚ ਮਾਮਲਾ ਇਸ ਤਰ੍ਹਾਂ ਨਹੀਂ ਸੀ ਜਦੋਂ ਇਹ ਏਸ਼ੀਆ ਅਤੇ ਲਾਤੀਨੀ ਅਮਰੀਕਾ ਵਿਚ ਸਿੱਖਿਆ ਪ੍ਰਾਜੈਕਟਾਂ ਲਈ ਫੰਡ ਦਿੰਦੀ ਸੀ। ਫਾਊਂਡੇਸ਼ਨ ਦੀ ਸ਼ੁਰੂਆਤ 1936 'ਚ ਫੋਰਡ ਮੋਟਰ ਦੇ ਤਿੰਨ ਪ੍ਰਬੰਧਕੀ ਅਧਿਕਾਰੀਆਂ ਵਲੋਂ ਆਪਣੀ ਦਾਨ ਕੀਤੀ ਪੂੰਜੀ ਨਾਲ ਕੀਤੀ ਗਈ ਸੀ, ਇਨ੍ਹਾਂ ਵਿਚ ਹੈਨਰੀ ਅਤੇ ਐਦਸੈੱਲ ਫੋਰਡ ਸ਼ਾਮਲ ਸਨ। ਜਿਉਂ ਜਿਉਂ ਫੋਰਡ ਫਾਊਂਡੇਸ਼ਨ ਦੀ ਦੌਲਤ 'ਚ ਵਾਧਾ ਹੁੰਦਾ ਗਿਆ, ਇਸ ਨੇ ਆਜ਼ਾਦਾਨਾ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਰ ਫੋਰਡ ਮੋਟਰ ਦੀ ਪੂੰਜੀ ਤੋਂ ਅਲੱਗ ਹੋਣ ਦਾ ਅਮਲ 1974 'ਚ ਜਾ ਕੇ ਪੂਰਾ ਹੋਇਆ। ਇਹ ਚਿੱਲੀ ਦੇ ਰਾਜ ਪਲਟੇ ਤੋਂ ਇਕ ਸਾਲ ਬਾਅਦ ਅਤੇ ਇੰਡੋਨੇਸ਼ੀਆ 'ਚ ਰਾਜ ਪਲਟੇ ਤੋਂ ਕਈ ਸਾਲ

• 1950ਵਿਆਂ 'ਚ ਫੋਰਡ ਫਾਊਂਡੇਸ਼ਨ ਨੇ ਸੀ ਆਈ ਏ ਦੀ ਫਰੰਟ ਜਥੇਬੰਦੀ ਵਜੋਂ ਕੰਮ ਕੀਤਾ ਸੀ। ਇਹ ਆਪਣੇ ਫੰਡ ਮਾਰਕਸਵਾਦ ਵਿਰੋਧੀ ਸਿੱਖਿਆ ਸ਼ਾਸਤਰੀਆਂ ਅਤੇ ਕਲਾਕਾਰਾਂ ਨੂੰ ਦੇਣ ਦੀ ਇਜਾਜ਼ਤ ਸੀ ਆਈ ਏ ਨੂੰ ਦਿੰਦੀ ਰਹੀ। ਜੋ ਜਾਣਦੇ ਨਹੀਂ ਸਨ ਕਿ ਫੰਡ ਕਿੱਥੋਂ ਆ ਰਹੇ ਹਨ। ਇਸ ਅਮਲ ਦਾ ਦਸਤਾਵੇਜ਼ੀ ਵੇਰਵਾ ਫਰਾਂਸਿਸ ਸਤੋਨੋਰ ਸਾਂਡਰਸ ਦੀ ਲਿਖੀ ਕਿਤਾਬ The Cultural Cold War 'ਚ ਵਿਆਪਕ ਤੌਰ 'ਤੇ ਦਰਜ ਹੈ। ਐਮਨੈਸਟੀ ਨੂੰ ਫੰਡ ਫੋਰਡ ਫਾਊਂਡੇਸ਼ਨ ਨਹੀਂ ਦਿੰਦੀ ਸੀ; ਨਾ ਹੀ ਇਸ ਵਲੋਂ ਲਾਤੀਨੀ ਅਮਰੀਕਾ 'ਚ ਮਨੁੱਖੀ ਹੱਕਾਂ ਦੀ ਰਾਖੀ ਲਈ ਜੂਝ ਰਹੇ ਸਭ ਤੋਂ ਗਰਮ ਖ਼ਿਆਲ ਗਰੁੱਪ *ਪਲਾਜ਼ਾ ਡੀ ਮਾਈਓ* ਦੀਆਂ ਮਾਵਾਂ ਨੂੰ ਫੰਡ ਦਿੱਤੇ ਗਏ।

ਬਾਅਦ ਦੀ ਗੱਲ ਹੈ ਅਤੇ ਇਸ ਦੇ ਬੋਰਡ 'ਚ ਫੋਰਡ ਘਰਾਣੇ ਦੇ ਮੈਂਬਰ 1976 ਤੱਕ ਬਿਰਾਜਮਾਨ ਰਹੇ।[2]

ਦੱਖਣੀ ਤਿਕੋਨ ਖੇਤਰ ਵਿਚ, ਵਿਰੋਧਤਾਈਆਂ ਬਹੁਤ ਜ਼ਿਆਦਾ ਹਕੀਕੀ ਸਨ : ਜੋ ਕੰਪਨੀ ਦਹਿਸ਼ਤ ਦੇ ਢਾਂਚੇ ਨਾਲ ਸਭ ਤੋਂ ਵੱਧ ਨੇੜਿਉਂ ਜੁੜੀ ਹੋਈ ਸੀ—ਜਿਸ ਉੱਪਰ ਆਪਣੀ ਜਾਇਦਾਦ ਦੀ ਹਦੂਦ ਅੰਦਰ ਗੁਪਤ ਤਸੀਹਾ ਕੇਂਦਰ ਚਲਾਉਣ ਅਤੇ ਆਪਣੇ ਮਜ਼ਦੂਰਾਂ ਨੂੰ ਗਾਇਬ ਕਰਨ 'ਚ ਹੱਥ ਵਟਾਉਣ ਦਾ ਇਲਜ਼ਾਮ ਸੀ—ਉਸ ਦਾ ਪਰਉਪਕਾਰੀ ਵਿਰਸਾ ਹੀ ਮਨੁੱਖੀ ਹੱਕਾਂ ਦੇ ਸਿਰੇ ਦੇ ਘਾਣ ਨੂੰ ਖ਼ਤਮ ਕਰਨ ਦਾ ਸਭ ਤੋਂ ਵਧੀਆ ਅਤੇ ਆਮ ਤੌਰ 'ਤੇ ਇਕੋ ਇਕ ਮੌਕਾ ਸੀ। ਮਨੁੱਖੀ ਹੱਕਾਂ ਦੀ ਮੁਹਿਮ ਚਲਾਉਣ ਵਾਲਿਆਂ ਨੂੰ ਫੰਡ ਦੇ ਕੇ ਫੋਰਡ ਫਾਊਂਡੇਸ਼ਨ ਨੇ ਉਨ੍ਹਾਂ ਸਾਲਾਂ ਵਿਚ ਕਈ ਮਨੁੱਖੀ ਜਾਨਾਂ ਬਚਾਈਆਂ। ਅਰਜਨਟਾਈਨਾ ਅਤੇ ਚਿੱਲੀ ਨੂੰ ਦਿੱਤੀ ਜਾ ਰਹੀ ਫ਼ੌਜੀ ਸਹਾਇਤਾ 'ਚ ਕਟੌਤੀ ਕਰਨ ਲਈ ਅਮਰੀਕੀ ਕਾਂਗਰਸ ਨੂੰ ਮਜਬੂਰ ਕਰਨ ਅਤੇ ਦੱਖਣੀ ਤਿਕੋਨ ਦੇਸ਼ਾਂ ਦੀਆਂ ਫ਼ੌਜੀ ਹਕੂਮਤਾਂ ਨੂੰ ਆਪਣੀਆਂ ਸਿਰੇ ਦੀਆਂ ਵਹਿਸ਼ੀ ਜਾਬਰ ਨੀਤੀਆਂ ਤੋਂ ਸਹਿਜੇ ਸਹਿਜੇ ਪਿੱਛੇ ਹਟਣ ਲਈ ਮਜਬੂਰ ਕਰਨ ਦਾ ਘੱਟੋ ਘੱਟ ਇਕ ਹੱਦ ਤੱਕ ਸਿਹਰਾ ਇਸੇ ਨੂੰ ਜਾਂਦਾ ਹੈ। ਪਰ ਜਦੋਂ ਫੋਰਡ ਨੇ ਜਬਰ ਤੋਂ ਖਲਾਸੀ ਦੀ ਮਦਦ ਕਰਨੀ ਸ਼ੁਰੂ ਕੀਤੀ ਤਾਂ ਇਸ ਨੇ ਵੀ ਕੀਮਤ ਵਸੂਲ ਕੀਤੀ। ਅਤੇ ਇਹ ਕੀਮਤ—ਚਾਹੇ ਸੁਚੇਤ ਰੂਪ 'ਚ ਹੋਵੇ ਜਾਂ ਇੰਞ ਨਾ ਵੀ ਹੋਵੇ—ਮਨੁੱਖੀ ਹੱਕਾਂ ਦੀ ਲਹਿਰ ਦੀ ਬੌਧਿਕ ਈਮਾਨਦਾਰੀ ਦੇ ਰੂਪ 'ਚ ਵਸੂਲੀ ਗਈ ਸੀ। ਫਾਊਂਡੇਸ਼ਨ ਵਲੋਂ ਮਨੁੱਖੀ ਹੱਕਾਂ ਦੇ ਕਾਜ 'ਚ ਸ਼ਾਮਲ ਹੋਣ ਪਰ "ਸਿਆਸਤ 'ਚ ਸ਼ਾਮਲ ਨਾ ਹੋਣ" ਦੇ ਫ਼ੈਸਲੇ ਨੇ ਐਸਾ ਮਾਹੌਲ ਪੈਦਾ ਕਰ ਦਿੱਤਾ ਜਿੱਥੇ ਜਿਸ ਹਿੰਸਾ ਦੇ ਵੇਰਵੇ ਇਹ ਦਰਜ ਕਰ ਰਹੀ ਸੀ ਉਸ ਪਿੱਛੇ ਮੌਜੂਦ ਕਾਰਨਾਂ ਬਾਰੇ ਇਹ ਸਵਾਲ ਪੁੱਛਣਾ ਲਗਭਗ ਅਸੰਭਵ ਸੀ : ਇਹ ਹਿੰਸਾ ਕਿਉਂ ਅਤੇ ਕਿਸ ਦੇ ਹਿੱਤ ਲਈ ਢਾਹੀ ਜਾ ਰਹੀ ਸੀ ?

ਜਿਸ ਢੰਗ ਨਾਲ ਖੁੱਲ੍ਹੀ ਮੰਡੀ ਦੇ ਇਨਕਲਾਬ ਦਾ ਇਤਿਹਾਸ ਬਿਆਨ ਕੀਤਾ ਗਿਆ ਹੈ, ਉਸ ਵਿਚ ਇਸ ਨੂੰ ਜਨਮ ਦੇਣ ਵਾਲੇ ਵਿਸ਼ੇਸ਼ ਹਿੰਸਕ ਹਾਲਾਤ ਦਾ ਜ਼ਿਕਰ ਆਮ ਤੌਰ 'ਤੇ ਗ਼ੈਰ ਹਾਜ਼ਰ ਹੈ। ਇੱਥੇ ਉਪਰੋਕਤ ਉਕਾਈ ਨੇ ਕਲੰਕੀ ਭੂਮਿਕਾ ਨਿਭਾਈ ਹੈ। ਜਿਵੇਂ ਸ਼ਿਕਾਗੋ ਵਾਲੇ ਅਰਥਸ਼ਾਸਤਰੀ ਤਸੀਹਿਆਂ ਬਾਰੇ ਕੁਝ ਨਹੀਂ ਬੋਲਦੇ (ਉਹ ਕਹਿੰਦੇ ਹਨ ਕਿ ਤਸੀਹਿਆਂ ਦਾ ਉਨ੍ਹਾਂ ਦੀ ਮੁਹਾਰਤ ਦੇ ਖੇਤਰ ਨਾਲ ਕੋਈ ਲਾਗਾ-ਦੇਗਾ ਨਹੀਂ ਸੀ) ਇਸੇ ਤਰ੍ਹਾਂ ਮਨੁੱਖੀ ਹੱਕਾਂ ਲਈ ਜੂਝ ਰਹੇ ਗਰੁੱਪਾਂ ਕੋਲ ਉਸ ਤਿੱਖੀ ਤਬਦੀਲੀ ਬਾਰੇ ਕਹਿਣ ਲਈ ਕੁਝ ਨਹੀਂ ਸੀ ਜੋ ਆਰਥਕ ਖੇਤਰ 'ਚ ਹੋ ਰਹੀ ਸੀ (ਇਹ ਉਨ੍ਹਾਂ ਦੇ ਕਾਨੂੰਨੀ ਦ੍ਰਿਸ਼ਟੀ ਦੇ ਸੌੜੇ ਦਾਇਰੇ ਤੋਂ ਬਾਹਰ ਦਾ ਮਾਮਲਾ ਸੀ)।

ਜਬਰ ਅਤੇ ਅਰਥਸ਼ਾਸਤਰ ਅਸਲ ਵਿਚ ਇਕੋ ਇਕ ਜੁੜਵਾਂ ਪ੍ਰਾਜੈਕਟ ਸਨ। ਇਸ ਵਿਚਾਰ ਦਾ ਪ੍ਰਗਟਾਵਾ ਇਸ ਸਮੇਂ ਦੀ ਮਨੁੱਖੀ ਹੱਕਾਂ ਬਾਰੇ ਇਕ ਵੱਡੀ ਰਿਪੋਰਟ 'ਬਰਾਜ਼ੀਲ : ਉਹ ਕੁਝ ਮੁੜ ਕਦੇ ਨਾ ਵਾਪਰੇ' ਵਿਚ ਮਿਲਦਾ ਹੈ। ਅਹਿਮ ਚੀਜ਼ ਇਹ ਹੈ ਕਿ ਇਹੀ ਇਕੋ ਇਕ ਤੱਥ ਖੋਜ ਰਿਪੋਰਟ ਸੀ ਜੋ ਰਾਜ ਅਤੇ ਬਦੇਸ਼ੀ ਫਾਊਂਡੇਸ਼ਨਾਂ ਦੋਵਾਂ ਤੋਂ ਆਜ਼ਾਦ ਛਾਪੀ ਗਈ ਸੀ। ਇਹ ਫ਼ੌਜ ਦੇ ਅਦਾਲਤੀ ਰਿਕਾਰਡ 'ਤੇ ਅਧਾਰਤ ਹੈ। ਜਦੋਂ ਦੇਸ਼ ਹਾਲੇ ਤਾਨਾਸ਼ਾਹੀ ਦੇ ਅਧੀਨ ਸੀ, ਉਸ ਸਮੇਂ ਬਹੁਤ ਹੀ ਬਹਾਦਰ ਵਕੀਲ ਅਤੇ ਗਿਰਜਾ ਘਰ ਨਾਲ ਸਬੰਧਤ ਕਾਰਕੁਨ ਖੁਫ਼ੀਆ ਢੰਗ ਨਾਲ ਇਸ ਰਿਕਾਰਡ ਦੀਆਂ ਫੋਟੋਕਾਪੀਆਂ ਕਰਦੇ ਰਹੇ। ਸਿਰੇ ਦੇ ਭਿਆਨਕ ਜੁਰਮਾਂ ਦਾ ਵਰਨਣ ਕਰਨ ਤੋਂ ਬਾਅਦ ਲੇਖਕ ਉਹੀ ਮੁੱਖ ਸਵਾਲ ਪੁੱਛਦੇ ਹਨ ਜਿਸ ਤੋਂ ਹੋਰਨਾਂ ਨੇ ਜਾਣ ਬੁੱਝ ਕੇ ਟਾਲਾ ਵੱਟਿਆ ਹੈ। ਉਹ ਇਸ ਦਾ ਸਹੀ ਜਵਾਬ ਦਿੰਦੇ ਹਨ : "ਕਿਉਂਕਿ ਵਸੋਂ ਦੇ ਬਹੁਤ ਹਿੱਸੇ ਇਹ

ਆਰਥਕ ਨੀਤੀ ਨਹੀਂ ਚਾਹੁੰਦੇ ਸਨ, ਇਸ ਲਈ ਇਹ ਤਾਕਤ ਨਾਲ ਥੋਪੀ ਗਈ।"[23]

ਤਿੱਖੇ ਆਰਥਕ ਮਾਡਲ ਨੇ ਤਾਨਾਸ਼ਾਹੀ ਸਮੇਂ ਡੂੰਘੀਆਂ ਜੜ੍ਹਾਂ ਲਾਈਆਂ ਅਤੇ ਇਹ ਇਸ ਨੂੰ ਲਾਗੂ ਕਰਨ ਵਾਲੇ ਜਰਨੈਲਾਂ ਤੋਂ ਵੀ ਵੱਧ ਜ਼ਾਲਮ ਸਾਬਤ ਹੋਣਾ ਸੀ। ਜਦੋਂ ਫ਼ੌਜ ਬੈਰਕਾਂ ਵਿਚ ਵਾਪਸ ਮੁੜ ਗਈ, ਅਤੇ ਇਕ ਵਾਰ ਫੇਰ ਲਾਤੀਨੀ ਅਮਰੀਕੀ ਲੋਕਾਂ ਨੂੰ ਆਪਣੀਆਂ ਸਰਕਾਰਾਂ ਚੁਨਣ ਦੀ ਖੁੱਲ੍ਹ ਦੇ ਦਿੱਤੀ ਗਈ, ਸ਼ਿਕਾਗੋ ਸਕੂਲ ਦਾ ਤਰਕ ਫੇਰ ਵੀ ਪੱਕੇ ਪੈਰੀਂ ਕਾਬਜ਼ ਸੀ।

ਇਕ ਅਰਜਨਟਾਈਨੀ ਪੱਤਰਕਾਰ ਅਤੇ ਸਿੱਖਿਆਸ਼ਾਸਤਰੀ ਕਲਾਦੀਆ ਐਕਿਊਨਾ ਨੇ ਮੈਨੂੰ ਦੱਸਿਆ ਕਿ ਸੱਤਰਵਿਆਂ ਅਤੇ ਅੱਸੀਵਿਆਂ 'ਚ ਇਸ ਨੂੰ ਸਮਝਣਾ ਕਿੰਨਾ ਮੁਸ਼ਕਲ ਸੀ ਕਿ ਹਿੰਸਾ ਫ਼ੌਜੀ ਹਕੂਮਤ ਦਾ ਉਦੇਸ਼ ਨਹੀਂ ਸਿਰਫ਼ ਇਕ ਸਾਧਨ ਸੀ। "ਉਨ੍ਹਾਂ ਵਲੋਂ ਮਨੁੱਖੀ ਹੱਕਾਂ ਦਾ ਘਾਣ ਐਨਾ ਨਿਰਦਈ ਅਤੇ ਨਾਮੰਨਣਯੋਗ ਸੀ ਕਿ ਇਸ ਨੂੰ ਠੱਲ ਪਾਉਣਾ ਬੇਸ਼ੱਕ ਤਰਜੀਹੀ ਕਾਰਜ ਬਣ ਗਿਆ। ਅਸੀਂ ਗੁਪਤ ਤਸੀਹਾ ਕੇਂਦਰਾਂ ਨੂੰ ਖ਼ਤਮ ਕਰਨ 'ਚ ਤਾਂ ਕਾਮਯਾਬ ਹੋ ਗਏ ਪਰ ਅਸੀਂ ਫ਼ੌਜ ਵਲੋਂ ਸ਼ੁਰੂ ਕੀਤਾ ਆਰਥਕ ਪ੍ਰੋਗਰਾਮ ਖ਼ਤਮ ਨਹੀਂ ਕਰ ਸਕੇ ਅਤੇ ਇਹ ਹਾਲੇ ਤੱਕ ਲਾਗੂ ਹੈ।"

ਜਿਵੇਂ ਰੋਡੌਲਫੋ ਵਾਲਸ਼ ਨੇ ਪੇਸ਼ੀਨਗੋਈ ਕੀਤੀ ਸੀ, ਓੜਕ ਗੋਲੀਆਂ ਦੀ ਥਾਂ "ਗਿਣ-ਮਿਥ ਕੇ ਪੈਦਾ ਕੀਤੀ ਕੰਗਾਲੀ" ਹੋਰ ਬਹੁਤ ਸਾਰੀਆਂ ਜਾਨਾਂ ਦਾ ਖੌਅ ਬਣੇਗੀ। ਜੋ ਕੁਝ ਸੱਤਰਵਿਆਂ 'ਚ ਲਾਤੀਨੀ ਅਮਰੀਕਾ ਦੇ ਦੱਖਣੀ ਤਿਕੋਨ ਖੇਤਰ 'ਚ ਹੋਇਆ ਸੀ ਉਸ ਨੂੰ ਇਕ ਤਰ੍ਹਾਂ ਨਾਲ ਕਤਲ ਦੇ ਦ੍ਰਿਸ਼ ਵਜੋਂ ਲਿਆ ਗਿਆ ਜਦਕਿ ਅਸਲ ਵਿਚ ਇਹ ਵਿਸ਼ੇਸ਼ ਤੌਰ 'ਤੇ ਜ਼ਾਲਮ ਹਥਿਆਰਬੰਦ ਡਾਕਾ ਸੀ। ਐਕਿਊਨਾ ਨੇ ਮੈਨੂੰ ਦੱਸਿਆ, "ਇਹ ਇਸ ਤਰ੍ਹਾਂ ਸੀ ਜਿਵੇਂ ਲਹੂ ਨੇ, ਗਾਇਬ ਕੀਤੇ ਗਏ ਲੋਕਾਂ ਦੇ ਲਹੂ ਨੇ ਆਰਥਕ ਪ੍ਰੋਗਰਾਮ ਵਲੋਂ ਵਸੂਲ ਕੀਤੀ ਕੀਮਤ 'ਤੇ ਪਰਦਾ ਪਾ ਦਿੱਤਾ ਹੋਵੇ।"

ਇਹ ਬਹਿਸ ਲਾਤੀਨੀ ਅਮਰੀਕਾ ਦਾ ਅਲੋਕਾਰ ਵਰਤਾਰਾ ਨਹੀਂ ਹੈ ਕਿ ਕੀ "ਮਨੁੱਖੀ ਹੱਕਾਂ" ਨੂੰ ਕਦੇ ਸਚਮੁਚ ਸਿਆਸਤ ਅਤੇ ਅਰਥਸ਼ਾਸਤਰ ਤੋਂ ਅਲੱਗ ਕੀਤਾ ਜਾ ਸਕਦਾ ਹੈ; ਇਹ ਸਵਾਲ ਓਦੋਂ ਉਭਰ ਕੇ ਸਾਹਮਣੇ ਆਉਂਦੇ ਹਨ ਜਦੋਂ ਨੀਤੀ ਦੇ ਸੰਦ ਵਜੋਂ ਰਾਜ ਤਸੀਹਿਆਂ ਦੀ ਵਰਤੋਂ ਕਰਦਾ ਹੈ। ਤਸੀਹਿਆਂ ਦੇ ਚਾਰ-ਚੁਫੇਰੇ ਬਣੇ ਰਹੱਸ ਅਤੇ ਇਨ੍ਹਾਂ ਨੂੰ ਸਿਆਸਤ ਤੋਂ ਉੱਪਰ ਭਟਕਾਊ ਵਤੀਰਾ ਸਮਝਣ ਦੀ ਸਪਸ਼ਟ ਧੁੱਸ ਦੇ ਬਾਵਜੂਦ ਇਹ ਖ਼ਾਸ ਗੁੰਝਲਦਾਰ ਜਾਂ ਰਹੱਸਮਈ ਵਰਤਾਰਾ ਨਹੀਂ ਹਨ। ਜਦੋਂ ਇਕ ਸਥਾਨਕ ਤਾਨਾਸ਼ਾਹ ਜਾਂ ਕਬਜ਼ਾ ਕਰਨ ਵਾਲੀ ਬਦੇਸ਼ੀ ਤਾਕਤ ਨੂੰ ਰਾਜ ਕਰਨ ਲਈ ਜ਼ਰੂਰੀ ਸਹਿਮਤੀ ਨਾ ਮਿਲੇ ਤਾਂ ਸਿਰੇ ਦੇ ਘ੍ਰਿਣਤ ਜਬਰ ਦਾ ਇਹ ਸੰਦ ਬਹੁਤ ਹੀ ਕਿਆਸੇ ਰੂਪ 'ਚ ਸਿਰ ਚੁੱਕ ਲੈਂਦਾ ਹੈ। ਜਿਵੇਂ ਫਿਲਪਾਈਨਜ਼ 'ਚ ਮਾਰਕੋਸ, ਇਰਾਨ 'ਚ ਸ਼ਾਹ, ਇਰਾਕ 'ਚ ਸੱਦਾਮ, ਅਲਜੀਰੀਆ 'ਚ ਫਰੈਂਚ, ਫਲਸਤੀਨ ਦੇ ਕਬਜ਼ੇ 'ਚ ਲਏ ਇਲਾਕਿਆਂ 'ਚ ਇਸਰਾਈਲੀ, ਇਰਾਕ ਅਤੇ ਅਫਗਾਨਿਸਤਾਨ 'ਚ ਅਮਰੀਕਾ। ਸੂਚੀ ਹੋਰ ਲੰਮੀ ਹੁੰਦੀ ਜਾ ਰਹੀ ਹੈ। ਕੈਦੀਆਂ ਨਾਲ ਵਿਆਪਕ ਪੱਧਰ 'ਤੇ ਘਟੀਆ ਵਰਤਾਅ ਇਸ ਦਾ ਸਿੱਧਾ ਸਬੂਤ ਹੈ ਕਿ ਸਿਆਸਤਦਾਨ ਐਸਾ ਪ੍ਰਬੰਧ ਥੋਪਣ ਦਾ ਯਤਨ ਕਰ ਰਹੇ ਹਨ—ਇਹ ਚਾਹੇ ਸਿਆਸੀ ਹੋਵੇ, ਧਾਰਮਿਕ ਹੋਵੇ ਜਾਂ ਆਰਥਕ—ਜਿਸ ਨੂੰ ਇਨ੍ਹਾਂ ਦੀ ਬਹੁਗਿਣਤੀ ਪਰਜਾ ਰੱਦ ਕਰ ਰਹੀ ਹੈ। ਜਿਵੇਂ ਵਾਤਾਵਰਣ ਵਿਗਿਆਨੀ ਵਾਤਾਵਰਣ ਵਿਗਿਆਨ ਨੂੰ ਪੌਦਿਆਂ ਅਤੇ ਪੰਛੀਆਂ ਦੇ ਰੂਪ 'ਚ ਖ਼ਾਸ "ਸੂਚਕ ਪ੍ਰਾਣੀਆਂ" ਦੀ ਮੌਜੂਦਗੀ ਨਾਲ ਪ੍ਰੀਭਾਸ਼ਤ ਕਰਦੇ ਹਨ, ਉਸੇ ਤਰ੍ਹਾਂ ਤਸੀਹੇ ਘੋਰ ਗ਼ੈਰ-

ਜਮਹੂਰੀ ਪ੍ਰਾਜੈਕਟ 'ਚ ਰੁੱਝੇ ਨਿਜ਼ਾਮ ਦਾ ਸੂਚਕ ਹੈ, ਚਾਹੇ ਇਹ ਨਿਜ਼ਾਮ ਚੋਣਾਂ ਰਾਹੀਂ ਸੱਤਾ ਵਿਚ ਕਿਉਂ ਨਾ ਆਇਆ ਹੋਵੇ।

ਤਸੀਹੇ ਪੁੱਛਗਿੱਛ ਦੌਰਾਨ ਜਾਣਕਾਰੀ ਕਢਾ ਲੈਣ ਦਾ ਐਨਾ ਗ਼ੈਰ-ਭਰੋਸੇਯੋਗ ਸਾਧਨ ਹਨ ਕਿ ਇਹ ਸਾਧਨ ਬਹੁਤ ਜ਼ਿਆਦਾ ਬਦਨਾਮ ਹੋ ਚੁੱਕਾ ਹੈ, ਪਰ ਜਨਤਾ 'ਚ ਦਹਿਸ਼ਤ ਪਾਉਣ ਅਤੇ ਉਨ੍ਹਾਂ ਨੂੰ ਕੰਟਰੋਲ ਕਰਨ ਲਈ ਇਸ ਵਰਗਾ ਕਾਰਗਰ ਸਾਧਨ ਹੋਰ ਕੋਈ ਨਹੀਂ ਹੈ। ਇਸੇ ਕਾਰਨ ਪੰਜਾਹਵਿਆਂ ਅਤੇ ਸੱਠਵਿਆਂ 'ਚ ਬਹੁਤ ਸਾਰੇ ਅਲਜੀਰੀਆ ਵਾਸੀ ਫਰਾਂਸੀਸੀ ਉਦਾਰਵਾਦੀਆਂ ਨੂੰ ਮਿਲਣ ਲਈ ਬਹੁਤ ਜ਼ਿਆਦਾ ਬੇਤਾਬ ਸਨ ਜਿਨ੍ਹਾਂ ਨੇ ਇਹ ਖ਼ਬਰਾਂ ਸੁਣ ਕੇ ਇਖ਼ਲਾਕੀ ਤੌਰ 'ਤੇ ਰੋਹ ਦਾ ਪ੍ਰਗਟਾਵਾ ਕੀਤਾ ਸੀ ਕਿ ਉਨ੍ਹਾਂ ਦੇ ਫ਼ੌਜੀ ਅਲਜੀਰੀਆ ਦੇ ਮੁਕਤੀ ਯੋਧਿਆਂ ਨੂੰ ਬਿਜਲੀ ਦਾ ਕਰੰਟ ਲਗਾਉਂਦੇ ਹਨ ਅਤੇ ਪਾਣੀ 'ਚ ਡੁਬੋਂਦੇ ਹਨ ਅਤੇ ਇਸ ਦੇ ਬਾਵਜੂਦ ਕਬਜ਼ੇ ਨੂੰ ਖ਼ਤਮ ਕਰਨ ਲਈ ਕੁਝ ਨਹੀਂ ਕੀਤਾ ਗਿਆ, ਜੋ ਇਨ੍ਹਾਂ ਉਲੰਘਣਾਵਾਂ ਦੀ ਜੜ੍ਹ ਸੀ।

ਗਿਜ਼ੀਲ ਹੈਲਮੀ ਬਹੁਤ ਸਾਰੇ ਐਸੇ ਕੈਦੀਆਂ ਦਾ ਫਰਾਂਸੀਸੀ ਵਕੀਲ ਸੀ ਜਿਨ੍ਹਾਂ ਨਾਲ ਜੇਲ੍ਹਾਂ 'ਚ ਦਰਿੰਦਗੀ ਨਾਲ ਬਲਾਤਕਾਰ ਕੀਤੇ ਗਏ ਅਤੇ ਤਸੀਹੇ ਦਿੱਤੇ ਗਏ ਸਨ। ਉਸ ਨੇ 1962 'ਚ ਚਿੜ੍ਹ ਕੇ ਲਿਖਿਆ ਸੀ, "ਅਸਲ ਵਿਚ ਉਹੀ ਬੇਹੇ ਘਸੇਪਿਟੇ ਬਿਆਨ ਹੁੰਦੇ ਸਨ : ਜਦੋਂ ਤੋਂ ਅਲਜੀਰੀਆ 'ਚ ਤਸੀਹੇ ਦਿੱਤੇ ਜਾਣੇ ਸ਼ੁਰੂ ਹੋਏ ਹਮੇਸ਼ਾ ਉਹੀ ਬਿਆਨ ਹੁੰਦਾ, ਉਸੇ ਤਰ੍ਹਾਂ ਦਾ ਰੋਹ ਜ਼ਾਹਰ ਕੀਤਾ ਜਾਂਦਾ, ਜਨਤਕ ਰੋਸ ਮੁਜ਼ਾਹਰਿਆਂ 'ਚ ਉਹੀ ਲੌਕ ਹੁੰਦੇ, ਉਹੀ ਵਾਅਦੇ ਦੁਹਰਾਏ ਜਾਂਦੇ। ਇਸ ਖ਼ੁਦ-ਬਖ਼ੁਦ ਚਲਦੇ ਰਹਿਣ ਵਾਲੇ ਦੁਹਰਾਅ ਨਾਲ ਕਰੰਟ ਲਾਉਣ ਵਾਲਾ ਜਾਂ ਪਾਣੀ 'ਚ ਡੁਬੋਣ ਵਾਲਾ ਇਕ ਵੀ ਯੰਤਰ ਖ਼ਤਮ ਨਹੀਂ ਹੋਇਆ ਸੀ। ਨਾ ਹੀ ਇਨ੍ਹਾਂ ਦੀ ਵਰਤੋਂ ਕਰਨ ਵਾਲਿਆਂ ਦੀ ਤਾਕਤ ਨੂੰ ਅਸਰਦਾਰ ਠੱਲ ਪਾਈ ਜਾ ਸਕੀ ਸੀ।" ਇਸੇ ਵਿਸ਼ੇ ਬਾਰੇ ਲਿਖਦੇ ਸਮੇਂ ਸਿਮੋਨ ਡੀ ਬਿਵੋਇਰ ਨੇ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਸਨ : "ਨੈਤਿਕਤਾ ਦੇ ਨਾਂ ਹੇਠ "ਜ਼ਿਆਦਤੀਆਂ" ਜਾਂ "ਉਲੰਘਣਾਵਾਂ" ਵਿਰੁੱਧ ਰੋਸ ਪ੍ਰਗਟਾਉਣਾ ਗ਼ਲਤ ਹੈ ਜੋ ਪੂਰੀ ਤਰ੍ਹਾਂ ਮਿਲੀ-ਭੁਗਤ ਦਾ ਸੰਕੇਤ ਹੈ। ਇੱਥੇ ਕੋਈ "ਉਲੰਘਣਾਵਾਂ" ਜਾਂ "ਜ਼ਿਆਦਤੀਆਂ" ਨਹੀਂ ਹਨ, ਬਸ ਇਕ ਸਰਵ-ਵਿਆਪਕ ਪ੍ਰਬੰਧ ਕਾਰਜਸ਼ੀਲ ਹੈ।"[24]

ਉਸ ਦਾ ਨੁਕਤਾ ਇਹ ਸੀ ਕਿ ਕਬਜ਼ਾ ਇਨਸਾਨੀਅਤ ਵਰਤਕੇ ਨਹੀਂ ਕੀਤਾ ਜਾ ਸਕਦਾ; ਲੋਕਾਂ ਦੀ ਇੱਛਾ ਦੇ ਵਿਰੁੱਧ ਉਨ੍ਹਾਂ 'ਤੇ ਰਾਜ ਕਰਨ ਦਾ ਕੋਈ ਮਨੁੱਖਤਾਵਾਦੀ ਤਰੀਕਾ ਨਹੀਂ ਹੈ। ਬਿਵੋਇਰ ਨੇ ਲਿਖਿਆ, ਇੱਥੇ ਦੋ ਰਾਹ ਹੀ ਹਨ : ਜਾਂ ਤਾਂ ਕਬਜ਼ੇ ਅਤੇ ਇਸ ਨੂੰ ਥੋਪਣ ਲਈ ਜ਼ਰੂਰੀ ਸਾਰੇ ਢੰਗਾਂ ਨੂੰ ਪ੍ਰਵਾਨ ਕਰ ਲਓ "ਜਾਂ ਤੁਸੀਂ ਨਾ ਸਿਰਫ਼ ਕਿਸੇ ਖ਼ਾਸ ਦਸਤੂਰ ਨੂੰ ਸਗੋਂ ਇਨ੍ਹਾਂ ਨੂੰ ਪ੍ਰਵਾਨਗੀ ਦੇਣ ਵਾਲੇ ਵਡੇਰੇ ਉਦੇਸ਼ ਨੂੰ ਵੀ ਰੱਦ ਕਰੋ, ਜਿਸ ਦੀ ਇਹ ਲਾਜ਼ਮੀ ਲੋੜ ਹਨ।" ਇਹੀ ਸਪਸ਼ਟ ਚੋਣ ਅੱਜ ਇਰਾਕ ਅਤੇ ਇਸਰਾਇਲ/ਫਲਸਤੀਨ 'ਚ ਮੌਜੂਦ ਹੈ ਅਤੇ ਸੱਤਰਵਿਆਂ 'ਚ ਦੱਖਣੀ ਤਿਕੋਨ ਦੇ ਦੇਸ਼ਾਂ 'ਚ ਵੀ ਇਹੀ ਇਕੋ ਇਕ ਚੋਣ ਸੀ। ਜਿਵੇਂ ਲੋਕਾਂ ਦੇ ਦ੍ਰਿੜ ਇਰਾਦੇ ਦੇ ਵਿਰੁੱਧ ਜਾ ਕੇ ਉਨ੍ਹਾਂ 'ਤੇ ਕਾਠੀ ਪਾਉਣ ਦਾ ਕੋਈ ਦਿਆਲੂ, ਕੂਲਾ ਰਾਹ ਨਹੀਂ ਹੈ ਇਸੇ ਤਰ੍ਹਾਂ ਦਹਿ-ਲੱਖਾਂ ਲੋਕਾਂ ਤੋਂ ਉਹ ਕੁਝ ਖੋਹਣ ਦਾ ਕੋਈ ਸ਼ਾਂਤਮਈ ਰਾਹ ਨਹੀਂ ਹੈ ਜੋ ਕੁਝ ਉਨ੍ਹਾਂ ਲਈ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਊਣ ਲਈ ਜ਼ਰੂਰੀ ਹੈ—ਸ਼ਿਕਾਗੋ ਵਾਲੇ ਮੁੰਡੇ ਇਹੀ ਕੁਝ ਕਰਨ 'ਤੇ ਤੁਲੇ ਹੋਏ ਸਨ। ਡਾਕਾ ਚਾਹੇ ਜ਼ਮੀਨ 'ਤੇ ਮਾਰਿਆ ਜਾਵੇ ਚਾਹੇ ਤਰਜ਼ੇ-ਜ਼ਿੰਦਗੀ 'ਤੇ, ਇਸ ਲਈ ਤਾਕਤ ਜਾਂ ਘੱਟੋ ਘੱਟ ਤਾਕਤ ਦੀ ਅਸਰਦਾਰ ਧਮਕੀ ਦੀ ਲੋੜ ਹੁੰਦੀ ਹੈ; ਇਸੇ ਵਜ੍ਹਾ ਕਾਰਨ ਡਾਕੂ ਬੰਦੂਕਾਂ ਰੱਖਦੇ ਹਨ ਅਤੇ ਅਕਸਰ ਹੀ ਇਨ੍ਹਾਂ ਨੂੰ ਵਰਤਦੇ ਵੀ ਹਨ। ਤਸੀਹੇ ਘਿਣਾਉਣੀ

ਚੀਜ਼ ਹਨ, ਪਰ ਇਹ ਅਕਸਰ ਹੀ ਖ਼ਾਸ ਟੀਚੇ ਹਾਸਲ ਕਰਨ ਦਾ ਬਹੁਤ ਹੀ ਤਰਕਪੂਰਨ ਢੰਗ ਵੀ ਹਨ; ਅਸਲ ਵਿਚ ਇਹ ਉਨ੍ਹਾਂ ਟੀਚਿਆਂ ਦੀ ਪੂਰਤੀ ਦਾ ਇਕੋ ਇਕ ਰਾਹ ਵੀ ਹੋ ਸਕਦੇ ਹਨ। ਇਸ ਨਾਲ ਬਹੁਤ ਹੀ ਡੂੰਘੇ ਸਵਾਲ ਪੈਦਾ ਹੁੰਦੇ ਹਨ; ਜਿਨ੍ਹਾਂ ਨੂੰ ਉਸ ਵਕਤ ਲਾਤੀਨੀ ਅਮਰੀਕਾ 'ਚ ਬਹੁਤ ਸਾਰੇ ਲੋਕ ਪੁੱਛਣ ਦੀ ਹਿੰਮਤ ਨਹੀਂ ਕਰ ਸਕੇ। ਕੀ ਨਵ-ਉਦਾਰਵਾਦ ਜਮਾਂਦਰੂ ਤੌਰ 'ਤੇ ਹਿੰਸਕ ਵਿਚਾਰਧਾਰਾ ਹੈ, ਅਤੇ ਕੀ ਇਸ ਦੇ ਨਿਸ਼ਾਨੇ ਨਾਲ ਐਸਾ ਕੁਝ ਜੁੜਿਆ ਹੋਇਆ ਹੈ ਜਿਸ ਲਈ ਅਜਿਹਾ ਵਹਿਸ਼ੀ ਸਿਆਸੀ ਕਤਲੇਆਮ ਦਰਕਾਰ ਹੈ ਜਿਸ ਪਿੱਛੋਂ ਮਨੁੱਖੀ ਹੱਕਾਂ ਦੀ ਸਫ਼ਾਈ ਦੀਆਂ ਕਾਰਵਾਈਆਂ ਸ਼ੁਰੂ ਹੋ ਜਾਂਦੀਆਂ ਹਨ ?

ਇਸ ਸਵਾਲ ਬਾਰੇ ਇਕ ਸਭ ਤੋਂ ਵੱਧ ਝੰਜੋੜੂ ਮਿਸਾਲ ਤੰਬਾਕੂ ਪੈਦਾ ਕਰਨ ਵਾਲੇ ਕਿਸਾਨ ਅਤੇ ਅਰਜਨਟਾਈਨਾ ਦੀ ਜ਼ਰੱਈ ਲੀਗ ਦੇ ਜਨਰਲ ਸਕੱਤਰ ਸਰਜੀਓ ਤੋਮਾਸਿਲਾ ਦੀ ਹੈ। ਉਸ ਨੂੰ ਤਸੀਹੇ ਦਿੱਤੇ ਗਏ ਅਤੇ ਪੰਜ ਸਾਲ ਜੇਲ੍ਹ 'ਚ ਬੰਦ ਰੱਖਿਆ ਗਿਆ। ਇਹੀ ਕੁਝ ਉਸ ਦੀ ਪਤਨੀ ਅਤੇ ਬਹੁਤ ਸਾਰੇ ਦੋਸਤਾਂ-ਮਿੱਤਰਾਂ ਅਤੇ ਪਰਿਵਾਰ ਮੈਂਬਰਾਂ ਨਾਲ ਵਾਪਰਿਆ।• ਮਈ 1990 'ਚ ਤੋਮਾਸਿਲਾ ਕੋਰੀਐਂਟੀ ਪੇਂਡੂ ਖੇਤਰ 'ਚੋਂ ਰਾਤ ਦੀ ਬੱਸ ਫੜ ਕੇ ਬਿਓਨਸ ਏਅਰੀਸ ਆਇਆ ਸੀ ਤਾਂ ਜੋ ਬੇਖੌਫ਼ ਹੋ ਕੇ ਜ਼ੁਲਮ ਢਾਹੁਣ ਵਾਲੇ ਰਾਜ ਵਿਰੁੱਧ ਅਰਜਨਟਾਈਨੀ ਟ੍ਰਿਬਿਊਨਲ ਦੀ ਆਵਾਜ਼ 'ਚ ਸ਼ਾਮਲ ਹੋ ਕੇ ਉਹ ਵੀ ਆਪਣੀ ਆਵਾਜ਼ ਬੁਲੰਦ ਕਰ ਸਕੇ। ਇਹ ਟ੍ਰਿਬਿਊਨਲ ਤਾਨਾਸ਼ਾਹੀ ਦੌਰਾਨ ਮਨੁੱਖੀ ਹੱਕਾਂ ਦੇ ਘਾਣ ਦੀਆਂ ਗਵਾਹੀਆਂ ਦੀ ਸੁਣਵਾਈ ਕਰ ਰਿਹਾ ਸੀ। ਤੋਮਾਸਿਲਾ ਦੀ ਗਵਾਹੀ ਬਾਕੀਆਂ ਨਾਲੋਂ ਨਿਆਰੀ ਸੀ। ਉਹ ਕਿਸਾਨਾਂ ਵਾਲੇ ਕੱਪੜੇ ਅਤੇ ਜੁੱਤੀ ਪਹਿਨੀ ਸ਼ਹਿਰੀ ਸਰੋਤਿਆਂ ਦੇ ਰੂ-ਬ-ਰੂ ਹੋਇਆ ਅਤੇ ਬਿਆਨ ਕੀਤਾ ਕਿ ਉਹ ਵੀ ਉਸ ਲੰਮੀ ਜੰਗ 'ਚ ਸ਼ਾਮਲ ਸੀ, ਜੋ ਸਹਿਕਾਰੀ ਸਭਾਵਾਂ ਬਣਾਉਣ ਲਈ ਜ਼ਮੀਨ ਦੇ ਟੁਕੜਿਆਂ ਦੀ ਮੰਗ ਕਰਨ ਵਾਲੇ ਕਿਸਾਨਾਂ ਅਤੇ ਉਸ ਦੇ ਸੂਬੇ ਦੀ ਅੱਧੀ ਜ਼ਮੀਨ 'ਤੇ ਕਾਬਜ਼ ਪਸ਼ੂ ਫਾਰਮਾਂ ਦੇ ਸਰਵ-ਸ਼ਕਤੀਮਾਨ ਮਾਲਕਾਂ ਦਰਮਿਆਨ ਸੀ। "ਇਹ ਦਸਤੂਰ ਅੱਜ ਵੀ ਚੱਲ ਰਿਹਾ ਹੈ—ਜਿਨ੍ਹਾਂ ਨੇ ਮੂਲ ਵਾਸੀਆਂ ਤੋਂ ਜ਼ਮੀਨ ਖੋਹੀ ਸੀ ਉਨ੍ਹਾਂ ਦਾ ਦਾਬਾ ਜਗੀਰੂ ਢਾਂਚੇ ਰਾਹੀਂ ਅੱਜ ਵੀ ਕਾਇਮ ਹੈ।"[25]

ਉਸ ਨੇ ਜ਼ੋਰ ਦਿੱਤਾ ਕਿ ਉਸ ਅਤੇ ਉਸ ਦੇ ਸਾਥੀ ਜ਼ਰੱਈ ਲੀਗ ਦੇ ਮੈਂਬਰਾਂ ਨੂੰ ਜੋ ਬਦਸਲੂਕੀ ਝੱਲਣੀ ਪਈ ਉਸ ਨੂੰ ਉਨ੍ਹਾਂ ਵਿਸ਼ਾਲ ਆਰਥਕ ਹਿੱਤਾਂ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ ਜਿਨ੍ਹਾਂ ਹਿੱਤਾਂ ਖ਼ਾਤਰ ਉਨ੍ਹਾਂ ਦੇ ਜਿਸਮ ਨੋਚੇ ਗਏ ਅਤੇ ਉਨ੍ਹਾਂ ਦੀ ਜਥੇਬੰਦੀ ਦੇ ਢਾਂਚੇ ਨੂੰ ਤਬਾਹ ਕੀਤਾ ਗਿਆ। ਇਸ ਕਰਕੇ, ਉਸ ਨੇ ਬਦਤਮੀਜ਼ੀ ਕਰਨ ਵਾਲੇ ਫ਼ੌਜੀਆਂ ਦੇ ਨਾਂ ਲੈਣ ਦੀ ਬਜਾਏ ਬਦੇਸ਼ੀ ਅਤੇ ਦੇਸੀ ਦੋਵੇਂ ਤਰ੍ਹਾਂ ਦੀਆਂ ਕਾਰਪੋਰੇਸ਼ਨਾਂ ਦੇ ਨਾਂ ਗਿਣਾਏ, ਜੋ ਅਰਜਨਟਾਈਨਾ ਦੀ ਆਰਥਕ ਮੁਥਾਜ਼ਗੀ ਤੋਂ ਲਗਾਤਾਰ ਮੁਨਾਫ਼ੇ ਬਟੋਰ ਰਹੀਆਂ ਸਨ। "ਬਦੇਸ਼ੀ ਅਜਾਰੇਦਾਰ ਕੰਪਨੀਆਂ ਸਾਡੇ ਉੱਪਰ ਫ਼ਸਲਾਂ ਥੋਪਦੀਆਂ ਹਨ, ਉਹ ਸਾਡੀ ਧਰਤੀ ਨੂੰ ਪਲੀਤ ਕਰਨ ਵਾਲੇ ਰਸਾਇਣ ਸਾਡੇ ਗਲ ਮੜ੍ਹਦੀਆਂ ਹਨ, ਉਹ ਤਕਨਾਲੋਜੀ ਅਤੇ ਵਿਚਾਰਧਾਰਾ ਥੋਪਦੀਆਂ ਹਨ। ਇਹ ਸਭ ਕੁਝ ਉਸ ਜੁੰਡਲੀ ਰਾਹੀਂ ਕੀਤਾ ਜਾਂਦਾ ਹੈ ਜੋ ਜ਼ਮੀਨ ਦੀ ਮਾਲਕ ਬਣੀ ਬੈਠੀ ਹੈ ਅਤੇ ਸਿਆਸਤ 'ਤੇ ਕਾਬਜ਼ ਹੈ। ਪਰ ਸਾਨੂੰ ਲਾਜ਼ਮੀ ਯਾਦ ਰੱਖਣਾ ਹੋਵੇਗਾ—ਇਸ ਜੁੰਡਲੀ ਨੂੰ ਵੀ ਉਹੀ ਅਜਾਰੇਦਾਰ ਕਾਰਪੋਰੇਸ਼ਨਾਂ, ਉਹੀ ਫੋਰਡ ਮੋਟਰ, ਮੌਨਸੈਂਟੋ, ਫਿਲਿਪ ਮਾਰਸ ਕੰਟਰੋਲ ਕਰਦੀਆਂ ਹਨ। ਸਾਨੂੰ ਇਹ ਢਾਂਚਾ ਬਦਲਣਾ ਪਵੇਗਾ। ਮੈਂ ਇੱਥੇ ਇਹੀ ਕਹਿਣ ਲਈ ਆਇਆ ਹਾਂ। ਮੈਂ ਬਸ ਇਹੀ

• ਇਸ ਵੇਰਵੇ ਲਈ ਮੈਂ ਮਾਰਗਰਾਈਟ ਫੇਤਲੋਵਿਜ਼ ਦੀ ਸ਼ਾਨਦਾਰ ਕਿਤਾਬ A Lexicon of Terror ਦੀ ਰਿਣੀ ਹਾਂ।

ਕਹਿਣਾ ਸੀ।”

ਸਮਾਗਮ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਤੋਮਾਸਿਲਾ ਨੇ ਆਪਣੀ ਸ਼ਹਾਦਤ ਇਨ੍ਹਾਂ ਲਫ਼ਜ਼ਾਂ ਨਾਲ ਮੁਕਾਈ : “ਮੇਰਾ ਵਿਸ਼ਵਾਸ ਹੈ ਕਿ ਓੜਕ ਸੱਚ ਅਤੇ ਨਿਆਂ ਦੀ ਜਿੱਤ ਹੋਵੇਗੀ। ਇਹ ਪੁਸ਼ਤਾਂ ਦਾ ਕੰਮ ਹੈ। ਜੇ ਇਸ ਲੜਾਈ ’ਚ ਮੇਰਾ ਮਰਨਾ ਜ਼ਰੂਰੀ ਹੈ ਤਾਂ ਇਸ ਤਰ੍ਹਾਂ ਹੋ ਜਾਣ ਦਿਓ। ਪਰ ਇਕ ਦਿਨ ਸਾਡੀ ਜਿੱਤ ਜ਼ਰੂਰ ਹੋਵੇਗੀ। ਇਸ ਦੌਰਾਨ, ਮੈਂ ਜਾਣਦਾ ਹਾਂ ਕਿ ਦੁਸ਼ਮਣ ਕੌਣ ਹੈ ਅਤੇ ਦੁਸ਼ਮਣ ਵੀ ਜਾਣਦਾ ਹੈ ਮੈਂ ਕੌਣ ਹਾਂ।”[26]

ਸੱਤਰਵਿਆਂ ’ਚ ਸ਼ਿਕਾਗੋ ਵਾਲੇ ਮੁੰਡਿਆਂ ਦਾ ਪਹਿਲਾ ਤਜਰਬਾ ਮਨੁੱਖਤਾ ਲਈ ਚੇਤਾਵਨੀ ਸੀ ਕਿ ਉਨ੍ਹਾਂ ਦੇ ਵਿਚਾਰ ਖ਼ਤਰਨਾਕ ਹਨ। ਇਸ ਵਿਚਾਰਧਾਰਾ ਦੀ ਪਹਿਲੀ ਪ੍ਰਯੋਗਸ਼ਾਲਾ ’ਚ ਕੀਤੇ ਗਏ ਜੁਰਮਾਂ ਲਈ ਇਨ੍ਹਾਂ ਨੂੰ ਦੋਸ਼ੀ ਨਾ ਠਹਿਰਾ ਕੇ, ਇਨ੍ਹਾਂ ਜ਼ਿੱਦੀ ਸਿਧਾਂਤਕਾਰਾਂ ਦੇ ਉੱਪ ਸੱਭਿਆਚਾਰ ਨੂੰ ਸੁਰੱਖਿਅਤ ਕਰ ਦਿੱਤਾ ਗਿਆ, ਇਨ੍ਹਾਂ ਨੂੰ ਅਗਲੀ ਜਿੱਤ ਵਾਸਤੇ ਦੁਨੀਆਂ ਨੂੰ ਝੰਬਣ ਲਈ ਖੁੱਲ੍ਹੇ ਛੱਡ ਦਿੱਤਾ ਗਿਆ। ਇਨ੍ਹੀਂ ਦਿਨੀਂ, ਅਸੀਂ ਇਕ ਵਾਰ ਫੇਰ ਕਾਰਪੋਰੇਟਾਂ ਵਲੋਂ ਕੀਤੀ ਜਾ ਰਹੀ ਕਤਲੋਗ਼ਾਰਤ ਦੇ ਯੁੱਗ ’ਚ ਰਹਿ ਰਹੇ ਹਾਂ। ਦੇਸ਼ਾਂ ਨੂੰ “ਖੁੱਲ੍ਹੀ ਮੰਡੀ” ਦੇ ਮਾਡਲ ਅਰਥਚਾਰਿਆਂ ਦੇ ਰੂਪ ’ਚ ਮੁੜ ਘੜਨ ਦੀਆਂ ਕੋਸ਼ਿਸ਼ਾਂ ਦੇ ਨਾਲ-ਨਾਲ ਘੋਰ ਫ਼ੌਜੀ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਗਵਾ ਕਰਕੇ ਲਾਪਤਾ ਕਰਨ ਅਤੇ ਤਸੀਹੇ ਦੇਣ ਦਾ ਸਿਲਸਿਲਾ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਅਤੇ ਇਕ ਵਾਰ ਫੇਰ ਇਸ ਨੂੰ ਖੁੱਲ੍ਹੀਆਂ ਮੰਡੀਆਂ ਬਣਾਉਣ ਦੇ ਨਿਸ਼ਾਨੇ ਅਤੇ ਅਜਿਹੀ ਦਰਿੰਦਗੀ ਦੀ ਜ਼ਰੂਰਤ ਨਾਲੋਂ ਪੂਰੀ ਤਰ੍ਹਾਂ ਤੋੜ ਕੇ ਦੇਖਿਆ ਜਾ ਰਿਹਾ ਹੈ।

ਹਿੱਸਾ ਤੀਜਾ

ਹੋਂਦ ਬਚਾਉਣ ਲਈ ਲੜ ਰਹੀ ਜਮਹੂਰੀਅਤ

ਬੰਬ ਹੀ ਕਾਨੂੰਨ ਬਣੇ ਹੋਏ ਹਨ

ਕੌਮਾਂ ਦੇ ਆਪਸੀ ਹਥਿਆਰਬੰਦ ਟਕਰਾਅ ਸਾਨੂੰ ਭਿਆਨਕ ਲੱਗਦੇ ਹਨ। ਪਰ ਆਰਥਕ ਜੰਗ ਹਥਿਆਰਬੰਦ ਟਕਰਾਅ ਨਾਲੋਂ ਕਿਸੇ ਵੀ ਪੱਖੋਂ ਚੰਗੀ ਨਹੀਂ ਹੈ। ਇਹ ਸਰਜੀਕਲ ਓਪਰੇਸ਼ਨ ਵਾਂਗ ਹੈ। ਆਰਥਕ ਜੰਗ ਲੰਮਾ ਸਮਾਂ ਦਿੱਤਾ ਜਾਣ ਵਾਲਾ ਤਸੀਹਾ ਹੈ। ਅਤੇ ਇਸ ਦੀ ਤਬਾਹੀ ਉਨ੍ਹਾਂ ਤਬਾਹੀਆਂ ਤੋਂ ਘੱਟ ਭਿਆਨਕ ਨਹੀਂ ਹੁੰਦੀ ਜੋ ਜੰਗ ਬਾਰੇ ਸਾਹਿਤ 'ਚ ਪੇਸ਼ ਕੀਤੀਆਂ ਹੁੰਦੀਆਂ ਹਨ। ਅਸੀਂ ਇਸ ਦੂਜੀ ਕਿਸਮ ਦੀ ਤਬਾਹੀ ਬਾਰੇ ਨਹੀਂ ਸੋਚਦੇ ਕਿਉਂਕਿ ਅਸੀਂ ਤਬਾਹੀ ਦੇ ਭਿਆਨਕ ਪ੍ਰਭਾਵਾਂ ਦੇ ਹੀ ਆਦੀ ਹਾਂ।....ਜੰਗ ਵਿਰੁੱਧ ਤਕੜੀ ਲਹਿਰ ਚੱਲ ਰਹੀ ਹੈ। ਮੈਂ ਇਸ ਦੀ ਕਾਮਯਾਬੀ ਦੀ ਕਾਮਨਾ ਕਰਦਾ ਹਾਂ। ਪਰ ਮੈਂ ਉਸ ਡਰ ਬਾਰੇ ਸੋਚੇ ਬਿਨਾ ਨਹੀਂ ਰਹਿ ਸਕਦਾ ਕਿ ਜੇ ਇਹ ਲਹਿਰ ਕੁਲ ਬੁਰਾਈਆਂ ਦੀ ਜੜ੍ਹ, ਮਨੁੱਖੀ ਲਾਲਸਾ, ਨੂੰ ਨਹੀਂ ਫੜਦੀ ਇਹ ਫੇਲ੍ਹ ਹੋ ਜਾਵੇਗੀ।

—ਮਹਾਤਮਾ ਗਾਂਧੀ, "ਅਹਿੰਸਾ—ਸਭ ਤੋਂ ਮਹਾਨ ਤਾਕਤ," 1926

ਕਾਂਡ ਛੇਵਾਂ

ਜਦੋਂ ਜੰਗ ਉਨ੍ਹਾਂ ਦੇ ਬਚਾਅ ਲਈ ਬਹੁੜੀ

ਥੈਚਰਵਾਦ ਅਤੇ ਇਸ ਦੇ ਫ਼ਾਇਦੇਮੰਦ ਦੁਸ਼ਮਣ

ਪ੍ਰਭੂਸੱਤਾ ਸੰਪਨ ਉਹ ਹੈ ਜੋ ਹੰਗਾਮੀ ਹਾਲਤ ਦਾ ਫ਼ੈਸਲਾ ਲੈਂਦਾ ਹੈ।
—ਕਾਰਲ ਸ਼ਮਿਟ, ਨਾਜ਼ੀ ਵਕੀਲ[1]

ਜਦੋਂ ਸ਼ਿਕਾਗੋ ਸਕੂਲ ਦਾ ਸਰਪ੍ਰਸਤ ਸੰਤ ਫਰੈਡਰਿਕ ਹਾਏਕ 1981 'ਚ ਚਿੱਲੀ ਦੀ ਫੇਰੀ ਤੋਂ ਵਾਪਸ ਮੁੜਿਆ, ਉਹ ਆਗਸਤੋ ਪਿਨੋਚੇ ਅਤੇ ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਤੋਂ ਐਨਾ ਪ੍ਰਭਾਵਿਤ ਸੀ ਕਿ ਉਸ ਨੇ ਆਪਣੀ ਮਿੱਤਰ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਚਿੱਠੀ ਲਿਖੀ। ਉਸ ਨੇ ਥੈਚਰ ਨੂੰ ਗੁਜ਼ਾਰਿਸ਼ ਕੀਤੀ ਕਿ ਬਰਤਾਨੀਆਂ ਦੀ ਕੀਨਜ਼ਵਾਦੀ ਆਰਥਿਕਤਾ ਦੀ ਕਾਇਆਕਲਪ ਕਰਨ ਲਈ ਇਸ ਦੱਖਣੀ ਅਮਰੀਕੀ ਦੇਸ਼ ਨੂੰ ਨਮੂਨੇ ਵਜੋਂ ਵਰਤਿਆ ਜਾਵੇ। ਥੈਚਰ ਅਤੇ ਪਿਨੋਚੇ ਬਾਅਦ 'ਚ ਪੱਕੇ ਮਿੱਤਰ ਬਣੇ। ਅਤੇ ਜਦੋਂ ਬੁੱਢੇ ਵਾਰੇ ਜਰਨੈਲ ਨਸਲਕੁਸ਼ੀ, ਤਸੀਹੇ ਦੇਣ ਅਤੇ ਦਹਿਸ਼ਤਗਰਦੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਸੀ ਅਤੇ ਘਰ 'ਚ ਨਜ਼ਰਬੰਦ ਸੀ ਓਦੋਂ ਥੈਚਰ ਉਸ ਨੂੰ ਮਿਲਣ ਜਾਇਆ ਕਰਦੀ।

ਜਦੋਂ ਬਰਤਾਨਵੀ ਪ੍ਰਧਾਨ ਮੰਤਰੀ ਨੇ "ਚਿੱਲੀ ਦੀ ਆਰਥਿਕਤਾ ਦੀ ਕਮਾਲ ਦੀ ਕਾਮਯਾਬੀ" ਦੀ ਤਾਰੀਫ਼ ਕਰਦਿਆਂ ਕਿਹਾ, "ਆਰਥਕ ਸੁਧਾਰਾਂ ਦੀ ਇਸ ਉੱਘੜਵੀਂ ਮਿਸਾਲ ਤੋਂ ਅਸੀਂ ਕਈ ਸਬਕ ਲੈ ਸਕਦੇ ਹਾਂ" ਤਾਂ ਉਸ ਨੂੰ ਸਭ ਕਾਸੇ ਦਾ ਚੰਗੀ ਤਰ੍ਹਾਂ ਪਤਾ ਸੀ। ਪਰ ਪਿਨੋਚੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣ ਦੇ ਬਾਵਜੂਦ, ਜਦੋਂ ਹਾਏਕ ਨੇ ਪਹਿਲਾਂ ਥੈਚਰ ਨੂੰ ਸਲਾਹ ਦਿੱਤੀ ਕਿ ਉਹ

ਵੀ ਸਦਮਾ ਇਲਾਜ ਦੀਆਂ ਨੀਤੀਆਂ ਨੂੰ ਅਪਣਾਵੇ ਤਾਂ ਉਹ ਇਸ ਲਈ ਸਹਿਮਤ ਨਹੀਂ ਹੋਈ। ਫਰਵਰੀ 1982 'ਚ, ਪ੍ਰਧਾਨ ਮੰਤਰੀ ਨੇ ਆਪਣੇ ਬੁੱਧੀਜੀਵੀ ਗੁਰੂ ਨੂੰ ਲਿਖੀ ਨਿੱਜੀ ਚਿੱਠੀ 'ਚ ਸਮੱਸਿਆ ਸਾਫ਼ ਸਾਫ਼ ਲਿਖ ਭੇਜੀ, "ਮੈਨੂੰ ਯਕੀਨ ਹੈ ਕਿ ਤੁਸੀਂ ਸਹਿਮਤ ਹੋਵੋਗੇ ਕਿ ਸਾਡੇ ਬਰਤਾਨੀਆਂ 'ਚ ਜਮਹੂਰੀ ਸੰਸਥਾਵਾਂ ਦੀ ਮੌਜੂਦਗੀ ਹੈ ਅਤੇ ਇੱਥੇ ਸਹਿਮਤੀ ਲੈਣ ਦੀ ਬਹੁਤ ਜ਼ਿਆਦਾ ਜ਼ਰੂਰਤ ਰਹਿੰਦੀ ਹੈ ਇਸ ਕਾਰਨ ਚਿੱਲੀ 'ਚ ਅਪਣਾਏ ਗਏ ਕੁਝ ਕਦਮ ਇੱਥੇ ਬਿਲਕੁਲ ਸਵੀਕਾਰ ਨਹੀਂ ਹੋ ਸਕਦੇ। ਸਾਡੇ ਸੁਧਾਰ ਲਾਜ਼ਮੀ ਤੌਰ 'ਤੇ ਸਾਡੀਆਂ ਰਵਾਇਤਾਂ ਅਤੇ ਸਾਡੇ ਸੰਵਿਧਾਨ ਦੇ ਅਨੁਸਾਰ ਹੋਣੇ ਚਾਹੀਦੇ ਹਨ। ਵੱਖ ਵੱਖ ਸਮਿਆਂ 'ਤੇ ਇਹ ਅਮਲ ਦੁਖਦਾਈ ਰੂਪ 'ਚ ਮੱਠਾ ਵੀ ਲੱਗ ਸਕਦਾ ਹੈ।"[2]

ਅਹਿਮ ਨੁਕਤਾ ਇਹ ਸੀ ਕਿ ਬਰਤਾਨੀਆਂ ਵਰਗੀ ਜਮਹੂਰੀਅਤ 'ਚ ਸ਼ਿਕਾਗੋ ਵਾਲਾ ਸਦਮਾ ਇਲਾਜ ਹਾਲੇ ਸੰਭਵ ਨਹੀਂ ਸੀ। ਥੈਚਰ ਦੇ ਪਹਿਲੇ ਕਾਰਜ ਕਾਲ ਦਾ ਤੀਜਾ ਸਾਲ ਚੱਲ ਰਿਹਾ ਸੀ। ਇਹ ਚੋਣਾਂ ਵੱਲ ਵਧ ਰਹੀ ਸੀ ਅਤੇ ਜਿਵੇਂ ਹਾਏਕ ਸਲਾਹ ਦੇ ਰਿਹਾ ਸੀ ਇਹ ਕੋਈ ਤਿੱਖਾ ਜਾਂ ਲੋਕਾਂ ਨੂੰ ਨਾ-ਪਸੰਦ ਸੁਧਾਰ ਕਰਕੇ ਅਗਲੀ ਚੋਣ ਹਾਰਨਾ ਨਹੀਂ ਚਾਹੁੰਦੀ ਸੀ।

ਇਹ ਜਾਇਜ਼ਾ ਹਾਏਕ ਅਤੇ ਜਿਸ ਜਹਾਦ ਦੀ ਉਹ ਨੁਮਾਇੰਦਗੀ ਕਰਦਾ ਸੀ, ਦੋਵਾਂ ਲਈ ਨਿਰਾਸ਼ਾਜਨਕ ਸੀ। ਦੱਖਣੀ ਤਿਕੋਨ ਦੇ ਦੇਸ਼ਾਂ ਦੇ ਤਜਰਬੇ ਨੇ ਅਜਿਹੇ ਚਮਤਕਾਰੀ ਮੁਨਾਫ਼ੇ ਪੈਦਾ ਕੀਤੇ ਸਨ, ਚਾਹੇ ਇਹ ਥੋੜ੍ਹੇ ਖਿਡਾਰੀਆਂ ਲਈ ਹੀ ਸਨ, ਕਿ ਵਿਸ਼ਵ ਦੀਆਂ ਬਹੁ-ਕੌਮੀ ਕੰਪਨੀਆਂ 'ਚ ਮੰਡੀਆਂ ਦੀਆਂ ਨਵੀਂਆਂ ਹੱਦਬੰਦੀਆਂ ਦੀ ਜ਼ੋਰਦਾਰ ਲਾਲਸਾ ਉੱਭਰ ਆਈ ਸੀ। ਲਾਲਸਾ ਸਿਰਫ਼ ਵਿਕਾਸਸ਼ੀਲ ਦੇਸ਼ਾਂ ਬਾਰੇ ਹੀ ਨਹੀਂ ਸੀ ਸਗੋਂ ਪੱਛਮ ਦੇ ਅਮੀਰ ਦੇਸ਼ਾਂ 'ਚ ਮੁਨਾਫ਼ਿਆਂ ਬਾਰੇ ਵੀ ਸੀ ਜਿੱਥੇ ਵੱਧ ਮੁਨਾਫ਼ੇ ਦੇਣ ਵਾਲੇ ਅਸਾਸੇ ਰਾਜਾਂ ਦੇ ਕੰਟਰੋਲ 'ਚ ਸਨ ਅਤੇ ਇਨ੍ਹਾਂ ਨੂੰ ਮੁਨਾਫ਼ੇ ਬਟੋਰਨ ਲਈ ਵਰਤਿਆ ਜਾ ਸਕਦਾ ਸੀ ਜਿਵੇਂ ਫ਼ੋਨ ਸੇਵਾਵਾਂ, ਹਵਾਈ ਲਾਈਨਾਂ, ਟੈਲੀਵਿਜ਼ਨ ਪ੍ਰਸਾਰਨ, ਬਿਜਲੀ ਕੰਪਨੀਆਂ ਆਦਿ। ਜੇ ਕੋਈ ਇਸ ਦੌਲਤਮੰਦ ਦੁਨੀਆਂ 'ਚ ਇਸ ਏਜੰਡੇ ਦਾ ਚੈਂਪੀਅਨ ਬਣ ਸਕਦਾ ਸੀ ਤਾਂ ਇਹ ਇੰਗਲੈਂਡ ਵਿਚ ਥੈਚਰ ਜਾਂ ਉਸ ਸਮੇਂ ਅਮਰੀਕਾ ਦਾ ਰਾਸ਼ਟਰਪਤੀ ਰੋਨਾਲਡ ਰੀਗਨ ਹੀ ਸੀ।

1981 'ਚ *ਫਾਰਚੂਨ* ਰਸਾਲੇ ਨੇ "ਚਿੱਲੀ ਦੇ ਗੀਗਨਵਾਦੀ ਅਰਥਸ਼ਾਸਤਰ ਦੀ ਨਵੀਂ ਬਹਾਦਰ ਦੁਨੀਆਂ" ਦੀਆਂ ਖ਼ੂਬੀਆਂ ਦੀ ਸ਼ਲਾਘਾ ਕਰਦਿਆਂ ਇਕ ਲੇਖ ਛਾਪਿਆ। ਲੇਖ 'ਚ ਸਾਂਤਿਆਗੋ ਦੀਆਂ "ਚਮਕਾਂ ਮਾਰਦੀਆਂ, ਐਸ਼ੋ-ਅਰਾਮ ਦੇ ਸਮਾਨ ਨਾਲ ਭਰੀਆਂ ਦੁਕਾਨਾਂ" ਅਤੇ "ਨਵੀਂਆਂ ਲਿਸ਼ਕਦੀਆਂ ਜਪਾਨੀ ਕਾਰਾਂ" ਦੀ ਤਾਰੀਫ਼ ਕੀਤੀ ਗਈ ਸੀ ਪਰ ਵਿਆਪਕ ਜਬਰ ਅਤੇ ਗਰੀਬ ਬਸਤੀਆਂ ਦੇ ਵਿਸਫੋਟਕ ਪਸਾਰੇ ਨੂੰ ਵਿਸਾਰ ਦਿੱਤਾ ਗਿਆ ਸੀ। ਲੇਖ 'ਚ ਸਵਾਲ ਕੀਤਾ ਗਿਆ, "ਚਿੱਲੀ 'ਚ ਕੀਤੇ ਗਏ ਅਰਥਸ਼ਾਸਤਰ ਦੇ ਰੂੜ੍ਹੀਵਾਦੀ ਤਜਰਬੇ ਤੋਂ ਅਸੀਂ ਕੀ ਸਬਕ ਲੈ ਸਕਦੇ ਹਾਂ ? " ਅਤੇ ਨਾਲ ਹੀ ਇਸ ਨੇ ਜਵਾਬ ਦਿੱਤਾ, "ਜੇ ਇਕ ਨਿੱਕਾ ਜਿਹਾ ਅਵਿਕਸਤ ਦੇਸ਼ ਮੁਕਾਬਲੇਬਾਜ਼ੀ ਦੇ ਲਾਭ ਦੇ ਸਿਧਾਂਤ 'ਤੇ ਪੂਰਾ ਉਤਰ ਸਕਦਾ ਹੈ ਤਾਂ ਸਾਡੀ ਅਨੰਤ ਵਸੀਲਿਆਂ ਨਾਲ ਭਰਪੂਰ ਆਰਥਿਕਤਾ ਵੀ ਇੰਝ ਕਰ ਸਕਦੀ ਹੈ।"[3]

ਪਰ, ਜਿਵੇਂ ਥੈਚਰ ਨੇ ਹਾਏਕ ਨੂੰ ਲਿਖੀ ਚਿੱਠੀ 'ਚ ਸਪਸ਼ਟ ਕੀਤਾ ਸੀ, ਮਾਮਲਾ ਐਨਾ ਸਿੱਧਾ-ਸਾਦਾ ਨਹੀਂ ਸੀ। ਚੁਣੇ ਹੋਏ ਆਗੂਆਂ ਨੂੰ ਇਹ ਚੀਜ਼ ਪ੍ਰੇਸ਼ਾਨ ਕਰਦੀ ਸੀ ਕਿ ਉਨ੍ਹਾਂ ਦੇ ਵੋਟਰ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਕੀ ਸੋਚਦੇ ਹਨ, ਜਿਸ ਦਾ ਬਾਕਾਇਦਾ ਲੇਖਾ-ਜੋਖਾ ਹੁੰਦਾ ਹੈ। ਅਤੇ ਅੱਸੀਵਿਆਂ ਦੇ ਸ਼ੁਰੂ 'ਚ, ਜਦੋਂ ਰੀਗਨ ਅਤੇ ਥੈਚਰ ਸੱਤਾ 'ਚ ਸਨ ਅਤੇ ਹਾਏਕ ਤੇ ਫਰਾਇਡਮੈਨ

ਪ੍ਰਭਾਵਸ਼ਾਲੀ ਸਲਾਹਕਾਰਾਂ ਵਜੋਂ ਕੰਮ ਕਰ ਰਹੇ ਸਨ, ਇਹ ਬਿਲਕੁਲ ਸਪਸ਼ਟ ਨਹੀਂ ਸੀ ਕਿ ਜਿਸ ਤਰ੍ਹਾਂ ਦਾ ਤਿੱਖਾ ਆਰਥਕ ਏਜੰਡਾ ਦੱਖਣੀ ਤਿਕੋਨ ਖੇਤਰ 'ਚ ਐਨੀ ਦਰਿੰਦਗੀ ਨਾਲ ਥੋਪਿਆ ਗਿਆ ਸੀ ਉਹ ਬਰਤਾਨੀਆਂ ਅਤੇ ਅਮਰੀਕਾ 'ਚ ਵੀ ਕਦੇ ਸੰਭਵ ਹੋਵੇਗਾ।

ਇਕ ਦਹਾਕਾ ਪਹਿਲਾਂ, ਫਰਾਇਡਮੈਨ ਅਤੇ ਉਸ ਦੀ ਲਹਿਰ ਨੂੰ ਅਮਰੀਕਾ 'ਚ ਰਿਚਰਡ ਨਿਕਸਨ ਦੇ ਰਵੱਈਏ ਨੇ ਬਹੁਤ ਨਿਰਾਸ਼ ਕੀਤਾ ਸੀ, ਜਾਪਦਾ ਸੀ ਕਿ ਉਸ ਤੋਂ ਵੀ ਥੈਚਰ ਦੇ ਨੁਕਤੇ ਦੀ ਪੁਸ਼ਟੀ ਹੋ ਰਹੀ ਸੀ। ਹਾਲਾਂਕਿ ਨਿਕਸਨ ਨੇ ਚਿੱਲੀ 'ਚ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਸੱਤਾ 'ਚ ਲਿਆਉਣ 'ਚ ਮਦਦ ਕੀਤੀ ਸੀ, ਪਰ ਆਪਣੇ ਦੇਸ਼ 'ਚ ਉਸ ਨੇ ਬਹੁਤ ਹੀ ਵੱਖਰਾ ਰਸਤਾ ਅਖ਼ਤਿਆਰ ਕੀਤਾ ਸੀ। ਇਹ ਐਸਾ ਸਵੈ-ਵਿਰੋਧ ਸੀ ਜਿਸ ਨੂੰ ਫਰਾਇਡਮੈਨ ਕਦੇ ਮਾਫ਼ ਨਹੀਂ ਕਰੇਗਾ। ਜਦੋਂ 1969 'ਚ ਨਿਕਸਨ ਨੇ ਅਹੁਦਾ ਸੰਭਾਲਿਆ, ਓਦੋਂ ਫਰਾਇਡਮੈਨ ਨੇ ਸੋਚਿਆ ਕਿ ਨਵੇਂ ਸਮਝੌਤੇ ਦੀ ਵਿਰਾਸਤ ਵਿਰੁੱਧ ਆਪਣੇ ਦੇਸ਼ 'ਚ ਉਲਟ ਇਨਕਲਾਬ ਦੀ ਅਗਵਾਈ ਕਰਨ ਦਾ ਸਮਾਂ ਆਖ਼ਿਰ ਆ ਹੀ ਗਿਆ। ਫਰਾਇਡਮੈਨ ਨੇ ਨਿਕਸਨ ਬਾਰੇ ਲਿਖਿਆ, "ਬਹੁਤ ਥੋੜ੍ਹੇ ਰਾਸ਼ਟਰਪਤੀਆਂ ਨੇ ਮੇਰੀ ਆਪਣੀ ਸੋਚ ਨਾਲ ਮੇਲ ਖਾਂਦੀ ਫ਼ਿਲਾਸਫ਼ੀ ਦਾ ਇਜ਼ਹਾਰ ਕੀਤਾ ਹੈ।"[4] ਦੋਵੇਂ ਜਣੇ ਵਾਈਟ ਹਾਊਸ 'ਚ ਬਾਕਾਇਦਾ ਮੀਟਿਗਾਂ ਕਰਦੇ ਅਤੇ ਨਿਕਸਨ ਨੇ ਫਰਾਇਡਮੈਨ ਦੇ ਹਮ-ਖ਼ਿਆਲ ਮਿੱਤਰਾਂ ਅਤੇ ਸੰਗੀਆਂ ਨੂੰ ਆਰਥਿਕਤਾ ਦੇ ਅਹਿਮ ਅਹੁਦਿਆਂ 'ਤੇ ਲਾਉਣ ਦੀ ਸਿਫਾਰਸ਼ ਕੀਤੀ। ਇਨ੍ਹਾਂ ਵਿਚੋਂ ਇਕ ਸੀ ਸ਼ਿਕਾਗੋ ਯੂਨੀਵਰਸਿਟੀ ਦਾ ਪ੍ਰੋਫੈਸਰ ਜਾਰਜ ਸ਼ੁਲਜ਼, ਜਿਸ ਨੂੰ ਨਿਕਸਨ ਲਈ ਕੰਮ ਕਰਨ ਵਾਸਤੇ ਫਰਾਇਡਮੈਨ ਨੇ ਨਿਯੁਕਤ ਕਰਾਇਆ। ਦੂਜਾ ਸੀ ਡੋਨਾਲਡ ਰਮਜ਼ਫੈਲਡ ਜਿਸ ਦੀ ਉਮਰ ਓਦੋਂ ਸੈਂਤੀ ਸਾਲ ਸੀ। ਸੱਠਵਿਆਂ 'ਚ ਰਮਜ਼ਫੈਲਡ ਸ਼ਿਕਾਗੋ ਯੂਨੀਵਰਸਿਟੀ ਦੇ ਸੈਮੀਨਾਰਾਂ 'ਚ ਸ਼ਾਮਲ ਹੁੰਦਾ ਸੀ, ਬਾਅਦ 'ਚ ਉਹ ਇਨ੍ਹਾਂ ਸਮਾਗਮਾਂ ਦੀ ਚਰਚਾ ਬਹੁਤ ਹੀ ਸ਼ਰਧਾ ਨਾਲ ਕਰਦਾ। ਰਮਜ਼ਫੈਲਡ ਫਰਾਇਡਮੈਨ ਅਤੇ ਉਸ ਨਾਲ ਕੰਮ ਕਰਨ ਵਾਲਿਆਂ ਨੂੰ "ਪ੍ਰਤਿਭਾ ਦਾ ਗੁੱਛਾ" ਕਹਿੰਦਾ ਸੀ। ਰਮਜ਼ਫੈਲਡ ਕਹਿੰਦਾ ਕਿ ਜਦੋਂ ਉਹ ਅਤੇ ਫਰਾਇਡਮੈਨ ਦੇ ਹੋਰ "ਲਾਡਲੇ" ਅੰਦਰ ਜਾ ਕੇ ਉਸ ਦੇ ਚਰਨਾਂ 'ਚ ਬੈਠ ਕੇ ਪੜ੍ਹਦੇ ਤਾਂ "ਮੈਂ ਮਹਿਸੂਸ ਕਰਦਾ ਕਿ ਮੈਂ ਬਹੁਤ ਕਰਮਾਂ ਵਾਲਾ ਹਾਂ।"[5] ਜਦੋਂ ਸੱਚੇ ਚੇਲੇ ਨੀਤੀਆਂ ਘੜ ਰਹੇ ਹੋਣ ਅਤੇ ਰਾਸ਼ਟਰਪਤੀ ਨਾਲ ਐਨੀ ਨਿੱਜੀ ਨੇੜਤਾ ਹੋਵੇ ਤਾਂ ਫਰਾਇਡਮੈਨ ਦੇ ਇਸ ਵਿਸ਼ਵਾਸ ਦਾ ਹਰ ਕਾਰਨ ਮੌਜੂਦ ਸੀ ਕਿ ਉਸ ਦੇ ਵਿਚਾਰ ਹੁਣ ਦੁਨੀਆਂ ਦੀ ਸਭ ਤੋਂ ਤਾਕਤਵਰ ਆਰਥਿਕਤਾ 'ਚ ਲਾਗੂ ਹੋਏ ਸਮਝੋ।

ਪਰ 1971 'ਚ, ਅਮਰੀਕੀ ਆਰਥਿਕਤਾ 'ਚ ਮੰਦਵਾੜਾ ਛਾਇਆ ਹੋਇਆ ਸੀ; ਬੇਰੁਜ਼ਗਾਰੀ ਬਹੁਤ ਜ਼ਿਆਦਾ ਸੀ ਅਤੇ ਸਿੱਕੇ ਦੇ ਫੈਲਾਅ ਕਾਰਨ ਕੀਮਤਾਂ ਆਸਮਾਨ ਛੂਹ ਰਹੀਆਂ ਸਨ। ਨਿਕਸਨ ਜਾਣਦਾ ਸੀ ਕਿ ਜੇ ਉਸ ਨੇ ਫਰਾਇਡਮੈਨ ਦਾ ਖੁੱਲ੍ਹੀ ਮੰਡੀ ਦਾ ਮਸ਼ਵਰਾ ਅਪਣਾ ਲਿਆ ਤਾਂ ਗੁੱਸੇ 'ਚ ਭਰੇ-ਪੀਤੇ ਦਹਿ-ਲੱਖਾਂ ਨਾਗਰਿਕ ਉਸ ਦੇ ਖ਼ਿਲਾਫ਼ ਭੁਗਤ ਕੇ ਉਸ ਨੂੰ ਅਹੁਦੇ ਤੋਂ ਵਗਾ ਮਾਰਨਗੇ। ਇਸ ਲਈ ਉਸ ਨੇ ਕਿਰਾਏ ਅਤੇ ਤੇਲ ਵਰਗੀਆਂ ਜ਼ਰੂਰੀ ਲੋੜਾਂ ਦੀਆਂ ਕੀਮਤਾਂ 'ਤੇ ਕਾਬੂ ਪਾਉਣ ਦਾ ਫ਼ੈਸਲਾ ਕੀਤਾ। ਫਰਾਇਡਮੈਨ ਭੜਕ ਉੱਠਿਆ : ਉਹ ਸਰਕਾਰ ਦੇ ਹਰ ਤਰ੍ਹਾਂ ਦੇ ਸੰਭਵ ਵਿਗਾੜਾਂ ਵਿਚੋਂ ਕੀਮਤਾਂ ਉੱਤੇ ਕੰਟਰੋਲ ਨੂੰ ਅਸਲੋਂ ਹੀ ਸਭ ਤੋਂ ਭੈੜਾ ਵਿਗਾੜ ਸਮਝਦਾ ਸੀ। ਉਸ ਨੇ ਇਨ੍ਹਾਂ ਨੂੰ "ਆਰਥਕ ਪ੍ਰਬੰਧ ਦੀ ਕੰਮ ਕਰਨ ਦੀ ਸਮਰੱਥਾ ਨੂੰ ਤਬਾਹ ਕਰਨ ਵਾਲਾ ਕੈਂਸਰ" ਗਰਦਾਨਿਆ।[6]

ਉਸ ਲਈ ਇਸ ਤੋਂ ਵੀ ਵੱਧ ਸ਼ਰਮਨਾਕ ਇਹ ਸੀ ਕਿ ਉਸ ਦੇ ਆਪਣੇ ਹੀ ਚੇਲੇ ਕੀਨਜ਼ਵਾਦ

ਨੂੰ ਲਾਗੂ ਕਰ ਰਹੇ ਸਨ : ਰਮਜ਼ਫੈਲਡ ਉਜਰਤਾਂ ਅਤੇ ਹੋਰ ਕੰਟਰੋਲ ਪ੍ਰੋਗਰਾਮ ਦਾ ਇੰਚਾਰਜ ਸੀ ਅਤੇ ਉਹ ਸ਼ੁਲਜ਼ ਨੂੰ ਜਵਾਬਦੇਹ ਸੀ ਜੋ ਪ੍ਰਬੰਧਕੀ ਅਤੇ ਬਜਟ ਦੇ ਦਫ਼ਤਰ ਦਾ ਨਿਰਦੇਸ਼ਕ ਸੀ। ਇਕ ਮੌਕੇ ਤਾਂ ਫਰਾਇਡਮੈਨ ਨੇ ਰਮਜ਼ਫੈਲਡ ਨੂੰ ਵ੍ਹਾਈਟ ਹਾਊਸ ਬੁਲਾ ਕੇ ਆਪਣੇ ਇਸ ਸਾਬਕਾ "ਲਾਡਲੇ" ਨੂੰ ਵਾਹਵਾ ਡਾਂਟਿਆ। ਰਮਜ਼ਫੈਲਡ ਦੇ ਦੱਸਣ ਅਨੁਸਾਰ ਫਰਾਇਡਮੈਨ ਨੇ ਉਸ ਨੂੰ ਹਦਾਇਤ ਕੀਤੀ, "ਕਰ ਤੂੰ ਉਹ ਕੁਝ ਰਿਹਾ ਏਂ ਜਿਸ ਨੂੰ ਤੂੰ ਰੋਕਣ ਗਿਆ ਸੀ।" ਅਨਾੜੀ ਨੌਕਰਸ਼ਾਹ ਨੇ ਜਵਾਬ ਦਿੱਤਾ ਕਿ ਜਾਪਦਾ ਹੈ ਕਿ ਇਸ ਕਦਮ ਦਾ ਠੀਕ ਅਸਰ ਹੋ ਰਿਹਾ ਹੈ—ਸਿੱਕੇ ਦਾ ਫੈਲਾਅ ਘੱਟ ਰਿਹਾ ਸੀ ਅਤੇ ਆਰਥਿਕਤਾ 'ਚ ਵਾਧਾ ਹੋ ਰਿਹਾ ਸੀ। ਫਰਾਇਡਮੈਨ ਨੇ ਤੜਾਕ ਜਵਾਬ ਦਿੱਤਾ ਕਿ ਇਹ ਸਭ ਤੋਂ ਵੱਡਾ ਜੁਰਮ ਹੈ : "ਲੋਕ ਸੋਚਣਗੇ ਇਹ ਤੂੰ ਕਰ ਰਿਹਾ ਏਂ....ਉਹ ਇਸ ਤੋਂ ਗ਼ਲਤ ਸਬਕ ਸਿੱਖਣਗੇ।"[7] ਲੋਕਾਂ ਨੇ ਸਚਮੁਚ ਇੰਞ ਹੀ ਕੀਤਾ ਅਤੇ ਅਗਲੇ ਸਾਲ ਉਨ੍ਹਾਂ ਨੇ 60 ਫ਼ੀ ਸਦੀ ਵੋਟਾਂ ਪਾ ਕੇ ਨਿਕਸਨ ਨੂੰ ਦੁਬਾਰਾ ਰਾਸ਼ਟਰਪਤੀ ਚੁਣ ਲਿਆ। ਅਗਲੇ ਕਾਰਜ ਕਾਲ 'ਚ, ਰਾਸ਼ਟਰਪਤੀ ਨੇ ਫਰਾਇਡਮੈਨ ਦੇ ਕੱਟੜ ਸਿਧਾਂਤਾਂ ਦੀਆਂ ਹੋਰ ਵੀ ਧੱਜੀਆਂ ਉਡਾ ਦਿੱਤੀਆਂ। ਉਸ ਨੇ ਬਹੁਤ ਸਾਰੇ ਨਵੇਂ ਕਾਨੂੰਨ ਪਾਸ ਕਰਕੇ ਸਨਅਤ ਉੱਪਰ ਵਾਤਾਵਰਨ ਅਤੇ ਸੁਰੱਖਿਆ ਸਬੰਧੀ ਉਚੇਰੇ ਮਿਆਰ ਲਾਗੂ ਕਰ ਦਿੱਤੇ। ਨਿਕਸਨ ਨੇ ਇਹ ਮਸ਼ਹੂਰ ਐਲਾਨ ਕੀਤਾ, "ਹੁਣ ਅਸੀਂ ਸਾਰੇ ਕੀਨਜ਼ਵਾਦੀ ਹਾਂ"—ਇਹ ਫਰਾਇਡਮੈਨ ਲਈ ਸਭ ਤੋਂ ਵੱਧ ਚੁੱਭਵਾਂ ਐਲਾਨ ਸੀ।[8] ਅਤੇ ਉਸ ਨਾਲ ਬਹੁਤ ਵੱਡਾ ਧੋਖਾ ਸੀ। ਉਸ ਨੇ ਬਾਅਦ 'ਚ ਨਿਕਸਨ ਨੂੰ "ਅਮਰੀਕਾ ਦੇ 20ਵੀਂ ਸਦੀ ਦੇ ਰਾਸ਼ਟਰਪਤੀਆਂ ਵਿਚੋਂ ਸਭ ਤੋਂ ਵੱਡਾ ਸਮਾਜਵਾਦੀ" ਗਰਦਾਨਿਆ।[9]

ਨਿਕਸਨ ਦਾ ਕਾਰਜ ਕਾਲ ਫਰਾਇਡਮੈਨ ਲਈ ਤਕੜਾ ਸਬਕ ਸੀ। ਸ਼ਿਕਾਗੋ ਯੂਨੀਵਰਸਿਟੀ ਦੇ ਇਸ ਪ੍ਰੋਫੈਸਰ ਨੇ ਸਰਮਾਏਦਾਰੀ ਅਤੇ ਆਜ਼ਾਦੀ ਦੇ ਸਮੀਕਰਨ ਦੇ ਅਧਾਰ 'ਤੇ ਇਕ ਲਹਿਰ ਉਸਾਰੀ ਸੀ। ਫੇਰ ਵੀ ਜਾਪਦਾ ਇਹ ਸੀ ਕਿ ਲੋਕ ਉਸ ਦੀ ਸਲਾਹ ਮੰਨਣ ਵਾਲੇ ਸਿਆਸਤਦਾਨਾਂ ਨੂੰ ਵੋਟ ਨਹੀਂ ਪਾਉਂਦੇ ਸਨ। ਹੋਰ ਵੀ ਮਾੜੀ ਗੱਲ ਇਹ ਕਿ ਤਾਨਾਸ਼ਾਹੀਆਂ ਵਿਚ ਆਜ਼ਾਦੀ ਦੀ ਸਪਸ਼ਟ ਅਣਹੋਂਦ ਸੀ ਅਤੇ ਇੱਥੇ ਹੀ ਇਕੋ ਇਕ ਐਸੀਆਂ ਸਰਕਾਰਾਂ ਸਨ ਜੋ ਖੁੱਲ੍ਹੀ ਮੰਡੀ ਦੇ ਖ਼ਾਲਸ ਸਿਧਾਂਤ ਨੂੰ ਅਮਲ 'ਚ ਲਾਗੂ ਕਰਨ ਲਈ ਤਿਆਰ ਸਨ। ਇਸ ਕਰਕੇ ਸ਼ਿਕਾਗੋ ਸਕੂਲ ਦੇ ਤੇਜੱਸਵੀ ਵਿਅਕਤੀ ਆਪਣੇ ਘਰ 'ਚ ਹੋਏ ਧੋਖੇ ਤੋਂ ਦੁਖੀ ਜ਼ਰੂਰ ਸਨ, ਪਰ ਸੱਤਰਵਿਆਂ 'ਚ ਫ਼ੌਜੀ ਗੁੱਟ ਉਨ੍ਹਾਂ ਦੇ ਦਰਸਾਏ ਰਾਹ 'ਤੇ ਛਾਲੀਂ ਜਾ ਚੜ੍ਹੇ ਸਨ। ਹਰ ਥਾਂ ਜਿੱਥੇ ਵੀ ਸੱਜੇਪੱਖੀ ਫ਼ੌਜੀ ਤਾਨਾਸ਼ਾਹੀਆਂ ਸੱਤਾ 'ਚ ਸਨ, ਉੱਥੇ ਉੱਥੇ ਸ਼ਿਕਾਗੋ ਯੂਨੀਵਰਸਿਟੀ ਦੀ ਮੌਜੂਦਗੀ ਮਹਿਸੂਸ ਕੀਤੀ ਜਾ ਸਕਦੀ ਸੀ। ਹਾਰਬਰਜ਼ਰ ਨੇ 1976 'ਚ ਬੋਲੀਵੀਆ ਦੇ ਫ਼ੌਜੀ ਨਿਜ਼ਾਮ ਦੇ ਸਲਾਹਕਾਰ ਵਜੋਂ ਕੰਮ ਕੀਤਾ ਅਤੇ 1979 'ਚ ਉਸ ਨੂੰ ਅਰਜਨਟਾਈਨਾ ਦੀ ਤੁਕੂਮੈਨ ਯੂਨੀਵਰਸਿਟੀ ਨੇ ਆਨਰੇਰੀ ਡਿਗਰੀ ਨਾਲ ਨਿਵਾਜਿਆ ਸੀ। ਓਦੋਂ ਯੂਨੀਵਰਸਿਟੀਆਂ ਫ਼ੌਜੀ ਗੁੱਟ ਦੇ ਕਬਜ਼ੇ 'ਚ ਸਨ।[10] ਇਸ ਤੋਂ ਇਲਾਵਾ ਉਹ ਸੁਹਾਰਤੋ ਅਤੇ ਇੰਡੋਨੇਸ਼ੀਆ ਦੇ ਬਰਕਲੇ ਮਾਫੀਆ ਨੂੰ ਮਸ਼ਵਰੇ ਦਿੰਦਾ ਰਿਹਾ। ਫਰਾਇਡਮੈਨ ਨੇ ਜਾਬਰ ਚੀਨੀ ਕਮਿਊਨਿਸਟ ਪਾਰਟੀ ਲਈ ਆਰਥਕ ਉਦਾਰੀਕਰਨ ਦਾ ਪ੍ਰੋਗਰਾਮ ਓਦੋਂ ਲਿਖ ਕੇ ਦਿੱਤਾ ਜਦੋਂ ਇਸ ਨੇ ਦੇਸ਼ ਦੀ ਆਰਥਿਕਤਾ ਨੂੰ ਮੰਡੀ ਆਰਥਿਕਤਾ ਬਣਾਉਣ ਦਾ ਫ਼ੈਸਲਾ ਲਿਆ।[11]

ਸਟੀਫਨ ਹੈਗਰਦ, ਜੋ ਕੈਲੀਫੋਰਨੀਆ ਯੂਨੀਵਰਸਿਟੀ 'ਚ ਅਡੋਲ ਨਵ-ਉਦਾਰਵਾਦੀ ਸਿਆਸੀ ਵਿਗਿਆਨੀ ਹੈ, ਨੇ ਇਹ "ਦੁਖਦਾਈ ਹਕੀਕਤ" ਤਸਲੀਮ ਕੀਤੀ ਕਿ ਉਸਨੇ "ਵਿਕਾਸਸ਼ੀਲ ਦੁਨੀਆਂ 'ਚ ਫ਼ੌਜੀ ਰਾਜ ਪਲਟਿਆਂ ਤੋਂ ਬਾਅਦ ਵਿਆਪਕ ਘੇਰੇ ਵਾਲੇ ਕੁਝ

ਸੁਧਾਰਾਂ ਦਾ ਬੀੜਾ ਚੁੱਕਿਆ ਸੀ।" ਉਸ ਨੇ ਇਸ ਸੂਚੀ 'ਚ ਦੱਖਣੀ ਤਿਕੋਨ ਦੇ ਦੇਸ਼ਾਂ ਤੋਂ ਇਲਾਵਾ ਤੁਰਕੀ, ਦੱਖਣੀ ਕੋਰੀਆ ਅਤੇ ਘਾਨਾ ਦਾ ਜ਼ਿਕਰ ਕੀਤਾ ਸੀ। ਇਸ ਸਬੰਧ 'ਚ ਸਫ਼ਲਤਾ ਦੀਆਂ ਅਗਲੀਆਂ ਮਿਸਾਲਾਂ ਫ਼ੌਜੀ ਰਾਜ ਪਲਟੇ ਹੋਣ ਤੋਂ ਬਾਅਦ ਹੋਂਦ 'ਚ ਆਏ ਨਿਜ਼ਾਮ ਨਹੀਂ ਬਣੇ ਸਗੋਂ ਇਹ ਮੈਕਸੀਕੋ, ਸਿੰਗਾਪੁਰ, ਹਾਂਗਕਾਂਗ ਅਤੇ ਤਾਇਵਾਨ ਵਰਗੇ ਇਕ-ਪਾਰਟੀ ਰਾਜ ਸਨ। ਫਰਾਇਡਮੈਨ ਦੇ ਮੁੱਖ ਦਾਅਵੇ ਦੇ ਐਨ ਉਲਟ ਹੈਗਰਦ ਇਸ ਨਤੀਜੇ 'ਤੇ ਪਹੁੰਚਿਆ ਕਿ "ਚੰਗੀਆਂ ਚੀਜ਼ਾਂ, ਜਿਵੇਂ ਜਮਹੂਰੀਅਤ ਅਤੇ ਮੰਡੀ ਮੁਖੀ ਆਰਥਕ ਨੀਤੀ, ਸਦਾ ਮੇਲ ਨਹੀਂ ਖਾਂਦੀਆਂ।"[12] ਅਸਲ ਵਿਚ, 80ਵਿਆਂ ਦੇ ਸ਼ੁਰੂ 'ਚ ਇਕ ਵੀ ਮਾਮਲੇ 'ਚ ਬਹੁ-ਪਾਰਟੀ ਜਮਹੂਰੀਅਤ ਦਾ ਖੁੱਲ੍ਹੀ ਮੰਡੀ ਵੱਲ ਪੂਰੀ ਤਰ੍ਹਾਂ ਝੁਕਾਅ ਨਹੀਂ ਸੀ।

ਵਿਕਾਸਸ਼ੀਲ ਦੁਨੀਆਂ ਦੇ ਖੱਬੇਪੱਖੀ ਲੰਮੇ ਸਮੇਂ ਤੋਂ ਦਲੀਲ ਦੇ ਰਹੇ ਹਨ ਕਿ ਖ਼ਰੀ ਜਮਹੂਰੀਅਤ, ਜਿੱਥੇ ਚੋਣਾਂ ਨੂੰ ਖ਼ਰੀਦ ਲੈਣ ਤੋਂ ਕਾਰਪੋਰੇਸ਼ਨਾਂ ਨੂੰ ਰੋਕਣ ਵਾਲੇ ਭਰਵੇਂ ਨਿਯਮ ਮੌਜੂਦ ਹੋਣ, ਦਾ ਸਿੱਟਾ ਲਾਜ਼ਮੀ ਤੌਰ 'ਤੇ ਇਹ ਨਿਕਲੇਗਾ ਕਿ ਸਰਕਾਰਾਂ ਦੌਲਤ ਦੀ ਮੁੜ ਵੰਡ ਪ੍ਰਤੀ ਵਚਨਬਧ ਹੋ ਜਾਣਗੀਆਂ। ਦਲੀਲ ਬਿਲਕੁਲ ਸਿੱਧੀ ਹੈ : ਇਨ੍ਹਾਂ ਦੇਸ਼ਾਂ 'ਚ ਗਰੀਬ ਲੋਕਾਂ ਦੀ ਤਾਦਾਦ ਅਮੀਰਾਂ ਤੋਂ ਕਿਤੇ ਵੱਧ ਹੈ। ਜ਼ਮੀਨ ਦੀ ਸਿੱਧੇ ਰੂਪ 'ਚ ਮੁੜ ਵੰਡ ਕਰਨ ਅਤੇ ਉਜਰਤਾਂ 'ਚ ਵਾਧਾ ਕਰਨ ਵਾਲੀਆਂ ਨੀਤੀਆਂ ਸਪਸ਼ਟ ਤੌਰ 'ਤੇ ਬਹੁ-ਗਿਣਤੀ ਗਰੀਬ ਲੋਕਾਂ ਦੇ ਹਿੱਤ 'ਚ ਹਨ। ਜਦਕਿ ਬੂੰਦ ਬੂੰਦ ਲਾਭ ਪਹੁੰਚਾਉਣ ਦੇ ਦਾਅਵੇਦਾਰ ਅਰਥਸ਼ਾਸਤਰ ਰਾਹੀਂ ਇੰਞ ਨਹੀਂ ਹੁੰਦਾ। ਜੇ ਸਾਰੇ ਨਾਗਰਿਕਾਂ ਨੂੰ ਵੋਟ ਦਾ ਹੱਕ ਅਤੇ ਸਹੀ ਸਾਫ਼-ਸੁਥਰਾ ਅਮਲ ਮੁਹੱਈਆ ਕਰ ਦਿੱਤਾ ਜਾਵੇ ਤਾਂ ਉਹ ਐਸੇ ਸਿਆਸਤਦਾਨਾਂ ਨੂੰ ਚੁਣਨਗੇ ਜੋ ਉਨ੍ਹਾਂ ਨੂੰ ਨੌਕਰੀਆਂ ਅਤੇ ਜ਼ਮੀਨਾਂ ਦੇਣ ਪੱਖੋਂ ਸਭ ਤੋਂ ਭਰੋਸੇਯੋਗ ਲੱਗਣਗੇ, ਉਹ ਖੁੱਲ੍ਹੀਆਂ ਮੰਡੀਆਂ ਦੇ ਵੱਧ ਦਾਅਵੇ ਕਰਨ ਵਾਲਿਆਂ ਨੂੰ ਨਹੀਂ ਚੁਨਣਗੇ।

ਇਨ੍ਹਾਂ ਸਾਰੇ ਕਾਰਨਾਂ ਕਰਕੇ, ਫਰਾਇਡਮੈਨ ਇਕ ਸਮੇਂ ਤੱਕ ਬੌਧਿਕ ਵਿਰੋਧਾਭਾਸ ਉੱਪਰ ਟਿਕਟਿਕੀ ਲਗਾ ਕੇ ਬੈਠਾ ਰਿਹਾ : ਐਡਮ ਸਮਿਥ ਦੀ ਆਭਾ ਦੇ ਵਾਰਿਸ ਵਜੋਂ ਉਸ ਦਾ ਜ਼ੋਰਦਾਰ ਵਿਸ਼ਵਾਸ ਸੀ ਕਿ ਮਨੁੱਖਾਂ ਉੱਪਰ ਖ਼ੁਦਗਰਜ਼ੀ ਹਾਵੀ ਹੁੰਦੀ ਹੈ ਅਤੇ ਜਦੋਂ ਤਕਰੀਬਨ ਸਾਰੀਆਂ ਕਾਰਵਾਈਆਂ ਦਾ ਸੰਚਾਲਨ ਕਰਨ ਦੀ ਖੁੱਲ੍ਹ ਖ਼ੁਦਗਰਜ਼ੀ ਨੂੰ ਦੇ ਦਿੱਤੀ ਜਾਂਦੀ ਹੈ—ਸਿਰਫ਼ ਵੋਟਾਂ ਦੀ ਥੋੜ੍ਹੀ ਜਿਹੀ ਸਰਗਰਮੀ ਨੂੰ ਛੱਡ ਕੇ—ਓਦੋਂ ਹੀ ਸਮਾਜ ਸਭ ਤੋਂ ਵਧੀਆ ਢੰਗ ਨਾਲ ਕੰਮ ਕਰਦਾ ਹੈ। ਕਿਉਂਕਿ ਦੁਨੀਆਂ ਦੇ ਜ਼ਿਆਦਾਤਰ ਲੋਕ ਜਾਂ ਤਾਂ ਗਰੀਬ ਹਨ ਜਾਂ ਆਪੋ ਆਪਣੇ ਦੇਸ਼ਾਂ (ਅਮਰੀਕਾ ਸਮੇਤ) ਦੀ ਔਸਤ ਆਮਦਨੀ ਤੋਂ ਹੇਠਾਂ ਗੁਜ਼ਾਰਾ ਕਰਦੇ ਹਨ, ਇਸ ਕਰਕੇ ਆਰਥਿਕਤਾ ਦੀ ਸਿਖਰਲੀ ਦੌਲਤ ਦੀ ਮੁੜ-ਵੰਡ ਕਰਨ ਦਾ ਵਾਅਦਾ ਕਰਨ ਵਾਲੇ ਸਿਆਸਤਦਾਨਾਂ ਨੂੰ ਵੋਟ ਦੇਣਾ ਉਨ੍ਹਾਂ ਦੇ ਥੋੜ੍ਹ ਚਿਰੇ ਸਵੈ-ਹਿੱਤ 'ਚ ਹੁੰਦਾ ਹੈ।[13] ਫਰਾਇਡਮੈਨ ਦਾ ਲੰਮੇ ਸਮੇਂ ਤੋਂ ਗੂੜ੍ਹਾ ਯਾਰ, ਉਸ ਦਾ ਮੁਦਰਾਵਾਦੀ ਸੰਗੀ ਅਰਥਸ਼ਾਸਤਰੀ ਐਲਨ ਮੈਲਤਜ਼ਰ ਇਸ ਬੁਝਾਰਤ ਨੂੰ ਇਸ ਤਰੀਕੇ ਨਾਲ ਪੇਸ਼ ਕਰਦਾ ਹੈ : "ਆਮਦਨੀ ਨਾਲੋਂ ਵੋਟਾਂ ਦੀ ਵੰਡ ਵੱਧ ਬਰਾਬਰ ਅਧਾਰ 'ਤੇ ਹੁੰਦੀ ਹੈ.....ਦਰਮਿਆਨੀ ਜਾਂ ਘੱਟ ਆਮਦਨੀ ਵਾਲੇ ਵੋਟਰ ਆਮਦਨੀ ਦਾ ਤਬਾਦਲਾ ਆਪਣੇ ਲਈ ਕਰਕੇ ਫ਼ਾਇਦਾ ਉਠਾਉਂਦੇ ਹਨ।" ਮੈਲਤਜ਼ਰ ਨੇ ਇਸ ਪ੍ਰਤੀਕਰਮ ਨੂੰ "ਜਮਹੂਰੀ ਸਰਕਾਰ ਅਤੇ ਸਿਆਸੀ ਆਜ਼ਾਦੀ ਦੀ ਕੀਮਤ ਦਾ ਹਿੱਸਾ" ਬਿਆਨ ਕੀਤਾ ਪਰ ਨਾਲ ਹੀ ਕਿਹਾ ਕਿ "ਫਰਾਇਡਮੈਨ ਜੋੜੀ (ਮਿਲਟਨ ਅਤੇ ਉਸ ਦੀ ਘਰਵਾਲੀ ਰੋਜ਼ਾ) ਇਸ ਮਜ਼ਬੂਤ ਵਹਿਣ ਦੇ ਉਲਟ ਵਗਦੇ ਰਹੇ। ਉਹ ਨਾ ਇਸ ਨੂੰ ਠੱਲ ਪਾ ਸਕੇ ਨਾ ਪੁੱਠਾ ਗੇੜਾ ਦੇ ਸਕੇ, ਪਰ ਉਹ ਉਨ੍ਹਾਂ ਬਹੁਤ ਸਾਰੇ ਤਰੀਕਿਆਂ 'ਤੇ ਵੱਡਾ ਪ੍ਰਭਾਵ ਪਾਉਣ 'ਚ ਕਾਮਯਾਬ ਹੋ ਗਏ ਜਿਨ੍ਹਾਂ ਤਰੀਕਿਆਂ ਨਾਲ ਲੋਕ ਅਤੇ ਸਿਆਸਤਦਾਨ

ਸੋਚਦੇ ਅਤੇ ਅਮਲ ਕਰਦੇ ਹਨ।"[14]

ਅੰਧ ਮਹਾਂਸਾਗਰ ਤੋਂ ਪਾਰ, ਥੈਚਰ ਉਸ ਵਰਤਾਰੇ ਦੀ ਚੈਂਪੀਅਨ ਬਣ ਕੇ, ਜਿਹੜਾ "ਮਾਲਕ ਸਮਾਜ" ਵਜੋਂ ਮਸ਼ਹੂਰ ਸੀ, ਫਰਾਇਡਮੈਨ ਦਾ ਵਲਾਇਤੀ ਰੂਪ ਲਾਗੂ ਕਰਨ ਦਾ ਯਤਨ ਕਰ ਰਹੀ ਸੀ। ਉਸ ਦਾ ਹਮਲਾ ਬਰਤਾਨੀਆਂ ਦੇ ਸਰਕਾਰੀ ਘਰਾਂ ਜਾਂ ਕੌਂਸਲ ਦੀ ਜਾਇਦਾਦ ਮੁਹੱਈਆ ਕਰਨ ਦੇ ਪ੍ਰੋਗਰਾਮ 'ਤੇ ਕੇਂਦਰਤ ਸੀ। ਥੈਚਰ ਨੇ ਇਸ ਦਾ ਦਾਰਸ਼ਨਿਕ ਅਧਾਰ 'ਤੇ ਵਿਰੋਧ ਇਸ ਵਿਸ਼ਵਾਸ ਨਾਲ ਕੀਤਾ ਕਿ ਘਰ ਬਣਾ ਕੇ ਦੇਣ ਦੀ ਮੰਡੀ 'ਚ ਰਾਜ ਦੀ ਕੋਈ ਭੂਮਿਕਾ ਨਹੀਂ ਹੈ। ਕੌਂਸਲ ਦੀ ਜਾਇਦਾਦ 'ਚ ਇਸ ਤਰ੍ਹਾਂ ਦੇ ਲੋਕ ਭਰ ਦਿੱਤੇ ਗਏ ਜਿਨ੍ਹਾਂ ਨੇ ਟੋਰੀ ਪਾਰਟੀ ਨੂੰ ਵੋਟ ਨਹੀਂ ਪਾਉਣੀ ਕਿਉਂਕਿ ਇਹ ਉਨ੍ਹਾਂ ਦੇ ਆਰਥਕ ਸਵੈ-ਹਿੱਤ 'ਚ ਨਹੀਂ ਸੀ; ਥੈਚਰ ਨੂੰ ਜਚਿਆ ਹੋਇਆ ਸੀ ਕਿ ਜੇ ਘਰਾਂ ਦੇ ਲੋੜਵੰਦਾਂ ਨੂੰ ਮੰਡੀ 'ਚ ਸ਼ਾਮਲ ਕਰ ਲਿਆ ਜਾਵੇ ਤਾਂ ਉਹ ਖ਼ੁਦ ਨੂੰ ਮੁੜ ਵੰਡ ਦਾ ਵਿਰੋਧ ਕਰਨ ਵਾਲੇ ਸਭ ਤੋਂ ਦੌਲਤਮੰਦ ਲੋਕਾਂ ਦੇ ਹਿੱਤਾਂ ਦਾ ਅਨਿੱਖੜ ਅੰਗ ਸਮਝਣ ਲੱਗ ਜਾਣਗੇ। ਇਸ ਨੂੰ ਮੱਦੇ-ਨਜ਼ਰ ਰੱਖ ਕੇ, ਉਸ ਨੇ ਸਰਕਾਰੀ ਘਰਾਂ 'ਚ ਰਹਿਣ ਵਾਲਿਆਂ ਨੂੰ ਘੱਟ ਦਰਾਂ 'ਤੇ ਫਲੈਟ ਖ਼ਰੀਦਣ ਲਈ ਚੋਖੇ ਲਾਭਾਂ ਦੀ ਪੇਸ਼ਕਸ਼ ਕੀਤੀ। ਇਹ ਘਰਾਂ ਦੇ ਮਾਲਕ ਤਾਂ ਬਣ ਸਕਦੇ ਸਨ ਪਰ ਇਹ ਕਿਰਾਇਆ ਦੇਣ ਦੀ ਹਾਲਤ 'ਚ ਨਹੀਂ ਸਨ ਜੋ ਹੁਣ ਪਹਿਲਾਂ ਨਾਲੋਂ ਤਕਰੀਬਨ ਦੁੱਗਣਾ ਹੋ ਗਿਆ ਸੀ। ਇਹ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਸੀ ਅਤੇ ਇਹ ਕਾਰਗਰ ਸਿੱਧ ਹੋਈ : ਮਕਾਨ ਕਿਰਾਏ 'ਤੇ ਦੇਣ ਵਾਲੇ ਥੈਚਰ ਦਾ ਵਿਰੋਧ ਕਰਦੇ ਰਹੇ। ਬਰਤਾਨੀਆਂ ਦੇ ਵੱਡੇ ਸ਼ਹਿਰਾਂ ਦੀਆਂ ਸੜਕਾਂ 'ਤੇ ਬੇਘਰਿਆਂ ਦੀ ਵਧ ਰਹੀ ਗਿਣਤੀ ਦਿਖਾਈ ਦੇ ਰਹੀ ਸੀ, ਪਰ ਚੋਣਾਂ 'ਚ ਸਾਹਮਣੇ ਆਇਆ ਕਿ ਅੱਧੇ ਤੋਂ ਵੱਧ ਨਵੇਂ ਮਾਲਕ ਪਹਿਲੀ ਪਾਰਟੀ ਨਾਲੋਂ ਨਾਤਾ ਤੋੜ ਕੇ ਟੋਰੀ ਪਾਰਟੀ ਨਾਲ ਜੁੜ ਗਏ ਸਨ।

ਭਾਵੇਂ ਜਾਇਦਾਦ ਵੇਚੇ ਜਾਣ ਨਾਲ ਜਮਹੂਰੀਅਤ ਅੰਦਰ ਕੱਟੜ ਸੱਜੇਪੱਖੀਆਂ ਦੇ ਆਉਣ ਦੀ ਸੰਭਾਵਨਾ ਦੀ ਆਸ ਬਹੁਤ ਥੋੜ੍ਹੀ ਸੀ ਪਰ ਥੈਚਰ ਨੂੰ ਹਾਲੇ ਪਹਿਲੇ ਕਾਰਜ ਕਾਲ ਤੋਂ ਬਾਅਦ ਅਹੁਦਾ ਖੁੱਸ ਜਾਣ ਦਾ ਡਰ ਸਤਾ ਰਿਹਾ ਸੀ। 1979 'ਚ ਉਹ "ਮਜ਼ਦੂਰ ਕੰਮ ਨਹੀਂ ਕਰਦੇ" ਦੀ ਰਟ ਲਾਉਂਦੀ ਰਹੀ ਸੀ, ਪਰ 1982 ਤੱਕ ਉਸ ਦੇ ਰਾਜ ਹੇਠ ਬੇਰੁਜ਼ਗਾਰਾਂ ਦੀ ਗਿਣਤੀ ਦੁੱਗਣੀ ਹੋ ਗਈ ਸੀ। ਇਸੇ ਤਰ੍ਹਾਂ ਸਿੱਕੇ ਦਾ ਫੈਲਾਅ ਵਧਿਆ ਸੀ।[16] ਉਸ ਨੇ ਇਕ ਸਭ ਤੋਂ ਤਾਕਤਵਰ ਯੂਨੀਅਨ ਕੋਲਾ ਖਾਣ ਮਜ਼ਦੂਰਾਂ ਦੀ ਯੂਨੀਅਨ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੀ ਸੀ। ਤਿੰਨ ਸਾਲ ਅਹੁਦੇ 'ਤੇ ਰਹਿਣ ਤੋਂ ਬਾਅਦ ਥੈਚਰ ਨੇ ਦੇਖਿਆ ਕਿ ਉਸ ਦੀ ਵਿਅਕਤੀਗਤ ਸਾਖ ਡਿਗ ਕੇ 25 ਫ਼ੀ ਸਦੀ ਰਹਿ ਗਈ ਸੀ। ਇਹ ਜਾਰਜ ਬੁਸ਼ ਦੀ ਸਭ ਤੋਂ ਘੱਟ ਮਕਬੂਲੀਅਤ ਨਾਲੋਂ ਵੀ ਘੱਟ ਸੀ ਅਤੇ ਇਹ ਚੋਣ ਸਰਵੇਖਣ ਦੇ ਇਤਿਹਾਸ ਦੇ ਕਿਸੇ ਵੀ ਪ੍ਰਧਾਨ ਮੰਤਰੀ ਤੋਂ ਵੀ ਘੱਟ ਸੀ। ਉਸ ਦੀ ਸਰਕਾਰ ਦੀ ਮਕਬੂਲੀਅਤ ਸਮੁੱਚੇ ਤੌਰ 'ਤੇ ਘਟ ਕੇ 18 ਫ਼ੀ ਸਦੀ ਰਹਿ ਗਈ ਸੀ।[17] ਜਦੋਂ ਆਮ ਚੋਣਾਂ ਸਿਰ 'ਤੇ ਸਨ, ਟੋਰੀਆਂ ਦਾ ਜੋ ਵਿਆਪਕ ਨਿੱਜੀਕਰਨ ਅਤੇ ਮਜ਼ਦੂਰ ਯੂਨੀਅਨਾਂ ਨੂੰ ਤੋੜਨ ਦਾ ਸਭ ਤੋਂ ਮਨਭਾਉਂਦਾ ਟੀਚਾ ਸੀ ਉਹ ਪੂਰਾ ਹੋਣ ਤੋਂ ਪਹਿਲਾਂ ਹੀ ਥੈਚਰਵਾਦ ਦਾ ਸ਼ਰਮਨਾਕ ਅੰਤ ਹੋਣ ਵਾਲਾ ਸੀ। ਉਨ੍ਹਾਂ ਔਖੀਆਂ ਹਾਲਤਾਂ 'ਚ, ਥੈਚਰ ਨੇ ਹਾਏਕ ਨੂੰ ਚਿੱਠੀ ਲਿਖ ਕੇ ਉਸ ਨੂੰ ਹਲੀਮੀ ਨਾਲ ਦੱਸਿਆ ਕਿ ਬਰਤਾਨੀਆਂ ਅੰਦਰ ਚਿੱਲੀ ਵਰਗੀ ਕਾਇਆਕਲਪ "ਬਿਲਕੁਲ ਪ੍ਰਵਾਨ ਨਹੀਂ ਕੀਤੀ ਜਾ ਸਕਦੀ।"

ਥੈਚਰ ਦਾ ਪਹਿਲਾ ਸੰਕਟਮਈ ਕਾਰਜ ਕਾਲ ਨਿਕਸਨ ਦੇ ਸਮੇਂ ਦੇ ਸਬਕਾਂ ਦੀ ਅਗਾਂਹ ਪੁਸ਼ਟੀ ਕਰਦਾ ਜਾਪਦਾ ਸੀ : ਕਿ ਸ਼ਿਕਾਗੋ ਸਕੂਲ ਦੀਆਂ ਤਿੱਖੀਆਂ ਅਤੇ ਭਾਰੀ ਮੁਨਾਫ਼ੇ ਦੇਣ

ਵਾਲੀਆਂ ਨੀਤੀਆਂ ਦੀ ਹੋਂਦ ਜਮਹੂਰੀ ਪ੍ਰਬੰਧ 'ਚ ਸੰਭਵ ਨਹੀਂ। ਇਹ ਸਪਸ਼ਟ ਜਾਪ ਰਿਹਾ ਸੀ ਕਿ ਆਰਥਕ ਸਦਮਾ ਇਲਾਜ ਨੂੰ ਥੋਪਣ 'ਚ ਕਾਮਯਾਬ ਹੋਣ ਲਈ ਕਿਸੇ ਹੋਰ ਤਰ੍ਹਾਂ ਦੇ ਸਦਮੇ ਦੀ ਜ਼ਰੂਰਤ ਸੀ—ਚਾਹੇ ਇਹ ਰਾਜ ਪਲਟੇ ਦਾ ਹੋਵੇ ਜਾਂ ਜਾਬਰ ਰਾਜ ਦੇ ਤਸੀਹਾ ਕੇਂਦਰ ਦਾ ਹੋਵੇ।

ਵਾਲ ਸਟਰੀਟ ਲਈ ਇਹ ਖ਼ਾਸ ਤੌਰ 'ਤੇ ਪ੍ਰੇਸ਼ਾਨ ਕਰਨ ਵਾਲਾ ਸੀ ਕਿਉਂਕਿ ਅੱਸੀਵਿਆਂ ਦੇ ਸ਼ੁਰੂ 'ਚ ਆਪਾਸ਼ਾਹ ਰਾਜ ਦੁਨੀਆਂ ਭਰ 'ਚ ਢਹਿ-ਢੇਰੀ ਹੋਣੇ ਸ਼ੁਰੂ ਹੋ ਗਏ ਸਨ—ਜਿਵੇਂ ਇਰਾਨ, ਨਿਕਾਰਾਗੂਆ, ਐਕੁਆਡੋਰ, ਪੇਰੂ, ਬੋਲੀਵੀਆ ਅਤੇ ਫੇਰ ਬਹੁਤ ਸਾਰੇ ਹੋਰ ਦੇਸ਼ਾਂ 'ਚ ਵੀ ਇਹ ਵਾਪਰਿਆ ਜਿਸ ਨੂੰ ਰੂੜ੍ਹੀਵਾਦੀ ਰਾਜਨੀਤਕ ਵਿਗਿਆਨੀ ਜਮਹੂਰੀਅਤ ਦੀ "ਤੀਜੀ ਛੱਲ" ਦਾ ਨਾਂ ਦੇਣਗੇ।[18] ਇਹ ਘਟਨਾ-ਵਿਕਾਸ ਪ੍ਰੇਸ਼ਾਨ ਕਰਨ ਵਾਲੇ ਸਨ—ਐਸੀ ਕਿਹੜੀ ਚੀਜ਼ ਹੈ ਜੋ ਹੋਰ ਅਲੈਂਡੇ ਪੈਦਾ ਹੋਣ ਨੂੰ ਰੋਕ ਸਕੇਗੀ ਜਿਨ੍ਹਾਂ ਦੀਆਂ ਨੀਤੀਆਂ ਲੋਕ ਪੱਖੀ ਹੋਣ ਕਾਰਨ ਉਨ੍ਹਾਂ ਨੂੰ ਵੋਟਾਂ ਅਤੇ ਹਮਾਇਤ ਦੋਵੇਂ ਮਿਲ ਰਹੀਆਂ ਸਨ।

1979 'ਚ ਇਰਾਨ ਅਤੇ ਨਿਕਾਰਾਗੂਆ ਦੋਵਾਂ 'ਚ ਇਹ ਸਭ ਕੁਝ ਵਾਸ਼ਿੰਗਟਨ ਦੀਆਂ ਅੱਖਾਂ ਮੂਹਰੇ ਵਾਪਰਿਆ ਸੀ। ਇਰਾਨ ਵਿਚ, ਖੱਬੇਪੱਖੀਆਂ ਅਤੇ ਇਸਲਾਮਵਾਦੀਆਂ ਦੇ ਗੱਠਜੋੜ ਨੇ ਉਸ ਸ਼ਾਹ ਦਾ ਤਖ਼ਤਾ ਉਲਟਾ ਦਿੱਤਾ ਜਿਸ ਨੂੰ ਅਮਰੀਕਾ ਦਾ ਥਾਪੜਾ ਸੀ। ਬੰਦੀ ਬਣਾਏ ਜਾਣ ਅਤੇ ਸ਼ੀਆ ਮਜ਼ਬੂਬੀ ਆਗੂਆਂ ਦੇ ਮਾਮਲੇ ਸੁਰਖ਼ੀਆਂ ਬਣਦੇ ਰਹੇ, ਪਰ ਇਸ ਦੇ ਪ੍ਰੋਗਰਾਮ ਦਾ ਆਰਥਕ ਪਹਿਲੂ ਵੀ ਵਾਸ਼ਿੰਗਟਨ ਲਈ ਖ਼ਤਰੇ ਦੀ ਘੰਟੀ ਸੀ। ਇਸਲਾਮੀ ਰਾਜ, ਜੋ ਹਾਲੇ ਭਰਪੂਰ ਤਾਨਾਸ਼ਾਹੀ 'ਚ ਵਿਕਸਤ ਨਹੀਂ ਹੋਇਆ ਸੀ, ਨੇ ਬੈਂਕਿੰਗ ਖੇਤਰ ਦਾ ਨਿੱਜੀਕਰਨ ਕਰ ਦਿੱਤਾ ਅਤੇ ਅਗਾਂਹ ਜ਼ਮੀਨ ਦੀ ਮੁੜ-ਵੰਡ ਦਾ ਪ੍ਰੋਗਰਾਮ ਹੱਥ ਲੈ ਲਿਆ। ਇਸ ਨੇ ਦਰਾਮਦਾਂ ਅਤੇ ਬਰਾਮਦਾਂ ਉੱਪਰ ਕੰਟਰੋਲ ਲਾਗੂ ਕਰ ਦਿੱਤਾ। ਸ਼ਾਹ ਦੀਆਂ ਖੁੱਲ੍ਹੀ ਮੰਡੀ ਵਾਲੀਆਂ ਨੀਤੀਆਂ ਨੂੰ ਪੁੱਠਾ ਗੇੜਾ ਦੇ ਦਿੱਤਾ ਗਿਆ।[19] ਪੰਜ ਮਹੀਨੇ ਬਾਅਦ ਨਿਕਾਰਾਗੂਆ 'ਚ, ਜਨਤਕ ਬਗ਼ਾਵਤ ਨੇ ਅਨੈਸਤੈਸੀਓ ਸੋਮੋਜ਼ਾ ਦੇਬਾਇਲ ਦੀ ਉਸ ਤਾਨਾਸ਼ਾਹੀ ਦਾ ਭੋਗ ਪਾ ਦਿੱਤਾ ਜਿਸ ਦੀ ਪਿੱਠ ਅਮਰੀਕਾ ਥਾਪੜ ਰਿਹਾ ਸੀ ਅਤੇ ਖੱਬੇਪੱਖੀ ਸੈਂਦਿਸਤਾ ਹਕੂਮਤ ਕਾਇਮ ਹੋ ਗਈ। ਇਸ ਨੇ ਦਰਾਮਦਾਂ 'ਤੇ ਰੋਕਾਂ ਲਾ ਦਿੱਤੀਆਂ ਅਤੇ ਇਰਾਨੀਆਂ ਵਾਂਗ ਬੈਂਕਿੰਗ ਸਨਅਤ ਦਾ ਕੌਮੀਕਰਨ ਕਰ ਦਿੱਤਾ।

ਇਹ ਆਲਮੀ ਖੁੱਲ੍ਹੀ ਮੰਡੀ ਦੇ ਸੁਪਨੇ ਲਈ ਬਦਸ਼ਗਨ ਸੀ। ਅੱਸੀਵਿਆਂ ਦੇ ਸ਼ੁਰੂ 'ਚ ਫਰਾਇਡਮੈਨਵਾਦੀਆਂ ਨੂੰ ਇਹ ਸੰਭਾਵਨਾ ਨਜ਼ਰ ਆਉਣ ਲੱਗ ਪਈ ਸੀ ਕਿ ਉਨ੍ਹਾਂ ਦਾ ਦਹਾਕੇ ਤੋਂ ਵੀ ਘੱਟ ਪੁਰਾਣਾ ਇਨਕਲਾਬ ਹੁਣ ਲੋਕ ਉਭਾਰਾਂ ਦੀ ਨਵੀਂ ਛੱਲ ਤੋਂ ਬਚ ਨਹੀਂ ਸਕੇਗਾ।

ਜੰਗ ਬਚਾਅ ਬਣ ਕੇ ਬਹੁੜੀ

ਥੈਚਰ ਨੇ ਜੋ ਚਿੱਠੀ ਹਾਏਕ ਨੂੰ ਲਿਖੀ ਸੀ ਉਸ ਤੋਂ ਛੇ ਹਫ਼ਤੇ ਬਾਅਦ, ਕੁਝ ਐਸਾ ਵਾਪਰ ਗਿਆ ਜਿਸ ਨੇ ਉਸ ਦਾ ਮਨ ਵੀ ਬਦਲ ਦਿੱਤਾ ਅਤੇ ਕਾਰਪੋਰੇਟਵਾਦੀ ਜਹਾਦ ਦੀ ਹੋਣੀ ਵੀ ਬਦਲ ਦਿੱਤੀ। 2 ਅਪ੍ਰੈਲ 1982 ਨੂੰ ਅਰਜਨਟਾਈਨਾ ਨੇ ਫਾਕਲੈਂਡ ਟਾਪੂਆਂ ਉੱਪਰ ਹਮਲਾ ਕਰ ਦਿੱਤਾ ਜੋ ਬਰਤਾਨਵੀ ਬਸਤੀਵਾਦੀ ਸਲਤਨਤ ਦੀ ਨਿਸ਼ਾਨੀ ਸੀ। ਫਾਕਲੈਂਡ ਜੰਗ, ਜਾਂ ਜੇ ਤੁਸੀਂ ਅਰਜਨਟਾਈਨੀ ਹੋ ਤਾਂ ਇਸ ਨੂੰ ਮਾਲਵਿਨਾ ਜੰਗ ਕਹਿ ਲਵੋ, ਨੂੰ ਇਤਿਹਾਸ 'ਚ ਜ਼ਬਰਦਸਤ ਅਤੇ ਛੋਟੀ ਜਿਹੀ ਜੰਗ ਵਜੋਂ ਯਾਦ ਰੱਖਿਆ ਜਾਵੇਗਾ। ਉਸ ਸਮੇਂ ਲੱਗਦਾ ਨਹੀਂ ਸੀ ਕਿ ਫਾਕਲੈਂਡ ਦੀ ਵੀ ਕੋਈ ਯੁੱਧਨੀਤਕ ਮਹੱਤਤਾ ਹੈ। ਅਰਜਨਟਾਈਨਾ ਦੇ ਸਮੁੰਦਰੀ ਕੰਢੇ ਨਾਲ ਲੱਗਦਾ

ਟਾਪੂਆਂ ਦਾ ਇਹ ਗੁੱਛਾ ਬਰਤਾਨੀਆਂ ਤੋਂ ਹਜ਼ਾਰਾਂ ਮੀਲ ਦੂਰ ਸੀ ਅਤੇ ਇਸ ਨੂੰ ਕਬਜ਼ੇ 'ਚ ਰੱਖਣਾ ਮਹਿੰਗਾ ਸੌਦਾ ਸੀ। ਅਰਜਨਟਾਈਨਾ ਲਈ ਵੀ ਇਹ ਜ਼ਿਆਦਾ ਲਾਹੇਵੰਦਾ ਨਹੀਂ ਸੀ ਹਾਲਾਂਕਿ ਉਨ੍ਹਾਂ ਦੇ ਸਮੁੰਦਰੀ ਖੇਤਰ 'ਚ ਅੰਗਰੇਜ਼ਾਂ ਦੀ ਚੌਕੀ ਉਨ੍ਹਾਂ ਦੇ ਕੌਮੀ ਗੌਰਵ ਦੀ ਤੌਹੀਨ ਸੀ। ਮਸ਼ਹੂਰ ਅਰਜਨਟਾਈਨੀ ਲੇਖਕ ਜਾਰਜ ਲੂਇਸ ਬੋਰਜਸ ਨੇ ਇਸ ਜ਼ਮੀਨ ਦੇ ਝਗੜੇ ਬਾਰੇ ਚੋਟ ਕਰਦਿਆਂ ਇਸ ਨੂੰ "ਦੋ ਗੰਜਿਆਂ ਦੀ ਕੰਘੀ ਲਈ ਲੜਾਈ" ਕਿਹਾ ਸੀ।[20]

ਫ਼ੌਜੀ ਨਜ਼ਰੀਏ ਤੋਂ, ਗਿਆਰਾਂ ਹਫ਼ਤੇ ਦੀ ਲੜਾਈ ਦੀ ਕੋਈ ਇਤਿਹਾਸਕ ਮਹੱਤਤਾ ਦਿਖਾਈ ਨਹੀਂ ਦਿੰਦੀ। ਅਸਲ ਵਿਚ, ਖੁੱਲ੍ਹੀ ਮੰਡੀ ਦੇ ਪ੍ਰਾਜੈਕਟ ਉੱਪਰ ਜੰਗ ਦੇ ਪ੍ਰਭਾਵਾਂ ਵੱਲ ਗ਼ੌਰ ਨਹੀਂ ਕੀਤਾ ਜਾਂਦਾ। ਇਸ ਪੱਖੋਂ ਇਸ ਜੰਗ ਦਾ ਚੋਖਾ ਪ੍ਰਭਾਵ ਪਿਆ ਸੀ। ਇਹ ਫਾਕਲੈਂਡ ਦੀ ਜੰਗ ਹੀ ਸੀ ਜਿਸ ਨੇ ਉਹ ਸਿਆਸੀ ਓਹਲਾ ਮੁਹੱਈਆ ਕੀਤਾ ਜੋ ਪਹਿਲੀ ਵਾਰ ਇਕ ਪੱਛਮੀ ਉਦਾਰਵਾਦੀ ਜਮਹੂਰੀਅਤ ਅੰਦਰ ਤਿੱਖੀ ਸਰਮਾਏਦਾਰਾ ਕਾਇਆਕਲਪ ਕਰਨ ਦਾ ਪ੍ਰੋਗਰਾਮ ਸ਼ੁਰੂ ਕਰਨ ਲਈ ਜ਼ਰੂਰੀ ਸੀ।

ਜੰਗ ਲਈ ਦੋਵਾਂ ਧਿਰਾਂ ਦੀ ਤਾਂਘ ਦੇ ਚੋਖੇ ਕਾਰਨ ਮੌਜੂਦ ਸਨ। ਅਰਜਨਟਾਈਨਾ ਦੀ ਆਰਥਿਕਤਾ ਕਰਜੇ ਅਤੇ ਭ੍ਰਿਸ਼ਟਾਚਾਰ ਦੇ ਬੋਝ ਹੇਠ ਤਬਾਹੀ ਦੇ ਮੂੰਹ ਆਈ ਹੋਈ ਸੀ ਅਤੇ ਮਨੁੱਖੀ ਹੱਕਾਂ ਦੀਆਂ ਮੁਹਿੰਮਾਂ ਜ਼ੋਰ ਫੜ ਰਹੀਆਂ ਸਨ। ਜਰਨੈਲ ਲਿਉਪੋਲਦੋ ਗਾਲਤੀਅਰੀ ਦੀ ਅਗਵਾਈ ਹੇਠਲੀ ਨਵੀਂ ਫ਼ੌਜੀ ਹਕੂਮਤ ਨੇ ਹਿਸਾਬ-ਕਿਤਾਬ ਲਾਇਆ ਕਿ ਉਸ ਵਲੋਂ ਜਮਹੂਰੀਅਤ ਦਾ ਦਮਨ ਜਾਰੀ ਰੱਖਣ ਖ਼ਿਲਾਫ਼ ਰੋਹ ਨਾਲੋਂ ਵੱਧ ਤਾਕਤਵਰ ਇਕੋ ਇਕ ਚੀਜ਼ ਹੈ ਸਾਮਰਾਜ ਵਿਰੋਧੀ ਭਾਵਨਾਵਾਂ। ਗਾਲਤੀਅਰੀ ਨੇ ਇਹ ਭਾਵਨਾਵਾਂ ਟਾਪੂ ਛੱਡਣ ਤੋਂ ਇਨਕਾਰੀ ਬਰਤਾਨੀਆਂ ਵਿਰੁੱਧ ਪੂਰੀ ਮੁਹਾਰਤ ਨਾਲ ਸੇਧਤ ਕਰ ਦਿੱਤੀਆਂ। ਛੇਤੀ ਹੀ, ਫ਼ੌਜੀ ਹਕੂਮਤ ਨੇ ਇਸ ਚਟਾਨੀ ਚੌਕੀ ਉੱਪਰ ਅਰਜਨਟਾਈਨਾ ਦਾ ਨੀਲਾ-ਚਿੱਟਾ ਝੰਡਾ ਗੱਡ ਦਿੱਤਾ ਅਤੇ ਇਹ ਦੇਖ ਕੇ ਪੂਰਾ ਦੇਸ਼ ਬਾਗ਼ੋ-ਬਾਗ਼ ਹੋ ਗਿਆ।

ਜਦੋਂ ਫਾਕਲੈਂਡ ਟਾਪੂਆਂ ਉੱਪਰ ਅਰਜਨਟਾਈਨਾ ਵਲੋਂ ਹੱਕ ਜਤਾਉਣ ਦੀ ਖ਼ਬਰ ਆਈ ਤਾਂ ਥੈਚਰ ਨੇ ਆਪਣੀ ਸਿਆਸੀ ਕਿਸਮਤ ਚਮਕਾਉਣ ਦੇ ਪੱਖੋਂ ਇਸ ਖ਼ਬਰ ਦੀ ਡੁੱਬਦੇ ਨੂੰ ਤਿਣਕੇ ਦੇ ਸਹਾਰੇ ਵਾਲੀ ਅਹਿਮੀਅਤ ਝੱਟ ਬੁੱਝ ਲਈ ਅਤੇ ਉਸ ਨੇ ਇਕਦਮ ਲੜਾਈ ਦੇ ਚਰਚਿਲ ਵਾਲੇ ਤੇਵਰ ਅਖ਼ਤਿਆਰ ਕਰ ਲਏ। ਹੁਣ ਤੱਕ ਉਹ ਫਾਕਲੈਂਡ ਦੇ ਟਾਪੂਆਂ ਨੂੰ ਸਰਕਾਰੀ ਖ਼ਜ਼ਾਨੇ ਉੱਪਰ ਬੋਝ ਦੱਸਕੇ ਨਫ਼ਰਤ ਦਿਖਾਉਂਦੀ ਰਹੀ ਸੀ—ਉਸ ਨੇ ਫਾਕਲੈਂਡ ਟਾਪੂਆਂ ਦੀਆਂ ਗਰਾਂਟਾਂ ਘਟਾ ਦਿੱਤੀਆਂ ਸਨ ਅਤੇ ਇਨ੍ਹਾਂ ਦੀ ਰਾਖੀ ਲਈ ਤਾਇਨਾਤ ਸਮੁੰਦਰੀ ਫ਼ੌਜ ਅਤੇ ਹਥਿਆਰਬੰਦ ਸਮੁੰਦਰੀ ਜਹਾਜ਼ਾਂ ਦੇ ਖ਼ਰਚਿਆਂ 'ਚ ਵੱਡੀ ਕਟੌਤੀ ਕਰ ਦਿੱਤੀ ਸੀ। ਅਰਜਨਟਾਈਨਾ ਦੇ ਜਰਨੈਲਾਂ ਨੇ ਇਨ੍ਹਾਂ ਸੰਕੇਤਾਂ ਦਾ ਇਹ ਅਰਥ ਕੱਢਿਆ ਸੀ ਕਿ ਬਰਤਾਨੀਆਂ ਇਹ ਖੇਤਰ ਛੱਡਣ ਦੀ ਤਿਆਰੀ 'ਚ ਹੈ। (ਥੈਚਰ ਦੇ ਇਕ ਜੀਵਨੀ ਲੇਖਕ ਨੇ ਉਸ ਦੀ ਫਾਕਲੈਂਡ ਨੀਤੀ ਬਾਰੇ ਕਿਹਾ ਸੀ "ਵਿਹਾਰਕ ਤੌਰ 'ਤੇ ਇਹ ਅਰਜਨਟਾਈਨਾ ਨੂੰ ਹਮਲੇ ਦਾ ਸੱਦਾ ਦੇਣ" ਦੀ ਨੀਤੀ ਹੈ।)[21] ਵੱਖੋ-ਵੱਖਰੇ ਸਿਆਸੀ ਆਲੋਚਕਾਂ ਨੇ ਥੈਚਰ ਉੱਪਰ ਜੰਗ ਦੇ ਹਾਲਾਤ ਪੈਦਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਫ਼ੌਜ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਵਰਤ ਰਹੀ ਹੈ। ਲੇਬਰ ਪਾਰਟੀ ਦੇ ਸੰਸਦ ਮੈਂਬਰ ਟੋਨੀਬੈਨ ਨੇ ਕਿਹਾ, "ਜ਼ਿਆਦਾਤਰ ਇਹੀ ਲੱਗਦਾ ਹੈ ਕਿ ਜਿਵੇਂ ਸ਼੍ਰੀਮਤੀ ਥੈਚਰ ਦਾ ਵੱਕਾਰ ਦਾਅ 'ਤੇ ਲੱਗਿਆ ਹੋਵੇ, ਤੇ ਇਹ ਫਾਕਲੈਂਡ ਟਾਪੂਆਂ ਦਾ ਮੁੱਦਾ ਹੀ ਨਾ ਹੋਵੇ।" ਜਦਕਿ ਰੂੜ੍ਹੀਵਾਦੀ *ਫਾਇਨਾਂਸ਼ੀਅਲ ਟਾਈਮਜ਼* ਨੇ ਟਿੱਪਣੀ ਕੀਤੀ, "ਅਫਸੋਸ ਤਾਂ ਇਸ ਗੱਲ ਦਾ ਹੈ ਕਿ

ਇਹ ਮੁੱਦਾ ਖ਼ੁਦ ਬਰਤਾਨੀਆਂ ਅੰਦਰਲੇ ਸਿਆਸੀ ਮਤਭੇਦਾਂ ਨਾਲ ਤੇਜ਼ੀ ਨਾਲ ਰਲਗੱਡ ਹੁੰਦਾ ਜਾ ਰਿਹਾ ਹੈ, ਜਿਸ ਦਾ ਹਥਲੇ ਮੁੱਦੇ ਨਾਲ ਕੋਈ ਲਾਗਾ-ਦੇਗਾ ਹੀ ਨਹੀਂ ਹੈ। ਇਸ ਵਿਚ ਨਿਰਾ ਅਰਜਨਟਾਈਨੀ ਸਰਕਾਰ ਦੇ ਵੱਕਾਰ ਦਾ ਸਵਾਲ ਨਹੀਂ ਹੈ। ਇਸੇ ਤਰ੍ਹਾਂ ਬਰਤਾਨੀਆਂ ਦੀ ਟੋਰੀ ਸਰਕਾਰ ਦੇ ਬਣੇ ਰਹਿਣ ਦਾ, ਸ਼ਾਇਦ ਇਸ ਦੀ ਹੋਂਦ ਦਾ ਸਵਾਲ ਵੀ ਹੈ।"[22]

ਫੇਰ ਵੀ, ਜੰਗ ਦੀ ਤਿਆਰੀ ਬਾਰੇ ਇਨ੍ਹਾਂ ਨਰੋਈਆਂ ਟਕੋਰਾਂ ਦੇ ਬਾਵਜੂਦ, ਜਿਉਂ ਹੀ ਫ਼ੌਜ ਲਾ ਦਿੱਤੀ ਗਈ ਤਾਂ ਪੂਰਾ ਦੇਸ਼ ਉਸ ਵਹਿਣ 'ਚ ਵਹਿ ਗਿਆ ਜਿਸ ਨੂੰ ਲੇਬਰ ਪਾਰਟੀ ਦੇ ਮਤੇ ਦੇ ਖਰੜੇ ਨੇ "ਜੰਗਬਾਜ਼, ਫ਼ੌਜੀ ਮਾਨਸਿਕ ਬਣਤਰ" ਕਿਹਾ ਸੀ। ਫਾਕਲੈਂਡ ਟਾਪੂਆਂ ਨੂੰ ਮੁਰਝਾ ਚੁੱਕੀ ਅੰਗਰੇਜ਼ ਸਲਤਨਤ ਦੀ ਸ਼ਾਨ ਦੀ ਆਖ਼ਰੀ ਝਲਕ ਵਜੋਂ ਗਲ ਨਾਲ ਲਾ ਲਿਆ ਗਿਆ।[23] ਥੈਚਰ ਨੇ ਤਾਰੀਫ਼ ਕੀਤੀ ਕਿ "ਫਾਕਲੈਂਡ ਜਜ਼ਬਾ" ਕੌਮ 'ਤੇ ਛਾ ਰਿਹਾ ਹੈ, ਜਿਸ ਦਾ ਵਿਹਾਰਕ ਅਰਥ ਇਹ ਸੀ ਕਿ "ਇਸ ਕੁੱਤੀ ਨੂੰ ਦਫ਼ਾ ਕਰੋ" ਦੇ ਹੋਕਰੇ ਮੱਧਮ ਪੈ ਗਏ ਜਦਕਿ "ਆਪਣੀ ਜੰਗਜੂ ਹਕੂਮਤ ਦੀ ਜੈ-ਜੈਕਾਰ ਕਰੋ!" ਦੇ ਨਾਅਰਿਆਂ ਵਾਲੀਆਂ ਟੀ-ਸ਼ਰਟਾਂ ਦੀ ਵਿਕਰੀ ਵਧ ਗਈ।[24] ਨਾ ਲੰਡਨ ਨੇ ਇਸ ਨੂੰ ਰੋਕਣ ਦੀ ਸੰਜੀਦਾ ਕੋਸ਼ਿਸ਼ ਕੀਤੀ ਅਤੇ ਨਾ ਬਿਓਨਸ ਏਅਰੀਸ ਨੇ। ਥੈਚਰ ਨੇ ਉਸੇ ਤਰ੍ਹਾਂ ਸੰਯੁਕਤ ਰਾਸ਼ਟਰ ਨੂੰ ਪਾਸੇ ਕਰ ਦਿੱਤਾ ਜਿਵੇਂ ਬੁਸ਼ ਅਤੇ ਬਲੇਅਰ ਨੇ ਇਰਾਕ ਵਿਰੁੱਧ ਜੰਗ ਵਿੱਢਣ ਸਮੇਂ ਕੀਤਾ ਸੀ। ਉਨ੍ਹਾਂ ਦੀ ਨਾ ਆਰਥਕ ਪਾਬੰਦੀਆਂ 'ਚ ਦਿਲਚਸਪੀ ਸੀ ਨਾ ਗੱਲਬਾਤ ਚਲਾਉਣ 'ਚ। ਦੋਵਾਂ ਧਿਰਾਂ ਦੀ ਜੇ ਕੋਈ ਦਿਲਚਸਪੀ ਸੀ ਉਹ ਸੀ ਸਿਰਫ਼ ਸ਼ਾਨਦਾਰ ਜਿੱਤਾਂ ਹਾਸਲ ਕਰਨ 'ਚ।

ਥੈਚਰ ਆਪਣੇ ਭਵਿੱਖ ਲਈ ਲੜ ਰਹੀ ਸੀ—ਅਤੇ ਉਸ ਨੂੰ ਹੈਰਾਨੀਜਨਕ ਕਾਮਯਾਬੀ ਮਿਲੀ। ਫਾਕਲੈਂਡ ਜਿੱਤ 255 ਅੰਗਰੇਜ਼ ਫ਼ੌਜੀਆਂ ਅਤੇ 655 ਅਰਜਨਟਾਈਨੀ ਫ਼ੌਜੀਆਂ ਦੀਆਂ ਜਾਨਾਂ ਦਾ ਖੌਅ ਬਣੀ। ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਜੰਗੀ ਨਾਇਕਾ ਵਜੋਂ ਜੈ-ਜੈਕਾਰ ਹੋਣ ਲੱਗੀ। ਉਸ ਦੀ "ਬੇਰਹਿਮ ਜ਼ਨਾਨੀ" ਵਜੋਂ ਚਰਚਾ ਬਦਨਾਮੀ ਤੋਂ ਸਿਰੇ ਦੀ ਨੇਕਨਾਮੀ 'ਚ ਬਦਲ ਗਈ।[25] ਇਸੇ ਤਰ੍ਹਾਂ ਉਸ ਬਾਰੇ ਸਰਵੇਖਣ ਦੇ ਅੰਕੜੇ ਬਦਲ ਗਏ। ਥੈਚਰ ਦੀ ਨਿੱਜੀ ਮਕਬੂਲੀਅਤ ਦੀ ਦਰ ਜੰਗ ਦੌਰਾਨ ਦੁੱਗਣੀ ਹੋ ਗਈ। ਜੰਗ ਸ਼ੁਰੂ ਹੋਣ ਸਮੇਂ ਇਹ 25 ਫ਼ੀ ਸਦੀ ਸੀ ਅਤੇ ਖ਼ਤਮ ਹੋਣ ਮੌਕੇ ਇਹ 59 ਫ਼ੀ ਸਦੀ ਹੋ ਗਈ ਸੀ। ਇਸ ਨਾਲ ਅਗਲੇ ਸਾਲ ਹੋਣ ਵਾਲੀ ਚੋਣ 'ਚ ਉਸ ਦੀ ਫ਼ੈਸਲਾਕੁਨ ਜਿੱਤ ਦਾ ਰਾਹ ਪੱਧਰਾ ਹੋ ਗਿਆ।[26]

ਬਰਤਾਨਵੀ ਫ਼ੌਜ ਦੇ ਫਾਕਲੈਂਡ ਉੱਪਰ ਜਵਾਬੀ ਹਮਲੇ ਦਾ ਗੁਪਤ ਨਾਂ ਓਪਰੇਸ਼ਨ ਕਾਰਪੋਰੇਟ ਰੱਖਿਆ ਗਿਆ ਸੀ। ਭਾਵੇਂ ਇਕ ਫ਼ੌਜੀ ਮੁਹਿੰਮ ਲਈ ਇਹ ਨਾਂ ਅਜੀਬ ਲੱਗਦਾ ਸੀ ਪਰ ਇਹ ਇਲਹਾਮ ਹੋ ਨਿੱਬੜਿਆ। ਜੰਗ ਤੋਂ ਥੈਚਰ ਨੂੰ ਜੋ ਬੇਸ਼ੁਮਾਰ ਮਕਬੂਲੀਅਤ ਹਾਸਲ ਹੋਈ ਸੀ ਉਸ ਦੀ ਵਰਤੋਂ ਉਹੀ ਕਾਰਪੋਰੇਟ ਇਨਕਲਾਬ ਸ਼ੁਰੂ ਕਰਨ ਲਈ ਕੀਤੀ ਗਈ ਜਿਸ ਬਾਰੇ ਉਸ ਨੇ ਜੰਗ ਤੋਂ ਪਹਿਲਾਂ ਹਾਏਕ ਨੂੰ ਦੱਸਿਆ ਸੀ ਕਿ ਇਹ ਸੰਭਵ ਨਹੀਂ ਹੈ। ਜਦੋਂ 1984 'ਚ ਕੋਲਾ ਖਾਣ ਮਜ਼ਦੂਰਾਂ ਨੇ ਹੜਤਾਲ ਕੀਤੀ ਤਾਂ ਥੈਚਰ ਨੇ ਇਸ ਟਕਰਾਅ ਨੂੰ ਅਰਜਨਟਾਈਨਾ ਨਾਲ ਜੰਗ ਦੀ ਲਗਾਤਾਰਤਾ ਦੱਸਦਿਆਂ ਇਸ ਨੂੰ ਉਸੇ ਤਰ੍ਹਾਂ ਦੀ ਜ਼ਬਰਦਸਤ ਦ੍ਰਿੜਤਾ ਨਾਲ ਕੁਚਲਣ ਦਾ ਸੱਦਾ ਦਿੱਤਾ। ਉਸ ਨੇ ਇਹ ਮਸ਼ਹੂਰ ਐਲਾਨ ਕੀਤਾ ਕਿ "ਸਾਨੂੰ ਫਾਕਲੈਂਡ 'ਚ ਬਾਹਰਲੇ ਦੁਸ਼ਮਣ ਨਾਲ ਲੜਨਾ ਪਿਆ ਸੀ ਅਤੇ ਹੁਣ ਸਾਨੂੰ ਅੰਦਰਲੇ ਦੁਸ਼ਮਣਾਂ ਨਾਲ ਲੜਨਾ ਪਵੇਗਾ, ਜੋ ਕਿਤੇ ਵੱਧ ਮੁਸ਼ਕਲ ਹੈ ਪਰ ਜਿਹੜੇ ਆਜ਼ਾਦੀ ਲਈ ਉਸੇ ਤਰ੍ਹਾਂ ਖ਼ਤਰਨਾਕ ਹਨ।"[27] ਬਰਤਾਨਵੀ ਮਜ਼ਦੂਰਾਂ ਨੂੰ "ਅੰਦਰੂਨੀ ਦੁਸ਼ਮਣ" ਦੀ ਸ਼੍ਰੇਣੀ 'ਚ ਰੱਖ ਕੇ ਥੈਚਰ ਨੇ ਰਾਜ ਦੀ ਪੂਰੀ ਤਾਕਤ ਹੜਤਾਲੀ ਮਜ਼ਦੂਰਾਂ ਵਿਰੁੱਧ ਝੋਕ

ਦਿੱਤੀ। ਇਸ ਇਕੋ ਟਕਰਾਅ 'ਚ ਅੱਠ ਹਜ਼ਾਰ ਲਾਠੀਧਾਰੀ ਦੰਗਾ ਰੋਕੂ ਪੁਲਿਸ ਲਾ ਦਿੱਤੀ ਗਈ ਸੀ। ਇਨ੍ਹਾਂ ਵਿਚੋਂ ਬਹੁਤ ਸਾਰੇ ਘੋੜਸਵਾਰ ਪੁਲਸੀਏ ਸਨ ਜਿਨ੍ਹਾਂ ਨੇ ਪਲਾਂਟ ਮੂਹਰੇ ਪਿਕਟ ਲਾਈ ਬੈਠੇ ਮਜ਼ਦੂਰਾਂ ਦੀ ਕਤਾਰ ਉੱਪਰ ਧਾਵਾ ਬੋਲ ਦਿੱਤਾ। ਇਸ ਦਾ ਸਿੱਟਾ ਸੱਤ ਸੌ ਮਜ਼ਦੂਰਾਂ ਦੇ ਜ਼ਖ਼ਮੀ ਹੋਣ 'ਚ ਨਿਕਲਿਆ। ਲੰਮੀ ਹੜਤਾਲ ਦੌਰਾਨ ਜ਼ਖ਼ਮੀਆਂ ਦੀ ਗਿਣਤੀ ਹਜ਼ਾਰਾਂ ਹੋ ਗਈ। *ਗਾਰਡੀਅਨ* ਦੇ ਪੱਤਰਕਾਰ ਸਿਊਮਸ ਮਿਲਨੇ ਨੇ ਹੜਤਾਲ ਬਾਰੇ ਆਪਣੇ ਪ੍ਰਮਾਣਿਕ ਵਰਨਣ *ਅੰਦਰਲਾ ਦੁਸ਼ਮਣ : ਖਾਣ ਮਜ਼ਦੂਰਾਂ ਵਿਰੁੱਧ ਥੈਚਰ ਦੀ ਗੁਪਤ ਜੰਗ* 'ਚ ਬਿਆਨ ਕੀਤਾ ਹੈ ਕਿ ਪ੍ਰਧਾਨ ਮੰਤਰੀ ਨੇ ਯੂਨੀਅਨ ਉੱਪਰ, ਖ਼ਾਸ ਕਰਕੇ ਇਸ ਦੇ ਖਾੜਕੂ ਪ੍ਰਧਾਨ ਆਰਥਰ ਸਕਾਰਗਿਲ ਉੱਪਰ ਨਿਗਾਹ ਰੱਖਣ ਲਈ ਸੁਰੱਖਿਆ ਸੇਵਾਵਾਂ ਝੋਕ ਦਿੱਤੀਆਂ। ਸਿੱਟਾ ਇਹ ਨਿਕਲਿਆ ਕਿ "ਬਰਤਾਨੀਆਂ 'ਚ ਸੂਹੀਆ ਕਾਰਵਾਈਆਂ ਬਹੁਤ ਹੀ ਜੋਸ਼ ਖਰੋਸ਼ ਨਾਲ ਤੇਜ਼ ਕਰ ਦਿੱਤੀਆਂ ਗਈਆਂ।" ਯੂਨੀਅਨ 'ਚ ਬਹੁ-ਪੱਖੀ ਏਜੰਟ ਅਤੇ ਮੁਖ਼ਬਰ ਘੁਸ ਗਏ। ਯੂਨੀਅਨ ਦੇ ਸਾਰੇ ਫ਼ੋਨਾਂ ਅਤੇ ਨਾਲ ਹੀ ਉਨ੍ਹਾਂ ਘਰਾਂ ਅਤੇ ਮੱਛੀ ਦੇ ਖੋਖਿਆਂ ਦੀ ਨਿਗਰਾਨੀ ਰੱਖੀ ਜਾਣ ਲੱਗੀ ਜਿੱਥੇ ਯੂਨੀਅਨ ਆਗੂਆਂ ਦਾ ਅਕਸਰ ਆਉਣ ਜਾਣ ਸੀ। ਹਾਊਸ ਆਫ ਕਾਮਨਜ਼ ਅੰਦਰ ਯੂਨੀਅਨ ਦੇ ਮੁੱਖ ਪ੍ਰਬੰਧਕੀ ਅਧਿਕਾਰੀ ਉੱਪਰ ਦੋਸ਼ ਲੱਗਿਆ ਕਿ ਉਹ ਖੁਫ਼ੀਆ ਏਜੰਸੀ ਐੱਮ ਆਈ-5 ਦਾ ਏਜੰਟ ਹੈ ਜਿਸ ਨੂੰ "ਯੂਨੀਅਨ 'ਚ ਅਸਥਿਰਤਾ ਫੈਲਾਉਣ ਅਤੇ ਭੰਨਤੋੜ ਕਰਨ" ਲਈ ਭੇਜਿਆ ਗਿਆ ਸੀ। ਹਾਲਾਂਕਿ ਉਸ ਨੇ ਇਸ ਦੋਸ਼ ਨੂੰ ਰੱਦ ਕੀਤਾ।

ਬਰਤਾਨੀਆ ਦੇ ਵਿੱਤ ਮੰਤਰੀ ਨਾਈਜ਼ਲ ਲਾਅਸਨ ਨੇ ਸਪਸ਼ਟ ਕਿਹਾ ਕਿ ਥੈਚਰ ਸਰਕਾਰ ਯੂਨੀਅਨ ਨੂੰ ਆਪਣੀ ਦੁਸ਼ਮਣ ਮੰਨਦੀ ਸੀ। ਇਕ ਦਹਾਕਾ ਬਾਅਦ ਉਸ ਨੇ ਕਿਹਾ, "ਇਹ ਉਸੇ ਤਰ੍ਹਾਂ ਦਾ ਮਾਮਲਾ ਸੀ ਜਿਵੇਂ 1930ਵਿਆਂ ਦੇ ਅਖ਼ੀਰ 'ਚ ਹਿਟਲਰ ਦੀ ਧਮਕੀ ਦਾ ਮੁਕਾਬਲਾ ਕਰਨ ਲਈ ਲੈਸ ਹੋਣਾ। ਤਿਆਰੀ ਕਰਨੀ ਹੀ ਪੈਣੀ ਸੀ।"[29] ਜਿਵੇਂ ਫਾਕਲੈਂਡ ਦੇ ਮਾਮਲੇ 'ਚ ਹੋਇਆ ਸੀ, ਇਸ ਮਾਮਲੇ 'ਚ ਵੀ ਗੱਲਬਾਤ ਕਰਨ 'ਚ ਕੋਈ ਦਿਲਚਸਪੀ ਨਹੀਂ ਲਈ ਗਈ। ਬਸ ਯੂਨੀਅਨ ਨੂੰ ਤੋੜਨ ਦੀ ਧਾਰੀ ਹੋਈ ਸੀ, ਚਾਹੇ ਕੋਈ ਵੀ ਕੀਮਤ ਦੇਣੀ ਪਵੇ (ਰੋਜ਼ਾਨਾ ਪੁਲਿਸ ਦੀ ਤਿੰਨ ਹਜ਼ਾਰ ਵਾਧੂ ਨਫ਼ਰੀ ਲਗਾਏ ਜਾਣ ਉੱਪਰ ਚੋਖਾ ਖ਼ਰਚ ਕੀਤਾ ਜਾ ਰਿਹਾ ਸੀ)। ਇਸ ਲੜਾਈ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਐਕਟਿੰਗ ਸਾਰਜੰਟ ਕੌਲਿਨ ਨੇਅਲਰ ਨੇ ਇਸ ਨੂੰ "ਖ਼ਾਨਾਜੰਗੀ" ਦਾ ਨਾਂਅ ਦਿੱਤਾ ਸੀ।[30]

1985 ਤੱਕ, ਥੈਚਰ ਨੇ ਇਹ ਜੰਗ ਵੀ ਜਿੱਤ ਲਈ : ਭੁੱਖੇ ਮਰਦੇ ਮਜ਼ਦੂਰਾਂ ਲਈ ਡਟੇ ਰਹਿਣਾ ਸੰਭਵ ਨਹੀਂ ਸੀ। ਇਸ ਤਰ੍ਹਾਂ ਅੰਤ 'ਚ 966 ਵਿਅਕਤੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤੇ ਗਏ।[31] ਇਹ ਬਰਤਾਨੀਆਂ ਦੀ ਸਭ ਤੋਂ ਤਕੜੀ ਯੂਨੀਅਨ ਲਈ ਜ਼ਬਰਦਸਤ ਪਛਾੜ ਸੀ ਅਤੇ ਬਾਕੀਆਂ ਨੂੰ ਸਪਸ਼ਟ ਸੁਣਾਉਣੀ ਸੀ : ਜੇ ਥੈਚਰ ਉਨ੍ਹਾਂ ਖਾਣ ਮਜ਼ਦੂਰਾਂ ਨੂੰ ਕੁਚਲਣ ਲਈ ਬੁਰੇ ਦੇ ਘਰ ਤੱਕ ਜਾ ਸਕਦੀ ਹੈ, ਜਿਨ੍ਹਾਂ ਉੱਪਰ ਦੇਸ਼ ਦੀ ਬਿਜਲੀ ਅਤੇ ਨਿੱਘ ਦਾ ਦਾਰੋਮਦਾਰ ਨਿਰਭਰ ਹੈ ਤਾਂ ਉਨ੍ਹਾਂ ਕਮਜ਼ੋਰ ਯੂਨੀਅਨਾਂ ਲਈ ਉਸ ਦੇ ਨਵੇਂ ਆਰਥਕ ਪ੍ਰਬੰਧ ਨਾਲ ਮੱਥਾ ਲਾਉਣਾ ਖ਼ੁਦਕੁਸ਼ੀ ਕਰਨਾ ਹੋਵੇਗਾ ਜੋ ਘੱਟ ਅਹਿਮ ਪੈਦਾਵਾਰੀ ਖੇਤਰਾਂ 'ਚ ਕੰਮ ਕਰਦੀਆਂ ਹਨ। ਇਸ ਕਰਕੇ ਜੋ ਕੁਝ ਮਿਲਦਾ ਹੈ ਉਹੀ ਕਬੂਲ ਕਰ ਲੈਣਾ ਬਿਹਤਰ ਹੈ। ਇਹ ਉਸੇ ਤਰ੍ਹਾਂ ਦਾ ਸੁਨੇਹਾ ਸੀ ਜੋ ਅਹੁਦਾ ਸੰਭਾਲਣ ਤੋਂ ਕੁਝ ਮਹੀਨੇ ਬਾਅਦ ਰੋਨਾਲਡ ਰੀਗਨ ਨੇ ਹਵਾਈ ਆਵਾਜਾਈ ਨੂੰ ਕੰਟਰੋਲ ਕਰਨ ਵਾਲੇ ਸਟਾਫ਼ ਦੀ ਹੜਤਾਲ ਦੇ ਜਵਾਬ 'ਚ ਦਿੱਤਾ ਸੀ। ਰੀਗਨ ਨੇ ਕਿਹਾ ਸੀ, ਕੰਮ ਉੱਪਰ ਹਾਜ਼ਰ ਨਾ ਹੋ ਕੇ ਉਨ੍ਹਾਂ ਨੇ "ਨੌਕਰੀ ਦਾ ਹੱਕ ਗੁਆ ਲਿਆ ਹੈ ਅਤੇ ਇਨ੍ਹਾਂ ਨੂੰ ਕੱਢ ਦਿੱਤਾ

ਜਾਵੇਗਾ।" ਇਸ ਤੋਂ ਬਾਅਦ ਉਸ ਨੇ ਇਕੋ ਸੱਟੇ ਦੇਸ਼ ਦੇ ਸਭ ਤੋਂ ਅਹਿਮ ਕਾਮਿਆਂ ਵਿਚੋਂ 11,400 ਨੂੰ ਨੌਕਰੀ ਤੋਂ ਕੱਢ ਦਿੱਤਾ ਸੀ—ਇਹ ਅਜਿਹੀ ਸੱਟ ਸੀ ਜਿਸ ਤੋਂ ਅਮਰੀਕਾ ਦੀ ਮਜ਼ਦੂਰ ਲਹਿਰ ਅਜੇ ਤੱਕ ਵੀ ਪੂਰੀ ਤਰ੍ਹਾਂ ਸੰਭਲ ਨਹੀਂ ਸਕੀ।[32]

ਬਰਤਾਨੀਆਂ 'ਚ ਥੈਚਰ ਨੇ ਫਾਕਲੈਂਡ ਅੰਦਰ ਅਤੇ ਖਾਣ ਮਜ਼ਦੂਰਾਂ ਉੱਪਰ ਜਿੱਤ ਦਾ ਡੰਕਾ ਵਜਾ ਕੇ ਤਿੱਖੇ ਆਰਥਕ ਏਜੰਡੇ ਵੱਲ ਵੱਡੀ ਪੁਲਾਂਘ ਪੁੱਟੀ। 1984 ਅਤੇ 1988 ਦਰਮਿਆਨ, ਸਰਕਾਰ ਨੇ ਬ੍ਰਿਟਿਸ਼ ਟੈਲੀਕਾਮ, ਬ੍ਰਿਟਿਸ਼ ਗੈਸ, ਬ੍ਰਿਟਿਸ਼ ਏਅਰਵੇਜ਼, ਬ੍ਰਿਟਿਸ਼ ਏਅਰਪੋਰਟ ਅਥਾਰਟੀ ਅਤੇ ਬ੍ਰਿਟਿਸ਼ ਸਟੀਲ ਦਾ ਨਿੱਜੀਕਰਨ ਕਰ ਦਿੱਤਾ ਅਤੇ ਬ੍ਰਿਟਿਸ਼ ਪੈਟਰੋਲੀਅਮ ਵਿਚੋਂ ਆਪਣੇ ਹਿੱਸੇ ਵੇਚ ਦਿੱਤੇ।

ਜਿਵੇਂ 11 ਸਤੰਬਰ 2001 ਦੇ ਹਮਲੇ ਨੇ ਇਕ ਗ਼ੈਰ-ਹਰਮਨਪਿਆਰੇ ਰਾਸ਼ਟਰਪਤੀ ਨੂੰ ਨਿੱਜੀਕਰਨ ਦੀ ਵਿਆਪਕ ਪਹਿਲਕਦਮੀ ਲੈਣ ਦਾ ਮੌਕਾ ਮੁਹੱਈਆ ਕੀਤਾ (ਬੁਸ਼ ਵਲੋਂ ਸੁਰੱਖਿਆ, ਜੰਗ ਅਤੇ ਮੁੜ ਉਸਾਰੀ ਦੇ ਕੰਮ ਦਾ ਨਿੱਜੀਕਰਨ ਕੀਤਾ ਗਿਆ), ਇਸੇ ਤਰ੍ਹਾਂ ਥੈਚਰ ਨੇ ਇਕ ਪੱਛਮੀ ਜਮਹੂਰੀਅਤ ਅੰਦਰ ਨਿੱਜੀਕਰਨ ਦੀ ਪਹਿਲੀ ਵਿਆਪਕ ਨਿਲਾਮੀ ਸ਼ੁਰੂ ਕਰਨ ਲਈ ਫਾਕਲੈਂਡ ਜੰਗ ਦੀ ਵਰਤੋਂ ਕੀਤੀ ਸੀ। ਇਹ ਸੱਚੀਮੁੱਚੀਂ ਦੀ ਕਾਰਪੋਰੇਟ ਮੁਹਿੰਮ ਸੀ ਜਿਸ ਦੀਆਂ ਇਤਿਹਾਸਕ ਅਰਥ-ਸੰਭਾਵਨਾਵਾਂ ਸਨ। ਫਾਕਲੈਂਡ ਦੀ ਜੰਗ ਨੂੰ ਥੈਚਰ ਵਲੋਂ ਕਾਮਯਾਬੀ ਨਾਲ ਵਰਤਣਾ ਪਹਿਲਾ ਠੋਸ ਸਬੂਤ ਸੀ ਕਿ ਸ਼ਿਕਾਗੋ ਸਕੂਲ ਦੇ ਆਰਥਕ ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਫ਼ੌਜੀ ਤਾਨਾਸ਼ਾਹੀ ਅਤੇ ਤਸੀਹਾ ਕੇਂਦਰ ਜ਼ਰੂਰੀ ਨਹੀਂ ਹਨ। ਉਸ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਵੱਡੇ ਸਿਆਸੀ ਸੰਕਟ ਦੀ ਹਾਲਤ ਦੌਰਾਨ ਇਕ ਜਮਹੂਰੀਅਤ ਅੰਦਰ ਸਦਮਾ ਇਲਾਜ ਨੂੰ ਸੀਮਤ ਰੂਪ 'ਚ ਥੋਪਿਆ ਜਾ ਸਕਦਾ ਹੈ।

ਇਸ ਤਰ੍ਹਾਂ ਦੇਸ਼ ਨੂੰ ਇਕਜੁੱਟ ਕਰਨ ਲਈ ਥੈਚਰ ਨੂੰ ਇਕ ਦੁਸ਼ਮਣ ਚਾਹੀਦਾ ਸੀ, ਐਸੇ ਵਿਸ਼ੇਸ਼ ਹਾਲਾਤ ਜੋ ਹੰਗਾਮੀ ਹਾਲਤ 'ਚ ਚੁੱਕੇ ਜਾਣ ਵਾਲੇ ਕਦਮਾਂ ਅਤੇ ਜਬਰ ਦੀ ਵਰਤੋਂ ਨੂੰ ਜਾਇਜ਼ ਠਹਿਰਾਉਣ—ਇਕ ਸੰਕਟ ਜੋ ਉਸ ਦੇ ਦ੍ਰਿੜ ਅਤੇ ਫ਼ੈਸਲਾਕੁਨ ਅਕਸ ਨੂੰ ਜ਼ਾਲਮ ਅਤੇ ਧੱਕੜ ਹਾਕਮ ਦੇ ਅਕਸ 'ਚ ਬਦਲ ਦੇਵੇ। ਜੰਗ ਨੇ ਉਸ ਦਾ ਮਕਸਦ ਪੂਰਾ ਕਰ ਦਿੱਤਾ ਸੀ ਪਰ ਅੱਸੀਵਿਆਂ ਦੇ ਸ਼ੁਰੂ ਦੀ ਫਾਕਲੈਂਡ ਜੰਗ ਇਕ ਬੇਮੇਲ ਵਰਤਾਰਾ ਸੀ, ਪਿਛਲੇ ਸਮਿਆਂ ਦੀਆਂ ਬਸਤੀਵਾਦੀ ਲੜਾਈਆਂ ਦੇ ਦੌਰ ਵੱਲ ਪਰਤ ਜਾਣ ਦਾ ਵਰਤਾਰਾ। ਜੇ ਅੱਸੀਵਿਆਂ ਦਾ ਸਮਾਂ ਅਮਨ ਅਤੇ ਜਮਹੂਰੀਅਤ ਦੇ ਨਵੇਂ ਯੁੱਗ ਦਾ ਪਹੁ-ਫੁਟਾਲਾ ਬਣਨ ਜਾ ਰਿਹਾ ਸੀ, ਜਿਵੇਂ ਕਈਆਂ ਨੇ ਦਾਅਵਾ ਕੀਤਾ ਸੀ, ਤਾਂ ਫਾਕਲੈਂਡ ਕਿਸਮ ਦੀਆਂ ਜੰਗਾਂ ਐਨੀਆਂ ਵਿਰਲੀਆਂ-ਟਾਵੀਂਆਂ ਹੋਣਗੀਆਂ ਕਿ ਇਹ ਕਿਸੇ ਆਲਮੀ ਪ੍ਰਾਜੈਕਟ ਦਾ ਅਧਾਰ ਨਹੀਂ ਬਣ ਸਕਣਗੀਆਂ।

ਇਹ ਗੱਲ 1982 ਦੀ ਹੈ। ਮਿਲਟਨ ਫਰਾਇਡਮੈਨ ਨੇ ਉਹ ਬਹੁਤ ਹੀ ਪ੍ਰਭਾਵਸ਼ਾਲੀ ਪੈਰਾ ਲਿਖਿਆ ਜਿਸ ਵਿਚ ਸਦਮਾ ਸਿਧਾਂਤ ਦਾ ਨਿਚੋੜ ਸਭ ਤੋਂ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਸੀ : "ਸੰਕਟ ਚਾਹੇ ਅਸਲੀ ਹੋਵੇ ਜਾਂ ਮਨਘੜਤ, ਸਿਰਫ਼ ਇਹ ਹੀ ਸੱਚੀ ਤਬਦੀਲੀ ਲਿਆਉਂਦਾ ਹੈ। ਜਦੋਂ ਅਜਿਹਾ ਸੰਕਟ ਆਉਂਦਾ ਹੈ ਤਾਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਉੱਥੇ ਮੌਜੂਦ ਵਿਚਾਰਾਂ 'ਤੇ ਮੁਨੱਸਰ ਕਰਦੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਸਾਡਾ ਬੁਨਿਆਦੀ ਕਾਰਜ ਇਹ ਹੈ : ਮੌਜੂਦ ਨੀਤੀਆਂ ਦੇ ਬਦਲ ਵਿਕਸਤ ਕਰਨਾ ਤੇ ਇਨ੍ਹਾਂ ਨੂੰ ਓਦੋਂ ਤੱਕ ਜਿਊਂਦੇ ਜਾਗਦੇ ਰੱਖਣਾ ਜਦੋਂ ਤੱਕ ਜੋ ਕੁਝ ਸਿਆਸੀ ਤੌਰ 'ਤੇ ਅਸੰਭਵ ਹੈ ਉਹ ਸੰਭਵ ਨਹੀਂ ਬਣ ਜਾਂਦਾ।"[33]

ਇਸ ਨੇ ਇਕ ਤਰ੍ਹਾਂ ਨਾਲ ਨਵੇਂ ਜਮਹੂਰੀ ਦੌਰ 'ਚ ਫਰਾਇਡਮੈਨ ਦੀ ਲਹਿਰ ਦਾ ਮੰਤਰ ਬਣਨਾ ਸੀ। ਐਲਨ ਮੈਲਜ਼ਰ ਨੇ ਉਸ ਦੀ ਫ਼ਿਲਾਸਫ਼ੀ ਇਸ ਤਰ੍ਹਾਂ ਬਿਆਨ ਕੀਤੀ ਸੀ : "ਵਿਚਾਰ ਐਸੇ ਬਦਲ ਹੁੰਦੇ ਹਨ ਜੋ ਤਬਦੀਲੀ ਦਾ ਪੜੁੱਲ ਬਣਨ ਲਈ ਸੰਕਟ ਦੀ ਇੰਤਜ਼ਾਰ 'ਚ ਹੁੰਦੇ ਹਨ। ਫਰਾਇਡਮੈਨ ਇਸ ਤਰ੍ਹਾਂ ਦਾ ਪ੍ਰਭਾਵ ਸਿਰਜਣਾ ਚਾਹੁੰਦਾ ਸੀ ਕਿ ਇਹ ਉਸ ਦੇ ਵਿਚਾਰਾਂ ਨੂੰ ਵਾਜਬ ਤੇ ਸਹਿਣਯੋਗ ਅਤੇ ਮੌਕਾ ਆਉਣ 'ਤੇ ਪਰਖ ਦੇ ਕਾਬਲ ਬਣਾ ਦੇਵੇ।"[34]

ਫਰਾਇਡਮੈਨ ਦੇ ਮਨ ਵਿਚ ਜਿਸ ਕਿਸਮ ਦੇ ਸੰਕਟ ਦਾ ਤਸੱਵਰ ਸੀ ਉਹ ਫ਼ੌਜੀ ਸੰਕਟ ਨਹੀਂ ਸਗੋਂ ਆਰਥਕ ਸੀ। ਉਸ ਦੀ ਸਮਝ ਅਨੁਸਾਰ ਆਮ ਹਾਲਾਤ 'ਚ, ਆਰਥਕ ਫ਼ੈਸਲੇ ਟਕਰਾਵੇਂ ਹਿੱਤਾਂ ਦੀ ਜ਼ੋਰ ਅਜ਼ਮਾਈ ਦੇ ਅਧਾਰ 'ਤੇ ਲਏ ਜਾਂਦੇ ਹਨ—ਮਜ਼ਦੂਰ ਨੌਕਰੀਆਂ ਅਤੇ ਤਨਖ਼ਾਹਾਂ ਵਧਾਉਣੀਆਂ ਚਾਹੁੰਦੇ ਹਨ, ਮਾਲਕ ਥੋੜ੍ਹੇ ਟੈਕਸ ਅਤੇ ਮੋਕਲੇ ਨੇਮ ਚਾਹੁੰਦੇ ਹਨ ਅਤੇ ਸਿਆਸਤਦਾਨਾਂ ਨੇ ਇਨ੍ਹਾਂ ਦੋ ਟਕਰਾਵੀਂਆਂ ਤਾਕਤਾਂ 'ਚ ਤਵਾਜ਼ਨ ਬਣਾਉਣਾ ਹੁੰਦਾ ਹੈ। ਪਰ ਜੇ ਆਰਥਕ ਸੰਕਟ ਆ ਜਾਵੇ ਅਤੇ ਇਹ ਕਾਫ਼ੀ ਤਿੱਖਾ ਹੋਵੇ—ਸਿੱਕੇ ਦੇ ਮੁੱਲ 'ਚ ਗਿਰਾਵਟ, ਮੰਡੀ ਦੀ ਤਬਾਹੀ, ਕੋਈ ਵੱਡਾ ਮੰਦਵਾੜਾ—ਤਾਂ ਇਹ ਸਭ ਕਾਸੇ ਨੂੰ ਤਹਿਸ਼-ਨਹਿਸ਼ ਕਰ ਦਿੰਦਾ ਹੈ ਅਤੇ ਆਗੂ ਲੋਕ ਦੇਸ਼ ਦੀ ਹੰਗਾਮੀ ਹਾਲਤ ਨਾਲ ਨਜਿੱਠਣ ਦੇ ਨਾਂ ਹੇਠ ਲੋੜੀਂਦੇ (ਜਾਂ ਲੋੜੀਂਦੇ ਬਣਾ ਦਿੱਤੇ ਗਏ) ਕਦਮ ਚੁੱਕਣ ਲਈ ਆਜ਼ਾਦ ਹੁੰਦੇ ਹਨ। ਇਕ ਤਰ੍ਹਾਂ ਨਾਲ ਸੰਕਟ ਜਮਹੂਰੀਅਤ ਤੋਂ ਮੁਕਤ ਖੇਤਰ ਹੁੰਦੇ ਹਨ—ਸਿਆਸਤ ਦੇ ਖੱਪੇ ਐਨੇ ਆਮ ਹੁੰਦੇ ਹਨ ਕਿ ਸਹਿਮਤੀ ਲੈਣ ਅਤੇ ਸਰਵ ਸੰਮਤੀ ਬਣਾਉਣ ਦੀ ਲੋੜ ਹੀ ਨਹੀਂ ਲੱਗਦੀ।

ਮੰਡੀਆਂ ਦੀ ਤਬਾਹੀ ਇਨਕਲਾਬੀ ਤਬਦੀਲੀ ਦਾ ਪੜੁੱਲ ਬਣ ਸਕਦੀ ਹੈ, ਇਸ ਵਿਚਾਰ ਦਾ ਖੱਬਿਆਂ ਦਾ ਵੀ ਲੰਮਾ ਇਤਿਹਾਸ ਰਿਹਾ ਹੈ। ਇਸ ਦਾ ਸਭ ਤੋਂ ਉੱਘੜਵਾ ਸਬੂਤ ਬਾਲਸ਼ਵਿਕ ਸਿਧਾਂਤ ਹੈ ਕਿ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨਾਲ ਪੈਸੇ ਦੀ ਕਦਰ ਨਹੀਂ ਰਹਿੰਦੀ ਅਤੇ ਇਹ ਜਨਤਾ ਨੂੰ ਸਰਮਾਏਦਾਰੀ ਦੀ ਤਬਾਹੀ ਦੇ ਇਕ ਕਦਮ ਹੋਰ ਨੇੜੇ ਲੈ ਜਾਂਦਾ ਹੈ।[35] ਇਸ ਸਿਧਾਂਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿਉਂ ਸੌੜੇਪਣ ਦਾ ਸ਼ਿਕਾਰ ਖੱਬੇਪੱਖੀਆਂ ਦੀ ਇਕ ਖ਼ਾਸ ਵੰਨਗੀ ਸਦਾ ਐਸੇ ਹਾਲਾਤ ਦੀ ਝਾਕ 'ਚ ਗਿਣਤੀਆਂ-ਮਿਣਤੀਆਂ ਕਰਨ 'ਚ ਲੱਗੀ ਰਹਿੰਦੀ ਹੈ ਜਿਨ੍ਹਾਂ ਹਾਲਾਤ 'ਚ ਸਰਮਾਏਦਾਰੀ "ਸੰਕਟ" 'ਚ ਘਿਰ ਜਾਵੇਗੀ ਐਨ ਉਸੇ ਤਰ੍ਹਾਂ ਜਿਵੇਂ ਈਸਾਈ ਮੱਤ ਦੇ ਸ਼ਰਧਾਲੂ ਈਸਾ ਦੇ ਮੁੜ ਪ੍ਰਗਟ ਹੋਣ ਦੇ ਸਮੇਂ ਦੇ ਵਿਸਮਾਦ ਦੇ ਕਿਆਫ਼ੇ ਲਾਉਂਦੇ ਰਹਿੰਦੇ ਹਨ। ਅੱਸੀਵਿਆਂ ਦੇ ਸ਼ੁਰੂ 'ਚ, ਇਹ ਕਮਿਊਨਿਸਟ ਖ਼ਿਆਲ ਮੁੜ ਸੁਰਜੀਤ ਹੋ ਗਿਆ। ਇਨ੍ਹਾਂ ਨੇ ਦਲੀਲ ਦਿੱਤੀ ਕਿ ਜਿਵੇਂ ਮੰਡੀ ਦੀ ਤਬਾਹੀ ਨਾਲ ਖੱਬੇਪੱਖੀ ਇਨਕਲਾਬ ਦੀ ਹਾਲਤ ਬਣ ਸਕਦੀ ਹੈ, ਇਸੇ ਤਰ੍ਹਾਂ ਇਨ੍ਹਾਂ ਦੀ ਵਰਤੋਂ ਸੱਜੇਪੱਖੀ ਉਲਟ ਇਨਕਲਾਬ ਸ਼ੁਰੂ ਕਰਨ ਲਈ ਵੀ ਕੀਤੀ ਜਾ ਸਕਦੀ ਹੈ, ਇਹ ਸਿਧਾਂਤ "ਸੰਕਟ ਦੀ ਮਨੌਤ" ਵਜੋਂ ਮਸ਼ਹੂਰ ਹੋਇਆ।[36]

ਸੰਕਟ 'ਚ ਫਰਾਇਡਮੈਨ ਦੀ ਰੁਚੀ ਵੱਡੇ ਮੰਦਵਾੜੇ ਤੋਂ ਬਾਅਦ ਖੱਬਿਆਂ ਦੀਆਂ ਜਿੱਤਾਂ ਤੋਂ ਸਬਕ ਲੈਣ ਦਾ ਪ੍ਰਤੱਖ ਯਤਨ ਸੀ : ਜਦੋਂ ਮੰਡੀ 'ਚ ਤਬਾਹੀ ਮਚ ਗਈ, ਕੀਨਜ਼ ਤੇ ਉਸ ਦੇ ਚੇਲੇ ਜੋ ਪਹਿਲਾਂ ਡੌਰ-ਭੌਰ ਹੋਏ ਰਹਿੰਦੇ ਸਨ, ਉਹ ਆਪਣੇ ਵਿਚਾਰਾਂ, ਆਪਣੇ ਨਵੇਂ ਸਮਝੌਤੇ ਵਾਲੇ ਹੱਲ ਲੈ ਕੇ ਤਿਆਰ ਬਰ-ਤਿਆਰ ਬੈਠੇ ਉਡੀਕ ਰਹੇ ਸਨ। ਸੱਤਰਵਿਆਂ ਅਤੇ ਅੱਸੀਵਿਆਂ ਦੇ ਸ਼ੁਰੂ 'ਚ, ਫਰਾਇਡਮੈਨ ਅਤੇ ਉਸ ਦੀ ਮਦਦ ਕਰਨ ਵਾਲੇ ਕਾਰਪੋਰੇਟਾਂ ਨੇ ਨਿਵੇਕਲੀ ਬੌਧਿਕ ਤਿਆਰੀ ਨਾਲ ਇਸ ਅਮਲ ਦੀ ਗੀਸ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਹੈਗੀਟੇਜ ਅਤੇ ਕੈਟੋ ਅਤੇ

ਸੱਜੇਪੱਖੀ ਨੀਤੀ ਘਾੜਿਆਂ ਦਾ ਨਵਾਂ ਤਾਣਾ-ਬਾਣਾ ਉਸਾਰਨ ਲਈ ਸਖ਼ਤ ਮਿਹਨਤ ਕੀਤੀ ਅਤੇ ਫਰਾਇਡਮੈਨ ਦੇ ਵਿਚਾਰਾਂ ਨੂੰ ਫੈਲਾਉਣ ਦਾ ਸਭ ਤੋਂ ਅਹਿਮ ਸਾਧਨ, ਆਜ਼ਾਦ ਚੋਣ, ਪੈਦਾ ਕਰ ਲਿਆ ਜੋ ਪੀ ਬੀ ਐੱਸ• ਦੀ ਦਸ ਕਾਂਡਾਂ 'ਚ ਲਿਖੀ ਲੜੀਵਾਰ ਲਿਖਤ ਸੀ। ਇਸ ਵਿਚ ਜਿਨ੍ਹਾਂ ਨੇ ਗੁਪਤ ਯੋਗਦਾਨ ਪਾਇਆ ਉਨ੍ਹਾਂ ਵਿਚ ਦੁਨੀਆਂ ਦੀਆਂ ਕੁਝ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਸ਼ਾਮਲ ਸਨ ਜਿਵੇਂ ਗੇਟੀ ਆਇਲ, ਫਾਇਰਸਟੋਨ ਟਾਇਰ ਐਂਡ ਰਬੜ ਕੰਪਨੀ, ਪੈਪਸੀਕੋ, ਜਨਰਲ ਮੋਟਰਜ਼, ਬੈੱਚਟੈੱਲ ਅਤੇ ਜਨਰਲ ਮਿਲਜ਼।[37] ਫਰਾਇਡਮੈਨ ਨੇ ਪੱਕਾ ਇਰਾਦਾ ਬਣਾ ਰੱਖਿਆ ਸੀ ਕਿ ਹੁਣ ਅਗਲਾ ਸੰਕਟ ਆਉਣ ਸਮੇਂ ਉਸ ਦੇ ਸ਼ਿਕਾਗੋ ਵਾਲੇ ਮੁੰਡੇ ਹੀ ਹੱਲ ਪੇਸ਼ ਕਰਨਗੇ।

ਜਦੋਂ ਅੱਸੀਵਿਆਂ ਦੇ ਸ਼ੁਰੂ 'ਚ ਫਰਾਇਡਮੈਨ ਨੇ ਪਹਿਲੀ ਵਾਰ ਸੰਕਟ ਦਾ ਸਿਧਾਂਤ ਬੱਝਵੇਂ ਰੂਪ 'ਚ ਪੇਸ਼ ਕੀਤਾ ਓਦੋਂ ਅਮਰੀਕਾ ਮੰਦਵਾੜੇ ਦੀ ਲਪੇਟ 'ਚ ਸੀ—ਇਸ ਨੂੰ ਸਿੱਕੇ ਦੇ ਫੈਲਾਅ ਦੀ ਉੱਚੀ ਦਰ ਅਤੇ ਬੇਰੁਜ਼ਗਾਰੀ ਦੀ ਦੂਹਰੀ ਬਲਾ ਚਿੰਬੜੀ ਹੋਈ ਸੀ। ਅਤੇ ਵਾਸ਼ਿੰਗਟਨ 'ਚ ਸ਼ਿਕਾਗੋ ਸਕੂਲ ਦੀਆਂ ਨੀਤੀਆਂ ਦੀ ਪੂਰੀ ਚੜ੍ਹਤ ਸੀ, ਜੋ ਹੁਣ ਰੀਗਨਵਾਦੀ ਅਰਥਸ਼ਾਸਤਰ ਵਜੋਂ ਜਾਣੀਆਂ ਜਾਂਦੀਆਂ ਸਨ। ਪਰ ਜਿਸ ਹੂੰਝਾ-ਫੇਰੂ ਸਦਮਾ ਇਲਾਜ ਦੇ ਸੁਪਨੇ ਫਰਾਇਡਮੈਨ ਲੈ ਰਿਹਾ ਸੀ, ਜਿਸ ਤਰ੍ਹਾਂ ਦਾ ਮਸ਼ਵਰਾ ਉਸ ਨੇ ਚਿੱਲੀ 'ਚ ਦਿੱਤਾ ਸੀ ਇਸ ਨੂੰ ਲਾਗੂ ਕਰਨ ਦੀ ਰੀਗਨ ਦੀ ਵੀ ਹਿੰਮਤ ਨਹੀ ਸੀ ਪਈ।

ਇਕ ਵਾਰ ਫੇਰ ਕੋਈ ਲਾਤੀਨੀ ਅਮਰੀਕੀ ਦੇਸ਼ ਹੀ ਫਰਾਇਡਮੈਨ ਦੇ ਸੰਕਟ ਸਿਧਾਂਤ ਦੀ ਪ੍ਰਯੋਗਸ਼ਾਲਾ ਬਣਨਾ ਸੀ। ਇਸ ਵਾਰ ਇਸ ਦੀ ਅਗਵਾਈ ਕੋਈ ਸ਼ਿਕਾਗੋ ਵਾਲਾ ਮੁੰਡਾ ਨਹੀਂ ਸਗੋਂ ਨਵੀਂ ਨਸਲ ਦੇ ਸਦਮਾ ਡਾਕਟਰ ਕਰਨਗੇ, ਜੋ ਨਵੇਂ ਜਮਹੂਰੀ ਦੌਰ ਨੂੰ ਵੱਧ ਰਾਸ ਆਉਂਦੇ ਹਨ।

ਕਾਂਡ ਸਤਵਾਂ

ਨਵੇਂ ਡਾਕਟਰ ਵੱਲੋਂ ਦਿੱਤਾ ਸਦਮਾ

ਤਾਨਾਸ਼ਾਹੀ ਦੀ ਥਾਂ ਆਰਥਕ ਜੰਗ ਨੇ ਲੈ ਗਈ

ਬੋਲੀਵੀਆ ਦੀ ਹਾਲਤ ਦੀ ਢੁੱਕਵੀਂ ਤੁਲਨਾ ਕੈਂਸਰ ਦੇ ਮਰੀਜ਼ ਨਾਲ ਕੀਤੀ ਜਾ ਸਕਦੀ ਹੈ। ਮਰੀਜ਼ ਨੂੰ ਪਤਾ ਹੁੰਦਾ ਹੈ ਕਿ ਉਸ ਨੂੰ ਸਿਰੇ ਦੇ ਘਾਤਕ ਅਤੇ ਦਰਦਨਾਕ ਓਪਰੇਸ਼ਨ ਦਾ ਸਾਹਮਣਾ ਕਰਨਾ ਪਵੇਗਾ। ਬਿਨਾਸ਼ੱਕ ਮੁਦਰਾ ਦੀ ਸਥਿਰਤਾ ਦਾ ਅਮਲ ਅਤੇ ਬਹੁਤ ਸਾਰੇ ਹੋਰ ਕਦਮ ਇਸੇ ਤਰ੍ਹਾਂ ਦੇ ਹੋਣਗੇ। ਪਰ ਉਸ ਮੂਹਰੇ ਹੋਰ ਕੋਈ ਚਾਰਾ ਵੀ ਨਹੀਂ ਹੈ।
—ਕਾਰਨਿਲੀਅਸ ਜ਼ੋਂਡੈਗ, ਬੋਲੀਵੀਆ ਦਾ ਅਮਰੀਕੀ ਆਰਥਕ ਸਲਾਹਕਾਰ, 1956[1]

ਸਿਆਸੀ ਸੰਵਾਦ 'ਚ ਕੈਂਸਰ ਦੇ ਪ੍ਰਤੀਕ ਦੀ ਵਰਤੋਂ ਖ਼ਤਰਨਾਕ ਹਸ਼ਰ ਦੀ ਸੋਚ ਨੂੰ ਉਤਸ਼ਾਹਤ ਕਰਦੀ ਹੈ ਅਤੇ "ਤਿੱਖੇ" ਕਦਮਾਂ ਨੂੰ ਜਾਇਜ਼ ਠਹਿਰਾਉਂਦੀ ਹੈ—ਨਾਲ ਹੀ ਇਹ ਇਸ ਵਿਚਾਰ ਨੂੰ ਵੀ ਵਿਆਪਕ ਪੱਧਰ 'ਤੇ ਮਜ਼ਬੂਤੀ ਨਾਲ ਥੋਪਦੀ ਹੈ ਕਿ ਬੀਮਾਰੀ ਲਾਜ਼ਮੀ ਹੀ ਘਾਤਕ ਹੈ।

• ਅਮਰੀਕਾ ਦੀ ਪਬਲਿਕ ਬਰਾਡਕਾਸਟਿੰਗ ਸਰਵਿਸ, ਇਹ 354 ਟੀ ਵੀ ਸਟੇਸ਼ਨ ਮੈਂਬਰਾਂ ਦੀ ਸਮੂਹਿਕ ਮਾਲਕੀ ਵਾਲੀ ਸਰਵਿਸ ਹੈ। ਇਸ ਦਾ ਸਦਰ ਮੁਕਾਮ ਅਰਲਿੰਗਟਨ (ਵਰਜੀਨੀਆ) ਵਿਚ ਹੈ—ਅਨੁਵਾਦਕ

ਬੀਮਾਰੀ ਕਦੇ ਵੀ ਭੋਲੀ-ਭਾਲੀ ਤਸੱਵਰ ਨਹੀਂ ਕੀਤੀ ਜਾਂਦੀ। ਅਸਲ ਵਿਚ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਕੈਂਸਰ ਵਰਗੇ ਅਲੰਕਾਰਾਂ ਦੀ ਵਰਤੋਂ 'ਚ ਖ਼ੁਦ ਹੀ ਨਸਲਕੁਸ਼ੀ ਛੁਪੀ ਹੋਈ ਹੈ।

—ਸੁਸਾਨ ਸੋਤਾਂਗ, *ਬੀਮਾਰੀ ਦਾ ਆਲੰਕਾਰ*, 1977[2]

1985 'ਚ ਬੋਲੀਵੀਆ ਉਸ ਜਮਹੂਰੀ ਲਹਿਰ ਦੀ ਉਠਾਣ ਦਾ ਹਿੱਸਾ ਸੀ ਜਿਸ ਦਾ ਵਿਕਾਸਸ਼ੀਲ ਦੁਨੀਆਂ 'ਚ ਬੋਲਬਾਲਾ ਸੀ। ਇਸ ਤੋਂ ਪਹਿਲਾਂ ਦੇ ਇੱਕੀ ਸਾਲਾਂ ਵਿਚੋਂ ਅਠਾਰਾਂ ਸਾਲ ਬੋਲੀਵੀਆ ਵਾਸੀ ਕਿਸੇ ਨਾ ਕਿਸ ਰੂਪ 'ਚ ਤਾਨਾਸ਼ਾਹੀ ਅਧੀਨ ਰਹੇ ਸਨ। ਹੁਣ ਉਨ੍ਹਾਂ ਨੂੰ ਕੌਮੀ ਚੋਣਾਂ 'ਚ ਰਾਸ਼ਟਰਪਤੀ ਚੁਣਨ ਦਾ ਮੌਕਾ ਮਿਲਿਆ ਸੀ।

ਫੇਰ ਵੀ ਲੱਗਦਾ ਇਹ ਸੀ ਕਿ ਇਸ ਖ਼ਾਸ ਮੌਕਾ-ਮੇਲ ਉੱਪਰ, ਬੋਲੀਵੀਆ ਦੀ ਆਰਥਿਕਤਾ ਨੂੰ ਆਪਣੇ ਕੰਟਰੋਲ 'ਚ ਲੈਣਾ ਸਜ਼ਾ ਵੱਧ ਸੀ ਅਤੇ ਪ੍ਰਾਪਤੀ ਘੱਟ। ਇਸ ਦੇ ਸਿਰ ਕਰਜਾ ਐਨਾ ਜ਼ਿਆਦਾ ਸੀ ਕਿ ਕਰਜੇ ਦਾ ਵਿਆਜ ਇਸ ਦੇ ਕੁਲ ਕੌਮੀ ਬਜਟ ਤੋਂ ਵੱਧ ਸੀ। ਇਕ ਸਾਲ ਪਹਿਲਾਂ 1984 'ਚ, ਰੋਨਾਲਡ ਰੀਗਨ ਸਰਕਾਰ ਨੇ ਇੱਥੋਂ ਦੇ ਕੋਕਾ ਦੀ ਖੇਤੀ ਕਰਨ ਵਾਲੇ ਕਿਸਾਨਾਂ ਉੱਪਰ ਬੇਮਿਸਾਲ ਹਮਲਾ ਕਰਨ ਲਈ ਧਨ ਦੇ ਕੇ ਦੇਸ਼ ਦੇ ਹਾਲਾਤ ਨਾਜ਼ੁਕ ਬਣਾ ਦਿੱਤੇ ਸਨ। ਇਹ ਕਿਸਾਨ ਕੋਕਾ ਦੀ ਫ਼ਸਲ ਬੀਜਦੇ ਸਨ ਜਿਸ ਤੋਂ ਕੋਕੇਨ ਬਣਾਈ ਜਾ ਸਕਦੀ ਹੈ। ਨਾਕਾਬੰਦੀ ਨਾਲ ਬੋਲੀਵੀਆ ਦਾ ਵੱਡਾ ਹਿੱਸਾ ਫ਼ੌਜੀ ਖੇਤਰ ਬਣ ਗਿਆ, ਇਸ ਨਾਲ ਕੋਕਾ ਦਾ ਵਪਾਰ ਹੀ ਬੰਦ ਨਹੀਂ ਹੋਇਆ ਸਗੋਂ ਦੇਸ਼ ਦੀਆਂ ਬਰਾਮਦਾਂ ਤੋਂ ਹੋਣ ਵਾਲੀ ਅੱਧੀ ਆਮਦਨੀ ਦਾ ਵਸੀਲਾ ਵੀ ਬੰਦ ਕਰ ਦਿੱਤਾ ਗਿਆ। ਇਸ ਨਾਲ ਆਰਥਿਕਤਾ ਬੇਕਦਰੀ ਦਾ ਸ਼ਿਕਾਰ ਹੋ ਗਈ। ਜਿਵੇਂ *ਨਿਊ ਯਾਰਕ ਟਾਈਮਜ਼* ਨੇ ਰਿਪੋਰਟ ਛਾਪੀ, "ਜਦੋਂ ਅਗਸਤ ਮਹੀਨੇ ਫ਼ੌਜ ਨੇ ਚੈਪੇਰ 'ਚ ਮਾਰਚ ਕੀਤਾ ਅਤੇ ਨਸ਼ੀਲੇ ਪਦਾਰਥਾਂ ਤੋਂ ਹੋਣ ਵਾਲੀ ਡਾਲਰਾਂ ਦੀ ਕਮਾਈ ਦਾ ਰਾਹ ਬੰਦ ਕਰ ਦਿੱਤਾ ਤਾਂ ਇਸ ਸੱਟ ਨਾਲ ਡਾਲਰਾਂ ਦੀ ਬਲੈਕ ਮੰਡੀ ਇਕਦਮ ਫੈਲ ਗਈ। ਚੈਪੇਰ 'ਤੇ ਫ਼ੌਜੀ ਕਬਜ਼ੇ ਤੋਂ ਇਕ ਹਫ਼ਤਾ ਬਾਅਦ ਹੀ ਸਰਕਾਰ ਸਥਾਨਕ ਮੁਦਰਾ ਪੈਸੋ ਦੀ ਕਦਰ ਘਟਾਕੇ ਅੱਧੀ ਕਰ ਦੇਣ ਲਈ ਮਜਬੂਰ ਹੋ ਗਈ ਸੀ।" ਕੁਝ ਮਹੀਨੇ ਬਾਅਦ ਸਿੱਕੇ ਦਾ ਫੈਲਾਅ ਦਸ ਗੁਣਾ ਹੋ ਗਿਆ ਸੀ ਅਤੇ ਹਜ਼ਾਰਾਂ ਲੋਕ ਦੇਸ਼ ਨੂੰ ਅਲਵਿਦਾ ਕਹਿ ਕੇ ਰੁਜ਼ਗਾਰ ਦੀ ਭਾਲ 'ਚ ਅਰਜਨਟਾਈਨਾ, ਬਰਾਜ਼ੀਲ, ਸਪੇਨ ਅਤੇ ਅਮਰੀਕਾ ਜਾਣੇ ਸ਼ੁਰੂ ਹੋ ਗਏ ਸਨ।[3]

ਉਨ੍ਹਾਂ ਅਸਥਿਰ ਹਾਲਤਾਂ 'ਚ, ਜਦੋਂ ਸਿੱਕੇ ਦਾ ਫੈਲਾਅ 14000 ਫ਼ੀ ਸਦੀ ਹੋ ਗਿਆ ਸੀ, ਬੋਲੀਵੀਆ ਦੀਆਂ 1985 ਦੀਆਂ ਇਤਿਹਾਸਕ ਕੌਮੀ ਚੋਣਾਂ ਆ ਗਈਆਂ। ਇਨ੍ਹਾਂ ਚੋਣਾਂ ਵਿਚ ਦੋ ਪ੍ਰਸਿੱਧ ਹਸਤੀਆਂ, ਸਾਬਕਾ ਤਾਨਾਸ਼ਾਹ ਹਿਓਗੋ ਬੈਂਜ਼ਰ ਅਤੇ ਸਾਬਕਾ ਚੁਣੇ ਹੋਏ ਰਾਸ਼ਟਰਪਤੀ ਵਿਕਟਰ ਪਾਜ਼ ਏਸਤਿਨਸੋਰੋ ਦਰਮਿਆਨ ਮੁਕਾਬਲਾ ਸੀ। ਵੋਟਾਂ ਦਾ ਫ਼ਰਕ ਮਾਮੂਲੀ ਹੀ ਸੀ, ਅਤੇ ਆਖ਼ਰੀ ਫ਼ੈਸਲਾ ਬੋਲੀਵੀਆ ਦੀ ਸੰਸਦ 'ਤੇ ਛੱਡ ਦਿੱਤਾ ਜਾਣਾ ਸੀ ਪਰ ਬੈਂਜ਼ਰ ਦੀ ਟੀਮ ਨੂੰ ਜਿੱਤ ਦਾ ਭਰੋਸਾ ਸੀ। ਨਤੀਜੇ ਦਾ ਐਲਾਨ ਹੋਣ ਤੋਂ ਪਹਿਲਾਂ ਹੀ, ਇਸ ਪਾਰਟੀ ਨੇ ਸਿੱਕੇ ਦੇ ਫੈਲਾਅ ਨੂੰ ਰੋਕਣ ਦੀ ਆਰਥਕ ਵਿਉਂਤਬੰਦੀ ਕਰਨ ਲਈ ਜੈਫਰੀ ਸੈਚਸ ਨਾਂ ਦੇ ਅਠੱਤੀ ਸਾਲਾ ਅਰਥਸ਼ਾਸਤਰੀ ਦੀ ਮਦਦ ਲਈ, ਜੋ ਬਹੁਤਾ ਪ੍ਰਸਿੱਧ ਨਹੀਂ ਸੀ। ਪਰ ਸੈਚਸ ਹਾਵਰਡ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਉੱਭਰ ਰਿਹਾ ਸਿਤਾਰਾ ਸੀ। ਉਸ ਨੂੰ ਅਕਾਦਮਿਕ ਇਨਾਮ ਮਿਲ ਰਹੇ ਸਨ ਅਤੇ ਉਹ ਯੂਨੀਵਰਸਿਟੀ ਦੇ ਸਭ ਤੋਂ ਛੋਟੀ ਉਮਰ ਦੇ ਪ੍ਰੋਫੈਸਰਾਂ ਵਿਚੋਂ ਇਕ ਸੀ। ਕੁਝ ਮਹੀਨੇ

ਪਹਿਲਾਂ ਬੋਲੀਵੀਆ ਦੇ ਸਿਆਸਤਦਾਨਾਂ ਦਾ ਇਕ ਵਫਦ ਜਦੋਂ ਹਾਵਰਡ ਦੇ ਦੌਰੇ 'ਤੇ ਗਿਆ ਸੀ ਤਾਂ ਉਨ੍ਹਾਂ ਨੇ ਸੈਚਸ ਨੂੰ ਕੰਮ ਕਰਦੇ ਦੇਖਿਆ ਸੀ। ਉਹ ਉਸ ਦੀ ਦਲੇਰੀ ਤੋਂ ਪ੍ਰਭਾਵਤ ਹੋਏ ਸਨ— ਸੈਚਸ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਇਕ ਦਿਨ 'ਚ ਹੀ ਸਿੱਕੇ ਦੇ ਫੈਲਾਅ ਦੇ ਸੰਕਟ ਦਾ ਮੁਹਾਣ ਮੋੜ ਦੇਵੇਗਾ। ਸੈਚਸ ਦਾ ਵਿਕਾਸ ਦੇ ਅਰਥਸ਼ਾਸਤਰ ਬਾਰੇ ਕੋਈ ਤਜਰਬਾ ਨਹੀਂ ਸੀ ਪਰ ਉਸ ਨੇ ਆਪ ਹੀ ਮੰਨਿਆ, "ਮੈਂ ਸੋਚ ਲਿਆ ਕਿ ਮੈਂ ਸਿੱਕੇ ਦੇ ਫੈਲਾਅ ਬਾਰੇ ਉਸ ਸਭ ਕਾਸੇ ਦਾ ਗਿਆਤਾ ਹਾਂ ਜੋ ਜਾਨਣਾ ਜ਼ਰੂਰੀ ਹੁੰਦਾ ਹੈ।"[4]

ਸੈਚਸ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਅਤੇ ਪਹਿਲੀ ਸੰਸਾਰ ਜੰਗ ਤੋਂ ਬਾਅਦ ਜਰਮਨੀ 'ਚ ਫਾਸ਼ੀਵਾਦ ਦੇ ਪਸਾਰੇ ਦੇ ਦੁਵੱਲੇ ਰਿਸ਼ਤੇ ਬਾਰੇ ਕੀਨਜ਼ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਤ ਸੀ। ਜਰਮਨੀ ਉੱਪਰ ਥੋਪੇ ਅਮਨ ਸਮਝੌਤੇ ਨੇ ਦੇਸ਼ ਨੂੰ ਭਾਰੀ ਆਰਥਕ ਸੰਕਟ 'ਚ ਸੁੱਟ ਦਿੱਤਾ ਸੀ। ਇਸ ਸੰਕਟ ਸਮੇਂ 1923 'ਚ ਸਿੱਕੇ ਦੇ ਫੈਲਾਅ ਦੀ ਦਰ ਦਾ 32.5 ਲੱਖ ਫ਼ੀ ਸਦੀ ਤੱਕ ਪਹੁੰਚ ਜਾਣਾ ਵੀ ਸ਼ਾਮਲ ਸੀ। ਕੁਝ ਸਾਲ ਬਾਅਦ ਆਏ ਮਹਾਂ ਮੰਦਵਾੜੇ ਨੇ ਇਸ ਨੂੰ ਹੋਰ ਵਧਾ ਦਿੱਤਾ ਸੀ। ਬੇਰੁਜ਼ਗਾਰੀ ਦੀ ਦਰ 30 ਫ਼ੀ ਸਦੀ ਹੋਣ ਕਰਕੇ ਅਤੇ ਜੋ ਕੁਝ ਆਲਮੀ ਸਾਜ਼ਿਸ਼ ਜਾਪਦਾ ਸੀ ਉਸ ਵਿਰੁੱਧ ਆਮ ਰੋਹ ਹੋਣ ਕਾਰਨ, ਇਹ ਦੇਸ਼ ਨਾਜ਼ੀਵਾਦ ਲਈ ਜ਼ਰਖੇਜ਼ ਭੋਂਇ ਸੀ।

ਸੈਚਸ ਨੂੰ ਕੀਨਜ਼ ਦੀ ਇਸ ਚੇਤਾਵਨੀ ਦਾ ਹਵਾਲਾ ਦੇਣਾ ਪਸੰਦ ਸੀ ਕਿ "ਮੁਦਰਾ ਨੂੰ ਆਵਾਰਾ ਬਣਾ ਦੇਣ ਤੋਂ ਬਿਨਾਂ, ਸਮਾਜ ਦੇ ਮੌਜੂਦਾ ਅਧਾਰ ਨੂੰ ਬਦਲਣ ਦਾ ਕੋਈ ਵਧੇਰੇ ਗੂੜ੍ਹ, ਵਧੇਰੇ ਪੱਕਾ ਤਰੀਕਾ ਨਹੀਂ ਹੈ। ਇਸ ਅਮਲ 'ਚ ਆਰਥਕ ਨੇਮਾਂ ਦੀਆਂ ਸਭ ਲੁਕੀਆਂ ਹੋਈਆਂ ਤਾਕਤਾਂ ਤਬਾਹੀ ਮਚਾਉਣ ਲੱਗ ਪੈਂਦੀਆਂ ਹਨ।"[5] ਉਸ ਦਾ ਇਹ ਵਿਚਾਰ ਕੀਨਜ਼ ਨਾਲ ਮਿਲਦਾ-ਜੁਲਦਾ ਸੀ ਕਿ ਤਬਾਹੀ ਦੀਆਂ ਇਨ੍ਹਾਂ ਤਾਕਤਾਂ ਨੂੰ ਹਰ ਕੀਮਤ 'ਤੇ ਕੁਚਲਣਾ ਅਰਥਸ਼ਾਸਤਰੀਆਂ ਦਾ ਪਵਿੱਤਰ ਫਰਜ਼ ਹੈ। ਸੈਚਸ ਕਹਿੰਦਾ ਹੈ, "ਕੀਨਜ਼ ਤੋਂ ਮੈਂ ਇਹ ਸਿੱਖਿਆ ਕਿ ਘੋਰ ਉਦਾਸੀ ਅਤੇ ਜ਼ੋਖ਼ਮ ਦੀ ਇਸ ਭਾਵਨਾ ਨਾਲ ਚੀਜ਼ਾਂ ਪੂਰੀ ਤਰ੍ਹਾਂ ਗ਼ਲਤ ਪਾਸੇ ਜਾ ਸਕਦੀਆਂ ਹਨ। ਸਾਡਾ ਜਰਮਨੀ ਨੂੰ ਇਸ ਦੁਰਦਸ਼ਾ 'ਚ ਸੁੱਟ ਦੇਣਾ ਐਸੀ ਬੇਵਕੂਫ਼ੀ ਸੀ ਜਿਸ 'ਤੇ ਇਤਬਾਰ ਹੀ ਨਹੀਂ ਆਉਂਦਾ।"[6] ਸੈਚਸ ਨੇ ਪੱਤਰਕਾਰਾਂ ਨੂੰ ਇਹ ਵੀ ਦੱਸਿਆ ਕਿ ਉਹ ਸਮਝਦਾ ਹੈ ਕਿ ਕੀਨਜ਼ ਦੀ ਤਰਜ਼ੇ ਜ਼ਿੰਦਗੀ ਸਿਆਸੀ ਤੌਰ 'ਤੇ ਮਸਰੂਫ਼ ਸੀ ਅਤੇ ਉਸ ਨੂੰ ਉਹ ਆਪਣੇ ਜੀਵਨ ਪੰਧ ਲਈ ਦੁਨੀਆਂ ਭਰ 'ਚ ਗੇੜੇ ਲਾਉਣ ਵਾਲਾ ਨਮੂਨੇ ਦਾ ਅਰਥਾਸ਼ਾਸਤਰੀ ਮੰਨਦਾ ਸੀ।

ਭਾਵੇਂ ਸੈਚਸ ਗਰੀਬੀ ਖ਼ਿਲਾਫ਼ ਲੜਾਈ ਦੇਣ ਸਬੰਧੀ ਅਰਥਸ਼ਾਸਤਰ ਦੀ ਤਾਕਤ 'ਚ ਕੀਨਜ਼ ਦੇ ਭਰੋਸੇ ਦਾ ਧਾਰਨੀ ਸੀ, ਪਰ ਉਹ ਗੀਗਨ ਦੇ ਅਮਰੀਕਾ ਦੀ ਵੀ ਉਪਜ ਸੀ ਜੋ 1985 'ਚ ਉਸ ਸਭ ਕਾਸੇ ਵਿਰੁੱਧ ਫਰਾਇਡਮੈਨ ਦੇ ਸਿਧਾਂਤ ਤੋਂ ਪ੍ਰੇਰਤ ਖ਼ੁੰਦਕ ਭਰੇ ਪ੍ਰਤੀਕਰਮ ਵਿਚੋਂ ਲੰਘ ਰਿਹਾ ਸੀ ਜਿਨ੍ਹਾਂ ਦੀ ਨੁਮਾਇੰਦਗੀ ਕੀਨਜ਼ ਕਰਦਾ ਸੀ। ਖੁੱਲ੍ਹੀ ਮੰਡੀ ਦੇ ਉੱਤਮ ਹੋਣ ਬਾਰੇ ਸ਼ਿਕਾਗੋ ਸਕੂਲ ਦੀਆਂ ਨਸੀਹਤਾਂ ਹਾਵਰਡ ਸਮੇਤ ਇਵੀ ਲੀਗ ਦੇ ਅਰਥਸ਼ਾਸਤਰ ਵਿਭਾਗਾਂ ਦੇ ਅੰਦਰ ਕਿੰਤੂ-ਰਹਿਤ ਕੱਟੜ ਮੱਤ ਬਣ ਚੁੱਕੀਆਂ ਸਨ ਅਤੇ ਸੈਚਸ ਵੀ ਇਨ੍ਹਾਂ ਤੋਂ ਅਣਭਿੱਜ ਨਹੀਂ ਸੀ। ਉਹ "ਫਰਾਇਡਮੈਨ ਦੇ ਮੰਡੀਆਂ 'ਚ ਭਰੋਸੇ, ਉਸ ਵਲੋਂ ਸਹੀ ਮੁਦਰਾ ਪ੍ਰਬੰਧ ਉੱਪਰ ਲਗਾਤਾਰ ਜ਼ੋਰ ਦਿੱਤੇ ਜਾਣ" ਦਾ ਪ੍ਰਸ਼ੰਸਕ ਸੀ। ਉਸ ਦਾ ਕਹਿਣਾ ਸੀ ਫਰਾਇਡਮੈਨ ਦੇ ਇਹ ਗੁਰ "ਉਨ੍ਹਾਂ ਅਸਪਸ਼ਟ ਢਾਂਚਾਵਾਦੀ ਜਾਂ ਬਨਾਉਟੀ ਕੀਨਜ਼ਵਾਦੀ ਦਲੀਲਾਂ ਨਾਲੋਂ ਕਿਤੇ ਵੱਧ ਸਹੀ ਸਨ ਜੋ ਵਿਕਾਸਸ਼ੀਲ ਦੁਨੀਆਂ 'ਚ ਅਕਸਰ ਹੀ ਸੁਣਨ ਨੂੰ ਮਿਲਦੀਆਂ ਹਨ।"[7]

ਇਹ "ਅਸਪਸ਼ਟ" ਦਲੀਲਾਂ ਉਹੀ ਹਨ ਜਿਨ੍ਹਾਂ ਨੂੰ ਇਕ ਦਹਾਕਾ ਪਹਿਲਾਂ ਲਾਤੀਨੀ

ਅਮਰੀਕਾ ’ਚ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ ਸੀ। ਭਾਵ ਇਹ ਧਾਰਨਾ ਕਿ ਮਹਾਂਦੀਪ ਨੂੰ ਗਰੀਬੀ ਤੋਂ ਬਚਣ ਲਈ ਮਾਲਕੀ ਦੇ ਬਸਤੀਵਾਦੀ ਢਾਂਚਿਆਂ ਨੂੰ ਲਾਜ਼ਮੀ ਤੋੜਨਾ ਪਵੇਗਾ ਜੋ ਤਦ ਹੀ ਸੰਭਵ ਹੈ ਜੇ ਜ਼ਮੀਨੀ ਸੁਧਾਰ, ਵਪਾਰਕ ਸੁਰੱਖਿਆ ਉਪਾਅ ਅਤੇ ਸਬਸਿਡੀਆਂ, ਕੁਦਰਤੀ ਵਸੀਲਿਆਂ ਦਾ ਕੌਮੀਕਰਨ ਅਤੇ ਰੁਜ਼ਗਾਰ ਦੇ ਵਸੀਲਿਆਂ ਦਾ ਸਾਂਝਾ ਸੰਚਾਲਨ ਕਰਨ ਵਰਗੀਆਂ ਸਰਕਾਰੀ ਦਖ਼ਲਅੰਦਾਜ਼ੀ ਦੀਆਂ ਨੀਤੀਆਂ ਅਪਣਾਈਆਂ ਜਾਂਦੀਆਂ ਹਨ। ਅਜਿਹੀ ਢਾਂਚਾਗਤ ਰੱਦੋਬਦਲ ਲਈ ਸੈਚਸ ਕੋਲ ਸਮਾਂ ਨਹੀਂ ਸੀ। ਇਸ ਲਈ ਭਾਵੇਂ ਬੋਲੀਵੀਆ ਅਤੇ ਇਸ ਦੇ ਬਸਤੀਵਾਦੀ ਲੁੱਟ ਦੇ ਲੰਮੇ ਇਤਿਹਾਸ ਬਾਰੇ ਉਸ ਨੂੰ ਇਥੋਂ ਦੇ ਮੂਲਵਾਸੀਆਂ ਦੇ ਦਮਨ ਅਤੇ 1952 ਦੇ ਇਨਕਲਾਬ ਦੀਆਂ ਘਾਲਣਾਵਾਂ ਦਾ ਭੋਰਾ ਇਲਮ ਨਹੀਂ ਸੀ, ਉਸ ਨੂੰ ਇਹ ਜਚਿਆ ਹੋਇਆ ਸੀ ਕਿ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਤੋਂ ਇਲਾਵਾ ਬੋਲੀਵੀਆ ‘‘ਸਮਾਜਵਾਦੀ ਰੋਮਾਂਸਵਾਦ’’ ਦਾ ਵੀ ਸ਼ਿਕਾਰ ਹੈ। ਇਹ ਵਿਕਾਸਵਾਦ ਦਾ ਉਹੀ ਭਰਮ ਸੀ ਜਿਸ ਨੂੰ ਅਮਰੀਕਾ ਦੇ ਪੜ੍ਹੇ ਅਰਥਸ਼ਾਸਤਰੀਆਂ ਦੀ ਪਿਛਲੀ ਪੀੜ੍ਹੀ ਨੇ ਦੱਖਣੀ ਤਿਕੋਨ ਦੇ ਦੇਸ਼ਾਂ ਵਿਚੋਂ ਨੇਸਤੋਨਾਬੂਦ ਕਰਨ ਲਈ ਟਿੱਲ ਲਾਇਆ ਹੋਇਆ ਸੀ।[8]

ਇੱਥੇ ਆ ਕੇ ਸੈਚਸ ਅਤੇ ਸ਼ਿਕਾਗੋ ਸਕੂਲ ਦੇ ਕੱਟੜ ਮੱਤ ਦੇ ਰਾਹ ਵੱਖੋ-ਵੱਖਰੇ ਹੋ ਜਾਂਦੇ ਸਨ ਕਿਉਂਕਿ ਉਸ ਦਾ ਵਿਸ਼ਵਾਸ ਸੀ ਕਿ ਦਰਿਆਦਿਲ ਹੋ ਕੇ ਕਰਜੇ ਤੋਂ ਰਾਹਤ ਦੇ ਕੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਦੀ ਸਹਾਇਤਾ ਕਰਨੀ ਜ਼ਰੂਰੀ ਹੈ—ਹਾਵਰਡ ਦੇ ਇਸ ਨੌਜਵਾਨ ਅਰਥਸ਼ਾਸਤਰੀ ਲਈ ਮੰਡੀ ਦਾ ਅਦਿੱਖ ਹੱਥ ਕਾਫ਼ੀ ਨਹੀਂ ਸੀ। ਓੜਕ ਇਸ ਫ਼ਰਕ ਦੇ ਸਿੱਟੇ ਵਜੋਂ ਸੈਚਸ ਅਤੇ ਉਸ ਦੇ ਖੁੱਲ੍ਹੀ ਮੰਡੀ ਦੇ ਵਧੇਰੇ ਸਮਰਪਿਤ ਸੰਗੀਆਂ ਦੇ ਰਾਹ ਵੱਖੋ-ਵੱਖਰੇ ਹੋ ਗਏ ਅਤੇ ਉਸ ਨੇ ਆਪਣੀਆਂ ਕੋਸ਼ਿਸ਼ਾਂ ਸਿਰਫ਼ ਤੇ ਸਿਰਫ਼ ਸਹਾਇਤਾ ਦੇ ਲੇਖੇ ਲਾ ਦਿੱਤੀਆਂ। ਪਰ ਇਹ ਵੱਖੋ-ਵੱਖਰੇ ਰਾਹ ਹਾਲੇ ਸਾਲਾਂ ਬਾਅਦ ਦਾ ਮਾਮਲਾ ਸੀ। ਬੋਲੀਵੀਆ ’ਚ ਸੈਚਸ ਦੀ ਦੋਗਲੀ ਵਿਚਾਰਧਾਰਾ ਨੇ ਕੁਝ ਅਜੀਬ ਵਿਰੋਧਤਾਈਆਂ ਪੈਦਾ ਕਰ ਦਿੱਤੀਆਂ। ਮਿਸਾਲ ਵਜੋਂ, ਜਦੋਂ ਉਸ ਨੇ ਲਾ ਪਾਜ਼ ’ਚ ਜਹਾਜ਼ ਤੋਂ ਉੱਤਰ ਕੇ ਪਹਿਲੀ ਵਾਰ ਐਂਡੀਅਨ ਦੀ ਖੁਲ੍ਹੀ ਫ਼ਿਜ਼ਾ ’ਚ ਸਾਹ ਲਿਆ, ਓਦੋਂ ਉਸ ਨੇ ਆਪਣੇ ਬਾਰੇ ਕਲਪਨਾ ਕੀਤੀ ਕਿ ਉਹ ਅਜੋਕਾ ਕੀਨਜ਼ ਹੈ ਜੋ ਬੋਲੀਵੀਆ ਦੇ ਲੋਕਾਂ ਨੂੰ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨਾਲ ਫੈਲੀ ‘‘ਗੜਬੜ ਅਤੇ ਅਫ਼ਰਾਤਫ਼ਰੀ’’ ਤੋਂ ਬਚਾਉਣ ਲਈ ਆਇਆ ਹੈ।• ਭਾਵੇਂ ਕੀਨਜ਼ਵਾਦ ਦਾ ਮੁੱਖ ਸਿਧਾਂਤ ਇਹ ਹੈ ਕਿ ਘੋਰ ਆਰਥਕ ਮੰਦਵਾੜੇ ਦੀ ਲਪੇਟ ’ਚ ਆਏ ਦੇਸ਼ਾਂ ਨੂੰ ਆਪਣੀ ਆਰਥਿਕਤਾ ਨੂੰ ਹੁਲਾਰਾ ਦੇਣ ਉੱਪਰ ਪੈਸਾ ਖ਼ਰਚਣਾ ਚਾਹੀਦਾ ਹੈ ਪਰ ਸੈਚਸ ਨੇ ਉਲਟੀ ਪਹੁੰਚ ਅਪਣਾਈ। ਉਸ ਨੇ ਸੰਕਟ ਸਮੇਂ ਸਰਕਾਰੀ ਖ਼ਰਚ ’ਚ ਕੰਜੂਸੀ ਵਰਤਣ ਅਤੇ ਕੀਮਤਾਂ ਵਧਾਉਣ ਦੀ ਵਕਾਲਤ ਕੀਤੀ। ਇਹ ਆਰਥਿਕਤਾ ਨੂੰ ਸੁੰਗੇੜਨ ਦਾ ਉਹੀ ਨੁਸਖ਼ਾ ਸੀ ਜਿਸ ਨੂੰ *ਬਿਜ਼ਨੈੱਸ ਵੀਕ* ਨੇ ਚਿੱਲੀ ’ਚ ‘‘ਗਿਣਮਿੱਥ ਕੇ ਪੈਦਾ ਕੀਤੇ ਮੰਦਵਾੜੇ ਦੀ ਡਾ. ਅਜੀਬ ਮੋਹ ਦੀ ਦੁਨੀਆਂ’’ ਕਿਹਾ ਸੀ।[9]

ਸੈਚਸ ਵਲੋਂ ਬੈਂਜ਼ਰ ਨੂੰ ਦਿੱਤੀ ਸਲਾਹ ਸਿੱਧੀ ਸੀ : ਸਿਰਫ਼ ਅਚਾਨਕ ਸਦਮਾ ਇਲਾਜ ਹੀ ਬੋਲੀਵੀਆ ਦੇ ਸਿੱਕੇ ਦੇ ਫੈਲਾਅ ਦੇ ਸੰਕਟ ਦਾ ਇਲਾਜ ਕਰ ਸਕੇਗਾ। ਉਸ ਨੇ ਤਜਵੀਜ਼ ਪੇਸ਼ ਕੀਤੀ ਕਿ ਤੇਲ ਦਾ ਭਾਅ ਦਸ ਗੁਣਾ ਵਧਾ ਦਿਓ, ਕੀਮਤਾਂ ਨੂੰ ਕੰਟਰੋਲ ਮੁਕਤ ਕਰ ਦਿਓ ਅਤੇ

• ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ’ਤੇ ਕਾਬੂ ਪਾ ਕੇ ਜਰਮਨੀ ਨੂੰ ਮੰਦਵਾੜੇ ਤੋਂ ਨਹੀਂ ਬਚਾਇਆ ਜਾ ਸਕਿਆ ਸੀ ਅਤੇ ਫੇਰ ਫਾਸ਼ੀਵਾਦ ਆ ਗਿਆ, ਇਨ੍ਹਾਂ ਮਿਸਾਲਾਂ ਦੀ ਲਗਾਤਾਰ ਵਰਤੋਂ ਕਰਨ ਸਮੇਂ ਸੈਚਸ ਕਦੇ ਵੀ ਇਸ ਵਿਰੋਧ ਨੂੰ ਸੰਬੋਧਤ ਨਹੀਂ ਹੋਇਆ।

ਬਜਟ 'ਚ ਕਟੌਤੀ ਕਰੋ। ਬੋਲੀਵੀਆਈ-ਅਮਰੀਕੀ ਚੈਂਬਰ ਆਫ ਕਾਮਰਸ ਨੂੰ ਸੰਬੋਧਨ ਕਰਦਿਆਂ ਸੈਚਸ ਨੇ ਦੁਬਾਰਾ ਪੇਸ਼ੀਨਗੋਈ ਕੀਤੀ ਕਿ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ 'ਤੇ ਇਕ ਦਿਨ 'ਚ ਹੀ ਕਾਬੂ ਪਾਇਆ ਜਾ ਸਕਦਾ ਹੈ। ਉਹ ਦੱਸਦਾ ਹੈ ਕਿ ਇਹ ਸੁਣ ਕੇ "ਸਰੋਤੇ ਹੈਰਾਨ ਰਹਿ ਗਏ ਅਤੇ ਉਹ ਇਸ ਸੰਭਾਵਨਾ ਨਾਲ ਨਿਹਾਲ ਹੋ ਗਏ।"[16] ਫਰਾਇਡਮੈਨ ਵਾਂਗ ਸੈਚਸ ਨੂੰ ਵੀ ਪੱਕਾ ਭਰੋਸਾ ਸੀ ਕਿ ਅਚਾਨਕ ਨੀਤੀ ਦਾ ਸਦਮਾ ਦੇ ਕੇ "ਆਰਥਿਕਤਾ ਨੂੰ ਬੰਦ ਗਲੀ, ਸਮਾਜਵਾਦ ਦੀ ਬੰਦ ਗਲੀ, ਜਾਂ ਵਿਆਪਕ ਭ੍ਰਿਸ਼ਟਾਚਾਰ ਦੀ ਬੰਦ ਗਲੀ ਜਾਂ ਕੇਂਦਰੀ ਯੋਜਨਾ ਦੀ ਬੰਦ ਗਲੀ ਤੋਂ ਆਮ ਮੰਡੀ ਆਰਥਿਕਤਾ ਵੱਲ ਮੋੜਿਆ ਜਾ ਸਕਦਾ ਹੈ।"[11]

ਜਦੋਂ ਸੈਚਸ ਨੇ ਇਹ ਵਿਸ਼ਵਾਸ ਭਰੇ ਵਾਅਦੇ ਕੀਤੇ, ਬੋਲੀਵੀਆ ਦੀਆਂ ਚੋਣਾਂ ਦੇ ਨਤੀਜੇ ਪ੍ਰਸਾਰਤ ਹੋ ਰਹੇ ਸਨ। ਸਾਬਕਾ ਤਾਨਾਸ਼ਾਹ ਹਿਓਗੋ ਬੈਂਜ਼ਰ ਜੇਤੂ ਹੋਣ ਦਾ ਦਿਖਾਵਾ ਕਰ ਰਿਹਾ ਸੀ, ਪਰ ਦੌੜ 'ਚ ਉਸ ਦੇ ਵਿਰੋਧੀ ਵਿਕਟਰ ਪਾਜ਼ ਏਸਤਿਨੋਸੋਰੋ ਨੇ ਹਾਲੇ ਹੌਂਸਲਾ ਨਹੀਂ ਹਾਰਿਆ ਸੀ। ਚੋਣ ਮੁਹਿੰਮ ਦੌਰਾਨ, ਪਾਜ਼ ਏਸਤਿਨੋਸੋਰੋ ਠੋਸ ਵਿਆਖਿਆ ਕਰਦਾ ਰਿਹਾ ਸੀ ਕਿ ਉਹ ਸਿੱਕੇ ਦੇ ਫੈਲਾਅ ਨਾਲ ਕਿਵੇਂ ਨਜਿੱਠੇਗਾ। ਅਸਲ ਵਿਚ ਉਹ ਪਹਿਲਾਂ ਵੀ ਤਿੰਨ ਵਾਰ ਬੋਲੀਵੀਆ ਦਾ ਰਾਸ਼ਟਰਪਤੀ ਰਹਿ ਚੁੱਕਾ ਸੀ। ਰਾਜ ਪਲਟੇ ਰਾਹੀਂ ਸਰਕਾਰ ਉਲਟਾ ਦਿੱਤੇ ਜਾਣ ਤੋਂ ਪਹਿਲਾਂ ਉਹ 1964 'ਚ ਰਾਸ਼ਟਰਪਤੀ ਰਿਹਾ ਸੀ। ਪਾਜ਼ ਬੋਲੀਵੀਆ ਦੀ ਵਿਕਾਸਵਾਦੀ ਕਾਇਆਕਲਪ, ਟਿਨ ਦੀਆਂ ਵੱਡੀਆਂ ਖਾਣਾਂ ਦੇ ਕੌਮੀਕਰਨ, ਸਥਾਨਕ ਕਿਸਾਨਾਂ ਨੂੰ ਜ਼ਮੀਨ ਦੇਣ ਦੀ ਸ਼ੁਰੂਆਤ ਕਰਨ, ਬੋਲੀਵੀਆ ਦੇ ਵੋਟ ਦੇ ਹੱਕ ਦੀ ਰਾਖੀ ਕਰਨ ਦਾ ਪ੍ਰਤੀਕ ਸੀ। ਅਰਜਨਟਾਈਨਾ ਦੇ ਜੂਆਨ ਪੈਰੋਨ ਵਾਂਗ, ਪਾਜ਼ ਸਿਆਸੀ ਦ੍ਰਿਸ਼ 'ਤੇ ਮੌਜੂਦ ਇਕ ਗੁੰਝਲਦਾਰ, ਸਰਵਵਿਆਪਕ ਹਸਤੀ ਸੀ ਜੋ ਸੱਤਾ 'ਚ ਬਣੇ ਰਹਿਣ ਜਾਂ ਦੁਬਾਰਾ ਸੱਤਾ 'ਚ ਆਉਣ ਲਈ ਫਟਾਫਟ ਵਫ਼ਾਦਾਰੀਆਂ ਬਦਲਦਾ ਰਹਿੰਦਾ ਸੀ। 1985 ਦੀ ਚੋਣ ਮੁਹਿੰਮ ਸਮੇਂ ਪਾਜ਼ ਬੁਢਾਪੇ 'ਚ ਦਾਖ਼ਲ ਸੀ ਅਤੇ ਇਸ ਵਕਤ ਉਸ ਨੇ ਆਪਣੇ "ਕੌਮਪ੍ਰਸਤ ਇਨਕਲਾਬੀ" ਬੀਤੇ ਪ੍ਰਤੀ ਵਫ਼ਾਦਾਰੀ ਦੀ ਸਹੁੰ ਖਾਧੀ ਸੀ ਅਤੇ ਸਰਕਾਰੀ ਖ਼ਜ਼ਾਨੇ ਦੀ ਜ਼ਿੰਮੇਵਾਰੀ ਬਾਰੇ ਗੋਲਮੋਲ ਬਿਆਨ ਦਿੰਦਾ ਰਿਹਾ ਸੀ। ਉਹ ਸਮਾਜਵਾਦੀ ਨਹੀਂ ਸੀ ਪਰ ਉਹ ਸ਼ਿਕਾਗੋ ਸਕੂਲ ਦੇ ਨਵ-ਉਦਾਰਵਾਦ ਦਾ ਧਾਰਨੀ ਵੀ ਨਹੀਂ ਸੀ—ਜਾਂ ਬੋਲੀਵੀਆ ਦੇ ਲੋਕ ਉਸ ਬਾਰੇ ਇੰਞ ਸੋਚਦੇ ਸਨ।[12]

ਕੌਣ ਰਾਸ਼ਟਰਪਤੀ ਬਣੇਗਾ ਇਸ ਦਾ ਆਖ਼ਰੀ ਫ਼ੈਸਲਾ ਕਾਂਗਰਸ 'ਤੇ ਛੱਡਿਆ ਹੋਣ ਕਾਰਨ, ਇਹ ਕਾਂਗਰਸ ਅਤੇ ਸੈਨੇਟ ਦਰਮਿਆਨ ਭਾਰੀ ਜ਼ੋਖ਼ਮ ਵਾਲੇ ਗੁਪਤ ਜੋੜ-ਤੋੜਾਂ ਅਤੇ ਪਾਰਟੀਆਂ ਵਲੋਂ ਇਕ ਦੂਜੇ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਖ਼ਰੀਦਣ ਦਾ ਸਮਾਂ ਸੀ। ਇਕ ਨਵੇਂ ਚੁਣੇ ਗਏ ਸੈਨੇਟਰ ਨੇ ਅਹਿਮ ਭੂਮਿਕਾ ਨਿਭਾ ਕੇ ਇਸ ਦਾ ਅੰਤ ਕਰ ਦਿੱਤਾ : ਇਹ ਸੀ ਗੋਂਜ਼ਾਲੋ ਸਾਂਚੇਜ਼ ਡੀ ਲੋਜ਼ਾਦਾ (ਜੋ ਬੋਲੀਵੀਆ 'ਚ ਗੋਨੀ ਵਜੋਂ ਮਸ਼ਹੂਰ ਹੋਇਆ)। ਉਹ ਲੰਮਾ ਸਮਾਂ ਅਮਰੀਕਾ 'ਚ ਰਿਹਾ ਹੋਣ ਕਰਕੇ ਉਸ ਦਾ ਸਪੇਨੀ ਬੋਲਣ ਦਾ ਅੰਦਾਜ਼ ਬਹੁਤ ਜ਼ਿਆਦਾ ਅਮਰੀਕੀ ਸੀ ਅਤੇ ਜਦੋਂ ਉਹ ਬੋਲੀਵੀਆ ਮੁੜਿਆ ਤਾਂ ਉਸ ਨੇ ਦੇਸ਼ ਦਾ ਇਕ ਸਭ ਤੋਂ ਅਮੀਰ ਕਾਰੋਬਾਰੀ ਬਣ ਕੇ ਉੱਭਰਨਾ ਸੀ। ਉਹ ਦੇਸ਼ ਦੀ ਦੂਜੀ ਸਭ ਤੋਂ ਵੱਡੀ ਨਿੱਜੀ ਖਾਣ *ਕਾਮਸਰ* ਦਾ ਮਾਲਕ ਸੀ, ਛੇਤੀ ਹੀ ਇਸ ਨੇ ਖਾਣਾਂ ਦਾ ਸਭ ਤੋਂ ਵੱਡਾ ਕਾਰੋਬਾਰ ਬਣ ਜਾਣਾ ਸੀ। ਨੌਜਵਾਨ ਗੋਨੀ ਨੇ ਸ਼ਿਕਾਗੋ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਸੀ। ਭਾਵੇਂ ਉਹ ਅਰਥਸ਼ਾਸਤਰੀ ਨਹੀਂ ਸੀ, ਪਰ ਉਹ ਫਰਾਇਡਮੈਨ ਦੇ ਵਿਚਾਰਾਂ ਦਾ ਬਹੁਤ ਜ਼ਿਆਦਾ ਕਾਇਲ ਸੀ। ਉਹ ਜਾਣਦਾ ਸੀ ਕਿ ਬੋਲੀਵੀਆ ਦੀਆਂ ਖਾਣਾਂ 'ਚ ਮੁਨਾਫ਼ੇ ਦੇਣ ਦੀਆਂ ਜ਼ਬਰਦਸਤ ਅਰਥ-ਸੰਭਾਵਨਾਵਾਂ ਹਨ, ਜੋ ਹਾਲੇ

ਜ਼ਿਆਦਾਤਰ ਰਾਜ ਦੇ ਕੰਟਰੋਲ ਹੇਠ ਸਨ। ਜਦੋਂ ਸੈਚਸ ਨੇ ਬੈਂਜ਼ਰ ਦੀ ਟੀਮ ਲਈ ਸਦਮਾ ਯੋਜਨਾਵਾਂ ਬਣਾਈਆਂ ਤਾਂ ਗੋਨੀ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ।

ਇਸ ਗੁਪਤ ਗੱਲਬਾਤ ਦੇ ਵੇਰਵੇ ਕਦੇ ਵੀ ਉਜਾਗਰ ਨਹੀਂ ਕੀਤੇ ਗਏ, ਪਰ ਨਤੀਜੇ ਕਾਫ਼ੀ ਸਪਸ਼ਟ ਹਨ। 6 ਅਗਸਤ 1985 ਨੂੰ ਪਾਜ਼ ਨੇ ਬੋਲੀਵੀਆ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਸਿਰਫ਼ ਚਾਰ ਸਾਲ ਬਾਅਦ, ਪਾਜ਼ ਨੇ ਗੋਨੀ ਨੂੰ ਪੂਰੀ ਤਰ੍ਹਾਂ ਗੁਪਤ ਦੋ-ਧਿਰੀ ਹੰਗਾਮੀ ਆਰਥਕ ਟੀਮ ਦਾ ਮੁਖੀ ਥਾਪ ਦਿੱਤਾ ਜਿਸ ਨੂੰ ਆਰਥਿਕਤਾ ਦੀ ਤਿੱਖੇ ਰੂਪ 'ਚ ਢਾਂਚਾ ਢਲਾਈ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇਸ ਟੋਲੀ ਨੇ ਸੈਚਸ ਦੇ ਸਦਮਾ ਇਲਾਜ ਤੋਂ ਕੰਮ ਸ਼ੁਰੂ ਕੀਤਾ ਪਰ ਇਸ ਨੇ ਉਨ੍ਹਾਂ ਸੁਝਾਵਾਂ ਤੋਂ ਬਹੁਤ ਜ਼ਿਆਦਾ ਅੱਗੇ ਵਧਕੇ ਕੰਮ ਕੀਤਾ ਜੋ ਇਸ ਨੂੰ ਦਿੱਤੇ ਗਏ ਸਨ। ਅਸਲ ਵਿਚ, ਇਸ ਨੇ ਉਸ ਆਰਥਕ ਮਾਡਲ ਦਾ ਪੂਰੀ ਤਰ੍ਹਾਂ ਭੋਗ ਪਾ ਦੇਣ ਦੀ ਤਜਵੀਜ਼ ਪੇਸ਼ ਕੀਤੀ ਜਿਸ ਦਾ ਧੁਰਾ ਰਾਜ ਸੀ ਅਤੇ ਜਿਸ ਨੂੰ ਪਾਜ਼ ਨੇ ਦਹਾਕੇ ਪਹਿਲਾਂ ਖ਼ੁਦ ਉਸਾਰਿਆ ਸੀ। ਇਸ ਵਕਤ ਸੈਚਸ ਵਾਪਸ ਹਾਵਰਡ ਚਲਾ ਗਿਆ ਸੀ, ਪਰ ਉਹ ਕਹਿੰਦਾ ਸੀ ਕਿ ਉਸ ਨੂੰ "ਇਹ ਸੁਣ ਕੇ ਬਹੁਤ ਖੁਸ਼ੀ ਹੋਈ ਸੀ ਕਿ ਏ ਡੀ ਐਨ (ਬੈਂਜ਼ਰ ਦੀ ਪਾਰਟੀ) ਨੇ ਸਾਡੀ ਆਰਥਕ ਯੋਜਨਾ ਦੀ ਕਾਪੀ ਨਵੇਂ ਰਾਸ਼ਟਰਪਤੀ ਅਤੇ ਉਸ ਦੀ ਟੀਮ ਨਾਲ ਸਾਂਝੀ ਕਰ ਲਈ ਸੀ।"[13]

ਪਾਜ਼ ਦੀ ਪਾਰਟੀ ਦੇ ਡੇਰੇ ਕੋਈ ਖ਼ਬਰ ਨਹੀਂ ਸੀ ਕਿ ਇਹ ਗੁਪਤ ਸੌਦਾ ਉਨ੍ਹਾਂ ਦੇ ਆਗੂ ਨੇ ਕੀਤਾ ਸੀ। ਵਿੱਤ ਮੰਤਰੀ ਅਤੇ ਯੋਜਨਾ ਮੰਤਰੀ, ਜੋ ਗੁਪਤ ਜੁੰਡਲੀ ਦਾ ਹਿੱਸਾ ਸਨ, ਨੂੰ ਛੱਡ ਕੇ ਪਾਜ਼ ਨੇ ਹੰਗਾਮੀ ਆਰਥਕ ਟੀਮ ਬਣਾਏ ਜਾਣ ਦਾ ਭੇਤ ਆਪਣੇ ਨਵੇਂ ਚੁਣੇ ਮੰਤਰੀ ਮੰਡਲ ਨੂੰ ਵੀ ਨਹੀਂ ਦਿੱਤਾ।[14]

ਪੂਰੇ ਸਤਾਰਾਂ ਦਿਨ ਗੋਨੀ ਦੇ ਸ਼ਾਹੀ ਮਹਿਲ ਵਰਗੇ ਘਰ ਦੀ ਬੈਠਕ 'ਚ ਹੰਗਾਮੀ ਟੀਮ ਦੀ ਮੀਟਿੰਗ ਚਲਦੀ ਰਹੀ। ਇਸ ਦੇ ਵੇਰਵੇ ਪਹਿਲੀ ਵਾਰ 2005 'ਚ ਸਾਹਮਣੇ ਆਏ ਜਦੋਂ ਯੋਜਨਾ ਮੰਤਰੀ ਗੁਇਲਰਮੋ ਬੈੱਡਰੀਗਲ ਨੇ ਯਾਦ ਸਾਂਝੀ ਕੀਤੀ ਕਿ "ਅਸੀਂ ਉੱਥੇ ਪੂਰੀ ਸਾਵਧਾਨੀ ਨਾਲ ਅਤੇ ਲਗਭਗ ਗੁਪਤ ਤਰੀਕੇ ਨਾਲ ਲੁਕ ਕੇ ਮੀਟਿੰਗ ਕਰਦੇ ਰਹੇ।"•[15] ਉਹ ਇੱਥੇ ਕੌਮੀ ਆਰਥਿਕਤਾ 'ਚ ਜਿਸ ਤਰ੍ਹਾਂ ਦੀ ਤਿੱਖੀ ਰੱਦੋਬਦਲ ਕਰਨ ਬਾਰੇ ਮਨ ਬਣਾ ਰਹੇ ਸਨ ਉਸ ਤਰ੍ਹਾਂ ਦੀ ਰੱਦੋਬਦਲ ਹਾਲੇ ਤੱਕ ਕਿਸੇ ਜਮਹੂਰੀਅਤ 'ਚ ਅਜ਼ਮਾਈ ਨਹੀਂ ਗਈ ਸੀ। ਰਾਸ਼ਟਰਪਤੀ ਪਾਜ਼ ਨੂੰ ਇਹ ਜਚਿਆ ਹੋਇਆ ਸੀ ਕਿ ਇਸ ਨੂੰ ਸਿਰਫ਼ ਵੱਧ ਤੋਂ ਵੱਧ ਤੇਜ਼ੀ ਨਾਲ ਅਤੇ ਅਚਾਨਕ ਕਾਰਵਾਈ ਕਰਕੇ ਹੀ ਸੰਭਵ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਬੋਲੀਵੀਆ ਦੀਆਂ ਬਦਨਾਮ ਖਾੜਕੂ ਟਰੇਡ ਯੂਨੀਅਨਾਂ ਅਤੇ ਕਿਸਾਨ ਜਥੇਬੰਦੀਆਂ ਅਵੇਸਲੀਆਂ ਹੀ ਦਬੋਚ ਲਈਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਇਸ ਦਾ ਵਿਰੋਧ ਜਥੇਬੰਦ ਕਰਨ ਦਾ ਮੌਕਾ ਹੀ ਨਹੀਂ ਮਿਲੇਗਾ। ਪਾਜ਼ ਨੂੰ ਇੰਞ ਹੀ ਉਮੀਦ ਸੀ। ਗੋਨੀ ਨੇ ਯਾਦ ਸਾਂਝੀ ਕੀਤੀ ਕਿ ਪਾਜ਼ "ਵਾਰ ਵਾਰ ਕਹਿ ਰਿਹਾ ਸੀ, 'ਜੇ ਤੁਸੀਂ ਇਹ ਕਰਨ ਲੱਗੇ ਹੋ ਤਾਂ ਹੁਣੇ ਕਰ ਦਿਓ। ਮੈਂ ਦੋ ਵਾਰ ਇਸ ਨੂੰ ਲਾਗੂ ਨਹੀਂ ਕਰ ਸਕਦਾ।' "[16] ਚੋਣਾਂ ਤੋਂ

• ਦੋ ਦਹਾਕੇ ਬੋਲੀਵੀਆ ਦੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਨ੍ਹਾਂ ਦੇ ਦੇਸ਼ ਦਾ ਸਦਮਾ ਇਲਾਜ ਕੀਤੇ ਜਾਣ ਦਾ ਪ੍ਰੋਗਰਾਮ ਕਿਵੇਂ ਬਣਾਇਆ ਗਿਆ ਸੀ। ਅਸਲ ਐਲਾਨ ਦਾ ਖਰੜਾ ਲਿਖੇ ਜਾਣ ਤੋਂ ਵੀਹ ਸਾਲ ਬਾਅਦ ਅਗਸਤ 2005 'ਚ ਬੋਲੀਵੀਆ ਦੇ ਪੱਤਰਕਾਰ ਸੁਸਾਨ ਵੇਲੈਸਕੋ ਪੋਰਤਿਲੋ ਵਲੋਂ ਹੰਗਾਮੀ ਹਾਲਤ ਦੀ ਆਰਥਕ ਟੀਮ ਦੇ ਅਸਲ ਮੈਂਬਰਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ ਅਤੇ ਉਨ੍ਹਾਂ 'ਚੋਂ ਕਈਆਂ ਨੇ ਇਸ ਗੁਪਤ ਕਾਰਵਾਈ ਬਾਰੇ ਦੱਸ ਦਿੱਤਾ। ਇਹ ਵੇਰਵਾ ਮੁੱਖ ਤੌਰ 'ਤੇ ਉਨ੍ਹਾਂ ਯਾਦਾਂ 'ਤੇ ਅਧਾਰਤ ਹੈ।

ਬਾਅਦ ਪਾਜ਼ ਨੇ ਇਹ ਮੋੜਾ ਕਿਉਂ ਕੱਟਿਆ, ਇਹ ਰਹੱਸ ਬਣਿਆ ਹੋਇਆ ਹੈ। 2001 'ਚ ਉਸ ਦੀ ਮੌਤ ਹੋ ਗਈ ਅਤੇ ਉਸ ਨੇ ਇਹ ਭੇਤ ਕਦੇ ਨਹੀਂ ਖੋਲ੍ਹਿਆ ਕਿ ਕੀ ਉਸ ਨੇ ਰਾਸ਼ਟਰਪਤੀ ਬਣਨ ਦੀ ਖ਼ਾਤਰ ਬੈਂਜ਼ਰ ਦੇ ਸਦਮਾ ਇਲਾਜ ਪ੍ਰੋਗਰਾਮ ਨੂੰ ਅਪਨਾਉਣਾ ਮੰਨਿਆ ਸੀ, ਜਾਂ ਉਸ ਦੀ ਧੁਰ ਅੰਦਰੋਂ ਸੋਚ ਹੀ ਬਦਲ ਗਈ ਸੀ। ਇਸ ਬਾਰੇ ਮੈਨੂੰ ਕੁਝ ਜਾਣਕਾਰੀ ਐਡਵਿਨ ਕੋਰ ਨੇ ਦਿੱਤੀ ਜੋ ਓਦੋਂ ਬੋਲੀਵੀਆ 'ਚ ਅਮਰੀਕੀ ਸਫ਼ੀਰ ਸੀ। ਐਡਵਿਨ ਨੇ ਦੱਸਿਆ ਕਿ ਉਸ ਨੇ ਸਾਰੀਆਂ ਸਿਆਸੀ ਪਾਰਟੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਅਮਰੀਕਾ ਫੇਰ ਹੀ ਸਹਾਇਤਾ ਦੇਵੇਗਾ ਜੇ ਉਹ ਸਦਮਾ ਇਲਾਜ ਦਾ ਰਾਹ ਅਪਨਾਉਣਗੇ।

ਸਤਾਰਾਂ ਦਿਨ ਬਾਅਦ, ਸਦਮਾ ਇਲਾਜ ਪ੍ਰੋਗਰਾਮ ਦਾ ਖਰੜਾ ਯੋਜਨਾ ਮੰਤਰੀ ਬੈੱਡਗੀਗਲ ਦੇ ਹੱਥਾਂ 'ਚ ਸੀ। ਇਸ ਵਿਚ ਖ਼ੁਰਾਕੀ ਵਸਤਾਂ ਉੱਪਰੋਂ ਸਬਸਿਡੀਆਂ ਖ਼ਤਮ ਕਰਨ, ਕੀਮਤਾਂ ਉੱਪਰੋਂ ਲਗਭਗ ਸਾਰੇ ਹੀ ਕੰਟਰੋਲ ਹਟਾਉਣ ਅਤੇ ਤੇਲ ਦੀ ਕੀਮਤ 'ਚ ਤਿੰਨ ਸੌ ਫ਼ੀ ਸਦੀ ਵਾਧਾ ਕਰਨ ਲਈ ਕਿਹਾ ਗਿਆ ਸੀ।[17] ਦੇਸ਼ ਪਹਿਲਾਂ ਹੀ ਘੋਰ ਗਰੀਬੀ ਦਾ ਸ਼ਿਕਾਰ ਸੀ ਅਤੇ ਇਸ ਇਲਾਜ ਨੇ ਜ਼ਿੰਦਗੀ ਹੋਰ ਦੁੱਭਰ ਬਣਾ ਦੇਣੀ ਸੀ। ਇਸ ਤੱਥ ਦੇ ਬਾਵਜੂਦ ਇਸ ਯੋਜਨਾ ਨੇ ਇਕ ਸਾਲ ਤੱਕ ਸਰਕਾਰੀ ਉਜਰਤਾਂ 'ਚ ਵਾਧਾ ਕਰਨ 'ਤੇ ਰੋਕ ਲਾ ਦਿੱਤੀ, ਹਾਲਾਂਕਿ ਉਜਰਤਾਂ ਪਹਿਲਾਂ ਹੀ ਬਹੁਤ ਘੱਟ ਸਨ। ਇਸ ਨੇ ਸਰਕਾਰੀ ਖ਼ਰਚਿਆਂ 'ਚ ਵੱਡੀ ਕਟੌਤੀ ਕਰਨ, ਬੇਰੋਕ-ਟੋਕ ਦਰਾਮਦਾਂ ਲਈ ਬੋਲੀਵੀਆ ਦੀਆਂ ਸਰਹੱਦਾਂ ਚੌਪਟ ਖੋਲ੍ਹ ਦੇਣ ਲਈ ਕਿਹਾ। ਇਸ ਨੇ ਸਰਕਾਰੀ ਕੰਪਨੀਆਂ ਨੂੰ ਛਾਂਗਣ ਦੀ ਨਸੀਹਤ ਦਿੱਤੀ ਜੋ ਨਿੱਜੀਕਰਨ ਦਾ ਮੁਹਰੈਲ ਰੂਪ ਹੈ। ਸੱਤਰਵਿਆਂ 'ਚ ਜਦੋਂ ਦੱਖਣੀ ਤਿਕੋਨ ਦੇ ਬਾਕੀ ਦੇਸ਼ਾਂ 'ਚ ਨਵ-ਉਦਾਰਵਾਦੀ ਇਨਕਲਾਬ ਥੋਪਿਆ ਗਿਆ ਤਾਂ ਬੋਲੀਵੀਆ ਨੇ ਮੌਕਾ ਖੁੰਝਾ ਦਿੱਤਾ ਸੀ : ਇੰਞ ਲੱਗਦਾ ਸੀ ਹੁਣ ਇਹ ਬੀਤੇ ਦੀ ਕਸਰ ਕੱਢਣ ਜਾ ਰਿਹਾ ਸੀ।

ਹੰਗਾਮੀ ਟੀਮ ਦੇ ਮੈਂਬਰ ਨਵੇਂ ਕਾਨੂੰਨਾਂ ਦਾ ਖਰੜਾ ਬਣਾਉਣ ਦਾ ਕੰਮ ਨਿਬੇੜਨ ਤੋਂ ਬਾਅਦ ਵੀ ਇਹ ਬੋਲੀਵੀਆ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਸਾਂਝਾ ਕਰਨ ਲਈ ਤਿਆਰ ਨਹੀਂ ਸਨ, ਵੋਟਰਾਂ ਦੀ ਤਾਂ ਗੱਲ ਹੀ ਛੱਡੋ ਜਿਨ੍ਹਾਂ ਨੇ ਅਜਿਹੀ ਯੋਜਨਾ ਦੇ ਹੱਕ 'ਚ ਕਦੇ ਵੋਟ ਹੀ ਨਹੀਂ ਪਾਈ ਸੀ। ਉਨ੍ਹਾਂ ਦਾ ਇਕ ਕੰਮ ਹਾਲੇ ਬਾਕੀ ਸੀ। ਉਹ ਇਕੱਠੇ ਹੀ ਬੋਲੀਵੀਆ 'ਚ ਕੌਮਾਂਤਰੀ ਮੁਦਰਾ ਕੋਸ਼ ਦੇ ਨੁਮਾਇੰਦੇ ਦੇ ਦਫ਼ਤਰ ਜਾ ਪੁੱਜੇ ਅਤੇ ਉਸ ਨੂੰ ਆਪਣੀ ਯੋਜਨਾ ਤੋਂ ਜਾਣੂੰ ਕਰਾਇਆ। ਉਸ ਦਾ ਹੁੰਗਾਰਾ ਥਾਪੀ ਦੇਣ ਵਾਲਾ ਅਤੇ ਦੁਖਦਾਈ ਸੀ : "ਆਈ ਐੱਮ ਐੱਫ ਦੇ ਹਰੇਕ ਅਧਿਕਾਰੀ ਦਾ ਸੁਪਨਾ ਹੁੰਦਾ ਹੈ ਕਿ ਅਜਿਹਾ ਹੋ ਜਾਵੇ। ਪਰ ਜੇ ਇਹ ਕਾਰਆਮਦ ਨਹੀਂ ਹੁੰਦਾ, ਚੰਗੇ ਭਾਗਾਂ ਨੂੰ ਮੇਰਾ ਤਾਂ ਕੂਟਨੀਤਕ ਬਚਾਅ ਹੋ ਜਾਵੇਗਾ। ਮੈਂ ਜਹਾਜ਼ ਚੜ੍ਹ ਕੇ ਖਿਸਕ ਜਾਵਾਂਗਾ।"[18]

ਪਰ ਬੋਲੀਵੀਆ ਦੇ ਜਿਨ੍ਹਾਂ ਨੁਮਾਇੰਦਿਆਂ ਨੇ ਯੋਜਨਾ ਦੀ ਤਜਵੀਜ਼ ਪੇਸ਼ ਕਰਨੀ ਸੀ, ਉਨ੍ਹਾਂ ਦੇ ਬਚਾਅ ਦਾ ਕੋਈ ਹੀਲਾ ਨਹੀਂ ਸੀ। ਉਨ੍ਹਾਂ 'ਚੋਂ ਕਈ ਸਹਿਮੇ ਹੋਏ ਸਨ ਕਿ ਪਤਾ ਨਹੀਂ ਜਨਤਾ ਕੀ ਪ੍ਰਤੀਕਰਮ ਦੇਵੇਗੀ। ਟੋਲੀ ਦੇ ਸਭ ਤੋਂ ਛੋਟੀ ਉਮਰ ਦੇ ਮੈਂਬਰ ਫਰਨਾਂਡੋ ਪਰੈਦੋ ਨੇ ਪੇਸ਼ੀਨਗੋਈ ਕੀਤੀ, "ਉਹ ਸਾਨੂੰ ਮਾਰ ਦੇਣਗੇ।" ਯੋਜਨਾ ਦੇ ਮੁੱਖ ਘਾੜੇ ਬੈੱਡਗੀਗਲ ਨੇ ਇਸ ਟੋਲੀ ਦਾ ਮੁਕਾਬਲਾ ਦੁਸ਼ਮਣ 'ਤੇ ਹਮਲਾ ਕਰਨ ਜਾ ਰਹੇ ਲੜਾਕੂ ਪਾਇਲਟਾਂ ਨਾਲ ਕਰਦਿਆਂ ਉਨ੍ਹਾਂ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ, "ਅਸੀਂ ਹੀਰੋਸ਼ੀਮਾ 'ਤੇ ਹਮਲਾ ਕਰਨ ਵਾਲੇ ਪਾਇਲਟ ਵਾਂਗ ਹਾਂ। ਜਦੋਂ ਉਸ ਨੇ ਪ੍ਰਮਾਣੂ ਬੰਬ ਸੁੱਟਿਆ ਉਹ ਨਹੀਂ ਸੀ ਜਾਣਦਾ ਕਿ ਉਹ ਕੀ ਕਰ ਰਿਹਾ ਹੈ, ਪਰ ਜਦੋਂ ਉਸ ਨੇ ਧੂੰਏਂ ਦਾ ਗੁਬਾਰ ਦੇਖਿਆ ਤਾਂ ਉਹ ਬੋਲ ਉੱਠਿਆ, 'ਓਹ, ਅਫਸੋਸ!' ਅਤੇ ਸਾਨੂੰ ਵੀ ਇਹੀ ਕਰਨਾ ਪਵੇਗਾ, ਨੀਤੀ ਲਾਗੂ ਕਰ ਦਿਓ ਅਤੇ ਫੇਰ ਕਹਿ ਦਿਓ : ਓਹ, ਅਫਸੋਸ!"[19]

ਨੀਤੀ 'ਚ ਤਬਦੀਲੀ ਅਚਾਨਕ ਫ਼ੌਜੀ ਹਮਲਾ ਕਰਨ ਵਾਂਗ ਹੋਵੇਗੀ, ਇਹ ਵਿਚਾਰ ਆਰਥਕ ਸਦਮਾ ਡਾਕਟਰ ਵਾਰ-ਵਾਰ ਦੁਹਰਾਉਂਦੇ ਹਨ। *ਸਦਮਾ ਅਤੇ ਖੌਫ਼ : ਤੇਜ਼ੀ ਨਾਲ ਗ਼ਲਬਾ ਪਾਉਣ ਦੇ ਸਾਧਨ*, ਇਹ ਅਮਰੀਕੀ ਫ਼ੌਜੀ ਸਿਧਾਂਤ 1996 'ਚ ਪ੍ਰਕਾਸ਼ਿਤ ਹੋਇਆ ਸੀ ਜੋ ਆਖ਼ਿਰ 2003 'ਚ ਇਰਾਕ ਉੱਪਰ ਹਮਲੇ ਦੀ ਬੁਨਿਆਦ ਬਣਿਆ। ਇਸ ਵਿਚ ਲੇਖਕ ਕਹਿੰਦੇ ਹਨ ਕਿ ਹਮਲਾਵਰ ਤਾਕਤ ਨੂੰ "ਮਾਹੌਲ 'ਤੇ ਕਬਜ਼ਾ ਕਰਕੇ ਇਸ ਨੂੰ ਜਾਮ ਕਰ ਦੇਣਾ ਚਾਹੀਦਾ ਹੈ ਜਾਂ ਦੁਸ਼ਮਣ ਦੀ ਸੂਝ ਅਤੇ ਘਟਨਾਵਾਂ ਬਾਰੇ ਸੋਝੀ ਨੂੰ ਐਨਾ ਦਬਾ ਦੇਣਾ ਚਾਹੀਦਾ ਹੈ ਕਿ ਉਹ ਵਿਰੋਧ ਕਰਨ ਦੀ ਹਾਲਤ 'ਚ ਹੀ ਨਾ ਰਹੇ।"[20] ਆਰਥਕ ਸਦਮਾ ਵੀ ਇਸੇ ਤਰ੍ਹਾਂ ਦੇ ਸਿਧਾਂਤ ਅਨੁਸਾਰ ਕੰਮ ਕਰਦਾ ਹੈ : ਇਸ ਦਾ ਅਧਾਰ ਇਹ ਹੈ ਕਿ ਜੇ ਤਬਦੀਲੀ ਸਹਿਜੇ ਸਹਿਜੇ ਕੀਤੀ ਜਾਵੇ—ਕਦੇ ਸਿਹਤ ਸਹੂਲਤਾਂ ਦੇ ਪ੍ਰੋਗਰਾਮ 'ਚ ਕਟੌਤੀ, ਕਦੇ ਵਪਾਰਕ ਸਮਝੌਤਾ—ਤਾਂ ਲੋਕਾਂ ਦਾ ਪ੍ਰਤੀਕਰਮ ਉੱਠ ਸਕਦਾ ਹੈ ਪਰ ਜੇ ਇਕਦਮ ਹੀ ਚਾਰ ਚੁਫੇਰਿਉਂ ਦਰਜਨਾਂ ਤਬਦੀਲੀਆਂ ਲਾਗੂ ਕਰ ਦਿੱਤੀਆਂ ਜਾਣ ਤਾਂ ਇਹ ਭਾਵਨਾ ਘਰ ਕਰ ਜਾਵੇਗੀ ਕਿ ਵਿਰੋਧ ਕਰਨਾ ਵਿਅਰਥ ਹੈ, ਅਤੇ ਜਨਤਾ ਢੈਲੀ ਪੈ ਜਾਂਦੀ ਹੈ।

ਇਸ ਤਰ੍ਹਾਂ ਦੀ ਨਾਉਮੀਦੀ ਦੀ ਭਾਵਨਾ ਪੈਦਾ ਕਰਨ ਲਈ, ਬੋਲੀਵੀਆ ਦੇ ਯੋਜਨਾ ਘਾੜਿਆਂ ਦੀ ਲੋੜ ਇਹ ਸੀ ਕਿ ਸਾਰੇ ਤਿੱਖੇ ਕਦਮ ਇਕ ਵਾਰ ਹੀ ਅਤੇ ਨਵੀਂ ਸਰਕਾਰ ਬਣਨ ਦੇ ਪਹਿਲੇ ਸੌ ਦਿਨਾਂ ਦੇ ਅੰਦਰ ਹੀ ਚੁੱਕ ਲਏ ਜਾਣ। ਯੋਜਨਾ ਦੇ ਹਰੇਕ ਹਿੱਸੇ ਲਈ ਵੱਖੋ-ਵੱਖਰਾ ਕਾਨੂੰਨ (ਨਵਾਂ ਟੈਕਸ ਕੋਡ, ਨਵੀਂ ਕੀਮਤ ਨੀਤੀ ਵਗੈਰਾ ਵਗੈਰਾ) ਪੇਸ਼ ਕਰਨ ਦੀ ਬਜਾਏ, ਪਾਜ਼ ਦੀ ਟੀਮ ਨੇ ਸਮੁੱਚੀ ਰੱਦੋਬਦਲ ਨੂੰ ਇਕ ਹੀ ਸਰਕਾਰੀ ਐਲਾਨ, ਡੀ ਐੱਸ-21060, ਦੇ ਰੂਪ 'ਚ ਪੇਸ਼ ਕਰਨ 'ਤੇ ਜ਼ੋਰ ਦਿੱਤਾ। ਇਸ ਵਿਚ 220 ਵੱਖੋ-ਵੱਖਰੇ ਕਾਨੂੰਨ ਸ਼ਾਮਲ ਸਨ ਅਤੇ ਇਸ ਦੇ ਘੇਰੇ 'ਚ ਦੇਸ਼ ਦੀ ਆਰਥਕ ਜ਼ਿੰਦਗੀ ਦਾ ਹਰ ਪਹਿਲੂ ਆ ਜਾਂਦਾ ਸੀ। ਉਨ੍ਹਾਂ ਨੇ ਘੇਰੇ ਅਤੇ ਉਦੇਸ਼ ਪੱਖੋਂ ਇਸ ਨੂੰ "ਦੀ ਬਰਿੱਕ" ਵਰਗਾ ਬਣਾ ਦਿੱਤਾ, ਉਸ ਜ਼ਬਰਦਸਤ ਯੋਜਨਾ ਵਰਗਾ ਜੋ ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਨੇ ਪਿਨੋਚੇ ਵਲੋਂ ਕੀਤੇ ਜਾਣ ਵਾਲੇ ਰਾਜ ਪਲਟੇ ਦੀ ਤਿਆਰੀ ਵਜੋਂ ਘੜੀ ਸੀ। ਇਸ ਦੇ ਲੇਖਕਾਂ ਅਨੁਸਾਰ, ਜਾਂ ਤਾਂ ਸਮੁੱਚਾ ਪ੍ਰੋਗਰਾਮ ਮੰਨਣਾ ਹੋਵੇਗਾ ਜਾਂ ਇਸ ਨੂੰ ਰੱਦ ਕਰਨਾ ਹੋਵੇਗਾ; ਇਸ 'ਚ ਸੋਧਾਂ ਨਹੀਂ ਕੀਤੀਆਂ ਜਾ ਸਕਦੀਆਂ। ਇਹ ਸਦਮਾ ਅਤੇ ਖੌਫ਼ ਦਾ ਆਰਥਕ ਸਮਾਨਅਰਥੀ ਸੀ।

ਜਦੋਂ ਦਸਤਾਵੇਜ਼ ਮੁਕੰਮਲ ਹੋ ਗਿਆ, ਟੀਮ ਨੇ ਇਸ ਦੀਆਂ ਪੰਜ ਨਕਲਾਂ ਤਿਆਰ ਕਰ ਲਈਆਂ : ਇਕ ਪਾਜ਼ ਲਈ, ਇਕ ਗੋਨੀ ਲਈ ਅਤੇ ਇਕ ਖ਼ਜ਼ਾਨਾ ਮੰਤਰੀ ਲਈ। ਬਾਕੀ ਦੋ ਨਕਲਾਂ ਜਿਸ ਮੁਕਾਮ 'ਤੇ ਪਹੁੰਚੀਆਂ ਉਸ ਤੋਂ ਪਾਜ਼ ਅਤੇ ਉਸ ਦੀ ਟੀਮ ਦੇ ਇਸ ਡਰ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਬੋਲੀਵੀਆ ਦੇ ਬਹੁਤ ਸਾਰੇ ਲੋਕ ਇਸ ਯੋਜਨਾ ਨੂੰ ਜੰਗੀ ਕਾਰਵਾਈ ਵਜੋਂ ਲੈਣਗੇ: ਇਕ ਨਕਲ ਫ਼ੌਜ ਦੇ ਮੁਖੀ ਲਈ ਸੀ ਅਤੇ ਦੂਜੀ ਪੁਲਿਸ ਦੇ ਮੁਖੀ ਲਈ। ਪਰ, ਪਾਜ਼ ਦਾ ਮੰਤਰੀ ਮੰਡਲ ਹਾਲੇ ਵੀ ਹਨੇਰੇ 'ਚ ਸੀ। ਉਨ੍ਹਾਂ ਨੂੰ ਹਾਲੇ ਵੀ ਭਰਮ ਸੀ ਕਿ ਉਹ ਉਸੇ ਬੰਦੇ ਲਈ ਕੰਮ ਕਰ ਰਹੇ ਹਨ ਜਿਸ ਨੇ ਐਨੇ ਸਾਲ ਪਹਿਲਾਂ ਖਾਣਾਂ ਦਾ ਕੌਮੀਕਰਨ ਕੀਤਾ ਸੀ ਅਤੇ ਜ਼ਮੀਨ ਦੀ ਮੁੜ ਵੰਡ ਕੀਤੀ ਸੀ।

ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਤਿੰਨ ਹਫਤੇ ਬਾਦ, ਪਾਜ਼ ਨੇ ਅਚਾਨਕ ਬਿੱਲੀ ਥੈਲਿਉਂ ਬਾਹਰ ਲਿਆਉਣ ਲਈ ਮੰਤਰੀ ਮੰਡਲ ਨੂੰ ਬੁਲਾ ਲਿਆ। ਉਸ ਨੇ ਹੁਕਮ ਚਾੜ੍ਹ ਦਿੱਤਾ ਕਿ ਰਾਜ ਭਵਨ ਦੇ ਸਾਰੇ ਦਰਵਾਜ਼ੇ ਭੇੜ ਦਿਓ ਅਤੇ "ਸਕੱਤਰ ਨੂੰ ਹਦਾਇਤ ਕਰ ਦਿੱਤੀ ਕਿ ਸਾਰੇ ਮੰਤਰੀਆਂ

ਦੀਆਂ ਫ਼ੋਨ ਕਾਲ ਰੋਕ ਦਿਉ।" ਬੈੱਡਰੀਗਲ ਨੇ ਡੌਰ-ਭੌਰ ਹੋਏ ਸਰੋਤਿਆਂ ਨੂੰ ਪੂਰੇ ਸੱਠ ਸਫ਼ੇ ਪੜ੍ਹ ਕੇ ਸੁਣਾ ਦਿੱਤੇ। ਬਾਅਦ 'ਚ ਉਸ ਨੇ ਇਕਬਾਲ ਕੀਤਾ ਕਿ ਉਹ ਐਨਾ ਪ੍ਰੇਸ਼ਾਨ ਸੀ ਕਿ "ਕੁਝ ਮਿੰਟ ਬਾਅਦ ਹੀ ਉਸ ਦੇ ਨੱਕ 'ਚੋਂ ਲਹੂ ਵਗਣਾ ਸ਼ੁਰੂ ਹੋ ਗਿਆ ਸੀ।" ਪਾਜ਼ ਨੇ ਆਪਣੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਦੱਸਿਆ ਕਿ ਇਹ ਐਲਾਨ ਬਹਿਸ ਕਰਨ ਲਈ ਨਹੀਂ ਹੈ; ਇਸੇ ਦੌਰਾਨ ਇਕ ਹੋਰ ਗੁਪਤ ਸਮਝੌਤੇ ਰਾਹੀਂ, ਉਸ ਨੇ ਬੈਂਜ਼ਰ ਦੀ ਅਗਵਾਈ ਵਾਲੀ ਸੱਜੇਪੱਖੀ ਵਿਰੋਧੀ ਧਿਰ ਦੀ ਪਾਰਟੀ ਦੀ ਹਮਾਇਤ ਪਹਿਲਾਂ ਹੀ ਹਾਸਲ ਕਰ ਲਈ ਸੀ। ਉਸ ਨੇ ਕਹਿ ਦਿੱਤਾ ਕਿ ਜੇ ਕੋਈ ਸਹਿਮਤ ਨਹੀਂ ਤਾਂ ਅਸਤੀਫਾ ਦੇ ਦਿਓ।

"ਮੈਂ ਸਹਿਮਤ ਨਹੀਂ ਹਾਂ," ਸਨਅਤ ਮੰਤਰੀ ਨੇ ਐਲਾਨ ਕੀਤਾ।

"ਕ੍ਰਿਪਾ ਕਰਕੇ ਇੱਥੋਂ ਚਲੇ ਜਾਓ," ਪਾਜ਼ ਨੇ ਜਵਾਬ ਦਿੱਤਾ। ਪਰ ਮੰਤਰੀ ਉੱਥੇ ਹੀ ਬੈਠਾ ਰਿਹਾ। ਸਿੱਕੇ ਦਾ ਫੈਲਾਅ ਵਧਦਾ ਜਾ ਰਿਹਾ ਸੀ ਅਤੇ ਇਸ ਦੇ ਤਕੜੇ ਸੰਕੇਤ ਸਨ ਕਿ ਵਾਸ਼ਿੰਗਟਨ ਵਲੋਂ ਸਦਮਾ ਇਲਾਜ ਦੀ ਪਹੁੰਚ ਨੂੰ ਚੋਖੀ ਵਿਤੀ ਮਦਦ ਨਾਲ ਨਿਵਾਜਿਆ ਜਾਵੇਗਾ, ਇਹ ਸੋਚ ਕੇ ਕਿਸੇ ਦਾ ਵੀ ਉੱਥੋਂ ਜਾਣ ਦਾ ਹੀਆ ਨਾ ਪਿਆ। ਦੋ ਦਿਨ ਬਾਅਦ ਪਾਜ਼ ਨੇ ਰਾਸ਼ਟਰਪਤੀ ਵਜੋਂ "ਬੋਲੀਵੀਆ ਮਰ ਰਿਹੈ," ਸਿਰਲੇਖ ਵਾਲੀ ਤਕਰੀਰ ਟੈਲੀਵਿਜ਼ਨ ਤੋਂ ਕਰਕੇ ਬੋਲੀਵੀਆ ਦੀ "ਇੱਟ" ਪੂਰੀ ਤਰ੍ਹਾਂ ਅਵੇਸਲੀ ਜਨਤਾ ਉੱਪਰ ਸੁੱਟ ਦਿੱਤੀ।

ਸੈਚਸ ਦੀ ਇਹ ਪੇਸ਼ੀਨਗੋਈ ਸਹੀ ਸੀ ਕਿ ਕੀਮਤਾਂ ਵਧਾਉਣ ਨਾਲ ਸਿੱਕੇ ਦਾ ਫੈਲਾਅ ਬੰਦ ਹੋ ਜਾਵੇਗਾ। ਦੋ ਸਾਲ ਦੇ ਅੰਦਰ, ਸਿੱਕੇ ਦਾ ਫੈਲਾਅ ਘਟ ਕੇ 10 ਫ਼ੀ ਸਦੀ 'ਤੇ ਆ ਗਿਆ, ਇਹ ਕਿਸੇ ਵੀ ਪੈਮਾਨੇ ਅਨੁਸਾਰ ਕਮਾਲ ਦੀ ਕਾਰਗੁਜ਼ਾਰੀ ਸੀ।[21] ਪਰ ਬੋਲੀਵੀਆ ਦੇ ਨਵ-ਉਦਾਰਵਾਦੀ ਇਨਕਲਾਬ ਦੀ ਬਹੁਤ ਹੀ ਭੱਦੀ ਵਿਰਾਸਤ ਕਿਤੇ ਜ਼ਿਆਦਾ ਰੱਟੇ ਵਾਲੀ ਸੀ। ਸਾਰੇ ਅਰਥਸ਼ਾਸਤਰੀ ਮੰਨਦੇ ਹਨ ਕਿ ਸਿੱਕੇ ਦਾ ਫੈਲਾਅ ਚੋਖਾ ਘਾਤਕ ਅਤੇ ਗ਼ੈਰ-ਟਿਕਾਊ ਹੁੰਦਾ ਹੈ ਅਤੇ ਇਸ 'ਤੇ ਲਾਜ਼ਮੀ ਹੀ ਕਾਬੂ ਪਾਇਆ ਜਾਣਾ ਚਾਹੀਦਾ ਹੈ—ਢਲਾਈ ਦੇ ਇਸ ਅਮਲ ਸਮੇਂ ਚੋਖਾ ਕਸ਼ਟ ਝੱਲਣਾ ਪੈਂਦਾ ਹੈ। ਬਹਿਸ ਦਾ ਮੁੱਦਾ ਇਹ ਹੈ ਕਿ ਜਦੋਂ ਕਿਸੇ ਸਮਾਜ ਨੂੰ ਇਹ ਕਸ਼ਟ ਸਹਿਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ ਤਾਂ ਇਕ ਭਰੋਸੇਯੋਗ ਪ੍ਰੋਗਰਾਮ ਕਿਵੇਂ ਲਿਆ ਜਾ ਸਕਦਾ ਹੈ। ਯਾਰਕ ਯੂਨੀਵਰਸਿਟੀ 'ਚ ਅਰਥਸ਼ਾਸਤਰ ਦਾ ਪ੍ਰੋਫੈਸਰ ਰਿਕਾਰਡੋ ਗਰਿਨਸਪੱਨ ਲਾਤੀਨੀ ਅਮਰੀਕੀ ਮਾਮਲਿਆਂ ਦਾ ਮਾਹਰ ਹੈ। ਉਹ ਵਿਆਖਿਆ ਕਰਦਾ ਹੈ ਕਿ ਜੋ ਪਹੁੰਚ ਕੀਨਜ਼ਵਾਦੀ ਜਾਂ ਵਿਕਾਸਵਾਦੀ ਵਿਰਾਸਤ 'ਤੇ ਅਧਾਰਤ ਹੈ ਇਹ ਆਪਣੇ ਪੱਖ 'ਚ ਹਮਾਇਤ ਜੁਟਾਉਣ ਅਤੇ "ਇਸ ਦੇ ਹਿੱਸੇਦਾਰਾਂ ਸਰਕਾਰ, ਮਾਲਕਾਂ, ਕਿਸਾਨਾਂ, ਯੂਨੀਅਨਾਂ ਆਦਿ ਨਾਲ ਲੈ-ਦੇ ਦਾ ਅਮਲ ਚਲਾ ਕੇ ਬੋਝ ਵੰਡਾਉਣ ਦੇ ਯਤਨ ਜੁਟਾਉਂਦੀ ਹੈ। ਇਸ ਤਰੀਕੇ ਨਾਲ ਇਹ ਧਿਰਾਂ ਉਜਰਤਾਂ ਅਤੇ ਕੀਮਤਾਂ ਵਰਗੀਆਂ ਆਮਦਨੀ ਸਬੰਧੀ ਨੀਤੀਆਂ ਬਾਰੇ ਸਹਿਮਤੀ 'ਤੇ ਅੱਪੜ ਜਾਂਦੀਆਂ ਹਨ, ਨਾਲ ਹੀ ਆਰਥਕ ਸਥਿਰਤਾ ਲਿਆਉਣ ਦੇ ਕਦਮ ਲਾਗੂ ਕਰ ਦਿੱਤੇ ਜਾਂਦੇ ਹਨ।" ਗਰਿਨਸਪੱਨ ਕਹਿੰਦਾ ਹੈ, ਇਸ ਦੇ ਐਨ ਉਲਟ ਸਰਮਾਏਦਾਰੀ ਦੀ "ਕੱਟੜਪੰਥੀ ਪਹੁੰਚ ਸਮੁੱਚੇ ਸਮਾਜਿਕ ਲਾਗਤ ਖ਼ਰਚ ਦਾ ਬੋਝ ਸਦਮਾ ਇਲਾਜ ਜ਼ਰੀਏ ਗਰੀਬਾਂ ਉੱਪਰ ਲੱਦ ਦਿੰਦੀ ਹੈ।" ਉਸ ਨੇ ਮੈਨੂੰ ਦੱਸਿਆ ਕਿ ਬੋਲੀਵੀਆ ਵਿਚ ਐਨ ਇਹੀ ਵਾਪਰਿਆ ਸੀ।

ਜਿਵੇਂ ਫਰਾਇਡਮੈਨ ਨੇ ਚਿੱਲੀ 'ਚ ਵਾਅਦਾ ਕੀਤਾ ਸੀ, ਇੱਥੇ ਵੀ ਇਹ ਕਲਪਨਾ ਕਰ ਲਈ ਗਈ ਕਿ ਮੁਕਤ ਵਪਾਰ ਉਨ੍ਹਾਂ ਲਈ ਨੌਕਰੀਆਂ ਪੈਦਾ ਕਰ ਦੇਵੇਗਾ ਜੋ ਤਾਜ਼ਾ ਬੇਕਾਰ ਹੋਏ ਹਨ। ਇੰਝ ਹੋਇਆ ਨਹੀਂ। ਉਲਟਾ ਬੇਰੁਜ਼ਗਾਰੀ ਦੀ ਦਰ ਜੋ ਚੋਣਾਂ ਸਮੇਂ 20 ਫ਼ੀ ਸਦੀ ਸੀ ਦੋ ਸਾਲ

ਬਾਅਦ ਵਧ ਕੇ 25 ਤੋਂ 30 ਫ਼ੀ ਸਦੀ ਤੱਕ ਜਾ ਪਹੁੰਚੀ [22] ਇਕੱਲੀ ਸਰਕਾਰੀ ਖਾਣ ਕਾਰਪੋਰੇਸ਼ਨ—ਜਿਸ ਦਾ 1950ਵਿਆਂ 'ਚ ਪਾਜ਼ ਨੇ ਕੌਮੀਕਰਨ ਕੀਤਾ ਸੀ—ਦੇ ਮੁਲਾਜ਼ਮਾਂ ਦੀ ਗਿਣਤੀ ਹੀ ਅਠਾਈ ਹਜ਼ਾਰ ਤੋਂ ਘਟਾ ਕੇ ਛੇ ਹਜ਼ਾਰ ਕਰ ਦਿੱਤੀ ਗਈ। [23]

ਘੱਟੋ-ਘੱਟ ਉਜਰਤ ਆਪਣੀ ਪਹਿਲਾਂ ਵਾਲੀ ਕਦਰ ਕਦੇ ਵੀ ਮੁੜ ਹਾਸਲ ਨਹੀਂ ਕਰ ਸਕੀ। ਇਹ ਪ੍ਰੋਗਰਾਮ ਲਾਗੂ ਹੋਣ ਤੋਂ ਦੋ ਸਾਲ ਬਾਅਦ ਅਸਲ ਉਜਰਤਾਂ 40 ਫ਼ੀ ਸਦੀ ਘਟ ਗਈਆਂ; ਭਵਿੱਖ ਵਿਚ ਤਾਂ ਇਹ 70 ਫ਼ੀ ਸਦੀ ਘੱਟ ਜਾਣਗੀਆਂ [24] ਸਦਮਾ ਇਲਾਜ ਲਾਗੂ ਕੀਤੇ ਜਾਣ ਦੇ ਸਾਲ, 1985 'ਚ ਬੋਲਵੀਆ ਦੀ ਪ੍ਰਤੀ ਜੀਅ ਔਸਤ ਆਮਦਨੀ 845 ਡਾਲਰ ਸੀ; ਦੋ ਸਾਲ ਬਾਅਦ ਇਹ ਘਟ ਕੇ 789 ਡਾਲਰ ਰਹਿ ਗਈ ਸੀ। ਸੈਚਸ ਅਤੇ ਸਰਕਾਰ ਪ੍ਰਤੀ ਜੀਅ ਆਮਦਨੀ ਦਾ ਇਹੋ ਪੈਮਾਨਾ ਵਰਤਦੀ ਹੈ। ਇਸ ਤੋਂ ਜੋ ਤਰੱਕੀ ਦੀ ਅਣਹੋਂਦ ਪਤਾ ਲੱਗਦੀ ਹੈ ਇਸ ਦੇ ਬਾਵਜੂਦ ਪ੍ਰਤੀ ਜੀਅ ਆਮਦਨੀ ਬਹੁਤ ਸਾਰੇ ਬੋਲੀਵੀਆ ਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ 'ਚ ਆ ਰਹੀ ਗਿਰਾਵਟ ਦੀ ਤਸਵੀਰ ਨੂੰ ਪੇਸ਼ ਨਹੀਂ ਕਰਦੀ। ਦੇਸ ਦੀ ਕੁਲ ਆਮਦਨੀ ਨੂੰ ਜੋੜ ਕੇ ਅਤੇ ਦੇਸ਼ ਦੇ ਲੋਕਾਂ ਦੀ ਗਿਣਤੀ ਨਾਲ ਇਸ ਨੂੰ ਤਕਸੀਮ ਕਰਕੇ ਔਸਤ ਆਮਦਨੀ ਦਾ ਹਿਸਾਬ ਲਾਇਆ ਜਾਂਦਾ ਹੈ; ਇਹ ਢੰਗ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ ਕਿ ਸਦਮਾ ਇਲਾਜ ਦੇ ਅਸਰ ਬੋਲੀਵੀਆ 'ਚ ਵੀ ਉਹੀ ਸਨ ਜੋ ਬਾਕੀ ਖੇਤਰ ਉੱਪਰ ਪਏ ਸਨ : ਮੁੱਠੀ ਭਰ ਕੁਲੀਨ ਵਰਗ ਬਹੁਤ ਜ਼ਿਆਦਾ ਅਮੀਰ ਹੋ ਗਿਆ ਜਦਕਿ ਵਸੋਂ ਦਾ ਵੱਡਾ ਹਿੱਸਾ ਮਜ਼ਦੂਰ ਜਮਾਤ ਨੂੰ ਆਰਥਿਕਤਾ ਵਿਚੋਂ ਪੂਰੀ ਤਰ੍ਹਾਂ ਛੇਕ ਕੇ ਫਾਲਤੂ ਹਜੂਮ ਬਣਾ ਦਿੱਤਾ ਗਿਆ। 1987 'ਚ ਬੋਲੀਵੀਆ ਦੇ ਕਿਸਾਨਾਂ, ਜੋ Campasino ਵਜੋਂ ਜਾਣੇ ਜਾਂਦੇ ਹਨ, ਦੀ ਔਸਤ ਕਮਾਈ ਸਿਰਫ਼ 140 ਡਾਲਰ ਸਾਲਾਨਾ ਸੀ, ਇਹ "ਔਸਤ ਆਮਦਨ" ਦੇ ਪੰਜਵੇਂ ਹਿੱਸੇ ਤੋਂ ਵੀ ਘੱਟ ਸੀ [25] ਸਿਰਫ਼ "ਔਸਤ" ਦੇ ਅਧਾਰ 'ਤੇ ਤਰੱਕੀ ਮਾਪਣ ਦੀ ਇਹੀ ਸਮੱਸਿਆ ਹੈ : ਇਹ ਇਨ੍ਹਾਂ ਤਿੱਖੀਆਂ ਵੰਡੀਆਂ ਨੂੰ ਮੌਜ ਨਾਲ ਹੀ ਮੇਸ ਦਿੰਦੀ ਹੈ।

ਕਿਸਾਨ ਯੂਨੀਅਨ ਦੇ ਇਕ ਆਗੂ ਨੇ ਵਿਆਖਿਆ ਕਰਦਿਆਂ ਦੱਸਿਆ ਕਿ "ਸਰਕਾਰੀ ਅੰਕੜੇ ਉਨ੍ਹਾਂ ਪਰਿਵਾਰਾਂ ਦੀ ਵਧ ਰਹੀ ਗਿਣਤੀ ਨੂੰ ਨਹੀਂ ਦਰਸਾਉਂਦੇ ਜੋ ਤੰਬੂਆਂ 'ਚ ਰਹਿਣ ਲਈ ਮਜਬੂਰ ਹਨ; ਕੁਪੋਸ਼ਣ ਦਾ ਸ਼ਿਕਾਰ ਹਜ਼ਾਰਾਂ ਬੱਚੇ ਜਿਨ੍ਹਾਂ ਨੂੰ ਸਾਰੇ ਦਿਨ 'ਚ ਰੋਟੀ ਦੀ ਇਕ ਬੁਰਕੀ ਅਤੇ ਚਾਹ ਦਾ ਪਿਆਲਾ ਹੀ ਨਸੀਬ ਹੁੰਦਾ ਹੈ; ਉਹ ਸੈਂਕੜੇ ਕਿਸਾਨ ਜੋ ਕੰਮ ਦੀ ਭਾਲ 'ਚ ਰਾਜਧਾਨੀ 'ਚ ਆਏ ਸਨ ਅਤੇ ਸੜਕਾਂ 'ਤੇ ਮੰਗਣ ਜੋਗੇ ਰਹਿ ਗਏ।" [26] ਇਹ ਸੀ ਬੋਲੀਵੀਆ ਦੇ ਸਦਮਾ ਇਲਾਜ ਦੀ ਕਹਾਣੀ ਜਿਸ ਨੂੰ ਛੁਪਾਇਆ ਜਾ ਰਿਹਾ ਹੈ : ਲੱਖਾਂ ਦੀ ਤਦਾਦ 'ਚ ਪੂਰੇ ਸਮੇਂ ਦੀਆਂ ਨੌਕਰੀਆਂ ਖ਼ਤਮ ਹੋ ਗਈਆਂ, ਉਹ ਨੌਕਰੀਆਂ ਜਿਨ੍ਹਾਂ ਵਿਚ ਸੇਵਾ-ਮੁਕਤੀ ਤੋਂ ਬਾਅਦ ਪੈਨਸ਼ਨ ਦੀ ਸਹੂਲਤ ਸੀ; ਇਨ੍ਹਾਂ ਦੀ ਥਾਂ ਬੇਯਕੀਨੇ ਕੰਮ ਨੇ ਲੈ ਲਈ ਜਿੱਥੇ ਬਿਲਕੁਲ ਕੋਈ ਸੁਰੱਖਿਆ ਨਹੀਂ ਹੈ। 1983 ਅਤੇ 1988 ਦਰਮਿਆਨ ਸਮਾਜਿਕ ਸੁਰੱਖਿਆ ਦੇ ਲਾਭ ਲੈਣ ਦੇ ਯੋਗ ਬੋਲੀਵੀਆ ਵਾਸੀਆਂ ਦੀ ਗਿਣਤੀ 61 ਫ਼ੀ ਸਦੀ ਘਟ ਗਈ ਸੀ [27]

ਸੈਚਸ ਇਸ ਤਬਦੀਲੀ ਦੌਰਾਨ ਸਲਾਹਕਾਰ ਬਣ ਕੇ ਬੋਲੀਵੀਆ ਵਾਪਸ ਆਇਆ ਸੀ। ਉਸ ਨੇ ਖ਼ੁਰਾਕ ਅਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਚ ਵਾਧੇ ਦੇ ਅਨੁਸਾਰ ਤਨਖਾਹਾਂ ਵਧਾਉਣ ਦਾ ਵਿਰੋਧ ਕੀਤਾ ਅਤੇ ਇਸ ਦੀ ਬਜਾਏ ਸਭ ਤੋਂ ਪੀੜਤ ਹਿੱਸੇ ਦੀ ਮਦਦ ਕਰਨ ਲਈ ਹੰਗਾਮੀ ਫੰਡ ਕਾਇਮ ਕਰਨ ਦੇ ਹੱਕ 'ਚ ਦਲੀਲ ਦਿੱਤੀ ਭਾਵ ਡੂੰਘੇ ਜ਼ਖ਼ਮ ਉੱਪਰ ਬੈਂਡ-ਏਡ ਲਗਾ ਦਿਉ। ਸੈਚਸ ਪਾਜ਼ ਏਸਤਿਨੋਸੋਰੋ ਦੀ ਬੇਨਤੀ 'ਤੇ ਬੋਲੀਵੀਆ ਵਾਪਸ ਆਇਆ ਸੀ ਅਤੇ

ਸਿੱਧਾ ਰਾਸ਼ਟਰਪਤੀ ਲਈ ਕੰਮ ਕਰ ਰਿਹਾ ਸੀ। ਉਸ ਨੂੰ ਦ੍ਰਿੜ ਇਰਾਦੇ ਵਾਲੇ ਬੰਦੇ ਵਜੋਂ ਚੇਤੇ ਕੀਤਾ ਜਾਂਦਾ ਹੈ। ਗੋਨੀ ਅਨੁਸਾਰ (ਜੋ ਬਾਅਦ 'ਚ ਬੋਲੀਵੀਆ ਦਾ ਰਾਸ਼ਟਰਪਤੀ ਬਣਿਆ), ਸੈਚਸ ਨੀਤੀ ਘਾੜਿਆਂ 'ਚ ਓਦੋਂ ਦ੍ਰਿੜਤਾ ਲਿਆਉਣ 'ਚ ਸਹਾਈ ਹੋਇਆ ਜਦੋਂ ਸਦਮਾ ਇਲਾਜ ਦੀ ਮਨੁੱਖੀ ਕੀਮਤ ਵਿਰੁੱਧ ਜਨਤਾ ਦਾ ਦਬਾਅ ਪੈ ਰਿਹਾ ਸੀ। "ਦੌਰੇ 'ਤੇ ਆਇਆ ਸੈਚਸ ਕਹਿੰਦਾ ਸੀ, 'ਦੇਖੋ, ਸਹਿਜਵਾਦੀ ਸੁਆਹ-ਖੇਹ ਬਿਲਕੁਲ ਅਸਰ ਨਹੀਂ ਕਰ ਰਹੀ। ਜਦੋਂ ਹਾਲਤ ਸਚਮੁਚ ਬੇਕਾਬੂ ਹੋ ਜਾਂਦੀ ਹੈ ਤਾਂ ਸਹਿਜਵਾਦੀ ਇਲਾਜ ਨੂੰ ਉਸੇ ਤਰ੍ਹਾਂ ਬੰਦ ਕਰਨਾ ਪੈਂਦਾ ਹੈ ਜਿਵੇਂ ਆਪਾਂ ਇਕ ਦਵਾ ਨੂੰ ਬੰਦ ਕਰ ਦਿੰਦੇ ਹਾਂ। ਤੁਹਾਨੂੰ ਕੁਝ ਤਿੱਖੇ ਕਦਮ ਚੁੱਕਣੇ ਪੈਂਦੇ ਹਨ; ਨਹੀਂ ਤਾਂ ਤੁਹਾਡਾ ਮਰੀਜ਼ ਮਰ ਜਾਵੇਗਾ।"[28]

ਇਸ ਦ੍ਰਿੜਤਾ ਦਾ ਇਕ ਫੌਰੀ ਸਿੱਟਾ ਇਹ ਸੀ ਕਿ ਬੋਲੀਵੀਆ ਦੇ ਬਹੁਤ ਸਾਰੇ ਮਾਯੂਸ ਗਰੀਬ ਲੋਕ ਕੋਕਾ ਪੈਦਾ ਕਰਨ ਵੱਲ ਧੱਕੇ ਗਏ, ਕਿਉਂਕਿ ਇਸ ਨਾਲ ਹੋਰ ਫ਼ਸਲਾਂ ਨਾਲੋਂ ਦਸ ਗੁਣਾ ਵੱਧ ਕਮਾਈ ਹੁੰਦੀ ਸੀ (ਇਹ ਕੈਸਾ ਵਿਅੰਗ ਹੈ ਕਿਉਂਕਿ ਮੁੱਢਲਾ ਆਰਥਕ ਸੰਕਟ ਸਰਕਾਰ ਵਲੋਂ ਅਮਰੀਕੀ ਵਿਤੀ ਮਦਦ ਨਾਲ ਕੋਕਾ ਪੈਦਾ ਕਰਨ ਵਾਲੇ ਕਿਸਾਨਾਂ ਦੀ ਨਾਕਾਬੰਦੀ ਕਾਰਨ ਸ਼ੁਰੂ ਹੋਇਆ ਸੀ।)[29] 1989 ਤੱਕ, ਅੰਦਾਜ਼ਨ ਦਸਾਂ ਵਿਚੋਂ ਇਕ ਮਜ਼ਦੂਰ ਕੋਕਾ ਦੀ ਪੈਦਾਵਾਰ ਦੇ ਕਿਸੇ ਨਾ ਕਿਸੇ ਹਿੱਸੇ ਜਾਂ ਕੋਕੇਨ ਸਨਅਤ ਦੇ ਕੰਮ 'ਚ ਲੱਗਾ ਹੋਇਆ ਸੀ।[30] ਇਨ੍ਹਾਂ ਮਜ਼ਦੂਰਾਂ 'ਚ ਇਵੋ ਮੋਰੇਲਜ਼ ਦਾ ਪਰਿਵਾਰ ਵੀ ਸ਼ਾਮਲ ਹੋਵੇਗਾ, ਜੋ ਭਵਿੱਖ 'ਚ ਬੋਲੀਵੀਆ ਦਾ ਰਾਸ਼ਟਰਪਤੀ ਬਣੇਗਾ ਅਤੇ ਜੋ ਕੋਕਾ ਪੈਦਾ ਕਰਨ ਵਾਲਿਆਂ ਦੀ ਖਾੜਕੂ ਯੂਨੀਅਨ ਦਾ ਆਗੂ ਰਿਹਾ ਸੀ।

ਕੋਕਾ ਸਨਅਤ ਨੇ ਬੋਲੀਵੀਆ ਦੀ ਆਰਥਿਕਤਾ 'ਚ ਜਾਨ ਪਾਉਣ ਅਤੇ ਸਿੱਕੇ ਦੇ ਫੈਲਾਅ ਨੂੰ ਠੱਲ ਪਾਉਣ 'ਚ ਅਹਿਮ ਭੂਮਿਕਾ ਨਿਭਾਈ (ਇਸ ਤੱਥ ਨੂੰ ਹੁਣ ਇਤਿਹਾਸਕਾਰ ਤਾਂ ਮੰਨਦੇ ਹਨ ਪਰ ਸੈਚਸ ਜਦੋਂ ਸਿੱਕੇ ਦੇ ਫੈਲਾਅ 'ਤੇ ਕਾਬੂ ਪਾਉਣ ਵਾਲੇ ਆਪਣੇ ਸੁਧਾਰਾਂ ਦੀ ਵਿਆਖਿਆ ਕਰਦਾ ਸੀ ਉਹ ਇਸ ਦਾ ਜ਼ਿਕਰ ਕਦੇ ਨਹੀਂ ਸੀ ਕਰਦਾ।)[31] ਅਜਿਹਾ "ਪ੍ਰਮਾਣੂ ਬੰਬ" ਡਿਗਣ ਤੋਂ ਦੋ ਸਾਲ ਬਾਅਦ ਹੀ, ਨਸ਼ੀਲੇ ਪਦਾਰਥਾਂ ਦੀ ਗ਼ੈਰਕਾਨੂੰਨੀ ਬਰਾਮਦ ਨਾਲ ਉਸ ਤੋਂ ਵੱਧ ਕਮਾਈ ਹੋ ਰਹੀ ਸੀ ਜਿੰਨੀ ਬੋਲੀਵੀਆ ਦੀਆਂ ਕਾਨੂੰਨੀ ਬਰਾਮਦਾਂ ਦੀ ਕੁਲ ਕਮਾਈ ਸੀ ਅਤੇ ਅੰਦਾਜ਼ਨ ਸਾਢੇ ਤਿੰਨ ਲੱਖ ਲੋਕ ਨਸ਼ੀਲੀਆਂ ਦਵਾਈਆਂ ਦੇ ਵਪਾਰ ਦੇ ਕਿਸੇ ਨਾ ਕਿਸੇ ਪਹਿਲੂ ਨਾਲ ਜੁੜ ਕੇ ਗੁਜ਼ਾਰਾ ਕਰ ਰਹੇ ਸਨ। ਇਕ ਬਦੇਸ਼ੀ ਬੈਂਕਰ ਨੇ ਟਿੱਪਣੀ ਕੀਤੀ, "ਹੁਣ ਬੋਲੀਵੀਆ ਦੀ ਆਰਥਿਕਤਾ ਕੋਕੇਨ ਨਾਲ ਨੱਥੀ ਹੈ।"[32]

ਸਦਮਾ ਇਲਾਜ ਤੋਂ ਤੁਰੰਤ ਬਾਅਦ, ਬੋਲੀਵੀਆ ਤੋਂ ਬਾਹਰ ਬਹੁਤ ਥੋੜ੍ਹੇ ਲੋਕ ਅਜਿਹੇ ਗੁੰਝਲਦਾਰ ਸਿੱਟਿਆਂ ਦੀ ਚਰਚਾ ਕਰਦੇ ਸਨ। ਉਹ ਤਾਂ ਬਹੁਤ ਹੀ ਸਿੱਧੀ ਜਹੀ ਕਹਾਣੀ ਪਾਉਂਦੇ ਸਨ : ਹਾਵਰਡ ਦੇ ਇਕ ਮੁੰਡੂ ਜਹੇ, ਹਿੰਮਤੀ ਪ੍ਰੋਫੈਸਰ ਦੀ ਕਹਾਣੀ। *ਥੌਸਤਨ ਮੈਗਜ਼ੀਨ* ਅਨੁਸਾਰ, ਉਸ ਇਕੱਲੇ ਨੇ "ਬੋਲੀਵੀਆ ਦੀ ਸਿੱਕੇ ਦੇ ਫੈਲਾਅ ਨਾਲ ਤਬਾਹ ਹੋਈ ਆਰਥਿਕਤਾ ਨੂੰ ਨਿਜਾਤ ਦਿਵਾ ਦਿੱਤੀ।"[33] ਸੈਚਸ ਨੇ ਸਿੱਕੇ ਦੇ ਫੈਲਾਅ 'ਤੇ ਫ਼ਤਹਿ ਹਾਸਲ ਕਰਨ 'ਚ ਜੋ ਸਹਾਇਤਾ ਕੀਤੀ ਉਹ ਬੋਲੀਵੀਆ ਨੂੰ ਖੁੱਲ੍ਹੀ ਮੰਡੀ ਦੀ ਸਫ਼ਲ ਮਿਸਾਲ ਸਾਬਤ ਕਰਨ ਲਈ ਕਾਫ਼ੀ ਸੀ। ਜਿਵੇਂ *ਦੀ ਇਕਨਾਮਿਸਟ* ਨੇ ਬਿਆਨ ਕੀਤਾ, ਇਹ "ਆਧੁਨਿਕ ਸਮਿਆਂ ਦੀ ਸਭ ਤੋਂ ਕਮਾਲ ਦੀ" ਕਾਮਯਾਬੀ ਹੈ।[34] "ਬੋਲੀਵੀਆ ਦੇ ਚਮਤਕਾਰ" ਨਾਲ ਸੈਚਸ ਦੀ ਤਾਕਤਵਰ ਵਿਤੀ ਹਲਕਿਆਂ 'ਚ ਸਿਤਾਰੇ ਵਾਲੀ ਪੈਂਠ ਬਣ ਗਈ ਅਤੇ ਇਸ ਨਾਲ ਸੰਕਟਗ੍ਰਸਤ ਅਰਥਚਾਰਿਆਂ ਦੇ ਮੋਹਰੀ ਮਾਹਰ ਵਜੋਂ

ਉਸ ਦੇ ਜੀਵਨ-ਪੰਧ ਦੀ ਸ਼ੁਰੂਆਤ ਹੋ ਗਈ। ਅਗਲੇ ਸਾਲਾਂ 'ਚ ਉਸ ਨੂੰ ਅਰਜਨਟਾਈਨਾ, ਪੀਰੂ, ਬਰਾਜ਼ੀਲ, ਐਕੁਆਡੋਰ ਅਤੇ ਵੈਨਜ਼ੂਏਲਾ ਭੇਜਿਆ ਜਾਵੇਗਾ।

ਸੈਚਸ ਦੀਆਂ ਤਾਰੀਫ਼ਾਂ ਦੇ ਪੁਲ ਸਿਰਫ਼ ਇਕ ਗਰੀਬ ਦੇਸ਼ ਦੇ ਸਿੱਕੇ ਦੇ ਫੈਲਾਅ 'ਤੇ ਫ਼ਤਹਿ ਹਾਸਲ ਕਰਨ ਬਾਰੇ ਹੀ ਨਹੀਂ ਬੰਨ੍ਹੇ ਜਾ ਰਹੇ ਸਨ। ਉਸ ਨੇ ਇਕ ਅਜਿਹੀ ਪ੍ਰਾਪਤੀ ਕਰ ਦਿਖਾਈ ਸੀ ਜਿਸ ਨੂੰ ਬਹੁਤ ਸਾਰੇ ਅਸੰਭਵ ਕਹਿੰਦੇ ਸਨ : ਉਹ ਜਮਹੂਰੀਅਤ ਦੇ ਦਾਇਰੇ ਅੰਦਰ ਰਹਿੰਦੇ ਹੋਏ ਅਤੇ ਜੰਗ ਤੋਂ ਬਗ਼ੈਰ ਹੀ ਤਿੱਖੀ ਨਵ-ਉਦਾਰਵਾਦੀ ਕਾਇਆਕਲਪ ਕਰਨ 'ਚ ਸਹਾਈ ਹੋਇਆ ਸੀ। ਇਹ ਤਬਦੀਲੀ ਥੈਚਰ ਜਾਂ ਰੀਗਨ ਵਲੋਂ ਕੀਤੀਆਂ ਕੋਸ਼ਿਸ਼ਾਂ ਨਾਲੋਂ ਕਿਤੇ ਵੱਧ ਹੂੰਝਾ-ਫੇਰੂ ਸੀ। ਸੈਚਸ ਨੂੰ ਆਪਣੀ ਪ੍ਰਾਪਤੀ ਦੀ ਇਤਿਹਾਸਕ ਮਹੱਤਤਾ ਦਾ ਭਲੀਭਾਂਤ ਪਤਾ ਸੀ। ਕਈ ਸਾਲ ਬਾਅਦ ਉਸ ਨੇ ਕਿਹਾ, "ਮੇਰੇ ਖ਼ਿਆਲ 'ਚ, ਬੋਲੀਵੀਆ ਸਚਮੁਚ ਜਮਹੂਰੀ ਸੁਧਾਰ ਅਤੇ ਸੰਸਥਾਗਤ ਆਰਥਕ ਤਬਦੀਲੀ ਦਾ ਪਲੇਠਾ ਸੁਮੇਲ ਸੀ। ਅਤੇ ਬੋਲੀਵੀਆ ਨੇ ਚਿੱਲੀ ਤੋਂ ਕਿਤੇ ਵੱਧ ਇਹ ਸਾਬਤ ਕੀਤਾ ਕਿ ਸਿਆਸੀ ਉਦਾਰੀਕਰਨ ਤੇ ਜਮਹੂਰੀਅਤ ਦਾ ਸੁਮੇਲ ਆਰਥਕ ਉਦਾਰੀਕਰਨ ਨਾਲ ਕੀਤਾ ਜਾ ਸਕਦਾ ਹੈ। ਇਹ ਸਮਾਂਤਰ ਕੰਮ ਕਰਨ ਵਾਲੇ ਅਤੇ ਇਕ ਦੂਜੇ ਨੂੰ ਮਜ਼ਬੂਤੀ ਬਖਸ਼ਣ ਵਾਲੇ ਦੋਵੇਂ ਤਰ੍ਹਾਂ ਦੇ ਸੁਧਾਰ ਕਰਨ ਵਾਲਿਆਂ ਲਈ ਬਹੁਤ ਹੀ ਅਹਿਮ ਸਬਕ ਹੈ।"[35]

ਉਸ ਵਲੋਂ ਚਿੱਲੀ ਨਾਲ ਤੁਲਨਾ ਇਤਫ਼ਾਕੀਆ ਨਹੀਂ ਸੀ। ਸੈਚਸ—ਜਾਂ ਜਿਵੇਂ *ਨਿਊ ਯਾਰਕ ਟਾਈਮਜ਼* ਨੇ ਉਸ ਬਾਰੇ ਕਿਹਾ, "ਜਮਹੂਰੀ ਸਰਮਾਏਦਾਰੀ ਦੇ ਮਹਾਨ ਪ੍ਰਚਾਰਕ"—ਦੀ ਬਦੌਲਤ ਸਦਮਾ ਇਲਾਜ ਨੇ ਓੜਕ ਤਾਨਾਸ਼ਾਹੀਆਂ ਅਤੇ ਕਤਲਗਾਹਾਂ ਦੀ ਸੜਿਆਂਦ ਤੋਂ ਖ਼ਲਾਸੀ ਕਰਵਾ ਦਿੱਤੀ ਜੋ ਓਦੋਂ ਤੋਂ ਜਮਹੂਰੀ ਸਰਮਾਏਦਾਰੀ ਨੂੰ ਚਿੰਬੜੀ ਹੋਈ ਸੀ ਜਦੋਂ ਫਰਾਇਡਮੈਨ ਨੇ ਇਕ ਦਹਾਕਾ ਪਹਿਲਾਂ ਸਾਂਤਿਆਗੋ ਦਾ ਹੋਣੀ ਭਰਪੂਰ ਦੌਰਾ ਕੀਤਾ ਸੀ।[36] ਆਲੋਚਕਾਂ ਦੇ ਦਾਅਵੇ ਦੇ ਉਲਟ, ਸੈਚਸ ਨੇ ਸਾਬਤ ਕੀਤਾ ਕਿ ਖੁੱਲ੍ਹੀ ਮੰਡੀ ਦਾ ਜਹਾਦ ਨਾ ਸਿਰਫ਼ ਬਰਕਰਾਰ ਰਹਿ ਸਕਦਾ ਹੈ ਸਗੋਂ ਹੁਣ ਦੁਨੀਆਂ 'ਤੇ ਛਾਏ ਜਮਹੂਰੀ ਉਭਾਰ ਉੱਪਰ ਵੀ ਸਵਾਰ ਹੋ ਸਕਦਾ ਹੈ। ਇਸ ਤਰ੍ਹਾਂ ਕੀਨਜ਼ ਦਾ ਪ੍ਰਸ਼ੰਸਕ ਅਤੇ ਵਿਕਾਸਸ਼ੀਲ ਦੁਨੀਆਂ ਦੀ ਦਸ਼ਾ ਸੁਧਾਰਨ ਦੀ ਨਿਰਸੰਕੋਚ ਆਦਰਸ਼ਵਾਦੀ ਵਚਨਬਧਤਾ ਵਾਲਾ ਸੈਚਸ ਖੁੱਲ੍ਹੀ ਮੰਡੀ ਦੇ ਜਹਾਦ ਨੂੰ ਇਸ ਵਧੇਰੇ ਦਿਆਲੂ ਅਤੇ ਵੱਧ ਸ਼ਾਂਤਮਈ ਦੌਰ 'ਚ ਲਿਜਾਣ ਵਾਲਾ ਸਹੀ ਬੰਦਾ ਸਾਬਤ ਹੋਇਆ।

ਬੋਲੀਵੀਆ ਦੀ ਖੱਬੀ ਧਿਰ ਪਾਜ਼ ਦੇ ਐਲਾਨ ਨੂੰ ਆਰਥਕ ਪਿਨੋਚੇਵਾਦ ਗਰਦਾਨ ਰਹੀ ਸੀ।[37] ਜਿੱਥੋਂ ਤੱਕ ਬੋਲੀਵੀਆ ਦੇ ਅਤੇ ਬਾਹਰਲੇ ਵਪਾਰਕ ਭਾਈਚਾਰਿਆਂ ਦਾ ਸਵਾਲ ਸੀ ਅਸਲ ਮੁੱਦਾ ਇਹੀ ਸੀ । ਬੋਲੀਵੀਆ 'ਚ ਪਿਨੋਚੇ ਤਰਜ਼ ਦਾ ਸਦਮਾ ਇਲਾਜ ਕਿਸੇ ਪਿਨੋਚੇ ਤੋਂ ਬਿਨਾ ਹੀ ਲਾਗੂ ਕਰ ਦਿੱਤਾ ਗਿਆ ਸੀ—ਇਹ ਵੀ ਛੋਟੀ ਗੱਲ ਨਹੀਂ ਸੀ ਕਿ ਇਹ ਮੱਧਮਾਰਗੀ-ਖੱਬੀ ਸਰਕਾਰ ਨੇ ਲਾਗੂ ਕੀਤਾ ਸੀ। ਜਿਵੇਂ ਬੋਲੀਵੀਆ ਦਾ ਇਕ ਬੈਂਕਰ ਹੈਰਾਨੀ ਨਾਲ ਕਹਿੰਦਾ ਹੈ, "ਪਿਨੋਚੇ ਨੇ ਜੋ ਸੰਗੀਨ ਨਾਲ ਕੀਤਾ, ਪਾਜ਼ ਨੇ ਉਹ ਜਮਹੂਰੀ ਪ੍ਰਬੰਧ ਅੰਦਰ ਕਰ ਦਿਖਾਇਆ।"[38]

ਬੋਲੀਵੀਆ ਦੇ ਚਮਤਕਾਰ ਦੀ ਬਾਤ ਅਖ਼ਬਾਰਾਂ ਅਤੇ ਰਸਾਲਿਆਂ ਦੇ ਲੇਖਾਂ, ਸੈਚਸ ਦੇ ਰੇਖਾ-ਚਿੱਤਰਾਂ, ਸੈਚਸ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਅਤੇ ਪੀ ਬੀ ਐੱਸ ਦੀ ਤਿੰਨ ਹਿੱਸਿਆਂ ਵਾਲੀ ਲੜੀਵਾਰ ਦਸਤਾਵੇਜ਼ੀ ਫਿਲਮ *ਕਮਾਂਡਿੰਗ ਹਾਈਟਸ : ਦੀ ਬੈਟਲ ਫਾਰ ਦੀ ਵਰਲਡ ਇਕਾਨਮੀ* ਵਰਗੀਆਂ ਦਸਤਾਵੇਜ਼ੀ ਪੇਸ਼ਕਾਰੀਆਂ ਵਿਚ ਵਾਰ-ਵਾਰ ਪਾਈ ਗਈ ਹੈ। ਇਨ੍ਹਾਂ ਵਿਚ ਇਕ ਵੱਡੀ ਸਮੱਸਿਆ ਹੈ : ਇਹ ਸੱਚ ਨਹੀਂ ਹਨ। ਬੋਲੀਵੀਆ ਨੇ ਇਹ ਸਾਬਤ ਕੀਤਾ ਹੈ ਕਿ ਸਦਮਾ ਇਲਾਜ ਉਸ ਦੇਸ਼ 'ਤੇ ਥੋਪਿਆ ਜਾ ਸਕਦਾ ਹੈ ਜਿੱਥੇ ਹੁਣੇ ਚੋਣਾਂ ਹੋਈਆਂ ਹੋਣ, ਪਰ

ਇਸ ਤੋਂ ਇਹ ਹਰਗਿਜ਼ ਸਾਬਤ ਨਹੀਂ ਹੋਇਆ ਕਿ ਇਸ ਨੂੰ ਜਮਹੂਰੀ ਤਰੀਕੇ ਨਾਲ ਜਾਂ ਜਬਰ ਤੋਂ ਬਗ਼ੈਰ ਥੋਪਿਆ ਜਾ ਸਕਦਾ ਹੈ। ਅਸਲ ਵਿਚ ਇਸ ਨੇ ਇਕ ਵਾਰ ਫੇਰ ਇਹ ਸਾਬਤ ਕਰ ਦਿੱਤਾ ਕਿ ਸਚਾਈ ਹਾਲੇ ਵੀ ਇਸ ਤੋਂ ਉਲਟ ਹੈ।

ਪਹਿਲੀ ਸਪਸ਼ਟ ਸਮੱਸਿਆ ਇਹ ਸੀ ਕਿ ਵੋਟਰਾਂ ਨੇ ਰਾਸ਼ਟਰਪਤੀ ਨੂੰ ਦੇਸ਼ ਦੇ ਸਮੁੱਚੇ ਆਰਥਕ ਢਾਂਚੇ ਨੂੰ ਦੁਬਾਰਾ ਘੜਨ ਦਾ ਫਤਵਾ ਨਹੀਂ ਦਿੱਤਾ ਸੀ। ਉਸ ਨੇ ਕੌਮਪ੍ਰਸਤ ਮੰਚ ਤੋਂ ਚੋਣ ਲੜੀ ਸੀ, ਜਿਸ ਨੂੰ ਉਸ ਨੇ ਗੁਪਤ ਸਮਝੌਤੇ ਸਮੇਂ ਅਚਾਨਕ ਤਿਲਾਂਜਲੀ ਦੇ ਦਿੱਤੀ। ਪਾਜ਼ ਨੇ ਜੋ ਕੁਝ ਕੀਤਾ ਸੀ ਇਸ ਬਾਰੇ ਕੁਝ ਸਾਲ ਬਾਅਦ ਖੁੱਲ੍ਹੀ ਮੰਡੀ ਪੱਖੀ ਪ੍ਰਸਿੱਧ ਅਰਥਸ਼ਾਸਤਰੀ ਜੌਹਨ ਵਿਲੀਅਮਸਨ ਨੇ ਇਕ ਨਵਾਂ ਲਕਬ ਵਰਤਿਆ ਸੀ : ਉਸ ਨੇ ਇਸ ਨੂੰ "ਸਿਆਸੀ ਜਾਦੂਗਰੀ" ਗਰਦਾਨਿਆ ਸੀ; ਬਹੁਤੇ ਲੋਕ ਸਾਧਾਰਨ ਤੌਰ 'ਤੇ ਇਸ ਨੂੰ ਮੱਕਾਰੀ ਕਹਿ ਦਿੰਦੇ ਹਨ।[39] ਜਮਹੂਰੀਅਤ ਦੀ ਵਿਥਿਆ ਦੀ ਕਿਸੇ ਵੀ ਤਰ੍ਹਾਂ ਇਹੀ ਸਮੱਸਿਆ ਨਹੀਂ ਹੈ।

ਜਿਵੇਂ ਪੇਸ਼ੀਨਗੋਈ ਕੀਤੀ ਗਈ ਸੀ, ਪਾਜ਼ ਨੂੰ ਵੋਟਾਂ ਪਾ ਕੇ ਜਿਤਾਉਣ ਵਾਲੇ ਬਹੁਤ ਸਾਰੇ ਵੋਟਰ ਇਹ ਵਿਸ਼ਵਾਸਘਾਤ ਦੇਖ ਕੇ ਰੋਹ 'ਚ ਆ ਗਏ। ਜਿਉਂ ਹੀ ਇਸ ਯੋਜਨਾ ਦਾ ਐਲਾਨ ਹੋਇਆ, ਲੱਖਾਂ ਲੋਕ ਇਸ ਨੂੰ ਰੋਕਣ ਲਈ ਸੜਕਾਂ 'ਤੇ ਆ ਗਏ। ਉਹ ਜਾਣਦੇ ਸਨ ਕਿ ਯੋਜਨਾ ਦਾ ਅਰਥ ਹੋਵੇਗਾ ਨੌਕਰੀਆਂ ਤੋਂ ਜਵਾਬ ਅਤੇ ਭੁੱਖਮਰੀ 'ਚ ਵਾਧਾ। ਮੁੱਖ ਵਿਰੋਧ ਦੇਸ਼ ਦੀ ਪ੍ਰਮੁੱਖ ਮਜ਼ਦੂਰ ਫੈੱਡਰੇਸ਼ਨ ਨੇ ਕੀਤਾ। ਇਸ ਨੇ ਆਮ ਹੜਤਾਲ ਦਾ ਸੱਦਾ ਦਿੱਤਾ ਜਿਸ ਨਾਲ ਸਨਅਤ ਦਾ ਕੰਮ ਠੱਪ ਹੋ ਗਿਆ। ਪਾਜ਼ ਨੇ ਇਸ ਬਾਰੇ ਜੋ ਪ੍ਰਤੀਕਰਮ ਦਿਖਾਇਆ ਉਸ ਤੋਂ ਜਾਪਦਾ ਸੀ ਕਿ ਥੈਚਰ ਵਲੋਂ ਖਾਣ ਮਜ਼ਦੂਰਾਂ ਨਾਲ ਕੀਤਾ ਸਲੂਕ ਵੀ ਫਿੱਕਾ ਪੈ ਗਿਆ ਹੈ। ਉਸ ਨੇ ਤੁਰੰਤ "ਹੰਗਾਮੀ ਹਾਲਤ" ਐਲਾਨ ਕਰ ਦਿੱਤੀ। ਰਾਜਧਾਨੀ 'ਚ ਕਰਫਿਊ ਲਾ ਦਿੱਤਾ ਗਿਆ, ਫ਼ੌਜ ਦੇ ਟੈਂਕ ਸੜਕਾਂ 'ਤੇ ਦਣਦਣਾਉਣ ਲੱਗੇ। ਬੋਲੀਵੀਆ ਦੇ ਨਾਗਰਿਕਾਂ ਨੂੰ ਹੁਣ ਆਪਣੇ ਹੀ ਦੇਸ਼ 'ਚ ਤੁਰਨ ਫਿਰਨ ਲਈ ਵਿਸ਼ੇਸ਼ ਪਾਸ ਲੈਣੇ ਲਾਜ਼ਮੀ ਹੋ ਗਏ ਸਨ। ਦੰਗਾ ਰੋਕੂ ਪੁਲਿਸ ਨੇ ਯੂਨੀਅਨ ਦਫ਼ਤਰਾਂ, ਯੂਨੀਵਰਸਿਟੀਆਂ ਅਤੇ ਇਕ ਰੇਡੀਓ ਸਟੇਸ਼ਨ ਅਤੇ ਨਾਲ ਹੀ ਅਨੇਕਾਂ ਫੈਕਟਰੀਆਂ 'ਚ ਛਾਪੇ ਮਾਰੇ। ਸਿਆਸੀ ਇਕੱਠਾਂ ਅਤੇ ਜਲੂਸਾਂ ਦੀ ਮਨਾਹੀ ਕਰ ਦਿੱਤੀ ਗਈ ਅਤੇ ਮੀਟਿੰਗਾਂ ਕਰਨ ਲਈ ਸਰਕਾਰੀ ਮਨਜ਼ੂਰੀ ਲੈਣੀ ਲਾਜ਼ਮੀ ਬਣਾ ਦਿੱਤੀ ਗਈ।[40] ਵਿਰੋਧੀ ਸਿਆਸਤ ਉਸੇ ਤਰ੍ਹਾਂ ਪਾਬੰਦੀਸ਼ੁਦਾ ਬਣਾ ਦਿੱਤੀ ਗਈ ਜਿਵੇਂ ਇਹ ਬੈਂਜ਼ਰ ਤਾਨਾਸ਼ਾਹੀ ਸਮੇਂ ਹੁੰਦੀ ਸੀ।

ਸੜਕਾਂ ਖਾਲੀ ਕਰਾਉਣ ਲਈ, ਪੁਲਿਸ ਨੇ ਪੰਦਰਾਂ ਸੌ ਮੁਜ਼ਾਹਰਾਕਾਰੀ ਹਿਰਾਸਤ 'ਚ ਲੈ ਲਏ, ਹਜੂਮਾਂ ਨੂੰ ਅੱਥਰੂ ਗੈਸ ਨਾਲ ਖਦੇੜ ਦਿੱਤਾ ਅਤੇ ਹੜਤਾਲ ਕਰਨ ਵਾਲਿਆਂ ਉੱਪਰ ਇਹ ਕਹਿ ਕੇ ਗੋਲੀ ਚਲਾਈ ਗਈ ਕਿ ਉਨ੍ਹਾਂ ਨੇ ਆਪਣੇ ਅਫ਼ਸਰਾਂ 'ਤੇ ਹਮਲਾ ਕੀਤਾ ਸੀ।[41] ਪਾਜ਼ ਨੇ ਰੋਸ ਮੁਜ਼ਾਹਰਿਆਂ ਨੂੰ ਪੱਕੀ ਠੱਲ ਪਾਉਣ ਲਈ ਹੋਰ ਵੀ ਉਪਾਅ ਕੀਤੇ। ਪਾਜ਼ ਨੇ ਭੁੱਖ ਹੜਤਾਲ 'ਤੇ ਬੈਠੇ ਮਜ਼ਦੂਰ ਫੈੱਡਰੇਸ਼ਨ ਦੇ ਆਗੂਆਂ ਉੱਪਰ ਪੁਲਿਸ ਅਤੇ ਫ਼ੌਜ ਦੇ ਕੱਟਕ ਚਾੜ੍ਹ ਕੇ ਦੇਸ਼ ਦੇ ਚੋਟੀ ਦੇ ਦੋ ਸੌ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ਾਂ 'ਚ ਲੱਦ ਕੇ ਦੂਰ ਅਮੇਜ਼ਨ ਦੀਆਂ ਜੇਲ੍ਹਾਂ 'ਚ ਲਿਜਾ ਕੇ ਡੱਕ ਦਿੱਤਾ ਗਿਆ।[42] *ਰਾਈਟਰਜ਼* ਅਨੁਸਾਰ ਨਜ਼ਰਬੰਦ ਕੀਤੇ ਆਗੂਆਂ 'ਚ "ਬੋਲੀਵੀਅਨ ਮਜ਼ਦੂਰ ਫੈੱਡਰੇਸ਼ਨ ਦੀ ਲੀਡਰਸ਼ਿਪ ਅਤੇ ਟਰੇਡ ਯੂਨੀਅਨਾਂ ਦੇ ਹੋਰ ਸੀਨੀਅਰ ਅਹੁਦੇਦਾਰ ਸ਼ਾਮਲ ਸਨ। ਇਨ੍ਹਾਂ ਨੂੰ "ਉੱਤਰੀ ਬੋਲੀਵੀਆ ਦੇ ਅਮੇਜ਼ਨ 'ਚ ਟਾਵੇਂ-ਟਾਵੇਂ ਵਸੇ ਪਿੰਡਾਂ 'ਚ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਜੂਹਬੰਦ ਕਰ ਦਿੱਤਾ ਗਿਆ।"[43] ਇਹ ਪੂਰੀ ਤਰ੍ਹਾਂ ਫਿਰੌਤੀ ਵਸੂਲਣ ਦੀ ਮੰਗ ਵਰਗਾ ਜਨਤਕ ਅਗਵਾ ਕਾਂਡ

ਸੀ : ਕੈਦੀਆਂ ਨੂੰ ਸਿਰਫ਼ ਤਦ ਹੀ ਰਿਹਾਅ ਕੀਤਾ ਜਾਵੇਗਾ ਜੇ ਯੂਨੀਅਨਾਂ ਰੋਸ-ਮੁਜ਼ਾਹਰੇ ਵਾਪਸ ਲੈਣਗੀਆਂ, ਆਖ਼ਿਰ ਉਨ੍ਹਾਂ ਨੇ ਇਹ ਸ਼ਰਤ ਮੰਨ ਲਈ। ਖਾਣ ਮਜ਼ਦੂਰ ਫਿਲਮੌਨ ਐਸਕੋਬਰ ਓਦੋਂ ਮੁਜ਼ਾਹਰਿਆਂ 'ਚ ਸਰਗਰਮ ਕਾਰਕੁਨ ਸੀ। ਹੁਣੇ ਜਹੇ ਮੇਰੀ ਟੈਲੀਫੋਨ ਉੱਪਰ ਬੋਲੀਵੀਆ 'ਚ ਉਸ ਨਾਲ ਗੱਲਬਾਤ ਹੋਈ, ਉਸ ਨੇ ਦੱਸਿਆ, "ਉਨ੍ਹਾਂ ਨੇ ਮਜ਼ਦੂਰ ਆਗੂਆਂ ਨੂੰ ਸੜਕਾਂ ਤੋਂ ਚੁੱਕ ਲਿਆ ਅਤੇ ਜੰਗਲ 'ਚ ਲੈ ਗਏ ਜਿੱਥੇ ਜਿਊਂਦਿਆਂ ਨੂੰ ਖਾ ਜਾਣ ਵਾਲੇ ਕੀੜਿਆਂ ਦੀ ਭਰਮਾਰ ਸੀ। ਜਦੋਂ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ, ਨਵੀਂ ਆਰਥਕ ਯੋਜਨਾ ਲਾਗੂ ਹੋ ਚੁੱਕੀ ਸੀ।" ਐਸਕੋਬਰ ਅਨੁਸਾਰ, "ਸਰਕਾਰ ਇਨ੍ਹਾਂ ਲੋਕਾਂ ਨੂੰ ਜੰਗਲ 'ਚ ਤਸੀਹੇ ਦੇਣ ਜਾਂ ਮਾਰਨ ਲਈ ਨਹੀਂ ਸੀ ਲੈ ਕੇ ਗਈ ਸਗੋਂ ਇਸ ਕਰਕੇ ਲੈ ਗਈ ਸੀ ਤਾਂ ਜੋ ਉਸ ਦੀ ਆਰਥਕ ਯੋਜਨਾ ਲਾਗੂ ਹੋ ਜਾਵੇ।"

ਇਹ ਵਿਸ਼ੇਸ਼ ਘੇਰਾਬੰਦੀ ਤਿੰਨ ਮਹੀਨੇ ਚਲਦੀ ਰਹੀ। ਕਿਉਂਕਿ ਸੌ ਦਿਨ 'ਚ ਯੋਜਨਾ ਲਾਗੂ ਕਰ ਦਿੱਤੀ ਗਈ ਸੀ, ਇਸ ਦਾ ਅਰਥ ਸੀ ਕਿ ਸਦਮਾ ਇਲਾਜ ਦੇ ਇਸ ਫ਼ੈਸਲਾਕੁਨ ਸਮੇਂ ਦੌਰਾਨ ਦੇਸ਼ ਘੇਰੇ ਹੇਠ ਰਿਹਾ ਸੀ। ਇਕ ਸਾਲ ਬਾਅਦ, ਜਦੋਂ ਪਾਜ਼ ਸਰਕਾਰ ਨੇ ਟਿਨ ਦੀਆਂ ਖਾਣਾਂ 'ਚ ਵਿਆਪਕ ਛਾਂਟੀ ਦੀ ਮੁਹਿੰਮ ਚਲਾਈ, ਯੂਨੀਅਨਾਂ ਇਕ ਵਾਰ ਫੇਰ ਸੜਕਾਂ 'ਤੇ ਆ ਨਿੱਕਲੀਆਂ ਅਤੇ ਨਾਟਕੀ ਘਟਨਾਵਾਂ ਦਾ ਉਹੀ ਸਿਲਸਿਲਾ ਮੁੜ ਦੁਹਰਾਇਆ ਗਿਆ : ਘੇਰਾਬੰਦੀ ਮੁੜ ਐਲਾਨ ਕਰ ਦਿੱਤੀ ਗਈ ਅਤੇ ਦੇਸ਼ ਦੇ ਇਕ ਸੌ ਚੋਟੀ ਦੇ ਮਜ਼ਦੂਰਾਂ ਆਗੂਆਂ ਨੂੰ ਬੋਲੀਵੀਆ ਦੀ ਹਵਾਈ ਫ਼ੌਜ ਦੇ ਦੋ ਜਹਾਜ਼ਾਂ 'ਚ ਲੱਦ ਕੇ ਦੇਸ਼ ਦੇ ਗਰਮ ਮੈਦਾਨੀ ਖੇਤਰ 'ਚ ਬਣਾਏ ਨਜ਼ਰਬੰਦੀ ਕੈਂਪਾਂ 'ਚ ਲਿਜਾਇਆ ਗਿਆ। ਇਸ ਵਾਰ, ਅਗਵਾ ਕੀਤੇ ਆਗੂਆਂ 'ਚ ਦੋ ਸਾਬਕਾ ਕਿਰਤ ਮੰਤਰੀ ਅਤੇ ਇਕ ਸਾਬਕਾ ਸੈਨੇਟਰ ਵੀ ਸ਼ਾਮਲ ਸਨ—ਇਸ ਤੋਂ ਦੱਖਣੀ ਚਿੱਲੀ 'ਚ ਪਿਨੋਚੇ ਦੀ "ਵੀ ਆਈ ਪੀ ਜੇਲ੍ਹ" ਯਾਦ ਆ ਜਾਂਦੀ ਹੈ ਜਿੱਥੇ ਔਰਲੈਂਡੋ ਲੇਤੇਲੀਅਰ ਨੂੰ ਲਿਜਾ ਕੇ ਬੰਦ ਕੀਤਾ ਗਿਆ ਸੀ। ਆਗੂਆਂ ਨੂੰ ਇੱਥੇ ਢਾਈ ਹਫ਼ਤਿਆਂ ਲਈ ਓਦੋਂ ਤੱਕ ਬੰਦੀ ਬਣਾ ਕੇ ਰੱਖਿਆ ਗਿਆ ਜਦੋਂ ਤੱਕ ਯੂਨੀਅਨਾਂ ਰੋਸ ਮੁਜ਼ਾਹਰੇ ਅਤੇ ਭੁੱਖ ਹੜਤਾਲਾਂ ਵਾਪਸ ਲੈਣ ਲਈ ਸਹਿਮਤ ਨਹੀਂ ਹੋ ਗਈਆਂ।[44]

ਇਹ ਇਕ ਤਰ੍ਹਾਂ ਦੀ ਫ਼ੌਜੀ ਹਕੂਮਤ ਹੀ ਸੀ। ਆਰਥਕ ਸਦਮਾ ਇਲਾਜ ਥੋਪਣ ਲਈ ਇਹ ਜ਼ਰੂਰੀ ਸੀ ਕਿ ਨਿਜ਼ਾਮ ਖ਼ਾਸ ਲੋਕਾਂ ਨੂੰ ਗਾਇਬ ਕਰ ਦੇਵੇ—ਚਾਹੇ ਇਹ ਵਕਤੀ ਹੀ ਸੀ। ਭਾਵੇਂ ਇਹ ਵਰਤਾਰਾ ਘੱਟ ਵਹਿਸ਼ੀ ਸੀ, ਫੇਰ ਵੀ ਇਸ ਨੇ ਸੱਤਰਵਿਆਂ ਵਾਲੇ ਮੰਤਵ ਦੀ ਪੂਰਤੀ ਹੀ ਕੀਤੀ। ਬੋਲੀਵੀਆ ਦੇ ਟਰੇਡ ਯੂਨੀਅਨ ਆਗੂਆਂ ਨੂੰ ਬੰਦੀ ਬਣਾ ਲਿਆ ਗਿਆ ਤਾਂ ਜੋ ਉਹ ਸੁਧਾਰਾਂ ਦਾ ਵਿਰੋਧ ਨਾ ਕਰ ਸਕਣ। ਇਸ ਨਾਲ ਸਮੁੱਚੇ ਮਜ਼ਦੂਰਾਂ ਦੀ ਆਰਥਕ ਤਬਾਹੀ ਦਾ ਰਾਹ ਪੱਧਰਾ ਹੋ ਗਿਆ; ਥੋੜ੍ਹੇ ਸਮੇਂ 'ਚ ਉਨ੍ਹਾਂ ਦੀਆਂ ਨੌਕਰੀਆਂ ਖੁਸ ਗਈਆਂ ਅਤੇ ਉਹ ਲਾ ਪਾਜ਼ ਦੇ ਚਾਰ-ਚੁਫੇਰੇ ਦੀਆਂ ਗਰੀਬ ਬਸਤੀਆਂ ਅਤੇ ਝੁੱਗੀਆਂ-ਝੌਂਪੜੀਆਂ 'ਚ ਗੁੰਮ ਹੋ ਗਏ।

ਸੈਚਸ ਬੋਲੀਵੀਆ 'ਚ ਕੀਨਜ਼ ਦੀ ਇਹ ਚੇਤਾਵਨੀ ਦੇਣ ਗਿਆ ਸੀ ਕਿ ਆਰਥਕ ਤਬਾਹੀ 'ਚੋਂ ਫਾਸ਼ੀਵਾਦ ਜਨਮ ਲੈਂਦਾ ਹੈ, ਪਰ ਉਸ ਨੇ ਉੱਥੇ ਜਾ ਕੇ ਜੋ ਮਸ਼ਵਰਾ ਦਿੱਤਾ ਉਹ ਐਨਾ ਕਸ਼ਟ ਦੇਣ ਵਾਲਾ ਸੀ ਕਿ ਇਸ ਨੂੰ ਲਾਗੂ ਕਰਨ ਲਈ ਨੀਮ-ਫਾਸ਼ੀ ਕਦਮਾਂ ਦੀ ਜ਼ਰੂਰਤ ਸੀ।

ਉਸ ਸਮੇਂ ਕੌਮਾਂਤਰੀ ਪ੍ਰੈੱਸ ਨੇ ਪਾਜ਼ ਸਰਕਾਰ ਦੇ ਹਮਲੇ ਦੀਆਂ ਖ਼ਬਰਾਂ ਛਾਪੀਆਂ, ਪਰ ਇਹ ਲਾਤੀਨੀ ਅਮਰੀਕਾ 'ਚ ਆਮ ਗੜਬੜ ਦੀ ਇਕ ਦੋ ਦਿਨ ਦਿੱਤੀ ਜਾਣ ਵਾਲੀ ਖ਼ਬਰ ਵਰਗੀ ਹੀ ਸੀ। ਪਰ ਜਦੋਂ ਬੋਲੀਵੀਆ 'ਚ "ਖੁੱਲ੍ਹੀ ਮੰਡੀ ਦੇ ਸੁਧਾਰਾਂ ਦੀ ਫ਼ਤਹਿ ਦੀ ਕਹਾਣੀ ਦੱਸਣ ਦਾ

ਵਕਤ ਆਇਆ ਤਾਂ ਇਨ੍ਹਾਂ ਘਟਨਾਵਾਂ ਨੂੰ ਬਿਰਤਾਂਤ 'ਚ ਸ਼ਾਮਲ ਨਹੀਂ ਕੀਤਾ ਗਿਆ (ਜ਼ਿਆਦਾਤਰ ਉਸੇ ਤਰ੍ਹਾਂ ਜਿਵੇਂ ਪਿਨੋਚੇ ਦੀ ਹਿੰਸਾ ਅਤੇ ਚਿੱਲੀ ਦੇ "ਆਰਥਕ ਚਮਤਕਾਰ" ਦੀ ਆਪਸੀ ਸਾਂਝ ਨੂੰ ਅਕਸਰ ਹੀ ਅਣਡਿੱਠ ਕਰ ਦਿੱਤਾ ਜਾਂਦਾ ਹੈ)। ਬੇਸ਼ੱਕ ਜੈਫਰੀ ਸੈਚਸ ਨੇ ਪੁਲਿਸ ਦੇ ਕੱਟਕ ਆਪ ਨਹੀਂ ਚਾੜ੍ਹੇ ਜਾਂ ਘੇਰਾਬੰਦੀ ਦਾ ਐਲਾਨ ਨਹੀਂ ਕੀਤਾ, ਪਰ ਉਹ ਆਪਣੀ ਕਿਤਾਬ *ਕੰਗਾਲੀ ਦਾ ਅੰਤ* ਦਾ ਇਕ ਕਾਂਡ ਸਿੱਕੇ ਦੇ ਫੈਲਾਅ ਉੱਪਰ ਬੋਲੀਵੀਆ ਦੀ ਜਿੱਤ ਨੂੰ ਸਮਰਪਿਤ ਕਰਦੇ ਸਮੇਂ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਤਾਂ ਖੁਸ਼ੀ ਮਹਿਸੂਸ ਕਰਦਾ ਹੈ, ਪਰ ਇਸ ਯੋਜਨਾ ਨੂੰ ਲਾਗੂ ਕਰਨ ਲਈ ਲਾਜ਼ਮੀ ਲੋੜੀਂਦੇ ਜਬਰ ਦਾ ਕੋਈ ਜ਼ਿਕਰ ਨਹੀਂ ਕਰਦਾ। ਇੱਥੇ ਪਹੁੰਚ ਕੇ ਉਹ ਇਸ ਤਰ੍ਹਾਂ ਅਸਿੱਧਾ ਜ਼ਿਕਰ ਕਰਦਾ ਹੈ "ਆਰਥਕ ਸਥਿਰਤਾ ਲਿਆਉਣ ਦੇ ਅਮਲ ਦੇ ਮੁੱਢਲੇ ਮਹੀਨਿਆਂ ਦੇ ਤਣਾਅ ਭਰੇ ਪਲ।"[45]

ਹੋਰ ਲਿਖਤਾਂ ਵਿਚ ਤਾਂ ਇਹ ਇਕਬਾਲ ਵੀ ਗਾਇਬ ਹੈ। ਗੋਨੀ ਨੇ ਤਾਂ ਇੱਥੋਂ ਤੱਕ ਦਾਅਵਾ ਕੀਤਾ ਕਿ "ਜਮਹੂਰੀਅਤ ਅੰਦਰ ਲੋਕਾਂ ਦੀਆਂ ਮਨੁੱਖੀਆਂ ਆਜ਼ਾਦੀਆਂ ਦੇ ਖ਼ਿਲਾਫ਼ ਜਾਏ ਬਗ਼ੈਰ, ਲੋਕਾਂ ਨੂੰ ਆਪਣੀ ਗੱਲ ਕਹਿਣ ਦਾ ਹੱਕ ਦੇ ਕੇ ਸਥਿਰਤਾ ਲਿਆਂਦੀ ਗਈ।"[46] ਇਕ ਘੱਟ ਆਦਰਸ਼ਕ ਜਾਇਜ਼ਾ ਪਾਜ਼ ਸਰਕਾਰ ਦੇ ਇਕ ਮੰਤਰੀ ਨੇ ਪੇਸ਼ ਕੀਤਾ, ਜਿਸ ਨੇ ਕਿਹਾ ਕਿ ਉਹ "ਤਾਨਾਸ਼ਾਹ ਸੂਰਾਂ ਵਾਂਗ ਪੇਸ਼ ਆਏ।"[47]

ਸ਼ਾਇਦ ਇਹ ਕੁਮੇਲ ਬੋਲੀਵੀਆ ਦੇ ਸਦਮਾ ਇਲਾਜ ਦੇ ਤਜਰਬੇ ਦੀ ਸਭ ਤੋਂ ਪਾਏਦਾਰ ਵਿਰਾਸਤ ਹੋਵੇ। ਬੋਲੀਵੀਆ ਨੇ ਦਿਖਾਇਆ ਕਿ ਕਸ਼ਟਦਾਇਕ ਸਦਮਾ ਇਲਾਜ ਨੂੰ ਲਾਗੂ ਕਰਦੇ ਵਕਤ ਸਮੱਸਿਆ ਖੜ੍ਹੀ ਕਰਨ ਵਾਲੇ ਸਮਾਜਿਕ ਸਮੂਹਾਂ ਅਤੇ ਜਮਹੂਰੀ ਸੰਸਥਾਵਾਂ ਉੱਪਰ ਸਦਮਾ ਦੇਣ ਵਾਲੇ ਹਮਲੇ ਕਰਨਾ ਹਾਲੇ ਵੀ ਜ਼ਰੂਰੀ ਸੀ। ਇਸ ਤੋਂ ਇਹ ਵੀ ਸਾਬਤ ਹੋ ਗਿਆ ਕਿ ਇਨ੍ਹਾਂ ਸ਼ਰੇਆਮ ਆਪਾਸ਼ਾਹ ਢੰਗਾਂ ਰਾਹੀਂ ਕਾਰਪੋਰੇਟਵਾਦੀ ਜਹਾਦ ਨੂੰ ਅੱਗੇ ਵਧਾਇਆ ਜਾ ਸਕਦਾ ਹੈ ਅਤੇ ਹਾਲੇ ਵੀ ਇਸ ਨੂੰ ਜਮਹੂਰੀ ਦੱਸ ਕੇ ਇਸ ਦੀ ਬੱਲੇ-ਬੱਲੇ ਕੀਤੀ ਜਾ ਸਕਦੀ ਹੈ ਕਿਉਂਕਿ ਚੋਣਾਂ ਅਜੇ ਹੋਈਆਂ ਹੀ ਸਨ। ਇਸ ਦੀ ਕੋਈ ਵੀ ਪ੍ਰਵਾਹ ਨਹੀਂ ਕੀਤੀ ਜਾਂਦੀ ਕਿ ਸਦਮਾ ਇਲਾਜ ਲਾਗੂ ਕੀਤੇ ਜਾਣ ਤੋਂ ਬਾਅਦ ਸ਼ਹਿਰੀ ਆਜ਼ਾਦੀਆਂ ਨੂੰ ਕਿੰਨੀ ਬੁਰੀ ਤਰ੍ਹਾਂ ਕੁਚਲਿਆ ਗਿਆ ਜਾਂ ਜਮਹੂਰੀ ਰੀਝਾਂ ਨੂੰ ਕਿੰਨੀ ਬੁਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਗਿਆ ਸੀ। (ਇਹ ਸਬਕ ਅਗਲੇ ਸਾਲਾਂ 'ਚ ਹੋਰ ਆਗੂਆਂ ਦੇ ਨਾਲ-ਨਾਲ ਰੂਸ ਦੇ ਬੋਰਿਸ ਯੈਲਤਸਿਨ ਦੇ ਖ਼ਾਸ ਤੌਰ 'ਤੇ ਕੰਮ ਆਇਆ। ਇਸ ਤਰੀਕੇ ਨਾਲ, ਬੋਲੀਵੀਆ ਨੇ ਨਵੀਂ ਕਿਸਮ ਦਾ, ਵੱਧ ਮਨਭਾਉਂਦੀ ਆਪਾਸ਼ਾਹੀ ਦਾ ਨਮੂਨਾ ਮੁਹੱਈਆ ਕੀਤਾ। ਇਕ ਸਿਵਲੀਅਨ ਰਾਜ ਪਲਟਾ, ਜਿਸ ਨੂੰ ਵਰਦੀਆਂ ਵਾਲੇ ਫ਼ੌਜੀਆਂ ਨੇ ਨਹੀਂ ਸਗੋਂ ਕਾਰੋਬਾਰੀ ਪਹਿਰਾਵੇ ਵਾਲੇ ਸਿਆਸਤਦਾਨਾਂ ਅਤੇ ਅਰਥਸ਼ਾਸਤਰੀਆਂ ਨੇ ਅੰਜਾਮ ਦਿੱਤਾ—ਇਸ ਦੀਆਂ ਸਾਰੀਆਂ ਪਰਤਾਂ ਜਮਹੂਰੀ ਨਿਜ਼ਾਮ ਦੇ ਸਰਕਾਰੀ ਖੋਲ ਦੇ ਅੰਦਰ ਹੀ ਉੱਧੜੀਆਂ ਸਨ।)

ਕਾਂਡ ਅੱਠਵਾਂ

ਸੰਕਟ ਨੇ ਅਸਰ ਦਿਖਾਇਆ

ਸਦਮਾ ਇਲਾਜ ਦਾ ਪੁਲੰਦਾ

> ਅੱਛਾ, ਮੇਰੇ ਸਿਰ ਨੂੰ ਤਬਾਹ ਕਰਨ ਅਤੇ ਮੇਰੀ ਯਾਦਦਾਸ਼ਤ, ਜੋ ਮੇਰੀ ਪੂੰਜੀ ਹੈ ਨੂੰ ਮਿਟਾਉਣ ਅਤੇ ਮੈਨੂੰ ਨਕਾਰਾ ਕਰਨ ਦੀ ਕੀ ਤੁਕ ਹੈ ? ਇਹ ਸ਼ਾਨਦਾਰ ਇਲਾਜ ਸੀ ਪਰ ਅਸੀਂ ਮਰੀਜ਼ ਗੁਆ ਲਿਆ।
>
> —ਅਰਨੈਸਟ ਹੈਮਿੰਗਵੇ, ਕਰੰਟ ਲਾ ਕੇ ਇਲਾਜ ਕੀਤੇ ਜਾਣ ਬਾਰੇ, ਖੁਦਕੁਸ਼ੀ ਕਰਨ ਤੋਂ ਥੋੜ੍ਹਾ ਪਹਿਲਾਂ, 1964[1]

ਜੈਫਰੀ ਸੈਚਸ ਲਈ ਪਹਿਲੇ ਕੌਮਾਂਤਰੀ ਮਾਅਰਕੇ ਦਾ ਸਬਕ ਇਹ ਸੀ ਕਿ ਸਿੱਕੇ ਦੇ ਫੈਲਾਅ ਨੂੰ ਢੁਕਵੇਂ ਕਰੜੇ ਅਤੇ ਜ਼ਬਰਦਸਤ ਕਦਮ ਚੁੱਕ ਕੇ ਸਚਮੁਚ ਠੱਲ ਪਾਈ ਜਾ ਸਕਦੀ ਹੈ। ਉਹ ਸਿੱਕੇ ਦੇ ਫੈਲਾਅ ਨੂੰ ਖ਼ਤਮ ਕਰਨ ਲਈ ਬੋਲੀਵੀਆ ਗਿਆ ਸੀ ਅਤੇ ਇਹ ਕੰਮ ਨੇਪਰੇ ਚਾੜ੍ਹ ਦਿੱਤਾ। ਮਾਮਲਾ ਠੱਪ ਹੋ ਗਿਆ।

ਵਾਸ਼ਿੰਗਟਨ ਦਾ ਇਕ ਬਹੁਤ ਹੀ ਅਸਰ-ਰਸੂਖ਼ ਵਾਲਾ ਸੱਜੇਪੱਖੀ ਅਰਥਸ਼ਾਸਤਰੀ ਅਤੇ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਦਾ ਅਹਿਮ ਸਲਾਹਕਾਰ ਜੌਹਨ ਵਿਲੀਅਮਸਨ ਸੈਚਸ ਦੇ ਤਜਰਬੇ ਨੂੰ ਨੀਝ ਨਾਲ ਦੇਖ ਰਿਹਾ ਸੀ ਅਤੇ ਬੋਲੀਵੀਆ ਦੇ ਤਜਰਬੇ 'ਚੋਂ ਉਸ ਨੇ ਵੱਧ ਮਹੱਤਤਾ ਵਾਲੀ ਸ਼ੈਅ ਖੋਜ ਲਈ। ਉਸ ਨੇ ਸਦਮਾ ਇਲਾਜ ਪ੍ਰੋਗਰਾਮ ਦੇ "ਮਹਾਂ ਵਿਸਫੋਟ" ਦੇ ਮੌਕੇ ਬਾਰੇ ਕਿਹਾ ਕਿ ਇਹ ਸ਼ਿਕਾਗੋ ਸਕੂਲ ਦੇ ਸਿਧਾਂਤ ਨੂੰ ਕੁਲ ਧਰਤੀ ਉੱਪਰ ਫੈਲਾਉਣ ਦੀ ਮੁਹਿੰਮ ਦਾ ਆਗਾਜ਼ ਹੈ।[2] ਇਸ ਵਜ੍ਹਾ ਦਾ ਅਰਥਸ਼ਾਸਤਰ ਨਾਲ ਲਾਗਾ-ਦੇਗਾ ਘੱਟ ਸੀ ਅਤੇ ਦਾਅਪੇਚਾਂ ਨਾਲ ਇਹ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ।

ਹੋ ਸਕਦਾ ਹੈ ਕਿ ਸੈਚਸ ਦਾ ਇਰਾਦਾ ਅਜਿਹਾ ਨਾ ਹੋਵੇ, ਪਰ ਉਸ ਨੇ ਪੂਰੀ ਤਰ੍ਹਾਂ ਹੈਰਾਨੀਜਨਕ ਤਰੀਕੇ ਨਾਲ ਇਹ ਸਾਬਤ ਕਰ ਦਿੱਤਾ ਸੀ ਕਿ ਸੰਕਟ ਬਾਰੇ ਫਰਾਇਡਮੈਨ ਦਾ ਸਿਧਾਂਤ ਪੂਰੀ ਤਰ੍ਹਾਂ ਦਰੁਸਤ ਹੈ। ਬੋਲੀਵੀਆ ਵਿਚ ਸਿੱਕੇ ਦੇ ਫੈਲਾਅ ਦੇ ਰੂਪ 'ਚ ਆਰਥਕ ਨਿਘਾਰ ਐਸਾ ਬਹਾਨਾ ਸੀ ਜੋ ਉਸ ਪ੍ਰੋਗਰਾਮ ਨੂੰ ਥੋਪਣ ਲਈ ਜ਼ਰੂਰੀ ਸੀ ਜੋ ਆਮ ਹਾਲਤ 'ਚ ਸਿਆਸੀ ਤੌਰ 'ਤੇ ਅਸੰਭਵ ਹੋਣਾ ਸੀ। ਇਹ ਤਕੜੀ, ਖਾੜਕੂ ਮਜ਼ਦੂਰ ਲਹਿਰ ਅਤੇ ਮਜ਼ਬੂਤ ਖੱਬੀ ਰਵਾਇਤ ਵਾਲਾ ਦੇਸ਼ ਸੀ, ਜੋ ਚੇ ਗਵੇਰਾ ਦੇ ਅੰਤਮ ਕਿਆਮ ਦਾ ਸਥਾਨ ਸੀ। ਇਸ ਦੇ ਬਾਵਜੂਦ, ਇਸ ਨੂੰ ਸਿੱਕੇ ਦੀ ਬੇਕਾਬੂ ਹਾਲਤ 'ਚ ਸਥਿਰਤਾ ਲਿਆਉਣ ਦੇ ਨਾਂ ਹੇਠ ਘਿਣਾਉਣਾ ਸਦਮਾ ਇਲਾਜ ਕਬੂਲ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਅੱਸੀਵਿਆਂ ਦੇ ਅੱਧ 'ਚ, ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਨਿਰੀਖਣ ਕੀਤਾ ਸੀ ਕਿ ਸਿੱਕੇ ਦੇ ਫੈਲਾਅ ਦੇ ਹਕੀਕੀ ਸੰਕਟ ਦਾ ਪ੍ਰਭਾਵ ਫ਼ੌਜੀ ਜੰਗ ਦੇ ਪ੍ਰਭਾਵਾਂ ਵਰਗਾ ਹੁੰਦਾ ਹੈ—ਜਿਸ ਨਾਲ ਡਰ ਅਤੇ ਘਚੋਲਾ ਫੈਲਦਾ ਹੈ, ਲੋਕ ਪਨਾਹਗੀਰ ਬਣ ਜਾਂਦੇ ਹਨ ਅਤੇ ਮਨੁੱਖੀ ਜ਼ਿੰਦਗੀ ਦਾ ਵੱਡਾ ਨੁਕਸਾਨ ਹੁੰਦਾ ਹੈ।[3] ਇਹ ਉੱਘੜਵੇਂ ਰੂਪ 'ਚ ਸਪਸ਼ਟ ਸੀ ਕਿ ਬੋਲੀਵੀਆ ਵਿਚ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨੇ ਉਸੇ ਤਰ੍ਹਾਂ ਦੀ ਭੂਮਿਕਾ ਨਿਭਾਈ ਜਿਵੇਂ ਪਿਨੋਚੇ ਦੀ "ਜੰਗ" ਨੇ

ਚਿੱਲੀ 'ਚ ਅਤੇ ਫਾਕਲੈਂਡ ਜੰਗ ਨੇ ਮਾਰਗਰੇਟ ਥੈਚਰ ਲਈ ਨਿਭਾਈ ਸੀ। ਇਸ ਨੇ ਹੰਗਾਮੀ ਉਪਾਵਾਂ ਲਈ ਮਾਹੌਲ ਬਣਾ ਦਿੱਤਾ ਸੀ, ਐਸੀ ਖ਼ਾਸ ਹਾਲਤ ਜਿਸ ਵਿਚ ਜਮਹੂਰੀਅਤ ਦੇ ਕਾਇਦੇ-ਕਾਨੂੰਨ ਮੁਅੱਤਲ ਕੀਤੇ ਜਾ ਸਕਦੇ ਸਨ ਅਤੇ ਆਰਥਕ ਕੰਟਰੋਲ ਆਰਜ਼ੀ ਤੌਰ 'ਤੇ ਗੋਨੀ ਦੇ ਮਹਿਲ 'ਚ ਬੈਠੀ ਮਾਹਰਾਂ ਦੀ ਟੀਮ ਨੂੰ ਸੌਂਪਿਆ ਜਾ ਸਕਦਾ ਸੀ। ਵਿਲੀਅਮਸਨ ਵਰਗੇ ਸ਼ਿਕਾਗੋ ਸਕੂਲ ਦੇ ਕੱਟੜ ਸਿਧਾਂਤਕਾਰਾਂ ਲਈ ਇਸ ਦਾ ਅਰਥ ਹੋਰ ਸੀ। ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੀ ਸਮੱਸਿਆ ਨੂੰ ਹੱਲ ਕਰਨ ਦਾ ਉਨ੍ਹਾਂ ਲਈ ਕੋਈ ਮਹੱਤਵ ਨਹੀਂ ਸੀ ਜਿਵੇਂ ਸੈਚਸ ਦਾ ਵਿਸ਼ਵਾਸ ਸੀ, ਸਗੋਂ ਇਹ ਤਾਂ ਉਨ੍ਹਾਂ ਲਈ ਸੁਨਹਿਰੀ ਮੌਕਾ ਸੀ ਜਿਸ ਨੂੰ ਖੁੰਝਾਉਣਾ ਨਹੀਂ ਚਾਹੀਦਾ।

ਅੱਸੀਵਿਆਂ 'ਚ ਐਸੇ ਮੌਕਿਆਂ ਦੀ ਕੋਈ ਘਾਟ ਨਹੀਂ ਸੀ। ਅਸਲ ਵਿਚ, ਜ਼ਿਆਦਾਤਰ ਵਿਕਾਸਸ਼ੀਲ ਦੁਨੀਆਂ, ਖ਼ਾਸ ਕਰਕੇ ਲਾਤੀਨੀ ਅਮਰੀਕਾ, ਇਸ ਮੌਕੇ ਸਿੱਕੇ ਦੇ ਫੈਲਾਅ ਦੀ ਲਪੇਟ 'ਚ ਆਈ ਹੋਈ ਸੀ। ਇਹ ਸੰਕਟ ਦੋ ਮੁੱਖ ਕਾਰਕਾਂ ਦਾ ਸਿੱਟਾ ਸੀ ਅਤੇ ਦੋਵਾਂ ਦੀਆਂ ਜੜ੍ਹਾਂ ਵਾਸ਼ਿੰਗਟਨ ਦੀਆਂ ਵਿਤੀ ਸੰਸਥਾਵਾਂ 'ਚ ਸਨ। ਪਹਿਲਾ ਕਾਰਕ ਸੀ ਤਾਨਾਸ਼ਾਹੀਆਂ ਸਮੇਂ ਚੜ੍ਹਿਆ ਨਜਾਇਜ਼ ਕਰਜਾ ਨਵੀਂਆਂ ਜਮਹੂਰੀਅਤਾਂ ਦੇ ਗਲ ਮੜ੍ਹਨ 'ਤੇ ਜ਼ੋਰ। ਦੂਜਾ ਸੀ ਅਮਰੀਕੀ ਫੈਡਰਲ ਰਿਜ਼ਰਵ ਵਲੋਂ ਵਿਆਜ ਦਰਾਂ ਵਧਾਏ ਜਾਣ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਜਿਸ ਨੂੰ ਪ੍ਰੇਰਤ ਕਰਨ ਵਾਲਾ ਫਰਾਇਡਮੈਨ ਸੀ। ਸਿੱਟੇ ਵਜੋਂ ਇਹ ਕਰਜੇ ਰਾਤੋ-ਰਾਤ ਵਿਆਪਕ ਪੱਧਰ 'ਤੇ ਵਧ ਗਏ।

ਘਿਣਾਉਣੇ ਕਰਜੇ ਗਲ ਮੜ੍ਹ ਦਿੱਤੇ ਗਏ

ਅਰਜਨਟਾਈਨਾ ਟਕਸਾਲੀ ਮਿਸਾਲ ਸੀ। ਜਦੋਂ 1983 'ਚ ਫਾਕਲੈਂਡ ਜੰਗ ਤੋਂ ਬਾਅਦ ਫ਼ੌਜੀ ਹਕੂਮਤ ਦਾ ਭੋਗ ਪੈ ਗਿਆ ਤਾਂ ਅਰਜਨਟਾਈਨੀ ਲੋਕਾਂ ਨੇ ਰਾਓਲ ਐਲਫੌਂਸਿਨ ਨੂੰ ਨਵਾਂ ਰਾਸ਼ਟਰਪਤੀ ਚੁਣ ਲਿਆ। ਨਵੇਂ ਨਵੇਂ ਆਜ਼ਾਦ ਹੋਏ ਦੇਸ਼ ਨਾਲ ਤਿਕੜਮਬਾਜ਼ੀ ਖੇਡ੍ਹ ਕੇ ਇਸ ਨੂੰ ਕਰਜੇ ਦੇ ਬਾਰੂਦੀ ਢੇਰ 'ਤੇ ਬੈਠਾ ਦਿੱਤਾ ਗਿਆ। ਵਾਸ਼ਿੰਗਟਨ ਨੇ ਜ਼ਿੱਦ ਕੀਤੀ ਕਿ ਨਵੀਂ ਸਰਕਾਰ ਉਹ ਕਰਜਾ ਦੇਣਾ ਮੰਨੇ ਜੋ ਫ਼ੌਜੀ ਜਰਨੈਲਾਂ ਨੇ ਲਿਆ ਸੀ। ਫ਼ੌਜੀ ਗੁੱਟ ਦੇ ਰਾਜ ਸਮੇਂ, ਅਰਜਨਟਾਈਨਾ ਦੇ ਬਦੇਸ਼ੀ ਕਰਜੇ 'ਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਸੀ। ਰਾਜ ਪਲਟੇ ਤੋਂ ਪਹਿਲਾਂ 7.9 ਅਰਬ ਡਾਲਰ ਕਰਜਾ ਸੀ ਪਰ ਜਦੋਂ ਫ਼ੌਜੀ ਗੁੱਟ ਨੇ ਸੱਤਾ ਛੱਡੀ ਤਾਂ ਕਰਜਾ 45 ਅਰਬ ਡਾਲਰ ਹੋ ਚੁੱਕਾ ਸੀ। ਇਹ ਕਰਜਾ ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ, ਅਮਰੀਕੀ ਬਰਾਮਦ-ਦਰਾਮਦ ਬੈਂਕ ਅਤੇ ਅਮਰੀਕਾ ਦੀਆਂ ਨਿੱਜੀ ਬੈਂਕਾਂ ਦਾ ਸੀ। ਪੂਰੇ ਖੇਤਰ 'ਚ ਇਹੀ ਹਾਲਤ ਸੀ। ਉਰੂਗੁਏ 'ਚ ਜਦੋਂ ਫ਼ੌਜੀ ਗੁੱਟ ਨੇ ਸੱਤਾ 'ਤੇ ਕਬਜ਼ਾ ਕੀਤਾ ਤਾਂ ਇਸ ਨੇ ਅੱਧਾ ਅਰਬ ਡਾਲਰ ਕਰਜਾ ਲਿਆ ਸੀ ਅਤੇ ਇਸ ਨੂੰ 5 ਅਰਬ ਡਾਲਰ ਤੱਕ ਪਹੁੰਚ ਦਿੱਤਾ ਗਿਆ। 30 ਲੱਖ ਵਸੋਂ ਵਾਲੇ ਦੇਸ਼ ਉੱਪਰ ਇਹ ਬਹੁਤ ਵੱਡਾ ਬੋਝ ਸੀ। ਬਰਾਜ਼ੀਲ ਦੀ ਮਿਸਾਲ ਸਭ ਤੋਂ ਨਾਟਕੀ ਹੈ। 1964 'ਚ ਫ਼ੌਜੀ ਜਰਨੈਲ ਹਾਲਤ ਨੂੰ ਕਾਬੂ ਹੇਠ ਲਿਆਉਣ ਦੇ ਵਾਅਦੇ ਨਾਲ ਸੱਤਾ 'ਚ ਆਏ ਸਨ। ਪਰ ਇਨ੍ਹਾਂ ਨੇ 3 ਅਰਬ ਡਾਲਰ ਦੇ ਕਰਜੇ ਨੂੰ 1985 'ਚ 103 ਅਰਬ ਡਾਲਰ 'ਤੇ ਪਹੁੰਚਾ ਦਿੱਤਾ।[4]

ਜਮਹੂਰੀ ਤਬਦੀਲੀਆਂ ਸਮੇਂ, ਇਖਲਾਕੀ ਅਤੇ ਕਾਨੂੰਨੀ ਦੋਵਾਂ ਪੱਖਾਂ ਤੋਂ ਇਹ ਜ਼ੋਰਦਾਰ ਦਲੀਲਾਂ ਦਿੱਤੀਆਂ ਗਈਆਂ ਕਿ ਇਹ ਕਰਜੇ "ਘਿਣਤ" ਹਨ ਅਤੇ ਨਵੇਂ ਮੁਕਤ ਹੋਏ ਲੋਕਾਂ ਨੂੰ ਉਹ ਕਰਜੇ ਦੇਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ ਜੋ ਉਨ੍ਹਾਂ ਉੱਤੇ ਜਬਰ ਕਰਨ ਅਤੇ ਤਸੀਹੇ ਦੇਣ ਵਾਲਿਆਂ ਨੇ ਲਏ ਸਨ। ਇਹ ਪੱਖ ਦੱਖਣੀ ਤਿਕੋਨ 'ਚ ਖ਼ਾਸ ਤੌਰ 'ਤੇ ਮਜ਼ਬੂਤ ਸੀ

ਕਿਉਂਕਿ ਇੱਥੇ ਜ਼ਿਆਦਾਤਰ ਬਦੇਸ਼ੀ ਕਰਜਾ ਤਾਨਾਸ਼ਾਹ ਰਾਜਾਂ ਸਮੇਂ ਸਿੱਧਾ ਫ਼ੌਜ ਅਤੇ ਪੁਲਿਸ ਨੂੰ ਬੰਦੂਕਾਂ, ਪਾਣੀ ਦੀਆਂ ਬੌਛਾੜਾਂ ਕਰਨ ਵਾਲੀਆਂ ਤੋਪਾਂ ਅਤੇ ਆਧੁਨਿਕ ਤਸੀਹਾ ਕੈਂਪਾਂ ਦੀ ਅਦਾਇਗੀ ਕਰਨ ਲਈ ਦਿੱਤਾ ਗਿਆ ਸੀ। ਮਿਸਾਲ ਵਜੋਂ, ਕਰਜ਼ਿਆਂ ਦੀ ਬਦੌਲਤ ਚਿੱਲੀ ਦਾ ਫ਼ੌਜੀ ਬਜਟ ਤਿਗੁਣਾ ਹੋ ਗਿਆ ਸੀ ਅਤੇ ਇਸ ਦੀ ਫ਼ੌਜ ਜੋ 1973 'ਚ ਸੰਤਾਲੀ ਹਜ਼ਾਰ ਸੀ 1980 ਵਿਚ ਪਚਾਸੀ ਹਜ਼ਾਰ ਹੋ ਗਈ ਸੀ। ਸੰਸਾਰ ਬੈਂਕ ਦਾ ਅੰਦਾਜ਼ਾ ਹੈ ਕਿ ਅਰਜਨਟਾਈਨੀ ਜਰਨੈਲਾਂ ਵਲੋਂ ਉਧਾਰ ਲਏ 10 ਅਰਬ ਡਾਲਰ ਫ਼ੌਜੀ ਸਾਜ਼-ਸਮਾਨ ਖਰੀਦਣ 'ਤੇ ਖਰਚੇ ਗਏ।[5]

ਜਿਹੜਾ ਹਿੱਸਾ ਹਥਿਆਰਾਂ ਉੱਪਰ ਖਰਚ ਨਹੀਂ ਕੀਤਾ ਗਿਆ ਉਹ ਜ਼ਿਆਦਾਤਰ ਉਂਵ ਹੀ ਡਕਾਰ ਲਿਆ ਗਿਆ। ਭ੍ਰਿਸ਼ਟਾਚਾਰੀ ਦਾ ਸੱਭਿਆਚਾਰ ਫ਼ੌਜੀ ਹਕੂਮਤਾਂ ਦੇ ਹੱਡੀਂ ਰਚ ਗਿਆ ਸੀ—ਇਹੀ ਬੇਲਗਾਮ ਆਰਥਕ ਨੀਤੀਆਂ ਰੂਸ, ਚੀਨ ਅਤੇ ਮਕਬੂਜ਼ਾ ਇਰਾਕ ਦੇ "ਮੁਕਤ ਫਰਾਡ ਖੇਤਰ" (ਜੇ ਇਕ ਅਸੰਤੁਸ਼ਟ ਅਮਰੀਕੀ ਸਲਾਹਕਾਰ ਦੇ ਲਫ਼ਜ਼ਾਂ 'ਚ ਕਹਿਣਾ ਹੋਵੇ) ਤੱਕ ਫੈਲਣ ਸਮੇਂ ਇਹ ਆਉਣ ਵਾਲੇ ਬਦਕਾਰੀ ਭਰੇ ਭਵਿੱਖ ਦੀ ਝਲਕ ਸੀ।[6] ਅਮਰੀਕੀ ਸੈਨੇਟ ਦੀ 2005 ਦੀ ਇਕ ਰਿਪੋਰਟ ਅਨੁਸਾਰ, ਪਿਨੋਚੇ ਦੇ ਘੱਟੋ ਘੱਟ 125 ਗੁਪਤ ਬਦੇਸ਼ੀ ਬੈਂਕ ਖਾਤੇ ਸਨ ਜੋ ਪਰਿਵਾਰ ਦੇ ਵੱਖ-ਵੱਖ ਮੈਂਬਰਾਂ ਅਤੇ ਉਸ ਦੇ ਆਪਣੇ ਨਾਂ 'ਤੇ ਸਾਂਝੇ ਖਾਤੇ ਸਨ। ਇਨ੍ਹਾਂ ਖਾਤਿਆਂ 'ਚ ਅੰਦਾਜ਼ਨ 2 ਕਰੋੜ 70 ਲੱਖ ਅਰਬ ਡਾਲਰ ਛੁਪਾਏ ਹੋਏ ਸਨ ਅਤੇ ਬਹੁਤੇ ਬਦਨਾਮ ਖਾਤੇ ਵਾਸ਼ਿੰਗਟਨ ਡੀ ਸੀ ਦੀ ਰਿਗਜ਼ ਬੈਂਕ ਦੇ ਸਨ।[7]

ਅਰਜਨਟਾਈਨਾ ਦੀ ਫ਼ੌਜੀ ਹਕੂਮਤ ਉੱਪਰ ਤਾਂ ਹੋਰ ਵੀ ਜ਼ਿਆਦਾ ਲੋਭੀ ਕਾਬਜ਼ ਸਨ। 1984 'ਚ ਅਰਜਨਟਾਈਨਾ 'ਚ ਆਰਥਕ ਪ੍ਰੋਗਰਾਮ ਦੇ ਰਚੇਤਾ ਜੋਸ ਮਾਰਤੀਨੇਜ਼ ਡੀ ਹੌਜ਼ ਨੂੰ ਇਕ ਐਸੀ ਕੰਪਨੀ ਨੂੰ ਵਿਆਪਕ ਸਰਕਾਰੀ ਸਬਸਿਡੀਆਂ ਦੇਣ ਸਬੰਧੀ ਧੋਖਾਧੜੀ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਦਾ ਉਹ ਆਪ ਹੀ ਮੁਖੀ ਸੀ।[8] ਇਹ ਮੁਕੱਦਮਾ ਬਾਅਦ 'ਚ ਖਾਰਜ ਕਰ ਦਿੱਤਾ ਗਿਆ। ਬਾਅਦ 'ਚ ਸੰਸਾਰ ਬੈਂਕ ਨੇ ਸੂਹ ਕੱਢ ਲਈ ਕਿ ਫ਼ੌਜੀ ਹਕੂਮਤ ਨੇ ਜੋ 35 ਅਰਬ ਡਾਲਰ ਬਦੇਸ਼ੀ ਕਰਜਾ ਲਿਆ ਸੀ ਉਹ ਕਿੱਥੇ ਗਿਆ ਸੀ। ਇਸ ਵਿਚੋਂ 19 ਅਰਬ ਡਾਲਰ—ਕੁਲ ਕਰਜੇ ਦਾ 54 ਫ਼ੀ ਸਦੀ—ਦੇਸ਼ 'ਚੋਂ ਬਾਹਰ ਭੇਜਿਆ ਗਿਆ ਸੀ।[9] ਸਵਿਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਕਰਜੇ ਦਾ ਵੱਡਾ ਹਿੱਸਾ ਇਸ ਦੇ ਗੁਪਤ ਖਾਤਿਆਂ 'ਚ ਜਮਾਂ ਹੋਇਆ ਸੀ। ਅਮਰੀਕੀ ਫੈਡਰਲ ਰਿਜ਼ਰਵ ਨੇ ਟਿੱਪਣੀ ਕੀਤੀ ਕਿ ਸਿਰਫ਼ 1980 'ਚ ਹੀ, ਅਰਜਨਟਾਈਨਾ ਦੇ ਕਰਜੇ 'ਚ 9 ਅਰਬ ਡਾਲਰ ਦਾ ਵਾਧਾ ਹੋ ਗਿਆ ਸੀ; ਇਸੇ ਸਾਲ ਅਰਜਨਟਾਈਨੀ ਨਾਗਰਿਕਾਂ ਵਲੋਂ ਬਾਹਰਲੇ ਬੈਂਕਾਂ 'ਚ ਜਮਾਂ ਕਰਾਈ ਗਈ ਰਕਮ 'ਚ 6.7 ਅਰਬ ਡਾਲਰ ਦਾ ਵਾਧਾ ਹੋਇਆ ਸੀ।[10] ਸ਼ਿਕਾਗੋ ਯੂਨੀਵਰਸਿਟੀ ਦੇ ਇਕ ਨਾਮੀ ਪ੍ਰੋਫੈਸਰ ਲੈਰੀ ਸਜਾਸਤਾਦ ਨੇ ਅਰਜਨਟਾਈਨਾ ਦੇ ਬਹੁਤ ਸਾਰੇ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਖ਼ੁਦ ਸਿਖਲਾਈ ਦਿੱਤੀ ਸੀ। ਉਸ ਨੇ ਵੀ ਇਨ੍ਹਾਂ ਗਾਇਬ ਹੋਏ ਅਰਬਾਂ ਡਾਲਰਾਂ (ਜੋ ਉਸ ਦੇ ਸ਼ਗਿਰਦਾਂ ਦੇ ਐਨ ਨੱਕ ਹੇਠ ਚੋਰੀ ਹੁੰਦੇ ਰਹੇ) ਨੂੰ "ਵੀਹਵੀਂ ਸਦੀ ਦੀ ਸਭ ਤੋਂ ਵੱਡੀ ਧੋਖਾਧੜੀ" ਕਿਹਾ ਹੈ।•[11]

ਫ਼ੌਜੀ ਗੁੱਟ ਦੇ ਗਬਨਕਾਰਾਂ ਨੇ ਤਾਂ ਇਨ੍ਹਾਂ ਜੁਰਮਾਂ 'ਚ ਤਸੀਹਿਆਂ ਦਾ ਸ਼ਿਕਾਰ ਬਣਾਏ ਜਾਂਦੇ ਵਿਅਕਤੀਆਂ ਨੂੰ ਵੀ ਸ਼ਾਮਲ ਕੀਤਾ ਹੋਇਆ ਸੀ। ਬਿਓਨਸ ਏਅਰੀਸ ਦੇ ਐਸਮਾ ਤਸੀਹਾ ਕੇਂਦਰ 'ਚ, ਭਾਸ਼ਾ ਦੇ ਵਧੀਆ ਮਾਹਰ ਜਾਂ ਯੂਨੀਵਰਸਿਟੀ ਪੱਧਰ 'ਤੇ ਪੜ੍ਹੇ ਕੈਦੀਆਂ ਨੂੰ ਉਨ੍ਹਾਂ ਦੀਆਂ

• ਉਸ ਵਕਤ ਇਹ ਸੱਚ ਹੋ ਸਕਦਾ ਹੈ, ਪਰ ਸਦੀ ਹਾਲੇ ਮੁੱਕੀ ਨਹੀਂ ਸੀ—ਰੂਸ 'ਚ ਸ਼ਿਕਾਗੋ ਵਾਲੇ ਸਿਧਾਂਤ ਦਾ ਤਜਰਬਾ ਹਾਲੇ ਕੀਤਾ ਜਾਣਾ ਸੀ।

ਕੋਠੜੀਆਂ ਵਿਚੋਂ ਬਾਕਾਇਦਾ ਬਾਹਰ ਲਿਜਾ ਕੇ ਜਾਬਰ ਉਨ੍ਹਾਂ ਤੋਂ ਮੁਨੀਮਾਂ ਦਾ ਕੰਮ ਲੈਂਦੇ ਸਨ। ਗਰੇਸਿਲਾ ਡੈਲੀਓ ਨਾਂ ਦੇ ਇਕ ਕੈਦੀ, ਜੋ ਕਤਲ ਤੋਂ ਬਚ ਗਿਆ, ਤੋਂ ਇਕ ਦਸਤਾਵੇਜ਼ ਟਾਈਪ ਕਰਵਾਇਆ ਗਿਆ ਜਿਸ ਵਿਚ ਗ਼ਬਨ ਕੀਤਾ ਜਾਂਦਾ ਪੈਸਾ ਬਦੇਸ਼ਾਂ 'ਚ ਭੇਜਣ ਦੇ ਅੱਡਿਆਂ ਬਾਰੇ ਅਧਿਕਾਰੀਆਂ ਨੂੰ ਮਸ਼ਵਰਾ ਦਿੱਤਾ ਗਿਆ ਸੀ।[12]

ਦੇਸ਼ ਦਾ ਬਾਕੀ ਕਰਜਾ ਜ਼ਿਆਦਾਤਰ ਵਿਆਜ ਦੀ ਅਦਾਇਗੀ ਕਰਨ ਅਤੇ ਨਿੱਜੀ ਕੰਪਨੀਆਂ ਨੂੰ ਬਚਾਉਣ ਲਈ ਖ਼ਰਚ ਕੀਤਾ ਗਿਆ ਸੀ। ਅਰਜਨਟਾਈਨਾ ਦੀ ਤਾਨਾਸ਼ਾਹੀ ਦਾ ਭੋਗ ਪੈਣ ਤੋਂ ਥੋੜ੍ਹਾ ਪਹਿਲਾਂ, 1982 'ਚ ਫ਼ੌਜੀ ਹਕੂਮਤ ਨੇ ਕਾਰਪੋਰੇਟ ਖੇਤਰ 'ਤੇ ਆਖ਼ਰੀ ਬਖ਼ਸ਼ਿਸ਼ ਕੀਤੀ। ਬਹੁ-ਕੌਮੀ ਕੰਪਨੀਆਂ ਨੇ ਚਿੱਲੀ ਦੇ ਮਗਰਮੱਛ ਸਰਮਾਏਦਾਰਾਂ ਵਾਂਗ ਵੱਡੇ ਵੱਡੇ ਕਰਜੇ ਲੈ ਕੇ ਦੀਵਾਲੀਆ ਹੋਣ ਦਾ ਐਲਾਨ ਕਰ ਦਿੱਤਾ। ਅਰਜਨਟਾਈਨਾ ਦੀ ਕੇਂਦਰੀ ਬੈਂਕ ਦੇ ਪ੍ਰਧਾਨ ਡੋਮਿੰਗੋ ਕੈਵੈਲੋ ਨੇ ਐਲਾਨ ਕੀਤਾ ਕਿ ਵੱਡੀਆਂ ਕੰਪਨੀਆਂ ਦੇ ਕਰਜੇ ਰਾਜ ਖ਼ੁਦ ਦੇਵੇਗਾ। ਇਸ ਜ਼ਬਰਦਸਤ ਇੰਤਜ਼ਾਮ ਦਾ ਅਰਥ ਸੀ ਕਿ ਇਹ ਕੰਪਨੀਆਂ ਅਸਾਸਿਆਂ ਅਤੇ ਮੁਨਾਫ਼ਿਆਂ ਦੀਆਂ ਮਾਲਕ ਬਣੀਆਂ ਰਹਿਣਗੀਆਂ ਪਰ ਇਨ੍ਹਾਂ ਦੇ 15-20 ਅਰਬ ਡਾਲਰ ਦੇ ਕਰਜੇ ਜਨਤਾ ਨੂੰ ਦੇਣੇ ਪੈਣਗੇ। ਸਰਕਾਰ ਦੀ ਦਰਿਆਦਿਲੀ ਦਾ ਲਾਹਾ ਲੈਣ ਵਾਲਿਆਂ 'ਚ ਫੋਰਡ ਮੋਟਰਜ਼ ਅਰਜਨਟਾਈਨਾ, ਚੇਜ਼ ਮੈਨਹਟਨ, ਸਿਟੀ ਬੈਂਕ, ਆਈ ਬੀ ਐੱਮ ਅਤੇ ਮਰਸਡੀਜ਼ ਬੈਂਜ਼ ਮੁੱਖ ਸਨ।[13]

ਇਨ੍ਹਾਂ, ਨਜਾਇਜ਼ ਕਰਜ਼ਿਆਂ ਦਾ ਪੱਖ ਲੈਣ ਵਾਲਿਆਂ ਨੇ ਦਲੀਲ ਦਿੱਤੀ ਕਿ ਕਰਜੇ ਦੇਣ ਵਾਲਿਆਂ ਨੂੰ ਪਤਾ ਸੀ, ਜਾਂ ਪਤਾ ਹੋਣਾ ਚਾਹੀਦਾ ਸੀ, ਕਿ ਇਹ ਪੈਸਾ ਜਬਰ ਅਤੇ ਭ੍ਰਿਸ਼ਟਾਚਾਰ 'ਚ ਖ਼ਰਚਿਆ ਜਾ ਰਿਹਾ ਹੈ। ਇਸ ਮਾਮਲਾ ਓਦੋਂ ਫਿਰ ਤੂਲ ਫੜ੍ਹ ਗਿਆ ਜਦੋਂ ਪਿੱਛੇ ਜਹੇ ਅਮਰੀਕੀ ਬਦੇਸ਼ ਵਿਭਾਗ ਨੇ, 7 ਅਕਤੂਬਰ 1976 ਨੂੰ ਬਦੇਸ਼ ਮੰਤਰੀ ਹੈਨਰੀ ਕਸਿੰਜਰ ਅਤੇ ਅਰਜਨਟਾਈਨਾ ਦੀ ਫ਼ੌਜੀ ਤਾਨਾਸ਼ਾਹੀ ਦੇ ਬਦੇਸ਼ ਮੰਤਰੀ ਐਡਮਿਰਲ ਸੀਜ਼ਰ ਆਗਸਤੋ ਗੁਜ਼ੈਤੀ ਦਰਮਿਆਨ ਹੋਈ ਮੀਟਿੰਗ ਦੀ ਕਾਰਵਾਈ ਜਨਤਕ ਕਰ ਦਿੱਤੀ। ਰਾਜ ਪਲਟੇ ਤੋਂ ਪਿੱਛੋਂ ਕੌਮਾਂਤਰੀ ਪੱਧਰ 'ਤੇ ਮਨੁੱਖੀ ਹੱਕਾਂ ਦੇ ਹੋ-ਹੱਲੇ ਦੀ ਚਰਚਾ ਕਰਨ ਤੋਂ ਬਾਅਦ ਕਸਿੰਜਰ ਨੇ ਕਿਹਾ, "ਦੇਖੋ, ਸਾਡਾ ਬੁਨਿਆਦੀ ਰਵੱਈਆ ਇਹ ਹੈ ਕਿ ਅਸੀਂ ਚਾਹਾਂਗੇ ਕਿ ਤੁਸੀਂ ਸਫ਼ਲ ਹੋਵੋ। ਮੇਰਾ ਪੁਰਾਣੇ ਜ਼ਮਾਨੇ ਵਾਲਾ ਵਿਚਾਰ ਹੈ ਕਿ ਮਿੱਤਰਾਂ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ।.....ਤੁਸੀਂ ਜਿੰਨੀ ਛੇਤੀ ਕਾਮਯਾਬ ਹੁੰਦੇ ਹੋ ਓਨਾ ਹੀ ਬਿਹਤਰ ਹੈ।" ਇਸ ਤੋਂ ਬਾਅਦ ਕਸਿੰਜਰ ਕਰਜੇ ਦੇ ਮੁੱਦੇ ਵੱਲ ਆ ਗਿਆ। ਉਸ ਨੇ ਗੁਜ਼ੈਤੀ ਨੂੰ ਵੱਧ ਤੋਂ ਵੱਧ ਸੰਭਵ ਬਦੇਸ਼ੀ ਸਹਾਇਤਾ ਲਈ ਛੇਤੀ ਤੋਂ ਛੇਤੀ ਦਰਖ਼ਾਸਤ ਦੇਣ ਲਈ ਪ੍ਰੇਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਅਰਜਨਟਾਈਨਾ ਦਾ "ਮਨੁੱਖੀ ਹੱਕਾਂ ਦਾ ਮਸਲਾ" ਅਮਰੀਕੀ ਪ੍ਰਸ਼ਾਸਨ ਦੇ ਹੱਥ ਨੂੜ ਦੇਵੇ ਉਸ ਨੂੰ ਦਰਖ਼ਾਸਤ ਦੇ ਦੇਣੀ ਚਾਹੀਦੀ ਹੈ। ਅੰਤਰ-ਅਮਰੀਕੀ ਵਿਕਾਸ ਬੈਂਕ ਦਾ ਜ਼ਿਕਰ ਕਰਦਿਆਂ ਕਸਿੰਜਰ ਨੇ ਆਖਿਆ "'ਇਹ ਬੈਂਕ ਦੋ ਤਰ੍ਹਾਂ ਦੇ ਕਰਜੇ ਦਿੰਦਾ ਹੈ। ਅਸੀਂ ਇਨ੍ਹਾਂ ਦੇ ਖ਼ਿਲਾਫ਼ ਨਹੀਂ ਹਾਂ। ਤੁਸੀਂ ਬਰਾਮਦ-ਦਰਾਮਦ ਬੈਂਕ ਦੀਆਂ ਦਰਖ਼ਾਸਤਾਂ ਦਾ ਅਮਲ ਅੱਗੇ ਤੋਰੋ। ਅਸੀਂ ਚਾਹਾਂਗੇ ਕਿ ਤੁਹਾਡਾ ਆਰਥਕ ਪ੍ਰੋਗਰਾਮ ਸਫ਼ਲ ਹੋਵੇ ਅਤੇ ਅਸੀਂ ਤੁਹਾਡੀ ਵੱਧ ਤੋਂ ਵੱਧ ਮਦਦ ਕਰਾਂਗੇ।"[14]

ਮੀਟਿੰਗ ਦੀ ਕਾਰਵਾਈ ਦਰਸਾਉਂਦੀ ਹੈ ਕਿ ਅਮਰੀਕੀ ਸਰਕਾਰ ਨੇ ਇਹ ਪਤਾ ਹੋਣ ਦੇ ਬਾਵਜੂਦ ਫ਼ੌਜੀ ਸਰਕਾਰ ਨੂੰ ਕਰਜੇ ਦਿੱਤੇ ਕਿ ਇਹ ਦਹਿਸ਼ਤ ਦੀ ਮੁਹਿੰਮ 'ਚ ਵਰਤੇ ਜਾ ਰਹੇ ਹਨ। ਅੱਸੀਵਿਆਂ ਦੇ ਸ਼ੁਰੂ 'ਚ, ਵਾਸ਼ਿੰਗਟਨ ਨੇ ਜ਼ੋਰ ਦਿੱਤਾ ਕਿ ਅਰਜਨਟਾਈਨਾ ਦੀ ਨਵੀਂ ਜਮਹੂਰੀ

ਸਰਕਾਰ ਇਹ ਘ੍ਰਿਣਤ ਕਰਜੇ ਵਾਪਸ ਕਰੇ।

ਕਰਜੇ ਦਾ ਸਦਮਾ

ਇਹ ਕਰਜੇ ਨਵੀਆਂ ਜਮਹੂਰੀਅਤਾਂ ਉੱਪਰ ਖ਼ੁਦ-ਬ-ਖ਼ੁਦ ਹੀ ਭਾਰੀ ਬੋਝ ਸਨ, ਪਰ ਇਹ ਬੋਝ ਛੇਤੀ ਹੀ ਬਹੁਤ ਜ਼ਿਆਦਾ ਭਾਰੀ ਹੋਣ ਵਾਲਾ ਸੀ। ਇਕ ਨਵੀਂ ਤਰ੍ਹਾਂ ਦੇ ਸਦਮੇ ਦੀਆਂ ਖ਼ਬਰਾਂ ਆ ਰਹੀਆਂ ਸਨ ਭਾਵ ਵੌਲਕਰ ਸਦਮਾ। ਅਰਥਸ਼ਾਸਤਰੀਆਂ ਨੇ ਇਹ ਲਫ਼ਜ਼ ਫੈਡਰਲ ਰਿਜ਼ਰਵ ਦੇ ਚੇਅਰਮੈਨ ਪਾਲ ਵੌਲਕਰ ਵਲੋਂ ਲਏ ਇਕ ਵਿਸ਼ੇਸ਼ ਫ਼ੈਸਲੇ ਦੇ ਅਸਰ ਨੂੰ ਬਿਆਨ ਕਰਨ ਲਈ ਓਦੋਂ ਇਸਤੇਮਾਲ ਕੀਤਾ ਜਦੋਂ ਉਸ ਨੇ ਅਮਰੀਕਾ 'ਚ ਵਿਆਜ ਦਰਾਂ ਨੂੰ ਨਾਟਕੀ ਢੰਗ ਨਾਲ ਵਧਾ ਦਿੱਤਾ। 1981 'ਚ ਇਹ ਵਾਧਾ ਆਪਣੇ ਸਿਖ਼ਰ 'ਤੇ ਸੀ ਜੋ 21 ਫ਼ੀ ਸਦੀ ਤੱਕ ਹੋ ਗਿਆ ਸੀ। ਅਤੇ ਇਹ ਅੱਸੀਵਿਆਂ ਦੇ ਅੱਧ ਤੱਕ ਬਰਕਰਾਰ ਰਿਹਾ।[15] ਵਿਆਜ ਦਰਾਂ ਵਧਾਏ ਜਾਣ ਦੇ ਸਿੱਟੇ ਵਜੋਂ, ਅਮਰੀਕਾ 'ਚ ਦੀਵਾਲੀਆ ਹੋਣ ਦਾ ਹੜ੍ਹ ਜਿਹਾ ਆ ਗਿਆ। ਜਿਨ੍ਹਾਂ ਲੋਕਾਂ ਨੇ ਜਾਇਦਾਦਾਂ ਗਹਿਣੇ ਧਰ ਕੇ ਕਰਜੇ ਲਏ ਸਨ 1983 'ਚ ਉਨ੍ਹਾਂ ਦੀ ਗਿਣਤੀ ਤਿਗੁਣੀ ਹੋ ਗਈ ਸੀ।[16]

ਪਰ ਸਭ ਤੋਂ ਵੱਧ ਕਸ਼ਟ ਅਮਰੀਕਾ ਤੋਂ ਬਾਹਰ ਮਹਿਸੂਸ ਹੋਇਆ। ਭਾਰੀ ਕਰਜਿਆਂ ਦੇ ਬੋਝ ਹੇਠ ਦਬੇ ਵਿਕਾਸਸ਼ੀਲ ਦੇਸ਼ਾਂ 'ਚ ਵੌਲਕਰ ਸਦਮਾ—ਜੋ "ਕਰਜਾ ਸਦਮਾ" ਜਾਂ "ਕਰਜਾ ਸੰਕਟ" ਵਜੋਂ ਵੀ ਮਸ਼ਹੂਰ ਹੋਇਆ—ਵਾਸ਼ਿੰਗਟਨ ਤੋਂ ਚਲਾਈ ਗਈ ਟੇਜਰ ਬੰਦੂਕ ਵਾਂਗ ਸੀ ਜਿਸ ਦੀ ਮਾਰ ਨਾਲ ਵਿਕਾਸਸ਼ੀਲ ਦੁਨੀਆਂ ਤੜਫਣ ਲੱਗ ਪਈ। ਵਿਆਜ ਦਰਾਂ ਬਹੁਤ ਜ਼ਿਆਦਾ ਵਧ ਜਾਣ ਦਾ ਭਾਵ ਸੀ ਬਦੇਸ਼ੀ ਕਰਜਿਆਂ ਦਾ ਵਿਆਜ ਬਹੁਤ ਜ਼ਿਆਦਾ ਦੇਣਾ ਪੈਣਾ ਸੀ। ਅਕਸਰ ਹੀ ਇਹ ਭਾਰੀ ਅਦਾਇਗੀਆਂ ਹੋਰ ਕਰਜੇ ਲੈ ਕੇ ਕੀਤੀਆਂ ਜਾਂਦੀਆਂ ਹਨ। ਕਰਜੇ 'ਚ ਵਾਧੇ ਦਾ ਗਰਾਫ਼ ਚੜ੍ਹਨਾ ਸ਼ੁਰੂ ਹੋ ਗਿਆ ਸੀ। ਅਰਜਨਟਾਈਨਾ ਪਹਿਲਾਂ ਹੀ ਫ਼ੌਜੀ ਹਕੂਮਤ ਵਲੋਂ ਚੜ੍ਹਾਏ 45 ਅਰਬ ਡਾਲਰ ਕਰਜੇ ਹੇਠ ਦਬਿਆ ਹੋਇਆ ਸੀ, ਇਹ 1989 'ਚ 65 ਅਰਬ ਡਾਲਰ ਤੱਕ ਜਾ ਪਹੁੰਚਿਆ। ਦੁਨੀਆਂ ਭਰ ਦੇ ਗਰੀਬ ਮੁਲਕਾਂ ਦੀ ਇਹੀ ਹਾਲਤ ਹੋ ਗਈ।[17] ਇਹ ਵੌਲਕਰ ਸਦਮੇ ਤੋਂ ਬਾਅਦ ਹੀ ਹੋਇਆ ਕਿ ਬਰਾਜ਼ੀਲ ਦਾ ਕਰਜਾ ਛੇ ਸਾਲਾਂ 'ਚ 50 ਅਰਬ ਡਾਲਰ ਤੋਂ ਵਧ ਕੇ 100 ਅਰਬ ਡਾਲਰ ਦੀ ਦੁੱਗਣੀ ਦੇਣਦਾਰੀ ਬਣ ਗਿਆ। ਜਿਨ੍ਹਾਂ ਬਹੁਤ ਸਾਰੇ ਅਫ਼ਰੀਕੀ ਦੇਸ਼ਾਂ ਨੇ ਸੱਤਰਵਿਆਂ 'ਚ ਭਾਰੀ ਕਰਜੇ ਲਏ ਸਨ, ਉਨ੍ਹਾਂ ਨੇ ਵੀ ਖ਼ੁਦ ਨੂੰ ਇਸੇ ਤਰ੍ਹਾਂ ਦੀ ਹਾਲਤ 'ਚ ਘਿਰੇ ਮਹਿਸੂਸ ਕੀਤਾ : ਮਿਸਾਲ ਵਜੋਂ ਇਸੇ ਸੰਖੇਪ ਸਮੇਂ 'ਚ ਨਾਈਜੀਰੀਆ ਦਾ ਕਰਜਾ 9 ਅਰਬ ਤੋਂ ਵਧ ਕੇ 29 ਅਰਬ ਡਾਲਰ ਹੋ ਗਿਆ ਸੀ।[18]

ਅੱਸੀਵਿਆਂ 'ਚ ਵਿਕਾਸਸ਼ੀਲ ਦੁਨੀਆਂ ਨੂੰ ਸਿਰਫ਼ ਇਨ੍ਹਾਂ ਆਰਥਕ ਸੱਟਾਂ ਦੀ ਮਾਰ ਹੀ ਨਹੀਂ ਸੀ ਪੈ ਰਹੀ। ਹਰ ਵਾਰ ਜਦੋਂ ਕੌਫੀ ਜਾਂ ਟਿਨ ਵਰਗੀ ਬਰਾਮਦਕਾਰੀ ਵਸਤੂ ਦਾ ਮੁੱਲ 10 ਫ਼ੀ ਸਦੀ ਜਾਂ ਵੱਧ ਡਿਗਦਾ ਹੈ ਤਾਂ "ਮੁੱਲ ਦੇ ਰੂਪ 'ਚ ਸਦਮਾ" ਲੱਗਦਾ ਹੀ ਹੈ। ਆਈ ਐੱਮ ਐੱਫ ਅਨੁਸਾਰ, ਵਿਕਾਸਸ਼ੀਲ ਦੇਸ਼ਾਂ ਨੂੰ 1981-83 ਦਰਮਿਆਨ ਅਜਿਹੇ 25 ਸਦਮੇ ਸਹਿਣੇ ਪਏ; 1984 ਤੋਂ 1987 ਦਾ ਸਮਾਂ ਕਰਜੇ ਦੇ ਸੰਕਟ ਦੀ ਸਿਖ਼ਰ ਸੀ, ਇਸ ਸਮੇਂ ਇਨ੍ਹਾਂ ਦੇਸ਼ਾਂ ਨੂੰ ਅਜਿਹੇ 140 ਸਦਮੇ ਸਹਿਣੇ ਪਏ ਜਿਸ ਨਾਲ ਇਹ ਹੋਰ ਭਾਰੀ ਕਰਜੇ ਹੇਠ ਦੱਬੇ ਗਏ। ਅਜਿਹਾ ਹੀ ਇਕ ਸਦਮਾ 1986 'ਚ ਬੋਲੀਵੀਆ ਨੂੰ ਲੱਗਿਆ ਸੀ, ਜਦੋਂ ਜੈਫਰੀ ਸੈਚਸ ਦੀ ਕੌੜੀ ਦਵਾਈ ਇਨ੍ਹਾਂ ਨੂੰ ਜਬਰੀ ਪਿਆਈ ਗਈ ਅਤੇ ਇੱਥੇ ਮੁਕੰਮਲ ਸਰਮਾਏਦਾਰਾ ਤਬਦੀਲੀ ਲਿਆਂਦੀ ਗਈ। ਉਸ

ਤੋਂ ਇਕ ਸਾਲ ਬਾਅਦ ਟਿਨ ਦਾ ਮੁੱਲ, ਜੋ ਕੋਕਾ ਤੋਂ ਇਲਾਵਾ ਬੋਲੀਵੀਆ ਦੀ ਦੂਜੀ ਵੱਡੀ ਬਰਾਮਦਕਾਰੀ ਵਸਤੂ ਸੀ, 55 ਫ਼ੀ ਸਦੀ ਘਟ ਗਿਆ ਅਤੇ ਬਿਨਾ ਕਸੂਰੋਂ ਦੇਸ਼ ਦੀ ਆਰਥਿਕਤਾ ਤਬਾਹ ਹੋ ਗਈ। (ਇਹ ਕੱਚੇ ਬਰਾਮਦਕਾਰੀ ਮਾਲ ਉੱਪਰ ਐਨ ਉਸੇ ਤਰ੍ਹਾਂ ਦੀ ਨਿਰਭਰਤਾ ਸੀ ਜਿਸ ਤੋਂ ਪੰਜਾਹਵਿਆਂ ਅਤੇ ਸੱਠਵਿਆਂ 'ਚ ਵਿਕਾਸਸ਼ੀਲ ਅਰਥਚਾਰੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰ ਰਹੇ ਸਨ—ਉੱਤਰੀ ਅਮਰੀਕਾ ਦੀ ਆਰਥਕ ਸਥਾਪਤੀ ਨੇ ਉਨ੍ਹਾਂ ਦੀ ਇਸ ਸੋਚ ਨੂੰ "ਗੰਧਲੀ" ਸੋਚ ਕਹਿਕੇ ਰੱਦ ਕਰ ਦਿੱਤਾ ਸੀ।)

ਐਨ ਇਸੇ ਮੌਕੇ ਫਰਾਇਡਮੈਨ ਦਾ ਸੰਕਟ ਸਿਧਾਂਤ ਖ਼ੁਦ-ਬਖ਼ੁਦ ਹੀ ਲਾਗੂ ਹੋ ਗਿਆ। ਆਲਮੀ ਆਰਥਿਕਤਾ ਜਿੰਨੀ ਵਧੇਰੇ ਉਸ ਦੇ ਮਸ਼ਵਰਿਆਂ 'ਤੇ ਅਮਲ ਕਰਦੀ ਗਈ, ਜਿਵੇਂ ਵਿਆਜ ਦਰਾਂ ਵਧਾਉਣਾ, ਕੀਮਤਾਂ ਤੋਂ ਕੰਟਰੋਲ ਹਟਾਉਣਾ, ਅਤੇ ਅਰਥਚਾਰਿਆਂ ਨੂੰ ਬਰਾਮਦਮੁਖੀ ਬਣਾਉਣਾ, ਆਰਥਕ ਪ੍ਰਬੰਧ ਓਨਾ ਹੀ ਵਧੇਰੇ ਸੰਕਟਗ੍ਰਸਤ ਹੁੰਦਾ ਗਿਆ। ਇਸ ਨਾਲ ਅਸਾਸਿਆਂ ਦੇ ਮੁੱਲ 'ਚ ਐਨ ਉਸੇ ਤਰ੍ਹਾਂ ਦੀ ਗਿਰਾਵਟ ਆਉਂਦੀ ਗਈ ਜਿਸ ਬਾਰੇ ਫਰਾਇਡਮੈਨ ਨੇ ਕਿਹਾ ਸੀ ਕਿ ਸਿਰਫ਼ ਇਸ ਤਰ੍ਹਾਂ ਦੇ ਹਾਲਾਤ 'ਚ ਹੀ ਸਰਕਾਰਾਂ ਉਸ ਦੀ ਵੱਧ ਤਿੱਖੀ ਸਲਾਹ ਮੰਨਣ ਲਈ ਮਜਬੂਰ ਹੋਣਗੀਆਂ।

ਇਸ ਤਰੀਕੇ ਨਾਲ, ਸੰਕਟ ਨੂੰ ਸ਼ਿਕਾਗੋ ਸਕੂਲ ਦੇ ਮਾਡਲ 'ਚ ਢਾਲਿਆ ਜਾਂਦਾ ਹੈ। ਜਦੋਂ ਤੇਜ਼ ਰਫ਼ਤਾਰ ਨਾਲ ਧਰਤੀ 'ਤੇ ਵਿਚਰਨ ਲਈ ਅਸੀਮ ਸਰਮਾਏ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਜਾਂਦੀਆਂ ਹਨ, ਅਤੇ ਸੱਟੇਬਾਜ਼ ਕੋਕੋਆ ਤੋਂ ਲੈ ਕੇ ਮੁਦਰਾ ਤੱਕ ਹਰ ਚੀਜ਼ ਦਾ ਮੁੱਲ ਤੈਅ ਕਰਨ ਦੇ ਸਮਰੱਥ ਬਣ ਜਾਂਦੇ ਹਨ ਤਾਂ ਇਸ ਦਾ ਸਿੱਟਾ ਬਹੁਤ ਜ਼ਿਆਦਾ ਅਸਥਿਰਤਾ 'ਚ ਨਿਕਲਦਾ ਹੈ। ਅਤੇ ਕਿਉਂਕਿ ਮੁਕਤ ਵਪਾਰ ਦੀਆਂ ਨੀਤੀਆਂ ਗਰੀਬ ਦੇਸ਼ਾਂ ਨੂੰ ਕੌਫੀ, ਤਾਂਬਾ, ਤੇਲ ਜਾਂ ਅਨਾਜ ਵਰਗੇ ਕੱਚੇ ਮਾਲ ਦੀ ਬਰਾਮਦ ਉੱਪਰ ਨਿਰਭਰਤਾ ਬਣਾਈ ਰੱਖਣ ਲਈ ਉਤਸ਼ਾਹਤ ਕਰਦੀਆਂ ਹਨ, ਇਸ ਕਾਰਨ ਲਗਾਤਾਰ ਸੰਕਟ ਦੇ ਗਧੀ-ਗੇੜ 'ਚ ਫਸੇ ਰਹਿਣਾ ਉਨ੍ਹਾਂ ਦੀ ਖ਼ਾਸ ਕਮਜ਼ੋਰੀ ਬਣ ਜਾਦੀ ਹੈ। ਕੌਫੀ ਦੇ ਮੁੱਲ 'ਚ ਅਚਾਨਕ ਗਿਰਾਵਟ ਨਾਲ ਪੂਰੇ ਦੇ ਪੂਰੇ ਅਰਥਚਾਰੇ ਮੰਦਵਾੜੇ ਦੀ ਲਪੇਟ 'ਚ ਆ ਜਾਂਦੇ ਹਨ। ਮੁਦਰਾ ਦੇ ਤਾਜਰ ਦੇਸ਼ ਦੀ ਵਿਤੀ ਗਿਰਾਵਟ ਦੇਖ ਕੇ ਇਸ ਦੇ ਸਿੱਕੇ ਨੂੰ ਦਾਅ 'ਤੇ ਲਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਦੀ ਕਦਰ ਹੋਰ ਘਟ ਜਾਂਦੀ ਹੈ ਅਤੇ ਆਰਥਕ ਮੰਦਵਾੜਾ ਹੋਰ ਡੂੰਘਾ ਹੋ ਜਾਂਦਾ ਹੈ। ਜਦੋਂ ਇਸ 'ਚ ਵਿਆਜ ਦਰਾਂ ਦਾ ਵਾਧਾ ਵੀ ਜੁੜ ਜਾਂਦਾ ਹੈ ਅਤੇ ਦੇਸ਼ ਦੇ ਕਰਜੇ ਰਾਤੋ ਰਾਤ ਵਧ ਜਾਂਦੇ ਹਨ ਤਾਂ ਸੰਭਾਵੀ ਆਰਥਕ ਤਬਾਹੀ ਦਾ ਨੁਸਖ਼ਾ ਤੁਹਾਡੇ ਹੱਥ ਫੜਾ ਦਿੱਤਾ ਜਾਂਦਾ ਹੈ।

ਸ਼ਿਕਾਗੋ ਸਕੂਲ ਦੇ ਧਾਰਨੀ ਅੱਸੀਵਿਆਂ ਦੇ ਅੱਧ ਤੋਂ ਅਗਾਂਹ ਦੇ ਦੌਰ ਨੂੰ ਆਪਣੀ ਵਿਚਾਰਧਾਰਾ ਦੀ ਨਿਰਵਿਘਨ ਅਤੇ ਜੇਤੂ ਪੇਸ਼ਕਦਮੀ ਬਣਾ ਕੇ ਪੇਸ਼ ਕਰਦੇ ਹਨ : ਇਸੇ ਵਕਤ ਇਹ ਦੇਸ਼ ਜਮਹੂਰੀਅਤ ਦੀ ਲਹਿਰ 'ਚ ਵੀ ਸ਼ਾਮਲ ਹੋ ਰਹੇ ਸਨ। ਇਨ੍ਹਾਂ ਸਾਰਿਆਂ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਆਜ਼ਾਦ ਲੋਕ ਅਤੇ ਬੇਰੋਕ-ਟੋਕ ਖੁੱਲ੍ਹੀਆਂ ਮੰਡੀਆਂ ਜੋਟੀ ਪਾ ਕੇ ਚੱਲ ਸਕਦੇ ਹਨ। ਇਹ ਹਮੇਸ਼ਾ ਭਰਮ ਹੀ ਸਾਬਤ ਹੋਇਆ। ਅਮਲ ਵਿਚ ਹੋਇਆ ਇਹ ਕਿ ਜਦੋਂ ਆਖ਼ਿਰ ਇਨ੍ਹਾਂ ਦੇਸ਼ਾਂ ਦੇ ਲੋਕ ਆਜ਼ਾਦੀ ਲੈਣ 'ਚ ਕਾਮਯਾਬ ਹੋ ਗਏ ਜਿਸ ਤੋਂ ਉਨ੍ਹਾਂ ਨੂੰ ਵਾਂਝੇ ਰੱਖਿਆ ਹੋਇਆ ਸੀ, ਜਦੋਂ ਉਨ੍ਹਾਂ ਦਾ ਫਿਲਪਾਈਨਜ਼ ਦੇ ਮਾਰਕੋਸ ਅਤੇ ਉਰੂਗੁਏ ਦੇ ਜੂਆਨ ਮਾਰੀਆ ਬੋਰਦਾਬੇਰੀ ਵਰਗਿਆਂ ਦੀ ਤਾਨਾਸ਼ਾਹੀ ਦੇ ਬੁੱਚੜਖ਼ਾਨਿਆਂ ਦੇ ਸੰਤਾਪ ਤੋਂ ਖਹਿੜਾ ਛੁੱਟ ਗਿਆ, ਓਦੋਂ ਹੀ ਉਨ੍ਹਾਂ ਉੱਪਰ ਵਿਤੀ ਸਦਮਿਆਂ—ਕਰਜੇ, ਕੀਮਤਾਂ ਅਤੇ ਮੁਦਰਾ ਦੇ ਸਦਮੇ—ਦੀ

ਬਿਜ ਆ ਪਈ ਜੋ ਵਧ ਰਹੀ ਅਸਥਿਰਤਾ ਅਤੇ ਕੰਟਰੋਲ ਮੁਕਤ ਆਲਮੀ ਆਰਥਿਕਤਾ ਦੇ ਪੈਦਾ ਕੀਤੇ ਹੋਏ ਸਨ।

ਇਹ ਹੋਰ ਸਾਰੇ ਸਦਮੇ ਕਿਵੇਂ ਕਰਜੇ ਦੇ ਸੰਕਟ ਨੂੰ ਵਧਾਉਂਦੇ ਹਨ, ਬਦਕਿਸਮਤੀ ਨਾਲ ਅਰਜਨਟਾਈਨਾ ਦਾ ਤਜਰਬਾ ਇਸ ਦੀ ਮਿਸਾਲ ਹੈ। ਰਾਓਲ ਅਲਫੌਂਸਿਨ ਨੇ 1983 'ਚ ਵੌਲਕਰ ਸਦਮੇ ਸਮੇਂ ਦੇਸ਼ ਦੀ ਵਾਗਡੋਰ ਸੰਭਾਲੀ, ਇਸ ਕਾਰਨ ਪਹਿਲੇ ਦਿਨ ਤੋਂ ਹੀ ਨਵੀਂ ਸਰਕਾਰ ਦਾ ਸੰਕਟ ਨਾਲ ਵਾਹ ਪੈ ਗਿਆ। 1985 'ਚ ਸਿੱਕੇ ਦੇ ਫੈਲਾਅ ਦੀ ਹਾਲਤ ਐਨੀ ਮਾੜੀ ਸੀ ਕਿ ਅਲਫੌਂਸਿਨ ਨਵਾਂ ਸਿੱਕਾ *ਓਸਤਰਲ* ਜਾਰੀ ਕਰਨ ਲਈ ਮਜਬੂਰ ਹੋ ਗਿਆ। ਉਸ ਨੇ ਇਹ ਸੋਚ ਕੇ ਜ਼ੋਖ਼ਮ ਉਠਾਇਆ ਕਿ ਨਵੇਂ ਸਿੱਕੇ ਨਾਲ ਉਹ ਸਿੱਕੇ ਦੇ ਫੈਲਾਅ 'ਤੇ ਕਾਬੂ ਪਾ ਲਵੇਗਾ। ਚਾਰ ਸਾਲ ਦੇ ਅੰਦਰ ਭਾਅ ਐਨੇ ਵਧ ਗਏ ਕਿ ਖਾਣਾ ਹਾਸਲ ਕਰਨ ਲਈ ਵਿਆਪਕ ਦੰਗੇ ਭੜਕ ਉੱਠੇ ਅਤੇ ਅਰਜਨਟਾਈਨਾ ਦੇ ਰੇਸਤਰਾਂ ਸਿੱਕੇ ਨੂੰ ਕੰਧਾਂ ਉੱਪਰ ਸਜਾਵਟੀ ਕਾਗਜ਼ ਦੀ ਥਾਂ ਵਰਤਣ ਲੱਗ ਪਏ ਕਿਉਂਕਿ ਇਹ ਕਾਗਜ਼ ਨਾਲੋਂ ਸਸਤਾ ਪੈਂਦਾ ਸੀ। 1989 ਦੇ ਜੂਨ ਮਹੀਨੇ 'ਚ ਹੀ ਸਿੱਕੇ ਦਾ ਫੈਲਾਅ 203 ਫ਼ੀ ਸਦੀ ਤੱਕ ਜਾ ਪਹੁੰਚਿਆ। ਇਹ ਦੇਖ ਕੇ ਇਸੇ ਮਹੀਨੇ ਅਲਫੌਂਸਿਨ ਨੇ ਆਪਣਾ ਕਾਰਜ-ਕਾਲ ਖ਼ਤਮ ਹੋਣ ਤੋਂ ਪੰਜ ਮਹੀਨੇ ਪਹਿਲਾਂ ਹੀ ਹੱਥ ਖੜ੍ਹੇ ਕਰ ਦਿੱਤੇ : ਉਸ ਨੇ ਅਸਤੀਫ਼ਾ ਦੇ ਦਿੱਤਾ ਅਤੇ ਅਗਾਊਂ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ।[20]

ਅਲਫੌਂਸਿਨ ਦੀ ਜਗ੍ਹਾ ਲੈਣ ਵਾਲੇ ਸਿਆਸਤਦਾਨਾਂ ਸਾਹਮਣੇ ਹੋਰ ਰਸਤੇ ਵੀ ਸਨ। ਅਲਫੌਂਸਿਨ ਉੱਪਰ ਦੋਸ਼ ਲਾਏ ਜਾ ਸਕਦੇ ਸਨ ਕਿ ਉਹ ਅਰਜਨਟਾਈਨਾ ਸਿਰ ਭਾਰੀ ਕਰਜੇ ਚੜ੍ਹਾਉਣ ਦਾ ਦੋਸ਼ੀ ਹੈ। ਕਿ ਉਹ ਇਸੇ ਤਰ੍ਹਾਂ ਦੇ ਸੰਕਟ ਦਾ ਸ਼ਿਕਾਰ ਗੁਆਂਢੀ ਮੁਲਕਾਂ ਦੀਆਂ ਸਰਕਾਰਾਂ ਨਾਲ ਰਲ ਕੇ ਕਰਜਾਈ ਮੁਲਕਾਂ ਦਾ ਸੰਘ ਬਣਾ ਸਕਦਾ ਸੀ। ਇਹ ਸਰਕਾਰਾਂ ਵਿਕਾਸਵਾਦੀ ਸਿਧਾਂਤਾਂ ਦੇ ਅਧਾਰ 'ਤੇ ਸਾਂਝੀ ਮੰਡੀ ਬਣਾ ਸਕਦੀਆਂ ਸਨ, ਜਦੋਂ ਜ਼ਾਲਮ ਫ਼ੌਜੀ ਰਾਜਾਂ ਨੇ ਇਸ ਖੇਤਰ ਨੂੰ ਖੇਰੂੰ-ਖੇਰੂੰ ਕੀਤਾ, ਓਦੋਂ ਹੀ ਇਹ ਅਮਲ ਸ਼ੁਰੂ ਹੋ ਗਿਆ ਸੀ। ਪਰ ਉਸ ਵਕਤ ਨਵੀਆਂ ਜਮਹੂਰੀਅਤਾਂ ਨੂੰ ਹਕੂਮਤੀ ਦਹਿਸ਼ਤ ਦੀ ਵਿਰਾਸਤ ਤੋਂ ਪਿੱਛਾ ਛੁਡਾਉਣ ਦੀ ਚੁਣੌਤੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ। ਅੱਸੀਵਿਆਂ ਅਤੇ ਨੱਬੇਵਿਆਂ 'ਚ, ਵਿਕਾਸਸ਼ੀਲ ਦੁਨੀਆਂ ਦਾ ਜ਼ਿਆਦਾਤਰ ਹਿੱਸਾ ਇਕ ਤਰ੍ਹਾਂ ਨਾਲ ਦਹਿਸ਼ਤ ਦੇ ਅਸਰ ਹੇਠ ਸੀ। ਇਹ ਕਾਗਜ਼ਾਂ 'ਚ ਤਾਂ ਦਹਿਸ਼ਤ ਤੋਂ ਮੁਕਤ ਸੀ ਪਰ ਹਾਲੇ ਵੀ ਸਹਿਮਿਆ ਹੋਇਆ ਅਤੇ ਚੁਕੰਨਾ ਸੀ। ਆਖ਼ਿਰ ਉਹ ਤਾਨਾਸ਼ਾਹੀਆਂ ਦੀ ਹਨੇਰਗਰਦੀ ਦੀ ਜਕੜ 'ਚੋਂ ਆਜ਼ਾਦ ਹੋ ਗਏ ਸਨ, ਪਰ ਕੁਝ ਚੁਣੇ ਹੋਏ ਸਿਆਸਤਦਾਨਾਂ ਵਲੋਂ ਉਹੀ ਨੀਤੀਆਂ ਲਿਆ ਕੇ ਅਮਰੀਕੀ ਹਮਾਇਤ ਪ੍ਰਾਪਤ ਰਾਜ ਪਲਟਿਆਂ ਦਾ ਇਕ ਹੋਰ ਗੇੜ ਚਲਾਏ ਜਾਣ ਦਾ ਖ਼ਤਰਾ ਸੀ ਜਿਨ੍ਹਾਂ ਨੀਤੀਆਂ ਨੇ ਸੱਤਰਵਿਆਂ ਦੇ ਰਾਜ ਪਲਟਿਆਂ ਨੂੰ ਹੱਲਾਸ਼ੇਰੀ ਦਿੱਤੀ ਸੀ। ਖ਼ਾਸ ਕਰਕੇ ਜਦੋਂ ਰਾਜ ਪਲਟਿਆਂ ਨੂੰ ਅੰਜਾਮ ਦੇਣ ਵਾਲੇ ਜ਼ਿਆਦਾਤਰ ਫ਼ੌਜੀ ਅਧਿਕਾਰੀ ਜੇਲ੍ਹਾਂ 'ਚ ਹੋਣ ਦੀ ਬਜਾਏ ਸਜ਼ਾਵਾਂ ਤੋਂ ਰਿਆਇਤਾਂ ਹਾਸਲ ਕਰ ਕੇ ਬੈਰਕਾਂ 'ਚ ਸ਼ਹਿ ਲਾ ਕੇ ਬੈਠੇ ਸਨ।

ਇਹ ਸਮਝ ਆਉਂਦਾ ਸੀ ਕਿ ਸੰਕਟਗ੍ਰਸਤ ਨਵੀਆਂ ਜਮਹੂਰੀਅਤਾਂ ਕਿਉਂਕਿ ਵਾਸ਼ਿੰਗਟਨ ਦੀਆਂ ਲਹਿਣੇਦਾਰ ਸੰਸਥਾਵਾਂ ਖਿਲਾਫ਼ ਲੜਾਈ ਵਿੱਢਣ ਲਈ ਤਿਆਰ ਨਹੀਂ ਸਨ, ਇਸ ਲਈ ਉਨ੍ਹਾਂ ਮੂਹਰੇ ਵਾਸ਼ਿੰਗਟਨ ਦੇ ਇਸ਼ਾਰਿਆਂ 'ਤੇ ਨੱਚਣ ਤੋਂ ਬਗ਼ੈਰ ਹੋਰ ਤਰੀਕੇ ਨਾਲ ਕੰਮ ਕਰਨ ਦੀ ਗੁੰਜਾਇਸ਼ ਬਹੁਤ ਘੱਟ ਸੀ। ਅਤੇ ਇਸ ਤੋਂ ਅੱਗੇ, ਅੱਸੀਵਿਆਂ ਦੇ ਸ਼ੁਰੂ 'ਚ ਵਾਸ਼ਿੰਗਟਨ ਦੇ ਕਾਇਦੇ-ਕਾਨੂੰਨ ਬਹੁਤ ਜ਼ਿਆਦਾ ਕਰੜੇ ਹੋ ਗਏ ਸਨ। ਇਹੀ ਵਜ੍ਹਾ ਸੀ ਕਿ ਕਰਜੇ ਦਾ ਸਦਮਾ

ਕੋਈ ਸਬੱਬੀ ਵਰਤਾਰਾ ਨਹੀਂ ਸੀ ਸਗੋਂ ਉੱਤਰ-ਦੱਖਣ ਦੇ ਰਿਸ਼ਤਿਆਂ ਦੇ ਨਵੇਂ ਯੁੱਗ ਦੇ ਐਨ ਅਨੁਸਾਰੀ ਸੀ, ਜਿਸ ਨਾਲ ਫ਼ੌਜੀ ਤਾਨਾਸ਼ਾਹੀਆਂ ਜ਼ਿਆਦਾਤਰ ਗ਼ੈਰ-ਜ਼ਰੂਰੀ ਹੋ ਜਾਣੀਆਂ ਸਨ। ਇਹ "ਢਾਂਚਾ ਢਲਾਈ" ਦੇ ਯੁੱਗ ਦਾ ਪਹੁ-ਫੁਟਾਲਾ ਸੀ—ਜੋ ਦੂਜੇ ਰੂਪ 'ਚ ਕਰਜੇ ਦੀ ਤਾਨਾਸ਼ਾਹੀ ਵਜੋਂ ਮਸ਼ਹੂਰ ਹੋਈ।

ਦਾਰਸ਼ਨਿਕ ਤੌਰ 'ਤੇ, ਮਿਲਟਨ ਫਰਾਇਡਮੈਨ ਨੂੰ ਆਈ ਐੱਮ ਐੱਫ ਜਾਂ ਸੰਸਾਰ ਬੈਂਕ ਉੱਪਰ ਭਰੋਸਾ ਨਹੀਂ ਸੀ : ਇਹ ਸੰਸਥਾਵਾਂ ਖੁੱਲ੍ਹੀ ਮੰਡੀ ਦੇ ਅਹਿਮ ਸੂਚਕਾਂ ਦੇ ਕੰਮ 'ਚ ਸਰਕਾਰ ਵਲੋਂ ਵੱਡੀ ਦਖ਼ਲਅੰਦਾਜ਼ੀ ਕਰਨ ਦੀਆਂ ਟਕਸਾਲੀ ਮਿਸਾਲਾਂ ਸਨ। ਇਸ ਲਈ ਇਹ ਵਿਅੰਗ ਹੀ ਸੀ ਕਿ ਵਾਸ਼ਿੰਗਟਨ ਡੀ ਸੀ ਦੀ ਉਨੀ ਨੰਬਰ ਸੜਕ ਉੱਪਰ ਸਥਿਤ ਇਨ੍ਹਾਂ ਦੋਵਾਂ ਸੰਸਥਾਵਾਂ ਦੇ ਦਿਓਕੱਦ ਸਦਰ ਮੁਕਾਮਾਂ ਨੂੰ ਸ਼ਿਕਾਗੋ ਵਾਲੇ ਮੁੰਡੇ ਸਪਲਾਈ ਕਰਨ ਵਾਲੀ ਸੰਚਾਰ-ਪੱਟੀ ਆਪਣਾ ਕੰਮ ਕਰੀ ਜਾ ਰਹੀ ਸੀ, ਜਿੱਥੇ ਉਹ ਅਨੇਕਾਂ ਅਹਿਮ ਅਹੁਦਿਆਂ 'ਤੇ ਬਿਰਾਜਮਾਨ ਹੋ ਜਾਂਦੇ ਸਨ।

ਸ਼ਿਕਾਗੋ ਯੂਨੀਵਰਸਿਟੀ ਦੇ ਲਾਤੀਨੀ ਅਮਰੀਕੀ ਪ੍ਰੋਗਰਾਮ ਦਾ ਮੁਖੀ ਰਹਿ ਚੁੱਕਾ ਅਰਨੌਲਡ ਹਾਰਬਰਜ਼ਰ ਅਕਸਰ ਹੀ ਸ਼ੇਖੀਆਂ ਮਾਰਦਾ ਰਹਿੰਦਾ ਹੈ ਕਿ ਉਸ ਦੇ ਕਿੰਨੇ ਗਰੈਜੂਏਟ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੇ ਸ਼ਕਤੀਸ਼ਾਲੀ ਅਹੁਦਿਆਂ 'ਤੇ ਰਹੇ ਹਨ। "ਇਕ ਸਮਾਂ ਸੀ ਮੇਰੇ ਸ਼ਿਕਾਗੋ ਵਾਲੇ ਸ਼ਗਿਰਦ ਸੰਸਾਰ ਬੈਂਕ ਦੇ ਚਾਰ ਖੇਤਰੀ ਮੁੱਖ ਅਰਥਸ਼ਾਸਤਰੀ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਇਕ ਮਾਰਸਿਲੋ ਸੈਲੋਵਸਕੀ ਸਾਬਕਾ ਸੋਵੀਅਤ ਸਲਤਨਤ ਦੇ ਨਵੇਂ ਨਵੇਂ ਹੋਂਦ 'ਚ ਆਏ ਖੇਤਰ ਦਾ ਮੁੱਖ ਅਰਥਸ਼ਾਸਤਰੀ ਬਣਿਆ; ਜੋ ਸਮੁੱਚੇ ਬੈਂਕ ਦਾ ਸਭ ਤੋਂ ਵੱਡਾ ਅਹੁਦਾ ਹੈ ਅਤੇ ਜ਼ਰਾ ਅੰਦਾਜ਼ਾ ਲਾਓ ਅਗਾਂਹ ਕੀ ਹੋਇਆ? ਉਸ ਦੀ ਜਗ੍ਹਾ ਮੇਰੇ ਇਕ ਹੋਰ ਸਾਬਕਾ ਸ਼ਗਿਰਦ ਸੈਬੇਸਤੀਅਨ ਐਡਵਾਰਡਸ ਨੇ ਲੈ ਲਈ। ਇਨ੍ਹਾਂ ਲੋਕਾਂ ਨੂੰ ਤਰੱਕੀ ਕਰਦੇ ਦੇਖ ਕੇ ਮੈਨੂੰ ਬਹੁਤ ਸਕੂਨ ਮਿਲਦਾ ਹੈ ਅਤੇ ਅਰਥਸ਼ਾਸਤਰੀਆਂ ਵਜੋਂ ਉਨ੍ਹਾਂ ਦੇ ਵਿਕਾਸ 'ਚ ਭੂਮਿਕਾ ਨਿਭਾਉਣ ਦਾ ਮੈਨੂੰ ਮਾਣ ਹੈ।"[21] ਉਸ ਦਾ ਇਕ ਹੋਰ ਸਿਤਾਰਾ ਸੀ ਅਰਜਨਟਾਈਨੀ ਕਲਾਦੀਓ ਲੋਜ਼ਰ ਜਿਸ ਨੇ 1971 'ਚ ਸ਼ਿਕਾਗੋ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ, ਜਿਸ ਨੂੰ ਆਈ ਐੱਮ ਐੱਫ ਦੇ ਪੱਛਮੀ ਅਰਧ-ਗੋਲਾ ਖੇਤਰ ਨਾਲ ਸਬੰਧਤ ਵਿਭਾਗ ਦਾ ਨਿਰਦੇਸ਼ਕ ਬਣਾਇਆ ਗਿਆ ਸੀ। ਇਹ ਲਾਤੀਨੀ ਅਮਰੀਕਾ ਦੇ ਮਾਮਲਿਆਂ ਨਾਲ ਸਬੰਧਤ ਸਭ ਤੋਂ ਵੱਡਾ ਅਹੁਦਾ ਹੈ।• ਇਸ ਦੇ ਨਾਲ ਹੀ ਸ਼ਿਕਾਗੋ ਵਾਲੇ ਮੁੰਡੇ ਆਈ ਐੱਮ ਐੱਫ ਦੇ ਹੋਰ ਚੋਟੀ ਦੇ ਅਹੁਦਿਆਂ 'ਤੇ ਵੀ ਕਾਬਜ਼ ਰਹੇ, ਇਨ੍ਹਾਂ ਵਿਚ ਸ਼ਾਮਲ ਸੀ ਪਹਿਲੇ ਡਿਪਟੀ ਪ੍ਰਬੰਧਕੀ ਨਿਰਦੇਸ਼ਕ ਦਾ ਅਹੁਦਾ ਜੋ ਦੂਜਾ ਸਭ ਤੋਂ ਉੱਚਾ ਅਹੁਦਾ ਹੈ, ਇਸੇ ਤਰ੍ਹਾਂ ਮੁੱਖ ਅਰਥਸ਼ਾਸਤਰੀ, ਅਫ਼ਰੀਕਾ ਬਾਰੇ ਵਿਭਾਗ ਦੇ ਸੀਨੀਅਰ ਅਰਥਸ਼ਾਸਤਰੀ ਅਤੇ ਖੋਜ ਨਿਰਦੇਸ਼ਕ ਦਾ ਅਹੁਦਾ ਸੀ।[22]

• 2001 'ਚ ਅਰਜਨਟਾਈਨਾ ਦੀ ਤਬਾਹੀ ਤੋਂ ਬਾਅਦ ਲੋਜ਼ਰ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ। ਇਹ ਆਮ ਸਹਿਮਤੀ ਸੀ ਕਿ ਉਸ ਦੀ ਦੇਖ-ਰੇਖ ਹੇਠ ਆਈ ਐੱਮ ਐੱਫ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਉੱਪਰ ਐਨਾ ਫ਼ਿਦਾ ਸੀ ਕਿ ਜਦੋਂ ਤੱਕ ਦੇਸ਼ ਸਰਕਾਰੀ ਖ਼ਰਚ ਉੱਤੇ ਕਟੌਤੀਆਂ ਲਾਉਂਦੇ ਰਹੇ ਅਤੇ ਅਰਥਚਾਰਿਆਂ ਦਾ ਨਿੱਜੀਕਰਨ ਕਰਦੇ ਰਹੇ, ਇਹ ਉਨ੍ਹਾਂ ਨੂੰ ਦਰਿਆਦਿਲੀ ਨਾਲ ਕਰਜੇ ਦਿੰਦਾ ਰਿਹਾ। ਆਈ ਐੱਮ ਐੱਫ ਦੇ ਅਸਹਿ ਕਰਜੇ ਦੀ ਤਾਂ ਗੱਲ ਛੱਡੋ ਇਹ ਉਨ੍ਹਾਂ ਦੇ ਅਰਥਚਾਰਿਆਂ ਦੀਆਂ ਉੱਘੜਵੀਂਆਂ ਕਮਜ਼ੋਰੀਆਂ ਜਿਵੇਂ ਵਿਆਪਕ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੀ ਭਰਮਾਰ ਨੂੰ ਵੀ ਅਣਡਿੱਠ ਕਰਦਾ ਰਿਹਾ।

ਫਰਾਇਡਮੈਨ ਦਾਰਸ਼ਨਿਕ ਅਧਾਰ 'ਤੇ ਇਨ੍ਹਾਂ ਸੰਸਥਾਵਾਂ ਦਾ ਵਿਰੋਧ ਕਰਦਾ ਰਿਹਾ, ਪਰ ਵਿਹਾਰਕ ਤੌਰ 'ਤੇ ਉਸ ਦੇ ਸੰਕਟ ਦੇ ਸਿਧਾਂਤ ਨੂੰ ਲਾਗੂ ਕਰਨ ਵਾਲੀ ਇਸ ਤੋਂ ਬਿਹਤਰ ਹੋਰ ਕੋਈ ਸੰਸਥਾ ਨਹੀਂ ਸੀ। ਅੱਸੀਵਿਆਂ 'ਚ ਜਦੋਂ ਇਹ ਦੇਸ਼ ਸੰਕਟ ਦੀ ਲਪੇਟ 'ਚ ਆਉਣ ਲੱਗੇ ਤਾਂ ਉਨ੍ਹਾਂ ਮੂਹਰੇ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਕੋਲ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਜਦੋਂ ਉਹ ਇੱਥੇ ਜਾਂਦੇ ਤਾਂ ਉਨ੍ਹਾਂ ਦਾ ਵਾਹ ਕੱਟੜ ਅਰਥਸ਼ਾਸਤਰੀ ਸ਼ਿਕਾਗੋ ਵਾਲੇ ਮੁੰਡਿਆਂ ਨਾਲ ਪੈਂਦਾ। ਜਿਨ੍ਹਾਂ ਨੂੰ ਪੜ੍ਹਾਇਆ ਹੀ ਇਹ ਹੋਇਆ ਸੀ ਕਿ ਇਨ੍ਹਾਂ ਦੇਸ਼ਾਂ ਦੀ ਆਰਥਕ ਤਬਾਹੀ ਨੂੰ ਐਸੀ ਸਮੱਸਿਆ ਨਹੀਂ ਸਮਝਣਾ ਜਿਸ ਨੂੰ ਹੱਲ ਕੀਤਾ ਜਾਵੇ ਸਗੋਂ ਇਸ ਨੂੰ ਖੁੱਲ੍ਹੀ ਮੰਡੀ ਦੀਆਂ ਨਵੀਆਂ ਹੱਦਬੰਦੀਆਂ ਤੈਅ ਕਰਨ ਦੇ ਬਹੁਮੁੱਲੇ ਮੌਕੇ ਸਮਝਣਾ ਹੈ। ਸੰਕਟ ਦੇ ਮੌਕਿਆਂ ਦਾ ਲਾਹਾ ਲੈਣ ਦਾ ਸਿਧਾਂਤ ਹੁਣ ਦੁਨੀਆਂ ਦੀਆਂ ਸਭ ਤੋਂ ਤਾਕਤਵਰ ਵਿਤੀ ਸੰਸਥਾਵਾਂ ਦਾ ਰਾਹ-ਦਰਸਾਵਾ ਸਿਧਾਂਤ ਸੀ। ਇਹ ਇਨ੍ਹਾਂ ਸੰਸਥਾਵਾਂ ਦੇ ਮੁਢਲੇ ਅਸੂਲਾਂ ਨੂੰ ਮੂਲੋਂ ਹੀ ਤਿਲਾਂਜਲੀ ਦੇ ਦੇਣਾ ਵੀ ਸੀ।

ਸੰਯੁਕਤ ਰਾਸ਼ਟਰ ਵਾਂਗ, ਸੰਸਾਰ ਬੈਂਕ ਅਤੇ ਆਈ ਐੱਮ ਐੱਫ ਵੀ ਦੂਜੀ ਸੰਸਾਰ ਜੰਗ ਦੇ ਖੌਫ਼ ਦੇ ਸਿੱਧੇ ਹੁੰਗਾਰੇ ਵਜੋਂ ਬਣਾਏ ਗਏ ਸਨ। ਉਹ ਗ਼ਲਤੀ ਮੁੜ ਨਾ ਦੁਹਰਾਈ ਜਾਵੇ ਜਿਸ ਨੇ ਯੂਰਪ ਦੇ ਦਿਲ ਵਿਚ ਫਾਸ਼ੀਵਾਦ ਦੇ ਉੱਭਰਨ ਦੀ ਇਜਾਜ਼ਤ ਦਿੱਤੀ ਸੀ, ਇਸ ਉਦੇਸ਼ ਨਾਲ ਦੁਨੀਆਂ ਦੀਆਂ ਵੱਡੀਆਂ ਤਾਕਤਾਂ 1944 'ਚ ਬਰੈਟਨ ਵੁਡਜ਼ 'ਚ ਜੁੜੀਆਂ। ਜਿਹੜੇ ਚੁਤਾਲੀ ਦੇਸ਼ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਮੁਢਲੇ ਮੈਂਬਰ ਬਣੇ ਤੇ ਜਿਨ੍ਹਾਂ ਦੇ ਵਿਤੀ ਯੋਗਦਾਨ ਨਾਲ ਇਹ ਸੰਸਥਾਵਾਂ ਹੋਂਦ 'ਚ ਆਈਆਂ, ਉਨ੍ਹਾਂ ਨੂੰ ਐਸੇ ਭਵਿੱਖੀ ਆਰਥਕ ਸਦਮਿਆਂ ਅਤੇ ਤਬਾਹੀਆਂ ਨੂੰ ਰੋਕਣ ਦਾ ਸਪਸ਼ਟ ਅਧਿਕਾਰ ਦਿੱਤਾ ਗਿਆ ਜਿਨ੍ਹਾਂ ਨੇ ਬੌਧਿਕਤਾ ਅਤੇ ਸੱਭਿਆਚਾਰ ਦੇ ਕੇਂਦਰ ਜਰਮਨੀ 'ਚ ਐਨੀ ਜ਼ਿਆਦਾ ਅਸਥਿਰਤਾ ਪੈਦਾ ਕਰ ਦਿੱਤੀ ਸੀ। ਸੰਸਾਰ ਬੈਂਕ ਦੇਸ਼ਾਂ ਨੂੰ ਗਰੀਬੀ ਦੀ ਜਿੱਲ੍ਹਣ 'ਚੋਂ ਕੱਢਣ ਲਈ ਵਿਕਾਸ ਦੇ ਖੇਤਰ 'ਚ ਭਵਿੱਖੀ ਲੰਮੇ ਸਮੇਂ ਲਈ ਪੂੰਜੀ-ਨਿਵੇਸ਼ ਕਰੇਗਾ, ਜਦਕਿ ਆਈ ਐੱਮ ਐੱਫ ਇਕ ਤਰ੍ਹਾਂ ਨਾਲ ਸਦਮਾ ਰੋਕਣ ਵਾਲੇ ਆਲਮੀ ਯੰਤਰ ਦੀ ਭੂਮਿਕਾ ਨਿਭਾਏਗਾ ਅਤੇ ਐਸੀਆਂ ਨੀਤੀਆਂ ਨੂੰ ਉਤਸ਼ਾਹਤ ਕਰੇਗਾ ਜਿਨ੍ਹਾਂ ਨਾਲ ਵਿਤੀ ਸੱਟੇਬਾਜ਼ੀ ਅਤੇ ਮੰਡੀ ਦੀ ਅਸਥਿਰਤਾ ਘੱਟ ਜਾਵੇ। ਜਦੋਂ ਇਹ ਜਾਪਦਾ ਹੋਵੇ ਕਿ ਕੋਈ ਦੇਸ਼ ਸੰਕਟ ਦੀ ਲਪੇਟ 'ਚ ਆਉਣ ਵਾਲਾ ਹੈ ਤਾਂ ਆਈ ਐੱਮ ਐੱਫ ਤੁਰੰਤ ਆਰਥਕ ਸਥਿਰਤਾ ਲਿਆਉਣ ਵਾਲੀਆਂ ਗਰਾਂਟਾਂ ਅਤੇ ਕਰਜੇ ਦੇਵੇਗਾ ਅਤੇ ਇੰਞ ਸੰਕਟਾਂ 'ਤੇ ਪੇਸ਼ਗੀ ਰੋਕ ਲਾਏਗਾ।[23] ਇਕੋ ਸੜਕ ਉੱਪਰ ਆਹਮਣੇ-ਸਾਹਮਣੇ ਸਥਿਤ ਦੋਵੇਂ ਸੰਸਥਾਵਾਂ ਸੰਕਟਾਂ ਬਾਰੇ ਹੁੰਗਾਰਿਆਂ ਦਾ ਸੁਮੇਲ ਕਰਕੇ ਚੱਲਣਗੀਆਂ।

ਬਰਤਾਨੀਆ ਦੇ ਵਫਦ ਦਾ ਮੁਖੀ ਜੌਹਨ ਮੇਅਨਾਰਡ ਕੀਨਜ਼ ਇਸ ਗੱਲ ਦਾ ਕਾਇਲ ਸੀ ਕਿ ਓੜਕ ਦੁਨੀਆਂ ਨੇ ਉਸ ਸੋਚ ਦੇ ਸਿਆਸੀ ਜ਼ੋਖ਼ਮ ਨੂੰ ਬੁੱਝ ਲਿਆ ਸੀ ਜੋ ਕਹਿੰਦਾ ਸੀ ਕਿ ਮੰਡੀ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਖ਼ੁਦ ਕਰਨ ਦੇਣਾ ਚਾਹੀਦਾ ਹੈ। ਸੰਮੇਲਨ ਦੇ ਅਖ਼ੀਰ 'ਚ ਕੀਨਜ਼ ਨੇ ਤਬਸਰਾ ਕੀਤਾ ਕਿ "ਬਹੁਤ ਥੋੜ੍ਹੇ ਨੁਮਾਇੰਦਿਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸੰਭਵ ਹੋਣ 'ਤੇ ਭਰੋਸਾ ਸੀ।" ਪਰ ਜੇ ਇਹ ਸੰਸਥਾਵਾਂ ਆਪਣੇ ਬੁਨਿਆਦੀ ਸਿਧਾਂਤਾਂ ਉੱਤੇ ਖ਼ਰੀਆਂ ਉੱਤਰਨ ਤਾਂ "ਇਨਸਾਨ ਦਾ ਭਰੱਪਣ ਮਹਿਜ਼ ਖੋਖਲਾ ਵਾਕ ਨਹੀਂ ਰਹੇਗਾ।"[24]

ਆਈ ਐੱਮ ਐੱਫ ਅਤੇ ਸੰਸਾਰ ਬੈਂਕ ਇਸ ਆਮ ਦ੍ਰਿਸ਼ਟੀ 'ਤੇ ਪੂਰੇ ਨਹੀਂ ਉੱਤਰੇ; ਸ਼ੁਰੂ ਤੋਂ ਹੀ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਾਂਗ ਅਧਿਕਾਰਾਂ ਦੀ ਵੰਡ "ਇਕ ਦੇਸ਼, ਇਕ ਵੋਟ" ਦੇ ਅਧਾਰ 'ਤੇ ਨਹੀਂ ਸਗੋਂ ਹਰੇਕ ਦੇਸ਼ ਦੀ ਆਰਥਿਕਤਾ ਦੇ ਅਕਾਰ ਦੇ ਅਧਾਰ 'ਤੇ ਕੀਤੀ ਗਈ। ਇਸ

ਪ੍ਰਬੰਧ ਨਾਲ ਅਮਰੀਕਾ ਨੂੰ ਸਾਰੇ ਵੱਡੇ ਫ਼ੈਸਲਿਆਂ ਬਾਰੇ ਪ੍ਰਭਾਵਸ਼ਾਲੀ ਵੀਟੋ ਤਾਕਤ ਮਿਲ ਗਈ ਜਦਕਿ ਬਾਕੀ ਤਾਕਤ ਉੱਪਰ ਯੂਰਪ ਅਤੇ ਜਪਾਨ ਕਾਬਜ਼ ਹੋ ਗਏ। ਸਿੱਟਾ ਇਹ ਨਿਕਲਿਆ ਕਿ ਜਦੋਂ ਅੱਸੀਵਿਆਂ 'ਚ ਗੈਰਜ ਅਤੇ ਥੈਚਰ ਸੱਤਾ 'ਤੇ ਕਾਬਜ਼ ਹੋਏ ਤਾਂ ਸਰਮਾਏਦਾਰ ਵਿਚਾਰਧਾਰਾ ਨਾਲ ਗੜੁੱਚ ਇਨ੍ਹਾਂ ਦੀਆਂ ਸਰਕਾਰਾਂ ਦੋਵਾਂ ਸੰਸਥਾਵਾਂ ਨੂੰ ਆਪਣੇ ਮੁਫ਼ਾਦਾਂ ਲਈ ਇਸਤੇਮਾਲ ਕਰਨ ਦੇ ਸਮਰੱਥ ਸਨ। ਉਹ ਆਪਣੀ ਤਾਕਤ ਨੂੰ ਤੇਜ਼ੀ ਨਾਲ ਵਧਾ ਸਕਦੇ ਸਨ ਅਤੇ ਇਨ੍ਹਾਂ ਸੰਸਥਾਵਾਂ ਨੂੰ ਕਾਰਪੋਰੇਟ ਜਹਾਦ ਨੂੰ ਅੱਗੇ ਵਧਾਉਣ ਦਾ ਬੁਨਿਆਦੀ ਸਾਧਨ ਬਣਾ ਸਕਦੇ ਸਨ।

ਸ਼ਿਕਾਗੋ ਸਕੂਲ ਵਲੋਂ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਨੂੰ ਪਾਲਤੂ ਬਣਾਉਣ ਦਾ ਅਮਲ ਜ਼ਿਆਦਾਤਰ ਅਣ ਐਲਾਨਿਆ ਸੀ, ਪਰ ਜਦੋਂ 1989 'ਚ ਜੌਹਨ ਵਿਲੀਅਮਸਨ ਨੇ ਉਸ ਤੋਂ ਪਰਦਾ ਹਟਾਇਆ ਜਿਸ ਨੂੰ ਉਹ "ਵਾਸ਼ਿੰਗਟਨ ਵਾਲੀ ਆਮ ਸਹਿਮਤੀ" ਕਹਿੰਦਾ ਸੀ ਤਾਂ ਇਹ ਅਮਲ ਅਧਿਕਾਰਤ ਹੋ ਨਿੱਬੜਿਆ। ਉਸ ਨੇ ਐਲਾਨ ਕੀਤਾ ਕਿ ਆਰਥਕ ਨੀਤੀਆਂ ਦੇ ਇਸ ਪੁਲੰਦੇ ਨੂੰ ਹੁਣ ਦੋਵੇਂ ਸੰਸਥਾਵਾਂ ਆਰਥਕ ਤੰਦਰੁਸਤੀ ਲਈ ਘੱਟੋ ਘੱਟ ਜ਼ਰੂਰੀ ਸਮਝਦੀਆਂ ਹਨ। ਉਸ ਦੇ ਲਫ਼ਜ਼ਾਂ 'ਚ, "ਇਹ ਸਾਰੇ ਸੰਜੀਦਾ ਅਰਥਸ਼ਾਸਤਰੀਆਂ ਦੀ ਸਿਆਣਪ ਦੀ ਸਾਂਝੀ ਗੁਲੀ ਹੈ।"[25] ਤਕਨੀਕੀ ਅਤੇ ਵਿਵਾਦਰਹਿਤ ਹੋਣ ਦਾ ਢੌਂਗ ਰਚਣ ਵਾਲੀਆਂ ਇਨ੍ਹਾਂ ਨੀਤੀਆਂ 'ਚ ਅਜਿਹੇ ਸ਼ਰੇਆਮ ਦਾਅਵੇ ਸ਼ਾਮਲ ਸਨ ਜਿਵੇਂ ਸਾਰੇ "ਸਰਕਾਰੀ ਕਾਰੋਬਾਰਾਂ ਦਾ ਨਿੱਜੀਕਰਨ ਕੀਤਾ ਜਾਣਾ ਚਾਹੀਦਾ ਹੈ" ਅਤੇ "ਬਦੇਸ਼ੀ ਕੰਪਨੀਆਂ ਦੀ ਆਮਦ 'ਤੇ ਰੋਕ ਲਗਾਉਣ ਵਾਲੀਆਂ ਰੋਕਾਂ ਖ਼ਤਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ।"[26] ਇਹ ਮੁਕੰਮਲ ਸੂਚੀ ਫਰਾਇਡਮੈਨ ਦੀ ਨਿੱਜੀਕਰਨ, ਕੰਟਰੋਲ ਮੁਕਤ/ਖੁੱਲ੍ਹੇ ਵਪਾਰ ਅਤੇ ਸਰਕਾਰੀ ਖ਼ਰਚਿਆਂ 'ਚ ਕਟੌਤੀ ਦੀ ਨਵ-ਉਦਾਰਵਾਦੀ ਤਿੱਕੜੀ ਤੋਂ ਘੱਟ ਨਹੀਂ ਸੀ। ਵਿਲੀਅਮਸਨ ਦਾ ਕਹਿਣਾ ਸੀ, ਇਹ ਉਹ ਨੀਤੀਆਂ ਹਨ ਜਿਨ੍ਹਾਂ ਬਾਰੇ "ਵਾਸ਼ਿੰਗਟਨ 'ਚ ਬੈਠੀਆਂ ਤਾਕਤਾਂ ਵਲੋਂ ਲਾਤੀਨੀ ਅਮਰੀਕਾ ਉੱਪਰ ਜ਼ੋਰ ਪਾਇਆ ਜਾ ਰਿਹਾ ਸੀ।"[27] ਸੰਸਾਰ ਬੈਂਕ ਦੇ ਸਾਬਕਾ ਮੁੱਖ ਅਰਥਸ਼ਾਸਤਰੀ ਅਤੇ ਨਵੇਂ ਕੱਟੜ ਮੱਤ ਦੇ ਆਖ਼ਰੀ ਵਿਰੋਧੀਆਂ ਵਿਚੋਂ ਇਕ ਜੋਸਫ਼ ਸਟਿਗਲਿਜ਼ ਨੇ ਲਿਖਿਆ ਕਿ "ਜੇ ਕੀਨਜ਼ ਦੇਖ ਲਵੇ ਕਿ ਉਸ ਨੇ ਜੋ ਬਣਾਇਆ ਸੀ ਉਸ ਨਾਲ ਕੀ ਵਾਪਰਿਆ ਤਾਂ ਉਸ ਨੂੰ ਕਬਰ 'ਚ ਹੀ ਚੱਕਰ ਆਉਣ ਲੱਗ ਜਾਣਗੇ।"[28]

ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੇ ਅਧਿਕਾਰੀ ਕਰਜੇ ਦੇਣ ਸਮੇਂ ਹਮੇਸ਼ਾ ਨੀਤੀ ਬਾਰੇ ਸਿਫਾਰਸ਼ਾਂ ਕਰਦੇ ਸਨ, ਪਰ ਅੱਸੀਵਿਆਂ ਦੇ ਸ਼ੁਰੂ 'ਚ ਬਦਹਵਾਸ ਵਿਕਾਸਸ਼ੀਲ ਦੇਸ਼ਾਂ ਨੂੰ ਦੇਖ ਕੇ ਉਨ੍ਹਾਂ ਦੇ ਹੌਸਲੇ ਵਧ ਗਏ ਅਤੇ ਇਨ੍ਹਾਂ ਸਿਫਾਰਸ਼ਾਂ ਨੂੰ ਖੁੱਲ੍ਹੀ ਮੰਡੀ ਦੀਆਂ ਤਿੱਖੀਆਂ ਮੰਗਾਂ 'ਚ ਬਦਲ ਦਿੱਤਾ ਗਿਆ। ਜਦੋਂ ਸੰਕਟਗ੍ਰਸਤ ਦੇਸ਼ ਕਰਜੇ ਤੋਂ ਰਾਹਤ ਜਾਂ ਹੰਗਾਮੀ ਕਰਜੇ ਲੈਣ ਲਈ ਆਈ ਐੱਮ ਐੱਫ ਦੇ ਦਰ 'ਤੇ ਪਹੁੰਚੇ ਤਾਂ ਕੋਸ਼ ਨੇ ਇਸ ਦੇ ਜਵਾਬ 'ਚ ਹੂੰਝਾ ਫੇਰੂ ਸਦਮਾ ਇਲਾਜ ਪ੍ਰੋਗਰਾਮ ਉਨ੍ਹਾਂ ਮੂਹਰੇ ਕਰ ਦਿੱਤੇ ਜੋ ਦਾਇਰੇ ਪੱਖੋਂ ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਵਲੋਂ ਪਿਨੋਚੇ ਲਈ ਤਿਆਰ ਕੀਤੀ "ਇੱਟ" ਅਤੇ ਬੋਲੀਵੀਆ ਵਿਚ ਗੋਨੀ ਦੇ ਮਹਿਲ ਦੀ ਨਿੱਜੀ ਬੈਠਕ 'ਚ ਬੈਠ ਕੇ ਘੜੇ 220 ਕਾਨੂੰਨਾਂ ਦੇ ਐਲਾਨ ਦੇ ਬਰਾਬਰ ਸਨ।

ਆਈ ਐੱਮ ਐੱਫ ਨੇ ਆਪਣਾ ਪਹਿਲਾ ਮੁਕੰਮਲ "ਢਾਂਚਾ ਢਲਾਈ" ਪ੍ਰੋਗਰਾਮ 1983 'ਚ ਜਾਰੀ ਕੀਤਾ। ਅਗਲੇ ਦੋ ਦਹਾਕਿਆਂ 'ਚ, ਜਿਹੜਾ ਵੀ ਦੇਸ਼ ਵੱਡਾ ਕਰਜਾ ਲੈਣ ਲਈ ਕੋਸ਼ ਕੋਲ ਗਿਆ ਉਸ ਨੂੰ ਦੱਸ ਦਿੱਤਾ ਗਿਆ ਕਿ ਉਸ ਲਈ ਆਪਣੀ ਆਰਥਿਕਤਾ 'ਚ ਸਿਰ ਤੋਂ ਲੈ ਕੇ ਪੈਰਾਂ ਤੱਕ ਸੁਧਾਰ ਲਿਆਉਣਾ ਜ਼ਰੂਰੀ ਸ਼ਰਤ ਹੈ। ਆਈ ਐੱਮ ਐੱਫ ਦੇ ਸੀਨੀਅਰ

ਅਰਥਸ਼ਾਸਤਰੀ ਡੈਵੀਸਨ ਬੁਧੂ ਨੇ ਅੱਸੀਵਿਆਂ ਵਿਚ ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਲਈ ਢਾਂਚਾ ਢਲਾਈ ਪ੍ਰੋਗਰਾਮ ਤਿਆਰ ਕੀਤੇ ਸਨ, ਉਸ ਨੇ ਬਾਅਦ 'ਚ ਮੰਨਿਆ ਕਿ "1983 ਤੋਂ ਲੈ ਕੇ ਅਸੀਂ ਜੋ ਕੁਝ ਵੀ ਕੀਤਾ ਇਹ ਸਾਡੇ ਮਿਸ਼ਨ ਦੀ ਇਸ ਨਵੀਂ ਭਾਵਨਾ 'ਤੇ ਅਧਾਰਤ ਸੀ ਕਿ ਜਾਂ ਤਾਂ ਦੱਖਣ ਦਾ 'ਨਿੱਜੀਕਰਨ ਕਰ ਦਿਓ' ਜਾਂ ਇਸ ਨੂੰ ਖ਼ਤਮ ਕਰ ਦਿਓ; ਇਸ ਮਕਸਦ ਲਈ ਅਸੀਂ 1983-88 'ਚ ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਅੰਦਰ ਆਰਥਕ ਘਚੋਲਾ ਪੈਦਾ ਕੀਤਾ ਜੋ ਕਿ ਸ਼ਰਮਨਾਕ ਸੀ।"[29]

ਇਸ ਨਵੇਂ ਤਿੱਖੇ (ਬਹੁਤ ਜ਼ਿਆਦਾ ਮੁਨਾਫ਼ੇ ਦੇਣ ਵਾਲੇ) ਮਿਸ਼ਨ ਦੇ ਬਾਵਜੂਦ, ਆਈ ਐੱਮ ਐੱਫ ਅਤੇ ਸੰਸਾਰ ਬੈਂਕ ਹਮੇਸ਼ਾ ਇਹ ਦਾਅਵਾ ਕਰਦੇ ਰਹੇ ਕਿ ਉਨ੍ਹਾਂ ਨੇ ਸਭ ਕੁਝ ਸਥਿਰਤਾ ਦੇ ਹਿੱਤ 'ਚ ਕੀਤਾ ਹੈ। ਫੰਡ ਦਾ ਅਧਿਕਾਰਤ ਐਲਾਨ ਹਾਲੇ ਵੀ ਸੰਕਟ ਨੂੰ ਰੋਕਣਾ ਸੀ—ਇਹ ਸਮਾਜਿਕ ਢਾਂਚਾਬੰਦੀ ਜਾਂ ਵਿਚਾਰਧਾਰਕ ਕਾਇਆਕਲਪ ਨਹੀਂ ਸੀ—ਇਸ ਕਰਕੇ ਸਥਿਰਤਾ ਲਿਆਉਣ ਦੇ ਅਮਲ ਲਈ ਅਧਿਕਾਰਤ ਤਰਕਪੂਰਨ ਅਧਾਰ ਜ਼ਰੂਰੀ ਸੀ। ਹਕੀਕਤ ਇਹ ਸੀ ਕਿ ਫਰਾਇਡਮੈਨ ਦੇ ਸਦਮਾ ਸਿਧਾਂਤ ਨੂੰ ਬੇਕਿਰਕੀ ਨਾਲ ਲਾਗੂ ਕਰਨ ਦੇ ਅਧਾਰ 'ਤੇ ਇਕ ਇਕ ਕਰਕੇ ਦੇਸ਼ਾਂ 'ਚ ਕੌਮਾਂਤਰੀ ਕਰਜਾ ਸੰਕਟਾਂ ਦੀ ਵਰਤੋਂ ਕੀਤੀ ਜਾ ਰਹੀ ਸੀ ਅਤੇ ਸੰਕਟਾਂ ਨੂੰ ਬਾਕਾਇਦਾ ਸ਼ਿਕਾਗੋ ਸਕੂਲ ਦਾ ਏਜੰਡਾ ਅੱਗੇ ਵਧਾਉਣ ਦੀ ਮੰਤਵ ਪੂਰਤੀ ਦਾ ਸਾਧਨ ਬਣਾਇਆ ਜਾ ਰਿਹਾ ਸੀ।

ਉਸ ਸਮੇਂ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੇ ਅਰਥਸ਼ਾਸਤਰੀਆਂ ਨੇ ਇਹ ਸਵੀਕਾਰ ਕੀਤਾ ਸੀ, ਹਾਲਾਂਕਿ ਇਹ ਇਕਬਾਲ ਆਮ ਤੌਰ 'ਤੇ ਗੁਪਤ ਆਰਥਕ ਇਸ਼ਾਰਿਆਂ ਰਾਹੀਂ ਕੀਤੇ ਗਏ ਸਨ ਅਤੇ ਇਹ ਆਰਥਕ ਮਾਹਰਾਂ ਦੇ ਮੰਚਾਂ ਅਤੇ ਆਪਣੇ ਸੰਗੀ "ਤਕਨੀਕੀ ਮਾਹਰਾਂ" ਦੀਆਂ ਲਿਖਤਾਂ ਤੱਕ ਸੀਮਤ ਸਨ। ਹਾਵਰਡ ਦੇ ਮਸ਼ਹੂਰ ਅਰਥਸ਼ਾਸਤਰੀ ਡੈਨੀ ਰੌਡਰਿਕ ਜੋ ਸੰਸਾਰ ਬੈਂਕ ਨਾਲ ਮਿਲ ਕੇ ਵੱਡੀ ਪੱਧਰ 'ਤੇ ਕੰਮ ਕਰਦਾ ਰਿਹਾ, ਨੇ "ਢਾਂਚਾ ਢਲਾਈ" ਦੇ ਸਮੁੱਚੇ ਉਸਾਰ ਨੂੰ ਜੁਗਤੀ ਮੰਡੀਕਰਨ ਦੀ ਯੁੱਧਨੀਤੀ ਬਿਆਨ ਕੀਤਾ ਸੀ। ਰੌਡਰਿਕ ਨੇ 1994 'ਚ ਲਿਖਿਆ, " 'ਢਾਂਚਾ ਢਲਾਈ' ਦੀ ਇਸ ਧਾਰਨਾ ਦੀ ਕਾਢ ਕੱਢਣ ਅਤੇ ਕਾਮਯਾਬੀ ਨਾਲ ਇਸ ਨੂੰ ਵੇਚ ਲੈਣ ਦਾ ਸਿਹਰਾ ਸੰਸਾਰ ਬੈਂਕ ਨੂੰ ਲਾਜ਼ਮੀ ਦਿੱਤਾ ਜਾਣਾ ਚਾਹੀਦਾ ਹੈ। ਇਸ ਧਾਰਨਾ ਨੇ ਛੋਟੇ ਪੱਧਰ ਦੇ ਅਤੇ ਵਿਆਪਕ ਪੱਧਰ ਦੇ ਆਰਥਕ ਸੁਧਾਰਾਂ ਨੂੰ ਜੁੜਵੇਂ ਰੂਪ 'ਚ ਪੇਸ਼ ਕੀਤਾ। ਢਾਂਚਾ ਢਲਾਈ ਨੂੰ ਐਸੇ ਲਾਜ਼ਮੀ ਅਮਲ ਵਜੋਂ ਦੇਸ਼ਾਂ ਦੇ ਗਲ ਮੜ੍ਹ ਦਿੱਤਾ ਗਿਆ ਕਿ ਜੇ ਉਨ੍ਹਾਂ ਦੇ ਅਰਥਚਾਰਿਆਂ ਨੇ ਸੰਕਟ ਤੋਂ ਬਚਣਾ ਹੈ ਤਾਂ ਇਸ ਅਮਲ ਵਿਚੋਂ ਗੁਜ਼ਰਨਾ ਜ਼ਰੂਰੀ ਹੈ। ਜਿਨ੍ਹਾਂ ਸਰਕਾਰਾਂ ਨੇ ਇਹ ਪੁਲੰਦਾ ਹਾਸਲ ਕੀਤਾ ਉਨ੍ਹਾਂ ਲਈ ਇਕ ਪਾਸੇ ਬਾਹਰੀ ਤਵਾਜ਼ਨ ਅਤੇ ਕੀਮਤਾਂ ਨੂੰ ਸਥਿਰ ਬਣਾਈ ਰੱਖਣ ਵਾਲੀਆਂ ਠੋਸ ਕੌਮੀ ਆਰਥਕ ਨੀਤੀਆਂ ਅਤੇ ਦੂਜੇ ਪਾਸੇ ਖੁੱਲ੍ਹਵਾਦ ਲਿਆਉਣ ਵਾਲੀਆਂ ਨੀਤੀਆਂ (ਜਿਵੇਂ ਮੁਕਤ ਵਪਾਰ) ਦਾ ਨਿਖੇੜਾ ਧੁੰਦਲਾ ਪੈ ਗਿਆ।"[30]

ਅਸੂਲ ਸਿੱਧਾ ਜਿਹਾ ਸੀ : ਸੰਕਟਗ੍ਰਸਤ ਦੇਸ਼ਾਂ ਨੂੰ ਆਪਣੀ ਮੁਦਰਾ 'ਚ ਸਥਿਰਤਾ ਲਿਆਉਣ ਲਈ ਸੰਕਟਕਾਲੀ ਸਹਾਇਤਾ ਦੀ ਜ਼ੋਰਦਾਰ ਲੋੜ ਹੈ। ਜਦੋਂ ਨਿੱਜੀਕਰਨ ਅਤੇ ਮੁਕਤ ਵਪਾਰ ਦੀਆਂ ਨੀਤੀਆਂ ਅਤੇ ਵਿਤੀ ਸਹਾਇਤਾ ਨੂੰ ਇਕੋ ਪੁਲੰਦੇ 'ਚ ਬੰਨ੍ਹ ਕੇ ਮੂਹਰੇ ਰੱਖ ਦਿੱਤਾ ਜਾਂਦਾ ਹੈ ਤਾਂ ਦੇਸ਼ਾਂ ਕੋਲ ਪੂਰੇ ਪੁਲੰਦੇ ਨੂੰ ਸਵੀਕਾਰ ਕਰਨ ਤੋਂ ਬਿਨਾ ਹੋਰ ਕੋਈ ਰਾਹ ਨਹੀਂ ਹੁੰਦਾ। ਅਸਲ ਚਲਾਕੀ ਇਹ ਸੀ ਕਿ ਅਰਥਸ਼ਾਸਤਰੀ ਜਾਣਦੇ ਸਨ ਕਿ ਮੁਕਤ ਵਪਾਰ ਦਾ ਸੰਕਟ ਨੂੰ ਖ਼ਤਮ ਕਰਨ

ਨਾਲ ਕੋਈ ਲੈਣ-ਦੇਣ ਨਹੀਂ ਹੈ ਫੇਰ ਵੀ ਇਹ ਜਾਣਕਾਰੀ ਚਲਾਕੀ ਨਾਲ "ਗੰਧਲਾਅ ਦਿੱਤੀ ਗਈ।" ਰੌਂਡਰਿਕ ਦੀ ਟਿੱਪਣੀ ਦਾ ਮੰਤਵ ਇਸ ਦੀ ਤਾਰੀਫ਼ ਕਰਨਾ ਸੀ। ਇਹ ਪੁਲੰਦਾ ਸਿਰਫ਼ ਵਾਸ਼ਿੰਗਟਨ ਵਲੋਂ ਗਰੀਬ ਦੇਸ਼ਾਂ ਲਈ ਤੈਅ ਕੀਤੀਆਂ ਨੀਤੀਆਂ ਉਨ੍ਹਾਂ ਦੇ ਗਲ ਮੜ੍ਹਨ ਦੇ ਕੰਮ ਹੀ ਨਹੀਂ ਆਇਆ ਸਗੋਂ ਇਹੀ ਇਕੋ ਇਕ ਚੀਜ਼ ਸੀ, ਜੋ ਕੰਮ ਆਈ—ਰੌਂਡਰਿਕ ਕੋਲ ਇਸ ਬਾਰੇ ਆਪਣੇ ਦਾਅਵੇ ਦੇ ਹੱਕ 'ਚ ਅੰਕੜੇ ਸਨ। ਉਸ ਨੇ ਉਨ੍ਹਾਂ ਸਾਰੇ ਦੇਸ਼ਾਂ ਦਾ ਅਧਿਐਨ ਕੀਤਾ ਸੀ ਜਿਨ੍ਹਾਂ ਨੇ ਅੱਸੀਵਿਆਂ 'ਚ ਮੁਕਤ ਵਪਾਰ ਦੀਆਂ ਤਿੱਖੀਆਂ ਨੀਤੀਆਂ ਅਪਣਾਈਆਂ ਸਨ ਅਤੇ ਉਸ ਨੇ ਦੇਖਿਆ ਕਿ "1980ਵਿਆਂ 'ਚ ਕਿਸੇ ਵਿਕਾਸਸ਼ੀਲ ਦੇਸ਼ ਅੰਦਰ ਵਪਾਰ 'ਚ ਸੁਧਾਰਾਂ ਦਾ ਇਕ ਵੀ ਐਸਾ ਗਿਣਨਯੋਗ ਮਾਮਲਾ ਨਹੀਂ ਹੈ ਜੋ ਗੰਭੀਰ ਆਰਥਕ ਸੰਕਟ ਦੇ ਚੌਖਟੇ ਤੋਂ ਬਾਹਰ ਹੋਇਆ ਹੋਵੇ।"[31]

ਇਹ ਇਕਬਾਲ ਹੈਰਾਨੀਜਨਕ ਸੀ। ਇਤਿਹਾਸ ਦੇ ਇਸ ਮੁਕਾਮ 'ਤੇ, ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਸ਼ਰੇਆਮ ਇਹ ਜ਼ੋਰ ਦੇ ਰਹੇ ਸਨ ਕਿ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਚਾਨਣ ਹੋ ਗਿਆ ਹੈ ਅਤੇ ਉਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਦੀਆਂ ਨੀਤੀਆਂ ਹੀ ਸਥਿਰਤਾ ਅਤੇ ਇੰਞ ਜਮਹੂਰੀਅਤ ਦਾ ਇਕੋ ਇਕ ਨੁਸਖ਼ਾ ਹਨ। ਫੇਰ ਵੀ, ਵਾਸ਼ਿੰਗਟਨ ਦੀ ਸਥਾਪਤੀ ਅੰਦਰ ਇਕ ਵਿਚਾਰ ਇਹ ਵੀ ਸੀ ਕਿ ਵਿਕਾਸਸ਼ੀਲ ਦੇਸ਼ ਸਿਰਫ਼ ਝੂਠੇ ਬਹਾਨੇ ਬਣਾ ਕੇ ਅਤੇ ਸਹਾਇਤਾ ਬਟੋਰਨ ਦੀ ਖ਼ਾਤਰ ਹੀ ਉਨ੍ਹਾਂ ਦੀ ਸ਼ਰਨ ਲੈਂਦੇ ਹਨ : ਜੇ ਆਪਣੇ ਦੇਸ਼ ਨੂੰ ਬਚਾਉਣਾ ਹੈ ਤਾਂ ਇਸ ਨੂੰ ਵੇਚ ਦਿਓ। ਰੌਂਡਰਿਕ ਨੇ ਤਾਂ ਇਹ ਵੀ ਮੰਨਿਆ ਕਿ ਨਿੱਜੀਕਰਨ ਅਤੇ ਮੁਕਤ ਵਪਾਰ—ਢਾਂਚਾ ਢਲਾਈ ਦੇ ਪੁਲੰਦੇ ਦੇ ਦੋ ਮੁੱਖ ਹਿੱਸੇ—ਦਾ ਸਥਿਰਤਾ ਪੈਦਾ ਕਰਨ ਨਾਲ ਕੋਈ ਸਬੰਧ ਹੀ ਨਹੀਂ ਹੈ। ਰੌਂਡਰਿਕ ਅਨੁਸਾਰ, ਇਸ ਨੂੰ ਹੋਰ ਤਰ੍ਹਾਂ ਦਲੀਲ ਵਜੋਂ ਭੁਗਤਾਉਣਾ "ਭੈੜਾ ਅਰਥਸ਼ਾਸਤਰ ਹੈ।"[32]

ਅਰਜਨਟਾਈਨਾ—ਜੋ ਇਸ ਵਕਤ ਆਈ ਐੱਮ ਐੱਫ ਦਾ "ਮਿਸਾਲੀ ਪੈਰੋਕਾਰ" ਸੀ—ਇਕ ਵਾਰ ਫੇਰ ਨਵੇਂ ਪ੍ਰਬੰਧ ਦੀ ਬਣਤਰ ਦੀ ਸਪਸ਼ਟ ਝਲਕ ਪੇਸ਼ ਕਰਦਾ ਹੈ। ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੇ ਦਬਾਅ ਹੇਠ ਰਾਸ਼ਟਰਪਤੀ ਅਲਫੌਂਸਿਨ ਵਲੋਂ ਅਸਤੀਫਾ ਦੇਣ ਤੋਂ ਬਾਅਦ, ਇਕ ਛੋਟੇ ਸੂਬੇ ਦੇ ਪੈਰੋਨਵਾਦੀ ਗਵਰਨਰ ਕਾਰਲਸ ਮੈਨਮ ਨੇ ਉਸ ਦੀ ਥਾਂ ਲੈ ਲਈ। ਚਮੜੇ ਦੀ ਜੈਕਟ ਪਹਿਨਣ ਦਾ ਸ਼ੁਕੀਨ ਮੈਨਮ ਮੁੱਛਾਂ ਕਤਰ ਕੇ ਰੱਖਦਾ ਸੀ ਅਤੇ ਉਸ ਦੀ ਦਿੱਖ ਤੋਂ ਜਾਪਦਾ ਸੀ ਕਿ ਉਹ ਬਦੇਸ਼ੀ ਸ਼ਾਹੂਕਾਰਾਂ ਅਤੇ ਫ਼ੌਜ ਦੋਵਾਂ ਨਾਲ ਮੜ੍ਹਿੱਕਣ ਦੇ ਸਮਰੱਥ ਹੈ। ਫ਼ੌਜ ਹਾਲੇ ਵੀ ਨਹਿਸ਼ ਸਮਝੀ ਜਾਂਦੀ ਸੀ। ਪੈਰੋਨਵਾਦੀ ਪਾਰਟੀ ਅਤੇ ਟਰੇਡ ਯੂਨੀਅਨ ਲਹਿਰ ਦਾ ਸਫ਼ਾਇਆ ਕਰਨ ਦੀਆਂ ਕੁਲ ਹਿੰਸਕ ਕੋਸ਼ਿਸ਼ਾਂ ਤੋਂ ਬਾਅਦ, ਇਸ ਸਮੇਂ ਅਰਜਨਟਾਈਨਾ ਦਾ ਰਾਸ਼ਟਰਪਤੀ ਹੁਣ ਐਸਾ ਵਿਅਕਤੀ ਬਣ ਗਿਆ ਸੀ ਜਿਸ ਨੇ ਯੂਨੀਅਨ ਦੇ ਹੱਕ 'ਚ ਚੋਣ ਮੁਹਿੰਮ ਚਲਾਉਂਦਿਆਂ ਜੁਆਨ ਪੈਰੋਨ ਦੀਆਂ ਕੌਮਪ੍ਰਸਤ ਆਰਥਕ ਨੀਤੀਆਂ ਨੂੰ ਮੁੜ ਸੁਰਜੀਤ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਬੋਲੀਵੀਆ ਅੰਦਰ ਪਾਜ਼ ਵਲੋਂ ਅਹੁਦਾ ਸੰਭਾਲਣ ਸਮੇਂ ਮਾਰੇ ਜਜ਼ਬਾਤੀ ਹੋਕਰਿਆਂ ਨਾਲ ਬਹੁਤ ਮਿਲਦਾ-ਜੁਲਦਾ ਸੀ।

ਬਾਅਦ 'ਚ ਸਾਬਤ ਹੋ ਗਿਆ ਕਿ ਇਹ ਦਾਅਵੇ ਬਹੁਤ ਜ਼ਿਆਦਾ ਵਧਵੇਂ ਸਨ। ਇਕ ਸਾਲ ਅਹੁਦੇ 'ਤੇ ਰਹਿਣ ਅਤੇ ਆਈ ਐੱਮ ਐੱਫ ਦੇ ਭਾਰੀ ਦਬਾਅ ਹੇਠ ਮੈਨਮ ਘ੍ਰਿਣਤ "ਭਰਮਾਊ ਸਿਆਸਤ" ਕਰਨ 'ਚ ਜੁਟ ਗਿਆ। ਤਾਨਾਸ਼ਾਹੀ ਦੇ ਵਿਰੋਧ ਦੀ ਪ੍ਰਤੀਕ ਪਾਰਟੀ ਦੇ ਨੁਮਾਇੰਦੇ ਵਜੋਂ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ, ਉਸ ਨੇ ਡੋਮਿੰਗੋ ਕੈਵੈਲੋ ਨੂੰ ਵਿੱਤ ਮੰਤਰੀ ਬਣਾ ਕੇ

ਫ਼ੌਜੀ ਤਾਨਾਸ਼ਾਹੀ ਦੇ ਦੌਰ ਦੇ ਉਸ ਅਧਿਕਾਰੀ ਨੂੰ ਮੁੜ ਸੱਤਾਧਾਰੀ ਬਣਾ ਦਿੱਤਾ ਜਿਸ ਨੇ ਕਾਰਪੋਰੇਟ ਖੇਤਰ ਵਲੋਂ ਲਏ ਕਰਜੇ ਸਰਕਾਰੀ ਖਾਤੇ 'ਚੋਂ ਦਿੱਤੇ ਸਨ। ਇਹ ਅਦਾਇਗੀਆਂ ਕਾਰਪੋਰੇਟਾਂ ਨੂੰ ਤਾਨਾਸ਼ਾਹੀ ਦਾ ਵਿਦਾਇਗੀ ਤੋਹਫ਼ਾ ਸੀ।[33] ਉਸ ਨੂੰ ਮੰਤਰੀ ਲੈਣਾ ਅਰਥਸ਼ਾਸਤਰੀਆਂ ਅਨੁਸਾਰ "ਇਕ ਇਸ਼ਾਰਾ" ਸੀ—ਇਸ ਮਾਮਲੇ 'ਚ ਇਕ ਸਪਸ਼ਟ ਸੰਕੇਤ ਕਿ ਨਵੀਂ ਸਰਕਾਰ ਫ਼ੌਜੀ ਸਰਕਾਰ ਵਲੋਂ ਵਿੱਢੇ ਕਾਰਪੋਰੇਟਵਾਦੀ ਤਜਰਬੇ ਨੂੰ ਹੱਥ ਲੈ ਕੇ ਜਾਰੀ ਰੱਖੇਗੀ। ਬਿਓਨਸ ਏਅਰੀਸ ਦੇ ਸ਼ੇਅਰ ਬਜ਼ਾਰ ਨੇ ਇਸ 'ਤੇ ਜੋ ਹੁੰਗਾਰਾ ਭਰਿਆ ਉਹ ਕੈਵੈਲੋ ਦੀ ਨਿਯੁਕਤੀ ਦਾ ਜੋਸ਼ ਭਰਪੂਰ ਸਵਾਗਤ ਹੋ ਨਿੱਬੜਿਆ : ਉਸ ਦੀ ਨਿਯੁਕਤੀ ਦਾ ਐਲਾਨ ਕੀਤੇ ਜਾਣ ਵਾਲੇ ਦਿਨ ਸ਼ੇਅਰ ਬਜ਼ਾਰ ਦਾ ਕਾਰੋਬਾਰ 30 ਫ਼ੀ ਸਦੀ ਵਧ ਗਿਆ ਸੀ।[34]

ਕੈਵੈਲੋ ਨੇ ਉਨ੍ਹਾਂ ਹੀ ਵਿਚਾਰਾਂ ਵਾਲਿਆਂ ਦੀਆਂ ਨਿਯੁਕਤੀਆਂ ਮੁੜ ਸ਼ੁਰੂ ਕਰ ਦਿੱਤੀਆਂ। ਸਰਕਾਰ 'ਚ ਮਿਲਟਨ ਫਰਾਇਡਮੈਨ ਅਤੇ ਅਰਨੌਲਡ ਹਾਰਬਰਜ਼ਰ ਦੇ ਸਾਬਕਾ ਸ਼ਗਿਰਦ ਵੱਡੀ ਗਿਣਤੀ 'ਚ ਸ਼ਾਮਲ ਕਰ ਲਏ ਗਏ। ਅਸਲ ਵਿਚ ਦੇਸ਼ ਦੇ ਚੋਟੀ ਦੇ ਆਰਥਕ ਅਹੁਦੇ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਦੇ ਦਿੱਤੇ ਗਏ : ਕੇਂਦਰੀ ਬੈਂਕ ਦਾ ਪ੍ਰਧਾਨ ਰੈਂਕ ਫਰਨਾਂਡੇਜ਼ ਨੂੰ ਬਣਾਇਆ ਗਿਆ ਜੋ ਆਈ ਐੱਮ ਐੱਫ ਅਤੇ ਸੰਸਾਰ ਬੈਂਕ ਦੋਵਾਂ 'ਚ ਕੰਮ ਕਰਦਾ ਰਿਹਾ ਸੀ; ਕੇਂਦਰੀ ਬੈਂਕ ਦਾ ਮੀਤ ਪ੍ਰਧਾਨ ਪੈਦਰੋ ਪਾਓ ਨੂੰ ਬਣਾਇਆ ਗਿਆ ਜੋ ਤਾਨਾਸ਼ਾਹੀ ਲਈ ਕੰਮ ਕਰਦਾ ਰਿਹਾ ਸੀ; ਕੇਂਦਰੀ ਬੈਂਕ ਦਾ ਮੁੱਖ ਸਲਾਹਕਾਰ ਪਾਬਲੋ ਗੁਇਦੋਤੀ ਨੂੰ ਬਣਾਇਆ ਗਿਆ ਜੋ ਸ਼ਿਕਾਗੋ ਯੂਨੀਵਰਸਿਟੀ ਦੇ ਇਕ ਹੋਰ ਸਾਬਕਾ ਪ੍ਰੋਫੈਸਰ ਮਿਸ਼ੇਲ ਮੂਸਾ ਦੇ ਮਤਹਿਤ ਆਈ ਐੱਮ ਐੱਫ 'ਚ ਕੰਮ ਕਰਦਾ ਰਿਹਾ ਸੀ ਅਤੇ ਉਸ ਨੂੰ ਉੱਥੋਂ ਸਿੱਧਾ ਹੀ ਸਲਾਹਕਾਰ ਲਿਆ ਗਿਆ ਸੀ।

ਇਸ ਪੱਖੋਂ ਅਰਜਨਟਾਈਨਾ ਕੋਈ ਵਿਲੱਖਣ ਮਿਸਾਲ ਨਹੀਂ ਸੀ। 1999 ਤੱਕ, ਇਸਰਾਇਲ ਤੋਂ ਲੈ ਕੇ ਕੋਸਤਾਰਿਕਾ ਤੱਕ ਪੰਝੀ ਤੋਂ ਵੱਧ ਸਰਕਾਰਾਂ ਦੇ ਮੰਤਰੀ ਅਤੇ ਕੇਂਦਰੀ ਬੈਂਕਾਂ ਦੇ ਦਰਜਨ ਤੋਂ ਵੱਧ ਪ੍ਰਧਾਨ ਵੱਖੋ-ਵੱਖਰੇ ਦੇਸ਼ਾਂ ਦੇ ਉਹ ਗਰੈਜੂਏਟ ਸਨ ਜੋ ਸ਼ਿਕਾਗੋ ਸਕੂਲ 'ਚ ਪੜ੍ਹੇ ਸਨ। ਕਿਸੇ ਯੂਨੀਵਰਸਿਟੀ ਦੇ ਇਕੋ ਵਿਭਾਗ ਦੇ ਰਸੂਖ਼ ਦਾ ਇਸ ਤੋਂ ਵੱਧ ਅਸਾਧਾਰਨ ਪੱਧਰ ਕੀ ਹੋ ਸਕਦਾ ਹੈ।[35] ਜਿਵੇਂ ਹੋਰ ਬਹੁਤ ਸਾਰੇ ਦੇਸ਼ਾਂ 'ਚ ਸੀ, ਉਸੇ ਤਰ੍ਹਾਂ ਅਰਜਨਟਾਈਨਾ 'ਚ ਸ਼ਿਕਾਗੋ ਵਾਲੇ ਮੁੰਡਿਆਂ ਨੇ ਵੀ ਚੁਣੀ ਹੋਈ ਸਰਕਾਰ ਦੇ ਚਾਰ-ਚੁਫੇਰੇ ਵਿਚਾਰਧਾਰਕ ਘੇਰਾ ਬਣਾਇਆ ਹੋਇਆ ਸੀ। ਇਕ ਟੋਲੀ ਇਸ ਦੇ ਅੰਦਰ ਜਾ ਕੇ ਅਤੇ ਦੂਜੀ ਵਾਸ਼ਿੰਗਟਨ 'ਚ ਬੈਠੀ ਦਬਾਅ ਪਾ ਰਹੀ ਸੀ। ਮਿਸਾਲ ਵਜੋਂ, ਬਿਓਨਸ ਏਅਰੀਸ ਲਈ ਆਈ ਐੱਮ ਐੱਫ ਦੇ ਵਫਦ ਦਾ ਮੁਖੀ ਅਕਸਰ ਹੀ ਅਰਜਨਟਾਈਨਾ ਦਾ ਸ਼ਿਕਾਗੋ ਵਾਲਾ ਮੁੰਡਾ ਕਲਾਦੀਓ ਲੋਜ਼ਰ ਹੁੰਦਾ ਸੀ। ਇਸ ਦਾ ਅਰਥ ਸੀ ਜਦੋਂ ਉਹ ਵਿੱਤ ਮੰਤਰਾਲੇ ਅਤੇ ਕੇਂਦਰੀ ਬੈਂਕ ਨਾਲ ਮੀਟਿੰਗਾਂ ਕਰਦਾ ਤਾਂ ਇਹ ਮੁਖ਼ਾਲਫ਼ ਧਿਰਾਂ ਦੀਆਂ ਮੀਟਿੰਗਾਂ ਨਹੀਂ ਅਸਲ ਵਿਚ ਇਹ ਦੋਸਤਾਂ, ਸ਼ਿਕਾਗੋ ਯੂਨੀਵਰਸਿਟੀ ਦੇ ਸਾਬਕਾ ਹਮ-ਜਮਾਤੀਆਂ ਦੀਆਂ ਕਾਲਜ ਵਰਗੀਆਂ ਗੁਫ਼ਤਗੂ ਹੁੰਦੀਆਂ ਸਨ ਜੋ ਥੋੜ੍ਹਾ ਸਮਾਂ ਪਹਿਲਾਂ ਉਨੀ ਨੰਬਰ ਸੜਕ (ਵਾਸ਼ਿੰਗਟਨ) 'ਤੇ ਸਥਿਤ ਸਦਰ ਮੁਕਾਮ 'ਚ ਇਕੱਠੇ ਕੰਮ ਕਰਦੇ ਰਹੇ ਸਨ। ਇਸ ਆਲਮੀ ਆਰਥਕ ਭਾਈਚਾਰਕ ਸਾਂਝ ਦੇ ਪ੍ਰਭਾਵ ਬਾਰੇ ਅਰਜਨਟਾਈਨਾ 'ਚ ਇਕ ਕਿਤਾਬ ਛਪੀ ਸੀ। ਇਸ ਦਾ ਸਿਰਲੇਖ Buenos Muchachos ਪੂਰੀ ਤਰ੍ਹਾਂ ਢੁਕਵਾਂ ਸੀ, ਇਹ ਮਾਫੀਆ ਬਾਰੇ ਮਾਰਟਿਨ ਸਕੌਰਸਿਸ ਦੀ ਸ਼ਾਹਕਾਰ ਰਚਨਾ Goodfellas ਵੱਲ ਇਸ਼ਾਰਾ ਸੀ।[36]

ਅਰਜਨਟਾਈਨਾ ਦੀ ਆਰਥਿਕਤਾ 'ਚ ਕੀ ਰੱਦੋਬਦਲ ਕਰਨੀ ਜ਼ਰੂਰੀ ਹੈ ਅਤੇ ਇਸ ਨੂੰ ਕਿਵੇਂ ਚਰੂੰਡਿਆ ਜਾਵੇ ਇਸ ਬਾਰੇ ਇਸ ਭਾਈਚਾਰੇ ਦੇ ਮੈਂਬਰ ਪੂਰੇ ਉਤਸ਼ਾਹ ਨਾਲ ਇਕ ਮੱਤ ਸਨ।

ਕੈਵੈਲੋ ਯੋਜਨਾ, ਇਸ ਨੂੰ ਇਹੀ ਨਾਂ ਦਿੱਤਾ ਗਿਆ, ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੋਵਾਂ ਵਲੋਂ ਤਿਆਰ ਕੀਤੇ ਨੀਤੀਆਂ ਦੇ ਚਲਾਕੀ ਭਰੇ ਪੁਲੰਦੇ 'ਤੇ ਅਧਾਰਤ ਸੀ : ਨਿੱਜੀਕਰਨ ਨੂੰ ਸੰਕਟ ਤੋਂ ਬਚਾਉਣ ਖ਼ਾਤਰ ਮਿਸ਼ਨ ਦੇ ਅਨਿੱਖੜ ਅੰਗ ਵਜੋਂ ਥੋਪਣ ਲਈ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੀ ਅਫ਼ਰਾ-ਤਫ਼ਰੀ ਅਤੇ ਮਾਯੂਸੀ ਨੂੰ ਇਸਤੇਮਾਲ ਕਰਨਾ। ਇਸ ਕਰਕੇ ਮੁਦਰਾ ਪ੍ਰਣਾਲੀ 'ਚ ਸਥਿਰਤਾ ਲਿਆਉਣ ਲਈ ਕੈਵੈਲੋ ਨੇ ਲੋਕ ਭਲਾਈ ਯੋਜਨਾਵਾਂ ਦੇ ਸਰਕਾਰੀ ਖ਼ਰਚਿਆਂ ਉੱਪਰ ਫਟਾਫਟ ਪਾਬੰਦੀ ਲਾ ਦਿੱਤੀ ਅਤੇ ਇਕ ਹੋਰ ਨਵਾਂ ਸਿੱਕਾ ਅਰਜਨਟਾਈਨਾ ਪੀਸੋ ਚਲਾ ਦਿੱਤਾ ਜਿਸ ਨੂੰ ਅਮਰੀਕੀ ਡਾਲਰ ਨਾਲ ਨੂੜ ਦਿੱਤਾ ਗਿਆ। ਇਕ ਸਾਲ ਦੇ ਅੰਦਰ, ਸਿੱਕੇ ਦਾ ਫੈਲਾਅ ਘਟ ਕੇ 17 ਫ਼ੀ ਸਦੀ 'ਤੇ ਆ ਗਿਆ ਸੀ ਅਤੇ ਕੁਝ ਸਾਲ ਬਾਅਦ ਇਹ ਸਚਮੁਚ ਖ਼ਤਮ ਹੋ ਗਿਆ ਸੀ।[37] ਇਸ ਨੇ ਬੇਮੁਹਾਰੀ ਮੁਦਰਾ ਦੀ ਸਮੱਸਿਆ ਨਾਲ ਜ਼ਰੂਰ ਨਜਿੱਠਿਆ ਪਰ ਇਸ ਨੇ ਪ੍ਰੋਗਰਾਮ ਦੇ ਬਾਕੀ ਅੱਧੇ ਹਿੱਸੇ ਨੂੰ "ਗੰਧਲਾਅ ਦਿੱਤਾ।"

ਅਰਜਨਟਾਈਨਾ ਦੀ ਤਾਨਾਸ਼ਾਹੀ ਨੇ, ਬਦੇਸ਼ੀ ਨਿਵੇਸ਼ਕਾਰਾਂ ਨੂੰ ਖੁਸ਼ ਕਰਨ ਦੀ ਕੁਲ ਵਚਨਬਧਤਾ ਦੇ ਬਾਵਜੂਦ, ਆਰਥਿਕਤਾ ਦੇ ਵੱਡੇ ਅਤੇ ਮਨਚਾਹੇ ਹਿੱਸੇ, ਕੌਮੀ ਏਅਰਲਾਈਨਾਂ ਤੋਂ ਲੈ ਕੇ ਪੈਟਾਗੋਨੀਆ ਦੇ ਤੇਲ ਦੇ ਬਹੁਮੁੱਲੇ ਭੰਡਾਰਾਂ ਤੱਕ, ਸਰਕਾਰੀ ਹੱਥਾਂ 'ਚ ਹੀ ਰੱਖੇ ਹੋਏ ਸਨ। ਜਿੱਥੋਂ ਤੱਕ ਕੈਵੈਲੋ ਅਤੇ ਸ਼ਿਕਾਗੋ ਵਾਲੇ ਮੁੰਡਿਆਂ ਦਾ ਸਵਾਲ ਸੀ, ਉਨ੍ਹਾਂ ਦਾ ਇਨਕਲਾਬ ਹਾਲੇ ਅਧੂਰਾ ਹੀ ਸੀ, ਅਤੇ ਉਹ ਆਪਣਾ ਕੰਮ ਨੇਪਰੇ ਚਾੜ੍ਹਨ ਲਈ ਆਰਥਕ ਸੰਕਟ ਨੂੰ ਵਰਤਣ ਲਈ ਬਜ਼ਿੱਦ ਸਨ।

ਨੱਬੇਵਿਆਂ 'ਚ, ਅਰਜਨਟਾਈਨੀ ਰਾਜ ਨੇ ਦੇਸ਼ ਦੀ ਦੌਲਤ ਦੇ ਭੰਡਾਰ ਐਨੀ ਤੇਜ਼ੀ ਨਾਲ ਅਤੇ ਐਨੇ ਸਾਲਮ ਰੂਪ 'ਚ ਵੇਚ ਦਿੱਤੇ ਕਿ ਉਨ੍ਹਾਂ ਦਾ ਪ੍ਰਾਜੈਕਟ ਉਸ ਤੋਂ ਵੀ ਕਿਤੇ ਅਗਾਂਹ ਲੰਘ ਗਿਆ ਜੋ ਦਹਾਕਾ ਪਹਿਲਾਂ ਚਿੱਲੀ 'ਚ ਵਾਪਰਿਆ ਸੀ। 1994 ਤੱਕ, ਰਾਜ ਦੇ 90 ਫ਼ੀ ਸਦੀ ਕਾਰੋਬਾਰ ਨਿੱਜੀ ਕੰਪਨੀਆਂ ਨੂੰ ਵੇਚ ਦਿੱਤੇ ਗਏ ਸਨ। ਇਨ੍ਹਾਂ ਨਿੱਜੀ ਕੰਪਨੀਆਂ 'ਚ ਸਿਟੀ ਬੈਂਕ, ਬੈਂਕ ਬੋਸਤਨ, ਫਰਾਂਸ ਦੀ ਸਵੇਜ਼ ਅਤੇ ਵਿਵੈਂਡੀ, ਸਪੇਨ ਦੀ ਰੈਪਸੋਲ ਅਤੇ ਟੈਲੀਫ਼ੋਨਿਕਾ। ਇਨ੍ਹਾਂ ਨੂੰ ਵੇਚਣ ਤੋਂ ਪਹਿਲਾਂ ਮੈਨਮ ਅਤੇ ਕੈਵੈਲੋ ਨੇ ਨਵੇਂ ਮਾਲਕਾਂ ਦੀ ਪੂਰੀ ਰੂਹ ਨਾਲ ਖ਼ਿਦਮਤ ਕੀਤੀ ਸੀ : ਕੈਵੈਲੋ ਦੇ ਆਪਣੇ ਅੰਦਾਜ਼ੇ ਅਨੁਸਾਰ ਉਨ੍ਹਾਂ ਨੇ ਇਨ੍ਹਾਂ ਅਦਾਰਿਆਂ ਦੇ ਸੱਤ ਲੱਖ ਕਾਮਿਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਸੀ : ਕਈਆਂ ਨੇ ਤਾਂ ਇਹ ਗਿਣਤੀ ਕਿਤੇ ਜ਼ਿਆਦਾ ਦੱਸੀ ਹੈ। ਮੈਨਮ ਦੇ ਕਾਰਜ ਕਾਲ ਸਮੇਂ ਸਿਰਫ਼ ਤੇਲ ਕੰਪਨੀ ਦੇ 27,000 ਕਾਮਿਆਂ ਦੀਆਂ ਨੌਕਰੀਆਂ ਖੁੱਸ ਗਈਆਂ। ਜੈਫਰੀ ਸੈਚਸ ਦੇ ਕਦਰਦਾਨ ਕੈਵੈਲੋ ਨੇ ਇਸ ਅਮਲ ਨੂੰ "ਸਦਮਾ ਇਲਾਜ" ਕਿਹਾ ਸੀ। ਮੈਨਮ ਨੇ ਤਾਂ ਇਸ ਲਈ ਹੋਰ ਵੀ ਬੇਰਹਿਮ ਲਫ਼ਜ਼ ਇਸਤੇਮਾਲ ਕੀਤਾ : ਜਿਹੜਾ ਦੇਸ਼ ਹਾਲੇ ਵੀ ਵਿਆਪਕ ਤਸੀਹਿਆਂ ਦੇ ਸਦਮੇ ਦੇ ਅਸਰ ਹੇਠ ਸੀ, ਉਸ ਨੇ ਇਸ ਨੂੰ "ਬੇਹੋਸ਼ ਕੀਤੇ ਬਿਨਾਂ ਵੱਡਾ ਓਪਰੇਸ਼ਨ" ਗਰਦਾਨਿਆ ਸੀ।•[38]

• ਕੈਵੈਲੋ ਅਤੇ ਮੈਨਮ ਵਲੋਂ ਸੱਤਾ ਛੱਡਣ ਤੋਂ ਲੰਮਾ ਸਮਾਂ ਬਾਅਦ ਜਨਵਰੀ 2006 'ਚ ਅਰਜਨਟਾਈਨੀ ਲੋਕਾਂ ਨੂੰ ਹੈਰਾਨੀਜਨਕ ਖ਼ਬਰ ਮਿਲੀ। ਇਹ ਸਾਬਤ ਹੋ ਗਿਆ ਕਿ ਕੈਵੈਲੋ ਯੋਜਨਾ ਕੈਵੈਲੋ ਦੀ ਬਿਲਕੁਲ ਨਹੀਂ ਸੀ, ਨਾ ਹੀ ਇਹ ਆਈ ਐੱਮ ਐੱਫ ਦੀ ਸੀ : ਅਰਜਨਟਾਈਨਾ ਦਾ ਨੱਬੇਵਿਆਂ ਦੇ ਸ਼ੁਰੂ ਦਾ ਸਮੁੱਚਾ ਸਦਮਾ ਇਲਾਜ ਪ੍ਰੋਗਰਾਮ ਗੁਪਤ ਰੂਪ 'ਚ ਜੇ ਪੀ ਮੌਰਗਨ ਅਤੇ ਸਿਟੀ ਬੈਂਕ ਦਾ ਤਿਆਰ ਕੀਤਾ ਹੋਇਆ ਸੀ। ਇਹ ਦੋਵੇਂ ਅਰਜਨਟਾਈਨਾ ਦੀਆਂ ਸਭ ਤੋਂ ਵੱਡੀਆਂ ਕਰਜਦਾਤਾ ਸਨ। ਅਰਜਨਟਾਈਨਾ ਸਰਕਾਰ ਵਿਰੁੱਧ ਮੁਕੱਦਮੇ 'ਚ ਮਸ਼ਹੂਰ ਇਤਿਹਾਸਕਾਰ

ਟਾਈਮ ਰਸਾਲੇ ਨੇ ਇਸ ਤਬਦੀਲੀ ਦੌਰਾਨ ਮੈਨਮ ਦੀ ਤਸਵੀਰ ਮੁੱਖ ਸਫ਼ੇ ਦਾ ਸ਼ਿੰਗਾਰ ਬਣਾਈ। "ਮੈਨਮ ਦਾ ਚਮਤਕਾਰ" ਸੁਰਖ਼ੀ ਹੇਠ ਉਸ ਦਾ ਮੂੰਹ ਸੂਰਜਮੁਖੀ ਦੇ ਫੁੱਲ ਵਿਚੋਂ ਹੱਸਦਾ ਹੋਇਆ ਦਿਖਾਇਆ ਗਿਆ ਸੀ।[39] ਅਤੇ ਇਹ ਚਮਤਕਾਰ ਹੀ ਤਾਂ ਸੀ—ਮੈਨਮ ਅਤੇ ਕੈਵੈਲੋ ਨੇ ਨਿੱਜੀਕਰਨ ਦਾ ਤਿੱਖਾ ਅਤੇ ਕਸ਼ਟਦਾਇਕ ਪ੍ਰੋਗਰਾਮ ਬੇਰੋਕ-ਟੋਕ ਨੇਪਰੇ ਚਾੜ੍ਹ ਦਿੱਤਾ ਸੀ ਅਤੇ ਦੇਸ਼ 'ਚ ਕੋਈ ਬਗ਼ਾਵਤ ਵੀ ਨਹੀਂ ਹੋਈ ਸੀ। ਉਨ੍ਹਾਂ ਨੇ ਇਹ ਕਿਵੇਂ ਕੀਤਾ ?

ਕਈ ਸਾਲ ਬਾਅਦ ਕੈਵੈਲੋ ਨੇ ਭੇਤ ਖੋਲ੍ਹਿਆ, "ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦਾ ਸਮਾਂ ਲੋਕਾਂ, ਖ਼ਾਸ ਕਰਕੇ ਥੋੜ੍ਹੀ ਆਮਦਨੀ ਵਾਲਿਆਂ ਅਤੇ ਛੋਟੇ ਬਚਤਕਾਰਾਂ ਲਈ ਭਿਆਨਕ ਹੁੰਦਾ ਹੈ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕੁਝ ਘੰਟਿਆਂ ਜਾਂ ਕੁਝ ਦਿਨਾਂ 'ਚ ਉਨ੍ਹਾਂ ਨੂੰ ਕਹਿ ਦਿੱਤਾ ਜਾਵੇਗਾ ਕਿ ਉਨ੍ਹਾਂ ਦੀਆਂ ਤਨਖਾਹਾਂ ਨੂੰ ਕੀਮਤਾਂ ਦੇ ਵਾਧੇ ਨੇ ਰਗੜਾ ਫੇਰ ਦਿੱਤਾ ਹੈ। ਇਹ ਅਮਲ ਐਨੀ ਤੇਜ਼ੀ ਨਾਲ ਵਾਪਰਦਾ ਹੈ ਕਿ ਯਕੀਨ ਹੀ ਨਹੀਂ ਆਉਂਦਾ। ਇਸੇ ਕਾਰਨ ਲੋਕ ਸਰਕਾਰ ਨੂੰ ਕਹਿੰਦੇ ਹਨ, "ਕੁਝ ਕਰੋ।" ਅਤੇ ਜਦੋਂ ਸਰਕਾਰ ਸਥਿਰਤਾ ਦੀ ਵਧੀਆ ਯੋਜਨਾ ਪੇਸ਼ ਕਰਦੀ ਹੈ ਤਾਂ ਇਹ ਇਸ ਯੋਜਨਾ ਦੇ ਨਾਲ ਹੀ ਹੋਰ ਸੁਧਾਰ ਕਰਨ ਦਾ ਮੌਕਾ ਵੀ ਹੁੰਦਾ ਹੈ।.....ਸਭ ਤੋਂ ਅਹਿਮ ਸੁਧਾਰ ਆਰਥਿਕਤਾ ਨੂੰ ਖੋਲ੍ਹ ਦੇਣ ਅਤੇ ਰੋਕਾਂ ਹਟਾ ਦੇਣ ਅਤੇ ਨਿੱਜੀਕਰਨ ਦੇ ਅਮਲ ਨਾਲ ਸਬੰਧਤ ਸਨ। ਓਦੋਂ ਇਨ੍ਹਾਂ ਸਾਰੇ ਸੁਧਾਰਾਂ ਨੂੰ ਲਾਗੂ ਕਰਨ ਦਾ ਇਕੋ ਇਕ ਢੰਗ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨਾਲ ਪੈਦਾ ਹੋਈ ਹਾਲਤ ਦਾ ਲਾਹਾ ਲੈਣਾ ਸੀ; ਕਿਉਂਕਿ ਵਸੋਂ ਸਿੱਕੇ ਦੇ ਫੈਲਾਅ ਦਾ ਖ਼ਾਤਮਾ ਕਰਨ ਅਤੇ ਦੁਬਾਰਾ ਸਹਿਜ ਹਾਲਤ ਬਹਾਲ ਕਰਨ ਦੀ ਖ਼ਾਤਰ ਭਾਰੀ ਤਬਦੀਲੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਸੀ।"[40]

ਲੰਮੇ ਦਾਅ ਤੋਂ, ਕੈਵੈਲੋ ਦਾ ਪ੍ਰੋਗਰਾਮ ਅਰਜਨਟਾਈਨਾ ਲਈ ਪੂਰੀ ਤਰ੍ਹਾਂ ਤਬਾਹਕੁਨ ਸਾਬਤ ਹੋਣਾ ਸੀ। ਉਸ ਵਲੋਂ ਮੁਦਰਾ 'ਚ ਸਥਿਰਤਾ ਲਿਆਉਣ ਲਈ ਜੋ ਢੰਗ ਅਪਣਾਇਆ ਗਿਆ—ਪੀਸੋ ਨੂੰ ਅਮਰੀਕੀ ਡਾਲਰ ਨਾਲ ਨੂੜ ਦੇਣਾ—ਇਸ ਨਾਲ ਦੇਸ਼ ਵਿਚ ਵਸਤਾਂ ਦੀ ਪੈਦਾਵਾਰ ਐਨੀ ਮਹਿੰਗੀ ਹੋ ਗਈ ਕਿ ਸਥਾਨਕ ਫੈਕਟਰੀਆਂ ਦੇਸ਼ 'ਚ ਆ ਰਹੇ ਸਸਤੀਆਂ ਦਰਾਮਦਾਂ ਦੇ ਹੜ੍ਹ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਸਨ। ਇਸ ਸਮੇਂ ਐਨੀ ਵੱਡੀ ਗਿਣਤੀ ਲੋਕਾਂ ਦੀਆਂ ਨੌਕਰੀਆਂ ਖੋਹੀਆਂ ਗਈਆਂ ਕਿ ਆਖ਼ਿਰ ਅੱਧੀ ਵਸੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਸੁੱਟ ਦਿੱਤੀ ਗਈ। ਜਦਕਿ, ਥੋੜ੍ਹੇ ਸਮੇਂ ਪੱਖੋਂ ਦੇਖਿਆਂ, ਇਸ ਯੋਜਨਾ ਨੇ ਕਮਾਲ ਕਰ ਦਿਖਾਈ : ਜਦੋਂ ਦੇਸ਼ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੇ ਸਦਮੇ 'ਚ ਸੀ ਕੈਵੈਲੋ ਅਤੇ ਮੈਨਮ ਨੇ ਚੋਰੀ ਚੋਰੀ ਨਿੱਜੀਕਰਨ ਥੋਪ ਦਿੱਤਾ। ਸੰਕਟ ਨੇ ਆਪਣਾ ਕੰਮ ਕਰ ਦਿੱਤਾ ਸੀ।

ਇਸ ਸਮੇਂ ਦੌਰਾਨ ਅਰਜਨਟਾਈਨਾ ਦੇ ਆਗੂਆਂ ਨੇ ਜਿਹੜਾ ਕੰਮ ਨੇਪਰੇ ਚਾੜ੍ਹਿਆ ਉਹ ਆਰਥਕ ਤਕਨੀਕ ਨਾਲੋਂ ਮਨੋਵਿਗਿਆਨਕ ਵਧੇਰੇ ਸੀ। ਫ਼ੌਜੀ ਸਰਕਾਰ ਦਾ ਤਜਰਬੇਕਾਰ ਸਰਗਨਾ

ਐਲੀਜੈਂਡਰੋ ਓਲਮੋਸ ਗਾਓਨਾ ਨੇ 1400 ਸਫ਼ੇ ਦਾ ਹੈਰਤਅੰਗੇਜ਼ ਦਸਤਾਵੇਜ਼ ਸਾਹਮਣੇ ਲਿਆਂਦਾ ਜੋ ਇਨ੍ਹਾਂ ਦੋ ਅਮਰੀਕੀ ਬੈਂਕਾਂ ਨੇ ਕੈਵੈਲੋ ਲਈ ਲਿਖਿਆ ਸੀ। ਦਸਤਾਵੇਜ਼ ਵਿਚ "ਉਹ ਨੀਤੀਆਂ ਬਣਾਈਆਂ ਗਈਆਂ ਹਨ ਜੋ ਸਰਕਾਰ ਨੇ 1992 ਤੋਂ ਲਾਗੂ ਕੀਤੀਆਂ....ਸੇਵਾਵਾਂ ਦਾ ਨਿੱਜੀਕਰਨ, ਕਿਰਤ ਕਾਨੂੰਨਾਂ 'ਚ ਸੁਧਾਰ, ਪੈਨਸ਼ਨ ਪ੍ਰਣਾਲੀ ਦਾ ਨਿੱਜੀਕਰਨ। ਇਹ ਸਾਰੀਆਂ ਯੋਜਨਾਵਾਂ ਪੂਰਾ ਧਿਆਨ ਦੇ ਕੇ ਵਿਸਥਾਰ 'ਚ ਬਣਾਈਆਂ ਗਈਆਂ ਹਨ...ਸਮਝਿਆ ਇਹੀ ਜਾਂਦਾ ਹੈ ਕਿ 1992 ਤੋਂ ਅਪਣਾਈ ਆਰਥਕ ਯੋਜਨਾ ਡੋਮਿੰਗੋ ਕੈਵੈਲੋ ਦੀ ਬਣਾਈ ਹੋਈ ਸੀ, ਪਰ ਇੰਝ ਨਹੀਂ ਹੈ।"

ਕੈਵੈਲੋ ਖ਼ੂਬ ਸਮਝਦਾ ਸੀ ਕਿ ਸੰਕਟ ਦੇ ਝੰਬੇ ਲੋਕ ਕਿਸੇ ਨੂੰ ਵੀ ਬਹੁਤ ਜ਼ਿਆਦਾ ਅਧਿਕਾਰ ਸੌਂਪਣ ਲਈ ਤਿਆਰ ਹੋ ਜਾਂਦੇ ਹਨ ਜਿਹੜਾ ਵੀ ਕੋਈ ਇਸ ਦੇ ਇਲਾਜ ਦਾ ਕ੍ਰਿਸ਼ਮਾ ਕਰ ਦਿਖਾਉਣ ਦਾ ਵਾਅਦਾ ਕਰਦਾ ਹੋਵੇ—ਇਹ ਸੰਕਟ ਚਾਹੇ ਵਿਤੀ ਗਿਰਾਵਟ ਹੋਵੇ ਜਾਂ ਦਹਿਸ਼ਤਪਸੰਦਾਂ ਦਾ ਹਮਲਾ, ਜਿਵੇਂ ਬਾਅਦ 'ਚ ਬੁਸ਼ ਸਰਕਾਰ ਦੇ ਮਾਮਲੇ 'ਚ ਸਾਹਮਣੇ ਆਵੇਗਾ।

ਅਤੇ ਇਸ ਤਰੀਕੇ ਨਾਲ ਫਰਾਇਡਮੈਨ ਵਲੋਂ ਵਿੱਢਿਆ ਜਹਾਦ ਜਮਹੂਰੀਅਤ ਦੀ ਤਬਦੀਲੀ ਆਉਣ ਸਮੇਂ ਵੀ ਸਹੀ-ਸਲਾਮਤ ਰਿਹਾ—ਇਹ ਇਸ ਦੇ ਵਕੀਲਾਂ ਵਲੋਂ ਆਪਣੇ ਸੰਸਾਰ ਨਜ਼ਰੀਏ ਦੀ ਸਿਆਣਪ ਨਾਲ ਵੋਟਰਾਂ ਨੂੰ ਪ੍ਰੇਰਤ ਕਰਨ ਦੀ ਬਦੌਲਤ ਸੰਭਵ ਨਹੀਂ ਹੋਇਆ ਸਗੋਂ ਇਹ ਉੱਪਰੋਥਲੀ ਸੰਕਟਾਂ ਦਾ ਸ਼ਿਕਾਰ ਹੁੰਦੇ ਜਾਣ ਅਤੇ ਆਰਥਕ ਹੰਗਾਮੀ ਹਾਲਾਤ ਸਮੇਂ ਦੀ ਮਾਯੂਸੀ ਦਾ ਪੂਰੀ ਮੁਹਾਰਤ ਨਾਲ ਲਾਹਾ ਲੈ ਕੇ ਆਪਣੀਆਂ ਨੀਤੀਆਂ ਥੋਪਣ ਦੇ ਅਧਾਰ 'ਤੇ ਸੰਭਵ ਹੋਇਆ। ਇਨ੍ਹਾਂ ਨੀਤੀਆਂ ਨੇ ਨਵੀਂਆਂ ਅਤੇ ਨਿਤਾਣੀਆਂ ਹਕੂਮਤਾਂ ਦੇ ਹੱਥ ਬੰਨ੍ਹ ਦਿੱਤੇ। ਜਦੋਂ ਇਕ ਵਾਰ ਇਸ ਦਾਅਪੇਚ 'ਚ ਮੁਹਾਰਤ ਹਾਸਲ ਹੋ ਗਈ, ਫੇਰ ਤਾਂ ਇਸ ਤਰ੍ਹਾਂ ਜਾਪਦਾ ਸੀ ਕਿ ਮੌਕਿਆਂ ਦੀ ਕੋਈ ਤੋਟ ਹੀ ਨਹੀਂ ਹੈ। ਵੈਲਕਰ ਸਦਮੇ ਤੋਂ ਬਾਅਦ 1994 'ਚ ਮੈਕਸੀਕੋ ਦਾ ਟੈਕਿਲਾ ਸੰਕਟ ਆਵੇਗਾ, ਫੇਰ 1997 'ਚ ਏਸ਼ੀਆਈ 'ਛੂਤ' ਫੈਲੇਗੀ ਅਤੇ 1998 'ਚ ਰੂਸੀ ਆਰਥਕਤਾ ਦੀ ਤਬਾਹੀ ਮਚੇਗੀ। ਇਸ ਤੋਂ ਛੇਤੀ ਬਾਅਦ ਬਰਾਜ਼ੀਲ ਦੀ ਆਰਥਕ ਤਬਾਹੀ ਆ ਜਾਵੇਗੀ। ਜਦੋਂ ਇਨ੍ਹਾਂ ਸਦਮਿਆਂ ਅਤੇ ਸੰਕਟਾਂ ਦਾ ਜ਼ੋਰ ਲੱਗ ਜਾਵੇਗਾ ਓਦੋਂ ਹੋਰ ਵੀ ਵੱਧ ਤਬਾਹੀ ਦੇ ਹੱਲੇ ਹੋਣਗੇ : ਸੁਨਾਮੀ ਤੂਫ਼ਾਨ, ਸਮੁੰਦਰੀ ਤੂਫ਼ਾਨ, ਜੰਗਾਂ ਅਤੇ ਦਹਿਸ਼ਤਪਸੰਦਾਂ ਦੇ ਹਮਲੇ। ਤਬਾਹੀਪਸੰਦ ਸਰਮਾਏਦਾਰੀ ਨੇ ਸ਼ਕਲ ਅਖ਼ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ।

ਤਬਦੀਲੀ 'ਚ ਗੁਆਚੇ

ਜਦੋਂ ਅਸੀਂ ਰੋਏ, ਜਦੋਂ ਸਾਨੂੰ ਕੰਬਣੀ ਛਿੜੀ ਅਤੇ
ਜਦੋਂ ਅਸੀਂ ਭੰਗੜੇ ਪਾਏ।

ਇਹ ਸਭ ਤੋਂ ਬੁਰੇ ਵਕਤ ਉਨ੍ਹਾਂ ਨੂੰ ਸਭ ਤੋਂ ਵਧੀਆ ਮੌਕਾ ਬਖ਼ਸ਼ਦੇ ਹਨ ਜੋ ਮੂਲ ਆਰਥਕ ਸੁਧਾਰ ਦੀ ਲੋੜ ਸਮਝਦੇ ਹਨ।
—ਸਟੀਫਨ ਹੈਗਰਡ ਅਤੇ ਜੌਹਨ ਵਿਲੀਅਮਸਨ, *ਨੀਤੀ ਸੁਧਾਰ ਦੀ ਰਾਜਸੀ ਆਰਥਿਕਤਾ*, 1994

ਕਾਂਡ ਨੌਵਾਂ

ਇਤਿਹਾਸ ਦਾ ਬੂਹਾ ਧੜੰਮ ਬੰਦ

ਪੋਲੈਂਡ ਵਿਚ ਸੰਕਟ
ਚੀਨ ਵਿਚ ਕਤਲੇਆਮ

ਮੈਂ ਹੁਣ ਆਜ਼ਾਦ ਪੋਲੈਂਡ 'ਚ ਰਹਿੰਦਾ ਹਾਂ, ਅਤੇ ਮੈਂ ਮਿਲਟਨ ਫਰਾਇਡਮੈਨ ਨੂੰ ਮੇਰੇ ਵਤਨ ਦਾ ਇਕ ਮੁੱਖ ਬੌਧਿਕ ਉਸਰੱਈਆ ਮੰਨਦਾ ਹਾਂ।
—ਲੇਸਜ਼ੇਕ ਬਾਲਸਰੋਵਿਜ਼, ਪੋਲੈਂਡ ਦਾ ਸਾਬਕਾ ਵਿੱਤ ਮੰਤਰੀ, ਨਵੰਬਰ 2006[1]

ਜਦੋਂ ਤੁਸੀਂ ਦਸ ਗੁਣਾਂ ਧਨ ਬਣਾਉਂਦੇ ਹੋ ਤਾਂ ਤੁਹਾਡੇ ਢਿੱਡ ਵਿਚ ਖ਼ਾਸ ਤਰ੍ਹਾਂ ਦਾ ਰਸਾਇਣ ਜਾ ਵੜਦਾ ਹੈ। ਇਹ ਨਸ਼ੇ ਵਾਂਗ ਹੈ।
—ਵਿਲੀਅਮ ਬਰੌਡਰ, ਅਮਰੀਕਾ ਦਾ ਇਕ ਵਿੱਤੀ ਪ੍ਰਬੰਧਕ ਅਧਿਕਾਰੀ, ਸਰਮਾਏਦਾਰੀ ਦੇ ਮੁਢਲੇ ਦਿਨੀਂ ਪੋਲੈਂਡ 'ਚ ਪੂੰਜੀ-ਨਿਵੇਸ਼ ਬਾਰੇ।[2]

ਹੁੱਬ ਆਉਣ ਦੇ ਡਰੋਂ ਸਾਨੂੰ ਖਾਣਾ ਬੰਦ ਨਹੀਂ ਕਰਨਾ ਚਾਹੀਦਾ।
—*ਪੀਪਲਜ਼ ਡੇਲੀ*, ਚੀਨ ਦਾ ਸਰਕਾਰੀ ਅਖ਼ਬਾਰ, ਤਿਆਨਮਿਨ ਚੌਂਕ ਕਤਲੇਆਮ ਤੋਂ ਬਾਅਦ ਖੁੱਲ੍ਹੀ ਮੰਡੀ ਦੇ ਸੁਧਾਰਾਂ ਨੂੰ ਜਾਰੀ ਰੱਖਣ ਦੀ ਲੋੜ ਬਾਰੇ।[3]

ਬਰਲਿਨ ਦੀ ਕੰਧ ਦਾ ਢਾਹਿਆ ਜਾਣਾ ਕਮਿਊਨਿਜ਼ਮ ਦੇ ਢਹਿ-ਢੇਰੀ ਹੋਣ ਨੂੰ ਦਰਸਾਉਣ ਦਾ ਪ੍ਰਤੀਕ ਬਣਕੇ ਉੱਭਰਿਆ। ਪਰ ਇਸ ਤੋਂ ਪਹਿਲਾਂ ਇਕ ਹੋਰ ਝਲਕ ਉੱਭਰੀ ਸੀ ਜਿਸ ਤੋਂ ਸੋਵੀਅਤ ਯੂਨੀਅਨ ਦੀਆਂ ਲਾਈਆਂ ਰੋਕਾਂ ਦੇ ਢਹਿ ਜਾਣ ਦਾ ਯਕੀਨ ਬੱਝਦਾ ਸੀ। ਇਹ ਸੀ ਖੜ੍ਹੀਆਂ ਮੁੱਛਾਂ ਅਤੇ ਖਿੰਡੇ ਵਾਲਾਂ ਵਾਲੇ ਇਲੈਕਟ੍ਰੀਸ਼ਨ ਦੀ ਝਲਕ ਜਿਸ ਨੂੰ ਲੇਅ ਆਫ ਕੀਤਾ

ਹੋਇਆ ਸੀ ਅਤੇ ਉਹ ਡਾਂਸਕ, ਪੋਲੈਂਡ ਵਿਚ ਫੁੱਲਾਂ ਅਤੇ ਝੰਡਿਆਂ ਨਾਲ ਸ਼ਿੰਗਾਰੇ ਲੋਹੇ ਦੇ ਜੰਗਲੇ ਉੱਤੇ ਚੜ੍ਹਿਆ ਹੋਇਆ ਸੀ। ਇਹ ਲੈਨਿਨ ਨਾਂ ਦੇ ਜਹਾਜ਼ਾਂ ਦੇ ਕਾਰਖ਼ਾਨੇ ਦਾ ਸੁਰੱਖਿਆ ਜੰਗਲਾ ਸੀ। ਹਜ਼ਾਰਾਂ ਮਜ਼ਦੂਰ ਇਸ ਵਲਗਣ ਅੰਦਰ ਡਟੇ ਹੋਏ ਸਨ ਅਤੇ ਉਹ ਕਮਿਊਨਿਸਟ ਪਾਰਟੀ ਵਲੋਂ ਮੀਟ ਦੇ ਭਾਅ ਵਧਾਏ ਜਾਣ ਦੇ ਫ਼ੈਸਲੇ ਵਿਰੁੱਧ ਰੋਸ ਪ੍ਰਗਟਾ ਰਹੇ ਸਨ।

ਮਜ਼ਦੂਰਾਂ ਦੀ ਇਹ ਹੜਤਾਲ ਮਾਸਕੋ ਦੀ ਕਠਪੁਤਲੀ ਸਰਕਾਰ ਵਿਰੁੱਧ ਬਗ਼ਾਵਤ ਦਾ ਬੇਮਿਸਾਲ ਪ੍ਰਦਰਸ਼ਨ ਸੀ ਜੋ ਪੈਂਤੀ ਸਾਲਾਂ ਤੋਂ ਪੋਲੈਂਡ ਉੱਪਰ ਰਾਜ ਕਰ ਰਹੀ ਸੀ। ਕੋਈ ਨਹੀਂ ਸੀ ਜਾਣਦਾ ਅਗਾਂਹ ਕੀ ਵਾਪਰੇਗਾ : ਕੀ ਮਾਸਕੋ ਟੈਂਕ ਭੇਜੇਗਾ ? ਕੀ ਇਹ ਹੜਤਾਲੀਆਂ 'ਤੇ ਗੋਲਾਬਾਰੀ ਕਰਕੇ ਉਨ੍ਹਾਂ ਨੂੰ ਧੱਕੇ ਨਾਲ ਕੰਮ 'ਤੇ ਭੇਜ ਦੇਣਗੇ ? ਜਦੋਂ ਹੜਤਾਲ ਨੇ ਪੈਰ ਜਮਾ ਲਏ ਤਾਂ ਜਹਾਜ਼ਾਂ ਦਾ ਕਾਰਖ਼ਾਨਾ ਆਪਾਸ਼ਾਹ ਰਾਜ ਅੰਦਰ ਅਵਾਮੀ ਜਮਹੂਰੀਅਤ ਦਾ ਕੇਂਦਰ ਬਣ ਗਿਆ। ਮਜ਼ਦੂਰਾਂ ਦੀਆਂ ਮੰਗਾਂ ਵਧਦੀਆਂ ਗਈਆਂ। ਉਹ ਹੁਣ ਉਸ ਪਾਰਟੀ ਤੰਤਰ 'ਚ ਜਕੜੀ ਜ਼ਿੰਦਗੀ ਜਿਊਣਾ ਨਹੀਂ ਚਾਹੁੰਦੇ ਸਨ ਜੋ ਉਂਞ ਮਜ਼ਦੂਰ ਜਮਾਤ ਦੀ ਤਰਜ਼ਮਾਨੀ ਦਾ ਦਾਅਵਾ ਕਰਦਾ ਸੀ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੀਆਂ ਆਪਣੀਆਂ ਆਜ਼ਾਦ ਟਰੇਡ ਯੂਨੀਅਨਾਂ ਹੋਣ। ਉਹ ਹੁਣ ਗੱਲਬਾਤ ਕਰਨ, ਆਪਣੀਆਂ ਮੰਗਾਂ ਬਾਰੇ ਸਮਝੌਤਾ ਕਰਨ ਅਤੇ ਹੜਤਾਲ ਦਾ ਹੱਕ ਲੈਣਾ ਚਾਹੁੰਦੇ ਸਨ। ਉਨ੍ਹਾਂ ਨੇ ਇਜਾਜ਼ਤ ਦੀ ਉਡੀਕ ਨਾ ਕੀਤੀ, ਸਗੋਂ ਯੂਨੀਅਨ ਬਣਾ ਕੇ ਇਸ ਦਾ ਨਾਂ Solidarnosc (Solidarity) ਰੱਖ ਲਿਆ।[4] ਇਹ 1980 ਦਾ ਵਰ੍ਹਾ ਸੀ, ਜਦੋਂ ਇਸ ਸਾਲੀਡੈਰਿਟੀ ਅਤੇ ਇਸ ਦੇ ਆਗੂ ਲੇਖ ਵਾਲੇਸਾ ਨੇ ਦੁਨੀਆਂ ਦਾ ਮਨ ਮੋਹ ਲਿਆ।

ਵਾਲੇਸਾ ਓਦੋਂ ਛੱਤੀ ਵਰ੍ਹਿਆਂ ਦਾ ਸੀ। ਪੋਲੈਂਡ ਦੇ ਮਜ਼ਦੂਰਾਂ ਦੀਆਂ ਗੀਝਾਂ ਨਾਲ ਉਸ ਦੀ ਸੁਰ ਐਨੀ ਮਿਲਦੀ ਸੀ ਕਿ ਦੋਵੇਂ ਰੂਹਾਨੀ ਤੌਰ 'ਤੇ ਇਕਜਾਨ ਜਾਪਦੇ ਸਨ। ਡਾਂਸਕ ਦੇ ਜਹਾਜ਼ਾਂ ਦੇ ਕਾਰਖ਼ਾਨੇ 'ਚ ਉਹ ਮਾਈਕ ਤੋਂ ਗੱਜਿਆ : "ਅਸੀਂ ਇਕੋ ਜਹੀ ਰੋਟੀ ਖਾਂਦੇ ਹਾਂ!" ਇਹ ਸਿਰਫ਼ ਵਾਲੇਸਾ ਦੇ ਆਪਣੇ ਅੱਕਟ ਮਿਹਨਤਕਸ਼ ਹੋਣ ਦਾ ਹੀ ਨਹੀਂ ਸਗੋਂ ਉਸ ਜ਼ਬਰਦਸਤ ਭੂਮਿਕਾ ਦਾ ਵੀ ਪ੍ਰਮਾਣ ਸੀ ਜੋ ਸੁਗਲਦੇ ਰਾਹਾਂ ਵਾਲੀ ਨਵੀਂ ਲਹਿਰ ਅੰਦਰ ਕੈਥੋਲਿਕਵਾਦ ਨੇ ਨਿਭਾਈ। ਮਜ਼ਦੂਰਾਂ ਨੇ ਪਾਰਟੀ ਅਧਿਕਾਰੀਆਂ ਦੀਆਂ ਘੂਰੀਆਂ ਨੂੰ ਟਿਚ ਜਾਣਿਆ। ਧਰਮ ਨੂੰ ਹੌਸਲੇ ਦੇ ਪ੍ਰਤੀਕ ਵਜੋਂ ਲੈ ਕੇ ਜੰਗਲਿਆਂ ਦੀ ਵਲਗਣ ਅੰਦਰ ਭਾਈਚਾਰਕ ਸਾਂਝ ਦੇ ਲੜ ਲੱਗਣ ਲਈ ਮਜ਼ਦੂਰਾਂ ਦੀਆਂ ਲਾਈਨਾਂ ਲੱਗ ਗਈਆਂ। ਲੁੱਚੇ ਅਤੇ ਧਾਰਮਿਕ ਢੌਂਗ ਦਾ ਮਿਲਗੋਭਾ ਕਿਰਦਾਰ ਵਾਲੇ ਵਾਲੇਸਾ ਨੇ ਇਕ ਹੱਥ 'ਚ ਕਾਠ ਦਾ ਸਲੀਬ ਚਿੰਨ੍ਹ ਅਤੇ ਦੂਜੇ 'ਚ ਗੁਲਦਸਤਾ ਫੜ੍ਹ ਕੇ ਸਾਲੀਡੈਰਿਟੀ ਦਫ਼ਤਰ ਦਾ ਮਹੂਰਤ ਕੀਤਾ। ਜਦੋਂ ਸਾਲੀਡੈਰਿਟੀ ਅਤੇ ਸਰਕਾਰ ਦਰਮਿਆਨ ਪਹਿਲੇ ਯਾਦਗਾਰੀ ਮਜ਼ਦੂਰ ਸਮਝੌਤੇ 'ਤੇ ਸਹੀ ਪਾਉਣ ਦਾ ਵਕਤ ਆਇਆ ਤਾਂ ਵਾਲੇਸਾ ਨੇ "ਜੌਹਨ ਪਾਲ ਦੂਜੇ ਵਾਂਗ ਹੀ ਵੱਡੇ ਸਾਰੇ ਸੋਵੀਨਰ ਪੈੱਨ ਨਾਲ" ਦਸਤਖ਼ਤ ਕੀਤੇ। ਦੋਵਾਂ ਵੱਲੋਂ ਇਕ ਦੂਜੇ ਦੀ ਤਾਰੀਫ਼ ਕੀਤੀ ਗਈ; ਪੌਲਿਸ਼ ਪੋਪ ਨੇ ਵਾਲੇਸਾ ਨੂੰ ਦੱਸਿਆ ਕਿ ਉਸ ਦੀਆਂ ਦੁਆਵਾਂ ਸਾਲੀਡੈਰਿਟੀ ਨਾਲ ਹਨ।[5]

ਦੇਸ਼ ਦੀਆਂ ਖਾਣਾਂ, ਜਹਾਜ਼ਾਂ ਦੇ ਕਾਰਖ਼ਾਨਿਆਂ ਅਤੇ ਫੈਕਟਰੀਆਂ ਵਿਚ ਸਾਲੀਡੈਰਿਟੀ ਜ਼ਬਰਦਸਤ ਤੇਜ਼ੀ ਨਾਲ ਫੈਲ ਗਈ। ਇਕ ਸਾਲ ਦੇ ਅੰਦਰ ਇਸ ਦੀ ਮੈਂਬਰਸ਼ਿਪ ਇਕ ਕਰੋੜ ਹੋ ਗਈ ਸੀ—ਇਹ ਪੋਲੈਂਡ ਦੀ ਕੰਮ ਕਰਨ ਦੀ ਉਮਰ ਵਾਲੀ ਵਸੋਂ ਦਾ ਤਕਰੀਬਨ ਅੱਧ ਸੀ। ਸੌਦੇਬਾਜ਼ੀ ਕਰਨ ਦਾ ਹੱਕ ਜਿੱਤ ਕੇ ਸਾਲੀਡੈਰਿਟੀ ਠੋਸ ਲਾਂਘਾ ਭੰਨਣ ਦੇ ਕੰਮ 'ਚ ਜੁਟ ਗਈ। ਇਸ ਨੇ ਅਗਲੀਆਂ ਮੰਗਾਂ ਚੁੱਕ ਲਈਆਂ : ਛੇ ਦੀ ਥਾਂ ਪੰਜ ਦਿਨਾਂ ਦਾ ਕੰਮ ਹਫ਼ਤਾ ਅਤੇ

ਫੈਕਟਰੀਆਂ ਦੇ ਪ੍ਰਬੰਧ 'ਚ ਵੱਧ ਪੁੱਗਤ। ਐਸੇ ਨਿਜ਼ਾਮ ਤੋਂ ਸਤੇ ਹੋਏ ਸਾਲੀਡੈਰਿਟੀ ਮੈਂਬਰਾਂ ਨੇ ਪਾਰਟੀ ਕਾਰਿੰਦਿਆਂ ਦੇ ਭ੍ਰਿਸ਼ਟਾਚਾਰ ਅਤੇ ਵਹਿਸ਼ਤ ਨੂੰ ਭੰਡਣਾ ਸ਼ੁਰੂ ਕਰ ਦਿੱਤਾ ਜੋ ਮਜ਼ਦੂਰ ਜਮਾਤ ਨੂੰ ਆਦਰਸ਼ਕ ਬਣਾ ਕੇ ਤਾਂ ਪੂਜਦੇ ਸਨ ਪਰ ਮਜ਼ਦੂਰਾਂ ਨਾਲ ਬਦਸਲੂਕੀ ਕਰਦੇ ਸਨ। ਪਾਰਟੀ ਕਾਰਿੰਦੇ ਲੋਕਾਂ ਪ੍ਰਤੀ ਨਹੀਂ ਸਗੋਂ ਦੂਰ ਮਾਸਕੋ 'ਚ ਬੈਠੇ, ਜਨਤਾ ਤੋਂ ਟੁੱਟੇ ਹੋਏ ਅਫਸਰਸ਼ਾਹਾਂ ਪ੍ਰਤੀ ਜਵਾਬਦੇਹ ਸਨ। ਇਕ-ਪਾਰਟੀ ਰਾਜ ਦੀ ਕੁਚਲੀ ਹੋਈ ਜਮਹੂਰੀਅਤ ਅਤੇ ਸਵੈ-ਨਿਰਣੇ ਦੀ ਸਮੁੱਚੀ ਖ਼ਾਹਸ਼ ਸਥਾਨਕ ਸਾਲੀਡੈਰਿਟੀ ਯੂਨੀਅਨ ਵਿਚ ਜੁੜਨ ਲੱਗੀ ਅਤੇ ਕਮਿਊਨਿਸਟ ਪਾਰਟੀ ਦੀ ਮੈਂਬਰੀ ਨੂੰ ਜਨਤਕ ਪੱਧਰ 'ਤੇ ਬੇਦਾਵਾ ਦੇਣ ਦਾ ਅਮਲ ਸ਼ੁਰੂ ਹੋ ਗਿਆ।

ਮਾਸਕੋ ਨੇ ਇਸ ਨੂੰ ਆਪਣੀ ਪੂਰਬੀ ਸਲਤਨਤ ਲਈ ਸਭ ਤੋਂ ਗੰਭੀਰ ਖ਼ਤਰੇ ਵਜੋਂ ਲਿਆ। ਸੋਵੀਅਤ ਯੂਨੀਅਨ ਅੰਦਰ ਬਹੁਤਾ ਵਿਰੋਧ ਹਾਲੇ ਤੱਕ ਮਨੁੱਖੀ ਹੱਕਾਂ ਦੇ ਕਾਰਕੁਨ ਹੀ ਕਰ ਰਹੇ ਸਨ। ਇਨ੍ਹਾਂ ਵਿਚੋਂ ਅਨੇਕਾਂ ਸਿਆਸੀ ਸੋਜੇਪੱਖ ਨਾਲ ਖੜ੍ਹੇ ਸਨ। ਪਰ ਸਾਲੀਡੈਰਿਟੀ ਦੇ ਮੈਂਬਰਾਂ ਨੂੰ ਐਨੀ ਅਸਾਨੀ ਨਾਲ ਸਰਮਾਏਦਾਰੀ ਦੇ ਹੱਥਠੋਕੇ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ ਸੀ। ਇਹ ਤਾਂ ਉਹ ਮਜ਼ਦੂਰ ਸਨ ਜਿਨ੍ਹਾਂ ਦੇ ਹੱਥਾਂ 'ਚ ਹਥੌੜੇ ਅਤੇ ਪੈਰਾਂ ਦੀਆਂ ਬਿਆਈਆਂ 'ਚ ਕੋਲੇ ਦੀ ਕਾਲਖ ਸੀ। ਮਾਰਕਸਵਾਦੀ ਲਫਾਜ਼ੀ ਅਨੁਸਾਰ, ਇਹ ਲੋਕ ਪਾਰਟੀ ਦਾ ਅਧਾਰ ਹੋਣੇ ਚਾਹੀਦੇ ਹਨ।• ਹੋਰ ਵੀ ਵੱਧ ਖ਼ਤਰਾ ਇਹ ਸੀ ਕਿ ਸਾਲੀਡੈਰਿਟੀ ਦੀ ਦ੍ਰਿਸ਼ਟੀ 'ਚ ਸਾਰਾ ਕੁਝ ਸੀ ਅਤੇ ਪਾਰਟੀ ਕੋਲ ਇਸ ਵਿਚੋਂ ਕੁਝ ਵੀ ਨਹੀਂ ਸੀ : ਜਿੱਥੇ ਪਾਰਟੀ ਆਪਾਸ਼ਾਹ ਸੀ ਉੱਥੇ ਸਾਲੀਡੈਰਿਟੀ ਦੀ ਦ੍ਰਿਸ਼ਟੀ ਜਮਹੂਰੀ ਸੀ; ਪਾਰਟੀ ਕੇਂਦਰੀਕ੍ਰਿਤ ਸੀ ਉੱਥੇ ਸਾਲੀਡੈਰਿਟੀ ਦੀ ਦ੍ਰਿਸ਼ਟੀ ਵਿਕੇਂਦਰਤ ਸੀ। ਜਿੱਥੇ ਪਾਰਟੀ ਅਫਸਰਸ਼ਾਹ ਸੀ ਪਰ ਸਾਲੀਡੈਰਿਟੀ ਦੀ ਦ੍ਰਿਸ਼ਟੀ ਜਨਤਾ ਦੀ ਹਿੱਸੇਦਾਰੀ ਵਾਲੀ ਸੀ। ਅਤੇ ਇਸ ਦੇ ਇਕ ਕਰੋੜ ਮੈਂਬਰ ਪੋਲੈਂਡ ਦੀ ਆਰਥਿਕਤਾ ਨੂੰ ਠੱਪ ਕਰ ਦੇਣ ਦੇ ਸਮਰੱਥ ਸਨ। ਵਾਲੇਸਾ ਨੇ ਵਿਅੰਗ ਕੱਸਿਆ ਸੀ ਕਿ ਉਨ੍ਹਾਂ ਨੂੰ ਸਿਆਸੀ ਲੜਾਈਆਂ 'ਚ ਤਾਂ ਹਰਾਇਆ ਜਾ ਸਕਦਾ ਹੈ, "ਪਰ ਸਾਨੂੰ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਜੇ ਇਹ ਲੋਕ ਸਾਡੇ ਤੋਂ ਟੈਂਕ ਬਣਵਾਉਣਾ ਚਾਹੁੰਦੇ ਹਨ ਤਾਂ ਅਸੀਂ ਕਾਰਾਂ ਬਣਾਵਾਂਗੇ। ਜੇ ਅਸੀਂ ਟਰੱਕਾਂ ਨੂੰ ਪਿੱਛੇ ਵੱਲ ਚੱਲਣ ਵਾਲੇ ਬਣਾ ਦੇਈਏ ਤਾਂ ਇਹ ਉਵੇਂ ਹੀ ਚੱਲਣਗੇ। ਸਾਨੂੰ ਪਤਾ ਹੈ ਪ੍ਰਬੰਧ ਨੂੰ ਕਿਵੇਂ ਹਰਾਉਣਾ ਹੈ। ਅਸੀਂ ਇਸੇ ਪ੍ਰਬੰਧ ਦੇ ਸ਼ਗਿਰਦ ਹਾਂ।"

ਜਮਹੂਰੀਅਤ ਪ੍ਰਤੀ ਸਾਲੀਡੈਰਿਟੀ ਦੀ ਵਚਨਬੱਧਤਾ ਤਾਂ ਕਮਿਊਨਿਸਟ ਪਾਰਟੀ ਅੰਦਰਲੇ ਲੋਕਾਂ ਲਈ ਵੀ ਪ੍ਰੇਰਨਾ ਬਣ ਗਈ। ਕੇਂਦਰੀ ਕਮੇਟੀ ਦੇ ਇਕ ਮੈਂਬਰ ਮੇਰੀਅਨ ਅਰੈਂਦ ਨੇ ਇਕ ਪੋਲਿਸ਼ ਅਖ਼ਬਾਰ ਨੂੰ ਦੱਸਿਆ ਸੀ, "ਇਕ ਸਮੇਂ ਮੈਂ ਐਨਾ ਸਿੱਧੜ ਸੀ ਕਿ ਮੈਂ ਸੋਚਦਾ ਸੀ ਕਿ ਪਾਰਟੀਆਂ ਦੀਆਂ ਗ਼ਲਤੀਆਂ ਲਈ ਕੁਝ ਮਾੜੇ ਆਦਮੀ ਜ਼ਿੰਮੇਦਾਰ ਹਨ। ਹੁਣ ਮੈਨੂੰ ਇਸ ਤਰ੍ਹਾਂ ਦਾ ਕੋਈ ਭੁਲੇਖਾ ਨਹੀਂ ਹੈ। ਸਾਡੇ ਪੂਰੇ ਢਾਂਚੇ, ਪੂਰੇ ਉਸਾਰ 'ਚ ਹੀ ਕਿਤੇ ਗੜਬੜ ਹੈ।"[6]

ਸਤੰਬਰ 1981 'ਚ, ਸਾਲੀਡੈਰਿਟੀ ਦੇ ਮੈਂਬਰ ਆਪਣੀ ਲਹਿਰ ਨੂੰ ਅਗਲੇ ਪੜਾਅ 'ਚ ਲਿਆਣ ਲਈ ਤਿਆਰ ਸਨ। ਇਕ ਵਾਰ ਫੇਰ ਨੌ ਸੌ ਪੋਲਿਸ਼ ਮਜ਼ਦੂਰ ਆਪਣੀ ਯੂਨੀਅਨ ਦੀ ਪਹਿਲੀ ਕੌਮੀ ਕਾਂਗਰਸ ਕਰਨ ਲਈ ਡਾਂਸਕ 'ਚ ਆ ਜੁੜੇ। ਇੱਥੇ ਸਾਲੀਡੈਰਿਟੀ ਸੱਤਾ 'ਤੇ ਕਬਜ਼ਾ ਕਰਨ ਦੀ ਚਾਹਵਾਨ, ਪੋਲੈਂਡ ਲਈ ਆਪਣੇ ਖ਼ੁਦ ਦੇ ਇਕ ਬਦਲਵੇਂ ਆਰਥਕ ਅਤੇ ਸਿਆਸੀ

• 1980 'ਚ ਸਾਲੀਡੈਰਿਟੀ ਦਾ ਇਕ ਹਰਮਨਪਿਆਰਾ ਨਾਅਰਾ ਸੀ : "ਸਮਾਜਵਾਦ—ਹਾਂ ਬਈ ਹਾਂ, ਇਸ ਦਾ ਤੋੜਿਆ ਮਰੋੜਿਆ ਰੂਪ—ਨਾ ਬਈ ਨਾ" (ਬੇਸ਼ੱਕ ਪੋਲਿਸ਼ 'ਚ ਇਹ ਵੱਧ ਪ੍ਰਭਾਵਤ ਕਰਦਾ ਸੀ)।

ਪ੍ਰੋਗਰਾਮ ਵਾਲੀ ਇਨਕਲਾਬੀ ਲਹਿਰ 'ਚ ਵਟ ਗਈ। ਸਾਲੀਡੈਰਿਟੀ ਦੀ ਯੋਜਨਾ 'ਚ ਬਿਆਨ ਕੀਤਾ ਗਿਆ, "ਅਸੀਂ ਹਰ ਪੱਧਰ ਦੇ ਪ੍ਰਬੰਧਕੀ ਅਦਾਰੇ 'ਚ ਇਕ ਸਵੈ-ਸ਼ਾਸਤ ਅਤੇ ਜਮਹੂਰੀ ਸੁਧਾਰ ਅਤੇ ਇਕ ਐਸੇ ਨਵੇਂ ਸਮਾਜੀ-ਆਰਥਕ ਪ੍ਰਬੰਧ ਦੀ ਮੰਗ ਕਰਦੇ ਹਾਂ ਜਿੱਥੇ ਯੋਜਨਾ, ਸਵੈ-ਸ਼ਾਸਨ ਅਤੇ ਮੰਡੀ ਦਾ ਸੁਮੇਲ ਹੋਵੇ।" ਯੋਜਨਾ ਦਾ ਅਹਿਮ ਹਿੱਸਾ ਸੀ ਉਨ੍ਹਾਂ ਵੱਡੀਆਂ ਕੰਪਨੀਆਂ ਸਬੰਧੀ ਤਿੱਖੀ ਸੋਚ ਜੋ ਰਾਜ ਵਲੋਂ ਚਲਾਈਆਂ ਜਾਂਦੀਆਂ ਸਨ ਅਤੇ ਜਿਨ੍ਹਾਂ ਵਿਚ ਸਾਲੀਡੈਰਿਟੀ ਦੇ ਦਹਿ-ਲੱਖਾਂ ਮੈਂਬਰ ਕੰਮ ਕਰਦੇ ਸਨ। ਭਾਵ ਰਾਜ ਦੀ ਜਕੜ ਤੋੜ ਕੇ ਕੰਪਨੀਆਂ ਨੂੰ ਮਜ਼ਦੂਰਾਂ ਦੇ ਜਮਹੂਰੀ ਸਹਿਕਾਰੀ ਅਦਾਰੇ ਬਣਾਉਣ ਦੀ ਸੋਚ। ਪ੍ਰੋਗਰਾਮ 'ਚ ਕਿਹਾ ਗਿਆ, "ਸਮਾਜੀਕਰਨ ਕੀਤੇ ਗਏ ਕਾਰੋਬਾਰ ਅਰਥਚਾਰੇ ਦੀ ਬੁਨਿਆਦੀ ਜਥੇਬੰਦਕ ਇਕਾਈ ਹੋਣਗੇ। ਇਨ੍ਹਾਂ ਉੱਪਰ ਸਮੂਹ ਦੀ ਨੁਮਾਇੰਦਗੀ ਕਰਦੀਆਂ ਮਜ਼ਦੂਰਾਂ ਦੀਆ ਕੌਂਸਲਾਂ ਦਾ ਕੰਟਰੋਲ ਹੋਵੇਗਾ। ਇਨ੍ਹਾਂ ਦਾ ਸੰਚਾਲਨ ਮੁਕਾਬਲੇ ਰਾਹੀਂ ਚੁਣਿਆ ਨਿਰਦੇਸ਼ਕ ਕਰੇਗਾ ਅਤੇ ਕੌਂਸਲ ਉਸ ਨੂੰ ਵਾਪਸ ਬੁਲਾ ਸਕੇਗੀ।"[7] ਵਾਲੇਸਾ ਨੇ ਇਸ ਡਰੋਂ ਇਸ ਦਾ ਵਿਰੋਧ ਕੀਤਾ ਕਿ ਜੇ ਪਾਰਟੀ ਦੀ ਜਕੜ ਨੂੰ ਅਜਿਹੀ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਇਹ ਹਮਲੇ ਨੂੰ ਸੱਦਾ ਦੇਣਾ ਹੋਵੇਗਾ। ਹੋਰਨਾਂ ਦੀ ਦਲੀਲ ਸੀ ਕਿ ਲਹਿਰ ਦਾ ਇਕ ਨਿਸ਼ਾਨਾ, ਭਵਿੱਖ ਦੀ ਹਾਂਪੱਖੀ ਉਮੀਦ ਜ਼ਰੂਰ ਹੋਣਾ ਚਾਹੀਦਾ ਹੈ, ਨਾ ਕਿ ਨਿਰਾ ਦੁਸ਼ਮਣ ਹੀ ਐਲਾਨ ਕੀਤੇ ਜਾਣ। ਬਹਿਸ 'ਚ ਵਾਲੇਸਾ ਹਾਰ ਗਿਆ ਅਤੇ ਆਰਥਕ ਪ੍ਰੋਗਰਾਮ ਸਾਲੀਡੈਰਿਟੀ ਦੀ ਅਧਿਕਾਰਤ ਨੀਤੀ ਬਣ ਗਿਆ।

ਵਾਲੇਸਾ ਦੇ ਹਮਲੇ ਦੇ ਖ਼ਦਸ਼ੇ ਸਹੀ ਸਾਬਤ ਹੋਏ। ਸਾਲੀਡੈਰਿਟੀ ਦੇ ਸਿਰ ਚੁੱਕ ਰਹੇ ਨਿਸ਼ਾਨੇ ਤੋਂ ਮਾਸਕੋ ਭੈਭੀਤ ਅਤੇ ਅੱਗਬਗੂਲਾ ਹੋ ਗਿਆ। ਭਾਰੀ ਦਬਾਅ 'ਚ ਆ ਕੇ, ਦਸੰਬਰ 1981 'ਚ ਪੋਲੈਂਡ ਦੇ ਆਗੂ ਜਨਰਲ ਵੇਜਸੇਚ ਜਾਰੁਜ਼ੇਲਸਕੀ ਨੇ ਮਾਰਸ਼ਲ ਲਾਅ ਦਾ ਐਲਾਨ ਕਰ ਦਿੱਤਾ। ਬਰਫ਼ਵਾਰੀ ਦੌਰਾਨ ਟੈਂਕਾਂ ਨੇ ਅੱਗੇ ਵਧ ਕੇ ਫੈਕਟਰੀਆਂ ਤੇ ਖਾਣਾਂ ਨੂੰ ਘੇਰਾ ਪਾ ਲਿਆ। ਹਜ਼ਾਰਾਂ ਦੀ ਤਾਦਾਦ 'ਚ ਸਾਲੀਡੈਰਿਟੀ ਮੈਂਬਰ ਗ੍ਰਿਫ਼ਤਾਰ ਕਰ ਲਏ ਗਏ ਅਤੇ ਇਸ ਦੇ ਆਗੂ ਵਾਲੇਸਾ ਸਮੇਤ ਜੇਲ੍ਹਾਂ 'ਚ ਡੱਕ ਦਿਤੇ ਗਏ। *ਟਾਈਮ* ਨੇ ਰਿਪੋਰਟ ਛਾਪੀ, "ਜਦੋਂ ਕੈਟੋਵਾਇਸ ਦੇ ਖਾਣ ਮਜ਼ਦੂਰਾਂ ਨੇ ਕੁਹਾੜੀਆਂ ਅਤੇ ਸੱਬਲਾਂ ਚੁੱਕ ਕੇ ਟੱਕਰ ਲਈ ਤਾਂ ਫ਼ੌਜੀਆਂ ਅਤੇ ਪੁਲਿਸ ਨੇ ਵਿਰੋਧ ਕਰ ਰਹੇ ਮਜ਼ਦੂਰਾਂ ਨੂੰ ਹਟਾਉਣ ਲਈ ਤਾਕਤ ਦੀ ਵਰਤੋਂ ਕੀਤੀ, ਸੱਤ ਦੇ ਕਰੀਬ ਮਜ਼ਦੂਰ ਮਾਰ ਦਿੱਤੇ ਅਤੇ ਸੈਂਕੜੇ ਜ਼ਖ਼ਮੀ ਹੋ ਗਏ।"[8]

ਸਾਲੀਡੈਰਿਟੀ ਗੁਪਤਵਾਸ ਜਾਣ ਲਈ ਮਜਬੂਰ ਹੋ ਗਈ, ਪਰ ਅੱਠ ਸਾਲਾਂ ਦੇ ਪੁਲਸੀ ਰਾਜ ਦੌਰਾਨ ਸਗੋਂ ਲਹਿਰ ਦਾ ਪ੍ਰਭਾਵ ਹੀ ਵਧਿਆ। 1983 'ਚ ਵਾਲੇਸਾ ਨੂੰ ਨੋਬਲ ਸ਼ਾਂਤੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ; ਹਾਲਾਂਕਿ ਉਸ ਦੀਆਂ ਸਰਗਰਮੀਆਂ 'ਤੇ ਸਖ਼ਤ ਰੋਕਾਂ ਆਇਦ ਸਨ ਅਤੇ ਉਹ ਖ਼ੁਦ ਜਾ ਕੇ ਇਨਾਮ ਨਹੀਂ ਲੈ ਸਕਿਆ। ਇਸ ਰਸਮ ਮੌਕੇ ਨੋਬਲ ਕਮੇਟੀ ਦੇ ਨੁਮਾਇੰਦੇ ਨੇ ਐਲਾਨ ਕੀਤਾ, "ਜਿਸ ਸ਼ਖਸੀਅਤ ਨੂੰ ਸ਼ਾਂਤੀ ਇਨਾਮ ਦਿੱਤਾ ਜਾਣਾ ਹੈ ਉਸ ਦੀ ਕੁਰਸੀ ਖਾਲੀ ਹੈ। ਇਸ ਲਈ ਆਓ ਆਪਾਂ ਉਸ ਦੀ ਖਾਲੀ ਥਾਂ ਤੋਂ ਖ਼ਾਮੋਸ਼ ਤਕਰੀਰ ਸੁਣਨ ਲਈ ਹੋਰ ਵੀ ਸ਼ਿੱਦਤ ਨਾਲ ਯਤਨ ਕਰੀਏ।"

ਖਾਲੀ ਥਾਂ ਢੁਕਵਾਂ ਆਲੰਕਾਰ ਸੀ ਕਿਉਂਕਿ ਉਸ ਵਕਤ ਹਰ ਕੋਈ ਉਹ ਅਕਸ ਦੇਖਣਾ ਚਾਹੁੰਦਾ ਸੀ ਜਿਸ ਨੂੰ ਉਹ ਸਾਲੀਡੈਰਿਟੀ ਵਿਚੋਂ ਭਾਲਦੇ ਸਨ : ਨੋਬਲ ਕਮੇਟੀ ਦੀਆਂ ਨਜ਼ਰਾਂ 'ਚ ਉਹ ਇਸ ਤਰ੍ਹਾਂ ਦਾ ਆਦਮੀ ਸੀ : ਜਿਸ ਨੇ "ਸ਼ਾਂਤਮਈ ਹੜਤਾਲ ਦੇ ਹਥਿਆਰ ਨੂੰ ਛੱਡ ਕੇ ਹੋਰ ਕਿਸੇ ਹਥਿਆਰ ਦੀ ਵਕਾਲਤ ਨਹੀਂ ਕੀਤੀ।"[9] ਖੱਬੇਪੱਖ ਨੇ ਉਸ 'ਚ ਮੁਕਤੀ ਦਾਤਾ ਦਾ ਐਸਾ ਰੂਪ

ਤੱਕਿਆ ਜੋ ਸਟਾਲਿਨ ਜਾਂ ਮਾਓ ਦੇ ਜੁਰਮਾਂ ਨਾਲ ਦਾਗ਼ੀ ਨਹੀਂ ਸੀ। ਸੱਜੇਪੱਖ ਨੇ ਇਹ ਸਬੂਤ ਲੱਭ ਲਿਆ ਕਿ ਕਮਿਊਨਿਸਟ ਰਾਜ 'ਚ ਵੱਖਰੇ ਵਿਚਾਰਾਂ ਦੇ ਸਧਾਰਨ ਪ੍ਰਗਟਾਵੇ ਨੂੰ ਵੀ ਵਹਿਸ਼ੀ ਤਾਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖੀ ਹੱਕਾਂ ਦੀ ਲਹਿਰ ਨੂੰ ਲੱਗਿਆ ਕਿ ਕੈਦੀਆਂ ਨੂੰ ਉਨ੍ਹਾਂ ਦੇ ਅਕੀਦਿਆਂ ਕਾਰਨ ਜੇਲ੍ਹਾਂ 'ਚ ਡੱਕਿਆ ਗਿਆ ਹੈ। ਕੈਥੋਲਿਕ ਗਿਰਜੇ ਨੂੰ ਕਮਿਊਨਿਸਟ ਨਾਸਤਿਕਵਾਦ ਵਿਰੁੱਧ ਸੰਗੀ ਮਿਲ ਗਿਆ। ਅਤੇ ਮਾਰਗਰੇਟ ਥੈਚਰ ਅਤੇ ਰੋਨਾਲਡ ਰੀਗਨ ਨੂੰ ਸੋਵੀਅਤ ਕਵਚ ਵਿਚ ਵਿਰਲ, ਇਕ ਦਰਾੜ ਲੱਭ ਗਈ, ਹਾਲਾਂਕਿ ਸਾਲੀਡੈਰਿਟੀ ਉਨ੍ਹਾਂ ਹੱਕਾਂ ਦੀ ਲੜਾਈ ਲੜ ਰਹੀ ਸੀ ਜਿਨ੍ਹਾਂ ਨੂੰ ਇਹ ਦੋਵੇਂ ਆਗੂ ਆਪੋ ਆਪਣੇ ਦੇਸ਼ ਅੰਦਰ ਕੁਚਲਣ ਲਈ ਪੂਰਾ ਤਾਣ ਲਾ ਰਹੇ ਸਨ। ਇਸ ਕਰਕੇ ਪਾਬੰਦੀ ਜਿੰਨੀ ਲੰਮੀ ਹੁੰਦੀ ਗਈ, ਸਾਲੀਡੈਰਿਟੀ ਦੀ ਪੌਰਾਣਿਕ ਕਥਾ ਓਨੀ ਹੀ ਵੱਧ ਮਜ਼ਬੂਤ ਹੁੰਦੀ ਗਈ।

1988 ਤੱਕ, ਸ਼ੁਰੂਆਤੀ ਹਮਲੇ ਦੀ ਦਹਿਸ਼ਤ ਘਟ ਗਈ ਸੀ ਅਤੇ ਪੋਲਿਸ਼ ਮਜ਼ਦੂਰ ਇਕ ਵਾਰ ਫੇਰ ਵੱਡੀਆਂ ਵੱਡੀਆਂ ਹੜਤਾਲਾਂ ਕਰ ਰਹੇ ਸਨ। ਇਸ ਵਕਤ ਮੁਕਤ ਆਰਥਿਕਤਾ ਦੇ ਰੂਪ 'ਚ ਨਿਘਾਰ ਆ ਚੁੱਕਾ ਸੀ ਅਤੇ ਮਿਖਾਇਲ ਗੋਰਬਾਚੇਵ ਦਾ ਨਰਮ-ਖ਼ਿਆਲ ਨਿਜ਼ਾਮ ਆਉਣ ਨਾਲ ਮਾਸਕੋ ਨੇ ਢਿੱਲ ਦੇ ਦਿੱਤੀ। ਸਾਲੀਡੈਰਿਟੀ ਨੂੰ ਕਾਨੂੰਨੀ ਮਾਨਤਾ ਅਤੇ ਨਾਲ ਹੀ ਝਟਪਟ ਚੋਣਾਂ ਕਰਾਉਣ ਦੀ ਸਹਿਮਤੀ ਮਿਲ ਗਈ। ਸਾਲੀਡੈਰਿਟੀ ਦੀਆਂ ਦੋ ਸ਼ਾਖਾਵਾਂ ਹੋ ਗਈਆਂ : ਹੁਣ ਇਸ ਦੀ ਇਕ ਯੂਨੀਅਨ ਸੀ ਅਤੇ ਇਕ ਨਵੀਂ ਸ਼ਾਖਾ ਸ਼ਹਿਰੀਆਂ ਦੀ ਸਾਲੀਡੈਰਿਟੀ ਕਮੇਟੀ ਸੀ ਜਿਸ ਨੇ ਚੋਣਾਂ 'ਚ ਹਿੱਸਾ ਲੈਣਾ ਸੀ। ਦੋਵੇਂ ਅਦਾਰੇ ਅਟੁੱਟ ਰੂਪ 'ਚ ਜੁੜੇ ਹੋਏ ਸਨ। ਸਾਲੀਡੈਰਿਟੀ ਦੇ ਆਗੂ ਚੋਣਾਂ ਦੇ ਉਮੀਦਵਾਰ ਬਣਾਏ ਗਏ। ਪਰ ਚੋਣਾਂ ਦਾ ਸਪਸ਼ਟ ਮੰਚ ਨਾ ਹੋਣ ਕਰਕੇ ਸਾਲੀਡੈਰਿਟੀ ਦੀ ਭਵਿੱਖੀ ਯੋਜਨਾ ਦੀਆਂ ਖ਼ਾਸੀਅਤਾਂ ਕੀ ਹੋਣਗੀਆਂ ਇਹ ਯੂਨੀਅਨ ਦੇ ਆਰਥਕ ਪ੍ਰੋਗਰਾਮ ਤੋਂ ਪਤਾ ਲੱਗਦੀਆਂ ਸਨ। ਵਾਲੇਸਾ ਨੇ ਖ਼ੁਦ ਚੋਣ ਨਹੀਂ ਲੜੀ। ਉਸ ਨੇ ਯੂਨੀਅਨ ਸ਼ਾਖਾ ਦੇ ਮੁਖੀ ਦੀ ਭੂਮਿਕਾ ਨਿਭਾਉਣ ਨੂੰ ਤਰਜੀਹ ਦਿੱਤੀ। ਫੇਰ ਵੀ, ਉਹ ਮੁਹਿੰਮ ਦੀ ਨੁਹਾਰ ਸੀ ਜੋ ਇਸ ਨਾਅਰੇ ਤਹਿਤ ਲੜੀ ਗਈ "ਸਾਡੇ ਨਾਲ ਜੁੜ ਕੇ ਤੁਸੀਂ ਵੱਧ ਮਹਿਫ਼ੂਜ਼ ਹੋ।"[10] ਚੋਣਾਂ ਦੇ ਨਤੀਜੇ ਕਮਿਊਨਿਸਟਾਂ ਲਈ ਨਮੋਸ਼ੀ ਭਰੇ ਅਤੇ ਸਾਲੀਡੈਰਿਟੀ ਲਈ ਸ਼ਾਨਾਮੱਤੇ ਸਨ : ਸਾਲੀਡੈਰਿਟੀ ਨੇ 261 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ ਇਨ੍ਹਾਂ ਵਿਚੋਂ 260 ਸੀਟਾਂ ਉਨ੍ਹਾਂ ਨੇ ਜਿੱਤ ਲਈਆਂ।• ਵਾਲੇਸਾ ਪਿੱਛੇ ਰਹਿ ਕੇ ਕੰਮ ਕਰਦਾ ਰਿਹਾ, ਪ੍ਰਧਾਨ ਮੰਤਰੀ ਦਾ ਅਹੁਦਾ ਟੇਡੂਸਜ਼ ਮੌਜ਼ੋਵਿਕੀ ਨੇ ਸੰਭਾਲਿਆ। ਉਸ 'ਚ ਵਾਲੇਸਾ ਜਿੰਨਾ ਕ੍ਰਿਸ਼ਮਾ ਨਹੀਂ ਸੀ, ਪਰ ਸਾਲੀਡੈਰਿਟੀ ਦੇ ਹਫ਼ਤਾਵਾਰ ਅਖ਼ਬਾਰ ਦਾ ਸੰਪਾਦਕ ਹੋਣ ਕਰਕੇ ਉਸ ਨੂੰ ਲਹਿਰ ਦੇ ਆਗੂ ਬੁੱਧੀਜੀਵੀਆਂ 'ਚੋਂ ਇਕ ਮੰਨਿਆ ਜਾਂਦਾ ਸੀ।

ਸੱਤਾ ਦਾ ਸਦਮਾ

ਲਾਤੀਨੀ ਅਮਰੀਕਾ ਵਾਲਿਆਂ ਨੇ ਸਬਕ ਸਿੱਖਿਆ ਸੀ ਕਿ ਆਪਾਸ਼ਾਹ ਰਾਜਾਂ ਦੀ ਇਹ ਆਮ ਆਦਤ ਹੈ ਕਿ ਇਹ ਜਮਹੂਰੀਅਤ ਪ੍ਰਤੀ ਓਦੋਂ ਹੀ ਹੇਜ਼ ਦਿਖਾਉਂਦੇ ਹਨ ਜਦੋਂ ਇਨ੍ਹਾਂ ਦੇ

• ਹਾਲਾਂਕਿ ਚੋਣਾਂ 'ਚ ਨਵਾਂ ਮੁੱਢ ਬੱਝਿਆ ਪਰ ਧੋਖਾਧੜੀ ਫੇਰ ਵੀ ਹੋਈ : ਸ਼ੁਰੂ ਤੋਂ ਹੀ ਸੰਸਦ ਦੇ ਹੇਠਲੇ ਸਦਨ ਵਿਚ ਕਮਿਊਨਿਸਟ ਪਾਰਟੀ ਲਈ 65 ਫੀਸਦੀ ਸੀਟਾਂ ਯਕੀਨੀ ਬਣਾਈਆਂ ਗਈਆਂ, ਅਤੇ ਸਾਲੀਡੈਰਿਟੀ ਨੂੰ ਸਿਰਫ਼ ਬਾਕੀ ਸੀਟਾਂ ਲੜਨ ਦੀ ਇਜਾਜ਼ਤ ਹੀ ਦਿੱਤੀ ਗਈ। ਫੇਰ ਵੀ, ਜਿੱਤ ਐਨੀ ਹੂੰਝਾ ਫੇਰੂ ਸੀ ਕਿ ਸਾਲੀਡੈਰਿਟੀ ਨੇ ਸਰਕਾਰ ਉੱਪਰ ਅਸਰਦਾਰ ਕੰਟਰੋਲ ਬਣਾ ਲਿਆ।

ਆਰਥਕ ਪ੍ਰਾਜੈਕਟਾਂ ਦਾ ਭੜਾਕਾ ਪੈਣ ਵਾਲਾ ਹੁੰਦਾ ਹੈ। ਪੋਲੈਂਡ ਵੀ ਇਸ ਤੋਂ ਵੱਖਰਾ ਨਹੀਂ ਸੀ। ਦਹਾਕਿਆਂ ਤੋਂ ਕਮਿਊਨਿਸਟਾਂ ਨੇ ਆਰਥਿਕਤਾ ਨੂੰ ਐਨੀ ਭੈੜੀ ਤਰ੍ਹਾਂ ਚਲਾਇਆ ਸੀ ਕਿ ਇਕ ਪਿੱਛੋਂ ਦੂਜੀ ਮੁੱਲ ਚੁਕਾਊ ਗ਼ਲਤੀ ਕਾਰਨ ਇਹ ਤਬਾਹੀ ਅਤੇ ਪਤਨ ਦੇ ਦਹਾਨੇ 'ਤੇ ਸੀ। ਵਾਲੇਸਾ ਨੇ ਇਹ ਪ੍ਰਸਿੱਧ ਐਲਾਨ (ਅਤੇ ਪੇਸ਼ੀਨਗੋਈ) ਕਰਦਿਆਂ ਕਿਹਾ ਸੀ "ਚੰਗੇ ਭਾਗਾਂ ਨੂੰ, ਅਸੀਂ ਜਿੱਤ ਗਏ ਹਾਂ!" ਜਦੋਂ ਸਾਲੀਡੈਰਿਟੀ ਨੇ ਵਾਗਡੋਰ ਸੰਭਾਲੀ ਤਾਂ 40 ਅਰਬ ਡਾਲਰ ਦਾ ਕਰਜਾ ਸੀ, ਸਿੱਕੇ ਦੇ ਫੈਲਾਅ ਦੀ ਦਰ 600 ਫ਼ੀ ਸਦੀ ਸੀ, ਖ਼ੁਰਾਕੀ ਵਸਤਾਂ ਦੀ ਭਾਰੀ ਥੁੜ੍ਹ ਸੀ ਅਤੇ ਕਾਲਾ ਬਜ਼ਾਰ ਵਧ-ਫੁਲ ਰਿਹਾ ਸੀ। ਕਈ ਫੈਕਟਰੀਆਂ ਐਸੀਆਂ ਚੀਜ਼ਾਂ ਬਣਾਈ ਜਾ ਰਹੀਆਂ ਸਨ, ਜਿਨ੍ਹਾਂ ਦਾ ਕੋਈ ਖ਼ਰੀਦਦਾਰ ਨਹੀਂ ਸੀ ਤੇ ਉਹ ਗੁਦਾਮਾਂ 'ਚ ਸੜ ਰਹੀਆਂ ਸਨ।[11] ਹਾਲਾਤ ਨੇ ਪੋਲ ਲੋਕਾਂ ਲਈ, ਜਿਸ ਤਰ੍ਹਾਂ ਜਮਹੂਰੀਅਤ ਲਿਆਂਦੀ ਇਸ ਦੀ ਸ਼ੁਰੂਆਤ ਜ਼ਾਲਮਾਨਾ ਸੀ। ਆਖ਼ਿਰ ਮੁਕਤੀ ਹੋ ਗਈ ਸੀ, ਪਰ ਇਸ ਦੇ ਜਸ਼ਨ ਮਨਾਉਣ ਲਈ ਬਹੁਤੇ ਲੋਕਾਂ ਕੋਲ ਨਾ ਵਕਤ ਸੀ ਅਤੇ ਨਾ ਉਨ੍ਹਾਂ ਦੀ ਰੁਚੀ ਸੀ ਕਿਉਂਕਿ ਉਨ੍ਹਾਂ ਦੇ ਅਦਾਇਗੀ ਚੈੱਕ ਬੇਕਾਰ ਸਨ। ਜੇ ਉਸ ਹਫ਼ਤੇ ਸਟੋਰਾਂ 'ਚ ਆਟਾ ਅਤੇ ਮੱਖਣ ਦਾ ਸਟਾਕ ਹੋਣ ਦਾ ਕੋਈ ਸਬੱਬ ਬਣ ਜਾਂਦਾ ਤਾਂ ਉਨ੍ਹਾਂ ਦੇ ਦਿਨ ਕਤਾਰਾਂ 'ਚ ਲੱਗ ਕੇ ਬੀਤ ਜਾਂਦੇ।

ਚੋਣਾਂ ਜਿੱਤਣ ਤੋਂ ਬਾਅਦ ਗਰਮੀ ਦੀ ਸਾਰੀ ਰੁੱਤੇ, ਸਾਲੀਡੈਰਿਟੀ ਸਰਕਾਰ ਕੋਈ ਫ਼ੈਸਲਾ ਨਾ ਲੈਣ ਕਰਕੇ ਨਕਾਰਾ ਹੋ ਕੇ ਬੈਠੀ ਰਹੀ। ਪੁਰਾਣੇ ਦਸਤੂਰ ਦਾ ਪਤਨ ਅਤੇ ਚੋਣਾਂ ਦੀ ਚਾਣਚੱਕ ਜਿੱਤ ਆਪਣੇ ਆਪ 'ਚ ਹੀ ਸਦਮੇ ਸਨ : ਮਹੀਨਿਆਂ 'ਚ ਹੀ ਸਾਲੀਡੈਰਿਟੀ ਦੇ ਕਾਰਕੁਨ ਜੋ ਪਹਿਲਾਂ ਖੁਫ਼ੀਆ ਪੁਲਿਸ ਤੋਂ ਲੁਕੇ ਹੋਏ ਸਨ ਉਨ੍ਹਾਂ ਹੀ ਏਜੰਟਾਂ ਨੂੰ ਤਨਖ਼ਾਹਾਂ ਦੇਣ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਪਹੁੰਚ ਗਏ ਸਨ। ਅਤੇ ਹੁਣ ਉਨ੍ਹਾਂ ਨੂੰ ਇਹ ਦੇਖ ਕੇ ਹੋਰ ਸਦਮਾ ਲੱਗਿਆ ਕਿ ਤਨਖ਼ਾਹਾਂ ਦੀਆਂ ਸੂਚੀਆਂ ਬਣਾਉਣ ਲਈ ਲੋੜੀਂਦਾ ਧਨ ਜੁਟਾਉਣਾ ਹੀ ਮੁਸ਼ਕਲ ਸੀ। ਉਨ੍ਹਾਂ ਨੇ ਕਮਿਊਨਿਸਟਾਂ ਤੋਂ ਬਾਅਦ ਜਿਸ ਤਰ੍ਹਾਂ ਦੀ ਆਰਥਿਕਤਾ ਉਸਾਰਨ ਦਾ ਸੁਪਨਾ ਲਿਆ ਸੀ ਉਸ ਦੀ ਬਜਾਏ ਲਹਿਰ ਮੂਹਰੇ ਮੁਕੰਮਲ ਆਰਥਕ ਗਿਰਾਵਟ ਅਤੇ ਸੰਭਾਵੀ ਜਨਤਕ ਭੁੱਖਮਰੀ ਤੋਂ ਬਚਣ ਦਾ ਵੱਧ ਅਹਿਮ ਕਾਰਜ ਮੂੰਹ ਅੱਡੀ ਖੜ੍ਹਾ ਸੀ।

ਸਾਲੀਡੈਰਿਟੀ ਦੇ ਆਗੂ ਆਰਥਿਕਤਾ ਉੱਪਰ ਰਾਜ ਦੀ ਤੰਦੂਆ ਜਕੜ ਖ਼ਤਮ ਕਰਨ ਦੀ ਇੱਛਾ ਤੋਂ ਤਾਂ ਵਾਕਫ਼ ਸਨ ਪਰ ਇਸ ਦੀ ਥਾਂ ਕੀ ਲਵੇਗਾ ਇਸ ਬਾਰੇ ਬਿਲਕੁਲ ਸਪਸ਼ਟ ਨਹੀਂ ਸਨ। ਲਹਿਰ ਦੀਆਂ ਖਾੜਕੂ ਸਫ਼ਾਂ ਲਈ ਇਹ ਆਪਣੇ ਆਰਥਕ ਪ੍ਰੋਗਰਾਮ ਨੂੰ ਅਜ਼ਮਾਉਣ ਦਾ ਮੌਕਾ ਸੀ। ਉਹ ਇਸ ਤਰ੍ਹਾਂ ਕਿ ਜੇ ਰਾਜ ਵਲੋਂ ਚਲਾਈਆਂ ਜਾਂਦੀਆਂ ਫੈਕਟਰੀਆਂ ਨੂੰ ਮਜ਼ਦੂਰਾਂ ਦੇ ਸਹਿਕਾਰੀ ਅਦਾਰਿਆਂ 'ਚ ਬਦਲ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਆਰਥਕ ਤੌਰ 'ਤੇ ਮੁੜ ਟਿਕਾਊ ਬਣਨ ਦਾ ਮੌਕਾ ਮਿਲ ਸਕਦਾ ਸੀ—ਮਜ਼ਦੂਰਾਂ ਦਾ ਪ੍ਰਬੰਧਕੀ ਅਦਾਰਾ ਵੱਧ ਕਾਰਜ-ਕੁਸ਼ਲ ਹੋ ਸਕਦਾ ਸੀ, ਖ਼ਾਸ ਕਰਕੇ ਪਾਰਟੀ ਅਫਸਰਸ਼ਾਹਾਂ ਦੇ ਵਾਧੂ ਖਰਚ ਤੋਂ ਖ਼ਲਾਸੀ ਪਾ ਲੈਣ ਕਾਰਨ। ਹੋਰਨਾਂ ਨੇ ਉਸੇ ਸਹਿਜ ਤਬਦੀਲੀ ਵਾਲੀ ਪਹੁੰਚ ਅਪਣਾਉਣ ਦੀ ਦਲੀਲ ਦਿੱਤੀ ਜਿਸ ਦੀ ਵਕਾਲਤ ਇਸ ਵਕਤ ਗੋਰਬਾਚੇਵ ਮਾਸਕੋ 'ਚ ਕਰ ਰਿਹਾ ਸੀ—ਅਰਥਾਤ ਉਨ੍ਹਾਂ ਖੇਤਰਾਂ ਦਾ ਸਹਿਜ ਰਫ਼ਤਾਰ ਨਾਲ ਵਿਸਤਾਰ ਕਰਨਾ ਜਿਨ੍ਹਾਂ ਵਿਚ ਸਪਲਾਈ ਅਤੇ ਮੰਗ ਦੇ ਮੁਦਰਾ ਨਿਯਮ ਲਾਗੂ ਹੁੰਦੇ ਹਨ (ਵੱਧ ਕਾਨੂੰਨੀ ਦੁਕਾਨਾਂ ਅਤੇ ਮੰਡੀਆਂ)। ਇਸ ਦਾ ਉਸ ਮਜ਼ਬੂਤ ਜਨਤਕ ਖੇਤਰ ਨਾਲ ਸੁਮੇਲ ਜਿਸ ਦਾ ਅਧਾਰ ਸਕੈਂਡੇਨੇਵੀਆ ਦੇ ਦੇਸ਼ਾਂ (ਡੈਨਮਾਰਕ, ਨਾਰਵੇ, ਸਵੀਡਨ, ਆਈਸਲੈਂਡ) ਦੀ ਸਮਾਜਿਕ ਜਮਹੂਰੀਅਤ ਦਾ ਨਮੂਨਾ ਸੀ।

ਪਰ ਜਿਵੇਂ ਲਾਤੀਨੀ ਅਮਰੀਕਾ 'ਚ ਹੋਇਆ ਸੀ, ਕੁਝ ਹੋਰ ਹੋਣ ਤੋਂ ਪਹਿਲਾਂ ਪੋਲੈਂਡ ਨੂੰ ਫੌਰੀ ਸੰਕਟ ਵਿਚੋਂ ਨਿਕਲਣ ਲਈ ਕਰਜੇ ਤੋਂ ਰਾਹਤ ਅਤੇ ਕੁਝ ਸਹਾਇਤਾ ਦੀ ਜ਼ਰੂਰਤ ਸੀ। ਸਿਧਾਂਤਕ ਪੱਖੋਂ, ਆਰਥਕ ਪਰਲੋ ਨੂੰ ਰੋਕਣ ਲਈ ਸਥਿਰ ਫੰਡ ਮੁਹੱਈਆ ਕਰਨਾ ਤਾਂ ਆਈ ਐੱਮ ਐੱਫ ਦਾ ਕੇਂਦਰੀ ਫ਼ੁਰਮਾਨ ਹੀ ਹੈ। ਇਸ ਵਕਤ ਸਾਲੀਡੈਰਿਟੀ ਦੀ ਅਗਵਾਈ ਵਾਲੀ ਸਰਕਾਰ ਇਸ ਤਰ੍ਹਾਂ ਦੀ ਹੰਗਾਮੀ ਇਮਦਾਦ ਦੀ ਪੂਰੀ ਹੱਕਦਾਰ ਸੀ, ਜੋ ਚਾਰ ਦਹਾਕਿਆਂ ਦੇ ਕਮਿਊਨਿਸਟ ਨਿਜ਼ਾਮ ਦੀ ਜਕੜ 'ਚੋਂ ਨਿਕਲਣ ਦਾ ਪੂਰਬੀ ਬਲਾਕ ਦਾ ਪਹਿਲਾ ਜਮਹੂਰੀ ਹੰਭਲਾ ਸੀ। ਯਕੀਨਨ ਤੌਰ 'ਤੇ, ਲੋਹ ਦੀਵਾਰ ਓਹਲੇ ਇਕ-ਪਾਰਟੀ ਤਾਨਾਸ਼ਾਹੀ ਵਿਰੁੱਧ ਠੰਢੀ ਜੰਗ ਦੀ ਕੁਲ ਭੰਡੀ ਤੋਂ ਬਾਅਦ ਪੋਲੈਂਡ ਦੇ ਨਵੇਂ ਹੁਕਮਰਾਨ ਹੁਣ ਥੋੜ੍ਹੀ ਮਦਦ ਦੀ ਆਸ ਰੱਖ ਸਕਦੇ ਸਨ।

ਅਜਿਹੀ ਕਿਸੇ ਸਹਾਇਤਾ ਦੀ ਕੋਈ ਪੇਸ਼ਕਸ਼ ਨਾ ਹੋਈ। ਹੁਣ ਸ਼ਿਕਾਗੋ ਦੇ ਅਰਥਸ਼ਾਸਤਰ ਸਕੂਲ ਦੀ ਜਕੜ 'ਚ ਆਏ ਆਈ ਐੱਮ ਐੱਫ ਅਤੇ ਅਮਰੀਕੀ ਖ਼ਜ਼ਾਨਾ ਵਿਭਾਗ ਨੇ ਪੋਲੈਂਡ ਦੇ ਮਸਲਿਆਂ ਨੂੰ ਸਦਮਾ ਸਿਧਾਂਤ ਦੀ ਪ੍ਰਿਜ਼ਮ ਰਾਹੀਂ ਦੇਖਣਾ ਸ਼ੁਰੂ ਕਰ ਦਿੱਤਾ। ਨਿਜ਼ਾਮ 'ਚ ਤੇਜ਼ੀ ਨਾਲ ਰੱਦੋ-ਬਦਲ ਦੀ ਗ਼ਲਤ ਸੇਧ ਅਤੇ ਆਰਥਕ ਗਿਰਾਵਟ ਅਤੇ ਕਰਜੇ ਦੇ ਭਾਰੀ ਬੋਝ ਦੇ ਮੇਲ ਦੀ ਹਾਲਤ ਦਾ ਅਰਥ ਇਹ ਸੀ ਕਿ ਪਤਲੀ ਹਾਲਤ ਵਾਲੇ ਪੋਲੈਂਡ ਨੂੰ ਤਿੱਖੇ ਸਦਮਾ ਇਲਾਜ ਦੇ ਪ੍ਰੋਗਰਾਮ ਨੂੰ ਮੰਨਣਾ ਪਵੇਗਾ। ਇੱਥੇ ਵਿੱਤੀ ਮੌਕੇ ਲਾਤੀਨੀ ਅਮਰੀਕਾ ਨਾਲੋਂ ਵੀ ਵਧੇਰੇ ਸਨ : ਪੂਰਬੀ ਯੂਰਪ ਪੱਛਮੀ ਸਰਮਾਏਦਾਰੀ ਤੋਂ ਅਛੋਹ ਰਿਹਾ ਸੀ ਤੇ ਕੋਈ ਖਪਤਕਾਰੀ ਮੰਡੀ ਇੱਥੇ ਨਹੀਂ ਸੀ। ਇਸ ਦੇ ਕੁਲ ਕੀਮਤੀ ਅਸਾਸਿਆਂ ਵਿਚੋਂ ਜ਼ਿਆਦਾਤਰ ਹਾਲੇ ਵੀ ਰਾਜ ਦੀ ਮਾਲਕੀ ਹੇਠ ਸਨ—ਜੋ ਨਿੱਜੀਕਰਨ ਦੇ ਪ੍ਰਮੁੱਖ ਉਮੀਦਵਾਰ ਬਣਦੇ ਸਨ। ਇਨ੍ਹਾਂ ਵਿਚ ਜਿਸ ਕਿਸੇ ਨੇ ਵੀ ਪਹਿਲਾਂ ਪੈਰ ਪਾਉਣਾ ਸੀ ਉਸ ਲਈ ਤੇਜ਼ ਰਫ਼ਤਾਰ ਮੁਨਾਫ਼ਿਆਂ ਦੀ ਅਥਾਹ ਸੰਭਾਵਨਾ ਸੀ।

ਆਈ ਐੱਮ ਐੱਫ ਨੇ ਇਸ ਯਕੀਨ ਨਾਲ ਦੇਸ਼ ਨੂੰ ਕਰਜੇ ਅਤੇ ਸਿੱਕੇ ਦੇ ਫੈਲਾਅ 'ਚ ਹੋਰ ਡੂੰਘਾ ਧਸ ਜਾਣ ਦਿੱਤਾ ਕਿ ਹਾਲਾਤ ਜਿੰਨੇ ਵੱਧ ਮਾੜੇ ਹੋਣਗੇ, ਨਵੀਂ ਸਰਕਾਰ ਦੇ ਬੇਲਗਾਮ ਸਰਮਾਏਦਾਰੀ 'ਚ ਪੂਰੀ ਤਰ੍ਹਾਂ ਕਾਇਆਕਲਪ ਹੋਣ ਦੀ ਸੰਭਾਵਨਾ ਓਨੀ ਹੀ ਵੱਧ ਹੋਵੇਗੀ। ਜਾਰਜ ਐੱਚ ਡਬਲਯੂ ਬੁਸ਼ ਅਧੀਨ ਵਾਈਟ ਹਾਊਸ ਨੇ ਸਾਲੀਡੈਰਿਟੀ ਨੂੰ ਕਮਿਊਨਿਸਟਾਂ ਵਿਰੁੱਧ ਜਿੱਤ ਦੀ ਵਧਾਈ ਦੇਣ ਦੇ ਨਾਲ ਨਾਲ ਇਹ ਵੀ ਸਪਸ਼ਟ ਕਰ ਦਿੱਤਾ ਕਿ ਅਮਰੀਕੀ ਸਰਕਾਰ ਸਾਲੀਡੈਰਿਟੀ ਤੋਂ ਆਸ ਕਰਦੀ ਹੈ ਕਿ ਇਹ ਉਸ ਨਿਜ਼ਾਮ ਦੇ ਜਮਾਂ ਹੋਏ ਕਰਜੇ ਦੇਵੇਗੀ ਜਿਸ ਨੇ ਇਸ 'ਤੇ ਪਾਬੰਦੀ ਲਾਈ ਹੋਈ ਸੀ ਅਤੇ ਇਸ ਦੇ ਮੈਂਬਰਾਂ ਨੂੰ ਜੇਲ੍ਹਾਂ 'ਚ ਸੁੱਟਿਆ ਹੋਇਆ ਸੀ—ਅਤੇ ਇਸ ਨੇ ਸਿਰਫ਼ 1 ਅਰਬ 19 ਕਰੋੜ ਡਾਲਰ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ। ਆਰਥਕ ਪਤਨ ਦਾ ਸਾਹਮਣਾ ਕਰ ਰਹੇ ਅਤੇ ਬੁਨਿਆਦੀ ਮੁੜ-ਢਾਂਚਾ ਢਲਾਈ ਦੀ ਜ਼ਰੂਰਤ ਵਾਲੇ ਇਕ ਦੇਸ਼ ਲਈ ਇਹ ਰਕਮ ਬਹੁਤ ਥੋੜ੍ਹੀ ਸੀ।

ਇਸ ਹਾਲਾਤ 'ਚ, ਜੈਫਰੀ ਸੈਚਸ ਨੇ ਸਾਲੀਡੈਰਿਟੀ ਦੇ ਸਲਾਹਕਾਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਓਦੋਂ ਉਹ ਚੌਂਤੀ ਸਾਲਾਂ ਦਾ ਸੀ। ਸੈਚਸ ਦੇ ਬੋਲੀਵੀਆ ਦੇ ਕਾਰਨਾਮਿਆਂ ਦੇ ਸਮੇਂ ਤੋਂ, ਉਸ ਦੇ ਦੁਆਲੇ ਸ਼ੁਹਰਤ ਦਾ ਜਨੂੰਨੀ ਘੇਰਾ ਸੀ। ਉਸ ਨੇ ਕਿਵੇਂ ਅੱਧੀ ਦਰਜਨ ਦੇਸ਼ਾਂ ਦੀ ਆਰਥਕ ਸਦਮਾ ਡਾਕਟਰ ਵਜੋਂ ਸੇਵਾ ਨਿਭਾਈ ਅਤੇ ਹਾਲੇ ਵੀ ਅਧਿਆਪਨ ਦੀ ਨੌਕਰੀ ਕਰ ਰਿਹਾ ਹੈ ਇਸ ਤੋਂ ਹੈਰਾਨ ਹੋ ਕੇ *ਲਾਸ ਏਂਜਲਸ ਟਾਈਮਜ਼* ਨੇ ਸੈਚਸ ਨੂੰ "ਅਰਥਸ਼ਾਸਤਰ ਦਾ ਇੰਡੀਆਨਾ ਜੋਨਜ਼"• ਕਿਹਾ—ਜੋ ਅਜੇ ਵੀ ਹਾਵਰਡ ਦੀ ਬਹਿਸ ਟੀਮ ਦਾ ਮੈਂਬਰ ਦਿਖਾਈ ਦਿੰਦਾ ਸੀ।[12]

• ਅਮਰੀਕੀ ਗਲਪ ਸਾਹਿਤ ਦਾ ਮਾਅਰਕਿਆਂ ਲਈ ਪ੍ਰਸਿੱਧ ਪਾਤਰ—ਅਨੁਵਾਦਕ

ਪੋਲੈਂਡ ਵਿਚ ਸੈਚਸ ਦਾ ਕੰਮ ਕਮਿਊਨਿਸਟ ਸਰਕਾਰ ਦੀ ਬੇਨਤੀ 'ਤੇ ਚੋਣਾਂ 'ਚ ਸਾਲੀਡੈਰਿਟੀ ਦੀ ਜਿੱਤ ਤੋਂ ਪਹਿਲਾਂ ਸ਼ੁਰੂ ਹੋ ਗਿਆ ਸੀ। ਇਸ ਦਾ ਆਗਾਜ਼ ਇਕ ਦਿਨ ਦੀ ਫੇਰੀ ਨਾਲ ਹੋਇਆ ਜਿਸ ਦੌਰਾਨ ਉਹ ਕਮਿਊਨਿਸਟ ਸਰਕਾਰ ਅਤੇ ਸਾਲੀਡੈਰਿਟੀ ਨੂੰ ਮਿਲਿਆ। ਖਰਬਾਂਪਤੀ ਸ਼ਾਹੂਕਾਰ ਅਤੇ ਕਰੰਸੀ ਵਪਾਰੀ ਜਾਰਜ ਸੋਰੋਸ ਨੇ ਇਹ ਭੂਮਿਕਾ ਨਿਭਾਉਣ ਲਈ ਸੈਚਸ ਦਾ ਨਾਂ ਸੂਚੀ 'ਚ ਸ਼ਾਮਲ ਕਰਾਇਆ ਸੀ। ਸੋਰੋਸ ਅਤੇ ਸੈਚਸ ਨੇ ਵਾਰਸਾ ਦਾ ਸਫ਼ਰ ਇਕੱਠਿਆਂ ਕੀਤਾ। ਸੈਚਸ ਅਨੁਸਾਰ, "ਮੈਂ ਸਾਲੀਡੈਰਿਟੀ ਧੜੇ ਅਤੇ ਪੋਲਿਸ਼ ਸਰਕਾਰ ਨੂੰ ਦੱਸਿਆ ਕਿ ਡੂੰਘੇ ਹੋ ਰਹੇ ਆਰਥਕ ਸੰਕਟ ਨੂੰ ਸੰਬੋਧਤ ਹੋਣ 'ਚ ਮਦਦ ਕਰਨ ਲਈ ਮੈਂ ਇਸ ਨਾਲ ਹੋਰ ਵੱਧ ਜੁੜਨਾ ਚਾਹਾਂਗਾ।"[13] ਸੋਰੋਸ ਪੋਲੈਂਡ ਮਿਸ਼ਨ ਤਿਆਰ ਕਰਨ ਲਈ ਸੈਚਸ ਅਤੇ ਉਸ ਨਾਲ ਕੰਮ ਕਰਨ ਵਾਲੇ ਡੇਵਿਡ ਲਿਪਟਨ ਦਾ ਖ਼ਰਚ ਦੇਣਾ ਮੰਨ ਗਿਆ। ਖੁੱਲ੍ਹੀ ਮੰਡੀ ਪੱਖੀ ਅਰਥਸ਼ਾਸਤਰੀ ਡੇਵਿਡ ਓਦੋਂ ਆਈ ਐੱਮ ਐੱਫ 'ਚ ਕੰਮ ਕਰ ਰਿਹਾ ਸੀ। ਜਦੋਂ ਸਾਲੀਡੈਰਿਟੀ ਨੇ ਚੋਣਾਂ 'ਚ ਹੂੰਝਾ ਫੇਰੂ ਜਿੱਤ ਹਾਸਲ ਕਰ ਲਈ ਤਾਂ ਸੈਚਸ ਨੇ ਇਸ ਲਹਿਰ ਨਾਲ ਨੇੜਿਉਂ ਜੁੜ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਹਾਲਾਂਕਿ ਉਹ ਆਜ਼ਾਦ ਏਜੰਟ ਸੀ, ਉਹ ਨਾ ਆਈ ਐੱਮ ਐੱਫ ਤੋਂ ਤਨਖ਼ਾਹ ਲੈਂਦਾ ਸੀ ਨਾ ਅਮਰੀਕੀ ਸਰਕਾਰ ਤੋਂ, ਪਰ ਸਾਲੀਡੈਰਿਟੀ ਦੇ ਚੋਟੀ ਦੇ ਅਧਿਕਾਰੀਆਂ ਦੀਆਂ ਨਜ਼ਰਾਂ 'ਚ ਉਹ ਮਸੀਹਾ ਸੀ। ਵਾਸ਼ਿੰਗਟਨ 'ਚ ਚੋਟੀ ਦੇ ਸੰਪਰਕਾਂ ਅਤੇ ਦੰਦ-ਕਥਾਵਾਂ ਦੇ ਅਕਸ ਵਾਲਾ ਹੋਣ ਕਰਕੇ ਉਸ ਨੂੰ ਸਹਾਇਤਾ ਅਤੇ ਕਰਜਾ ਰਾਹਤ ਦੇ ਜੰਦਰੇ ਦੀ ਕੁੰਜੀ ਸਮਝਿਆ ਜਾਂਦਾ ਸੀ। ਨਵੀਂ ਸਰਕਾਰ ਲਈ ਇਹੀ ਤਾਂ ਇਕੋ ਇਕ ਹੀਲਾ ਸੀ। ਉਸ ਵਕਤ ਸੈਚਸ ਨੇ ਸਲਾਹ ਦਿੱਤੀ ਕਿ ਸਾਲੀਡੈਰਿਟੀ ਵਿਰਸੇ 'ਚ ਮਿਲਿਆ ਕਰਜਾ ਦੇਣ ਤੋਂ ਦੋ-ਟੂਕ ਨਾਂਹ ਕਰ ਦੇਵੇ ਅਤੇ ਉਸ ਨੇ ਯਕੀਨ ਦਿਵਾਇਆ ਕਿ ਉਹ 3 ਖਰਬ ਡਾਲਰ ਦੀ ਮਦਦ ਜੁਟਾ ਦੇਵੇਗਾ। ਬੁਸ਼ ਦੀ ਪੇਸ਼ਕਸ਼ ਦੀ ਤੁਲਨਾ 'ਚ ਇਹ ਵਾਹਵਾ ਵੱਡਾ ਗੱਫਾ ਸੀ।[14] ਉਸ ਨੇ ਬੋਲੀਵੀਆ ਨੂੰ ਆਈ ਐੱਮ ਐੱਫ ਤੋਂ ਕਰਜਾ ਦਿਵਾਉਣ 'ਚ ਮਦਦ ਕੀਤੀ ਸੀ ਅਤੇ ਕਰਜੇ ਬਾਰੇ ਮੁੜ-ਗੱਲਬਾਤ ਚਲਾਈ ਸੀ : ਉਸ ਦੇ ਦਾਅਵੇ 'ਤੇ ਸ਼ੱਕ ਕਰਨ ਦੀ ਕੋਈ ਵਜ੍ਹਾ ਨਹੀਂ ਸੀ।

ਪਰ ਇਹ ਸਹਾਇਤਾ ਕੀਮਤ ਵਸੂਲ ਕੇ ਹਾਸਲ ਹੋਈ : ਸੈਚਸ ਦੇ ਸੰਪਰਕਾਂ ਅਤੇ ਸਿਫਾਰਸ਼ੀ ਤਾਕਤਾਂ ਤੱਕ ਪਹੁੰਚ ਕਰਨ ਲਈ ਸਾਲੀਡੈਰਿਟੀ ਸਰਕਾਰ ਨੂੰ ਪਹਿਲਾਂ ਉਹ ਪ੍ਰੋਗਰਾਮ ਅਪਣਾਉਣਾ ਪਿਆ ਜੋ ਪੋਲਿਸ਼ ਪ੍ਰੈੱਸ ਵਿਚ "ਸੈਚਸ ਯੋਜਨਾ" ਜਾਂ "ਸਦਮਾ ਇਲਾਜ" ਵਜੋਂ ਮਸ਼ਹੂਰ ਹੋਇਆ।

ਇਹ ਉਸ ਤੋਂ ਵੀ ਤਿੱਖਾ ਅਮਲ ਸੀ ਜੋ ਬੋਲੀਵੀਆ ਉੱਪਰ ਥੋਪਿਆ ਗਿਆ ਸੀ। ਰਾਤੋ-ਰਾਤ ਕੀਮਤਾਂ ਉੱਪਰੋਂ ਕੰਟਰੋਲ ਹਟਾਉਣ ਅਤੇ ਸਬਸਿਡੀਆਂ 'ਚ ਕਟੌਤੀ ਕਰਨ ਤੋਂ ਇਲਾਵਾ ਸੈਚਸ ਨੇ ਸਰਕਾਰੀ ਖਾਣਾਂ, ਜਹਾਜ਼ਾਂ ਦੇ ਕਾਰਖ਼ਾਨੇ ਅਤੇ ਫੈਕਟਰੀਆਂ ਨਿੱਜੀ ਖੇਤਰ ਨੂੰ ਵੇਚ ਦੇਣ ਦੀ ਵਕਾਲਤ ਕੀਤੀ। ਇਹ ਸਾਲੀਡੈਰਿਟੀ ਦੇ ਮਜ਼ਦੂਰਾਂ ਦੀ ਮਾਲਕੀ ਵਾਲੇ ਆਰਥਕ ਪ੍ਰੋਗਰਾਮ ਨਾਲ ਸਿੱਧਾ ਟਕਰਾਉਂਦਾ ਸੀ। ਭਾਵੇਂ ਲਹਿਰ ਦੇ ਕੌਮੀ ਆਗੂਆਂ ਨੇ ਆਪਣੀ ਯੋਜਨਾ ਦੇ ਵਿਵਾਦਪੂਰਨ ਖ਼ਿਆਲਾਂ ਦੇ ਹੋਕਰੇ ਮਾਰਨੇ ਬੰਦ ਕਰ ਦਿੱਤੇ ਸਨ, ਪਰ ਸਾਲੀਡੈਰਿਟੀ ਦੇ ਬਹੁਤੇ ਮੈਂਬਰਾਂ ਦਾ ਅਜੇ ਵੀ ਇਨ੍ਹਾਂ 'ਤੇ ਵਿਸ਼ਵਾਸ ਬਣਿਆ ਹੋਇਆ ਸੀ। ਸੈਚਸ ਅਤੇ ਲਿਪਟਨ ਨੇ ਪੋਲੈਂਡ ਦੇ ਸਦਮਾ ਇਲਾਜ ਰਾਹੀਂ ਤਬਦੀਲੀ ਲਿਆਉਣ ਦੀ ਯੋਜਨਾ ਰਾਤੋ-ਰਾਤ ਲਿਖ ਦਿੱਤੀ। ਇਸ ਦੇ ਪੰਦਰਾਂ ਸਫ਼ੇ ਸਨ। ਅਤੇ ਸੈਚਸ ਨੇ ਦਾਅਵਾ ਕੀਤਾ ਸੀ, "ਮੇਰਾ ਵਿਸ਼ਵਾਸ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਨੇ ਸਮਾਜਵਾਦੀ ਆਰਥਿਕਤਾ ਦੀ ਮੰਡੀ ਆਰਥਿਕਤਾ 'ਚ ਕਾਇਆਕਲਪ ਦੀ ਸੰਪੂਰਨ ਯੋਜਨਾ ਲਿਖੀ ਹੈ।"[15]

ਸੈਚਸ ਨੂੰ ਇਹ ਜਚਿਆ ਹੋਇਆ ਸੀ ਕਿ ਪੋਲੈਂਡ ਨੂੰ "ਸੰਸਥਾਗਤ ਖ਼ਲਾਅ ਤੋਂ ਪਾਰ ਫੌਰਨ ਕੁੱਦਣਾ" ਪਵੇਗਾ ਕਿਉਂਕਿ ਹੋਰ ਸਾਰੀਆਂ ਸਮੱਸਿਆਵਾਂ ਤੋਂ ਬਿਨਾਂ ਇਹ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੇ ਕੰਢੇ 'ਤੇ ਪਹੁੰਚਿਆ ਹੋਇਆ ਸੀ। ਉਸ ਨੇ ਕਿਹਾ, ਜੇ ਇਕ ਵਾਰ ਸਿੱਕੇ ਦਾ ਫੈਲਾਅ ਹੋ ਗਿਆ ਤਾਂ ਇਸ ਨਾਲ "ਬੁਨਿਆਦੀ ਨਿਘਾਰ....ਭਾਵ ਪੱਕੀ ਤਬਾਹੀ ਹੋ ਕੇ ਰਹੇਗੀ।"[16]

ਉਸ ਨੇ ਸਾਲੀਡੈਰਿਟੀ ਦੇ ਅਹਿਮ ਅਧਿਕਾਰੀਆਂ ਦੇ ਉਪਰੋਥਲੀ ਕਈ ਸੈਮੀਨਾਰ ਲਾ ਕੇ ਯੋਜਨਾ ਦੀ ਵਿਆਖਿਆ ਕੀਤੀ, ਕਈ ਤਾਂ ਚਾਰ ਘੰਟੇ ਤੱਕ ਚਲਾਏ ਗਏ। ਉਸ ਨੇ ਪੋਲੈਂਡ ਦੇ ਚੁਣੇ ਹੋਏ ਅਧਿਕਾਰੀਆਂ ਨੂੰ ਵੀ ਸੰਬੋਧਨ ਕੀਤਾ। ਸਾਲੀਡੈਰਿਟੀ ਦੇ ਅਨੇਕਾਂ ਆਗੂਆਂ ਨੂੰ ਸੈਚਸ ਦੇ ਵਿਚਾਰ ਪਸੰਦ ਨਹੀਂ ਸਨ—ਇਹ ਲਹਿਰ ਕਮਿਊਨਿਸਟਾਂ ਵਲੋਂ ਥੋਪੇ ਕੀਮਤਾਂ 'ਚ ਭਾਰੀ ਵਾਧੇ ਖ਼ਿਲਾਫ਼ ਬਗ਼ਾਵਤ ਵਿਚੋਂ ਹੋਂਦ 'ਚ ਆਈ ਸੀ—ਅਤੇ ਹੁਣ ਸੈਚਸ ਉਨ੍ਹਾਂ ਨੂੰ ਉਹੀ ਕੁਝ ਬਹੁਤ ਹੀ ਵਿਆਪਕ ਪੈਮਾਨੇ 'ਤੇ ਕਰਨ ਲਈ ਕਹਿ ਰਿਹਾ ਸੀ। ਉਸ ਦੀ ਦਲੀਲ ਸੀ ਕਿ ਸਾਲੀਡੈਰਿਟੀ ਵਾਲੇ ਇਸ ਨੂੰ ਪੂਰੀ ਕਾਮਯਾਬੀ ਨਾਲ ਕਰ ਸਕਦੇ ਹਨ ਕਿਉਂਕਿ "ਸਾਲੀਡੈਰਿਟੀ ਕੋਲ ਲੋਕਾਂ ਦੇ ਵਿਸ਼ਵਾਸ ਦਾ ਖ਼ਜ਼ਾਨਾ ਸੀ, ਜੋ ਪੂਰੀ ਤਰ੍ਹਾਂ ਅਲੌਕਿਕ ਤੇ ਅਹਿਮ ਚੀਜ਼ ਸੀ।"[17]

ਸਾਲੀਡੈਰਿਟੀ ਦੇ ਆਗੂਆਂ ਨੇ ਇਸ ਵਿਸ਼ਵਾਸ ਨੂੰ ਉਹ ਨੀਤੀਆਂ ਲਾਗੂ ਕਰਨ ਲਈ ਵਰਤਣ ਬਾਰੇ ਨਹੀਂ ਸੋਚਿਆ ਸੀ ਜੋ ਉਨ੍ਹਾਂ ਦੀਆਂ ਸਫ਼ਾਂ ਲਈ ਸਿਰੇ ਦਾ ਸੰਤਾਪ ਬਣ ਜਾਣਗੀਆਂ। ਅਸਲ ਵਿਚ, ਸਾਲਾਂਬੱਧੀ ਗੁਪਤਵਾਸ, ਜੇਲ੍ਹਾਂ ਅਤੇ ਜਲਾਵਤਨੀ 'ਚ ਰਹਿਣ ਕਾਰਨ ਉਹ ਆਪਣੇ ਲੋਕਾਂ ਨਾਲੋਂ ਟੁੱਟ ਚੁੱਕੇ ਸਨ। ਪੋਲਿਸ਼ ਸੰਪਾਦਕ ਪ੍ਰਜ਼ੇਮਿਜਲਾ ਵੇਲਗੋਜ਼ ਨੇ ਇਸ ਦਾ ਖੁਲਾਸਾ ਇੰਞ ਕੀਤਾ : ਲਹਿਰ ਦੀ ਚੋਟੀ ਦੀ ਪਰਤ ਜਨਤਾ ਤੋਂ "ਬੁਰੀ ਤਰ੍ਹਾਂ ਨਿਖੜ ਗਈ.....ਉਸ ਨੂੰ ਹਮਾਇਤ ਫੈਕਟਰੀਆਂ ਅਤੇ ਸਨਅਤੀ ਪਲਾਂਟਾਂ ਵਿਚੋਂ ਨਹੀਂ ਸਗੋਂ ਗਿਰਜਾਘਰ ਵਿਚੋਂ ਮਿਲੀ।"[18] ਹਾਲਾਂਕਿ ਇਹ ਦੁਖਦਾਈ ਸੀ, ਫੇਰ ਵੀ ਆਗੂ ਇਸ ਨੂੰ ਝਟਪਟ ਨਿਬੇੜਨ ਲਈ ਤਹੂ ਸਨ ਅਤੇ ਸੈਚਸ ਵੀ ਇੰਞ ਪੇਸ਼ ਕਰ ਰਿਹਾ ਸੀ। ਸਾਲੀਡੈਰਿਟੀ ਦੇ ਇਕ ਸਭ ਤੋਂ ਨਾਮਵਰ ਬੁੱਧੀਜੀਵੀ ਐਡਮ ਮਿਖਨਿਕ ਨੇ ਸਵਾਲ ਕੀਤਾ : "ਕੀ ਇਹ ਨਿਭ ਜਾਏਗੀ ? ਮੈਂ ਇਹ ਜਾਨਣਾ ਚਾਹੁੰਨਾਂ। ਕੀ ਇਹ ਨਿਭ ਜਾਏਗੀ ? " ਸੈਚਸ ਦਾ ਅਡੋਲ ਜਵਾਬ ਸੀ : "ਇਹ ਵਧੀਆ ਚੀਜ਼ ਹੈ। ਜ਼ਰੂਰ ਨਿਭੇਗੀ।"•[19]

ਸੈਚਸ ਅਕਸਰ ਹੀ ਬੋਲੀਵੀਆ ਨੂੰ ਐਸੇ ਨਮੂਨੇ ਵਜੋਂ ਪੇਸ਼ ਕਰਦਾ ਰਹਿੰਦਾ ਸੀ ਜਿਹੜਾ ਪੋਲੈਂਡ ਨੂੰ ਅਪਣਾਉਣਾ ਚਾਹੀਦਾ ਹੈ। ਉਹ ਇਸ ਨੂੰ ਐਨਾ ਵਾਰ-ਵਾਰ ਦੁਹਰਾਉਂਦਾ ਕਿ ਲੋਕ ਸੁਣ ਸੁਣ ਕੇ ਅੱਕ ਗਏ। ਓਦੋਂ ਇਕ ਸਾਲੀਡੈਰਿਟੀ ਆਗੂ ਨੇ ਇਕ ਪੱਤਰਕਾਰ ਨੂੰ ਦੱਸਿਆ, "ਮੇਰਾ ਬੋਲੀਵੀਆ ਦੇਖਣ ਨੂੰ ਬਹੁਤ ਮਨ ਕਰਦੈ। ਮੈਨੂੰ ਯਕੀਨ ਹੈ ਕਿ ਇਹ ਬਹੁਤ ਖ਼ੂਬਸੂਰਤ, ਬਹੁਤ ਵਚਿੱਤਰ ਹੈ। ਪਰ ਮੈਂ ਬੋਲੀਵੀਆ *ਇੱਥੇ* ਬਣਿਆ ਨਹੀਂ ਦੇਖਣਾ ਚਾਹੁੰਦਾ।" ਲੇਖ ਵਾਲੇਸਾ ਨੂੰ ਬੋਲੀਵੀਆ ਨਾਲ ਖ਼ਾਸ ਤਰ੍ਹਾਂ ਦੀ ਤਿੱਖੀ ਨਫ਼ਰਤ ਹੋ ਗਈ ਸੀ। ਬਾਅਦ 'ਚ ਜਦੋਂ ਉਹ ਗੋਂਜ਼ਾਲੋ ਸਾਂਚੇਜ਼ ਡੀ ਲੋਜ਼ਾਡਾ (ਗੋਨੀ) ਨੂੰ ਇਕ ਸਿਖ਼ਰ ਸੰਮੇਲਨ 'ਤੇ ਮਿਲਿਆ, ਓਦੋਂ ਉਹ ਦੋਵੇਂ ਰਾਸ਼ਟਰਪਤੀ ਸਨ, ਤਾਂ ਵਾਲੇਸਾ ਨੇ ਉਸ ਕੋਲ ਇਹ ਮੰਨਿਆ ਸੀ। ਗੋਨੀ ਨੇ ਚੇਤੇ ਕੀਤਾ, "ਉਹ ਮੇਰੇ ਕੋਲ ਆ ਕੇ ਕਹਿਣ ਲੱਗਾ, 'ਮੇਰੀ ਹਮੇਸ਼ਾ ਕਿਸੇ ਬੋਲੀਵੀਅਨ, ਖ਼ਾਸ ਕਰਕੇ ਇਕ ਰਾਸ਼ਟਰਪਤੀ ਨੂੰ ਮਿਲਣ ਦੀ ਤਾਂਘ ਰਹੀ ਹੈ, ਕਿਉਂਕਿ ਉਹ (ਅਮਰੀਕੀ) ਸਾਨੂੰ ਹਮੇਸ਼ਾ ਇਹ ਕੌੜੀ ਘੁੱਟ ਭਰਨ ਲਈ ਮਨਾਉਂਦੇ ਰਹੇ ਹਨ, ਇਹ ਕਹਿ ਕੇ ਕਿ ਤੁਹਾਨੂੰ ਇਹ ਕਰਨਾ ਹੀ ਪੈਣਾ ਏ ਕਿਉਂਕਿ ਬੋਲੀਵੀਆ

• ਮਿਖਨਿਕ ਨੇ ਬਾਅਦ 'ਚ ਕੌੜ ਨਾਲ ਟਿੱਪਣੀ ਕੀਤੀ ਸੀ ਕਿ "ਕਮਿਊਨਿਜ਼ਮ ਦੀ ਸਭ ਤੋਂ ਮਾੜੀ ਚੀਜ਼ ਉਹ ਹੈ ਜੋ ਇਸ ਦੇ ਪਤਨ ਤੋਂ ਬਾਅਦ ਵਾਪਰਦਾ ਹੈ।"

ਵਾਲਿਆਂ ਨੇ ਇਹੀ ਕੀਤਾ ਸੀ। ਹੁਣ ਮੈਂ ਤੁਹਾਨੂੰ ਜਾਣਦਾ ਹਾਂ, ਤੁਸੀਂ ਐਨੇ ਮਾੜੇ ਇਨਸਾਨ ਨਹੀ ਹੋ, ਪਰ ਮੈਂ ਤੁਹਾਨੂੰ ਨਫ਼ਰਤ ਕਰਦਾ ਰਿਹਾਂ।' "[20]

ਬੋਲੀਵੀਆ ਬਾਰੇ ਗੱਲ ਕਰਨ ਸਮੇਂ ਸੈਚਸ ਇਹ ਜ਼ਿਕਰ ਕਰਨੋਂ ਉੱਕ ਗਿਆ ਕਿ ਸਦਮਾ ਇਲਾਜ ਦਾ ਪ੍ਰੋਗਰਾਮ ਜਬਰੀ ਲਾਗੂ ਕਰਨ ਲਈ ਸਰਕਾਰ ਨੂੰ ਹੰਗਾਮੀ ਹਾਲਤ ਥੋਪਣੀ ਪਈ ਸੀ ਅਤੇ ਦੋ ਵੱਖ-ਵੱਖ ਮੌਕਿਆਂ 'ਤੇ ਯੂਨੀਅਨ ਦੀ ਲੀਡਰਸ਼ਿਪ ਨੂੰ ਚੁੱਕ ਕੇ ਬੰਦੀ ਬਣਾਉਣਾ ਪੈ ਗਿਆ ਸੀ—ਐਨ ਉਸੇ ਤਰ੍ਹਾਂ ਜਿਵੇਂ ਥੋੜ੍ਹਾ ਸਮਾਂ ਪਹਿਲਾਂ ਕਮਿਊਨਿਸਟ ਪਾਰਟੀ ਦੀ ਖ਼ੁਫ਼ੀਆ ਪੁਲਿਸ ਨੇ ਸਾਲੀਡੈਰਿਟੀ ਦੇ ਆਗੂਆਂ ਨੂੰ ਹੰਗਾਮੀ ਹਾਲਤ ਦੇ ਨਾਂ ਹੇਠ ਅਗਵਾ ਕਰਕੇ ਜੇਲ੍ਹਾਂ 'ਚ ਡੱਕਿਆ ਸੀ।

ਹੁਣ ਬਹੁਤ ਸਾਰੇ ਵਿਅਕਤੀ ਚੇਤੇ ਕਰਦੇ ਹਨ ਕਿ ਸੈਚਸ ਦਾ ਸਭ ਤੋਂ ਵੱਧ ਭਰਮਾਊ ਵਾਅਦਾ ਇਹ ਸੀ ਕਿ ਜੇ ਪੋਲਿਸ਼ ਉਸ ਦੀ ਕੌੜੀ ਸਲਾਹ ਮੰਨ ਲੈਣ ਤਾਂ ਪੋਲੈਂਡ ਦੀ ਅਸਾਧਾਰਨ ਹਾਲਤ ਇਸ ਤਰ੍ਹਾਂ ਨਹੀਂ ਰਹੇਗੀ ਅਤੇ ਇਹ "ਸਾਵੀਂ ਹਾਲਤ" 'ਚ ਆ ਜਾਵੇਗਾ—ਜਿਸ ਤਰ੍ਹਾਂ ਦੀ "ਸਾਵੀਂ ਹਾਲਤ ਯੂਰਪੀ ਦੇਸ਼ਾਂ 'ਚ ਹੈ।" ਜੇ ਸੈਚਸ ਸਹੀ ਸੀ ਅਤੇ ਉਹ ਪੁਰਾਣੇ ਰਾਜ ਦੇ ਢਾਂਚੇ ਦੀ ਵੱਢ-ਟੁੱਕ ਕਰਕੇ ਇਸ ਨੂੰ ਤੇਜ਼ੀ ਨਾਲ ਫਰਾਂਸ ਜਾਂ ਜਰਮਨੀ ਵਰਗਾ ਦੇਸ਼ ਬਣਾ ਸਕਦੇ ਹਨ ਤਾਂ ਕੀ ਇਹ ਕਸ਼ਟ ਜਾਇਜ਼ ਨਹੀਂ ਸੀ ? ਫੇਰ ਤਬਦੀਲੀ ਦਾ ਉਹ ਵਾਧੂ ਪੰਗਾ ਕਿਉਂ ਲਿਆ ਜਾਵੇ ਜੋ ਅਸਫ਼ਲ ਵੀ ਹੋ ਸਕਦਾ ਸੀ—ਜਾਂ ਜਦੋਂ ਯੂਰਪੀ ਮਾਡਲ ਬਦਲੇ ਰੂਪ 'ਚ ਇੱਥੇ ਹੈਗਾ ਸੀ ਤਾਂ ਨਵਾਂ ਤੀਜਾ ਰਾਹ ਅਪਨਾਉਣ ਦੀ ਕੀ ਲੋੜ ਹੈ ? ਸੈਚਸ ਦੀ ਪੇਸ਼ੀਨਗੋਈ ਸੀ ਕਿ ਜਦੋਂ ਕੀਮਤਾਂ ਚੁਭਣਗੀਆਂ ਤਾਂ ਸਦਮਾ ਇਲਾਜ ਨਾਲ "ਥੋੜ੍ਹੀ ਗੜਬੜ" ਹੋਵੇਗੀ। "ਫੇਰ ਟਿਕ-ਟਿਕਾਅ ਹੋ ਜਾਵੇਗਾ—ਲੋਕ ਆਪੇ ਸਮਝ ਜਾਣਗੇ ਉਹ ਕਿਸ ਤਰ੍ਹਾਂ ਦੀ ਹਾਲਤ 'ਚ ਹਨ।"[21]

ਉਸ ਨੇ ਪੋਲੈਂਡ ਦੇ ਨਵੇਂ ਬਣੇ ਵਿੱਤ ਮੰਤਰੀ ਲੇਸਜ਼ੇਕ ਬਾਲਸਰੋਵਿਜ਼ ਨੂੰ ਗੰਢ ਲਿਆ। ਉਹ ਵਾਰਸਾ ਦੇ ਯੋਜਨਾ ਅਤੇ ਅੰਕੜਾਸਾਰ ਬਾਰੇ ਮੁੱਖ ਸਕੂਲ ਵਿਖੇ ਅਰਥਸ਼ਾਸਤਰੀ ਸੀ। ਜਦੋਂ ਬਾਲਸਰੋਵਿਜ਼ ਦੀ ਨਿਯੁਕਤੀ ਕੀਤੀ ਗਈ ਤਾਂ ਉਸ ਦੇ ਸਿਆਸੀ ਝੁਕਾਵਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ (ਸਾਰੇ ਅਰਥਸ਼ਾਸਤਰੀ ਅਧਿਕਾਰਤ ਤੌਰ 'ਤੇ ਸਮਾਜਵਾਦੀ ਸਨ), ਪਰ ਛੇਤੀ ਹੀ ਇਹ ਸਪਸ਼ਟ ਹੋ ਜਾਣਾ ਸੀ ਕਿ ਉਸ ਨੇ ਫਰਾਇਡਮੈਨ ਦੀ ਕਿਤਾਬ *ਮੁਕਤ ਚੋਣ* ਦੀ ਗ਼ੈਰਕਾਨੂੰਨੀ ਪੋਲਿਸ਼ ਛਾਪ ਦਾ ਪੂਰੀ ਨੀਝ ਨਾਲ ਮੁਤਾਲਿਆ ਕੀਤਾ ਸੀ ਅਤੇ ਉਹ ਖ਼ੁਦ ਨੂੰ ਸ਼ਿਕਾਗੋ ਵਾਲਾ ਮਾਣਮੱਤਾ ਮੁੰਡਾ ਸਮਝਦਾ ਸੀ। ਬਾਅਦ 'ਚ ਬਾਲਸਰੋਵਿਜ਼ ਨੇ ਦੱਸਿਆ ਕਿ "ਇਹ ਕਿਤਾਬ ਕਮਿਊਨਿਸਟ ਰਾਜ ਦੇ ਸਭ ਤੋਂ ਕਾਲੇ ਵਰ੍ਹਿਆਂ ਸਮੇਂ ਮੈਨੂੰ ਅਤੇ ਕਈ ਹੋਰਨਾਂ ਨੂੰ, ਆਜ਼ਾਦੀ ਦੇ ਭਵਿੱਖ ਦਾ ਸੁਪਨਾ ਲੈਣ ਦੀ ਪ੍ਰੇਰਨਾ ਬਣੀ" ਸੀ।[22]

ਉਸ ਗਰਮੀ ਦੀ ਰੁੱਤੇ ਵਾਲੇਸ਼ਾ ਦੇਸ਼ ਨਾਲ ਜੋ ਵਾਅਦਾ ਕਰ ਰਿਹਾ ਸੀ ਸਰਮਾਏਦਾਰੀ ਦੀ ਫਰਾਇਡਮੈਨਵਾਦੀ ਮੂਲ ਪੇਸ਼ਕਾਰੀ ਉਸ ਤੋਂ ਬਹੁਤ ਹਟਵੀਂ ਸੀ। ਉਹ ਹਾਲੇ ਵੀ ਇਹ ਜ਼ੋਰ ਦੇਈ ਜਾਂਦਾ ਸੀ ਕਿ ਪੋਲੈਂਡ ਉਸ ਵਧੇਰੇ ਦਰਿਆ-ਦਿਲ ਤੀਜੇ ਰਾਹ ਦੀ ਭਾਲ 'ਚ ਹੈ ਜਿਸ ਨੂੰ ਉਸ ਨੇ ਬਰਬਰਾ ਵਾਲਟਰ ਨਾਲ ਇਕ ਗੱਲਬਾਤ ਸਮੇਂ ਇਸ ਤਰ੍ਹਾਂ ਬਿਆਨ ਕੀਤਾ ਸੀ : "ਮਿਲਿਆ ਜੁਲਿਆ ਰਾਹ.....ਇਹ ਸਰਮਾਏਦਾਰੀ ਨਹੀਂ ਹੋਵੇਗੀ। ਇਹ ਐਸਾ ਪ੍ਰਬੰਧ ਹੋਵੇਗਾ ਜੋ ਸਰਮਾਏਦਾਰੀ ਨਾਲੋਂ ਬਿਹਤਰ ਹੋਵੇਗਾ, ਸਰਮਾਏਦਾਰੀ 'ਚ ਜੋ ਬੁਰਾਈ ਹੈ ਉਸ ਹਰ ਚੀਜ਼ ਨੂੰ ਇਹ ਰੱਦ ਕਰੇਗਾ।"[23]

ਕਈਆਂ ਨੇ ਦਲੀਲ ਦਿੱਤੀ ਕਿ ਸੈਚਸ ਅਤੇ ਬਾਲਸਰੋਵਿਜ਼ ਜਿਸ ਚੁਟਕੀ ਹੱਲ ਦੇ ਵਣਜਾਰੇ ਹਨ ਉਹ ਮਿੱਥ ਹੈ। ਅਸਲ ਵਿਚ ਸਦਮਾ ਇਲਾਜ ਪੋਲੈਂਡ ਨੂੰ ਤੰਦਰੁਸਤ ਅਤੇ ਸਾਵੀਂ ਹਾਲਤ 'ਚ

ਲਿਆਉਣ ਦੀ ਬਜਾਏ ਪਹਿਲਾਂ ਨਾਲੋਂ ਵੀ ਵਧੇਰੇ ਗਰੀਬੀ ਅਤੇ ਗ਼ੈਰਸਨਅਤੀਕਰਨ ਦੇ ਬਖੇੜੇ 'ਚ ਪਾ ਦੇਵੇਗਾ। ਇਕ ਉੱਘੇ ਡਾਕਟਰ ਅਤੇ ਸਿਹਤ ਸੰਭਾਲ ਦੇ ਹਾਮੀ ਨੇ *ਨਿਊ ਯਾਰਕਰ* ਦੇ ਪੱਤਰਕਾਰ ਲਾਰੈਂਸ ਵੈਸਲਰ ਨੂੰ ਦੱਸਿਆ ਸੀ, "ਇਹ ਗਰੀਬ, ਨਿਤਾਣਾ ਦੇਸ਼ ਹੈ। ਸਾਡੇ ਕੋਲੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਣਾ।"[24]

ਚੋਣਾਂ ਵਿਚ ਇਤਿਹਾਸਕ ਜਿੱਤ ਅਤੇ ਰੂਪੋਸ਼ੀ ਦੀ ਹਾਲਤ ਤੋਂ ਕਾਨੂੰਨ ਘਾੜੇ ਬਣ ਜਾਣ ਦੀ ਅਚਾਨਕ ਤਬਦੀਲੀ ਤੋਂ ਤਿੰਨ ਮਹੀਨੇ ਬਾਅਦ ਵੀ ਸਾਲੀਡੈਰਿਟੀ ਦੇ ਅੰਦਰਲੇ ਘੇਰੇ ਬਹਿਸਾਂ ਕਰਦੇ ਰਹੇ, ਕਾਵਾਂ ਰੌਲੀ ਪਾਉਂਦੇ ਰਹੇ ਅਤੇ ਸਿਗਰਟਾਂ ਫੂਕਦੇ ਰਹੇ, ਪਰ ਕੋਈ ਫ਼ੈਸਲਾ ਨਾ ਲੈ ਸਕੇ ਕਿ ਕਰਨਾ ਕੀ ਹੈ। ਆਏ ਦਿਨ, ਦੇਸ਼ ਆਰਥਕ ਸੰਕਟ 'ਚ ਹੋਰ ਡੂੰਘਾ ਧਸਦਾ ਜਾ ਰਿਹਾ ਸੀ।

ਬਹੁਤ ਹੀ ਝਿਜਕ ਨਾਲ ਸਹਿਮਤੀ

12 ਸਤੰਬਰ 1989 ਨੂੰ ਪੋਲਿਸ਼ ਪ੍ਰਧਾਨ ਮੰਤਰੀ ਟੈਡੂਜ਼ ਮੈਜ਼ੋਵਿਕੀ ਪਹਿਲੀ ਚੁਣੀ ਹੋਈ ਸੰਸਦ 'ਚ ਬੋਲਣ ਲਈ ਉੱਠਿਆ। ਆਖ਼ਿਰ ਸਾਲੀਡੈਰਿਟੀ ਹੁਕਮਰਾਨਾਂ ਨੇ ਮਨ ਬਣਾ ਲਿਆ ਕਿ ਆਰਥਿਕਤਾ ਦਾ ਕੀ ਕਰਨਾ ਹੈ, ਪਰ ਅੰਤਮ ਫ਼ੈਸਲੇ ਬਾਰੇ ਮੁੱਠੀ ਭਰ ਵਿਅਕਤੀਆਂ ਨੂੰ ਹੀ ਪਤਾ ਸੀ ਕਿ ਕੀ ਇਹ ਸੈਚਸ ਵਾਲੀ ਯੋਜਨਾ ਸੀ, ਗੋਰਬਾਚੇਵ ਵਾਲਾ ਸਹਿਜੇ ਸਹਿਜੇ ਰੱਦੋਬਦਲ ਦਾ ਰਾਹ ਸੀ ਜਾਂ ਸਾਲੀਡੈਰਿਟੀ ਦਾ ਮਜ਼ਦੂਰਾਂ ਦੀਆਂ ਸਹਿਕਾਰੀ ਸਭਾਵਾਂ ਵਾਲਾ ਮੰਚ ਸੀ ?

ਮੈਜ਼ੋਵਿਕੀ ਫ਼ੈਸਲਾ ਸੁਣਾਉਣ ਹੀ ਵਾਲਾ ਸੀ, ਪਰ ਇਸ ਤੋਂ ਪਹਿਲਾਂ ਕਿ ਉਹ ਦੇਸ਼ ਦੇ ਸਭ ਤੋਂ ਭਖਦੇ ਮਸਲੇ ਦਾ ਸਾਹਮਣਾ ਕਰਦਾ ਉਸ ਦੀ ਪ੍ਰਭਾਵਸ਼ਾਲੀ ਤਕਰੀਰ ਦੇ ਦਰਮਿਆਨ ਹੀ ਕੁਝ ਭਿਆਨਕ ਵਾਪਰ ਗਿਆ। ਉਹ ਲੜਖੜਾ ਗਿਆ ਅਤੇ ਲੈਕਚਰ-ਸਟੈਂਡ ਨੂੰ ਚਿੰਬੜ ਗਿਆ। ਇਕ ਚਸ਼ਮਦੀਦ ਵਿਅਕਤੀ ਅਨੁਸਾਰ "ਉਹ ਪੀਲਾ ਭੂਕ ਹੋ ਗਿਆ, ਉਸ ਦਾ ਸਾਹ ਫੁਲ ਗਿਆ ਅਤੇ ਐਨੀ ਕੁ ਆਵਾਜ਼ ਹੀ ਸੁਣਾਈ ਦਿੱਤੀ, 'ਮੇਰੀ ਤਬੀਅਤ ਬਹੁਤੀ ਠੀਕ ਨਹੀਂ ਹੈ।' " ਉਸ ਦੇ ਸਹਾਇਕ ਉਸ ਨੂੰ ਸਮਾਗਮ ਹਾਲ ਵਿਚੋਂ ਫਟਾਫਟ ਚੁੱਕ ਕੇ ਲੈ ਗਏ, ਪਿੱਛੇ 415 ਡਿਪਟੀ ਕਿਆਸ ਅਰਾਈਆਂ ਲਾਉਂਦੇ ਰਹੇ। ਕੀ ਦਿਲ ਦਾ ਦੌਰਾ ਪਿਆ ਹੋਊ ? ਕੀ ਜ਼ਹਿਰ ਦਿੱਤੀ ਹੋਊ ? ਕਮਿਊਨਿਸਟਾਂ ਨੇ ਦਿੱਤੀ ਹੋਵੇਗੀ ? ਕੀ ਅਮਰੀਕਣਾਂ ਨੇ ਦਿੱਤੀ ਹੋਵੇਗੀ ?

ਹੇਠਲੀ ਮੰਜ਼ਲ 'ਤੇ ਡਾਕਟਰਾਂ ਦੀ ਟੀਮ ਨੇ ਮੈਜ਼ੋਵਿਕੀ ਦਾ ਡਾਕਟਰੀ ਮੁਆਇਨਾ ਕੀਤਾ ਅਤੇ ਈ ਸੀ ਜੀ (ਇਲੈਟ੍ਰੋਕਾਰਡੀਓਗਰਾਮ) ਕੀਤਾ। ਇਹ ਦਿਲ ਦਾ ਦੌਰਾ ਜਾਂ ਜ਼ਹਿਰ ਦਾ ਮਾਮਲਾ ਨਹੀਂ ਸੀ। ਪ੍ਰਧਾਨ ਮੰਤਰੀ ਬਹੁਤ ਥੋੜ੍ਹਾ ਸੌਣ ਅਤੇ ਬਹੁਤ ਜ਼ਿਆਦਾ ਬੋਝ ਕਾਰਨ "ਘੋਰ ਥਕਾਵਟ" ਤੋਂ ਪੀੜਤ ਸੀ। ਘੰਟੇ ਕੁ ਦੀ ਤਣਾਅ ਭਰੀ ਬੇਯਕੀਨੀ ਤੋਂ ਬਾਅਦ ਉਹ ਮੁੜ ਸੰਸਦ ਦੇ ਸਮਾਗਮ ਹਾਲ ਵਿਚ ਵਾਪਸ ਆ ਗਿਆ, ਉਸ ਦਾ ਸਵਾਗਤ ਜ਼ੋਰਦਾਰ ਤਾੜੀਆਂ ਨਾਲ ਹੋਇਆ। ਕਿਤਾਬੀ ਕੀੜੇ ਮੈਜ਼ੋਵਿਕੀ ਨੇ ਕਿਹਾ, "ਮਾਫ਼ ਕਰਨਾ। ਮੇਰੀ ਸਿਹਤ ਦਾ ਹਾਲ ਪੋਲਿਸ਼ ਆਰਥਿਕਤਾ ਦੇ ਹਾਲ ਵਰਗਾ ਹੀ ਹੈ।"[26]

ਆਖ਼ਿਰ ਫ਼ੈਸਲਾ ਹੋ ਗਿਆ : ਪੋਲਿਸ਼ ਆਰਥਿਕਤਾ ਦੀ ਭਾਰੀ ਥਕਾਵਟ ਦਾ ਇਲਾਜ ਸਦਮਾ ਇਲਾਜ ਵਿਧੀ ਨਾਲ ਕੀਤਾ ਜਾਵੇਗਾ। ਇਸ ਖ਼ਾਸ ਤਿੱਖੇ ਅਮਲ 'ਚ ਸ਼ਾਮਲ ਹੋਵੇਗਾ "ਸਰਕਾਰੀ ਸਨਅਤ ਦਾ ਨਿੱਜੀਕਰਨ, ਸਟਾਕ ਐਕਸਚੇਂਜ਼ ਅਤੇ ਪੂੰਜੀ ਮੰਡੀਆਂ ਬਣਾਉਣਾ, ਵਟਾਂਦਰਾ ਕਰਨ ਯੋਗ ਮੁਦਰਾ, ਭਾਰੀ ਸਨਅਤ ਤੋਂ ਖਪਤਕਾਰੀ ਮਾਲ ਦੀ ਪੈਦਾਵਾਰ ਵੱਲ ਮੋੜਾ" ਤੇ ਨਾਲ ਹੀ "ਬਜਟ ਵਿਚ ਕਟੌਤੀਆਂ"—ਜਿੰਨੀ ਤੇਜ਼ੀ ਨਾਲ ਸੰਭਵ ਹੋਵੇ ਅਤੇ ਇਕੋ ਸੱਟੇ ਇਸ

ਨੂੰ ਲਾਗੂ ਕਰਨਾ।[27]

ਜੇ ਸਾਲੀਡੈਰਿਟੀ ਦੇ ਸੁਪਨੇ ਦਾ ਆਗਾਜ਼ ਡਾਂਸਕ ਵਿਚ ਵਾਲੇਸਾ ਵਲੋਂ ਜ਼ੋਰਦਾਰ ਛਾਲ ਮਾਰ ਕੇ ਲੋਹੇ ਦੇ ਜੰਗਲੇ 'ਤੇ ਚੜ੍ਹਨ ਨਾਲ ਹੋਇਆ ਸੀ ਤਾਂ ਮੈਜ਼ੋਵਿਕੀ ਦੇ ਸਦਮਾ ਇਲਾਜ ਦੇ ਢਹੇ ਚੜ੍ਹ ਜਾਣਾ ਇਸ ਸੁਪਨੇ ਦਾ ਅੰਤ ਸੀ। ਆਖ਼ਿਰ, ਨਬੇੜਾ ਪੈਸਾ ਮਿਲਣ ਨਾਲ ਹੋ ਗਿਆ। ਸਾਲੀਡੈਰਿਟੀ ਦੇ ਮੈਂਬਰ ਆਪਣੀ ਆਰਥਿਕਤਾ ਨੂੰ ਸਹਿਕਾਰੀ ਰੂਪ 'ਚ ਚਲਾਉਣ ਦੀ ਸੋਚ ਨੂੰ ਗ਼ਲਤ ਨਹੀਂ ਸੀ ਸਮਝਦੇ, ਅਸਲ ਵਿਚ ਉਨ੍ਹਾਂ ਦੇ ਆਗੂਆਂ ਨੂੰ ਇਹ ਜਚ ਗਿਆ ਕਿ ਇਕੋ ਇਕ ਅਹਿਮ ਮਾਮਲਾ ਹੈ ਕਮਿਊਨਿਸਟਾਂ ਦੇ ਕਰਜ਼ਿਆਂ ਤੋਂ ਰਾਹਤ ਹਾਸਲ ਕਰਨਾ ਅਤੇ ਸਿੱਕੇ 'ਚ ਫੌਰੀ ਤੌਰ 'ਤੇ ਸਥਿਰਤਾ ਲਿਆਉਣਾ। ਪੋਲੈਂਡ ਦੇ ਸਹਿਕਾਰੀ ਅਦਾਰਿਆਂ ਦੇ ਇਕ ਮੁਹਰੈਲ ਹਾਮੀ ਹੈਨਰਿਕ ਵੂਜੇਕ ਨੇ ਉਸ ਵਕਤ ਹਾਲਤ ਇਸ ਤਰ੍ਹਾਂ ਪੇਸ਼ ਕੀਤੀ ਸੀ, "ਜੇ ਸਾਡੇ ਕੋਲ ਚੋਖਾ ਸਮਾਂ ਹੁੰਦਾ ਤਾਂ ਅਸੀਂ ਇਸ ਨੂੰ ਦਬੱਲ ਦੇਣਾ ਸੀ ਪਰ ਸਾਡੇ ਕੋਲ ਵਕਤ ਨਹੀਂ ਹੈ।"[28] ਇਸ ਸਮੇਂ ਸੈਚਸ ਹੀ ਧਨ ਦਿਵਾ ਸਕਦਾ ਸੀ। ਉਸ ਨੇ ਆਈ ਐੱਮ ਐੱਫ ਨਾਲ ਇਕ ਸਮਝੌਤੇ ਉੱਤੇ ਅੱਪੜਨ, ਕਰਜੇ ਤੋਂ ਕੁਝ ਰਾਹਤ ਲੈਣ ਅਤੇ ਮੁਦਰਾ ਦੀ ਹਾਲਤ ਸਥਿਰ ਬਣਾਉਣ ਲਈ ਇਕ ਅਰਬ ਡਾਲਰ ਹਾਸਲ ਕਰਨ 'ਚ ਪੋਲੈਂਡ ਦੀ ਮਦਦ ਕੀਤੀ। ਪਰ ਇਹ ਸਾਰਾ ਕੁਝ, ਖ਼ਾਸ ਕਰਕੇ ਆਈ ਐੱਮ ਐੱਫ ਦੇ ਫੰਡ, ਇਸ ਕਰੜੀ ਸ਼ਰਤ ਤਹਿਤ ਸਨ ਕਿ ਸਾਲੀਡੈਰਿਟੀ ਸਦਮਾ ਇਲਾਜ ਦੀ ਈਨ ਮੰਨੇਗੀ।

ਪੋਲੈਂਡ ਫਰਾਇਡਮੈਨ ਦੇ ਸੰਕਟ ਮੁਕਤੀ ਸਿਧਾਂਤ ਦੀ ਵਿਹਾਰਕ ਮਿਸਾਲ ਹੋ ਨਿੱਬੜਿਆ ਜੋ ਝਟਪਟ ਅਤੇ ਚਮਤਕਾਰੀ ਇਲਾਜ ਕਰਨ ਦੀ ਖ਼ਾਤਰ ਆਰਥਕ ਗਿਰਾਵਟ 'ਚੋਂ ਪੈਦਾ ਹੋਏ ਸਮੂਹਕ ਖੌਫ਼ ਅਤੇ ਤੇਜ਼ ਰਫ਼ਤਾਰ ਸਿਆਸੀ ਤਬਦੀਲੀ ਦੇ ਭਰਮ ਦਾ ਮਿਲਗੋਭਾ ਸੀ। ਭਾਵੇਂ ਇਹ ਮਿਲਗੋਭਾ ਭਰਮਾਊ ਹੈ ਪਰ ਐਨਾ ਦਿਲਫਰੇਬ ਵੀ ਹੈ ਕਿ ਠੁਕਰਾਇਆ ਨਾ ਜਾ ਸਕੇ। ਮਨੁੱਖੀ ਹੱਕਾਂ ਦੀ ਇਕ ਕਾਰਕੁਨ ਹੈਲਿਨਾ ਬੌਰਤਨੋਵਸਕਾ ਨੇ ਇਸ ਅਰਸੇ ਦੀ ਤੇਜ਼ ਰਫ਼ਤਾਰ ਤਬਦੀਲੀ ਨੂੰ ਇਸ ਤਰ੍ਹਾਂ ਬਿਆਨ ਕੀਤਾ, "ਇਨ੍ਹੀਂ ਦਿਨੀਂ ਅਸੀਂ ਜਿਵੇਂ ਜੀਅ ਰਹੇ ਹਾਂ ਇਹ ਨਾਜ਼ੀ ਦੌਰ ਦੀ ਕੁੱਤਿਆਂ ਵਾਲੀ ਹਾਲਤ ਅਤੇ ਮਨੁੱਖੀ ਦੌਰ ਦਰਮਿਆਨ ਵਖਰੇਵੇਂ ਵਾਂਗ ਹੈ.....ਤੁਸੀਂ ਇਨ੍ਹਾਂ ਨੀਮ-ਮਨੋਰੋਗੀ ਪ੍ਰਤੀਕਰਮਾਂ ਦੀ ਗਵਾਹੀ ਬਣ ਜਾਂਦੇ ਹੋ। ਜਦੋਂ ਲੋਕ ਐਨੇ ਭਰਮ ਦੀ ਹਾਲਤ 'ਚ ਹੁੰਦੇ ਹਨ ਤਾਂ ਤੁਸੀਂ ਉਨ੍ਹਾਂ ਤੋਂ ਆਪਣਾ ਭਲਾ ਬੁਰਾ ਸੋਚ ਸਕਣ ਦੀ ਉਮੀਦ ਨਹੀਂ ਕਰ ਸਕਦੇ ਜਦੋਂ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ—ਜਾਂ ਉਹ ਪ੍ਰਵਾਹ ਹੀ ਨਹੀਂ ਕਰਦੇ—ਕਿ ਕਿਹੜੀ ਗੱਲ ਉਨ੍ਹਾਂ ਦੇ ਹਿੱਤ 'ਚ ਹੈ।"[29]

ਵਿੱਤ ਮੰਤਰੀ ਬਾਲਸਰੋਵਿਜ਼ ਨੇ ਮੰਨਿਆ ਸੀ ਕਿ ਸੰਕਟ ਦੇ ਮਾਹੌਲ ਦਾ ਲਾਹਾ ਲੈਣਾ ਗਿਣੀ-ਮਿਥੀ ਯੁੱਧਨੀਤੀ ਸੀ—ਸਦਮੇ ਦੇ ਬਾਕੀ ਦਾਅਪੇਚਾਂ ਵਾਂਗ ਇਹ ਵੀ ਵਿਰੋਧ ਤੋਂ ਬਚਣ ਦਾ ਇਕ ਢੰਗ ਸੀ। ਉਸ ਨੇ ਖ਼ੁਲਾਸਾ ਕੀਤਾ ਕਿ ਉਹ ਐਸੀਆਂ ਨੀਤੀਆਂ ਨੂੰ ਧੱਕਣ 'ਚ ਕਾਮਯਾਬ ਹੋ ਗਿਆ ਸੀ ਜੋ ਸਾਰਤੱਤ ਅਤੇ ਰੂਪ ਦੋਵਾਂ ਪੱਖਾਂ ਤੋਂ ਸਾਲੀਡੈਰਿਟੀ ਦੀ ਸੋਚ ਦੇ ਉਲਟ ਸਨ ਕਿਉਂਕਿ ਉਸਦੇ ਕਹਿਣ ਅਨੁਸਾਰ ਪੋਲੈਂਡ ਵਿਚ ਉਸ ਵਕਤ "ਅਸਾਧਾਰਨ ਸਿਆਸਤ" ਦਾ ਦੌਰ ਸੀ। ਉਸ ਨੇ ਇਸ ਹਾਲਤ ਨੂੰ ਐਸਾ ਥੋੜ੍ਹਚਿਰਾ ਲਾਂਘਾ ਬਿਆਨ ਕੀਤਾ ਸੀ ਜਿਸ ਵਿਚ "ਆਮ ਸਿਆਸਤ" ਦੇ ਕਾਇਦੇ-ਕਾਨੂੰਨ (ਸਲਾਹ-ਮਸ਼ਵਰਾ, ਵਿਚਾਰ-ਚਰਚਾ, ਬਹਿਸ-ਮੁਬਾਹਸਾ) ਲਾਗੂ ਨਹੀਂ ਹੁੰਦੇ। ਦੂਜੇ ਲਫ਼ਜ਼ਾਂ 'ਚ ਜਮਹੂਰੀਅਤ ਦੇ ਅੰਦਰ ਜਮਹੂਰੀਅਤ ਤੋਂ ਮੁਕਤ ਖੇਤਰ।[30]

ਉਸ ਦਾ ਕਹਿਣਾ ਸੀ, "ਪ੍ਰੀਭਾਸ਼ਾ ਮੁਤਾਬਿਕ ਅਸਾਧਾਰਨ ਸਿਆਸਤ ਇਕ ਦੇਸ਼ ਦੇ

ਇਤਿਹਾਸ ਵਿਚ ਬਹੁਤ ਹੀ ਸਪਸ਼ਟ ਵਕਫ਼ੇ ਵਾਲਾ ਸਮਾਂ ਹੁੰਦਾ ਹੈ। ਇਹ ਬਹੁਤ ਹੀ ਡੂੰਘੇ ਸੰਕਟ ਦਾ, ਪਹਿਲੇ ਸੰਸਥਾਗਤ ਪ੍ਰਬੰਧ ਦੇ ਟੁੱਟਣ ਦਾ, ਜਾਂ ਬਾਹਰੀ ਗ਼ਲਬੇ ਤੋਂ ਮੁਕਤੀ (ਜਾਂ ਜੰਗ ਦੇ ਖ਼ਤਰੇ) ਦਾ ਅਰਸਾ ਹੋ ਸਕਦਾ ਹੈ। ਪੋਲੈਂਡ ਅੰਦਰ 1989 'ਚ ਇਹ ਤਿੰਨੋਂ ਵਰਤਾਰੇ ਇਕੋ ਥਾਂ ਆ ਮਿਲੇ ਸਨ।"[31] ਇਨ੍ਹਾਂ ਅਸਾਧਾਰਨ ਹਾਲਾਤ ਦੇ ਕਾਰਨ, ਉਹ ਸਦਮਾ ਇਲਾਜ ਦੇ ਪੈਕੇਜ ਨੂੰ ਪਾਸ ਕਰਾਉਂਦੇ ਵਕਤ ਲੋੜੀਦੇ ਅਮਲ ਨੂੰ ਪਾਸੇ ਧੱਕਣ ਅਤੇ "ਤੇਜ਼ ਰਫ਼ਤਾਰ ਵਿਧਾਨਕ ਅਮਲ" ਥੋਪਣ ਦੇ ਸਮਰੱਥ ਹੋ ਗਿਆ ਸੀ।[32]

ਨੱਬੇਵਿਆਂ ਦੇ ਸ਼ੁਰੂ 'ਚ, ਬਾਲਸਰੋਵਿਜ਼ ਦੇ "ਅਸਾਧਾਰਨ ਸਿਆਸਤ" ਦੇ ਦੌਰ ਦੇ ਸਿਧਾਂਤ ਨੇ ਵਾਸ਼ਿੰਗਟਨ ਦੇ ਅਰਥਸ਼ਾਸਤਰੀਆਂ ਦਾ ਵਾਹਵਾ ਧਿਆਨ ਖਿੱਚਿਆ। ਇਹ ਹੈਰਾਨੀਜਨਕ ਨਹੀਂ ਸੀ, ਕਿਉਂਕਿ ਪੋਲੈਂਡ ਵਲੋਂ ਸਦਮਾ ਇਲਾਜ ਨੂੰ ਕਬੂਲ ਕਰ ਲੈਣ ਦਾ ਐਲਾਨ ਕੀਤੇ ਜਾਣ ਤੋਂ ਦੋ ਮਹੀਨੇ ਬਾਅਦ ਹੀ ਕੁਝ ਐਸਾ ਵਾਪਰ ਗਿਆ ਜਿਸ ਨੇ ਇਤਿਹਾਸ ਦਾ ਵਹਿਣ ਹੀ ਬਦਲ ਦੇਣਾ ਸੀ ਅਤੇ ਪੋਲੈਂਡ ਦੇ ਤਜਰਬੇ ਨੂੰ ਆਲਮੀ ਮਹੱਤਤਾ ਹਾਸਲ ਹੋ ਜਾਣੀ ਸੀ। ਨਵੰਬਰ 1989 'ਚ, ਬਰਲਿਨ ਦੀ ਕੰਧ ਚਾਈਂ-ਚਾਈਂ ਢਾਹ ਦਿੱਤੀ ਗਈ, ਸ਼ਹਿਰ 'ਚ ਸੰਭਾਵਨਾਵਾਂ ਦਾ ਜਸ਼ਨੀ ਮਾਹੌਲ ਬਣ ਗਿਆ ਅਤੇ ਮਲਬੇ ਉੱਪਰ ਐੱਮ ਟੀ ਵੀ ਦਾ ਝੰਡਾ ਉਵੇਂ ਹੀ ਲਹਿਰਾ ਦਿੱਤਾ ਗਿਆ ਜਿਵੇਂ ਚੰਦ 'ਤੇ ਲਹਿਰਾਇਆ ਗਿਆ ਸੀ। ਅਚਾਨਕ ਇੰਝ ਲਗ ਰਿਹਾ ਸੀ ਜਿਵੇਂ ਕਿਤੇ ਪੂਰਬੀ ਬਰਲਿਨ ਚੰਦ ਦਾ ਧਰਾਤਲ ਹੋਵੇ, ਜਿਵੇਂ ਪੂਰੀ ਦੁਨੀਆਂ ਦੀ ਜ਼ਿੰਦਗੀ ਹੀ ਪੋਲ ਲੋਕਾਂ ਵਾਂਗ ਤੇਜ਼ੀ ਨਾਲ ਅੱਗੇ ਵਧ ਰਹੀ ਹੋਵੇ : ਸੋਵੀਅਤ ਯੂਨੀਅਨ ਖਿੰਡਾਅ ਦੇ ਕੰਢੇ ਸੀ, ਦੱਖਣੀ ਅਫ਼ਰੀਕਾ ਅੰਦਰ ਨਸਲਪ੍ਰਸਤੀ ਆਖ਼ਰੀ ਸਾਹਾਂ 'ਤੇ ਸੀ, ਲਾਤੀਨੀ ਅਮਰੀਕਾ, ਪੂਰਬੀ ਯੂਰਪ ਅਤੇ ਏਸ਼ੀਆ ਅੰਦਰ ਆਪਾਸ਼ਾਹ ਰਾਜ ਲਗਾਤਾਰ ਢਹਿਢੇਰੀ ਹੋ ਰਹੇ ਸਨ, ਅਤੇ ਨਾਮੀਬੀਆ ਤੋਂ ਲੈ ਕੇ ਲਿਬਨਾਨ ਤੱਕ ਲੰਮੀਆਂ ਜੰਗਾਂ ਖ਼ਤਮ ਹੋ ਰਹੀਆਂ ਸਨ। ਹਰ ਥਾਂ, ਪੁਰਾਣੇ ਨਿਜ਼ਾਮ ਟੁੱਟ-ਖਿੰਡ ਰਹੇ ਸਨ ਅਤੇ ਇਨ੍ਹਾਂ ਦੀ ਥਾਂ ਲੈਣ ਵਾਲੇ ਨਵਿਆਂ ਨੇ ਹਾਲੇ ਠੋਸ ਰੂਪ ਲੈਣਾ ਸੀ।

ਕੁਝ ਸਾਲਾਂ 'ਚ ਹੀ ਇੰਝ ਜਾਪ ਰਿਹਾ ਸੀ ਕਿ ਜਿਵੇਂ ਅੱਧੀ ਦੁਨੀਆਂ "ਅਸਾਧਾਰਨ ਸਿਆਸਤ" ਜਾਂ "ਤਬਦੀਲੀ ਵਿਚੋਂ ਗੁਜ਼ਰ ਰਹੀ" ਹੋਵੇ। ਨੱਬੇਵਿਆਂ 'ਚ ਮੁਕਤ ਹੋਏ ਦੇਸ਼ਾਂ ਬਾਰੇ ਕਿਹਾ ਗਿਆ ਕਿ ਇਹ ਬੀਤੇ ਅਤੇ ਭਵਿੱਖ ਦਰਮਿਆਨ ਲਟਕ ਰਹੇ ਹਨ। ਅਮਰੀਕੀ ਸਰਕਾਰ ਦੇ ਜਮਹੂਰੀਅਤ ਦੀ ਅਖੌਤੀ ਤਰੱਕੀ ਲਈ ਖੜ੍ਹੇ ਕੀਤੇ ਜੁਗਾੜ ਦੇ ਆਗੂ ਥਾਮਸ ਕੈਰੋਦਰਜ਼ ਅਨੁਸਾਰ, "1990ਵਿਆਂ ਦੇ ਪਹਿਲੇ ਅੱਧ 'ਚ...."ਤਬਦੀਲੀ 'ਚੋਂ ਲੰਘ ਰਹੇ ਦੇਸ਼ਾਂ" ਦੀ ਗਿਣਤੀ ਹੈਰਾਨੀਜਨਕ ਰੂਪ 'ਚ ਵਧੀ, ਤਕਰੀਬਨ ਸੌ ਦੇਸ਼ (ਲਾਤੀਨੀ ਅਮਰੀਕਾ ਦੇ ਲਗਭਗ 20, ਪੂਰਬੀ ਯੂਰਪ ਅਤੇ ਸਾਬਕਾ ਸੋਵੀਅਤ ਯੂਨੀਅਨ ਦੇ 25, ਏਸ਼ੀਆ ਦੇ 10 ਅਤੇ ਮੱਧ ਪੂਰਬ ਦੇ 5) ਇਕ ਮਾਡਲ ਤੋਂ ਦੂਜੇ ਵੱਲ ਕਿਸੇ ਨਾ ਕਿਸੇ ਤਰ੍ਹਾਂ ਦੀ ਹੈਰਾਨੀਜਨਕ ਤਬਦੀਲੀ 'ਚੋਂ ਗੁਜ਼ਰ ਰਹੇ ਸਨ।"[33]

ਕਈ ਇਹ ਦਾਅਵਾ ਕਰ ਰਹੇ ਸਨ ਕਿ ਇਸ ਸਾਰੇ ਵਹਿਣ, ਅਤੇ ਅਸਲੀ ਕੰਧਾਂ ਅਤੇ ਪ੍ਰਤੀਕ ਹੱਦਬੰਦੀਆਂ ਦੇ ਢਹਿਢੇਰੀ ਹੋਣ ਦੇ ਸਿੱਟੇ ਵਜੋਂ ਵਿਚਾਰਧਾਰਕ ਕੱਟੜਤਾ ਦਾ ਅੰਤ ਹੋ ਜਾਵੇਗਾ। ਦੋ ਮਹਾਂਸ਼ਕਤੀਆਂ ਦੇ ਇਰਦ-ਗਿਰਦ ਸਫ਼ਬੰਦੀ ਦੀ ਜਕੜ ਤੋਂ ਆਜ਼ਾਦ ਹੋਏ ਦੇਸ਼ ਅੰਤ ਦੋਵਾਂ ਸੰਸਾਰਾਂ ਵਿਚੋਂ ਸਭ ਤੋਂ ਵਧੀਆ—ਇਕ ਤਰ੍ਹਾਂ ਨਾਲ ਸਿਆਸੀ ਆਜ਼ਾਦੀ ਅਤੇ ਆਰਥਕ ਸੁਰੱਖਿਆ ਦਾ ਮਿੱਸਾ ਮਾਡਲ—ਦੀ ਚੋਣ ਕਰ ਸਕਣਗੇ। ਗੋਰਬਾਚੇਵ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ, "ਕਈ ਦਹਾਕੇ ਕੱਟੜਤਾ, ਘੜੀ-ਘੜਾਈ ਨੇਮਾਵਲੀ ਦੇ ਕੀਲੇ ਹੋਣ ਦਾ ਅਸਰ ਰਿਹਾ ਹੈ। ਹੁਣ ਅਸੀਂ ਹਕੀਕੀ ਉਸਾਰੂ ਭਾਵਨਾ ਦੀ ਸ਼ੁਰੂਆਤ ਕਰਨਾ ਚਾਹੁੰਦੇ ਹਾਂ।"[34]

ਸ਼ਿਕਾਗੋ ਸਕੂਲ ਦੇ ਹਲਕਿਆਂ 'ਚ, ਅਜਿਹੀਆਂ ਮਿੱਸੀਆਂ ਵਿਚਾਰਧਾਰਾਵਾਂ ਦੀ ਚਰਚਾ ਨੂੰ ਸ਼ਰੇਆਮ ਘੋਰ ਨਫ਼ਰਤ ਕੀਤੀ ਜਾਂਦੀ ਸੀ। ਪੋਲੈਂਡ ਨੇ ਸਪਸ਼ਟ ਤੌਰ 'ਤੇ ਦਰਸਾ ਦਿੱਤਾ ਸੀ ਕਿ ਇਸ ਤਰ੍ਹਾਂ ਦੀ ਘੜਮੱਸ ਭਰੀ ਤਬਦੀਲੀ ਰਾਹੀਂ ਫ਼ੈਸਲਾਕੁਨ ਆਦਮੀਆਂ ਲਈ ਫੁਰਤੀ ਨਾਲ ਤੇਜ਼ ਰਫ਼ਤਾਰ ਰੱਦੋਬਦਲ 'ਚ ਜੁੱਟਣ ਦਾ ਰਾਹ ਖੁੱਲ੍ਹ ਗਿਆ ਸੀ। ਹੁਣ ਸਾਬਕਾ ਕਮਿਊਨਿਸਟ ਦੇਸ਼ਾਂ ਨੂੰ ਖ਼ਾਲਸ ਫਰਾਇਡਮੈਨਵਾਦ 'ਚ ਬਦਲਣ ਦਾ ਮੌਕਾ ਸੀ, ਨਾ ਕਿ ਕਿਸੇ ਤਰ੍ਹਾਂ ਦੀ ਕੀਨਜ਼ਵਾਦੀ ਬੇਰੜੀ ਸਮਝੌਤੇਬਾਜ਼ੀ 'ਚ ਬਦਲਣ ਦਾ। ਜਿਵੇਂ ਫਰਾਇਡਮੈਨ ਨੇ ਕਿਹਾ ਸੀ, ਜਦੋਂ ਹਰ ਕੋਈ ਹਾਲੇ ਸਵਾਲ ਉਠਾ ਰਿਹਾ ਸੀ ਅਤੇ ਮੁੜ ਆਪਣੀ ਦਿਸ਼ਾ ਲੱਭ ਰਿਹਾ ਸੀ, ਓਦੋਂ ਸ਼ਿਕਾਗੋ ਸਕੂਲ ਦੇ ਧਾਰਨੀ ਆਪਣਾ ਹੱਲ ਪੇਸ਼ ਕਰਨ ਦੀ ਚਲਾਕੀ ਖੇਡ੍ਹਣ ਦੀ ਤਾਕ 'ਚ ਤਿਆਰ ਬੈਠੇ ਸਨ।

1989 ਦੀ ਇਸ ਘਟਨਾਵਾਂ ਭਰਪੂਰ ਸਰਦ ਰੁੱਤੇ ਸੰਸਾਰ ਬਾਰੇ ਇਸ ਦ੍ਰਿਸ਼ਟੀਕੋਣ ਦੇ ਧਾਰਨੀਆਂ ਦੀ ਮੀਟਿੰਗ ਕੀਤੀ ਗਈ ਜਿਸ ਦਾ ਉਦੇਸ਼ ਇਕ ਤਰ੍ਹਾਂ ਨਾਲ ਮੁੜ-ਸੁਰਜੀਤੀ ਕਰਨਾ ਸੀ। ਇਸ ਦੀ ਢੁਕਵੀਂ ਜਗ੍ਹਾ ਚੁਣੀ ਗਈ ਸ਼ਿਕਾਗੋ ਯੂਨੀਵਰਸਿਟੀ। ਮੌਕਾ ਸੀ ਫਰਾਂਸਿਸ ਫੁਕੂਯਾਮਾ ਦੀ ਇਹ ਤਕਰੀਰ "ਕੀ ਅਸੀਂ ਇਤਿਹਾਸ ਦੇ ਅੰਤ 'ਤੇ ਪਹੁੰਚ ਰਹੇ ਹਾਂ ? "• ਫੁਕੂਯਾਮਾ ਓਦੋਂ ਅਮਰੀਕੀ ਬਦੇਸ਼ ਵਿਭਾਗ ਵਿਖੇ ਸੀਨੀਅਰ ਨੀਤੀ ਘਾੜਾ ਸੀ। ਉਸ ਮੁਤਾਬਿਕ ਮੁਕਤ ਸਰਮਾਏਦਾਰੀ ਦੇ ਹਮਾਇਤੀਆਂ ਲਈ ਸਪਸ਼ਟ ਯੁੱਧਨੀਤੀ ਇਹ ਬਣਦੀ ਸੀ : ਲੱਲੀ-ਛੱਲੀ ਭੀੜ ਨਾਲ ਬਹਿਸ 'ਚ ਨਾ ਪਓ ! ਇਸ ਦੀ ਬਜਾਏ ਪਹਿਲਾਂ ਹੀ ਜਿੱਤ ਦਾ ਐਲਾਨ ਕਰ ਦਿਓ। ਫੁਕੂਯਾਮਾ ਇਸ ਦਾ ਕਾਇਲ ਸੀ ਕਿ ਸਿਰੇ ਦੇ ਵਿਰੋਧੀ ਮੱਤ ਛੱਡੇ ਨਹੀਂ ਜਾ ਸਕਦੇ, ਦੋਵਾਂ ਦੁਨੀਆਂ ਦੇ ਚੰਗੇ ਪੱਖ ਨਾ ਤਲਾਸ਼ੇ ਜਾਣ, ਮੱਤਭੇਦਾਂ ਨੂੰ ਟੁਕੜਿਆਂ 'ਚ ਵੰਡਣ ਦਾ ਸਵਾਲ ਹੀ ਨਹੀਂ ਹੈ। ਉਸ ਨੇ ਸਰੋਤਿਆਂ ਨੂੰ ਕਿਹਾ, "ਕਮਿਊਨਿਜ਼ਮ ਦੇ ਢਹਿ-ਢੇਰੀ ਹੋਣ ਨਾਲ 'ਵਿਚਾਰਧਾਰਾ ਦਾ ਅੰਤ' ਜਾਂ ਸਰਮਾਏਦਾਰੀ ਅਤੇ ਸਮਾਜਵਾਦ ਦਾ ਮਿਲਾਪ ਨਹੀਂ ਹੋਣ ਲੱਗਿਆ.....ਸਗੋਂ ਆਰਥਕ ਤੇ ਸਿਆਸੀ ਉਦਾਰਵਾਦ ਦੀ ਅਡੋਲ ਜਿੱਤ ਹੋਣੀ ਹੈ"—ਅੰਤ ਵਿਚਾਰਧਾਰਾ ਦਾ ਨਹੀਂ ਸਗੋਂ "ਇੰਞ ਇਤਿਹਾਸ" ਦਾ ਅੰਤ ਹੋਇਆ ਹੈ।[35]

ਇਸ ਗੋਸ਼ਟੀ ਦਾ ਸਰਪ੍ਰਸਤ ਸੀ ਜੌਹਨ ਐੱਮ ਓਲਿਨ, ਜੋ ਮਿਲਟਨ ਫਰਾਇਡਮੈਨ ਦੇ ਵਿਚਾਰਧਾਰਕ ਜਹਾਦ ਨੂੰ ਲੰਮੇ ਸਮੇਂ ਤੋਂ ਫੰਡ ਦੇ ਰਿਹਾ ਸੀ ਅਤੇ ਸੱਜੇਪੱਖੀ ਬੁੱਧੀਮਾਨਾਂ ਦੀ ਚੜ੍ਹਤ ਲਈ ਧਨ ਫੂਕ ਰਿਹਾ ਸੀ।[36] ਦੋਵਾਂ ਦਾ ਕੰਮ ਪੂਰੀ ਤਰ੍ਹਾਂ ਮੇਲ ਖਾਂਦਾ ਸੀ ਕਿਉਂਕਿ ਫੁਕੂਯਾਮਾ ਲਾਜ਼ਮੀ ਤੌਰ 'ਤੇ ਫਰਾਇਡਮੈਨ ਦੇ ਇਸ ਦਾਅਵੇ ਨੂੰ ਹੀ ਮੁੜ ਬਿਆਨ ਕਰ ਰਿਹਾ ਸੀ ਕਿ ਖੁੱਲ੍ਹੀਆਂ ਮੰਡੀਆਂ ਅਤੇ ਮੁਕਤ ਲੋਕ ਇਕ ਅਨਿੱਖੜ ਪ੍ਰਾਜੈਕਟ ਦਾ ਅੰਗ ਹਨ। ਫੁਕੂਯਾਮਾ ਨੇ ਇਸ ਸਿਧਾਂਤ ਨੂੰ ਨਵੇਂ ਉੱਘੜਵੇਂ ਖੇਤਰ 'ਚ ਲਿਜਾ ਕੇ ਦਲੀਲ ਦਿੱਤੀ ਕਿ ਆਰਥਕ ਖੇਤਰ 'ਚ ਕੰਟਰੋਲ ਮੁਕਤ ਮੰਡੀਆਂ ਸਿਆਸੀ ਖੇਤਰ 'ਚ ਉਦਾਰਵਾਦੀ ਜਮਹੂਰੀਅਤ ਨਾਲ ਮਿਲ ਕੇ "ਮਨੁੱਖਤਾ ਦੇ ਵਿਚਾਰਧਾਰਕ ਵਿਕਾਸ ਅਮਲ ਦੇ ਆਖ਼ਰੀ ਮੁਕਾਮ ਅਤੇ .....ਮਨੁੱਖੀ ਪ੍ਰਸ਼ਾਸਨ ਦੇ ਆਖ਼ਰੀ ਸਰੂਪ" ਦੀ ਨੁਮਾਇੰਦਗੀ ਕਰਦੀਆਂ ਹਨ।[37] ਜਮਹੂਰੀਅਤ ਅਤੇ ਗਰਮ ਖ਼ਿਆਲ ਸਰਮਾਏਦਾਰੀ ਸਿਰਫ਼ ਇਕ ਦੂਜੇ ਨਾਲ ਹੀ ਨਹੀਂ ਸਗੋਂ ਇਹ ਆਧੁਨਿਕਤਾ, ਤਰੱਕੀ ਅਤੇ ਸੁਧਾਰਾਂ ਨਾਲ ਵੀ ਇਕਮਿਕ ਹੋ ਚੁੱਕੀਆਂ ਹਨ। ਇਸ ਰਲੇਵੇਂ ਦਾ ਵਿਰੋਧ ਕਰਨ ਵਾਲੇ ਨਿਰੇ ਗ਼ਲਤ ਹੀ ਨਹੀਂ ਸਗੋਂ, ਫੁਕੂਯਾਮਾ ਦੇ ਕਹਿਣ ਅਨੁਸਾਰ, "ਹਾਲੇ ਤੱਕ ਇਤਿਹਾਸ ਦੇ ਚੱਕਰ 'ਚ ਫਸੇ ਹੋਏ" ਸਨ। ਉਹ

• ਇਹ ਤਕਰੀਰ ਫੁਕੂਯਾਮਾ ਦੀ ਕਿਤਾਬ *ਇਤਿਹਾਸ ਦਾ ਅੰਤ ਅਤੇ ਆਖ਼ਰੀ ਬੰਦਾ* ਦੀ ਬੁਨਿਆਦ ਬਣੀ ਜੋ ਤਿੰਨ ਸਾਲ ਬਾਅਦ ਛਾਪੀ ਗਈ।

ਆਨੰਦ ਲੈਣ ਸਮੇਂ ਪਿੱਛੜ ਜਾਣ ਵਾਲਿਆਂ ਵਰਗੇ ਸਨ, ਕਿਉਂਕਿ ਹਰ ਕੋਈ ਸੁਰਗ ਦੇ "ਇਤਿਹਾਸ ਤੋਂ ਬਾਅਦ ਦੇ" ਜਹਾਜ਼ 'ਤੇ ਚੜ੍ਹ ਕੇ ਪਹਿਲਾਂ ਹੀ ਦੂਰ ਜਾ ਚੁੱਕਿਆ ਸੀ।[38]

ਇਹ ਦਲੀਲ ਸ਼ਿਕਾਗੋ ਸਕੂਲ ਵਲੋਂ ਜਮਹੂਰੀਅਤ ਤੋਂ ਟਾਲਾ ਵੱਟਣ ਦੀ ਆਹਲਾ ਮਿਸਾਲ ਸੀ। ਜਿਵੇਂ ਆਈ ਐੱਮ ਐੱਫ ਨੇ ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਅੰਦਰ "ਆਰਥਕ ਸਥਿਰਤਾ ਲਿਆਉਣ" ਦੇ ਹੰਗਾਮੀ ਪ੍ਰੋਗਰਾਮਾਂ ਦੀ ਆੜ ਹੇਠ ਨਿੱਜੀਕਰਨ ਅਤੇ "ਮੁਕਤ ਵਪਾਰ" ਘੁਸੋੜ ਦਿੱਤਾ ਸੀ, ਉਵੇਂ ਹੀ ਫ਼ੁਕੂਯਾਮਾ ਹੁਣ ਜਮਹੂਰੀਅਤ ਪੱਖੀ ਲਹਿਰ ਅੰਦਰ ਇਹੀ ਰੱਟੇ ਵਾਲਾ ਏਜੰਡਾ ਸ਼ਾਮਲ ਕਰਨ ਦਾ ਯਤਨ ਕਰ ਰਿਹਾ ਸੀ ਜੋ ਵਾਰਸਾ ਤੋਂ ਲੈ ਕੇ ਮਨੀਲਾ ਤੱਕ ਜ਼ੋਰ ਫੜ ਰਹੀ ਸੀ। ਜਿਵੇਂ ਫ਼ੁਕੂਯਾਮਾ ਨੇ ਨੋਟ ਕੀਤਾ ਸੀ, ਇਹ ਤਾਂ ਸਚਾਈ ਸੀ ਕਿ ਆਮ ਸਹਿਮਤੀ ਬਣ ਰਹੀ ਸੀ, ਜਿਸ ਨੂੰ ਦਬਾਇਆ ਨਹੀਂ ਜਾ ਸਕਦਾ, ਕਿ ਲੋਕਾਂ ਨੂੰ ਇਹ ਹੱਕ ਹੈ ਕਿ ਉਨ੍ਹਾਂ ਉੱਪਰ ਰਾਜ ਨੂੰ ਜਮਹੂਰੀ ਤਰੀਕੇ ਨਾਲ ਚਲਾਇਆ ਜਾਵੇ; ਸਿਰਫ਼ ਬਦੇਸ਼ ਮਹਿਕਮੇ ਦੀਆਂ ਸਿਰੇ ਦੀਆਂ ਭਰਮਾਊ ਕਲਪਨਾਵਾਂ ਵਿਚ ਹੀ ਇਹ ਖ਼ਿਆਲ ਘਰ ਕੀਤਾ ਹੋਇਆ ਸੀ ਕਿ ਨਾਗਰਿਕਾਂ ਦੀ ਜਮਹੂਰੀਅਤ ਲਈ ਤਾਂਘ ਉਸ ਆਰਥਕ ਪ੍ਰਬੰਧ ਨਾਲ ਹੀ ਜੁੜੀ ਹੋਈ ਹੈ ਜਿਸ ਦਾ ਉਹ ਵਿਰੋਧ ਕਰ ਰਹੇ ਹਨ ਕਿ ਇਹ ਪ੍ਰਬੰਧ ਨੌਕਰੀਆਂ ਦੀ ਸੁਰੱਖਿਆ ਖ਼ਤਮ ਕਰ ਦੇਵੇਗਾ ਅਤੇ ਵਿਆਪਕ ਪੱਧਰ 'ਤੇ ਨੌਕਰੀਆਂ ਤੋਂ ਕੱਢਣ ਦਾ ਕਾਰਨ ਬਣੇਗਾ।

ਜੇ ਕਿਸੇ ਚੀਜ਼ ਬਾਰੇ ਸੱਚੀਓਂ ਆਮ ਸਹਿਮਤੀ ਸੀ ਉਹ ਇਹ ਸੀ ਕਿ ਖੱਬੇਪੱਖੀ ਅਤੇ ਸੱਜੇਪੱਖੀ ਤਾਨਾਸ਼ਾਹੀਆਂ ਦੋਵਾਂ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਲਈ ਜਮਹੂਰੀਅਤ ਦਾ ਅਰਥ ਬਣਦਾ ਸੀ ਕਿ ਅੰਤਮ ਤੌਰ 'ਤੇ ਕੋਈ ਵਿਚਾਰਧਾਰਾ ਇਕਤਰਫ਼ਾ ਤੌਰ 'ਤੇ ਅਤੇ ਧੱਕੇ ਨਾਲ ਥੋਪਣ ਦੀ ਬਜਾਏ ਸਭਨਾਂ ਮੁੱਖ ਫ਼ੈਸਲਿਆਂ 'ਚ ਲੋਕਾਂ ਦੀ ਪੁੱਗਤ ਹੋਵੇ। ਦੂਜੇ ਸ਼ਬਦਾਂ 'ਚ, ਜਿਸ ਆਮ ਅਸੂਲ ਨੂੰ ਫ਼ੁਕੂਯਾਮਾ ਨੇ "ਲੋਕਾਂ ਦੀ ਪ੍ਰਭੂਸੱਤਾ" ਵਜੋਂ ਬੁੱਝਿਆ ਸੀ ਉਸ ਵਿਚ ਲੋਕਾਂ ਦੀ ਇਹ ਚੋਣ ਕਰਨ ਦੀ ਪ੍ਰਭੂਸੱਤਾ ਵੀ *ਸ਼ਾਮਲ ਸੀ* ਕਿ ਰਾਜਕੀ ਮਾਲਕੀ ਵਾਲੀਆਂ ਕੰਪਨੀਆਂ ਦੀ ਹੋਣੀ ਤੋਂ ਲੈ ਕੇ ਸਕੂਲਾਂ ਅਤੇ ਹਸਪਤਾਲਾਂ ਲਈ ਫੰਡ ਮੁਹੱਈਆ ਕਰਨ ਤੱਕ ਉਨ੍ਹਾਂ ਦੇ ਦੇਸ਼ ਦੀ ਦੌਲਤ ਦੀ ਵੰਡ ਕਿਵੇਂ ਕੀਤੀ ਜਾਵੇਗੀ। ਆਖ਼ਿਰ ਪੂਰੀ ਦੁਨੀਆਂ 'ਚ ਨਾਗਰਿਕ ਘਾਲਣਾਵਾਂ ਘਾਲ ਕੇ ਜਿੱਤੇ ਜਮਹੂਰੀ ਹੱਕਾਂ ਨੂੰ ਵਰਤਣ ਦੀ ਤਿਆਰੀ 'ਚ ਸਨ ਤਾਂ ਕਿ ਆਪਣੀ ਕੌਮੀ ਹੋਣੀ ਦੇ ਘਾੜੇ ਬਣ ਸਕਣ।

1989 'ਚ, ਇਤਿਹਾਸ ਹੁਲਾਸਪੂਰਨ ਮੋੜਾ ਕੱਟ ਕੇ ਹਕੀਕੀ ਖੁੱਲ੍ਹ ਖੇਡ ਅਤੇ ਸੰਭਾਵਨਾ ਦੇ ਅਰਸੇ 'ਚ ਦਾਖ਼ਲ ਹੋ ਰਿਹਾ ਸੀ। ਇਸ ਕਰਕੇ ਇਹ ਕੋਈ ਸੰਜੋਗ ਨਹੀਂ ਸੀ ਕਿ ਫ਼ੁਕੂਯਾਮਾ ਨੇ ਬਦੇਸ਼ ਮਹਿਕਮੇ ਦੇ ਆਪਣੇ ਅੱਡੇ ਤੋਂ ਇਤਿਹਾਸ ਦੀ ਕਿਤਾਬ ਠੱਪ ਕਰ ਦੇਣ ਲਈ ਇਹੀ ਮੌਕਾ ਚੁਣਿਆ ਸੀ। ਇਹ ਵੀ ਕੋਈ ਸੰਜੋਗ ਨਹੀਂ ਸੀ ਕਿ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਵਲੋਂ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਨੂੰ ਨਸ਼ਰ ਕਰਨ ਲਈ ਤਰਥੱਲੀ ਭਰਿਆ ਇਹੀ ਸਾਲ ਚੁਣਿਆ ਗਿਆ ਸੀ—ਇਹ ਖੁੱਲ੍ਹੀ ਮੰਡੀ ਦੀ ਬੰਦ ਪਟਾਰੀ ਤੋਂ ਬਾਹਰਲੇ ਆਰਥਕ ਵਿਚਾਰਾਂ ਬਾਰੇ ਹਰ ਤਰ੍ਹਾਂ ਦੀ ਵਿਚਾਰ ਚਰਚਾ ਅਤੇ ਬਹਿਸ-ਮੁਬਾਸੇ ਨੂੰ ਰੋਕਣ ਦਾ ਸਾਫ਼ ਯਤਨ ਸੀ। ਇਹ ਜਮਹੂਰੀਅਤ ਦੇ ਖੰਭ ਕੁਤਰਨ ਦੀਆਂ ਯੁੱਧਨੀਤੀਆਂ ਸਨ, ਜੋ ਉਸ ਮੌਖਿਕ ਸਵੈ-ਨਿਰਣੇ ਨੂੰ ਢਾਹ ਲਾਉਣ ਲਈ ਘੜੀਆਂ ਗਈਆਂ ਸਨ ਜੋ ਸ਼ਿਕਾਗੋ ਸਕੂਲ ਦੇ ਜਹਾਦ ਲਈ ਇਕੋ ਇਕ ਸਭ ਤੋਂ ਵੱਡਾ ਖ਼ਤਰਾ ਬਣਦਾ ਸੀ ਅਤੇ ਹਮੇਸ਼ਾ ਤੋਂ ਇੰਞ ਰਿਹਾ ਸੀ।

ਤਿਆਨਮਿਨ ਚੌਕ ਦਾ ਸਦਮਾ

ਜਿਸ ਥਾਂ ਫੁਕੂਯਾਮਾ ਦੇ ਮੂੰਹਫਟ ਐਲਾਨ ਦੀ ਮੁੱਢ 'ਚ ਹੀ ਬੇਪ੍ਰਤੀਤੀ ਹੋ ਗਈ ਉਹ ਸੀ ਚੀਨ। ਉਸ ਨੇ ਤਕਰੀਰ ਫਰਵਰੀ 1989 'ਚ ਕੀਤੀ ਸੀ; ਦੋ ਮਹੀਨੇ ਪਿੱਛੋਂ, ਬੀਜਿੰਗ ਦੇ ਤਿਆਨਮਿਨ ਚੌਕ 'ਚ ਜਨਤਕ ਰੋਸ ਮੁਜ਼ਾਹਰਿਆਂ ਅਤੇ ਧਰਨਿਆਂ ਰਾਹੀਂ ਜਮਹੂਰੀਅਤ ਪੱਖੀ ਲਹਿਰ ਫੁੱਟ ਪਈ। ਫੁਕੂਯਾਮਾ ਨੇ ਦਾਅਵਾ ਕੀਤਾ ਸੀ ਕਿ ਜਮਹੂਰੀ ਸੁਧਾਰ ਅਤੇ "ਖੁੱਲ੍ਹੀ ਮੰਡੀ ਦੇ ਸੁਧਾਰ" ਜੁੜਵਾਂ ਅਮਲ ਹਨ, ਇਨ੍ਹਾਂ ਨੂੰ ਵੱਖ-ਵੱਖ ਕਰਨਾ ਅਸੰਭਵ ਹੈ। ਚੀਨ ਅੰਦਰ ਸਰਕਾਰ ਨੇ ਐਨ ਇਹੀ ਕੀਤਾ ਸੀ : ਇਸ ਨੇ ਉਜਰਤਾਂ ਅਤੇ ਕੀਮਤਾਂ ਤੋਂ ਕੰਟਰੋਲ ਹਟਾਉਣ ਅਤੇ ਮੰਡੀ ਦਾ ਵਿਸਤਾਰ ਕਰਨ ਲਈ ਪੂਰਾ ਤਾਣ ਲਾਇਆ ਹੋਇਆ ਸੀ—ਪਰ ਇਹ ਚੋਣਾਂ ਅਤੇ ਸ਼ਹਿਰੀ ਆਜ਼ਾਦੀਆਂ ਦੀਆਂ ਮੰਗਾਂ ਦਾ ਜ਼ਬਰਦਸਤ ਵਿਰੋਧ ਕਰ ਰਹੀ ਸੀ। ਇਕ ਪਾਸੇ ਮੁਜ਼ਾਹਰਾਕਾਰੀ ਜਮਹੂਰੀਅਤ ਦੀ ਮੰਗ ਕਰ ਰਹੇ ਸਨ, ਦੂਜੇ ਪਾਸੇ ਬਹੁਤ ਸਾਰੇ ਲੋਕਾਂ ਨੇ ਸਰਮਾਏਦਾਰੀ ਨੂੰ ਬੇਲਗਾਮ ਕਰਨ ਦੀਆਂ ਸਰਕਾਰੀ ਮੁਹਿੰਮਾਂ ਦਾ ਵਿਰੋਧ ਵੀ ਕੀਤਾ ਸੀ। ਇਹ ਐਸਾ ਤੱਥ ਸੀ ਜਿਸ ਨੂੰ ਪੱਛਮੀ ਪ੍ਰੈੱਸ ਨੇ ਲਹਿਰ ਦੀਆਂ ਖ਼ਬਰਾਂ ਦੇਣ ਸਮੇਂ ਛੱਡ ਦਿੱਤਾ ਸੀ। ਚੀਨ ਅੰਦਰ, ਜਮਹੂਰੀਅਤ ਅਤੇ ਸ਼ਿਕਾਗੋ ਸਕੂਲ ਦਾ ਅਰਥਸ਼ਾਸਤਰ ਜੋਟੀ ਪਾ ਕੇ ਅੱਗੇ ਨਹੀਂ ਸੀ ਵਧ ਰਹੇ; ਇਹ ਤਾਂ ਤਿਆਨਮਿਨ ਚੌਕ ਦੁਆਲੇ ਲਾਏ ਨਾਕਿਆਂ ਦੇ ਪੂਰੀ ਤਰ੍ਹਾਂ ਉਲਟ ਸਿਰਿਆਂ 'ਤੇ ਖੜ੍ਹੇ ਸਨ।

1980ਵਿਆਂ ਦੇ ਸ਼ੁਰੂ 'ਚ, ਚੀਨੀ ਸਰਕਾਰ ਦੀ ਅਗਵਾਈ ਓਦੋਂ ਡੇਂਗ ਸਿਆਓ ਪਿੰਗ ਦੇ ਹੱਥ ਸੀ। ਉਸ ਉੱਪਰ ਪੋਲੈਂਡ ਵਾਲੇ ਵਰਤਾਰੇ ਨੂੰ ਚੀਨ ਵਿਚ ਵਾਪਰਨ ਤੋਂ ਰੋਕਣ ਦਾ ਭੂਤ ਸਵਾਰ ਸੀ; ਪੋਲੈਂਡ ਵਿਚ ਮਜ਼ਦੂਰਾਂ ਨੂੰ ਆਜ਼ਾਦ ਲਹਿਰ ਉਸਾਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ ਜੋ ਆਖ਼ਿਰ ਸੱਤਾ ਉੱਪਰ ਪਾਰਟੀ ਦੀ ਅਜਾਰੇਦਾਰੀ ਲਈ ਚੁਣੌਤੀ ਬਣ ਗਈ ਸੀ। ਰਾਜ ਦੀ ਮਾਲਕੀ ਵਾਲੀਆਂ ਫੈਕਟਰੀਆਂ ਅਤੇ ਖੇਤੀ ਕਮਿਊਨਾਂ ਕਮਿਊਨਿਸਟ ਰਾਜ ਦੀ ਬੁਨਿਆਦ ਸਨ ਪਰ ਚੀਨ ਦੇ ਆਗੂ ਇਨ੍ਹਾਂ ਨੂੰ ਬਚਾਉਣ ਲਈ ਵਚਨਬਧ ਨਹੀਂ ਸਨ। ਅਸਲ ਵਿਚ, ਸਾਂਝੀ ਆਰਥਿਕਤਾ ਨੂੰ ਕਾਰਪੋਰੇਟ ਅਧਾਰਤ ਆਰਥਿਕਤਾ 'ਚ ਬਦਲਣ ਦੀ ਡੇਂਗ ਦੀ ਵਚਨਬੱਧਤਾ ਐਨੀ ਜੋਸ਼ ਭਰੀ ਸੀ ਕਿ 1980 'ਚ ਉਸ ਦੀ ਸਰਕਾਰ ਨੇ ਮਿਲਟਨ ਫਰਾਇਡਮੈਨ ਨੂੰ ਚੀਨ ਆ ਕੇ ਖੁੱਲ੍ਹੀ ਮੰਡੀ ਦੇ ਮੂਲ ਸਿਧਾਂਤਾਂ ਬਾਰੇ ਸੈਂਕੜੇ ਚੋਟੀ ਦੇ ਸਿਵਲ ਅਧਿਕਾਰੀਆਂ, ਪ੍ਰੋਫੈਸਰਾਂ ਅਤੇ ਪਾਰਟੀ ਅਰਥਸ਼ਾਸਤਰੀਆਂ ਦੀ ਪੜ੍ਹਾਈ ਕਰਾਉਣ ਦਾ ਸੱਦਾ ਦਿੱਤਾ। ਫਰਾਇਡਮੈਨ ਨੇ ਬੀਜਿੰਗ ਅਤੇ ਸ਼ੰਘਾਈ ਵਿਚ ਆਪਣੇ ਸਰੋਤਿਆਂ ਬਾਰੇ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਸੀ, "ਸਾਰੇ ਹੀ ਉਚੇਚੇ ਤੌਰ 'ਤੇ ਸੱਦੇ ਗਏ ਮਹਿਮਾਨ ਸਨ ਜਿਨ੍ਹਾਂ ਨੂੰ ਅੰਦਰ ਆਉਣ ਸਮੇਂ ਸੱਦਾ ਪੱਤਰ ਦਿਖਾਉਣੇ ਪਏ ਸਨ।" ਉਸ ਦਾ ਕੇਂਦਰੀ ਸੁਨੇਹਾ ਸੀ "ਸਰਮਾਏਦਾਰ ਦੇਸ਼ਾਂ 'ਚ ਆਮ ਲੋਕ ਸਮਾਜਵਾਦੀ ਦੇਸ਼ਾਂ ਨਾਲੋਂ ਕਿਤੇ ਜ਼ਿਆਦਾ ਵਧੀਆ ਜ਼ਿੰਦਗੀ ਜਿਊਂਦੇ ਹਨ।"[39] ਉਸ ਨੇ ਇਸ ਦੀ ਜੋ ਮਿਸਾਲ ਦਿੱਤੀ ਉਹ ਖ਼ਾਲਸ ਸਰਮਾਏਦਾਰੀ ਦੇ ਖੇਤਰ ਹਾਂਗਕਾਂਗ ਦੀ ਸੀ। ਫਰਾਇਡਮੈਨ ਹਾਂਗਕਾਂਗ ਦੇ "ਗਤੀਸ਼ੀਲ, ਜੁਗਤੀ ਖ਼ਾਸੇ ਦਾ" ਲੰਮੇ ਸਮੇਂ ਤੋਂ ਪ੍ਰਸ਼ੰਸਕ ਸੀ "ਜੋ ਵਿਅਕਤੀਗਤ ਆਜ਼ਾਦੀ, ਮੁਕਤ ਵਪਾਰ, ਘੱਟ ਟੈਕਸਾਂ, ਅਤੇ ਸਰਕਾਰ ਦੀ ਘੱਟ ਤੋਂ ਘੱਟ ਦਖ਼ਲਅੰਦਾਜ਼ੀ ਦੀ ਉਪਜ ਸੀ।" ਉਸ ਦਾ ਦਾਅਵਾ ਸੀ ਕਿ ਹਾਂਗਕਾਂਗ 'ਚ ਜਮਹੂਰੀਅਤ ਨਾ ਹੋਣ ਦੇ ਬਾਵਜੂਦ ਇਹ ਸੰਯੁਕਤ ਰਾਜ ਨਾਲੋਂ ਵੱਧ ਆਜ਼ਾਦ ਸੀ ਕਿਉਂਕਿ ਸਰਕਾਰ ਆਰਥਿਕਤਾ 'ਚ ਘੱਟ ਦਖ਼ਲ ਦਿੰਦੀ ਸੀ।[40]

ਫਰਾਇਡਮੈਨ ਦੀ ਆਜ਼ਾਦੀ ਦੀ ਪ੍ਰੀਭਾਸ਼ਾ ਵਿਚ ਬੇਰੋਕ-ਟੋਕ ਵਪਾਰ ਦੀ ਆਜ਼ਾਦੀ ਦੀ ਤੁਲਨਾ 'ਚ ਸਿਆਸੀ ਆਜ਼ਾਦੀ ਮਹਿਜ਼ ਇਤਫਾਕੀਆ, ਇੱਥੋਂ ਤੱਕ ਕਿ ਫਾਲਤੂ ਚੀਜ਼ ਸੀ। ਇਹ

ਪ੍ਰੀਭਾਸ਼ਾ ਚੀਨ ਦੀ ਪੋਲਿਟ ਬਿਊਰੋ 'ਚ ਬਣ ਰਹੀ ਸੋਚ ਨਾਲ ਵਧੀਆ ਮੇਲ ਖਾਂਦੀ ਸੀ। ਪਾਰਟੀ ਦੇਸ਼ ਦੀ ਆਰਥਿਕਤਾ ਦੇ ਦਰਵਾਜ਼ੇ ਨਿੱਜੀ ਮਾਲਕੀ ਅਤੇ ਖਪਤਵਾਦ ਲਈ ਖੋਲ੍ਹ ਦੇਣਾ ਚਾਹੁੰਦੀ ਸੀ ਪਰ ਸੱਤਾ ਉੱਪਰ ਆਪਣੀ ਪਕੜ ਨਹੀਂ ਸੀ ਛੱਡਣਾ ਚਾਹੁੰਦੀ। ਇਹ ਯੋਜਨਾ ਯਕੀਨੀ ਬਣਾਉਂਦੀ ਸੀ ਕਿ ਜਦੋਂ ਰਾਜ ਦੀ ਜਾਇਦਾਦ ਇਕ ਵਾਰ ਬੋਲੀ 'ਤੇ ਲਾ ਦਿੱਤੀ ਗਈ ਤਾਂ ਪਾਰਟੀ ਦੇ ਅਧਿਕਾਰੀ ਅਤੇ ਉਨ੍ਹਾਂ ਦੇ ਸਕੇ-ਸਬੰਧੀ ਬਿਹਤਰੀਨ ਸੌਦੇ ਲੁੱਟ ਲੈਣਗੇ ਅਤੇ ਸਭ ਤੋਂ ਵੱਧ ਮੁਨਾਫ਼ੇ ਪਹਿਲ ਦੇ ਅਧਾਰ 'ਤੇ ਉਨ੍ਹਾਂ ਦੇ ਹੱਥ ਲੱਗਣਗੇ। ਇਸ ਤਰ੍ਹਾਂ ਦੀ "ਤਬਦੀਲੀ" ਅਨੁਸਾਰ, ਕਮਿਊਨਿਜ਼ਮ ਹੇਠ ਰਾਜ ਦੇ ਕਰਤਾ-ਧਰਤਾ ਲੋਕ ਹੀ ਸਰਮਾਏਦਾਰੀ ਹੇਠ ਕਰਤਾ-ਧਰਤਾ ਬਣਨਗੇ, ਜਦਕਿ ਇਨ੍ਹਾਂ ਦੀ ਜੀਵਨ ਸ਼ੈਲੀ ਬਹੁਤ ਹੀ ਉੱਚ ਪਾਏ ਦੀ ਹੋ ਜਾਵੇਗੀ। ਚੀਨ ਦੀ ਸਰਕਾਰ ਅਮਰੀਕੀ ਮਾਡਲ ਦੀ ਬਜਾਏ ਪਿਨੋਚੇ ਦੀ ਅਗਵਾਈ ਵਾਲੇ ਚਿੱਲੀ ਮਾਡਲ ਦੇ ਵੱਧ ਨੇੜੇ ਸੀ ਜੋ ਭਾਰੀ ਜ਼ੁਲਮ ਰਾਹੀਂ ਥੋਪੀ ਤਾਨਾਸ਼ਾਹ ਸਿਆਸੀ ਜਕੜ ਅਤੇ ਮੁਕਤ ਮੰਡੀਆਂ ਦਾ ਸੁਮੇਲ ਸੀ।

ਸ਼ੁਰੂ ਤੋਂ ਹੀ ਡੇਂਗ ਦੀ ਸਪਸ਼ਟ ਸਮਝ ਸੀ ਕਿ ਜਬਰ ਦੀ ਭੂਮਿਕਾ ਅਹਿਮ ਹੋਵੇਗੀ। ਮਾਓ ਅਧੀਨ, ਚੀਨੀ ਰਾਜ ਨੇ ਵਿਰੋਧੀਆਂ ਨੂੰ ਪਾਸੇ ਕਰਕੇ ਅਤੇ ਵੱਖਰੇ ਵਿਚਾਰਾਂ ਵਾਲਿਆਂ ਨੂੰ ਮੁੜ ਪੜ੍ਹਾਈ 'ਚ ਪਾ ਕੇ ਲੋਕਾਂ ਉੱਪਰ ਵਹਿਸ਼ੀ ਗ਼ਲਬਾ ਪਾਇਆ ਹੋਇਆ ਸੀ। ਪਰ ਮਾਓ ਦਾ ਜਬਰ ਮਜ਼ਦੂਰਾਂ ਦੇ ਨਾਂ ਹੇਠ ਅਤੇ ਬੁਰਜੂਆਜ਼ੀ ਦੇ ਖ਼ਿਲਾਫ਼ ਸੇਧਤ ਸੀ; ਹੁਣ ਪਾਰਟੀ ਆਪਣਾ ਹੀ ਉਲਟ ਇਨਕਲਾਬ ਸ਼ੁਰੂ ਕਰਨ ਜਾ ਰਹੀ ਸੀ ਅਤੇ ਮਜ਼ਦੂਰਾਂ ਨੂੰ ਅਨੇਕਾਂ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਦੀ ਬਲੀ ਦੇਣ ਲਈ ਕਹਿ ਰਹੀ ਸੀ ਤਾਂ ਜੋ ਘੱਟਗਿਣਤੀ ਵੱਡੇ ਮੁਨਾਫ਼ੇ ਬਟੋਰ ਸਕੇ। ਇਹ ਕੰਮ ਸੁਖਾਲਾ ਨਹੀਂ ਸੀ। ਲਿਹਾਜ਼ਾ ਜਦੋਂ ਡੇਂਗ ਨੇ 1983 'ਚ ਦੇਸ਼ ਦੇ ਦਰਵਾਜ਼ੇ ਬਦੇਸ਼ੀ ਪੂੰਜੀ ਨਿਵੇਸ਼ ਲਈ ਖੋਲ੍ਹੇ ਅਤੇ ਮਜ਼ਦੂਰਾਂ ਦੀ ਸੁਰੱਖਿਆ ਘਟਾਈ ਤਾਂ ਨਾਲ ਦੀ ਨਾਲ ਹੀ ਉਸ ਨੇ 4 ਲੱਖ ਦੀ ਗਿਣਤੀ 'ਚ ਹਥਿਆਰਬੰਦ ਪੁਲਿਸ ਬਣਾਉਣ ਦਾ ਹੁਕਮ ਵੀ ਦਿੱਤਾ। ਇਸ ਨਵੇਂ, ਚਲਦੇ-ਫਿਰਦੇ ਦੰਗਾ-ਰੋਕੂ ਦਸਤੇ ਨੂੰ "ਆਰਥਕ ਜੁਰਮਾਂ" ਭਾਵ ਹੜਤਾਲਾਂ ਅਤੇ ਰੋਸ ਮੁਜ਼ਾਹਰਿਆਂ ਦਾ ਹਰ ਤਰ੍ਹਾਂ ਨਾਲ ਨਾਂ-ਨਿਸ਼ਾਨ ਮਿਟਾ ਦੇਣ ਦਾ ਕੰਮ ਸੌਂਪਿਆ ਗਿਆ। ਚੀਨੀ ਇਤਿਹਾਸਕਾਰ ਮਾਰਿਸ ਮੈਜ਼ਨਰ ਅਨੁਸਾਰ "ਹਥਿਆਰਬੰਦ ਪੁਲਿਸ ਦੇ ਅਸਲਾਖ਼ਾਨੇ ਨੂੰ ਅਮਰੀਕੀ ਹੈਲੀਕਾਪਟਰ ਅਤੇ ਪਸ਼ੂਆਂ 'ਤੇ ਵਰਤੀਆਂ ਜਾਣ ਵਾਲੀਆਂ ਕਰੰਟ ਲਾਉਣ ਵਾਲੀਆਂ ਆਰਾਂ ਦਿੱਤੀਆਂ ਗਈਆਂ।" ਅਤੇ "ਅਨੇਕਾਂ ਇਕਾਈਆਂ ਨੂੰ ਦੰਗਾ ਵਿਰੋਧੀ ਸਿਖਲਾਈ ਲਈ ਪੋਲੈਂਡ ਭੇਜਿਆ ਗਿਆ ਸੀ"—ਜਿੱਥੇ ਉਨ੍ਹਾਂ ਨੇ ਪੋਲੈਂਡ 'ਚ ਫ਼ੌਜੀ ਰਾਜ ਦੌਰਾਨ ਸਾਲੀਡੈਰਿਟੀ ਵਿਰੁੱਧ ਵਰਤੇ ਗਏ ਦਾਅਪੇਚਾਂ ਦਾ ਅਧਿਐਨ ਕੀਤਾ।[41]

ਡੇਂਗ ਦੇ ਪਹਿਲੇ ਕੁਝ ਸੁਧਾਰ ਸਫ਼ਲ ਰਹੇ ਅਤੇ ਮਕਬੂਲ ਹੋਏ ਸਨ—ਕਿਸਾਨਾਂ ਦਾ ਆਪਣੀਆਂ ਜ਼ਿੰਦਗੀਆਂ 'ਤੇ ਵੱਧ ਕੰਟਰੋਲ ਹੋ ਗਿਆ ਸੀ, ਅਤੇ ਵਣਜ ਮੁੜ ਸ਼ਹਿਰਾਂ 'ਚ ਪਰਤ ਆਇਆ ਸੀ। ਪਰ ਅੱਸੀਵਿਆਂ ਦੇ ਅਖ਼ੀਰ 'ਚ ਡੇਂਗ ਨੇ ਐਸੇ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਜੋ ਜਨਤਾ ਨੇ ਪ੍ਰਵਾਨ ਨਹੀਂ ਕੀਤੇ, ਖ਼ਾਸ ਕਰਕੇ ਸ਼ਹਿਰਾਂ ਦੇ ਮਜ਼ਦੂਰਾਂ ਨੇ। ਉਸ ਨੇ ਕੀਮਤਾਂ 'ਤੋਂ ਕੰਟਰੋਲ ਹਟਾ ਦਿੱਤੇ, ਇਸ ਨਾਲ ਭਾਅ ਵਧਣ ਲੱਗੇ; ਨੌਕਰੀਆਂ ਦੀ ਸੁਰੱਖਿਆ ਖ਼ਤਮ ਕਰ ਦਿੱਤੀ ਗਈ; ਬੇਰੁਜ਼ਗਾਰੀ ਫੈਲ ਗਈ; ਅਤੇ ਨਵੇਂ ਚੀਨ ਅੰਦਰ ਲਾਹਾ ਲੈਣ 'ਚ ਸਫ਼ਲ ਹੋਣ ਵਾਲਿਆਂ ਅਤੇ ਵਾਂਝੇ ਹੋਣ ਵਾਲਿਆਂ ਦਰਮਿਆਨ ਡੂੰਘੀ ਨਾਬਰਾਬਰੀ ਪੈਦਾ ਹੋ ਗਈ। 1988 'ਚ, ਪਾਰਟੀ ਨੂੰ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਇਹ ਕੀਮਤਾਂ 'ਤੋਂ ਹਟਾਏ ਕੁਝ ਕੰਟਰੋਲ ਵਾਪਸ ਲੈਣ ਲਈ ਮਜਬੂਰ ਹੋ ਗਈ। ਪਾਰਟੀ ਦੇ ਬੇਕਾਬੂ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਵਿਰੁੱਧ ਰੋਹ ਵੀ ਵਧ

ਰਿਹਾ ਸੀ। ਅਨੇਕਾਂ ਚੀਨੀ ਨਾਗਰਿਕ ਮੰਡੀ ਖੇਤਰ 'ਚ ਵੱਧ ਆਜ਼ਾਦੀ ਚਾਹੁੰਦੇ ਸਨ, ਪਰ ਇਹ "ਸੁਧਾਰ" ਪਾਰਟੀ ਅਧਿਕਾਰੀਆਂ ਦੇ ਕਾਰੋਬਾਰੀ ਸਰਮਾਏਦਾਰ ਬਣ ਜਾਣ ਦਾ ਗੁੱਝਾ ਸੰਕੇਤ ਵੱਧ ਸਨ, ਕਿਉਂਕਿ ਕਈਆਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਉਨ੍ਹਾਂ ਜਾਇਦਾਦਾਂ ਉੱਪਰ ਹੀ ਕਬਜ਼ੇ ਕਰ ਲਏ ਜਿਨ੍ਹਾਂ ਦਾ ਉਹ ਪਹਿਲਾਂ ਬਤੌਰ ਅਫਸਰਸ਼ਾਹ ਪ੍ਰਬੰਧ ਚਲਾਉਂਦੇ ਸਨ।

ਖੁੱਲ੍ਹੀ ਮੰਡੀ ਦੇ ਤਜਰਬੇ ਦੇ ਜ਼ੋਖ਼ਮ ਦੀ ਹਾਲਤ 'ਚ, ਇਕ ਵਾਰ ਫੇਰ ਮਿਲਟਨ ਫਰਾਇਡਮੈਨ ਨੂੰ ਚੀਨ ਦੇ ਦੌਰੇ 'ਤੇ ਸੱਦਿਆ ਗਿਆ—ਉਸੇ ਤਰ੍ਹਾਂ ਜਿਵੇਂ ਜਦੋਂ ਸ਼ਿਕਾਗੋ ਵਾਲੇ ਮੁੰਡਿਆਂ ਅਤੇ ਮਗਰਮੱਛ ਸਰਮਾਏਦਾਰਾਂ ਦੇ ਪ੍ਰੋਗਰਾਮ ਨਾਲ ਚਿੱਲੀ ਵਿਚ ਬਗ਼ਾਵਤ ਭੜਕ ਪਈ ਸੀ ਤਾਂ ਉਨ੍ਹਾਂ ਨੇ 1975 'ਚ ਫਰਾਇਡਮੈਨ ਦੀ ਮਦਦ ਲਈ ਸੀ।[42] ਸਰਮਾਏਦਾਰੀ ਦੇ ਜਗਤ ਗੁਰੂ ਦੀ ਉੱਚ ਪੱਧਰੀ ਫੇਰੀ ਐਸਾ ਹੁਲਾਰਾ ਸੀ ਜਿਸ ਦੀ ਚੀਨ ਦੇ "ਸੁਧਾਰਕਾਂ" ਨੂੰ ਲੋੜ ਸੀ।

ਜਦੋਂ ਸਤੰਬਰ 1988 'ਚ ਫਰਾਇਡਮੈਨ ਅਤੇ ਉਸ ਦੀ ਪਤਨੀ ਰੋਜ਼ ਸ਼ੰਘਾਈ ਪਹੁੰਚੇ ਤਾਂ ਉਨ੍ਹਾਂ ਦੀਆਂ ਇਹ ਦੇਖਕੇ ਅੱਖਾਂ ਚੁੰਧਿਆ ਗਈਆਂ ਕਿ ਚੀਨ ਦਾ ਮੁੱਖ ਹਿੱਸਾ ਕਿੰਨੀ ਤੇਜ਼ੀ ਨਾਲ ਹਾਂਗਕਾਂਗ ਵਰਗਾ ਜਾਪ ਰਿਹਾ ਸੀ ਅਤੇ ਇੰਞ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਸੀ। ਹੇਠਲੇ ਪੱਧਰ 'ਤੇ ਧੁਖ ਰਹੇ ਰੋਹ ਦੇ ਬਾਵਜੂਦ, ਜੋ ਕੁਝ ਵੀ ਉਨ੍ਹਾਂ ਤੱਕਿਆ ਉਨ੍ਹਾਂ ਅਨੁਸਾਰ ਉਹ "ਖੁੱਲ੍ਹੀਆਂ ਮੰਡੀਆਂ ਦੀ ਤਾਕਤ 'ਚ ਸਾਡੇ ਭਰੋਸੇ" ਦੀ ਪੁਸ਼ਟੀ ਕਰਦਾ ਸੀ। ਫਰਾਇਡਮੈਨ ਨੇ ਇਸ ਪਲ ਨੂੰ "ਚੀਨੀ ਤਜਰਬੇ ਦਾ ਸਭ ਤੋਂ ਆਸ ਭਰਪੂਰ ਸਮਾਂ ਕਿਹਾ ਸੀ।"

ਸਰਕਾਰੀ ਪ੍ਰਚਾਰ ਸਾਧਨਾਂ ਦੀ ਮੌਜੂਦਗੀ 'ਚ ਫਰਾਇਡਮੈਨ ਨੇ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਜ਼ਾਓ ਜ਼ਿਆਂਗ ਅਤੇ ਨਾਲ ਹੀ ਜਿਆਂਗ ਜ਼ੈਮਿਨ ਨਾਲ ਦੋ ਘੰਟੇ ਗੱਲਬਾਤ ਕੀਤੀ ਜੋ ਓਦੋਂ ਪਾਰਟੀ ਦੀ ਸ਼ੰਘਾਈ ਕਮੇਟੀ ਦਾ ਸਕੱਤਰ ਸੀ ਅਤੇ ਜਿਸ ਨੇ ਭਵਿੱਖ 'ਚ ਚੀਨ ਦਾ ਰਾਸ਼ਟਰਪਤੀ ਬਣਨਾ ਸੀ। ਫਰਾਇਡਮੈਨ ਦੀ ਜਿਆਂਗ ਨੂੰ ਸਲਾਹ ਦੀ ਸੁਰ ਉਸ ਸਲਾਹ ਵਰਗੀ ਸੀ ਜੋ ਉਸ ਨੇ ਪਿਨੋਚੇ ਨੂੰ ਓਦੋਂ ਦਿੱਤੀ ਸੀ ਜਦੋਂ ਚਿੱਲੀ ਦਾ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਦੀ ਐਨ ਤਿਆਰੀ ਸੀ : ਦਬਾਅ ਮੂਹਰੇ ਝੁਕੋ ਨਾ ਅਤੇ ਕੰਨੀ ਨਾ ਕਤਰਾਓ। ਫਰਾਇਡਮੈਨ ਚੇਤੇ ਕਰਦਾ ਹੈ, "ਮੈਂ ਨਿੱਜੀਕਰਨ ਅਤੇ ਮੁਕਤ ਮੰਡੀਆਂ ਅਤੇ ਇਕੋ ਸੱਟੇ ਉਦਾਰੀਕਰਨ ਕਰ ਦੇਣ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ।" ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਨੂੰ ਇਕ ਮੈਮੋਰੰਡਮ 'ਚ ਫਰਾਇਡਮੈਨ ਨੇ ਜ਼ੋਰ ਦਿੱਤਾ ਕਿ ਥੋੜ੍ਹਾ ਨਹੀਂ ਸਗੋਂ ਵੱਧ ਸਦਮਾ ਇਲਾਜ ਦੀ ਜ਼ਰੂਰਤ ਹੈ। "ਚੀਨ 'ਚ ਸੁਧਾਰਾਂ ਦੇ ਸ਼ੁਰੂਆਤੀ ਕਦਮ ਹੈਰਾਨੀਜਨਕ ਤੌਰ 'ਤੇ ਕਾਮਯਾਬ ਰਹੇ ਹਨ। ਮੁਕਤ ਨਿੱਜੀ ਮੰਡੀਆਂ 'ਤੇ ਹੋਰ ਵੱਧ ਟੇਕ ਰੱਖ ਕੇ ਚੀਨ ਹੋਰ ਵੀ ਹੈਰਾਨੀਜਨਕ ਤਰੱਕੀ ਕਰ ਸਕਦਾ ਹੈ।"[43]

ਅਮਰੀਕਾ ਮੁੜਨ ਤੋਂ ਤੁਰੰਤ ਬਾਅਦ, ਉਸ ਨੇ ਇਕ ਵਿਦਿਆਰਥੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖ ਕੇ ਉਨ੍ਹਾਂ ਦੇ ਦੂਹਰੇ ਮਿਆਰਾਂ ਵਾਲੀ ਆਲੋਚਨਾ ਦੀ ਭੰਡੀ ਕੀਤੀ। ਉਸ ਅਨੁਸਾਰ ਉਨ੍ਹਾਂ ਨੂੰ ਇਹ ਫੁਰਨਾ "ਨਿਰਾ ਸ਼ਰਾਰਤ 'ਚੋਂ" ਫੁਰਿਆ ਸੀ। ਉਸ ਨੂੰ ਪਿਨੋਚੇ ਨੂੰ ਸਲਾਹ ਦੇਣ ਸਮੇਂ ਹੋਈ ਆਲੋਚਨਾ ਚੇਤੇ ਆ ਗਈ ਸੀ। ਉਸ ਨੇ ਸੰਪਾਦਕਾਂ ਨੂੰ ਤਾਹਨਾ ਮਾਰਿਆ ਕਿ ਉਸ ਨੇ ਹੁਣੇ ਹੁਣੇ ਚੀਨ 'ਚ ਬਾਰਾਂ ਦਿਨ ਗੁਜ਼ਾਰੇ ਹਨ, ਜਿੱਥੇ "ਮੈਂ ਬਹੁਤਾ ਸਰਕਾਰੀ ਸੰਸਥਾਵਾਂ ਦਾ ਮਹਿਮਾਨ ਰਿਹਾ," ਅਤੇ ਕਮਿਊਨਿਸਟ ਪਾਰਟੀ ਦੇ ਚੋਟੀ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਫੇਰ ਵੀ ਇਨ੍ਹਾਂ ਮੀਟਿੰਗਾਂ ਨਾਲ ਅਮਰੀਕੀ ਯੂਨੀਵਰਸਿਟੀਆਂ ਦੇ ਕੈਂਪਸ 'ਚ ਮਨੁੱਖੀ ਹੱਕਾਂ ਦਾ ਕੋਈ ਰੌਲਾ ਨਹੀਂ ਪਿਆ। "ਇਹ ਸੰਯੋਗ ਹੀ ਕਹਿ ਲਵੋ, ਮੈਂ ਚਿੱਲੀ ਅਤੇ ਚੀਨ ਦੋਹਾਂ ਨੂੰ ਇਕੋ ਹੀ ਸਲਾਹ ਦਿੱਤੀ।" ਤਨਜ਼ੀਆ ਲਹਿਜ਼ੇ 'ਚ ਸਵਾਲ ਕਰਦਿਆਂ ਉਸ ਨੇ ਗੱਲ ਮੁਕਾਈ "ਕੀ ਮੈਨੂੰ

ਇਸ ਲਈ ਤਿਆਰ ਰਹਿਣਾ ਹੋਵੇਗਾ ਕਿ ਜੇ ਮੈਂ ਐਸੀ ਭੈੜੀ ਸਰਕਾਰ ਨੂੰ ਸਲਾਹ ਦੇਣੀ ਚਾਹੁੰਨਾਂ ਤਾਂ ਮੈਨੂੰ ਰੋਸ ਮੁਜ਼ਾਹਰਿਆਂ ਦੇ ਹੜ੍ਹ ਦਾ ਸਾਹਮਣਾ ਕਰਨਾ ਪਵੇਗਾ ? ”[44]

ਕੁਝ ਮਹੀਨੇ ਮਗਰੋਂ, ਜਦੋਂ ਚੀਨੀ ਸਰਕਾਰ ਨੇ ਪਿਨੋਚੇ ਦੇ ਕਈ ਸਭ ਤੋਂ ਬਦਨਾਮ ਦਾਅਪੇਚ ਅਪਣਾਉਣੇ ਸ਼ੁਰੂ ਕਰ ਦਿੱਤੇ ਤਾਂ ਇਸ ਸ਼ੈਤਾਨ ਚਿੱਠੀ ਨੇ ਮਨਹੂਸ ਸ਼ਕਲ ਅਖ਼ਤਿਆਰ ਕਰ ਲਈ।

ਫਰਾਇਡਮੈਨ ਦੀ ਫੇਰੀ ਦੇ ਇੱਛਤ ਨਤੀਜੇ ਨਾ ਨਿਕਲੇ। ਪਾਰਟੀ ਅਫਸਰਸ਼ਾਹਾਂ ਨੂੰ ਆਸ਼ੀਰਵਾਦ ਦਿੰਦੇ ਪ੍ਰੋਫੈਸਰ ਦੀਆਂ ਸਰਕਾਰੀ ਅਖ਼ਬਾਰਾਂ ’ਚ ਤਸਵੀਰਾਂ ਛਪਣ ਨਾਲ ਵੀ ਜਨਤਾ ਦੀ ਹਮਾਇਤ ਹਾਸਲ ਨਾ ਹੋਈ। ਅਗਲੇ ਮਹੀਨਿਆਂ ’ਚ ਰੋਸ ਮੁਜ਼ਾਹਰਿਆਂ ਦੀ ਸੁਰ ਹੋਰ ਵੀ ਦ੍ਰਿੜ ਅਤੇ ਤਿੱਖੀ ਹੋ ਗਈ। ਵਿਰੋਧ ਦਾ ਸਭ ਤੋਂ ਉੱਭਰਵਾਂ ਪ੍ਰਤੀਕ ਤਿਆਨਮਿਨ ਚੌਂਕ ’ਚ ਹੜਤਾਲੀ ਵਿਦਿਆਰਥੀਆਂ ਦੇ ਮੁਜ਼ਾਹਰੇ ਸਨ। ਕੌਮਾਂਤਰੀ ਪ੍ਰਚਾਰ ਮਾਧਿਅਮਾਂ ਵਿਚ ਇਨ੍ਹਾਂ ਇਤਿਹਾਸਕ ਰੋਸ-ਮੁਜ਼ਾਹਰਿਆਂ ਨੂੰ ਆਮ ਹੀ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਇਹ ਪੱਛਮੀ ਤਰਜ਼ ਦੀਆਂ ਜਮਹੂਰੀ ਆਜ਼ਾਦੀਆਂ ਦੇ ਖਾਹਸ਼ਮੰਦ ਆਧੁਨਿਕ, ਆਦਰਸ਼ਵਾਦੀ ਵਿਦਿਆਰਥੀਆਂ ਅਤੇ ਕਮਿਊਨਿਸਟ ਰਾਜ ਨੂੰ ਬਚਾਉਣ ਦੇ ਚਾਹਵਾਨ ਪੁਰਾਣੇ ਤਾਨਾਸ਼ਾਹਾਂ ਦਰਮਿਆਨ ਟਕਰਾਅ ਹੈ। ਪਿੱਛੇ ਜਹੇ, ਤਿਆਨਮਿਨ ਸੰਘਰਸ਼ ਦੇ ਉਦੇਸ਼ ਦਾ ਇਕ ਹੋਰ ਵਿਸ਼ਲੇਸ਼ਣ ਉੱਭਰ ਕੇ ਸਾਹਮਣੇ ਆਇਆ ਹੈ ਜੋ ਫਰਾਇਡਮੈਨ ਨੂੰ ਕਹਾਣੀ ਦੇ ਕੇਂਦਰ ’ਚ ਰੱਖ ਕੇ ਮੁੱਖ-ਧਾਰਾ ਪੇਸ਼ਕਾਰੀ ਨੂੰ ਚੁਣੌਤੀ ਦਿੰਦਾ ਹੈ। ਇਹ ਬਦਲਵੀਂ ਵਿਆਖਿਆ ਹੋਰਨਾਂ ਦੇ ਨਾਲ-ਨਾਲ ਵਾਂਗ ਹੂਈ ਵਲੋਂ ਦਿੱਤੀ ਗਈ ਹੈ ਜਿਸ ਨੇ 1989 ਦੇ ਰੋਸ ਮੁਜ਼ਾਹਰੇ ਜਥੇਬੰਦ ਕੀਤੇ ਸਨ। ਜੋ ਹੁਣ ਉਨ੍ਹਾਂ ਵਿਚਾਰਾਂ ਦੇ ਧਾਰਨੀ ਲੋਕਾਂ ਦਾ ਮੁੱਖ ਬੁੱਧੀਜੀਵੀ ਹੈ ਜੋ ਚੀਨ ਵਿਚ “ਨਵੇਂ ਖੱਬੇਪੱਖ” ਵਜੋਂ ਜਾਣੇ ਜਾਂਦੇ ਹਨ। ਆਪਣੀ 2003 ਦੀ ਨਵੀਂ ਕਿਤਾਬ *ਚੀਨ ਦਾ ਨਵਾਂ ਪ੍ਰਬੰਧ* ਵਿਚ ਵਾਂਗ ਬਿਆਨ ਕਰਦਾ ਹੈ ਕਿ ਰੋਸ ਮੁਜ਼ਾਹਰੇ ਕਰਨ ਵਾਲਿਆਂ ਵਿਚ ਚੀਨੀ ਸਮਾਜ ਦੇ ਕਈ ਤਰ੍ਹਾਂ ਦੇ ਲੋਕ ਸ਼ਾਮਲ ਸਨ—ਇਨ੍ਹਾਂ ਵਿਚ ਸਿਰਫ਼ ਯੂਨੀਵਰਸਿਟੀ ਦੇ ਕੁਲੀਨ ਵਿਦਿਆਰਥੀ ਹੀ ਨਹੀਂ ਸਗੋਂ ਫੈਕਟਰੀ ਮਜ਼ਦੂਰ, ਛੋਟੇ ਕਾਰੋਬਾਰ ਕਰਨ ਵਾਲੇ ਅਤੇ ਅਧਿਆਪਕ ਵੀ ਸ਼ਾਮਲ ਸਨ। ਉਹ ਚੇਤੇ ਕਰਦਾ ਹੈ ਕਿ ਰੋਸ ਮੁਜ਼ਾਹਰਿਆਂ ਨੂੰ ਪਲੀਤਾ ਡੇਂਗ ਦੀਆਂ “ਇਨਕਲਾਬੀ” ਆਰਥਕ ਤਬਦੀਲੀਆਂ ਦੇ ਵਿਰੋਧ ’ਚੋਂ ਪੈਦਾ ਹੋਈ ਬੇਚੈਨੀ ਨੇ ਲਾਇਆ ਸੀ। ਇਨ੍ਹਾਂ ਨੀਤੀਆਂ ਨਾਲ ਉਜਰਤਾਂ ਨੂੰ ਖ਼ੋਰਾ ਲੱਗ ਰਿਹਾ ਸੀ, ਭਾਅ ਵਧ ਰਹੇ ਸਨ ਅਤੇ ਇਨ੍ਹਾਂ ਕਾਰਨ “ਲੇ ਆਫ ਅਤੇ ਬੇਰੁਜ਼ਗਾਰੀ ਦਾ ਸੰਕਟ” ਉੱਭਰ ਰਿਹਾ ਸੀ।[45] ਵਾਂਗ ਮੁਤਾਬਿਕ, “1989 ਦੀ ਸਮਾਜਿਕ ਲਾਮਬੰਦੀ ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਹੋਈ ਸੀ।”[46]

ਮੁਜ਼ਾਹਰੇ ਸੁਤੇ ਸਿੱਧ ਹੀ ਆਰਥਕ ਸੁਧਾਰਾਂ ਦੇ ਖਿਲਾਫ਼ ਸਨ; ਅਸਲ ਵਿਚ ਇਹ ਸੁਧਾਰਾਂ ਦੇ ਖ਼ਾਸ ਫਰਾਇਡਮੈਨਵਾਦੀ ਸੁਭਾਅ ਦੇ ਖਿਲਾਫ਼ ਸਨ—ਇਹ ਸੀ ਇਨ੍ਹਾਂ ਦੀ ਰਫ਼ਤਾਰ, ਬੇਰਹਿਮੀ ਅਤੇ ਸਿਰੇ ਦੇ ਗ਼ੈਰ-ਜਮਹੂਰੀ ਅਮਲ ਦੀ ਹਕੀਕਤ। ਵਾਂਗ ਕਹਿੰਦਾ ਹੈ ਕਿ ਵਿਖਾਵਾਕਾਰੀਆਂ ਦੀ ਚੋਣਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਮੰਗ ਇਸ ਆਰਥਕ ਅਸਹਿਮਤੀ ਨਾਲ ਨੇੜਿਉਂ ਜੁੜੀ ਹੋਈ ਸੀ। ਜਮਹੂਰੀਅਤ ਦੀ ਮੰਗ ਉਠਾਏ ਜਾਣ ਦਾ ਕਾਰਨ ਇਹ ਤੱਥ ਸੀ ਕਿ ਪਾਰਟੀ ਐਸੀਆਂ ਉੱਥਲ-ਪੁੱਥਲ ਮਚਾਊ ਤਬਦੀਲੀਆਂ ਜਨਤਾ ਦੀ ਰਜ਼ਾਮੰਦੀ ਤੋਂ ਬਗ਼ੈਰ ਹੀ ਥੋਪੀ ਜਾ ਰਹੀ ਸੀ। ਉਹ ਲਿਖਦਾ ਹੈ, “ਸੁਧਾਰਾਂ ਦੇ ਅਮਲ ਨੂੰ ਸਾਫ਼-ਸੁਥਰਾ ਚਲਾਏ ਜਾਣ ਅਤੇ ਸਮਾਜਿਕ ਲਾਭਾਂ ਨੂੰ ਮੁੜ ਵਿਉਂਤੇ ਜਾਣ ਦੀ ਨਿਗਰਾਨੀ ਕਰਨ ਲਈ ਜਮਹੂਰੀ ਢੰਗ-ਤਰੀਕਿਆਂ ਦੀ ਮੰਗ ਆਮ ਸੀ।”[47]

ਇਨ੍ਹਾਂ ਮੰਗਾਂ ਕਰਕੇ ਪੋਲਿਟ ਬਿਊਰੋ ਨੂੰ ਖ਼ਾਸ ਤਰੀਕਾ ਚੁਣਨਾ ਪਿਆ। ਇਹ ਚੋਣ, ਜਿਵੇਂ ਅਕਸਰ ਹੀ ਦਾਅਵਾ ਕੀਤਾ ਜਾਂਦਾ ਹੈ, ਜਮਹੂਰੀਅਤ ਅਤੇ ਕਮਿਊਨਿਜ਼ਮ ਜਾਂ "ਸੁਧਾਰ" ਬਨਾਮ "ਪੁਰਾਣੀਆਂ ਰੋਕਾਂ" ਦਰਮਿਆਨ ਨਹੀਂ ਸੀ। ਇਹ ਵੱਧ ਗੁੰਝਲਦਾਰ ਗਿਣਤੀ-ਮਿਣਤੀ ਸੀ : ਕੀ ਪਾਰਟੀ ਖੁੱਲ੍ਹੀ ਮੰਡੀ ਦੇ ਏਜੰਡੇ ਦਾ ਬੁਲਡੋਜ਼ਰ ਫੇਰ ਕੇ ਅੱਗੇ ਵਧੇ, ਜਿਸ ਨੂੰ ਇਹ ਵਿਖਾਵਾਕਾਰੀਆਂ ਦੀਆਂ ਲਾਸ਼ਾਂ ਉੱਪਰੋਂ ਲੰਘ ਕੇ ਹੀ ਕਰ ਸਕਦੀ ਸੀ ? ਜਾਂ ਇਹ ਵਿਖਾਵਾਕਾਰੀਆਂ ਦੀ ਜਮਹੂਰੀਅਤ ਦੀ ਮੰਗ ਮੂਹਰੇ ਝੁਕ ਜਾਵੇ, ਸੱਤਾ ਉੱਪਰ ਅਜਾਰੇਦਾਰੀ ਛੱਡ ਦੇਵੇ ਅਤੇ ਆਰਥਕ ਪ੍ਰਾਜੈਕਟ ਨੂੰ ਵੱਡੀ ਪਛਾੜ ਦਾ ਖ਼ਤਰਾ ਮੁੱਲ ਲਵੇ ?

ਪਾਰਟੀ ਅੰਦਰਲੇ ਖੁੱਲ੍ਹੀ ਮੰਡੀ ਦੇ ਹਮਾਇਤੀ ਕੁਝ ਸੁਧਾਰਕ ਜਮਹੂਰੀਅਤ ਦਾ ਦਾਅ ਖੇਡ੍ਹ ਲੈਣ ਦੇ ਇੱਛਕ ਸਨ। ਜਨਰਲ ਸਕੱਤਰ ਜ਼ਾਓ ਜ਼ਿਆਂਗ ਇਨ੍ਹਾਂ ਵਿਚੋਂ ਸਭ ਤੋਂ ਉੱਘਾ ਸੀ। ਇਸ ਹਿੱਸੇ ਦਾ ਖ਼ਿਆਲ ਸੀ ਕਿ ਆਰਥਕ ਅਤੇ ਸਿਆਸੀ ਸੁਧਾਰ ਹਾਲੇ ਵੀ ਇਕ ਦੂਜੇ ਦੇ ਅਨੁਸਾਰੀ ਹੋ ਸਕਦੇ ਹਨ। ਪਾਰਟੀ ਵਿਚਲੇ ਵੱਧ ਤਾਕਤਵਰ ਅਨਸਰ ਜ਼ੋਖ਼ਮ ਉਠਾਉਣ ਲਈ ਤਿਆਰ ਨਹੀਂ ਸਨ। ਆਖ਼ਿਰ ਇਹ ਫ਼ੈਸਲਾ ਲਿਆ ਗਿਆ : ਰਾਜ ਮੁਜ਼ਾਹਰਾਕਾਰੀਆਂ ਨੂੰ ਕੁਚਲ ਕੇ ਆਰਥਕ "ਸੁਧਾਰ" ਪ੍ਰੋਗਰਾਮ ਦੀ ਰਾਖੀ ਕਰੇਗਾ।

ਜਦੋਂ 20 ਮਈ 1989 ਨੂੰ ਚੀਨ ਦੇ ਲੋਕ ਗਣਰਾਜ ਦੀ ਸਰਕਾਰ ਨੇ ਮਾਰਸ਼ਲ ਲਾਅ ਦਾ ਐਲਾਨ ਕੀਤਾ ਤਾਂ ਇਹ ਸੁਨੇਹਾ ਬੜਾ ਸਪਸ਼ਟ ਸੀ। 3 ਜੂਨ ਨੂੰ ਲੋਕ ਮੁਕਤੀ ਫ਼ੌਜ ਦੇ ਟੈਂਕ ਰੋਸ ਮੁਜ਼ਾਹਰਿਆਂ 'ਤੇ ਚਾੜ੍ਹ ਦਿੱਤੇ ਗਏ ਜੋ ਹਜੂਮ ਉੱਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਲੱਗੇ। ਵਿਦਿਆਰਥੀ ਮੁਜ਼ਾਹਰਾਕਾਰੀ ਬੱਸਾਂ 'ਚ ਲੁਕਣ ਲੱਗੇ। ਫ਼ੌਜੀਆਂ ਨੇ ਬੱਸਾਂ ਉੱਪਰ ਧਾਵਾ ਬੋਲ ਕੇ ਉਨ੍ਹਾਂ ਨੂੰ ਲਾਠੀਆਂ ਨਾਲ ਝੰਬ ਸੁੱਟਿਆ। ਬਹੁਤ ਸਾਰੇ ਫ਼ੌਜੀ ਦਸਤਿਆਂ ਨੇ ਤਿਆਨਮਿਨ ਚੌਂਕ ਦੇ ਨਾਕੇ ਤੋੜ ਕੇ ਮੁਜ਼ਾਹਰਾਕਾਰੀਆਂ ਨੂੰ ਗਿਫ਼ਤਾਰ ਕਰ ਲਿਆ ਜਿੱਥੇ ਵਿਦਿਆਰਥੀਆਂ ਨੇ ਜਮਹੂਰੀਅਤ ਦੀ ਦੇਵੀ ਦਾ ਬੁੱਤ ਲਗਾਇਆ ਹੋਇਆ ਸੀ। ਅਜਿਹੇ ਹਮਲੇ ਪੂਰੇ ਦੇਸ਼ ਵਿਚ ਇਕੋ ਸਮੇਂ ਕੀਤੇ ਗਏ।

ਉਨ੍ਹਾਂ ਦਿਨਾਂ 'ਚ ਕਿੰਨੇ ਲੋਕ ਮਾਰੇ ਗਏ ਅਤੇ ਕਿੰਨੇ ਜ਼ਖ਼ਮੀ ਹੋਏ ਇਸ ਦਾ ਕਦੇ ਵੀ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕੇਗਾ। ਪਾਰਟੀ ਮੰਨਦੀ ਹੈ ਕਿ ਸੈਂਕੜੇ ਮੌਤਾਂ ਹੋਈਆਂ, ਅਤੇ ਉਸ ਸਮੇਂ ਦੀਆਂ ਚਸ਼ਮਦੀਦ ਰਿਪੋਰਟਾਂ ਮ੍ਰਿਤਕਾਂ ਦੀ ਗਿਣਤੀ ਦੋ ਹਜ਼ਾਰ ਤੋਂ ਸੱਤ ਹਜ਼ਾਰ ਦੇ ਦਰਮਿਆਨ ਅਤੇ ਜ਼ਖ਼ਮੀਆਂ ਦੀ ਗਿਣਤੀ ਤੀਹ ਹਜ਼ਾਰ ਦੱਸਦੀਆਂ ਹਨ। ਇਨ੍ਹਾਂ ਰੋਸ ਮੁਜ਼ਾਹਰਿਆਂ ਤੋਂ ਬਾਅਦ ਸਰਕਾਰ ਦੇ ਸਭਨਾਂ ਆਲੋਚਕਾਂ ਅਤੇ ਵਿਰੋਧੀਆਂ ਖ਼ਿਲਾਫ਼ ਕੌਮੀ ਪੱਧਰ 'ਤੇ ਹਮਲਾ ਕੀਤਾ ਗਿਆ। ਚਾਲੀ ਹਜ਼ਾਰ ਵਿਅਕਤੀ ਗ੍ਰਿਫ਼ਤਾਰ ਕੀਤੇ ਗਏ, ਹਜ਼ਾਰਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ ਅਤੇ ਅਨੇਕਾਂ—ਸੰਭਵ ਹੈ ਸੈਂਕੜਿਆਂ—ਨੂੰ ਫਾਹੇ ਲਾ ਦਿੱਤਾ ਗਿਆ। ਲਾਤੀਨੀ ਅਮਰੀਕਾ ਵਾਂਗ ਹੀ, ਸਰਕਾਰ ਨੇ ਫੈਕਟਰੀ ਮਜ਼ਦੂਰਾਂ ਨੂੰ ਸਭ ਤੋਂ ਭੈੜੇ ਜਬਰ ਨਾਲ ਨਿਵਾਜਿਆ ਜੋ ਕੰਟਰੋਲ ਮੁਕਤ ਸਰਮਾਏਦਾਰੀ ਲਈ ਸਭ ਤੋਂ ਵੱਡਾ ਸਿੱਧਾ ਖ਼ਤਰਾ ਬਣਦੇ ਸਨ। ਮਾਰਿਸ ਮੇਜ਼ਨਰ ਲਿਖਦਾ ਹੈ, "ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਬਹੁਤੇ, ਅਤੇ ਜਿਨ੍ਹਾਂ ਨੂੰ ਫਾਹੇ ਲਾਇਆ ਗਿਆ, ਉਹ ਸਾਰੇ ਮਜ਼ਦੂਰ ਸਨ। ਵਸੋਂ ਨੂੰ ਦਹਿਸ਼ਤਜ਼ਦਾ ਕਰਨ ਦੇ ਪ੍ਰਤੱਖ ਉਦੇਸ਼ ਤਹਿਤ, ਗ੍ਰਿਫ਼ਤਾਰ ਵਿਅਕਤੀਆਂ ਨੂੰ ਗਿਣਮਿੱਥ ਕੇ ਕੁੱਟਣਾ ਅਤੇ ਤਸੀਹੇ ਦੇਣਾ ਆਮ ਚਰਚਿਤ ਨੀਤੀ ਬਣ ਗਿਆ ਸੀ।"[48]

ਪੱਛਮੀ ਪ੍ਰੈੱਸ ਅੰਦਰ ਇਸ ਕਤਲੇਆਮ ਨੂੰ ਮੁੱਖ ਤੌਰ 'ਤੇ ਕਮਿਊਨਿਸਟ ਦਰਿੰਦਗੀ ਦੀ ਇਕ ਹੋਰ ਮਿਸਾਲ ਦੱਸਿਆ ਗਿਆ। ਦਲੀਲ ਇੰਞ ਸੀ ਕਿ ਜਿਵੇਂ ਮਾਓ ਨੇ ਸੱਭਿਆਚਾਰਕ ਇਨਕਲਾਬ

ਦੌਰਾਨ ਆਪਣੇ ਵਿਰੋਧੀਆਂ ਦਾ ਸਫ਼ਾਇਆ ਕੀਤਾ ਸੀ, ਉਵੇਂ ਹੀ ਹੁਣ "ਬੀਜਿੰਗ ਦੇ ਜਲਾਦ" ਡੇਂਗ ਨੇ ਐਨ ਮਾਓ ਦੇ ਦਿਓ-ਕੱਦ ਬੁੱਤ ਦੀਆਂ ਅੱਖਾਂ ਮੂਹਰੇ ਆਪਣੇ ਆਲੋਚਕਾਂ ਨੂੰ ਕੁਚਲਿਆ ਹੈ। *ਵਾਲ ਸਟਰੀਟ ਜਰਨਲ* ਦੀ ਸੁਰਖ਼ੀ ਸੀ "ਚੀਨ ਦੀਆਂ ਜ਼ਾਲਮ ਕਾਰਵਾਈਆਂ ਨਾਲ ਦਸ ਸਾਲਾਂ ਦੀ ਸੁਧਾਰ ਮੁਹਿੰਮ ਨੂੰ ਪਛਾੜ ਦਾ ਖ਼ਤਰਾ"—ਇਸ ਤੋਂ ਇਹ ਪ੍ਰਭਾਵ ਪੈਂਦਾ ਸੀ ਜਿਵੇਂ ਡੇਂਗ ਇਨ੍ਹਾਂ ਆਰਥਕ ਸੁਧਾਰਾਂ ਦਾ ਦੁਸ਼ਮਣ ਹੁੰਦਾ ਹੈ ਨਾ ਕਿ ਇਨ੍ਹਾਂ ਦਾ ਸਭ ਤੋਂ ਵਚਨਬਧ ਰਖਵਾਲਾ ਜੋ ਸੁਧਾਰਾਂ ਨੂੰ ਦਲੇਰੀ ਨਾਲ ਨਵੇਂ ਖੇਤਰਾਂ ਤੱਕ ਵਧਾਉਣ ਦਾ ਦ੍ਰਿੜ ਇਰਾਦਾ ਰੱਖਦਾ ਸੀ।[49]

ਖ਼ੂਨੀ ਹਮਲੇ ਤੋਂ ਪੰਜ ਦਿਨ ਬਾਅਦ, ਡੇਂਗ ਨੇ ਕੌਮ ਨੂੰ ਸੰਬੋਧਨ ਕੀਤਾ ਅਤੇ ਇਹ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਉਹ ਆਪਣੇ ਹਮਲੇ ਰਾਹੀਂ ਕਮਿਊਨਿਜ਼ਮ ਦੀ ਨਹੀਂ ਅਸਲ ਵਿਚ ਸਰਮਾਏਦਾਰੀ ਦੀ ਰਾਖੀ ਕਰ ਰਿਹਾ ਸੀ। ਮੁਜ਼ਾਹਰਾਕਾਰੀਆਂ ਨੂੰ "ਸਮਾਜ ਦਾ ਮਹਾਂ ਗੰਦ" ਕਹਿ ਕੇ ਨਿੰਦਣ ਤੋਂ ਬਾਅਦ, ਚੀਨ ਦੇ ਰਾਸ਼ਟਰਪਤੀ ਨੇ ਆਰਥਕ ਸਦਮਾ ਇਲਾਜ ਪ੍ਰਤੀ ਪਾਰਟੀ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ। ਡੇਂਗ ਨੇ ਕਿਹਾ, "ਸੰਖੇਪ 'ਚ, ਇਹ ਇਮਤਿਹਾਨ ਸੀ, ਅਤੇ ਇਹ ਅਸੀਂ ਪਾਸ ਕਰ ਲਿਆ। ਸ਼ਾਇਦ ਇਹ ਮਾੜੀ ਚੀਜ਼ ਸਾਨੂੰ ਸੁਧਾਰ ਅਤੇ ਖੁੱਲ੍ਹੇ ਦਰਵਾਜ਼ਿਆਂ ਵਾਲੀ ਨੀਤੀ ਨੂੰ ਵੱਧ ਦ੍ਰਿੜਤਾ ਨਾਲ, ਬਿਹਤਰ ਅਤੇ ਵੱਧ ਤੇਜ਼ ਰਫ਼ਤਾਰ ਨਾਲ ਅੱਗੇ ਲਿਜਾਣ ਦੇ ਯੋਗ ਬਣਾਏਗੀ—ਅਸੀਂ ਗ਼ਲਤ ਨਹੀਂ ਕੀਤਾ। [ਆਰਥਕ ਸੁਧਾਰਾਂ] ਦੇ ਚਾਰ ਮੂਲ ਸਿਧਾਂਤਾਂ 'ਚ ਕੁਝ ਵੀ ਗ਼ਲਤ ਨਹੀਂ ਹੈ। ਜੇ ਇਨ੍ਹਾਂ 'ਚ ਕੋਈ ਦੋਸ਼ਪੂਰਨ ਚੀਜ਼ ਹੈ ਤਾਂ ਉਹ ਇਹ ਹੈ ਕਿ ਇਨ੍ਹਾਂ ਸਿਧਾਂਤਾਂ ਨੂੰ ਭਰਵੇਂ ਰੂਪ 'ਚ ਲਾਗੂ ਨਹੀਂ ਕੀਤਾ ਗਿਆ।"•[50]

ਇਕ ਚੀਨੀ ਅਧਿਐਨਕਰਤਾ ਅਤੇ ਪੱਤਰਕਾਰ ਔਰਵਿਲ ਸਕੈਲ ਨੇ ਡੇਂਗ ਸਿਆਓ ਪਿੰਗ ਵਲੋਂ ਅਪਣਾਏ ਢੰਗ ਦਾ ਨਿਚੋੜ ਇਸ ਤਰ੍ਹਾਂ ਕੱਢਿਆ : "1989 ਦੇ ਕਤਲੇਆਮ ਤੋਂ ਬਾਅਦ ਉਸ ਦਾ ਅਸਲ ਕਹਿਣਾ ਇਹ ਸੀ ਕਿ ਅਸੀਂ ਆਰਥਕ ਸੁਧਾਰ ਨਹੀਂ ਰੋਕਾਂਗੇ; ਅਸੀਂ ਸਿਆਸੀ ਸੁਧਾਰ ਜ਼ਰੂਰ ਬੰਦ ਕਰ ਦਿਆਂਗੇ।"[51]

ਡੇਂਗ ਅਤੇ ਬਾਕੀ ਪੋਲਿਟ ਬਿਊਰੋ ਲਈ ਹੁਣ ਖੁੱਲ੍ਹੀ ਮੰਡੀ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਸਨ। ਜਿਵੇਂ ਪਿਨੋਚੇ ਦੀ ਦਹਿਸ਼ਤ ਨੇ ਤਬਦੀਲੀ ਦੇ ਘੜਮੱਸ ਲਈ ਸੜਕਾਂ ਪੱਧਰੀਆਂ ਕਰ ਦਿੱਤੀਆਂ ਸਨ, ਇਵੇਂ ਹੀ ਤਿਆਨਮਿਨ ਨੇ ਬਗ਼ਾਵਤ ਦੇ ਭੈਅ ਤੋਂ ਮੁਕਤ ਤਿੱਖੀ ਕਾਇਆਕਲਪ ਦਾ ਰਾਹ ਪੱਧਰਾ ਕਰ ਦਿੱਤਾ ਸੀ। ਜੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਜ਼ਿੰਦਗੀ ਹੋਰ ਦੁੱਭਰ ਹੋਈ, ਜਾਂ ਤਾਂ ਉਨ੍ਹਾਂ ਨੂੰ ਇਹ ਚੁੱਪ-ਚੁਪੀਤੇ ਕਬੂਲ ਕਰਨੀ ਹੋਵੇਗੀ ਜਾਂ ਫ਼ੌਜ ਅਤੇ ਖ਼ੁਫ਼ੀਆ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੋਣਾ ਪਵੇਗਾ। ਅਤੇ ਇੰਞ, ਜਨਤਾ ਤਾਜ਼ਾ ਦਹਿਸ਼ਤ ਦੀ ਹਾਲਤ 'ਚ ਹੋਣ ਕਰਕੇ, ਡੇਂਗ ਨੇ ਆਪਣੇ ਹੁਣ ਤੱਕ ਦੇ ਸਭ ਤੋਂ ਹੂੰਝਾ ਫੇਰੂ ਸੁਧਾਰਾਂ ਦਾ ਰੋਲਰ ਚਾੜ੍ਹ ਦਿੱਤਾ।

ਤਿਆਨਮਿਨ ਕਾਂਡ ਤੋਂ ਪਹਿਲਾਂ, ਡੇਂਗ ਕੁਝ ਵਧੇਰੇ ਤਕਲੀਫ਼ਦੇਹ ਕਦਮਾਂ ਦਾ ਬੋਝ ਘਟਾਉਣ ਲਈ ਮਜਬੂਰ ਹੋ ਗਿਆ ਸੀ; ਤਿੰਨ ਮਹੀਨੇ ਬਾਅਦ ਉਸ ਨੇ ਇਹ ਮੁੜ ਵਿੱਢ ਲਏ। ਉਸ ਨੇ ਕੀਮਤਾਂ ਨੂੰ ਕੰਟਰੋਲ ਮੁਕਤ ਕਰਨ ਸਮੇਤ ਫਰਾਇਡਮੈਨ ਦੀਆਂ ਹੋਰ ਕਈ ਸਿਫ਼ਾਰਸ਼ਾਂ ਲਾਗੂ ਕਰ

• ਕੁਝ ਉੱਘੇ ਲੋਕਾਂ ਨੇ ਡੇਂਗ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ। ਹੈਨਰੀ ਕਸਿੰਜਰ ਨੇ ਅਖ਼ਬਾਰਾਂ ਦੇ ਖੁੱਲ੍ਹੇ ਸਫ਼ੇ ਲਈ ਲਿਖੇ ਇਕ ਲੇਖ 'ਚ ਦਲੀਲ ਦਿੱਤੀ ਕਿ ਪਾਰਟੀ ਕੋਲ ਹੋਰ ਕੋਈ ਚਾਰਾ ਨਹੀਂ ਸੀ। "ਦੁਨੀਆਂ ਦੀ ਕਿਸੇ ਵੀ ਹਕੂਮਤ ਨੇ ਇਹ ਬਰਦਾਸ਼ਤ ਨਹੀਂ ਸੀ ਕਰਨਾ ਕਿ ਉਨ੍ਹਾਂ ਦੀ ਰਾਜਧਾਨੀ ਦਾ ਮੁੱਖ ਚੌਂਕ ਅੱਠ ਹਫ਼ਤੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਦੇ ਕਬਜ਼ੇ 'ਚ ਰਹੇ....ਇਸ ਕਰਕੇ ਹਮਲਾ ਅਟੱਲ ਸੀ।"

ਦਿੱਤੀਆਂ। "ਮੰਡੀ ਨਾਲ ਸਬੰਧਤ ਜਿਹੜੇ ਸੁਧਾਰ 1980ਵਿਆਂ ਦੇ ਅਖ਼ੀਰ 'ਚ ਲਾਗੂ ਨਹੀਂ ਕੀਤੇ ਜਾ ਸਕੇ ਸਨ ਉਹ 1989 ਤੋਂ ਬਾਅਦ ਦੇ ਮਾਹੌਲ 'ਚ ਕਿਉਂ ਨੇਪਰੇ ਚੜ੍ਹ ਗਏ", ਵਾਂਗ ਹੂਈ ਮੁਤਾਬਿਕ ਇਸ ਦੀ ਵਜ੍ਹਾ ਪ੍ਰਤੱਖ ਹੈ। ਉਹ ਲਿਖਦਾ ਹੈ, ਇਸ ਦਾ "ਕਾਰਨ ਹੈ ਕਿ 1989 ਦੀ ਹਿੰਸਾ ਨੇ ਇਸ ਅਮਲ ਦੀ ਪੈਦਾ ਕੀਤੀ ਸਮਾਜਿਕ ਉੱਥਲ-ਪੁੱਥਲ ਨੂੰ ਰੋਕਣ ਦਾ ਕੰਮ ਕੀਤਾ; ਅਤੇ ਆਖ਼ਿਰ ਨਵੀਂ ਕੀਮਤ ਪ੍ਰਣਾਲੀ ਨੇ ਠੋਸ ਰੂਪ ਲੈ ਲਿਆ।"[52] ਦੂਜੇ ਸ਼ਬਦਾਂ 'ਚ, ਕਤਲੇਆਮ ਦੇ ਸਦਮੇ ਨੇ ਸਦਮਾ ਇਲਾਜ ਲਾਗੂ ਕਰਨਾ ਸੰਭਵ ਬਣਾ ਦਿੱਤਾ।

ਖ਼ੂਨ-ਖਰਾਬੇ ਤੋਂ ਬਾਅਦ ਅਗਲੇ ਤਿੰਨ ਸਾਲਾਂ 'ਚ, ਬਦੇਸ਼ੀ ਪੂੰਜੀ-ਨਿਵੇਸ਼ ਨੇ ਚੀਨ 'ਚ ਸੰਨ੍ਹ ਲਾ ਲਈ। ਪੂਰੇ ਦੇਸ਼ 'ਚ ਵਿਸ਼ੇਸ਼ ਬਰਾਮਦ ਖੇਤਰ ਬਣਾ ਦਿੱਤੇ ਗਏ। ਜਦੋਂ ਡੇਂਗ ਨੇ ਇਨ੍ਹਾਂ ਨਵੀਂਆਂ ਪਹਿਲਕਦਮੀਆਂ ਦਾ ਐਲਾਨ ਕੀਤਾ, ਉਸ ਨੇ ਦੇਸ਼ ਨੂੰ ਚੇਤੇ ਕਰਾਇਆ "ਜੇ ਲੋੜ ਪਈ ਤਾਂ ਭਵਿੱਖ 'ਚ ਜਦੋਂ ਵੀ ਕੋਈ ਗੜਬੜ ਸਾਹਮਣੇ ਆਈ ਤਾਂ ਤੁਰੰਤ ਇਸ ਨੂੰ ਨੱਪ ਦੇਣ ਲਈ ਹਰ ਸੰਭਵ ਤਰੀਕਾ ਅਪਣਾਇਆ ਜਾਵੇਗਾ। ਮਾਰਸ਼ਲ ਲਾਅ, ਜਾਂ ਹੋਰ ਵੀ ਵੱਧ ਕਰੜੇ ਕਦਮ ਚੁੱਕੇ ਜਾਣਗੇ।"•[53]

ਸੁਧਾਰਾਂ ਦੀ ਇਸ ਲਹਿਰ ਨੇ ਚੀਨ ਨੂੰ ਦੁਨੀਆਂ ਦਾ ਸਸਤਾ ਸਨਅਤੀ ਖੇਤਰ, ਦੁਨੀਆਂ ਦੀ ਹਰੇਕ ਬਹੁ-ਕੌਮੀ ਕੰਪਨੀ ਲਈ ਠੇਕੇ 'ਤੇ ਮਜ਼ਦੂਰੀ ਕਰਾਉਣ ਵਾਲੀਆਂ ਫੈਕਟਰੀਆਂ ਲਾਉਣ ਦੀ ਮਨਭਾਉਂਦੀ ਥਾਂ ਬਣਾ ਦਿੱਤਾ। ਕਿਸੇ ਦੇਸ਼ ਨੇ ਚੀਨ ਨਾਲੋਂ ਵੱਧ ਕਮਾਈ ਵਾਲੇ ਮਾਹੌਲ ਦੀ ਪੇਸ਼ਕਸ਼ ਨਹੀਂ ਕੀਤੀ : ਘੱਟ ਟੈਕਸ ਅਤੇ ਚੁੰਗੀ ਦਰਾਂ, ਭ੍ਰਿਸ਼ਟ ਅਧਿਕਾਰੀ ਅਤੇ ਸਭ ਤੋਂ ਵਧ ਕੇ ਨੀਵੀਂ ਉਜਰਤ ਵਾਲੀ ਬੇਸ਼ੁਮਾਰ ਮਿਹਨਤ ਸ਼ਕਤੀ ਜੋ ਸਿਰੇ ਦੇ ਹਿੰਸਕ ਹਮਲਿਆਂ ਦੇ ਡਰੋਂ ਚੰਗੀਆਂ ਤਨਖ਼ਾਹਾਂ ਜਾਂ ਕੰਮ ਵਾਲੀਆਂ ਥਾਵਾਂ ਉੱਤੇ ਮੁੱਢਲੇ ਸੁਰੱਖਿਆ ਇੰਤਜ਼ਾਮਾਂ ਦੀ ਮੰਗ ਕਰਨ ਦਾ ਜ਼ੋਖ਼ਮ ਉਠਾਉਣ ਵੱਲ ਕਈ ਸਾਲ ਮੂੰਹ ਨਹੀਂ ਕਰੇਗੀ।

ਬਦੇਸ਼ੀ ਨਿਵੇਸ਼ਕਾਰਾਂ ਅਤੇ ਪਾਰਟੀ ਲਈ, ਇਹ ਲਾਹੇਵੰਦਾ ਸਮਝੌਤਾ ਸੀ। 2006 ਦੇ ਇਕ ਅਧਿਐਨ ਅਨੁਸਾਰ, ਚੀਨ ਦੇ 90 ਫ਼ੀ ਸਦੀ ਅਰਬਪਤੀ (ਚੀਨੀ ਯੂਆਨ 'ਚ ਲਾਏ ਹਿਸਾਬ ਅਨੁਸਾਰ) ਕਮਿਊਨਿਸਟ ਪਾਰਟੀ ਦੇ ਅਧਿਕਾਰੀਆਂ ਦੇ ਬੱਚੇ ਹਨ। ਮੋਟੇ ਤੌਰ 'ਤੇ ਇਹ ਉਨੱਤੀ ਸੌ ਪਾਰਟੀ ਕੰਵਰ—ਜੋ "ਸ਼ਹਿਜ਼ਾਦਿਆਂ" ਵਜੋਂ ਮਸ਼ਹੂਰ ਹਨ—260 ਅਰਬ ਡਾਲਰ ਦੇ ਮਾਲਕ ਹਨ।[54] ਇਹ ਕਾਰਪੋਰੇਟਵਾਦੀ ਰਾਜ ਦਾ ਸ਼ੀਸ਼ਾ ਹੈ ਜਿਸ ਦਾ ਪਹਿਲਾ ਮੁਹਰੈਲ ਪਿਨੋਚੇ ਅਧੀਨ ਚਿੱਲੀ ਸੀ : ਕਾਰਪੋਰੇਟ ਅਤੇ ਸਿਆਸੀ ਪਤਵੰਤੇ ਵਰਗ ਵਿਚਕਾਰ ਐਸਾ ਘੁੰਮਵਾਂ ਦਰਵਾਜ਼ਾ ਜਿਨ੍ਹਾਂ ਦੀ ਤਾਕਤ ਇਕ ਸਿਆਸੀ ਤਾਕਤ ਵਜੋਂ ਮਜ਼ਦੂਰਾਂ ਦਾ ਸਫ਼ਾਇਆ ਕਰਨ ਲਈ ਇਕਜੁੱਟ ਹੋ ਜਾਂਦੀ ਹੈ। ਅੱਜ ਇਸ ਸਾਂਝ ਨੂੰ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਬਹੁ-ਕੌਮੀ ਪ੍ਰਚਾਰ ਸਾਧਨ ਅਤੇ ਤਕਨਾਲੋਜੀ ਕੰਪਨੀਆਂ ਚੀਨ ਦੇ ਨਾਗਰਿਕਾਂ ਦੀ ਜਸੂਸੀ ਕਰਨ 'ਚ ਰਾਜ ਦੀ ਮਦਦ ਕਰਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਜਦੋਂ ਵਿਦਿਆਰਥੀ "ਤਿਆਨਮਿਨ ਚੌਂਕ ਕਤਲ ਕਾਂਡ," ਜਾਂ "ਜਮਹੂਰੀਅਤ" ਵਰਗੇ ਵਾਕ-ਅੰਸ਼ਾਂ ਨੂੰ ਵੈੱਬ 'ਤੇ ਲੱਭਦੇ ਹਨ ਤਾਂ ਉੱਥੇ ਅਜਿਹੀ ਕੋਈ ਦਸਤਾਵੇਜ਼ੀ ਜਾਣਕਾਰੀ ਨਾ ਲੱਭੇ। ਵਾਂਗ ਹੂਈ ਲਿਖਦਾ ਹੈ,

---

• ਜਿਵੇਂ ਨਿਊ ਯਾਰਕ ਯੂਨੀਵਰਸਿਟੀ ਦਾ ਮਾਨਵ ਵਿਗਿਆਨੀ ਡੇਵਿਡ ਹਾਰਵੇ ਨੋਟ ਕਰਦਾ ਹੈ, ਤਿਆਨਮਿਨ ਤੋਂ ਬਾਅਦ ਜਦੋਂ ਡੇਂਗ ਚੀਨ ਦੇ ਪ੍ਰਸਿੱਧ "ਦੱਖਣੀ ਦੌਰੇ" ਉੱਤੇ ਗਿਆ, "ਕੇਂਦਰੀ ਸਰਕਾਰ ਦੀ ਪੂਰੀ ਤਾਕਤ ਬਦੇਸ਼ੀ ਵਪਾਰ ਅਤੇ ਬਦੇਸ਼ੀ ਸਿੱਧੇ ਪੂੰਜੀ-ਨਿਵੇਸ਼ ਲਈ ਦੇਸ਼ ਨੂੰ ਖੋਲ੍ਹ ਦੇਣ 'ਚ ਝੋਂਕ ਦਿੱਤੀ ਗਈ।"

“ਅੱਜ ਦੇ ਮੰਡੀ ਅਧਾਰਤ ਸਮਾਜ ਦਾ ਨਿਰਮਾਣ ਆਪਮੁਹਾਰੀਆਂ ਘਟਨਾਵਾਂ ਦੀ ਲੜੀ ਦਾ ਨਹੀਂ ਅਸਲ ਵਿਚ ਰਾਜਕੀ ਦਖ਼ਲਅੰਦਾਜ਼ੀ ਅਤੇ ਹਿੰਸਾ ਦਾ ਸਿੱਟਾ ਸੀ।”[55]

ਤਿਆਨਮਿਨ ਕਾਂਡ ਨਾਲ ਉੱਘੜ ਕੇ ਸਾਹਮਣੇ ਆਇਆ ਇਕ ਤੱਥ ਸੀ ਆਪਾਸ਼ਾਹ ਕਮਿਊਨਿਜ਼ਮ ਅਤੇ ਸ਼ਿਕਾਗੋ ਸਕੂਲ ਤਰਜ਼ ਦੀ ਸਰਮਾਏਦਾਰੀ ਦਰਮਿਆਨ ਉੱਘੜਵੀਂ ਸਮਾਨਤਾ ਯਾਨੀ ਵਿਰੋਧੀਆਂ ਨੂੰ ਲਾਪਤਾ ਕਰ ਦੇਣ, ਹਰ ਤਰ੍ਹਾਂ ਦੇ ਵਿਰੋਧ ਨੂੰ ਮਿਟਾ ਕੇ ਸਲੇਟ ਸਾਫ਼ ਕਰ ਦੇਣ ਅਤੇ ਨਵੇਂ ਸਿਰਿਉਂ ਸ਼ੁਰੂਆਤ ਕਰਨ ਦੀ ਸਾਂਝੀ ਇੱਛਾ।

ਫਰਾਇਡਮੈਨ ਨੇ ਜਦੋਂ ਚੀਨੀ ਅਧਿਕਾਰੀਆਂ ਨੂੰ ਖੁੱਲ੍ਹੀ ਮੰਡੀ ਦੀਆਂ ਤਕਲੀਫ਼ਦੇਹ ਅਤੇ ਜਨਤਾ ’ਚ ਗ਼ੈਰ-ਮਕਬੂਲ ਨੀਤੀਆਂ ਨੂੰ ਜਬਰੀ ਲਾਗੂ ਕਰਨ ਲਈ ਹੱਲਾਸ਼ੇਰੀ ਦਿੱਤੀ ਤਾਂ ਇਸ ਤੋਂ ਕੁਝ ਮਹੀਨੇ ਬਾਅਦ ਹੀ ਕਤਲੇਆਮ ਵਾਪਰ ਗਿਆ ਸੀ। ਇਸ ਤੱਥ ਦੇ ਬਾਵਜੂਦ ਕਦੇ ਵੀ, ਉਸ ਨੂੰ “ਐਸੀ ਭੈੜੀ ਸਰਕਾਰ ਨੂੰ ਸਲਾਹ ਦੇਣ ਕਾਰਨ ਰੋਸ ਮੁਜ਼ਾਹਰਿਆਂ ਦੇ ਹੜ੍ਹ ਦਾ ਸਾਹਮਣਾ ਨਹੀਂ ਕਰਨਾ ਪਿਆ।” ਆਮ ਹੀ, ਉਸ ਨੂੰ ਆਪਣੀ ਦਿੱਤੀ ਸਲਾਹ ਅਤੇ ਇਸ ਨੂੰ ਲਾਗੂ ਕਰਨ ਲਈ ਲੋੜੀਂਦੀ ਹਿੰਸਾ ਦਰਮਿਆਨ ਕੋਈ ਸਬੰਧ ਨਜ਼ਰ ਨਹੀਂ ਆਇਆ। ਫਰਾਇਡਮੈਨ ਨੇ ਚੀਨ ਵਲੋਂ ਜਬਰ ਕਰਨ ਦੀ ਭਾਵੇਂ ਨਿਖੇਧੀ ਕੀਤੀ ਪਰ ਉਹ ਇਸ ਨੂੰ “ਖੁਸ਼ਹਾਲੀ ਅਤੇ ਆਜ਼ਾਦੀ ਦੋਹਾਂ ਨੂੰ ਉਤਸ਼ਾਹਤ ਕਰਨ ’ਚ ਖੁੱਲ੍ਹੀ ਮੰਡੀ ਦੇ ਕਾਰਗਰ ਇੰਤਜ਼ਾਮ ਵਜੋਂ ਬੁਲੰਦ ਕਰਦਾ ਰਿਹਾ।”[56]

ਵਚਿੱਤਰ ਸੰਯੋਗ ਇਹ ਸੀ ਕਿ ਤਿਆਨਮਿਨ ਚੌਂਕ ਕਾਂਡ ਉਸੇ ਦਿਨ ਵਾਪਰਿਆ ਸੀ ਜਿਸ ਦਿਨ—4 ਜੂਨ 1989 ਨੂੰ—ਪੋਲੈਂਡ ਦੀਆਂ ਚੋਣਾਂ ਵਿਚ ਸਾਲੀਡੈਰਿਟੀ ਦੀ ਇਤਿਹਾਸਕ ਜਿੱਤ ਹੋਈ ਸੀ। ਇਕ ਲਿਹਾਜ਼ ਨਾਲ ਇਹ ਸਦਮਾ ਸਿਧਾਂਤ ਦੇ ਦੋ ਵੱਖੋ-ਵੱਖਰੇ ਅਧਿਐਨ ਹਨ। ਦੋਵਾਂ ਦੇਸ਼ਾਂ ਨੂੰ ਖੁੱਲ੍ਹੀ ਮੰਡੀ ਦੇ ਅਨੁਸਾਰੀ ਜਬਰੀ ਰੱਦੋਬਦਲ ਕਰਨ ਲਈ ਸਦਮੇ ਅਤੇ ਖੌਫ਼ ਦਾ ਲਾਹਾ ਲੈਣ ਦੀ ਲੋੜ ਸੀ। ਚੀਨ ਅੰਦਰ, ਜਿੱਥੇ ਰਾਜ ਨੇ ਦਹਿਸ਼ਤ, ਤਸੀਹਿਆਂ ਅਤੇ ਕਤਲਾਂ ਦੇ ਖੁੱਲ੍ਹ-ਮ-ਖੁੱਲ੍ਹੇ ਢੰਗ ਵਰਤੇ, ਮੰਡੀ ਦੇ ਭਵਿੱਖ-ਨਕਸ਼ੇ ਤੋਂ ਇਨ੍ਹਾਂ ਦਾ ਨਤੀਜਾ ਪੂਰੀ ਤਰ੍ਹਾਂ ਕਾਮਯਾਬ ਸੀ। ਪੋਲੈਂਡ ਵਿਚ, ਆਰਥਕ ਸੰਕਟ ਦੇ ਸਦਮੇ ਅਤੇ ਤੇਜ਼ ਰਫ਼ਤਾਰ ਰੱਦੋਬਦਲ ਦਾ ਢੰਗ ਵਰਤਿਆ ਗਿਆ—ਉੱਥੇ ਸ਼ਰੇਆਮ ਹਿੰਸਾ ਨਹੀਂ ਕੀਤੀ ਗਈ—ਸਦਮੇ ਦੇ ਅਸਰ ਉੜਕ ਫਿੱਕੇ ਪੈ ਗਏ ਅਤੇ ਇਸ ਦੇ ਸਿੱਟੇ ਵੱਧ ਬੇਯਕੀਨੇ ਸਨ।

ਪੋਲੈਂਡ ਵਿਚ, ਸਦਮਾ ਇਲਾਜ ਚੋਣਾਂ ਤੋਂ ਬਾਅਦ ਥੋਪਿਆ ਗਿਆ ਪਰ ਇਸ ਨੇ ਜਮਹੂਰੀ ਅਮਲ ਦਾ ਜਲੂਸ ਕੱਢ ਦਿੱਤਾ ਕਿਉਂਕਿ ਇਹ ਸਾਲੀਡੈਰਿਟੀ ਨੂੰ ਵੋਟ ਪਾਉਣ ਵਾਲੇ ਵੋਟਰਾਂ ਦੀ ਭਾਰੀ ਬਹੁ-ਗਿਣਤੀ ਦੀਆਂ ਰੀਝਾਂ ਦੇ ਸਿੱਧਾ ਵਿਰੋਧ ’ਚ ਸੀ। 1992 ਤੱਕ ਵੀ, 60 ਫ਼ੀ ਸਦੀ ਪੋਲਿਸ਼ ਲੋਕ ਭਾਰੀ ਸਨਅਤ ਦੇ ਨਿੱਜੀਕਰਨ ਦੇ ਖ਼ਿਲਾਫ਼ ਸਨ। ਸੈਚਸ ਨੇ ਆਪਣੀ ਭੂਮਿਕਾ ਦੀ ਤੁਲਨਾ ਹਸਪਤਾਲ ਦੀ ਐਮਰਜੈਂਸੀ ਅੰਦਰ ਸਰਜਨ ਦੀ ਭੂਮਿਕਾ ਨਾਲ ਕੀਤੀ। ਉਸ ਨੇ ਆਪਣੀਆਂ ਬਦਨਾਮ ਕਾਰਵਾਈਆਂ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਉਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਉਸ ਦਾ ਕਹਿਣਾ ਸੀ, “ਜਦੋਂ ਕਿਸੇ ਮਰੀਜ਼ ਨੂੰ ਐਮਰਜੈਂਸੀ ’ਚ ਲਿਆਂਦਾ ਜਾਂਦਾ ਹੈ ਅਤੇ ਉੱਥੇ ਉਸ ਦੇ ਦਿਲ ਦੀ ਧੜਕਣ ਮੁੜ ਚੱਲ ਪੈਂਦੀ ਹੈ। ਤੁਸੀਂ ਖ਼ੂਨ ਵਹਾ ਕੇ ਉਸ ਦਾ ਨਾਸ ਮਾਰ ਦਿੰਦੇ ਹੋ ਪਰ ਤੁਹਾਡੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੁੰਦਾ।”[57]

ਪਰ ਜਦੋਂ ਪੋਲੈਂਡ ਦੇ ਲੋਕ ਮੁਢਲੀ ਸਰਜਰੀ ਦੇ ਅਸਰਾਂ ’ਚੋਂ ਨਿਕਲਕੇ ਸਾਵੀਂ ਹਾਲਤ ’ਚ ਆ ਗਏ ਤਾਂ ਡਾਕਟਰ ਅਤੇ ਇਲਾਜ ਦੋਵਾਂ ਬਾਰੇ ਉਨ੍ਹਾਂ ਦੇ ਕਿੰਤੂ-ਪ੍ਰੰਤੂ ਸਨ। ਜਿਵੇਂ ਸੈਚਸ ਨੇ

ਪੇਸ਼ੀਨਗੋਈ ਕੀਤੀ ਸੀ ਸਦਮਾ ਇਲਾਜ ਕਾਰਨ ਕੋਈ ਵਕਤੀ ਘੜਮੱਸ ਤਾਂ ਨਹੀਂ ਮਚਿਆ। ਪਰ ਇਸ ਇਲਾਜ ਕਾਰਨ ਭਰਪੂਰ ਮੰਦਵਾੜਾ ਛਾ ਗਿਆ : ਸੁਧਾਰਾਂ ਦੇ ਪਹਿਲੇ ਗੇੜ ਤੋਂ ਮਗਰੋਂ ਦੋ ਸਾਲਾਂ 'ਚ ਸਨਅਤੀ ਪੈਦਾਵਾਰ 30 ਫ਼ੀ ਸਦੀ ਘਟ ਗਈ। ਸਰਕਾਰ ਵਲੋਂ ਕੀਤੀਆਂ ਕਟੌਤੀਆਂ ਅਤੇ ਸਸਤੀਆਂ ਦਰਾਮਦਾਂ ਦੀ ਭਰਮਾਰ ਕਾਰਨ ਬੇਰੁਜ਼ਗਾਰੀ ਸਿਖ਼ਰਾਂ ਛੂਹ ਗਈ, ਅਤੇ 1993 'ਚ ਕੁਝ ਖੇਤਰਾਂ 'ਚ ਤਾਂ ਇਹ 25 ਫ਼ੀ ਸਦੀ ਨੂੰ ਪਹੁੰਚ ਗਈ। ਇਹ ਐਸੇ ਦੇਸ਼ ਨੂੰ ਮਰੋੜਾ ਚਾੜ੍ਹ ਕੇ ਕੀਤੀ ਗਈ ਤਬਦੀਲੀ ਸੀ ਜਿੱਥੇ ਕਮਿਊਨਿਜ਼ਮ ਹੇਠ ਅਨੇਕਾਂ ਭੈੜਾਂ ਅਤੇ ਮੁਸ਼ਕਲਾਂ ਦੇ ਬਾਵਜੂਦ ਸ਼ਰੇਆਮ ਬੇਰੁਜ਼ਗਾਰੀ ਨਹੀਂ ਸੀ। ਜਦੋਂ ਆਰਥਿਕਤਾ 'ਚ ਮੁੜ ਵਾਧਾ ਹੋਣਾ ਸ਼ੁਰੂ ਹੋ ਗਿਆ ਓਦੋਂ ਵੀ ਘੋਰ ਬੇਰੁਜ਼ਗਾਰੀ ਬਣੀ ਰਹੀ। ਸੰਸਾਰ ਬੈਂਕ ਦੇ ਤਾਜ਼ਾ ਅੰਕੜਿਆਂ ਅਨੁਸਾਰ, ਪੋਲੈਂਡ 'ਚ ਬੇਰੁਜ਼ਗਾਰੀ ਦੀ ਦਰ 20 ਫ਼ੀ ਸਦੀ ਹੈ ਜੋ ਯੂਰਪੀ ਸੰਘ ਵਿਚ ਸਭ ਤੋਂ ਵੱਧ ਦਰ ਹੈ। ਚੌਵੀ ਸਾਲ ਤੋਂ ਘੱਟ ਉਮਰ ਵਾਲਿਆਂ ਦੀ ਹਾਲਤ ਹੋਰ ਵੀ ਮਾੜੀ ਹੈ : 2006 'ਚ 40 ਫ਼ੀ ਸਦੀ ਨੌਜਵਾਨ ਕਾਮੇ ਬੇਰੁਜ਼ਗਾਰ ਸਨ, ਇਹ ਯੂਰਪੀ ਸੰਘ ਨਾਲੋਂ ਦੁੱਗਣੀ ਔਸਤ ਸੀ। ਸਭ ਤੋਂ ਹੈਰਾਨੀਜਨਕ ਹੈ ਗਰੀਬ ਲੋਕਾਂ ਦੀ ਗਿਣਤੀ : 1989 'ਚ ਪੋਲੈਂਡ ਦੀ 15 ਫ਼ੀ ਸਦੀ ਵਸੋਂ ਗਰੀਬੀ ਰੇਖਾਂ ਤੋਂ ਹੇਠਾਂ ਸੀ; 2003 'ਚ 59 ਫ਼ੀ ਸਦੀ ਪੋਲ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਸਨ।[58] ਸਦਮਾ ਇਲਾਜ ਨਾਲ ਨੌਕਰੀ ਦੀ ਸੁਰੱਖਿਆ ਖ਼ਤਮ ਹੋ ਗਈ ਸੀ ਅਤੇ ਰੋਜ਼ਮਰਾ ਜ਼ਿੰਦਗੀ ਬਹੁਤ ਜ਼ਿਆਦਾ ਮਹਿੰਗੀ ਹੋ ਗਈ ਸੀ ਪਰ ਇਸ ਰਾਹੀਂ ਪੋਲੈਂਡ ਯੂਰਪ ਦਾ ਇਕ ਸਾਵੀਂ ਹਾਲਤ ਵਾਲਾ ਦੇਸ਼ ਨਾ ਬਣ ਸਕਿਆ (ਜਿਨ੍ਹਾਂ 'ਚ ਪ੍ਰਭਾਵਸ਼ਾਲੀ ਕਿਰਤ ਕਾਨੂੰਨ ਅਤੇ ਖੁੱਲ੍ਹੇ ਦਿਲ ਨਾਲ ਦਿੱਤੀਆਂ ਸਮਾਜਿਕ ਸਹੂਲਤਾਂ ਮੌਜੂਦ ਸਨ) ਸਗੋਂ ਇੱਥੇ ਉਸੇ ਤਰ੍ਹਾਂ ਦੀਆਂ ਅਸਮਾਨਤਾਵਾਂ ਮੂੰਹ ਅੱਡੀ ਖੜ੍ਹੀਆਂ ਸਨ ਜਿਹੜੀਆਂ ਚਿੱਲੀ ਤੋਂ ਲੈ ਕੇ ਚੀਨ ਤੱਕ ਹਰ ਥਾਂ ਉਲਟ ਇਨਕਲਾਬ ਦੇ ਨਾਲ ਹੀ ਆਈਆਂ ਹਨ।

ਇਹ ਜ਼ਾਹਰਾ ਤੱਥ ਸੀ ਕਿ ਪੋਲੈਂਡ ਦੇ ਮਿਹਨਤਕਸ਼ ਮਜ਼ਦੂਰਾਂ ਵਲੋਂ ਉਸਾਰੀ ਸਾਲੀਡੈਰਿਟੀ ਲਹਿਰ ਦੀ ਦੇਖਰੇਖ ਹੇਠ ਹੀ ਇਹ ਸਥਾਈ ਵਾਂਝਾ ਵਰਗ ਪੈਦਾ ਹੋਇਆ ਸੀ। ਗ਼ੱਦਾਰੀ ਦੀ ਇਸ ਤਲਖ਼ ਹਕੀਕਤ ਨਾਲ ਦੇਸ਼ ਅੰਦਰ ਡੂੰਘਾ ਸਨਕੀਪੁਣਾ ਅਤੇ ਰੋਹ ਪੈਦਾ ਹੋ ਗਿਆ ਜਿਸ ਤੋਂ ਕਦੇ ਵੀ ਪੂਰਨ ਛੁਟਕਾਰਾ ਨਹੀਂ ਪਾਇਆ ਜਾ ਸਕਿਆ। ਸਾਲੀਡੈਰਿਟੀ ਦੇ ਆਗੂ ਅਕਸਰ ਹੀ ਆਪਣੀਆਂ ਸਮਾਜਵਾਦੀ ਜੜ੍ਹਾਂ ਦੀ ਮਹੱਤਤਾ ਨੂੰ ਲੁਕੋਣ ਦੀ ਕੋਸ਼ਿਸ਼ ਕਰਦੇ ਹਨ। ਵਾਲੇਸਾ ਹੁਣ ਦਾਅਵਾ ਕਰ ਰਿਹਾ ਹੈ ਕਿ 1980 'ਚ ਹੀ ਉਸ ਨੇ ਜਾਣ ਲਿਆ ਸੀ ਕਿ ਉਨ੍ਹਾਂ ਨੂੰ "ਸਰਮਾਏਦਾਰੀ ਪ੍ਰਬੰਧ ਬਣਾਉਣਾ ਪਵੇਗਾ।" ਸਾਲੀਡੈਰਿਟੀ ਦਾ ਖਾੜਕੂ ਕਾਰਕੁਨ ਅਤੇ ਬੁੱਧੀਜੀਵੀ ਕੈਰੋਲ ਮੋਂਦਜ਼ੈਲੇਵਸਕੀ, ਜਿਸ ਨੇ ਸਾਢੇ ਅੱਠ ਸਾਲ ਕਮਿਊਨਿਸਟ ਜੇਲ੍ਹਾਂ 'ਚ ਕੱਟੇ, ਰੋਹ 'ਚ ਆ ਕੇ ਕਹਿ ਦਿੰਦਾ ਹੈ, "ਸਰਮਾਏਦਾਰੀ ਦੀ ਖ਼ਾਤਰ ਮੈਂ ਇਕ ਹਫ਼ਤਾ, ਇਕ ਮਹੀਨਾ ਵੀ ਜੇਲ੍ਹ ਨਾ ਕੱਟਦਾ, ਸਾਢੇ ਅੱਠ ਸਾਲਾਂ ਦੀ ਤਾਂ ਗੱਲ ਹੀ ਛੱਡੋ।"[59]

ਸਾਲੀਡੈਰਿਟੀ ਰਾਜ ਦੇ ਪਹਿਲੇ ਡੇਢ ਸਾਲ ਤੱਕ, ਜਦੋਂ ਮਜ਼ਦੂਰਾਂ ਨੂੰ ਇਹ ਯਕੀਨ ਦਿਵਾਇਆ ਜਾਂਦਾ ਸੀ ਕਿ ਇਹ ਕਸ਼ਟ ਸਿਰਫ਼ ਪੋਲੈਂਡ ਨੂੰ ਆਧੁਨਿਕ ਯੂਰਪ ਦੇ ਪੱਧਰ ਤੱਕ ਲਿਜਾਣ ਦੇ ਰਾਹ ਵਿਚਲਾ ਆਰਜ਼ੀ ਪੜਾਅ ਹੈ ਤਾਂ ਉਹ ਆਪਣੇ ਨਾਇਕਾਂ 'ਤੇ ਯਕੀਨ ਕਰਦੇ ਰਹੇ। ਵਧ ਰਹੀ ਬੇਕਾਰੀ ਸਮੇਂ ਵੀ ਉਨ੍ਹਾਂ ਨੇ ਸਿਰਫ਼ ਰਸਮੀ ਜਹੀਆਂ ਹੜਤਾਲਾਂ ਕੀਤੀਆਂ। ਇਸ ਵਕਤ ਵੀ ਉਹ ਸਦਮਾ ਵਿਧੀ ਦੇ ਇਲਾਜ ਦਾ ਅਸਰ ਸ਼ੁਰੂ ਹੋਣ ਦੀ ਇੰਤਜ਼ਾਰ ਸਬਰ ਨਾਲ ਕਰਦੇ ਰਹੇ। ਜਦੋਂ ਘੱਟੋ-ਘੱਟ ਨੌਕਰੀਆਂ ਦੇ ਪੱਖ ਤੋਂ ਵੀ ਹਾਲਤ ਆਮ ਨਾ ਹੋਈ ਫੇਰ ਵੀ ਸਾਲੀਡੈਰਿਟੀ ਦੇ ਮੈਂਬਰ ਸਹਿਜੇ ਹੀ ਟਪਲਾ ਖਾ ਗਏ : ਉਨ੍ਹਾਂ ਦੀ ਆਪਣੀ ਲਹਿਰ ਜੀਵਨ ਮਿਆਰ ਨੂੰ ਉਸ ਤੋਂ ਕਿਵੇਂ ਡਿਗ ਜਾਣ

ਦੇਵੇਗੀ ਜੋ ਮਿਆਰ ਕਮਿਊਨਿਜ਼ਮ ਸਮੇਂ ਸੀ ? ਇਕਤਾਲੀ ਸਾਲਾ ਉਸਾਰੀ ਮਜ਼ਦੂਰ ਦਾ ਕਹਿਣਾ ਸੀ, "ਜਦੋਂ ਮੈਂ 1980 ਵਿਚ ਯੂਨੀਅਨ ਦੀ ਕਮੇਟੀ ਬਣਾਈ ਸੀ ਤਾਂ ਸਾਲੀਡੈਰਿਟੀ ਨੇ ਮੇਰੀ ਪਿੱਠ ਥਾਪੜੀ ਸੀ ਪਰ ਜਦੋਂ ਇਸ ਵਾਰ ਮੈਂ ਮਦਦ ਲਈ ਗਿਆ ਤਾਂ ਉਨ੍ਹਾਂ ਨੇ ਮੈਨੂੰ ਕਹਿ ਦਿੱਤਾ ਕਿ ਸੁਧਾਰਾਂ ਦੀ ਖ਼ਾਤਰ ਮੈਨੂੰ ਇਹ ਸਹਿਣਾ ਹੀ ਪਵੇਗਾ।"[60]

ਜੋ ਮਜ਼ਦੂਰ ਸਾਲੀਡੈਰਿਟੀ ਦਾ ਅਧਾਰ ਸਨ ਉਨ੍ਹਾਂ ਲਈ ਪੋਲੈਂਡ ਦੀ 'ਅਸਾਧਾਰਨ ਸਿਆਸਤ" ਦਾ ਅਠਾਰਾਂ ਮਹੀਨੇ ਦਾ ਸਮਾਂ ਕਾਫ਼ੀ ਸੀ ਅਤੇ ਉਨ੍ਹਾਂ ਨੇ ਇਹ ਤਜਰਬਾ ਬੰਦ ਕਰਨ ਦੀ ਮੰਗ ਕੀਤੀ। ਹੜਤਾਲਾਂ ਦੀ ਗਿਣਤੀ ਵਧਣ ਨਾਲ ਸਿਰੇ ਦੀ ਬੇਚੈਨੀ ਉੱਭਰਕੇ ਸਾਹਮਣੇ ਆ ਗਈ : 1990 'ਚ ਜਦੋਂ ਮਜ਼ਦੂਰਾਂ ਨੇ ਸਾਲੀਡੈਰਿਟੀ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਓਦੋਂ ਸਿਰਫ਼ 250 ਹੜਤਾਲਾਂ ਹੋਈਆਂ; 1992 'ਚ 6000 ਤੋਂ ਉੱਪਰ ਅਜਿਹੇ ਰੋਸ ਮੁਜ਼ਾਹਰੇ ਹੋਏ।[61] ਹੇਠਾਂ ਐਨਾ ਦਬਾਅ ਪੈਣ ਨਾਲ ਸਰਕਾਰ ਆਪਣੀਆਂ ਵੱਧ ਉਤਸ਼ਾਹੀ ਯੋਜਨਾਵਾਂ ਦੀ ਰਫ਼ਤਾਰ ਘਟਾਉਣ ਲਈ ਮਜਬੂਰ ਹੋ ਗਈ। 1993 ਦੇ ਅਖ਼ੀਰ 'ਚ, ਜਿਸ ਸਾਲ 7500 ਦੇ ਕਰੀਬ ਹੜਤਾਲਾਂ ਹੋਈਆਂ, ਪੋਲੈਂਡ ਦੀ ਕੁਲ ਸਨਅਤ ਦਾ 62 ਫ਼ੀ ਸਦੀ ਹਾਲੇ ਵੀ ਜਨਤਕ ਖੇਤਰ ਦਾ ਸੀ।[62]

ਪੋਲਿਸ਼ ਮਜ਼ਦੂਰਾਂ ਵਲੋਂ ਆਪਣੇ ਦੇਸ਼ ਦੇ ਥੋਕ ਨਿੱਜੀਕਰਨ ਨੂੰ ਰੋਕ ਦੇਣ ਦਾ ਅਰਥ ਇਹ ਸੀ ਕਿ ਇਹ ਸੁਧਾਰ ਜਿੰਨੇ ਤਕਲੀਫ਼ਦੇਹ ਸਨ, ਇਨ੍ਹਾਂ ਦੇ ਅਸਰ ਉਸ ਤੋਂ ਕਿਤੇ ਵੱਧ ਭੈੜੇ ਹੋਣੇ ਸਨ। ਹੜਤਾਲਾਂ ਦੇ ਹੜ੍ਹ ਨੇ ਲੱਖਾਂ ਨੌਕਰੀਆਂ ਖ਼ਤਮ ਹੋਣ ਤੋਂ ਬਚਾਅ ਲਈਆਂ, ਇਹ ਐਸੀ ਸਚਾਈ ਹੈ ਜਿਸ ਬਾਰੇ ਕੋਈ ਰੱਟਾ ਨਹੀਂ ਹੈ। ਜੇ ਇਨ੍ਹਾਂ ਗ਼ੈਰ-ਕਾਰਜਕੁਸ਼ਲ ਦੱਸੀਆਂ ਜਾਂਦੀਆਂ ਕੰਪਨੀਆਂ ਨੂੰ ਬੰਦ ਕਰਨ ਜਾਂ ਤਿੱਖੇ ਰੂਪ 'ਚ ਸੁੰਗੇੜ ਦੇਣ ਜਾਂ ਵੇਚ ਦੇਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਤਾਂ ਤਸਵੀਰ ਹੀ ਹੋਰ ਹੋਣੀ ਸੀ। ਦਿਲਚਸਪ ਗੱਲ ਇਹ ਸੀ ਕਿ ਇਸੇ ਸਮੇਂ ਪੋਲੈਂਡ ਦੀ ਆਰਥਿਕਤਾ ਤੇਜ਼ੀ ਨਾਲ ਵਧਣੀ ਸ਼ੁਰੂ ਹੋਈ ਸੀ। ਉੱਘੇ ਪੋਲਿਸ਼ ਅਰਥਸ਼ਾਸਤਰੀ ਅਤੇ ਸਾਲੀਡੈਰਿਟੀ ਦੇ ਸਾਬਕਾ ਮੈਂਬਰ ਟੇਡੂਜ਼ ਕੋਵਾਲਿਕ ਅਨੁਸਾਰ ਜਿਹੜੇ ਲੋਕ ਰਾਜਕੀ ਅਦਾਰਿਆਂ ਨੂੰ ਗ਼ੈਰ-ਕਾਰਜਕੁਸ਼ਲ ਅਤੇ ਪੁਰਾਣੇ ਢੰਗ ਦੇ ਦਰਸਾ ਕੇ ਰੱਦ ਕਰ ਰਹੇ ਸਨ ਉਹ "ਸਪਸ਼ਟ ਤੌਰ 'ਤੇ ਗ਼ਲਤ" ਸਨ।

ਹੜਤਾਲ ਤੋਂ ਇਲਾਵਾ, ਪੋਲਿਸ਼ ਮਜ਼ਦੂਰਾਂ ਨੇ ਇਕ ਸਮੇਂ ਦੇ ਆਪਣੇ ਸਾਲੀਡੈਰਿਟੀ ਸੰਗੀਆਂ ਵਿਰੁੱਧ ਗੁੱਸਾ ਕੱਢਣ ਦਾ ਇਕ ਹੋਰ ਢੰਗ ਲੱਭ ਲਿਆ : ਉਨ੍ਹਾਂ ਨੇ ਇਕ ਸਮੇਂ ਆਪਣੇ ਮਹਿਬੂਬ ਆਗੂ ਰਹਿ ਚੁੱਕੇ ਲੈੱਚ ਵਾਲੇਸਾ ਸਮੇਤ ਪਾਰਟੀ ਨੂੰ ਫ਼ੈਸਲਾਕੁਨ ਸਜ਼ਾ ਦੇਣ ਲਈ ਉਸੇ ਜਮਹੂਰੀਅਤ ਨੂੰ ਵਰਤਿਆ ਜਿਸ ਦੀ ਖ਼ਾਤਰ ਉਨ੍ਹਾਂ ਨੇ ਲੜਾਈ ਲੜੀ ਸੀ। 19 ਸਤੰਬਰ 1993 ਨੂੰ ਸਾਲੀਡੈਰਿਟੀ ਦਾ ਮੱਕੂ ਓਦੋਂ ਨਾਟਕੀ ਢੰਗ ਨਾਲ ਠੱਪ ਦਿੱਤਾ ਗਿਆ ਜਦੋਂ ਸਾਬਕਾ ਸੱਤਾਧਾਰੀ ਕਮਿਊਨਿਸਟਾਂ (ਜਿਨ੍ਹਾਂ ਨੇ ਹੁਣ ਜਮਹੂਰੀ ਖੱਬਾ ਗੱਠਜੋੜ ਦਾ ਨਵਾਂ ਠੱਪਾ ਲਾ ਲਿਆ ਸੀ) ਸਮੇਤ ਖੱਬੀਆਂ ਪਾਰਟੀਆਂ ਦੇ ਗੱਠਜੋੜ ਨੇ ਸੰਸਦ ਦੀਆਂ 66 ਫ਼ੀ ਸਦੀ ਸੀਟਾਂ ਜਿੱਤ ਲਈਆਂ। ਇਸ ਵਕਤ ਸਾਲੀਡੈਰਿਟੀ ਆਪੋ ਵਿਚ ਲੜਨ ਵਾਲੇ ਧੜਿਆਂ 'ਚ ਵੰਡੀ ਜਾ ਚੁੱਕੀ ਸੀ। ਇਸ ਦੇ ਟਰੇਡ ਯੂਨੀਅਨ ਧੜੇ ਨੂੰ 5 ਫ਼ੀ ਸਦੀ ਤੋਂ ਵੀ ਘੱਟ ਸੀਟਾਂ ਮਿਲੀਆਂ ਇਸ ਕਰਕੇ ਸੰਸਦ 'ਚ ਇਸ ਦਾ ਅਧਿਕਾਰਤ ਪਾਰਟੀ ਦਾ ਰੁਤਬਾ ਖੁਸ ਗਿਆ। ਪ੍ਰਧਾਨ ਮੰਤਰੀ ਮੈਜ਼ੋਵੇਕੀ ਦੀ ਅਗਵਾਈ ਵਾਲੀ ਨਵੀਂ ਪਾਰਟੀ ਸਿਰਫ਼ 10.6 ਫ਼ੀ ਸਦੀ ਸੀਟਾਂ ਜਿੱਤ ਸਕੀ। ਇਹ ਸਦਮਾ ਇਲਾਜ ਵਿਰੁੱਧ ਜ਼ਬਰਦਸਤ ਫਤਵਾ ਸੀ।

ਫੇਰ ਵੀ, ਆਉਣ ਵਾਲੇ ਸਾਲਾਂ ਵਿਚ ਜਦੋਂ ਦਰਜਨਾਂ ਦੇਸ਼ ਆਪਣੇ ਅਰਥਚਾਰਿਆਂ 'ਚ ਸੁਧਾਰ ਲਿਆਉਣ ਦੇ ਸਵਾਲ ਨਾਲ ਖੌਝਲਣ ਲੱਗੇ ਤਾਂ ਹੜਤਾਲਾਂ, ਚੋਣਾਂ ਵਿਚ ਹਾਰਾਂ ਅਤੇ ਨੀਤੀ ਨੂੰ ਪੁੱਠਾ ਗੇੜਾ ਦੇਣ ਦੇ ਉਹ ਸਾਰੇ ਵੇਰਵੇ ਗਾਇਬ ਕਰ ਦਿੱਤੇ ਜਾਣ ਲੱਗੇ ਜੋ ਅੱਖ ਪੈਦਾ

ਕਰਦੇ ਸਨ। ਇਸ ਦੀ ਬਜਾਏ, ਪੋਲੈਂਡ ਨੂੰ ਇਕ ਨਮੂਨੇ ਵਜੋਂ ਬੁਲੰਦ ਕੀਤਾ ਜਾਣ ਲੱਗਾ। ਇਸ ਨੂੰ ਇਹ ਸਬੂਤ ਬਣਾ ਕੇ ਪੇਸ਼ ਕੀਤਾ ਜਾਣ ਲੱਗਾ ਕਿ ਖੁੱਲ੍ਹੀ ਮੰਡੀ ਮੁਖੀ ਤਬਦੀਲੀਆਂ ਜਮਹੂਰੀ ਅਤੇ ਸ਼ਾਂਤਮਈ ਤਰੀਕੇ ਨਾਲ ਸੰਭਵ ਹਨ।

ਤਬਦੀਲੀ 'ਚੋਂ ਗੁਜ਼ਰਨ ਵਾਲੇ ਦੇਸ਼ਾਂ ਦੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਵਾਂਗ ਇਹ ਵੀ ਇਕ ਮਿੱਥ ਹੀ ਸੀ। ਪਰ ਇਹ ਸਚਾਈ ਨਾਲੋਂ ਬਿਹਤਰ ਸੀ : ਪੋਲੈਂਡ ਅੰਦਰ "ਖੁੱਲ੍ਹੀ ਮੰਡੀ" ਖ਼ਿਲਾਫ਼ ਜਮਹੂਰੀਅਤ ਦੀ ਵਰਤੋਂ ਸੜਕਾਂ ਉੱਤੇ ਅਤੇ ਚੋਣਾਂ ਵਿਚ ਕੀਤੀ ਗਈ। ਜਦਕਿ ਚੀਨ ਵਿਚ ਰੋਕਾਂ ਤੋਂ ਮੁਕਤ ਸਰਮਾਏਦਾਰੀ ਦੇ ਰੋਲਰ ਨੇ ਜਮਹੂਰੀਅਤ ਨੂੰ ਤਿਆਨਮਿਨ ਚੌਂਕ ਵਿਚ ਕੁਚਲ ਦਿੱਤਾ। ਉੱਥੇ ਸਦਮੇ ਤੇ ਦਹਿਸ਼ਤ ਦੀ ਬਦੌਲਤ ਸਭ ਤੋਂ ਵੱਧ ਮੁਨਾਫ਼ੇ ਦੇਣ ਵਾਲੇ ਅਤੇ ਟਿਕਾਊ ਆਰਥਕ ਉਛਾਲੇ ਦੀਆਂ ਲਹਿਰਾਂ-ਬਹਿਰਾਂ ਹੋ ਗਈਆਂ ਜੋ ਪੂੰਜੀ-ਨਿਵੇਸ਼ ਦੀ ਕਾਂਗ ਲਈ ਇਤਿਹਾਸ ਦੀ ਚਮਤਕਾਰੀ ਹਾਲਤ ਸੀ। ਕਤਲੇਆਮ ਵਿਚੋਂ ਇਕ ਹੋਰ ਚਮਤਕਾਰ ਉੱਭਰ ਆਇਆ ਸੀ।

ਕਾਂਡ ਦਸਵਾਂ

ਜ਼ੰਜੀਰਾਂ 'ਚ ਜਕੜੀ ਜਮਹੂਰੀਅਤ ਦੀ ਪੈਦਾਇਸ਼

ਦੱਖਣੀ ਅਫ਼ਰੀਕਾ ਦੀ ਪਿਚਕੀ ਹੋਈ ਆਜ਼ਾਦੀ

ਸਮਝੌਤੇ ਦਾ ਅਰਥ ਹੈ ਕਿ ਇਤਿਹਾਸ ਹੇਠ ਦਬੀ ਹੋਈ ਧਿਰ ਨੂੰ ਇਹ ਲਾਜ਼ਮੀ ਸਮਝ ਲੈਣਾ ਚਾਹੀਦਾ ਹੈ ਕਿ ਜਬਰ ਅਤੇ ਜਮਹੂਰੀਅਤ ਦਰਮਿਆਨ ਸਿਫ਼ਤੀ ਫ਼ਰਕ ਹੈ। ਅਤੇ ਉਨ੍ਹਾਂ ਲਈ ਆਜ਼ਾਦੀ ਇਸ ਦੀ ਤਰਜ਼ਮਾਨੀ ਕਰਦੀ ਹੈ ਕਿ ਸਾਫ਼ ਪਾਣੀ ਦੀ ਸਪਲਾਈ ਦੇ ਪ੍ਰਬੰਧ ਦੀ ਬਿਜਲੀ ਚਲਦੀ ਰਹੇ, ਰਹਿਣ ਲਈ ਚੱਜ ਦੇ ਘਰ ਹੋਣ ਅਤੇ ਚੰਗੀ ਨੌਕਰੀ ਹੋਵੇ। ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜ ਸਕਣ ਅਤੇ ਸਿਹਤ ਸਹੂਲਤਾਂ ਉਨ੍ਹਾਂ ਦੀ ਪਹੁੰਚ 'ਚ ਹੋਣ। ਮੇਰਾ ਭਾਵ ਹੈ, ਜੇ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦਾ ਪੱਧਰ ਉੱਚਾ ਨਹੀਂ ਉੱਠਦਾ ਅਤੇ ਇਸ 'ਚ ਸੁਧਾਰ ਨਹੀਂ ਹੁੰਦਾ ਤਾਂ ਇਸ ਤਬਦੀਲੀ ਦਾ ਕੀ ਅਰਥ ਰਹਿ ਜਾਂਦਾ ਹੈ ? ਜੇ ਅਜਿਹਾ ਨਹੀਂ ਹੁੰਦਾ ਤਾਂ ਵੋਟ ਬੇਕਾਰ ਚੀਜ਼ ਹੈ।

—ਪ੍ਰਮੁੱਖ ਪਾਦਰੀ ਡੈਸਮੌਂਡ ਟੂਟੂ, ਦੱਖਣੀ ਅਫ਼ਰੀਕਾ ਬਾਰੇ ਤੱਥ ਖੋਜ ਕਮਿਸ਼ਨ ਦਾ ਚੇਅਰਮੈਨ, 2001[1]

ਸੱਤਾ ਦਾ ਤਬਾਦਲਾ ਕਰਨ ਤੋਂ ਪਹਿਲਾਂ, ਨੈਸ਼ਨਲਿਸਟ ਪਾਰਟੀ ਜਿਸ ਚੀਜ਼ ਨੂੰ ਖੱਸੀ ਬਣਾ ਦੇਣਾ ਚਾਹੁੰਦੀ ਹੈ, ਇਹ ਇਕ ਤਰ੍ਹਾਂ ਦਾ ਐਸਾ ਵੱਟਾ-ਸੱਟਾ ਕਰਨ ਦਾ ਯਤਨ ਹੈ ਜਿਸ ਰਾਹੀਂ ਇਹ ਆਪਣੇ ਤਰੀਕੇ ਨਾਲ ਦੇਸ਼ ਦਾ ਸੰਚਾਲਨ ਕਰਨਾ ਛੱਡ ਦੇਵੇਗੀ। ਇਸ ਦੇ ਬਦਲੇ ਇਹ ਕਾਲੇ ਲੋਕਾਂ ਉੱਪਰ ਵੀ ਰੋਕ ਲਾ ਦੇਵੇਗੀ। ਉਹ ਵੀ ਆਪਣੇ ਤਰੀਕੇ ਨਾਲ ਦੇਸ਼ ਦਾ ਸੰਚਾਲਨ ਨਹੀਂ ਕਰ ਸਕਣਗੇ।

—ਐਲਿਸਟਰ ਸਪਾਰਕਸ, ਦੱਖਣੀ ਅਫ਼ਰੀਕੀ ਪੱਤਰਕਾਰ[2]

ਜਨਵਰੀ 1990 'ਚ ਨੈਲਸਨ ਮੰਡੇਲਾ ਨੇ ਜੇਲ੍ਹ ਦੀ ਕਾਲ ਕੋਠੜੀ 'ਚ ਬੈਠ ਕੇ ਇਕ ਰੁੱਕਾ

ਲਿਖਿਆ ਜੋ ਜੇਲ੍ਹ ਤੋਂ ਬਾਹਰ ਉਸ ਦੇ ਹਮਾਇਤੀਆਂ ਦੇ ਨਾਂ ਸੀ। ਓਦੋਂ ਉਸ ਦੀ ਉਮਰ 71 ਵਰ੍ਹੇ ਸੀ। ਰੁੱਕੇ ਦਾ ਉਦੇਸ਼ ਉਸ ਬਹਿਸ ਦਾ ਨਿਤਾਰਾ ਕਰਨਾ ਸੀ ਕਿ ਕੀ ਸਤਾਈ ਸਾਲ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕੇ ਰਹਿਣ ਨਾਲ ਉਨ੍ਹਾਂ ਦੇ ਆਗੂ ਦੀ ਦੱਖਣੀ ਅਫ਼ਰੀਕਾ ਦੇ ਨਸਲੀ ਵਿਤਕਰੇ ਵਾਲੇ ਰਾਜ ਦੀ ਆਰਥਕ ਕਾਇਆਕਲਪ ਕਰਨ ਦੀ ਵਚਨਬੱਧਤਾ ਕਮਜ਼ੋਰ ਤਾਂ ਨਹੀਂ ਹੋ ਗਈ ਸੀ। ਉਸ ਨੇ ਬਹੁਤਾ ਸਮਾਂ ਕੇਪ ਟਾਊਨ ਦੇ ਸਮੁੰਦਰੀ ਕੰਢੇ ਤੋਂ ਦੂਰ ਰੌਬਿਨ ਟਾਪੂ ਦੀ ਜੇਲ੍ਹ 'ਚ ਗੁਜ਼ਾਰਿਆ ਸੀ। ਰੁੱਕਾ ਸਿਰਫ਼ ਦੋ ਵਾਕਾਂ ਦਾ ਸੀ ਅਤੇ ਇਸ ਨੇ ਮਾਮਲੇ ਦਾ ਨਬੇੜਾ ਕਰ ਦਿੱਤਾ ਸੀ : "ਖਾਣਾਂ, ਬੈਂਕਾਂ ਅਤੇ ਅਜਾਰੇਦਾਰੀ ਵਾਲੀਆਂ ਸਨਅਤਾਂ ਦਾ ਕੌਮੀਕਰਨ ਏ ਐੱਨ ਸੀ ਦੀ ਨੀਤੀ ਹੈ। ਅਤੇ ਇਸ ਸਬੰਧ 'ਚ ਸਾਡੇ ਵਿਚਾਰ ਬਦਲ ਜਾਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਅਸੀਂ ਕਾਲੇ ਲੋਕਾਂ ਨੂੰ ਆਰਥਕ ਹੱਕ ਦਿੱਤੇ ਜਾਣ ਦੀ ਪੂਰੀ ਹਮਾਇਤ ਕਰਦੇ ਹਾਂ ਤੇ ਇਸ ਨੂੰ ਉਤਸ਼ਾਹਤ ਕਰਦੇ ਹਨ, ਫੇਰ ਵੀ ਸਾਡੇ ਵਾਲੇ ਹਾਲਾਤ 'ਚ ਆਰਥਿਕਤਾ ਦੇ ਕੁਝ ਖੇਤਰਾਂ ਨੂੰ ਰਾਜ ਦੇ ਕੰਟਰੋਲ ਹੇਠ ਰੱਖਣਾ ਹੀ ਪਵੇਗਾ।"[3]

ਇਹ ਸਾਬਤ ਹੋ ਗਿਆ ਕਿ ਜਿਵੇਂ ਫੁਕੂਯਾਮਾ ਨੇ ਦਾਅਵਾ ਕੀਤਾ ਸੀ, ਇਤਿਹਾਸ ਦਾ ਹਾਲੇ ਅੰਤ ਨਹੀਂ ਹੋਇਆ ਸੀ। ਦੱਖਣੀ ਅਫ਼ਰੀਕਾ ਦੀ ਆਰਥਿਕਤਾ ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਵੱਡੀ ਆਰਥਿਕਤਾ ਸੀ। ਉੱਥੇ ਕੁਝ ਲੋਕਾਂ ਨੂੰ ਅਜੇ ਵੀ ਇਹ ਯਕੀਨ ਸੀ ਕਿ ਉਨ੍ਹਾਂ ਉੱਤੇ ਜਬਰ ਕਰਨ ਵਾਲਿਆਂ ਵਲੋਂ ਬਦਕਾਰ ਤਰੀਕਿਆਂ ਨਾਲ ਜੋ ਮੁਨਾਫ਼ੇ ਬਟੋਰੇ ਗਏ ਹਨ ਇਨ੍ਹਾਂ ਉੱਤੇ ਹੱਕ ਜਤਾਉਣ ਅਤੇ ਇਨ੍ਹਾਂ ਦੀ ਮੁੜ ਵੰਡ ਕਰਨ ਦਾ ਹੱਕ ਆਜ਼ਾਦੀ ਦਾ ਹਿੱਸਾ ਹੈ।

ਇਹ ਵਿਸ਼ਵਾਸ ਅਫ਼ਰੀਕਨ ਨੈਸ਼ਨਲ ਕਾਂਗਰਸ ਦੀ ਨੀਤੀ ਦੀ ਪੈਂਤੀ ਸਾਲਾਂ ਤੋਂ ਬੁਨਿਆਦ ਸੀ ਉਸ ਸਮੇਂ ਤੋਂ, ਜਦੋਂ ਤੋਂ ਇਸ ਦੇ ਪ੍ਰਮੁੱਖ ਅਸੂਲਾਂ ਦੇ ਨਿਚੋੜ *ਆਜ਼ਾਦੀ ਚਾਰਟਰ* ਵਿਚ ਇਨ੍ਹਾਂ ਨੂੰ ਬਿਆਨ ਕੀਤਾ ਗਿਆ ਸੀ। ਚਾਰਟਰ ਦਾ ਖਰੜਾ ਤਿਆਰ ਕਰਨ ਦੀ ਕਹਾਣੀ ਦੱਖਣੀ ਅਫ਼ਰੀਕਾ ਵਿਚ ਲੋਕਧਾਰਾ ਦਾ ਹਿੱਸਾ ਬਣੀ ਹੋਈ ਹੈ ਅਤੇ ਇਸ ਦੀ ਠੋਸ ਵਜ੍ਹਾ ਹੈ। ਇਹ ਅਮਲ 1955 'ਚ ਪਾਰਟੀ ਵਲੋਂ ਪੰਜਾਹ ਹਜ਼ਾਰ ਵਾਲੰਟੀਅਰ ਕਸਬਿਆਂ ਅਤੇ ਪਿੰਡਾਂ ਨੂੰ ਭੇਜੇ ਜਾਣ ਤੋਂ ਸ਼ੁਰੂ ਹੋਇਆ ਸੀ। ਵਲੰਟੀਅਰਾਂ ਦਾ ਕੰਮ ਲੋਕਾਂ ਤੋਂ "ਆਜ਼ਾਦੀ ਦੀਆਂ ਮੰਗਾਂ" ਇਕੱਠੀਆਂ ਕਰਨਾ ਸੀ—ਭਾਵ ਨਸਲੀ ਵਿਤਕਰੇ ਦੇ ਖ਼ਾਤਮੇ ਤੋਂ ਬਾਅਦ ਦੀ ਦੁਨੀਆਂ ਬਾਰੇ ਉਹ ਕਿਵੇਂ ਸੋਚਦੇ ਹਨ ਜਿਸ ਵਿਚ ਸਾਰੇ ਦੱਖਣੀ ਅਫ਼ਰੀਕੀਆਂ ਨੂੰ ਬਰਾਬਰ ਹੱਕ ਹੋਣ। ਲੋਕਾਂ ਵਲੋਂ ਕਾਗਜ਼ ਦੇ ਪੁਰਜ਼ਿਆਂ ਉੱਤੇ ਇਹ ਮੰਗਾਂ ਲਿਖ ਕੇ ਭੇਜੀਆਂ ਗਈਆਂ : "ਸਾਰੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਦਿੱਤੀ ਜਾਵੇ," "ਉਜਰਤਾਂ ਗੁਜ਼ਾਰੇ ਯੋਗ ਹੋਣ ਅਤੇ ਕੰਮ ਦੇ ਘੰਟੇ ਘਟਾਏ ਜਾਣ," "ਰੰਗ, ਨਸਲ ਜਾਂ ਕੌਮੀਅਤ ਤੋਂ ਉੱਪਰ ਉੱਠ ਕੇ ਆਜ਼ਾਦ ਅਤੇ ਲਾਜ਼ਮੀ ਸਿੱਖਿਆ ਦਿੱਤੀ ਜਾਵੇ।" "ਮਕਾਨ ਅਤੇ ਆਜ਼ਾਦੀ ਨਾਲ ਘੁੰਮਣ-ਫਿਰਨ ਦਾ ਅਧਿਕਾਰ ਹੋਵੇ" ਅਤੇ ਕਈ ਹੋਰ ਮੰਗਾਂ।[4] ਜਦੋਂ ਮੰਗਾਂ ਲਿਖਤੀ ਰੂਪ 'ਚ ਆ ਗਈਆਂ ਤਾਂ ਅਫ਼ਰੀਕਨ ਨੈਸ਼ਨਲ ਕਾਂਗਰਸ ਦੇ ਆਗੂਆਂ ਨੇ ਇਨ੍ਹਾਂ ਦਾ ਨਿਚੋੜ ਕੱਢਕੇ ਅੰਤਮ ਦਸਤਾਵੇਜ਼ ਤਿਆਰ ਕੀਤਾ। 26 ਜੂਨ 1955 ਨੂੰ ਕਲਿਪ ਟਾਊਨ ਵਿਖੇ ਕੀਤੇ ਗਏ ਜਨਤਕ ਸੰਮੇਲਨ 'ਚ ਇਸ ਨੂੰ ਬਾਕਾਇਦਾ ਰੂਪ 'ਚ ਪਾਸ ਕੀਤਾ ਗਿਆ, ਇਹ "ਮੱਧਵਰਤੀ" ਬਸਤੀ ਜੌਹਨਸਬਰਗ ਦੇ ਗੋਰੇ ਵਸਨੀਕਾਂ ਨੂੰ ਸੋਵੇਤੋ ਤੋਂ ਧੜਾਧੜ ਆ ਰਹੀ ਕਾਲੀ ਜਨਤਾ ਤੋਂ ਬਚਾਉਣ ਲਈ ਉਸਾਰੀ ਗਈ ਸੀ। ਦਸਤਾਵੇਜ਼ ਦੇ ਵਿਸ਼ਾ-ਵਸਤੂ ਬਾਰੇ ਵੋਟ ਦੇਣ ਲਈ ਕਾਲੇ ਇੰਡੀਅਨ, "ਕਾਲੇ ਰੰਗ ਦੇ" ਤੇ ਕੁਝ ਗੋਰੇ ਡੈਲੀਗੇਟ ਇਕ ਖੁੱਲ੍ਹੇ ਮੈਦਾਨ 'ਚ ਆ ਜੁੜੇ। ਕਲਿਪ ਟਾਊਨ ਦੇ ਇਤਿਹਾਸਕ ਇਕੱਠ ਦਾ ਵਰਨਣ ਨੈਲਸਨ ਮੰਡੇਲਾ ਨੇ ਇਸ ਤਰ੍ਹਾਂ ਕੀਤਾ ਸੀ : "ਚਾਰਟਰ ਦਾ ਹਰ

ਹਿੱਸਾ ਲੋਕਾਂ ਨੂੰ ਅੰਗਰੇਜ਼ੀ, ਸੇਸੋਥੋ ਅਤੇ ਕੋਸਾ ਬੋਲੀਆਂ ਵਿਚ ਉੱਚੀ ਆਵਾਜ਼ 'ਚ ਪੜ੍ਹਕੇ ਸੁਣਾਇਆ ਗਿਆ। ਹਰੇਕ ਹਿੱਸਾ ਪੜ੍ਹੇ ਜਾਣ 'ਤੇ ਹਜੂਮ 'ਅਫ਼ਰੀਕਾ!' ਅਤੇ 'MAYIBUYE' ਦੇ ਜੈਕਾਰਿਆਂ ਨਾਲ ਸਹਿਮਤੀ ਪ੍ਰਗਟਾਉਂਦਾ ਰਿਹਾ।"[5] ਆਜ਼ਾਦੀ ਚਾਰਟਰ ਦੀ ਨਸਲਪ੍ਰਸਤ ਰਾਜ ਤੋਂ ਆਕੀ ਪਹਿਲੀ ਮੰਗ ਇਸ ਤਰ੍ਹਾਂ ਹੈ, "ਰਾਜ ਲੋਕ ਕਰਨਗੇ!"

ਪੰਜਾਹਵਿਆਂ ਦੇ ਅੱਧ 'ਚ, ਇਹ ਸੁਪਨਾ ਪੂਰਾ ਹੋਣ ਲਈ ਹਾਲੇ ਦਹਾਕੇ ਲੱਗਣੇ ਸਨ। ਸੰਮੇਲਨ ਦੇ ਦੂਜੇ ਦਿਨ, ਪੁਲਿਸ ਨੇ ਇਹ ਇਲਜ਼ਾਮ ਲਾ ਕੇ ਇਕੱਠ ਨੂੰ ਤਿੱਤਰ-ਬਿੱਤਰ ਕਰ ਦਿੱਤਾ ਕਿ ਡੈਲੀਗੇਟ ਰਾਜ ਵਿਰੁੱਧ ਬਗਾਵਤ ਦੀ ਸਾਜ਼ਿਸ਼ ਕਰ ਰਹੇ ਹਨ।

ਤਿੰਨ ਦਹਾਕੇ ਦੱਖਣੀ ਅਫ਼ਰੀਕਾ ਦੀ ਗੋਰੇ ਅਫ਼ਰੀਕਣਾਂ ਅਤੇ ਅੰਗਰੇਜ਼ਾਂ ਦੀ ਸਰਕਾਰ ਨੇ ਏ ਐੱਨ ਸੀ ਅਤੇ ਹੋਰ ਸਿਆਸੀ ਪਾਰਟੀਆਂ 'ਤੇ ਪਾਬੰਦੀ ਲਾਈ ਰੱਖੀ ਜੋ ਨਸਲੀ ਵਿਤਕਰੇ ਦਾ ਖ਼ਾਤਮਾ ਕਰਨ ਲਈ ਲੜ ਰਹੀਆਂ ਸਨ। ਇੰਤਹਾ ਜਬਰ ਦੇ ਇਸ ਸਮੁੱਚੇ ਅਰਸੇ 'ਚ, ਆਜ਼ਾਦੀ ਦਾ ਚਾਰਟਰ ਇਨਕਲਾਬੀ ਰੂਪੋਸ਼ ਜਥੇਬੰਦੀ ਅੰਦਰ ਹੱਥੋ-ਹੱਥੀ ਵੰਡਿਆ ਜਾਂਦਾ ਰਿਹਾ। ਆਸ ਅਤੇ ਟਾਕਰੇ ਦੀ ਪ੍ਰੇਰਨਾ ਦੇਣ ਵਾਲੀ ਇਸ ਤਾਕਤ ਦਾ ਜਲੌਅ ਫਿੱਕਾ ਨਹੀਂ ਪਿਆ। 1980ਵਿਆਂ 'ਚ ਨੌਜਵਾਨ ਖਾੜਕੂਆਂ ਦੀ ਉਸ ਨਵੀਂ ਪੀੜ੍ਹੀ ਨੇ ਇਹ ਚਾਰਟਰ ਬੁਲੰਦ ਕੀਤਾ ਜੋ ਸ਼ਹਿਰੀ ਬਸਤੀਆਂ 'ਚ ਜਵਾਨ ਹੋਈ ਸੀ। ਸਬਰ ਅਤੇ ਸਲੀਕੇ ਨਾਲ ਚੱਲਣ ਤੋਂ ਅੱਕੇ-ਸਤੇ ਅਤੇ ਗੋਰਿਆਂ ਦੇ ਗ਼ਲਬੇ ਦਾ ਖ਼ਾਤਮਾ ਕਰਨ ਲਈ ਕੁਝ ਵੀ ਕਰ ਗੁਜ਼ਰਨ 'ਤੇ ਉਤਾਰੂ ਗਰਮ-ਖ਼ਿਆਲ ਨੌਜਵਾਨਾਂ ਦੀ ਨਿਡਰਤਾ ਦੇਖ ਕੇ ਮਾਪਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਨ੍ਹਾਂ ਨੂੰ ਇਸ ਦੇ ਅੰਜਾਮ ਬਾਰੇ ਕੋਈ ਭੁਲੇਖਾ ਨਹੀਂ ਸੀ। ਉਹ "ਗੋਲੀਆਂ ਤੇ ਅਥਰੂ ਗੈਸ ਸਾਨੂੰ ਰੋਕ ਨਹੀਂ ਸਕਦੇ" ਦੇ ਜੈਕਾਰੇ ਲਾਉਂਦੇ ਸੜਕਾਂ ਉੱਤੇ ਆ ਨਿੱਤਰੇ। ਇਕ ਤੋਂ ਬਾਅਦ ਇਕ ਕਤਲ ਕਾਂਡ ਰਚੇ ਗਏ, ਦੋਸਤ ਮਿੱਤਰ ਕਬਰਾਂ 'ਚ ਦਫ਼ਨਾਏ ਗਏ ਪਰ ਉਹ ਫਿਰ ਵੀ ਆਜ਼ਾਦੀ ਦੇ ਤਰਾਨੇ ਗਾਉਂਦੇ ਹੋਏ ਅੱਗੇ ਵਧਦੇ ਗਏ। ਜਦੋਂ ਖਾੜਕੂਆਂ ਨੂੰ ਪੁੱਛਿਆ ਜਾਂਦਾ ਕਿ ਉਹ ਕਿਸ ਦੇ ਖ਼ਿਲਾਫ਼ ਲੜ ਰਹੇ ਹਨ, ਤਾਂ ਉਨ੍ਹਾਂ ਦਾ ਜਵਾਬ ਹੁੰਦਾ "ਨਸਲੀ ਵਿਤਕਰਾ" ਜਾਂ "ਨਸਲਵਾਦ" : ਜਦੋਂ ਇਹ ਪੁੱਛਿਆ ਜਾਂਦਾ ਕਿ ਕਾਹਦੀ ਖ਼ਾਤਰ ਲੜ ਰਹੇ ਹੋ ਤਾਂ ਬਹੁਤਿਆਂ ਦਾ ਜਵਾਬ ਹੁੰਦਾ "ਆਜ਼ਾਦੀ ਖ਼ਾਤਰ" ਅਤੇ ਅਕਸਰ ਹੀ ਜਵਾਬ ਹੁੰਦਾ "ਆਜ਼ਾਦੀ ਚਾਰਟਰ ਦੀ ਖ਼ਾਤਰ।"

ਚਾਰਟਰ 'ਚ ਕੰਮ ਅਤੇ ਚੰਗੇ ਰੈਣ-ਬਸੇਰੇ ਦੇ ਅਧਿਕਾਰ ਅਤੇ ਵਿਚਾਰਾਂ ਦੀ ਆਜ਼ਾਦੀ ਦਰਜ ਕੀਤੀ ਗਈ ਸੀ। ਇਸ ਵਿਚ ਅਫ਼ਰੀਕਾ ਦੇ ਸਭ ਤੋਂ ਅਮੀਰ ਦੇਸ਼ ਦੀ ਦੌਲਤ ਵਿਚੋਂ ਹਿੱਸਾ ਦੇਣ ਦੀ ਸਭ ਤੋਂ ਤਿੱਖੀ ਮੰਗ ਵੀ ਸ਼ਾਮਲ ਸੀ। ਦੇਸ਼ ਜੋ ਹੋਰ ਖ਼ਜ਼ਾਨਿਆਂ ਦੇ ਨਾਲ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਸੋਨੇ ਦੀ ਖਾਣ ਹੈ। ਚਾਰਟਰ ਕਹਿੰਦਾ ਹੈ, "ਦੱਖਣੀ ਅਫ਼ਰੀਕਾ ਵਾਸੀਆਂ ਦੀ ਵਿਰਾਸਤ, ਸਾਡੇ ਦੇਸ਼ ਦੀ ਕੌਮੀ ਦੌਲਤ ਮੁੜ ਲੋਕਾਂ ਦੇ ਸਪੁਰਦ ਕੀਤੀ ਜਾਵੇਗੀ; ਧਰਤੀ ਹੇਠਲੀ ਖਣਿਜੀ ਦੌਲਤ, ਬੈਂਕਾਂ ਅਤੇ ਅਜਾਰੇਦਾਰ ਸਨਅਤਾਂ ਦੀ ਮਾਲਕੀ ਪੂਰੀ ਤਰ੍ਹਾਂ ਲੋਕਾਂ ਨੂੰ ਦਿੱਤੀ ਜਾਵੇਗੀ। ਲੋਕਾਂ ਦੀ ਬਿਹਤਰੀ ਲਈ ਕੁਲ ਸਨਅਤ ਅਤੇ ਵਪਾਰ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾਵੇਗਾ।"[6]

ਚਾਰਟਰ ਦਾ ਖਰੜਾ ਤਿਆਰ ਕਰਨ ਸਮੇਂ, ਮੁਕਤੀ ਲਹਿਰ ਦੇ ਕੁਝ ਹਿੱਸਿਆਂ ਦੀ ਰਾਇ ਸੀ ਕਿ ਇਹ ਮੱਧਮਾਰਗੀ ਸਮਝ ਹੈ : ਹੋਰਨਾਂ ਦੀ ਰਾਇ ਸੀ ਇਹ ਨਾਮੁਆਫ਼ੀਯੋਗ ਹੱਦ ਤੱਕ ਕਮਜ਼ੋਰ ਹੈ। ਸਰਬ ਅਫ਼ਰੀਕੀਵਾਦੀਆਂ ਨੇ ਏ ਐੱਨ ਸੀ ਦੀ ਭੰਡੀ ਕੀਤੀ ਕਿ ਇਸ ਨੇ ਗੋਰੇ ਬਸਤੀਵਾਦੀਆਂ ਨੂੰ ਐਨੀ ਜ਼ਿਆਦਾ ਛੋਟ ਕਿਉਂ ਦਿੱਤੀ (ਉਨ੍ਹਾਂ ਨੇ ਸਵਾਲ ਕੀਤਾ, "ਦੱਖਣੀ ਅਫ਼ਰੀਕਾ ਕਾਲੇ *ਅਤੇ*

ਗੋਰੇ ਹਰ ਕਿਸੇ ਦਾ ਕਿਉਂ ? ਉਨ੍ਹਾਂ ਦਾ ਕਹਿਣਾ ਸੀ, ਜਿਵੇਂ ਜਮੈਕਾ ਦੇ ਕਾਲੇ ਕੌਮਪ੍ਰਸਤ ਮਾਰਕਸ ਗਾਰਵੇ ਨੇ ਮੰਗ ਕੀਤੀ ਸੀ ਚਾਰਟਰ ਨੂੰ ਉਸੇ ਤਰ੍ਹਾਂ ਮੰਗ ਕਰਨੀ ਚਾਹੀਦੀ ਸੀ "ਅਫ਼ਰੀਕਾ ਅਫ਼ਰੀਕਣਾਂ ਦਾ ਹੈ।") ਪੱਕੇ ਮਾਰਕਸਵਾਦੀਆਂ ਨੇ ਇਨ੍ਹਾਂ ਮੰਗਾਂ ਨੂੰ "ਨੀਮ ਬੁਰਜੂਆ" ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਦੀ ਦਲੀਲ ਸੀ ਕਿ ਜ਼ਮੀਨ ਲੋਕਾਂ ਨੂੰ ਦੇਣਾ ਇਨਕਲਾਬੀ ਕਦਮ ਨਹੀਂ ਹੈ; ਲੈਨਿਨ ਨੇ ਤਾਂ ਕਿਹਾ ਸੀ ਕਿ ਨਿੱਜੀ ਜਾਇਦਾਦ ਲਾਜ਼ਮੀ ਖ਼ਤਮ ਕਰ ਦੇਣੀ ਚਾਹੀਦੀ ਹੈ।

ਮੁਕਤੀ ਘੋਲ 'ਚ ਸ਼ਾਮਲ ਸਾਰੇ ਧੜੇ ਇਸ ਨੁਕਤੇ 'ਤੇ ਸਹਿਮਤ ਸਨ ਕਿ ਨਸਲੀ ਵਿਤਕਰਾ ਨਾ ਸਿਰਫ਼ ਸਿਆਸੀ ਪ੍ਰਬੰਧ ਵਜੋਂ ਕੰਮ ਕਰਦਾ ਹੈ ਕਿ ਕਿਸ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਕਿਸ ਨੂੰ ਆਜ਼ਾਦੀ ਹੋਵੇ। ਇਹ ਆਰਥਕ ਪ੍ਰਬੰਧ ਵੀ ਹੈ ਜੋ ਬਹੁਤ ਜ਼ਿਆਦਾ ਮੁਨਾਫ਼ੇ ਦੇਣ ਵਾਲਾ ਪ੍ਰਬੰਧ ਥੋਪਣ ਲਈ ਵੀ ਨਸਲੀ ਵਿਤਕਰੇ ਦੀ ਵਰਤੋਂ ਕਰਦਾ ਸੀ। ਮੁੱਠੀ ਭਰ ਗੋਰਾ ਕੁਲੀਨ ਵਰਗ ਦੱਖਣੀ ਅਫ਼ਰੀਕਾ ਦੀਆਂ ਖਾਣਾਂ, ਖੇਤਾਂ ਅਤੇ ਫੈਕਟਰੀਆਂ ਤੋਂ ਬੇਥਾਹ ਮੁਨਾਫ਼ੇ ਬਟੋਰ ਰਿਹਾ ਸੀ ਕਿਉਂਕਿ ਭਾਰੀ ਬਹੁ-ਗਿਣਤੀ ਕਾਲੇ ਲੋਕਾਂ ਨੂੰ ਜ਼ਮੀਨ ਦੀ ਮਾਲਕੀ ਦਾ ਹੱਕ ਨਹੀਂ ਸੀ ਅਤੇ ਇਹ ਉਸ ਤੋਂ ਕਿਤੇ ਘੱਟ ਉਜਰਤਾਂ 'ਤੇ ਮਿਹਨਤ ਸ਼ਕਤੀ ਮੁਹੱਈਆ ਕਰਨ ਲਈ ਮਜਬੂਰ ਕੀਤੇ ਗਏ ਸਨ ਜਿੰਨੀ ਉਜਰਤ ਇਨ੍ਹਾਂ ਨੂੰ ਮਿਲਣੀ ਚਾਹੀਦੀ ਸੀ। ਜਦੋਂ ਕਾਲੇ ਲੋਕ ਵਿਦਰੋਹ ਕਰਨ ਦਾ ਜੇਰਾ ਕਰਦੇ ਤਾਂ ਉਨ੍ਹਾਂ ਨੂੰ ਮਾਰ-ਕੁੱਟ ਕੇ ਜੇਲ੍ਹਾਂ 'ਚ ਡੱਕ ਦਿੱਤਾ ਜਾਂਦਾ ਸੀ। ਖਾਣਾਂ ਵਿਚ ਗੋਰਿਆਂ ਨੂੰ ਕਾਲਿਆਂ ਨਾਲੋਂ ਦਸ ਗੁਣਾਂ ਤੋਂ ਵੀ ਵੱਧ ਉਜਰਤ ਮਿਲਦੀ ਸੀ ਅਤੇ ਲਾਤੀਨੀ ਅਮਰੀਕਾ ਵਾਂਗ ਇੱਥੇ ਵੀ ਫ਼ੌਜ ਦੀ ਮਿਲੀਭੁਗਤ ਨਾਲ ਵੱਡੇ ਸਨਅਤਕਾਰ ਗੜਬੜ ਕਰਨ ਵਾਲੇ ਮਜ਼ਦੂਰਾਂ ਨੂੰ ਮਾਰ ਕੇ ਖਪਾ ਦਿੰਦੇ।[7]

ਆਜ਼ਾਦੀ ਚਾਰਟਰ ਨੇ ਮੁਕਤੀ ਲਹਿਰ ਦੀ ਇਸ ਬੁਨਿਆਦੀ ਸਹਿਮਤੀ ਦਾ ਐਲਾਨ ਕੀਤਾ ਕਿ ਆਜ਼ਾਦੀ ਨਿਰੀ ਕਾਲੇ ਲੋਕਾਂ ਦੇ ਰਾਜ 'ਤੇ ਕਾਬਜ਼ ਹੋਣ ਨਾਲ ਨਹੀਂ ਆਵੇਗੀ ਸਗੋਂ ਓਦੋਂ ਆਵੇਗੀ ਜਦੋਂ ਦੇਸ਼ ਦੀ ਨਜਾਇਜ਼ ਹਥਿਆਈ ਦੌਲਤ ਕਬਜ਼ੇ 'ਚ ਲੈ ਕੇ ਪੂਰੇ ਸਮਾਜ 'ਚ ਦੁਬਾਰਾ ਵੰਡ ਦਿੱਤੀ ਜਾਵੇਗੀ। ਦੱਖਣੀ ਅਫ਼ਰੀਕਾ ਹੁਣ ਐਸਾ ਦੇਸ਼ ਨਹੀਂ ਰਹੇਗਾ ਜਿੱਥੇ ਗੋਰੇ ਲੋਕ ਤਾਂ ਕੈਲੀਫੋਰਨੀਆ ਪੱਧਰ ਦੀ ਜ਼ਿੰਦਗੀ ਜਿਊਣ ਅਤੇ ਕਾਲੇ ਲੋਕ ਕਾਂਗੋ ਵਾਲਾ ਨਰਕ ਭੋਗਣ। ਨਸਲੀ ਵਿਤਕਰੇ ਦੇ ਸਮਿਆਂ 'ਚ ਦੱਖਣੀ ਅਫ਼ਰੀਕਾ ਬਾਰੇ ਇੰਞ ਹੀ ਕਿਹਾ ਜਾਂਦਾ ਸੀ। ਆਜ਼ਾਦੀ ਦਾ ਅਰਥ ਸੀ ਕਿ ਕੋਈ ਵਿਚ-ਵਿਚਾਲੇ ਦਾ ਰਾਹ ਕੱਢਣਾ ਪਵੇਗਾ।

ਜੇਲ੍ਹ 'ਚੋਂ ਲਿਖੇ ਸੰਖੇਪ ਰੁੱਕੇ ਰਾਹੀਂ ਮੰਡੇਲਾ ਇਸੇ ਸਮਝ 'ਤੇ ਮੋਹਰ ਲਾ ਰਿਹਾ ਸੀ : ਉਸ ਦਾ ਹਾਲੇ ਵੀ ਇਸ ਮੁੱਢਲੀ ਸੋਚ 'ਚ ਭਰੋਸਾ ਸੀ ਕਿ ਸਾਧਨਾਂ ਦੀ ਮੁੜ ਵੰਡ ਤੋਂ ਬਗ਼ੈਰ ਕੋਈ ਆਜ਼ਾਦੀ ਨਹੀਂ ਆਉਣ ਲੱਗੀ। ਇਸ ਵਕਤ ਬਹੁਤ ਜ਼ਿਆਦਾ ਦੇਸ਼ "ਤਬਦੀਲੀ ਵਿਚੋਂ ਲੰਘ ਰਹੇ" ਸਨ ਇਸ ਕਾਰਨ ਇਸ ਬਿਆਨ ਦੀਆਂ ਅਰਥ-ਸੰਭਾਵਨਾਵਾਂ ਬੇਥਾਹ ਸਨ। ਜੇ ਮੰਡੇਲਾ ਦੀ ਅਗਵਾਈ ਹੇਠ ਏ ਐੱਨ ਸੀ ਨੇ ਸੱਤਾ 'ਤੇ ਕਾਬਜ਼ ਹੋ ਕੇ ਬੈਂਕਾਂ ਅਤੇ ਖਾਣਾਂ ਦਾ ਕੌਮੀਕਰਨ ਕਰ ਦਿੱਤਾ ਤਾਂ ਇਕ ਮਿਸਾਲ ਕਾਇਮ ਹੋ ਜਾਵੇਗੀ। ਫੇਰ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰੀਆਂ ਲਈ ਹੋਰ ਦੇਸ਼ਾਂ ਵਿਚ ਐਸੀਆਂ ਤਜਵੀਜ਼ਾਂ ਨੂੰ ਬੀਤੇ ਦੀ ਗੱਲ ਕਹਿ ਕੇ ਰੱਦ ਕਰਨਾ ਅਤੇ ਇਹ ਜ਼ੋਰ ਦੇਣਾ ਹੋਰ ਵੀ ਮੁਸ਼ਕਲ ਹੋ ਜਾਵੇਗਾ ਕਿ ਸਿਰਫ਼ ਹਰ ਤਰ੍ਹਾਂ ਦੇ ਕੰਟਰੋਲ ਤੋਂ ਮੁਕਤ ਖੁੱਲ੍ਹੀਆਂ ਮੰਡੀਆਂ ਅਤੇ ਮੁਕਤ ਵਪਾਰ ਹੀ ਡੂੰਘੀਆਂ ਨਾਬਰਾਬਰੀਆਂ ਦਾ ਉਪਾਅ ਕਰਨ ਦੇ ਸਮਰੱਥ ਹਨ।

ਇਹ ਰੁੱਕਾ ਲਿਖਣ ਤੋਂ ਦੋ ਹਫ਼ਤੇ ਬਾਅਦ 11 ਫਰਵਰੀ 1990 ਨੂੰ ਮੰਡੇਲਾ ਆਜ਼ਾਦ ਆਦਮੀ ਵਜੋਂ ਜੇਲ੍ਹ ਤੋਂ ਬਾਹਰ ਆਇਆ। ਉਹ ਦੁਨੀਆਂ ਦੇ ਹੋਰ ਦੇਸ਼ਾਂ ਦੇ ਸੰਤਾਂ ਵਰਗਾ ਸਾਕਾਰ

ਸੰਤ ਜਾਪਦਾ ਸੀ। ਉਸ ਦੀ ਰਿਹਾਈ ਦੇ ਜਸ਼ਨ ਮਨਾਉਣ ਲਈ ਦੱਖਣੀ ਅਫ਼ਰੀਕਾ ਦੇ ਲੋਕਾਂ ਦੇ ਹੜ੍ਹ ਉਮੜ ਆਏ। ਉਨ੍ਹਾਂ ਦੀ ਨਿਹਚਾ ਨੇ ਮੁੜ ਅੰਗੜਾਈ ਲਈ ਕਿ ਮੁਕਤੀ ਦੇ ਸੰਘਰਸ਼ ਨੂੰ ਕੋਈ ਵੀ ਤਾਕਤ ਰੋਕ ਨਹੀਂ ਸਕਦੀ। ਪੂਰਬੀ ਯੂਰਪ ਦੀ ਲਹਿਰ ਦੇ ਉਲਟ, ਦੱਖਣੀ ਅਫ਼ਰੀਕਾ ਪਿੱਛੇ ਨਹੀਂ ਸੀ ਹਟਿਆ ਸਗੋਂ ਲਹਿਰ ਅੱਗੇ ਵਧ ਰਹੀ ਸੀ। ਜਿੱਥੋਂ ਤੱਕ ਮੰਡੇਲਾ ਦਾ ਸਵਾਲ ਸੀ ਉਹ ਸੱਭਿਆਚਾਰਕ ਪੱਖੋਂ ਐਨਾ ਸਦਮੇ 'ਚ ਸੀ ਕਿ ਉਸ ਨੇ ਕੈਮਰਾ ਮਾਈਕਰੋਫ਼ੋਨ ਨੂੰ "ਕੋਈ ਐਸਾ ਨਵੇਂ ਰਿਵਾਜ ਦਾ ਹਥਿਆਰ ਸਮਝ ਲਿਆ ਜੋ ਮੇਰੇ ਜੇਲ੍ਹ 'ਚ ਹੋਣ ਸਮੇਂ ਵਿਕਸਤ ਹੋ ਗਿਆ ਹੋਵੇਗਾ।"[8]

ਸਤਾਈ ਸਾਲ ਪਹਿਲਾਂ ਉਹ ਜਿਸ ਦੁਨੀਆਂ 'ਚੋਂ ਜੇਲ੍ਹ ਗਿਆ ਸੀ ਅੱਜ ਦੀ ਦੁਨੀਆਂ ਉਸ ਤੋਂ ਬਿਲਕੁਲ ਵੱਖਰੀ ਸੀ। ਜਦੋਂ 1962 'ਚ ਮੰਡੇਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਫ਼ਰੀਕੀ ਮਹਾਂਦੀਪ 'ਚ ਤੀਜੀ ਦੁਨੀਆਂ ਦੀ ਕੌਮਪ੍ਰਸਤੀ ਪੂਰੇ ਜ਼ੋਰਾਂ 'ਤੇ ਸੀ; ਹੁਣ ਇਸ ਨੂੰ ਜੰਗ ਨੇ ਲੀਰੋ-ਲੀਰ ਕੀਤਾ ਹੋਇਆ ਸੀ। ਉਸ ਦੇ ਜੇਲ੍ਹ ਬੰਦ ਹੋਣ ਸਮੇਂ ਸਮਾਜਵਾਦੀ ਇਨਕਲਾਬਾਂ ਨੇ ਜ਼ੋਰ ਫੜ੍ਹਿਆ ਸੀ ਅਤੇ ਇਹ ਹੁਣ ਮੱਠੇ ਪੈ ਚੁੱਕੇ ਸਨ। ਚੇ ਗਵੇਰਾ 1967 'ਚ ਬੋਲੀਵੀਆ 'ਚ ਮਾਰਿਆ ਜਾ ਚੁੱਕਾ ਸੀ; ਸਲਵਾਡੋਰ ਅਲੈਂਡੇ ਨੂੰ 1973 ਦੇ ਰਾਜ ਪਲਟੇ ਸਮੇਂ ਕਤਲ ਕਰ ਦਿੱਤਾ ਗਿਆ ਸੀ; ਮੌਜ਼ਮਬੀਕ ਦਾ ਕੌਮੀ ਮੁਕਤੀ ਨਾਇਕ ਅਤੇ ਰਾਸ਼ਟਰਪਤੀ ਸਮੋਰਾ ਮਸ਼ੇਲ 1986 'ਚ ਇਕ ਰਹੱਸਮਈ ਹਵਾਈ ਹਾਦਸੇ 'ਚ ਫ਼ਨਾਹ ਹੋ ਗਿਆ ਸੀ। ਅੱਸੀਵਿਆਂ ਦੇ ਅਖ਼ੀਰ ਅਤੇ ਨੱਬੇਵਿਆਂ ਦੇ ਮੁੱਢ 'ਚ ਬਰਲਿਨ ਦੀ ਕੰਧ ਢਾਹ ਦਿੱਤੀ ਗਈ, ਤਿਆਨਮਿਨ ਚੌਂਕ ਵਾਪਰਿਆ ਅਤੇ ਕਮਿਊਨਿਜ਼ਮ ਢਹਿ-ਢੇਰੀ ਹੋਇਆ। ਇਸ ਰੱਦੋਬਦਲ ਦੌਰਾਨ ਸਮੇਂ ਦਾ ਹਾਣ ਦਾ ਹੋਣ ਲਈ ਉਸ ਕੋਲ ਵਕਤ ਨਹੀਂ ਸੀ; ਰਿਹਾਅ ਹੁੰਦੇ ਸਾਰ ਮੰਡੇਲਾ ਦੇ ਮੋਢਿਆਂ ਉੱਪਰ ਆਜ਼ਾਦੀ ਲਈ ਜੂਝ ਰਹੇ ਲੋਕਾਂ ਦੀ ਅਗਵਾਈ ਕਰਨ ਅਤੇ ਖ਼ਾਨਾਜੰਗੀ ਅਤੇ ਆਰਥਕ ਤਬਾਹੀ ਨੂੰ ਰੋਕਣ ਦੀ ਜ਼ਿੰਮੇਵਾਰੀ ਆਣ ਪਈ ਸੀ—ਇਹ ਦੋਵੇਂ ਸੰਭਾਵਨਾਵਾਂ ਸਪਸ਼ਟ ਦਿਖਾਈ ਦੇ ਰਹੀਆਂ ਸਨ।

ਜੇ ਕਮਿਊਨਿਜ਼ਮ ਅਤੇ ਸਰਮਾਏਦਾਰੀ ਦੇ ਵਿਚ ਵਿਚਾਲੇ ਕੋਈ ਤੀਜਾ ਰਾਹ ਮੌਜੂਦ ਸੀ—ਦੇਸ਼ ਦਾ ਜਮਹੂਰੀਕਰਨ ਅਤੇ ਨਾਲ ਹੀ ਦੌਲਤ ਦੀ ਮੁੜ ਵੰਡ ਕਰਨ ਦਾ ਰਾਹ—ਤਾਂ ਏ ਐੱਨ ਸੀ ਦੀ ਅਗਵਾਈ ਹੇਠ ਦੱਖਣੀ ਅਫ਼ਰੀਕਾ ਇਸ ਅਟੱਲ ਸੁਪਨੇ ਨੂੰ ਹਕੀਕਤ ਬਣਾਉਣ ਦੀ ਬੇਜੋੜ ਹਾਲਤ 'ਚ ਸੀ। ਮੰਡੇਲਾ ਦੇ ਹੱਕ 'ਚ ਸਿਰਫ਼ ਵਿਸ਼ਵ-ਵਿਆਪੀ ਤਾਰੀਫ਼ ਅਤੇ ਹਮਾਇਤ ਦੀ ਜ਼ੋਰਦਾਰ ਲਹਿਰ ਹੀ ਨਹੀਂ ਸੀ, ਲੰਘੇ ਸਾਲਾਂ 'ਚ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਵੀ ਖ਼ਾਸ ਤਰੀਕੇ ਨਾਲ ਚੱਲਿਆ ਸੀ। ਅੱਸੀਵਿਆਂ ਵਿਚ ਇਹ ਸਚਮੁਚ ਆਲਮੀ ਜਨਤਕ ਲਹਿਰ ਬਣ ਗਿਆ ਸੀ। ਦੱਖਣੀ ਅਫ਼ਰੀਕਾ ਤੋਂ ਬਾਹਰ ਕਾਰਕੁਨਾਂ ਨੇ ਕਾਰਪੋਰੇਟ ਬਾਈਕਾਟ ਦਾ ਹਥਿਆਰ ਬਹੁਤ ਹੀ ਪ੍ਰਭਾਵਸ਼ਾਲੀ ਰੂਪ 'ਚ ਇਸਤੇਮਾਲ ਕੀਤਾ ਸੀ—ਦੱਖਣੀ ਅਫ਼ਰੀਕਾ ਦੀਆਂ ਵਸਤਾਂ ਅਤੇ ਇਸ ਨਸਲਪ੍ਰਸਤ ਰਾਜ ਨਾਲ ਵਪਾਰ ਕਰਨ ਵਾਲੀਆਂ ਕੌਮਾਂਤਰੀ ਫਰਮਾਂ ਦੀਆਂ ਵਸਤਾਂ ਦਾ ਬਾਈਕਾਟ ਕੀਤਾ ਜਾ ਰਿਹਾ ਸੀ। ਇਸ ਯੁੱਧਨੀਤੀ ਦਾ ਮੰਤਵ ਕਾਰਪੋਰੇਟ ਸੈਕਟਰ ਉੱਤੇ ਲੋੜੀਂਦਾ ਦਬਾਅ ਪਾ ਕੇ ਇਸ ਨੂੰ ਮਜਬੂਰ ਕਰਨਾ ਸੀ ਕਿ ਇਹ ਦੱਖਣੀ ਅਫ਼ਰੀਕਾ ਦੀ ਕੱਟੜ ਸਰਕਾਰ ਨੂੰ ਨਸਲੀ ਵਿਤਕਰਾ ਖ਼ਤਮ ਕਰਨ ਲਈ ਮਨਾਏ। ਅਸਲ ਵਿਚ, ਇਸ ਮੁਹਿੰਮ ਦਾ ਨੈਤਿਕ ਪਹਿਲੂ ਵੀ ਸੀ : ਬਹੁਤ ਸਾਰੇ ਖਪਤਕਾਰਾਂ ਦਾ ਇਹ ਦ੍ਰਿੜ ਵਿਚਾਰ ਸੀ ਕਿ ਗੋਰਿਆਂ ਨੂੰ ਸਰਬੋਤਮ ਹੈਸੀਅਤ ਬਖਸ਼ਣ ਵਾਲੇ ਕਾਨੂੰਨਾਂ ਜ਼ਰੀਏ ਮੁਨਾਫ਼ੇ ਨਿਚੋੜਨ ਵਾਲੀਆਂ ਕੰਪਨੀਆਂ ਵਿਤੀ ਸੱਟ ਮਾਰੇ ਜਾਣ ਦੀਆਂ ਹੱਕਦਾਰ ਹੀ ਹਨ।

ਅਜਿਹੇ ਰਵੱਈਏ ਕਾਰਨ ਏ ਐੱਨ ਸੀ ਨੂੰ ਸਮੇਂ ਦੀ ਖੁੱਲ੍ਹੀ ਮੰਡੀ ਦੇ ਕੱਟੜ ਸਿਧਾਂਤ ਨੂੰ ਰੱਦ

ਕਰਨ ਦਾ ਨਿਆਰਾ ਮੌਕਾ ਮਿਲ ਗਿਆ। ਕਿਉਂਕਿ ਪਹਿਲਾਂ ਹੀ ਇਹ ਵਿਆਪਕ ਸਹਿਮਤੀ ਬਣੀ ਹੋਈ ਸੀ ਕਿ ਇਹ ਕਾਰਪੋਰੇਸ਼ਨਾਂ ਨਸਲੀ ਵਿਤਕਰੇ ਦੇ ਜੁਰਮਾਂ 'ਚ ਹਿੱਸੇਦਾਰ ਹਨ, ਇਸ ਕਰਕੇ ਮੰਡੇਲਾ ਲਈ ਇਹ ਬਿਆਨ ਕਰਨ ਲਈ ਪਿੜ ਤਿਆਰ ਸੀ ਕਿ ਆਜ਼ਾਦੀ ਚਾਰਟਰ ਵਿਚ ਕੀਤੀ ਗਈ ਮੰਗ ਅਨੁਸਾਰ ਦੱਖਣੀ ਅਫ਼ਰੀਕਾ ਦੀ ਆਰਥਿਕਤਾ ਦੇ ਅਹਿਮ ਖੇਤਰਾਂ ਦਾ ਕੌਮੀਕਰਨ ਕਰਨਾ ਕਿਉਂ ਜ਼ਰੂਰੀ ਸੀ। ਉਹ ਇਹ ਬਿਆਨ ਕਰਨ ਲਈ ਵੀ ਇਸੇ ਦਲੀਲ ਨੂੰ ਵਰਤ ਸਕਦਾ ਸੀ ਕਿ ਨਸਲਪ੍ਰਸਤ ਨਿਜ਼ਾਮ ਦਾ ਲਿਆ ਹੋਇਆ ਕਰਜਾ ਇਕ ਨਵੀਂ, ਜਨਤਾ ਦੀ ਚੁਣੀ ਹੋਈ ਸਰਕਾਰ ਉੱਪਰ ਥੋਪਣਾ ਕਿਵੇਂ ਨਜਾਇਜ਼ ਬੋਝ ਹੈ। ਅਜਿਹਾ ਅਨੁਸ਼ਾਸਨਹੀਣ ਵਤੀਰਾ ਦੇਖ ਕੇ ਆਈ ਐੱਮ ਐੱਫ, ਅਮਰੀਕੀ ਖ਼ਜ਼ਾਨਾ ਵਿਭਾਗ ਅਤੇ ਯੂਰਪੀ ਯੂਨੀਅਨ ਨੂੰ ਅੱਗ ਲੱਗ ਜਾਣੀ ਸੀ, ਪਰ ਮੰਡੇਲਾ ਦਾ ਪ੍ਰਭਾਵ ਸਾਕਾਰ ਸੰਤ ਵਾਲਾ ਹੋਣ ਕਰਕੇ ਇਸ ਸਟੈਂਡ ਨੂੰ ਬੇਥਾਹ ਜਨਤਕ ਹਮਾਇਤ ਹਾਸਲ ਹੋ ਜਾਣੀ ਸੀ।

ਅਸੀਂ ਇਹ ਕਦੀ ਵੀ ਨਹੀਂ ਜਾਣ ਸਕਾਂਗੇ ਕਿ ਇਨ੍ਹਾਂ ਵਿਚੋਂ ਕਿਹੜੀ ਤਾਕਤ ਵੱਧ ਜ਼ੋਰਾਵਰ ਸਾਬਤ ਹੋਈ। ਜੇਲ੍ਹ ਵਿਚੋਂ ਮੰਡੇਲਾ ਵੱਲੋਂ ਰੁੱਕਾ ਲਿਖੇ ਜਾਣ ਅਤੇ 1994 ਦੀਆਂ ਚੋਣਾਂ 'ਚ ਹੂੰਝਾ ਫੇਰੂ ਜਿੱਤ ਹਾਸਲ ਕਰਕੇ ਰਾਸ਼ਟਰਪਤੀ ਚੁਣੇ ਜਾਣ ਦੇ ਵਿਚਕਾਰਲੇ ਸਾਲਾਂ 'ਚ ਪਾਰਟੀ ਲੀਡਰਸ਼ਿਪ ਨੂੰ ਕਿਸੇ ਤਰ੍ਹਾਂ ਇਹ ਜਚ ਗਿਆ ਸੀ ਕਿ ਇਹ ਜਨਤਾ 'ਚ ਆਪਣੇ ਰਸੂਖ਼ ਨੂੰ ਵਰਤ ਕੇ ਦੇਸ਼ ਦੀ ਚੋਰੀ ਕੀਤੀ ਦੌਲਤ ਨੂੰ ਮੁੜ ਹਾਸਲ ਕਰਕੇ ਇਸ ਦੀ ਨਵੇਂ ਸਿਰਿਉਂ ਵੰਡ ਨਹੀਂ ਕਰ ਸਕੇਗੀ। ਇਸ ਲਈ, ਕੈਲੀਫੋਰਨੀਆ ਅਤੇ ਕਾਂਗੋ ਦੇ ਗਭਲੇ ਮੇਲ ਦੀਆਂ ਨੀਤੀਆਂ ਦੀ ਥਾਂ ਏ ਐੱਨ ਸੀ ਨੇ ਐਸੀਆਂ ਨੀਤੀਆਂ ਅਖ਼ਤਿਆਰ ਕੀਤੀਆਂ ਜਿਨ੍ਹਾਂ ਦੇ ਸਿੱਟੇ ਵਜੋਂ ਨਾਬਰਾਬਰੀ ਅਤੇ ਜੁਰਮ ਐਨੀ ਵੱਡੀ ਮਾਤਰਾ 'ਚ ਵਧ ਗਏ ਕਿ ਦੱਖਣੀ ਅਫ਼ਰੀਕਾ ਅੰਦਰ ਪਾੜਾ ਹੁਣ ਬੈਵਰਲੀ ਹਿਲ (ਕੈਲੀਫੋਰਨੀਆ) ਅਤੇ ਬਗ਼ਦਾਦ ਦੇ ਪਾੜੇ ਦੇ ਨੇੜੇ ਤੇੜੇ ਜਾ ਪਹੁੰਚਿਆ ਹੈ। ਅੱਜ ਇਹ ਦੇਸ਼ ਇਸ ਦਾ ਪ੍ਰਤੱਖ ਸਬੂਤ ਹੈ ਕਿ ਜਦੋਂ ਆਰਥਕ ਸੁਧਾਰਾਂ ਨੂੰ ਸਿਆਸੀ ਕਾਇਆਕਲਪ ਦੇ ਏਜੰਡੇ ਤੋਂ ਵਿਛੋੜ ਦਿੱਤਾ ਜਾਂਦਾ ਹੈ ਤਾਂ ਕੀ ਭਾਣਾ ਵਾਪਰਦਾ ਹੈ। ਸਿਆਸੀ ਤੌਰ 'ਤੇ, ਇੱਥੋਂ ਦੇ ਲੋਕਾਂ ਨੂੰ ਵੋਟ ਦਾ ਹੱਕ, ਸ਼ਹਿਰੀ ਆਜ਼ਾਦੀਆਂ ਅਤੇ ਬਹੁਗਿਣਤੀ ਨੂੰ ਰਾਜ ਕਰਨ ਦਾ ਹੱਕ ਹਾਸਲ ਹੈ। ਫੇਰ ਵੀ ਆਰਥਕ ਤੌਰ 'ਤੇ ਦੱਖਣੀ ਅਫ਼ਰੀਕਾ ਦੁਨੀਆਂ ਦੇ ਸਭ ਤੋਂ ਵੱਧ ਨਾਬਰਾਬਰੀ ਵਾਲੇ ਸਮਾਜ ਦੇ ਰੂਪ 'ਚ ਬਰਾਜ਼ੀਲ ਨੂੰ ਵੀ ਪਿੱਛੇ ਛੱਡ ਗਿਆ ਹੈ।

2005 'ਚ ਮੈਂ ਦੱਖਣੀ ਅਫ਼ਰੀਕਾ ਇਹ ਸਮਝਣ ਲਈ ਗਈ ਸੀ ਕਿ 1990 ਤੋਂ ਲੈ ਕੇ 1994 ਦਰਮਿਆਨ ਦੇ ਉਨ੍ਹਾਂ ਅਹਿਮ ਸਾਲਾਂ ਦੌਰਾਨ ਹੋਈ ਰੱਦੋ-ਬਦਲ ਸਮੇਂ ਉੱਥੇ ਕੀ ਵਾਪਰਿਆ ਸੀ ਜਦੋਂ ਮੰਡੇਲਾ ਨੇ ਉਹ ਰਾਹ ਅਪਣਾਇਆ ਜਿਸ ਨੂੰ ਉਸ ਨੇ ਸਪਸ਼ਟ ਤੌਰ 'ਤੇ ''ਅਣਕਿਆਸਿਆ'' ਬਿਆਨ ਕੀਤਾ ਸੀ।

ਏ ਐੱਨ ਸੀ ਨੇ ਸੱਤਾਧਾਰੀ ਨੈਸ਼ਨਲ ਪਾਰਟੀ ਨਾਲ ਇਸ ਦ੍ਰਿੜ੍ਹ ਨਿਹਚਾ ਨਾਲ ਗੱਲਬਾਤ ਚਲਾਈ ਤਾਂ ਜੋ ਉਸ ਤਰ੍ਹਾਂ ਦੀ ਭਿਆਨਕ ਤਬਾਹੀ ਤੋਂ ਬਚਿਆ ਜਾ ਸਕੇ ਜਿਸ ਦਾ ਤਲਖ਼ ਅਨੁਭਵ ਗੁਆਂਢੀ ਮੋਜ਼ਮਬੀਕ ਨੂੰ ਹੋਇਆ ਸੀ। 1975 'ਚ ਮੋਜ਼ਮਬੀਕ ਦੀ ਆਜ਼ਾਦੀ ਦੀ ਲਹਿਰ ਨੇ ਪੁਰਤਗਾਲ ਨੂੰ ਬਸਤੀਵਾਦੀ ਰਾਜ ਦਾ ਅੰਤ ਕਰਨ ਲਈ ਮਜਬੂਰ ਕਰ ਦਿੱਤਾ ਸੀ। ਉੱਥੋਂ ਜਾਣ ਸਮੇਂ ਖਫ਼ਾ ਹੋਏ ਪੁਰਤਗਾਲੀਆਂ ਨੇ ਕਿੜ ਕੱਢਣ ਲਈ ਬਹੁਤ ਤਬਾਹੀ ਮਚਾਈ ਸੀ। ਉਨ੍ਹਾਂ ਨੇ ਲਿਫਟਦਾਰ ਪੌੜੀਆਂ ਦੀਆਂ ਸ਼ਾਫਟਾਂ ਵਿਚ ਸੀਮਿੰਟ ਭਰ ਦਿੱਤਾ, ਟਰੈਕਟਰ ਤਬਾਹ ਕਰ ਦਿੱਤੇ

ਅਤੇ ਉੱਥੋਂ ਜੋ ਕੁਝ ਵੀ ਲਿਜਾ ਸਕਦੇ ਸਨ ਸੰਨ੍ਹ ਮਾਰ ਕੇ ਲੈ ਗਏ। ਦੇਸ਼ ਦੇ ਪੱਲੇ ਕੱਖ ਨਹੀਂ ਰਿਹਾ ਸੀ। ਏ ਐੱਨ ਸੀ ਨੇ ਮੁਕਾਬਲਤਨ ਸ਼ਾਂਤਮਈ ਢੰਗ ਨਾਲ ਸੱਤਾ ਦਾ ਤਬਾਦਲਾ ਕਰਨ ਲਈ ਗੱਲਬਾਤ ਚਲਾਈ। ਇਸ ਦੇ ਬਾਵਜੂਦ ਵੀ ਇਹ ਦੱਖਣੀ ਅਫ਼ਰੀਕਾ ਦੇ ਨਸਲਪ੍ਰਸਤ ਹਾਕਮਾਂ ਨੂੰ ਸੱਤਾ ਛੱਡ ਕੇ ਜਾਣ ਵਕਤ ਤਬਾਹੀ ਮਚਾਉਣ ਤੋਂ ਨਹੀਂ ਰੋਕ ਸਕੀ। ਮੌਜ਼ਮਬੀਕ ਵਾਲੇ ਜੋਟੀਦਾਰਾਂ ਦੇ ਉਲਟ, ਨੈਸ਼ਨਲ ਪਾਰਟੀ ਨੇ ਸੀਮਿੰਟ ਪਾ ਕੇ ਮਸ਼ੀਨਰੀ ਖ਼ਰਾਬ ਨਹੀਂ ਕੀਤੀ—ਇਨ੍ਹਾਂ ਵਲੋਂ ਕੀਤੀ ਭੰਨਤੋੜ ਭਾਵੇਂ ਵੱਧ ਗੁੱਝੀ ਕਿਸਮ ਦੀ ਸੀ ਪਰ ਇਸ ਨੇ ਢਾਂਚੇ ਨੂੰ ਉਸੇ ਤਰ੍ਹਾਂ ਨਕਾਰਾ ਕਰ ਦਿੱਤਾ ਸੀ ਅਤੇ ਉਨ੍ਹਾਂ ਇਤਿਹਾਸਕ ਵਾਰਤਾਵਾਂ ਉੱਪਰ ਇਸ ਸਭ ਕਾਸੇ ਦੀ ਗੂੜ੍ਹੀ ਛਾਪ ਸੀ।

ਗੱਲਬਾਤ ਕਰਨ ਸਮੇਂ ਨਸਲੀ ਵਿਤਕਰੇ ਦੇ ਖ਼ਾਤਮੇ ਦੀਆਂ ਸ਼ਰਤਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ ਗਈ। ਗੱਲਬਾਤ ਦੋ ਸਮਾਂਤਰ ਲੀਹਾਂ 'ਤੇ ਚਲਦੀ ਰਹੀ : ਇਕ ਲੀਹ ਸਿਆਸੀ ਸੀ, ਦੂਜੀ ਆਰਥਕ ਪਰ ਇਨ੍ਹਾਂ ਲੀਹਾਂ ਦਾ ਇਕ ਦੂਜੀ ਨਾਲ ਡੂੰਘਾ ਸਬੰਧ ਸੀ। ਸੁਭਾਵਿਕ ਤੌਰ 'ਤੇ, ਜ਼ਿਆਦਾ ਧਿਆਨ ਨੈਲਸਨ ਮੰਡੇਲਾ ਅਤੇ ਨੈਸ਼ਨਲ ਪਾਰਟੀ ਦੇ ਆਗੂ ਐੱਫ ਡਬਲਯੂ ਡੀ ਕਲਾਰਕ ਦਰਮਿਆਨ ਆਹਲਾ-ਮਿਆਰੀ ਸਿਖ਼ਰ ਸੰਮੇਲਨਾਂ 'ਤੇ ਕੇਂਦਰਤ ਸੀ।

ਇਨ੍ਹਾਂ ਵਾਰਤਾਵਾਂ 'ਚ ਡੀ ਕਲਾਰਕ ਦੀ ਯੁੱਧਨੀਤੀ ਵੱਧ ਤੋਂ ਵੱਧ ਸੰਭਵ ਤਾਕਤ ਸੁਰੱਖਿਅਤ ਬਣਾ ਲੈਣ ਦੀ ਸੀ। ਉਸ ਨੇ ਆਮ ਬਹੁਗਿਣਤੀ ਦਾ ਰਾਜ ਆਉਣ ਤੋਂ ਰੋਕਣ ਲਈ ਹਰ ਹਰਬਾ ਵਰਤਿਆ। ਉਸ ਨੂੰ ਪੱਕਾ ਪਤਾ ਸੀ ਕਿ ਜੇ ਇਸ ਤਰ੍ਹਾਂ ਹੋ ਗਿਆ ਤਾਂ ਵਿਆਪਕ ਪੱਧਰ 'ਤੇ ਜ਼ਮੀਨ ਖੋਹ ਲਈ ਜਾਵੇਗੀ ਅਤੇ ਕਾਰਪੋਰੇਸ਼ਨਾਂ ਦਾ ਕੌਮੀਕਰਨ ਹੋ ਜਾਵੇਗਾ। ਇਸਨੂੰ ਰੋਕਣ ਲਈ ਉਸ ਨੇ ਦੇਸ਼ ਦੇ ਟੁਕੜੇ ਕਰਕੇ ਸੰਘ ਬਣਾਉਣ, ਘੱਟਗਿਣਤੀ ਪਾਰਟੀਆਂ ਲਈ ਵੀਟੋ ਅਧਿਕਾਰ ਯਕੀਨੀ ਬਣਾਉਣ, ਸਰਕਾਰ ਦੇ ਅਦਾਰਿਆਂ ਅੰਦਰ ਹਰੇਕ ਨਸਲੀ-ਸੱਭਿਆਚਾਰਕ ਗਰੁੱਪ ਲਈ ਨਿਸ਼ਚਿਤ ਫ਼ੀ ਸਦੀ ਸੀਟਾਂ ਰਾਖਵੀਆਂ ਕਰਾਉਣ ਦੀ ਪੂਰੀ ਵਾਹ ਲਾਈ। ਬਾਅਦ 'ਚ ਮੰਡੇਲਾ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ : "ਨੈਸ਼ਨਲ ਪਾਰਟੀ ਅਸਲ ਵਿਚ ਸਾਡੀ ਸਹਿਮਤੀ ਨਾਲ ਗੋਰਿਆਂ ਦੀ ਸਰਬੋਤਮ ਹੈਸੀਅਤ ਨੂੰ ਬਰਕਰਾਰ ਰੱਖਣ ਦੀ ਵਾਹ ਲਾ ਰਹੀ ਸੀ।" ਡੀ ਕਲਾਰਕ ਦੀ ਪਿੱਠ 'ਤੇ ਬੰਦੂਕਾਂ ਅਤੇ ਧਨ ਸੀ, ਪਰ ਉਸ ਦੇ ਵਿਰੋਧੀਆਂ ਪਿੱਛੇ ਦਹਿ ਲੱਖਾਂ ਲੋਕਾਂ ਦੀ ਲਹਿਰ ਸੀ। ਇਸ ਕਰਕੇ ਮੰਡੇਲਾ ਅਤੇ ਉਸ ਨਾਲ ਗੱਲਬਾਤ 'ਚ ਸ਼ਾਮਲ ਮੁੱਖ ਨੁਮਾਇੰਦੇ ਸਿਰਿਲ ਰਮਾਫੋਜ਼ਾ ਦੀ ਤਕਰੀਬਨ ਹਰ ਨੁਕਤੇ 'ਤੇ ਜਿੱਤ ਹੁੰਦੀ ਰਹੀ।[੯]

ਅਕਸਰ ਹੀ ਇਨ੍ਹਾਂ ਤਰਥੱਲ ਮਚਾਊ ਸਿਖ਼ਰ ਸੰਮੇਲਨਾਂ ਦੇ ਨਾਲੋ-ਨਾਲ ਆਰਥਕ ਵਾਰਤਾਵਾਂ ਚੱਲਦੀਆਂ ਰਹੀਆਂ ਜਿਨ੍ਹਾਂ ਦੀ ਬਹੁਤ ਹੀ ਘੱਟ ਚਰਚਾ ਹੁੰਦੀ ਸੀ। ਏ ਐੱਨ ਸੀ ਵਲੋਂ ਇਨ੍ਹਾਂ ਵਿਚ ਮੁੱਖ ਤੌਰ 'ਤੇ ਥਾਬੋ ਮਬੇਕੀ ਹਿੱਸਾ ਲੈਂਦਾ ਸੀ। ਮਬੇਕੀ ਓਦੋਂ ਪਾਰਟੀ ਦਾ ਉੱਭਰ ਰਿਹਾ ਸਿਤਾਰਾ ਸੀ ਅਤੇ ਹੁਣ ਦੱਖਣੀ ਅਫ਼ਰੀਕਾ ਦਾ ਰਾਸ਼ਟਰਪਤੀ ਹੈ। ਜਦੋਂ ਸਿਆਸੀ ਗੱਲਬਾਤ ਅੱਗੇ ਵਧਣ ਨਾਲ ਨੈਸ਼ਨਲ ਪਾਰਟੀ ਨੂੰ ਇਹ ਸਪਸ਼ਟ ਹੋ ਗਿਆ ਕਿ ਛੇਤੀ ਹੀ ਸੰਸਦ ਉੱਪਰ ਏ ਐੱਨ ਸੀ ਦੀ ਮਜ਼ਬੂਤ ਪਕੜ ਬਣ ਜਾਵੇਗੀ, ਇਹ ਦੇਖ ਕੇ ਦੱਖਣੀ ਅਫ਼ਰੀਕਾ ਦੇ ਕੁਲੀਨ ਵਰਗ ਦੀ ਪਾਰਟੀ ਨੇ ਆਪਣੀ ਸਮੁੱਚੀ ਤਾਕਤ ਅਤੇ ਬੌਧਿਕ ਯੋਗਤਾ ਆਰਥਕ ਗੱਲਬਾਤ 'ਚ ਝੋਕ ਦਿੱਤੀ। ਦੱਖਣੀ ਅਫ਼ਰੀਕਾ ਦੇ ਗੋਰੇ ਸਰਕਾਰ ਉੱਪਰ ਕਾਲਿਆਂ ਦੇ ਕਾਬਜ਼ ਹੋਣ ਨੂੰ ਰੋਕਣ 'ਚ ਨਾਕਾਮਯਾਬ ਰਹੇ, ਪਰ ਜਦੋਂ ਨਸਲਪ੍ਰਸਤ ਨਿਜ਼ਾਮ ਹੇਠ ਬਟੋਰੀ ਦੌਲਤ ਨੂੰ ਬਚਾਉਣ ਦਾ ਸਵਾਲ ਆਇਆ ਤਾਂ ਉਨ੍ਹਾਂ ਐਨੀ ਅਸਾਨੀ ਨਾਲ ਇਸ ਨੂੰ ਹੱਥੋਂ ਨਹੀਂ ਸੀ ਛੱਡਣਾ।

ਇਨ੍ਹਾਂ ਵਾਰਤਾਵਾਂ 'ਚ ਡੀ ਕਲਾਰਕ ਸਰਕਾਰ ਦੀ ਦੋਹਰੀ ਨੀਤੀ ਸੀ। ਪਹਿਲਾਂ ਤਾਂ ਇਸ ਨੇ

ਵਾਸ਼ਿੰਗਟਨ ਵਾਲੀ ਆਮ ਸਹਿਮਤੀ ਦੇ ਅਧਾਰ 'ਤੇ ਮਸੌਦਾ ਤਿਆਰ ਕਰ ਲਿਆ ਕਿ ਆਰਥਿਕਤਾ ਨੂੰ ਚਲਾਉਣ ਦਾ ਹੁਣ ਇਕੋ ਹੀ ਤਰੀਕਾ ਹੈ। ਇਸ ਅਧਾਰ 'ਤੇ ਇਸ ਨੇ ਆਰਥਿਕਤਾ ਦੇ ਅਹਿਮ ਖੇਤਰਾਂ—ਜਿਵੇਂ ਵਪਾਰ ਦੀ ਨੀਤੀ ਅਤੇ ਕੇਂਦਰੀ ਬੈਂਕ—ਨੂੰ "ਤਕਨੀਕੀ" ਜਾਂ "ਪ੍ਰਸ਼ਾਸਨਿਕ" ਵਜੋਂ ਪੇਸ਼ ਕੀਤਾ। ਫੇਰ ਇਸ ਨੇ ਕੌਮਾਂਤਰੀ ਵਪਾਰ ਸਮਝੌਤੇ, ਸੰਵਿਧਾਨਕ ਕਾਨੂੰਨਾਂ 'ਚ ਨਵੀਆਂ ਜੁਗਤਾਂ ਅਤੇ ਢਾਂਚਾ ਢਲਾਈ ਪ੍ਰੋਗਰਾਮ ਵਰਗੇ ਬਹੁਤ ਸਾਰੇ ਨੀਤੀਆਂ ਦੇ ਨਵੇਂ ਸੰਦਾਂ ਦੀ ਵਿਆਪਕ ਵਰਤੋਂ ਕਰਕੇ ਤਾਕਤ ਦੇ ਅਹਿਮ ਕੇਂਦਰ ਉਨ੍ਹਾਂ ਅਖੌਤੀ ਮਾਹਰਾਂ, ਅਰਥਸ਼ਾਸਤਰੀਆਂ ਅਤੇ ਅਧਿਕਾਰੀਆਂ ਦੇ ਹੱਥ ਦੇ ਦਿੱਤੇ ਜੋ ਆਈ ਐੱਮ ਐੱਫ, ਸੰਸਾਰ ਬੈਂਕ, ਚੁੰਗੀ ਅਤੇ ਵਪਾਰ ਬਾਰੇ ਆਮ ਸਹਿਮਤੀ (ਗੈਟ) ਅਤੇ ਨੈਸ਼ਨਲ ਪਾਰਟੀ ਦੇ ਬੰਦੇ ਸਨ। ਭਾਵ ਏ ਐੱਨ ਸੀ ਦੇ ਆਜ਼ਾਦੀ ਘੁਲਾਟੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ। ਇਹ ਦੇਸ਼ ਦੇ ਭੂਗੋਲ ਨੂੰ ਨਹੀਂ (ਜਿਵੇਂ ਮੁਢ 'ਚ ਡੀ ਕਲਾਰਕ ਨੇ ਵਾਹ ਲਾਈ ਸੀ) ਅਸਲ ਵਿਚ ਇਸ ਦੀ ਆਰਥਿਕਤਾ ਨੂੰ ਬਲਕਾਨ ਦੇਸ਼ਾਂ ਵਾਲੀ ਹਾਲਤ 'ਚ ਸੁੱਟ ਦੇਣ ਦੀ ਯੁੱਧਨੀਤੀ ਸੀ।

ਇਹ ਯੋਜਨਾ ਏ ਐੱਨ ਸੀ ਆਗੂਆਂ ਦੇ ਐਨ ਨੱਕ ਹੇਠ ਕਾਮਯਾਬੀ ਨਾਲ ਲਾਗੂ ਕਰਾਈ ਗਈ। ਸੁਭਾਵਿਕ ਤੌਰ 'ਤੇ ਉਹ ਤਾਂ ਸੰਸਦ 'ਤੇ ਕੰਟਰੋਲ ਕਰਨ ਦੀ ਲੜਾਈ ਜਿੱਤਣ 'ਚ ਬੁਰੀ ਤਰ੍ਹਾਂ ਰੁੱਝੇ ਹੋਏ ਸਨ। ਇਸ ਅਮਲ 'ਚ, ਏ ਐੱਨ ਸੀ ਬਹੁਤ ਜ਼ਿਆਦਾ ਮੱਕਾਰ ਯੁੱਧਨੀਤੀ ਹੱਥੋਂ ਆਪਣਾ ਬਚਾਅ ਨਹੀਂ ਕਰ ਸਕੀ। ਸਾਰਤੱਤ ਪੱਖੋਂ ਇਹ ਯੁੱਧਨੀਤੀ ਆਜ਼ਾਦੀ ਚਾਰਟਰ ਦੀਆਂ ਆਰਥਕ ਮੱਦਾਂ ਨੂੰ ਮਾਤ ਦੇਣ ਦੀ ਵਿਆਪਕ ਯੋਜਨਾ ਸੀ ਜੋ ਹੁਣ ਦੱਖਣੀ ਅਫ਼ਰੀਕਾ ਦਾ ਕਾਨੂੰਨ ਬਣਨ ਜਾ ਰਹੀ ਸੀ। "ਰਾਜ ਦਾ ਸੰਚਾਲਨ ਲੋਕ ਕਰਨਗੇ" ਛੇਤੀ ਹੀ ਇਹ ਸੁਪਨਾ ਹਕੀਕਤ ਬਣ ਜਾਵੇਗਾ, ਪਰ ਜਿਸ ਖੇਤਰ ਉੱਪਰ ਲੋਕਾਂ ਨੇ ਰਾਜ ਕਰਨਾ ਸੀ ਉਹ ਤੇਜ਼ੀ ਨਾਲ ਸੁੰਗੜ ਰਿਹਾ ਸੀ।

ਜਦੋਂ ਵਿਰੋਧੀਆਂ ਦਰਮਿਆਨ ਤਣਾਅਪੂਰਨ ਵਾਰਤਾਵਾਂ ਦੀਆਂ ਤੈਹਾਂ ਖੁੱਲ੍ਹ ਰਹੀਆਂ ਸਨ ਉਸ ਵਕਤ ਏ ਐੱਨ ਸੀ ਆਪਣੀਆਂ ਸਫ਼ਾਂ ਨੂੰ ਸੱਤਾਧਾਰੀ ਹੋਣ ਦੇ ਉਸ ਮੌਕੇ ਲਈ ਤਿਆਰ ਕਰਨ 'ਚ ਵੀ ਰੁੱਝੀ ਹੋਈ ਸੀ। ਏ ਐੱਨ ਸੀ ਦੇ ਅਰਥਸ਼ਾਸਤਰੀਆਂ ਅਤੇ ਵਕੀਲਾਂ ਨੇ ਕਾਰਜਕਾਰੀ ਟੋਲੀਆਂ ਬਣਾ ਕੇ ਇਹ ਹਿਸਾਬ-ਕਿਤਾਬ ਲਾਉਣਾ ਸ਼ੁਰੂ ਕਰ ਦਿੱਤਾ ਕਿ ਆਜ਼ਾਦੀ ਚਾਰਟਰ 'ਚ ਦਰਜ ਘਰਾਂ ਦੇ ਇੰਤਜ਼ਾਮ ਅਤੇ ਸਿਹਤ ਸਹੂਲਤਾਂ ਦੇ ਆਮ ਵਾਅਦਿਆਂ ਨੂੰ ਅਮਲੀ ਨੀਤੀਆਂ 'ਚ ਕਿਵੇਂ ਬਦਲਿਆ ਜਾਵੇ। ਇਨ੍ਹਾਂ ਯੋਜਨਾਵਾਂ ਵਿਚੋਂ ਸਭ ਤੋਂ ਉਤਸ਼ਾਹਪੂਰਨ ਸੀ *ਜਮਹੂਰੀਅਤ ਨੂੰ ਹਰਕਤ 'ਚ ਲਿਆਉਣਾ* ਨਾਂ ਦੀ ਆਰਥਕ ਵਿਉਂਤਬੰਦੀ ਜੋ ਨਸਲਪ੍ਰਸਤ ਰਾਜ ਦੇ ਖ਼ਾਤਮੇ ਤੋਂ ਬਾਅਦ ਦੱਖਣੀ ਅਫ਼ਰੀਕਾ ਦੇ ਭਵਿੱਖ ਲਈ ਵਿਉਂਤੀ ਗਈ ਸੀ। ਇਹ ਓਦੋਂ ਲਿਖੀ ਗਈ ਸੀ ਜਦੋਂ ਆਹਲੀ ਮਿਆਰੀ ਵਾਰਤਾਵਾਂ ਚੱਲ ਰਹੀਆਂ ਸਨ। ਇਸ ਵਕਤ ਪਾਰਟੀ ਦੇ ਹਮਾਇਤੀਆਂ ਨੂੰ ਇਹ ਇਲਮ ਨਹੀਂ ਸੀ ਕਿ ਜਦੋਂ ਉਹ ਜੋਸ਼-ਖਰੋਸ਼ ਨਾਲ ਯੋਜਨਾਵਾਂ ਘੜਨ 'ਚ ਜੁਟੇ ਹੋਏ ਸਨ, ਓਦੋਂ ਗੱਲਬਾਤ ਦੀ ਮੇਜ਼ 'ਤੇ ਬੈਠੀ ਪਾਰਟੀ ਦੀ ਗੱਲਬਾਤ ਕਰਤਾ ਟੀਮ ਨੂੰ ਐਸੀਆਂ ਛੋਟਾਂ ਦੇਣੀਆਂ ਪੈ ਰਹੀਆਂ ਸਨ ਜੋ ਇਨ੍ਹਾਂ ਯੋਜਨਾਵਾਂ ਨੂੰ ਅਮਲ 'ਚ ਲਾਗੂ ਹੋਣਾ ਅਸੰਭਵ ਬਣਾ ਦੇਣਗੀਆਂ। ਇਸ ਯੋਜਨਾ ਦੇ ਖਰੜੇ ਨਾਲ ਸਬੰਧਤ ਅਰਥਸ਼ਾਸਤਰੀ ਵਿਸ਼ਨੂ ਪਦਾਏਚੀ ਨੇ ਮੈਨੂੰ ਦੱਸਿਆ, "ਸ਼ੁਰੂ ਹੋਣ ਤੋਂ ਪਹਿਲਾਂ ਹੀ ਇਹ ਯੋਜਨਾ ਮਰ-ਮੁੱਕ ਚੁੱਕੀ ਸੀ।" ਜਿਸ ਵਕਤ ਖਰੜਾ ਪੂਰਾ ਹੋਇਆ, "ਨਵੀਂ ਬਾਜ਼ੀ ਸ਼ੁਰੂ ਹੋ ਗਈ ਸੀ।"

ਪਦਾਏਚੀ ਏ ਐੱਨ ਸੀ 'ਚ ਸਰਗਰਮ ਟਕਸਾਲੀ ਸਿਖਲਾਈਯਾਫਤਾ ਅਰਥਸ਼ਾਸਤਰੀਆਂ ਵਿਚੋਂ ਇਕ ਸੀ। ਇਸ ਕਰਕੇ ਉਸ ਨੂੰ *ਜਮਹੂਰੀਅਤ ਨੂੰ ਹਰਕਤ 'ਚ ਲਿਆਉਣਾ* ਯੋਜਨਾ ਦਾ

ਖਰੜਾ ਤਿਆਰ ਕਰਨ 'ਚ ਆਗੂ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ ਸੀ। (ਉਹ ਇਸ ਨੂੰ "ਅੰਕੜੇ ਚਿੱਥਣਾ" ਕਹਿੰਦਾ ਹੈ।) ਜਿਹੜੇ ਜ਼ਿਆਦਾਤਰ ਵਿਅਕਤੀ ਨੀਤੀਆਂ ਘੜਨ ਲਈ ਹੋਈਆਂ ਲੰਮੀਆਂ ਬੈਠਕਾਂ 'ਚ ਉਸ ਨਾਲ ਸ਼ਾਮਲ ਰਹੇ ਉਹ ਏ ਐੱਨ ਸੀ ਸਰਕਾਰ ਦੇ ਚੋਟੀ ਦੇ ਅਹੁਦਿਆਂ 'ਤੇ ਬਿਰਾਜਮਾਨ ਹੋ ਗਏ, ਪਰ ਪਦਾਏਚੀ ਨੇ ਇੰਞ ਨਾ ਕੀਤਾ। ਉਸ ਨੇ ਸਰਕਾਰ ਦੀ ਨੌਕਰੀ ਦੀ ਪੇਸ਼ਕਸ਼ ਠੁਕਰਾ ਦਿੱਤੀ, ਅਤੇ ਡਰਬਨ 'ਚ ਅਕਾਦਮਿਕ ਜ਼ਿੰਦਗੀ ਗੁਜ਼ਾਰਨ ਨੂੰ ਤਰਜੀਹ ਦਿੱਤੀ। ਇੱਥੇ ਉਹ ਪੜ੍ਹਾਉਣ ਅਤੇ ਲਿਖਣ ਅਤੇ ਆਈਕ ਦੀ ਕਿਤਾਬਾਂ ਦੀ ਦੁਕਾਨ ਚਲਾਉਣ ਦਾ ਆਪਣਾ ਮਨਪਸੰਦ ਕੰਮ ਕਰਦਾ ਹੈ। ਦੁਕਾਨ ਦਾ ਨਾਂ ਉਸ ਨੇ ਐਸੇ ਪਹਿਲੇ ਕਿਤਾਬਾਂ ਵੇਚਣ ਵਾਲੇ ਦੱਖਣੀ ਅਫ਼ਰੀਕੀ ਦੇ ਨਾਂ 'ਤੇ ਰੱਖਿਆ ਸੀ ਜੋ ਗੋਰਾ ਨਹੀਂ ਸੀ। ਇੱਥੇ ਅਫ਼ਰੀਕਣ ਇਤਿਹਾਸ ਦੇ ਦੁਰਲੱਭ ਗ੍ਰੰਥ ਪੂਰੇ ਧਿਆਨ ਨਾਲ ਸੰਭਾਲੇ ਹੋਏ ਹਨ। ਅਸੀਂ ਇਨ੍ਹਾਂ ਦੁਰਲੱਭ ਕਿਤਾਬਾਂ ਵਿਚਾਲੇ ਬੈਠ ਕੇ ਇਸ ਤਬਦੀਲੀ ਬਾਰੇ ਵਿਚਾਰ-ਚਰਚਾ ਕੀਤੀ ਸੀ।

ਪਦਾਏਚੀ ਦੱਖਣੀ ਅਫ਼ਰੀਕਾ ਦੀ ਟਰੇਡ ਯੂਨੀਅਨ ਲਹਿਰ ਦੇ ਸਲਾਹਕਾਰ ਵਜੋਂ ਸੱਤਰਵਿਆਂ 'ਚ ਮੁਕਤੀ ਘੋਲ 'ਚ ਸ਼ਾਮਲ ਹੋਇਆ ਸੀ। ਉਹ ਚੇਤੇ ਕਰਦਾ ਹੈ, "ਉਨ੍ਹਾਂ ਦਿਨਾਂ 'ਚ ਅਸੀਂ ਸਾਰਿਆਂ ਨੇ ਆਜ਼ਾਦੀ ਚਾਰਟਰ ਆਪਣੇ ਦਰਵਾਜ਼ਿਆਂ ਦੇ ਪਿੱਛੇ ਟੰਗਿਆ ਹੁੰਦਾ ਸੀ।" ਮੈਂ ਉਸ ਨੂੰ ਪੁੱਛਿਆ ਕਿ ਉਸ ਨੂੰ ਕਦੋਂ ਇਲਮ ਹੋਇਆ ਕਿ ਆਰਥਕ ਵਾਅਦੇ ਪੂਰੇ ਨਹੀਂ ਹੋਣਗੇ। ਉਸ ਨੇ ਦੱਸਿਆ ਕਿ ਪਹਿਲੀ ਵਾਰ ਉਸ ਨੂੰ 1993 ਦੇ ਅਖ਼ੀਰ 'ਚ ਸ਼ੱਕ ਹੋਇਆ, ਜਦੋਂ ਉਸ ਨੂੰ ਅਤੇ *ਜਮਹੂਰੀਅਤ ਨੂੰ ਹਰਕਤ 'ਚ ਲਿਆਉਣ* ਵਾਲੀ ਟੋਲੀ ਦੇ ਇਕ ਹੋਰ ਸਹਿ-ਕਾਮੇ ਨੂੰ ਗੱਲਬਾਤ ਕਰ ਰਹੀ ਟੀਮ ਦਾ ਫ਼ੋਨ ਆਇਆ ਜੋ ਨੈਸ਼ਨਲ ਪਾਰਟੀ ਨਾਲ ਲੈ-ਦੇ ਕਰਨ ਦੇ ਆਖ਼ਰੀ ਪੜਾਅ 'ਤੇ ਸੀ। ਫ਼ੋਨ 'ਤੇ ਉਨ੍ਹਾਂ ਨੇ ਦੱਖਣੀ ਅਫ਼ਰੀਕਾ ਦੀ ਕੇਂਦਰੀ ਬੈਂਕ ਨੂੰ ਆਜ਼ਾਦ ਅਦਾਰਾ ਬਣਾਉਣ ਦੇ ਚੰਗੇ-ਮਾੜੇ ਪੱਖਾਂ ਬਾਰੇ ਇਕ ਪੁਜ਼ੀਸ਼ਨ ਪੇਪਰ ਲਿਖਣ ਦੀ ਗੁਜ਼ਾਰਿਸ਼ ਕੀਤੀ ਸੀ, ਜਿਸ ਨੂੰ ਚੁਣੀ ਹੋਈ ਸਰਕਾਰ ਤੋਂ ਪੂਰੀ ਤਰ੍ਹਾਂ ਖ਼ੁਦ-ਮੁਖਤਿਆਰ ਅਦਾਰੇ ਵਜੋਂ ਚਲਾਉਣ ਦੀ ਤਜਵੀਜ਼ ਸੀ। ਹੈਂ ਇਹ ਕੀ? ਗੱਲਬਾਤ ਕਰਨ ਵਾਲਿਆਂ ਨੂੰ ਤਾਂ ਇਹ ਲਿਖਤ ਸਵੇਰੇ ਚਾਹੀਦੀ ਸੀ?

ਹੁਣ ਪੰਜਾਹ ਸਾਲਾਂ ਤੋਂ ਵੱਧ ਉਮਰ ਦੇ ਪਦਾਏਚੀ ਨੇ ਚੇਤੇ ਕੀਤਾ, "ਸਾਡੇ ਉੱਪਰ ਅਚਿੰਤੇ ਬਾਜ ਆ ਪਏ ਸਨ।" ਉਸ ਨੇ ਬਾਲਤੀਮੋਰ ਦੀ ਜੋਹਨਜ਼ ਹਾਪਕਿਨਜ਼ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਦੀ ਤਾਲੀਮ ਲਈ ਸੀ। ਉਹ ਜਾਣਦਾ ਸੀ ਕਿ ਉਨ੍ਹਾਂ ਸਮਿਆਂ 'ਚ ਕੇਂਦਰੀ ਬੈਂਕ ਨੂੰ ਆਜ਼ਾਦ ਅਦਾਰਾ ਬਣਾ ਦਿੱਤੇ ਜਾਣ ਨੂੰ ਅਮਰੀਕਾ ਦੇ ਖੁੱਲ੍ਹੀ ਮੰਡੀ ਦੇ ਹਮਾਇਤੀ ਅਰਥਸ਼ਾਸਤਰੀ ਵੀ ਫਾਲਤੂ ਵਿਚਾਰ ਸਮਝਦੇ ਸਨ। ਇਸਨੂੰ ਸ਼ਿਕਾਗੋ ਸਕੂਲ ਵਾਲੇ ਮੁੱਠੀ ਭਰ ਸਿਧਾਂਤਕਾਰਾਂ ਦੀ ਚਹੇਤੀ ਨੀਤੀ ਮੰਨਿਆ ਜਾਂਦਾ ਸੀ ਜਿਨ੍ਹਾਂ ਦਾ ਵਿਚਾਰ ਸੀ ਕਿ ਕੇਂਦਰੀ ਬੈਂਕਾਂ ਨੂੰ ਰਾਜਾਂ ਅੰਦਰ ਪੂਰੀ ਤਰ੍ਹਾਂ ਖ਼ੁਦ-ਮੁਖਤਿਆਰ ਗਣਰਾਜਾਂ ਵਾਂਗ ਚਲਾਇਆ ਜਾਣਾ ਚਾਹੀਦਾ ਹੈ ਜਿਨ੍ਹਾਂ ਵਿਚ ਚੁਣੇ ਹੋਏ ਕਾਨੂੰਨ ਘਾੜੇ ਟੰਗ ਨਾ ਅੜਾ ਸਕਣ।•[10] ਪਦਾਏਚੀ ਅਤੇ ਉਸ ਦੇ ਸੰਗੀਆਂ ਦਾ ਪੱਕਾ ਵਿਚਾਰ ਸੀ ਕਿ ਮੁਦਰਾ ਨੀਤੀ ਨਵੀਂ ਸਰਕਾਰ ਦੇ "ਵਿਕਾਸ, ਰੁਜ਼ਗਾਰ ਅਤੇ ਦੌਲਤ ਦੀ ਮੁੜ-ਵੰਡ ਦੇ ਵੱਡੇ ਨਿਸ਼ਾਨਿਆਂ" ਦੀ ਪੂਰਤੀ ਲਈ ਹੋਣੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਏ ਐੱਨ ਸੀ ਨੂੰ ਆਪਣੀ

• ਮਿਲਟਨ ਫਰਾਇਡਮੈਨ ਅਕਸਰ ਹੀ ਮਜ਼ਾਕ ਕਰਦਾ ਹੁੰਦਾ ਸੀ ਕਿ ਜੇ ਉਸ ਦੀ ਜੁਗਤ ਮੰਨ ਲਈ ਗਈ ਤਾਂ ਕੇਂਦਰੀ ਬੈਂਕਾਂ ਐਨੇ ਖ਼ਾਲਸ "ਅਰਥਵਿਗਿਆਨ" ਦੇ ਅਧਾਰ 'ਤੇ ਕੰਮ ਕਰਨ ਲੱਗ ਜਾਣਗੀਆਂ ਕਿ ਇਨ੍ਹਾਂ ਨੂੰ ਵੱਡੇ ਵੱਡੇ ਕੰਪਿਊਟਰ ਚਲਾਇਆ ਕਰਨਗੇ—ਮਨੁੱਖਾਂ ਦੀ ਲੋੜ ਹੀ ਨਹੀਂ ਰਹਿਣੀ।

ਇਸ ਪੁਜ਼ੀਸ਼ਨ ਬਾਰੇ ਮਗਜ਼ ਖਪਾਉਣ ਦੀ ਲੋੜ ਨਹੀਂ ਕਿ "ਦੱਖਣੀ ਅਫ਼ਰੀਕਾ ਵਿਚ ਆਜ਼ਾਦ ਕੇਂਦਰੀ ਬੈਂਕ ਨਹੀਂ ਬਣਾਈ ਜਾਵੇਗੀ।"

ਪਦਾਏਚੀ ਅਤੇ ਉਸ ਦੇ ਇਕ ਸਾਥੀ ਨੇ ਰਾਤ ਝਾਗ ਕੇ ਇਕ ਪਰਚਾ ਲਿਖਿਆ ਜਿਸ ਨੇ ਗੱਲਬਾਤ ਕਰਨ ਵਾਲੀ ਟੀਮ ਨੂੰ ਲੋੜੀਂਦੀਆਂ ਦਲੀਲਾਂ ਜੁਟਾ ਦਿੱਤੀਆਂ ਜੋ ਨੈਸ਼ਨਲ ਪਾਰਟੀ ਦੇ ਇਸ ਕਪਟ ਦਾ ਮੁਕਾਬਲਾ ਕਰਨ ਲਈ ਚਾਹੀਦੀਆਂ ਸਨ। ਜੇ ਕੇਂਦਰੀ ਬੈਂਕ (ਜਿਸ ਨੂੰ ਦੱਖਣੀ ਅਫ਼ਰੀਕਾ 'ਚ ਰਿਜ਼ਰਵ ਬੈਂਕ ਕਿਹਾ ਜਾਂਦਾ ਹੈ) ਨੂੰ ਬਾਕੀ ਸਰਕਾਰ ਤੋਂ ਅੱਡ ਕਰਕੇ ਚਲਾਇਆ ਜਾਂਦਾ ਤਾਂ ਇਸ ਨੇ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰਨ ਦੀ ਏ ਐੱਨ ਸੀ ਦੀ ਸਮਰਥਾ ਨੂੰ ਬੰਨ੍ਹ ਮਾਰ ਦੇਣਾ ਸੀ। ਇਸ ਤੋਂ ਇਲਾਵਾ, ਜੇ ਕੇਂਦਰੀ ਬੈਂਕ ਏ ਐੱਨ ਸੀ ਸਰਕਾਰ ਨੂੰ ਜਵਾਬਦੇਹ ਨਹੀਂ ਹੋਵੇਗਾ ਤਾਂ ਫੇਰ ਇਹ ਕਿਸ ਨੂੰ ਜਵਾਬਦੇਹ ਹੋਵੇਗਾ? ਆਈ ਐੱਮ ਐੱਫ ਨੂੰ? ਜੋਹਨਸਬਰਗ ਸਟਾਕ ਐਕਸਚੇਂਜ਼ ਨੂੰ? ਇਹ ਪ੍ਰਤੱਖ ਸੀ ਕਿ ਚੋਣਾਂ ਹਾਰ ਜਾਣ ਤੋਂ ਬਾਅਦ ਵੀ ਨੈਸ਼ਨਲ ਪਾਰਟੀ ਸੱਤਾ 'ਤੇ ਕਾਠੀ ਪਾਈ ਰੱਖਣ ਦੀਆਂ ਚੋਰ ਮੋਰੀਆਂ ਲੱਭਣ ਲਈ ਟਿਲ ਲਾ ਰਹੀ ਸੀ। ਇਸ ਯੁੱਧਨੀਤੀ ਦਾ ਹਰ ਹਾਲਤ 'ਚ ਵਿਰੋਧ ਕੀਤੇ ਜਾਣ ਦੀ ਜ਼ਰੂਰਤ ਸੀ। ਪਦਾਏਚੀ ਨੇ ਉਹ ਹਾਲਾਤ ਚੇਤੇ ਕਰਦਿਆਂ ਦੱਸਿਆ, "ਉਹ ਵੱਧ ਤੋਂ ਵੱਧ ਸੰਭਵ ਨੂੰ ਜੱਫਾ ਮਾਰ ਰਹੇ ਸਨ। ਇਹ ਚਾਲ ਏਜੰਡੇ ਦਾ ਸਪਸ਼ਟ ਹਿੱਸਾ ਸੀ।"

ਪਦਾਏਚੀ ਨੇ ਸਵੇਰੇ ਪਰਚਾ ਫੈਕਸ ਕਰ ਦਿੱਤਾ ਪਰ ਕਈ ਹਫ਼ਤੇ ਕੋਈ ਉਘ-ਸੁੱਘ ਨਾ ਲੱਗੀ। "ਫੇਰ ਅਸੀਂ ਪੁੱਛਿਆ ਪਰਚੇ ਦਾ ਕੀ ਬਣਿਆ। ਸਾਨੂੰ ਦੱਸਿਆ ਗਿਆ, 'ਅਸੀਂ ਇਸ ਦਾ ਵਿਚਾਰ ਹੀ ਛੱਡ ਦਿੱਤਾ ਸੀ।' " ਹੁਣ ਨਵੇਂ ਸੰਵਿਧਾਨ 'ਚ ਕੇਂਦਰੀ ਬੈਂਕ ਆਜ਼ਾਦ ਹੈਸੀਅਤ ਵਾਲੀ ਹੋਵੇਗੀ ਸਗੋਂ ਇਸ ਦਾ ਮੁਖੀ ਵੀ ਉਹ ਵਿਅਕਤੀ ਕਰਿਸ ਸਟਾਲਸ ਹੋਵੇਗਾ ਜੋ ਨਸਲਵਾਦੀ ਨਿਜ਼ਾਮ 'ਚ ਇਸ ਦਾ ਕਰਤਾ-ਧਰਤਾ ਸੀ। ਏ ਐੱਨ ਸੀ ਨੇ ਮਹਿਜ਼ ਕੇਂਦਰੀ ਬੈਂਕ ਦੀ ਬਲੀ ਹੀ ਨਹੀਂ ਸੀ ਦਿੱਤੀ। ਇਕ ਵੱਡੀ ਛੋਟ ਇਹ ਵੀ ਦਿੱਤੀ ਗਈ ਸੀ ਕਿ ਨਸਲਵਾਦੀ ਨਿਜ਼ਾਮ ਦਾ ਗੋਰਾ ਵਿੱਤ ਮੰਤਰੀ ਦੈਰਕ ਕੀਜ਼ ਵੀ ਆਪਣੇ ਅਹੁਦੇ ਉੱਪਰ ਸਜਿਆ ਰਹੇਗਾ। ਐਨ ਉਵੇਂ ਹੀ ਜਿਵੇਂ ਅਰਜਨਟਾਈਨਾ ਦੇ ਤਾਨਾਸ਼ਾਹ ਰਾਜ ਦੇ ਵਿੱਤ ਮੰਤਰੀ ਅਤੇ ਕੇਂਦਰੀ ਬੈਂਕ ਦੇ ਮੁਖੀਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਜਮਹੂਰੀਅਤ ਹੇਠ ਵੀ ਆਪੋ ਆਪਣੇ ਅਹੁਦੇ ਕਬਜ਼ੇ 'ਚ ਕਰ ਲਏ ਸਨ। *ਦੀ ਨਿਊ ਯਾਰਕ ਟਾਈਮਜ਼* ਨੇ ਦੈਰਕ ਕੀਜ਼ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਸੀ "ਦੇਸ਼ ਦੀ ਘੱਟ ਖ਼ਰਚੀਲੀ-ਕਾਰੋਬਾਰ ਹਿਤੈਸ਼ੀ ਸਰਕਾਰ ਦਾ ਆਹਲਾ ਦਰਜੇ ਦਾ ਪੈਗੰਬਰ।"[11]

ਪਦਾਏਚੀ ਨੇ ਦੱਸਿਆ, ਉਸ ਵਕਤ "ਅਸੀਂ ਹਾਲੇ ਉਤਸ਼ਾਹ 'ਚ ਸੀ। ਹੇ ਰੱਬਾ! ਕਿਉਂਕਿ ਇਹ ਇਨਕਲਾਬੀ ਸੰਘਰਸ਼ ਸੀ ਇਸ ਵਿਚੋਂ ਘੱਟੋ-ਘੱਟ ਕੁਝ ਤਾਂ ਹਾਸਲ ਹੋ ਕੇ ਰਹੇਗਾ।" ਜਦੋਂ ਉਸ ਨੂੰ ਇਲਮ ਹੋਇਆ ਕਿ ਕੇਂਦਰੀ ਬੈਂਕ ਅਤੇ ਖ਼ਜ਼ਾਨਾ ਵਿਭਾਗ ਨੂੰ ਇਨ੍ਹਾਂ ਦੇ ਪੁਰਾਣੇ ਨਸਲਪ੍ਰਸਤ ਮੁਖੀ ਹੀ ਚਲਾਉਣਗੇ ਤਾਂ ਇਸ ਦਾ ਭਾਵ ਸੀ "ਆਰਥਕ ਕਾਇਆਕਲਪ ਦਾ ਕੱਖ ਵੀ ਪੱਲੇ ਨਹੀਂ ਰਹੇਗਾ।" ਜਦੋਂ ਮੈਂ ਉਸ ਨੂੰ ਇਹ ਪੁੱਛਿਆ ਕਿ ਕੀ ਗੱਲਬਾਤ ਕਰਨ ਵਾਲਿਆਂ ਨੂੰ ਇਹ ਸਚਮੁਚ ਅਹਿਸਾਸ ਸੀ ਕਿ ਉਨ੍ਹਾਂ ਨੇ ਕਿੰਨਾ ਕੁਝ ਗੁਆ ਦਿੱਤਾ ਹੈ, ਪਹਿਲਾਂ ਤਾਂ ਉਹ ਥੋੜ੍ਹਾ ਝਿਜਕਿਆ, ਫੇਰ ਜਵਾਬ ਦਿੱਤਾ, "ਸਾਫ਼ ਗੱਲ ਹੈ, ਨਹੀਂ।" ਇਹ ਸਾਧਾਰਨ ਜਹੀ ਸੌਦੇਬਾਜ਼ੀ ਸੀ : "ਗੱਲਬਾਤ 'ਚ ਕੁਝ ਨਾ ਕੁਝ ਤਾਂ ਛੱਡਣਾ ਹੀ ਪੈਂਦਾ ਹੈ, ਅਤੇ ਸਾਡੀ ਧਿਰ ਨੇ ਇਹ ਕੁਝ ਛੱਡ ਦਿੱਤਾ—ਭਾਵ ਮੈਂ ਤੁਹਾਨੂੰ ਆਹ ਛੱਡਦਾਂ, ਤੁਸੀਂ ਔਹ ਛੱਡ ਦਿਓ।"

ਪਦਾਏਚੀ ਦੇ ਨਜ਼ਰੀਏ ਤੋਂ, ਕੁਝ ਵੀ ਏ ਐੱਨ ਸੀ ਆਗੂਆਂ ਦੀ ਗ਼ੱਦਾਰੀ ਕਰਕੇ ਨਹੀਂ ਸਗੋਂ

ਇਸ ਕਰਕੇ ਵਾਪਰਿਆ ਕਿਉਂਕਿ ਉਹ ਬਹੁਤ ਸਾਰੇ ਐਸੇ ਮੁੱਦਿਆਂ 'ਤੇ ਮਾਤ ਖਾ ਗਏ ਜੋ ਉਸ ਸਮੇਂ ਐਨੇ ਅਹਿਮ ਨਹੀਂ ਜਾਪਦੇ ਹੋਣਗੇ—ਅਸਲ ਵਿਚ ਦੱਖਣੀ ਅਫ਼ਰੀਕਾ ਦੀ ਚਿਰਜੀਵੀ ਮੁਕਤੀ ਦਾ ਤਵਾਜ਼ਨ ਹੀ ਪੁੱਠਾ ਪੈ ਗਿਆ ਸੀ।

ਉਨ੍ਹਾਂ ਵਾਰਤਾਵਾਂ 'ਚ ਏ ਐੱਨ ਸੀ ਨੂੰ ਲੱਗਿਆ ਕਿ ਇਹ ਇਕ ਤਰ੍ਹਾਂ ਦੇ ਰਹੱਸਮਈ ਕਾਇਦੇ-ਕਾਨੂੰਨਾਂ ਦੇ ਜਾਲ 'ਚ ਫਸ ਚੁੱਕੀ ਹੈ, ਜੋ ਚੁਣੇ ਹੋਏ ਆਗੂਆਂ ਦੇ ਅਧਿਕਾਰਾਂ ਨੂੰ ਸੀਮਤ ਕਰਦੇ ਅਤੇ ਬੰਦਸ਼ਾਂ ਲਾਉਣ ਵਾਲੇ ਸਨ। ਜਦੋਂ ਦੇਸ਼ ਨੂੰ ਇਸ ਜਾਲ 'ਚ ਨੂੜਿਆ ਗਿਆ ਤਾਂ ਬਹੁਤ ਥੋੜ੍ਹੇ ਲੋਕਾਂ ਨੂੰ ਹੀ ਇਸ ਦੀ ਜਕੜ ਮਹਿਸੂਸ ਹੋਈ। ਪਰ ਜਦੋਂ ਨਵੀਂ ਸਰਕਾਰ ਸੱਤਾ 'ਚ ਆਈ ਅਤੇ ਇਸ ਨੇ ਖੁੱਲ੍ਹ ਵਰਤ ਕੇ ਆਪਣੇ ਵੋਟਰਾਂ ਨੂੰ ਮੁਕਤੀ ਦੇ ਉਹ ਫ਼ਾਇਦੇ ਦੇਣੇ ਚਾਹੇ ਜਿਨ੍ਹਾਂ ਦੀ ਉਹ ਆਸ ਕਰਦੇ ਸਨ ਅਤੇ ਜਿਨ੍ਹਾਂ ਦੀ ਖ਼ਾਤਰ ਉਨ੍ਹਾਂ ਨੇ ਵੋਟ ਪਾਈ ਸੀ ਤਾਂ ਸ਼ਿਕੰਜਾ ਕੱਸ ਦਿੱਤਾ ਗਿਆ। ਨਵੀਂ ਸਰਕਾਰ ਨੂੰ ਓਦੋਂ ਮਹਿਸੂਸ ਹੋਇਆ ਕਿ ਇਸ ਦੇ ਅਧਿਕਾਰਾਂ ਨੂੰ ਤਾਂ ਜੂੜ ਪਾਇਆ ਹੋਇਆ ਹੈ। ਏ ਐੱਨ ਸੀ ਦੇ ਰਾਜ ਦੇ ਪਹਿਲੇ ਸਾਲਾਂ 'ਚ ਮੰਡੇਲਾ ਦੇ ਦਫ਼ਤਰ 'ਚ ਆਰਥਕ ਸਲਾਹਕਾਰ ਵਜੋਂ ਕੰਮ ਕਰਨ ਵਾਲਾ ਪੈਤਰਿਕ ਬੌਂਡ ਚੇਤੇ ਕਰਦਾ ਹੈ ਕਿ ਦਫ਼ਤਰ ਵਿਚ ਆਮ ਹੀ ਮਜ਼ਾਕ ਕੀਤਾ ਜਾਂਦਾ ਸੀ "ਵਾਹ, ਸਾਨੂੰ ਰਾਜ ਮਿਲ ਗਿਆ ਹੈ ਪਰ ਅਧਿਕਾਰ ਕਿੱਥੇ ਹਨ ?" ਜਦੋਂ ਨਵੀਂ ਸਰਕਾਰ ਨੇ ਆਜ਼ਾਦੀ ਚਾਰਟਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਓਦੋਂ ਪਤਾ ਲੱਗਿਆ ਕਿ ਤਾਕਤ ਤਾਂ ਕਿਸੇ ਹੋਰ ਦੇ ਹੱਥਾਂ 'ਚ ਸੀ।

ਜ਼ਮੀਨ ਦੀ ਮੁੜ-ਵੰਡ ਕਰਨਾ ਚਾਹੁੰਦੇ ਹੋ ? ਇਹ ਨਹੀਂ ਹੋਣਾ—ਐਨ ਆਖ਼ਰੀ ਮੌਕੇ ਏ ਐੱਨ ਸੀ ਦੀ ਗੱਲਬਾਤ ਕਰਨ ਵਾਲੀ ਟੀਮ ਨਵੇਂ ਸੰਵਿਧਾਨ 'ਚ ਇਹ ਮੱਦ ਪਾਉਣੀ ਮੰਨ ਗਈ ਜੋ ਨਿੱਜੀ ਜਾਇਦਾਦ ਦੀ ਹਿਫਾਜ਼ਤ ਕਰਦੀ ਸੀ, ਇਸ ਨਾਲ ਜ਼ਮੀਨੀ ਸੁਧਾਰ ਸੰਭਵ ਹੀ ਨਾ ਰਹੇ। ਦਹਿ-ਲੱਖਾਂ ਬੇਰੁਜ਼ਗਾਰ ਮਜ਼ਦੂਰਾਂ ਲਈ ਨੌਕਰੀਆਂ ਪੈਦਾ ਕਰਨੀਆਂ ਚਾਹੁੰਦੇ ਹੋ ? ਇਹ ਨਹੀਂ ਕੀਤੀਆਂ ਜਾ ਸਕਦੀਆਂ—ਏ ਐੱਨ ਸੀ ਵਲੋਂ ਗੈਟ ਸਮਝੌਤੇ 'ਤੇ ਦਸਤਖ਼ਤ ਕਰ ਦਿੱਤੇ ਜਾਣ ਕਾਰਨ ਸੈਂਕੜੇ ਫੈਕਟਰੀਆਂ ਬੰਦ ਹੋ ਜਾਣੀਆਂ ਸਨ ਅਤੇ ਸੰਸਾਰ ਵਪਾਰ ਸੰਸਥਾ ਦੇ ਅਗਰਦੂਤ ਗੈਟ ਨੇ ਆਟੋ ਪਲਾਂਟਾਂ ਅਤੇ ਕੱਪੜਾ ਮਿੱਲਾਂ ਨੂੰ ਸਬਸਿਡੀ ਦਿੱਤੇ ਜਾਣ ਨੂੰ ਗ਼ੈਰ-ਕਾਨੂੰਨੀ ਬਣਾ ਦਿੱਤਾ ਸੀ। ਸ਼ਹਿਰੀ ਬਾਸ਼ਿੰਦਿਆਂ ਨੂੰ ਏਡਜ਼ ਦੀਆਂ ਮੁਫ਼ਤ ਦਵਾਈਆਂ ਵੰਡਣਾ ਚਾਹੁੰਦੇ ਹੋ ਜਿੱਥੇ ਇਹ ਜਾਨਲੇਵਾ ਬੀਮਾਰੀ ਭਿਆਨਕ ਤੇਜ਼ੀ ਨਾਲ ਫੈਲ ਰਹੀ ਸੀ ? ਇਹ ਡਬਲਯੂ ਟੀ ਓ ਤਹਿਤ ਬੌਧਿਕ ਜਾਇਦਾਦ ਦੇ ਹੱਕਾਂ ਦੀ ਵਾਅਦਾ ਖ਼ਿਲਾਫ਼ੀ ਹੈ! ਅਸਲ ਵਿਚ ਏ ਐੱਨ ਸੀ ਬਿਨਾ ਕਿਸੇ ਬਹਿਸ-ਭੇੜ ਦੇ ਗੈਟ ਦੀ ਲਗਾਤਾਰਤਾ ਵਜੋਂ ਹੀ ਇਸ ਦੀ ਮੈਂਬਰ ਬਣ ਗਈ ਸੀ। ਗਰੀਬਾਂ ਨੂੰ ਖੁੱਲ੍ਹੇ-ਡੁੱਲ੍ਹੇ ਘਰ ਬਣਾ ਕੇ ਦੇਣ ਅਤੇ ਸ਼ਹਿਰੀ ਇਲਾਕਿਆਂ ਨੂੰ ਮੁਫ਼ਤ ਬਿਜਲੀ ਦੇਣ ਲਈ ਧਨ ਚਾਹੀਦਾ ਹੈ ? ਅਫਸੋਸ—ਬਜਟ ਨੂੰ ਤਾਂ ਉਸ ਵਿਆਪਕ ਕਰਜੇ ਦੀ ਦੇਣਦਾਰੀ ਹੀ ਨਿਗਲੀ ਜਾ ਰਹੀ ਹੈ ਜੋ ਨਸਲਵਾਦੀ ਸਰਕਾਰ ਨੇ ਚੁੱਪ ਚੁਪੀਤੇ ਹੀ ਨਵੀਂ ਸਰਕਾਰ ਦੇ ਗਲ ਮੜ੍ਹ ਦਿੱਤਾ ਸੀ। ਹੋਰ ਨੋਟ ਛਾਪਣੇ ਹਨ ? ਕੇਂਦਰੀ ਬੈਂਕ ਦੇ ਨਸਲਵਾਦੀ ਦੌਰ ਵਾਲੇ ਮੁਖੀ ਨੂੰ ਕਹਿ ਦਿਓ। ਸਾਰਿਆਂ ਨੂੰ ਮੁਫ਼ਤ ਪਾਣੀ ਦੇਣਾ ਚਾਹੁੰਦੇ ਹੋ ? ਨਹੀਂ ਹੋ ਸਕਦਾ। ਸੰਸਾਰ ਬੈਂਕ ਵੱਡੀ ਗਿਣਤੀ ਦੇਸੀ ਅਰਥਸ਼ਾਸਤਰੀਆਂ, ਖੋਜੀਆਂ ਅਤੇ ਉਸਤਾਦਾਂ (ਆਪੇ ਸਜੇ "ਗਿਆਨ ਦੇ ਭੰਡਾਰ") ਦੀ ਫ਼ੌਜ ਦੀ ਸਹਾਇਤਾ ਨਾਲ ਨਿੱਜੀ ਖੇਤਰ ਦੀ ਹਿੱਸੇਦਾਰੀ ਨੂੰ ਅਸੂਲ ਬਣਾ ਰਹੀ ਹੈ। ਬੇਲਗਾਮ ਸੱਟੇਬਾਜ਼ੀ 'ਤੇ ਰੋਕ ਲਾਉਣ ਲਈ ਮੁਦਰਾ ਕੰਟਰੋਲ ਲਾਗੂ ਕਰਨਾ ਚਾਹੁੰਦੇ ਹੋ ? ਇਹ ਚੋਣਾਂ ਤੋਂ ਐਨ ਪਹਿਲਾਂ ਆਈ ਐੱਮ ਐੱਫ

ਨਾਲ ਸਹੀਬੰਦ ਕੀਤੇ 8 ਅਰਬ 50 ਕਰੋੜ ਡਾਲਰ ਦੇ ਸਮਝੌਤੇ ਦੀ ਉਲੰਘਣਾ ਹੋਵੇਗੀ। ਆਮਦਨੀ ਦੇ ਨਸਲੀ ਪਾੜੇ ਨੂੰ ਖ਼ਤਮ ਕਰਨ ਲਈ ਘੱਟੋ-ਘੱਟ ਉਜਰਤ 'ਚ ਵਾਧਾ ਕਰਨਾ ਚਾਹੁੰਦੇ ਹੋ ? ਨਹੀਂ ਕਰ ਸਕਦੇ। ਆਈ ਐੱਮ ਐੱਫ ਨਾਲ ਸਮਝੌਤੇ "ਉਜਰਤ ਦੇ ਵਾਧੇ ਉੱਪਰ ਰੋਕ" ਲਾਉਂਦੇ ਹਨ।[12] ਇਨ੍ਹਾਂ ਵਾਅਦਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਸੋਚਿਓ ਵੀ ਨਾ—ਕਿਸੇ ਵੀ ਤਰ੍ਹਾਂ ਦੀ ਰੱਦੋਬਦਲ ਨੂੰ ਖ਼ਤਰਨਾਕ ਕੌਮੀ ਬੇਇਤਬਾਰੀ, "ਸੁਧਾਰਾਂ" ਪ੍ਰਤੀ ਗ਼ੈਰਵਚਨਬਧਤਾ, ਅਤੇ "ਅਸੂਲਾਂ ਅਧਾਰਤ ਪ੍ਰਬੰਧ" ਦੀ ਅਣਹੋਂਦ ਮੰਨਿਆ ਜਾਵੇਗਾ। ਇਸ ਦੇ ਸਿੱਟੇ ਵਜੋਂ ਮੁਦਰਾ ਪ੍ਰਬੰਧ ਖੋਰੂ-ਖੋਰੂ ਹੋ ਜਾਵੇਗਾ, ਸਹਾਇਤਾ 'ਚ ਕਟੌਤੀ ਕੀਤੀ ਜਾਵੇਗੀ ਅਤੇ ਸਰਮਾਇਆ ਉਡਾਰੀ ਮਾਰ ਜਾਵੇਗਾ। ਫ਼ੈਸਲਾਕੁਨ ਚੀਜ਼ ਇਹ ਸੀ ਕਿ ਦੱਖਣੀ ਅਫ਼ਰੀਕਾ ਆਜ਼ਾਦ ਜ਼ਰੂਰ ਸੀ ਪਰ ਨਾਲ ਹੀ ਨੂੜਿਆ ਹੋਇਆ ਵੀ ਸੀ; ਇਹ ਹਰ ਭੇਦ ਭਰਿਆ ਸ਼ਬਦ, ਐਸੇ ਜਾਲ ਦੀਆਂ ਵੱਖੋ ਵੱਖਰੀਆਂ ਤੰਦਾਂ ਦੀ ਨੁਮਾਇੰਦਗੀ ਕਰਦਾ ਸੀ ਜਿਸ ਨੇ ਨਵੀਂ ਸਰਕਾਰ ਦੇ ਹੱਥਾਂ ਪੈਰਾਂ ਨੂੰ ਜਕੜਿਆ ਹੋਇਆ ਸੀ।

ਨਸਲੀ ਵਿਤਕਰੇ ਵਿਰੁੱਧ ਲੰਮਾ ਸਮਾਂ ਸਰਗਰਮ ਰਹੇ ਰਸੂਲ ਸਨਾਈਮਨ ਨੇ ਇਸ ਜਾਲ ਨੂੰ ਇਨ੍ਹਾਂ ਤਿੱਖੇ ਸ਼ਬਦਾਂ 'ਚ ਬਿਆਨ ਕੀਤਾ ਸੀ : "ਉਨ੍ਹਾਂ ਨੇ ਸਾਨੂੰ ਕਦੇ ਵੀ ਮੁਕਤ ਨਹੀਂ ਕੀਤਾ। ਉਨ੍ਹਾਂ ਨੇ ਸਿਰਫ਼ ਇਹ ਕੀਤਾ ਕਿ ਸਾਡੀ ਗਰਦਨ ਤੋਂ ਸੰਗਲ ਲਾਹ ਕੇ ਸਾਡੇ ਗਿੱਟਿਆਂ ਨੂੰ ਪਾ ਦਿੱਤਾ।" ਦੱਖਣੀ ਅਫ਼ਰੀਕਾ ਦੀ ਉੱਘੀ ਮਨੁੱਖੀ ਅਧਿਕਾਰ ਕਾਰਕੁਨ ਯਾਸਮਿਨ ਸੂਕਾ ਨੇ ਮੈਨੂੰ ਦੱਸਿਆ ਕਿ ਤਬਦੀਲੀ ਬਾਰੇ "ਸਰਮਾਏਦਾਰੀ ਕਹਿ ਰਹੀ ਸੀ, 'ਹਰੇਕ ਚੀਜ਼ ਸਾਡੇ ਕੋਲ ਰਹੇਗੀ, ਤੁਸੀਂ (ਏ ਐੱਨ ਸੀ ਵਾਲੇ) ਨਾਮ ਨਿਹਾਦ ਰਾਜ ਕਰੋਗੇ....। ਤੁਹਾਡੇ ਕੋਲ ਸਿਆਸੀ ਤਾਕਤ ਹੋਵੇਗੀ, ਤੁਹਾਡੇ ਕੋਲ ਰਾਜ ਕਰਨ ਦਾ ਨਕਾਬ ਹੋਵੇਗਾ ਪਰ ਅਸਲ ਰਾਜ ਕਿਸੇ ਹੋਰ ਥਾਂ ਤੋਂ ਕੰਮ ਕਰੇਗਾ।' "•[13] ਇਹ ਸਿਆਸੀ ਤਾਕਤ ਨੂੰ ਅਪਾਹਜ ਬਣਾ ਦੇਣ ਦਾ ਅਮਲ ਸੀ ਜੋ ਅਖੌਤੀ ਤਬਦੀਲੀ 'ਚੋਂ ਗੁਜ਼ਰ ਰਹੇ ਦੇਸ਼ਾਂ 'ਚ ਆਮ ਹੈ—ਨਵੀਂ ਸਰਕਾਰ ਨੂੰ ਘਰ ਦੀਆਂ ਕੁੰਜੀਆਂ ਤਾਂ ਦੇ ਦਿੱਤੀਆਂ ਜਾਂਦੀਆਂ ਹਨ ਪਰ ਤਿਜੌਰੀ ਨੇੜੇ ਨਹੀਂ ਜਾਣ ਦਿੱਤਾ ਜਾਂਦਾ।

ਮੈਂ ਤਾਂ ਇਹ ਸਮਝਣਾ ਚਾਹੁੰਦੀ ਸੀ ਕਿ ਆਜ਼ਾਦੀ ਦੇ ਸੂਰਬੀਰਤਾ ਭਰੇ ਸੰਘਰਸ਼ ਤੋਂ ਬਾਅਦ ਅਜਿਹਾ ਕੁਝ ਹੋਣ ਦੀ ਇਜਾਜ਼ਤ ਕਿਵੇਂ ਦੇ ਦਿੱਤੀ ਗਈ। ਸਿਰਫ਼ ਇਹ ਹੀ ਨਹੀਂ ਕਿ ਮੁਕਤੀ

• ਚਿੱਲੀ ਵਿਚ ਸ਼ਿਕਾਗੋ ਸਕੂਲ ਵਾਲੇ ਮੁੰਡਿਆਂ ਨੇ ਹੀ ਨਕੇਲ ਪਾਈ ਜਮਹੂਰੀਅਤ ਵਾਲੀ ਸਰਮਾਏਦਾਰੀ ਜਾਂ ਉਸ ਪ੍ਰਬੰਧ ਦੀ ਉਸਾਰੀ ਦਾ ਮੁੱਢ ਬੰਨ੍ਹਿਆ ਸੀ ਜਿਸ ਨੂੰ ਉਹ "ਨਵ ਜਮਹੂਰੀਅਤ" ਕਹਿੰਦੇ ਸਨ। ਚਿੱਲੀ ਵਿਚ, ਸਤਾਰਾਂ ਸਾਲ ਤਾਨਾਸ਼ਾਹ ਜੁੰਡਲੀ ਦਾ ਰਾਜ ਰਿਹਾ। ਇਸ ਤੋਂ ਬਾਅਦ ਚੁਣੀ ਹੋਈ ਸਰਕਾਰ ਨੂੰ ਸੱਤਾ ਸੌਂਪਣ ਤੋਂ ਪਹਿਲਾਂ ਸ਼ਿਕਾਗੋ ਵਾਲੇ ਮੁੰਡਿਆਂ ਨੇ ਸੰਵਿਧਾਨ ਅਤੇ ਨਿਆਂ ਪ੍ਰਣਾਲੀ 'ਚ ਐਨੀ ਰੱਦੋਬਦਲ ਕੀਤੀ ਹੋਈ ਸੀ ਕਿ ਉਨ੍ਹਾਂ ਦੇ ਤਿੱਖੇ ਕਾਨੂੰਨਾਂ ਨੂੰ ਕਿਸੇ ਕਾਨੂੰਨੀ ਤਰੀਕੇ ਨਾਲ ਪੁੱਠਾ ਗੇੜਾ ਦੇਣਾ ਅਸੰਭਵ ਸੀ। ਉਨ੍ਹਾਂ ਨੇ ਇਸ ਅਮਲ ਦੇ ਕਈ ਨਾਂ ਰੱਖੇ ਹੋਏ ਸਨ : "ਜਮਹੂਰੀਅਤ ਨੂੰ ਤਕਨੀਕੀ ਬਣਾਉਣਾ" ਦੀ ਉਸਾਰੀ, "ਸੁਰੱਖਿਅਤ ਜਮਹੂਰੀਅਤ," ਜਾਂ ਜਿਵੇਂ ਪਿਨੋਚੇਟ ਦੇ ਨੌਜਵਾਨ ਮੰਤਰੀ ਜੋਸ ਪਿਨੇਰਾ ਨੇ ਪੇਸ਼ ਕੀਤਾ ਸੀ, "ਸਿਆਸਤ ਤੋਂ ਅਲਹਿਦਗੀ ਯਕੀਨੀ ਬਣਾਉਣਾ।" ਪਿਨੋਚੇਟ ਦੇ ਆਰਥਕ ਮਾਮਲਿਆਂ ਦੇ ਅਧੀਨ ਸਕੱਤਰ ਐਲਵਰੋ ਬਾਰਦੋਨ ਨੇ ਸ਼ਿਕਾਗੋ ਸਕੂਲ ਦੀ ਟਕਸਾਲੀ ਦਲੀਲਬਾਜ਼ੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ : "ਜੇ ਅਸੀਂ ਆਰਥਿਕਤਾ ਨੂੰ ਵਿਗਿਆਨ ਮੰਨ ਲੈਂਦੇ ਹਾਂ, ਇਸ ਦਾ ਇਕਦਮ ਇਹ ਅਰਥ ਹੈ ਕਿ ਸਰਕਾਰ ਜਾਂ ਸਿਆਸੀ ਢਾਂਚੇ ਕੋਲ ਥੋੜ੍ਹੀ ਤਾਕਤ ਰਹੇਗੀ, ਕਿਉਂਕਿ ਫੇਰ ਅਜਿਹੇ ਫ਼ੈਸਲੇ ਲੈਣ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਨਹੀਂ ਰਹਿੰਦੀ।"

ਲਹਿਰ ਦੇ ਆਗੂਆਂ ਨੇ ਆਰਥਕ ਮੁਹਾਜ਼ ਨੂੰ ਕਿਵੇਂ ਤਿਲਾਂਜਲੀ ਦਿੱਤੀ, ਸਗੋਂ ਇਹ ਵੀ ਕਿ ਏ ਐੱਨ ਸੀ ਦੇ ਅਧਾਰ, ਜਿਸ ਜਨਤਾ ਨੇ ਪਹਿਲਾਂ ਐਨੀ ਕੁਰਬਾਨੀ ਕੀਤੀ ਸੀ ਉਸ ਨੇ ਆਪਣੇ ਆਗੂਆਂ ਨੂੰ ਇਹ ਕੁਝ ਕਿਵੇਂ ਕਰ ਲੈਣ ਦਿੱਤਾ। ਬੁਨਿਆਦੀ ਜਨਤਾ ਦੀ ਲਹਿਰ ਨੇ ਇਹ *ਮੰਗ* ਕਿਉਂ ਨਹੀਂ ਕੀਤੀ ਕਿ ਏ ਐੱਨ ਸੀ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰੇ ਅਤੇ ਜਦੋਂ ਛੋਟਾਂ ਦਿੱਤੀਆਂ ਜਾ ਰਹੀਆਂ ਸਨ ਤਾਂ ਇਨ੍ਹਾਂ ਵਿਰੁੱਧ ਬਗ਼ਾਵਤ ਕਿਉਂ ਨਹੀਂ ਕੀਤੀ ?

ਮੈਂ ਇਹ ਸਵਾਲ ਏ ਐੱਨ ਸੀ ਦੇ ਤੀਜੀ ਪੀੜ੍ਹੀ ਦੇ ਕਾਰਕੁਨ ਵਿਲੀਅਮ ਗੁਮੇਦ ਨੂੰ ਕੀਤਾ ਜਿਸ ਨੇ ਤਬਦੀਲੀ ਦੇ ਇਸ ਤਰਥੱਲੀ ਵਾਲੇ ਸਮੇਂ 'ਚ ਵਿਦਿਆਰਥੀ ਲਹਿਰ ਦੇ ਆਗੂ ਵਜੋਂ ਸੜਕਾਂ 'ਤੇ ਨਿੱਤਰ ਕੇ ਸੰਘਰਸ਼ ਕੀਤਾ ਸੀ। ਉਸ ਨੇ ਡੀ ਕਲਾਰਕ-ਮੰਡੇਲਾ ਸਿਖ਼ਰ ਸੰਮੇਲਨਾਂ ਦਾ ਜ਼ਿਕਰ ਕਰਦਿਆਂ ਉਸ ਸਮੇਂ ਬਾਰੇ ਦੱਸਿਆ, "ਹਰ ਕੋਈ ਸਿਆਸੀ ਵਾਰਤਾਵਾਂ 'ਤੇ ਨਜ਼ਰ ਰੱਖ ਰਿਹਾ ਸੀ। ਜੇ ਕਿਤੇ ਲੋਕਾਂ ਨੂੰ ਇਹ ਮਹਿਸੂਸ ਹੋ ਜਾਂਦਾ ਕਿ ਗੱਲ ਸਹੀ ਪਾਸੇ ਨਹੀਂ ਜਾ ਰਹੀ ਤਾਂ ਜਨਤਕ ਰੋਸ ਮੁਜ਼ਾਹਰੇ ਸ਼ੁਰੂ ਹੋ ਜਾਣੇ ਸਨ। ਅਸਲ ਵਿਚ ਜਦੋਂ ਆਰਥਕ ਗੱਲਬਾਤ ਕਰਨ ਵਾਲੇ ਵਾਪਸੀ ਰਿਪੋਰਟ ਕਰਦੇ ਤਾਂ ਲੋਕ ਇਹੀ ਸੋਚਦੇ ਕਿ ਇਹ ਤਕਨੀਕੀ ਮਾਮਲਾ ਹੈ; ਕੋਈ ਵੀ ਇਸ 'ਚ ਰੁਚੀ ਨਹੀਂ ਲੈਂਦਾ ਸੀ।" ਉਸ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਸੋਝੀ ਨੂੰ ਮਬੇਕੀ ਨੇ ਬਹੁਤ ਉਤਸ਼ਾਹਤ ਕੀਤਾ ਸੀ। ਉਹ ਗੱਲਬਾਤ ਨੂੰ ਇਸ ਤਰ੍ਹਾਂ ਪੇਸ਼ ਕਰਦਾ ਰਿਹਾ ਕਿ ਇਹ ਤਾਂ ਸਿਰਫ਼ "ਪ੍ਰਸ਼ਾਸਨਿਕ" ਮਾਮਲਾ ਹੈ ਅਤੇ ਇਸ ਦਾ ਜਨਤਾ ਨਾਲ ਕੋਈ ਸਰੋਕਾਰ ਨਹੀਂ ਹੈ (ਇਹ ਚਿੱਲੀ ਵਾਲਿਆਂ ਦੀ "ਤਕਨੀਕੀਕ੍ਰਿਤ ਜਮਹੂਰੀਅਤ" ਨਾਲ ਬਹੁਤ ਜ਼ਿਆਦਾ ਮਿਲਦਾ ਜੁਲਦਾ ਸੀ)। ਉਸ ਨੇ ਮੈਨੂੰ ਦੱਸਿਆ, ਇਸ ਦਾ ਸਿੱਟਾ ਇਹ ਹੋਇਆ "ਅਸੀਂ ਇਹ ਮੌਕਾ ਖੁੰਝਾ ਲਿਆ! ਸਾਨੂੰ ਅਸਲ ਕਹਾਣੀ ਸਮਝ ਹੀ ਨਹੀਂ ਆਈ।"

ਗੋਮੇਦ ਅੱਜਕੱਲ੍ਹ ਦੱਖਣੀ ਅਫ਼ਰੀਕਾ ਦੇ ਸਭ ਤੋਂ ਸਤਿਕਾਰੇ ਜਾਂਦੇ ਖੋਜੀ ਪੱਤਰਕਾਰਾਂ 'ਚੋਂ ਇਕ ਹੈ। ਉਹ ਦੱਸਦਾ ਹੈ ਕਿ ਉਸਨੂੰ ਬਸ ਇੰਨਾ ਹੀ ਸਮਝ ਆਇਆ ਸੀ ਕਿ ਉਨ੍ਹਾਂ "ਤਕਨੀਕੀ" ਮੀਟਿੰਗਾਂ 'ਚ ਉਸ ਦੇ ਵਤਨ ਦਾ ਖ਼ਰਾ ਭਵਿੱਖ ਤੈਅ ਕੀਤਾ ਜਾ ਰਿਹਾ ਸੀ—ਹਾਲਾਂਕਿ ਉਸ ਸਮੇਂ ਬਹੁਤ ਥੋੜ੍ਹਿਆਂ ਨੂੰ ਇਹ ਸਮਝ ਆਇਆ ਸੀ। ਮੈਂ ਕਈ ਲੋਕਾਂ ਨਾਲ ਗੱਲ ਕੀਤੀ। ਗੋਮੇਦ ਸਮੇਤ ਉਨ੍ਹਾਂ ਸਾਰਿਆਂ ਨੇ ਮੈਨੂੰ ਦੱਸਿਆ ਕਿ ਤਬਦੀਲੀ ਦੇ ਇਸ ਪੂਰੇ ਸਮੇਂ ਦੌਰਾਨ ਦੱਖਣੀ ਅਫ਼ਰੀਕਾ ਐਨ ਖ਼ਾਨਾਜੰਗੀ ਦੇ ਕੰਢੇ 'ਤੇ ਸੀ—ਨੈਸ਼ਨਲ ਪਾਰਟੀ ਦੇ ਹਥਿਆਰਬੰਦ ਗਰੋਹ ਸ਼ਹਿਰਾਂ ਦੀ ਵਸੋਂ ਨੂੰ ਦਹਿਸ਼ਤਜ਼ਦਾ ਕਰ ਰਹੇ ਸਨ, ਪੁਲਿਸ ਹਾਲੇ ਵੀ ਕਤਲੇਆਮ ਕਰੀ ਜਾ ਰਹੀ ਸੀ, ਹਾਲੇ ਵੀ ਆਗੂਆਂ ਨੂੰ ਕਤਲ ਕੀਤਾ ਜਾ ਰਿਹਾ ਸੀ ਅਤੇ ਦੇਸ਼ ਨੂੰ ਖ਼ੂਨ-ਖਰਾਬੇ ਵੱਲ ਧੱਕੇ ਜਾਣ ਦੀ ਚਰਚਾ ਚੱਲ ਰਹੀ ਸੀ। ਗੁਮੇਦ ਨੇ ਚੇਤੇ ਕੀਤਾ, "ਮੇਰਾ ਧਿਆਨ ਸਿਆਸਤ—ਜਨਤਕ ਕਾਰਵਾਈ—ਉੱਪਰ ਕੇਂਦਰਤ ਸੀ, 'ਇਹ ਲੋਕ (ਪੁਲਿਸ) ਇੱਥੋਂ ਚਲੇ ਜਾਣ!' ਮੈਂ ਇਹ ਚੀਕਦਾ ਹੋਇਆ ਬਿਸ਼ੂ (ਮੁਜ਼ਾਹਰਾਕਾਰੀਆਂ ਅਤੇ ਪੁਲਿਸ ਦਰਮਿਆਨ ਜ਼ੋਰ ਅਜ਼ਮਾਈ ਦੀ ਥਾਂ) ਵੱਲ ਜਾ ਰਿਹਾ ਸੀ, ਪਰ ਇਹ ਅਸਲ ਸੰਘਰਸ਼ ਨਹੀਂ ਸੀ—ਅਸਲ ਸੰਘਰਸ਼ ਤਾਂ ਅਰਥਸ਼ਾਸਤਰ ਬਾਰੇ ਸੰਘਰਸ਼ ਸੀ। ਮੈਨੂੰ ਆਪਣੇ ਬਾਰੇ ਸੋਚ ਕੇ ਮਾਯੂਸੀ ਹੁੰਦੀ ਹੈ ਕਿ ਓਦੋਂ ਮੈਂ ਐਨਾ ਸਿੱਧੜ ਕਿਉਂ ਸੀ। ਮੈਂ ਸੋਚਦਾ ਸੀ ਕਿ ਮੈਂ ਸਿਆਸੀ ਤੌਰ 'ਤੇ ਐਨਾ ਪ੍ਰੌਢ ਹਾਂ ਕਿ ਮਾਮਲਿਆਂ ਨੂੰ ਸਮਝ ਸਕਦਾ ਹਾਂ। ਫੇਰ ਮੈਂ ਇਸਨੂੰ ਕਿਉਂ ਨਾ ਸਮਝ ਸਕਿਆ ? "

ਓਦੋਂ ਤੋਂ, ਗੁਮੇਦ ਅਜਾਈਂ ਲੰਘੇ ਵਕਤ ਦੀ ਕਸਰ ਪੂਰੀ ਕਰਨ 'ਚ ਜੁਟਿਆ ਹੋਇਆ ਹੈ। ਜਦੋਂ ਸਾਡੀ ਮੁਲਾਕਾਤ ਹੋਈ ਓਦੋਂ ਉਸ ਦੀ ਨਵੀਂ ਕਿਤਾਬ *ਥਾਬੋ ਮਬੇਕੀ ਅਤੇ ਏ ਐੱਨ ਸੀ ਦੀ*

ਆਤਮਾ ਨੂੰ ਬਚਾਉਣ ਦੀ ਲੜਾਈ ਨਾਲ ਕੌਮੀ ਪੱਧਰ 'ਤੇ ਤਰਥੱਲ ਮਚਿਆ ਹੋਇਆ ਸੀ। ਇਹ ਉਨ੍ਹਾਂ ਸਿਖ਼ਰ ਸੰਮੇਲਨਾਂ 'ਚ ਏ ਐੱਨ ਸੀ ਵਲੋਂ ਦੇਸ਼ ਦੀ ਆਰਥਕ ਪ੍ਰਭੂਸੱਤਾ ਦੀ ਕੀਮਤ 'ਤੇ ਸਮਝੌਤਾ ਕਰ ਲੈਣ ਦਾ ਭਰਵਾਂ ਪਰਦਾਫਾਸ਼ ਹੈ ਜਦੋਂ ਉਹ ਹੋਰ ਪਾਸੇ ਜ਼ਿਆਦਾ ਰੁੱਝਿਆ ਹੋਣ ਕਾਰਨ ਇਸ ਪਾਸੇ ਧਿਆਨ ਨਹੀਂ ਸੀ ਦੇ ਸਕਿਆ। ਗੁਮੇਦ ਨੇ ਮੈਨੂੰ ਦੱਸਿਆ, "ਮੈਂ ਇਹ ਕਿਤਾਬ ਰੋਹ 'ਚ ਆ ਕੇ ਲਿਖੀ ਸੀ, ਆਪਣੇ ਅਤੇ ਪਾਰਟੀ ਉੱਪਰ ਗੁੱਸੇ 'ਚੋਂ।"

ਇਹ ਸਮਝਣਾ ਮੁਸ਼ਕਲ ਹੈ ਕਿ ਇਸ ਦਾ ਨਤੀਜਾ ਵੱਖਰਾ ਕਿਵੇਂ ਹੁੰਦਾ। ਜੇ ਪਦਾਏਚੀ ਦੀ ਗੱਲ ਸਹੀ ਹੈ ਅਤੇ ਏ ਐੱਨ ਸੀ ਵਲੋਂ ਗੱਲਬਾਤ ਕਰਨ ਵਾਲੇ ਹੀ ਉਸ ਘੋਰ ਨੁਕਸਾਨ ਨੂੰ ਨਹੀਂ ਸਮਝ ਸਕੇ ਜੋ ਉਨ੍ਹਾਂ ਵਲੋਂ ਕੀਤੀ ਜਾ ਰਹੀ ਸੌਦੇਬਾਜ਼ੀ ਕਾਰਨ ਹੋਣਾ ਸੀ ਤਾਂ ਲਹਿਰ ਦੇ ਸਾਧਾਰਨ ਯੋਧੇ ਇਹ ਕਿਵੇਂ ਸਮਝ ਲੈਂਦੇ।

ਜਦੋਂ ਉਨ੍ਹਾਂ ਅਹਿਮ ਸਮਿਆਂ 'ਚ ਸਮਝੌਤੇ ਕੀਤੇ ਜਾ ਰਹੇ ਸਨ, ਉਸ ਵਕਤ ਦੱਖਣੀ ਅਫ਼ਰੀਕੀ ਲੋਕ ਦੁਬਿਧਾ ਦੇ ਸੰਕਟ 'ਚ ਫਸੇ ਹੋਏ ਸਨ। ਇਕ ਪਾਸੇ ਉਹ ਖੁਸ਼ ਸਨ ਕਿ ਮੰਡੇਲਾ ਆਜ਼ਾਦ ਹੈ ਅਤੇ ਦੂਜੇ ਪਾਸੇ ਉਹ ਗੁੱਸੇ 'ਚ ਕਚੀਚੀਆਂ ਵੱਟ ਰਹੇ ਸਨ ਕਿ ਛੋਟੀ ਉਮਰ ਦੇ ਖਾੜਕੂ ਕਰਿਸ ਹਨੀ ਨੂੰ ਨਸਲਵਾਦੀ ਕਾਤਲ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ ਜਿਸ ਬਾਰੇ ਬਹੁਤਿਆਂ ਨੂੰ ਆਸ ਸੀ ਕਿ ਉਹ ਮੰਡੇਲਾ ਦੀ ਥਾਂ ਲਵੇਗਾ। ਮੁੱਠੀ ਭਰ ਅਰਥਸ਼ਾਸਤਰੀਆਂ ਨੂੰ ਛੱਡ ਕੇ, ਹੋਰ ਕੋਈ ਬੰਦਾ ਕੇਂਦਰੀ ਬੈਂਕ ਨੂੰ ਕੰਟਰੋਲ ਮੁਕਤ ਕਰਨ ਦੀ ਗੱਲ ਨਹੀਂ ਕਰਦਾ ਸੀ। ਇਹ ਮੁੱਦਾ ਆਮ ਹਾਲਾਤ 'ਚ ਵੀ ਨੀਂਦ ਦੀ ਜ਼ਬਰਦਸਤ ਦਵਾਈ ਦਾ ਕੰਮ ਕਰਦਾ ਹੈ। ਗੁਮੇਦ ਦੱਸਦਾ ਹੈ ਕਿ ਬਹੁਤੇ ਲੋਕ ਇਹੀ ਮੰਨੀ ਬੈਠੇ ਸਨ ਕਿ ਸੱਤਾ 'ਚ ਆਉਣ ਲਈ ਭਾਵੇਂ ਕੋਈ ਸਮਝੌਤਾ ਕਰਨਾ ਪੈ ਜਾਵੇ, ਜਦੋਂ ਇਕ ਵਾਰ ਏ ਐੱਨ ਸੀ ਨੇ ਵਾਗਡੋਰ ਸਾਂਭ ਲਈ, ਸਮਝੌਤੇ ਰੱਦ ਕਰ ਦਿੱਤੇ ਜਾਣਗੇ। ਉਸ ਨੇ ਉਸ ਸਮੇਂ ਦੀ ਸੋਚ ਦੱਸੀ, "ਸਾਡੀ ਸਰਕਾਰ ਬਣ ਰਹੀ ਹੈ—ਇਨ੍ਹਾਂ ਚੀਜ਼ਾਂ ਨੂੰ ਬਾਅਦ 'ਚ ਤੈਅ ਕਰ ਸਕਦੇ ਹਾਂ।"

ਉਸ ਵਕਤ ਏ ਐੱਨ ਸੀ ਦੇ ਕਾਰਕੁਨਾਂ ਦੇ ਸਮਝ ਨਹੀਂ ਆਇਆ ਕਿ ਅਸਲ ਵਿਚ ਤਾਂ ਉਨ੍ਹਾਂ ਵਾਰਤਾਵਾਂ ਵਿਚ ਜਮਹੂਰੀਅਤ ਦੇ ਸੁਭਾਅ ਨੂੰ ਇਸ ਤਰ੍ਹਾਂ ਬਦਲਿਆ ਜਾ ਰਿਹਾ ਸੀ ਤਾਂ ਜੋ ਜਦੋਂ ਇਕ ਵਾਰ ਦੇਸ਼ ਬੰਦਸ਼ਾਂ ਦੇ ਜਾਲ ਦੇ ਟੇਟੇ ਚੜ੍ਹ ਗਿਆ ਤਾਂ *ਬਾਅਦ ਵਾਲੀ* ਗੱਲ ਹੀ ਨਹੀਂ ਰਹਿਣੀ।

ਏ ਐੱਨ ਸੀ ਨੇ ਰਾਜ ਦੇ ਪਹਿਲੇ ਦੋ ਸਾਲਾਂ ਦੌਰਾਨ ਹਾਸਲ ਸੀਮਤ ਵਸੀਲਿਆਂ ਨੂੰ ਵਰਤਕੇ ਦੌਲਤ ਦੀ ਮੁੜ ਵੰਡ ਦਾ ਵਾਅਦਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਜਨਤਕ ਕੰਮਾਂ 'ਚ ਬਹੁਤ ਸਾਰਾ ਜਨਤਕ ਪੂੰਜੀ-ਨਿਵੇਸ਼ ਕੀਤਾ ਗਿਆ—ਗਰੀਬਾਂ ਨੂੰ ਇਕ ਲੱਖ ਤੋਂ ਵੱਧ ਘਰ ਬਣਾ ਕੇ ਦਿੱਤੇ ਗਏ। ਦਹਿ-ਲੱਖਾਂ ਲੋਕਾਂ ਨੂੰ ਪਾਣੀ, ਬਿਜਲੀ ਅਤੇ ਫ਼ੋਨ ਲਾਈਨਾਂ ਮੁਹੱਈਆ ਕਰਾਈਆਂ ਗਈਆਂ।[14] ਪਰ ਅੰਤ ਓਹੀ ਕਹਾਣੀ ਸ਼ੁਰੂ ਹੋ ਗਈ, ਛੇਤੀ ਹੀ ਕਰਜੇ ਦੇ ਬੋਝ ਅਤੇ ਕੌਮਾਂਤਰੀ ਦਬਾਅ ਹੇਠ ਇਨ੍ਹਾਂ ਸੇਵਾਵਾਂ ਦਾ ਨਿੱਜੀਕਰਨ ਕਰਕੇ ਸਰਕਾਰ ਨੇ ਇਨ੍ਹਾਂ ਦੇ ਖ਼ਰਚੇ ਵਸੂਲਣੇ ਸ਼ੁਰੂ ਕਰ ਦਿੱਤੇ। ਏ ਐੱਨ ਸੀ ਦੇ ਇਕ ਦਹਾਕਾ ਰਾਜ ਕਰਨ ਤੋਂ ਬਾਅਦ, ਜਿਨ੍ਹਾਂ ਲੋਕਾਂ ਨੇ ਪਾਣੀ ਅਤੇ ਬਿਜਲੀ ਦੇ ਨਵੇਂ ਕੁਨੈਕਸ਼ਨ ਲਏ ਸਨ ਉਨ੍ਹਾਂ ਵਿਚੋਂ ਦਹਿ-ਲੱਖਾਂ ਲੋਕ ਕੁਨੈਕਸ਼ਨ ਕਟਾਉਣ ਲਈ ਮਜਬੂਰ ਹੋ ਗਏ ਕਿਉਂਕਿ ਉਹ ਬਿਲ ਭਰਨ ਤੋਂ ਅਸਮਰੱਥ ਸਨ।• 2003 'ਚ ਘੱਟੋ-ਘੱਟ 40 ਫ਼ੀ ਸਦੀ ਨਵੇਂ

• ਦੱਖਣੀ ਅਫ਼ਰੀਕਾ 'ਚ ਇਹ ਬਹੁਤ ਹੀ ਰੱਟੇ ਦਾ ਸਵਾਲ ਹੈ ਕਿ ਜਿੰਨੇ ਲੋਕਾਂ ਨੂੰ ਇਨ੍ਹਾਂ ਸੇਵਾਵਾਂ ਦੇ ਨਵੇਂ ਕੁਨੈਕਸ਼ਨ ਮਿਲੇ ਸਨ ਕੀ ਉਸ ਤੋਂ ਵੱਧ ਗਿਣਤੀ ਨੂੰ ਕਟਾਉਣੇ ਪਏ ਹਨ ? ਘੱਟੋ-ਘੱਟ ਇਕ

ਫ਼ੋਨ ਕੱਟ ਦਿੱਤੇ ਗਏ ਸਨ।[15] ਜਿਨ੍ਹਾਂ "ਬੈਂਕਾਂ, ਖਾਣਾਂ ਅਤੇ ਅਜਾਰੇਦਾਰੀ ਮਾਲਕੀ ਵਾਲੀਆਂ ਸਨਅਤਾਂ" ਦੇ ਕੌਮੀਕਰਨ ਦੀ ਸਹੁੰ ਮੰਡੇਲਾ ਨੇ ਖਾਧੀ ਸੀ, ਉਹ ਗੋਰਿਆਂ ਦੀ ਮਾਲਕੀ ਵਾਲੇ ਉਨ੍ਹਾਂ ਚਾਰ ਮੈਗਾ ਸਨਅਤੀ ਸਮੂਹਾਂ ਦੀ ਜਕੜ 'ਚ ਹੀ ਰਹੀਆਂ ਜੋ ਜੌਹਨਸਬਰਗ ਸਟਾਕ ਐਕਸਚੇਂਜ਼ ਦੇ 80 ਫ਼ੀ ਸਦੀ ਹਿੱਸੇ 'ਤੇ ਕਾਬਜ਼ ਹਨ।[16] 2005 'ਚ, ਇਸ ਐਕਸਚੇਂਜ਼ ਦੀ ਸੂਚੀ 'ਚ ਦਰਜ ਕੰਪਨੀਆਂ ਦਾ 4 ਫ਼ੀ ਸਦੀ ਹੀ ਕਾਲੇ ਲੋਕਾਂ ਦੀ ਮਾਲਕੀ ਜਾਂ ਕਬਜ਼ੇ ਹੇਠ ਸੀ।[17] 2006 'ਚ, ਦੱਖਣੀ ਅਫ਼ਰੀਕਾ ਦੀ 70 ਫ਼ੀ ਸਦੀ ਜ਼ਮੀਨ ਉੱਪਰ ਗੋਰਿਆਂ ਦੀ ਅਜਾਰੇਦਾਰੀ ਸੀ ਜੋ ਵਸੋਂ ਦਾ ਸਿਰਫ਼ 10 ਫ਼ੀ ਸਦੀ ਹਨ।[18] ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਏ ਐੱਨ ਸੀ ਸਰਕਾਰ ਨੇ ਐੱਚ ਆਈ ਵੀ ਤੋਂ ਪੀੜਤ 50 ਲੱਖ ਲੋਕਾਂ ਲਈ ਜੀਵਨ ਬਚਾਓ ਦਵਾਈਆਂ ਹਾਸਲ ਕਰਨ ਦੀ ਬਜਾਏ ਏਡਜ਼ ਦੇ ਘੋਰ ਸੰਕਟ ਤੋਂ ਇਨਕਾਰੀ ਹੋਣ 'ਤੇ ਜ਼ਿਆਦਾ ਜ਼ੋਰ ਲਾਇਆ, ਹਾਲਾਂਕਿ 2007 ਦੇ ਸ਼ੁਰੂ 'ਚ ਇਸ ਦਿਸ਼ਾ 'ਚ ਕੁਝ ਹਾਂਪੱਖੀ ਤਰੱਕੀ ਹੋਣ ਦਾ ਸੰਕੇਤ ਜ਼ਰੂਰ ਮਿਲਿਆ।[19] ਸ਼ਾਇਦ ਇਹ ਅੰਕੜਾ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਹੈ : ਜਿਸ ਸਾਲ 1990 'ਚ ਮੰਡੇਲਾ ਜੇਲ੍ਹ ਤੋਂ ਬਾਹਰ ਆਇਆ, ਓਦੋਂ ਤੋਂ ਲੈ ਕੇ ਦੱਖਣੀ ਅਫ਼ਰੀਕੀ ਲੋਕਾਂ ਦੀ ਔਸਤ ਜ਼ਿੰਦਗੀ ਤੇਰਾਂ ਸਾਲ ਘਟ ਗਈ ਹੈ।[20]

ਇਨ੍ਹਾਂ ਸਾਰੇ ਤੱਥਾਂ ਅਤੇ ਅੰਕੜਿਆਂ ਦੀ ਤਹਿ ਹੇਠ ਏ ਐੱਨ ਸੀ ਦੀ ਲੀਡਰਸ਼ਿਪ ਵੱਲੋਂ ਚੁਣਿਆ ਉਹ ਮੰਦਭਾਗਾ ਰਾਹ ਮੌਜੂਦ ਹੈ ਜਿਸ ਬਾਰੇ ਇਸ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਆਰਥਕ ਵਾਰਤਾਵਾਂ 'ਚ ਇਸ ਨੂੰ ਠਿੱਬੀ ਲੱਗ ਚੁੱਕੀ ਹੈ। ਇਸ ਪੜਾਅ 'ਤੇ ਪਾਰਟੀ ਜਾਂ ਤਾਂ ਦੂਜੀ ਮੁਕਤੀ ਲਹਿਰ ਚਲਾਉਂਦੀ ਅਤੇ ਉਸ ਦਮਘੋਟੂ ਜਾਲ ਨੂੰ ਤੋੜਨ ਦਾ ਰਾਹ ਅਪਣਾਉਂਦੀ ਜੋ ਤਬਦੀਲੀ ਦੇ ਅਰਸੇ 'ਚ ਬੁਣਿਆ ਗਿਆ ਸੀ। ਜਾਂ ਇਹ ਸੀਮਤ ਤਾਕਤ ਵਾਲੀ ਸੱਤਾ ਨੂੰ ਕਬੂਲ ਕਰਦੀ ਅਤੇ ਨਵੇਂ ਆਰਥਕ ਪ੍ਰਬੰਧ ਨੂੰ ਅਪਣਾਉਂਦੀ। ਏ ਐੱਨ ਸੀ ਦੀ ਲੀਡਰਸ਼ਿਪ ਨੇ ਮਗਰਲਾ ਰਾਹ ਚੁਣਿਆ। ਦੇਸ਼ 'ਚ ਮੌਜੂਦ ਦੌਲਤ ਦੀ ਮੁੜ ਵੰਡ—ਆਜ਼ਾਦੀ ਚਾਰਟਰ ਦੀ ਜਿਸ ਗੁਲੀ ਦੇ ਅਧਾਰ 'ਤੇ ਲੀਡਰਸ਼ਿਪ ਚੁਣੀ ਗਈ ਸੀ—ਨੂੰ ਆਪਣੀ ਨੀਤੀ ਦਾ ਧੁਰਾ ਬਣਾਉਣ ਦੀ ਬਜਾਏ ਏ ਐੱਨ ਸੀ ਨੇ ਸਰਕਾਰ ਬਣਾ ਕੇ ਇਹ ਭਾਰੂ ਦਲੀਲ ਮੰਨ ਲਈ ਕਿ ਨਵੇਂ ਬਦੇਸ਼ੀ ਪੂੰਜੀ-ਨਿਵੇਸ਼ਕਾਰਾਂ ਨੂੰ ਪੂੰਜੀ ਲਾਉਣ ਲਈ ਪ੍ਰੇਰਤ ਕਰਨਾ ਹੀ ਇਕੋ ਇਕ ਆਸ ਬਚੀ ਹੈ ਜੋ ਨਵੀਂ ਦੌਲਤ ਪੈਦਾ ਕਰਨਗੇ। ਇਸ ਦੇ ਲਾਭ ਗਰੀਬਾਂ ਤੱਕ ਹੌਲੀ ਹੌਲੀ (trickle down) ਪਹੁੰਚ ਜਾਣਗੇ। ਪਰ ਹੌਲੀ ਹੌਲੀ ਲਾਭ ਹੋਣ ਦੇ ਮਾਡਲ ਨੂੰ ਅਮਲੀ ਰੂਪ ਦੇਣ ਲਈ, ਏ ਐੱਨ ਸੀ ਸਰਕਾਰ ਨੂੰ ਆਪਣੇ ਵਤੀਰੇ 'ਚ ਤਿੱਖਾ ਬਦਲਾਅ ਲਿਆਉਣਾ ਪਿਆ ਸੀ ਅਤੇ ਇਹ ਪੂੰਜੀ ਨਿਵੇਸ਼ਕਾਰਾਂ ਨੂੰ ਅਪੀਲਾਂ ਕਰਨ ਦੇ ਰਾਹ ਤੁਰ ਪਈ ਸੀ।

ਜਿਵੇਂ ਮੰਡੇਲਾ ਨੂੰ ਜੇਲ੍ਹ ਤੋਂ ਬਾਹਰ ਆ ਕੇ ਮਹਿਸੂਸ ਹੋਇਆ, ਇਹ ਸੁਖ਼ਾਲਾ ਕੰਮ ਨਹੀਂ ਸੀ। ਜਿਉਂ ਹੀ ਉਹ ਰਿਹਾਅ ਹੋਇਆ, ਦੱਖਣੀ ਅਫ਼ਰੀਕਾ ਦੇ ਸਿੱਕੇ ਰੈਂਡ ਦਾ ਮੁੱਲ ਇਕਦਮ 10 ਫ਼ੀ ਸਦੀ ਘਟ ਗਿਆ।[21] ਕੁਝ ਹਫ਼ਤੇ ਬਾਅਦ ਹੀ, ਹੀਰਾ ਉਦਯੋਗ ਦੀ ਕਾਰਪੋਰੇਸ਼ਨ ਆਪਣਾ ਸਦਰ ਮੁਕਾਮ ਦੱਖਣੀ ਅਫ਼ਰੀਕਾ ਤੋਂ ਸਵਿਟਜ਼ਰਲੈਂਡ ਲੈ ਗਈ।[22] ਜਦੋਂ ਤਿੰਨ ਦਹਾਕੇ ਪਹਿਲਾਂ ਮੰਡੇਲਾ ਨੂੰ

ਭਰੋਸੇਯੋਗ ਅਧਿਐਨ ਤੋਂ ਇਹੀ ਸਾਹਮਣੇ ਆਇਆ ਹੈ ਕਿ ਕੁਨੈਕਸ਼ਨ ਲੈਣ ਵਾਲਿਆਂ ਨਾਲੋਂ ਕਟਾਉਣ ਵਾਲਿਆਂ ਦੀ ਤਾਦਾਦ ਵੱਧ ਹੈ : ਸਰਕਾਰ ਕਹਿੰਦੀ ਹੈ ਕਿ ਇਸ ਨੇ 90 ਲੱਖ ਲੋਕਾਂ ਨੂੰ ਪਾਣੀ ਦੇ ਕੁਨੈਕਸ਼ਨ ਦਿੱਤੇ, ਅਧਿਐਨ ਨੇ ਹਿਸਾਬ ਲਾਇਆ ਹੈ ਕਿ ਕੁਨੈਕਸ਼ਨ ਕਟਾਉਣ ਵਾਲਿਆਂ ਦੀ ਗਿਣਤੀ ਇਕ ਕਰੋੜ ਹੈ।

ਕੈਦ ਕੀਤਾ ਗਿਆ ਸੀ ਓਦੋਂ ਉਸ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਮੰਡੀਆਂ ਤੁਰੰਤ ਇਸ ਤਰ੍ਹਾਂ ਦੀ ਸਜ਼ਾ ਦੇਣਗੀਆਂ। ਸੱਠਵਿਆਂ 'ਚ, ਬਹੁ-ਕੌਮੀ ਕੰਪਨੀਆਂ ਮੌਜ ਨਾਲ ਹੀ ਇਕ ਦੇਸ਼ ਤੋਂ ਦੂਜੇ ਦੇਸ਼ ਨਹੀਂ ਜਾ ਸਕਦੀਆਂ ਸਨ। ਓਦੋਂ ਦੁਨੀਆਂ ਦੀ ਮੁਦਰਾ ਪ੍ਰਣਾਲੀ ਸੋਨੇ ਦੇ ਮਾਪ ਨਾਲ ਪੱਕੇ ਤੌਰ 'ਤੇ ਬੱਝੀ ਹੋਈ ਸੀ। ਹੁਣ ਦੱਖਣੀ ਅਫ਼ਰੀਕਾ ਦੀ ਮੁਦਰਾ ਉੱਪਰੋਂ ਕੰਟਰੋਲ ਹਟਾ ਦਿੱਤਾ ਗਿਆ ਸੀ, ਵਪਾਰਕ ਰੋਕਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ ਅਤੇ ਵਪਾਰ ਥੋੜ੍ਹਚਿਰੀ ਸੱਟੇਬਾਜ਼ੀ ਬਣ ਕੇ ਰਹਿ ਗਿਆ ਸੀ। ਅਸਥਿਰ ਸੁਭਾਅ ਵਾਲੀ ਮੰਡੀ ਨੂੰ ਮੰਡੇਲਾ ਦੀ ਰਿਹਾਈ ਫੁੱਟੀ ਅੱਖ ਨਹੀਂ ਭਾਉਂਦੀ ਸੀ। ਮਾਮਲਾ ਇੱਥੋਂ ਤੱਕ ਸੀਮਤ ਨਹੀਂ ਸੀ। ਮੰਡੇਲਾ ਜਾਂ ਏ ਐੱਨ ਸੀ ਦੇ ਹੋਰ ਕਿਸੇ ਆਗੂ ਦੇ ਬੋਲੇ ਚੰਦ ਲਫ਼ਜ਼ਾਂ ਨੂੰ ਗ਼ਲਤ ਸਮਝ ਲੈਣਾ ਹੀ ਮੀਡੀਆ 'ਚ ਭੂਚਾਲ ਆਉਣ ਲਈ ਕਾਫ਼ੀ ਸੀ ਜਿਸ ਨੂੰ *ਨਿਊ ਯਾਰਕ ਟਾਈਮਜ਼* ਦੇ ਕਾਲਮ ਨਵੀਸ ਥਾਮਸ ਫਰਾਇਡਮੈਨ ਨੇ "ਇਲੈਕਟ੍ਰਾਨਿਕ ਵੱਗ" ਕਿਹਾ ਸੀ।[23] ਮੰਡੇਲਾ ਦੀ ਰਿਹਾਈ ਦਾ ਸਵਾਗਤ ਜਿਸ ਤਰ੍ਹਾਂ ਦੀ ਭਾਜੜ ਨਾਲ ਹੋਇਆ ਇਹ ਏ ਐੱਨ ਸੀ ਲੀਡਰਸ਼ਿਪ ਦੇ ਬਿਆਨਾਂ ਅਤੇ ਵਿਤੀ ਮੰਡੀਆਂ ਦੇ ਜਵਾਬੀ ਪ੍ਰਤੀਕਰਮ ਦੇ ਅਮਲ ਦੀ ਸ਼ੁਰੂਆਤ ਹੀ ਸੀ—ਸਦਮਾ ਸਿਧਾਂਤ ਦੇ ਇਨ੍ਹਾਂ ਬੋਲਾਂ ਨੇ ਹੀ ਪਾਰਟੀ ਨੂੰ ਇਸ ਖੇਡ੍ਹ ਦੇ ਨਵੇਂ ਨਿਯਮ ਸਿਖਾਏ। ਹਰ ਵਾਰ ਜਦੋਂ ਪਾਰਟੀ ਦਾ ਕੋਈ ਮੁੱਖ ਆਗੂ ਕੋਈ ਬਿਆਨ ਦਿੰਦਾ ਜਿਸ ਤੋਂ ਇਹ ਸੰਕੇਤ ਮਿਲਦਾ ਕਿ 'ਚੰਦਰਾ' ਆਜ਼ਾਦੀ ਚਾਰਟਰ ਹਾਲੇ ਵੀ ਨੀਤੀ ਬਣ ਸਕਦਾ ਹੈ, ਮੰਡੀ ਤੁਰੰਤ ਝਟਕਾ ਮਾਰਦੀ ਅਤੇ ਰੈਂਡ ਦੀ ਕੀਮਤ ਧੜੰਮ ਡਿਗ ਜਾਂਦੀ। ਕਾਇਦੇ-ਕਾਨੂੰਨ ਬੜੇ ਸਿੱਧੇ-ਸਾਦੇ ਅਤੇ ਕਠੋਰ ਸਨ। ਇਕ ਅੱਖਰੀ ਬੋਲਾਂ ਦੇ ਇਲੈਕਟ੍ਰਾਨਿਕ ਸਮੀਕਰਨ ਇੰਞ ਸਨ: ਨਿਆਂ—ਮਹਿੰਗਾ ਹੈ, ਵੇਚ ਦਿਓ; ਯਥਾ ਸਥਿਤੀ—ਠੀਕ ਹੈ, ਖ਼ਰੀਦ ਲਓ। ਜਦੋਂ ਰਿਹਾਈ ਤੋਂ ਥੋੜ੍ਹਾ ਬਾਅਦ 'ਚ, ਮੰਡੇਲਾ ਇਕ ਮੋਹਰੀ ਕਾਰੋਬਾਰੀ ਵੱਲੋਂ ਦਿੱਤੀ ਦੁਪਹਿਰ ਦੇ ਖਾਣੇ ਦੀ ਦਾਅਵਤ ਸਮੇਂ ਕੌਮੀਕਰਨ ਦੇ ਪੱਖ 'ਚ ਬੋਲਿਆ ਤਾਂ "ਸੋਨਾ ਸੂਚਕ-ਅੰਕ 5 ਫ਼ੀ ਸਦੀ ਡਿਗ ਗਿਆ ਸੀ।"[24]

ਇੱਥੋਂ ਤੱਕ ਕਿ ਜਿਨ੍ਹਾਂ ਕਦਮਾਂ ਦਾ ਵਿਤੀ ਜਗਤ ਨਾਲ ਕੋਈ ਲਾਗਾਦੇਗਾ ਵੀ ਨਹੀਂ ਸੀ ਪਰ ਜਿਨ੍ਹਾਂ ਤੋਂ ਤਿੱਖੇ ਖ਼ਿਆਲਾਂ ਦੀ ਭੋਰਾ ਵੀ ਬੂ ਆਉਂਦੀ ਉਨ੍ਹਾਂ ਕਾਰਨ ਵੀ ਮੰਡੀ 'ਚ ਭੂਚਾਲ ਆ ਜਾਂਦਾ ਸੀ। ਇਕ ਵਾਰ ਐੱਨ ਸੀ ਦੇ ਇਕ ਮੰਤਰੀ ਟਰੈਵੋਰ ਮੈਨੂਅਲ ਨੇ ਦੱਖਣੀ ਅਫ਼ਰੀਕਾ ਦੀ ਫੁੱਟਬਾਲ ਟੀਮ ਨੂੰ "ਗੋਰੀ ਘੱਟ-ਗਿਣਤੀ ਦੀ ਖੇਡ੍ਹ" ਕਹਿ ਦਿੱਤਾ ਕਿਉਂਕਿ ਇਸ ਦੀ ਸਾਰੀ ਟੀਮ ਗੋਰਿਆਂ ਨੂੰ ਲੈ ਕੇ ਬਣਾਈ ਹੋਈ ਸੀ ਤਾਂ ਰੈਂਡ ਇਕ ਵਾਰ ਫੇਰ ਲੁੜਕ ਗਿਆ।[25]

ਨਵੀਂ ਸਰਕਾਰ 'ਤੇ ਲੱਗੀਆਂ ਬੰਦਸ਼ਾਂ ਵਿਚੋਂ ਮੰਡੀ ਦੀ ਬੰਦਸ਼ ਸਭ ਤੋਂ ਡਾਹਢੀ ਸੀ। ਇਕ ਤਰ੍ਹਾਂ ਨਾਲ ਇਹ ਬੰਧਨ ਮੁਕਤ ਸਰਮਾਏਦਾਰੀ ਦਾ ਖ਼ਾਸ ਸੁਭਾਅ ਹੈ : ਇਹ ਆਪਣੇ ਆਪ ਅਮਲ 'ਚ ਆਉਂਦੀ ਹੈ। ਜਦੋਂ ਇਕ ਵਾਰ ਦੇਸ਼ ਦੇ ਦਰਵਾਜ਼ੇ ਚੰਚਲ ਸੁਭਾਅ ਦੀ ਆਲਮੀ ਮੰਡੀ ਲਈ ਖੋਲ੍ਹ ਦਿੱਤੇ ਜਾਂਦੇ ਹਨ ਤਾਂ ਨਿਊ ਯਾਰਕ ਅਤੇ ਲੰਦਨ 'ਚ ਬੈਠੇ ਵਪਾਰੀ ਸ਼ਿਕਾਗੋ ਸਕੂਲ ਦੇ ਕੱਟੜ ਆਰਥਕ ਸਿਧਾਂਤ ਤੋਂ ਮਾੜਾ-ਮੋਟਾ ਵੀ ਇਧਰ-ਉਧਰ ਹੋਣ 'ਤੇ ਤੁਰੰਤ ਸਜ਼ਾ ਦਿੰਦੇ ਹਨ। ਉਹ ਉਲੰਘਣਾ ਕਰਨ ਵਾਲੇ ਦੇਸ਼ ਦੀ ਮੁਦਰਾ ਦਾ ਸੱਟਾ ਲਾ ਕੇ ਉਸ ਨੂੰ ਡੂੰਘੇ ਸੰਕਟ 'ਚ ਸੁੱਟ ਦਿੰਦੇ ਹਨ। ਹੋਰ ਕਰਜੇ ਉਸ ਦੀ ਅਣਸਰਦੀ ਲੋੜ ਬਣ ਜਾਂਦੀ ਹੈ ਅਤੇ ਉੱਪਰੋਂ ਹੋਰ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਹਨ। 1997 'ਚ ਮੰਡੇਲਾ ਨੇ ਇਸ ਜਾਲ 'ਚ ਫਸੇ ਹੋਣ ਦੀ ਸਚਾਈ ਦਾ ਇਕਬਾਲ ਕਰਦਿਆਂ ਏ ਐੱਨ ਸੀ ਦੇ ਕੌਮੀ ਸੰਮੇਲਨ ਨੂੰ ਦੱਸਿਆ : "ਸਰਮਾਏ ਦੀ ਅਸਥਿਰਤਾ ਅਤੇ ਸਰਮਾਏ ਅਤੇ ਮੰਡੀਆਂ ਦਾ ਵਿਸ਼ਵੀਕਰਨ ਹੋ ਜਾਣ ਕਾਰਨ ਸਾਡੇ ਵਰਗੇ ਦੇਸ਼ ਹੁਣ ਇਨ੍ਹਾਂ ਮੰਡੀਆਂ ਦੇ ਸੰਭਵ ਪ੍ਰਤੀਕਰਮ ਨੂੰ ਧਿਆਨ 'ਚ ਰੱਖੇ ਬਗ਼ੈਰ ਕੌਮੀ ਆਰਥਕ ਨੀਤੀ ਤੈਅ ਨਹੀਂ ਕਰ ਸਕਦੇ।"[26]

ਲੱਗਦਾ ਸੀ ਕਿ ਏ ਐੱਨ ਸੀ ਅੰਦਰ ਇੱਕੋ ਬੰਦੇ, ਥਾਬੋ ਮਬੇਕੀ, ਨੂੰ ਹੀ ਸਮਝ ਸੀ ਕਿ ਮੰਡੀ ਦੇ ਸਦਮਿਆਂ ਦੀ ਰੋਕਥਾਮ ਕਿਵੇਂ ਕੀਤੀ ਜਾਵੇ। ਮੰਡੇਲਾ ਦੇ ਰਾਸ਼ਟਰਪਤੀ ਹੋਣ ਸਮੇਂ ਉਹ ਉਸ ਦੀ ਸੱਜੀ ਬਾਂਹ ਸੀ ਅਤੇ ਛੇਤੀ ਹੀ ਉਸ ਨੇ ਮੰਡੇਲਾ ਦੀ ਥਾਂ ਲੈਣੀ ਸੀ। ਮਬੇਕੀ ਨੇ ਜਲਾਵਤਨੀ ਦੇ ਕਈ ਸਾਲ ਇੰਗਲੈਂਡ 'ਚ ਗੁਜ਼ਾਰੇ ਸਨ ਅਤੇ ਸੁਸੈਕਸ ਯੂਨੀਵਰਸਿਟੀ 'ਚ ਪੜ੍ਹਾਈ ਕੀਤੀ ਸੀ। ਫੇਰ ਉਹ ਲੰਦਨ ਚਲਾ ਗਿਆ ਸੀ। ਅੱਸੀਵਿਆਂ 'ਚ ਜਦੋਂ ਉਸ ਦੇ ਦੇਸ਼ ਦੇ ਸ਼ਹਿਰ ਅੱਥਰੂ ਗੈਸ ਦੀ ਮਾਰ ਹੇਠ ਸਨ, ਓਦੋਂ ਉਹ ਥੈਚਰਵਾਦ ਦੀ ਸੁਗੰਧਤ ਫ਼ਿਜ਼ਾ ਦਾ ਆਨੰਦ ਲੈ ਰਿਹਾ ਸੀ। ਏ ਐੱਨ ਸੀ ਦੇ ਆਗੂਆਂ ਵਿਚੋਂ ਮਬੇਕੀ ਵਪਾਰਕ ਨੁਮਾਇੰਦਿਆਂ ਨਾਲ ਸਹਿਜੇ ਹੀ ਰਚ-ਮਿਚ ਗਿਆ ਸੀ ਅਤੇ ਮੰਡੇਲਾ ਦੀ ਰਿਹਾਈ ਤੋਂ ਪਹਿਲਾਂ ਹੀ ਉਹ ਕਾਰਪੋਰੇਟ ਨੁਮਾਇੰਦਿਆਂ ਨਾਲ ਕਈ ਗੁਪਤ ਗੁਫ਼ਤਗੂ ਕਰ ਚੁੱਕਿਆ ਸੀ ਜੋ ਕਾਲੇ ਲੋਕਾਂ ਦੀ ਬਹੁ-ਗਿਣਤੀ ਵਾਲੇ ਰਾਜ ਦੀ ਸੰਭਾਵਨਾ ਤੋਂ ਭੈਭੀਤ ਸਨ। 1985 'ਚ ਜਾਂਬੀਆਂ ਦੇ ਇਕ ਖੇਡ੍ਹ ਭਵਨ ਵਿਚ ਮਬੇਕੀ ਅਤੇ ਦੱਖਣੀ ਅਫ਼ਰੀਕਾ ਦੇ ਸਰਮਾਏਦਾਰ ਕਾਰੋਬਾਰੀਆਂ ਦੀ ਇਕ ਟੋਲੀ ਪੂਰੀ ਰਾਤ ਸਕਾਚ ਦੇ ਜਾਮ ਟਕਰਾਉਂਦੇ ਰਹੇ। ਇਸ 'ਤੇ ਇਕ ਵਪਾਰਕ ਰਸਾਲੇ ਦੇ ਸੰਪਾਦਕ ਹਾਪਮੁਰੇ ਨੇ ਮਬੇਕੀ ਬਾਰੇ ਟਿੱਪਣੀ ਕੀਤੀ ਸੀ : "ਏ ਐੱਨ ਸੀ ਦਾ ਮੁਖੀ ਸਿਰੇ ਦੇ ਨਾਜ਼ਕ ਹਾਲਾਤ 'ਚ ਵੀ ਵਿਸ਼ਵਾਸ ਭਰਨ ਦੀ ਕਮਾਲ ਦੀ ਯੋਗਤਾ ਰੱਖਦਾ ਹੈ।"[27]

ਮਬੇਕੀ ਇਸ ਗੱਲ ਦਾ ਕਾਇਲ ਸੀ ਕਿ ਮੰਡੀ ਨੂੰ ਸ਼ਾਂਤ ਬਣਾਈ ਰੱਖਣ ਦੀ ਕੁੰਜੀ ਇਹ ਸੀ ਕਿ ਏ ਐੱਨ ਸੀ ਇਸ ਤਰ੍ਹਾਂ ਦਾ ਸਾਂਝਾ ਵਿਸ਼ਵਾਸ ਵੱਧ ਵੱਡੇ ਪੈਮਾਨੇ 'ਤੇ ਬਣਾਵੇ। ਗੁਮੇਦ ਅਨੁਸਾਰ ਪਾਰਟੀ ਅੰਦਰ ਮਬੇਕੀ ਨੇ ਖੁੱਲ੍ਹੀ ਮੰਡੀ ਦੇ ਉਸਤਾਦ ਦੀ ਭੂਮਿਕਾ ਸਾਂਭ ਲਈ ਸੀ। ਮਬੇਕੀ ਕਹਿੰਦਾ, ਮੰਡੀ ਦੇ ਸਾਹਨ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਹੈ; ਇਸ ਨੂੰ ਹੁਣ ਕਾਬੂ ਨਹੀਂ ਕੀਤਾ ਜਾ ਸਕਦਾ; ਇਹ ਜੋ ਚਾਹੁੰਦਾ ਹੈ ਉਸ ਨਾਲ ਇਸ ਦੀ ਭੁੱਖ ਮਿਟਾਓ ਭਾਵ ਵਿਕਾਸ, ਹੋਰ ਵਿਕਾਸ।

ਇਸ ਤਰ੍ਹਾਂ, ਖਾਣਾਂ ਦਾ ਕੌਮੀਕਰਨ ਕਰਨ ਦਾ ਐਲਾਨ ਕਰਨ ਦੀ ਬਜਾਏ, ਮੰਡੇਲਾ ਅਤੇ ਮਬੇਕੀ ਨੇ ਹੈਰੀ ਓਪੇਨਹੈਮਰ ਨਾਲ ਬਾਕਾਇਦਾ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ। ਹੈਰੀ ਖਾਣਾਂ ਦੀਆਂ ਦਿਓਕੱਦ ਕੰਪਨੀਆਂ ਐਂਗਲੋ-ਅਮਰੀਕਣ ਅਤੇ ਡੀ ਬੀਅਰਜ਼ ਦਾ ਸਾਬਕਾ ਪ੍ਰਧਾਨ ਸੀ ਜੋ ਨਸਲਵਾਦੀ ਨਿਜ਼ਾਮ ਦੇ ਆਰਥਕ ਪ੍ਰਤੀਕ ਸਨ। ਇੱਥੋਂ ਤੱਕ ਕਿ 1994 ਦੀਆਂ ਚੋਣਾਂ ਤੋਂ ਛੇਤੀ ਪਿੱਛੋਂ, ਉਨ੍ਹਾਂ ਨੇ ਏ ਐੱਨ ਸੀ ਦਾ ਆਰਥਕ ਪ੍ਰੋਗਰਾਮ ਮਨਜ਼ੂਰੀ ਲਈ ਓਪੇਨਹੈਮਰ ਦੇ ਹਵਾਲੇ ਕਰ ਦਿੱਤਾ। ਹੈਰੀ ਅਤੇ ਚੋਟੀ ਦੇ ਹੋਰ ਸਨਅਤਕਾਰਾਂ ਦੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਪ੍ਰੋਗਰਾਮ 'ਚ ਕਈ ਅਹਿਮ ਸੋਧਾਂ ਕੀਤੀਆਂ ਗਈਆਂ।[28] ਮੰਡੀ ਦੇ ਹੋਰ ਸਦਮਿਆਂ ਤੋਂ ਬਚਣ ਦੀ ਉਮੀਦ ਨਾਲ, ਮੰਡੇਲਾ ਨੇ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਵਜੋਂ ਆਪਣੀ ਪਹਿਲੀ ਗੱਲਬਾਤ 'ਚ ਆਪਣੇ ਉਨ੍ਹਾਂ ਪਹਿਲੇ ਬਿਆਨਾਂ ਤੋਂ ਸੁਚੇਤ ਰੂਪ 'ਚ ਦੂਰੀ ਬਣਾ ਲਈ ਜਿਨ੍ਹਾਂ ਵਿਚ ਉਸ ਨੇ ਕੌਮੀਕਰਨ ਦੀ ਹਮਾਇਤ ਕੀਤੀ ਸੀ। ਉਹ ਕਹਿੰਦਾ ਹੈ, "ਸਾਡੀਆਂ ਆਰਥਕ ਨੀਤੀਆਂ 'ਚ ....ਕੌਮੀਕਰਨ ਵਰਗੀਆਂ ਚੀਜ਼ਾਂ ਦਾ ਇਕ ਵਾਰ ਵੀ ਜ਼ਿਕਰ ਨਹੀਂ ਹੈ, ਅਤੇ ਇਹ ਐਵੇਂ ਨਹੀਂ ਹੋ ਗਿਆ। ਇਸ ਵਿਚ ਇਕ ਵੀ ਐਸਾ ਨਾਅਰਾ ਨਹੀਂ ਹੈ ਜਿਸ ਕਾਰਨ ਮਾਰਕਸਵਾਦੀ ਵਿਚਾਰਧਾਰਾ ਨਾਲ ਸਾਡਾ ਸਬੰਧ ਜੁੜਦਾ ਹੋਵੇ।"[29]• ਵਿਤੀ ਪ੍ਰੈੱਸ ਨੇ ਇਸ ਗੱਲਬਾਤ ਨੂੰ ਬਾਕਾਇਦਾ ਉਤਸ਼ਾਹਤ ਕੀਤਾ।

• ਅਸਲ ਵਿਚ, ਆਪਣੇ ਜਿਸ ਅਧਿਕਾਰਤ ਮੰਚ ਤੋਂ ਏ ਐੱਨ ਸੀ ਚੁਣੀ ਗਈ ਸੀ, ਉਸ ਵਿਚ "ਯੁੱਧਨੀਤਕ ਤੌਰ 'ਤੇ ਅਹਿਮ ਖੇਤਰਾਂ ਅੰਦਰ ਕੌਮੀਕਰਨ ਕਰਕੇ ਜਨਤਕ ਖੇਤਰ ਨੂੰ ਵਧਾਉਣ" ਦਾ ਸੱਦਾ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਆਜ਼ਾਦੀ ਚਾਰਟਰ ਮੌਜੂਦ ਸੀ ਜਿਸ ਨੇ ਪਾਰਟੀ ਦੇ ਐਲਾਨਨਾਮੇ ਦਾ ਰੁਤਬਾ ਅਖ਼ਤਿਆਰ ਕਰ ਲਿਆ ਸੀ।

ਵਾਲ ਸਟਰੀਟ ਜਰਨਲ ਨੇ ਟਿੱਪਣੀ ਕੀਤੀ : "ਭਾਵੇਂ ਏ ਐੱਨ ਸੀ ਹਾਲੇ ਵੀ ਮਜ਼ਬੂਤ ਖੱਬੇਪੱਖੀ ਜਥੇਬੰਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਜਨਾਬ ਮੰਡੇਲਾ ਦੀ ਸੁਰ ਸਮਾਜਵਾਦੀ ਇਨਕਲਾਬੀ ਨਾਲੋਂ ਮਾਰਗਰੇਟ ਥੈਚਰ ਨਾਲ ਵੱਧ ਮਿਲਦੀ ਹੈ। ਕਦੇ ਉਸ ਨੂੰ ਸਮਾਜਵਾਦੀ ਇਨਕਲਾਬੀ ਹੀ ਸਮਝਿਆ ਜਾਂਦਾ ਸੀ।"[30]

ਇਨਕਲਾਬੀ ਬੀਤੇ ਦੀ ਯਾਦ ਹਾਲੇ ਵੀ ਏ ਐੱਨ ਸੀ ਦਾ ਖਹਿੜਾ ਨਹੀਂ ਛੱਡ ਰਹੀ ਸੀ। ਨਵੀਂ ਸਰਕਾਰ ਇਹ ਪ੍ਰਭਾਵ ਦੇਣ ਦੀ ਪੂਰੀ ਵਾਹ ਲਾ ਰਹੀ ਸੀ ਕਿ ਕੋਈ ਖ਼ਤਰੇ ਵਾਲੀ ਗੱਲ ਨਹੀਂ ਹੈ, ਇਸ ਦੇ ਬਾਵਜੂਦ ਮੰਡੀ ਦੇ ਦੁਖਦਾਈ ਸਦਮੇ ਜਾਰੀ ਰਹੇ : 1996 ਦੇ ਇਕ ਮਹੀਨੇ 'ਚ ਹੀ ਰੈਂਡ ਦੀ ਕੀਮਤ 20 ਫ਼ੀ ਸਦੀ ਡਿਗ ਗਈ। ਦੇਸ਼ ਦੇ ਵਿਤੀ ਪ੍ਰਬੰਧ ਨੂੰ ਲਗਾਤਾਰ ਦੌਰੇ ਪੈਂਦੇ ਰਹੇ ਕਿਉਂਕਿ ਦੱਖਣੀ ਅਫਰੀਕਾ ਦੇ ਸਹਿਮੇ ਹੋਏ ਅਮੀਰਾਂ ਨੇ ਦੇਸ਼ ਵਿਚੋਂ ਸਰਮਾਇਆ ਕੱਢ ਲਿਆ ਸੀ।[31]

ਮਬੇਕੀ ਨੇ ਮੰਡੇਲਾ ਨੂੰ ਮਨਾ ਲਿਆ ਕਿ ਬੀਤੇ ਨਾਲੋਂ ਪੱਕਾ ਤੋੜ-ਵਿਛੋੜਾ ਕਰਨਾ ਜ਼ਰੂਰੀ ਹੈ। ਉਸ ਅਨੁਸਾਰ ਏ ਐੱਨ ਸੀ ਨੂੰ ਪੂਰੀ ਤਰ੍ਹਾਂ ਨਵੀਂ ਆਰਥਕ ਵਿਉਂਤਬੰਦੀ ਦਰਕਾਰ ਸੀ—ਕੁਝ ਐਸੀ ਦਲੇਰ, ਸਦਮਾ ਦੇਣ ਵਾਲੀ ਯੋਜਨਾ ਅਰਥਾਤ ਵਿਸ਼ਾਲ, ਨਾਟਕੀ ਹੱਲਿਆਂ ਜ਼ਰੀਏ ਐਸੀ ਸੈਨਤ ਜਿਨ੍ਹਾਂ ਨੂੰ ਮੰਡੀ ਸਮਝਦੀ ਹੋਵੇ ਭਾਵ ਏ ਐੱਨ ਸੀ ਵਾਸ਼ਿੰਗਟਨ ਦੀ ਆਮ-ਸਹਿਮਤੀ ਵਾਲੀ ਸੋਚ ਨੂੰ ਅਪਨਾਉਣ ਲਈ ਤਿਆਰ ਹੈ।

ਜਿਵੇਂ ਬੋਲੀਵੀਆ ਵਿਚ ਸਦਮਾ ਇਲਾਜ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਗੁਪਤ ਫ਼ੌਜੀ ਕਾਰਵਾਈ ਵਾਂਗ ਤਿਆਰ ਕਰਕੇ ਲਾਗੂ ਕੀਤਾ ਗਿਆ ਸੀ, ਇਸੇ ਤਰ੍ਹਾਂ ਦੱਖਣੀ ਅਫ਼ਰੀਕਾ 'ਚ ਸਿਰਫ਼ ਮਬੇਕੀ ਦੇ ਸਭ ਤੋਂ ਭਰੋਸੇਯੋਗ ਜੋਟੀਦਾਰਾਂ ਨੂੰ ਹੀ ਪਤਾ ਸੀ ਕਿ ਨਵਾਂ ਆਰਥਕ ਪ੍ਰੋਗਰਾਮ ਘੜਿਆ ਜਾ ਰਿਹਾ ਹੈ ਜੋ ਉਨ੍ਹਾਂ ਵਾਅਦਿਆਂ ਤੋਂ ਬਹੁਤ ਅਲਹਿਦਾ ਕਿਸਮ ਦਾ ਹੈ ਜੋ ਵਾਅਦੇ 1994 ਦੀਆਂ ਚੋਣਾਂ ਸਮੇਂ ਕੀਤੇ ਗਏ ਸਨ। ਗੁਮੇਦ ਲਿਖਦਾ ਹੈ "ਸਮੁੱਚੀ ਟੀਮ ਨੂੰ ਰਾਜ਼ ਗੁਪਤ ਰੱਖਣ ਦੀ ਸਹੁੰ ਚੁਕਾਈ ਗਈ ਅਤੇ ਸਮੁੱਚੇ ਅਮਲ ਨੂੰ ਐਨਾ ਗੁਪਤ ਬਣਾ ਦਿੱਤਾ ਗਿਆ ਕਿ ਜਥੇਬੰਦੀ ਦੇ ਖੱਬੇਪੱਖੀਆਂ ਨੂੰ ਮਬੇਕੀ ਦੀ ਯੋਜਨਾ ਦੀ ਭਿਣਕ ਤੱਕ ਨਾ ਲੱਗੇ।"[32] ਨਵੇਂ ਪ੍ਰੋਗਰਾਮ ਦਾ ਖਰੜਾ ਤਿਆਰ ਕਰਨ 'ਚ ਸ਼ਾਮਲ ਅਰਥਸ਼ਾਸਤਰੀ ਸਟੀਫਨ ਗੈਲਬ ਨੇ ਮੰਨਿਆ ਕਿ "ਇਹ 'ਸੁਧਾਰ' ਬਹੁਤ ਜ਼ਿਆਦਾ 'ਉੱਪਰੋਂ' ਕੀਤਾ ਗਿਆ ਸੀ, ਨੀਤੀ ਘਾੜਿਆਂ ਨੂੰ ਜਨਤਾ ਦੇ ਦਬਾਅ ਤੋਂ ਦੂਰ ਅਤੇ ਖ਼ੁਦ-ਮੁਖਤਿਆਰ ਬਣਾਈ ਰੱਖਣ ਲਈ ਸਿਰੇ ਦੀਆਂ ਦਲੀਲਾਂ ਦਿੱਤੀਆਂ ਗਈਆਂ ਸਨ।"[33] (ਭੇਤ ਗੁਪਤ ਰੱਖਣ ਅਤੇ ਜਨਤਾ ਤੋਂ ਦੂਰ ਰੱਖਣ ਉੱਤੇ ਇਹ ਜ਼ੋਰ ਖ਼ਾਸ ਕਰਕੇ ਅਜੀਬ ਸੀ ਕਿਉਂਕਿ ਨਸਲਵਾਦੀ ਜ਼ਾਲਮ ਨਿਜ਼ਾਮ ਸਮੇਂ ਏ ਐੱਨ ਸੀ ਨੇ ਆਜ਼ਾਦੀ ਚਾਰਟਰ ਤਿਆਰ ਕਰਨ ਲਈ ਕਮਾਲ ਦਾ ਖੁੱਲ੍ਹਾ ਅਤੇ ਜਨਤਾ ਦੀ ਸ਼ਮੂਲੀਅਤ ਵਾਲਾ ਅਮਲ ਚਲਾਇਆ ਗਿਆ ਸੀ। ਹੁਣ, ਨਵੇਂ ਜਮਹੂਰੀ ਪ੍ਰਬੰਧ ਤਹਿਤ ਪਾਰਟੀ ਆਪਣੇ ਹੀ ਪਾਰਟੀ-ਤੰਤਰ ਤੋਂ ਆਪਣੀਆਂ ਆਰਥਕ ਯੋਜਨਾਵਾਂ ਛੁਪਾ ਰਹੀ ਸੀ।)

ਜੂਨ 1996 'ਚ ਮਬੇਕੀ ਨੇ ਨਤੀਜੇ ਨਸ਼ਰ ਕਰ ਦਿੱਤੇ। ਇਹ ਦੱਖਣੀ ਅਫ਼ਰੀਕਾ ਲਈ ਨਵ-ਉਦਾਰਵਾਦੀ ਸਦਮਾ ਇਲਾਜ ਦਾ ਪ੍ਰੋਗਰਾਮ ਸੀ ਜੋ ਵਧੇਰੇ ਨਿੱਜੀਕਰਨ, ਸਰਕਾਰੀ ਖ਼ਰਚਿਆਂ 'ਚ ਕਟੌਤੀ, "ਲਚਕੀਲੀ" ਕਿਰਤ, ਬੇਰੋਕ-ਟੋਕ ਵਪਾਰ ਅਤੇ ਸਰਮਾਏ ਦੇ ਵਹਿਣ ਨੂੰ ਹੋਰ ਵੀ ਮੋਕਲਾ ਕਰਨ ਦਾ ਸੱਦਾ ਦੇ ਰਿਹਾ ਸੀ। ਗੈਲਬ ਅਨੁਸਾਰ ਇਸ ਦਾ ਵਧੇਰੇ ਅਹਿਮ ਮੰਤਵ "ਸੰਭਾਵੀ ਨਿਵੇਸ਼ਕਾਰਾਂ ਨੂੰ ਇਹ ਸੰਕੇਤ ਦੇਣਾ ਸੀ ਕਿ ਸਰਕਾਰ (ਖ਼ਾਸ ਕਰਕੇ ਏ ਐੱਨ ਸੀ) ਆਰਥਕ ਸਿਧਾਂਤ

ਪ੍ਰਤੀ ਪੂਰੀ ਵਚਨਬਧ ਹੈ।"[34] ਨਿਊ ਯਾਰਕ ਅਤੇ ਲੰਦਨ 'ਚ ਬੈਠੇ ਕਾਰੋਬਾਰੀਆਂ ਨੂੰ ਇਹ ਸੁਨੇਹਾ ਗੜਕਵੀਂ ਅਤੇ ਸਪਸ਼ਟ ਆਵਾਜ਼ 'ਚ ਪਹੁੰਚਾਉਣ ਵਾਲੀ, ਇਸ ਯੋਜਨਾ ਨੂੰ ਜਨਤਕ ਕਰਦੇ ਵਕਤ ਮਬੇਕੀ ਨੇ ਵਿਅੰਗ ਨਾਲ ਕਿਹਾ, "ਬਸ ਮੈਨੂੰ ਥੈਚਰਵਾਦੀ ਕਹਿ ਲਓ।"[35]

ਸਦਮਾ ਇਲਾਜ ਹਮੇਸ਼ਾ ਮੰਡੀ ਦੀ ਕਾਰਗੁਜ਼ਾਰੀ ਦਾ ਸਵਾਲ ਹੁੰਦਾ ਹੈ—ਇਹ ਇਸ ਦੇ ਮੂਲ ਸਿਧਾਂਤ ਦਾ ਹਿੱਸਾ ਹੈ। ਸਟਾਕ ਮੰਡੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤੇ, ਉਚੇਚੇ ਇੰਤਜ਼ਾਮਾਂ ਵਾਲੇ ਮੌਕਿਆਂ ਨਾਲ ਖ਼ਾਸ ਮੋਹ ਹੈ ਜਿਨ੍ਹਾਂ ਨਾਲ ਇਸ ਦੀਆਂ ਕੀਮਤਾਂ 'ਚ ਉਛਾਲਾ ਆਵੇ। ਆਮ ਤੌਰ 'ਤੇ ਇਹ ਮੌਕੇ ਜਨਤਕ ਤੌਰ 'ਤੇ ਸ਼ੇਅਰਾਂ ਦੀ ਸ਼ੁਰੂਆਤੀ ਪੇਸ਼ਕਸ਼, ਕੰਪਨੀਆਂ ਦੇ ਕਿਸੇ ਵੱਡੇ ਰਲੇਵੇਂ ਦੇ ਐਲਾਨ ਜਾਂ ਕਿਸੇ ਪ੍ਰਸਿੱਧ ਸੀ ਈ ਓ ਨੂੰ ਆਪਣੀ ਕੰਪਨੀ ਦਾ ਪ੍ਰਬੰਧ ਚਲਾਉਣ ਲਈ ਮਨਾ ਲੈਣ ਨਾਲ ਮਿਲਦੇ ਹਨ। ਜਦੋਂ ਅਰਥਸ਼ਾਸਤਰੀ ਸਦਮਾ ਇਲਾਜ ਦਾ ਭਰਵਾਂ ਪੈਕੇਜ ਐਲਾਨ ਕਰਨ ਲਈ ਦੇਸ਼ਾਂ ਨੂੰ ਪ੍ਰੇਰਦੇ ਹਨ ਤਾਂ ਇਸ ਸਲਾਹ ਦਾ ਅਧਾਰ ਇਕ ਹੱਦ ਤੱਕ ਮੰਡੀ ਦੇ ਇਸ ਤਰ੍ਹਾਂ ਦੇ ਉੱਚੇ ਪੱਧਰ ਦੇ ਨਾਟਕੀ ਵਰਤਾਰੇ ਦੀ ਨਕਲ ਕਰਨਾ ਹੁੰਦਾ ਹੈ ਅਤੇ ਇਸ ਨਾਲ ਹਫੜਾ-ਦਫੜੀ ਮਚ ਜਾਂਦੀ ਹੈ—ਪਰ ਅਸਲ ਵਿਚ ਉਹ ਵਿਅਕਤੀ ਸਟਾਕ ਦੀ ਬਜਾਏ ਦੇਸ਼ ਨੂੰ ਵੇਚ ਰਹੇ ਹੁੰਦੇ ਹਨ। ਆਸ ਬੰਨਾਊ ਪ੍ਰਤੀਕਰਮ ਇਸ ਤਰ੍ਹਾਂ ਹੁੰਦਾ ਹੈ "ਅਰਜਨਟਾਈਨਾ ਦੇ ਸ਼ੇਅਰ ਖ਼ਰੀਦੋ!" "ਬੋਲੀਵੀਆ ਦੇ ਬੌਂਡ ਖ਼ਰੀਦੋ!" ਦੂਜੇ ਪਾਸੇ, ਥੋੜ੍ਹੀ ਮੱਧਮ ਪਰ ਵੱਧ ਸੁਚੇਤ ਪਹੁੰਚ ਘੱਟ ਬੇਰਹਿਮ ਜ਼ਰੂਰ ਹੁੰਦੀ ਹੈ, ਪਰ ਇਹ ਮੰਡੀ ਨੂੰ ਇਨ੍ਹਾਂ ਵਧਾਏ-ਚੜ੍ਹਾਏ ਆਰਥਕ ਉਛਾਲਿਆਂ ਤੋਂ ਵਾਂਝਾ ਕਰ ਦਿੰਦੀ ਹੈ, ਅਸਲ ਕਮਾਈ ਇਨ੍ਹਾਂ ਸਮਿਆਂ ਦੌਰਾਨ ਹੀ ਕੀਤੀ ਜਾਂਦੀ ਹੈ। ਸਦਮਾ ਇਲਾਜ ਅਹਿਮ ਜੂਆ ਹੁੰਦਾ ਹੈ, ਅਤੇ ਦੱਖਣੀ ਅਫ਼ਰੀਕਾ ਵਿਚ ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ। ਮਬੇਕੀ ਦਾ ਦਰਿਆ-ਦਿਲ ਸੰਕੇਤ ਵੀ ਲੰਮੇ ਦਾਅ ਤੋਂ ਪੂੰਜੀ-ਨਿਵੇਸ਼ ਨੂੰ ਖਿੱਚਣ 'ਚ ਕਾਮਯਾਬ ਨਹੀਂ ਹੋਇਆ, ਇਹ ਸਿਰਫ਼ ਸੱਟੇਬਾਜ਼ ਚਾਲਾਂ ਬਣ ਕੇ ਰਹਿ ਗਿਆ। ਇਸ ਨਾਲ ਮੁਦਰਾ ਦੀ ਹੋਰ ਵਧੇਰੇ ਕਦਰ ਘਟਾਈ ਹੋ ਗਈ।

ਜਨਤਕ ਅਧਾਰ ਨੂੰ ਸਦਮਾ

ਜਦੋਂ ਅਸੀਂ ਡਰਬਨ ਰਹਿੰਦੇ ਲੇਖਕ ਅਸ਼ਵਿਨ ਦੇਸਾਈ ਨੂੰ ਤਬਦੀਲੀ ਦੇ ਦੌਰ ਸਬੰਧੀ ਉਸ ਦੀਆਂ ਯਾਦਾਂ ਬਾਰੇ ਚਰਚਾ ਕਰਨ ਲਈ ਮਿਲੇ ਤਾਂ ਉਸ ਨੇ ਟਿੱਪਣੀ ਕੀਤੀ, "ਨਵਾਂ ਸਿਧਾਂਤ ਅਪਨਾਉਣ ਵਾਲੇ ਵਿਅਕਤੀ ਇਨ੍ਹਾਂ ਮਾਮਲਿਆਂ ਬਾਰੇ ਵੱਧ ਉਤਸ਼ਾਹੀ ਹੁੰਦੇ ਹਨ। ਉਹ ਸਗੋਂ ਵੱਧ ਖੁਸ਼ਾਮਦ ਦੀ ਕੋਸ਼ਿਸ਼ 'ਚ ਰਹਿੰਦੇ ਹਨ।" ਦੇਸਾਈ ਮੁਕਤੀ ਸੰਘਰਸ਼ ਦੌਰਾਨ ਜੇਲ੍ਹ 'ਚ ਰਿਹਾ ਸੀ, ਅਤੇ ਉਹ ਜੇਲ੍ਹਾਂ ਦੇ ਮਨੋ-ਵਿਗਿਆਨ ਅਤੇ ਏ ਐੱਨ ਸੀ ਸਰਕਾਰ ਦੇ ਰਵੱਈਏ ਦਰਮਿਆਨ ਸਮਾਨਤਾਵਾਂ ਮਹਿਸੂਸ ਕਰਦਾ ਹੈ। ਉਹ ਕਹਿੰਦਾ ਹੈ ਜੇਲ੍ਹ ਵਿਚ "ਜੇ ਤੁਸੀਂ ਵਾਰਡਨ ਨੂੰ ਵੱਧ ਖੁਸ਼ ਕਰ ਦਿੰਦੇ ਹੋ ਤਾਂ ਤੁਹਾਨੂੰ ਬਿਹਤਰ ਰੁਤਬਾ ਹਾਸਲ ਹੋ ਜਾਂਦਾ ਹੈ। ਪ੍ਰਤੱਖ ਤੌਰ 'ਤੇ ਦੱਖਣੀ ਅਫ਼ਰੀਕੀ ਸਮਾਜ ਵਲੋਂ ਕੀਤੇ ਕੁਝ ਕੰਮਾਂ ਦੀ ਸੁਰ ਵੀ ਇਸੇ ਤਰਕ ਵਾਲੀ ਹੋ ਗਈ ਸੀ। ਉਹ ਜਿਵੇਂ ਕਿਵੇਂ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਉਹ ਜ਼ਿਆਦਾ ਸਾਊ ਕੈਦੀ ਸਨ। ਹੋਰ ਦੇਸ਼ਾਂ ਨਾਲੋਂ ਕਿਤੇ ਵੱਧ ਜ਼ਾਬਤੇ ਵਾਲੇ ਕੈਦੀ।"

ਪਰ ਏ ਐੱਨ ਸੀ ਦੇ ਜਨਤਕ ਅਧਾਰ ਨੇ ਵੱਧ ਬੇਮੁਹਾਰਤਾ ਦਿਖਾਈ—ਜਿਸ ਨਾਲ ਵੱਧ ਜ਼ਾਬਤਾ ਬਣਾਈ ਰੱਖਣ ਦੀ ਜ਼ਰੂਰਤ ਬਣ ਗਈ। ਦੱਖਣੀ ਅਫ਼ਰੀਕਾ ਦੇ ਤੱਥਾਂ ਅਤੇ ਝਗੜਿਆਂ ਦੇ ਨਿਪਟਾਰੇ ਬਾਰੇ ਕਮਿਸ਼ਨ ਦੀ ਜਿਊਰੀ ਮੈਂਬਰ ਯਾਸਮਿਨ ਸੂਕਾ ਅਨੁਸਾਰ ਅਨੁਸ਼ਾਸਨ ਦੀ

ਮਾਨਸਿਕਤਾ ਨਿਆਂ ਦੀ ਪੜਤਾਲ ਸਮੇਤ ਤਬਦੀਲੀ ਦੇ ਹਰੇਕ ਪਹਿਲੂ ਤੱਕ ਪਸਰ ਗਈ ਸੀ। ਤਸੀਹਿਆਂ, ਕਤਲਾਂ ਅਤੇ ਲਾਪਤਾ ਕੀਤੇ ਜਾਣ ਦੇ ਮਾਮਲਿਆਂ ਦੀਆਂ ਗਵਾਹੀਆਂ ਸਾਲਾਂਬੱਧੀ ਸੁਣਨ ਤੋਂ ਬਾਅਦ ਤੱਥ ਖੋਜ ਕਮਿਸ਼ਨ ਇਸ ਸਵਾਲ ਵੱਲ ਆਇਆ ਸੀ ਕਿ ਕਿਸ ਤਰ੍ਹਾਂ ਦੇ ਕਦਮ ਅਨਿਆਂ ਦੇ ਜ਼ਖ਼ਮ ਭਰਨ ਲਈ ਸਹਾਈ ਹੋ ਸਕਦੇ ਹਨ। ਸੱਚ ਨੂੰ ਪ੍ਰਵਾਨ ਕਰਨ ਅਤੇ ਮਾਫ਼ ਕਰ ਦੇਣ ਦੀ ਆਪਣੀ ਅਹਿਮੀਅਤ ਸੀ ਪਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਵੀ ਓਨਾ ਹੀ ਅਹਿਮ ਸੀ। ਨਵੀਂ ਸਰਕਾਰ ਨੂੰ ਮੁਆਵਜ਼ਾ ਦੇਣ ਲਈ ਕਹਿਣ ਦੀ ਬਿਲਕੁਲ ਕੋਈ ਤੁਕ ਨਹੀਂ ਸੀ ਕਿਉਂਕਿ ਇਹ ਜੁਰਮ ਇਸ ਦੇ ਕੀਤੇ ਹੋਏ ਨਹੀਂ ਸਨ। ਅਤੇ ਨਸਲਵਾਦ ਦੀਆਂ ਕਰਤੂਤਾਂ ਦਾ ਹਰਜ਼ਾਨਾ ਭਰਨ ਲਈ ਖ਼ਰਚ ਕਰਨ ਦਾ ਅਰਥ ਸੀ ਇਹ ਧਨ ਨਵੀਂ ਨਵੀਂ ਆਜ਼ਾਦ ਹੋਈ ਕੌਮ ਦੀ ਗਰੀਬ ਜਨਤਾ ਲਈ ਘਰ ਅਤੇ ਸਕੂਲ ਬਣਾਉਣ ਦੇ ਕੰਮਾਂ ਉੱਪਰ ਖ਼ਰਚ ਨਾ ਕਰਨਾ।

ਕਮਿਸ਼ਨ ਦੇ ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਨਸਲਵਾਦ ਦਾ ਫ਼ਾਇਦਾ ਉਠਾਉਣ ਵਾਲੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਹਰਜ਼ਾਨਾ ਭਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ। ਅੰਤ ਕਮਿਸ਼ਨ ਦੇ ਮੈਂਬਰਾਂ ਨੇ ਪੀੜਤਾਂ ਲਈ ਧਨ ਜੁਟਾਉਣ ਵਾਸਤੇ ਇਕ ਫ਼ੀ ਸਦੀ ਉੱਕਾ-ਪੁੱਕਾ ਟੈਕਸ ਲਾਉਣ ਦੀ ਵਾਜਬ ਸਿਫਾਰਸ਼ ਕੀਤੀ। ਕਮਿਸ਼ਨ ਨੇ ਇਸ ਨੂੰ 'ਇਕਮੁੱਠਤਾ ਕਰ' ਦਾ ਨਾਂ ਦਿੱਤਾ। ਸੂਕਾ ਨੂੰ ਏ ਐੱਨ ਸੀ ਤੋਂ ਇਸ ਨਰਮ ਸਿਫਾਰਸ਼ ਨੂੰ ਹਮਾਇਤ ਮਿਲਣ ਦੀ ਉਮੀਦ ਸੀ। ਪਰ ਸਰਕਾਰ ਦਾ ਮੁਖੀ ਹੁਣ ਮਬੇਕੀ ਸੀ, ਉਸ ਨੇ ਕਾਰਪੋਰੇਸ਼ਨਾਂ ਤੋਂ ਕੋਈ ਹਰਜ਼ਾਨਾ ਜਾਂ ਇਕਮੁੱਠਤਾ ਕਰ ਵਸੂਲਣ ਨੂੰ ਇਸ ਡਰੋਂ ਰੱਦ ਕਰ ਦਿੱਤਾ ਕਿ ਮੰਡੀ ਇਸ ਨੂੰ ਕਾਰੋਬਾਰ ਵਿਰੋਧੀ ਸੰਕੇਤ ਸਮਝੇਗੀ। ਸੂਕਾ ਨੇ ਮੈਨੂੰ ਦੱਸਿਆ, "ਰਾਸ਼ਟਰਪਤੀ ਨੇ ਤੈਅ ਕਰ ਦਿੱਤਾ ਕਿ ਕਾਰਪੋਰੇਟ ਕਾਰੋਬਾਰ ਸਰਕਾਰ ਨੂੰ ਜਵਾਬਦੇਹ ਨਹੀਂ ਹੋਣਗੇ। ਇਸ ਨੂੰ ਸਰਕਾਰ ਨੇ ਐਨਾ ਸਾਧਾਰਨ ਸਮਝ ਲਿਆ ਸੀ।" ਆਖ਼ਿਰ ਉਹੀ ਹੋਇਆ ਜਿਸ ਦਾ ਕਮਿਸ਼ਨ ਨੂੰ ਡਰ ਸੀ, ਸਰਕਾਰ ਨੇ ਆਪਣੇ ਬਜਟ ਵਿਚੋਂ ਪੈਸਾ ਕੱਢ ਕੇ ਉਸ ਦਾ ਥੋੜ੍ਹਾ ਜਿਹਾ ਹਿੱਸਾ ਕਮਿਸ਼ਨ ਦੇ ਹੱਥ ਫੜਾ ਦਿੱਤਾ ਜਿੰਨੇ ਦੀ ਮੰਗ ਕੀਤੀ ਗਈ ਸੀ।

ਅਕਸਰ ਹੀ ਦੱਖਣੀ ਅਫ਼ਰੀਕਾ ਦੇ ਤੱਥਾਂ ਅਤੇ ਝਗੜਿਆਂ ਦੇ ਨਿਪਟਾਰੇ ਬਾਰੇ ਕਮਿਸ਼ਨ ਨੂੰ "ਅਮਨ ਕਾਇਮ ਕਰਨ ਵਾਲੇ" ਕਾਮਯਾਬ ਮਾਡਲ ਵਜੋਂ ਵਡਿਆਇਆ ਜਾਂਦਾ ਹੈ। ਇਸ ਮਿਸਾਲ ਨੂੰ ਸ੍ਰੀ ਲੰਕਾ ਤੋਂ ਲੈ ਕੇ ਅਫ਼ਗ਼ਾਨਿਸਤਾਨ ਤੱਕ ਲੜਾਈ ਤੋਂ ਪੀੜਤ ਹੋਰ ਖੇਤਰਾਂ 'ਚ ਅਪਨਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪਰ ਇਸ ਅਮਲ 'ਚ ਸਿੱਧੇ ਤੌਰ 'ਤੇ ਸ਼ਾਮਲ ਬਹੁਤ ਸਾਰੇ ਵਿਅਕਤੀ ਭਾਰੀ ਦੋਚਿੱਤੀ 'ਚ ਹਨ। ਜਦੋਂ ਕਮਿਸ਼ਨ ਦੇ ਪ੍ਰਧਾਨ ਪ੍ਰਮੁੱਖ ਪਾਦਰੀ ਡੈਸਮੰਡ ਟੂਟੂ ਨੇ ਮਾਰਚ 2003 'ਚ ਅੰਤਮ ਰਿਪੋਰਟ ਜਾਰੀ ਕੀਤੀ ਤਾਂ ਉਸ ਨੇ ਆਜ਼ਾਦੀ ਦੇ ਅਧੂਰੇ ਕਾਜ਼ ਦਾ ਮਾਮਲਾ ਪੱਤਰਕਾਰਾਂ ਸਾਹਮਣੇ ਰੱਖਿਆ : "ਕੀ ਤੁਸੀਂ ਦੱਸ ਸਕਦੇ ਹੋ ਕਿ ਆਜ਼ਾਦੀ ਦੇ ਦਸ ਸਾਲਾਂ ਬਾਅਦ ਹੁਣ ਵੀ ਇਕ ਕਾਲਾ ਮਨੁੱਖ ਕਿਵੇਂ ਉੱਠਦਾ ਹੈ ? ਫੇਰ ਉਹ ਸ਼ਹਿਰ 'ਚ ਕੰਮ 'ਤੇ ਜਾਂਦਾ ਹੈ, ਜੋ ਅਜੇ ਤੱਕ ਮਹਿਲਨੁਮਾ ਘਰਾਂ ਦਾ ਕੰਮ ਹੈ। ਦਿਨ ਛਿਪਣ 'ਤੇ ਉਹ ਗੰਦੇ ਘੁਰਨੇ 'ਚ ਮੁੜ ਆਉਂਦਾ ਹੈ ? ਮੈਂ ਨਹੀਂ ਜਾਣਦਾ ਉਹ ਲੋਕ ਇਹ ਕਿਉਂ ਨਹੀਂ ਕਹਿ ਦਿੰਦੇ, 'ਢੱਠੇ ਖੂਹ 'ਚ ਪਵੇ ਅਮਨ। ਨਾਲੇ ਟੂਟੂ ਤੇ ਤੱਥ ਖੋਜ ਕਮਿਸ਼ਨ।' "[30]

ਸੂਕਾ, ਜੋ ਅੱਜ ਕੱਲ੍ਹ ਮਨੁੱਖੀ ਹੱਕਾਂ ਬਾਰੇ ਦੱਖਣੀ ਅਫ਼ਰੀਕੀ ਫਾਊਂਡੇਸ਼ਨ ਦੀ ਮੁਖੀ ਹੈ, ਦੱਸਦੀ ਹੈ ਕਿ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹਾਲਾਂਕਿ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਤਾਂ ਕੀਤੀ ਗਈ ਜਿਨ੍ਹਾਂ ਨੂੰ ਉਹ "ਨਸਲਵਾਦ ਦੇ ਜ਼ਾਹਰਾ ਇਜ਼ਹਾਰ" ਕਹਿੰਦੀ ਹੈ "ਜਿਵੇਂ ਤਸੀਹੇ, ਨਿਹਾਇਤ ਬਦਸਲੂਕੀ ਅਤੇ ਲਾਪਤਾ ਕਰ ਦੇਣ ਦੇ ਮਾਮਲੇ"; ਪਰ ਇਨ੍ਹਾਂ ਬੁਰਾਈਆਂ ਦੀ ਸੇਵਾ

ਕਰਨ ਵਾਲੇ ਆਰਥਕ ਪ੍ਰਬੰਧ ਨੂੰ "ਬਿਲਕੁਲ ਨਹੀਂ ਛੂਹਿਆ ਗਿਆ।" ਇਹ "ਮਨੁੱਖੀ ਹੱਕਾਂ" ਦੀ ਬੇਸਮਝੀ ਬਾਰੇ ਉਸੇ ਤਰ੍ਹਾਂ ਦੀ ਫ਼ਿਕਰਮੰਦੀ ਦਾ ਇਜ਼ਹਾਰ ਸੀ ਜਿਸ ਤਰ੍ਹਾਂ ਦਾ ਤਿੰਨ ਦਹਾਕੇ ਪਹਿਲਾਂ ਔਰਲੈਂਡੋ ਲੇਤੇਲੀਅਰ ਨੇ ਕੀਤਾ ਸੀ। ਸੂਕਾ ਦਾ ਕਹਿਣਾ ਸੀ ਕਿ ਜੇ ਉਸ ਨੂੰ ਇਹੀ ਕੰਮ ਦੁਬਾਰਾ ਕਰਨ ਦਾ ਮੌਕਾ ਮਿਲੇ, "ਮੈਂ ਇਸ ਨੂੰ ਬਿਲਕੁਲ ਵੱਖਰੇ ਰੂਪ 'ਚ ਕਰਾਂਗੀ। ਮੈਂ ਨਸਲੀ ਘ੍ਰਿਣਾ ਦੇ ਤੰਤਰ ਵੱਲ ਧਿਆਨ ਦੇਵਾਂਗੀ—ਮੈਂ ਜ਼ਮੀਨ ਦੇ ਸਵਾਲ ਵੱਲ ਧਿਆਨ ਦੇਵਾਂਗੀ; ਮੈਂ ਬਹੁ-ਕੌਮੀ ਕੰਪਨੀਆਂ ਦੀ ਭੂਮਿਕਾ ਵੱਲ ਲਾਜ਼ਮੀ ਧਿਆਨ ਦੇਵਾਂਗੀ, ਮੈਂ ਖਾਣ ਸਨਅਤ ਦੀ ਭੂਮਿਕਾ ਦੀ ਬਹੁਤ ਹੀ ਗ਼ੌਰ ਨਾਲ ਘੋਖ ਕਰਾਂਗੀ ਕਿਉਂਕਿ ਮੈਂ ਸਮਝਦੀ ਹਾਂ ਕਿ ਦੱਖਣੀ ਅਫ਼ਰੀਕਾ ਦੀ ਅਸਲ ਮਰਜ਼ ਇਹੀ ਹੈ.... ਮੈਂ ਨਸਲੀ ਵਿਤਕਰੇ ਦੀਆਂ ਨੀਤੀਆਂ ਦੇ ਬੱਝਵੇਂ ਪ੍ਰਭਾਵਾਂ ਵੱਲ ਧਿਆਨ ਦੇਵਾਂਗੀ ਅਤੇ ਤਸੀਹਿਆਂ ਬਾਰੇ ਮੈਂ ਸਿਰਫ਼ ਇਕੋ ਸੁਣਵਾਈ ਕਰਾਂਗੀ ਕਿਉਂਕਿ ਜਦੋਂ ਤੁਸੀਂ ਸਿਰਫ਼ ਤਸੀਹਿਆਂ ਉੱਤੇ ਧਿਆਨ ਲਾ ਦਿੰਦੇ ਹੋ ਅਤੇ ਇਹ ਨਹੀਂ ਦੇਖਦੇ ਇਹ ਕਿਸ ਉਦੇਸ਼ ਲਈ ਦਿੱਤੇ ਜਾਂਦੇ ਹਨ, ਓਦੋਂ ਤੁਸੀਂ ਅਸਲ ਇਤਿਹਾਸ 'ਚ ਖੋਟ ਰਲਾਉਣਾ ਸ਼ੁਰੂ ਕਰ ਦਿੰਦੇ ਹੋ।"

ਉਲਟਾ ਹਰਜ਼ਾਨਾ

ਸੂਕਾ ਨੇ ਨੁਕਤਾ ਉਠਾਇਆ ਕਿ ਕਾਰਪੋਰੇਸ਼ਨਾਂ ਤੋਂ ਹਰਜ਼ਾਨੇ ਵਸੂਲਣ ਦੀ ਕਮਿਸ਼ਨ ਦੀ ਸਿਫਾਰਸ਼ ਨੂੰ ਏ ਐੱਨ ਸੀ ਵਲੋਂ ਰੱਦ ਕਰ ਦੇਣਾ ਖ਼ਾਸ ਤੌਰ 'ਤੇ ਨਾਵਾਜਬ ਇਸ ਕਾਰਨ ਹੈ ਕਿਉਂਕਿ ਨਸਲਵਾਦੀ ਨਿਜ਼ਾਮ ਦਾ ਕਰਜਾ ਇਹ ਸਰਕਾਰ ਲਾਹ ਰਹੀ ਹੈ। ਸੱਤਾ 'ਚ ਆਉਣ ਤੋਂ ਬਾਅਦ ਦੇ ਪਹਿਲੇ ਸਾਲਾਂ 'ਚ ਨਵੀਂ ਸਰਕਾਰ ਨੇ ਸੇਵਾਵਾਂ ਦੇਣ 'ਤੇ 30 ਅਰਬ ਰੈਂਡ (ਲਗਭਗ 4.5 ਅਰਬ ਡਾਲਰ) ਸਾਲਾਨਾ ਖ਼ਰਚ ਕੀਤੇ। ਇਸ ਦੇ ਮੁਕਾਬਲੇ ਨਸਲਵਾਦੀ ਦੌਰ ਦੇ ਕਤਲਾਂ ਅਤੇ ਤਸੀਹਿਆਂ ਦੇ ਉਨੀ ਹਜ਼ਾਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਰਫ਼ 8.5 ਕਰੋੜ ਡਾਲਰ ਦੀ ਕੁਲ ਅਦਾਇਗੀ ਬਹੁਤ ਹੀ ਨਿਗੂਣੀ ਹੈ। ਨੈਲਸਨ ਮੰਡੇਲਾ ਨੇ ਕਰਜੇ ਦੇ ਬੋਝ ਨੂੰ ਆਜ਼ਾਦੀ ਚਾਰਟਰ ਦੇ ਵਾਅਦੇ ਪੂਰੇ ਕਰਨ 'ਚ ਇਕੋ ਇਕ ਸਭ ਤੋਂ ਵੱਡੀ ਰੁਕਾਵਟ ਗਰਦਾਨਦੇ ਹੋਏ ਕਿਹਾ : "ਇਸ ਦਾ ਭਾਵ ਹੈ ਸਾਡੀ ਬਣਾਈ ਯੋਜਨਾ ਮੁਤਾਬਿਕ ਸਾਡੇ ਕੋਲ 30 ਅਰਬ ਰੈਂਡ ਨਹੀਂ ਰਹੇ ਜਿਨ੍ਹਾਂ ਨਾਲ ਅਸੀਂ ਘਰ ਬਣਾ ਕੇ ਦਿੰਦੇ, ਇਹ ਯਕੀਨੀ ਬਣਾਉਂਦੇ ਕਿ ਸਾਡੇ ਬੱਚੇ ਵਧੀਆ ਸਕੂਲਾਂ 'ਚ ਪੜ੍ਹਨ, ਬੇਰੁਜ਼ਗਾਰੀ ਨੂੰ ਸਹੀ ਢੰਗ ਨਾਲ ਮੁਖਾਤਿਬ ਹੋਇਆ ਜਾਂਦਾ ਅਤੇ ਹਰ ਕੋਈ ਨੌਕਰੀ 'ਤੇ ਲਗ ਸਕਦਾ, ਹਰ ਕੋਈ ਐਨਾ ਕੁ ਕਮਾਉਂਦਾ ਕਿ ਆਪਣੇ ਮਹਿਬੂਬ ਨੂੰ ਰਿਹਾਇਸ਼ ਤੇ ਰੋਟੀ ਦੇ ਸਕਦਾ।....ਵਿਰਸੇ 'ਚ ਮਿਲੇ ਕਰਜੇ ਨੇ ਸਾਨੂੰ ਜੂੜ ਪਾਇਆ ਹੋਇਆ ਹੈ।"[37]

ਹਾਲਾਂਕਿ ਮੰਡੇਲਾ ਨਸਲਵਾਦੀ ਨਿਜ਼ਾਮ ਦੇ ਕਰਜੇ ਚੁਕਾਉਣ ਨੂੰ ਕਲੰਕੀ ਬੋਝ ਮੰਨਦਾ ਹੈ ਫੇਰ ਵੀ ਪਾਰਟੀ ਕਰਜੇ ਨਾ ਮੋੜਨ ਦੇ ਸੁਝਾਵਾਂ ਦੇ ਪੂਰੀ ਤਰ੍ਹਾਂ ਖ਼ਿਲਾਫ਼ ਹੈ। ਇਸ ਨੂੰ ਡਰ ਹੈ ਕਿ ਇਨ੍ਹਾਂ "ਘਿਣਾਉਣੇ" ਕਰਜਿਆਂ ਬਾਰੇ ਕਾਨੂੰਨੀ ਪੱਖ ਮਜ਼ਬੂਤ ਹੋਣ ਦੇ ਬਾਵਜੂਦ ਕਰਜੇ ਨਾ ਮੋੜਨ ਨਾਲ ਪੂੰਜੀ ਨਿਵੇਸ਼ਕਾਰ ਦੱਖਣੀ ਅਫ਼ਰੀਕਾ ਨੂੰ ਖ਼ਤਰਨਾਕ ਗਰਮ ਖ਼ਿਆਲੀ ਸਮਝਣਗੇ। ਇਸ ਤਰ੍ਹਾਂ ਮੰਡੀ ਦੇ ਇਕ ਹੋਰ ਸਦਮੇ ਦੀ ਮੁਸੀਬਤ ਗਲ ਪੈ ਜਾਵੇਗੀ। ਲੰਮੇ ਸਮੇਂ ਤੋਂ ਏ ਐੱਨ ਸੀ ਦੇ ਮੈਂਬਰ ਅਤੇ ਰੌਬਿਨ ਟਾਪੂ ਦੀ ਜੇਲ੍ਹ 'ਚ ਰਹੇ ਡੈਨਿਸ ਬਰੂਟਸ ਦਾ ਇਸ ਡਰ ਨਾਲ ਸਿੱਧਾ ਵਾਹ ਪਿਆ। ਨਵੀਂ ਸਰਕਾਰ ਦੇ ਵਿਤੀ ਬੋਝ ਨੂੰ ਮਹਿਸੂਸ ਕਰਕੇ 1998 'ਚ ਉਸ ਅਤੇ ਦੱਖਣੀ ਅਫ਼ਰੀਕੀ ਕਾਰਕੁਨਾਂ ਦੀ ਇਕ ਟੋਲੀ ਨੇ ਤੈਅ ਕੀਤਾ ਕਿ "ਕਰਜਾ ਜੁਬਲੀ" ਲਹਿਰ ਚਲਾ ਕੇ ਉਹ ਚੱਲ ਰਹੇ ਸੰਘਰਸ਼ ਦੀ ਬਿਹਤਰੀਨ ਮਦਦ ਕਰ ਸਕਦੇ ਹਨ। ਬਰੂਟਸ ਜੋ ਹੁਣ ਸੱਤਰ ਸਾਲਾਂ ਦਾ ਹੋ ਗਿਆ ਹੈ

ਨੇ ਦੱਸਿਆ, "ਮੈਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਮੈਂ ਕਿੰਨਾ ਭੋਲਾ ਹਾਂ। ਮੈਨੂੰ ਆਸ ਸੀ ਕਿ ਸਰਕਾਰ ਸਾਨੂੰ ਸ਼ਾਬਾਸ਼ ਦੇਵੇਗੀ ਕਿ ਕਾਰਕੁਨਾਂ ਨੇ ਕਰਜੇ ਦਾ ਮੁੱਦਾ ਉਠਾਇਆ ਹੈ, ਕਿ ਸਰਕਾਰ ਵੀ ਕਰਜੇ ਦਾ ਮੁੱਦਾ ਉਠਾਉਣ ਲਈ ਮਜਬੂਰ ਹੋ ਜਾਵੇਗੀ।" ਪਰ ਅਸੀਂ ਹੈਰਾਨ ਰਹਿ ਗਏ "ਜਦੋਂ ਸਰਕਾਰ ਨੇ ਸਾਨੂੰ ਡਾਂਟ ਦਿੱਤਾ ਕਿ 'ਨਾ ਨਾ, ਸਾਨੂੰ ਤੁਹਾਡੀ ਹਮਾਇਤ ਨਹੀਂ ਚਾਹੀਦੀ।' "

ਏ ਐੱਨ ਸੀ ਦੇ ਕਰਜਾ ਮੋੜਨ ਦੇ ਫ਼ੈਸਲੇ ਦੀ ਜਿਹੜੀ ਗੱਲ ਤੋਂ ਬਰੂਟਸ ਵਰਗੇ ਕਾਰਕੁਨਾਂ ਨੂੰ ਬਹੁਤ ਜ਼ਿਆਦਾ ਗੁੱਸਾ ਆਇਆ ਉਹ ਹੈ ਉਚੇਚੀ ਕੁਰਬਾਨੀ ਜੋ ਹਰੇਕ ਵਾਰ ਅਦਾਇਗੀ ਕਰਨ ਸਮੇਂ ਦਿੱਤੀ ਜਾਂਦੀ ਹੈ। ਮਿਸਾਲ ਵਜੋਂ, 1997 ਤੋਂ ਲੈ ਕੇ 2004 ਤੱਕ ਦੱਖਣੀ ਅਫ਼ਰੀਕੀ ਸਰਕਾਰ ਨੇ ਅਠਾਰਾਂ ਸਰਕਾਰੀ ਕੰਪਨੀਆਂ ਵੇਚ ਕੇ 4 ਅਰਬ ਡਾਲਰ ਦੀ ਰਕਮ ਜੁਟਾਈ, ਪਰ ਅੱਧਾ ਧਨ ਕਰਜਾ ਮੋੜਨ ਦੀ ਭੇਂਟ ਚੜ੍ਹ ਗਿਆ।[38] ਦੂਜੇ ਲਫ਼ਜ਼ਾਂ 'ਚ, ਏ ਐੱਨ ਸੀ ਸਿਰਫ਼ "ਖਾਣਾਂ, ਬੈਂਕਾਂ ਅਤੇ ਅਜਾਰੇਦਾਰ ਸਨਅਤਾਂ ਦੇ ਕੌਮੀਕਰਨ" ਬਾਰੇ ਮੰਡੇਲਾ ਦੇ ਮੂਲ ਅਹਿਦ ਤੋਂ ਹੀ ਭਰੌਂਡੀ ਨਹੀਂ ਹੋਈ ਸਗੋਂ ਕਰਜੇ ਦੇ ਕਾਰਨ ਇਸ ਨੇ ਉਲਟਾ ਚੱਕਰ ਚਲਾ ਦਿੱਤਾ—ਜਾਬਰਾਂ ਦੇ ਕਰਜੇ ਮੋੜਨ ਲਈ ਇਹ ਕੌਮੀ ਜਾਇਦਾਦਾਂ ਵੇਚਣ ਦੇ ਰਾਹ ਪੈ ਗਈ।

ਇਸ ਤੋਂ ਅਗਲਾ ਸਵਾਲ ਇਹ ਹੈ ਕਿ ਪੈਸਾ ਅਸਲ ਵਿਚ ਲੱਗ ਕਿੱਥੇ ਰਿਹਾ ਹੈ। ਤਬਦੀਲੀ ਦੌਰ ਦੀਆਂ ਵਾਰਤਾਵਾਂ ਦੌਰਾਨ ਐੱਫ਼ ਡਬਲਯੂ ਡੀ ਕਲਾਰਕ ਦੀ ਟੀਮ ਨੇ ਮੰਗ ਕੀਤੀ ਕਿ ਸੱਤਾ ਸਾਂਭਣ ਤੋਂ ਬਾਅਦ ਸਾਰੇ ਸਿਵਲ ਅਧਿਕਾਰੀਆਂ ਦੀਆਂ ਨੌਕਰੀਆਂ ਦੀ ਗਾਰੰਟੀ ਦਿੱਤੀ ਜਾਵੇ। ਉਨ੍ਹਾਂ ਨੇ ਦਲੀਲ ਦਿੱਤੀ ਕਿ ਜਿਹੜੇ ਨੌਕਰੀ ਛੱਡਣਾ ਚਾਹੁੰਦੇ ਹੋਣ, ਉਨ੍ਹਾਂ ਨੂੰ ਜ਼ਿੰਦਗੀ ਭਰ ਚੋਖੀਆਂ ਪੈਨਸ਼ਨਾਂ ਦਿੱਤੀਆਂ ਜਾਣ। ਸਮਾਜਿਕ ਸੁਰੱਖਿਆ ਢਾਂਚੇ ਦੀ ਅਣਹੋਂਦ ਵਾਲੇ ਦੇਸ਼ 'ਚ ਐਸੀ ਮੰਗ ਵਿਸ਼ੇਸ਼ ਸਹੂਲਤ ਸੀ, ਫੇਰ ਵੀ ਇਹ ਐਸੇ ਕਈ 'ਤਕਨੀਕੀ' ਮੁੱਦਿਆਂ 'ਚੋਂ ਇਕ ਸੀ ਜਿਨ੍ਹਾਂ ਉੱਤੇ ਏ ਐੱਨ ਸੀ ਨੇ ਛੋਟ ਦਿੱਤੀ।[39] ਛੋਟ ਦੇਣ ਦਾ ਅਰਥ ਸੀ ਕਿ ਨਵੀਂ ਏ ਐੱਨ ਸੀ ਸਰਕਾਰ ਦੋ ਸਰਕਾਰਾਂ ਦਾ ਖ਼ਰਚਾ ਝੱਲ ਰਹੀ ਸੀ—ਇਕ ਆਪਣਾ ਅਤੇ ਦੂਜਾ ਸੱਤਾ 'ਚੋਂ ਬਾਹਰ ਹੋ ਗਈ ਗੋਰੀ ਸਰਕਾਰ ਦਾ। ਸਰਕਾਰ ਦੀਆਂ ਸਾਲਾਨਾ ਕਰਜ ਅਦਾਇਗੀਆਂ ਦਾ ਚਾਲੀ ਫ਼ੀ ਸਦੀ ਦੇਸ਼ ਦੇ ਇਸ ਵਿਆਪਕ ਪੈਨਸ਼ਨ ਫੰਡ ਦੇ ਢਿੱਡ ਪੈ ਜਾਂਦਾ ਹੈ। ਇਸ ਦਾ ਫ਼ਾਇਦਾ ਲੈਣ ਵਾਲਿਆਂ ਦੀ ਭਾਰੀ ਬਹੁਗਿਣਤੀ ਸਾਬਕਾ ਨਸਲਵਾਦੀ ਅਮਲੇ ਦੀ ਹੈ।•[40]

ਮੁੱਕਦੀ ਗੱਲ, ਦੱਖਣੀ ਅਫ਼ਰੀਕਾ ਨੂੰ ਉਲਟੇ ਲੈਣੇ ਦੇ ਦੇਣੇ ਪੈ ਗਏ। ਗੋਰੇ ਕਾਰੋਬਾਰੀਆਂ ਨੇ ਨਸਲਵਾਦੀ ਦੌਰ 'ਚ ਕਾਲੇ ਕਿਰਤੀਆਂ ਦੀ ਮਿਹਨਤ ਨਿਚੋੜ ਕੇ ਬੇਥਾਹ ਮੁਨਾਫ਼ੇ ਬਟੋਰ ਲਏ ਅਤੇ ਉਨ੍ਹਾਂ ਨੂੰ ਧੇਲਾ ਵੀ ਹਰਜ਼ਾਨਾ ਨਹੀਂ ਦੇਣਾ ਪਿਆ। ਜਦਕਿ ਨਸਲਵਾਦ ਤੋਂ ਪੀੜਤਾਂ ਨੂੰ ਇਨ੍ਹਾਂ ਸਾਬਕਾ ਜਰਵਾਣਿਆਂ ਨੂੰ ਵੱਡੀਆਂ ਵੱਡੀਆਂ ਅਦਾਇਗੀਆਂ ਕਰਨੀਆਂ ਪੈ ਰਹੀਆਂ ਹਨ। ਅਤੇ

• ਅਸਲ ਵਿਚ, ਨਸਲਵਾਦ ਦੇ ਦੌਰ ਦੇ ਕਰਜੇ ਦੀ ਬਦੌਲਤ ਦੇਸ਼ ਦਾ ਕੁਲ ਕਰਜਾ ਵੀ ਨਾਲੋ-ਨਾਲ ਵਧ ਰਿਹਾ ਹੈ ਅਤੇ ਹਰ ਸਾਲ ਜਨਤਕ ਖ਼ਜ਼ਾਨੇ ਵਿਚੋਂ ਅਰਬਾਂ ਰੈਂਡ ਦੇਣੇ ਪੈ ਰਹੇ ਹਨ। 1989 'ਚ ਹਿਸਾਬ-ਕਿਤਾਬ 'ਚ ਇਕ ਤਕਨੀਕੀ ਤਬਦੀਲੀ ਕਰ ਦਿੱਤੀ ਗਈ। ਪਹਿਲਾਂ ਸਰਕਾਰੀ ਪੈਨਸ਼ਨ ਫੰਡ ਸਬੰਧੀ "ਜਾਂਦੇ ਸਾਰ ਅਦਾਇਗੀ" ਦੀ ਵਿਵਸਥਾ ਸੀ, ਅਰਥਾਤ ਉਸ ਸਾਲ ਪਾਏ ਹਿੱਸੇ 'ਚੋਂ ਅਦਾਇਗੀ ਕੀਤੀ ਜਾਂਦੀ ਸੀ। ਇਸ ਦੀ ਥਾਂ "ਪੂਰੀ ਤਰ੍ਹਾਂ ਫੰਡ ਅਧਾਰਤ" ਵਿਵਸਥਾ ਸ਼ੁਰੂ ਕਰ ਦਿੱਤੀ ਗਈ। ਇਸ ਅਨੁਸਾਰ ਉਸ ਸਮੇਂ ਦੀਆਂ ਕੁਲ ਦੇਣਦਾਰੀਆਂ ਦੇ 70 ਤੋਂ 80 ਫੀਸਦੀ ਦੇ ਬਰਾਬਰ ਪੈਸਾ ਫੰਡ ਵਿਵਸਥਾ ਦੇ ਹੱਥ 'ਚ ਹੋਣਾ ਜ਼ਰੂਰੀ ਹੈ—ਇਸ ਤਰ੍ਹਾਂ ਦੀ ਹਾਲਤ ਪਹਿਲਾਂ ਕਦੇ ਨਹੀਂ ਰਹੀ। ਸਿੱਟੇ ਵਜੋਂ ਜਿਹੜਾ

ਇਸ ਫਰਾਖ਼ਦਿਲੀ ਲਈ ਉਹ ਪੈਸਾ ਜੁਟਾਉਂਦੇ ਕਿਵੇਂ ਹਨ ? ਨਿੱਜੀਕਰਨ ਰਾਹੀਂ ਰਾਜ ਦੀਆਂ ਜਾਇਦਾਦਾਂ ਦੀ ਬਲੀ ਦੇ ਕੇ—ਇਹ ਉਸੇ ਲੁੱਟਮਾਰ ਦਾ ਆਧੁਨਿਕ ਰੂਪ ਹੈ ਜਿਸ ਤੋਂ ਏ ਐੱਨ ਸੀ ਬਚਣਾ ਚਾਹੁੰਦੀ ਸੀ ਤਾਂ ਜੋ ਮੋਂਜ਼ਮਬੀਕ ਵਾਲਾ ਹਾਲ ਨਾ ਹੋਵੇ। ਮੋਂਜ਼ਮਬੀਕ 'ਚ ਸਿਵਲ ਅਧਿਕਾਰੀਆਂ ਨੇ ਮਸ਼ੀਨਰੀ ਤਬਾਹ ਕਰ ਦਿੱਤੀ, ਆਪਣੀਆਂ ਜੇਬਾਂ ਭਰ ਲਈਆਂ ਅਤੇ ਚਲਦੇ ਬਣੇ ਸਨ। ਇਸ ਦੇ ਉਲਟ ਦੱਖਣੀ ਅਫ਼ਰੀਕਾ 'ਚ ਰਾਜ ਪ੍ਰਬੰਧ ਨੂੰ ਤਹਿਸ਼-ਨਹਿਸ਼ ਕਰਨ ਅਤੇ ਇਸ ਦੇ ਮਾਲ ਖ਼ਜ਼ਾਨੇ ਲੁੱਟਣ ਦਾ ਸਿਲਸਿਲਾ ਅੱਜ ਤੱਕ ਚੱਲ ਰਿਹਾ ਹੈ।

ਜਦੋਂ ਮੈਂ ਦੱਖਣੀ ਅਫ਼ਰੀਕਾ ਪਹੁੰਚੀ ਤਾਂ ਆਜ਼ਾਦੀ ਚਾਰਟਰ ਦੀ ਪੰਜਾਹਵੀਂ ਵਰ੍ਹੇਗੰਢ ਦਾ ਸਮਾਂ ਨੇੜੇ ਆ ਰਿਹਾ ਸੀ। ਏ ਐੱਨ ਸੀ ਇਹ ਸਮਾਗਮ ਭਾਰੀ ਧੂਮ-ਧੜੱਕੇ ਨਾਲ ਕਰਨ ਦੀ ਤਿਆਰੀ 'ਚ ਸੀ। ਉਨ੍ਹਾਂ ਦੀ ਯੋਜਨਾ ਇਸ ਦਿਨ ਸੰਸਦ ਦਾ ਸੈਸ਼ਨ ਰਵਾਇਤੀ ਸਥਾਨ ਕੇਪ ਟਾਊਨ ਤੋਂ ਕਲਿਪ ਟਾਊਨ ਦੇ ਉਸ ਬਹੁਤ ਹੀ ਸਾਧਾਰਨ ਮਾਹੌਲ 'ਚ ਤਬਦੀਲ ਕਰਨ ਦੀ ਸੀ ਜਿੱਥੇ ਪਹਿਲੀ ਵਾਰ ਚਾਰਟਰ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਸ ਮੌਕੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਥਾਬੋ ਮਬੇਕੀ ਨੇ ਕਲਿਪ ਟਾਊਨ ਦਾ ਮੁੱਖ ਚੌਕ ਏ ਐੱਨ ਸੀ ਦੇ ਸਭ ਤੋਂ ਸਤਿਕਾਰੇ ਜਾਂਦੇ ਆਗੂ ਵਾਲਟਰ ਸਿਸਲੂ ਨੂੰ ਸਮਰਪਿਤ ਕਰਨਾ ਸੀ। ਮਬੇਕੀ ਨੇ ਨਵੇਂ ਆਜ਼ਾਦੀ ਚਾਰਟਰ ਸਮਾਰਕ ਦਾ ਉਦਘਾਟਨ ਵੀ ਕਰਨਾ ਸੀ। ਪੱਥਰਾਂ ਦੇ ਇਸ ਮੀਨਾਰ ਉੱਪਰ ਚਾਰਟਰ ਦੀ ਇਬਾਰਤ ਉੱਕਰੀ ਗਈ ਸੀ, ਅਤੇ ਉੱਪਰ "ਆਜ਼ਾਦੀ ਦੀ ਲਾਟ" ਜਗਮਗਾ ਰਹੀ ਸੀ। ਇਸ ਸਮਾਰਕ ਦੇ ਨੇੜੇ ਹੀ, ਇਕ ਹੋਰ ਸਮਾਰਕ ਬਣਾਇਆ ਜਾ ਰਿਹਾ ਸੀ ਜਿਸ ਨੂੰ ਆਜ਼ਾਦੀ ਮੀਨਾਰ ਦਾ ਨਾਂ ਦਿੱਤਾ ਗਿਆ ਸੀ। ਕਾਲੇ ਅਤੇ ਚਿੱਟੇ ਥੰਮਾਂ ਵਾਲਾ ਇਹ ਮੰਡਪ ਚਾਰਟਰ ਦੇ ਇਨ੍ਹਾਂ ਪ੍ਰਸਿੱਧ ਬੋਲਾਂ ਦਾ ਪ੍ਰਤੀਕ ਸੀ : "ਦੱਖਣੀ ਅਫ਼ਰੀਕਾ ਇੱਥੇ ਵਸਦੇ ਕਾਲੇ ਅਤੇ ਗੋਰੇ ਸਾਰੇ ਲੋਕਾਂ ਦਾ ਹੈ।"[41]

ਸਮਾਗਮ ਦਾ ਕੁਲ ਸੁਨੇਹਾ ਐਨ ਸਪਸ਼ਟ ਸੀ : ਪੰਜਾਹ ਸਾਲ ਪਹਿਲਾਂ, ਪਾਰਟੀ ਨੇ ਦੱਖਣੀ ਅਫ਼ਰੀਕਾ 'ਚ ਆਜ਼ਾਦੀ ਲਿਆਉਣ ਦਾ ਵਾਅਦਾ ਕੀਤਾ ਸੀ ਅਤੇ ਇਸ ਨੇ ਇਹ ਪੂਰਾ ਕਰ ਦਿਖਾਇਆ ਸੀ—ਇਹ ਏ ਐੱਨ ਸੀ ਦਾ ਆਪਣਾ "ਮਿਸ਼ਨ ਪੂਰਾ ਹੋਣ ਦੀ" ਘੜੀ ਸੀ।

ਇਸ ਦੇ ਬਾਵਜੂਦ ਸਮਾਗਮ ਦੀਆਂ ਕਈ ਚੀਜ਼ਾਂ ਅਜੀਬ ਸਨ। ਕਲਿਪ ਟਾਊਨ ਬੁਰੇ ਹਾਲ ਝੁੱਗੀਆਂ-ਝੌਂਪੜੀਆਂ ਵਾਲੀ ਗੁਰਬਤ ਮਾਰੀ ਬਸਤੀ ਹੈ, ਗਲੀਆਂ 'ਚ ਨਾਲੀਆਂ ਕੱਚੀਆਂ ਹਨ ਅਤੇ ਬੇਰੁਜ਼ਗਾਰੀ ਦੀ ਦਰ 72 ਫ਼ੀ ਸਦੀ ਹੈ, ਜੋ ਨਸਲਵਾਦੀ ਨਿਜ਼ਾਮ ਨਾਲੋਂ ਕਿਤੇ ਵਧੇਰੇ ਹੈ। ਇਹ ਮੰਜ਼ਰ ਅਜਿਹੀ ਸ਼ਾਨੋਸ਼ੌਕਤ ਵਾਲੇ ਜਸ਼ਨਾਂ ਲਈ ਢੁਕਵੇਂ ਪਿਛੋਕੜ ਨਾਲੋਂ ਆਜ਼ਾਦੀ ਚਾਰਟਰ ਦੀ ਵਾਅਦਾ ਖ਼ਿਲਾਫ਼ੀ ਦਾ ਪ੍ਰਤੀਕ ਵਧੇਰੇ ਹੈ।[42] ਜਿਵੇਂ ਸਾਹਮਣੇ ਆਇਆ ਇਸ ਵਰ੍ਹੇਗੰਢ ਸਮਾਗਮ ਦਾ ਮੰਚਨ ਅਤੇ ਕਲਾ ਨਿਰਦੇਸ਼ਨ ਏ ਐੱਨ ਸੀ ਨੇ ਨਹੀਂ ਸਗੋਂ *ਬਲਿਊ ਆਈ ਕਿਊ* ਨਾਂ ਦੀ

ਫੰਡ 1989 'ਚ 30 ਅਰਬ ਰੈਂਡ ਸੀ ਉਹ 2004 'ਚ 300 ਅਰਬ ਰੈਂਡ ਤੱਕ ਵਧ ਗਿਆ। ਇਹ ਸੱਚੀਉਂ ਕਰਜੇ ਦੇ ਸਦਮੇ ਦੀ ਹਾਲਤ ਸੀ। ਦੱਖਣੀ ਅਫ਼ਰੀਕਣਾਂ ਲਈ ਇਸ ਦਾ ਅਰਥ ਇਹ ਹੈ ਕਿ ਤਕੜੀ ਮਾਤਰਾ 'ਚ ਜਨਤਕ ਪੂੰਜੀ ਪੈਨਸ਼ਨ ਫੰਡ ਲਈ ਵੱਖਰੀ ਕੱਢ ਲਈ ਜਾਂਦੀ ਹੈ ਅਤੇ ਸਰਕਾਰ ਘਰ ਬਣਾਉਣ, ਸਿਹਤ ਸੰਭਾਲ ਜਾਂ ਬੁਨਿਆਦੀ ਸੇਵਾਵਾਂ ਲਈ ਖ਼ਰਚ ਕਰਨ ਤੋਂ ਵਾਂਝੀ ਹੋ ਜਾਂਦੀ ਹੈ। ਅਸਲ ਵਿਚ ਪੈਨਸ਼ਨਾਂ ਬਾਰੇ ਸਮਝੌਤੇ ਦੀ ਗੱਲਬਾਤ 'ਚ ਏ ਐੱਨ ਸੀ ਵਲੋਂ ਨੁਮਾਇੰਦਾ ਦੱਖਣੀ ਅਫ਼ਰੀਕੀ ਕਮਿਊਨਿਸਟ ਪਾਰਟੀ ਦਾ ਬਹੁਤ ਹੀ ਮਕਬੂਲ ਆਗੂ ਜੋਏ ਸਲੋਵੋ ਸੀ, ਇਸ ਤੱਥ ਕਾਰਨ ਦੇਸ਼ ਦੇ ਲੋਕ ਹਾਲੇ ਵੀ ਬਹੁਤ ਜ਼ਿਆਦਾ ਰੋਹ 'ਚ ਹਨ।

ਨਿਰਾਲੀ ਸੰਸਥਾ ਨੇ ਕੀਤਾ ਸੀ। ਭਾਵੇਂ ਸਰਕਾਰੀ ਤੌਰ 'ਤੇ ਇਹ ਸੰਸਥਾ ਸੂਬਾਈ ਸਰਕਾਰ ਦੀ ਇਕ ਸ਼ਾਖਾ ਸੀ ਪਰ ਇਸ ਦੇ ਬਹੁਤ ਹੀ ਚਮਕ-ਦਮਕ ਵਾਲੇ ਅਤੇ ਗੂੜ੍ਹੇ ਨੀਲੇ ਕਿਤਾਬਚੇ ਅਨੁਸਾਰ ਬਲਿਊ ਆਈ ਕਿਊ ਬਹੁਤ ਹੀ ਧਿਆਨ ਨਾਲ ਸਿਰਜੇ ਮਾਹੌਲ 'ਚ ਕੰਮ ਕਰਦੀ ਹੈ ਜਿਸ ਕਰਕੇ ਇਸ ਦਾ ਪ੍ਰਭਾਵ ਸਰਕਾਰੀ ਮਹਿਕਮੇ ਨਾਲੋਂ ਨਿੱਜੀ ਖੇਤਰ ਦੀ ਕੰਪਨੀ ਦਾ ਵੱਧ ਪੈਂਦਾ ਹੈ। ਇਸ ਦਾ ਟੀਚਾ ਦੱਖਣੀ ਅਫ਼ਰੀਕਾ ਵਿਚ ਨਵੇਂ ਬਦੇਸ਼ੀ ਪੂੰਜੀ-ਨਿਵੇਸ਼ ਲਈ ਢੰਡੋਰਾ ਪਿੱਟਣਾ ਹੈ—ਜੋ ਏ ਐੱਨ ਸੀ ਦੇ "ਆਰਥਕ ਵਾਧੇ ਜ਼ਰੀਏ ਮੁੜ-ਵੰਡ" ਦੇ ਪ੍ਰੋਗਰਾਮ ਦਾ ਹਿੱਸਾ ਹੈ।

ਬਲਿਊ ਆਈ ਕਿਊ ਨੇ ਪੂੰਜੀ-ਨਿਵੇਸ਼ ਦੇ ਵਿਕਾਸ ਦੇ ਇਕ ਮੁੱਖ ਖੇਤਰ ਵਜੋਂ ਸੈਰ-ਸਪਾਟੇ ਦੀ ਸ਼ਨਾਖ਼ਤ ਕੀਤੀ ਸੀ। ਵਪਾਰਕ ਸੰਭਾਵਨਾਵਾਂ ਬਾਰੇ ਇਸ ਦੀ ਖੋਜ ਦਰਸਾਉਂਦੀ ਸੀ ਕਿ ਦੱਖਣੀ ਅਫ਼ਰੀਕਾ ਵਿਚ ਆਉਣ ਵਾਲੇ ਸੈਲਾਨੀਆਂ ਦੀ ਬਹੁਤੀ ਖਿੱਚ ਏ ਐੱਨ ਸੀ ਦਾ ਆਲਮੀ ਵੱਕਾਰ ਹੈ ਜੋ ਇਸ ਨੂੰ ਨਸਲੀ ਦਾਬੇ ਖਿਲਾਫ਼ ਜੇਤੂ ਜੱਦੋਜਹਿਦ ਦੀ ਬਦੌਲਤ ਹਾਸਲ ਹੋਇਆ ਸੀ। ਇਸ ਜ਼ਬਰਦਸਤ ਖਿੱਚ ਦੀ ਉਮੀਦ ਦੇ ਮੱਦੇਨਜ਼ਰ ਬਲਿਊ ਆਈ ਕਿਊ ਦਾ ਦ੍ਰਿੜ੍ਹ ਵਿਚਾਰ ਸੀ ਕਿ ਦੱਖਣੀ ਅਫ਼ਰੀਕਾ ਦੀ ਵਿਰੋਧੀ ਤਾਕਤ ਉੱਪਰ ਜਿੱਤ ਦੀ ਵਿਥਿਆ ਦਾ ਵਧੇਰੇ ਢੁੱਕਵਾਂ ਪ੍ਰਤੀਕ ਆਜ਼ਾਦੀ ਚਾਰਟਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਇਸ ਨੂੰ ਮੁੱਖ ਰੱਖ ਕੇ ਇਸ ਨੇ ਕਲਿਪ ਟਾਊਨ ਨੂੰ ਆਜ਼ਾਦੀ ਚਾਰਟਰ ਦੇ ਵਿਸ਼ੇ ਬਾਰੇ ਪਾਰਕ ਬਣਾਉਣ ਦਾ ਪ੍ਰਾਜੈਕਟ ਵਿੱਢ ਲਿਆ ਜੋ "ਸਥਾਨਕ ਅਤੇ ਕੌਮਾਂਤਰੀ ਸੈਲਾਨੀਆਂ ਲਈ ਆਲਮੀ ਮਿਆਰ ਵਾਲਾ ਸੈਰਸਪਾਟਾ ਸਥਾਨ ਅਤੇ ਵਿਰਾਸਤ ਕੇਂਦਰ" ਹੋਵੇਗਾ—ਜਿੱਥੇ ਅਜਾਇਬਘਰ ਦੇ ਨਾਲ, ਆਜ਼ਾਦੀ ਦੇ ਵਿਸ਼ੇ ਨਾਲ ਸਬੰਧਤ ਸ਼ਾਪਿੰਗ ਮਾਲ ਅਤੇ ਸ਼ੀਸ਼ੇ ਅਤੇ ਸਟੀਲ ਦੇ ਬਣੇ ਠੁੱਕਦਾਰ ਫਰੀਡਮ ਹੋਟਲ ਦੀ ਮੁਕੰਮਲ ਸਹੂਲਤ ਮੁਹੱਈਆ ਕਰਾਈ ਜਾਵੇਗੀ। ਜਿੱਥੇ ਹੁਣ ਝੁੱਗੀਆਂ-ਝੌਂਪੜੀਆਂ ਹਨ ਇਸ ਨੂੰ ਜੌਹਨਸਬਰਗ ਦਾ "ਮਨਭਾਉਂਦਾ ਅਤੇ ਖੁਸ਼ਹਾਲ" ਉੱਪ-ਸ਼ਹਿਰੀ ਖੇਤਰ ਬਣਾ ਦਿੱਤਾ ਜਾਵੇਗਾ। ਇਹ ਵੱਖਰੀ ਗੱਲ ਹੈ ਕਿ ਇਸ ਦੇ ਮੌਜੂਦਾ ਬਾਸ਼ਿੰਦਿਆਂ ਦਾ ਘੱਟ ਇਤਿਹਾਸਕ ਮਹੱਤਵ ਵਾਲੀਆਂ ਬਸਤੀਆਂ ਦੀਆਂ ਝੁੱਗੀਆਂ 'ਚ ਮੁੜ ਵਸੇਬਾ ਕੀਤਾ ਜਾਵੇਗਾ।[43]

ਕਲਿਪ ਟਾਊਨ ਨੂੰ ਨਵੀਂ ਨੁਹਾਰ ਬਖਸ਼ਣ ਦੀਆਂ ਯੋਜਨਾਵਾਂ ਲੈ ਕੇ ਬਲਿਊ ਆਈ ਕਿਊ ਖੁੱਲ੍ਹੀ ਮੰਡੀ ਦੀ ਨੇਮਾਵਲੀ ਦੀ ਪਾਲਣਾ ਕਰ ਰਹੀ ਹੈ—ਸਰਮਾਏਦਾਰ ਕਾਰੋਬਾਰੀਆਂ ਨੂੰ ਇਸ ਆਸ ਨਾਲ ਪੂੰਜੀ-ਨਿਵੇਸ਼ ਕਰਨ ਦੇ ਲਾਭ ਦੇਣਾ ਕਿ ਇਸ ਨਾਲ ਸੜਕ ਕੰਢੇ ਰੁਜ਼ਗਾਰ ਪੈਦਾ ਹੋਵੇਗਾ। ਇਸ ਖ਼ਾਸ ਪ੍ਰਾਜੈਕਟ ਨੂੰ ਇਹ ਤੱਥ ਗ਼ੌਰ-ਪ੍ਰਸੰਗਕ ਬਣਾ ਦਿੰਦਾ ਹੈ ਕਿ ਕਲਿਪ ਟਾਊਨ ਅੰਦਰ ਜਿਸ ਬੁਨਿਆਦ ਉੱਪਰ ਇਹ ਸਾਰਾ ਬੂੰਦ-ਬੂੰਦ ਲਾਭ ਦਾ ਢਮਢਮਾ ਖੜ੍ਹਾ ਕੀਤਾ ਗਿਆ ਹੈ ਉਹ ਹੈ ਪੰਜਾਹ ਸਾਲ ਪੁਰਾਣਾ ਕਾਗਜ਼ ਦਾ ਟੁਕੜਾ ਜਿਸ ਨੇ ਗਰੀਬੀ ਦੂਰ ਕਰਨ ਦੇ ਸਪਸ਼ਟ ਤੌਰ 'ਤੇ ਸਿੱਧੇ-ਸਪਾਟ ਰਾਹ ਦੀ ਗੱਲ ਕੀਤੀ ਸੀ। ਆਜ਼ਾਦੀ ਚਾਰਟਰ ਤਿਆਰ ਕਰਨ ਵਾਲਿਆਂ ਦੀ ਮੰਗ ਜ਼ਮੀਨ ਦੀ ਮੁੜ ਵੰਡ ਦੀ ਸੀ ਤਾਂ ਜੋ ਇਹ ਦਹਿ ਲੱਖਾਂ ਲੋਕਾਂ ਦੇ ਗੁਜ਼ਾਰੇ ਦਾ ਸਾਧਨ ਬਣੇ; ਖਾਣਾਂ ਨੂੰ ਸਰਕਾਰ ਦੇ ਕਬਜ਼ੇ 'ਚ ਲੈਣਾ ਤਾਂ ਜੋ ਇਨ੍ਹਾਂ ਦੀ ਖੱਟੀ ਨੂੰ ਘਰ ਉਸਾਰਨ ਅਤੇ ਸਹਾਇਕ ਢਾਂਚਾ ਉਸਾਰਨ ਅਤੇ ਇਸ ਅਮਲ ਜ਼ਰੀਏ ਰੁਜ਼ਗਾਰ ਪੈਦਾ ਕਰਨ ਲਈ ਵਰਤਿਆ ਜਾ ਸਕੇ। ਦੂਜੇ ਲਫ਼ਜ਼ਾਂ 'ਚ, ਵਿਚੋਲਿਆਂ ਨੂੰ ਬਾਹਰ ਕੱਢਿਆ ਜਾ ਸਕੇ। ਕਈਆਂ ਨੂੰ ਇਹ ਖ਼ਿਆਲ ਕਾਲਪਨਿਕ ਅਤੇ ਲੋਕ ਲੁਭਾਉਣਾ ਜ਼ਰੂਰ ਲੱਗ ਸਕਦਾ ਹੈ, ਪਰ ਸ਼ਿਕਾਗੋ ਸਕੂਲ ਦੇ ਕੱਟੜ ਆਰਥਕ ਸਿਧਾਂਤ ਦੇ ਐਨੇ ਤਜਰਬੇ ਅਸਫ਼ਲ ਹੋ ਜਾਣ ਤੋਂ ਬਾਅਦ ਅਸਲ ਸੁਪਨੇਸਾਜ਼ ਤਾਂ ਉਹ ਹਨ ਜਿਨ੍ਹਾਂ ਨੂੰ ਹਾਲੇ ਵੀ ਇਹ ਭਰੋਸਾ ਹੈ ਕਿ ਆਜ਼ਾਦੀ ਚਾਰਟਰ ਦੇ ਵਿਸ਼ੇ ਬਾਰੇ ਪਾਰਕ ਦੀ ਸਕੀਮ, ਜੋ ਸਿਰੇ ਦੇ ਲੋੜਵੰਦ

ਲੋਕਾਂ ਨੂੰ ਸਾਧਨਾਂ ਤੋਂ ਹੋਰ ਵਾਂਝੇ ਕਰਕੇ ਇਨ੍ਹਾਂ ਨੂੰ ਕਾਰਪੋਰੇਸ਼ਨਾਂ ਦੇ ਹਵਾਲੇ ਕਰਦੀ ਹੈ, ਦੱਖਣੀ ਅਫ਼ਰੀਕਾ ਦੇ ਉਨ੍ਹਾਂ ਦੋ ਕਰੋੜ ਵੀਹ ਲੱਖ ਲੋਕਾਂ ਦੀ ਸਿਹਤ ਅਤੇ ਆਰਥਿਕਤਾ ਦੇ ਬਹੁਤ ਹੀ ਅਹਿਮ ਮਸਲਿਆਂ ਨੂੰ ਹੱਲ ਕਰ ਦੇਵੇਗੀ ਜੋ ਹਾਲੇ ਵੀ ਗਰੀਬੀ ਦਾ ਸ਼ਿਕਾਰ ਹਨ।[44]

ਜਦੋਂ ਇਕ ਦਹਾਕਾ ਪਹਿਲਾਂ ਦੱਖਣੀ ਅਫ਼ਰੀਕਾ ਨੇ ਥੈਚਰਵਾਦ ਵੱਲ ਫ਼ੈਸਲਾਕੁਨ ਮੋੜਾ ਕੱਟਿਆ ਸੀ, ਓਦੋਂ ਤੋਂ ਲੈ ਕੇ ਗਰੀਬ ਤੱਕ ਹੌਲੀ ਹੌਲੀ ਲਾਭ ਪੁੱਜਣ ਦੇ ਨਿਆਂ ਦੇ ਅਮਲ ਦੇ ਇਸ ਤਜਰਬੇ ਦੇ ਸਿੱਟੇ ਧੋਖਾਧੜੀ ਤੋਂ ਬਿਨਾ ਕੁਝ ਨਹੀਂ ਹਨ :

• ਏ ਐੱਨ ਸੀ ਦੇ ਸੱਤਾਧਾਰੀ ਹੋਣ ਦੇ ਸਾਲ 1994 ਤੋਂ ਲੈ ਕੇ ਇਕ ਡਾਲਰ ਤੋਂ ਘੱਟ ਨਾਲ ਗੁਜ਼ਾਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ, 20 ਲੱਖ ਤੋਂ 2006 'ਚ 40 ਲੱਖ।[45]

• 1991 ਅਤੇ 2002 ਦੇ ਦਰਮਿਆਨ ਦੱਖਣੀ ਅਫ਼ਰੀਕਾ ਦੇ ਕਾਲੇ ਲੋਕਾਂ ਦੀ ਬੇਰੁਜ਼ਗਾਰੀ ਦੀ ਦਰ ਦੁੱਗਣੀ ਤੋਂ ਵੱਧ ਹੋ ਗਈ, 23 ਫ਼ੀ ਸਦੀ ਤੋਂ 48 ਫ਼ੀ ਸਦੀ।[46]

• ਦੱਖਣੀ ਅਫ਼ਰੀਕਾ ਦੇ ਸਾਢੇ ਤਿੰਨ ਕਰੋੜ ਕਾਲੇ ਸ਼ਹਿਰੀਆਂ ਵਿਚੋਂ ਸਿਰਫ਼ ਪੰਜ ਹਜ਼ਾਰ ਹੀ 60,000 ਡਾਲਰ ਸਾਲਾਨਾ ਤੋਂ ਉੱਪਰ ਕਮਾਈ ਕਰਦੇ ਹਨ। ਇਸ ਗਰੁੱਪ ਵਾਲੇ ਗੋਰੇ ਲੋਕਾਂ ਦੀ ਗਿਣਤੀ ਵੀਹ ਗੁਣਾ ਤੋਂ ਵੀ ਵੱਧ ਹੈ, ਅਤੇ ਅਨੇਕਾਂ ਲੋਕਾਂ ਦੀ ਆਮਦਨ ਇਸ ਰਕਮ ਤੋਂ ਕਿਤੇ ਵੱਧ ਹੈ।[47]

• ਏ ਐੱਨ ਸੀ ਸਰਕਾਰ ਨੇ 18 ਲੱਖ ਘਰ ਬਣਾਏ ਹਨ, ਪਰ ਇਸੇ ਸਮੇਂ ਦੌਰਾਨ 20 ਲੱਖ ਲੋਕ ਘਰਾਂ ਤੋਂ ਵਾਂਝੇ ਹੋ ਗਏ ਹਨ।[48]

• ਜਮਹੂਰੀਅਤ ਦੇ ਪਹਿਲੇ ਦਹਾਕੇ 'ਚ 10 ਲੱਖ ਦੇ ਕਰੀਬ ਲੋਕ ਖੇਤਾਂ ਤੋਂ ਬੇਦਖ਼ਲ ਕਰ ਦਿੱਤੇ ਗਏ।[49]

• ਐਨੇ ਵੱਡੇ ਪੱਧਰ 'ਤੇ ਬੇਦਖ਼ਲੀਆਂ ਦਾ ਭਾਵ ਹੈ ਕਿ ਝੁੱਗੀਆਂ 'ਚ ਰਹਿਣ ਵਾਲਿਆਂ ਦੀ ਗਿਣਤੀ 50 ਫ਼ੀ ਸਦੀ ਵਧ ਗਈ ਹੈ। 2006 'ਚ, ਚਾਰ ਦੱਖਣੀ ਅਫ਼ਰੀਕੀਆਂ ਵਿਚੋਂ ਇਕ ਤੋਂ ਜ਼ਿਆਦਾ ਗਿਣਤੀ ਉਨ੍ਹਾਂ ਝੁੱਗੀਆਂ 'ਚ ਰਹਿੰਦੀ ਸੀ ਜੋ ਕਿਸੇ ਗਿਣਤੀ 'ਚ ਹੀ ਨਹੀਂ ਆਉਂਦੀਆਂ। ਜਿੱਥੇ ਪਾਣੀ ਅਤੇ ਬਿਜਲੀ ਦੀ ਕੋਈ ਸਹੂਲਤ ਨਹੀਂ ਸੀ।[50]

ਆਜ਼ਾਦੀ ਦੇ ਵਾਅਦਿਆਂ ਨਾਲ ਬੇਵਫ਼ਾਈ ਕਰਨ ਦਾ ਬਿਹਤਰੀਨ ਪੈਮਾਨਾ ਉਹ ਢੰਗ ਹੈ ਜਿਸ ਰਾਹੀਂ ਦੱਖਣੀ ਅਫ਼ਰੀਕੀ ਸਮਾਜ ਦੇ ਵੱਖੋ-ਵੱਖਰੇ ਹਿੱਸੇ ਹੁਣ ਆਜ਼ਾਦੀ ਚਾਰਟਰ ਨੂੰ ਲੈਂਦੇ ਹਨ। ਬਹੁਤਾ ਸਮਾਂ ਨਹੀਂ ਹੋਇਆ ਜਦੋਂ ਇਹ ਦਸਤਾਵੇਜ਼ ਦੇਸ਼ ਦੇ ਗੋਰੇ ਕੁਲੀਨ ਵਰਗ ਲਈ ਸਿਰੇ ਦਾ ਖ਼ਤਰਾ ਸੀ; ਅੱਜ ਇਹ ਵਪਾਰਕ ਭਵਨਾਂ ਅਤੇ ਮਹਿਫ਼ੂਜ਼ ਰਿਹਾਇਸ਼ੀ ਥਾਵਾਂ 'ਤੇ ਰਹਿੰਦੇ ਵਰਗਾਂ ਨੂੰ ਨੇਕ-ਨੀਅਤ ਬਿਆਨ ਵਜੋਂ ਕਬੂਲ ਹੈ। ਕਾਰਪੋਰੇਟਾਂ ਦੀ ਅਲੰਕਾਰਮਈ ਰਹਿਤ-ਮਰਯਾਦਾ ਦੀ ਹੈਸੀਅਤ ਰੱਖਦਾ ਦਸਤਾਵੇਜ਼ ਇਕੋ ਸਮੇਂ ਖੁਸ਼ਾਮਦੀ ਅਤੇ ਖ਼ਤਰਾ ਰਹਿਤ ਹੈ। ਪਰ ਕਲਿਪ ਟਾਊਨ ਦੀ ਜਿਸ ਬਸਤੀ ਦੇ ਖੁੱਲ੍ਹੇ ਮੈਦਾਨ ਵਿਚ ਇਕ ਸਮੇਂ ਇਹ ਹਲਚਲ ਮਚਾਊ ਦਸਤਾਵੇਜ਼ ਪਾਸ ਕੀਤਾ ਗਿਆ ਸੀ, ਉਨ੍ਹਾਂ ਲੋਕਾਂ ਲਈ ਇਸ ਦੇ ਵਾਅਦੇ ਐਨੇ ਦੁਖਦਾਈ ਹਨ ਕਿ ਕਿਆਸ ਕਰਨਾ ਹੀ ਮੁਸ਼ਕਲ ਹੈ। ਬਹੁਤ ਸਾਰੇ ਦੱਖਣੀ ਅਫ਼ਰੀਕਣਾਂ ਨੇ ਸਰਕਾਰੀ ਸਰਪ੍ਰਸਤੀ ਵਾਲੇ ਇਸ ਵਰ੍ਹੇਗੰਢ ਸਮਾਗਮ ਦਾ ਮੁਕੰਮਲ ਬਾਈਕਾਟ ਕੀਤਾ। ਡਰਬਨ ਦੇ ਝੁੱਗੀ ਵਾਸੀਆਂ ਦੀ ਉੱਠ ਰਹੀ ਲਹਿਰ ਦੇ ਆਗੂ ਸਬੂ ਜ਼ਿਕੋਦੇ ਨੇ ਮੈਨੂੰ ਦੱਸਿਆ, "ਆਜ਼ਾਦੀ ਚਾਰਟਰ ਬਹੁਤ ਵਧੀਆ ਹੈ। ਅਸਲ ਵਿਚ ਮੈਂ

ਸਮਝਦਾ ਹਾਂ ਸਾਡੇ ਨਾਲ ਗ਼ੱਦਾਰੀ ਕੀਤੀ ਗਈ ਹੈ।"

ਮੁੱਕਦੀ ਗੱਲ, ਆਜ਼ਾਦੀ ਦੇ ਚਾਰਟਰ 'ਚ ਦਰਜ ਦੌਲਤ ਦੀ ਮੁੜ ਵੰਡ ਦੇ ਵਾਅਦਿਆਂ ਨੂੰ ਤਿਲਾਂਜਲੀ ਦੇਣ ਦੀ ਸਭ ਤੋਂ ਲੁਭਾਉਣੀ ਦਲੀਲ ਸਭ ਤੋਂ ਵੱਧ ਮਨਘੜਤ ਸੀ : ਹਰ ਕੋਈ ਇੰਞ ਹੀ ਕਰ ਰਿਹਾ ਹੈ। ਵਿਸ਼ਨੂ ਪਦਾਏਚੀ ਨੇ ਨਿਚੋੜ ਕੱਢਿਆ ਸੀ ਕਿ ਏ ਐੱਨ ਸੀ ਲੀਡਰਸ਼ਿਪ ਸ਼ੁਰੂ ਤੋਂ ਹੀ "ਪੱਛਮੀ ਸਰਕਾਰਾਂ, ਆਈ ਐੱਮ ਐੱਫ ਅਤੇ ਸੰਸਾਰ ਬੈਂਕ ਦੀ ਮੰਨ ਰਹੀ ਸੀ। ਇਹ ਕਹਿੰਦੇ ਸਨ, 'ਜ਼ਮਾਨਾ ਬਦਲ ਗਿਆ ਹੈ; ਹੁਣ ਖੱਬੀ ਸੁਆਹ-ਖੇਹ ਦੀ ਕੋਈ ਤੁਕ ਨਹੀਂ ਹੈ; ਦੁਨੀਆਂ ਵਿਚ ਇਹੀ ਇਕੋ ਇਕ ਯੋਜਨਾ ਚੱਲ ਰਹੀ ਹੈ।' " ਜਿਵੇਂ ਗੁਮੇਦ ਲਿਖਦਾ ਹੈ, "ਇਸ ਤਰ੍ਹਾਂ ਦੇ ਹਮਲੇ ਲਈ ਏ ਐੱਨ ਸੀ ਉੱਕਾ ਹੀ ਤਿਆਰ ਨਹੀਂ ਸੀ। ਅਹਿਮ ਅਰਥਸ਼ਾਸਤਰੀ ਆਗੂਆਂ ਦਾ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਵਰਗੀਆਂ ਕੌਮਾਂਤਰੀ ਸੰਸਥਾਵਾਂ ਦੇ ਸਦਰ ਮੁਕਾਮਾਂ 'ਚ ਅਕਸਰ ਹੀ ਆਉਣ ਜਾਣ ਸੀ। ਅਤੇ 1992-93 ਦੇ ਸਮੇਂ ਦੌਰਾਨ ਏ ਐੱਨ ਸੀ ਦੇ ਕਾਫ਼ੀ ਅਮਲੇ ਨੇ ਬਦੇਸ਼ੀ ਬਿਜ਼ਨੈੱਸ ਸਕੂਲਾਂ, ਪੂੰਜੀ-ਨਿਵੇਸ਼ ਬੈਂਕਾਂ ਅਤੇ ਆਰਥਕ ਨੀਤੀ ਮਾਹਰਾਂ ਅਤੇ ਸੰਸਾਰ ਬੈਂਕ ਵਲੋਂ ਸਿਖਲਾਈ ਲਈ ਆਯੋਜਤ ਕੀਤੇ ਪ੍ਰੋਗਰਾਮਾਂ 'ਚ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿਚੋਂ ਕੁਝ ਦੀ ਅਰਥਸ਼ਾਸਤਰ ਦੇ ਨਜ਼ਰੀਏ ਤੋਂ ਕੋਈ ਯੋਗਤਾ ਹੀ ਨਹੀਂ ਬਣਦੀ ਸੀ। ਉੱਥੇ ਉਨ੍ਹਾਂ ਦੇ ਦਿਮਾਗਾਂ 'ਚ 'ਨਵ-ਉਦਾਰਵਾਦੀ ਵਿਚਾਰ' ਭਰੇ ਗਏ। ਇਹ ਦਿਮਾਗ ਚਕਰਾ ਦੇਣ ਵਾਲਾ ਅਨੁਭਵ ਸੀ। ਇਸ ਤੋਂ ਪਹਿਲਾਂ ਕੌਮਾਂਤਰੀ ਭਾਈਚਾਰੇ ਨੇ ਕਦੇ ਵੀ ਕਿਸੇ ਬਣਨ ਜਾ ਰਹੀ ਸਰਕਾਰ ਨੂੰ ਇੰਞ ਨਹੀਂ ਵਰਗਲਾਇਆ।"[51]

ਜਦੋਂ 1992 'ਚ ਡੈਵੋਸ ਵਿਖੇ ਸੰਸਾਰ ਆਰਥਕ ਮੰਚ ਸੰਮੇਲਨ ਸਮੇਂ ਮੰਡੇਲਾ ਦੀ ਮੁਲਾਕਾਤ ਯੂਰਪੀ ਆਗੂਆਂ ਨਾਲ ਹੋਈ ਤਾਂ ਉੱਥੇ ਵੀ ਇਨ੍ਹਾਂ ਪਤਵੰਤਿਆਂ ਨੇ ਉਸ ਨੂੰ ਇਸੇ ਤਰ੍ਹਾਂ ਦੀ ਜ਼ੋਰਦਾਰ ਨਸੀਹਤ ਦਿੱਤੀ। ਜਦੋਂ ਉਸ ਨੇ ਦਲੀਲ ਦਿੱਤੀ ਕਿ ਦੱਖਣੀ ਅਫ਼ਰੀਕਾ 'ਚ ਉਸ ਤੋਂ ਵੱਧ ਤਿੱਖਾ ਅਮਲ ਕਰਨ ਦਾ ਕੋਈ ਇਰਾਦਾ ਨਹੀਂ ਜੋ ਪੱਛਮੀ ਯੂਰਪ ਨੇ ਦੂਜੀ ਸੰਸਾਰ ਜੰਗ ਤੋਂ ਬਾਅਦ ਮਾਰਸ਼ਲ ਯੋਜਨਾ ਤਹਿਤ ਕੀਤਾ ਸੀ ਤਾਂ ਡੱਚ ਵਿੱਤ ਮੰਤਰੀ ਨੇ ਇਸ ਤਸ਼ਬੀਹ ਨੂੰ ਤੁਰੰਤ ਰੱਦ ਕਰ ਦਿੱਤਾ, "ਇਹ ਸਾਡੀ ਓਦੋਂ ਦੀ ਸਮਝ ਸੀ। ਸੰਸਾਰ ਦੇ ਅਰਥਚਾਰੇ ਅੰਤਰ-ਨਿਰਭਰ ਹਨ। ਵਿਸ਼ਵੀਕਰਨ ਦਾ ਅਮਲ ਮਜ਼ਬੂਤ ਹੋ ਰਿਹਾ ਹੈ। ਕੋਈ ਵੀ ਆਰਥਿਕਤਾ ਹੁਣ ਦੂਜੇ ਦੇਸ਼ਾਂ ਤੋਂ ਟੁੱਟ ਕੇ ਵਿਕਾਸ ਨਹੀਂ ਕਰ ਸਕਦੀ।"[52]

ਜਦੋਂ ਮੰਡੇਲਾ ਵਰਗੇ ਆਗੂ ਵਿਸ਼ਵੀਕਰਨ ਦੀ ਪਟੜੀ ਜਾ ਚੜ੍ਹੇ, ਉਨ੍ਹਾਂ ਦੇ ਦਿਮਾਗਾਂ 'ਚ ਇਹ ਕੁੱਟ-ਕੁੱਟ ਕੇ ਭਰ ਦਿੱਤਾ ਗਿਆ ਕਿ ਸਭ ਤੋਂ ਵੱਧ ਖੱਬੇਪੱਖੀ ਸਰਕਾਰਾਂ ਵੀ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਨੂੰ ਅਪਣਾ ਰਹੀਆਂ ਹਨ : ਵੀਅਤਨਾਮ ਅਤੇ ਚੀਨ ਦੇ ਕਮਿਊਨਿਸਟ ਇਹੀ ਕਰ ਰਹੇ ਹਨ, ਅਤੇ ਪੋਲੈਂਡ ਦੇ ਟਰੇਡ ਯੂਨੀਅਨਵਾਦੀ ਅਤੇ ਆਖ਼ਿਰ ਪਿਨੋਚੇ ਦੀ ਜਕੜ 'ਚੋਂ ਮੁਕਤ ਹੋਏ ਸੋਸ਼ਲ ਡੈਮੋਕਰੇਟ ਵੀ ਇਵੇਂ ਹੀ ਕਰ ਰਹੇ ਹਨ। ਇੱਥੋਂ ਤੱਕ ਕਿ ਰੂਸੀਆਂ ਨੂੰ ਵੀ ਨਵ-ਉਦਾਰਵਾਦੀ ਚਾਨਣ ਹੋ ਗਿਆ ਹੈ—ਜਿਸ ਵਕਤ ਏ ਐੱਨ ਸੀ ਸਿਰੇ ਦੀਆਂ ਮੁਸ਼ਕਲ ਵਾਰਤਾਵਾਂ 'ਚ ਰੁੱਝੀ ਹੋਈ ਸੀ, ਮਾਸਕੋ ਵਲੋਂ ਕਾਰਪੋਰੇਟਵਾਦੀ ਜਨੂੰਨ ਤਹਿਤ ਆਪਣੀਆਂ ਸਰਕਾਰੀ ਜਾਇਦਾਦਾਂ ਉਸ ਜੁੰਡਲੀ ਨੂੰ ਧੜਾਧੜ ਵੇਚੀਆਂ ਜਾ ਰਹੀਆਂ ਸਨ ਜੋ ਪਾਰਟੀ ਅਧਿਕਾਰੀਆਂ ਤੋਂ ਕਾਰੋਬਾਰੀ ਬਣ ਗਏ ਸਨ। ਜੇ ਮਾਸਕੋ ਨੇ ਹਾਰ ਮੰਨ ਲਈ ਸੀ ਤਾਂ ਦੱਖਣੀ ਅਫ਼ਰੀਕਾ ਦੇ ਫਟੇਹਾਲ ਆਜ਼ਾਦੀ ਘੁਲਾਟੀਏ ਅਜਿਹੀ ਜ਼ਬਰਦਸਤ ਆਲਮੀ ਕਾਂਗ ਦਾ ਕਿੰਨਾ ਕੁ ਸਮਾਂ ਵਿਰੋਧ ਕਰ ਲੈਣਗੇ ?

ਘੱਟੋ-ਘੱਟ ਇਹ ਸੀ ਉਨ੍ਹਾਂ ਵਕੀਲਾਂ, ਅਰਥਸ਼ਾਸਤਰੀਆਂ ਅਤੇ ਸਮਾਜਿਕ ਕਾਰਕੁਨਾਂ ਵਲੋਂ ਦਿੱਤਾ ਜਾ ਰਿਹਾ ਹੋਕਾ ਜੋ ਤੇਜ਼ੀ ਨਾਲ ਫੈਲ ਰਹੀ "ਤਬਦੀਲੀ" ਦੀ ਸਨਅਤ ਉਸਾਰਨ 'ਚ ਜੁਟੇ ਹੋਏ ਸਨ। ਇਹ ਮਾਹਰਾਂ ਦੀ ਐਸੀ ਟੋਲੀ ਹੈ ਜੋ ਜੰਗ ਨਾਲ ਤਬਾਹ ਹੋਏ ਪੇਂਡੂ ਖੇਤਰ ਤੋਂ ਲੈ ਕੇ ਸੰਕਟ ਦੇ ਝੰਬੇ ਸ਼ਹਿਰਾਂ ਤੱਕ ਹਰਲ-ਹਰਲ ਕਰਦੀ ਫਿਰਦੀ ਹੈ ਅਤੇ ਨਵੇਂ ਪ੍ਰਭਾਵਸ਼ਾਲੀ ਬਣੇ ਸਿਆਸਤਦਾਨਾਂ ਨੂੰ ਬਿਓਨਸ ਏਅਰੀਸ ਦੇ ਤਾਜ਼ਾ ਬਿਹਤਰੀਨ ਅਮਲ, ਵਾਰਸਾ ਦੀ ਬਹੁਤ ਜ਼ਿਆਦਾ ਪ੍ਰੇਰਨਾਦਾਇਕ ਕਾਮਯਾਬੀ ਅਤੇ ਏਸ਼ੀਅਨ ਸ਼ੇਰਾਂ ਦੀ ਸਿਰੇ ਦੀ ਭਿਆਨਕ ਦਹਾੜ ਦੀਆਂ ਕਹਾਣੀਆਂ ਸੁਣਾ ਰਹੀ ਹੈ। ਇਹ "ਤਬਦੀਲੀ ਵਿਗਿਆਨੀ" (ਜਿਵੇਂ ਨਿਊ ਯਾਰਕ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰੀ ਸਟੀਫਨ ਕੋਹੇਨ ਨੇ ਇਨ੍ਹਾਂ ਨੂੰ ਨਾਂ ਦਿੱਤਾ ਹੈ) ਉਨ੍ਹਾਂ ਸਿਆਸਤਦਾਨਾਂ ਨਾਲੋਂ ਲਾਹੇਵੰਦੀ ਹਾਲਤ 'ਚ ਹਨ ਕਿਉਂਕਿ ਇਹ ਬਹੁਤ ਜ਼ਿਆਦਾ ਗਤੀਸ਼ੀਲ ਜਮਾਤ ਹੈ ਜਦਕਿ ਮੁਕਤੀ ਲਹਿਰਾਂ ਦੇ ਆਗੂ ਜਮਾਂਦਰੂ ਤੌਰ 'ਤੇ ਇਕ ਦਾਇਰੇ 'ਚ ਸਿਮਟੀ ਸੋਚ ਵਾਲੇ ਹੁੰਦੇ ਹਨ।[53] ਤਿੱਖੀ ਕੌਮੀ ਤਬਦੀਲੀ ਲਿਆਉਣ ਦੇ ਉਦੇਸ਼ ਵਾਲੀਆਂ ਜੱਦੋਜਹਿਦਾਂ ਦੇ ਆਗੂਆਂ ਦਾ ਧਿਆਨ ਆਪਣੀ ਫ਼ਿਤਰਤ ਪੱਖੋਂ, ਆਪਣੀਆਂ ਕਹਾਣੀਆਂ ਅਤੇ ਸੱਤਾ ਸੰਘਰਸ਼ਾਂ ਉੱਪਰ ਐਨਾ ਜ਼ਿਆਦਾ ਕੇਂਦਰਤ ਅਤੇ ਸਿਮਟਿਆ ਹੋਇਆ ਹੁੰਦਾ ਹੈ ਕਿ ਅਕਸਰ ਹੀ ਉਹ ਆਪਣੇ ਦਾਇਰੇ ਤੋਂ ਬਾਹਰਲੀ ਦੁਨੀਆਂ ਨੂੰ ਗਹੁ ਨਾਲ ਵਾਚਣ ਦੀ ਹਾਲਤ 'ਚ ਨਹੀਂ ਹੁੰਦੇ। ਇਹੀ ਤਾਂ ਬਦਕਿਸਮਤੀ ਹੈ, ਕਿਉਂਕਿ ਜੇ ਏ ਐੱਨ ਸੀ ਲੀਡਰਸ਼ਿਪ ਇਸ ਤਬਦੀਲੀ ਵਿਗਿਆਨ ਦੇ ਖੋਲ ਅੰਦਰ ਧਸਕੇ ਖ਼ੁਦ ਇਹ ਜਾਣ ਲੈਂਦੀ ਕਿ ਮਾਸਕੋ, ਵਾਰਸਾ, ਬਿਓਨਸ ਏਅਰੀਸ ਅਤੇ ਸਿਓਲ ਵਿਚ ਅਸਲ ਵਿਚ ਕੀ ਵਾਪਰ ਰਿਹਾ ਹੈ ਤਾਂ ਇਸ ਨੂੰ ਬਹੁਤ ਹੀ ਅਲੱਗ ਤਰ੍ਹਾਂ ਦੀ ਤਸਵੀਰ ਨਜ਼ਰੀ ਪੈਣੀ ਸੀ।

ਕਾਂਡ ਗਿਆਰਵਾਂ

ਅੱਲੜ੍ਹ ਜਮਹੂਰੀਅਤ ਦੀ ਚਿਤਾ

ਰੂਸ ਨੇ "ਪਿਨੋਚੇ ਵਾਲਾ ਰਾਹ" ਫੜਿਆ

> ਘੁੱਗ ਵਸਦੇ ਸ਼ਹਿਰ ਨੂੰ ਟੁਕੜਿਆਂ 'ਚ ਵੰਡਕੇ ਇਨ੍ਹਾਂ ਦੀ ਨਿਲਾਮੀ ਇਸ ਤੱਥ ਨੂੰ ਮੱਦੇਨਜ਼ਰ ਰੱਖੇ ਬਗ਼ੈਰ ਨਹੀਂ ਕੀਤੀ ਜਾ ਸਕਦੀ ਕਿ ਇਸ ਦੀਆਂ ਆਪਣੀਆਂ ਸੁਭਾਵਿਕ ਰਵਾਇਤਾਂ ਹੁੰਦੀਆਂ ਹਨ ਚਾਹੇ ਇਹ ਬਦੇਸ਼ੀਆਂ ਨੂੰ ਓਪਰੀਆਂ ਹੀ ਲੱਗਦੀਆਂ ਹੋਣ।.....ਪਰ ਇਹ ਰਵਾਇਤਾਂ ਸਾਡੀਆਂ ਹਨ ਅਤੇ ਸ਼ਹਿਰ ਵੀ ਸਾਡਾ ਹੈ। ਲੰਮੇ ਸਮੇਂ ਤੋਂ ਅਸੀਂ ਕਮਿਊਨਿਸਟਾਂ ਦੀ ਤਾਨਾਸ਼ਾਹੀ ਦੇ ਅਧੀਨ ਚਲੇ ਆ ਰਹੇ ਸੀ। ਪਰ ਹੁਣ ਸਾਨੂੰ ਪਤਾ ਲੱਗਿਆ ਹੈ ਕਿ ਸਰਮਾਏਦਾਰੀ ਕਾਰੋਬਾਰੀਆਂ ਦੀ ਤਾਨਾਸ਼ਾਹੀ ਹੇਠ ਜੀਵਨ ਕੋਈ ਬਿਹਤਰ ਜੀਵਨ ਨਹੀਂ ਹੁੰਦਾ। ਉਹ ਜਿਹੜੇ ਦੇਸ਼ ਵਿਚ ਵਿਚਰਦੇ ਹਨ ਉਸ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ।
>
> —ਰੂਸੀ ਲੇਖਕ, ਗ੍ਰਿਗੋਰੀ ਗੋਰਿਨ, 1993[1]

> ਇਹ ਸਚਾਈ ਹਰ ਥਾਂ ਫੈਲਾ ਦਿਓ ਕਿ ਅਰਥਸ਼ਾਸਤਰ ਦੇ ਨਿਯਮ ਇੰਜੀਨੀਅਰਿੰਗ ਦੇ ਨਿਯਮਾਂ ਵਾਂਗ ਹਨ। ਨਿਯਮਾਂ ਦਾ ਇਹ ਜੁੱਟ ਹਰ ਥਾਂ ਕੰਮ ਕਰਦਾ ਹੈ।
>
> —ਲਾਰੈਂਸ ਸਮਰਜ਼, ਸੰਸਾਰ ਬੈਂਕ ਦਾ ਪ੍ਰਮੁੱਖ ਅਰਥਸ਼ਾਸਤਰੀ, 1991[2]

ਜਦੋਂ ਜੁਲਾਈ 1991 'ਚ ਸੋਵੀਅਤ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਜੀ-7 ਸਿਖ਼ਰ ਸੰਮੇਲਨ 'ਚ ਪਹਿਲੀ ਦਫ਼ਾ ਸ਼ਾਮਲ ਹੋਣ ਲਈ ਜਾ ਰਿਹਾ ਸੀ। ਉਸ ਵਕਤ ਜੇ ਉਹ ਸੋਚ ਰਿਹਾ ਹੋਵੇਗਾ ਕਿ ਉਸ ਦਾ ਸਵਾਗਤ ਨਾਇਕਾਂ ਵਾਂਗ ਕੀਤਾ ਜਾਵੇਗਾ ਤਾਂ ਇਹ ਆਸ ਰੱਖਣ ਦਾ ਹਰ ਕਾਰਨ ਮੌਜੂਦ ਸੀ। ਇਨ੍ਹਾਂ ਤਿੰਨ ਸਾਲਾਂ ਦੌਰਾਨ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਉਹ ਕੌਮਾਂਤਰੀ ਮੰਚ 'ਤੇ ਪੈਰ ਨਹੀਂ ਧਰ ਰਿਹਾ ਸਗੋਂ ਉੱਡਦਾ ਫਿਰਦਾ ਹੈ। ਕਦੇ ਉਹ ਮੀਡੀਆ ਨੂੰ ਮੋਹ ਰਿਹਾ ਹੁੰਦਾ, ਕਦੇ ਨਿਸ਼ਸ਼ਤਰੀਕਰਨ ਸਮਝੌਤੇ 'ਤੇ ਸਹੀ ਪਾ ਰਿਹਾ ਹੁੰਦਾ ਅਤੇ ਕਦੇ ਅਮਨ ਇਨਾਮ ਲੈ ਰਿਹਾ ਹੁੰਦਾ। ਇਨ੍ਹਾਂ ਵਿਚ 1990 ਦਾ ਨੋਬਲ ਇਨਾਮ ਵੀ ਸ਼ਾਮਲ ਸੀ।

ਗੋਰਬਾਚੇਵ ਨੇ ਤਾਂ ਉਹ ਕੁਝ ਵੀ ਕਰ ਦਿਖਾਇਆ ਸੀ ਜਿਸ ਬਾਰੇ ਪਹਿਲਾਂ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ : ਉਸ ਨੇ ਅਮਰੀਕੀ ਜਨਤਾ ਦੇ ਮਨ ਮੋਹ ਲਏ। ਰੂਸੀ ਆਗੂ ਨੇ ਸੋਵੀਅਤਾਂ ਦੀ ਸ਼ੈਤਾਨ ਸਲਤਨਤ ਦੀ ਐਨੀ ਭਰਵੀਂ ਨਕਲ ਉਤਾਰੀ ਕਿ ਅਮਰੀਕੀ ਪ੍ਰੈੱਸ ਨੇ ਉਸ ਨੂੰ ਲਾਡ ਨਾਲ "ਗੋਰਬੀ" ਆਖ ਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਅਤੇ 1987 'ਚ ਤਾਂ *ਟਾਈਮ* ਰਸਾਲੇ ਨੇ ਸੋਵੀਅਤ ਰਾਸ਼ਟਰਪਤੀ ਨੂੰ ਇਸ ਸਾਲ ਦੀ ਸਿਰਮੌਰ ਹਸਤੀ ਦਾ ਖ਼ਿਤਾਬ ਬਖਸ਼ਣ ਦਾ ਜ਼ੋਖ਼ਮ ਭਰਿਆ ਐਲਾਨ ਵੀ ਕਰ ਮਾਰਿਆ। ਸੰਪਾਦਕਾਂ ਨੇ ਇਹ ਸਫ਼ਾਈ ਪੇਸ਼ ਕੀਤੀ ਕਿ ਆਪਣੇ ਤੋਂ ਪਹਿਲੇ ਰਾਜ ਪ੍ਰਮੁੱਖਾਂ ("ਫਰ ਦੀਆਂ ਟੋਪੀਆਂ ਵਾਲੇ ਨਜ਼ਰ ਵੱਟੂਆਂ") ਦੇ ਉਲਟ ਗੋਰਬਾਚੇਵ ਰੂਸ ਦਾ ਰੋਨਾਲਡ ਰੀਗਨ ਹੈ—"ਮਹਾਨ ਦੂਤ ਦਾ ਕਰੈਮਲਿਨ ਅਵਤਾਰ।" ਨੋਬਲ ਇਨਾਮ ਕਮੇਟੀ ਨੇ ਐਲਾਨ ਕੀਤਾ ਕਿ ਉਸ ਦੀ ਘਾਲਣਾ ਦੀ ਬਦੌਲਤ, "ਸਾਨੂੰ ਆਸ ਹੈ ਕਿ ਅਸੀਂ ਹੁਣ ਠੰਢੀ ਜੰਗ ਦੇ ਖ਼ਾਤਮੇ ਦੇ ਜਸ਼ਨ ਮਨਾ ਰਹੇ ਹਾਂ।"[3]

ਨੱਬੇਵਿਆਂ ਦੇ ਸ਼ੁਰੂ 'ਚ, ਗੋਰਬਾਚੇਵ ਨੇ ਗਲਾਸਨੋਸਤ (ਖੁੱਲ੍ਹਵਾਦ) ਅਤੇ ਪ੍ਰੈਸਤਰੋਇਕਾ (ਨਵੇਂ ਸਿਰਿਉਂ ਢਾਂਚਾਬੰਦੀ) ਦੀਆਂ ਜੋੜੀਆਂ ਨੀਤੀਆਂ ਸ਼ੁਰੂ ਕਰਕੇ ਸੋਵੀਅਤ ਯੂਨੀਅਨ ਦਾ ਜਮਹੂਰੀਕਰਨ ਕਰਨ ਦੇ ਨਿਆਰੇ ਅਮਲ ਦੀ ਅਗਵਾਈ ਕੀਤੀ : ਪ੍ਰੈੱਸ ਨੂੰ ਆਜ਼ਾਦੀ ਦਿੱਤੀ ਗਈ। ਰੂਸ ਦੀ ਸੰਸਦ, ਸਥਾਨਕ ਕੌਂਸਲਾਂ, ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਅਤੇ ਸੰਵਿਧਾਨਕ ਅਦਾਲਤ ਦੀ ਆਜ਼ਾਦ ਹੈਸੀਅਤ ਬਣ ਗਈ। ਜਿੱਥੋਂ ਤੱਕ ਆਰਥਿਕਤਾ ਦਾ ਸਬੰਧ ਸੀ, ਗੋਰਬਾਚੇਵ ਖੁੱਲ੍ਹੀ ਮੰਡੀ ਅਤੇ ਮਜ਼ਬੂਤ ਸੁਰੱਖਿਆ ਇੰਤਜ਼ਾਮ ਦੀ ਮਿਲੀਜੁਲੀ ਆਰਥਿਕਤਾ ਵੱਲ ਵਧ ਰਿਹਾ ਸੀ। ਅਹਿਮ ਸਨਅਤਾਂ ਨੂੰ ਸਰਕਾਰੀ ਕੰਟਰੋਲ ਹੇਠ ਰੱਖਿਆ ਗਿਆ ਸੀ। ਉਸ ਨੇ ਪੇਸ਼ੀਨਗੋਈ ਕੀਤੀ ਕਿ ਇਸ ਅਮਲ ਦੇ ਨੇਪਰੇ ਚੜ੍ਹਨ ਨੂੰ ਦਸ ਤੋਂ ਪੰਦਰਾਂ ਸਾਲ ਲੱਗਣਗੇ। ਉਸ ਦਾ ਅੰਤਮ ਟੀਚਾ ਸਕੈਂਡੇਨੇਵੀਆਈ ਨਮੂਨੇ ਦੇ ਅਧਾਰ 'ਤੇ ਸਮਾਜਿਕ ਜਮਹੂਰੀਅਤ ਉਸਾਰਨ ਦਾ ਸੀ, ਜੋ "ਕੁਲ ਮਨੁੱਖਤਾ ਲਈ ਸਮਾਜਵਾਦੀ ਚਾਨਣ ਮੁਨਾਰਾ" ਹੋਵੇਗਾ।[4]

ਪਹਿਲਾਂ ਪਹਿਲ ਇਹ ਜਾਪਦਾ ਸੀ ਕਿ ਪੱਛਮੀ ਸਰਮਾਏਦਾਰੀ ਸੋਵੀਅਤ ਆਰਥਿਕਤਾ ਨੂੰ ਮੁਕਤ ਕਰਕੇ ਇਸ ਨੂੰ ਸਵੀਡਨ ਦੀ ਆਰਥਿਕਤਾ ਵਰਗੀ ਬਣਾਉਣ 'ਚ ਗੋਰਬਾਚੇਵ ਨੂੰ ਕਾਮਯਾਬ ਹੋਇਆ ਦੇਖਣਾ ਚਾਹੁੰਦੀ ਹੈ। ਨੋਬਲ ਇਨਾਮ ਕਮੇਟੀ ਨੇ ਕਿਹਾ ਸੀ ਕਿ ਇਹ ਇਨਾਮ ਇਕ ਤਰ੍ਹਾਂ ਤਬਦੀਲੀ ਦੇ ਅਮਲ ਦੀ ਹਮਾਇਤ ਹੈ—"ਲੋੜ ਮੌਕੇ ਮਦਦ ਦੀ ਪੇਸ਼ਕਸ਼।" ਪਰਾਗ ਦੀ ਫੇਰੀ ਸਮੇਂ ਗੋਰਬਾਚੇਵ ਨੇ ਇਹ ਸਪਸ਼ਟ ਕਰ ਦਿੱਤਾ ਕਿ ਉਹ ਇਕੱਲਾ ਇਹ ਸਭ ਕੁਝ ਨਹੀਂ ਕਰ ਸਕਦਾ। ਉਸ ਨੇ ਕਿਹਾ : "ਇਕ ਰੱਸੇ ਨਾਲ ਪਹਾੜ 'ਤੇ ਚੜ੍ਹਨ ਵਾਲਿਆਂ ਵਾਂਗ, ਸੰਸਾਰ ਦੇ ਦੇਸ਼ ਜਾਂ ਤਾਂ ਇਕੱਠੇ ਚੋਟੀ 'ਤੇ ਚੜ੍ਹ ਜਾਣਗੇ ਜਾਂ ਸਾਰੇ ਡੂੰਘੀ ਖੱਡ 'ਚ ਇਕੱਠੇ ਹੀ ਡਿਗ ਜਾਣਗੇ।"[5]

ਪਰ 1991 ਦੇ ਜੀ-7 ਸਿਖ਼ਰ ਸੰਮੇਲਨ 'ਚ ਜੋ ਕੁਝ ਵਾਪਰਿਆ ਉਸ ਦੀ ਬਿਲਕੁਲ ਆਸ

ਨਹੀਂ ਸੀ। ਗੋਰਬਾਚੇਵ ਨੂੰ ਬਾਕੀ ਦੇਸ਼ਾਂ ਦੇ ਮੁਖੀਆਂ ਨੇ ਸਰਵ-ਸੰਮਤੀ ਨਾਲ ਸਪਸ਼ਟ ਸੁਣਾਉਣੀ ਕਰ ਦਿੱਤੀ ਕਿ ਜੇ ਉਸ ਨੇ ਤੁਰੰਤ ਸਦਮਾ ਇਲਾਜ ਦੇ ਤਿੱਖੇ ਆਰਥਕ ਪ੍ਰੋਗਰਾਮ ਨੂੰ ਨਾ ਅਪਣਾਇਆ ਤਾਂ ਉਹ ਰੱਸਾ ਵੱਢ ਕੇ ਉਸ ਨੂੰ ਡੇਗ ਦੇਣਗੇ। ਗੋਰਬਾਚੇਵ ਨੇ ਇਸ ਬਾਰੇ ਲਿਖਿਆ, "ਤਬਦੀਲੀ ਦੀ ਰਫ਼ਤਾਰ ਅਤੇ ਢੰਗ-ਤਰੀਕਿਆਂ ਬਾਰੇ ਉਨ੍ਹਾਂ ਦਾ ਮਸ਼ਵਰਾ ਹੈਰਾਨ ਕਰਨ ਵਾਲਾ ਸੀ।"[6]

ਪੋਲੈਂਡ ਨੇ ਆਈ ਐੱਮ ਐੱਫ ਅਤੇ ਜੈਫਰੀ ਸੈਚਸ ਦੀ ਨਿਗਰਾਨੀ ਹੇਠ ਸਦਮਾ ਇਲਾਜ ਦਾ ਪਹਿਲਾ ਗੇੜ ਹੁਣੇ ਹੀ ਪੂਰਾ ਕੀਤਾ ਸੀ। ਬਰਤਾਨਵੀ ਪ੍ਰਧਾਨ ਮੰਤਰੀ ਜੌਹਨ ਮੇਜਰ, ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼, ਕੈਨੇਡਾ ਦੇ ਪ੍ਰਧਾਨ ਮੰਤਰੀ ਬਰਾਇਨ ਮਲਰੋਨੀ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਤੋਸ਼ਿਕੀ ਕੈਫੂ ਦਾ ਸਾਂਝਾ ਵਿਚਾਰ ਸੀ ਕਿ ਸੋਵੀਅਤ ਯੂਨੀਅਨ ਨੂੰ ਪੋਲੈਂਡ ਦੀ ਮਿਸਾਲ ਉੱਪਰ ਹੋਰ ਵੀ ਤੇਜ਼ ਰਫ਼ਤਾਰ ਸਮਾਂ-ਸੂਚੀ ਬਣਾ ਕੇ ਚੱਲਣਾ ਹੋਵੇਗਾ। ਸੰਮੇਲਨ ਤੋਂ ਬਾਅਦ ਗੋਰਬਾਚੇਵ ਨੂੰ ਆਈ ਐੱਮ ਐੱਫ, ਸੰਸਾਰ ਬੈਂਕ ਅਤੇ ਕਰਜਾ ਦੇਣ ਵਾਲੀਆਂ ਸਾਰੀਆਂ ਹੀ ਪ੍ਰਮੁੱਖ ਸੰਸਥਾਵਾਂ ਨੇ ਇਸੇ ਤਰ੍ਹਾਂ ਫਰਮਾਨ ਜਾਰੀ ਕਰ ਦਿੱਤੇ। ਬਾਅਦ 'ਚ ਇਸੇ ਸਾਲ, ਜਦੋਂ ਰੂਸ ਨੇ ਮੌਸਮ ਵਲੋਂ ਕੁਦਰਤੀ ਆਫ਼ਤ ਕਾਰਨ ਪੈਦਾ ਹੋਏ ਆਰਥਕ ਸੰਕਟ ਨੂੰ ਮੁੱਖ ਰੱਖ ਕੇ ਕਰਜੇ ਮਾਫ਼ ਕਰਨ ਲਈ ਕਿਹਾ ਤਾਂ ਕੋਰਾ ਜਵਾਬ ਮਿਲ ਗਿਆ ਕਿ ਕਰਜੇ ਤਾਂ ਮੋੜਨੇ ਹੀ ਪੈਣਗੇ।[7] ਜਿਸ ਸਮੇਂ ਸੈਚਸ ਨੇ ਪੋਲੈਂਡ ਨੂੰ ਸਹਾਇਤਾ ਅਤੇ ਕਰਜੇ ਦੀ ਰਾਹਤ ਦਿਵਾਈ ਸੀ, ਓਦੋਂ ਨਾਲੋਂ ਇਨ੍ਹਾਂ ਸੰਸਥਾਵਾਂ ਦਾ ਸਿਆਸੀ ਮਿਜ਼ਾਜ ਹੁਣ ਬਦਲ ਚੁੱਕਿਆ ਸੀ—ਮਿਜ਼ਾਜ ਹੋਰ ਕਮੀਨਾ ਹੋ ਗਿਆ ਸੀ।

ਇਸ ਤੋਂ ਅੱਗੇ ਜੋ ਕੁਝ ਵਾਪਰਿਆ ਉਹ ਸਮਕਾਲੀ ਇਤਿਹਾਸ 'ਚ ਵਧੀਆ ਦਰਜ ਹੈ—ਸੋਵੀਅਤ ਯੂਨੀਅਨ ਟੁੱਟ ਗਿਆ, ਯੇਲਤਸਿਨ ਨੇ ਗੋਰਬਾਚੇਵ ਨੂੰ ਪਾਸੇ ਧੱਕ ਦਿੱਤਾ ਅਤੇ ਰੂਸ 'ਚ ਆਰਥਕ ਸਦਮਾ ਇਲਾਜ ਦੀ ਹਨੇਰੀ ਲਿਆ ਦਿੱਤੀ। ਹਾਲਾਂਕਿ ਇਸ ਵਿਧਿਆ ਨੂੰ "ਸੁਧਾਰ" ਦਾ ਕੋਮਲ ਨਾਂ ਦੇ ਕੇ ਜਿਵੇਂ ਸਧਾਰਨ ਜਿਹੀ ਚੀਜ਼ ਬਣਾ ਕੇ ਬਿਆਨ ਕੀਤਾ ਜਾਂਦਾ ਹੈ ਉਸ ਦੀ ਆੜ ਹੇਠ ਆਧੁਨਿਕ ਇਤਿਹਾਸ ਦੀ ਇਕ ਜਮਹੂਰੀਅਤ ਵਿਰੁੱਧ ਕੀਤੇ ਇਕ ਮਹਾਂ ਜੁਰਮ ਨੂੰ ਪੂਰੀ ਤਰ੍ਹਾਂ ਛੁਪਾ ਦਿੱਤਾ ਜਾਂਦਾ ਹੈ। ਚੀਨ ਵਾਂਗ ਰੂਸ ਨੂੰ ਵੀ ਸ਼ਿਕਾਗੋ ਸਕੂਲ ਦੇ ਆਰਥਕ ਪ੍ਰੋਗਰਾਮ ਅਤੇ ਖ਼ਰੇ ਜਮਹੂਰੀ ਇਨਕਲਾਬ ਵਿਚੋਂ ਇਕ ਦੀ ਚੋਣ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਇਹ ਫ਼ੈਸਲਾ ਲੈਣ ਮੌਕੇ, ਚੀਨ ਦੇ ਆਗੂਆਂ ਨੇ ਆਪਣੇ ਹੀ ਲੋਕਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਤਾਂ ਜੋ ਜਮਹੂਰੀਅਤ ਉਨ੍ਹਾਂ ਦੀਆਂ ਖੁੱਲ੍ਹੀ ਮੰਡੀ ਦੀਆਂ ਯੋਜਨਾਵਾਂ 'ਚ ਖ਼ਲਲ ਨਾ ਪਾ ਸਕੇ। ਰੂਸ ਦਾ ਮਾਮਲਾ ਵੱਖਰਾ ਸੀ : ਇੱਥੇ ਜਮਹੂਰੀ ਇਨਕਲਾਬ ਪਹਿਲਾਂ ਹੀ ਚੱਲ ਰਿਹਾ ਸੀ—ਸ਼ਿਕਾਗੋ ਸਕੂਲ ਦਾ ਆਰਥਕ ਪ੍ਰੋਗਰਾਮ ਥੋਪਣ ਲਈ ਪਹਿਲਾਂ ਉਸ ਸ਼ਾਂਤਮਈ ਅਤੇ ਸੰਭਾਵਨਾ ਭਰਪੂਰ ਅਮਲ 'ਚ ਹਿੰਸਕ ਖ਼ਲਲ ਪਾਇਆ ਗਿਆ, ਫੇਰ ਗੋਰਬਾਚੇਵ ਦੇ ਸ਼ੁਰੂ ਕੀਤੇ ਅਮਲ ਨੂੰ ਤਿੱਖੇ ਰੂਪ 'ਚ ਪੁੱਠਾ ਗੇੜਾ ਦੇ ਦਿੱਤਾ ਗਿਆ।

ਗੋਰਬਾਚੇਵ ਨੂੰ ਪਤਾ ਸੀ ਕਿ ਜੀ-7 ਅਤੇ ਆਈ ਐੱਮ ਐੱਫ ਵਲੋਂ ਜਿਸ ਤਰ੍ਹਾਂ ਦੇ ਸਦਮਾ ਇਲਾਜ ਦੀ ਵਕਾਲਤ ਕੀਤੀ ਜਾ ਰਹੀ ਸੀ ਉਸ ਨੂੰ ਸਿਰਫ਼ ਤਾਕਤ ਵਰਤ ਕੇ ਹੀ ਥੋਪਿਆ ਜਾ ਸਕਦਾ ਸੀ। ਪੱਛਮ 'ਚ ਕਈ ਰਾਜਾਂ ਨੇ ਇਹ ਨੀਤੀਆਂ ਇਸੇ ਤਰ੍ਹਾਂ ਹੀ ਜਬਰੀ ਥੋਪੀਆਂ ਸਨ। *ਦੀ ਇਕਨਾਮਿਸਟ* ਨੇ 1990 'ਚ ਛਾਪੇ ਇਕ ਪ੍ਰਭਾਵਸ਼ਾਲੀ ਲੇਖ 'ਚ ਗੋਰਬਾਚੇਵ ਨੂੰ ਤਾਕੀਦ ਕੀਤੀ ਸੀ "ਉਸ ਵਿਰੋਧ ਨੂੰ ਕੁਚਲਣ ਲਈ ਸਖ਼ਤੀ ਵਰਤੀ ਜਾਵੇ ਜੋ ਗੰਭੀਰ ਆਰਥਕ ਸੁਧਾਰ ਨਹੀਂ ਹੋਣ ਦੇ ਰਿਹਾ।"[8] ਨੋਬਲ ਕਮੇਟੀ ਵਲੋਂ ਠੰਢੀ ਜੰਗ ਖ਼ਤਮ ਹੋਣ ਦਾ ਐਲਾਨ ਕੀਤੇ ਜਾਣ ਤੋਂ ਦੋ ਹਫ਼ਤੇ ਬਾਅਦ ਹੀ *ਦੀ ਇਕਨਾਮਿਸਟ* ਗੋਰਬਾਚੇਵ ਨੂੰ ਠੰਢੀ ਜੰਗ ਦੇ ਇਕ ਸਭ ਤੋਂ ਬਦਨਾਮ ਕਾਤਲ ਦੇ

ਨਕਸ਼ੇ-ਕਦਮਾਂ 'ਤੇ ਚੱਲਣ ਲਈ ਪ੍ਰੇਰ ਰਿਹਾ ਸੀ। "ਮਿਖਾਇਲ ਸਰਗੀਵਿਚ ਪਿਨੋਚੇ ? " ਸਿਰਲੇਖ ਵਾਲੇ ਲੇਖ ਨੇ ਗੱਲ ਮੁਕਾਈ ਕਿ ਭਾਵੇਂ ਇਹ ਸਲਾਹ ਮੰਨਣ ਨਾਲ "ਖ਼ੂਨ ਖਰਾਬਾ ਹੋਣ ਦੀ ਸੰਭਾਵਨਾ ਹੈ.....ਇਹ ਹੋ ਹੀ ਸਕਦਾ ਹੈ ਕਿ ਇਹ ਉਸ ਦਿਸ਼ਾ 'ਚ ਸੋਵੀਅਤ ਯੂਨੀਅਨ ਦਾ ਮੋੜਾ ਬਣ ਜਾਵੇ ਜਿਸ ਨੂੰ ਉਦਾਰਵਾਦੀ ਅਰਥਸ਼ਾਸਤਰ ਵੱਲ ਪਿਨੋਚੇ ਵਾਲੀ ਪਹੁੰਚ ਕਿਹਾ ਜਾ ਸਕਦਾ ਹੈ।" *ਵਾਸ਼ਿੰਗਟਨ ਪੋਸਟ* ਤਾਂ ਹੋਰ ਵੀ ਅੱਗੇ ਜਾਣਾ ਚਾਹੁੰਦਾ ਸੀ। ਅਗਸਤ 1991 'ਚ, ਇਸ ਨੇ "ਪਿਨੋਚੇ ਦਾ ਚਿੱਲੀ ਸੋਵੀਅਤ ਆਰਥਿਕਤਾ ਲਈ ਵਿਹਾਰਕ ਮਿਸਾਲ" ਸਿਰਲੇਖ ਹੇਠ ਇਕ ਲੇਖ ਛਾਪਿਆ। ਜਿਸ ਵਿਚ ਮੱਠੀ ਚਾਲੇ ਚੱਲ ਰਹੇ ਗੋਰਬਾਚੇਵ ਨੂੰ ਗਲੋਂ ਲਾਹੁਣ ਲਈ ਰਾਜ ਪਲਟੇ ਦੇ ਵਿਚਾਰ ਦੀ ਵਜਾਹਤ ਕੀਤੀ ਗਈ, ਪਰ ਨਾਲ ਹੀ ਲੇਖਕ ਮਾਈਕਲ ਸਕਰੇਜ਼ ਇਸ ਗੱਲੋਂ ਵੀ ਫ਼ਿਕਰਮੰਦ ਸੀ ਕਿ ਸੋਵੀਅਤ ਰਾਸ਼ਟਰਪਤੀ ਦੇ ਵਿਰੋਧੀਆਂ 'ਚ "ਨਾ ਤਾਂ ਪਿਨੋਚੇ ਵਾਲਾ ਰਾਹ ਅਖ਼ਤਿਆਰ ਕਰਨ ਲਈ ਲੋੜੀਂਦੀ ਸਿਆਣਪ ਹੈ ਅਤੇ ਨਾ ਹਮਾਇਤ ਹਾਸਲ ਹੈ।" ਸਕਰੇਜ਼ ਲਿਖਦਾ ਹੈ, ਉਨ੍ਹਾਂ ਨੂੰ "ਤਾਨਾਸ਼ਾਹ ਤੋਂ ਸਿੱਖਣਾ ਚਾਹੀਦਾ ਹੈ ਕਿ ਰਾਜ ਪਲਟਾ ਕਿਵੇਂ ਕਰਨਾ ਹੈ : ਚਿੱਲੀ ਦੇ ਸੇਵਾ-ਮੁਕਤ ਜਰਨੈਲ ਆਗਸਤੋ ਪਿਨੋਚੇ ਤੋਂ।"[9]

ਛੇਤੀ ਹੀ ਗੋਰਬਾਚੇਵ ਨੂੰ ਐਸਾ ਵਿਰੋਧੀ ਟੱਕਰ ਗਿਆ ਜੋ ਰੂਸੀ ਪਿਨੋਚੇ ਦੀ ਭੂਮਿਕਾ ਨਿਭਾਉਣ ਦਾ ਇੱਛਕ ਸੀ। ਬੋਰਿਸ ਯੇਲਤਸਿਨ ਭਾਵੇਂ ਰੂਸ ਦੇ ਰਾਸ਼ਟਰਪਤੀ ਦੇ ਅਹੁਦੇ 'ਤੇ ਬੈਠਾ ਸੀ ਪਰ ਉਸ ਦੀ ਹੈਸੀਅਤ ਗੋਰਬਾਚੇਵ ਤੋਂ ਕਿਤੇ ਨੀਵੀਂ ਸੀ। ਸੋਵੀਅਤ ਯੂਨੀਅਨ ਦਾ ਕਰਤਾ-ਧਰਤਾ ਗੋਰਬਾਚੇਵ ਹੀ ਸੀ। ਜੀ-7 ਸਿਖ਼ਰ ਸੰਮੇਲਨ ਤੋਂ ਇਕ ਮਹੀਨਾ ਬਾਅਦ, 19 ਅਗਸਤ 1991 ਨੂੰ ਇਸ ਰੁਤਬੇ 'ਚ ਨਾਟਕੀ ਤਬਦੀਲੀ ਹੋ ਗਈ। ਪੁਰਾਣੀ ਕਮਿਊਨਿਸਟ ਗਾਰਦ ਨੇ ਟੈਂਕ ਲੈ ਕੇ ਰੂਸ ਦੇ ਵਾਈਟ ਹਾਊਸ 'ਤੇ ਚੜ੍ਹਾਈ ਕਰ ਦਿੱਤੀ। ਰੂਸ ਦੇ ਸੰਸਦ ਭਵਨ ਦਾ ਇਹੀ ਨਾਂ ਰੱਖਿਆ ਗਿਆ ਹੈ। ਜਮਹੂਰੀਕਰਨ ਦੇ ਅਮਲ ਨੂੰ ਰੋਕਣ ਲਈ ਉਨ੍ਹਾਂ ਦੇਸ਼ ਦੀ ਪਹਿਲੀ ਚੁਣੀ ਹੋਈ ਸੰਸਦ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ। ਨਵੀਂ ਜਮਹੂਰੀਅਤ ਦੀ ਰਾਖੀ ਕਰਨ ਲਈ ਦ੍ਰਿੜ ਰੂਸੀਆਂ ਦੇ ਹਜੂਮ ਦਰਮਿਆਨ ਯੇਲਤਸਿਨ ਇਕ ਟੈਂਕ 'ਤੇ ਜਾ ਚੜ੍ਹਿਆ ਅਤੇ ਇਸ ਨੂੰ "ਸੱਜੇਪੱਖੀਆਂ ਦੀ ਰਾਜ ਪਲਟਾ ਕਰਨ ਦੀ ਸਨਕੀ ਕੋਸ਼ਿਸ਼" ਕਹਿ ਕੇ ਇਸ ਦੀ ਨਿਖੇਧੀ ਕੀਤੀ।[10] ਟੈਂਕ ਵਾਪਸ ਮੁੜ ਗਏ ਅਤੇ ਯੇਲਤਸਿਨ ਜਮਹੂਰੀਅਤ ਦਾ ਦਲੇਰ ਰਖਵਾਲਾ ਬਣ ਕੇ ਉੱਭਰ ਆਇਆ। ਉਸ ਦਿਨ ਉਸ ਸੜਕ 'ਤੇ ਜਿਹੜੇ ਪ੍ਰਦਰਸ਼ਨਕਾਰੀ ਮੌਜੂਦ ਸਨ ਉਨ੍ਹਾਂ ਵਿਚੋਂ ਇਕ ਨੇ ਇਸ ਘਟਨਾ ਦੇ ਮਾਹੌਲ ਨੂੰ ਇਸ ਤਰ੍ਹਾਂ ਬਿਆਨ ਕੀਤਾ, "ਪਹਿਲੀ ਵਾਰ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੇ ਦੇਸ਼ ਦੀ ਹਾਲਤ ਨੂੰ ਸੱਚੀਓਂ ਪ੍ਰਭਾਵਤ ਕਰ ਸਕਦਾ ਹਾਂ। ਸਾਡੇ ਹੌਂਸਲੇ ਬੁਲੰਦ ਹੋ ਗਏ। ਉਸ ਸਮੇਂ ਏਕਤਾ ਦੀ ਐਸੀ ਭਾਵਨਾ ਸੀ। ਅਸੀਂ ਅਜਿੱਤ ਮਹਿਸੂਸ ਕਰਦੇ ਸੀ।"[11]

ਅਤੇ ਇਵੇਂ ਹੀ ਯੇਲਤਸਿਨ ਮਹਿਸੂਸ ਕਰਦਾ ਸੀ। ਆਗੂ ਵਜੋਂ, ਉਹ ਹਮੇਸ਼ਾ ਗੋਰਬਾਚੇਵ ਦਾ ਵਿਰੋਧੀ ਰਿਹਾ ਸੀ। ਜਿੱਥੇ ਗੋਰਬਾਚੇਵ ਸਿਸ਼ਟਾਚਾਰੀ ਅਤੇ ਠਰੰਮੇ ਵਾਲਾ ਸੀ (ਉਸ ਦਾ ਇਕ ਸਭ ਤੋਂ ਰੱਟੇ ਵਾਲਾ ਕਦਮ ਉਸ ਵਲੋਂ ਵੋਦਕਾ ਪੀਣ ਵਿਰੁੱਧ ਚਲਾਈ ਮੁਹਿੰਮ ਸੀ), ਉੱਥੇ ਯੇਲਤਸਿਨ ਬਦਨਾਮ ਖਾਣ-ਸੂਰਾ ਅਤੇ ਸਿਰੇ ਦਾ ਸ਼ਰਾਬੀ ਸੀ। ਰਾਜ ਪਲਟੇ ਤੋਂ ਪਹਿਲਾਂ, ਯੇਲਤਸਿਨ ਬਾਰੇ ਬਹੁਤ ਸਾਰੇ ਰੂਸੀਆਂ ਦੀ ਰਾਇ ਝਿਜਕ ਭਰੀ ਸੀ। ਪਰ ਉਸ ਨੇ ਕਮਿਊਨਿਸਟ ਰਾਜ ਪਲਟੇ ਤੋਂ ਜਮਹੂਰੀਅਤ ਨੂੰ ਬਚਾਉਣ 'ਚ ਜੋ ਸਹਾਇਤਾ ਕੀਤੀ ਸੀ ਇਸ ਨੇ, ਘੱਟੋ-ਘੱਟ ਹਾਲ ਦੀ ਘੜੀ, ਉਸ ਨੂੰ ਲੋਕ ਨਾਇਕ ਬਣਾ ਦਿੱਤਾ ਸੀ।

ਯੇਲਤਸਿਨ ਨੇ ਤੁਰੰਤ ਆਪਣੀ ਦਰਸ਼ਨੀ ਜਿੱਤ ਨੂੰ ਸਿਆਸੀ ਤਾਕਤ ਵਧਾਉਣ ਲਈ

ਵਰਤਣਾ ਸ਼ੁਰੂ ਕਰ ਦਿੱਤਾ। ਜਦੋਂ ਤੱਕ ਸੋਵੀਅਤ ਯੂਨੀਅਨ ਮੌਜੂਦ ਸੀ, ਉਸ ਦਾ ਗੋਰਬਾਚੇਵ ਨਾਲੋਂ ਘੱਟ ਕੰਟਰੋਲ ਸੀ। ਪਰ ਦਸੰਬਰ 1991 'ਚ ਅਸਫ਼ਲ ਰਾਜ ਪਲਟੇ ਤੋਂ ਚਾਰ ਮਹੀਨੇ ਬਾਅਦ, ਯੇਲਤਸਿਨ ਨੇ ਕਮਾਲ ਦੀ ਸਿਆਸੀ ਚਾਲ ਖੇਡ੍ਹੀ। ਉਸ ਨੇ ਦੋ ਹੋਰ ਸੋਵੀਅਤ ਗਣਰਾਜਾਂ ਨਾਲ ਗੱਠਜੋੜ ਬਣਾ ਲਿਆ। ਇਸ ਚਾਲ ਦਾ ਅਸਰ ਇਹ ਹੋਇਆ ਕਿ ਸੋਵੀਅਤ ਯੂਨੀਅਨ ਇਕਦਮ ਖੇਰੂੰ-ਖੇਰੂੰ ਹੋ ਗਿਆ ਅਤੇ ਇਸ ਕਾਰਨ ਗੋਰਬਾਚੇਵ ਅਸਤੀਫ਼ਾ ਦੇਣ ਲਈ ਮਜਬੂਰ ਹੋ ਗਿਆ। "ਬਹੁਤੇ ਰੂਸੀਆਂ ਲਈ ਸੋਵੀਅਤ ਯੂਨੀਅਨ ਉਨ੍ਹਾਂ ਦਾ ਦੇਸ਼" ਸੀ। ਇਸ ਦੇ ਟੁੱਟਣ ਨਾਲ ਰੂਸੀ ਮਾਨਸਿਕਤਾ ਨੂੰ ਜ਼ਬਰਦਸਤ ਧੱਕਾ ਲੱਗਿਆ। ਰਾਜਨੀਤਕ ਵਿਗਿਆਨੀ ਸਟੀਫਨ ਕੋਹੇਨ ਨੇ ਇਸ ਸਦਮੇ ਨੂੰ ਬਿਆਨ ਕਰਦਿਆਂ ਕਿਹਾ ਸੀ ਕਿ ਇਹ ਉਨ੍ਹਾਂ "ਤਿੰਨ ਸਦਮਿਆਂ" ਵਿਚੋਂ ਪਹਿਲਾ ਸਦਮਾ ਸੀ ਜੋ ਅਗਲੇ ਤਿੰਨ ਸਾਲਾਂ 'ਚ ਰੂਸੀਆਂ ਨੂੰ ਜਰਨੇ ਪੈਣੇ ਸਨ।[12]

ਜਿਸ ਦਿਨ ਯੇਲਤਸਿਨ ਨੇ ਐਲਾਨ ਕੀਤਾ ਕਿ ਸੋਵੀਅਤ ਯੂਨੀਅਨ ਦੀ ਹੁਣ ਕੋਈ ਹੋਂਦ ਨਹੀਂ ਹੈ, ਓਦੋਂ ਜੈਫਰੀ ਸੈਚਸ ਕਰੈਮਲਿਨ ਭਵਨ ਵਿਚ ਮੌਜੂਦ ਸੀ। ਰੂਸ ਦੇ ਰਾਸ਼ਟਰਪਤੀ ਨੇ ਉਸ ਮੌਕੇ ਜੋ ਕਿਹਾ ਸੈਚਸ ਉਸ ਨੂੰ ਇਸ ਤਰ੍ਹਾਂ ਚੇਤੇ ਕਰਦਾ ਹੈ, " 'ਸੱਜਣੋਂ, ਮੈਂ ਤਾਂ ਬਸ ਇਹ ਐਲਾਨ ਕਰਨਾ ਚਾਹੁੰਨਾ ਕਿ ਸੋਵੀਅਤ ਯੂਨੀਅਨ ਖ਼ਤਮ ਹੋ ਚੁੱਕਾ ਹੈ।...' ਅਤੇ ਮੈਂ ਇੰਞ ਬੋਲਿਆ, 'ਲੈ ਪੁੱਤਰਾ, ਤੂੰ ਜਾਣਦੈਂ ਇਸ ਸਦੀ 'ਚ ਪਹਿਲੀ ਵਾਰ ਇੰਞ ਹੋਇਐ। ਇਹ ਸਭ ਤੋਂ ਭਰੋਸੇਯੋਗ ਚੀਜ਼ ਹੈ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ; ਇਹ ਸੱਚੀ ਮੁਕਤੀ ਹੈ; ਆ ਇਨ੍ਹਾਂ ਲੋਕਾਂ ਦੀ ਮਦਦ ਕਰੀਏ।' "[13] ਯੇਲਤਸਿਨ ਨੇ ਸੈਚਸ ਨੂੰ ਸਲਾਹਕਾਰ ਵਜੋਂ ਕੰਮ ਕਰਨ ਲਈ ਸੱਦਿਆ ਸੀ, ਅਤੇ ਸੈਚਸ ਦੀ ਵਿਉਂਤ ਇਸ ਤੋਂ ਵਧ ਕੇ ਸੀ। ਉਸ ਨੇ ਐਲਾਨ ਕੀਤਾ, "ਜੇ ਪੋਲੈਂਡ ਇਸ ਤਰ੍ਹਾਂ ਕਰ ਸਕਦਾ ਹੈ, ਤਾਂ ਰੂਸ ਵੀ ਕਰ ਸਕਦਾ ਹੈ।"[14]

ਪਰ ਯੇਲਤਸਿਨ ਨਿਰੀ ਸਲਾਹ ਨਹੀਂ ਸੀ ਚਾਹੁੰਦਾ, ਉਹ ਉਸੇ ਤਰ੍ਹਾਂ ਸੋਨੇ ਦੀ ਥਾਲੀ 'ਚ ਪਰੋਸੇ ਫੰਡ ਚਾਹੁੰਦਾ ਸੀ ਜੋ ਸੈਚਸ ਨੇ ਪੋਲੈਂਡ ਨੂੰ ਲੈ ਕੇ ਦਿੱਤੇ ਸਨ। ਯੇਲਤਸਿਨ ਬੋਲਿਆ, "ਸਾਨੂੰ ਇਕੋ ਇਕ ਉਮੀਦ ਇਹ ਹੈ ਕਿ ਜੀ-7 ਸਾਨੂੰ ਵਿਤੀ ਸਹਾਇਤਾ ਦੀ ਮੋਟੀ ਰਕਮ ਦੇਵੇਗਾ ਜੋ ਉਨ੍ਹਾਂ ਨੇ ਵਾਅਦਾ ਕੀਤਾ ਸੀ।"[15] ਸੈਚਸ ਨੇ ਯੇਲਤਸਿਨ ਨੂੰ ਦੱਸਿਆ ਕਿ ਉਸ ਨੂੰ ਭਰੋਸਾ ਹੈ ਕਿ ਜੇ ਮਾਸਕੋ ਸਰਮਾਏਦਾਰ ਆਰਥਿਕਤਾ ਕਾਇਮ ਕਰਨ ਦੀ ਖ਼ਾਤਰ "ਮਹਾਂ ਵਿਸਫੋਟ" ਦੇ ਸਿਧਾਂਤ ਅਨੁਸਾਰ ਚੱਲਣ ਲਈ ਤਿਆਰ ਹੈ ਤਾਂ ਉਹ 15 ਅਰਬ ਡਾਲਰ ਦੇ ਕਰੀਬ ਫੰਡ ਜੁਟਾ ਸਕਦਾ ਹੈ।[16] ਬਸ ਉਤਸ਼ਾਹੀ ਬਣੇ ਰਹਿਣ ਅਤੇ ਤੇਜ਼ੀ ਨਾਲ ਅੱਗੇ ਵਧਣ ਦੀ ਲੋੜ ਹੈ। ਪਰ ਯੇਲਤਸਿਨ ਇਹ ਨਹੀਂ ਸੀ ਜਾਣਦਾ ਕਿ ਕਿਸਮਤ ਸੈਚਸ ਦਾ ਸਾਥ ਨਹੀਂ ਦੇਵੇਗੀ।

ਸਰਮਾਏਦਾਰੀ ਦਾ ਧਾਰਨੀ ਬਣ ਜਾਣ ਦੇ ਰੂਸ ਦੇ ਅਮਲ ਦਾ ਉਸ ਭ੍ਰਿਸ਼ਟ ਪਹੁੰਚ ਨਾਲ ਬਹੁਤ ਕੁਝ ਸਾਂਝਾ ਸੀ ਜਿਸ ਕਾਰਨ ਦੋ ਸਾਲ ਪਹਿਲਾਂ ਚੀਨ ਵਿਚ ਤਿਆਨਮਿਨ ਚੌਕ ਦੇ ਰੋਸ ਮੁਜ਼ਾਹਰੇ ਸ਼ੁਰੂ ਹੋਏ ਸਨ। ਮਾਸਕੋ ਦੇ ਮੇਅਰ ਗੈਵਰਿਲ ਪੋਪੋਵ ਦਾ ਦਾਅਵਾ ਸੀ ਕਿ ਕੇਂਦਰੀ ਕੰਟਰੋਲ ਵਾਲੀ ਆਰਥਿਕਤਾ ਨੂੰ ਤੋੜਨ ਦੇ ਦੋ ਹੀ ਰਾਹ ਹਨ : "ਜਾਇਦਾਦ ਸਮਾਜ ਦੇ ਸਾਰੇ ਮੈਂਬਰਾਂ 'ਚ ਵੰਡ ਦਿੱਤੀ ਜਾਵੇ, ਜਾਂ ਸਭ ਤੋਂ ਵਧੀਆ ਹਿੱਸੇ ਆਗੂਆਂ ਨੂੰ ਦੇ ਦਿੱਤੇ ਜਾਣ। ਸੰਖੇਪ 'ਚ, ਇਕ ਜਮਹੂਰੀ ਪਹੁੰਚ ਹੈ, ਅਤੇ ਇਕ ਨਾਮਨਿਹਾਦ, ਅਧਿਕਾਰੀਆਂ ਵਾਲੀ ਪਹੁੰਚ ਹੈ।"[17] ਯੇਲਤਸਿਨ ਨੇ ਮਗਰਲੀ ਪਹੁੰਚ ਅਪਣਾਈ ਅਤੇ ਉਹ ਕਾਹਲ ਕਰ ਰਿਹਾ ਸੀ। 1991 ਦੇ ਅਖ਼ੀਰ 'ਚ ਉਸ ਨੇ ਸੰਸਦ 'ਚ ਜਾ ਕੇ ਰਵਾਇਤ ਤੋਂ ਹਟਵੀਂ ਤਜਵੀਜ਼ ਪੇਸ਼ ਕੀਤੀ : ਜੇ ਇਕ ਸਾਲ ਲਈ ਉਸ ਨੂੰ ਵਿਸ਼ੇਸ਼ ਅਧਿਕਾਰ ਦੇ ਦਿੱਤੇ ਜਾਣ, ਜਿਨ੍ਹਾਂ ਤਹਿਤ ਉਹ ਕਾਨੂੰਨ ਨੂੰ ਸੰਸਦ 'ਚ ਵੋਟ ਲਈ ਪੇਸ਼

ਕਰਨ ਦੀ ਬਜਾਏ ਸਿੱਧੇ ਐਲਾਨ ਕਰ ਸਕੇ, ਤਾਂ ਉਹ ਆਰਥਕ ਸੰਕਟ ਨੂੰ ਹੱਲ ਕਰ ਦੇਵੇਗਾ ਅਤੇ ਐਸਾ ਨਰੋਆ ਪ੍ਰਬੰਧ ਦੇਵੇਗਾ ਜੋ ਵਧ ਫੁੱਲ ਰਿਹਾ ਹੋਵੇ। ਯੇਲਤਸਿਨ ਅਸਲ ਵਿਚ ਤਾਨਾਸ਼ਾਹਾਂ ਵਾਲੀਆਂ ਕਾਰਜਕਾਰੀ ਤਾਕਤਾਂ ਦੀ ਮੰਗ ਕਰ ਰਿਹਾ ਸੀ ਨਾ ਕਿ ਜਮਹੂਰੀਅਤਪਸੰਦਾਂ ਵਾਲੀਆਂ। ਪਰ ਸੰਸਦ ਹਾਲੇ ਵੀ ਰਾਜ ਪਲਟਾ ਕਰਨ ਸਮੇਂ ਉਸ ਵੱਲੋਂ ਨਿਭਾਈ ਭੂਮਿਕਾ ਦੀ ਦੇਣਦਾਰ ਸੀ ਅਤੇ ਉਸ ਦਾ ਦੇਸ਼ ਬਦੇਸ਼ੀ ਮਦਦ ਲਈ ਤਹੂ ਸੀ। ਜਵਾਬ ਸੀ, ਠੀਕ ਹੈ ਯੇਲਤਸਿਨ ਰੂਸ ਦੀ ਆਰਥਿਕਤਾ ਨੂੰ ਨਵੇਂ ਸਿਰਿਉਂ ਉਸਾਰਨ ਦਾ ਸੰਪੂਰਨ ਅਧਿਕਾਰ ਲੈ ਲਵੇ।

ਉਸ ਨੇ ਝਟਪਟ ਅਰਥਸ਼ਾਸਤਰੀਆਂ ਦੀ ਇਕ ਟੀਮ ਸੱਦ ਲਈ। ਇਨ੍ਹਾਂ ਵਿਚੋਂ ਬਹੁਤੇ ਕਮਿਊਨਿਜ਼ਮ ਦੇ ਆਖ਼ਰੀ ਸਾਲਾਂ 'ਚ ਖੁੱਲ੍ਹੀ ਮੰਡੀ ਪੱਖੀ ਇਕ ਅਧਿਐਨ ਕਲੱਬ ਚਲਾਉਂਦੇ ਰਹੇ ਸਨ। ਇੱਥੇ ਸ਼ਿਕਾਗੋ ਸਕੂਲ ਦੇ ਚਿੰਤਕਾਂ ਦੇ ਮੂਲ ਸਿਧਾਂਤਾਂ ਦਾ ਅਧਿਐਨ ਕੀਤਾ ਜਾਂਦਾ ਸੀ ਅਤੇ ਇਹ ਵਿਚਾਰ-ਚਰਚਾ ਕੀਤੀ ਜਾਂਦੀ ਸੀ ਕਿ ਰੂਸ ਵਿਚ ਇਹ ਸਿਧਾਂਤ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ। ਭਾਵੇਂ ਉਨ੍ਹਾਂ ਨੇ ਅਮਰੀਕਾ 'ਚ ਜਾ ਕੇ ਪੜ੍ਹਾਈ ਨਹੀਂ ਸੀ ਕੀਤੀ, ਪਰ ਉਹ ਮਿਲਟਨ ਫਰਾਇਡਮੈਨ ਦੇ ਐਨੇ ਅਨਿਨ ਭਗਤ ਸਨ ਕਿ ਰੂਸੀ ਪ੍ਰੈੱਸ ਯੇਲਤਸਿਨ ਦੀ ਟੀਮ ਦਾ ਜ਼ਿਕਰ "ਸ਼ਿਕਾਗੋ ਵਾਲੇ ਮੁੰਡੇ" ਕਹਿ ਕੇ ਕਰਨ ਲੱਗੀ। ਇਹ ਅਸਲ ਨਾਂ ਰੂਸ ਦੀ ਵਧ-ਫੁਲ ਰਹੀ ਦੋ ਨੰਬਰ ਦੀ ਮੰਡੀ ਆਰਥਿਕਤਾ ਉੱਪਰ ਪੂਰੀ ਤਰ੍ਹਾਂ ਢੁੱਕਦਾ ਸੀ। ਪੱਛਮ 'ਚ ਇਨ੍ਹਾਂ ਨੂੰ "ਨੌਜਵਾਨ ਸੁਧਾਰਕ" ਕਿਹਾ ਜਾਂਦਾ ਸੀ। ਇਸ ਟੋਲੀ ਦਾ ਮੁਖੀ ਯੇਗੋਰ ਗੈਦਰ ਸੀ। ਯੇਲਤਸਿਨ ਨੇ ਜਿਹੜੇ ਦੋ ਸਹਾਇਕ ਪ੍ਰਧਾਨ ਮੰਤਰੀ ਬਣਾਏ ਸਨ ਉਨ੍ਹਾਂ ਵਿਚੋਂ ਇਕ ਗੈਦਰ ਸੀ। ਪਿਓਤਰ ਅਵੇਨ 1991-92 'ਚ ਯੇਲਤਸਿਨ ਦੇ ਮੰਤਰੀ ਮੰਡਲ ਵਿਚ ਸ਼ਾਮਲ ਸੀ ਅਤੇ ਇਸ ਅੰਦਰੂਨੀ ਜੁੰਡਲੀ ਦਾ ਹਿੱਸਾ ਸੀ। ਉਸ ਨੇ ਇਸ ਜੁੰਡਲੀ ਬਾਰੇ ਕਿਹਾ ਸੀ, "ਉਹ ਆਪਣੇ ਆਪ ਨੂੰ ਰੱਬ ਸਮਝਦੇ ਸਨ, ਉਨ੍ਹਾਂ ਦਾ ਸੁਭਾਵਿਕ ਵਿਹਾਰ ਉਨ੍ਹਾਂ ਦੀ ਸਰਵ ਪੱਖੀ ਉੱਤਮਤਾ ਦੀ ਪੈਦਾਵਾਰ ਸੀ, ਬਦਕਿਸਮਤੀ ਨਾਲ ਇਹ ਸਾਡੇ ਸੁਧਾਰਕਾਂ ਦਾ ਨਿਆਰਾਪਣ ਸੀ।"[18]

ਮਾਸਕੋ ਦੇ ਰਾਜ-ਭਾਗ 'ਤੇ ਚਾਣਚੱਕ ਕਾਬਜ਼ ਹੋਣ ਵਾਲੇ ਇਸ ਗੁੱਟ ਦੀ ਛਾਣਬੀਣ ਕਰਦਿਆਂ ਰੂਸੀ ਅਖ਼ਬਾਰ *ਨੇਜ਼ਾਵਿਸਮਾਇਆ ਗਜ਼ੇਤਾ* ਨੇ ਇਸ ਹੈਰਤਅੰਗੇਜ਼ ਘਟਨਾ-ਵਿਕਾਸ ਬਾਰੇ ਟਿੱਪਣੀ ਕੀਤੀ ਕਿ "ਪਹਿਲੀ ਵਾਰ ਰੂਸ ਦੀ ਸਰਕਾਰ 'ਚ ਉਦਾਰਵਾਦੀਆਂ ਦੀ ਟੀਮ ਸ਼ਾਮਲ ਹੈ ਜੋ ਫਰੈਡਰਿਕ ਵੌਨ ਹਾਏਕ ਅਤੇ ਮਿਲਟਨ ਫਰਾਇਡਮੈਨ ਦੇ 'ਸ਼ਿਕਾਗੋ ਸਕੂਲ' ਦੇ ਪੈਰੋਕਾਰ ਅਖਵਾਉਂਦੇ ਹਨ।" ਉਨ੍ਹਾਂ ਦੀਆਂ ਨੀਤੀਆਂ "ਪੂਰੀ ਤਰ੍ਹਾਂ ਸਪਸ਼ਟ ਹਨ—'ਸਦਮਾ ਇਲਾਜ' ਦੇ ਮੁਤਾਬਿਕ 'ਕੱਟੜ ਵਿਤੀ ਸਥਿਰੀਕਰਨ।' " ਅਖ਼ਬਾਰ ਅਨੁਸਾਰ ਜਦੋਂ ਯੇਲਤਸਿਨ ਨੇ ਇਹ ਨਿਯੁਕਤੀਆਂ ਕੀਤੀਆਂ, ਨਾਲ ਹੀ ਉਸ ਨੇ ਬਦਨਾਮ ਧੱਕੜ ਯੂਰੀ ਸਕੋਕੋਵ ਨੂੰ "ਸੁਰੱਖਿਆ ਅਤੇ ਜਬਰ ਕਰਨ ਵਾਲੇ ਵਿਭਾਗਾਂ ਜਿਵੇਂ ਫ਼ੌਜ, ਅੰਦਰੂਨੀ ਮਾਮਲਿਆਂ ਅਤੇ ਰਾਜ ਸੁਰੱਖਿਆ ਕਮੇਟੀ ਦਾ ਮੁਖੀ" ਥਾਪ ਦਿੱਤਾ। ਸਪਸ਼ਟ ਤੌਰ 'ਤੇ ਇਨ੍ਹਾਂ ਫ਼ੈਸਲਿਆਂ ਦਾ ਆਪਸ 'ਚ ਸਬੰਧ ਸੀ : " 'ਦ੍ਰਿੜ੍ਹ ਇਰਾਦੇ ਵਾਲਾ' ਸਕੋਕੋਵ ਸਿਆਸਤ 'ਚ ਸਖ਼ਤੀ ਨਾਲ ਸਥਿਰਤਾ ਲਿਆ ਸਕਦਾ ਹੈ ਜਦਕਿ 'ਦ੍ਰਿੜ ਇਰਾਦੇ ਵਾਲੇ' ਅਰਥਸ਼ਾਸਤਰੀ ਆਰਥਿਕਤਾ ਵਿਚ ਸਥਿਰਤਾ ਯਕੀਨੀ ਬਣਾਉਣਗੇ।" ਲੇਖ ਦੇ ਅੰਤ 'ਚ ਇਹ ਪੇਸ਼ੀਨਗੋਈ ਕੀਤੀ ਗਈ ਸੀ : "ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇ ਉਹ ਪਿਨੋਚੇ ਵਾਲਾ ਦੇਸੀ ਪ੍ਰਬੰਧ ਬਣਾਉਣ ਦਾ ਯਤਨ ਕਰਦੇ ਹਨ ਜਿਸ ਵਿਚ 'ਸ਼ਿਕਾਗੋ ਵਾਲੇ ਮੁੰਡਿਆਂ' ਦੀ ਭੂਮਿਕਾ ਗੈਦਰ ਦੀ ਟੀਮ ਨਿਭਾਏਗੀ.....।"[19]

ਅਮਰੀਕੀ ਸਰਕਾਰ ਨੇ ਆਪਣੇ ਤਬਦੀਲੀ ਦੇ ਮਾਹਰਾਂ ਦੇ ਖ਼ਰਚ ਲਈ ਫੰਡ ਦਿੱਤਾ ਤਾਂ ਜੋ

ਯੇਲਤਸਿਨ ਦੇ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਸਿਧਾਂਤਕ ਅਤੇ ਤਕਨੀਕੀ ਸਹਾਇਤਾ ਮੁਹੱਈਆ ਕੀਤੀ ਜਾ ਸਕੇ। ਇਨ੍ਹਾਂ ਮਾਹਰਾਂ ਨੇ ਨਿੱਜੀਕਰਨ ਦੇ ਐਲਾਨਨਾਮੇ ਤਿਆਰ ਕਰਨ ਤੋਂ ਲੈ ਕੇ ਨਿਊ ਯਾਰਕ ਵਰਗਾ ਸਟਾਕ ਐਕਸਚੇਂਜ ਸ਼ੁਰੂ ਕਰਨਾ ਸੀ ਅਤੇ ਰੂਸ ਦੀ ਮਿਊਚਲ ਫੰਡ ਮੰਡੀ ਦਾ ਡਿਜ਼ਾਇਨ ਤਿਆਰ ਕਰਕੇ ਦੇਣਾ ਸੀ। 1992 ਦੇ ਪਤਨ ਸਮੇਂ ਯੂ ਐੱਸ ਏਡ ਨੇ ਕੌਮਾਂਤਰੀ ਵਿਕਾਸ ਦੀ ਹਾਰਵਰਡ ਸੰਸਥਾ ਨਾਲ 21 ਲੱਖ ਡਾਲਰ ਦਾ ਠੇਕਾ ਕੀਤਾ ਜਿਸ ਨੇ ਗੈਦਰ ਦੀ ਟੀਮ 'ਤੇ ਨਿਗਾਹ ਰੱਖਣ ਲਈ ਨੌਜਵਾਨ ਕਾਨੂੰਨਦਾਨਾਂ ਅਤੇ ਅਰਥਸ਼ਾਸਤਰੀਆਂ ਦੀਆਂ ਟੀਮਾਂ ਭੇਜੀਆਂ। ਮਈ 1995 'ਚ, ਹਾਵਰਡ ਨੇ ਕੌਮਾਂਤਰੀ ਵਿਕਾਸ ਦੀ ਹਾਵਰਡ ਸੰਸਥਾ ਦਾ ਨਿਰਦੇਸ਼ਕ ਸੈਚਸ ਨੂੰ ਥਾਪ ਦਿੱਤਾ ਜਿਸ ਦਾ ਅਰਥ ਸੀ ਉਸ ਨੇ ਰੂਸ ਦੇ ਸੁਧਾਰਾਂ ਦੇ ਦੌਰ 'ਚ ਦੋ ਭੂਮਿਕਾਵਾਂ ਨਿਭਾਈਆਂ : ਉਸ ਨੇ ਯੇਲਤਸਿਨ ਦੇ ਆਜ਼ਾਦ ਸਲਾਹਕਾਰ ਵਜੋਂ ਕੰਮ ਸ਼ੁਰੂ ਕੀਤਾ ਅਤੇ ਫੇਰ ਰੂਸ ਵਿਚ ਹਾਵਰਡ ਦੀ ਵਿਸ਼ਾਲ ਚੌਕੀ ਦੇ ਨਿਗਰਾਨ ਦੀ ਜ਼ਿੰਮੇਵਾਰੀ ਸਾਂਭ ਲਈ ਜਿਸ ਲਈ ਫੰਡ ਅਮਰੀਕੀ ਸਰਕਾਰ ਦੇ ਰਹੀ ਸੀ।

ਇਕ ਵਾਰ ਫੇਰ ਆਪੇ ਸਜੇ ਸੁਧਾਰਕਾਂ ਦੀ ਟੋਲੀ ਗੁਪਤ ਥਾਂ ਬੈਠ ਕੇ ਤਿੱਖਾ ਆਰਥਕ ਪ੍ਰੋਗਰਾਮ ਤਿਆਰ ਕਰਨ 'ਚ ਜੁਟ ਗਈ। ਇਕ ਅਹਿਮ ਸੁਧਾਰ ਕਰਤਾ ਦਿਮਿਤਰੀ ਵਾਸਿਲੀਏਵ ਨੇ ਚੇਤੇ ਕੀਤਾ : ''ਸ਼ੁਰੂ 'ਚ ਸਾਡੇ ਕੋਲ ਇਕ ਵੀ ਮੁਲਾਜ਼ਮ, ਇੱਥੋਂ ਤੱਕ ਕਿ ਸਕੱਤਰ ਵੀ ਨਹੀਂ ਸੀ। ਸਾਡੇ ਕੋਲ ਕੋਈ ਸਾਜ਼-ਸਮਾਨ, ਇੱਥੋਂ ਤੱਕ ਕਿ ਫੈਕਸ ਮਸ਼ੀਨ ਵੀ ਨਹੀਂ ਸੀ। ਅਤੇ ਇਨ੍ਹਾਂ ਹਾਲਤਾਂ 'ਚ ਅਸੀਂ ਨਿੱਜੀਕਰਨ ਦਾ ਭਰਵਾਂ ਪ੍ਰੋਗਰਾਮ ਤਿਆਰ ਕਰਕੇ ਦੇਣਾ ਸੀ, ਅਸੀਂ ਵੀਹ ਮਾਰਗ-ਦਰਸ਼ਕ ਕਾਨੂੰਨ ਤਿਆਰ ਕਰਨੇ ਸਨ.....ਇਹ ਸਚਮੁਚ ਰੁਮਾਂਚਕ ਦੌਰ ਸੀ।''[20]

28 ਅਕਤੂਬਰ 1991 ਨੂੰ ਯੇਲਤਸਿਨ ਨੇ ਕੀਮਤਾਂ ਤੋਂ ਕੰਟਰੋਲ ਹਟਾਉਣ ਦਾ ਐਲਾਨ ਕਰ ਦਿੱਤਾ। ਉਸ ਨੇ ਪੇਸ਼ੀਨਗੋਈ ਕੀਤੀ ਕਿ ''ਕੀਮਤਾਂ ਦਾ ਉਦਾਰੀਕਰਨ ਕੀਤੇ ਜਾਣ ਨਾਲ ਹਰ ਚੀਜ਼ ਥਾਂ ਸਿਰ ਹੋ ਜਾਵੇਗੀ।''[21] ਗੋਰਬਾਚੇਵ ਦੇ ਅਸਤੀਫ਼ਾ ਦੇਣ ਦੀ ਦੇਰ ਸੀ ਕਿ ''ਸੁਧਾਰਕਾਂ'' ਨੇ ਇਕ ਹਫ਼ਤੇ ਬਾਅਦ ਹੀ ਆਰਥਕ ਸਦਮਾ ਇਲਾਜ ਦਾ ਪ੍ਰੋਗਰਾਮ ਵਿਢ ਦਿੱਤਾ—ਤਿੰਨ ਸਦਮਿਆਂ ਵਿਚੋਂ ਇਹ ਦੂਜਾ ਸਦਮਾ ਸੀ। ਸਦਮਾ ਇਲਾਜ ਪ੍ਰੋਗਰਾਮ ਵਿਚ ਮੁਕਤ ਵਪਾਰ ਨੀਤੀਆਂ ਅਤੇ ਦੇਸ਼ ਦੀਆਂ ਤਕਰੀਬਨ 225,000 ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਦਾ ਫਟਾਫਟ ਨਿੱਜੀਕਰਨ ਕੀਤੇ ਜਾਣ ਦਾ ਪਹਿਲਾ ਪੜਾਅ ਵੀ ਸ਼ਾਮਲ ਸੀ।[22]

ਯੇਲਤਸਿਨ ਦੇ ਪ੍ਰਮੁੱਖ ਸਲਾਹਕਾਰ ਨੇ ਚੇਤਾ ਕੀਤਾ : ''ਪੂਰਾ ਦੇਸ਼ 'ਸ਼ਿਕਾਗੋ ਸਕੂਲ' ਦੇ ਪ੍ਰੋਗਰਾਮ ਨਾਲ ਹੱਕਾ-ਬੱਕਾ ਰਹਿ ਗਿਆ।''[23] ਇਹ ਗਿਣਿਆ-ਮਿਥਿਆ ਅਤੇ ਤੇਜ਼ੀ ਨਾਲ ਹਮਲਾ ਤਬਦੀਲੀ ਬਾਰੇ ਗੈਦਰ ਦੀ ਯੁੱਧਨੀਤੀ ਦਾ ਹਿੱਸਾ ਸੀ ਤਾਂ ਜੋ ਇਸ ਦਾ ਵਿਰੋਧ ਕਰਨਾ ਸੰਭਵ ਨਾ ਹੋਵੇ। ਉਸ ਦੀ ਟੀਮ ਮੂਹਰੇ ਉਹੀ ਆਮ ਸਮੱਸਿਆ ਖੜ੍ਹੀ ਸੀ ਭਾਵ ਜਮਹੂਰੀਅਤ ਵਲੋਂ ਉਸ ਦੇ ਮਨਸੂਬਿਆਂ 'ਚ ਅੜਿੱਕਾ ਡਾਹੁਣ ਦਾ ਖ਼ਤਰਾ ਸੀ। ਰੂਸੀ ਨਹੀਂ ਸੀ ਚਾਹੁੰਦੇ ਕਿ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇਸ਼ ਦੀ ਆਰਥਿਕਤਾ ਦਾ ਪ੍ਰਬੰਧ ਚਲਾਵੇ; ਫੇਰ ਵੀ ਬਹੁਤੇ ਲੋਕਾਂ ਦਾ ਹਾਲੇ ਵੀ ਦ੍ਰਿੜ ਵਿਚਾਰ ਸੀ ਕਿ ਦੌਲਤ ਦੀ ਮੁੜ ਵੰਡ ਕੀਤੀ ਜਾਵੇ ਅਤੇ ਸਰਕਾਰ ਇਸ ਵਿਚ ਸਰਗਰਮ ਭੂਮਿਕਾ ਨਿਭਾਵੇ। ਸਾਲੀਡੈਰਿਟੀ ਦੇ ਹਮਾਇਤੀ ਪੋਲਿਸ਼ ਲੋਕਾਂ ਵਾਂਗ ਹੀ, 67 ਫ਼ੀ ਸਦੀ ਰੂਸੀਆਂ ਨੇ 1992 'ਚ ਸਰਵੇਖਣ ਕਰਨ ਵਾਲਿਆਂ ਨੂੰ ਦੱਸਿਆ ਕਿ ਕਮਿਊਨਿਸਟ ਰਾਜ ਦੀ ਜਾਇਦਾਦ ਦਾ ਨਿੱਜੀਕਰਨ ਕਰਨ ਦਾ ਸਭ ਤੋਂ ਵਾਜਬ ਤਰੀਕਾ ਮਜ਼ਦੂਰਾਂ ਦੀਆਂ ਸਹਿਕਾਰੀ ਸਭਾਵਾਂ ਬਣਾਉਣਾ ਹੈ। ਅਤੇ 79 ਫ਼ੀ ਸਦੀ ਦਾ ਕਹਿਣਾ ਸੀ ਕਿ ਸਰਕਾਰ ਦਾ ਮੁੱਖ ਕੰਮ ਸਾਰਿਆਂ

ਲਈ ਰੁਜ਼ਗਾਰ ਯਕੀਨੀ ਬਣਾਉਣਾ ਹੈ।[24] ਇਸ ਦਾ ਅਰਥ ਸੀ ਜੇ ਯੇਲਤਸਿਨ ਦੀ ਟੀਮ ਪਹਿਲਾਂ ਹੀ ਬੁਰੀ ਤਰ੍ਹਾਂ ਬੌਂਦਲੀ ਹੋਈ ਜਨਤਾ ਉੱਪਰ ਗੁੱਝਾ ਹਮਲਾ ਕਰਨ ਦੀ ਥਾਂ ਆਪਣੀਆਂ ਯੋਜਨਾਵਾਂ ਬਾਰੇ ਜਮਹੂਰੀ ਢੰਗ ਨਾਲ ਬਹਿਸ ਕਰਾਉਂਦੀ ਤਾਂ ਸ਼ਿਕਾਗੋ ਸਕੂਲ ਮਾਰਕਾ ਸੁਧਾਰਾਂ ਨੂੰ ਮੌਕਾ ਕਿੱਥੇ ਮਿਲਣਾ ਸੀ।

ਇਸ ਦੌਰ 'ਚ ਬੋਰਿਸ ਯੇਲਤਸਿਨ ਦੇ ਸਲਾਹਕਾਰ ਵਲਾਦੀਮੀਰ ਮਾਊ ਦਾ ਕਹਿਣਾ ਸੀ ਕਿ "ਪਹਿਲਾਂ ਦੇ ਸਿਆਸੀ ਘੋਲ 'ਚ ਹੰਭੀ ਹੋਈ, ਥੱਕੀ-ਹਾਰੀ ਜਨਤਾ ਸੁਧਾਰਾਂ ਲਈ ਸਭ ਤੋਂ ਸਾਜ਼ਗਾਰ ਹਾਲਤ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਕੀਮਤਾਂ ਦਾ ਉਦਾਰੀਕਰਨ ਕਰਨ ਸਮੇਂ ਸਰਕਾਰ ਨੂੰ ਪੂਰਾ ਭਰੋਸਾ ਸੀ ਕਿ ਕੋਈ ਵੀ ਤਕੜਾ ਸਮਾਜਿਕ ਵਿਰੋਧ ਨਹੀਂ ਹੋਵੇਗਾ, ਅਤੇ ਜਨਤਾ ਦੀ ਬਗ਼ਾਵਤ ਸਰਕਾਰ ਨੂੰ ਉਲਟਾ ਨਹੀਂ ਸਕੇਗੀ।" ਉਹ ਦੱਸਦਾ ਹੈ ਕਿ ਭਾਰੀ ਬਹੁਗਿਣਤੀ ਰੂਸੀ—70 ਫ਼ੀ ਸਦੀ—ਕੀਮਤਾਂ ਤੋਂ ਕੰਟਰੋਲ ਹਟਾਉਣ ਦੇ ਖ਼ਿਲਾਫ਼ ਸਨ ਪਰ "ਅਸੀਂ ਇਹ ਵੀ ਦੇਖ ਰਹੇ ਸੀ ਕਿ ਓਦੋਂ ਵੀ ਅਤੇ ਹੁਣ ਵੀ ਲੋਕਾਂ ਦੀ ਸੁਤਾ ਆਪਣੇ ਨਿੱਜੀ ਪਲਾਟਾਂ (ਬਗ਼ੀਚਿਆਂ) ਦੇ ਝਾੜ ਅਤੇ ਆਪਣੇ ਵਿਅਕਤੀਗਤ ਆਰਥਕ ਹਾਲਾਤ ਵੱਲ ਹੀ ਲੱਗੀ ਹੋਈ ਸੀ।"[25]

ਜੋਸਫ਼ ਸਟਿਗਲਿਜ਼ ਇਸ ਸਮੇਂ ਸੰਸਾਰ ਬੈਂਕ ਦਾ ਮੁੱਖ ਅਰਥਸ਼ਾਸਤਰੀ ਸੀ। ਉਸ ਨੇ ਸਦਮਾ ਇਲਾਜ ਕਰਨ ਵਾਲਿਆਂ ਦੀ ਮਾਨਸਿਕਤਾ ਦਾ ਤੱਤ ਕੱਢਿਆ ਸੀ। ਉਸ ਦੇ ਵਰਤੇ ਅਲੰਕਾਰ ਅੱਜ ਵੀ ਪ੍ਰਸੰਗਕ ਹਨ : "ਇਸ ਤੋਂ ਪਹਿਲਾਂ ਕਿ ਜਨਤਾ ਨੂੰ ਆਪਣੇ ਪਹਿਲੇ ਹਿੱਤਾਂ ਦੀ ਰਾਖੀ ਕਰਨ ਲਈ ਜਥੇਬੰਦ ਹੋਣ ਦਾ ਮੌਕਾ ਮਿਲੇ 'ਤਬਦੀਲੀ ਦੇ ਧੁੰਦੂਕਾਰ' ਵਲੋਂ ਬਖਸ਼ੇ 'ਮੌਕੇ' ਸਮੇਂ ਤੂਫ਼ਾਨੀ ਹੱਲਾ ਬੋਲਣ ਦੀ ਪਹੁੰਚ ਅਪਣਾ ਕੇ ਹੀ ਤਬਦੀਲੀ ਲਿਆਂਦੀ ਜਾ ਸਕਦੀ ਹੈ।"[26] ਦੂਜੇ ਲਫ਼ਜ਼ਾਂ 'ਚ, ਸਦਮਾ ਸਿਧਾਂਤ ਅਪਣਾ ਕੇ।

ਰੂਸ ਦੇ ਇਨ੍ਹਾਂ ਸੁਧਾਰਕਾਂ ਦੇ ਤੂਫ਼ਾਨੀ ਇਨਕਲਾਬ ਨਾਲ ਲਗਾਓ ਨੂੰ ਦੇਖਦੇ ਹੋਏ ਸਟਿਗਲਿਜ਼ ਨੇ ਇਨ੍ਹਾਂ ਨੂੰ "ਮੰਡੀ ਵਾਲੇ ਬਾਲਸ਼ਵਿਕ" ਕਿਹਾ ਸੀ।[27] ਅਸਲੀ ਬਾਲਸ਼ਵਿਕ ਤਾਂ ਪੁਰਾਣੇ ਪ੍ਰਬੰਧ ਦੇ ਖੰਡਰਾਂ ਉੱਪਰ ਕੇਂਦਰੀ ਯੋਜਨਾ ਵਾਲਾ ਰਾਜ ਉਸਾਰਨ ਦੇ ਧਾਰਨੀ ਸਨ, ਪਰ ਇਹ ਮੰਡੀ ਵਾਲੇ ਬਾਲਸ਼ਵਿਕ ਇਸ ਚਮਤਕਾਰ 'ਚ ਵਿਸ਼ਵਾਸ ਰੱਖਦੇ ਸਨ ਕਿ ਜੇ ਮੁਨਾਫ਼ਾ ਕਮਾਉਣ ਲਈ ਵੱਧ ਤੋਂ ਵੱਧ ਹਾਲਾਤ ਮੁਹੱਈਆ ਕੀਤੇ ਜਾਣ ਤਾਂ ਦੇਸ਼ ਦੀ ਮੁੜ ਉਸਾਰੀ ਕੀਤੀ ਜਾ ਸਕਦੀ ਹੈ, ਇਸ ਲਈ ਕਿਸੇ ਯੋਜਨਾਬੰਦੀ ਦੀ ਲੋੜ ਨਹੀਂ ਹੈ। (ਇਕ ਦਹਾਕਾ ਬਾਅਦ ਇਹੀ ਵਿਸ਼ਵਾਸ ਇਰਾਕ ਵਿਚ ਮੁੜ ਉੱਭਰਨਾ ਸੀ।)

ਯੇਲਤਸਿਨ ਨੇ ਜ਼ਬਰਦਸਤ ਵਾਅਦਾ ਕੀਤਾ "ਛੇ ਕੁ ਮਹੀਨੇ ਤਾਂ ਹਾਲਾਤ ਭੈੜੇ ਬਣੇ ਰਹਿਣਗੇ," ਫੇਰ ਆਰਥਿਕਤਾ ਤਾਬੇ ਆਉਣੀ ਸ਼ੁਰੂ ਹੋ ਜਾਵੇਗੀ। ਛੇਤੀ ਹੀ ਰੂਸ ਜ਼ਬਰਦਸਤ ਆਰਥਕ ਚਿੰਨ, ਦੁਨੀਆਂ ਦੇ ਚੋਟੀ ਦੇ ਅਰਥਚਾਰਿਆਂ ਵਿਚੋਂ ਇਕ ਬਣ ਜਾਵੇਗਾ।[28] ਅਖੌਤੀ ਉਸਾਰੂ ਤਬਾਹੀ ਦੇ ਇਸ ਤਰਕ ਦਾ ਸਿੱਟਾ ਇਹ ਨਿਕਲਿਆ ਕਿ ਸਿਰਜਣਾ ਤਾਂ ਕੁਝ ਵੀ ਨਹੀਂ ਹੋਈ ਪਰ ਅੱਗੇ ਤੋਂ ਅੱਗੇ ਤਬਾਹੀ ਹੀ ਹੁੰਦੀ ਗਈ। ਇਕ ਸਾਲ ਵਿਚ ਹੀ, ਸਦਮਾ ਇਲਾਜ ਨੇ ਬਹੁਤ ਜ਼ਿਆਦਾ ਤਬਾਹੀ ਕਰ ਦਿੱਤੀ ਸੀ; ਜਦੋਂ ਸਿੱਕੇ ਦਾ ਮੁੱਲ ਡਿਗਿਆ ਤਾਂ ਦਹਿ ਲੱਖਾਂ ਮੱਧ ਵਰਗੀ ਰੂਸੀਆਂ ਦੀਆਂ ਪੂਰੀ ਜ਼ਿੰਦਗੀ ਦੀਆਂ ਬੱਚਤਾਂ ਰੁੜ੍ਹ ਗਈਆਂ ਅਤੇ ਸਬਬਿਡੀਆਂ 'ਚ ਤਿੱਖੀਆਂ ਕਟੌਤੀਆਂ ਦਾ ਅਰਥ ਇਹ ਹੋਇਆ ਕਿ ਦਹਿ ਲੱਖਾਂ ਮਜ਼ਦੂਰਾਂ ਨੂੰ ਕਈ ਮਹੀਨੇ ਕੋਈ ਅਦਾਇਗੀ ਨਹੀਂ ਕੀਤੀ ਗਈ।[29] 1992 'ਚ ਰੂਸੀ ਲੋਕਾਂ ਦੀ ਖਪਤ 1991 ਨਾਲੋਂ 40 ਫ਼ੀ ਸਦੀ ਘਟ ਗਈ ਸੀ ਅਤੇ ਤੀਜਾ ਹਿੱਸਾ ਵਸੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਚਲੀ ਗਈ ਸੀ।[30] ਮੱਧ

ਵਰਗ ਸੜਕਾਂ 'ਤੇ ਆ ਕੇ ਆਪਣਾ ਨਿੱਜੀ ਸਮਾਨ ਨਿਲਾਮ ਕਰਨ ਲਈ ਮਜਬੂਰ ਹੋ ਗਿਆ ਸੀ—ਇਕ ਸਮੇਂ ਤਾਂ ਪਰਿਵਾਰ ਦੀਆਂ ਵਿਰਾਸਤੀ ਚੀਜ਼ਾਂ ਅਤੇ ਪੁਰਾਣੇ ਕੋਟ ਤੱਕ ਵੇਚ ਦੇਣ ਦੀ ਨੌਬਤ ਆ ਗਈ। ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰੀਆਂ ਨੇ ਇਨ੍ਹਾਂ ਮਾਯੂਸੀ ਭਰੀ ਕਾਰਵਾਈਆਂ ਦੀ "ਉੱਦਮੀ ਰੁਝਾਨ" ਦਾ ਸਬੂਤ ਕਹਿ ਕੇ ਤਾਰੀਫ਼ ਕਰਦਿਆਂ ਕਿਹਾ ਕਿ ਦੇਖਿਆ! ਸਰਮਾਏਦਾਰਾਨਾ ਪੁਨਰ-ਜਾਗ੍ਰਿਤੀ ਹੋ ਰਹੀ ਹੈ।[31]

ਪੋਲੈਂਡ ਵਾਂਗ ਹੀ ਆਖ਼ਿਰ ਰੂਸੀ ਸੰਭਲ ਗਏ ਅਤੇ ਉਨ੍ਹਾਂ ਨੇ ਆਰਥਕ ਮਾਅਰਕੇ ਬੰਦ ਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ (ਇਸ ਸਮੇਂ ਮਾਸਕੋ ਦੀਆਂ ਕੰਧਾਂ ਉੱਪਰ ਇਹ ਨਾਅਰਾ ਆਮ ਹੀ ਲਿਖਿਆ ਹੋਇਆ ਮਿਲਦਾ ਸੀ : "ਹੁਣ ਹੋਰ ਤਜਰਬੇ ਨਾ ਕਰੋ")। ਵੋਟਰਾਂ ਦੇ ਦਬਾਅ ਹੇਠ ਦੇਸ਼ ਦੀ ਚੁਣੀ ਹੋਈ ਸੰਸਦ—ਜਿਸ ਨੇ ਯੇਲਤਸਿਨ ਦੇ ਸੱਤਾ 'ਚ ਆਉਣ ਦੀ ਹਮਾਇਤ ਕੀਤੀ ਸੀ—ਨੇ ਫ਼ੈਸਲਾ ਕੀਤਾ ਕਿ ਹੁਣ ਰਾਸ਼ਟਰਪਤੀ ਅਤੇ ਉਸ ਦੇ ਸ਼ਿਕਾਗੋ ਵਾਲੇ ਮੁੰਡਿਆਂ ਨੂੰ ਨਕੇਲ ਪਾਉਣੀ ਜ਼ਰੂਰੀ ਹੈ। ਦਸੰਬਰ 1992 'ਚ, ਉਨ੍ਹਾਂ ਨੇ ਵੋਟਾਂ ਪਾ ਕੇ ਯੇਗੋਰ ਗੈਦਰ ਨੂੰ ਅਹੁਦੇ ਤੋਂ ਲਾਹ ਦਿੱਤਾ, ਅਤੇ ਤਿੰਨ ਮਹੀਨੇ ਬਾਅਦ ਮਾਰਚ 1993 'ਚ ਸੰਸਦ ਮੈਂਬਰਾਂ ਨੇ ਵੋਟ ਦੀ ਵਰਤੋਂ ਕਰਕੇ ਯੇਲਤਸਿਨ ਨੂੰ ਦਿੱਤੇ ਵਿਸ਼ੇਸ਼ ਅਧਿਕਾਰ ਵਾਪਸ ਲੈ ਲਏ ਜਿਨ੍ਹਾਂ ਤਹਿਤ ਉਹ ਆਪਣੇ ਆਰਥਕ ਫ਼ੈਸਲੇ ਥੋਪ ਸਕਦਾ ਸੀ। ਮੁਹਲਤ ਦਾ ਵਕਤ ਪੂਰਾ ਹੋ ਗਿਆ ਸੀ ਅਤੇ ਨਤੀਜੇ ਵੀ ਨਿਹਾਇਤ ਮਾੜੇ ਨਿਕਲੇ ਸਨ। ਅੱਗੋਂ ਲਈ ਕੋਈ ਵੀ ਕਾਨੂੰਨ ਰੂਸ ਦੇ ਸੰਵਿਧਾਨ 'ਚ ਮੌਜੂਦ ਵਿਧੀ ਅਨੁਸਾਰ ਸੰਸਦ ਪਾਸ ਕਰਿਆ ਕਰੇਗੀ, ਜੋ ਕਿਸੇ ਉਦਾਰਵਾਦੀ ਜਮਹੂਰੀਅਤ ਦਾ ਆਮ ਤੌਰ-ਤਰੀਕਾ ਹੈ।

ਚੁਣੇ ਹੋਏ ਨੁਮਾਇੰਦੇ ਆਪਣੇ ਅਧਿਕਾਰਾਂ ਦੇ ਦਾਇਰੇ 'ਚ ਰਹਿ ਕੇ ਕੰਮ ਕਰ ਰਹੇ ਸਨ, ਪਰ ਯੇਲਤਸਿਨ ਆਪਣੇ ਹੱਥ ਲੱਗੀਆਂ ਤਾਕਤਾਂ ਦੀ ਵਰਤੋਂ ਕਰਕੇ ਮਨਮਾਨੀਆਂ ਕਰਨ ਦਾ ਆਦੀ ਹੋ ਚੁੱਕਿਆ ਸੀ ਅਤੇ ਉਹ ਖ਼ੁਦ ਨੂੰ ਰਾਸ਼ਟਰਪਤੀ ਘੱਟ ਅਤੇ ਰਜਵਾੜਾ ਵੱਧ ਸਮਝਦਾ ਸੀ (ਉਹ ਖ਼ੁਦ ਨੂੰ ਬੋਰਿਸ ਪਹਿਲਾ ਕਹਿਣ ਲੱਗ ਪਿਆ ਸੀ)। "ਆਕੀ ਹੋਈ" ਸੰਸਦ ਖ਼ਿਲਾਫ਼ ਕਿੜ ਕੱਢਣ ਲਈ ਉਸ ਨੇ ਟੈਲੀਵਿਜ਼ਨ 'ਤੇ ਜਾ ਕੇ ਹੰਗਾਮੀ ਹਾਲਤ ਦਾ ਐਲਾਨ ਕਰ ਦਿੱਤਾ। ਜਿਸ ਨਾਲ ਉਸ ਦੇ ਸ਼ਾਹੀ ਅਧਿਕਾਰ ਸੁਖਾਲਿਆਂ ਹੀ ਮੁੜ-ਬਹਾਲ ਹੋ ਗਏ। ਤਿੰਨ ਦਿਨ ਬਾਅਦ, ਰੂਸ ਦੀ ਆਜ਼ਾਦ ਸੰਵਿਧਾਨਕ ਅਦਾਲਤ (ਇਹ ਅਦਾਲਤ ਬਣਾਉਣਾ ਗੋਰਬਾਚੇਵ ਵਲੋਂ ਪੁੱਟੀਆਂ ਸਭ ਤੋਂ ਅਹਿਮ ਜਮਹੂਰੀ ਪੁਲਾਂਘਾਂ ਵਿਚੋਂ ਇਕ ਸੀ) ਨੇ 9-3 ਨੰਬਰ ਫ਼ੈਸਲਾ ਦਿੱਤਾ ਕਿ ਸੱਤਾ ਦੀ ਲਾਲਸਾ 'ਚ ਅੰਨ੍ਹੇ ਹੋਏ ਯੇਲਤਸਿਨ ਨੇ ਅੱਠ ਵੱਖ-ਵੱਖ ਮੌਕਿਆਂ ਉੱਤੇ ਉਸੇ ਸੰਵਿਧਾਨ ਦੀ ਉਲੰਘਣਾ ਕੀਤੀ ਸੀ ਜਿਸ ਨੂੰ ਬੁਲੰਦ ਕਰਨ ਦਾ ਉਸ ਨੇ ਹਲਫ਼ ਲਿਆ ਸੀ।

ਇਸ ਸਮੇਂ ਤੱਕ, "ਆਰਥਕ ਸੁਧਾਰ" ਅਤੇ ਜਮਹੂਰੀ ਸੁਧਾਰ ਨੂੰ ਹਾਲੇ ਰੂਸ ਦੇ ਇਕੋ ਹੀ ਪ੍ਰਾਜੈਕਟ ਵਜੋਂ ਪੇਸ਼ ਕੀਤਾ ਜਾ ਸਕਦਾ ਸੀ। ਪਰ ਯੇਲਤਸਿਨ ਵਲੋਂ ਹੰਗਾਮੀ ਹਾਲਤ ਦਾ ਐਲਾਨ ਕਰ ਦੇਣ ਨਾਲ, ਦੋਵਾਂ ਪ੍ਰਾਜੈਕਟਾਂ ਦਾ ਟਕਰਾਅ ਸ਼ੁਰੂ ਹੋ ਗਿਆ। ਯੇਲਤਸਿਨ ਅਤੇ ਉਸ ਦੇ ਸਦਮਾ ਡਾਕਟਰ ਚੁਣੀ ਹੋਈ ਸੰਸਦ ਅਤੇ ਸੰਵਿਧਾਨ ਦੇ ਸਿੱਧੇ ਵਿਰੋਧ 'ਚ ਖੜ੍ਹ ਗਏ।

ਫੇਰ ਵੀ ਪੱਛਮ ਯੇਲਤਸਿਨ ਦੀ ਹਮਾਇਤ ਕਰਦਾ ਰਿਹਾ। ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਲਫ਼ਜ਼ਾਂ 'ਚ ਯੇਲਤਸਿਨ ਹਾਲੇ ਵੀ "ਆਜ਼ਾਦੀ ਅਤੇ ਜਮਹੂਰੀਅਤ ਲਈ ਹਕੀਕੀ ਤੌਰ 'ਤੇ ਵਚਨਬਧ, ਸੁਧਾਰਾਂ ਪ੍ਰਤੀ ਹਕੀਕੀ ਤੌਰ 'ਤੇ ਵਚਨਬਧ" ਅਗਾਂਹਵਧੂ ਭੂਮਿਕਾ ਨਿਭਾ ਰਿਹਾ ਸੀ।[32] ਬਹੁਗਿਣਤੀ ਪੱਛਮੀ ਪ੍ਰੈੱਸ ਨੇ ਵੀ ਸਮੁੱਚੀ ਸੰਸਦ ਦਾ ਵਿਰੋਧ ਕਰਦੇ ਹੋਏ ਯੇਲਤਸਿਨ ਦਾ ਪੱਖ ਪੂਰਿਆ। ਸੰਸਦ ਨੂੰ ਜਮਹੂਰੀ ਸੁਧਾਰਾਂ ਨੂੰ ਉਲਟਾਉਣ ਦਾ ਯਤਨ ਕਰ

ਰਹੇ "ਕਮਿਊਨਿਸਟ ਕੱਟੜਪੰਥੀ" ਕਹਿ ਕੇ ਭੰਡਿਆ ਗਿਆ।[33] *ਨਿਊ ਯਾਰਕ ਟਾਈਮਜ਼* ਦੇ ਮਾਸਕੋ ਸਥਿਤ ਬਿਊਰੋ ਦੇ ਮੁਖੀ ਅਨੁਸਾਰ ਉਹ "ਸੋਵੀਅਤ ਮਾਨਸਿਕਤਾ" ਦੇ ਸ਼ਿਕਾਰ ਹਨ ਜੋ "ਸੁਧਾਰਾਂ 'ਤੇ ਸ਼ੱਕ ਕਰਦੇ ਹਨ, ਜਮਹੂਰੀਅਤ ਬਾਰੇ ਅਣਜਾਣ ਹਨ, ਬੁੱਧੀਜੀਵੀਆਂ ਜਾਂ 'ਜਮਹੂਰੀਅਤਪਸੰਦਾਂ' ਨੂੰ ਨਫ਼ਰਤ ਕਰਦੇ ਹਨ।"[34]

ਅਸਲ ਵਿਚ, ਇਹ ਉਹੀ ਸਿਆਸਤਦਾਨ ਸਨ ਜਿਨ੍ਹਾਂ ਨੇ ਸਭਨਾਂ ਨੁਕਸਾਂ ਦੇ ਬਾਵਜੂਦ, (1041 ਡਿਪਟੀਆਂ 'ਚ ਬਥੇਰੇ ਨੁਕਸ ਹੋਣਗੇ) 1991 'ਚ ਕੱਟੜਪੰਥੀਆਂ ਵੱਲੋਂ ਕੀਤੇ ਗਏ ਰਾਜ ਪਲਟੇ ਸਮੇਂ ਯੇਲਤਸਿਨ ਅਤੇ ਗੋਰਬਾਚੇਵ ਦਾ ਸਾਥ ਦਿੱਤਾ ਸੀ, ਜਿਨ੍ਹਾਂ ਨੇ ਸੋਵੀਅਤ ਯੂਨੀਅਨ ਨੂੰ ਭੰਗ ਕਰਨ ਲਈ ਵੋਟ ਪਾਈ ਸੀ ਅਤੇ ਜਿਨ੍ਹਾਂ ਨੇ ਹੁਣ ਤੱਕ ਯੇਲਤਸਿਨ ਨੂੰ ਹਮਾਇਤ ਦਿੱਤੀ ਸੀ। ਇਸ ਦੇ ਬਾਵਜੂਦ *ਵਾਸ਼ਿੰਗਟਨ ਪੋਸਟ* ਨੇ ਰੂਸ ਦੇ ਸੰਸਦ ਮੈਂਬਰਾਂ ਨੂੰ "ਸਰਕਾਰ ਵਿਰੋਧੀ" ਗਰਦਾਨ ਦਿੱਤਾ—ਜਿਵੇਂ ਕਿਤੇ ਉਹ ਸਰਕਾਰ ਦੇ ਮਾਮਲਿਆਂ 'ਚ ਗ਼ੈਰ-ਕਾਨੂੰਨੀ ਲੱਤ ਅੜਾ ਰਹੇ ਹੋਣ ਅਤੇ ਖ਼ੁਦ ਸਰਕਾਰ ਦਾ ਹਿੱਸਾ ਹੀ ਨਾ ਹੋਣ।[35]

1993 ਦੀ ਬਸੰਤ 'ਚ, ਇਹ ਟਕਰਾਅ ਓਦੋਂ ਹੋਰ ਵਧ ਗਿਆ ਜਦੋਂ ਸੰਸਦ 'ਚ ਬਜਟ ਪੇਸ਼ ਕੀਤਾ ਗਿਆ ਜੋ ਸਖ਼ਤ ਸੰਜਮ ਵਰਤਣ ਦੀਆਂ ਆਈ ਐੱਮ ਐੱਫ ਦੀਆਂ ਹਦਾਇਤਾਂ ਦੇ ਅਨੁਸਾਰ ਨਹੀਂ ਸੀ। ਇਸ ਦੇ ਜਵਾਬ 'ਚ ਯੇਲਤਸਿਨ ਨੇ ਸੰਸਦ ਦਾ ਹੀ ਭੋਗ ਪਾ ਦੇਣ ਦੀ ਕੋਸ਼ਿਸ਼ ਕੀਤੀ। ਉਸ ਨੇ ਫਟਾਫਟ ਰਾਏਸ਼ੁਮਾਰੀ ਦਾ ਪੱਤਾ ਖੇਡ੍ਹਿਆ, ਪ੍ਰੈੱਸ ਨੇ ਚਲਾਕੀ ਨਾਲ ਇਸ ਦੀ ਹਮਾਇਤ ਕੀਤੀ। ਵੋਟਰਾਂ ਨੂੰ ਕਿਹਾ ਗਿਆ ਕੀ ਉਹ ਸੰਸਦ ਨੂੰ ਭੰਗ ਕਰਨ ਅਤੇ ਚੋਣਾਂ ਨਾ ਕਰਾਉਣ ਨਾਲ ਸਹਿਮਤ ਹਨ। ਲੋੜੀਂਦੀ ਗਿਣਦੀ ਵੋਟਰਾਂ ਨੇ ਯੇਲਤਸਿਨ ਦੇ ਹੱਕ 'ਚ ਫਤਵਾ ਨਹੀਂ ਦਿੱਤਾ। ਫੇਰ ਵੀ ਉਸ ਨੇ ਇਹ ਕਹਿ ਕੇ ਜਿੱਤ ਦਾ ਐਲਾਨ ਕਰ ਦਿੱਤਾ ਕਿ ਇਸ ਕਵਾਇਦ ਤੋਂ ਇਹ ਸਾਬਤ ਹੁੰਦਾ ਹੈ ਕਿ ਦੇਸ਼ ਉਸ ਦੇ ਨਾਲ ਹੈ। ਇਸ ਦਾ ਕਾਰਨ ਇਹ ਸੀ ਕਿ ਉਸਨੇ ਚਲਾਕੀ ਨਾਲ ਉੱਕਾ ਹੀ ਗ਼ੈਰ-ਜ਼ਰੂਰੀ ਸਵਾਲ ਕੀਤਾ ਸੀ ਕਿ ਕੀ ਵੋਟਰ ਉਸ ਦੇ ਸੁਧਾਰਾਂ ਦੀ ਹਮਾਇਤ ਕਰਦੇ ਹਨ ਜਾਂ ਨਹੀਂ। ਥੋੜ੍ਹੇ ਜਹੇ ਫ਼ਰਕ ਨਾਲ ਬਹੁ-ਗਿਣਤੀ ਨੇ ਹਾਂ 'ਚ ਜਵਾਬ ਦਿੱਤਾ ਸੀ।[36]

ਰੂਸ ਵਿਚ, ਰਾਇਸ਼ੁਮਾਰੀ ਨੂੰ ਵਿਆਪਕ ਰੂਪ 'ਚ ਪ੍ਰਚਾਰ ਦੀ ਕਵਾਇਦ ਸਮਝਿਆ ਜਾਂਦਾ ਹੈ। ਇਸੇ ਕਰਕੇ ਇਸ ਨੂੰ ਕਾਮਯਾਬ ਨਹੀਂ ਕਿਹਾ ਜਾ ਸਕਦਾ। ਹਕੀਕਤ ਇਹ ਸੀ ਕਿ ਯੇਲਤਸਿਨ ਅਤੇ ਵਾਸ਼ਿੰਗਟਨ ਹਾਲੇ ਤੱਕ ਉਸ ਸੰਸਦ ਨਾਲ ਵਾਬਸਤਾ ਸਨ ਜੋ ਉਹੀ ਕੰਮ ਕਰ ਰਹੀ ਸੀ ਜਿਸ ਦਾ ਇਸ ਨੂੰ ਸੰਵਿਧਾਨਕ ਹੱਕ ਸੀ : ਇਹ ਸੀ ਸਦਮਾ ਇਲਾਜ ਰਾਹੀਂ ਤਬਦੀਲੀ ਲਿਆਉਣ ਦੇ ਅਮਲ ਦੀ ਰਫ਼ਤਾਰ ਘਟਾਉਣਾ। ਭਾਰੀ ਦਬਾਅ ਪੈਣਾ ਸ਼ੁਰੂ ਹੋ ਗਿਆ। ਉਸ ਸਮੇਂ ਦੇ ਅਮਰੀਕੀ ਖ਼ਜ਼ਾਨਾ ਵਿਭਾਗ ਦੇ ਅਧੀਨ ਸਕੱਤਰ ਲਾਰੈਂਸ ਸਮਰਜ਼ ਨੇ ਚੇਤਾਵਨੀ ਦਿੱਤੀ ਕਿ "ਰੂਸ ਦੇ ਸੁਧਾਰਾਂ ਦੇ ਵੇਗ 'ਚ ਨਵਾਂ ਜੋਸ਼ ਭਰਨਾ ਅਤੇ ਇਨ੍ਹਾਂ ਨੂੰ ਤੇਜ਼ ਕਰਨਾ ਜ਼ਰੂਰੀ ਹੈ ਤਾਂ ਜੋ ਬਹੁ-ਧਿਰੀ ਹਮਾਇਤ ਯਕੀਨੀ ਬਣੀ ਰਹੇ।"[37] ਆਈ ਐੱਮ ਐੱਫ ਨੂੰ ਸੁਨੇਹਾ ਮਿਲ ਗਿਆ ਅਤੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਪ੍ਰੈੱਸ ਨੂੰ ਦੱਸ ਦਿੱਤਾ ਕਿ 1.5 ਅਰਬ ਡਾਲਰ ਦਾ ਜੋ ਕਰਜਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਉਹ ਰੱਦ ਕੀਤਾ ਜਾ ਰਿਹਾ ਹੈ ਕਿਉਂਕਿ "ਆਈ ਐੱਮ ਐੱਫ ਰੂਸ ਵਲੋਂ ਸੁਧਾਰਾਂ ਤੋਂ ਪਿੱਛੇ ਹਟ ਜਾਣ ਤੋਂ ਨਾਖੁਸ਼ ਹੈ।"[38] ਯੇਲਤਸਿਨ ਦੇ ਸਾਬਕਾ ਮੰਤਰੀ ਪਿਓਤਰ ਅਵੇਨ ਨੇ ਭੜਾਸ ਕੱਢੀ : "ਜੋ ਕੁਝ ਹੋਇਆ ਹੈ ਉਸ ਵਿਚ ਬਜਟ ਅਤੇ ਮੁਦਰਾ ਨੀਤੀਆਂ ਪ੍ਰਤੀ ਆਈ ਐੱਮ ਐੱਫ ਦੇ ਫ਼ਤੂਰ ਅਤੇ ਹਰ ਚੀਜ਼ ਪ੍ਰਤੀ ਇਸ ਦੇ ਉੱਕਾ ਹੀ ਸਤੱਹੀ ਅਤੇ ਰਸਮੀ ਰਵੱਈਏ ਨੇ ਛੋਟੀ ਭੂਮਿਕਾ ਨਹੀਂ ਨਿਭਾਈ।"[39]

ਹੋਇਆ ਇਹ ਕਿ ਆਈ ਐੱਮ ਐੱਫ ਦਾ ਮਨਸ਼ਾ ਨਸ਼ਰ ਹੋਣ ਤੋਂ ਅਗਲੇ ਦਿਨ ਯੇਲਤਸਿਨ ਨੇ ਉਸ ਪਾਸੇ ਅਮੋੜ ਕਦਮ ਪੁੱਟ ਲਿਆ ਜਿਸ ਨੂੰ ਹੁਣ ਸ਼ਰੇਆਮ "ਪਿਨੋਚੇ ਵਾਲਾ ਰਾਹ" ਕਿਹਾ ਜਾ ਰਿਹਾ ਸੀ। ਉਸ ਨੂੰ ਪੱਛਮ ਦੀ ਹਮਾਇਤ ਉੱਪਰ ਪੂਰਾ ਭਰੋਸਾ ਸੀ। ਉਸ ਨੇ ਐਲਾਨ ਨੰਬਰ 1400 ਦਾ ਫ਼ਰਮਾਨ ਜਾਰੀ ਕਰਕੇ ਸੰਵਿਧਾਨ ਦਾ ਭੋਗ ਪਾ ਦਿੱਤਾ ਅਤੇ ਸੰਸਦ ਭੰਗ ਕਰ ਦਿੱਤੀ। ਦੋ ਦਿਨ ਬਾਅਦ, ਸੰਸਦ ਦੇ ਵਿਸ਼ੇਸ਼ ਸਮਾਗਮ ਨੇ 632-2 ਵੋਟਾਂ ਦੇ ਫ਼ਰਕ ਨਾਲ ਯੇਲਤਸਿਨ ਦੀ ਇਸ ਗਜ਼ਬਨਾਕ ਕਾਰਵਾਈ (ਅਮਰੀਕੀ ਰਾਸ਼ਟਰਪਤੀ ਵਲੋਂ ਕਾਂਗਰਸ ਨੂੰ ਇਕਤਰਫ਼ਾ ਭੰਗ ਕਰਨ ਦੇ ਤੁਲ ਕਾਰਵਾਈ) ਕਰਨ ਬਦਲੇ ਮਹਾਂਦੋਸ਼ ਆਇਦ ਕਰ ਦਿੱਤਾ। ਉੱਪ ਰਾਸ਼ਟਰਪਤੀ ਅਲੈਕਸੈਂਦਰ ਰੁਤਸਕੋਈ ਨੇ ਐਲਾਨ ਕੀਤਾ ਕਿ ਰੂਸ ਪਹਿਲਾਂ ਹੀ ਯੇਲਤਸਿਨ ਅਤੇ ਉਸ ਦੇ ਜੋਟੀਦਾਰ ਸੁਧਾਰਕਾਂ ਦੀ "ਸਿਆਸੀ ਮਾਅਰਕੇਬਾਜ਼ੀ ਦੀ ਬਥੇਰੀ ਕੀਮਤ ਦੇ ਚੁੱਕਾ ਹੈ।"[40]

ਹੁਣ ਯੇਲਤਸਿਨ ਅਤੇ ਸੰਸਦ ਵਿਚਕਾਰ ਕਿਸੇ ਤਰ੍ਹਾਂ ਦਾ ਹਥਿਆਰਬੰਦ ਟਕਰਾਅ ਅਟੱਲ ਸੀ। ਰੂਸ ਦੀ ਸੰਵਿਧਾਨਕ ਅਦਾਲਤ ਵਲੋਂ ਯੇਲਤਸਿਨ ਦੇ ਗ਼ੈਰ-ਵਿਧਾਨਕ ਵਤੀਰੇ ਵਿਰੁੱਧ ਇਕ ਵਾਰ ਫੇਰ ਫ਼ੈਸਲਾ ਦੇਣ ਦੇ ਬਾਵਜੂਦ, ਕਲਿੰਟਨ ਉਸ ਦੀ ਹਮਾਇਤ ਕਰਦਾ ਰਿਹਾ ਅਤੇ ਅਮਰੀਕੀ ਕਾਂਗਰਸ ਨੇ ਯੇਲਤਸਿਨ ਨੂੰ 2.5 ਅਰਬ ਡਾਲਰ ਦੀ ਸਹਾਇਤਾ ਦੇਣ ਦੇ ਪੱਖ 'ਚ ਵੋਟ ਪਾਈ। ਇਸ ਤੋਂ ਹੌਸਲੇ 'ਚ ਆ ਕੇ ਯੇਲਤਸਿਨ ਨੇ ਫ਼ੌਜੀ ਦਸਤੇ ਭੇਜ ਕੇ ਸੰਸਦ ਨੂੰ ਘੇਰਾ ਪਾ ਲਿਆ ਅਤੇ ਸੰਸਦ *ਭਵਨ ਵਾਈਟ ਹਾਊਸ* ਦੀ ਬਿਜਲੀ, ਇਮਾਰਤ ਨੂੰ ਨਿੱਘੀ ਰੱਖਣ ਦੀ ਵਿਵਸਥਾ ਅਤੇ ਫ਼ੋਨ ਲਾਈਨਾਂ ਕੱਟ ਦਿੱਤੀਆਂ। ਮਾਸਕੋ ਸਥਿਤ ਵਿਸ਼ਵੀਕਰਨ ਅਧਿਐਨ ਸੰਸਥਾ ਦੇ ਨਿਰਦੇਸ਼ਕ ਬੋਰਿਸ ਕਾਗਰਲਿਸਕੀ ਨੇ ਮੈਨੂੰ ਦੱਸਿਆ ਕਿ ਰੂਸੀ ਜਮਹੂਰੀਅਤ ਦੇ ਹਮਾਇਤੀ "ਹਜ਼ਾਰਾਂ ਦੀ ਤਦਾਦ 'ਚ ਆ ਕੇ ਨਾਕਾਬੰਦੀ ਤੋੜਨ ਦਾ ਯਤਨ ਕਰ ਰਹੇ ਸਨ। ਫ਼ੌਜੀ ਦਸਤੇ ਅਤੇ ਪੁਲਿਸ ਤਾਕਤਾਂ ਵਿਰੁੱਧ ਦੋ ਹਫ਼ਤੇ ਸ਼ਾਂਤਮਈ ਪ੍ਰਦਰਸ਼ਨ ਹੁੰਦੇ ਰਹੇ। ਇਸ ਦੇ ਸਿੱਟੇ ਵਜੋਂ ਸੰਸਦ ਭਵਨ ਦੀ ਨਾਕਾਬੰਦੀ ਇਕ ਹੱਦ ਤੱਕ ਟੁੱਟ ਗਈ ਸੀ। ਲੋਕ ਭਵਨ ਦੇ ਅੰਦਰ ਖਾਣਾ ਅਤੇ ਪਾਣੀ ਪਹੁੰਚਾਉਣ 'ਚ ਕਾਮਯਾਬ ਹੋ ਗਏ। ਆਏ ਦਿਨ ਸ਼ਾਂਤਮਈ ਵਿਰੋਧ ਹਰਮਨਪਿਆਰਾ ਹੋ ਰਿਹਾ ਸੀ ਅਤੇ ਇਸ ਨੂੰ ਹੋਰ ਵਿਆਪਕ ਹਮਾਇਤ ਮਿਲ ਰਹੀ ਸੀ।"

ਦੋਵਾਂ ਧਿਰਾਂ ਦੇ ਮੋਰਚੇ ਹੋਰ ਮਜ਼ਬੂਤ ਹੁੰਦੇ ਗਏ। ਖੜੋਤ ਫੇਰ ਹੀ ਟੁੱਟ ਸਕਦੀ ਸੀ ਜੇ ਦੋਵੇਂ ਧਿਰਾਂ ਅਗਾਊਂ ਚੋਣਾਂ ਕਰਾਉਣਾ ਮੰਨ ਲੈਣ ਅਤੇ ਹਰ ਕਿਸੇ ਦੇ ਕੰਮ ਦਾ ਲੇਖਾ-ਜੋਖਾ ਜਨਤਾ ਉੱਪਰ ਛੱਡ ਦਿੱਤਾ ਜਾਵੇ। ਅਨੇਕਾਂ ਲੋਕ ਇਹੀ ਚਾਹੁੰਦੇ ਸਨ। ਕਹਿੰਦੇ ਹਨ ਕਿ ਯੇਲਤਸਿਨ ਹਾਲੇ ਆਪਣੇ ਹੀ ਬਦਲ ਜੋਹ ਰਿਹਾ ਸੀ ਅਤੇ ਚੋਣਾਂ ਦੀ ਹਮਾਇਤ ਬਾਰੇ ਸੋਚ ਹੀ ਰਿਹਾ ਸੀ ਕਿ ਪੋਲੈਂਡ ਤੋਂ ਖ਼ਬਰ ਆ ਗਈ ਕਿ ਪੋਲਿਸ਼ ਵੋਟਰਾਂ ਨੇ ਸਾਲੀਡੈਰਿਟੀ ਨੂੰ ਫ਼ੈਸਲਾਕੁਨ ਸਬਕ ਸਿਖਾ ਦਿੱਤਾ ਸੀ ਜਿਸ ਨੇ ਸਦਮਾ ਇਲਾਜ ਅਮਲ 'ਚ ਲਿਆ ਕੇ ਪੋਲੈਂਡ ਦੇ ਲੋਕਾਂ ਨਾਲ ਗ਼ੱਦਾਰੀ ਕੀਤੀ ਸੀ।

ਚੋਣਾਂ 'ਚ ਸਾਲੀਡੈਰਿਟੀ ਨੂੰ ਦੱਖੂ ਦਾਣਾ ਮਿਲਦਾ ਦੇਖ ਕੇ ਯੇਲਤਸਿਨ ਅਤੇ ਉਸ ਦੇ ਪੱਛਮੀ ਸਲਾਹਕਾਰਾਂ ਨੂੰ ਸਪਸ਼ਟ ਹੋ ਗਿਆ ਕਿ ਅਗਾਊਂ ਚੋਣਾਂ ਬਹੁਤ ਹੀ ਜ਼ੋਖ਼ਮ ਵਾਲੀਆਂ ਹੋਣਗੀਆਂ। ਰੂਸ ਵਿਚ, ਹਾਲੇ ਬਹੁਤ ਜ਼ਿਆਦਾ ਦੌਲਤ ਅੱਧ ਵਿਚਾਲੇ ਲਟਕੀ ਹੋਈ ਸੀ ਜਿਵੇਂ ਵਿਆਪਕ ਤੇਲ ਖੇਤਰ, ਦੁਨੀਆਂ ਦੇ 30 ਫ਼ੀ ਸਦੀ ਦੇ ਕਰੀਬ ਕੁਦਰਤੀ ਗੈਸ ਭੰਡਾਰ, 20 ਫ਼ੀ ਸਦੀ ਨਿੱਕਲ। ਹਥਿਆਰਾਂ ਦੇ ਕਾਰਖ਼ਾਨਿਆਂ ਅਤੇ ਸਰਕਾਰੀ ਪ੍ਰਚਾਰ ਮਾਧਿਅਮਾਂ ਦੇ ਵੱਡੇ ਜੁਗਾੜ ਦੀ ਤਾਂ ਗੱਲ ਹੀ ਛੱਡੋ ਜਿਨ੍ਹਾਂ ਦੀ ਮਦਦ ਨਾਲ ਕਮਿਊਨਿਸਟ ਪਾਰਟੀ ਨੇ ਵਿਸ਼ਾਲ ਵਸੋਂ ਨੂੰ ਕਾਬੂ ਕੀਤਾ ਹੋਇਆ ਸੀ।

ਯੇਲਤਸਿਨ ਨੇ ਗੱਲਬਾਤ ਤੋਂ ਕਿਨਾਰਾ ਕਰ ਲਿਆ ਅਤੇ ਲੜਾਈ ਦੇ ਰੌਅ 'ਚ ਆ ਗਿਆ। ਫ਼ੌਜ ਦੀਆਂ ਤਨਖ਼ਾਹਾਂ ਦੁੱਗਣੀਆਂ ਕਰਕੇ, ਉਸ ਨੇ ਬਹੁਤੀ ਫ਼ੌਜ ਨੂੰ ਆਪਣੇ ਪੱਖ 'ਚ ਕਰ ਲਿਆ ਸੀ। *ਵਾਸ਼ਿੰਗਟਨ ਪੋਸਟ* ਦੀ ਰਿਪੋਰਟ ਅਨੁਸਾਰ ਉਸ ਨੇ ਗ੍ਰਹਿ ਮੰਤਰਾਲੇ ਦੇ ਹਜ਼ਾਰਾਂ ਫ਼ੌਜੀ ਦਸਤਿਆਂ ਦੀ ਮਦਦ ਨਾਲ ਸੰਸਦ ਨੂੰ ਘੇਰ ਕੇ, ਕੰਡੇਦਾਰ ਤਾਰ ਅਤੇ ਪਾਣੀ ਦੀਆਂ ਬੁਛਾੜਾਂ ਕਰਨ ਵਾਲੀਆਂ ਤੋਪਾਂ ਦੇ ਘੇਰੇ 'ਚ ਜਕੜ ਦਿੱਤਾ ਸੀ ਅਤੇ ਕਿਸੇ ਨੂੰ ਵੀ ਲੰਘਣ ਦੀ ਇਜਾਜ਼ਤ ਨਹੀਂ ਸੀ।[41] ਸੰਸਦ 'ਚ ਯੇਲਤਸਿਨ ਦੇ ਮੁੱਖ ਸ਼ਰੀਕ ਉੱਪ ਰਾਸ਼ਟਰਪਤੀ ਰੁਸਤਕੋਈ ਨੇ ਇਸ ਮੌਕੇ ਆਪਣੀਆਂ ਗਾਰਦਾਂ ਨੂੰ ਹਥਿਆਰਬੰਦ ਕਰਕੇ ਆਪਣੇ ਖ਼ੇਮੇ 'ਚ ਮੂਲ ਫਾਸ਼ੀਵਾਦੀ ਕੌਮਵਾਦੀਆਂ ਨੂੰ ਸ਼ਾਮਲ ਕਰ ਲਿਆ ਸੀ। ਉਸ ਨੇ ਆਪਣੇ ਹਮਾਇਤੀਆਂ ਨੂੰ ਕਿਹਾ ਹੋਇਆ ਸੀ ਕਿ ਯੇਲਤਸਿਨ ਦੀ "ਤਾਨਾਸ਼ਾਹੀ ਨੂੰ ਇਕ ਪਲ ਵੀ ਚੈਨ ਨਾ ਲੈਣ ਦੇਣ।"[42] ਕਾਗਾਰਲਿਸਕੀ ਜੋ ਰੋਸ ਮੁਜ਼ਾਹਰਿਆਂ 'ਚ ਸ਼ਾਮਲ ਸੀ ਅਤੇ ਜਿਸ ਨੇ ਇਸ ਕਾਂਡ ਬਾਰੇ ਕਿਤਾਬ ਲਿਖੀ, ਨੇ ਮੈਨੂੰ ਦੱਸਿਆ ਕਿ ਤਿੰਨ ਅਕਤੂਬਰ ਨੂੰ ਸੰਸਦ ਦੇ ਹਮਾਇਤੀਆਂ ਦੇ ਹਜੂਮ ਨੇ "ਓਸਤਾਂਕਿਨੋ ਟੀ ਵੀ ਸੈਂਟਰ ਵੱਲ ਮਾਰਚ ਕੀਤਾ ਅਤੇ ਖ਼ਬਰ ਪ੍ਰਸਾਰਤ ਕੀਤੇ ਜਾਣ ਦੀ ਮੰਗ ਕੀਤੀ। ਹਜੂਮ 'ਚ ਸ਼ਾਮਲ ਕੁਝ ਲੋਕ ਹਥਿਆਰਬੰਦ ਸਨ, ਬਹੁਤੇ ਲੋਕਾਂ ਕੋਲ ਕੋਈ ਹਥਿਆਰ ਨਹੀਂ ਸਨ। ਹਜੂਮ 'ਚ ਬੱਚੇ ਵੀ ਸ਼ਾਮਲ ਸਨ। ਯੇਲਤਸਿਨ ਦੇ ਫ਼ੌਜੀ ਦਸਤਿਆਂ ਨੇ ਇਨ੍ਹਾਂ ਨੂੰ ਰੋਕਿਆ ਅਤੇ ਮਸ਼ੀਨ ਗੰਨਾਂ ਰਾਹੀਂ ਗੋਲੀਆਂ ਦੀ ਬੁਛਾੜ ਕਰ ਦਿੱਤੀ।" ਸੌ ਦੇ ਕਰੀਬ ਮੁਜ਼ਾਹਰਾਕਾਰੀ ਮਾਰੇ ਗਏ ਅਤੇ ਇਕ ਫ਼ੌਜੀ ਵੀ ਮਾਰਿਆ ਗਿਆ। ਯੇਲਤਸਿਨ ਨੇ ਅਗਲੀ ਚਾਲ ਪੂਰੇ ਦੇਸ਼ ਦੀਆਂ ਸ਼ਹਿਰੀ ਅਤੇ ਖੇਤਰੀ ਕੌਂਸਲਾਂ ਨੂੰ ਭੰਗ ਕਰਨ ਦੀ ਚੱਲੀ। ਰੂਸ ਦੀ ਅੱਲੜ ਜਮਹੂਰੀਅਤ ਨੂੰ ਟੁਕੜੇ-ਟੁਕੜੇ ਕਰਕੇ ਤਬਾਹ ਕੀਤਾ ਜਾ ਰਿਹਾ ਸੀ।

ਬਿਨਾਸ਼ੱਕ ਕੁਝ ਸੰਸਦ ਮੈਂਬਰਾਂ ਨੇ ਹਜੂਮ ਨੂੰ ਉਕਸਾ ਕੇ ਸ਼ਾਂਤਮਈ ਹੱਲ ਦੀ ਖ਼ਿਲਾਫ਼ਤ ਕੀਤੀ ਪਰ ਜਿਵੇਂ ਅਮਰੀਕੀ ਬਦੇਸ਼ ਵਿਭਾਗ ਦੇ ਸਾਬਕਾ ਅਧਿਕਾਰੀ ਲੇਸਲੀ ਗੈਲਬ ਨੇ ਲਿਖਿਆ, ਸੰਸਦ 'ਚ "ਸੱਜੇਪੱਖੀ ਜਨੂੰਨੀ ਗੁੱਟ ਦਾ ਬੋਲਬਾਲਾ ਨਹੀਂ ਸੀ।"[43] ਅਸਲ ਵਿਚ, ਯੇਲਤਸਿਨ ਵਲੋਂ ਸੰਸਦ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਭੰਗ ਕੀਤੇ ਜਾਣ ਅਤੇ ਉਸ ਵਲੋਂ ਦੇਸ਼ ਦੀ ਉੱਚਤਮ ਅਦਾਲਤ ਤੋਂ ਆਕੀ ਹੋਣ ਨੇ ਦੇਸ਼ ਨੂੰ ਸੰਕਟ 'ਚ ਸੁੱਟਿਆ ਸੀ। ਜਿਸ ਦੇਸ਼ ਨੇ ਹੁਣੇ ਹੀ ਜਮਹੂਰੀਅਤ ਦੀ ਲੜਾਈ ਜਿੱਤੀ ਹੋਵੇ ਉਹ ਥੋੜ੍ਹੇ ਕੀਤਿਆਂ ਇਸ ਤੋਂ ਵਾਂਝਾ ਨਹੀਂ ਹੋਣਾ ਚਾਹੇਗਾ। ਇਸੇ ਕਰਕੇ ਯੇਲਤਸਿਨ ਦੀਆਂ ਚਾਲਾਂ ਦਾ ਬੇਤਹਾਸ਼ਾ ਵਿਰੋਧ ਹੋਇਆ।•

ਵਾਸ਼ਿੰਗਟਨ ਜਾਂ ਯੂਰਪੀ ਯੂਨੀਅਨ ਜੇ ਕੋਈ ਸਪਸ਼ਟ ਸੰਕੇਤ ਦਿੰਦੇ ਤਾਂ ਯੇਲਤਸਿਨ ਨੂੰ ਸੰਸਦ ਮੈਂਬਰਾਂ ਨਾਲ ਗੰਭੀਰ ਗੱਲਬਾਤ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਸੀ। ਉਲਟਾ ਉਸ ਨੂੰ ਸ਼ਹਿ ਦਿੱਤੀ ਗਈ। ਓੜਕ 4 ਅਕਤੂਬਰ 1993 ਨੂੰ ਯੇਲਤਸਿਨ ਨੇ ਉਹ ਗੁਰ ਲਾਗੂ ਕਰ ਦਿਤਾ ਜੋ ਕਰਨ ਲਈ ਲੰਮੇ ਸਮੇਂ ਤੋਂ ਕਿਹਾ ਜਾ ਰਿਹਾ ਸੀ। ਉਸ ਨੇ ਰੂਸ ਦਾ ਪਿਨੋਚੇਟ ਬਣ ਕੇ ਐਨ

• ਸਨਸਨੀਖੇਜ਼ ਰਿਪੋਰਟਾਂ ਦੇਣ ਦੀ ਇਕ ਸਭ ਤੋਂ ਨਿਆਰੀ ਮਿਸਾਲ *ਵਾਸ਼ਿੰਗਟਨ ਪੋਸਟ* ਵਲੋਂ ਛਾਪੀ ਖ਼ਬਰ ਦਾ ਇਹ ਨਮੂਨਾ ਹੈ : "ਫੇਰ ਦੋ ਕੁ ਸੌ ਮੁਜ਼ਾਹਰਾਕਾਰੀ ਰੂਸ ਦੇ ਰੱਖਿਆ ਮੰਤਰਾਲੇ ਵੱਲ ਵਧੇ ਜਿੱਥੇ ਦੇਸ਼ ਦੇ ਪ੍ਰਮਾਣੂ ਨਿਯੰਤਰਣ ਕੇਂਦਰ ਹਨ ਅਤੇ ਜਿੱਥੇ ਚੋਟੀ ਦੇ ਜਰਨੈਲ ਮੀਟਿੰਗ ਕਰ ਰਹੇ ਸਨ"—ਉਨ੍ਹਾਂ ਨੇ ਇਹ ਵਾਹਯਾਤ ਸੰਭਾਵਨਾ ਦਿਖਾਉਣੀ ਚਾਹੀ ਕਿ ਆਪਣੀ ਜਮਹੂਰੀਅਤ ਦੀ ਰਾਖੀ ਕਰਨ ਵਾਲਾ ਰੂਸੀ ਹਜੂਮ ਪ੍ਰਮਾਣੂ ਜੰਗ ਵੀ ਸ਼ੁਰੂ ਕਰ ਸਕਦਾ ਹੈ। ਅਖ਼ਬਾਰ ਨੇ ਰਿਪੋਰਟ ਦਿੱਤੀ, "ਮੰਤਰੀਆਂ ਨੇ ਅੰਦਰੋਂ ਦਰਵਾਜ਼ੇ ਭੇੜ ਲਏ ਅਤੇ ਬਿਨਾ ਕਿਸੇ ਨੁਕਸਾਨ ਦੇ ਹਜੂਮ ਨੂੰ ਬਾਹਰ ਰੋਕੀ ਰੱਖਿਆ।"

ਉਸੇ ਤਰ੍ਹਾਂ ਦਾ ਸਿਲਸਿਲਾ ਵਿੱਢ ਦਿੱਤਾ ਜੋ ਠੀਕ ਵੀਹ ਸਾਲ ਪਹਿਲਾਂ ਚਿੱਲੀ ਵਿਚ ਰਾਜ ਪਲਟੇ ਸਮੇਂ ਚਲਾਇਆ ਗਿਆ ਸੀ। ਯੇਲਤਸਿਨ ਨੇ ਤੀਜੀ ਵਾਰ ਰੂਸੀ ਲੋਕਾਂ ਨੂੰ ਸਦਮੇ 'ਚ ਸੁੱਟਿਆ ਸੀ। ਇਸ ਵਿਚ ਉਸ ਨੇ ਹਿਚਕਚਾ ਰਹੀ ਰੂਸੀ ਫ਼ੌਜ ਨੂੰ ਰੂਸੀ ਵਾਈਟ ਹਾਊਸ ਉੱਪਰ ਧਾਵਾ ਬੋਲਣ ਅਤੇ ਇਸ ਨੂੰ ਅੱਗ ਲਾਉਣ ਦਾ ਹੁਕਮ ਚਾੜ੍ਹ ਦਿੱਤਾ। ਉਸ ਨੇ ਉਸੇ ਇਮਾਰਤ ਨੂੰ ਤਹਿਸ਼-ਨਹਿਸ਼ ਕਰ ਦੇਣ ਦਾ ਹੁਕਮ ਦਿੱਤਾ ਜਿਸ ਦੀ ਰਾਖੀ ਕਰਦਿਆਂ ਹਾਲੇ ਦੋ ਸਾਲ ਪਹਿਲਾਂ ਉਸ ਦਾ ਵੱਕਾਰ ਬਣਿਆ ਸੀ। ਕਮਿਊਨਿਜ਼ਮ ਤਾਂ ਇਕ ਵੀ ਗੋਲੀ ਚਲਾਏ ਬਗ਼ੈਰ ਹੀ ਢਹਿ-ਢੇਰੀ ਹੋ ਗਿਆ ਸੀ, ਪਰ ਇਹ ਸਾਬਤ ਹੋ ਗਿਆ ਕਿ ਸ਼ਿਕਾਗੋ ਤਰਜ਼ ਦੀ ਸਰਮਾਏਦਾਰੀ ਨੂੰ ਆਪਣੀ ਰਾਖੀ ਕਰਨ ਲਈ ਕਿੰਨੀ ਵੱਡੀ ਮਾਤਰਾ 'ਚ ਗੋਲਾਬਾਰੀ ਦੀ ਲੋੜ ਹੈ। ਯੇਲਤਸਿਨ ਨੇ ਪੰਜ ਹਜ਼ਾਰ ਫ਼ੌਜੀ, ਦਰਜਨਾਂ ਟੈਂਕ ਅਤੇ ਬਕਤਰਬੰਦ ਗੱਡੀਆਂ, ਹੈਲੀਕਾਪਟਰ ਅਤੇ ਸਵੈ-ਚਾਲਕ ਮਸ਼ੀਨਗੰਨਾਂ ਨਾਲ ਲੈਸ ਵਿਸ਼ੇਸ਼ ਹਮਲਾਵਰ ਦਸਤੇ ਰੂਸ ਦੀ ਸਰਮਾਏਦਾਰਾ ਆਰਥਿਕਤਾ ਨੂੰ ਜਮਹੂਰੀਅਤ ਦੇ ਘੋਰ ਖ਼ਤਰੇ ਤੋਂ ਬਚਾਉਣ ਲਈ ਝੋਕ ਦਿੱਤੇ।

ਬੋਸਤਨ ਗਲੋਬ ਨੇ ਯੇਲਤਸਿਨ ਵਲੋਂ ਸੰਸਦ ਭਵਨ ਨੂੰ ਘੇਰਾ ਪਾਉਣ ਬਾਰੇ ਇਸ ਤਰ੍ਹਾਂ ਰਿਪੋਰਟ ਦਿੱਤੀ : "ਕੱਲ੍ਹ ਰੂਸੀ ਫ਼ੌਜ ਦੇ ਤੀਹ ਟੈਂਕ ਅਤੇ ਬਕਤਰਬੰਦ ਗੱਡੀਆਂ ਮਾਸਕੋ ਦੇ ਸੰਸਦ ਭਵਨ ਨੂੰ 10 ਘੰਟੇ ਘੇਰਾ ਪਾ ਕੇ ਗੋਲਬਾਰੀ ਕਰਦੇ ਰਹੇ, ਜਦਕਿ ਪੈਦਲ ਫ਼ੌਜੀ ਦਸਤੇ ਮਸ਼ੀਨ ਗੰਨਾਂ ਨਾਲ ਗੋਲੀਆਂ ਦੀਆਂ ਬੁਛਾੜਾਂ ਕਰਦੇ ਰਹੇ। ਸ਼ਾਮ ਸਵਾ ਚਾਰ ਵਜੇ, 300 ਦੇ ਕਰੀਬ ਗਾਰਡ, ਕਾਂਗਰਸ ਦੇ ਡਿਪਟੀ ਅਤੇ ਸਟਾਫ਼ ਦੇ ਮੁਲਾਜ਼ਮ ਇਕਹਿਰੀ ਕਤਾਰ ਬਣਾ ਕੇ ਹੱਥ ਉੱਪਰ ਉਠਾਈ ਇਮਾਰਤ ਤੋਂ ਬਾਹਰ ਆਏ।"[44]

ਦਿਨ ਛਿਪਣ ਤੱਕ, ਇਹ ਮੁਕੰਮਲ ਫ਼ੌਜੀ ਹਮਲਾ ਪੰਜ ਸੌ ਲੋਕਾਂ ਦੀ ਜਾਨ ਲੈ ਚੁੱਕਾ ਸੀ ਅਤੇ ਹਜ਼ਾਰ ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ। 1917 ਤੋਂ ਬਾਅਦ ਮਾਸਕੋ 'ਚ ਹੋਈ ਇਹ ਸਭ ਤੋਂ ਵੱਡੀ ਹਿੰਸਾ ਸੀ।[45] ਪੀਟਰ ਰੈੱਡਅਵੇ ਅਤੇ ਦਮਿਤਰੀ ਗਲਿੰਸਕੀ ਨੇ ਯੇਲਤਸਿਨ ਦੌਰ ਦੀ ਵਿਥਿਆ *ਰੂਸ ਦੇ ਸੁਧਾਰਾਂ ਦੀ ਤ੍ਰਾਸਦੀ : ਜਮਹੂਰੀਅਤ ਦੇ ਵਿਰੋਧ 'ਚ ਮੰਡੀ ਬਾਲਸ਼ਵਾਦ* 'ਚ ਸਹੀ ਸਹੀ ਬਿਆਨ ਕੀਤੀ ਹੈ। ਉਹ ਦੱਸਦੇ ਹਨ ਕਿ "ਵਾਈਟ ਹਾਊਸ ਦੇ ਅੰਦਰ ਅਤੇ ਚਾਰ-ਚੁਫੇਰੇ ਹੁੰਝਾ ਫੇਰੂ ਕਾਰਵਾਈ ਦੌਰਾਨ 1700 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਅਤੇ ਗਿਆਰਾਂ ਹਥਿਆਰ ਕਬਜ਼ੇ 'ਚ ਲਏ ਗਏ। ਗ੍ਰਿਫ਼ਤਾਰ ਕੀਤੇ ਕੁਝ ਵਿਅਕਤੀਆਂ ਨੂੰ ਖੇਡ੍ਹ ਸਟੇਡੀਅਮ 'ਚ ਡੱਕ ਦਿੱਤਾ ਗਿਆ, ਜੋ 1973 'ਚ ਚਿੱਲੀ ਵਿਚ ਹੋਏ ਰਾਜ ਪਲਟੇ ਤੋਂ ਬਾਅਦ ਪਿਨੋਚੇ ਵਲੋਂ ਵਰਤੇ ਗਏ ਢੰਗ-ਤਰੀਕਿਆਂ ਦੀ ਯਾਦ ਦਿਵਾਉਂਦਾ ਸੀ।"[46] ਕਈਆਂ ਨੂੰ ਪੁਲਿਸ ਥਾਣਿਆਂ 'ਚ ਲਿਜਾ ਕੇ ਬੁਰੀ ਤਰ੍ਹਾਂ ਕੁਟਾਪਾ ਚਾੜ੍ਹਿਆ ਗਿਆ। ਕਾਗਾਰਲਿਸਕੀ ਚੇਤੇ ਕਰਦਾ ਹੈ ਕਿ ਜਦੋਂ ਉਸ ਦੇ ਸਿਰ 'ਤੇ ਸੱਟਾਂ ਮਾਰੀਆਂ ਜਾ ਰਹੀਆਂ ਸਨ ਤਾਂ ਇਕ ਅਫ਼ਸਰ ਚੀਕ ਰਿਹਾ ਸੀ : "ਕੁੱਤੀ ਦੇ ਪੁੱਤਰੋ, ਤੁਸੀਂ ਜਮਹੂਰੀਅਤ ਮੰਗਦੇ ਸੀ ਨਾ। ਤੁਹਾਨੂੰ ਹੁਣ ਜਮਹੂਰੀਅਤ ਦੇ ਦਰਸ਼ਨ ਕਰਾਉਂਦੇ ਹਾਂ!"[47]

ਅਸਲ ਵਿਚ ਰੂਸ ਚਿੱਲੀ ਵਾਲੀ ਤ੍ਰਾਸਦੀ ਦਾ ਦੁਹਰਾਅ ਨਹੀਂ ਸੀ—ਇਹ ਚਿੱਲੀ ਤੋਂ ਉਲਟ ਗੇੜ ਸੀ। ਪਿਨੋਚੇ ਨੇ ਰਾਜ ਪਲਟਾ ਕੀਤਾ, ਜਮਹੂਰੀਅਤ ਦੀਆਂ ਸੰਸਥਾਵਾਂ ਤੋੜੀਆਂ ਅਤੇ ਫੇਰ ਸਦਮਾ ਇਲਾਜ ਜਬਰੀ ਲਾਗੂ ਕਰ ਦਿੱਤਾ; ਯੇਲਤਸਿਨ ਨੇ ਜਮਹੂਰੀਅਤ 'ਚ ਸਦਮਾ ਇਲਾਜ ਜਬਰੀ ਥੋਪਿਆ; ਉਹ ਜਮਹੂਰੀਅਤ ਦਾ ਭੋਗ ਪਾ ਕੇ ਅਤੇ ਰਾਜ ਪਲਟਾ ਕਰਕੇ ਹੀ ਇਸ ਦੀ ਰਾਖੀ ਕਰਨ 'ਚ ਕਾਮਯਾਬ ਹੋਇਆ। ਦੋਵਾਂ ਕਾਂਡਾਂ ਦੀ ਪੱਛਮ ਨੇ ਜੋਸ਼-ਖਰੋਸ਼ ਨਾਲ ਪਿੱਠ ਥਾਪੜੀ।

ਰਾਜ ਪਲਟੇ ਤੋਂ ਅਗਲੇ ਦਿਨ *ਵਾਸ਼ਿੰਗਟਨ ਪੋਸਟ* ਦੀ ਇਕ ਸੁਰਖ਼ੀ ਸੀ, "ਯੇਲਤਸਿਨ ਦੇ

ਹਮਲੇ ਨੂੰ ਵਿਆਪਕ ਹਮਾਇਤ, ਜਮਹੂਰੀਅਤ ਦੀ ਜਿੱਤ।" *ਬੋਸਤਨ ਗਲੋਬ* ਤਾਂ ਹੋਰ ਵੀ ਅੱਗੇ ਲੰਘ ਗਿਆ, "ਬੀਤੇ ਦੀ ਕਾਲ ਕੋਠੜੀ 'ਚ ਮੁੜ ਡਿਗਣ ਤੋਂ ਰੂਸ ਦਾ ਬਚਾਅ।" ਅਮਰੀਕੀ ਬਦੇਸ਼ ਵਿਭਾਗ ਦਾ ਮੁਖੀ ਵਾਰੇਨ ਕ੍ਰਿਸਟੋਫਰ ਤੁਰੰਤ ਮਾਸਕੋ ਜਾ ਪਹੁੰਚਿਆ ਅਤੇ ਯੇਲਤਸਿਨ ਅਤੇ ਗੈਦਰ ਦੀ ਹਮਾਇਤ 'ਚ ਐਲਾਨ ਕੀਤਾ : "ਸੰਯੁਕਤ ਰਾਜ ਥੋੜ੍ਹੇ ਕੀਤਿਆਂ ਸੰਸਦਾਂ ਨੂੰ ਭੰਗ ਕੀਤੇ ਜਾਣ ਦੀ ਹਮਾਇਤ ਨਹੀਂ ਕਰਦਾ। ਪਰ ਇਹ ਅਸਾਧਾਰਨ ਸਮਾਂ ਹੈ।"[48]

ਰੂਸ ਵਿਚ ਘਟਨਾਵਾਂ ਨੂੰ ਹੋਰ ਤਰ੍ਹਾਂ ਲਿਆ ਜਾ ਰਿਹਾ ਸੀ। ਜਿਹੜਾ ਬੰਦਾ ਯੇਲਤਸਿਨ, ਸੰਸਦ ਦੀ ਰਾਖੀ ਕਰਦਿਆਂ ਸੱਤਾ 'ਚ ਆਇਆ ਸੀ, ਉਸ ਨੇ ਹੁਣ ਆਪ ਹੀ ਇਸ ਨੂੰ ਅੱਗ ਲਾ ਦਿੱਤੀ, ਇਸ ਨੂੰ ਐਨੀ ਭੈੜੀ ਤਰ੍ਹਾਂ ਤਹਿਸ਼-ਨਹਿਸ਼ ਕਰ ਦਿੱਤਾ ਕਿ ਇਸ ਨੂੰ ਬਲੈਕ ਹਾਊਸ ਕਿਹਾ ਜਾਣ ਲੱਗਿਆ। ਇਕ ਅਧਖੜ੍ਹ ਉਮਰ ਦੇ ਖੌਫ਼ਜ਼ਦਾ ਮਾਸਕੋ ਵਾਸੀ ਨੇ ਬਦੇਸ਼ੀ ਕੈਮਰਾ ਟੋਲੀ ਨੂੰ ਦੱਸਿਆ : "ਲੋਕਾਂ ਨੇ (ਯੇਲਤਸਿਨ ਨੂੰ) ਹਮਾਇਤ ਦਿੱਤੀ ਕਿਉਂਕਿ ਉਸ ਨੇ ਸਾਨੂੰ ਜਮਹੂਰੀਅਤ ਦੇਣ ਦਾ ਵਾਅਦਾ ਕੀਤਾ ਸੀ। ਪਰ ਇਸੇ ਜਮਹੂਰੀਅਤ ਨੂੰ ਉਸ ਨੇ ਗੋਲੀ ਦਾ ਨਿਸ਼ਾਨਾ ਬਣਾਇਆ। ਉਸ ਨੇ ਸਿਰਫ਼ ਇਸ ਦੀ ਉਲੰਘਣਾ ਹੀ ਨਹੀਂ ਕੀਤੀ; ਸਗੋਂ ਇਸ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ।"[49] ਵਿਟਲੇ ਨੇਮੈਨੋ 1991 ਦੇ ਰਾਜ ਪਲਟੇ ਸਮੇਂ ਵਾਈਟ ਹਾਊਸ ਦੇ ਮੁੱਖ ਦਰਵਾਜ਼ੇ ਉੱਪਰ ਸੁਰੱਖਿਆ ਮੁਲਾਜ਼ਮ ਵਜੋਂ ਤਾਇਨਾਤ ਸੀ, ਉਸ ਨੇ ਇਸ ਗ਼ੱਦਾਰੀ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕੀਤੀ : "ਅਸੀਂ ਜੋ ਸੁਪਨਾ ਲਿਆ ਸੀ ਪਾਇਆ ਉਸ ਦੇ ਐਨ ਉਲਟ। ਅਸੀਂ ਉਨ੍ਹਾਂ ਦੀ ਖ਼ਾਤਰ ਨਾਕੇ ਲਾਏ ਸਨ, ਉੱਥੇ ਆਪਣੀਆਂ ਜਾਨਾਂ ਵਾਰੀਆਂ, ਪਰ ਉਨ੍ਹਾਂ ਨੇ ਵਾਅਦੇ ਪੂਰੇ ਨਹੀਂ ਕੀਤੇ।"[50]

ਜੈਫਰੀ ਸੈਚਸ, ਜੋ ਇਹ ਸਾਬਤ ਕਰਨ ਲਈ ਕਿਲ ਕਿਲ ਕੇ ਜ਼ੋਰ ਲਾ ਰਿਹਾ ਸੀ ਕਿ ਖੁੱਲ੍ਹੀ ਮੰਡੀ ਪੱਖੀ ਤਿੱਖੇ ਸੁਧਾਰ ਜਮਹੂਰੀਅਤ ਦੇ ਅਨੁਸਾਰ ਹਨ, ਸੰਸਦ ਉੱਪਰ ਯੇਲਤਸਿਨ ਦੇ ਹਮਲੇ ਤੋਂ ਬਾਅਦ ਵੀ ਸ਼ਰੇਆਮ ਉਸ ਦੀ ਹਮਾਇਤ ਕਰਦਾ ਰਿਹਾ ਅਤੇ ਉਸ ਦੇ ਵਿਰੋਧੀਆਂ ਨੂੰ "ਸੱਤਾ 'ਚ ਮਗਰੂਰ ਸਾਬਕਾ ਕਮਿਊਨਿਸਟ ਜੁੰਡਲੀ" ਗਰਦਾਨ ਕੇ ਭੰਡਦਾ ਰਿਹਾ।[51] ਆਪਣੀ ਕਿਤਾਬ ਗਰੀਬੀ ਦਾ ਖ਼ਾਤਮਾ ਵਿਚ ਸੈਚਸ ਰੂਸ ਵਿਚ ਆਪਣੀ ਸ਼ਮੂਲੀਅਤ ਦਾ ਪ੍ਰਮਾਣਿਕ ਵੇਰਵਾ ਦਿੰਦਾ ਹੈ। ਇੱਥੇ ਵੀ ਉਹ ਇਕ ਵਾਰ ਵੀ ਇਸ ਨਾਟਕੀ ਕਾਂਡ ਦਾ ਜ਼ਿਕਰ ਨਹੀਂ ਕਰਦਾ। ਉਹ ਉਸੇ ਤਰ੍ਹਾਂ ਹੀ ਇਸ ਕਾਂਡ ਨੂੰ ਅੱਖੋਂ ਪਰੋਖੇ ਕਰ ਦਿੰਦਾ ਹੈ ਜਿਵੇਂ ਉਸ ਨੇ ਬੋਲੀਵੀਆ ਵਿਚ ਸਦਮਾ ਇਲਾਜ ਪ੍ਰੋਗਰਾਮ ਨਾਲ ਜੁੜੀ ਘੇਰਾਬੰਦੀ ਅਤੇ ਮਜ਼ਦੂਰ ਆਗੂਆਂ ਉੱਪਰ ਕੀਤੇ ਹਮਲਿਆਂ ਬਾਰੇ ਕੀਤਾ ਸੀ।[52]

ਰਾਜ ਪਲਟੇ ਤੋਂ ਬਾਅਦ ਰੂਸ ਬੇਲਗਾਮ ਤਾਨਾਸ਼ਾਹ ਰਾਜ ਦੇ ਅਧੀਨ ਹੋ ਗਿਆ : ਇਸ ਦੇ ਚੁਣੇ ਹੋਏ ਅਦਾਰੇ ਭੰਗ ਕਰ ਦਿੱਤੇ ਗਏ, ਸੰਵਿਧਾਨ ਦਾ ਭੋਗ ਪਾ ਦਿੱਤਾ ਗਿਆ ਅਤੇ ਸੰਵਿਧਾਨਕ ਅਦਾਲਤ ਮੁਅੱਤਲ ਕਰ ਦਿੱਤੀ ਗਈ। ਸੜਕਾਂ ਉੱਪਰ ਟੈਂਕ ਗਸ਼ਤ ਕਰ ਰਹੇ ਸਨ, ਕਰਫਿਊ ਲਾ ਦਿੱਤਾ ਗਿਆ ਸੀ। ਪ੍ਰੈੱਸ ਨੂੰ ਵਿਆਪਕ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ, ਹਾਲਾਂਕਿ ਛੇਤੀ ਹੀ ਸ਼ਹਿਰੀ ਆਜ਼ਾਦੀਆਂ ਬਹਾਲ ਕਰ ਦਿੱਤੀਆਂ ਗਈਆਂ।

ਤੇ ਇਸ ਨਾਜ਼ੁਕ ਮੌਕੇ 'ਤੇ ਸ਼ਿਕਾਗੋ ਵਾਲੇ ਮੁੰਡੇ ਅਤੇ ਉਨ੍ਹਾਂ ਦੇ ਪੱਛਮੀ ਸਲਾਹਕਾਰ ਕੀ ਕਰ ਰਹੇ ਸਨ ? ਜਦੋਂ ਸਾਂਤਿਆਗੋ ਧੁਖ ਰਿਹਾ ਸੀ ਓਦੋਂ ਵੀ ਉਨ੍ਹਾਂ ਨੇ ਇਹੋ ਕੁਝ ਕੀਤਾ। ਅਤੇ ਜਦੋਂ ਬਗ਼ਦਾਦ ਸੜੇਗਾ ਉਹ ਓਦੋਂ ਵੀ ਇਹੀ ਕੁਝ ਕਰਨਗੇ : ਜਮਹੂਰੀਅਤ 'ਚ ਦਖ਼ਲ ਨਾ ਦੇਣ ਦੇ ਬਹਾਨੇ ਉਹ ਕਾਨੂੰਨ ਬਣਾਉਣ ਬੈਠ ਗਏ। ਰਾਜ ਪਲਟੇ ਤੋਂ ਤਿੰਨ ਦਿਨ ਬਾਅਦ ਸੈਚਸ ਨੇ ਟਿੱਪਣੀ ਕੀਤੀ ਕਿ ਇਸ ਸਮੇਂ ਤੱਕ "ਇੱਥੇ ਸਦਮਾ ਇਲਾਜ ਦੀ ਕੋਈ ਭੂਮਿਕਾ ਨਹੀਂ ਸੀ" ਕਿਉਂਕਿ

ਯੋਜਨਾ "ਉਘੜ-ਦੁਗੜੇ ਢੰਗ ਨਾਲ ਅਤੇ ਬੇਕਾਇਦਗੀ ਨਾਲ ਅਮਲ 'ਚ ਲਿਆਂਦੀ ਗਈ ਸੀ। ਹੁਣ ਕੁਝ ਕਰਨ ਦਾ ਮੌਕਾ ਹੈ।"[53]

ਫੇਰ ਉਨ੍ਹਾਂ ਨੇ ਕੀ ਕੀਤਾ ? *ਨਿਊਜ਼ ਵੀਕ* ਨੇ ਰਿਪੋਰਟ ਦਿੱਤੀ, "ਇਨ੍ਹੀ ਦਿਨੀਂ ਯੇਲਤਸਿਨ ਦੀ ਉਦਾਰਵਾਦੀ ਅਰਥਸ਼ਾਸਤਰੀ ਟੀਮ ਡਿਊਟੀ ਨਿਭਾ ਰਹੀ ਹੈ। ਰੂਸੀ ਰਾਸ਼ਟਰਪਤੀ ਵਲੋਂ ਸੰਸਦ ਭੰਗ ਕਰ ਦਿੱਤੇ ਜਾਣ ਤੋਂ ਅਗਲੇ ਦਿਨ ਮੰਡੀ ਦੇ ਹਮਾਇਤੀ ਸੁਧਾਰਕਾਂ ਨੂੰ ਸੁਨੇਹਾ ਮਿਲ ਗਿਆ ਕਿ ਫ਼ਰਮਾਨ ਲਿਖਣੇ ਸ਼ੁਰੂ ਕਰ ਦਿਓ।" ਰਸਾਲੇ ਨੇ "ਸਰਕਾਰ ਨਾਲ ਨੇੜਿਉਂ ਜੁੜ ਕੇ ਕੰਮ ਕਰ ਰਹੇ ਪੱਛਮੀ ਅਰਥ ਸ਼ਾਸਤਰੀ" ਦੇ ਕਹੇ ਹੋਏ ਲਫ਼ਜ਼ਾਂ ਦਾ ਹਵਾਲਾ ਦਿੱਤਾ ਜੋ ਹੁਣ ਪੂਰਾ ਖ਼ੁਸ਼ ਸੀ। ਉਸ ਨੇ ਬਿਲਕੁਲ ਸਪਸ਼ਟ ਕਰ ਦਿੱਤਾ ਕਿ ਰੂਸ ਵਿਚ ਜਮਹੂਰੀਅਤ ਮੰਡੀ ਦੀ ਯੋਜਨਾ ਨੂੰ ਲਾਗੂ ਕਰਨ 'ਚ ਹਮੇਸ਼ਾ ਅੜਿੱਕਾ ਰਹੀ ਹੈ : "ਸੰਸਦ ਨੂੰ ਪਾਸੇ ਕਰ ਦਿੱਤੇ ਜਾਣ ਨਾਲ, ਹੁਣ ਸੁਧਾਰ ਕਰਨ ਦਾ ਸ਼ਾਨਦਾਰ ਮੌਕਾ ਹੈ।.....ਇੱਥੇ ਅਰਥਸ਼ਾਸਤਰੀ ਬਹੁਤ ਜ਼ਿਆਦਾ ਨਿਰਾਸ਼ਾ 'ਚ ਸਨ। ਹੁਣ ਅਸੀਂ ਦਿਨ-ਰਾਤ ਕੰਮ ਰਹੇ ਹਾਂ।" ਅਸਲ ਵਿਚ, ਰਾਜ ਪਲਟੇ ਦੀ ਖ਼ੁਸ਼ੀ ਉਨ੍ਹਾਂ ਤੋਂ ਸਾਂਭੀ ਨਹੀਂ ਜਾ ਰਹੀ ਸੀ। ਇਸ ਤੋਂ ਵੱਧ ਖ਼ੁਸ਼ੀ ਹੋਰ ਕੀ ਹੋਣੀ ਸੀ। ਰੂਸ ਲਈ ਸੰਸਾਰ ਬੈਂਕ ਦੇ ਮੁਖ ਅਰਥਸ਼ਾਸਤਰੀ ਚਾਰਲਸ ਬਲਿਤਜ਼ਰ ਨੇ *ਵਾਲ ਸਟਰੀਟ ਜਰਨਲ* ਨੂੰ ਦੱਸਿਆ, "ਮੇਰੀ ਜ਼ਿੰਦਗੀ 'ਚ ਐਨਾ ਮਨ-ਪ੍ਰਚਾਵਾ ਕਦੇ ਨਹੀਂ ਆਇਆ।"[54]

ਮਨ-ਪ੍ਰਚਾਵਾ ਹਾਲੇ ਸ਼ੁਰੂ ਹੋ ਰਿਹਾ ਸੀ—ਜਦੋਂ ਦੇਸ਼ ਹਮਲੇ ਦੀ ਸੱਟ ਨਾਲ ਬੌਂਦਲਿਆ ਹੋਇਆ ਸੀ ਤਾਂ ਯੇਲਤਸਿਨ ਦੇ ਸ਼ਿਕਾਗੋ ਵਾਲੇ ਮੁੰਡਿਆਂ ਨੇ ਆਪਣੇ ਪ੍ਰੋਗਰਾਮ ਦੇ ਸਭ ਤੋਂ ਵਿਵਾਦਪੂਰਨ ਕਦਮਾਂ ਦਾ ਤਾਬੜ-ਤੋੜ ਹਮਲਾ ਕਰ ਦਿੱਤਾ : ਬਜਟ 'ਚ ਵੱਡੀਆਂ ਕਟੌਤੀਆਂ ਕੀਤੀਆਂ ਗਈਆਂ, ਰੋਟੀ ਸਮੇਤ ਖਾਣ ਵਾਲੀਆਂ ਹੋਰ ਬੁਨਿਆਦੀ ਚੀਜ਼ਾਂ ਦੀਆਂ ਕੀਮਤਾਂ ਤੋਂ ਕੰਟਰੋਲ ਹਟਾ ਦਿੱਤਾ ਗਿਆ ਅਤੇ ਨਿੱਜੀਕਰਨ ਹੋਰ ਵੀ ਵੱਡੇ ਪੱਧਰ 'ਤੇ ਅਤੇ ਹੋਰ ਵੀ ਤੇਜ਼ੀ ਕੀਤਾ ਜਾਣ ਲੱਗਿਆ। ਇਨ੍ਹਾਂ ਨੀਤੀਆਂ ਨਾਲ ਜਨਤਾ ਦੀ ਐਨੀ ਦੁਰਦਸ਼ਾ ਹੋਣੀ ਸੀ ਕਿ ਬਗ਼ਾਵਤ ਨੂੰ ਰੋਕਣ ਲਈ ਲਗਾਤਾਰ ਪੁਲਿਸ ਰਾਜ ਦਰਕਾਰ ਸੀ।

ਯੇਲਤਸਿਨ ਵਲੋਂ ਕੀਤੇ ਰਾਜ ਪਲਟੇ ਤੋਂ ਬਾਅਦ ਆਈ ਐੱਮ ਐੱਫ ਦੇ ਪਹਿਲੇ ਪ੍ਰਬੰਧਕੀ ਨਿਰਦੇਸ਼ਕ (ਅਤੇ 1970ਵਿਆਂ ਦੇ ਸ਼ਿਕਾਗੋ ਵਾਲੇ ਮੁੰਡੇ) ਸਟੈਨਲੇ ਫਿਸਚਰ ਨੇ "ਸਾਰੇ ਮੁਹਾਜ਼ਾਂ ਉੱਪਰ ਵੱਧ ਤੋਂ ਵੱਧ ਸੰਭਵ ਰਫ਼ਤਾਰ ਨਾਲ ਅੱਗੇ ਵਧਣ" ਦੀ ਵਕਾਲਤ ਕੀਤੀ।[55] ਇਸੇ ਤਰ੍ਹਾਂ ਹੀ ਲਾਰੈਂਸ ਸਮਰਜ਼ ਕਲਿੰਟਨ ਸਰਕਾਰ ਵਿਚ ਰੂਸ ਬਾਰੇ ਨੀਤੀ ਘੜਨ 'ਚ ਹੱਥ ਵਟਾ ਰਿਹਾ ਸੀ। ਉਸ ਨੇ ਵਕਾਲਤ ਕੀਤੀ, ਕਿ "ਤਿੰਨ 'ਕਰਨ'" ਨੂੰ ਜਿੰਨਾ ਛੇਤੀ ਹੋ ਸਕੇ ਨੇਪਰੇ ਚਾੜ੍ਹਿਆ ਜਾਵੇ। ਉਹ "ਨਿੱਜੀਕਰਨ, ਸਥਿਰੀਕਰਨ ਅਤੇ ਉਦਾਰੀਕਰਨ" ਨੂੰ "ਤਿੰਨ 'ਕਰਨ'" ਕਿਹਾ ਕਰਦਾ ਸੀ।[56]

ਰੱਦੋ-ਬਦਲ ਐਨੀ ਤੇਜ਼ੀ ਨਾਲ ਕੀਤੀ ਜਾ ਰਹੀ ਸੀ ਕਿ ਇਸ ਨੂੰ ਬਰਦਾਸ਼ਤ ਕਰ ਲੈਣਾ ਰੂਸੀਆਂ ਦੇ ਵੱਸ ਦੀ ਗੱਲ ਨਹੀਂ ਸੀ। ਮਜ਼ਦੂਰਾਂ ਨੂੰ ਕੁਝ ਪਤਾ ਨਹੀਂ ਸੀ ਕਿ ਉਨ੍ਹਾਂ ਦੀਆਂ ਫੈਕਟਰੀਆਂ ਅਤੇ ਖਾਣਾਂ ਵੇਚ ਦਿੱਤੀਆਂ ਗਈਆਂ ਸਨ—ਕਿਵੇਂ ਅਤੇ ਕਿਸ ਨੂੰ ਵੇਚੀਆਂ ਗਈਆਂ ਇਸ ਦੀ ਜਾਣਕਾਰੀ ਦੀ ਤਾਂ ਗੱਲ ਹੀ ਛੱਡੋ (ਇਸੇ ਤਰ੍ਹਾਂ ਦਾ ਬੇਥਾਹ ਘਚੋਲਾ ਇਕ ਦਹਾਕਾ ਬਾਅਦ ਮੈਨੂੰ ਇਰਾਕ ਦੀਆਂ ਸਰਕਾਰੀ ਮਾਲਕੀ ਵਾਲੀਆਂ ਫੈਕਟਰੀਆਂ 'ਚ ਦੇਖਣ ਨੂੰ ਮਿਲਿਆ)। ਸਿਧਾਂਤ ਵਿਚ ਤਾਂ ਇਹ ਸੋਚ ਲਿਆ ਗਿਆ ਸੀ ਕਿ ਇਸ ਜੋੜ-ਤੋੜ ਨਾਲ ਜੋ ਆਰਥਕ ਤੇਜ਼ੀ ਆਏਗੀ ਉਸ ਦੀ ਬਦੌਲਤ ਰੂਸ ਮੰਦੀ ਹਾਲਤ ਵਿਚੋਂ ਨਿਕਲ ਜਾਵੇਗਾ; ਵਿਹਾਰਕ ਤੌਰ 'ਤੇ ਇਹ ਹੋਇਆ ਕਿ ਕਮਿਊਨਿਸਟ ਰਾਜ ਦੀ ਥਾਂ ਬਸ ਕਾਰਪੋਰੇਟਵਾਦੀ ਰਾਜ ਆ ਗਿਆ। ਇਸ ਤੇਜ਼ੀ ਤੋਂ ਜਿਨ੍ਹਾਂ ਨੂੰ

ਲਾਭ ਹੋਇਆ, ਉਹ ਸੀ ਰੂਸੀਆਂ ਦੀ ਨਿੱਕੀ ਜਹੀ ਜੁੰਡਲੀ, ਜਿਨ੍ਹਾਂ ਵਿਚੋਂ ਬਹੁਤੇ ਕਮਿਊਨਿਸਟ ਪਾਰਟੀ ਦੇ ਸਾਬਕਾ ਕਰਤਾ-ਧਰਤਾ ਅਤੇ ਮੁੱਠੀ ਭਰ ਮਿਊਚਲ ਫੰਡ ਮੈਨੇਜਰ ਸਨ ਜਿਨ੍ਹਾਂ ਨੇ ਨਵੀਂਆਂ ਨਵੀਂਆਂ ਨਿੱਜੀਕਰਨ ਕੀਤੀਆਂ ਰੂਸੀ ਕੰਪਨੀਆਂ 'ਚ ਪੂੰਜੀ-ਨਿਵੇਸ਼ ਕਰਕੇ ਐਨੀ ਕਮਾਈ ਕੀਤੀ ਕਿ ਸੁਣ ਕੇ ਦਿਮਾਗ ਚਕਰਾ ਜਾਂਦਾ ਹੈ। ਨਵੇਂ ਰੱਜੇ ਅਰਬਾਂਪਤੀਆਂ ਦੀ ਜੁੰਡਲੀ ਨੇ ਯੇਲਤਸਿਨ ਦੇ ਸ਼ਿਕਾਗੋ ਵਾਲੇ ਮੁੰਡਿਆਂ ਨਾਲ ਰਲ ਕੇ ਦੇਸ਼ ਦਾ ਲਗਭਗ ਸਭ ਕੁਝ ਹੜੱਪ ਲਿਆ। ਇਨ੍ਹਾਂ ਵਿਚੋਂ ਕਈ ਬੇਸ਼ੁਮਾਰ ਸ਼ਾਹੀ ਦੌਲਤ ਅਤੇ ਸੱਤਾ ਦੀ ਬਦੌਲਤ ਉਸ ਵਰਗ ਦੇ ਰੁਤਬੇ ਨੂੰ ਪਹੁੰਚ ਗਏ ਜੋ "ਮਾਲੀ ਜੁੰਡੀ ਰਾਜ" ਵਜੋਂ ਜਾਣਿਆ ਜਾਂਦਾ ਹੈ। ਇਹ 2 ਅਰਬ ਡਾਲਰ ਪ੍ਰਤੀ ਮਹੀਨਾ ਦੀ ਦਰ ਨਾਲ ਅੰਤਾਂ ਦੇ ਮੁਨਾਫ਼ੇ ਬਟੋਰ ਕੇ ਸਾਰਾ ਧਨ ਬਦੇਸ਼ਾਂ 'ਚ ਲੈ ਗਏ। ਸਦਮਾ ਇਲਾਜ ਲਾਗੂ ਹੋਣ ਤੋਂ ਪਹਿਲਾਂ, ਰੂਸ ਵਿਚ ਕੋਈ ਕਰੋੜਪਤੀ ਨਹੀਂ ਸੀ; ਜਦਕਿ *ਫੋਰਬਸ* ਸੂਚੀ ਅਨੁਸਾਰ 2003 'ਚ ਰੂਸੀ ਅਰਬਪਤੀਆਂ ਦੀ ਗਿਣਤੀ ਸਤਾਰਾਂ ਹੋ ਗਈ ਸੀ।[57]

ਇਸ ਦਾ ਅੰਸ਼ਕ ਕਾਰਨ ਇਹ ਹੈ ਕਿ ਯੇਲਤਸਿਨ ਅਤੇ ਉਸ ਦੀ ਜੁੰਡਲੀ ਨੇ ਸ਼ਿਕਾਗੋ ਸਕੂਲ ਦੀ ਕੱਟੜ ਰਵਾਇਤ ਤੋਂ ਪਾਸੇ ਹਟ ਕੇ ਅਮਲ ਕੀਤਾ। ਉਨ੍ਹਾਂ ਨੇ ਬਦੇਸ਼ੀ ਬਹੁ-ਕੌਮੀ ਕੰਪਨੀਆਂ ਨੂੰ ਰੂਸ ਦੀ ਜਾਇਦਾਦ ਸਿੱਧੇ ਤੌਰ 'ਤੇ ਖ਼ਰੀਦਣ ਦੀ ਇਜਾਜ਼ਤ ਨਹੀਂ ਦਿੱਤੀ, ਜੋ ਕਿ ਨਿਆਰੀ ਮਿਸਾਲ ਹੈ; ਇਨ੍ਹਾਂ ਨੇ ਲੁੱਟ ਦਾ ਸਾਰਾ ਮਾਲ ਰੂਸੀਆਂ ਲਈ ਰੱਖ ਲਿਆ। ਨਵੀਂਆਂ ਨਿੱਜੀ ਕੰਪਨੀਆਂ ਖੋਲ੍ਹ ਲਈਆਂ, ਮਾਲੀ ਜੁੰਡੀਦਾਰ ਇਨ੍ਹਾਂ ਦੇ ਮਾਲਕ ਬਣ ਬੈਠੇ ਅਤੇ ਬਦੇਸ਼ੀਆਂ ਦੇ ਹਿੱਸੇ ਪਵਾ ਲਏ। ਇਨ੍ਹਾਂ ਦੀ ਖੱਟੀ ਦਾ ਹਾਲੇ ਵੀ ਕੋਈ ਅੰਤ ਨਹੀਂ ਸੀ। *ਵਾਲ ਸਟਰੀਟ ਜਰਨਲ* ਕਹਿ ਰਿਹਾ ਸੀ, "ਐਸੇ ਪੂੰਜੀ-ਨਿਵੇਸ਼ ਦੀ ਭਾਲ 'ਚ ਹੋ ਜਿੱਥੋਂ ਤਿੰਨ ਸਾਲਾਂ 'ਚ 2000 ਫ਼ੀ ਸਦੀ ਸਦੀ ਕਮਾਈ ਹੋਵੇ ? ਤਾਂ ਫੇਰ ਸਿਰਫ਼ ਇਕ ਹੀ ਮੰਡੀ ਇਹ ਪੇਸ਼ਕਸ਼ ਕਰਦੀ ਹੈ.....ਰੂਸ।"[58] ਕਰੈਡਿਟ ਸੂਇਸ ਫਸਟ ਬੋਸਤਨ ਸਮੇਤ ਅਨੇਕਾਂ ਪੂੰਜੀ-ਨਿਵੇਸ਼ ਬੈਂਕਾਂ ਅਤੇ ਕਈ ਵੱਡੇ ਸ਼ਾਹੂਕਾਰਾਂ ਨੇ ਇਸ ਪਾਸੇ ਲੱਗ ਕੇ ਫਟਾਫਟ ਰੂਸੀ ਮਿਊਚਲ ਫੰਡ ਖੜ੍ਹੇ ਕਰ ਲਏ।

ਦੇਸ਼ ਦੇ ਮਾਲੀ ਜੁੰਡੀਦਾਰਾਂ ਅਤੇ ਬਦੇਸ਼ੀ ਪੂੰਜੀ-ਨਿਵੇਸ਼ਕਾਰਾਂ ਦੇ ਸਿਰ 'ਤੇ ਇਕ ਹੀ ਖ਼ਤਰਾ ਮੰਡਲਾ ਰਿਹਾ ਸੀ : ਯੇਲਤਸਿਨ ਦੀ ਹਰਮਨਪਿਆਰਤਾ ਤੇਜ਼ੀ ਨਾਲ ਘਟ ਰਹੀ ਸੀ। ਆਮ ਰੂਸੀ ਲਈ ਆਰਥਕ ਪ੍ਰੋਗਰਾਮ ਦੇ ਪ੍ਰਭਾਵ ਐਨੇ ਵਹਿਸ਼ੀ ਸਨ ਅਤੇ ਅਮਲ ਜ਼ਾਹਰਾ ਤੌਰ 'ਤੇ ਐਨਾ ਭ੍ਰਿਸ਼ਟਾਚਾਰੀ ਸੀ ਕਿ ਉਸ ਦੀ ਮਕਬੂਲੀਅਤ ਇਕਹਿਰੇ ਅੰਕੜੇ 'ਤੇ ਜਾ ਡਿਗੀ। ਉਨ੍ਹਾਂ ਨੂੰ ਇਹ ਫ਼ਿਕਰ ਵੱਢ-ਵੱਢ ਖਾ ਰਿਹਾ ਸੀ ਕਿ ਜੇ ਯੇਲਤਸਿਨ ਨੂੰ ਹਟਾ ਦਿੱਤਾ ਗਿਆ ਤਾਂ ਜਿਹੜਾ ਵੀ ਉਸ ਦੀ ਥਾਂ ਲਵੇਗਾ ਉਹ ਰੂਸ ਦੇ ਸਰਮਾਏਦਾਰਾ ਮਾਅਰਕੇ ਨੂੰ ਰੋਕ ਦੇਵੇਗਾ। ਮਾਲੀ ਜੁੰਡੀਦਾਰਾਂ ਅਤੇ "ਸੁਧਾਰਕਾਂ" ਲਈ ਹੋਰ ਵੀ ਫ਼ਿਕਰਮੰਦੀ ਵਾਲਾ ਮਾਮਲਾ ਸੀ ਉਨ੍ਹਾਂ ਜਾਇਦਾਦਾਂ ਦਾ ਮੁੜ ਕੌਮੀਕਰਨ ਕਰ ਦਿੱਤੇ ਜਾਣ ਦਾ ਮਜ਼ਬੂਤ ਪੱਖ ਜਿਨ੍ਹਾਂ ਨੂੰ ਅਜਿਹੇ ਗ਼ੈਰ-ਵਿਧਾਨਕ ਸਿਆਸੀ ਹਾਲਾਤ 'ਚ ਮਾਲੀ ਜੁੰਡਲੀ ਦੇ ਸਪੁਰਦ ਕਰ ਦਿੱਤਾ ਗਿਆ ਸੀ।

ਦਸੰਬਰ 1994 'ਚ, ਯੇਲਤਸਿਨ ਨੇ ਉਹੀ ਕੁਝ ਕੀਤਾ ਜੋ ਮਾਯੂਸੀ 'ਚ ਘਿਰੇ ਅਨੇਕਾਂ ਆਗੂ ਸੱਤਾ ਉੱਪਰ ਜੱਫਾ ਮਾਰੀ ਰੱਖਣ ਲਈ ਇਤਿਹਾਸ 'ਚ ਕਰਦੇ ਰਹੇ ਹਨ। ਉਸ ਨੇ ਜੰਗ ਵਿੱਢ ਦਿੱਤੀ। ਉਸ ਦੇ ਕੌਮੀ ਸੁਰੱਖਿਆ ਮੁਖੀ ਓਲੇਗ ਲੋਬੋਵ ਨੇ ਇਕ ਵਿਧਾਇਕ ਨਾਲ ਮਨ ਦੀ ਗੱਲ ਇਸ ਤਰ੍ਹਾਂ ਸਾਂਝੀ ਕੀਤੀ ਸੀ : "ਰਾਸ਼ਟਰਪਤੀ ਪ੍ਰਤੀ ਲੋਕਾਂ ਦੀ ਖਿੱਚ ਵਧਾਉਣ ਲਈ ਸਾਨੂੰ ਇਕ ਛੋਟੀ ਜਹੀ, ਜੇਤੂ ਜੰਗ ਦੀ ਲੋੜ ਹੈ।" ਅਤੇ ਰੱਖਿਆ ਮੰਤਰੀ ਨੇ ਪੇਸ਼ੀਨਗੋਈ ਕੀਤੀ ਕਿ ਉਸ ਦੀ

ਫ਼ੌਜ ਅੱਡ ਹੋਏ ਰਾਜ ਚੇਚਨੀਆਂ ਦੀਆਂ ਤਾਕਤਾਂ ਨੂੰ ਕੁਝ ਘੰਟਿਆਂ 'ਚ ਹੀ ਹਰਾ ਸਕਦੀ ਹੈ—ਬਸ ਹਬਸ਼ੀਆਂ ਦੇ ਪੁਰਾਣੇ ਨਾਚ ਵਾਂਗ।[59]

ਘੱਟੋ-ਘੱਟ ਕੁਝ ਸਮੇਂ ਲਈ ਤਾਂ ਇਹੀ ਲੱਗਦਾ ਸੀ ਕਿ ਯੋਜਨਾ ਕਾਰਗਰ ਸਾਬਤ ਹੋ ਰਹੀ ਹੈ। ਪਹਿਲੇ ਪੜਾਅ 'ਚ, ਚੇਚਨੀਆਂ ਦੀ ਆਜ਼ਾਦੀ ਦੀ ਲਹਿਰ ਇਕ ਹੱਦ ਤੱਕ ਕੁਚਲ ਦਿੱਤੀ ਗਈ। ਰੂਸੀ ਫ਼ੌਜੀ ਦਸਤਿਆਂ ਨੇ ਗਰੌਜ਼ਨੀ ਦੇ ਸੁੰਨ-ਮਸਾਨ ਰਾਸ਼ਟਰਪਤੀ ਮਹਿਲ 'ਤੇ ਕਬਜ਼ਾ ਕਰਕੇ ਯੇਲਤਸਿਨ ਨੂੰ ਸ਼ਾਨਦਾਰ ਜਿੱਤ ਦਾ ਐਲਾਨ ਕਰਨ ਦਾ ਮੌਕਾ ਦੇ ਦਿੱਤਾ। ਚੇਚਨੀਆਂ ਅਤੇ ਮਾਸਕੋ ਦੋਵਾਂ ਨੂੰ ਪਤਾ ਲੱਗ ਜਾਣਾ ਸੀ ਕਿ ਇਹ ਜਿੱਤ ਥੋੜ੍ਹ ਚਿਰੀ ਹੀ ਹੈ। ਜਦੋਂ 1996 'ਚ ਯੇਲਤਸਿਨ ਨੂੰ ਦੁਬਾਰਾ ਚੋਣਾਂ ਕਰਾਉਣ ਦਾ ਸਾਹਮਣਾ ਕਰਨਾ ਪਿਆ, ਓਦੋਂ ਵੀ ਉਸ ਦੀ ਮਕਬੂਲੀਅਤ ਦਾ ਹਾਲ ਐਨਾ ਮਾੜਾ ਸੀ ਅਤੇ ਉਸ ਦੀ ਹਾਰ ਐਨੀ ਯਕੀਨੀ ਸੀ ਕਿ ਉਸ ਦੇ ਸਲਾਹਕਾਰਾਂ ਨੇ ਇਕ ਦਮ ਚੋਣਾਂ ਰੱਦ ਕਰ ਦੇਣ ਦੀ ਸਲਾਹ ਦਿੱਤੀ; ਰੂਸ ਦੇ ਸਾਰੇ ਕੌਮੀ ਅਖ਼ਬਾਰਾਂ 'ਚ ਰੂਸ ਦੇ ਬੈਂਕਰਾਂ ਦੀ ਜਿਹੜੀ ਚਿੱਠੀ ਛਪੀ ਸੀ ਉਹ ਇਸ ਜ਼ਬਰਦਸਤ ਸੰਭਾਵਨਾ ਦਾ ਸੰਕੇਤ ਸੀ।[60] ਯੇਲਤਸਿਨ ਦਾ ਨਿੱਜੀਕਰਨ ਮੰਤਰੀ ਅਨਾਤੋਲੀ ਚੁਬੈਸ (ਜਿਸ ਨੂੰ ਸੈਚਸ ਨੇ ਇਕ ਵਾਰ "ਆਜ਼ਾਦੀ ਘੁਲਾਟੀਆ" ਕਹਿ ਕੇ ਵਡਿਆਇਆ ਸੀ) ਪਿਨੋਚੇ ਵਾਲਾ ਰਾਹ ਅਖ਼ਤਿਆਰ ਕਰਨ ਦਾ ਸਭ ਤੋਂ ਮੂੰਹਫਟ ਬੁਲਾਰਾ ਬਣ ਗਿਆ।[61] ਉਸ ਨੇ ਐਲਾਨ ਕੀਤਾ, "ਸਮਾਜ 'ਚ ਜਮਹੂਰੀਅਤ ਬਣਾਈ ਰੱਖਣ ਲਈ ਸੱਤਾ 'ਚ ਤਾਨਾਸ਼ਾਹੀ ਦਾ ਹੋਣਾ ਲਾਜ਼ਮੀ ਹੈ।"[62] ਇਹ ਉਨ੍ਹਾਂ ਬਹਾਨਿਆਂ ਦਾ ਹੂ-ਬ-ਹੂ ਦੁਹਰਾ ਸੀ ਜੋ ਚਿੱਲੀ ਦੇ ਸ਼ਿਕਾਗੋ ਵਾਲੇ ਮੁੰਡਿਆਂ ਨੇ ਪਿਨੋਚੇ ਦੇ ਹੱਕ ਵਿਚ ਅਤੇ ਡੋਂਗ ਸਿਆਓ ਪਿੰਗ ਨੇ ਫਰਾਇਡਮੈਨਵਾਦ ਦੀ ਆਜ਼ਾਦੀ ਵਿਹੂਣੀ ਫ਼ਿਲਾਸਫ਼ੀ ਨੂੰ ਜਾਇਜ਼ ਠਹਿਰਾਉਣ ਲਈ ਬਣਾਏ ਸਨ।

ਆਖ਼ਿਰ ਚੋਣਾਂ ਕਰਾਉਣੀਆਂ ਪਈਆਂ ਅਤੇ ਯੇਲਤਸਿਨ ਮਾਲੀ ਜੁੰਡੀਦਾਰਾਂ ਵਲੋਂ ਦਿੱਤੇ ਇਕ ਅਰਬ ਡਾਲਰ ਫੰਡਾਂ (ਕਾਨੂੰਨੀ ਖਰਚ ਦਾ ਤੇਤੀ ਗੁਣਾ) ਅਤੇ ਇਨ੍ਹਾਂ ਦੇ ਕੰਟਰੋਲ ਵਾਲੇ ਟੀ ਵੀ ਚੈਨਲਾਂ ਉੱਪਰ ਆਪਣੇ ਵਿਰੋਧੀਆਂ ਨਾਲੋਂ ਅੱਠ ਸੌ ਗੁਣਾ ਵੱਧ ਕਵਰੇਜ਼ ਦੀ ਬਦੌਲਤ ਜਿੱਤ ਗਿਆ।[63] ਸ਼ਿਕਾਗੋ ਵਾਲੇ ਮੁੰਡਿਆਂ ਦਾ ਕੰਮ ਠੱਪ ਹੋਇਆ ਪਿਆ ਸੀ। ਸਰਕਾਰ ਨੂੰ ਤੁਰੰਤ ਹਟਾ ਦੇਣ ਦੀ ਧਮਕੀ ਦੇ ਕੇ, ਉਹ ਆਪਣੇ ਪ੍ਰੋਗਰਾਮ ਦੇ ਸਭ ਤੋਂ ਰੱਟੇ ਵਾਲੇ ਅਤੇ ਸਭ ਤੋਂ ਵੱਧ ਕਮਾਈ ਵਾਲੇ ਹਿੱਸੇ ਨੂੰ ਅੱਗੇ ਵਧਾਉਣ 'ਚ ਕਾਮਯਾਬ ਹੋ ਗਏ : ਜਿਨ੍ਹਾਂ ਨੂੰ ਕਦੇ ਲੈਨਿਨ ਨੇ "ਸ਼ਾਨਦਾਰ ਬੁਲੰਦੀਆਂ" ਕਿਹਾ ਸੀ, ਉਹ ਬਹੁਮੁੱਲੇ ਕਾਰੋਬਾਰ ਵੇਚ ਦਿੱਤੇ ਗਏ।

ਇਕ ਤੇਲ ਕੰਪਨੀ ਦਾ ਚਾਲੀ ਫ਼ੀ ਸਦੀ ਹਿੱਸਾ ਸਿਰਫ਼ 8 ਕਰੋੜ 8 ਲੱਖ ਡਾਲਰ ਲੈ ਕੇ ਵੇਚ ਦਿੱਤਾ ਗਿਆ ਜਿਸ ਦਾ ਅਕਾਰ ਫਰਾਂਸ ਦੀ ਟੋਟਲ ਨਾਂ ਦੀ ਕੰਪਨੀ ਜਿੱਡਾ ਸੀ (2006 'ਚ ਫਰਾਂਸ ਦੀ ਟੋਟਲ ਕੰਪਨੀ ਦੀ ਵਿਕਰੀ ਹੀ 193 ਅਰਬ ਸੀ)। ਨੌਰਿਲਸਕ ਨਿੱਕਲ ਦੁਨੀਆਂ ਦੀ ਕੁਲ ਨਿੱਕਲ ਦਾ ਪੰਜਵਾਂ ਹਿੱਸਾ ਪੈਦਾ ਕਰਦੀ ਸੀ, ਇਹ 17 ਕਰੋੜ ਡਾਲਰ ਨੂੰ ਵੇਚ ਦਿੱਤੀ ਗਈ—ਹਾਲਾਂਕਿ ਇਸ ਦੇ ਨਿਰੋਲ ਮੁਨਾਫ਼ੇ ਛੇਤੀ ਹੀ 1.5 ਅਰਬ ਸਾਲਾਨਾ ਤੱਕ ਪਹੁੰਚ ਗਏ। ਬਹੁਤ ਵੱਡੀ ਤੇਲ ਕੰਪਨੀ ਯੂਕੋਸ, ਜਿਸ ਦੇ ਕਬਜ਼ੇ ਹੇਠ ਕੁਵੈਤ ਨਾਲੋਂ ਵੱਧ ਤੇਲ ਹੈ, 30 ਕਰੋੜ 9 ਲੱਖ ਡਾਲਰ 'ਚ ਵੇਚ ਦਿੱਤੀ ਗਈ; ਹੁਣ ਇਸ ਦੀ ਸਾਲਾਨਾ ਆਮਦਨੀ ਹੀ 3 ਅਰਬ ਡਾਲਰ ਹੈ। ਦਿਓਕੱਦ ਤੇਲ ਕੰਪਨੀ ਸਿਡਾਨਕੋ 13 ਕਰੋੜ ਡਾਲਰ ਨੂੰ ਵੇਚ ਦਿੱਤੀ ਗਈ; ਦੋ ਸਾਲ ਬਾਅਦ ਹੀ ਕੌਮਾਂਤਰੀ ਮੰਡੀ 'ਚ ਇਸ ਦਾ ਮੁੱਲ 2.8 ਅਰਬ ਡਾਲਰ ਪਾਇਆ ਗਿਆ। ਹਥਿਆਰ ਬਣਾਉਣ ਦੀ ਇਕ ਬਹੁਤ ਵੱਡੀ ਫੈਕਟਰੀ 30 ਲੱਖ ਡਾਲਰ 'ਚ ਵੇਚ ਦਿੱਤੀ ਗਈ, ਜਦਕਿ ਐਸਪਨ 'ਚ ਛੁੱਟੀਆਂ

ਮਨਾਉਣ ਵਾਲਾ ਇਕ ਘਰ ਹੀ ਇੰਨੀ ਰਕਮ ਨਾਲ ਮਸਾਂ ਮਿਲਦਾ ਹੈ।[64]

ਧੋਖਾਧੜੀ ਐਨੀ ਕੁ ਹੀ ਨਹੀਂ ਸੀ ਕਿ ਰੂਸ ਦੀ ਜਨਤਕ ਦੌਲਤ ਅਸਲ ਮੁੱਲ ਦੇ ਇਕ ਨਿੱਕੇ ਜਹੇ ਹਿੱਸੇ 'ਚ ਵੇਚੀ ਗਈ—ਧੋਖਾਧੜੀ ਇਹ ਵੀ ਹੋਈ ਕਿ ਇਹ ਸਭ ਖ਼ਰੀਦੀਆਂ ਵੀ ਜਨਤਕ ਪੈਸੇ ਨਾਲ ਗਈਆਂ। ਐਨ ਕਾਰਪੋਰੇਟਵਾਦੀ ਢੰਗ ਨਾਲ। *ਮਾਸਕੋ ਟਾਈਮਜ਼* ਦੇ ਪੱਤਰਕਾਰਾਂ ਮੈਟ ਬਿਵੇਨਜ਼ ਅਤੇ ਜੋਨਾਸ ਬਰਨਸਟਾਈਨ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ : ''ਕੁਝ ਚੁਣਵੇਂ ਬੰਦਿਆਂ ਨੇ ਬਹੁਤ ਵੱਡੀ ਚਲਾਕੀ ਨਾਲ ਉਨ੍ਹਾਂ ਤੇਲ ਖੇਤਰਾਂ ਉੱਪਰ ਮੁਫ਼ਤ 'ਚ ਹੀ ਕਬਜ਼ਾ ਕਰ ਲਿਆ ਜਿਨ੍ਹਾਂ ਦਾ ਵਿਕਾਸ ਰੂਸੀ ਰਾਜ ਨੇ ਕੀਤਾ ਸੀ, ਬਸ ਸਰਕਾਰ ਨੇ ਆਪਣੇ ਇਕ ਹੱਥ ਨਾਲ ਦੂਜੇ ਹੱਥ ਨੂੰ ਅਦਾਇਗੀ ਕਰ ਦਿੱਤੀ।'' ਜਨਤਕ ਕੰਪਨੀਆਂ ਨੂੰ ਵੇਚਣ ਵਾਲੇ ਸਿਆਸਤਦਾਨਾਂ ਅਤੇ ਇਨ੍ਹਾਂ ਨੂੰ ਖ਼ਰੀਦਣ ਵਾਲੇ ਸਰਮਾਏਦਾਰਾਂ ਦੀ ਬੇਖੌਫ਼ ਮਿਲੀ-ਭੁਗਤ ਰਾਹੀਂ ਯੇਲਤਸਿਨ ਦੇ ਕਈ ਮੰਤਰੀਆਂ ਨੇ ਬਹੁਤ ਵੱਡੀ ਮਾਤਰਾ 'ਚ ਲੋਕਾਂ ਦਾ ਪੈਸਾ ਉਨ੍ਹਾਂ ਨਿੱਜੀ ਬੈਂਕਾਂ 'ਚ ਤਬਦੀਲ ਕਰ ਦਿੱਤਾ ਜੋ ਮਾਲੀ ਜੁੰਡੀਦਾਰਾਂ ਨੇ ਫਟਾਫਟ ਬਣਾ ਲਈਆਂ ਸਨ। ਅਸਲ ਵਿਚ ਪੈਸਾ ਕੌਮੀ ਬੈਂਕ ਜਾਂ ਸਰਕਾਰੀ ਖ਼ਜ਼ਾਨੇ 'ਚ ਜਮਾਂ ਹੋਣਾ ਚਾਹੀਦਾ ਸੀ।• ਰਾਜ ਨੇ ਫੇਰ ਤੇਲ ਖੇਤਰਾਂ ਅਤੇ ਖਾਣਾਂ ਦੇ ਨਿੱਜੀਕਰਨ ਦੇ ਉਦੇਸ਼ ਨਾਲ ਨਿਲਾਮੀ ਕਰਨ ਲਈ ਇਨ੍ਹਾਂ ਬੈਂਕਾਂ ਨਾਲ ਠੇਕਾ ਕਰ ਲਿਆ। ਬੈਂਕਾਂ ਨਿਲਾਮੀ ਕਰਾਉਣ ਤੱਕ ਸੀਮਤ ਨਾ ਰਹੀਆਂ, ਸਗੋਂ ਖ਼ੁਦ ਇਸ ਵਿਚ ਸ਼ਾਮਲ ਹੋ ਗਈਆਂ। ਇਸ ਤਰ੍ਹਾਂ ਮਾਲੀ ਜੁੰਡੀਦਾਰਾਂ ਦੀ ਮਾਲਕੀ ਵਾਲੀਆਂ ਬੈਂਕਾਂ ਸਾਬਕਾ ਜਨਤਕ ਜਾਇਦਾਦਾਂ ਦੀਆਂ ਨਵੀਂਆਂ ਮਾਲਕ ਖ਼ੁਦ ਹੀ ਬਣ ਗਈਆਂ। ਇਨ੍ਹਾਂ ਸਰਕਾਰੀ ਕੰਪਨੀਆਂ ਦੇ ਹਿੱਸੇ ਖ਼ਰੀਦਣ ਲਈ ਜਿਹੜਾ ਪੈਸਾ ਉਨ੍ਹਾਂ ਨੇ ਲਾਇਆ ਇਹ ਜਨਤਾ ਦਾ ਉਹੀ ਪੈਸਾ ਸੀ ਜੋ ਯੇਲਤਸਿਨ ਦੇ ਮੰਤਰੀਆਂ ਨੇ ਕੁਝ ਸਮਾਂ ਪਹਿਲਾਂ ਇਨ੍ਹਾਂ 'ਚ ਜਮਾਂ ਕਰਾਇਆ ਸੀ।[65] ਦੂਜੇ ਲਫ਼ਜ਼ਾਂ 'ਚ, ਰੂਸੀ ਲੋਕਾਂ ਦੇ ਪੈਸੇ ਨਾਲ ਹੀ ਉਨ੍ਹਾਂ ਦਾ ਦੇਸ਼ ਲੁੱਟ ਲਿਆ ਗਿਆ।

ਰੂਸ ਦੇ ਇਕ ''ਨੌਜਵਾਨ ਸੁਧਾਰਕ'' ਨੇ ਇਸ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ : ਜਦੋਂ ਰੂਸ ਦੇ ਕਮਿਊਨਿਸਟਾਂ ਨੇ ਸੋਵੀਅਤ ਯੂਨੀਅਨ ਨੂੰ ਤੋੜਨ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਨੇ ''ਜਾਇਦਾਦ ਵੱਟੇ ਸੱਤਾ'' ਸੰਭਾਲ ਦਿੱਤੀ।[66] ਆਪਣੇ ਗੁਰੂ ਘੰਟਾਲ ਪਿਨੋਚੇ ਵਾਂਗ ਯੇਲਤਸਿਨ ਦਾ ਆਪਣਾ ਟੱਬਰ ਬਹੁਤ ਤੇਜ਼ੀ ਨਾਲ ਅਮੀਰ ਬਣ ਗਿਆ। ਉਸ ਦੇ ਬੱਚੇ ਅਤੇ ਉਨ੍ਹਾਂ ਦੇ ਪਤੀ-ਪਤਨੀਆਂ ਨਿੱਜੀਕਰਨ ਕੀਤੀਆਂ ਫਰਮਾਂ ਦੇ ਉੱਚੇ ਅਹੁਦਿਆਂ 'ਤੇ ਜਾ ਬੈਠੇ।

ਰੂਸੀ ਰਾਜ ਦੀਆਂ ਅਹਿਮ ਜਾਇਦਾਦਾਂ ਉੱਪਰ ਜੱਫਾ ਮਾਰ ਕੇ ਮਾਲੀ ਜੁੰਡੀਦਾਰਾਂ ਨੇ ਬਹੁ-ਕੌਮੀ ਕੰਪਨੀਆਂ ਦਾ ਪੂੰਜੀ-ਨਿਵੇਸ਼ ਜੁਟਾਉਣ ਲਈ ਨਵੀਂਆਂ ਕੰਪਨੀਆਂ ਬਣਾ ਲਈਆਂ। ਬਹੁ-ਕੌਮੀ ਕੰਪਨੀਆਂ ਨੇ ਇਸ ਦਾ ਵੱਡਾ ਹਿੱਸਾ ਨਿਗਲ ਲਿਆ। 1997 'ਚ ਰਾਇਲ ਡੱਚ/ਸ਼ੈੱਲ ਅਤੇ ਬੀ ਪੀ ਨੇ ਰੂਸ ਦੀਆਂ ਦੋ ਦਿਓਕੱਦ ਤੇਲ ਕੰਪਨੀਆਂ ਗਾਜ਼ਾਪਰੌਮ ਅਤੇ ਸਿਡਾਨਕੋ 'ਚ ਹਿੱਸੇ ਪਾ ਲਏ।[67] ਇਹ ਪੂੰਜੀ-ਨਿਵੇਸ਼ ਬਹੁਤ ਜ਼ਿਆਦਾ ਮੁਨਾਫ਼ੇ ਦੇਣ ਵਾਲਾ ਸੀ। ਫੇਰ ਵੀ ਰੂਸ ਦੀ ਦੌਲਤ ਦਾ ਮੁੱਖ ਹਿੱਸਾ ਰੂਸੀ ਖਿਡਾਰੀਆਂ ਦੇ ਹੱਥ ਸੀ ਨਾ ਕਿ ਬਦੇਸ਼ੀ ਹਿੱਸੇਦਾਰਾਂ ਦੇ ਹੱਥ। ਭਵਿੱਖ 'ਚ ਬੋਲੀਵੀਆ ਅਤੇ ਅਰਜਨਟਾਈਨਾ ਅੰਦਰ ਨਿੱਜੀਕਰਨ ਰਾਹੀਂ ਹੋਣ ਵਾਲੀਆਂ ਨਿਲਾਮੀਆਂ 'ਚ ਆਈ ਐੱਮ ਐੱਫ ਅਤੇ ਅਮਰੀਕੀ ਖ਼ਜ਼ਾਨਾ ਵਿਭਾਗ ਨੇ ਇਹ ਭੁੱਲ ਸੁਧਾਰ ਲੈਣੀ ਸੀ। ਅਤੇ ਇਰਾਕ ਵਿਚ ਹਮਲੇ ਤੋਂ ਬਾਅਦ ਤਾਂ ਅਮਰੀਕਾ ਨੇ ਹੋਰ ਵੀ ਅੱਗੇ ਵਧ ਕੇ ਨਿੱਜੀਕਰਨ ਦੇ ਭਾਰੀ ਮੁਨਾਫ਼ਿਆਂ

• ਮਾਲੀ ਜੁੰਡੀਦਾਰਾਂ ਨਾਲ ਸਬੰਧਤ ਦੋ ਵੱਡੀਆਂ ਬੈਂਕਾਂ ਸਨ ਮਿਖਾਇਲ ਖੋਦੋਰਕੋਵਸਕੀ ਦੀ ਬੈਂਕ ਮੇਨਾਟੈਪ ਅਤੇ ਵਲਾਦੀਮੀਰ ਪੋਤਾਨਿਨ ਦੀ ਯੂਨੈਕਸਿਮ ਬੈਂਕ।

ਵਾਲੇ ਸੌਦਿਆਂ ਵਿਚੋਂ ਸਥਾਨਕ ਕੁਲੀਨ ਵਰਗ ਨੂੰ ਪੂਰੀ ਤਰ੍ਹਾਂ ਬਾਹਰ ਕੱਢ ਦੇਣਾ ਸੀ।

ਵਾਇਨੀ ਮੈਰੀ ਨੇ 1990 ਤੋਂ 1994 ਦੇ ਅਹਿਮ ਸਾਲਾਂ ਦੌਰਾਨ ਮਾਸਕੋ 'ਚ ਅਮਰੀਕੀ ਸਫ਼ਾਰਤਖ਼ਾਨੇ ਵਿਚ ਮੁੱਖ ਸਿਆਸੀ ਵਿਸ਼ਲੇਸ਼ਣ ਕਰਤਾ ਵਜੋਂ ਕੰਮ ਕੀਤਾ ਸੀ। ਉਸ ਨੇ ਮੰਨਿਆ ਕਿ ਰੂਸ ਅੰਦਰ ਜਮਹੂਰੀਅਤ ਅਤੇ ਮੰਡੀ ਦੇ ਹਿੱਤਾਂ ਦਰਮਿਆਨ ਚੋਣ ਬਹੁਤ ਉੱਘੜਵੀਂ ਸੀ। "ਅਮਰੀਕਾ ਨੇ ਸਿਆਸੀ ਦੀ ਬਜਾਏ ਆਰਥਕ ਦੀ ਚੋਣ ਕੀਤੀ। ਅਸੀਂ ਕੀਮਤਾਂ ਨੂੰ ਕੰਟਰੋਲ ਮੁਕਤ ਕਰਨ, ਸਨਅਤਾਂ ਦਾ ਨਿੱਜੀਕਰਨ ਕਰਨ ਅਤੇ ਇਕ ਸੱਚੀਮੁੱਚੀਂ ਬੰਧਨ ਮੁਕਤ, ਬੇਕਾਇਦਾ ਸਰਮਾਏਦਾਰੀ ਦੀ ਚੋਣ ਕੀਤੀ; ਸਾਨੂੰ ਇਹ ਲਾਜ਼ਮੀ ਆਸ ਸੀ ਕਿ ਇਸ ਦੇ ਸਿੱਟੇ ਵਜੋਂ ਕਾਨੂੰਨ ਦਾ ਰਾਜ, ਸਿਵਲ ਸਮਾਜ ਅਤੇ ਚੁਣੇ ਹੋਏ ਨੁਮਾਇੰਦਿਆਂ 'ਤੇ ਅਧਾਰਤ ਜਮਹੂਰੀਅਤ ਕਿਵੇਂ ਨਾ ਕਿਵੇਂ ਆਪਣੇ ਆਪ ਵਿਕਸਤ ਹੋ ਜਾਣਗੇ...। ਬਦਕਿਸਮਤੀ ਨਾਲ ਇਹ ਜਨਤਾ ਦੀ ਇੱਛਾ ਨੂੰ ਨਜ਼ਰਅੰਦਾਜ਼ ਕਰਨ ਅਤੇ ਨੀਤੀ ਉੱਤੇ ਦਾਬ ਦਿੰਦੇ ਰਹਿਣ ਦੀ ਚੋਣ ਸੀ।"[68]

ਇਸ ਅਰਸੇ 'ਚ ਰੂਸ ਅੰਦਰ ਐਨਾ ਪੈਸਾ ਬਣਾਇਆ ਜਾ ਰਿਹਾ ਸੀ ਕਿ ਕੁਝ "ਸੁਧਾਰਕ" ਇਸ ਕੰਮ 'ਚ ਪੈਣੋਂ ਖ਼ੁਦ ਨੂੰ ਰੋਕ ਨਾ ਸਕੇ। ਅਸਲ ਵਿਚ, ਇਸ ਸਮੇਂ ਤੱਕ ਟੈਕਨੋਕਰੇਟ ਦੀ ਮਿੱਥ ਦਾ ਬੁਰੀ ਤਰ੍ਹਾਂ ਪਰਦਾਫਾਸ਼ ਹੋਰ ਕਿਸੇ ਥਾਂ ਨਾਲੋਂ ਵੱਧ ਰੂਸ ਵਿਚ ਹੋਇਆ। ਇਸ ਬਾਰੇ ਮੰਨਿਆ ਜਾਂਦਾ ਸੀ ਕਿ ਖੁੱਲ੍ਹੀ ਮੰਡੀ ਦੇ ਬੁੱਧੀਜੀਵੀ ਅਰਥਸ਼ਾਸਤਰੀ ਪਾਠ ਪੁਸਤਕਾਂ ਦੇ ਆਰਥਕ ਮਾਡਲ ਨਿਰੋਲ ਅੰਨ੍ਹੇ ਵਿਸ਼ਵਾਸ 'ਚੋਂ ਹੀ ਥੋਪੀ ਜਾ ਰਹੇ ਹਨ। ਪਰ ਜਿਵੇਂ ਚਿੱਲੀ ਅਤੇ ਚੀਨ ਵਿਚ ਵਿਆਪਕ ਭ੍ਰਿਸ਼ਟਾਚਾਰ ਅਤੇ ਸਦਮਾ ਇਲਾਜ ਦਾ ਅਰਥਕ ਮਾਡਲ ਜੋਟੀ ਪਾ ਕੇ ਚੱਲੇ ਸਨ, ਉਵੇਂ ਹੀ ਯੇਲਤਸਿਨ ਦੇ ਕਈ ਸ਼ਿਕਾਗੋ ਸਕੂਲ ਵਾਲੇ ਮੰਤਰੀਆਂ ਅਤੇ ਡਿਪਟੀ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਚੋਟੀ ਦੇ ਸਕੈਂਡਲਾਂ 'ਚ ਫਸਣ ਕਰਕੇ ਅਹੁਦੇ ਛੱਡਣ ਪੈ ਗਏ।[69]

ਇਸ ਤੋਂ ਇਲਾਵਾ, ਹਾਵਰਡ ਦੇ ਰੂਸੀ ਪ੍ਰਾਜੈਕਟ ਦੀਆਂ ਮਹਾਨ ਹਸਤੀਆਂ ਉਹ ਸਨ ਜਿਨ੍ਹਾਂ ਨੂੰ ਦੇਸ਼ ਦੇ ਨਿੱਜੀਕਰਨ ਅਤੇ ਮਿਊਚਲ ਫੰਡ ਮੰਡੀ ਨੂੰ ਜਥੇਬੰਦ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇਸ ਪ੍ਰਾਜੈਕਟ ਦੇ ਮੁਖੀ ਦੋ ਉੱਚ ਸਿੱਖਿਆ ਅਧਿਆਪਕ ਸਨ, ਹਾਵਰਡ ਦਾ ਅਰਥਸ਼ਾਸਤਰ ਦਾ ਪ੍ਰੋਫੈਸਰ ਆਂਦਰੇਈ ਸ਼ਲੇਫਰ ਅਤੇ ਉਸ ਦਾ ਸਹਾਇਕ ਜੋਨਾਥਨ ਹੇਅ। ਉਹ ਉਸੇ ਮਿਊਚਲ ਫੰਡ ਮੰਡੀ 'ਚੋਂ ਸਿੱਧੇ ਮੁਨਾਫ਼ੇ ਕਮਾਉਂਦੇ ਫੜੇ ਗਏ ਜਿਸ ਨੂੰ ਉਹ ਉਸਾਰਨ 'ਚ ਲੱਗੇ ਹੋਏ ਸਨ। ਸ਼ਲੇਫਰ ਨਿੱਜੀਕਰਨ ਦੀ ਨੀਤੀ ਬਾਰੇ ਗੈਦਰ ਦੀ ਟੀਮ ਦਾ ਮੁੱਖ ਸਲਾਹਕਾਰ ਸੀ ਅਤੇ ਉਸ ਦੀ ਪਤਨੀ ਰੂਸ ਦੀਆਂ ਨਿੱਜੀਕਰਨ ਕੀਤੀਆਂ ਜਾਇਦਾਦਾਂ 'ਚ ਭਾਰੀ ਪੂੰਜੀ-ਨਿਵੇਸ਼ ਕਰ ਰਹੀ ਸੀ। ਹਾਵਰਡ ਲਾਅ ਸਕੂਲ ਦੇ ਤੀਹ ਸਾਲਾ ਗ੍ਰੈਜੂਏਟ ਹੇਅ ਨੇ ਵੀ ਨਿੱਜੀਕਰਨ ਕੀਤੀਆਂ ਰੂਸੀ ਤੇਲ ਕੰਪਨੀਆਂ ਦੇ ਸ਼ੇਅਰਾਂ 'ਚ ਨਿੱਜੀ ਤੌਰ 'ਤੇ ਭਾਰੀ ਪੂੰਜੀ-ਨਿਵੇਸ਼ ਕੀਤਾ, ਇਹ ਹਾਵਰਡ ਦੇ ਯੂ ਐੱਸ ਏਡ ਨਾਲ ਠੇਕੇ ਦੇ ਸਮਝੌਤੇ ਦੀ ਸਿੱਧੀ ਉਲੰਘਣਾ ਸੀ। ਜਦੋਂ ਹੇਅ ਨਵੀਂ ਮਿਊਚਲ ਫੰਡ ਮੰਡੀ ਉਸਾਰਨ 'ਚ ਰੂਸੀ ਸਰਕਾਰ ਦੀ ਮਦਦ ਕਰ ਰਿਹਾ ਸੀ, ਉਸ ਦੀ ਮਿੱਤਰ ਨੂੰ ਰੂਸ ਵਿਚ ਮਿਊਚਲ ਫੰਡ ਕੰਪਨੀ ਖੋਲ੍ਹਣ ਦਾ ਪਹਿਲਾ ਲਾਇਸੰਸ ਦੇ ਕੇ ਨਿਵਾਜ਼ਿਆ ਗਿਆ। ਉਹ ਬਾਅਦ 'ਚ ਉਸ ਦੀ ਪਤਨੀ ਬਣੀ। ਜਦੋਂ ਇਹ ਫੰਡ ਸ਼ੁਰੂ ਹੋ ਗਿਆ ਤਾਂ ਉਹ ਅਮਰੀਕੀ ਸਰਕਾਰ ਦੇ ਫੰਡਾਂ ਨਾਲ ਚੱਲਦੇ ਹਾਵਰਡ ਦਫ਼ਤਰ ਤੋਂ ਅਲੱਗ ਹੋ ਗਈ। (ਤਕਨੀਕੀ ਤੌਰ 'ਤੇ, ਕੌਮਾਂਤਰੀ ਵਿਕਾਸ ਲਈ ਹਾਵਰਡ ਸੰਸਥਾ ਦੇ ਮੁਖੀ ਵਜੋਂ ਇਸ ਸਮੇਂ ਸੈਚਸ, ਸ਼ਲੈਫਰ ਅਤੇ ਹੇਅ ਦਾ ਬੌਸ ਸੀ। ਜੋ ਰੂਸੀ ਪ੍ਰਾਜੈਕਟ ਨੂੰ ਚਲਾਉਂਦਾ ਸੀ। ਇਸ ਦੇ ਬਾਵਜੂਦ, ਸੈਚਸ ਤੋਂ ਕਦੇ ਵੀ ਇਨ੍ਹਾਂ ਕਾਰਵਾਈਆਂ ਦੀ

ਪੁੱਛ-ਪੜਤਾਲ ਨਹੀਂ ਕੀਤੀ ਗਈ ਕਿਉਂਕਿ ਉਹ ਰੂਸ ਵਿਚ ਸਿੱਧਾ ਕੰਮ ਨਹੀਂ ਕਰ ਰਿਹਾ ਸੀ।)[70]

ਜਦੋਂ ਇਹ ਗੁੱਥੀਆਂ ਖੁੱਲ੍ਹ ਗਈਆਂ ਤਾਂ ਅਮਰੀਕਾ ਦੇ ਨਿਆਂ ਵਿਭਾਗ ਨੇ ਹਾਵਰਡ ਉੱਪਰ ਮੁਕੱਦਮਾ ਕਰ ਦਿੱਤਾ ਕਿ ਸ਼ਲੈਫਰ ਅਤੇ ਹੇਅ ਨੇ ਵਪਾਰਕ ਸੌਦੇ ਕਰਕੇ ਉਨ੍ਹਾਂ ਸਮਝੌਤਿਆਂ ਦੀ ਉਲੰਘਣਾ ਕੀਤੀ ਹੈ ਜਿਨ੍ਹਾਂ ਵਿਚ ਉਨ੍ਹਾਂ ਨੇ ਲਿਖਤੀ ਇਕਰਾਰ ਕੀਤਾ ਸੀ ਕਿ ਉਹ ਆਪਣੇ ਇਸ ਆਹਲਾ ਮਿਆਰੀ ਕੰਮ ਤੋਂ ਨਿੱਜੀ ਫ਼ਾਇਦੇ ਨਹੀਂ ਲੈਣਗੇ। ਸੱਤ ਸਾਲ ਦੀ ਜਾਂਚ ਅਤੇ ਕਾਨੂੰਨੀ ਲੜਾਈ ਤੋਂ ਬਾਅਦ, ਬੋਸਤਨ ਦੀ ਜ਼ਿਲ੍ਹਾ ਅਦਾਲਤ ਨੇ ਪਤਾ ਲਾ ਲਿਆ ਕਿ ਹਾਵਰਡ ਨੇ ਇਕਰਾਰ ਦੀ ਉਲੰਘਣਾ ਕੀਤੀ ਸੀ। ਕਿ ਦੋਵਾਂ ਅਧਿਆਪਕਾਂ ਨੇ "ਸਾਜ਼ਿਸ਼ ਤਹਿਤ ਅਮਰੀਕਾ ਨਾਲ ਧੋਖਾਧੜੀ ਕੀਤੀ," "ਸ਼ਲੈਫਰ ਸਿੱਧੇ ਤੌਰ 'ਤੇ ਸੌਦੇ ਕਰਨ 'ਚ ਸ਼ਾਮਲ ਸੀ," ਅਤੇ "ਹੇਅ ਨੇ ਆਪਣੇ ਬਾਪ ਅਤੇ ਮਿੱਤਰ ਕੁੜੀ ਜ਼ਰੀਏ 4 ਲੱਖ ਡਾਲਰ ਦੀ ਹੇਰਾਫੇਰੀ ਕੀਤੀ।"[71] ਹਾਵਰਡ ਨੇ 2 ਕਰੋੜ 65 ਲੱਖ ਡਾਲਰ ਦੇ ਕੇ ਮਾਮਲਾ ਨਿਬੇੜ ਲਿਆ, ਇਸ ਸੰਸਥਾ ਦੇ ਇਤਿਹਾਸ ਵਿਚ ਇਹ ਇਸ ਤਰ੍ਹਾਂ ਦੀ ਸਭ ਤੋਂ ਵੱਡੀ ਅਦਾਇਗੀ ਹੈ। ਸ਼ਲੈਫਰ 20 ਲੱਖ ਡਾਲਰ ਦੇਣ ਲਈ ਸਹਿਮਤ ਹੋ ਗਿਆ ਅਤੇ ਹੇਅ ਨੇ ਆਪਣੀ ਆਮਦਨੀ ਮੁਤਾਬਿਕ 10 ਤੋਂ 20 ਲੱਖ ਡਾਲਰ ਦੇਣੇ ਮੰਨ ਲਏ, ਹਾਲਾਂਕਿ ਦੋਹਾਂ ਵਿਚੋਂ ਕਿਸੇ ਨੇ ਵੀ ਇਸ ਦੀ ਜ਼ਿੰਮੇਵਾਰੀ ਨਹੀਂ ਕਬੂਲੀ।•[72]

ਰੂਸੀ ਤਜਰਬੇ ਦੇ ਸੁਭਾਅ ਨੂੰ ਦੇਖਦੇ ਹੋਏ, ਇਸ ਤਰ੍ਹਾਂ ਦੀ "ਆਪੋ ਵਿਚ ਸੌਦੇਬਾਜ਼ੀ" ਅਟੱਲ ਸੀ। ਇਕ ਸਭ ਤੋਂ ਵੱਧ ਅਸਰ-ਰਸੂਖ਼ ਵਾਲੇ ਅਰਥਸ਼ਾਸਤਰੀ ਐਂਡਰਸ ਅਸਲੰਦ ਨੇ ਓਦੋਂ ਰੂਸ ਵਿਚ ਕੰਮ ਕੀਤਾ ਸੀ। ਉਸ ਦਾ ਦਾਅਵਾ ਸੀ ਕਿ ਸਦਮਾ ਇਲਾਜ ਇਸ ਕਰਕੇ ਕੰਮ ਕਰੇਗਾ ਕਿਉਂਕਿ "ਚਮਤਕਾਰੀ ਲਾਭ ਜਾਂ ਸਰਮਾਏਦਾਰੀ ਦੇ ਲੁਭਾਉਣੇ ਲਾਲਚ ਬੰਦੇ ਦੇ ਮਨ ਨੂੰ ਹੋਰਾਂ ਚੀਜ਼ਾਂ ਨਾਲੋਂ ਵੱਧ ਭਰਮਾਉਂਦੇ ਹਨ।"[73] ਇਸ ਕਰਕੇ ਜੇ ਰੂਸ ਦੀ ਮੁੜ-ਉਸਾਰੀ ਦਾ ਇੰਜਣ ਲਾਲਚ ਸੀ ਤਾਂ ਇਹ ਯਕੀਨੀ ਹੈ ਕਿ ਹਾਵਰਡ ਵਾਲੇ ਆਦਮੀ ਅਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਮਾਸ਼ੂਕਾਂ ਅਤੇ ਇਸੇ ਤਰ੍ਹਾਂ ਯੇਲਤਸਿਨ ਦਾ ਅਮਲਾ-ਫੈਲਾ ਅਤੇ ਟੱਬਰ-ਟੀਰ ਇਸ ਮਿਸਾਲ ਨੂੰ ਮੁੱਖ ਰੱਖ ਕੇ ਹੀ ਇਸ ਪਾਗਲਾਨਾ ਦੌੜ 'ਚ ਸ਼ਾਮਲ ਹੋਏ।

ਇਸ ਤੋਂ ਖੁੱਲ੍ਹੀ ਮੰਡੀ ਦੇ ਸਿਧਾਂਤਕਾਰਾਂ ਬਾਰੇ ਇਕ ਅਹਿਮ ਸਵਾਲ ਖੜ੍ਹਾ ਹੁੰਦਾ ਹੈ : ਕੀ ਜਿਵੇਂ ਅਕਸਰ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਇਸ ਵਿਚਾਰਧਾਰਾ ਅਤੇ ਅਕੀਦੇ 'ਚ "ਸੱਚਾ ਭਰੋਸਾ" ਹੈ ਕਿ ਖੁੱਲ੍ਹੀਆਂ ਮੰਡੀਆਂ ਨਾਲ ਪਿਛੜੇਪਨ ਦਾ ਇਲਾਜ ਹੋ ਜਾਵੇਗਾ ਜਾਂ ਵਿਚਾਰ ਅਤੇ ਸਿਧਾਂਤ ਅਕਸਰ ਹੀ ਲੋਕਾਂ ਨੂੰ ਬੇਲਗਾਮ ਲਾਲਚ ਦਾ ਪ੍ਰਭਾਵ ਕਬੂਲ ਕਰਨ ਦੀ ਇਜਾਜ਼ਤ ਦੇਣ ਵਾਲੇ ਕਮਾਲ ਦੇ ਤਰਕ ਦਾ ਕੰਮ ਕਰਦੇ ਹਨ ਜਦਕਿ ਉਨ੍ਹਾਂ ਦੀ ਜ਼ਬਾਨ ਉੱਪਰ ਹਾਲੇ ਵੀ ਪਰਉਪਕਾਰੀ ਉਦੇਸ਼ ਹੀ ਹੁੰਦਾ ਹੈ? ਬੇਸ਼ੱਕ ਸਾਰੇ ਹੀ ਸਿਧਾਂਤ ਭ੍ਰਿਸ਼ਟ ਹੋ ਸਕਦੇ ਹਨ (ਜਿਵੇਂ ਰੂਸ ਦੇ ਪਾਰਟੀ ਅਧਿਕਾਰੀਆਂ ਦੀ ਮਿਸਾਲ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਕਿ ਕਮਿਊਨਿਸਟ ਦੌਰ 'ਚ ਇਨ੍ਹਾਂ ਨੇ ਚੋਖੀ ਦੌਲਤ ਇਕੱਠੀ ਕਰ ਲਈ), ਅਤੇ ਨਿਸ਼ਚਿਤ ਤੌਰ 'ਤੇ ਐਸੇ ਨਵ-ਉਦਾਰਵਾਦੀ ਵੀ ਹਨ ਜੋ ਈਮਾਨਦਾਰ ਹਨ। ਪਰ ਸ਼ਿਕਾਗੋ ਸਕੂਲ ਦਾ ਅਰਥਸ਼ਾਸਤਰ ਭ੍ਰਿਸ਼ਟਾਚਾਰ ਦਾ ਵਿਸ਼ੇਸ਼ ਸੰਦ ਹੈ। ਜਿਵੇਂ ਵੱਡੇ ਪੱਧਰ 'ਤੇ ਅਮਲ 'ਚ ਆਇਆ, ਜਦੋਂ ਤੁਸੀਂ ਇਕ ਵਾਰ ਇਹ ਮੰਨ ਲੈਂਦੇ ਹੋ ਕਿ ਮੁਨਾਫ਼ੇ

• ਬਦਕਿਸਮਤੀ ਦੇਖੋ, ਇਹ ਪੈਸਾ ਰੂਸੀ ਲੋਕਾਂ ਨੂੰ ਨਹੀਂ ਮਿਲਿਆ, ਜੋ ਨਿੱਜੀਕਰਨ ਦੇ ਭ੍ਰਿਸ਼ਟ ਅਮਲ ਦੇ ਅਸਲ ਪੀੜਤ ਹਨ, ਸਗੋਂ ਇਹ ਪੈਸਾ ਅਮਰੀਕੀ ਸਰਕਾਰ ਹੜੱਪ ਗਈ—ਇਸੇ ਤਰ੍ਹਾਂ ਜਦੋਂ ਇਰਾਕ ਅੰਦਰ ਅਮਰੀਕੀ ਠੇਕੇਦਾਰਾਂ ਦੀ ਧੋਖਾਧੜੀ ਸਾਹਮਣੇ ਲਿਆਂਦੀ ਗਈ ਤਾਂ ਉਸ ਦੇ ਹਰਜ਼ਾਨੇ ਵੀ ਮੁਕੱਦਮੇ ਕਰਨ ਵਾਲਿਆਂ ਅਤੇ ਅਮਰੀਕੀ ਸਰਕਾਰ ਨੇ ਆਪਸ 'ਚ ਵੰਡ ਲਏ।

ਅਤੇ ਲਾਲਚ ਰਾਹੀਂ ਕਿਸੇ ਸਮਾਜ ਨੂੰ ਵੱਧ ਤੋਂ ਵੱਧ ਸੰਭਵ ਲਾਭ ਪਹੁੰਚਾਏ ਜਾ ਸਕਦੇ ਹਨ ਤਾਂ ਵਗਦੀ ਗੰਗਾ 'ਚ ਹੱਥ ਧੋਣ ਦੀ ਕਿਸੇ ਵੀ ਕਾਰਵਾਈ ਨੂੰ ਇਹ ਕਹਿ ਕੇ ਵਧੀਆ ਜਾਇਜ਼ ਠਹਿਰਾਇਆ ਜਾ ਸਕਦਾ ਹੈ ਕਿ ਇਹ ਤਾਂ ਸਰਮਾਏਦਾਰੀ ਦੇ ਉਸਾਰੂ ਕੁੰਡ 'ਚ ਦੌਲਤ ਪੈਦਾ ਕਰਨ ਵਾਲਾ ਅਤੇ ਆਰਥਕ ਵਿਕਾਸ ਨੂੰ ਉਤਸ਼ਾਹਤ ਕਰਨ ਵਾਲਾ ਯੋਗਦਾਨ ਹੈ—ਚਾਹੇ ਇਹ ਸਿਰਫ਼ ਤੁਹਾਡੇ ਅਤੇ ਤੁਹਾਡੇ ਜੋਟੀਦਾਰਾਂ ਲਈ ਹੀ ਹੋਵੇ।

ਪੂਰਬੀ ਯੂਰਪ ਅੰਦਰ ਜਾਰਜ ਸੋਰੋਸ ਦਾ ਪਰਉਪਕਾਰੀ ਕੰਮ ਵੀ ਵਾਦ-ਵਿਵਾਦ ਤੋਂ ਬਚਿਆ ਨਹੀਂ ਹੈ—ਇਸ ਵਿਚ ਇਸ ਖੇਤਰ 'ਚ ਸੈਚਸ ਦੇ ਦੌਰਿਆਂ ਲਈ ਫੰਡ ਮੁਹੱਈਆ ਕਰਨਾ ਵੀ ਸ਼ਾਮਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੋਰੋਸ ਪੂਰਬੀ ਯੂਰਪ ਅੰਦਰ ਜਮਹੂਰੀਕਰਨ ਦੇ ਕਾਜ਼ ਪ੍ਰਤੀ ਵਚਨਬਧ ਸੀ, ਪਰ ਇਹ ਸਪਸ਼ਟ ਸੀ ਕਿ ਇਸ ਜਮਹੂਰੀਕਰਨ ਨਾਲ ਜਿਸ ਤਰ੍ਹਾਂ ਦੇ ਆਰਥਕ ਸੁਧਾਰ ਜੁੜੇ ਹੋਏ ਸਨ ਉਨ੍ਹਾਂ ਵਿਚ ਵੀ ਉਸ ਦੇ ਆਰਥਕ ਹਿੱਤ ਸਨ। ਜਦੋਂ ਇਨ੍ਹਾਂ ਦੇਸ਼ਾਂ ਨੇ ਮੁਦਰਾ ਦੀ ਵਟਾਂਦਰਾ ਪ੍ਰਣਾਲੀ ਲਾਗੂ ਕਰ ਦਿੱਤੀ ਅਤੇ ਪੂੰਜੀ ਉੱਪਰੋਂ ਰੋਕਾਂ ਹਟਾ ਦਿੱਤੀਆਂ ਤਾਂ ਉਸ ਨੇ ਦੁਨੀਆਂ ਦੇ ਸਭ ਤੋਂ ਤਾਕਤਵਰ ਮੁਦਰਾ ਵਪਾਰੀ ਵਜੋਂ ਇਸ ਦਾ ਥੋਕ ਫ਼ਾਇਦਾ ਉਠਾਇਆ। ਅਤੇ ਜਦੋਂ ਸਰਕਾਰੀ ਕੰਪਨੀਆਂ ਨਿਲਾਮ ਕੀਤੀਆਂ ਗਈਆਂ ਤਾਂ ਉਹ ਇਨ੍ਹਾਂ ਦਾ ਸੰਭਾਵੀ ਖ਼ਰੀਦਦਾਰ ਸੀ।

ਸੋਰੋਸ ਪਰਉਪਕਾਰੀ ਬਣ ਕੇ ਜਿਨ੍ਹਾਂ ਮੰਡੀਆਂ ਨੂੰ ਖੋਲ੍ਹੇ ਜਾਣ 'ਚ ਸਹਾਇਤਾ ਕਰ ਰਿਹਾ ਸੀ ਉਨ੍ਹਾਂ ਤੋਂ ਸਿੱਧਾ ਮੁਨਾਫ਼ਾ ਲੈਣਾ ਉਸ ਲਈ ਪੂਰੀ ਤਰ੍ਹਾਂ ਕਾਨੂੰਨੀ ਸੀ, ਪਰ ਇਸ ਦਾ ਪ੍ਰਭਾਵ ਚੰਗਾ ਨਹੀਂ ਪੈਣਾ ਸੀ। ਇਕ ਸਮੇਂ ਤੱਕ, ਜਿੱਥੇ ਸੋਰੋਸ ਦੀਆਂ ਸੰਸਥਾਵਾਂ ਸਰਗਰਮ ਸਨ ਉਸ ਨੇ ਆਪਣੀਆਂ ਕੰਪਨੀਆਂ ਨੂੰ ਉਨ੍ਹਾਂ ਦੇਸ਼ਾਂ 'ਚ ਪੂੰਜੀ-ਨਿਵੇਸ਼ ਕਰਨ ਤੋਂ ਰੋਕ ਕੇ ਹਿੱਤਾਂ ਦੇ ਟਕਰਾਅ ਵਾਲੀ ਦਿਖ ਨਹੀਂ ਬਣਨ ਦਿੱਤੀ। ਪਰ ਜਿਸ ਵਕਤ ਰੂਸ ਦੀ ਬੋਲੀ ਲੱਗ ਗਈ ਤਾਂ ਸੋਰੋਸ ਆਪਣੇ ਆਪ ਨੂੰ ਰੋਕ ਨਾ ਸਕਿਆ। 1994 'ਚ ਉਸ ਨੇ ਵਿਆਖਿਆ ਦਿੱਤੀ ਕਿ "ਕਿਉਂਕਿ ਇਸ ਖਿੱਤੇ ਵਿਚ ਮੰਡੀਆਂ ਦਾ ਸਚਮੁਚ ਵਿਕਾਸ ਹੋ ਰਿਹਾ ਹੈ ਇਸ ਤੱਥ ਨੂੰ ਮੁੱਖ ਰੱਖਕੇ ਉਸ ਨੇ ਨੀਤੀ 'ਚ ਸੋਧ ਕਰ ਲਈ ਹੈ। ਇਸ ਕਰਕੇ ਆਪਣੇ ਫੰਡਾਂ, ਜਾਂ ਸ਼ੇਅਰਧਾਰਕਾਂ ਨੂੰ ਇੱਥੇ ਪੂੰਜੀ-ਨਿਵੇਸ਼ ਕਰਨ ਦੀ ਸੰਭਾਵਨਾ ਹੋਣ ਤੋਂ ਇਨਕਾਰ ਕਰਨ, ਜਾਂ ਉਨ੍ਹਾਂ ਦੇਸ਼ਾਂ ਨੂੰ ਸਾਡੇ ਫੰਡਾਂ ਦੇ ਮਾਲਕ ਬਣਨ ਦਾ ਮੌਕਾ ਦੇਣ ਤੋਂ ਨਾਂਹ ਕਰਨ ਦੀ ਨਾ ਕੋਈ ਤੁਕ ਜਾਂ ਵਜ੍ਹਾ ਹੈ ਅਤੇ ਨਾ ਮੈਨੂੰ ਇਸ ਤਰ੍ਹਾਂ ਕਰਨ ਦਾ ਹੱਕ ਹੈ।" ਮਿਸਾਲ ਵਜੋਂ, ਸੋਰੋਸ ਨੇ 1994 'ਚ ਰੂਸ ਦੀ ਨਿੱਜੀਕਰਨ ਕੀਤੀ ਫ਼ੋਨ ਸੰਚਾਰ ਪ੍ਰਣਾਲੀ ਦੇ ਹਿੱਸੇ ਖ਼ਰੀਦ ਲਏ ਸਨ (ਇਹ ਸਾਬਤ ਹੋ ਗਿਆ ਕਿ ਪੂੰਜੀ-ਨਿਵੇਸ਼ ਦਾ ਇਹ ਤਜਰਬਾ ਬਹੁਤ ਮਾੜਾ ਸੀ) ਅਤੇ ਪੋਲੈਂਡ ਦੀ ਇਕ ਵੱਡੀ ਫੂਡ ਕੰਪਨੀ ਦਾ ਹਿੱਸਾ ਹਥਿਆ ਲਿਆ ਸੀ।[74] ਕਮਿਊਨਿਜ਼ਮ ਦੇ ਪਤਨ ਦੇ ਮੁੱਢਲੇ ਦਿਨੀਂ ਸੈਚਸ ਦੇ ਕੰਮ ਨੂੰ ਜ਼ਰੀਆ ਬਣਾ ਕੇ, ਆਰਥਕ ਤਬਦੀਲੀ ਨੂੰ ਸਦਮਾ ਪਹੁੰਚ ਮੁਤਾਬਿਕ ਢਾਲਣ ਦੇ ਪਿੱਛੇ ਮੁੱਖ ਮੁਹਿੰਮਬਾਜ਼ ਸੋਰੋਸ ਹੀ ਸੀ। ਪਰ ਨੱਬੇਵਿਆਂ ਦੇ ਅਖ਼ੀਰ 'ਚ ਉਸ ਦਾ ਮਨ ਬਦਲ ਗਿਆ। ਉਹ ਸਦਮਾ ਇਲਾਜ ਦਾ ਮੁੱਖ ਆਲੋਚਕ ਬਣ ਗਿਆ। ਹੁਣ ਉਸ ਦੀਆਂ ਸੰਸਥਾਵਾਂ ਉਨ੍ਹਾਂ ਐੱਨ ਜੀ ਓ ਨੂੰ ਫੰਡ ਦੇਣ ਲੱਗੀਆਂ ਜਿਨ੍ਹਾਂ ਦਾ ਕੰਮ ਨਿੱਜੀਕਰਨ ਤੋਂ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਢੁਕਵੇਂ ਕਦਮ ਚੁੱਕੇ ਜਾਣ ਦੀ ਪੈਰਵਾਈ 'ਤੇ ਕੇਂਦਰਤ ਹੈ।

ਇਹ ਚਾਨਣ ਐਨੀ ਦੇਰ ਨਾਲ ਹੋਇਆ ਸੀ ਕਿ ਰੂਸ ਨੂੰ ਸੱਟੇਬਾਜ਼ ਸਰਮਾਏਦਾਰੀ ਤੋਂ ਬਚਾ ਨਹੀਂ ਸਕਦਾ ਸੀ। ਸਦਮਾ ਇਲਾਜ ਨੇ ਛੂ-ਮੰਤਰ ਸੁਭਾਅ ਵਾਲੀ ਪੂੰਜੀ ਲਈ ਰੂਸ ਦੇ ਦਰਵਾਜ਼ੇ

ਚੌਪਟ ਖੋਲ੍ਹ ਦਿੱਤੇ ਸਨ—ਭਾਵ ਥੋੜ੍ਹੇ ਚਿਰ ਲਈ ਸੱਟੇਬਾਜ਼ ਪੂੰਜੀ-ਨਿਵੇਸ਼ ਅਤੇ ਮੁਦਰਾ ਦੀ ਖ਼ਰੀਦ-ਫ਼ਰੋਖ਼ਤ, ਜਿਨ੍ਹਾਂ ਤੋਂ ਬਹੁਤ ਜ਼ਿਆਦਾ ਮੁਨਾਫ਼ੇ ਹੁੰਦੇ ਸਨ। ਅਜਿਹੀ ਘੋਰ ਸੱਟੇਬਾਜ਼ੀ ਦਾ ਅਰਥ ਸੀ ਕਿ ਜਦੋਂ 1998 'ਚ ਏਸ਼ੀਆ ਦਾ ਵਿਤੀ ਸੰਕਟ (13ਵੇਂ ਕਾਂਡ 'ਚ ਲਿਆ ਗਿਆ ਵਿਸ਼ਾ) ਫੈਲਣਾ ਸ਼ੁਰੂ ਹੋਇਆ ਤਾਂ ਰੂਸ ਪੂਰੀ ਤਰ੍ਹਾਂ ਅਸੁਰੱਖਿਅਤ ਹਾਲਤ 'ਚ ਜਾ ਡਿਗਿਆ। ਪਹਿਲਾਂ ਹੀ ਖ਼ਤਰਨਾਕ ਹਾਲਤ 'ਚ ਘਿਰੀ ਆਰਥਿਕਤਾ ਦਾ ਪਤਨ ਅਟੱਲ ਸੀ। ਜਨਤਾ ਨੇ ਯੇਲਤਸਿਨ ਨੂੰ ਦੋਸ਼ੀ ਠਹਿਰਾਇਆ। ਉਸ ਦੀ ਮਕਬੂਲੀਅਤ ਸਿਰਫ਼ 6 ਫ਼ੀ ਸਦੀ ਰਹਿ ਜਾਣ ਨਾਲ ਉਸ ਦੀ ਹਾਲਤ ਬੇਹੱਦ ਡਾਵਾਂਡੋਲ ਹੋ ਗਈ।[75] ਇਕ ਵਾਰ ਫੇਰ ਕਈ ਮਾਲੀ ਜੁੰਡੀਆਂ ਦਾ ਭਵਿੱਖ ਖ਼ਤਰੇ 'ਚ ਪੈਣ ਨਾਲ, ਇਸ ਆਰਥਕ ਪ੍ਰਾਜੈਕਟ ਨੂੰ ਬਚਾਉਣ ਲਈ ਇਕ ਹੋਰ ਵੱਡਾ ਸਦਮਾ ਦੇਣ ਅਤੇ ਰੂਸ ਵਿਚ ਖ਼ਰੀ ਜਮਹੂਰੀਅਤ ਦੇ ਵਾਪਸ ਪਰਤ ਆਉਣ ਦੇ ਖ਼ਤਰੇ ਨੂੰ ਟਾਲਣ ਦੀ ਜ਼ਰੂਰਤ ਬਣ ਗਈ।

ਸਤੰਬਰ 1999 'ਚ, ਦੇਸ਼ ਨਿਹਾਇਤ ਜ਼ਾਲਮ ਦਹਿਸ਼ਤਗਰਦ ਹਮਲਿਆਂ ਨਾਲ ਕੰਬ ਉੱਠਿਆ : ਅਚਾਨਕ ਪਈ ਬਿਜ ਵਾਂਗ ਅੱਧੀ ਰਾਤ ਨੂੰ ਚਾਰ ਰਿਹਾਇਸ਼ੀ ਇਮਾਰਤਾਂ ਬੰਬ ਧਮਾਕਿਆਂ ਨੇ ਤਹਿਸ਼-ਤਹਿਸ਼ ਕਰ ਦਿੱਤੀਆਂ। ਤਿੰਨ ਸੌ ਲੋਕ ਮਾਰੇ ਗਏ। 11 ਸਤੰਬਰ 2001 ਤੋਂ ਬਾਅਦ ਜਿਵੇਂ ਅਮਰੀਕਾ 'ਚ ਹੋਇਆ ਸੀ, ਉਵੇਂ ਹੀ ਬਾਕੀ ਸਾਰੇ ਮੁੱਦੇ ਇਹ ਹਮਲਾ ਕਰਨ ਦੇ ਸਮਰੱਥ ਇਕੋ ਹੀ ਤਾਕਤ ਨੇ ਸਿਆਸੀ ਨਕਸ਼ੇ ਤੋਂ ਹੂੰਝ ਦਿੱਤੇ। ਰੂਸੀ ਪੱਤਰਕਾਰ ਯੇਵਗਿਨੀਆ ਅਲਬਤਸ ਦੱਸਦਾ ਹੈ, "ਇਸ ਤਰ੍ਹਾਂ ਦਾ ਬਹੁਤ ਹੀ ਆਮ ਖੌਫ਼ ਫੈਲਿਆ ਹੋਇਆ ਸੀ। ਅਚਾਨਕ ਇੰਞ ਜਾਪ ਰਿਹਾ ਸੀ ਜਿਵੇਂ ਜਮਹੂਰੀਅਤ, ਜੁੰਡੀ ਰਾਜ ਆਦਿ ਦੀ ਚਰਚਾ ਆਪਣੇ ਹੀ ਘਰ 'ਚ ਮਾਰੇ ਜਾਣ ਦੇ ਭੈਅ ਦੇ ਮੁਕਾਬਲੇ ਕੁਝ ਵੀ ਨਹੀਂ ਸੀ।"[76]

"ਦੈਂਤਾਂ" ਦਾ ਖ਼ਾਤਮਾ ਕਰਨ ਦੀ ਜ਼ਿੰਮੇਵਾਰੀ ਜਿਸ ਬੰਦੇ ਨੂੰ ਦਿੱਤੀ ਗਈ ਉਹ ਸੀ ਬੇਰਹਿਮ ਅਤੇ ਗੁੱਝਾ ਦੁਸ਼ਟ ਰੂਸੀ ਪ੍ਰਧਾਨ ਮੰਤਰੀ ਵਲਾਦੀਮੀਰ ਪੁਤਿਨ।•[77] ਇਨ੍ਹਾਂ ਬੰਬ ਧਮਾਕਿਆਂ ਤੋਂ ਤੁਰੰਤ ਬਾਅਦ, ਸਤੰਬਰ 1999 ਦੇ ਅੰਤਲੇ ਦਿਨੀਂ ਪੁਤਿਨ ਨੇ ਚੇਚਨੀਆ ਉੱਪਰ ਹਵਾਈ ਹਮਲੇ ਕਰਕੇ ਆਮ ਵਸੋਂ ਵਾਲੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ। ਪੁਤਿਨ ਕੇ ਜੀ ਬੀ 'ਚ ਸਤਾਰਾਂ ਸਾਲ ਕੰਮ ਕਰ ਚੁੱਕਾ ਸੀ ਜੋ ਕਮਿਊਨਿਸਟ ਦੌਰ ਦੀ ਸਭ ਤੋਂ ਭਿਆਨਕ ਪ੍ਰਤੀਕ ਹੈ। ਦਹਿਸ਼ਤ ਦੀ ਨਵੀਂ ਰੌਸ਼ਨੀ 'ਚ ਅਚਾਨਕ ਇਹ ਤੱਥ ਬਹੁਤੇ ਰੂਸੀਆਂ ਨੂੰ ਸੁਰੱਖਿਆ ਦੀ ਜ਼ਾਮਨੀ ਮਹਿਸੂਸ ਹੋਣ ਲੱਗਿਆ। ਯੇਲਤਸਿਨ ਨੂੰ ਉਸ ਦੀ ਸ਼ਰਾਬ ਲੈ ਬੈਠੀ ਅਤੇ ਰਖਵਾਲੇ ਦੇ ਅਕਸ ਵਾਲਾ ਪੁਤਿਨ ਰਾਸ਼ਟਰਪਤੀ ਵਜੋਂ ਉਸ ਦਾ ਜਾਨਸ਼ੀਨ ਬਣਨ ਲਈ ਐਨ ਤਿਆਰ ਬੈਠਾ ਸੀ। ਜਦੋਂ ਚੇਚਨੀਆ ਦੀ ਜੰਗ ਬਾਰੇ ਬਹਿਸ ਮੁੱਕ ਗਈ ਤਾਂ 31 ਦਸੰਬਰ 1999 ਨੂੰ ਮਾਲੀ ਜੁੰਡੀ ਨੇ ਚੁੱਪ ਚੁਪੀਤੇ ਹੀ ਸੱਤਾ ਦੀ ਵਾਗਡੋਰ ਯੇਲਤਸਿਨ ਤੋਂ ਲੈ ਕੇ ਪੁਤਿਨ ਨੂੰ ਸੌਂਪਣ ਦਾ ਮਨਸੂਬਾ ਘੜ ਲਿਆ। ਚੋਣ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ। ਸੱਤਾ ਛੱਡਣ ਤੋਂ ਪਹਿਲਾਂ ਯੇਲਤਸਿਨ ਨੇ ਪਿਨੋਚੇ ਵਾਂਗ ਪੱਤਾ ਖੇਡ੍ਹ ਕੇ ਕਾਨੂੰਨੀ ਬਚਾਅ ਦੀ ਮੰਗ ਰੱਖ ਦਿੱਤੀ। ਰਾਸ਼ਟਰਪਤੀ ਵਜੋਂ ਪੁਤਿਨ ਨੇ ਪਹਿਲਾ ਕੰਮ ਯੇਲਤਸਿਨ ਨੂੰ ਕਿਸੇ ਤਰ੍ਹਾਂ ਦੇ ਮੁਕੱਦਮੇ ਤੋਂ ਬਚਾਉਣ ਲਈ ਕਾਨੂੰਨ ਬਣਾਉਣ ਦਾ ਕੀਤਾ। ਇਹ

• ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਰੂਸ ਦੀ ਹਾਕਮ ਜਮਾਤ ਦੀ ਬੇਲਗਾਮ ਮੁਜਰਮਾਨਾ ਜ਼ਹਿਨੀਅਤ ਹੋਣ ਕਰਕੇ ਸਾਜ਼ਿਸ਼ ਦੇ ਸਿਧਾਂਤ ਇਨ੍ਹਾਂ ਘਟਨਾਵਾਂ ਦੁਆਲੇ ਘੁੰਮਦੇ ਰਹਿੰਦੇ ਹਨ। ਬਹੁਤ ਸਾਰੇ ਰੂਸੀ ਲੋਕਾਂ ਦਾ ਵਿਸ਼ਵਾਸ ਹੈ ਕਿ ਚੇਚਨ ਲੋਕਾਂ ਦਾ ਰਿਹਾਇਸ਼ੀ ਇਮਾਰਤਾਂ ਨੂੰ ਬੰਬ ਸੁੱਟ ਕੇ ਉਡਾਉਣ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਇਹ ਹਮਲੇ ਯੇਲਤਸਿਨ ਦੀ ਥਾਂ ਪੁਤਿਨ ਨੂੰ ਲਿਆਉਣ ਲਈ ਘੜੀ ਗਈ ਗੁਪਤ ਕਾਰਵਾਈ ਸੀ।

ਚਾਹੇ ਭ੍ਰਿਸ਼ਟਾਚਾਰ ਦੇ ਮਾਮਲੇ ਸਨ ਜਾਂ ਉਸ ਦੀ ਨਿਗਰਾਨੀ ਹੇਠ ਜਮਹੂਰੀਅਤ ਪੱਖੀ ਮੁਜ਼ਾਹਰਾਕਾਰੀਆਂ ਦੇ ਫ਼ੌਜ ਹੱਥੋਂ ਕਤਲੇਆਮ ਦੇ ਮਾਮਲੇ ਸਨ।

ਇਤਿਹਾਸ ਦੀ ਨਜ਼ਰ 'ਚ ਯੇਲਤਸਿਨ ਭਿਆਨਕ ਤਾਕਤਵਰ ਆਦਮੀ ਦੀ ਬਜਾਏ ਭ੍ਰਿਸ਼ਟਾਚਾਰ ਦਾ ਪ੍ਰਤੀਕ ਵਧੇਰੇ ਹੈ। ਫੇਰ ਵੀ, ਉਸ ਦੀਆਂ ਆਰਥਕ ਨੀਤੀਆਂ ਅਤੇ ਇਨ੍ਹਾਂ ਨੀਤੀਆਂ ਦੀ ਰਾਖੀ ਕਰਨ ਲਈ ਉਸ ਵਲੋਂ ਛੇੜੀਆਂ ਜੰਗਾਂ ਨੇ ਸ਼ਿਕਾਗੋ ਸਕੂਲ ਦੇ ਜਹਾਦ ਹੱਥੋਂ ਹੋਈਆਂ ਮੌਤਾਂ 'ਚ ਚੋਖਾ ਯੋਗਦਾਨ ਪਾਇਆ। ਸੱਤਰਵਿਆਂ 'ਚ ਚਿੱਲੀ ਦੇ ਤਜਰਬੇ ਦੇ ਸਮੇਂ ਤੋਂ ਲੈ ਕੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਯੇਲਤਸਿਨ ਦੇ ਅਕਤੂਬਰ ਰਾਜ ਪਲਟੇ ਦੌਰਾਨ ਹੋਏ ਜਾਨੀ ਨਕੁਸਾਨ ਤੋਂ ਬਿਨਾ, ਚੇਚਨੀਆਂ ਦੀਆਂ ਜੰਗਾਂ 'ਚ ਅੰਦਾਜ਼ਨ ਇਕ ਲੱਖ ਨਾਗਰਿਕ ਮਾਰੇ ਗਏ ਹਨ।[78] ਉਸ ਨੇ ਵਸੀਹ ਪੱਧਰ 'ਤੇ ਜਿਹੜੇ ਕਤਲੇਆਮ ਕੀਤੇ ਹਨ ਉਨ੍ਹਾਂ ਦੀ ਰਫ਼ਤਾਰ ਦੇਖਣ ਨੂੰ ਥੋੜ੍ਹੀ ਜ਼ਰੂਰ ਲੱਗਦੀ ਹੈ ਪਰ ਇਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ—ਕਹਿਣ ਦਾ ਭਾਵ ਇਹ ਆਰਥਕ ਸਦਮਾ ਇਲਾਜ ਦਾ "ਜੁੜਵਾਂ ਨੁਕਸਾਨ" ਹੈ।

ਇਸ ਵਕਤ ਕੋਈ ਵੱਡਾ ਅਕਾਲ ਜਾਂ ਪਲੇਗ ਵੀ ਨਹੀਂ ਪਈ ਜਾਂ ਕੋਈ ਲੜਾਈ ਵੀ ਨਹੀਂ ਹੋਈ, ਫੇਰ ਵੀ ਐਨੇ ਥੋੜ੍ਹੇ ਸਮੇਂ 'ਚ ਬਹੁਤ ਲੋਕਾਂ ਨੂੰ ਬਹੁਤ ਕੁਝ ਗੁਆਉਣਾ ਪਿਆ। 1998 ਤੱਕ, 80 ਫ਼ੀ ਸਦੀ ਤੋਂ ਵੱਧ ਰੂਸੀ ਫਾਰਮ ਦੀਵਾਲੀਆ ਹੋ ਚੁੱਕੇ ਸਨ ਅਤੇ ਸੱਤਰ ਹਜ਼ਾਰ ਸਰਕਾਰੀ ਫੈਕਟਰੀਆਂ ਬੰਦ ਹੋ ਚੁੱਕੀਆਂ ਸਨ। ਸਿੱਟੇ ਵਜੋਂ, ਬੇਕਾਰੀ ਦੀ ਮਹਾਂਮਾਰੀ ਦੀ ਹਾਲਤ ਬਣ ਚੁੱਕੀ ਸੀ। ਸਦਮਾ ਇਲਾਜ ਤੋਂ ਪਹਿਲਾਂ 1989 'ਚ ਰੂਸੀ ਸੰਘ ਦੇ 20 ਲੱਖ ਲੋਕ ਗਰੀਬ ਸਨ ਜੋ 4 ਡਾਲਰ ਰੋਜ਼ਾਨਾ ਨਾਲ ਡੰਗ ਟਪਾਉਂਦੇ ਸਨ। ਨੱਬੇਵਿਆਂ ਦੇ ਅੱਧ ਤੱਕ ਜਦੋਂ ਸਦਮਾ ਡਾਕਟਰ ਆਪਣੀ "ਕੌੜੀ ਦਵਾਈ" ਖਵਾ ਚੁੱਕੇ ਸਨ ਓਦੋਂ ਸੰਸਾਰ ਬੈਂਕ ਅਨੁਸਾਰ 7 ਕਰੋੜ 40 ਲੱਖ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰ ਰਹੇ ਸਨ। ਭਾਵ ਰੂਸ ਦੇ ਆਰਥਕ ਸੁਧਾਰ ਇਹ ਸਿਹਰਾ ਲੈ ਸਕਦੇ ਹਨ ਕਿ ਉਨ੍ਹਾਂ ਨੇ *ਸਿਰਫ਼ ਅੱਠ ਸਾਲਾਂ 'ਚ ਸੱਤ ਕਰੋੜ 20 ਲੱਖ ਲੋਕਾਂ ਨੂੰ ਗਰੀਬ ਬਣਾਇਆ ਹੈ*। 1996 'ਚ, 25 ਫ਼ੀ ਸਦੀ ਰੂਸੀ—ਲਗਭਗ ਤਿੰਨ ਕਰੋੜ 70 ਲੱਖ ਲੋਕ—ਉਸ ਗਰੀਬੀ ਦਾ ਸ਼ਿਕਾਰ ਸਨ ਜਿਸ ਨੂੰ "ਘੋਰ ਮਾਯੂਸੀ ਦੀ ਹਾਲਤ" ਕਿਹਾ ਜਾਂਦਾ ਹੈ।[79]

ਭਾਵੇਂ ਇਨ੍ਹਾਂ ਸਾਲਾਂ ਵਿਚ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਵਧਣ ਕਰਕੇ ਦਹਿ ਲੱਖਾਂ ਰੂਸੀ ਲੋਕਾਂ ਦੀ ਗਰੀਬੀ ਕੱਟੀ ਗਈ ਹੈ, ਪਰ ਰੂਸ ਦੀ ਦੁਰਕਾਰੀ ਹੋਈ ਅਤਿ ਦੀ ਗਰੀਬ ਹੇਠਲੀ ਜਮਾਤ ਦੀ ਹਾਲਤ ਜਿਉਂ ਦੀ ਤਿਉਂ ਹੈ। ਕਮਿਊਨਿਜ਼ਮ ਹੇਠ ਭੀੜੇ ਠੰਢੇ ਘਰਾਂ 'ਚ ਰਹਿੰਦੇ ਰੂਸੀਆਂ ਦੀ ਹਾਲਤ ਭਾਵੇਂ ਤਰਸਯੋਗ ਸੀ ਘੱਟੋ-ਘੱਟ ਉਨ੍ਹਾਂ ਦੇ ਸਿਰ ਉੱਪਰ ਛੱਤ ਤਾਂ ਸੀ। 2006 'ਚ ਸਰਕਾਰ ਨੇ ਖ਼ੁਦ ਮੰਨਿਆ ਕਿ ਰੂਸ ਵਿਚ 715,000 ਬੱਚੇ ਘਰਾਂ ਤੋਂ ਵਾਂਝੇ ਹਨ, ਅਤੇ ਯੂਨੀਸੈਫ ਨੇ ਤਾਂ ਇਸ ਤਰ੍ਹਾਂ ਦੇ ਬੱਚਿਆਂ ਦੀ ਗਿਣਤੀ 30 ਲੱਖ ਤੱਕ ਦੱਸੀ ਹੈ।[80]

ਠੰਢੀ ਜੰਗ ਸਮੇਂ, ਪੱਛਮ ਰੂਸੀਆਂ ਵਲੋਂ ਵਿਆਪਕ ਪੱਧਰ 'ਤੇ ਸ਼ਰਾਬ ਦੇ ਸੇਵਨ ਨੂੰ ਇੰਞ ਲੈਂਦਾ ਸੀ ਕਿ ਕਮਿਊਨਿਜ਼ਮ ਹੇਠ ਲੋਕਾਂ ਦੀ ਜ਼ਿੰਦਗੀ ਬਹੁਤ ਜ਼ਿਆਦਾ ਭੈੜੀ ਹੋਣ ਕਰਕੇ ਦਿਨ ਕਟੀ ਕਰਨ ਲਈ ਉਹ ਐਨੀ ਵੱਡੀ ਮਾਤਰਾ 'ਚ ਵੋਦਕਾ ਪੀਂਦੇ ਹਨ। ਜਦਕਿ, ਸਰਮਾਏਦਾਰੀ ਹੇਠ ਰੂਸੀ ਪਹਿਲਾਂ ਨਾਲੋਂ ਦੁੱਗਣੀ ਤੋਂ ਵੀ ਵੱਧ ਅਲਕੋਹਲ ਸੇਵਨ ਕਰਦੇ ਹਨ। ਨਾਲ ਹੀ ਉਹ ਪਹਿਲਾਂ ਨਾਲੋਂ ਵੱਧ ਮਿਕਦਾਰ 'ਚ ਤੇਜ਼ ਦਰਦ ਨਿਵਾਰਕ ਦਵਾਈਆਂ ਲੈਂਦੇ ਹਨ। ਰੂਸ ਦਾ ਡਰੱਗ ਬਾਦਸ਼ਾਹ ਅਲੈਕਸੈਂਦਰ ਮਿਖਾਇਲੋਵ ਕਹਿੰਦਾ ਹੈ ਕਿ ਨਸ਼ੀਲੀਆਂ ਦਵਾਈਆਂ ਸੇਵਨ ਕਰਨ ਵਾਲਿਆਂ ਦੀ ਗਿਣਤੀ 1994 ਤੋਂ 2004 ਤੱਕ 900 ਫ਼ੀ ਸਦੀ ਵਧ ਗਈ ਹੈ। ਇਨ੍ਹਾਂ ਚਾਲੀ ਲੱਖ ਤੋਂ ਵੱਧ

ਨਸ਼ੇੜੀ ਲੋਕਾਂ ਵਿਚੋਂ ਬਹੁਤੇ ਹੈਰੋਇਨ ਲੈਂਦੇ ਹਨ। ਨਸ਼ੀਲੀਆਂ ਦਵਾਈਆਂ ਦੀ ਮਹਾਂਮਾਰੀ ਇਕ ਹੋਰ ਤਰ੍ਹਾਂ ਦੇ ਖ਼ਾਮੋਸ਼ ਕਤਲਾਂ ਦੇ ਵਧਾਰੇ-ਪਸਾਰੇ 'ਚ ਹਿੱਸਾ ਪਾ ਰਹੀ ਹੈ : 1995 'ਚ ਪੰਜਾਹ ਹਜ਼ਾਰ ਰੂਸੀ ਐੱਚ ਆਈ ਵੀ ਤੋਂ ਪੀੜਤ ਸਨ, ਸਿਰਫ਼ ਦੋ ਸਾਲਾਂ 'ਚ ਹੀ ਇਨ੍ਹਾਂ ਦੀ ਗਿਣਤੀ ਦੁੱਗਣੀ ਹੋ ਗਈ। ਯੂ ਐੱਨ ਏਡਜ਼ ਅਨੁਸਾਰ, ਦਸ ਸਾਲ ਬਾਅਦ ਲਗਭਗ ਦਸ ਲੱਖ ਲੋਕ ਐੱਚ ਆਈ ਵੀ ਤੋਂ ਪੀੜਤ ਹੋ ਗਏ।[81]

ਇਨ੍ਹਾਂ ਹੌਲੀ ਹੌਲੀ ਹੋ ਰਹੀਆਂ ਮੌਤਾਂ ਦੇ ਨਾਲ-ਨਾਲ ਮੌਤਾਂ ਤੇਜ਼ੀ ਨਾਲ ਵੀ ਹੋ ਰਹੀਆਂ ਹਨ। ਜਿਉਂ ਹੀ 1992 'ਚ ਰੂਸ ਅੰਦਰ ਸਦਮਾ ਇਲਾਜ ਸ਼ੁਰੂ ਕੀਤਾ ਗਿਆ, ਇੱਥੇ ਖ਼ੁਦਕੁਸ਼ੀ ਦੀ ਦਰ ਹੋਰ ਵਧਣੀ ਸ਼ੁਰੂ ਹੋ ਗਈ ਜੋ ਕਿ ਪਹਿਲਾਂ ਹੀ ਬਹੁਤ ਜ਼ਿਆਦਾ ਸੀ; ਅੱਠ ਸਾਲ ਪਹਿਲਾਂ ਖ਼ੁਦਕੁਸ਼ੀ ਦੀ ਜਿੰਨੀ ਦਰ ਸੀ ਉਹ ਯੇਲਤਸਿਨ ਦੇ "ਸੁਧਾਰਾਂ" ਦੇ ਸਿਖ਼ਰ ਸਮੇਂ 1994 'ਚ ਲਗਭਗ ਦੁੱਗਣੀ ਹੋ ਗਈ। ਰੂਸੀ ਆਪੋ ਵਿਚ ਲੜਕੇ ਵੀ ਬਹੁਤ ਜ਼ਿਆਦਾ ਮਰੇ; 1994 ਤੱਕ ਹਿੰਸਕ ਜੁਰਮ ਚੌਗੁਣੇ ਤੋਂ ਵੱਧ ਗਏ ਸਨ।[82]

ਮਾਸਕੋ ਦੇ ਇਕ ਉੱਚ ਅਧਿਆਪਕ ਵਲਾਦੀਮੀਰ ਗੁਸੇਵ ਨੇ 2006 'ਚ ਹੋਏ ਜਮਹੂਰੀਅਤ ਪੱਖੀ ਮੁਜ਼ਾਹਰੇ ਮੌਕੇ ਸਵਾਲ ਕੀਤਾ ਸੀ : "ਸਾਡੀ ਮਾਂ ਧਰਤੀ ਅਤੇ ਸਾਡੇ ਲੋਕਾਂ ਨੇ ਪਿਛਲੇ ਪੰਦਰਾਂ ਸਾਲਾਂ ਦੇ ਮੁਜਰਮਾਨਾ ਦੌਰ 'ਚੋਂ ਕੀ ਖੱਟਿਆ ਹੈ। ਮੁਜਰਮ ਸਰਮਾਏਦਾਰੀ ਨੇ ਸਾਡੀ 10 ਫ਼ੀ ਸਦੀ ਵਸੋਂ ਨੂੰ ਮਾਰ ਮੁਕਾਇਆ ਹੈ। ਅਸਲ ਵਿਚ ਰੂਸ ਦੀ ਵਸੋਂ ਤੇਜ਼ੀ ਨਾਲ ਘਟ ਰਹੀ ਹੈ—ਹਰੇਕ ਸਾਲ ਦੇਸ਼ ਸੱਤ ਲੱਖ ਜ਼ਿੰਦਗੀਆਂ ਤੋਂ ਵਾਂਝਾ ਹੋ ਜਾਂਦਾ ਹੈ। 1992 'ਚ ਸਦਮਾ ਇਲਾਜ ਦੇ ਪਹਿਲੇ ਸਾਲ ਅਤੇ 2007 ਦੌਰਾਨ ਰੂਸ ਦੀ ਵਸੋਂ 66 ਲੱਖ ਸੁੰਗੜ ਗਈ।[83] ਤਿੰਨ ਦਹਾਕੇ ਪਹਿਲਾਂ ਸ਼ਿਕਾਗੋ ਸਕੂਲ ਨਾਲ ਅਸਹਿਮਤ ਅਰਥਸ਼ਾਸਤਰੀ ਗੁੰਡਰ ਫਰੈਂਕ ਨੇ ਮਿਲਟਨ ਫਰਾਇਡਮੈਨ ਨੂੰ ਚਿੱਠੀ ਲਿਖ ਕੇ ਉਸ ਉੱਪਰ "ਆਰਥਕ ਨਸਲਕੁਸ਼ੀ" ਦਾ ਦੋਸ਼ ਲਾਇਆ ਸੀ। ਅੱਜ ਬਹੁਤੇ ਰੂਸੀ ਆਪਣੇ ਹਮ-ਵਤਨੀਆਂ ਦੇ ਹੌਲੀ-ਹੌਲੀ ਅਲੋਪ ਹੁੰਦੇ ਜਾਣ ਨੂੰ ਇਸੇ ਤਰ੍ਹਾਂ ਬਿਆਨ ਕਰਦੇ ਹਨ।

ਇਹ ਯੋਜਨਾਬਧ ਮੰਦਹਾਲੀ ਹੋਰ ਵੀ ਕਰੂਪ ਇਸ ਕਰਕੇ ਬਣ ਜਾਂਦੀ ਹੈ ਕਿਉਂਕਿ ਮਾਸਕੋ 'ਚ ਬੈਠਾ ਕੁਲੀਨ ਵਰਗ ਹੀ ਦੌਲਤ ਨਾਲ ਆਫ਼ਰਿਆ ਰਹਿੰਦਾ ਹੈ ਅਤੇ ਤੇਲ ਸਲਤਨਤ ਵਾਲੇ ਮੁੱਠੀ ਭਰ ਲੋਕ ਦੌਲਤ ਨੂੰ ਆਪਣੇ ਤੋਂ ਬਾਹਰ ਜਾਣ ਹੀ ਨਹੀਂ ਦਿੰਦੇ। ਅੱਜ ਰੂਸ ਵਿਚ ਦੌਲਤ ਦੀ ਵੰਡ ਦਾ ਐਨਾ ਪਾੜਾ ਬਣ ਚੁੱਕਾ ਹੈ ਕਿ ਜਾਪਦਾ ਇੰਝ ਹੈ ਕਿ ਅਮੀਰ ਅਤੇ ਗਰੀਬ ਨਾ ਸਿਰਫ਼ ਵੱਖੋ-ਵੱਖਰੇ ਦੇਸ਼ਾਂ ਸਗੋਂ ਵੱਖੋ-ਵੱਖਰੀਆਂ ਸਦੀਆਂ ਵਿਚ ਰਹਿ ਰਹੇ ਹਨ। ਇਕ ਸਮਾਂ ਖੇਤਰ ਪੈਸੇ ਨਾਲ ਆਫ਼ਰੇ ਅਮੀਰਾਂ ਦਾ ਖੇਤਰ ਮਾਸਕੋ ਹੈ ਜੋ ਤੇਜ਼ੀ ਨਾਲ ਇੱਕੀਵੀਂ ਸਦੀ ਦਾ ਅਤਿ ਆਧੁਨਿਕ ਪਾਪਾਂ ਭਰਿਆ ਸ਼ਹਿਰ ਬਣ ਗਿਆ ਹੈ, ਜਿੱਥੇ ਚੋਟੀ ਦੇ ਅੰਗ-ਰਖਿਅਕਾਂ ਦੀ ਸੁਰੱਖਿਆ 'ਚ ਘਿਰੀ ਮਾਲੀ ਜੁੰਡੀ ਦੀਆਂ ਕਾਲੀਆਂ ਮਰਸਡੀਜ਼ ਦੇ ਕਾਫ਼ਲੇ ਦਣ-ਦਣਾਉਂਦੇ ਰਹਿੰਦੇ ਹਨ ਅਤੇ ਜਿੱਥੇ ਦਿਨੇ ਪੱਛਮੀ ਸਰਮਾਏ ਦੇ ਕਾਰ-ਮੁਖ਼ਤਾਰਾਂ ਨੂੰ ਖੁੱਲ੍ਹੇ ਪੂੰਜੀ-ਨਿਵੇਸ਼ ਦੇ ਨਿਯਮ ਭਰਮਾਈ ਰੱਖਦੇ ਹਨ ਅਤੇ ਰਾਤ ਨੂੰ ਉਹ ਕੰਜਰੀਆਂ ਨਾਲ ਅੱਯਾਸ਼ੀ ਕਰਦੇ ਹਨ। ਦੂਜੇ ਸਮਾਂ ਖੇਤਰ 'ਚ, ਜਦੋਂ ਇਕ ਸਤਾਰਾਂ ਸਾਲ ਦੀ ਰਾਜਧਾਨੀ ਤੋਂ ਬਾਹਰਲੀ ਕੁੜੀ ਨੂੰ ਭਵਿੱਖੀ ਗੀਝਾਂ ਬਾਰੇ ਸਵਾਲ ਕੀਤਾ ਗਿਆ ਤਾਂ ਉਸ ਨੇ ਜਵਾਬ ਦਿੱਤਾ : "ਜਦੋਂ ਤੁਹਾਨੂੰ ਮੋਮਬੱਤੀ ਦੀ ਲੋਅ 'ਚ ਬੈਠ ਕੇ ਪੜ੍ਹਨਾ ਪਵੇ ਤਾਂ ਇੱਕੀਵੀਂ ਸਦੀ ਬਾਰੇ ਗੱਲ ਕਰਨਾ ਅਸਾਨ ਨਹੀਂ ਹੈ। ਇੱਕੀਵੀਂ ਸਦੀ ਦਾ ਇੱਥੇ ਕੋਈ ਮਤਲਬ ਨਹੀਂ ਹੈ। ਇੱਥੇ ਤਾਂ ਹਾਲੇ ਉਨੀਵੀਂ ਸਦੀ ਵਾਲੀ ਹਾਲਤ ਹੈ।"[84]

ਰੂਸ ਵਰਗੇ ਦੌਲਤ ਨਾਲ ਭਰਪੂਰ ਦੇਸ਼ ਦੀ ਲੁੱਟਮਾਰ ਕਰਨ ਲਈ ਸੰਸਦ ਨੂੰ ਅੱਗ ਲਾਉਣ

ਤੋਂ ਲੈ ਕੇ ਚੇਚਨੀਆ 'ਤੇ ਹਮਲੇ ਕਰਨ ਤੱਕ ਦੀਆਂ ਸਿਰੇ ਦੀਆਂ ਦਹਿਸ਼ਤ ਪਾਊ ਕਾਰਵਾਈਆਂ ਦੀ ਜ਼ਰੂਰਤ ਸੀ। ਯੇਲਤਸਿਨ ਦਾ ਅਸਲ (ਅਤੇ ਨਜ਼ਰ ਅੰਦਾਜ਼ ਕੀਤਾ ਹੋਇਆ) ਆਰਥਕ ਸਲਾਹਕਾਰ ਗਿਓਰਗੀ ਅਰਬਾਤੋਵ ਲਿਖਦਾ ਹੈ, "ਗਰੀਬੀ ਅਤੇ ਜੁਰਮ ਦੀ ਜਨਮਦਾਤੀ ਨੀਤੀ ਫੇਰ ਹੀ ਜਿਊਂਦੀ ਰਹਿ ਸਕਦੀ ਹੈ ਜੇ ਜਮਹੂਰੀਅਤ ਨੂੰ ਮਲੀਆਮੇਟ ਕਰ ਦਿੱਤਾ ਜਾਵੇ।"[85] ਦੱਖਣੀ ਤਿਕੋਨ ਦੇ ਦੇਸ਼ਾਂ ਅੰਦਰ, ਬੋਲੀਵੀਆ 'ਚ ਘੋਰਾਬੰਦੀ ਦੌਰਾਨ ਅਤੇ ਚੀਨ ਅੰਦਰ ਤਿਆਨਮਿਨ ਕਾਂਡ ਦੌਰਾਨ ਇਸੇ ਤਰ੍ਹਾਂ ਕੀਤਾ ਗਿਆ ਸੀ। ਬਾਅਦ 'ਚ ਇਵੇਂ ਹੀ ਇਰਾਕ 'ਚ ਕੀਤਾ ਗਿਆ।

ਜਦੋਂ ਸ਼ੱਕ ਖੜ੍ਹੇ ਹੋ ਜਾਣ ਤਾਂ ਭ੍ਰਿਸ਼ਟਾਚਾਰ ਨੂੰ ਦੋਸ਼

ਰੂਸ ਦੇ ਸਦਮਾ ਇਲਾਜ ਵਾਲੇ ਅਰਸੇ ਬਾਰੇ ਪੱਛਮੀ ਅਖ਼ਬਾਰਾਂ ਦੀਆਂ ਰਿਪੋਰਟਾਂ ਨੂੰ ਮੁੜ ਘੋਖਣ 'ਤੇ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਓਦੋਂ ਜੋ ਚਰਚਾ ਕੀਤੀ ਗਈ ਉਹ ਇਰਾਕ ਬਾਰੇ ਉਨ੍ਹਾਂ ਬਹਿਸਾਂ ਨਾਲ ਕਿੰਨੀ ਮਿਲਦੀ-ਜੁਲਦੀ ਹੈ ਜੋ ਇਕ ਦਹਾਕਾ ਮਗਰੋਂ ਸ਼ੁਰੂ ਹੋਈਆਂ ਸਨ। ਯੂਰਪੀ ਯੂਨੀਅਨ, ਜੀ-7 ਅਤੇ ਆਈ ਐੱਮ ਐੱਫ ਦੀ ਤਾਂ ਗੱਲ ਹੀ ਛੱਡੋ, ਕਲਿੰਟਨ ਅਤੇ ਬੁਸ਼ ਦੋਹਾਂ ਸਰਕਾਰਾਂ ਦਾ ਰੂਸ ਵਿਚ ਸਪਸ਼ਟ ਨਿਸ਼ਾਨਾ ਸੀ ਉਸ ਸਮੇਂ ਮੌਜੂਦ ਰਾਜਕੀ ਢਾਂਚੇ ਦਾ ਪੂਰੀ ਤਰ੍ਹਾਂ ਖ਼ੁਰਾ ਖੋਜਾ ਮਿਟਾ ਦੇਣਾ ਅਤੇ ਸਰਮਾਏਦਾਰੀ ਜਨੂੰਨ ਲਈ ਹਾਲਾਤ ਪੈਦਾ ਕਰਨਾ। ਇਸ ਨਾਲ ਮੋੜਵੇਂ ਰੂਪ 'ਚ ਫਲ-ਫੁੱਲ ਰਹੀ ਖੁੱਲ੍ਹੀ ਮੰਡੀ ਮਾਰਕਾ ਜਮਹੂਰੀਅਤ ਦੀ ਸ਼ੁਰੂਆਤ ਹੋ ਜਾਵੇਗੀ—ਜਿਸ ਦਾ ਸੰਚਾਲਨ ਹੁਣੇ ਹੀ ਸ਼ਿਕਾਗੋ ਸਕੂਲ ਪਾਸ ਕਰਕੇ ਆਏ ਡੁੱਲ੍ਹ ਡੁੱਲ ਪੈਂਦੇ ਵਿਸ਼ਵਾਸ ਵਾਲੇ ਅਮਰੀਕੀ ਕਰਨਗੇ। ਦੂਜੇ ਲਫ਼ਜ਼ਾਂ 'ਚ, ਇਹ ਬੰਬ ਧਮਾਕਿਆਂ ਤੋਂ ਬਿਨਾ ਇਰਾਕ ਸੀ।

ਜਦੋਂ ਰੂਸ ਵਿਚ ਸਦਮਾ ਇਲਾਜ ਦਾ ਜੋਸ਼ ਬੁਲੰਦੀ 'ਤੇ ਸੀ, ਓਦੋਂ ਖੁਸ਼ੀ 'ਚ ਖੀਵੇ ਇਸ ਦੇ ਆਗੂਆਂ ਨੂੰ ਪੂਰੀ ਤਰ੍ਹਾਂ ਜਚਿਆ ਹੋਇਆ ਸੀ ਕਿ ਹਰੇਕ ਮੌਜੂਦ ਸੰਸਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਹੀ ਕੌਮ ਦੇ ਪੁਨਰ ਜਨਮ ਦੇ ਹਾਲਾਤ ਪੈਦਾ ਹੋਣਗੇ—ਕੋਰੀ ਸਲੇਟ ਦਾ ਇਹ ਸੁਪਨਾ ਬਾਅਦ 'ਚ ਬਗ਼ਦਾਦ 'ਚ ਜਨਮ ਲਵੇਗਾ। ਹਾਵਰਡ ਦੇ ਇਤਿਹਾਸਕਾਰ ਰਿਚਰਡ ਪਾਈਪਸ ਨੇ ਲਿਖਿਆ ਕਿ "ਸਾਡੀ ਇੱਛਾ ਹੈ ਕਿ ਰੂਸ ਦੇ ਓਦੋਂ ਤੱਕ ਟੁਕੜੇ ਟੁਕੜੇ ਹੁੰਦੇ ਰਹਿਣ ਦਿਓ ਜਦੋਂ ਤੱਕ ਇਸ ਦੀਆਂ ਸੰਸਥਾਵਾਂ ਦੇ ਢਾਂਚੇ ਦਾ ਕੁਝ ਵੀ ਬਾਕੀ ਨਾ ਰਹੇ।"[86] ਅਤੇ ਕੋਲੰਬੀਆ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਰਿਚਰਡ ਐਰਿਕਸਨ ਨੇ 1995 'ਚ ਲਿਖਿਆ, "ਹਰੇਕ ਸੁਧਾਰ ਇਸ ਹੱਦ ਤੱਕ ਵਿਨਾਸ਼ਕਾਰੀ ਹੁੰਦਾ ਹੈ ਜਿਸ ਦੀ ਇਤਿਹਾਸ 'ਚ ਮਿਸਾਲ ਨਹੀਂ ਹੁੰਦੀ। ਕੁਲ ਆਰਥਕ, ਸਮਾਜਿਕ ਅਤੇ ਸਿਆਸੀ ਸੰਸਥਾਵਾਂ ਸਣੇ ਸਾਰੇ ਕੁਝ ਨੂੰ ਜ਼ਰੂਰ ਹੀ ਵਗਾਹ ਮਾਰਨਾ ਚਾਹੀਦਾ ਹੈ ਅਤੇ ਇਸ ਦੀ ਥਾਂ ਪੈਦਾਵਾਰ, ਪੂੰਜੀ ਅਤੇ ਤਕਨਾਲੋਜੀ ਦਾ ਠੋਸ ਢਾਂਚਾ ਹਰ ਹਾਲਤ 'ਚ ਮੁਕੰਮਲ ਕਰ ਦੇਣਾ ਜ਼ਰੂਰੀ ਹੈ।"[87]

ਇਰਾਕ ਨਾਲ ਮਿਲਦਾ-ਜੁਲਦਾ ਇਕ ਹੋਰ ਪੱਖ ਦੇਖੋ : ਭਾਵੇਂ ਯੇਲਤਸਿਨ ਨੇ ਜਮਹੂਰੀਅਤ ਨਾਲ ਮੇਲ ਖਾਂਦੀ ਹਰੇਕ ਚੀਜ਼ ਨੂੰ ਬੁਰੀ ਤਰ੍ਹਾਂ ਠੁਕਰਾਇਆ, ਫੇਰ ਵੀ ਪੱਛਮ 'ਚ ਉਸ ਦੇ ਰਾਜ ਨੂੰ "ਜਮਹੂਰੀਅਤ ਦੀ ਦਿਸ਼ਾ 'ਚ ਤਬਦੀਲੀ" ਦਾ ਹਿੱਸਾ ਬਿਆਨ ਕੀਤਾ ਜਾਂਦਾ ਸੀ। ਇਸ ਤਰ੍ਹਾਂ ਦੀ ਪੇਸ਼ਕਾਰੀ ਓਦੋਂ ਤੱਕ ਜਾਰੀ ਰਹੀ ਜਦੋਂ ਤੱਕ ਪੁਤਿਨ ਨੇ ਅਨੇਕਾਂ ਮਾਲੀ ਜੁੰਡੀਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਨਿਸ਼ਾਨਾ ਨਹੀਂ ਬਣਾਇਆ। ਇਸੇ ਤਰ੍ਹਾਂ ਬੁਸ਼ ਪ੍ਰਸ਼ਾਸਨ ਇਰਾਕ ਨੂੰ ਹਮੇਸ਼ਾ ਆਜ਼ਾਦੀ ਦੇ ਰਾਹ ਉੱਪਰ ਅੱਗੇ ਵਧਦਾ ਦਰਸਾਉਂਦਾ ਰਿਹਾ ਹੈ, ਹਾਲਾਂਕਿ ਇੱਥੇ ਤਸੀਹਿਆਂ ਦਾ ਆਲਮ ਸੀ, ਬੇਲਗਾਮ ਕਾਤਲ ਦਸਤੇ ਦਣ-ਦਣਾਉਂਦੇ ਫਿਰਦੇ ਸਨ ਅਤੇ ਪ੍ਰੈੱਸ ਉੱਤੇ ਵਿਆਪਕ

ਸੈਂਸਰਸ਼ਿਪ ਲੱਗੀ ਹੋਈ ਸੀ। ਰੂਸ ਦੇ ਆਰਥਕ ਪ੍ਰੋਗਰਾਮ ਨੂੰ ਉਹ ਹਮੇਸ਼ਾ "ਸੁਧਾਰ" ਹੀ ਦੱਸਦੇ ਰਹੇ, ਬਿਲਕੁਲ ਇਸੇ ਤਰ੍ਹਾਂ ਇਰਾਕ ਨੂੰ ਵੀ ਹਮੇਸ਼ਾ ਇੰਞ ਹੀ ਪੇਸ਼ ਕੀਤਾ ਜਾਂਦਾ ਹੈ ਕਿ ਉੱਥੇ "ਮੁੜ ਉਸਾਰੀ" ਚੱਲ ਰਹੀ ਹੈ, ਹਾਲਾਂਕਿ ਉੱਥੇ ਤਬਾਹੀ ਦਣ-ਦਣਾ ਰਹੀ ਹੈ ਅਤੇ ਅਮਰੀਕੀ ਠੇਕੇਦਾਰ ਬੁਨਿਆਦੀ ਢਾਂਚੇ ਨੂੰ ਨਕਾਰਾ ਹਾਲਤ 'ਚ ਛੱਡ ਕੇ ਭੱਜ ਚੁੱਕੇ ਹਨ। ਨੱਬੇਵਿਆਂ ਦੇ ਅੱਧ 'ਚ ਰੂਸ ਵਿਚ ਜਿਹੜਾ ਵੀ ਕੋਈ "ਸੁਧਾਰ ਕਰਨ ਵਾਲਿਆਂ" ਦੀ ਸਿਆਣਪ 'ਤੇ ਕਿੰਤੂ-ਪ੍ਰੰਤੂ ਕਰਨ ਦੀ ਜ਼ੁਅਰਤ ਕਰਦਾ ਸੀ ਉਸ ਉੱਪਰ ਸਟਾਲਿਨ ਦੇ ਹੇਜ਼ ਦਾ ਇਲਜ਼ਾਮ ਲਾ ਕੇ ਉਸ ਨੂੰ ਰੱਦ ਕਰ ਦਿੱਤਾ ਜਾਂਦਾ ਸੀ, ਐਨ ਉਸੇ ਤਰ੍ਹਾਂ ਜਿਵੇਂ ਇਰਾਕ 'ਤੇ ਕਬਜ਼ੇ ਦੀ ਆਲੋਚਨਾ ਕਰਨ ਵਾਲਿਆਂ 'ਤੇ ਸਾਲਾਂਬੱਧੀ ਇਹ ਇਲਜ਼ਾਮ ਲੱਗਦੇ ਰਹੇ ਕਿ ਉਨ੍ਹਾਂ ਦੀ ਸੋਚ ਅਨੁਸਾਰ ਸੱਦਾਮ ਹੁਸੈਨ ਦੇ ਰਾਜ ਹੇਠ ਜ਼ਿੰਦਗੀ ਇਸ ਤੋਂ ਵਧੀਆ ਸੀ।

ਜਦੋਂ ਰੂਸ 'ਚ ਲਾਗੂ ਕੀਤੇ ਸਦਮਾ ਇਲਾਜ ਪ੍ਰੋਗਰਾਮ ਦੀਆਂ ਨਾਕਾਮਯਾਬੀਆਂ ਨੂੰ ਛੁਪਾਉਣਾ ਸੰਭਵ ਨਾ ਰਿਹਾ ਤਾਂ ਇਸ ਦੇਸ਼ ਦੇ "ਭ੍ਰਿਸ਼ਟਾਚਾਰ ਦੇ ਸੱਭਿਆਚਾਰ" ਦੀ ਕਹਾਣੀ ਘੜ ਲਈ ਗਈ। ਨਾਲ ਹੀ ਇਹ ਕਿਹਾ ਜਾਣ ਲੱਗਿਆ ਕਿ ਰੂਸੀਆਂ 'ਚ ਸੱਤਾਵਾਦ ਦਾ ਲੰਮਾ ਇਤਿਹਾਸ ਰਿਹਾ ਹੋਣ ਕਰਕੇ ਉਹ ਖ਼ਰੀ ਜਮਹੂਰੀਅਤ ਲਈ "ਤਿਆਰ ਨਹੀਂ ਹਨ।" ਵਾਸ਼ਿੰਗਟਨ ਦਾ ਦਿਮਾਗ ਸਮਝੇ ਜਾਂਦੇ ਅਰਥਸ਼ਾਸਤਰੀ ਰੂਸ ਅੰਦਰ ਜਿਸ ਆਰਥਿਕਤਾ ਦੀ ਸਿਰਜਣਾ 'ਚ ਵਧ-ਚੜ੍ਹ ਕੇ ਸ਼ਾਮਲ ਸਨ ਹੁਣ ਅਚਾਨਕ ਇਸ ਨੂੰ "ਮਾਫੀਆ ਸਰਮਾਏਦਾਰੀ" ਗਰਦਾਨ ਕੇ ਖਹਿੜਾ ਛੁਡਾਉਣ ਲੱਗ ਪਏ। ਘਾੜਤ ਇਹ ਘੜ ਲਈ ਕਿ "ਮਾਫੀਆ ਸਰਮਾਏਦਾਰੀ" ਰੂਸੀ ਕਿਰਦਾਰ ਵਾਲਾ ਵਿਲੱਖਣ ਵਰਤਾਰਾ ਹੈ। *ਐਟਲਾਂਟਿਕ ਮੰਥਲੀ* ਨੇ 2001 'ਚ ਇਕ ਰੂਸੀ ਦਫ਼ਤਰ ਦੇ ਮੁਲਾਜ਼ਮ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਕਿ "ਰੂਸ ਦਾ ਕੁਝ ਨਹੀਂ ਬਣਨਾ।" ਪੱਤਰਕਾਰ ਅਤੇ ਨਾਵਲਕਾਰ ਰਿਚਰਡ ਲਾਓਰੀ ਨੇ *ਲਾਸ ਏਂਜਲਸ ਟਾਈਮਜ਼* 'ਚ ਐਲਾਨ ਕੀਤਾ ਕਿ "ਰੂਸੀ ਐਸੀ ਆਫ਼ਤ ਕੌਮ ਹਨ ਕਿ ਜਦੋਂ ਇਹ ਕੋਈ ਸਿਆਣਪ ਵਾਲਾ ਅਤੇ ਮਾਮੂਲੀ ਜਿਹਾ ਕੰਮ ਵੀ ਕਰਦੇ ਹਨ, ਜਿਵੇਂ ਵੋਟ ਪਾਉਣੀ ਅਤੇ ਪੈਸਾ ਬਣਾਉਣਾ ਤਾਂ ਪੂਰੀ ਤਰ੍ਹਾਂ ਸੱਤਿਆਨਾਸ ਕਰ ਦਿੰਦੇ ਹਨ।"[88] ਅਰਥਸ਼ਾਸਤਰੀ ਐਂਡਰਜ਼ ਅਸਲੰਦ ਨੇ ਦਾਅਵਾ ਕੀਤਾ ਸੀ ਕਿ ਸਿਰਫ਼ "ਸਰਮਾਏਦਾਰੀ ਦੀ ਖਿੱਚ" ਹੀ ਰੂਸ ਦੀ ਕਾਇਆਕਲਪ ਕਰੇਗੀ, ਕਿ ਨਿਰੋਲ ਲਾਲਚ ਨਾਲ ਹੀ ਦੇਸ਼ ਦੀ ਮੁੜ-ਉਸਾਰੀ ਨੂੰ ਹੁਲਾਰਾ ਮਿਲੇਗਾ। ਕੁਝ ਸਾਲਾਂ ਬਾਅਦ ਜਦੋਂ ਪੁੱਛਿਆ ਗਿਆ ਕਿ ਕਿੱਥੇ ਗ਼ਲਤੀ ਹੋ ਗਈ ਤਾਂ ਉਸ ਦਾ ਜਵਾਬ ਸੀ, "ਭ੍ਰਿਸ਼ਟਾਚਾਰ, ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟਾਚਾਰ," ਜਿਵੇਂ ਕਿਤੇ ਭ੍ਰਿਸ਼ਟਾਚਾਰ "ਸਰਮਾਏਦਾਰੀ ਦੀ ਖਿੱਚ" ਦੇ ਉਸ ਅੱਥਰੇ ਇਜ਼ਹਾਰ ਤੋਂ ਕੋਈ ਵੱਖਰੀ ਚੀਜ਼ ਹੁੰਦੀ ਹੈ ਜਿਸ ਦੀ ਉਸ ਨੇ ਐਨੀ ਪੁਰਜ਼ੋਰ ਤਾਰੀਫ਼ ਕੀਤੀ ਸੀ।[89]

ਇਕ ਦਹਾਕਾ ਬਾਅਦ ਇਹੀ ਕਹਾਣੀ ਮੁੜ ਪਾਈ ਜਾਵੇਗੀ। ਇਸ ਵਾਰ ਕਮਿਊਨਿਜ਼ਮ ਅਤੇ ਜ਼ਾਰਵਾਦ ਦੀ ਵਿਰਾਸਤ ਦੀ ਥਾਂ ਸੱਦਾਮ ਦੀ ਕਲੰਕਿਤ ਵਿਰਾਸਤ ਅਤੇ "ਗਰਮ ਖ਼ਿਆਲੀ ਇਸਲਾਮ" ਦਾ ਰੋਗ-ਵਿਗਿਆਨ ਹੋਵੇਗਾ। ਇਰਾਕ ਅੰਦਰ ਮੁੜ-ਉਸਾਰੀ ਦੇ ਅਰਬਾਂ ਡਾਲਰ ਹਜ਼ਮ ਕਰ ਜਾਣ ਦੀ ਇਸੇ ਤਰ੍ਹਾਂ ਦੀ ਵਿਆਖਿਆ ਕੀਤੀ ਜਾਵੇਗੀ। ਇਰਾਕ ਅੰਦਰ ਅਮਰੀਕਾ ਨੇ ਬੰਦੂਕ ਦੀ ਨੋਕ 'ਤੇ ਜੋ "ਆਜ਼ਾਦੀ" ਦੀ ਸੁਗਾਤ ਦਿੱਤੀ ਸੀ ਉਸ ਨੂੰ ਇਰਾਕੀ ਲੋਕਾਂ ਵਲੋਂ ਕਬੂਲ ਨਾ ਕੀਤੇ ਜਾਣ ਨੂੰ ਦੇਖ ਕੇ ਅਮਰੀਕਾ ਲੋਹਾ ਲਾਖਾ ਹੋ ਕੇ ਗਾਲਾਂ 'ਤੇ ਉੱਤਰ ਆਵੇਗਾ—ਫ਼ਰਕ ਇਹ ਹੋਵੇਗਾ ਕਿ ਗੁੱਸਾ ਸਿਰਫ਼ "ਨਾਸ਼ੁਕਰੇ" ਇਰਾਕੀਆਂ ਬਾਰੇ ਘਿਣਾਉਣੀਆਂ ਸੰਪਾਦਕੀਆਂ ਲਿਖਣ ਤੱਕ ਸੀਮਤ ਨਹੀਂ ਰਹੇਗਾ ਸਗੋਂ ਅਮਰੀਕਾ ਅਤੇ ਬਰਤਾਨਵੀ ਫ਼ੌਜੀਆਂ ਵਲੋਂ ਇਰਾਕੀ

ਲੋਕਾਂ ਨੂੰ ਫੈਂਟੀ ਚਾੜ੍ਹਨ ਤੱਕ ਜਾਵੇਗਾ।

ਰੂਸ ਨੂੰ ਦੋਸ਼ ਦੇਣ ਦੀ ਕਹਾਣੀ ਦੀ ਅਸਲ ਸਮੱਸਿਆ ਇਹ ਹੈ ਕਿ ਇਹ ਖੁੱਲ੍ਹੀਆਂ ਮੰਡੀਆਂ ਦੇ ਜਹਾਦ ਦੇ ਅਸਲ ਚਿਹਰੇ ਦੀ ਪੂਰੀ ਕਹਾਣੀ ਦੇ ਸਬਕਾਂ ਦੀ ਗੰਭੀਰ ਪੁਣ-ਛਾਣ ਨੂੰ ਪਹਿਲਾਂ ਹੀ ਖਾਰਜ ਕਰ ਦਿੰਦੀ ਹੈ ਜੋ ਬੀਤੇ ਤਿੰਨ ਦਹਾਕਿਆਂ 'ਚ ਸਭ ਤੋਂ ਤਾਕਤਵਰ ਸਿਆਸੀ ਰੁਝਾਨ ਰਿਹਾ ਹੈ। ਬਹੁਤ ਸਾਰੇ ਮਾਲੀ ਜੁੰਡੀ ਵਾਲਿਆਂ ਦੇ ਭ੍ਰਿਸ਼ਟਾਚਾਰ ਬਾਰੇ ਹਾਲੇ ਵੀ ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਇਹ ਤਾਂ ਬਾਹਰੀ ਤਾਕਤ ਕਾਰਨ ਫੈਲ ਗਿਆ, ਉਂਞ ਤਾਂ ਖੁੱਲ੍ਹੀ ਮੰਡੀ ਦੀਆਂ ਯੋਜਨਾਵਾਂ ਬਹੁਤ ਵਧੀਆ ਚੀਜ਼ ਹਨ। ਸਚਾਈ ਇਹ ਸੀ ਕਿ ਭ੍ਰਿਸ਼ਟਾਚਾਰ ਨੇ ਰੂਸ ਦੇ ਖੁੱਲ੍ਹੀ ਮੰਡੀ ਸੁਧਾਰਾਂ ਵਿਚ ਬਾਹਰੋਂ ਘੁਸਪੈਠ ਨਹੀਂ ਕੀਤੀ ਸੀ; ਪੱਛਮੀ ਤਾਕਤਾਂ ਨੇ, ਆਰਥਿਕਤਾ ਨੂੰ ਗਤੀ ਦੇਣ ਦੇ ਸਭ ਤੋਂ ਤੇਜ਼ ਰਫ਼ਤਾਰ ਤਰੀਕੇ ਵਜੋਂ ਹਰ ਪੜਾਅ ਉੱਤੇ ਫਟਾਫਟ ਅਤੇ ਘਿਣਾਉਣੇ ਸੌਦਿਆਂ ਨੂੰ ਆਪ ਪੂਰੀ ਸਰਗਰਮੀ ਨਾਲ ਉਤਸ਼ਾਹਤ ਕੀਤਾ ਸੀ। ਲਾਲਚ ਦੀ ਵਰਤੋਂ ਕਰਕੇ ਕੌਮ ਦਾ ਪਾਰ ਉਤਾਰਾ ਕਰਨਾ ਸ਼ਿਕਾਗੋ ਵਾਲੇ ਰੂਸੀ ਮੁੰਡਿਆਂ ਅਤੇ ਇਨ੍ਹਾਂ ਦੇ ਸਲਾਹਕਾਰਾਂ ਦੀ ਉਸ ਯੋਜਨਾ ਨਾਲ ਸਭ ਤੋਂ ਨੇੜਿਓਂ ਜੁੜੀ ਹੋਈ ਚੀਜ਼ ਸੀ ਜਿਸ ਨੂੰ ਉਨ੍ਹਾਂ ਨੇ ਰੂਸ ਦੀਆਂ ਸੰਸਥਾਵਾਂ ਨੂੰ ਤਬਾਹ ਕਰ ਦੇਣ ਤੋਂ ਬਾਅਦ ਅੰਜਾਮ ਦੇਣਾ ਸੀ।

ਇਹ ਤਬਾਹਕੁਨ ਸਿੱਟੇ ਸਿਰਫ਼ ਰੂਸ ਦੀ ਵਿਲੱਖਣਤਾ ਨਹੀਂ ਸਨ। ਚਿੱਲੀ ਦੇ ਮਗਰਮੱਛਾਂ ਤੋਂ ਲੈ ਕੇ ਅਰਜਨਟਾਈਨਾ 'ਚ ਨਿੱਜੀਕਰਨ ਕਰਨ ਵਾਲੇ ਲੰਗੋਟੀਏ ਯਾਰਾਂ, ਰੂਸ ਦੀ ਮਾਲੀ ਜੁੰਡਲੀ, ਐਨਰੋਨ ਦੀ ਊਰਜਾ ਖੇਤਰ ਦੀ ਠੱਗੀ ਅਤੇ ਇਰਾਕ ਦੇ "ਆਜ਼ਾਦ ਫਰਾਡ ਖੇਤਰ" ਤੱਕ ਸ਼ਿਕਾਗੋ ਸਕੂਲ ਦੇ ਤਜਰਬੇ ਦਾ ਜੋ ਪੂਰਾ ਤੀਹ ਸਾਲਾਂ ਦਾ ਇਤਿਹਾਸ ਹੈ ਇਹ ਸੁਰੱਖਿਆ ਰਾਜਾਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਦੇ ਵਿਆਪਕ ਭ੍ਰਿਸ਼ਟਾਚਾਰ ਅਤੇ ਇਨ੍ਹਾਂ ਦੇ ਗੱਠਜੋੜ ਦਾ ਇਤਿਹਾਸ ਹੈ। ਸਦਮਾ ਇਲਾਜ ਦਾ ਮੂਲ ਨੁਕਤਾ ਬਹੁਤ ਹੀ ਤੇਜ਼ੀ ਨਾਲ ਬੇਥਾਹ ਮੁਨਾਫ਼ੇ ਬਟੋਰਨ ਦਾ ਰਾਹ ਖੋਲ੍ਹਣਾ ਹੈ—ਇਹ ਲਾਕਾਨੂੰਨੀਅਤ ਦੇ ਬਾਵਜੂਦ ਨਹੀਂ ਸਗੋਂ ਇਸ ਦੇ ਕਾਰਨ ਹੁੰਦਾ ਹੈ। 1997 'ਚ ਇਕ ਰੂਸੀ ਅਖ਼ਬਾਰ ਦੀ ਸੁਰਖ਼ੀ ਸੀ "ਰੂਸ ਕੌਮਾਂਤਰੀ ਫੰਡ ਦੇ ਸੱਟੇਬਾਜ਼ਾਂ ਲਈ ਸੋਨੇ ਦੀ ਖਾਣ ਬਣਿਆ," ਜਦਕਿ *ਫੋਰਬਸ* ਨੇ ਰੂਸ ਅਤੇ ਕੇਂਦਰੀ ਯੂਰਪ ਨੂੰ "ਨਵੀਂਆਂ ਹੱਦਬੰਦੀਆਂ" ਦੱਸਿਆ।[90] ਬਸਤੀਵਾਦੀ ਦੌਰ ਦੇ ਲਫ਼ਜ਼ ਇੱਥੇ ਪੂਰੀ ਤਰ੍ਹਾਂ ਢੁੱਕਦੇ ਸਨ।

1950 'ਚ ਮਿਲਟਨ ਫਰਾਇਡਮੈਨ ਨੇ ਜਿਹੜੀ ਲਹਿਰ ਸ਼ੁਰੂ ਕੀਤੀ ਸੀ ਉਹ ਬਹੁ-ਕੌਮੀ ਸਰਮਾਏ ਵਲੋਂ ਸਿਰੇ ਦੇ ਮੁਨਾਫ਼ੇ ਦੇਣ ਵਾਲੀਆਂ ਕਾਨੂੰਨ ਰਹਿਤ ਹੱਦਬੰਦੀਆਂ ਨੂੰ ਵਲ-ਫੇਰ ਪਾ ਕੇ ਮੁੜ ਕਬਜ਼ੇ 'ਚ ਲੈਣ ਦੀ ਕੋਸ਼ਿਸ਼ ਵਜੋਂ ਸਭ ਤੋਂ ਵਧੀਆ ਸਮਝ ਆਉਂਦੀ ਹੈ। ਅਜੋਕੇ ਨਵ-ਉਦਾਰਵਾਦੀਆਂ ਦੇ ਬੌਧਿਕ ਪਿਤਾਮਾ ਐਡਮ ਸਮਿਥ ਨੇ ਇਨ੍ਹਾਂ ਦੀ ਬਹੁਤ ਜ਼ਿਆਦਾ ਤਾਰੀਫ਼ ਕੀਤੀ ਸੀ। ਸਮਿਥ ਦੇ "ਜਾਹਲ ਅਤੇ ਜੰਗਲੀ ਕੌਮਾਂ" ਦੇ ਸਿਧਾਂਤ 'ਚ ਪੱਛਮ ਲਈ ਕੋਈ ਕਾਇਦਾ-ਕਾਨੂੰਨ ਹੀ ਨਹੀਂ ਸੀ (ਅੱਜ ਦੇ ਸਮੇਂ 'ਚ ਇਹ ਵਿਹਾਰਕ ਚੋਣ ਨਹੀਂ ਹੈ)। ਇਸ ਸਿਧਾਂਤ 'ਤੇ ਚੱਲਣ ਦੀ ਥਾਂ ਇਸ ਲਹਿਰ ਨੇ ਮੌਜੂਦਾ ਕਾਇਦੇ-ਕਾਨੂੰਨਾਂ ਨੂੰ ਗਿਣਮਿਥ ਕੇ ਖ਼ਤਮ ਕਰਕੇ ਐਡਮ ਸਮਿਥ ਵਾਲੀ ਲਾਕਾਨੂੰਨੀ ਵਾਲੀ ਹਾਲਤ ਮੁੜ ਪੈਦਾ ਕਰਨੀ ਸ਼ੁਰੂ ਕਰ ਦਿੱਤੀ। ਐਡਮ ਸਮਿੱਥ ਦੇ ਬਸਤੀਵਾਦੀ ਪੈਰੋਕਾਰਾਂ ਨੇ ਜਿੱਥੇ "ਬੰਜਰ ਜ਼ਮੀਨਾਂ" (ਜਿਵੇਂ ਸਮਿੱਥ ਇਨ੍ਹਾਂ ਬਾਰੇ ਕਹਿੰਦਾ ਸੀ) ਤੁੱਛ ਰਕਮਾਂ ਬਦਲੇ ਹਥਿਆ ਕੇ ਰਿਕਾਰਡ ਤੋੜ ਮੁਨਾਫ਼ੇ ਬਟੋਰੇ ਸਨ, ਉੱਥੇ ਅੱਜ ਦੀਆਂ ਬਹੁ-ਕੌਮੀ ਕੰਪਨੀਆਂ ਦੀਆਂ ਨਜ਼ਰਾਂ 'ਚ ਸਰਕਾਰੀ ਪ੍ਰੋਗਰਾਮ, ਜਨਤਕ ਜਾਇਦਾਦਾਂ ਅਤੇ ਹਰ ਉਹ ਚੀਜ਼

ਜਿਸ ਨੂੰ ਮੰਡੀ ਦੀ ਵਸਤ ਬਣਾਕੇ ਵੇਚਿਆ ਨਹੀਂ ਜਾ ਰਿਹਾ ਉਹ ਐਸੇ ਖੇਤਰ ਹਨ ਜਿਨ੍ਹਾਂ ਨੂੰ ਹਥਿਆ ਲੈਣਾ ਚਾਹੀਦਾ ਹੈ ਜਿਵੇਂ ਡਾਕਖ਼ਾਨੇ, ਕੌਮੀ ਪਾਰਕ, ਸਕੂਲ, ਸਮਾਜਿਕ ਸੁਰੱਖਿਆ, ਆਫ਼ਤਾਂ ਦੇ ਰਾਹਤ ਫੰਡ ਅਤੇ ਹਰੇਕ ਚੀਜ਼ ਜਿਸ ਦੀ ਕਰਤਾ-ਧਰਤਾ ਸਰਕਾਰ ਹੈ।[91]

ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰ ਤਹਿਤ, ਰਾਜ ਬਸਤੀਵਾਦੀ ਹੱਦਬੰਦੀ ਵਜੋਂ ਕੰਮ ਕਰਦਾ ਹੈ। ਇਸ ਬਸਤੀਵਾਦੀ ਹੱਦਬੰਦੀ ਵਾਲੇ ਖੇਤਰ ਨੂੰ ਜੇਤੂ ਕਾਰਪੋਰੇਟ ਉਸੇ ਤਰ੍ਹਾਂ ਦੀ ਬੇਕਿਰਕੀ ਅਤੇ ਤਾਕਤ ਨਾਲ ਲੁੱਟਦੇ ਹਨ ਜਿਸ ਤਰ੍ਹਾਂ ਦੀ ਇਨ੍ਹਾਂ ਦੇ ਵਡਾਰੂਆਂ ਨੇ ਐਂਡੀਜ਼ ਦਾ ਸੋਨਾ ਅਤੇ ਚਾਂਦੀ ਆਪਣੇ ਦੇਸ਼ਾਂ ਨੂੰ ਢੋਣ ਸਮੇਂ ਦਿਖਾਈ ਸੀ। ਜਿੱਥੇ ਸਮਿੱਥ ਐਮੇਜ਼ਨ ਨਦੀ ਦੇ ਦੱਖਣ 'ਚ ਸਥਿਤ ਦੱਖਣੀ ਅਮਰੀਕਾ ਦੇ ਬਿਰਖ਼ਹੀਣ ਮੈਦਾਨਾਂ ਅਤੇ ਚਰਾਂਦਾਂ ਦੇ ਜ਼ਰਖੇਜ਼ ਹਰੇ-ਭਰੇ ਖੇਤਾਂ ਨੂੰ ਮੁਨਾਫ਼ੇ ਦੇਣ ਵਾਲੇ ਫਾਰਮ ਸਮਝਦਾ ਸੀ, ਉੱਥੇ *ਵਾਲ ਸਟਰੀਟ* ਦੀ ਨਜ਼ਰ 'ਚ ਚਿੱਲੀ ਦੀ ਫ਼ੋਨ ਪ੍ਰਣਾਲੀ, ਅਰਜਨਟਾਈਨਾ ਦੀ ਏਅਰ ਲਾਈਨ, ਰੂਸ ਦੇ ਤੇਲ ਖੇਤਰ, ਬੋਲੀਵੀਆ ਦੇ ਪਾਣੀ ਸਪਲਾਈ ਦੇ ਪ੍ਰਬੰਧ, ਅਮਰੀਕਾ ਦੀ ਸਰਕਾਰੀ ਰੇਡੀਓ ਤੇ ਟੀ ਵੀ ਸੰਚਾਰ ਪ੍ਰਣਾਲੀ, ਪੋਲੈਂਡ ਦੀਆਂ ਫੈਕਟਰੀਆਂ "ਹਰੇ-ਭਰੇ ਖੇਤਾਂ ਵਾਲੇ ਮੌਕੇ" ਹਨ—ਇਹ ਸਾਰੇ ਜਨਤਕ ਪੈਸੇ ਨਾਲ ਉਸਾਰੇ ਗਏ ਸਨ ਫੇਰ ਤੁੱਛ ਰਕਮਾਂ ਬਦਲੇ ਵੇਚ ਦਿੱਤੇ ਗਏ।[92] ਇਸ ਤੋਂ ਅੱਗੇ ਦੌਲਤ ਦੇ ਉਹ ਭੰਡਾਰ ਹਨ ਜੋ ਇਨ੍ਹਾਂ ਰਾਜਾਂ ਤੋਂ ਜੀਵਨ ਦੇ ਰੂਪ ਅਤੇ ਕੁਦਰਤੀ ਵਸੀਲੇ—ਜਿਵੇਂ ਬੀਜ, ਜੀਨ, ਧਰਤੀ ਦੇ ਵਾਤਾਵਰਨ ਵਿਚਲੀ ਕਾਰਬਨ—ਪੇਟੈਂਟ ਕਰਵਾ ਕੇ ਅਤੇ ਇਨ੍ਹਾਂ ਉੱਪਰ ਮੁੱਲ ਅੰਕਤ ਕਰਕੇ ਵਸਤਾਂ ਬਣਾ ਦਿੱਤੇ ਗਏ ਹਨ। ਇਹ ਵੀ ਮੰਡੀ ਦਾ ਮਾਲ ਬਣ ਜਾਣਗੇ ਇਹ ਕਦੇ ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ। ਜਨਤਕ ਖੇਤਰ 'ਚ ਮੁਨਾਫ਼ੇ ਦੀਆਂ ਨਵੀਂਆਂ ਹੱਦਬੰਦੀਆਂ ਬੇਕਿਰਕੀ ਨਾਲ ਵਾਹ ਕੇ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰੀ ਬਸਤੀਵਾਦੀ ਦੌਰ ਦੇ ਨਕਸ਼ਾ ਘਾੜਿਆਂ ਦੀ ਭੂਮਿਕਾ ਨਿਭਾ ਰਹੇ ਹਨ, ਜੋ ਐਮੇਜ਼ਨ ਵਿਚੋਂ ਦੀ ਨਵੇਂ ਜਲ-ਮਾਰਗਾਂ ਦੀ ਤਲਾਸ਼ ਕਰਦੇ ਸਨ ਅਤੇ ਇੰਕਾ ਮੰਦਰ ਦੇ ਅੰਦਰ ਦੱਬੇ ਸੋਨੇ ਦੀ ਨਿਸ਼ਾਨਦੇਹੀ ਕਰਦੇ ਸਨ।

ਜਿਸ ਤਰ੍ਹਾਂ ਭ੍ਰਿਸ਼ਟਾਚਾਰ ਬਸਤੀਵਾਦੀ ਦੌਰ 'ਚ ਸੋਨਾ ਲੁੱਟਣ ਲਈ ਹਮਲਿਆਂ ਦੀ ਵਿਸ਼ੇਸ਼ਤਾ ਸੀ ਉਸੇ ਤਰ੍ਹਾਂ ਇਹ ਅਜੋਕੀਆਂ ਹੱਦਬੰਦੀਆਂ ਦੀ ਵਿਸ਼ੇਸ਼ਤਾ ਹੈ। ਕਿਉਂਕਿ ਨਿੱਜੀਕਰਨ ਦੇ ਬਹੁਤੇ ਅਹਿਮ ਸਮਝੌਤਿਆਂ ਉੱਪਰ ਦਸਤਖ਼ਤ ਹਮੇਸ਼ਾ ਕਿਸੇ ਆਰਥਕ ਅਤੇ ਸਿਆਸੀ ਸੰਕਟ ਦੀ ਉੱਥਲ-ਪੁੱਥਲ ਦੌਰਾਨ ਕੀਤੇ ਜਾਂਦੇ ਹਨ ਇਸ ਕਰਕੇ ਸਪਸ਼ਟ ਅਤੇ ਅਸਰਦਾਰ ਕਾਇਦੇ-ਕਾਨੂੰਨਾਂ ਨੂੰ ਕਦੇ ਵੀ ਢੁਕਵੀਂ ਥਾਂ ਨਹੀਂ ਦਿੱਤੀ ਜਾਂਦੀ। ਘੜਮੱਸ ਪਿਆ ਹੁੰਦਾ ਹੈ, ਕੀਮਤਾਂ 'ਚ ਅਸਥਿਰਤਾ ਬਣੀ ਹੁੰਦੀ ਹੈ ਅਤੇ ਇਹੀ ਹਾਲ ਸਿਆਸਤਦਾਨਾਂ ਦਾ ਹੁੰਦਾ ਹੈ। ਤਿੰਨ ਦਹਾਕਿਆਂ ਤੋਂ ਅਸੀਂ ਹੱਦਬੰਦੀ ਮਾਰਕਾ ਸਰਮਾਏਦਾਰੀ 'ਚ ਰਹਿ ਰਹੇ ਹਾਂ, ਜਿੱਥੇ ਹੱਦਬੰਦੀ ਇਕ ਸੰਕਟ ਤੋਂ ਦੂਜੇ ਸੰਕਟ ਵਾਲੇ ਖੇਤਰ 'ਚ ਲਗਾਤਾਰ ਥਾਂ ਬਦਲੀ ਕਰਦੀ ਜਾਂਦੀ ਹੈ। ਜਿਉਂ ਹੀ ਪਹਿਲੀ ਹੱਦਬੰਦੀ ਅੰਦਰ ਢੁਕਵੇਂ ਕਾਨੂੰਨ ਬਣ ਜਾਂਦੇ ਹਨ ਇਹ ਹੋਰ ਅੱਗੇ ਤੁਰ ਜਾਂਦੀ ਹੈ।

ਇਸ ਕਰਕੇ, ਰੂਸ ਦੀ ਅਰਬਾਂਪਤੀ ਮਾਲੀ ਜੁੰਡੀ ਦਾ ਉਭਾਰ ਚੇਤਾਵਨੀ ਦੇਣ ਵਾਲੇ ਬਿਰਤਾਂਤ ਦੀ ਥਾਂ ਇਹ ਸਬੂਤ ਹੋ ਨਿਬੜਿਆ ਕਿ ਕਿਸੇ ਸਨਅਤੀ ਰਾਜ ਦੀ ਚਮੜੀ ਉਧੇੜਣੀ ਕਿੰਨੀ ਮੁਨਾਫ਼ਾਦੇਹ ਹੋ ਸਕਦੀ ਹੈ—ਅਤੇ ਵਾਲ ਸਟਰੀਟ ਤਾਂ ਹੋਰ ਵੱਧ ਭਾਲਦਾ ਸੀ। ਸੋਵੀਅਤ ਸੰਘ ਦੇ ਪਤਨ ਤੋਂ ਤੁਰੰਤ ਬਾਅਦ ਅਮਰੀਕੀ ਖ਼ਜ਼ਾਨਾ ਵਿਭਾਗ ਅਤੇ ਆਈ ਐੱਮ ਐੱਫ ਹੋਰ ਸੰਕਟਗ੍ਰਸਤ ਦੇਸ਼ਾਂ ਤੋਂ ਨਿੱਜੀਕਰਨ ਦੀ ਮੰਗ ਹੋਰ ਵੀ ਵੱਧ ਸਖ਼ਤੀ ਨਾਲ ਕਰਨ ਲੱਗੇ। ਹੁਣ ਤੱਕ ਦੀ ਸਭ ਤੋਂ ਵੱਧ ਨਾਟਕੀ ਸੀ (ਯੇਲਤਸਿਨ ਵਲੋਂ ਕੀਤੇ ਰਾਜ ਪਲਟੇ ਤੋਂ ਬਾਅਦ) 1994 ਦੇ ਸੰਕਟ ਦੀ ਮਿਸਾਲ

ਜਦੋਂ ਮੈਕਸੀਕੋ ਦੀ ਆਰਥਿਕਤਾ ਵੱਡੀ ਗਿਰਾਵਟ ਦਾ ਸ਼ਿਕਾਰ ਹੋਈ ਜੋ *ਟੇਕਿਲਾ ਸੰਕਟ* ਵਜੋਂ ਮਸ਼ਹੂਰ ਹੈ। ਅਮਰੀਕਾ ਨੇ ਇਸ ਸ਼ਰਤ 'ਤੇ ਸਹਾਇਤਾ ਦੇਣੀ ਮੰਨੀ ਕਿ ਫਟਾਫਟ ਮੁਲਾਜ਼ਮਾਂ ਨੂੰ ਨੌਕਰੀਆਂ ਤੋ ਕੱਢ ਕੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾਵੇਗਾ। ਅਤੇ ਇਸ ਸਮੇਂ *ਫੋਰਬਸ* ਨੇ ਐਲਾਨ ਕੀਤਾ ਕਿ ਇਸ ਅਮਲ ਨੇ ਤੇਈ ਨਵੇਂ ਅਰਬਪਤੀ ਪੈਦਾ ਕਰ ਦਿੱਤੇ ਹਨ। ਇਸ ਦਾ ਕਹਿਣਾ ਸੀ : "ਇੱਥੋਂ ਦਾ ਸਬਕ ਪੂਰੀ ਤਰ੍ਹਾਂ ਸਪਸ਼ਟ ਹੈ : ਅਰਬਪਤੀਆਂ ਦੇ ਅਗਲੇ ਵਿਸਫੋਟ ਕਦੋਂ ਹੋਣਗੇ, ਇਹ ਪੇਸ਼ੀਨਗੋਈ ਕਰਨ ਲਈ ਉਨ੍ਹਾਂ ਦੇਸ਼ਾਂ 'ਤੇ ਨਿਗਾਹ ਰੱਖੋ ਜਿੱਥੇ ਨਵੀਂਆਂ ਮੰਡੀਆਂ ਖੋਲ੍ਹੀਆਂ ਜਾ ਰਹੀਆਂ ਹਨ।" ਸੰਕਟ ਨੇ ਮੈਕਸੀਕੋ ਦੇ ਦਰਵਾਜ਼ੇ ਬਦੇਸ਼ੀ ਮਾਲਕੀ ਲਈ ਵੀ ਚੌਪਟ ਖੋਲ੍ਹ ਦਿੱਤੇ : 1990 'ਚ, ਮੈਕਸੀਕੋ ਦੀ ਇਕ ਬੈਂਕ ਬਦੇਸ਼ੀ ਮਾਲਕੀ ਹੇਠ ਸੀ, ਪਰ "2000 ਤੱਕ ਤੀਹ ਵਿਚੋਂ ਚੌਵੀ ਬੈਂਕਾਂ ਬਦੇਸ਼ੀ ਹੱਥਾਂ ਵਿਚ ਚਲੀਆਂ ਗਈਆਂ ਸਨ।"[93] ਸਪਸ਼ਟ ਤੌਰ 'ਤੇ ਰੂਸ ਤੋਂ ਇਹ ਸਬਕ ਮਿਲਿਆ ਹੈ ਕਿ ਦੌਲਤ ਦਾ ਤਬਾਦਲਾ ਜਿੰਨਾ ਵੱਧ ਤੇਜ਼ੀ ਨਾਲ ਅਤੇ ਵਧੇਰੇ ਲਾਕਾਨੂੰਨਾ ਹੋਵੇਗਾ, ਇਹ ਓਨੇ ਹੀ ਵਧੇਰੇ ਮੁਨਾਫ਼ੇ ਦੇਵੇਗਾ।

ਜਿਸ ਵਿਅਕਤੀ ਨੇ ਇਸ ਨੂੰ ਸਮਝਿਆ ਉਹ ਸੀ ਬਿਜ਼ਨੈੱਸਮੈਨ ਗੋਂਜ਼ਾਲੋ ਸਾਂਚੇਜ਼ ਡੀ ਲੋਜ਼ਾਡਾ (ਗੋਨੀ) ਜਿਸ ਦੇ ਮਹਿਲ 'ਚ ਬੋਲੀਵੀਆ ਦੀ 1985 ਦੇ ਸਦਮਾ ਇਲਾਜ ਦੀ ਯੋਜਨਾ ਦਾ ਖਰੜਾ ਤਿਆਰ ਕੀਤਾ ਗਿਆ ਸੀ। ਨੱਬੇਵਿਆਂ ਦੇ ਅੱਧ 'ਚ ਦੇਸ਼ ਦਾ ਰਾਸ਼ਟਰਪਤੀ ਹੋਣ ਸਮੇਂ ਉਸ ਨੇ ਬੋਲੀਵੀਆ ਦੀ ਤੇਲ ਕੰਪਨੀ, ਕੌਮੀ ਏਅਰਲਾਈਨ, ਰੇਲਵੇ, ਬਿਜਲੀ ਅਤੇ ਫ਼ੋਨ ਕੰਪਨੀਆਂ ਵੇਚ ਦਿੱਤੀਆਂ। ਰੂਸ ਵਿਚ ਤਾਂ ਸਭ ਤੋਂ ਵੱਧ ਲੁੱਟ ਦੇ ਮਾਲ ਨਾਲ ਸਥਾਨਕ ਸਰਮਾਏਦਾਰਾਂ ਨੂੰ ਨਿਵਾਜ਼ਿਆ ਗਿਆ ਸੀ। ਇਸ ਦੇ ਉਲਟ, ਬੋਲੀਵੀਆ ਦੀ ਜੋਸ਼ੀਲੀ ਨਿਲਾਮੀ ਦੇ ਜੇਤੂਆਂ 'ਚ ਸ਼ਾਮਲ ਸਨ ਐਨਰੋਨ, ਰਾਇਲ ਡੱਚ/ਸ਼ੈੱਲ, ਐਮੋਕੋ ਕਾਰਪੋਰੇਸ਼ਨ ਅਤੇ ਸਿਟੀ ਕਾਰਪੋਰੇਸ਼ਨ— ਅਤੇ ਨਿਲਾਮੀਆਂ ਸਿੱਧੀਆਂ ਕਰਵਾਈਆਂ ਗਈਆਂ ਸਨ; ਸਥਾਨਕ ਫਰਮਾਂ ਨੂੰ ਹਿੱਸੇਦਾਰ ਬਣਾਉਣ ਦੀ ਕੋਈ ਜ਼ਰੂਰਤ ਨਹੀਂ ਸੀ।[94] *ਵਾਲ ਸਟਰੀਟ ਜਰਨਲ* ਨੇ 1995 'ਚ ਲਾ ਪਾਜ਼ ਵਿਚ ਜੁੜੇ ਨਿਲਾਮੀ ਲਈ ਬੇਤਾਬ ਪੱਛਮੀਆਂ ਦੇ ਮੰਜ਼ਰ ਨੂੰ ਇਸ ਤਰ੍ਹਾਂ ਬਿਆਨ ਕੀਤਾ : "ਰੈਡੀਸਨ ਪਲਾਜ਼ਾ ਹੋਟਲ ਏ ਐੱਮ ਆਰ ਕਾਰਪੋਰੇਸ਼ਨ ਦੀ ਅਮਰੀਕਣ ਏਅਰਲਾਈਨਜ਼, ਐੱਮ ਸੀ ਆਈ ਸੰਚਾਰ ਕਾਰਪੋਰੇਸ਼ਨ, ਐਕਸਨ ਕਾਰਪੋਰੇਸ਼ਨ ਅਤੇ ਸਾਲੋਮੋਨ ਬ੍ਰਦਰਜ਼ ਆਦਿ ਵਰਗੀਆਂ ਵੱਡੀਆਂ ਅਮਰੀਕੀ ਕਾਰਪੋਰੇਸ਼ਨਾਂ ਦੇ ਕਾਰਜਕਾਰੀ ਅਧਿਕਾਰੀਆਂ ਨਾਲ ਖਚਾਖਚ ਭਰਿਆ ਹੋਇਆ ਹੈ। ਬੋਲੀਵੀਆ ਵਾਲਿਆਂ ਨੇ ਉਨ੍ਹਾਂ ਨੂੰ ਇਸ ਲਈ ਸੱਦਿਆ ਹੈ ਤਾਂ ਜੋ ਨਿੱਜੀਕਰਨ ਕੀਤੇ ਜਾਣ ਵਾਲੇ ਖੇਤਰਾਂ ਦਾ ਸੰਚਾਲਨ ਕਰਨ ਵਾਲੇ ਕਾਨੂੰਨਾਂ ਨੂੰ ਨਵੇਂ ਸਿਰਿਉਂ ਲਿਖਿਆ ਜਾ ਸਕੇ ਅਤੇ ਉਹ ਬੋਲੀ 'ਤੇ ਲਾਈਆਂ ਕੰਪਨੀਆਂ ਦੀ ਬੋਲੀ ਦੇ ਸਕਣ।" ਪੂਰਾ ਇੰਤਜ਼ਾਮ ਕੀਤਾ ਗਿਆ ਹੈ। ਆਪਣੇ ਸਦਮਾ ਇਲਾਜ ਦਾ ਖ਼ੁਲਾਸਾ ਕਰਦਿਆਂ ਰਾਸ਼ਟਰਪਤੀ ਸਾਂਚੇਜ਼ ਡੀ ਲੋਜ਼ਾਡਾ ਨੇ ਦੱਸਿਆ "ਅਹਿਮ ਚੀਜ਼ ਹੈ ਇਨ੍ਹਾਂ ਤਬਦੀਲੀਆਂ ਇਸ ਤਰ੍ਹਾਂ ਲਿਆਉਣਾ ਤਾਂ ਜੋ ਇਨ੍ਹਾਂ ਨੂੰ ਪੁੱਠਾ ਗੇੜਾ ਨਾ ਦਿੱਤਾ ਜਾ ਸਕੇ ਅਤੇ ਵਿਰੋਧ ਕਰਨ ਵਾਲਿਆਂ ਦਾ ਵਿਰੋਧ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਨੂੰ ਨੇਪਰੇ ਚਾੜ੍ਹ ਦਿੱਤਾ ਜਾਵੇ।" "ਵਿਰੋਧ ਕਰਨ ਵਾਲੇ" ਵਿਰੋਧ ਨਾ ਕਰ ਸਕਣ ਇਸ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਉਣ ਲਈ ਬੋਲੀਵੀਆ ਦੀ ਸਰਕਾਰ ਨੇ ਉਹੀ ਕੁਝ ਕੀਤਾ ਜੋ ਐਸੇ ਹਾਲਾਤ 'ਚ ਇਸ ਨੇ ਪਹਿਲਾਂ ਕੀਤਾ ਸੀ : ਇਸ ਨੇ ਲੰਮੇ ਸਮੇਂ ਲਈ ਇਕ ਹੋਰ "ਹੰਗਾਮੀ ਘੇਰਾਬੰਦੀ" ਕਰ ਦਿੱਤੀ : ਜਿਸ ਨਾਲ ਸਿਆਸੀ ਇਕੱਠਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਅਤੇ ਇਸ ਅਮਲ ਦਾ ਵਿਰੋਧ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਵਿਸ਼ੇਸ਼ ਅਧਿਕਾਰ ਵਰਤੋਂ 'ਚ ਲਿਆਂਦਾ।[95]

ਇਹ ਅਰਜਨਟਾਈਨਾ ਦੇ ਬਦਨਾਮ ਭ੍ਰਿਸ਼ਟ ਨਿੱਜੀਕਰਨ ਦੀ ਸਰਕਸ ਦੇ ਸਾਲ ਵੀ ਸਨ ਜਿਸ ਨੂੰ ਗੋਲਡਮੈਨ ਸੈਚਸ ਨੇ ਪੂੰਜੀ-ਨਿਵੇਸ਼ ਬਾਰੇ ਇਕ ਰਿਪੋਰਟ 'ਚ "ਕਮਾਲ ਦੀ ਨਵੀਂ ਦੁਨੀਆਂ" ਕਹਿ ਕੇ ਵਡਿਆਇਆ ਸੀ। ਜਦੋਂ ਤੇਲ ਖੇਤਰਾਂ, ਫ਼ੋਨ ਪ੍ਰਣਾਲੀ, ਏਅਰ ਲਾਈਨ, ਰੇਲਵੇ, ਹਵਾਈ ਅੱਡੇ, ਮੁੱਖ ਸੜਕਾਂ, ਪਾਣੀ ਸਪਲਾਈ ਦੇ ਪ੍ਰਬੰਧ, ਬੈਂਕਾਂ, ਬਿਓਨਸ ਏਅਰੀਸ ਦੇ ਚਿੜੀਆ ਘਰ ਅਤੇ ਅਖ਼ੀਰ 'ਚ ਡਾਕ ਪ੍ਰਣਾਲੀ ਅਤੇ ਕੌਮੀ ਪੈਨਸ਼ਨ ਯੋਜਨਾ ਨੂੰ ਪਹਿਲਾਂ ਸੀਮਤ ਕੀਤਾ ਗਿਆ ਅਤੇ ਫੇਰ ਵੇਚ ਦਿੱਤਾ ਗਿਆ ਓਦੋਂ ਪੈਰੋਨਵਾਦੀ ਕਾਰਲਸ ਮੈਨਮ ਇਸ ਸਭ ਕਾਸੇ ਦਾ ਕਰਤਾ-ਧਰਤਾ ਸੀ ਜੋ ਕਿਰਤੀਆਂ ਦਾ ਨੁਮਾਇੰਦਾ ਹੋਣ ਦਾ ਵਾਅਦਾ ਕਰਕੇ ਸੱਤਾ 'ਚ ਆਇਆ ਸੀ। ਜਿਉਂ ਹੀ ਦੇਸ਼ ਦੀ ਦੌਲਤ ਨੇ ਸਰਹੱਦ ਟੱਪੀ, ਅਰਜਨਟਾਈਨਾ ਦੇ ਸਿਆਸਤਦਾਨ ਬਹੁਤ ਜ਼ਿਆਦਾ ਅੱਯਾਸ਼ੀ ਭਰਿਆ ਜੀਵਨ ਜਿਊਣ ਲੱਗ ਪਏ। ਮੈਨਮ ਦੀ ਪਛਾਣ ਕਦੇ ਚਮੜੇ ਦੀ ਜੈਕਟ ਅਤੇ ਮਜ਼ਦੂਰਾਂ ਵਾਂਗ ਹਜ਼ਾਮਤ ਕਰਾਉਣ ਵਾਲੇ ਵਜੋਂ ਹੁੰਦੀ ਸੀ ਉਸ ਨੇ ਹੁਣ ਇਤਾਲਵੀ ਸੂਟ ਪਾਉਣੇ ਸ਼ੁਰੂ ਕਰ ਦਿੱਤੇ ਅਤੇ ਕਿਹਾ ਜਾਂਦਾ ਹੈ ਕਿ ਉਹ ਪਲਾਸਟਿਕ ਸਰਜਨ ਕੋਲ ਵੀ ਜਾਂਦਾ ਹੈ (ਆਪਣੇ ਸਜੇ-ਫਬੇ ਮੁਹਾਂਦਰੇ ਨੂੰ ਉਹ ਹੁਣ "ਸ਼ਹਿਦ ਦੀ ਮੱਖੀ ਡੰਗ ਗਈ" ਦੱਸਦਾ ਸੀ)। ਮਾਰੀਆ ਜੂਲੀਆ ਅਲਸੋਗਾਰੇ ਮੈਨਮ ਦੇ ਮੰਤਰੀ ਮੰਡਲ 'ਚ ਨਿੱਜੀਕਰਨ ਦਾ ਮੁਖੀ ਸੀ, ਉਸ ਨੇ ਸਿਰਫ਼ ਕਢਾਈ ਕੀਤਾ ਫਰ ਕੋਟ ਪਾ ਕੇ ਇਕ ਹਰਮਨਪਿਆਰੇ ਰਸਾਲੇ ਦੇ ਮੁੱਖ ਸਫ਼ੇ ਲਈ ਤਸਵੀਰ ਖਿਚਵਾਈ ਜਦਕਿ ਮੈਨੋਮ ਹੇਠ ਹੁਣ ਗੂੜ੍ਹੇ ਲਾਲ ਰੰਗ ਦੀ ਫੇਰਾਰੀ ਟੈਸਟਾਰੋਸਾ ਗੱਡੀ ਸੀ, ਜੋ ਇਕ ਅਹਿਸਾਨਮੰਦ ਸਰਮਾਏਦਾਰ ਨੇ ਉਸ ਨੂੰ "ਤੋਹਫੇ" ਵਜੋਂ ਦਿੱਤੀ ਸੀ।[96]

ਜਿਨ੍ਹਾਂ ਦੇਸ਼ਾਂ ਨੇ ਰੂਸ ਦੇ ਨਿੱਜੀਕਰਨ ਦੀ ਰੀਸ ਕੀਤੀ ਉਨ੍ਹਾਂ ਸਾਰਿਆਂ ਨੂੰ ਉਸੇ ਤਰ੍ਹਾਂ ਦੇ, ਥੋੜ੍ਹਾ ਹਲਕੇ ਰਾਜ ਪਲਟਿਆਂ ਦਾ ਸੁਆਦ ਚੱਖਣਾ ਪਿਆ ਜਿਸ ਤਰ੍ਹਾਂ ਦਾ ਯੇਲਤਸਿਨ ਨੇ ਚੱਖਿਆ। ਜੋ ਸਰਕਾਰਾਂ ਪੁਰਅਮਨ ਅਤੇ ਚੋਣਾਂ ਰਾਹੀਂ ਸੱਤਾ 'ਚ ਆਈਆਂ ਸਨ, ਉਨ੍ਹਾਂ ਨੂੰ ਸੱਤਾ 'ਚ ਬਣੇ ਰਹਿਣ ਅਤੇ ਸੁਧਾਰਾਂ ਦੀ ਰਾਖੀ ਕਰਨ ਲਈ ਬਹੁਤ ਜ਼ਿਆਦਾ ਜ਼ੁਲਮ ਦਾ ਸਹਾਰਾ ਲੈਣਾ ਪਿਆ। ਅਰਜਨਟਾਈਨਾ 'ਚ, ਜਦੋਂ 19 ਦਸੰਬਰ 2001 ਨੂੰ ਰਾਸ਼ਟਰਪਤੀ ਫਰਨਾਂਡੋ ਡੀ ਲਾ ਰੂਆ ਅਤੇ ਉਸ ਦੇ ਵਿੱਤ ਮੰਤਰੀ ਡੋਮਿੰਗੋ ਕੈਵੈਲੋ ਨੇ ਆਈ ਐੱਮ ਐੱਫ ਦੇ ਕਹਿਣ 'ਤੇ ਹੋਰ ਵੀ ਸਖ਼ਤ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਬੇਲਗਾਮ ਨਵ-ਉਦਾਰਵਾਦੀ ਨਿਜ਼ਾਮ ਦਾ ਭੋਗ ਪਾ ਦਿੱਤਾ ਗਿਆ। ਜਨਤਾ ਨੇ ਬਗ਼ਾਵਤ ਕਰ ਦਿੱਤੀ ਅਤੇ ਉਸ ਨੇ ਕੇਂਦਰੀ ਪੁਲਿਸ ਨੂੰ ਹੁਕਮ ਚਾੜ੍ਹ ਦਿੱਤੇ ਕਿ ਜੋ ਕੁਝ ਵੀ ਕਰਨਾ ਪਵੇ ਕਰਕੇ ਹਜੂਮਾਂ ਨੂੰ ਤਿੱਤਰ ਬਿੱਤਰ ਕਰ ਦਿਓ। ਇਸ ਦੇ ਬਾਵਜੂਦ ਡੀ ਲਾ ਰੂਆ ਨੂੰ ਹੈਲੀਕਾਪਟਰ ਰਾਹੀਂ ਭੱਜਣਾ ਪੈ ਗਿਆ ਪਰ ਇਸ ਤੋਂ ਪਹਿਲਾਂ ਪੁਲਿਸ ਨੇ ਇੱਕੀ ਮੁਜ਼ਾਹਰਾਕਾਰੀ ਮਾਰ ਦਿੱਤੇ ਅਤੇ 1350 ਜ਼ਖ਼ਮੀ ਕਰ ਦਿੱਤੇ।[97] ਗੋਨੀ ਦੇ ਰਾਜ ਦੇ ਆਖ਼ਰੀ ਮਹੀਨੇ ਅਤੇ ਦਿਨ ਤਾਂ ਹੋਰ ਵੀ ਖ਼ੂਨੀ ਸਨ। ਉਸ ਦੇ ਕੀਤੇ ਨਿੱਜੀਕਰਨ ਨਾਲ ਬੋਲੀਵੀਆ 'ਚ "ਜੰਗਾਂ" ਦੀ ਲੜੀ ਸ਼ੁਰੂ ਹੋ ਗਈ : ਪਹਿਲਾਂ ਬੈੱਚਟੈੱਲ ਨਾਲ ਕੀਤੇ ਪਾਣੀ ਬਾਰੇ ਸਮਝੌਤੇ ਵਿਰੁੱਧ ਜੰਗ ਜਿਸ ਕਰਕੇ ਪਾਣੀ ਦੀਆਂ ਕੀਮਤਾਂ 300 ਫ਼ੀ ਸਦੀ ਵਧ ਗਈਆਂ ਸਨ; ਫੇਰ ਆਈ ਐੱਮ ਐੱਫ ਦੇ ਕਹਿਣ 'ਤੇ ਲਾਗੂ ਕੀਤੀ ਉਸ ਯੋਜਨਾ ਵਿਰੁੱਧ "ਟੈਕਸ ਜੰਗ" ਜਿਸ ਤਹਿਤ ਬਜਟ ਦੀ ਥੁੜ੍ਹ ਪੂਰੀ ਕਰਨ ਲਈ ਮਿਹਨਤਕਸ਼ ਗਰੀਬਾਂ ਉੱਪਰ ਟੈਕਸ ਲਾਏ ਗਏ; ਫੇਰ ਅਮਰੀਕਾ ਨੂੰ ਗੈਸ ਬਰਾਮਦ ਕਰਨ ਦੀਆਂ ਵਿਉਂਤਾਂ ਵਿਰੁੱਧ "ਗੈਸ ਜੰਗਾਂ"। ਓੜਕ, ਗੋਨੀ ਨੂੰ ਵੀ ਰਾਸ਼ਟਰਪਤੀ ਮਹਿਲ ਛੱਡ ਕੇ ਭੱਜਣਾ ਪਿਆ ਅਤੇ ਅਮਰੀਕਾ 'ਚ ਪਨਾਹ ਲੈਣੀ ਪਈ। ਪਰ ਰੂਆ ਵਾਂਗ ਹੀ ਭੱਜਣ ਤੋਂ ਪਹਿਲਾਂ ਉਸ ਨੇ ਵੀ ਅਨੇਕਾਂ ਜਾਨਾਂ ਲੈ ਲਈਆਂ। ਗੋਨੀ ਨੇ ਫ਼ੌਜ ਨੂੰ ਮੁਜ਼ਾਹਰੇ ਕੁਚਲ ਦੇਣ ਦਾ ਹੁਕਮ ਦੇ ਦਿੱਤਾ।

ਹੁਕਮ ਮਿਲਦੇ ਸਾਰ ਫ਼ੌਜ ਨੇ ਸੱਤਰ ਵਿਅਕਤੀ ਮਾਰ ਸੁੱਟੇ ਜਿਨ੍ਹਾਂ 'ਚੋਂ ਬਹੁਤੇ ਸੜਕਾਂ 'ਤੇ ਖੜ੍ਹੇ ਲੋਕ ਸਨ। ਚਾਰ ਸੌ ਹੋਰ ਜ਼ਖ਼ਮੀ ਕਰ ਦਿੱਤੇ ਗਏ। 2007 ਦੇ ਸ਼ੁਰੂ 'ਚ ਬੋਲੀਵੀਆ ਦੀ ਉੱਚਤਮ ਅਦਾਲਤ ਨੇ ਕਤਲੇਆਮ ਦੇ ਦੋਸ਼ਾਂ ਤਹਿਤ ਗੋਨੀ ਨੂੰ ਭਗੌੜਾ ਕਰਾਰ ਦੇ ਦਿੱਤਾ।[98]

ਪਰ ਸਿਤਮ ਇਹ ਕਿ ਅਰਜਨਟਾਈਨਾ ਅਤੇ ਬੋਲੀਵੀਆ ਵਿਚ ਥੋਕ ਰੂਪ 'ਚ ਜਬਰੀ ਨਿੱਜੀਕਰਨ ਕਰਨ ਵਾਲੇ ਇਨ੍ਹਾਂ ਦੋਵਾਂ ਨਿਜ਼ਾਮਾਂ ਨੂੰ ਵਾਸ਼ਿੰਗਟਨ 'ਚ ਇਸ ਤਰ੍ਹਾਂ ਦੀਆਂ ਮਿਸਾਲਾਂ ਬਣਾ ਕੇ ਪੇਸ਼ ਕੀਤਾ ਗਿਆ ਕਿ ਦੇਖੋ ਇੱਥੇ ਸਦਮਾ ਇਲਾਜ ਬਿਨਾ ਕਿਸੇ ਰਾਜ ਪਲਟੇ ਜਾਂ ਜਬਰ ਦੇ ਬਿਲਕੁਲ ਸ਼ਾਂਤਮਈ ਅਤੇ ਜਮਹੂਰੀ ਤਰੀਕੇ ਨਾਲ ਲਾਗੂ ਹੋਇਆ ਹੈ। ਭਾਵੇਂ ਇਹ ਸੱਚ ਹੈ ਕਿ ਇਨ੍ਹਾਂ ਨੇ ਨਿੱਜੀਕਰਨ ਦਾ ਆਗਾਜ਼ ਗੋਲੀਆਂ ਚਲਾ ਕੇ ਨਹੀਂ ਸੀ ਕੀਤਾ ਪਰ ਇਹ ਜ਼ਰੂਰ ਅਹਿਮ ਹੈ ਕਿ ਦੋਵਾਂ ਦਾ ਅੰਤ ਇਕੋ ਤਰ੍ਹਾਂ ਦਾ ਹੋਇਆ।

ਦੱਖਣੀ ਅਰਧ-ਗੋਲੇ ਦੇ ਵੱਡੇ ਹਿੱਸੇ 'ਚ, ਨਵ-ਉਦਾਰਵਾਦ ਨੂੰ ਅਕਸਰ ਹੀ "ਦੂਜੀ ਬਸਤੀਵਾਦੀ ਲੁੱਟਮਾਰ" ਕਿਹਾ ਜਾਂਦਾ ਹੈ : ਪਹਿਲੀ ਲੁੱਟਮਾਰ ਵੇਲੇ ਕੁਦਰਤੀ ਦੌਲਤ ਧਰਤੀ ਵਿਚੋਂ ਹਥਿਆ ਲਈ ਗਈ, ਅਤੇ ਦੂਜੀ ਮੌਕੇ ਰਾਜ ਤੋਂ ਖੋਹ ਲਈ ਗਈ। ਮੁਨਾਫ਼ੇ ਦੇ ਇਸ ਹਰੇਕ ਝੱਲ ਤੋਂ ਪਿੱਛੋਂ ਇਹ ਵਾਅਦੇ ਕੀਤੇ ਗਏ : ਦੇਸ਼ ਦੀ ਦੌਲਤ ਨੂੰ ਵੇਚਣ ਤੋਂ ਪਹਿਲਾਂ ਮਜ਼ਬੂਤ ਕਾਨੂੰਨ ਬਣਾਏ ਜਾਣਗੇ ਅਤੇ ਪੂਰੇ ਅਮਲ ਦੀ ਦੇਖ-ਰੇਖ ਐਸੇ ਬਾਜ਼ ਅੱਖ ਵਾਲੇ ਨਿਗਰਾਨ ਅਤੇ ਪੜਤਾਲ ਕਰਤਾ ਕਰਿਆ ਕਰਨਗੇ ਜੋ ਮਹਾਂ ਦੋਸ਼ਾਂ 'ਚ ਨਾ ਘਿਰੇ ਹੋਣ। ਅਗਲੀ ਵਾਰ ਨਿੱਜੀਕਰਨ ਕਰਨ ਤੋਂ ਪਹਿਲਾਂ ਰੂਸ ਤੋਂ ਬਾਅਦ ਵਾਲਾ ਢੰਗ ਵਰਤਦੇ ਹੋਏ "ਅਦਾਰੇ ਬਣਾਏ ਜਾਣਗੇ।" ਸਾਰੇ ਮੁਨਾਫ਼ੇ ਬਦੇਸ਼ਾਂ ਨੂੰ ਢੋਹ ਲੈਣ ਮਗਰੋਂ ਕਾਇਦੇ-ਕਾਨੂੰਨਾਂ ਦੇ ਹੋਕਰੇ ਮਾਰਨਾ ਬੀਤੇ 'ਚ ਕੀਤੀ ਠੱਗੀ ਨੂੰ ਇਕ ਤਰ੍ਹਾਂ ਕਾਨੂੰਨੀ ਮਾਨਤਾ ਦੇਣਾ ਹੈ। ਇਹ ਯੂਰਪੀ ਬਸਤੀਵਾਦੀਆਂ ਵਲੋਂ ਹੜੱਪੀਆਂ ਜ਼ਮੀਨਾਂ ਨੂੰ ਸਮਝੌਤਿਆਂ ਰਾਹੀਂ ਜੱਫਾ ਮਾਰ ਲੈਣ ਨਾਲ ਮਿਲਦਾ-ਜੁਲਦਾ ਢੰਗ ਹੈ। ਇੱਥੇ ਕਾਨੂੰਨ ਦੀ ਅਣਹੋਂਦ ਸਮੱਸਿਆ ਨਹੀਂ ਹੈ ਜਿਵੇਂ ਐਡਮ ਸਮਿਥ ਸਮਝਦਾ ਸੀ, ਸਗੋਂ ਇਨ੍ਹਾਂ ਲਈ ਅਸਲ ਮਸਲਾ ਇਨ੍ਹਾਂ ਦੇਸ਼ਾਂ ਨੂੰ ਪੂਰਾ ਨਿਚੋੜ ਨਾ ਸਕਣ ਦੇ ਪਛਤਾਵੇ ਦਾ ਹੈ ਅਤੇ ਇਹ ਅਗਲੀ ਵਾਰ ਲੁੱਟਮਾਰ ਨੂੰ ਹੋਰ ਬਿਹਤਰ ਬਣਾਉਣ ਦਾ ਅਹਿਦ ਹੈ।

ਕਾਂਡ ਬਾਰਵਾਂ

ਸਰਮਾਏਦਾਰਾਂ ਦਾ ਪਛਾਣ-ਚਿੰਨ੍ਹ

ਰੂਸ ਅਤੇ ਜਾਂਗਲੀ ਮੰਡੀ ਦਾ ਨਵਾਂ ਯੁੱਗ

> ਤੁਸੀਂ ਉਸ ਹਰੇਕ ਦੇਸ਼ ਦੇ ਟਰੱਸਟੀ ਬਣ ਬੈਠੇ ਹੋ ਜੋ ਮੌਜੂਦਾ ਸਮਾਜਿਕ ਪ੍ਰਬੰਧ ਦੇ ਚੌਖਟੇ ਦੇ ਅੰਦਰ ਅੰਦਰ ਯੋਗ ਤਜਰਬਾ ਕਰਕੇ ਸਾਡੇ ਵਲੋਂ ਪੈਦਾ ਕੀਤੀ ਹਾਲਤ ਦੇ ਭੈੜਾਂ ਨੂੰ ਸੁਧਾਰਨਾ ਚਾਹੁੰਦਾ ਹੈ। ਜੇ ਤੁਸੀਂ ਅਸਫ਼ਲ ਹੋ ਜਾਂਦੇ ਹੋ ਤਾਂ ਤਰਕਸੰਗਤ ਤਬਦੀਲੀ ਪ੍ਰਤੀ ਪੂਰੀ ਦੁਨੀਆਂ 'ਚ ਘੋਰ ਤੁਅੱਸਬ ਬਣ ਜਾਣਗੇ। ਕੱਟੜ ਸਿਧਾਂਤ ਅਤੇ ਇਨਕਲਾਬ ਇਨ੍ਹਾਂ ਤੁਅੱਸਬਾਂ ਵਿਰੁੱਧ ਲੜਾਈ ਜੋਗੇ ਰਹਿ ਜਾਣਗੇ।
>
> —ਜੌਹਨ ਮੇਅਨਾਰਡ ਕੀਨਜ਼ ਦਾ ਰਾਸ਼ਟਰਪਤੀ ਐੱਫ ਡੀ ਰੂਜ਼ਵੈਲਟ ਨੂੰ ਖ਼ਤ, 1933[1]

ਅਕਤੂਬਰ 2006 'ਚ ਜਿਸ ਦਿਨ ਮੈਂ ਜੈਫਰੀ ਸੈਚਸ ਨੂੰ ਮਿਲਣ ਗਈ, ਨਿਊ ਯਾਰਕ

ਸ਼ਹਿਰ 'ਚ ਕਿਣਮਿਣ ਹੋ ਰਹੀ ਸੀ ਅਤੇ ਇਸ ਉਪਰਲੀ ਸਿੱਲੀ ਸਲੇਟੀ ਪਰਤ ਉੱਤੇ ਹਰੇਕ ਪੰਜ ਕਰਮ 'ਤੇ ਲਾਲ ਰੰਗ ਡਲਕਾਂ ਮਾਰ ਰਿਹਾ ਸੀ। ਬੋਨੋ ਪ੍ਰੋਡਕਟ ਦੇ ਲਾਲ ਬਰੈਂਡ ਨੂੰ ਪੂਰੀ ਸਜ-ਧਜ ਨਾਲ ਮੰਡੀ 'ਚ ਉਤਾਰਿਆ ਗਿਆ ਸੀ। ਸ਼ਹਿਰ ਵਿਚ ਇਸ ਦੀ ਪੂਰੀ ਮਸ਼ਹੂਰੀ ਕੀਤੀ ਹੋਈ ਸੀ। ਲਾਲ ਆਈਪੈਂਡ ਅਤੇ ਧੁੱਪ ਦੀਆਂ ਅਰਮਾਨੀ ਐਨਕਾਂ ਦੀ ਇਸ਼ਤਿਹਾਰਬਾਜ਼ੀ ਮੰਡਲਾ ਰਹੀ ਸੀ। ਨਿਆਰੀ ਲਾਲ ਪੁਸ਼ਾਕ 'ਚ ਸਜੇ ਸਟੀਵਨ ਸਪੇਲਬਰਗ ਜਾਂ ਪੈਨੀਲੋਪ ਕਰੁਜ਼ ਦੇ ਚਿੱਤਰਾਂ ਨੇ ਹਰੇਕ ਬਸ ਸਟਾਪ ਦੀ ਨੁਹਾਰ ਬਦਲ ਦਿੱਤੀ ਸੀ। ਸ਼ਹਿਰ ਦਾ ਹਰੇਕ ਲਾਂਘਾ ਇਸ਼ਤਿਹਾਰਬਾਜ਼ੀ ਨੂੰ ਸਮਰਪਿਤ ਸੀ। ਪੰਜਵੇਂ ਅਵੈਨਿਊ 'ਚ ਐਪਲ ਸਟੋਰ ਲਾਲ ਭਾਹ ਮਾਰ ਰਿਹਾ ਸੀ। ਇਕ ਇਸ਼ਤਿਹਾਰਬਾਜ਼ੀ ਪੁੱਛ ਰਹੀ ਸੀ : "ਕੀ ਟੈਂਕ ਦੀ ਛੱਤ ਦੁਨੀਆਂ ਨੂੰ ਬਦਲ ਸਕਦੀ ਹੈ ? " ਸਾਨੂੰ ਭਰੋਸਾ ਦਿਵਾਇਆ ਗਿਆ, ਹਾਂ ਇਹ ਬਦਲ ਸਕਦੀ ਹੈ ਕਿਉਂਕਿ ਮੁਨਾਫ਼ਿਆਂ ਦਾ ਇਕ ਹਿੱਸਾ ਏਡਜ਼, ਟੀ ਬੀ ਅਤੇ ਮਲੇਰੀਆ ਦੀ ਰੋਕਥਾਮ ਲਈ ਵਿਸ਼ਵ ਫੰਡ 'ਚ ਜਾ ਰਿਹਾ ਸੀ। ਦੋ ਦਿਨ ਪਹਿਲਾਂ ਟੈਲੀਵਿਜ਼ਨ ਪ੍ਰਸਾਰਨ ਰਾਹੀਂ ਪ੍ਰਚਾਰੇ ਖ਼ਰੀਦਦਾਰੀ ਦੇ ਮੇਲੇ ਸਬੰਧੀ ਪ੍ਰੋਗਰਾਮ ਦੀ ਮੇਜ਼ਬਾਨ ਅਤੇ ਅਦਾਕਾਰਾ ਓਪਰਾਹ ਵਿਨਫਰੇ ਨੇ ਬੋਨੋ ਦੀ ਕੰਪਨੀ ਵਲੋਂ ਹੋਕਾ ਦਿੱਤਾ ਸੀ : "ਸਕੀਮ ਖ਼ਤਮ ਹੋਣ ਤੱਕ ਰੱਜ ਕੇ ਖਰੀਦੋ !"[2]

ਮੈਨੂੰ ਖ਼ਿਆਲ ਆਇਆ ਕਿ ਸੈਚਸ ਨਾਲ ਗੱਲਬਾਤ ਕਰਨ ਵਾਲੇ ਬਹੁਤੇ ਪੱਤਰਕਾਰ ਸਹਾਇਤਾ ਧਨ ਉਗਰਾਹੁਣ ਦੇ ਇਸ ਨਵੇਂ ਢੰਗ ਬਾਰੇ ਸੁਪਰ ਸਟਾਰ ਅਰਥਸ਼ਾਸਤਰੀ ਦੇ ਵਿਚਾਰ ਜਾਨਣਾ ਚਾਹੁਣਗੇ। ਆਖ਼ਿਰ ਬੋਨੋ ਸੈਚਸ ਦਾ ਜ਼ਿਕਰ "ਮੇਰਾ ਪ੍ਰੋਫੈਸਰ" ਕਹਿ ਕੇ ਕਰਦਾ ਹੈ। ਜਦੋਂ ਮੈਂ ਕੋਲੰਬੀਆ ਯੂਨੀਵਰਸਿਟੀ 'ਚ ਸੈਚਸ ਦੇ ਦਫ਼ਤਰ 'ਚ ਵੜੀ ਤਾਂ ਦੋਵਾਂ ਦੀ ਤਸਵੀਰ ਨੇ ਮੇਰਾ ਸਵਾਗਤ ਕੀਤਾ (ਉਹ 2002 'ਚ ਹਾਵਰਡ ਛੱਡ ਗਿਆ ਸੀ)। ਦਾਨ ਦੀ ਇਸ ਕੁਲ ਚਕਾਚੌਂਧ ਦਰਮਿਆਨ, ਮੈਨੂੰ ਥੋੜ੍ਹਾ ਮਹਿਸੂਸ ਹੋਇਆ ਕਿ ਮੈਂ ਰੰਗ 'ਚ ਭੰਗ ਪਾ ਰਹੀ ਹਾਂ ਕਿਉਂਕਿ ਮੈਂ ਪ੍ਰੋਫੈਸਰ ਦੇ ਸਭ ਤੋਂ ਘੱਟ ਮਨਭਾਉਂਦੇ ਵਿਸ਼ੇ ਬਾਰੇ ਗੱਲ ਕਰਨਾ ਚਾਹੁੰਦੀ ਸੀ। ਜਿਸ ਤੋਂ ਖਿਝ ਕੇ ਉਹ ਪੱਤਰਕਾਰਾਂ ਦੇ ਗਲ ਪੈ ਜਾਂਦਾ ਹੈ ਅਤੇ ਅੱਧ-ਵਿਚਾਲੇ ਗੱਲਬਾਤ ਬੰਦ ਕਰਨ ਦੀ ਧਮਕੀ ਦੇਣ ਲੱਗਦਾ ਹੈ। ਮੈਂ ਰੂਸ ਅਤੇ ਉੱਥੇ ਕੀ ਗ਼ਲਤ ਹੋਇਆ ਇਸ ਬਾਰੇ ਗੱਲਬਾਤ ਕਰਨਾ ਚਾਹੁੰਦੀ ਸੀ।

ਇਹ ਰੂਸ ਹੀ ਸੀ ਜਿੱਥੇ, ਸਦਮਾ ਇਲਾਜ ਦੇ ਪਹਿਲੇ ਸਾਲ ਤੋਂ ਸੈਚਸ ਦੀ ਆਪਣੀ ਕਾਇਆਕਲਪ ਹੋਣੀ ਸ਼ੁਰੂ ਹੋ ਗਈ ਸੀ। ਉਹ ਵਿਸ਼ਵ ਪੱਧਰ ਦੇ ਸਦਮਾ ਡਾਕਟਰ ਤੋਂ ਕੰਗਾਲ ਦੇਸ਼ਾਂ ਲਈ ਸਹਾਇਤਾ ਰਕਮ 'ਚ ਵਾਧਾ ਕਰਾਉਣ ਵਾਲਾ ਦੁਨੀਆਂ ਦਾ ਸਭ ਤੋਂ ਮੂੰਹਫਟ ਮੁਹਿੰਮਬਾਜ਼ ਬਣ ਗਿਆ। ਇਸ ਤੋਂ ਅਗਲੇ ਸਾਲਾਂ ਵਿਚ, ਕੱਟੜ ਆਰਥਕ ਹਲਕਿਆਂ ਦੇ ਕਈ ਸਾਬਕਾ ਸਾਥੀਆਂ ਅਤੇ ਜੋਟੀਦਾਰਾਂ ਨਾਲ ਉਸ ਦੀ ਇਸ ਤਬਦੀਲੀ ਕਾਰਨ ਖੜਕੀ ਹੈ। ਜਿੱਥੋਂ ਤੱਕ ਸੈਚਸ ਦਾ ਸਬੰਧ ਹੈ, ਉਹ ਇਕੱਲਾ ਨਹੀਂ ਬਦਲਿਆ—ਮੰਡੀ ਅਧਾਰਤ ਆਰਥਿਕਤਾ ਵਿਕਸਤ ਕਰਨ 'ਚ ਇਨ੍ਹਾਂ ਦੇਸ਼ਾਂ ਦੀ ਸਹਾਇਤਾ ਕਰਨ ਲਈ ਉਹ ਹਮੇਸ਼ਾ ਵਚਨਬਧ ਰਿਹਾ ਸੀ। ਸਹਾਇਤਾ ਦੇ ਖੁੱਲ੍ਹੇ ਗੱਫੇ ਅਤੇ ਕਰਜਾ ਮਾਫ਼ੀ ਨਾਲ ਇਨ੍ਹਾਂ ਦਾ ਬੁੱਤਾ ਲੱਗ ਜਾਂਦਾ ਸੀ। ਆਈ ਐੱਮ ਐੱਫ ਅਤੇ ਅਮਰੀਕੀ ਖ਼ਜ਼ਾਨਾ ਵਿਭਾਗ ਨੂੰ ਭਾਈਵਾਲ ਬਣਾ ਕੇ ਉਹ ਆਪਣੇ ਟੀਚੇ ਪੂਰੇ ਕਰਦਾ ਰਿਹਾ। ਪਰ ਜਿਸ ਵਕਤ ਉਹ ਰੂਸ ਵਿਚ ਸੀ, ਚਰਚਾ ਦਾ ਰੁਖ਼ ਬਦਲ ਗਿਆ ਸੀ। ਅਧਿਕਾਰੀਆਂ ਦੇ ਜਿਸ ਰੁੱਖੇ ਵਤੀਰੇ ਨਾਲ ਉਸ ਨੂੰ ਸਦਮਾ ਪਹੁੰਚਿਆ ਸੀ ਉਹ ਉਸ ਵਤੀਰੇ ਵਿਰੁੱਧ ਡਟ ਗਿਆ ਅਤੇ ਇਸ ਤੋਂ ਉਹ ਵਾਸ਼ਿੰਗਟਨ ਦੀ ਆਰਥਕ ਸਥਾਪਤੀ ਨਾਲ ਹੋਰ ਵੀ ਟਕਰਾਅ 'ਚ ਪੈ ਗਿਆ।

ਹੁਣ ਦੇਖਿਆ ਜਾਵੇ ਤਾਂ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਰੂਸ ਸ਼ਿਕਾਗੋ ਸਕੂਲ ਦੇ ਜਹਾਦ

ਦੇ ਵਿਕਾਸ 'ਚ ਨਵੇਂ ਕਾਂਡ ਦੇ ਆਗਾਜ਼ ਦਾ ਸੂਚਕ ਸੀ। ਸੱਤਰਵਿਆਂ ਅਤੇ ਅੱਸੀਵਿਆਂ 'ਚ ਜਿਹੜੇ ਦੇਸ਼ ਸਦਮਾ ਇਲਾਜ ਦੀ ਪਹਿਲੀ ਪ੍ਰਯੋਗਸ਼ਾਲਾ ਬਣੇ ਸਨ, ਉਨ੍ਹਾਂ ਸਬੰਧੀ ਅਮਰੀਕੀ ਖ਼ਜ਼ਾਨਾ ਵਿਭਾਗ ਅਤੇ ਆਈ ਐੱਮ ਐੱਫ ਦੀ ਇੱਛਾ ਕੁਝ ਇਸ ਤਰ੍ਹਾਂ ਦੀ ਹੁੰਦੀ ਸੀ ਕਿ ਇਸ ਨੂੰ ਉੱਪਰੋਂ ਉੱਪਰੋਂ ਕਾਮਯਾਬ ਜ਼ਰੂਰ ਬਣਾਇਆ ਜਾਵੇ। ਕਿਉਂਕਿ ਇਹ ਤਜਰਬੇ ਸਨ ਅਤੇ ਇਨ੍ਹਾਂ ਨੇ ਹੋਰ ਦੇਸ਼ਾਂ ਲਈ ਮਿਸਾਲਾਂ ਬਣਨਾ ਸੀ। ਲਾਤੀਨੀ ਅਮਰੀਕਾ ਦੇ ਤਾਨਾਸ਼ਾਹ ਰਾਜਾਂ ਨੇ ਜਦੋਂ ਟਰੇਡ ਯੂਨੀਅਨਾਂ ਨੂੰ ਨਿਸ਼ਾਨਾ ਬਣਾਇਆ ਤਾਂ ਉਨ੍ਹਾਂ ਨੂੰ ਨਿਵਾਜ਼ਿਆ ਗਿਆ ਅਤੇ ਸਰਹੱਦਾਂ ਖੋਲ੍ਹ ਦੇਣ ਬਦਲੇ ਉਨ੍ਹਾਂ ਨੂੰ ਸਥਾਈ ਕਰਜੇ ਦਿੱਤੇ ਗਏ। ਸ਼ਿਕਾਗੋ ਸਕੂਲ ਦੇ ਕੱਟੜਵਾਦ ਤੋਂ ਹਟਵੇਂ ਚੱਲਣ ਦੇ ਬਾਵਜੂਦ ਉਨ੍ਹਾਂ ਨੂੰ ਕਰਜੇ ਦਿੱਤੇ ਗਏ। ਮਿਸਾਲ ਵਜੋਂ, ਚਿੱਲੀ ਨੇ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਤਾਂਬੇ ਦੀਆਂ ਖਾਣਾਂ ਉੱਪਰ ਰਾਜ ਦਾ ਕੰਟਰੋਲ ਬਰਕਰਾਰ ਰੱਖਿਆ ਅਤੇ ਅਰਜਨਟਾਈਨਾ ਦੇ ਫ਼ੌਜੀ ਗੁੱਟ ਨੇ ਨਿੱਜੀਕਰਨ ਦੀ ਰਫ਼ਤਾਰ ਨਹੀਂ ਵਧਾਈ। ਅੱਸੀਵਿਆਂ 'ਚ ਸਦਮਾ ਇਲਾਜ ਨੂੰ ਅਪਨਾਉਣ ਵਾਲੀ ਪਹਿਲੀ ਜਮਹੂਰੀਅਤ ਬੋਲੀਵੀਆ ਨੂੰ ਨਵੀਂ ਗਰਾਂਟ ਦਿੱਤੀ ਗਈ ਅਤੇ ਇਸ ਕਰਜੇ ਦਾ ਇਕ ਹਿੱਸਾ ਛੱਡ ਦਿੱਤਾ ਗਿਆ—ਇਹ ਨੱਬੇਵਿਆਂ 'ਚ ਗੋਨੀ ਵਲੋਂ ਨਿੱਜੀਕਰਨ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਦੀ ਗੱਲ ਹੈ। ਸਦਮਾ ਇਲਾਜ ਥੋਪਣ ਵਾਲੇ ਪੂਰਬੀ ਬਲਾਕ ਦੇ ਪਹਿਲੇ ਦੇਸ਼ ਪੋਲੈਂਡ ਲਈ ਸੈਚਸ ਨੂੰ ਲੋੜੀਂਦੇ ਕਰਜੇ ਲੈਣ 'ਚ ਕੋਈ ਮੁਸ਼ਕਲ ਨਹੀਂ ਆਈ ਅਤੇ ਜਦੋਂ ਮੂਲ ਯੋਜਨਾ ਦੇ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਤਾਂ ਨਿੱਜੀਕਰਨ ਦੇ ਵੱਡੇ ਅਮਲਾਂ ਦੀ ਚਾਲ ਮੱਠੀ ਕਰ ਦਿੱਤੀ ਗਈ ਅਤੇ ਇਹ ਲੜਖੜਾ ਗਏ।

ਰੂਸ ਦੀ ਗੱਲ ਵੱਖਰੀ ਸੀ। ਇੱਥੇ ਵਿਆਪਕ ਫੱਤਵਾ ਇਸ ਤਰ੍ਹਾਂ ਸੀ : "ਸਦਮਾ ਵੱਧ ਤੋਂ ਵੱਧ ਦਿਓ ਅਤੇ ਇਲਾਜ ਜਿੰਨਾ ਹੋ ਸਕੇ ਓਨਾ ਥੋੜ੍ਹਾ ਕਰੋ।" ਪੱਛਮੀ ਤਾਕਤਾਂ ਸਿਰੇ ਦੇ ਤਕਲੀਫ਼ਦੇਹ "ਸੁਧਾਰਾਂ" ਦੀ ਮੰਗ ਨੂੰ ਵੱਧ ਤੋਂ ਵੱਧ ਦਰਦਨਾਕ ਬਣਾਉਣ ਦੀ ਮੰਗ ਉੱਪਰ ਪੂਰੀ ਤਰ੍ਹਾਂ ਅੜੀਆਂ ਰਹੀਆਂ ਅਤੇ ਇਨ੍ਹਾਂ ਦੇ ਇਵਜ਼ 'ਚ ਸਹਾਇਤਾ ਦੀ ਰਕਮ ਦੇਣ ਸਮੇਂ ਪੂਰੀ ਕੰਜੂਸੀ ਵਰਤੀ ਗਈ। ਇੱਥੋਂ ਤੱਕ ਕਿ ਪਿਨੋਚੇ ਨੇ ਬਹੁਤ ਜ਼ਿਆਦਾ ਗਰੀਬ ਬੱਚਿਆਂ ਦੇ ਖਾਣੇ ਦੇ ਪ੍ਰੋਗਰਾਮ ਬਦਲੇ ਸਦਮਾ ਇਲਾਜ ਦੀ ਪੀੜ ਚੁੱਪਚਾਪ ਸਹਿ ਲਈ ਸੀ। ਵਾਸ਼ਿੰਗਟਨ ਦੇ ਸ਼ਾਹੂਕਾਰਾਂ ਨੂੰ ਯੇਲਤਸਿਨ ਸਰਕਾਰ ਨੂੰ ਇਸ ਤਰ੍ਹਾਂ ਦੀ ਸਹਾਇਤਾ ਦੇਣ ਦਾ ਕੋਈ ਕਾਰਨ ਨਜ਼ਰ ਨਹੀਂ ਆਇਆ, ਇਸ ਦੀ ਬਜਾਏ ਦੇਸ਼ ਨੂੰ ਬਲਦੀ ਦੇ ਬੁੱਥੇ ਦੇ ਦਿੱਤਾ ਗਿਆ।

ਸੈਚਸ ਨਾਲ ਰੂਸ ਬਾਰੇ ਬਹੁਤੀ ਚਰਚਾ ਕਰਨਾ ਅਸਾਨ ਨਹੀਂ ਹੈ। ਮੈਂ ਗੱਲਬਾਤ ਨੂੰ ਉਸ ਵਲੋਂ ਖ਼ੁਦ ਨੂੰ ਜਾਇਜ਼ ਠਹਿਰਾਉਣ ਤੋਂ ਪਰੇ ਲਿਜਾਉਣ ਦੀ ਆਸ ਕਰ ਰਹੀ ਸੀ। (ਉਹ ਮੈਨੂੰ ਕਹਿਣ ਲੱਗਾ, "ਮੈਂ ਸਹੀ ਸੀ ਅਤੇ ਉਹ ਪੂਰੀ ਤਰ੍ਹਾਂ ਗ਼ਲਤ ਸਨ।" ਫੇਰ ਕਹਿੰਦਾ, "ਮੈਨੂੰ ਨਾ ਪੁੱਛੋ, ਲੈਰੀ ਸਮਰਜ਼ ਨੂੰ ਪੁੱਛੋ, ਬੌਬ ਰੂਬਿਨ ਨੂੰ ਪੁੱਛੋ; ਕਲਿੰਟਨ ਨੂੰ ਪੁੱਛੋ, ਚੈਨੀ ਨੂੰ ਪੁੱਛੋ ਕਿ ਜਿਸ ਤਰੀਕੇ ਨਾਲ ਰੂਸ ਨੂੰ ਚਲਾਇਆ ਗਿਆ ਉਸ ਤੋਂ ਉਹ ਕਿੰਨੇ ਖੁਸ਼ ਸਨ"।) ਮੈਂ ਉਸ ਦੀ ਇਸ ਹਕੀਕੀ ਨਿਰਾਸ਼ਤਾ ਤੋਂ ਵੀ ਪਾਰ ਜਾਣਾ ਚਾਹੁੰਦੀ ਸੀ ("ਮੈਂ ਉਸ ਸਮੇਂ ਕੁਝ ਕਰਨ ਦਾ ਯਤਨ ਕਰ ਰਿਹਾ ਸੀ, ਜੋ ਪੂਰੀ ਤਰ੍ਹਾਂ ਬੇਅਰਥ ਸਾਬਤ ਹੋਇਆ")। ਮੇਰਾ ਉਦੇਸ਼ ਇਸ ਨੂੰ ਹੋਰ ਬਿਹਤਰ ਰੂਪ 'ਚ ਸਮਝਣਾ ਸੀ ਕਿ ਜੈਫਰੀ ਸੈਚਸ ਰੂਸ ਵਿਚ ਐਨਾ ਨਾਕਾਮਯਾਬ ਕਿਉਂ ਹੋਇਆ, ਉਸ ਦੀ ਮਸ਼ਹੂਰ ਕਿਸਮਤ ਨੇ ਇਸ ਖ਼ਾਸ ਜਗ੍ਹਾ ਉਸ ਦਾ ਸਾਥ ਕਿਉਂ ਨਾ ਦਿੱਤਾ।

ਸੈਚਸ ਹੁਣ ਕਹਿੰਦਾ ਹੈ ਕਿ ਜਦੋਂ ਉਹ ਮਾਸਕੋ ਅੱਪੜਿਆ ਸੀ ਓਦੋਂ ਹੀ ਉਸ ਨੂੰ ਮਹਿਸੂਸ ਹੋ ਗਿਆ ਸੀ ਕਿ ਇੱਥੇ ਹਾਲਤ ਵੱਖਰੀ ਹੈ। "ਸ਼ੁਰੂ 'ਚ ਹੀ ਮੈਨੂੰ ਅੜਿੱਕਾ ਮਹਿਸੂਸ ਹੋਣਾ ਸ਼ੁਰੂ ਹੋ

ਗਿਆ ਸੀ...ਸ਼ੁਰੂ ਤੋਂ ਹੀ ਮੈਨੂੰ ਗੁੱਸਾ ਆਉਣਾ ਸ਼ੁਰੂ ਹੋ ਗਿਆ ਸੀ।" ਉਸ ਦਾ ਕਹਿਣਾ ਸੀ ਰੂਸ ਨੂੰ "ਇਕ ਸਭ ਤੋਂ ਤਿੱਖੇ ਅਤੇ ਅਸਥਿਰਤਾ ਵਾਲੇ ਘੋਰ ਵਿਆਪਕ ਆਰਥਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਮੈਂ ਆਪਣੀ ਜ਼ਿੰਦਗੀ 'ਚ ਇਸ ਤਰ੍ਹਾਂ ਦਾ ਸੰਕਟ ਪਹਿਲੀ ਵਾਰ ਦੇਖਿਆ ਸੀ।" ਜਿੱਥੋਂ ਤੱਕ ਉਸ ਦਾ ਸਬੰਧ ਸੀ ਰਾਹ ਸਪਸ਼ਟ ਸੀ : ਉਹ ਸਦਮਾ ਇਲਾਜ ਵਾਲੇ ਉਹੀ ਉਪਾਅ ਕਰਨ ਦਾ ਮਸ਼ਵਰਾ ਦੇ ਰਿਹਾ ਸੀ ਜੋ ਉਸ ਨੇ ਪੋਲੈਂਡ ਨੂੰ ਦਿੱਤੇ ਸਨ : 'ਮੰਡੀਆਂ ਦੀਆਂ ਬੁਨਿਆਦੀ ਤਾਕਤਾਂ ਨੂੰ ਤੇਜ਼ੀ ਨਾਲ ਹਰਕਤ 'ਚ ਲਿਆਓ—ਨਾਲ ਹੀ ਬਹੁਤ ਸਾਰੀ ਸਹਾਇਤਾ ਦਾ ਬੰਨ੍ਹ ਉਸਾਰੋ।' "ਮੈਂ 30 ਅਰਬ ਡਾਲਰ ਬਾਰੇ ਸੋਚ ਰਿਹਾ ਸੀ, 15 ਅਰਬ ਡਾਲਰ ਮੋਟੇ ਤੌਰ 'ਤੇ ਰੂਸ ਲਈ ਅਤੇ 15 ਅਰਬ ਗਣਰਾਜਾਂ ਲਈ ਤਾਂ ਜੋ ਸ਼ਾਂਤਮਈ ਅਤੇ ਜਮਹੂਰੀ ਤਬਦੀਲੀ ਦਾ ਅਮਲ ਚਲਾਇਆ ਜਾ ਸਕੇ।"

ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਉਨ੍ਹਾਂ ਜ਼ਾਲਮ ਨੀਤੀਆਂ ਦਾ ਸਵਾਲ ਆਉਂਦਾ ਹੈ ਜੋ ਸੈਚਸ ਨੇ ਪੋਲੈਂਡ ਅਤੇ ਰੂਸ ਦੋਵਾਂ ਵਿਚ ਥੋਪੀਆਂ ਤਾਂ ਸੈਚਸ ਨੂੰ ਚੁਣਵੀਆਂ ਗੱਲਾਂ ਹੀ ਚੇਤੇ ਹਨ। ਗੱਲਬਾਤ 'ਚ ਉਹ ਫਟਾਫਟ ਨਿੱਜੀਕਰਨ ਅਤੇ ਵੱਡੀਆਂ ਕਟੌਤੀਆਂ ਕਰਨ ਦੇ ਆਪਣੇ ਹੀ ਹੋਕਰਿਆਂ ਤੋਂ ਵਾਰ-ਵਾਰ ਮੁੱਕਰਦਾ ਰਿਹਾ (ਸੰਖੇਪ 'ਚ, ਹੁਣ ਉਹ ਇਸ ਤੋਂ ਮੁਕਰ ਰਿਹਾ ਸੀ ਕਿ ਉਸ ਨੇ ਸਦਮਾ ਇਲਾਜ ਲਫ਼ਜ਼ ਵਰਤਿਆ ਸੀ, ਉਹ ਦਾਅਵਾ ਕਰਦਾ ਹੈ ਕਿ ਉਹ ਤਾਂ ਸਿਰਫ਼ ਕੀਮਤ ਨੀਤੀਆਂ ਨੂੰ ਸੀਮਤ ਕਰਨ ਲਈ ਕਹਿ ਰਿਹਾ ਸੀ ਨਾ ਕਿ ਦੇਸ਼ ਦਾ ਥੋਕ ਰੂਪ 'ਚ ਮੂੰਹ-ਮੁਹਾਂਦਰਾ ਬਦਲਣ ਲਈ)। ਜਿਵੇਂ ਉਸ ਨੂੰ ਆਪਣੀ ਭੂਮਿਕਾ ਚੇਤੇ ਹੈ, ਉਸ ਅਨੁਸਾਰ ਸਦਮਾ ਇਲਾਜ ਨੇ ਛੋਟੀ ਭੂਮਿਕਾ ਨਿਭਾਈ, ਕਿ ਵਿਸ਼ੇਸ਼ ਜ਼ੋਰ ਤਾਂ ਤਕਰੀਬਨ ਫੰਡ ਹਾਸਲ ਕਰਨ 'ਤੇ ਕੇਂਦਰਤ ਸੀ। ਉਹ ਕਹਿੰਦਾ ਹੈ ਕਿ ਪੋਲੈਂਡ ਸਬੰਧੀ ਉਸ ਦੀ ਯੋਜਨਾ "ਸਥਿਰਤਾ ਲਿਆਉਣ ਲਈ ਫੰਡ ਦੇਣ, ਕਰਜੇ ਰੱਦ ਕਰਨ, ਥੋੜ੍ਹ ਚਿਰੀ ਵਿਤੀ ਮਦਦ ਦੇਣ ਅਤੇ ਪੱਛਮੀ ਯੂਰਪੀ ਆਰਥਿਕਤਾ ਨਾਲ ਜੁੜਨ ਦੀ ਸੀ...। ਜਦੋਂ ਯੇਲਤਸਿਨ ਦੀ ਟੀਮ ਨੇ ਮੈਨੂੰ ਮਦਦ ਕਰਨ ਲਈ ਕਿਹਾ, ਮੈਂ ਬੁਨਿਆਦੀ ਤੌਰ 'ਤੇ ਇਹੀ ਤਜਵੀਜ਼ ਰੱਖੀ ਸੀ।"•

ਸੈਚਸ ਵਲੋਂ ਦਿੱਤੇ ਵੇਰਵੇ ਦੇ ਅਹਿਮ ਤੱਥ ਬਾਰੇ ਕੋਈ ਰੱਟਾ ਨਹੀਂ ਹੈ : ਰੂਸ ਲਈ ਉਸ ਦੀ ਯੋਜਨਾ ਦੀ ਮੁੱਖ ਟੇਕ ਵੱਡੇ ਪੱਧਰ 'ਤੇ ਸਹਾਇਤਾ ਹਾਸਲ ਕਰਨ ਉੱਪਰ ਸੀ—ਇਸ ਪੂਰੇ ਪ੍ਰੋਗਰਾਮ ਮੂਹਰੇ ਝੁਕ ਜਾਣ ਦਾ ਯੇਲਤਸਿਨ ਨੂੰ ਇਹੀ ਤਾਂ ਲਾਹਾ ਹੋਇਆ ਸੀ। ਸੈਚਸ ਕਹਿੰਦਾ ਹੈ, ਉਸ ਨੇ ਆਪਣੀ ਸੋਚ ਮਾਰਸ਼ਲ ਯੋਜਨਾ ਨੂੰ ਮੁੱਖ ਰੱਖ ਕੇ ਬਣਾਈ ਸੀ, 12.6 ਅਰਬ ਡਾਲਰ (ਅੱਜ ਦੇ ਡਾਲਰਾਂ ਦੇ ਹਿਸਾਬ ਨਾਲ 130 ਅਰਬ ਡਾਲਰ) ਰਕਮ ਜੋ ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਨੇ ਯੂਰਪ ਨੂੰ ਬੁਨਿਆਦੀ ਢਾਂਚੇ ਅਤੇ ਸਨਅਤ ਦੀ ਮੁੜ ਉਸਾਰੀ ਕਰਨ ਲਈ ਦਿੱਤੀ ਸੀ। ਇਸ ਸਕੀਮ ਨੂੰ ਵਾਸ਼ਿੰਗਟਨ ਦੀ ਸਭ ਤੋਂ ਕਾਮਯਾਬ ਕੂਟਨੀਤਕ ਪਹਿਲਕਦਮੀ ਮੰਨਿਆ ਗਿਆ।[3] ਸੈਚਸ ਅਨੁਸਾਰ ਮਾਰਸ਼ਲ ਯੋਜਨਾ ਨੇ ਸਾਬਤ ਕੀਤਾ ਕਿ "ਜਦੋਂ ਕਿਸੇ ਦੇਸ਼ ਵਿਚ ਸਭ ਕੁਝ

• ਜਿਵੇਂ ਜੌਹਨ ਕੈਸਿਡੀ ਨੇ 2005 ਦੇ *ਨਿਊ ਯਾਰਕਰ ਵਿਚ ਇਕ ਰੇਖਾ-ਚਿੱਤਰ* 'ਚ ਟਿੱਪਣੀ ਕੀਤੀ ਸੀ, "ਤੱਥ ਇਹ ਹੈ ਕਿ ਪੋਲੈਂਡ ਅਤੇ ਰੂਸ ਦੋਵੇਂ ਥਾਈਂ ਸੈਚਸ ਹੌਲੀ ਹੌਲੀ ਤਬਦੀਲੀ ਅਤੇ ਸੰਸਥਾਵਾਂ ਦੀ ਉਸਾਰੀ ਨੂੰ ਅਧਾਰ ਬਣਾ ਕੇ ਵੱਡੇ ਪੱਧਰ 'ਤੇ ਸਮਾਜਿਕ ਰੱਦੋ-ਬਦਲ ਦੇ ਹੱਕ 'ਚ ਸੀ। ਨਿੱਜੀਕਰਨ ਦੀ ਤਬਾਹਕੁਨ ਨੀਤੀ ਇਸ ਦੀ ਮਿਸਾਲ ਹੈ। ਭਾਵੇਂ ਬਹੁਤਾ ਨਿੱਜੀਕਰਨ 1994 ਦੇ ਅਖ਼ੀਰ 'ਚ ਸੈਚਸ ਦੇ ਰੂਸ ਤੋਂ ਚਲੇ ਜਾਣ ਤੋਂ ਬਾਅਦ ਹੋਇਆ, ਪਰ ਮੂਲ ਨੀਤੀ ਚੌਖਟਾ 1992 ਅਤੇ 1993 'ਚ ਓਦੋਂ ਤੈਅ ਕੀਤਾ ਗਿਆ ਸੀ, ਜਦੋਂ ਉਹ ਹਾਲੇ ਉੱਥੇ ਹੀ ਸੀ।"

ਉਲਟ-ਪੁਲਟ ਹੋਇਆ ਹੁੰਦਾ ਹੈ, ਤੁਸੀਂ ਉਸ ਤੋਂ ਖ਼ੁਦ ਹੀ ਸਹੀ ਤਰੀਕੇ ਨਾਲ ਪੈਰਾਂ 'ਤੇ ਖੜ੍ਹ ਜਾਣ ਦੀ ਆਸ ਨਹੀਂ ਕਰ ਸਕਦੇ। ਇਸ ਕਰਕੇ ਮੇਰੇ ਲਈ ਮਾਰਸ਼ਲ ਯੋਜਨਾ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਕਿਵੇਂ ਥੋੜ੍ਹੀ ਮਾਤਰਾ 'ਚ ਦਿੱਤੇ ਪੈਸੇ ਨੇ (ਯੂਰਪ ਦੀ) ਆਰਥਿਕਤਾ ਦੇ ਮੁੜ ਪੈਰਾਂ 'ਤੇ ਖੜ੍ਹੇ ਹੋਣ ਦੀ ਬੁਨਿਆਦ ਰੱਖ ਦਿੱਤੀ।" ਸ਼ੁਰੂ 'ਚ ਸੈਚਸ ਨੂੰ ਇਹ ਜਚਿਆ ਹੋਇਆ ਸੀ ਕਿ ਵਾਸ਼ਿੰਗਟਨ 'ਚ ਰੂਸ ਨੂੰ ਕਾਮਯਾਬ ਸਰਮਾਏਦਾਰਾ ਆਰਥਿਕਤਾ 'ਚ ਕਾਇਆਕਲਪ ਕਰ ਦੇਣ ਦੀ ਉਸੇ ਤਰ੍ਹਾਂ ਦੀ ਇੱਛਾ ਸ਼ਕਤੀ ਹੈ, ਜਿਸ ਤਰ੍ਹਾਂ ਦੀ ਖ਼ਰੀ ਵਚਨਬੱਧਤਾ ਉਸ 'ਚ ਦੂਜੀ ਸੰਸਾਰ ਜੰਗ ਤੋਂ ਬਾਅਦ ਪੱਛਮੀ ਜਰਮਨੀ ਅਤੇ ਜਪਾਨ ਪ੍ਰਤੀ ਸੀ।

ਸੈਚਸ ਨੂੰ ਭਰੋਸਾ ਸੀ ਕਿ ਉਹ ਅਮਰੀਕੀ ਖ਼ਜ਼ਾਨਾ ਵਿਭਾਗ ਅਤੇ ਆਈ ਐੱਮ ਐੱਫ ਨੂੰ ਥਾਪੀ ਦੇ ਕੇ ਇਨ੍ਹਾਂ ਤੋਂ ਨਵੀਂ ਮਾਰਸ਼ਲ ਯੋਜਨਾ ਬਣਵਾ ਲਏਗਾ ਅਤੇ ਉਸ ਦਾ ਇਸ ਤਰ੍ਹਾਂ ਸੋਚਣਾ ਬਿਨਾ ਵਜ੍ਹਾ ਨਹੀਂ ਸੀ। *ਨਿਊ ਯਾਰਕ ਟਾਈਮਜ਼* ਨੇ ਉਸ ਨੂੰ ਇਸ ਸਮੇਂ "ਸ਼ਾਇਦ ਦੁਨੀਆਂ ਦਾ ਸਭ ਤੋਂ ਅਹਿਮ ਅਰਥਸ਼ਾਸਤਰੀ" ਕਿਹਾ ਸੀ।[4] ਉਸ ਨੇ ਚੇਤੇ ਕੀਤਾ ਕਿ ਜਦੋਂ ਉਹ ਪੋਲੈਂਡ ਸਰਕਾਰ ਦਾ ਸਲਾਹਕਾਰ ਸੀ ਓਦੋਂ ਉਸ ਨੇ "ਵਾਈਟ ਹਾਊਸ ਕੋਲੋਂ ਇਕ ਦਿਨ 'ਚ 1 ਅਰਬ ਡਾਲਰ ਦਾ ਜੁਗਾੜ ਕਰ ਲਿਆ ਸੀ।" ਸੈਚਸ ਨੇ ਮੈਨੂੰ ਦੱਸਿਆ, ਪਰ "ਜਦੋਂ ਮੈਂ ਰੂਸ ਸਬੰਧੀ ਇਹੀ ਸਲਾਹ ਦਿੱਤੀ ਓਦੋਂ ਉੱਕਾ ਹੀ ਦਿਲਚਸਪੀ ਨਹੀਂ ਲਈ ਗਈ। ਬਿਲਕੁਲ ਹੀ ਨਹੀਂ। ਅਤੇ ਆਈ ਐੱਮ ਐੱਫ ਵਾਲੇ ਮੈਨੂੰ ਇੰਞ ਘੂਰ ਰਹੇ ਸਨ ਜਿਵੇਂ ਮੈਂ ਸ਼ੁਦਾਈ ਹੋਵਾਂ।"

ਭਾਵੇਂ ਵਾਸ਼ਿੰਗਟਨ ਵਿਚ ਯੇਲਤਸਿਨ ਅਤੇ ਉਸ ਦੇ ਸ਼ਿਕਾਗੋ ਵਾਲੇ ਮੁੰਡਿਆਂ ਦੇ ਬਥੇਰੇ ਕਦਰਦਾਨ ਬੈਠੇ ਸਨ, ਪਰ ਜਿਸ ਤਰ੍ਹਾਂ ਦੀ ਮਦਦ ਦੀ ਮੰਗ ਉਹ ਕਰ ਰਹੇ ਸਨ ਕੋਈ ਕਰਨ ਲਈ ਤਿਆਰ ਨਹੀਂ ਸੀ। ਇਸ ਦਾ ਅਰਥ ਸੀ ਕਿ ਸੈਚਸ ਰੂਸ ਸਬੰਧੀ ਮਜ਼ਬੂਤ ਨੀਤੀਆਂ ਦਾ ਹਮਾਇਤੀ ਸੀ, ਪਰ ਉਹ ਸੌਦੇਬਾਜ਼ੀ ਨੂੰ ਆਪਣੇ ਹੱਕ 'ਚ ਮੋੜਾ ਨਹੀਂ ਦੇ ਸਕਿਆ। ਇਸ ਸਮੇਂ ਉਹ ਸਵੈ-ਪੜਚੋਲ ਦੇ ਨੇੜੇ-ਤੇੜੇ ਪਹੁੰਚ ਗਿਆ। ਜਦੋਂ ਰੂਸ ਢਹਿ ਢੇਰੀ ਹੋ ਰਿਹਾ ਸੀ "ਮੇਰੀ ਸਭ ਤੋਂ ਵੱਡੀ ਨਿੱਜੀ ਗ਼ਲਤੀ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੂੰ ਇਹ ਕਹਿਣਾ ਸੀ 'ਫ਼ਿਕਰ ਨਾ ਕਰੋ; ਸਹਾਇਤਾ ਆਈ ਸਮਝੋ।' ਮੈਨੂੰ ਪੂਰਾ ਭਰੋਸਾ ਸੀ ਕਿ ਇਹ ਸਹਾਇਤਾ ਬਹੁਤ ਅਹਿਮ ਹੈ। ਇਹ ਪੱਛਮ ਲਈ ਵੀ ਬਹੁਤ ਅਹਿਮ ਸੀ। ਮੈਂ ਗ਼ਲਤ ਸਮਝ ਲਿਆ ਕਿ ਇਸ ਨੂੰ ਹੁਣ ਵੀ ਉਸੇ ਤਰ੍ਹਾਂ ਅਹਿਮ ਅਤੇ ਬੁਨਿਆਦੀ ਮੰਨਿਆ ਜਾਂਦਾ ਹੈ ਜਿਵੇਂ ਪਹਿਲਾਂ ਸਮਝਿਆ ਜਾਂਦਾ ਰਿਹਾ ਹੈ।"[5] ਸਮੱਸਿਆ ਸਿਰਫ਼ ਇਹ ਨਹੀਂ ਸੀ ਕਿ ਆਈ ਐੱਮ ਐੱਫ ਅਤੇ ਖ਼ਜ਼ਾਨਾ ਵਿਭਾਗ ਨੇ ਸੈਚਸ ਦੀ ਗੱਲ ਨਹੀਂ ਸੁਣੀ, ਸਗੋਂ ਇਹ ਸੀ ਕਿ ਸੈਚਸ ਨੇ ਉਨ੍ਹਾਂ ਤੋਂ ਸਹਾਇਤਾ ਦੀ ਗਾਰੰਟੀ ਲਏ ਬਗ਼ੈਰ ਹੀ ਸਦਮਾ ਇਲਾਜ ਦੀ ਧੁਸ ਦੇ ਦਿੱਤੀ ਸੀ—ਇਸ ਜ਼ੋਖ਼ਮ ਦੀ ਦਹਿ-ਲੱਖਾਂ ਲੋਕਾਂ ਨੂੰ ਭਾਰੀ ਕੀਮਤ ਦੇਣੀ ਪਈ।

ਜਦੋਂ ਮੈਂ ਸੈਚਸ ਦਾ ਧਿਆਨ ਆਪਣੇ ਸਵਾਲ ਵੱਲ ਦੁਬਾਰਾ ਲਿਆਂਦਾ ਤਾਂ ਉਸ ਨੇ ਮੁੜ ਦੁਹਰਾਇਆ ਕਿ ਅਸਲ ਵਿਚ ਉਹ ਵਾਸ਼ਿੰਗਟਨ ਦੇ ਸਿਆਸੀ ਮਿਜ਼ਾਜ ਨੂੰ ਸਹੀ ਤਰ੍ਹਾਂ ਬੁੱਝ ਨਹੀਂ ਸਕਿਆ। ਉਸ ਨੂੰ ਜਾਰਜ ਐੱਚ ਡਬਲਯੂ ਬੁਸ਼ ਦੇ ਰਾਜ ਦੌਰਾਨ ਅਮਰੀਕੀ ਬਦੇਸ਼ ਮੰਤਰੀ ਲਾਰੈਂਸ ਈਗਲਬਰਜ਼ਰ ਨਾਲ ਕੀਤੀ ਚਰਚਾ ਚੇਤੇ ਆ ਗਈ। ਸੈਚਸ ਨੇ ਆਪਣਾ ਪੱਖ ਰੱਖਿਆ : ਜੇ ਰੂਸ ਨੂੰ ਆਰਥਕ ਗੜਬੜ-ਚੌਥ 'ਚ ਹੋਰ ਧਸਣ ਦੀ ਇਜਾਜ਼ਤ ਦਿੱਤੀ ਗਈ ਤਾਂ ਐਸੇ ਜਿੰਨ ਬੋਤਲ ਵਿਚੋਂ ਨਿਕਲ ਆਉਣਗੇ ਜਿਨ੍ਹਾਂ ਨੂੰ ਕਾਬੂ ਕਰਨਾ ਕਿਸੇ ਦੇ ਵੱਸ ਦੀ ਗੱਲ ਨਹੀਂ ਰਹਿਣੀ—ਵਿਆਪਕ ਭੁੱਖਮਰੀ, ਕੌਮਵਾਦ ਦਾ ਮੁੜ ਉਭਾਰ, ਇੱਥੋਂ ਤੱਕ ਕਿ ਫਾਸ਼ੀਵਾਦ। ਜਿੱਥੇ ਪ੍ਰਮਾਣੂ ਹਥਿਆਰ ਸਚਮੁਚ ਵਾਧੂ ਹੋਣ ਐਸੇ ਦੇਸ਼ 'ਚ ਅਜਿਹਾ ਹੋਣ ਦੇਣਾ ਕੋਈ ਅਕਲਮੰਦੀ ਨਹੀਂ

ਹੋਵੇਗੀ। ਈਗਲਬਰਜ਼ਰ ਨੇ ਜਵਾਬ ਦਿੱਤਾ, "ਹੋ ਸਕਦਾ ਹੈ ਤੁਹਾਡਾ ਵਿਸ਼ਲੇਸ਼ਣ ਸਹੀ ਹੋਵੇ, ਪਰ ਇਸ ਤਰ੍ਹਾਂ ਨਹੀਂ ਹੋਣ ਲੱਗਿਆ।" ਫੇਰ ਉਸ ਨੇ ਸੈਚਸ ਨੂੰ ਪੁੱਛਿਆ, "ਤੈਨੂੰ ਪਤੈ ਇਹ ਸਾਲ ਕਿਹੜਾ ਹੈ? "

ਇਹ 1992 ਸੀ, ਅਮਰੀਕਾ 'ਚ ਚੋਣਾਂ ਦਾ ਸਾਲ ਜਿਸ ਵਿਚ ਬਿਲ ਕਲਿੰਟਨ ਨੇ ਬੁਸ਼ ਸੀਨੀਅਰ ਨੂੰ ਹਰਾਉਣਾ ਸੀ। ਕਲਿੰਟਨ ਦੀ ਮੁਹਿਮ ਦਾ ਮੂਲ ਮੁੱਦਾ ਹੀ ਇਹ ਸੀ ਕਿ ਬੁਸ਼ ਨੇ ਬਦੇਸ਼ਾਂ 'ਚ ਵਾਹ-ਵਾਹ ਖੱਟਣ ਲਈ ਦੇਸ਼ ਦੀਆਂ ਆਰਥਕ ਮੁਸ਼ਕਲਾਂ ਨੂੰ ਅੱਖੋਂ ਪਰੋਖੇ ਕੀਤਾ ਸੀ ("ਇਹ ਆਰਥਿਕਤਾ ਹੈ, ਬੇਵਕੂਫ਼ਾ")। ਸੈਚਸ ਦਾ ਵਿਸ਼ਵਾਸ ਹੈ ਕਿ ਰੂਸ ਅਮਰੀਕਾ ਦੀ ਇਸ ਘਰੇਲੂ ਲੜਾਈ ਦਾ ਸ਼ਿਕਾਰ ਹੋਇਆ ਸੀ। ਫੇਰ ਉਹ ਕਹਿੰਦਾ ਹੈ ਕਿ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਵਿਚ ਕਿਸੇ ਹੋਰ ਚੀਜ਼ ਦੀ ਵੀ ਭੂਮਿਕਾ ਰਹੀ ਸੀ : ਵਾਸ਼ਿੰਗਟਨ 'ਚ ਸੱਤਾ ਲਈ ਲੜ ਰਹੇ ਬਹੁਤੇ ਗੁਮਾਸ਼ਤੇ ਹਾਲੇ ਵੀ ਠੰਢੀ ਜੰਗ ਲੜ ਰਹੇ ਸਨ, ਐਸੀ ਫ਼ੈਸਲਾਕੁਨ ਜਿੱਤ ਜਿਸ ਨਾਲ ਅਮਰੀਕਾ ਦੀ ਸਰਦਾਰੀ ਪੱਕੀ ਹੁੰਦੀ ਸੀ। "ਮੇਰੀ ਸੋਚ ਇਸ ਤਰ੍ਹਾਂ ਦੀ ਨਹੀਂ ਸੀ," ਸੈਚਸ ਨੇ ਮੈਨੂੰ ਉਸੇ ਤਰ੍ਹਾਂ ਲੜਖੜਾਉਂਦੇ ਅੰਦਾਜ਼ 'ਚ ਦੱਸਿਆ ਜਿਵੇਂ ਉਹ ਅਕਸਰ ਬੋਲਦਾ ਹੈ, *ਦੀ ਸੋਪਰੈਨੋਸ* ਦੀ ਅਠਾਰਵੀਂ ਕਿਸ਼ਤ ਵਿਚਲੇ ਸਕਾਊਟ ਮੁੰਡੇ ਵਾਲੇ ਅੰਦਾਜ਼ 'ਚ। "ਮੇਰੇ ਲਈ ਇਹ ਦਰੁਸਤ ਸੀ; 'ਮਹਾਨ ਚੀਜ਼, ਇਹ ਇਸ ਘਿਣਾਉਣੇ ਨਿਜ਼ਾਮ ਦਾ ਅੰਤ ਹੈ। ਆਓ, ਰੂਸੀਆਂ ਦੀ ਸਚਮੁਚ ਮਦਦ ਕਰੀਏ। ਇੱਥੇ ਸਭ ਕੁਝ ਝੋਕ ਦੇਈਏ....।' ਪਿਛਲਝਾਤ ਮਾਰਦਿਆਂ ਮੈਨੂੰ ਯਕੀਨ ਹੈ ਕਿ ਨੀਤੀ ਬਣਾਉਣ ਵਾਲਿਆਂ ਦੀ ਸੋਚ ਨੇ ਇਸ ਨੂੰ ਝੱਲ ਸਮਝਿਆ ਹੋਵੇਗਾ।"

ਆਪਣੀ ਨਾਕਾਮਯਾਬੀ ਦੇ ਬਾਵਜੂਦ ਸੈਚਸ ਇਹ ਮਹਿਸੂਸ ਨਹੀਂ ਕਰਦਾ ਕਿ ਇਸ ਸਮੇਂ ਦੀ ਰੂਸ ਪ੍ਰਤੀ ਨੀਤੀ ਦਾ ਸੰਚਾਲਨ ਖੁੱਲ੍ਹੀ ਮੰਡੀ ਦੀ ਵਿਚਾਰਧਾਰਾ ਕਰਦੀ ਸੀ। ਉਸ ਦਾ ਕਹਿਣਾ ਸੀ, ਜ਼ਿਆਦਾਤਰ ਇਹ "ਮਹਿਜ਼ ਸੁਸਤੀ" ਨੂੰ ਦਰਸਾਉਂਦਾ ਸੀ। ਰੂਸ ਨੂੰ ਮਦਦ ਦਿੱਤੀ ਜਾਵੇ ਜਾਂ ਇਸ ਨੂੰ ਪੂਰੀ ਤਰ੍ਹਾਂ ਮੰਡੀ ਦੇ ਹਵਾਲੇ ਕਰ ਦਿੱਤਾ ਜਾਵੇ ਇਸ ਬਾਰੇ ਜੇ ਭਖਵੀਂ ਬਹਿਸ ਕੀਤੀ ਜਾਂਦੀ ਤਾਂ ਉਸ ਨੇ ਇਸ ਨੂੰ ਜੀ ਆਇਆਂ ਕਹਿਣਾ ਸੀ। ਇਸ ਦੇ ਉਲਟ, ਸਾਰਿਆਂ ਨੇ ਹਿਕਾਰਤ ਨਾਲ ਇਸ ਨੂੰ ਟਾਲ ਦਿੱਤਾ। ਉਸ ਦਾ ਕਹਿਣਾ ਸੀ ਕਿ ਉਹ ਬਹੁਤ ਹੀ ਅਹਿਮ ਫ਼ੈਸਲਿਆਂ ਬਾਰੇ ਗੰਭੀਰ ਛਾਣ-ਬੀਣ ਅਤੇ ਬਹਿਸ ਦੀ ਅਣਹੋਂਦ ਤੋਂ ਹੈਰਾਨ ਸੀ। "ਮੇਰੇ ਅਨੁਸਾਰ ਇੱਥੇ ਭਾਰੂ ਚੀਜ਼ ਯਤਨਾਂ ਦੀ ਘਾਟ ਹੀ ਸੀ। ਘੱਟੋ-ਘੱਟ ਇਸ 'ਤੇ ਦੋ ਦਿਨ ਲਾ ਕੇ ਬਹਿਸ ਤਾਂ ਕਰੀਏ—ਖ਼ੈਰ, ਅਸੀਂ ਕਦੇ ਇਹ ਵੀ ਨਹੀਂ ਕੀਤਾ! ਮੇਰੇ ਦੇਖਣ 'ਚ ਕਦੇ ਇਸ ਤਰ੍ਹਾਂ ਦਾ ਜ਼ਬਰਦਸਤ ਹੰਭਲਾ ਨਹੀਂ ਆਇਆ ਕਿ 'ਬਾਹਵਾਂ ਚੜ੍ਹਾ ਲਉ। ਆਓ ਨਿੱਠ ਕੇ ਇਨਾਂ ਮਸਲਿਆਂ ਦਾ ਹੱਲ ਕੱਢੀਏ। ਆਓ ਲੇਖਾ-ਜੋਖਾ ਕਰੀਏ ਕਿ ਅਸਲ ਵਿਚ ਹੋ ਕੀ ਰਿਹਾ ਹੈ?' "

ਜਦੋਂ ਸੈਚਸ "ਸਖ਼ਤ ਮਿਹਨਤ" ਬਾਰੇ ਭਾਵੁਕ ਹੋ ਕੇ ਗੱਲ ਕਰਦਾ ਹੈ, ਉਹ ਨਿਊ ਡੀਲ, ਦੀ ਗਰੇਟ ਸੁਸਾਇਟੀ ਅਤੇ ਮਾਰਸ਼ਲ ਯੋਜਨਾ 'ਚ ਪਿਛਾਂਹ ਪਰਤ ਜਾਂਦਾ ਹੈ; ਜਦੋਂ ਇਵੀ ਲੀਗ ਸਕੂਲਾਂ ਦੇ ਨੌਜਵਾਨ ਬਾਹਵਾਂ ਟੰਗ ਕੇ ਆਪਣੇ ਸ਼ਾਨਦਾਰ ਮੇਜ਼ਾਂ ਦੁਆਲੇ ਬੈਠੇ ਹੁੰਦੇ। ਆਲੇ-ਦੁਆਲੇ ਖੋਂਫ਼ੀ ਦੇ ਖਾਲੀ ਪਿਆਲੇ ਅਤੇ ਨੀਤੀਆਂ ਸਬੰਧੀ ਦਸਤਾਵੇਜ਼ਾਂ ਦੇ ਢੇਰ ਲੱਗੇ ਹੁੰਦੇ ਅਤੇ ਉਹ ਵਿਆਜ ਦਰਾਂ ਅਤੇ ਅਨਾਜ ਦੇ ਭਾਅ ਬਾਰੇ ਭਖਵੀਂਆਂ ਬਹਿਸਾਂ ਕਰ ਰਹੇ ਹੁੰਦੇ। ਕੀਨਜ਼ਵਾਦ ਦੀ ਚੜ੍ਹਤ ਮੌਕੇ ਨੀਤੀ ਘਾੜੇ ਇਸ ਤਰ੍ਹਾਂ ਨਿੱਠ ਕੇ ਬਹਿਸਾਂ ਕਰਿਆ ਕਰਦੇ ਸਨ; ਅਤੇ ਰੂਸ ਦੀ ਤਬਾਹੀ ਨਾਲ ਨਜਿੱਠਣ ਲਈ ਐਨ ਇਸੇ ਕਿਸਮ ਦੀ ਗੰਭੀਰਤਾ ਦਰਕਾਰ ਸੀ।

ਅਸਲ ਵਿਚ ਰੂਸ ਨੂੰ ਬੇਸਹਾਰਾ ਛੱਡ ਦੇਣ ਦਾ ਦੋਸ਼ ਵਾਸ਼ਿੰਗਟਨ ਦੀ ਸਮੂਹਕ ਸੁਸਤੀ ਦੇ

ਸਿਰ ਲਾ ਦੇਣ ਨਾਲ ਇਸ ਦੀ ਸਹੀ ਵਿਆਖਿਆ ਨਹੀਂ ਹੁੰਦੀ। ਇਸ ਕਾਂਡ ਨੂੰ ਸਮਝਣ ਦਾ ਬਿਹਤਰ ਤਰੀਕਾ ਖੁੱਲ੍ਹੀ ਮੰਡੀ ਦੇ ਅਰਥਸ਼ਾਸਤਰੀਆਂ ਦੀ ਐਨਕ ਜ਼ਰੀਏ ਸਮਝਣਾ ਹੀ ਹੈ : ਇਹ ਹੈ ਮੰਡੀ ਦੀ ਮੁਕਾਬਲੇਬਾਜ਼ੀ। ਜਦੋਂ ਠੰਢੀ ਜੰਗ ਪੂਰੇ ਜ਼ੋਰਾਂ 'ਤੇ ਸੀ ਅਤੇ ਸੋਵੀਅਤ ਯੂਨੀਅਨ ਦੀ ਹੋਂਦ ਸੀ, ਦੁਨੀਆਂ ਦੇ ਲੋਕ ਓਦੋਂ ਇਹ ਚੋਣ ਕਰ ਸਕਦੇ ਸਨ (ਘੱਟੋ-ਘੱਟ ਸਿਧਾਂਤਕ ਤੌਰ 'ਤੇ) ਕਿ ਉਨ੍ਹਾਂ ਦੀ ਖਾਹਸ਼ ਕਿਹੜੀ ਵਿਚਾਰਧਾਰਾ ਨੂੰ ਅਪਣਾਉਣ ਦੀ ਹੈ; ਓਦੋਂ ਦੋ ਧਰੁਵ ਸਨ, ਅਤੇ ਵਿਚ-ਵਿਚਾਲੇ ਬੜਾ ਕੁਝ ਸੀ। ਇਸ ਦਾ ਅਰਥ ਸੀ ਕਿ ਸਰਮਾਏਦਾਰੀ ਨੂੰ ਗਾਹਕ ਆਪਣੇ ਨਾਲ ਜੋੜਨੇ ਪੈਣਗੇ; ਇਸ ਦੀ ਲੋੜ ਸਾਮੀਆਂ ਨੂੰ ਭਰਮਾਉਣਾ ਸੀ; ਇਸ ਦੀ ਲੋੜ ਸੀ ਵਧੀਆ ਚੀਜ਼ਾਂ ਦੀ ਪੈਦਾਵਾਰ ਕਰਨਾ। ਕੀਨਜ਼ਵਾਦ ਹਮੇਸ਼ਾ ਸਰਮਾਏਦਾਰੀ ਦੀ ਮੁਕਾਬਲੇ ਦੀ ਲੋੜ ਦਾ ਇਜ਼ਹਾਰ ਰਿਹਾ ਹੈ। ਰਾਸ਼ਟਰਪਤੀ ਰੂਜ਼ਵੈਲਟ ਨੇ ਨਿਊ ਡੀਲ ਮਹਾਂ ਮੰਦਵਾੜੇ ਦੀ ਮਾਯੂਸੀ ਨੂੰ ਮੁੱਖ ਰੱਖ ਕੇ ਨਹੀਂ ਸਗੋਂ ਅਮਰੀਕੀ ਨਾਗਰਿਕਾਂ ਦੀ ਉਸ ਮਜ਼ਬੂਤ ਲਹਿਰ ਨੂੰ ਭਰਮਾਉਣ ਲਈ ਲਿਆਂਦਾ ਸੀ ਜੋ ਬੇਲਗਾਮ ਖੁੱਲ੍ਹੀ ਮੰਡੀ ਦੇ ਵਹਿਸ਼ੀ ਹਮਲਿਆਂ ਦੀ ਝੰਬੀ ਵੱਖਰੇ ਆਰਥਕ ਮਾਡਲ ਦੀ ਮੰਗ ਕਰ ਰਹੀ ਸੀ। ਕੁਝ ਤਾਂ ਚਾਹੁੰਦੇ ਸਨ ਕਿ ਤਿੱਖੇ ਰੂਪ 'ਚ ਵੱਖਰੀ ਕਿਸਮ ਦਾ ਮਾਡਲ ਹੋਵੇ; 1932 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਦਸ ਲੱਖ ਅਮਰੀਕਣਾਂ ਨੇ ਸਮਾਜਵਾਦੀ ਜਾਂ ਕਮਿਊਨਿਸਟ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਸਨ। ਐਸੇ ਅਮਰੀਕਣਾਂ ਦੀ ਗਿਣਤੀ ਵਧ ਰਹੀ ਸੀ ਜੋ ਲੂਈਸਿਆਨਾ ਦੇ ਹਰਮਨਪਿਆਰੇ ਸੈਨੇਟਰ ਹੂਏ ਲੌਂਗ ਦੀ ਗੱਲ ਪੂਰੇ ਗ਼ੌਰ ਨਾਲ ਸੁਣਦੇ ਸਨ। ਉਸ ਦੀ ਸੋਚ ਸੀ ਕਿ ਸਾਰੇ ਅਮਰੀਕਣਾਂ ਨੂੰ 2000 ਡਾਲਰ ਸਾਲਾਨਾ ਆਮਦਨੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। 1935 ਦੇ ਨਿਊ ਡੀਲ ਵਿਚ ਸਮਾਜ ਭਲਾਈ ਦੀਆਂ ਵੱਧ ਸਹੂਲਤਾਂ ਕਿਉਂ ਸ਼ਾਮਲ ਕੀਤੀਆਂ ਗਈਆਂ ਇਸ ਦੀ ਵਿਆਖਿਆ ਰੂਜ਼ਵੈਲਟ ਨੇ ਇਹ ਦਿੱਤੀ ਕਿ ਉਹ "ਲੌਂਗ ਦੇ ਗਰਜਵੇਂ ਬੋਲਾਂ ਨੂੰ ਚੁਰਾ ਲੈਣਾ ਚਾਹੁੰਦਾ ਸੀ।"[6]

ਇਸ ਪ੍ਰਸੰਗ 'ਚ, ਅਮਰੀਕੀ ਸਨਅਤਕਾਰਾਂ ਨੇ ਰੂਜ਼ਵੈਲਟ ਦੀ ਨਵੀਂ ਪੇਸ਼ਕਸ਼ ਨੂੰ ਬੇਦਿਲੀ ਨਾਲ ਪ੍ਰਵਾਨ ਕੀਤਾ। ਸਰਮਾਏਦਾਰੀ ਦਾ ਭਵਿੱਖ ਹੀ ਦਾਅ 'ਤੇ ਲੱਗ ਚੁੱਕਾ ਸੀ ਇਸ ਲਈ ਜਨਤਕ ਖੇਤਰ ਦੀਆਂ ਨੌਕਰੀਆਂ ਦੇ ਕੇ ਅਤੇ ਕਿਸੇ ਨੂੰ ਭੁੱਖਾ ਨਾ ਰਹਿਣ ਦੇਣ ਦਾ ਯਕੀਨ ਦਿਵਾ ਕੇ ਮੰਡੀ ਦੀ ਤਿੱਖੀ ਚੋਭ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਠੰਢੀ ਜੰਗ ਦੌਰਾਨ ਮੁਕਤ ਦੁਨੀਆਂ ਦਾ ਕੋਈ ਦੇਸ਼ ਇਸ ਦਬਾਅ ਤੋਂ ਬਚਿਆ ਹੋਇਆ ਨਹੀਂ ਸੀ। ਅਸਲ ਵਿਚ, ਇਸ ਸਦੀ ਦੇ ਮੱਧਕਾਲੀ ਦੌਰ ਦੀ ਸਰਮਾਏਦਾਰੀ, ਸੈਚਸ ਇਸ ਨੂੰ "ਸਾਵੀਂ ਹਾਲਤ ਵਾਲੀ ਸਰਮਾਏਦਾਰੀ" ਕਹਿੰਦਾ ਹੈ, ਜਿਨ੍ਹਾਂ ਨੂੰ ਆਪਣੀਆਂ ਪ੍ਰਾਪਤੀਆਂ ਦੱਸਦੀ ਹੈ ਇਹ ਸਭ ਮਜ਼ਬੂਤ ਖੱਬੀ ਲਹਿਰ ਦੀ ਚੁਣੌਤੀ ਕਾਰਨ ਵੱਡੀਆਂ ਰਿਆਇਤਾਂ ਦੇਣ ਦੀ ਇਸੇ ਵਿਹਾਰਕ ਲੋੜ ਦੀ ਪੈਦਾਵਾਰ ਸਨ। ਉੱਤਰੀ ਅਮਰੀਕਾ 'ਚ ਮਜ਼ਦੂਰਾਂ ਨੂੰ ਸੁਰੱਖਿਆ, ਪੈਨਸ਼ਨਾਂ, ਜਨਤਕ ਸਿਹਤ ਸਹੂਲਤਾਂ ਅਤੇ ਬਹੁਤੇ ਗਰੀਬ ਨਾਗਰਿਕਾਂ ਨੂੰ ਸਰਕਾਰੀ ਸਹਾਇਤਾ ਇਸੇ ਕਰਕੇ ਦਿੱਤੀ ਗਈ ਸੀ।

ਮਾਰਸ਼ਲ ਯੋਜਨਾ ਇਸ ਆਰਥਕ ਮੁਹਾਜ਼ ਉੱਤੇ ਬੀੜਿਆ ਆਖ਼ਰੀ ਹਥਿਆਰ ਸੀ। ਜੰਗ ਤੋਂ ਬਾਅਦ, ਜਰਮਨ ਆਰਥਿਕਤਾ ਸੰਕਟ 'ਚ ਸੀ। ਬਾਕੀ ਪੱਛਮੀ ਯੂਰਪ ਦੇ ਇਸ ਦੀ ਮਾਰ ਹੇਠ ਆਉਣ ਦਾ ਖ਼ਤਰਾ ਮੰਡਲਾ ਰਿਹਾ ਸੀ। ਇਸ ਦੌਰਾਨ, ਐਨੀ ਵੱਡੀ ਗਿਣਤੀ 'ਚ ਜਰਮਨੀ ਦੇ ਲੋਕ ਸਮਾਜਵਾਦ ਵੱਲ ਖਿੱਚੇ ਗਏ ਸਨ ਕਿ ਅਮਰੀਕੀ ਹੁਕਮਰਾਨਾਂ ਨੇ ਜਰਮਨੀ ਨੂੰ ਦੋਫਾੜ ਕਰ ਦਿੱਤਾ। ਉਹ ਨਹੀਂ ਸੀ ਚਾਹੁੰਦੇ ਕਿ ਤਬਾਹ ਹੋ ਕੇ ਜਾਂ ਖੱਬਿਆਂ ਦੇ ਟੇਟੇ ਚੜ੍ਹ ਕੇ ਇਹ ਪੂਰੇ ਦਾ ਪੂਰਾ ਹੱਥੋਂ ਨਿਕਲ ਜਾਵੇ। ਅਮਰੀਕੀ ਸਰਕਾਰ ਨੇ ਪੱਛਮੀ ਜਰਮਨੀ ਵਿਚ ਸਰਮਾਏਦਾਰੀ ਪ੍ਰਬੰਧ ਉਸਾਰਨ

ਲਈ ਮਾਰਸ਼ਲ ਯੋਜਨਾ ਇਸਤੇਮਾਲ ਕੀਤੀ। ਇਸ ਦਾ ਉਦੇਸ਼ ਫੋਰਡ ਅਤੇ ਸੀਅਰਜ਼ ਲਈ ਤੇਜ਼ ਰਫ਼ਤਾਰ ਅਤੇ ਮੋਕਲੀਆਂ ਮੰਡੀਆਂ ਤਿਆਰ ਕਰਨਾ ਨਹੀਂ ਸੀ ਸਗੋਂ ਆਪਣੀਆਂ ਸ਼ਰਤਾਂ 'ਤੇ ਯੂਰਪ ਦੀ ਆਰਥਿਕਤਾ ਨੂੰ ਐਨਾ ਕਾਮਯਾਬ ਬਣਾਉਣਾ ਸੀ ਤਾਂ ਜੋ ਇਹ ਵਧੇ-ਫੁਲੇ ਅਤੇ ਸਮਾਜਵਾਦ ਪ੍ਰਤੀ ਜਨਤਾ ਦੀ ਖਿੱਚ ਹੀ ਖ਼ਤਮ ਹੋ ਜਾਵੇ।

1949 'ਚ, ਇਸ ਦਾ ਭਾਵ ਸੀ ਪੱਛਮੀ ਜਰਮਨੀ ਦੀ ਸਰਕਾਰ ਦੀਆਂ ਹਰ ਤਰ੍ਹਾਂ ਦੀਆਂ ਨੀਤੀਆਂ ਨੂੰ ਬਰਦਾਸ਼ਤ ਕਰਨਾ, ਜੋ ਮੁੱਖ ਤੌਰ 'ਤੇ ਗ਼ੈਰ-ਸਰਮਾਏਦਾਰਾ ਸਨ : ਰਾਜ ਵੱਲੋਂ ਸਿੱਧੀਆਂ ਨੌਕਰੀਆਂ ਦੇਣੀਆਂ, ਜਨਤਕ ਖੇਤਰ ਵਿਚ ਚੋਖਾ ਪੂੰਜੀ-ਨਿਵੇਸ਼, ਜਰਮਨ ਕੰਪਨੀਆਂ ਲਈ ਸਬਸਿਡੀਆਂ ਅਤੇ ਮਜ਼ਬੂਤ ਮਜ਼ਦੂਰ ਯੂਨੀਅਨਾਂ। 1990ਵਿਆਂ ਵਿਚ ਰੂਸ ਜਾਂ ਅਮਰੀਕੀ ਕਬਜ਼ੇ ਹੇਠਲੇ ਇਰਾਕ ਅੰਦਰ ਇਸ ਤਰ੍ਹਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ, ਪਰ ਜਰਮਨੀ ਵਿਚ ਸਗੋਂ ਅਮਰੀਕੀ ਸਰਕਾਰ ਨੇ ਬਦੇਸ਼ੀ ਪੂੰਜੀ-ਨਿਵੇਸ਼ ਉੱਪਰ ਰੋਕ ਲਾ ਦਿੱਤੀ ਤਾਂ ਜੋ ਸੰਕਟ 'ਚੋਂ ਨਿਕਲਣ ਤੋਂ ਪਹਿਲਾਂ ਜੰਗ ਦੀਆਂ ਝੰਬੀਆਂ ਜਰਮਨ ਕੰਪਨੀਆਂ ਨੂੰ ਮੁਕਾਬਲੇਬਾਜ਼ੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤਰ੍ਹਾਂ ਕਰਕੇ ਅਮਰੀਕਾ ਨੇ ਆਪਣੇ ਕਾਰਪੋਰੇਟ ਖੇਤਰ ਦਾ ਗੁੱਸਾ ਵੀ ਸਹੇੜਿਆ। ਮਾਰਸ਼ਲ ਯੋਜਨਾ ਦੇ ਨਾਮਣਾ ਖੱਟ ਚੁੱਕੇ ਇਤਿਹਾਸ ਲੇਖਕ ਕੈਰੋਲਿਨ ਆਈਜ਼ਨਬਰਗ ਨੇ ਮੈਨੂੰ ਦੱਸਿਆ : "ਭਾਵਨਾ ਇਹ ਸੀ ਕਿ ਜੇ ਇਸ ਵਕਤ ਬਦੇਸ਼ੀ ਕੰਪਨੀਆਂ ਨੂੰ ਇਜਾਜ਼ਤ ਦੇ ਦਿੱਤੀ ਗਈ ਤਾਂ ਇਹ ਜਾਅਲਸਾਜ਼ੀ ਹੋਵੇਗੀ। ਹੁਣ ਅਤੇ ਓਦੋਂ ਦਰਮਿਆਨ ਮੁੱਖ ਫ਼ਰਕ ਇਹ ਹੈ ਕਿ ਓਦੋਂ ਅਮਰੀਕੀ ਸਰਕਾਰ ਨੇ ਜਰਮਨੀ ਨੂੰ ਪੈਸੇ ਵਟਾਉਣ ਵਾਲੀ ਗਾਂ ਵਜੋਂ ਨਹੀਂ ਲਿਆ। ਉਹ ਲੋਕਾਂ ਨੂੰ ਵਿਰੋਧ 'ਚ ਨਹੀਂ ਸੀ ਕਰਨਾ ਚਾਹੁੰਦੇ। ਧਾਰਨਾ ਇਹ ਸੀ ਕਿ ਜੇ ਤੁਸੀਂ ਆਪ ਆ ਕੇ ਇਸ ਨੂੰ ਲੁੱਟਣ ਲੱਗ ਜਾਂਦੇ ਹੋ ਤਾਂ ਕੁਲ-ਮਿਲਾ ਕੇ ਅਰਥ ਇਹ ਬਣਦਾ ਹੈ ਕਿ ਤੁਸੀਂ ਸੰਕਟ ਵਿਚੋਂ ਨਿਕਲਣ ਦੇ ਅਮਲ 'ਚ ਲੱਤ ਅੜਾ ਰਹੇ ਹੋ।"[7]

ਆਈਜ਼ਨਬਰਗ ਕਹਿੰਦਾ ਹੈ ਕਿ ਇਹ ਪਹੁੰਚ ਪਰਉਪਕਾਰ ਵਿਚੋਂ ਨਹੀਂ ਨਿਕਲੀ ਸੀ। "ਅਸਲ ਵਿਚ, ਸੋਵੀਅਤ ਯੂਨੀਅਨ ਭਰੀ ਹੋਈ ਬੰਦੂਕ ਵਾਂਗ ਸੀ, ਨਿਸ਼ਾਨਾ ਲਾਉਣ ਲਈ ਤਿਆਰ। ਆਰਥਿਕਤਾ ਸੰਕਟ 'ਚ ਸੀ, ਜਰਮਨੀ 'ਚ ਤਕੜੀ ਖੱਬੀ ਧਿਰ ਮੌਜੂਦ ਸੀ, ਇਸ ਹਾਲਤ 'ਚ ਪੱਛਮ ਲਈ ਜਰਮਨ ਲੋਕਾਂ ਦਾ ਤੇਜ਼ੀ ਨਾਲ ਵਿਸ਼ਵਾਸ ਜਿੱਤਣਾ ਜ਼ਰੂਰੀ ਸੀ। ਉਨ੍ਹਾਂ (ਪੱਛਮ) ਨੇ ਇਸ ਨੂੰ ਸਚਮੁਚ ਇਸ ਤਰ੍ਹਾਂ ਲਿਆ ਜਿਵੇਂ ਜਰਮਨੀ ਦੀ ਰੂਹ ਦੀ ਰਾਖੀ ਲਈ ਲੜ ਰਹੇ ਹੋਣ।"

ਮਾਰਸ਼ਲ ਯੋਜਨਾ ਦਾ ਜਨਮ ਵਿਚਾਰਧਾਰਾਵਾਂ ਦੇ ਭੇੜ ਵਿਚੋਂ ਹੋਇਆ ਸੀ। ਆਈਜ਼ਨਬਰਗ ਨੇ ਇਸ ਦਾ ਜੋ ਵੇਰਵਾ ਦਿੱਤਾ ਹੈ ਉਹ ਸੈਚਸ ਦੇ ਕੰਮ, ਜਿਸ ਵਿਚ ਅਫ਼ਰੀਕਾ ਲਈ ਸਹਾਇਤਾ ਦੀ ਰਕਮ ਵਧਾਉਣ ਦੀਆਂ ਉਸ ਦੀਆਂ ਤਾਜ਼ਾ ਕੋਸ਼ਿਸ਼ਾਂ ਵੀ ਸ਼ਾਮਲ ਹਨ ਜਿਨ੍ਹਾਂ ਦਾ ਉਹ ਗੁਣਗਾਣ ਕਰਦਾ ਨਹੀਂ ਥੱਕਦਾ ਸੀ, ਦੀ ਉਸ ਅਗਿਆਨਤਾ ਨੂੰ ਦਰਸਾਉਂਦਾ ਹੈ ਜੋ ਲਗਾਤਾਰ ਬਣੀ ਰਹੀ। ਇਨ੍ਹਾਂ ਵਿਚ ਹਰਮਨਪਿਆਰੀਆਂ ਜਨਤਕ ਬਗ਼ਾਵਤਾਂ ਦਾ ਜ਼ਿਕਰ ਤੱਕ ਨਹੀਂ ਮਿਲਦਾ। ਸੈਚਸ ਲਈ ਇਤਿਹਾਸ ਦੀ ਸਿਰਜਣਾ ਨਿਰੋਲ ਕੁਲੀਨ ਵਰਗ ਦਾ ਕੰਮ ਹੈ, ਜਿਸ ਨੂੰ ਉਹ ਸਹੀ ਨੀਤੀਆਂ ਸਬੰਧੀ ਸਹੀ ਤਕਨੀਕੀ ਮਾਹਰ ਅਧਿਕਾਰੀਆਂ ਨੂੰ ਲਗਾਉਣ ਦਾ ਮਾਮਲਾ ਸਮਝਦਾ ਹੈ। ਉਹ ਸਮਝਦਾ ਹੈ ਜਿਵੇਂ ਲਾ ਪਾਜ਼ ਅਤੇ ਮਾਸਕੋ ਦੇ ਗੁਪਤ ਤਹਿਖ਼ਾਨਿਆਂ 'ਚ ਸਦਮਾ ਇਲਾਜ ਦੇ ਪ੍ਰੋਗਰਾਮ ਘੜੇ ਗਏ ਇਵੇਂ ਹੀ ਉਸ ਵਲੋਂ ਵਾਸ਼ਿੰਗਟਨ 'ਚ ਦਿੱਤੀਆਂ ਆਮ ਸੂਝ ਵਾਲੀਆਂ ਦਲੀਲਾਂ ਨੂੰ ਮੁੱਖ ਰੱਖ ਕੇ ਸੋਵੀਅਤ ਗਣਰਾਜਾਂ ਲਈ 30 ਅਰਬ ਡਾਲਰ ਦਾ ਸਹਾਇਤਾ ਪ੍ਰੋਗਰਾਮ ਅਮਲ 'ਚ ਲੈ ਆਉਣਾ ਚਾਹੀਦਾ ਸੀ। ਜਦਕਿ ਆਈਜ਼ਨਬਰਗ ਦੀ ਵਿਆਖਿਆ ਇਹ ਹੈ ਕਿ

ਅਸਲੀ ਮਾਰਸ਼ਲ ਯੋਜਨਾ ਕਿਸੇ ਪਰਉਪਕਾਰ ਜਾਂ ਮੁਨਾਸਬ ਦਲੀਲਬਾਜ਼ੀ ਵਿਚੋਂ ਨਹੀਂ ਬਲਕਿ ਲੋਕ ਬਗ਼ਾਵਤ ਦੇ ਡਰ 'ਚੋਂ ਉਪਜੀ ਸੀ।

ਸੈਚਸ ਕੀਨਜ਼ ਦੀਆਂ ਸਿਫ਼ਤਾਂ ਕਰਦਾ ਹੈ, ਪਰ ਉਹ ਇਸ ਵਿਚ ਦਿਲਚਸਪੀ ਨਹੀਂ ਲੈਂਦਾ ਕਿ ਉਸ ਦੇ ਆਪਣੇ ਦੇਸ਼ ਵਿਚ ਕੀਨਜ਼ਵਾਦ ਆਖ਼ਿਰ ਕਿਸ ਵਜ੍ਹਾ ਕਰਕੇ ਸੰਭਵ ਹੋਇਆ ਸੀ। ਇਹ ਵਜ੍ਹਾ ਸੀ ਟਰੇਡ ਯੂਨੀਅਨ ਵਾਲਿਆਂ ਅਤੇ ਸਮਾਜਵਾਦੀਆਂ ਦੀਆਂ ਗੜਬੜ ਫੈਲਾਊ, ਖਾੜਕੂ ਮੰਗਾਂ, ਜਿਨ੍ਹਾਂ ਦੀ ਵਧ ਰਹੀ ਤਾਕਤ ਕਾਰਨ ਵੱਧ ਤਿੱਖਾ ਹੱਲ ਹਕੀਕੀ ਖ਼ਤਰਾ ਬਣ ਗਿਆ ਸੀ। ਮੋੜਵੇਂ ਰੂਪ 'ਚ ਜਿਸ ਨਾਲ ਨਿਊ ਡੀਲ ਦਾ ਇਹ ਪ੍ਰਭਾਵ ਬਣਿਆ ਸੀ ਕਿ ਇਹ ਸਮਝੌਤਾ ਮੰਨ ਲੈਣਾ ਚਾਹੀਦਾ ਹੈ। ਜਿਨ੍ਹਾਂ ਵਿਚਾਰਾਂ ਦੀ ਸੈਚਸ ਪੋੜਤਾ ਕਰਦਾ ਸੀ ਉਨ੍ਹਾਂ ਨੂੰ ਅਪਨਾਉਣ ਤੋਂ ਝਿਜਕਦੀਆਂ ਸਰਕਾਰਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਨ 'ਚ ਜਨਤਕ ਲਹਿਰਾਂ ਦੀ ਭੂਮਿਕਾ ਸੀ। ਇਸ ਨੂੰ ਪ੍ਰਵਾਨ ਕਰਨ ਦੀ ਇੱਛਾ ਨਾ ਹੋਣ ਦੇ ਡੂੰਘੇ ਅਸਰ ਪਏ। ਇਸ ਦਾ ਇਕ ਅਰਥ ਇਹ ਸੀ ਕਿ ਸੈਚਸ ਰੂਸ ਦੀ ਬਹੁਤ ਹੀ ਉਘੜਵੀਂ ਸਿਆਸੀ ਹਕੀਕਤ ਨੂੰ ਸਮਝ ਨਹੀਂ ਸਕਿਆ ਭਾਵ ਰੂਸ ਲਈ ਕਦੇ ਵੀ ਮਾਰਸ਼ਲ ਯੋਜਨਾ ਨਹੀਂ ਬਣਾਈ ਜਾਣੀ ਸੀ ਕਿਉਂਕਿ ਰੂਸ ਦੇ *ਕਾਰਨ* ਹੀ ਤਾਂ ਹੁਣ ਤੱਕ ਇਕੋ ਇਕ ਮਾਰਸ਼ਲ ਯੋਜਨਾ ਬਣਾਈ ਗਈ ਸੀ। ਜਦੋਂ ਯੇਲਤਸਿਨ ਨੇ ਸੋਵੀਅਤ ਯੂਨੀਅਨ ਨੂੰ ਤੋੜਿਆ ਤਾਂ ਉਹ "ਭਰੀ ਹੋਈ ਬੰਦੂਕ" ਹੁਣ ਨਕਾਰਾ ਹੋ ਚੁੱਕੀ ਸੀ ਜਿਸ ਕਾਰਨ ਇਕ ਸਮੇਂ ਵਿਕਾਸ ਦੀ ਅਸਲ ਯੋਜਨਾ ਬਣਾਏ ਜਾਣ ਦੀ ਮਜਬੂਰੀ ਬਣੀ ਸੀ। ਇਸ ਦੀ ਅਣਹੋਂਦ ਦੀ ਹਾਲਤ 'ਚ, ਸਰਮਾਏਦਾਰੀ ਅਚਾਨਕ ਆਪਣੇ ਸਿਰੇ ਦੇ ਵਹਿਸ਼ੀ ਰੂਪ 'ਚ ਸਾਹਮਣੇ ਆਉਣ ਲਈ ਆਜ਼ਾਦ ਹੋ ਗਈ ਸੀ, ਸਿਰਫ਼ ਰੂਸ 'ਚ ਹੀ ਨਹੀਂ ਸਗੋਂ ਦੁਨੀਆਂ ਭਰ 'ਚ। ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਖੁੱਲ੍ਹੀ ਮੰਡੀ ਹੁਣ ਵਿਸ਼ਵ ਪੱਧਰੀ ਅਜਾਰੇਦਾਰੀ ਬਣ ਚੁੱਕੀ ਸੀ। ਇਸ ਦਾ ਅਰਥ ਸੀ ਕਿ ਇਸ ਦੇ ਖ਼ਾਲਸ ਸਮਤੋਲ 'ਚ ਜਿਹੜੇ ਵੀ ਵਾਧੂ "ਵਿਗਾੜ" ਦਖ਼ਲ ਦੇ ਰਹੇ ਸਨ ਉਨ੍ਹਾਂ ਦੀ ਹੁਣ ਪੱਛਮ ਨੂੰ ਲੋੜ ਨਹੀਂ ਸੀ।

ਇਹ ਸੀ ਪੋਲਿਸ਼ ਅਤੇ ਰੂਸੀ ਲੋਕਾਂ ਨਾਲ ਕੀਤੇ ਵਾਅਦੇ ਦੀ ਅਸਲ ਤ੍ਰਾਸਦੀ—ਕਿ ਜੇ ਉਹ ਸਦਮਾ ਇਲਾਜ ਅਨੁਸਾਰ ਚੱਲਣਗੇ ਤਾਂ ਇਕ ਦਮ ਹੀ ਉਹ "ਸਾਵੀਂ ਹਾਲਤ ਵਾਲੇ ਯੂਰਪੀ ਦੇਸ਼ਾਂ" ਦੀ ਹਾਲਤ 'ਚ ਆ ਜਾਣਗੇ। "ਸਾਵੀਂ ਹਾਲਤ ਵਾਲੇ ਯੂਰਪੀ ਦੇਸ਼" (ਜਿਨ੍ਹਾਂ ਕੋਲ ਮਜ਼ਬੂਤ ਸਮਾਜਿਕ ਸੁਰੱਖਿਆ ਤਾਣਾ-ਬਾਣਾ, ਮਜ਼ਦੂਰਾਂ ਦੀ ਸੁਰੱਖਿਆ, ਮਜ਼ਬੂਤ ਟਰੇਡ ਯੂਨੀਅਨਾਂ ਅਤੇ ਸਮਾਜੀਕਰਨ ਕੀਤਾ ਹੋਈਆਂ ਸਿਹਤ ਸਹੂਲਤਾਂ ਦੀ ਵਿਵਸਥਾ ਹੈ) ਤਾਂ ਕਮਿਊਨਿਜ਼ਮ ਅਤੇ ਸਰਮਾਏਦਾਰੀ ਦਰਮਿਆਨ ਸਮਝੌਤੇ ਵਾਲੇ ਪ੍ਰਬੰਧ ਦੇ ਰੂਪ 'ਚ ਉੱਭਰੇ ਸਨ। ਹੁਣ ਜਦੋਂ ਇਸ ਤਰ੍ਹਾਂ ਦੇ ਸਮਝੌਤੇ ਦੀ ਕੋਈ ਲੋੜ ਨਹੀਂ ਸੀ ਤਾਂ ਪੱਛਮ ਵਿਚ ਸਮਾਜ ਭਲਾਈ ਦੀਆਂ ਇਨ੍ਹਾਂ ਕੁਲ ਸਮਤੋਲ ਬਣਾਊ ਨੀਤੀਆਂ ਉੱਤੇ ਉਵੇਂ ਹੀ ਰੋਕ ਲੱਗ ਗਈ ਜਿਵੇਂ ਕੈਨੇਡਾ, ਆਸਟਰੇਲੀਆ ਅਤੇ ਅਮਰੀਕਾ ਵਿਚ ਲੱਗੀ ਹੋਈ ਸੀ। ਅਜਿਹੀਆਂ ਨੀਤੀਆਂ ਰੂਸ ਵਿਚ ਲਾਗੂ ਨਹੀਂ ਸੀ ਕੀਤੀਆਂ ਜਾਣੀਆਂ; ਪੱਛਮੀ ਫੰਡਾਂ ਦੀ ਸਬਸਿਡੀ ਦੇ ਕੇ ਤਾਂ ਬਿਲਕੁਲ ਹੀ ਨਹੀਂ।

ਸਾਰਤੱਤ ਪੱਖੋਂ, ਹਰ ਤਰ੍ਹਾਂ ਦੀਆਂ ਰੋਕਾਂ ਤੋਂ ਅਜਿਹੀ ਮੁਕਤੀ ਹੀ ਸ਼ਿਕਾਗੋ ਸਕੂਲ ਦਾ ਅਰਥਸ਼ਾਸਤਰ ਹੈ (ਜੋ ਦੂਜੇ ਰੂਪ 'ਚ ਨਵ-ਉਦਾਰਵਾਦ ਜਾਂ ਅਮਰੀਕਾ ਵਿਚ ਨਵ-ਰੂੜ੍ਹੀਵਾਦ ਵਜੋਂ ਮਸ਼ਹੂਰ ਹੈ)। ਇਹ ਕੋਈ ਨਵੀਂ ਕਾਢ ਨਹੀਂ ਹੈ ਅਸਲ ਵਿਚ ਇਹ ਕੀਨਜ਼ਵਾਦੀ ਲੱਗ-ਲਬੇੜ ਲਾਹ ਚੁੱਕੀ ਸਰਮਾਏਦਾਰੀ, ਅਜਾਰੇਦਾਰਾ ਪੜਾਅ ਵਾਲੀ ਸਰਮਾਏਦਾਰੀ ਹੈ, ਇਸ ਪ੍ਰਬੰਧ ਨੇ ਆਪ ਹੀ ਇੰਝ ਹੋ ਜਾਣ ਦੀ ਇਜਾਜ਼ਤ ਦਿੱਤੀ ਹੈ—ਇਹ ਹੁਣ ਸਾਨੂੰ ਸਾਮੀਆਂ ਬਣਾਈ ਰੱਖਣ ਲਈ

ਕੋਈ ਕੋਸ਼ਿਸ਼ ਨਹੀਂ ਕਰੇਗਾ। ਇਹ ਹੁਣ ਜਿੰਨਾ ਵੀ ਚਾਹੇ ਸਮਾਜ ਵਿਰੋਧੀ, ਜਮਹੂਰੀਅਤ ਵਿਰੋਧੀ ਅਤੇ ਜਾਂਗਲੀ ਬਣ ਸਕੇਗਾ। ਜਦੋਂ ਤੱਕ ਕਮਿਊਨਿਜ਼ਮ ਦਾ ਖ਼ਤਰਾ ਸੀ, ਭੱਦਰਪੁਰਸ਼ਾਂ ਦਾ ਸਮਝੌਤਾ ਭਾਵ ਕੀਨਜ਼ਵਾਦ ਬਣਿਆ ਰਿਹਾ; ਜਦੋਂ ਇਹ ਪ੍ਰਬੰਧ ਨਹੀਂ ਰਿਹਾ, ਹੁਣ ਸਮਝੌਤੇ ਦਾ ਹਰ ਤਰ੍ਹਾਂ ਨਾਂ-ਨਿਸ਼ਾਨ ਮਿਟਾ ਦਿੱਤਾ ਜਾਵੇਗਾ ਅਤੇ ਫਰਾਇਡਮੈਨ ਦਾ ਉਹ ਖ਼ਾਲਸ ਟੀਚਾ ਪੂਰਾ ਕੀਤਾ ਜਾਵੇਗਾ ਜਿਸ ਨੂੰ ਸਾਹਮਣੇ ਰੱਖ ਕੇ ਉਸ ਨੇ ਅੱਧੀ ਸਦੀ ਪਹਿਲਾਂ ਜਹਾਦ ਵਿੱਢਿਆ ਸੀ।

1989 'ਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਤਕਰੀਰ ਮੌਕੇ ਫੁਕੂਯਾਮਾ ਵਲੋਂ "ਇਤਿਹਾਸ ਦਾ ਅੰਤ" ਦੇ ਐਲਾਨ ਦਾ ਅਸਲ ਨੁਕਤਾ ਕੀ ਸੀ। ਅਸਲ ਵਿਚ, ਉਸ ਦਾ ਦਾਅਵਾ ਇਹ ਨਹੀਂ ਸੀ ਕਿ ਹੁਣ ਦੁਨੀਆਂ 'ਚ ਕੋਈ ਹੋਰ ਵਿਚਾਰ ਨਹੀਂ ਹੋਣਗੇ, ਉਹ ਤਾਂ ਸਿਰਫ਼ ਇਹ ਦਾਅਵਾ ਕਰ ਰਿਹਾ ਸੀ ਕਿ ਕਮਿਊਨਿਜ਼ਮ ਦੇ ਖ਼ਾਤਮੇ ਨਾਲ, ਹੁਣ ਸਿੱਧੀ ਟੱਕਰ ਦੇਣ ਵਾਲੀ ਕੋਈ ਹੋਰ ਵਿਚਾਰਧਾਰਾ ਮੌਜੂਦ ਨਹੀਂ ਹੈ।

ਇੰਞ ਸੈਚਸ ਤਾਂ ਸੋਵੀਅਤ ਯੂਨੀਅਨ ਦੇ ਟੁੱਟਣ ਨੂੰ ਤਾਨਾਸ਼ਾਹ ਰਾਜ ਤੋਂ ਮੁਕਤੀ ਸਮਝਦਾ ਸੀ ਅਤੇ ਬਾਹਵਾਂ ਟੰਗ ਕੇ ਮਦਦ ਕਰਨ ਲਈ ਤਿਆਰ ਸੀ ਪਰ ਉਸ ਦੇ ਸ਼ਿਕਾਗੋ ਸਕੂਲ ਵਾਲੇ ਸਾਥੀ ਇਸ ਨੂੰ ਹੋਰ ਤਰ੍ਹਾਂ ਦੀ ਮੁਕਤੀ ਵਜੋਂ ਲੈਂਦੇ ਹਨ। ਉਹ ਸਮਝਦੇ ਸਨ ਕਿ ਕੀਨਜ਼ਵਾਦ ਅਤੇ ਜੈਫਰੀ ਸੈਚਸ ਵਰਗੇ ਬੰਦਿਆਂ ਦੇ ਸਮਾਜ ਭਲਾਈ ਦੇ ਵਿਚਾਰਾਂ ਤੋਂ ਖਹਿੜਾ ਛੁੱਟ ਗਿਆ। ਇਸ ਰੌਸ਼ਨੀ 'ਚ ਦੇਖਿਆਂ ਜਦੋਂ ਰੂਸ ਦੀ ਵਾਰੀ ਆਈ ਤਾਂ ਜਿਸ ਕੁਝ ਨਾ ਕਰਨ ਦੇ ਰਵੱਈਏ ਤੋਂ ਸੈਚਸ ਐਨਾ ਖਫ਼ਾ ਹੋਇਆ ਸੀ ਉਹ "ਨਿਰੀ ਸੁਸਤੀ" ਨਹੀਂ ਸੀ ਸਗੋਂ ਖੁੱਲ੍ਹੀ ਮੰਡੀ ਦੀ ਨੀਤੀ ਨੂੰ ਲਾਗੂ ਕਰਨਾ ਸੀ : ਜੋ ਹੁੰਦਾ ਹੈ ਹੋ ਲੈਣ ਦਿਓ, ਕਰੋ ਕੁਝ ਨਾ। ਜੋ ਵਿਅਕਤੀ—ਬੁਸ਼ ਸੀਨੀਅਰ ਦੇ ਬਦੇਸ਼ ਵਿਭਾਗ ਦੇ ਮੁਖੀ ਡਿਕ ਚੈਨੀ ਤੋਂ ਲੈ ਕੇ ਖ਼ਜ਼ਾਨਾ ਵਿਭਾਗ ਦੇ ਅਧੀਨ ਸਕੱਤਰ ਲਾਰੈਂਸ ਸਮਰਜ਼ ਅਤੇ ਆਈ ਐੱਮ ਐੱਫ ਦੇ ਸਟੈਨਲੇ ਫਿਸਚਰ ਤੱਕ ਰੂਸ ਦੀ ਸਹਾਇਤਾ ਲਈ ਡੱਕਾ ਨਹੀਂ ਤੋੜ ਰਹੇ ਸਨ ਉਹ ਅਸਲ ਵਿਚ ਕੁਝ ਹੋਰ ਕਰ ਰਹੇ ਸਨ : ਉਹ ਮੰਡੀ ਨੂੰ ਬਦਤਰੀਨ ਹਾਲਤ ਪੈਦਾ ਕਰਨ ਦੀ ਖੁੱਲ੍ਹ ਦੇ ਕੇ ਸ਼ਿਕਾਗੋ ਸਕੂਲ ਦੀ ਖ਼ਾਲਸ ਵਿਚਾਰਧਾਰਾ ਨੂੰ ਅਮਲ 'ਚ ਲਿਆ ਰਹੇ ਸਨ। ਇਸ ਵਿਚਾਰਧਾਰਾ ਦਾ ਚਿੱਲੀ ਤੋਂ ਵੀ ਵੱਧ ਸਾਕਾਰ ਰੂਪ ਰੂਸ ਸੀ, ਇਹ 'ਅਮੀਰ ਬਣੋ ਜਾਂ ਮਰੋ' ਦਾ ਸੰਤਾਪ ਅਜ਼ਮਾਕੇ ਦੇਖਣ ਦਾ ਪ੍ਰਛਾਵਾਂ ਸੀ ਜਿਹੜਾ ਇਨ੍ਹਾਂ ਵਿਚੋਂ ਬਹੁਤੇ ਖਿਡਾਰੀਆਂ ਨੇ ਇਕ ਦਹਾਕਾ ਬਾਅਦ ਇਰਾਕ 'ਚ ਸਾਕਾਰ ਕੀਤਾ।

ਇਸ ਖੇਡ ਦੇ ਨਵੇਂ ਅਸੂਲਾਂ ਦੇ ਦੀਦਾਰ 13 ਜਨਵਰੀ 1993 ਨੂੰ ਵਾਸ਼ਿੰਗਟਨ ਡੀ ਸੀ ਵਿਚ ਹੋਏ। ਡੂਪੌਂਟ ਹਲਕੇ ਅੰਦਰ ਕਾਰਨੈਗੀ ਕਾਨਫਰੰਸ ਕੇਂਦਰ ਦੀ 10ਵੀਂ ਮੰਜ਼ਲ ਉੱਪਰ ਇਕ ਛੋਟਾ ਜਿਹਾ ਪਰ ਅਹਿਮ ਸੰਮੇਲਨ ਹੋਇਆ। ਇਸ ਵਿਚ ਸਿਰਫ਼ ਸੱਦੇ ਗਏ ਵਿਅਕਤੀ ਹੀ ਸ਼ਾਮਲ ਹੋ ਸਕਦੇ ਸਨ। ਵਾਈਟ ਹਾਊਸ ਤੋਂ ਇੱਥੇ ਕਾਰ ਰਾਹੀਂ ਜਾਣ ਲਈ ਕੁਲ ਸੱਤ ਮਿੰਟ ਲਗਦੇ ਹਨ ਅਤੇ ਆਈ ਐੱਮ ਐੱਫ ਤੇ ਸੰਸਾਰ ਬੈਂਕ ਦੇ ਸਦਰ ਮੁਕਾਮਾਂ ਤੋਂ ਵਾਟ ਹੋਰ ਵੀ ਥੋੜ੍ਹੀ ਹੈ। ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੋਵਾਂ ਦੇ ਮਿਸ਼ਨ ਤਿਆਰ ਕਰਨ ਲਈ ਪ੍ਰਸਿੱਧ ਸ਼ਕਤੀਸ਼ਾਲੀ ਅਰਥਸ਼ਾਸਤਰੀ ਜੌਹਨ ਵਿਲੀਅਮਸਨ ਨੇ ਇਹ ਸਮਾਗਮ ਨਵ-ਉਦਾਰਵਾਦੀ ਭਾਈਚਾਰੇ ਦੇ ਇਤਿਹਾਸਕ ਜੋੜ-ਮੇਲੇ ਵਜੋਂ ਬੁਲਾਇਆ ਸੀ। ਸਮਾਗਮ 'ਚ ਉਹ ਸਾਰੇ ਪ੍ਰਸਿੱਧ "ਟੈਕਨੋਪੋਲ" ਹਾਜ਼ਰ ਸਨ ਜੋ ਸ਼ਿਕਾਗੋ ਸਿਧਾਂਤ ਨੂੰ ਦੁਨੀਆਂ ਭਰ 'ਚ ਫੈਲਾਉਣ ਦੀ ਮੁਹਿੰਮ ਦੇ ਮੋਹਰੀ ਰਹੇ ਸਨ। ਇੱਥੇ ਸਪੇਨ, ਬਰਾਜ਼ੀਲ ਅਤੇ ਪੋਲੈਂਡ ਦੇ ਮੌਜੂਦਾ ਅਤੇ ਸਾਬਕਾ ਵਿੱਤ ਮੰਤਰੀ, ਤੁਰਕੀ ਅਤੇ ਪੇਰੂ ਦੀਆਂ ਕੇਂਦਰੀ

ਬੈਂਕਾਂ ਦੇ ਮੁਖੀ, ਮੈਕਸੀਕੋ ਦੇ ਰਾਸ਼ਟਰਪਤੀ ਦੇ ਮੁੱਖ ਅਧਿਕਾਰੀ ਅਤੇ ਪਨਾਮਾ ਦਾ ਸਾਬਕਾ ਰਾਸ਼ਟਰਪਤੀ ਹਾਜ਼ਰ ਸਨ। ਸੈਚਸ ਦਾ ਪੁਰਾਣਾ ਯਾਰ ਅਤੇ ਪੋਲੈਂਡ ਦੇ ਸਦਮਾ ਇਲਾਜ ਦਾ ਯੋਜਨਾ ਘਾੜਾ ਨਾਇਕ ਲੇਸਜ਼ੇਕ ਬਾਲਸਰੋਵਿਜ਼ ਅਤੇ ਸੈਚਸ ਦਾ ਹਾਵਰਡ ਵਾਲਾ ਸਾਥੀ ਅਰਥਸ਼ਾਸਤਰੀ ਡੈਨੀ ਰੌਡਰਿਕ ਵੀ ਇੱਥੇ ਮੌਜੂਦ ਸਨ। ਰੌਡਰਿਕ ਨੇ ਇਹ ਸਾਬਤ ਕੀਤਾ ਸੀ ਕਿ ਨਵ-ਉਦਾਰਵਾਦੀ ਢਾਂਚਾ-ਢਲਾਈ ਨੂੰ ਅਪਨਾਉਣ ਵਾਲਾ ਹਰੇਕ ਦੇਸ਼ ਡੂੰਘੇ ਸੰਕਟ ਦਾ ਸ਼ਿਕਾਰ ਹੋਇਆ ਸੀ। ਭਵਿੱਖ ਵਿਚ ਆਈ ਐੱਮ ਐੱਫ ਦਾ ਪਹਿਲਾ ਪ੍ਰਬੰਧਕੀ ਨਿਰਦੇਸ਼ਕ ਬਣਨ ਵਾਲਾ ਸ਼ਖਸ ਐਨੀ ਕਰੂਏਗਰ ਵੀ ਇੱਥੇ ਪਹੁੰਚਿਆ ਹੋਇਆ ਸੀ। ਪਿਨੋਚੇ ਦਾ ਸਭ ਤੋਂ ਵੱਡਾ ਸ਼ਰਧਾਲੂ ਮੰਤਰੀ ਜੋਸ ਪਿਨੇਰਾ ਚਿੱਲੀ ਦੇ ਰਾਸ਼ਟਰਪਤੀ ਦੀ ਚੋਣ ਮੁਹਿੰਮ 'ਚ ਮਸਰੂਫ਼ ਹੋਣ ਕਾਰਨ ਆ ਨਹੀਂ ਸਕਿਆ ਸੀ। ਆਪਣੀ ਥਾਂ ਉਸ ਨੇ ਵਿਸਥਾਰੀ ਪਰਚਾ ਭੇਜਿਆ ਸੀ। ਸੈਚਸ ਇਸ ਸਮੇਂ ਯੇਲਤਸਿਨ ਦਾ ਸਲਾਹਕਾਰ ਸੀ ਉਸ ਨੇ ਸਮਾਗਮ 'ਚ ਮੁੱਖ ਤਕਰੀਰ ਕਰਨੀ ਸੀ।

ਸਾਰਾ ਦਿਨ ਸੰਮੇਲਨ ਦੇ ਡੈਲੀਗੇਟ ਇਸ ਮਨਭਾਉਂਦੇ ਅਰਥਸ਼ਾਸਤਰੀ ਦੀ ਇਸ ਜੁਗਤ ਬਾਰੇ ਭਕਾਈ ਮਾਰਦੇ ਰਹੇ ਕਿ ਸਿਆਸਤਦਾਨਾਂ ਨੂੰ ਉਨਾਂ ਨੀਤੀਆਂ ਨੂੰ ਅਪਨਾਉਣ ਲਈ ਕਿਵੇਂ ਪ੍ਰੇਰਿਆ ਜਾਵੇ ਜਿਨ੍ਹਾਂ ਨੂੰ ਉਹ ਲਾਗੂ ਕਰਨ ਤੋਂ ਝਿਜਕਦੇ ਹਨ ਅਤੇ ਵੋਟਰ ਇਨ੍ਹਾਂ ਦੇ ਸਖ਼ਤ ਖ਼ਿਲਾਫ਼ ਹਨ। ਚੋਣਾਂ ਤੋਂ ਇਕਦਮ ਬਾਅਦ, ਸਦਮਾ ਇਲਾਜ ਕਿਵੇਂ ਸ਼ੁਰੂ ਕੀਤਾ ਜਾਵੇ ? ਇਹ ਹਮਲਾ ਅਣਕਿਆਸਿਆ ਹੋਣ ਕਰਕੇ ਕੀ ਮੱਧਮਾਰਗੀ-ਖੱਬੀਆਂ ਪਾਰਟੀਆਂ ਸੱਜੇਪੱਖੀਆਂ ਤੋਂ ਵੱਧ ਕਾਰਗਰ ਹਨ ? ਕੀ ਜਨਤਾ ਨੂੰ ਚੁਕੰਨੀ ਕੀਤਾ ਜਾਵੇ ਜਾਂ "ਸਿਆਸਤ ਦਾ ਜਾਦੂ" ਵਰਤ ਕੇ ਲੋਕਾਂ ਨੂੰ ਸੁੱਤਿਆਂ ਨੂੰ ਦਬੋਚ ਲਿਆ ਜਾਵੇ ? ਭਾਵੇਂ ਸੰਮੇਲਨ ਦਾ ਨਾਂ "ਨੀਤੀ ਸੁਧਾਰਾਂ ਦੀ ਸਿਆਸੀ ਆਰਥਿਕਤਾ" ਰੱਖਿਆ ਗਿਆ ਸੀ—ਪ੍ਰਚਾਰ ਮਾਧਿਅਮਾਂ ਦਾ ਧਿਆਨ ਹਟਾਉਣ ਲਈ ਗਿਣ-ਮਿਥ ਕੇ ਹੀ ਇਹ ਕੂਲਾ ਜਿਹਾ ਸਿਰਲੇਖ ਤੈਅ ਕੀਤਾ ਗਿਆ ਸੀ—ਫੇਰ ਵੀ ਸੰਮੇਲਨ ਵਿਚ ਸ਼ਾਮਲ ਇਕ ਸੱਜਣ ਨੇ ਗੁੱਝੀ ਟਕੋਰ ਕਰ ਹੀ ਦਿੱਤੀ ਕਿ ਅਸਲ ਵਿਚ ਤਾਂ ਸੰਮੇਲਨ "ਮੈਕਿਆਵੇਲੀ ਅਰਥਸ਼ਾਸਤਰ ਬਾਰੇ" ਹੈ।[8]

ਸੈਚਸ ਕਈ ਘੰਟੇ ਇਹ ਚਰਚਾ ਸੁਣਦਾ ਰਿਹਾ ਅਤੇ ਰਾਤ ਦੇ ਖਾਣੇ ਤੋਂ ਬਾਅਦ ਉਹ ਤਕਰੀਰ ਕਰਨ ਲਈ ਮੰਚ 'ਤੇ ਆਇਆ। ਤਕਰੀਰ ਦਾ ਸਿਰਲੇਖ ਅਤੇ ਲਹਿਜ਼ਾ ਪੂਰੀ ਤਰ੍ਹਾਂ ਸੈਚਸਵਾਦੀ ਸੀ : "ਆਰਥਕ ਹੰਗਾਮੀ ਹਾਲਤ ਵਾਲੇ ਕਮਰੇ ਦੀ ਜ਼ਿੰਦਗੀ।"[9] ਉਸ ਦਾ ਜੋਸ਼ ਡੁੱਲ੍ਹ ਡੁੱਲ੍ਹ ਪੈਂਦਾ ਸੀ। ਇਕੱਠ ਆਪਣੇ ਉਸ ਇਸ਼ਟ ਦੀ ਤਕਰੀਰ ਸੁਣਨ ਲਈ ਉਤਸੁਕ ਸੀ ਜਿਸ ਨੇ ਜਮਹੂਰੀ ਯੁੱਗ 'ਚ ਸਦਮਾ ਇਲਾਜ ਦੀ ਮਸ਼ਾਲ ਚੁੱਕੀ ਹੋਈ ਸੀ। ਸੈਚਸ ਸਵੈ-ਵਡਿਆਈ ਦੇ ਰੌਅ 'ਚ ਨਹੀਂ ਸੀ। ਇਸ ਦੀ ਬਜਾਏ ਉਸ ਦੀ ਕੋਸ਼ਿਸ਼ ਸੀ ਕਿ ਇਸ ਤਕਰੀਰ ਰਾਹੀਂ ਸਰੋਤੇ ਰੂਸ ਦੀ ਨਾਜ਼ਕ ਹਾਲਤ ਨਾਲ ਆਤਮਸਾਤ ਹੋ ਜਾਣ।

ਉਸ ਨੇ ਆਪਣੇ ਸਰੋਤਿਆਂ ਨੂੰ ਉਹ ਸਹਾਇਤਾ ਚੇਤੇ ਕਰਾਈ ਜੋ ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪ ਅਤੇ ਜਪਾਨ ਨੂੰ ਦਿੱਤੀ ਗਈ ਸੀ, "ਜੋ ਬਾਅਦ 'ਚ ਜਪਾਨ ਦੀ ਸ਼ਾਨਦਾਰ ਕਾਮਯਾਬੀ ਲਈ ਅਹਿਮ ਸਾਬਤ ਹੋਈ।" ਉਸ ਨੇ ਹੈਰੀਟੇਜ ਫਾਊਂਡੇਸ਼ਨ ਦੇ ਇਕ ਵਿਸ਼ਲੇਸ਼ਣਕਾਰ ਦੀ ਇਕ ਚਿੱਠੀ ਦੀ ਵਿਥਿਆ ਸੁਣਾਈ—ਜਿਸ ਦਾ "ਰੂਸ ਦੇ ਆਰਥਕ ਸੁਧਾਰਾਂ 'ਚ ਤਾਂ ਪੂਰਾ ਭਰੋਸਾ ਸੀ ਪਰ ਉਹ ਰੂਸ ਨੂੰ ਬਦੇਸ਼ੀ ਸਹਾਇਤਾ ਦੇਣ ਦੇ ਹੱਕ 'ਚ ਨਹੀਂ ਸੀ।" ਸੈਚਸ ਨੇ ਦੱਸਿਆ, "ਇਹ ਖੁੱਲ੍ਹੀ ਮੰਡੀ ਦੇ ਸਿਧਾਂਤਕਾਰਾਂ ਦੀ ਆਮ ਸੋਚ ਹੈ—ਜਿਨ੍ਹਾਂ ਵਿਚੋਂ ਮੈਂ ਵੀ ਇਕ ਹਾਂ। ਇਹ ਸਹੀ ਜ਼ਰੂਰ ਜਾਪਦੀ ਹੈ ਪਰ ਗ਼ਲਤ ਸੋਚ ਹੈ। ਮੰਡੀ ਆਪ ਹੀ ਸਾਰਾ ਕੁਝ ਨਹੀਂ ਕਰ ਸਕਦੀ; ਇਸ ਲਈ

ਕੌਮਾਂਤਰੀ ਮਦਦ ਬਹੁਤ ਅਹਿਮ ਹੈ।" ਉਸ ਦਾ ਕਹਿਣਾ ਸੀ ਕਿ ਖੁੱਲ੍ਹੀ ਮੰਡੀ ਦਾ ਫ਼ਤੂਰ ਰੂਸ ਨੂੰ ਤਬਾਹ ਕਰ ਰਿਹਾ ਸੀ। "ਰੂਸ 'ਚ ਸੁਧਾਰ ਕਰਨ ਵਾਲੇ ਭਾਵੇਂ ਕਿੰਨੇ ਵੀ ਬਹਾਦਰ, ਗੁਣਵਾਨ ਅਤੇ ਖੁਸ਼ਕਿਸਮਤ ਹਨ ਪਰ ਵੱਡੇ ਪੱਧਰ 'ਤੇ ਬਾਹਰਲੀ ਸਹਾਇਤਾ ਤੋਂ ਬਗ਼ੈਰ ਉਹ ਅਜਿਹਾ ਨਹੀਂ ਕਰ ਸਕਣਗੇ।.... ਅਸੀਂ ਇਤਿਹਾਸਕ ਮੌਕਾ ਹੱਥੋਂ ਗਵਾਉਣ ਜਾ ਰਹੇ ਹਾਂ।"

ਬੇਸ਼ੱਕ ਇਕ ਵਾਰ ਤਾੜੀਆਂ ਵਜਾ ਕੇ ਸੈਚਸ ਦੀ ਪ੍ਰਸ਼ੰਸਾ ਕੀਤੀ ਗਈ, ਪਰ ਜੋਸ਼-ਖਰੋਸ਼ ਨਾਲ ਹੁੰਗਾਰਾ ਨਹੀਂ ਮਿਲਿਆ। ਉਹ ਐਨਾ ਖੁੱਲ੍ਹਾ ਸਮਾਜਿਕ ਖ਼ਰਚ ਕਰਨ ਦੀ ਤਾਰੀਫ਼ ਕਿਉਂ ਕਰ ਰਿਹਾ ਸੀ ? ਇਹ ਹਜੂਮ ਨਿਊ ਡੀਲ ਨੂੰ ਖ਼ਤਮ ਕਰਨ ਲਈ ਦੁਨੀਆਂ ਪੱਧਰ 'ਤੇ ਜਹਾਦ ਚਲਾ ਰਿਹਾ ਸੀ; ਉਹ ਕੋਈ ਤਾਜ਼ਾ ਨਵਾਂ ਸੌਦਾ ਤਾਂ ਕਰ ਨਹੀਂ ਰਿਹਾ ਸੀ। ਸੰਮੇਲਨ ਦੀਆਂ ਅਗਲੀਆਂ ਬੈਠਕਾਂ ਵਿਚ ਸੈਚਸ ਦੇ ਇਤਰਾਜ਼ ਦੇ ਹੱਕ 'ਚ ਕੋਈ ਵੀ ਅੱਗੇ ਨਾ ਆਇਆ, ਉਸ ਦੇ ਖ਼ਿਲਾਫ਼ ਬੋਲਣ ਵਾਲੇ ਬਥੇਰੇ ਸਨ।

ਸੈਚਸ ਨੇ ਮੈਨੂੰ ਦੱਸਿਆ ਕਿ ਉਹ ਆਪਣੀ ਤਕਰੀਰ ਰਾਹੀਂ ਇਹ "ਵਿਆਖਿਆ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅਸਲ ਸੰਕਟ ਕਿਸ ਤਰ੍ਹਾਂ ਦਾ ਹੈ ਅਤੇ ਇਸ ਨੂੰ ਕਿੰਨੀ ਸ਼ਿੱਦਤ ਨਾਲ ਲੈਣਾ ਚਾਹੀਦਾ ਹੈ।" ਉਸ ਦਾ ਕਹਿਣਾ ਸੀ "ਵਾਸ਼ਿੰਗਟਨ 'ਚ ਬੈਠ ਕੇ ਨੀਤੀਆਂ ਘੜਨ ਵਾਲਿਆਂ ਨੂੰ ਇਹ ਸਮਝ ਨਹੀਂ ਪੈਂਦੀ ਕਿ ਆਰਥਕ ਘੜਮੱਸ ਹੈ ਕੀ ਚੀਜ਼। ਇਸ ਤੋਂ ਅੱਗੇ ਹੋਣ ਵਾਲੀ ਗੜਬੜ ਉਨ੍ਹਾਂ ਦੇ ਖ਼ਾਨੇ ਨਹੀਂ ਪੈਂਦੀ।" ਉਹ ਉਨ੍ਹਾਂ ਮੂਹਰੇ ਇਹ ਅਸਲੀਅਤ ਰੱਖਣੀ ਚਾਹੁੰਦਾ ਸੀ ਕਿ "ਇਸ ਤਰ੍ਹਾਂ ਦੀ ਗਤੀਸ਼ੀਲਤਾ ਵੀ ਹੈ ਕਿ ਹਾਲਾਤ ਅਗਾਂਹ ਤੋਂ ਅਗਾਂਹ ਹੋਰ ਬੇਕਾਬੂ ਹੁੰਦੇ ਜਾਂਦੇ ਹਨ, ਓਦੋਂ ਤੱਕ ਇਸੇ ਤਰ੍ਹਾਂ ਹੁੰਦਾ ਰਹਿੰਦਾ ਹੈ ਜਦੋਂ ਤੱਕ ਹੋਰ ਆਫ਼ਤ ਨਹੀਂ ਆਉਂਦੀ, ਜਦੋਂ ਤੱਕ ਹਿਟਲਰ ਮੁੜ ਸੱਤਾ 'ਚ ਨਹੀਂ ਆਉਂਦਾ, ਜਦੋਂ ਤੱਕ ਖ਼ਾਨਾਜੰਗੀ ਨਹੀਂ ਛਿੜ ਜਾਂਦੀ, ਜਾਂ ਵਿਆਪਕ ਅਕਾਲ ਨਹੀਂ ਪੈ ਜਾਂਦਾ ਜਾਂ ਹੋਰ ਕੀ ਕੀ ਨਹੀਂ ਹੁੰਦਾ।.... ਲੋੜ ਇਹ ਹੁੰਦੀ ਹੈ ਕਿ ਤੁਸੀਂ ਸਹਾਇਤਾ ਕਰਨ ਲਈ ਹੰਗਾਮੀ ਕਦਮ ਚੁੱਕੋ, ਕਿਉਂਕਿ ਅਸਥਿਰ ਹਾਲਤ ਵਿਚੋਂ ਰਸਤਾ ਸਿਰਫ਼ ਹਾਲਤ ਸਾਵੀਂ ਹੋਣ ਵੱਲ ਹੀ ਨਹੀਂ ਜਾਂਦਾ, ਇਹ ਹੋਰ ਅਸਥਿਰਤਾ ਵੱਲ ਵੀ ਜਾਂਦਾ ਹੈ।"

ਮੈਂ ਇਹ ਸੋਚੇ ਬਿਨਾ ਨਾ ਰਹਿ ਸਕੀ ਕਿ ਸੈਚਸ ਆਪਣੇ ਸਰੋਤਿਆਂ ਨਾਲ ਇਨਸਾਫ਼ ਨਹੀ ਕਰ ਰਿਹਾ ਸੀ। ਉਸ ਹਾਲ ਵਿਚ ਮੌਜੂਦ ਲੋਕ ਮਿਲਟਨ ਫਰਾਇਡਮੈਨ ਦੇ ਸੰਕਟ ਸਿਧਾਂਤ ਦੇ ਮਾਹਰ ਸਨ ਅਤੇ ਕਈਆਂ ਨੇ ਆਪੋ ਆਪਣੇ ਦੇਸ਼ ਵਿਚ ਇਸ ਨੂੰ ਲਾਗੂ ਵੀ ਕੀਤਾ ਸੀ। ਬਹੁਤੇ ਵਿਅਕਤੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਆਰਥਕ ਗਿਰਾਵਟ ਕਿੰਨੀ ਦਰਦਨਾਕ ਅਤੇ ਅਸਥਿਰਤਾ ਵਾਲੀ ਹੁੰਦੀ ਹੈ, ਪਰ ਉਸ ਅਨੁਸਾਰ ਰੂਸ ਇਕ ਹੋਰ ਤਰ੍ਹਾਂ ਦਾ ਸਬਕ ਦੇ ਰਿਹਾ ਸੀ : ਕਿ ਦਰਦਨਾਕ ਅਤੇ ਗੜਬੜ ਚੌਥ ਦੀ ਹਾਲਤ ਯੇਲਤਸਿਨ ਨੂੰ ਤੇਜ਼ੀ ਨਾਲ ਰਾਜ ਦੀ ਦੌਲਤ ਨਿਲਾਮ ਕਰਨ ਲਈ ਮਜਬੂਰ ਕਰ ਰਹੀ ਸੀ, ਇਹ ਖ਼ਾਸ ਤੌਰ 'ਤੇ ਸਾਜ਼ਗਾਰ ਹਾਲਤ ਸੀ।

ਵਿਚਾਰ-ਚਰਚਾ ਨੂੰ ਵਿਹਾਰਕ ਤਰਜੀਹਾਂ ਵੱਲ ਮੋੜਨ ਦਾ ਜ਼ਿੰਮਾ ਸੰਮੇਲਨ ਦੇ ਮੇਜ਼ਬਾਨ ਜੌਹਨ ਵਿਲੀਅਮਸਨ ਦੇ ਹਿੱਸੇ ਆਇਆ। ਸੈਚਸ ਇਸ ਸਮਾਗਮ ਦੀ ਨਾਮੀ ਸ਼ਖਸੀਅਤ ਸੀ ਪਰ ਇੱਥੇ ਜੁੜੇ ਹਜੂਮ ਦਾ ਅਸਲ ਗੁਰੂ ਵਿਲੀਅਮਸਨ ਸੀ। ਇਹ ਗੰਜਾ, ਟੀ ਵੀ ਉੱਪਰ ਪ੍ਰਸਾਰਿਤ ਕੀਤੀ ਜਾਣ ਵਾਲੀ ਹਸਤੀ ਤਾਂ ਉੱਕਾ ਹੀ ਨਹੀਂ ਸੀ ਅਸਲ ਵਿਚ ਇਹ ਸਿਆਸੀ ਤੌਰ 'ਤੇ ਐਨਾ ਗ਼ਲਤ ਸੀ ਕਿ ਸੁਣਕੇ ਲੂੰ-ਕੰਡੇ ਖੜ੍ਹੇ ਹੁੰਦੇ ਸਨ। ਵਿਲੀਅਮਸਨ ਨੇ ਹੀ "ਵਾਸ਼ਿੰਗਟਨ ਵਾਲੀ ਆਮ-ਸਹਿਮਤੀ" ਦੀ ਧਾਰਨਾ ਦੀ ਕਾਢ ਕੱਢੀ—ਸ਼ਾਇਦ ਇਹ ਆਧੁਨਿਕ ਅਰਥਸ਼ਾਸਤਰ ਦੇ ਤਿੰਨ ਐਸੇ ਲਫ਼ਜ਼ ਹਨ ਜਿਨ੍ਹਾਂ ਦਾ ਸਭ ਤੋਂ ਵੱਧ ਹਵਾਲਾ ਦਿੱਤਾ ਜਾਂਦਾ ਹੈ ਅਤੇ ਇਹ ਵਿਵਾਦਪੂਰਨ

ਵੀ ਹਨ। ਉਹ ਬਹੁਤ ਜ਼ਿਆਦਾ ਗੁਪਤ ਸੰਮੇਲਨ ਅਤੇ ਸੈਮੀਨਾਰ ਸੰਗਠਿਤ ਕਰਨ ਲਈ ਪ੍ਰਸਿੱਧ ਹੈ, ਹਰੇਕ ਸਮਾਗਮ ਉਸ ਦੀਆਂ ਨਿਧੜਕ ਮਨੌਤਾਂ ਨੂੰ ਪਰਖਣ ਦੇ ਉਦੇਸ਼ ਨਾਲ ਵਿਉਂਤਿਆ ਜਾਂਦਾ ਹੈ। ਜਨਵਰੀ ਸੰਮੇਲਨ ਮੌਕੇ ਉਸ ਕੋਲ ਜ਼ਬਰਦਸਤ ਏਜੰਡਾ ਸੀ : ਉਹ ਉਸ ਮਨੌਤ ਨੂੰ ਪਰਖਣਾ ਚਾਹੁੰਦਾ ਸੀ ਜਿਸ ਨੂੰ ਉਸ ਨੇ ਅੰਤਮ ਰੂਪ 'ਚ "ਸੰਕਟ ਦੀ ਮਨੌਤ" ਦਾ ਨਾਂ ਦਿੱਤਾ।[10]

ਆਪਣੀ ਤਕਰੀਰ 'ਚ, ਵਿਲੀਅਮਸਨ ਨੇ ਕਿਸੇ ਹੋਰ ਦੇਸ਼ ਨੂੰ ਸੰਕਟ ਤੋਂ ਬਚਾਉਣ ਲਈ ਕੋਈ ਜ਼ਰੂਰੀ ਚੇਤਾਵਨੀਆਂ ਨਹੀਂ ਦਿੱਤੀਆਂ; ਅਸਲ ਵਿਚ ਉਹ ਤਰਥੱਲੀ ਮਚਾਉਣ ਵਾਲੀਆਂ ਘਟਨਾਵਾਂ ਬਾਰੇ ਜੋਸ਼-ਖਰੋਸ਼ ਨਾਲ ਬੋਲਿਆ। ਉਸ ਨੇ ਸਰੋਤਿਆਂ ਨੂੰ ਇਹ ਰੱਟੇ ਵਾਲਾ ਤੱਥ ਚੇਤੇ ਕਰਾਇਆ ਕਿ ਦੇਸ਼ ਓਦੋਂ ਹੀ ਮੰਡੀ ਆਰਥਿਕਤਾ ਦੀ ਕੌੜੀ ਘੁੱਟ ਭਰਨ ਲਈ ਮੰਨਦੇ ਹਨ ਜਦੋਂ ਉਹ ਸਚਮੁਚ ਸੰਕਟ ਦੀ ਮਾਰ ਹੇਠ ਹੁੰਦੇ ਹਨ। ਉਹ ਸਦਮਾ ਇਲਾਜ ਲੈਣ ਲਈ ਫੇਰ ਹੀ ਲੰਮੇ ਪੈਂਦੇ ਹਨ ਜਦੋਂ ਉਹ ਸਦਮੇ ਦੇ ਅਸਰ ਹੇਠ ਹੁੰਦੇ ਹਨ। ਉਸ ਨੇ ਐਲਾਨ ਕੀਤਾ, "ਇਹ ਸਭ ਤੋਂ ਭੈੜੇ ਸਮੇਂ ਹੀ ਉਨ੍ਹਾਂ ਲਈ ਬਿਹਤਰੀਨ ਮੌਕੇ ਪੈਦਾ ਕਰਦੇ ਹਨ ਜੋ ਬੁਨਿਆਦੀ ਆਰਥਕ ਸੁਧਾਰ ਦੀ ਲੋੜ ਨੂੰ ਸਮਝਦੇ ਹਨ।"[11]

ਵਿਤੀ ਸੰਸਾਰ ਦੇ ਅਵਚੇਤਨ (Sub-conscious) ਨੂੰ ਲਫ਼ਜ਼ਾਂ ਵਿਚ ਬਿਆਨ ਕਰਨ ਦੀ ਲਾਜਵਾਬ ਮੁਹਾਰਤ ਨਾਲ ਵਿਲੀਅਮਸਨ ਨੇ ਸਾਧਾਰਨ ਰੂਪ ਵਿਚ ਧਿਆਨ ਦਿਵਾਇਆ ਕਿ ਇਸ ਤੋਂ ਕੁਝ ਗੁੱਝੇ ਸਵਾਲ ਪੈਦਾ ਹੁੰਦੇ ਹਨ :

ਸਵਾਲ ਇਹ ਕਰਨਾ ਹੋਵੇਗਾ ਕਿ ਕੀ ਜਾਣ-ਬੁੱਝ ਕੇ ਸੰਕਟ ਖੜ੍ਹਾ ਕਰਨ ਦੀ ਕੋਈ ਤੁਕ ਬਣਦੀ ਹੈ ਕਿ ਸੁਧਾਰਾਂ ਦੇ ਰਾਹ ਦੇ ਸਿਆਸੀ ਅੜਿੱਕੇ ਨੂੰ ਦੂਰ ਕੀਤਾ ਜਾ ਸਕੇ। ਮਿਸਾਲ ਵਜੋਂ ਬਰਾਜ਼ੀਲ ਵਿਚ ਕਈ ਵਾਰ ਇਹ ਸੁਝਾਅ ਦਿੱਤਾ ਗਿਆ ਕਿ ਸਿੱਕੇ ਦੇ ਅਤਿ ਫੈਲਾਅ ਨੂੰ ਝੋਕਾ ਦੇ ਕੇ ਹੋਰ ਵਧਾਉਣਾ ਫ਼ਾਇਦੇਮੰਦ ਹੈ ਤਾਂ ਜੋ ਹਰ ਕੋਈ ਭੈਭੀਤ ਹੋ ਕੇ ਇਨ੍ਹਾਂ ਤਬਦੀਲੀਆਂ ਦਾ ਭਾਣਾ ਮੰਨ ਲਵੇ....। 1930ਵਿਆਂ ਦੇ ਅੱਧ 'ਚ ਇਤਿਹਾਸਕ ਦੂਰ-ਅੰਦੇਸ਼ੀ ਵਾਲੇ ਕਿਸੇ ਵਿਅਕਤੀ ਨੇ ਪਹਿਲਾਂ ਹੀ ਇਹ ਮੰਨਕੇ ਇਹ ਵਕਾਲਤ ਨਹੀਂ ਕੀਤੀ ਕਿ ਜਰਮਨੀ ਜਾਂ ਜਪਾਨ ਨੂੰ ਜੰਗ ਵਿੱਢ ਲੈਣੀ ਚਾਹੀਦੀ ਹੈ ਤਾਂ ਜੋ ਉਸ ਸੁਪਰ ਵਿਕਾਸ ਦੇ ਫ਼ਾਇਦੇ ਲੈ ਸਕਣ ਜੋ ਉਨ੍ਹਾਂ ਦੀ ਹਾਰ ਤੋਂ ਬਾਅਦ ਹੋਇਆ ਸੀ ? ਕੀ ਇਸ ਤੋਂ ਥੋੜ੍ਹਾ ਸੰਕਟ ਉਹੀ ਕੰਮ ਕਰ ਸਕਦਾ ਸੀ ? ਕੀ ਐਸੇ ਜਾਅਲੀ ਸੰਕਟ ਦੀ ਗੱਲ ਸੋਚੀ ਜਾ ਸਕਦੀ ਹੈ ਜੋ ਅਸਲੀ ਸੰਕਟ ਵਾਲੀ ਕੀਮਤ ਦਿੱਤੇ ਬਗ਼ੈਰ ਉਹੀ ਕੰਮ ਕਰ ਸਕੇ ?[12]

ਵਿਲੀਅਮਸਨ ਦੀਆਂ ਟਿੱਪਣੀਆਂ ਸਦਮਾ ਇਲਾਜ ਵੱਲ ਵੱਡੇ ਛੜੱਪੇ ਦੀ ਨੁਮਾਇੰਦਗੀ ਕਰਦੀਆਂ ਸਨ। ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕਾਂ ਦੇ ਮੁਖੀਆਂ ਨਾਲ ਖਚਾਖਚ ਭਰੇ ਮਹਾਂ-ਸੰਮੇਲਨ ਹਾਲ ਵਿਚ ਫ਼ੁਰਤੀ ਵਰਤ ਕੇ ਗੰਭੀਰ ਸੰਕਟ ਖੜ੍ਹਾ ਕਰਨ ਦਾ ਫ਼ੁਰਨਾ ਹੁਣ ਸ਼ਰੇਆਮ ਵਿਚਾਰਿਆ ਜਾ ਰਿਹਾ ਸੀ ਤਾਂ ਜੋ ਸਦਮਾ ਇਲਾਜ ਥੋਪਿਆ ਜਾ ਸਕੇ।

ਸੰਮੇਲਨ 'ਚ ਸ਼ਾਮਲ ਘੱਟੋ-ਘੱਟ ਇਕ ਬੰਦੇ ਨੇ ਆਪਣੀ ਤਕਰੀਰ 'ਚ ਇਨ੍ਹਾਂ ਘ੍ਰਿਣਤ ਵਿਚਾਰਾਂ ਤੋਂ ਪਰ੍ਹਾਂ ਰਹਿਣ ਦੀ ਜ਼ਿੰਮੇਵਾਰੀ ਮਹਿਸੂਸ ਕੀਤੀ। ਸੁਸੈਕਸ ਯੂਨੀਵਰਸਿਟੀ ਦੇ ਅੰਗਰੇਜ਼ ਅਰਥਸ਼ਾਸਤਰੀ ਜੌਹਨ ਟੌਏ ਨੇ ਕਿਹਾ, "ਵਿਲੀਅਮਸਨ ਦਾ ਸੁਝਾਅ ਕਿ ਸੁਧਾਰ ਥੋਪਣ ਲਈ ਜਾਅਲੀ ਸੰਕਟ ਖੜ੍ਹਾ ਕਰਨਾ ਵਧੀਆ ਦਾਅਪੇਚ ਹੈ। ਇਸ ਦਾ ਸਭ ਤੋਂ ਵਧੀਆ ਅਰਥ ਇਹ ਕੱਢਿਆ ਜਾ ਸਕਦਾ ਹੈ ਇਹ ਕਿਸੇ ਨੂੰ ਉਕਸਾ ਕੇ ਤੰਗ ਕਰਨ ਦੀ ਸੋਚ ਹੈ।"[13] ਇਸ ਦਾ ਕੋਈ

ਸਬੂਤ ਨਹੀਂ ਸੀ ਕਿ ਵਿਲੀਅਮਸਨ ਕਿਸੇ ਨੂੰ ਭੰਗ ਕਰ ਰਿਹਾ ਸੀ। ਅਸਲ ਵਿਚ, ਇਸ ਦੇ ਬਥੇਰੇ ਸਬੂਤ ਸਨ ਕਿ ਉਸ ਦੇ ਵਿਚਾਰਾਂ ਨੂੰ ਵਾਸ਼ਿੰਗਟਨ ਅਤੇ ਇਸ ਤੋਂ ਬਾਹਰਲੇ ਵਿਤੀ ਫ਼ੈਸਲੇ ਲੈਣ ਵਾਲੇ ਸਿਖ਼ਰਲੇ ਪੱਧਰਾਂ 'ਤੇ ਪਹਿਲਾਂ ਹੀ ਲਾਗੂ ਕੀਤਾ ਜਾ ਰਿਹਾ ਸੀ।

ਵਾਸ਼ਿੰਗਟਨ 'ਚ ਹੋਏ ਵਿਲੀਅਮਸਨ ਸੰਮੇਲਨ ਤੋਂ ਇਕ ਮਹੀਨਾ ਬਾਅਦ, ਸਾਡੇ ਦੇਸ਼ ਵਿਚ ਜਾਅਲੀ ਸੰਕਟ ਲਈ ਨਵਾਂ ਉਤਸ਼ਾਹ ਦੇਖਣ 'ਚ ਆਇਆ, ਹਾਲਾਂਕਿ ਬਹੁਤ ਥੋੜ੍ਹੇ ਬੰਦੇ ਹੀ ਸਮਝਦੇ ਸਨ ਕਿ ਇਹ ਸਮੇਂ ਦੀ ਆਲਮੀ ਯੁੱਧਨੀਤੀ ਦਾ ਹਿੱਸਾ ਹੈ। ਫਰਵਰੀ 1993 'ਚ, ਕੈਨੇਡਾ ਵਿਤੀ ਪਰਲੋ ਦੀ ਲਪੇਟ 'ਚ ਆਇਆ ਹੋਇਆ ਸੀ। ਜਾਂ ਅਖ਼ਬਾਰਾਂ ਪੜ੍ਹਨ ਅਤੇ ਟੀ ਵੀ ਦੇਖਣ ਵਾਲਾ ਬੰਦਾ ਇਸ ਨਤੀਜੇ 'ਤੇ ਪਹੁੰਚਦਾ ਸੀ। ਕੌਮੀ ਅਖ਼ਬਾਰ *ਗਲੋਬ ਐਂਡ ਮੇਲ* ਨੇ ਮੁੱਖ ਪੰਨੇ 'ਤੇ ਮੁੱਖ ਸੁਰਖ਼ੀ ਲਾਈ ਹੋਈ ਸੀ : "ਕਰਜੇ ਦਾ ਸੰਕਟ ਮੰਡਲਾ ਰਿਹੈ।" ਇਕ ਮੁੱਖ ਟੀ ਵੀ ਚੈਨਲ ਨੇ ਵਿਸ਼ੇਸ਼ ਰਿਪੋਰਟ ਦਿੱਤੀ ਕਿ "ਅਰਥਸ਼ਾਸਤਰੀ ਪੇਸ਼ੀਨਗੋਈ ਕਰ ਰਹੇ ਹਨ ਕਿ ਅਗਲੇ ਸਾਲ ਕਿਸੇ ਵਕਤ, ਹੋ ਸਕਦਾ ਹੈ ਦੋ ਸਾਲਾਂ ਵਿਚ, ਉੱਪ ਵਿੱਤ ਮੰਤਰੀ ਮੰਤਰੀ-ਮੰਡਲ ਵਿਚ ਜਾ ਕੇ ਐਲਾਨ ਕਰ ਦੇਵੇ ਕਿ ਕੈਨੇਡਾ ਦੀ ਜਮਾਂ ਰਾਸ਼ੀ ਮੁੱਕ ਗਈ ਹੈ..... ਸਾਡੀਆਂ ਜ਼ਿੰਦਗੀਆਂ ਨਾਟਕੀ ਰੂਪ 'ਚ ਬਦਲ ਜਾਣਗੀਆਂ।"[14]

ਸ਼ਬਦਾਵਲੀ 'ਚ ਅਚਾਨਕ "ਕਰਜੇ ਦੀ ਦੀਵਾਰ" ਲਫ਼ਜ਼ ਸ਼ਾਮਲ ਹੋ ਗਏ। ਇਸ ਦਾ ਭਾਵ ਇਹ ਸੀ ਕਿ ਭਾਵੇਂ ਜ਼ਿੰਦਗੀ ਹੁਣ ਸੁਖਾਵੀਂ ਅਤੇ ਸ਼ਾਂਤਮਈ ਸੀ, ਪਰ ਕੈਨੇਡਾ ਆਪਣੇ ਵਸੀਲਿਆਂ ਨਾਲੋਂ ਐਨਾ ਵੱਧ ਖ਼ਰਚ ਕਰ ਰਿਹਾ ਸੀ ਕਿ ਬਹੁਤ ਛੇਤੀ ਹੀ ਮੂਡੀਜ਼ ਅਤੇ ਸਟੈਂਡਰਡ ਐਂਡ ਪੂਅਰਜ਼ ਵਰਗੀਆਂ ਸ਼ਕਤੀਸ਼ਾਲੀ ਵਾਲ ਸਟਰੀਟ ਫਰਮਾਂ ਸਾਡਾ ਕੌਮੀ ਕਰਜੇ ਦਾ ਟਰਿਪਲ ਏ ਵਾਲਾ ਦਰਜਾ ਘਟਾ ਕੇ ਬਹੁਤ ਹੇਠਾਂ ਡੇਗ ਦੇਣਗੀਆਂ। ਜਦੋਂ ਇਹ ਵਾਪਰਿਆ, ਤਾਂ ਵਿਸ਼ਵੀਕਰਨ ਅਤੇ ਮੁਕਤ ਵਪਾਰ ਦੇ ਨਵੇਂ ਨਿਯਮਾਂ ਜ਼ਰੀਏ ਬੇਲਗਾਮ ਹੋਏ ਬਹੁਤ ਜ਼ਿਆਦਾ ਚੰਚਲ ਸੁਭਾਅ ਦੇ ਪੂੰਜੀ-ਨਿਵੇਸ਼ਕਾਰ ਕੈਨੇਡਾ ਵਿਚੋਂ ਸਰਮਾਇਆ ਕੱਢ ਕੇ ਕਿਸੇ ਹੋਰ ਵੱਧ ਮਹਿਫੂਜ਼ ਜਗਾ ਲੈ ਜਾਣਗੇ। ਸਾਨੂੰ ਦੱਸਿਆ ਗਿਆ ਕਿ ਹੁਣ ਇਕੋ ਇਕ ਹੱਲ ਹੈ ਬੇਰੁਜ਼ਗਾਰੀ ਦੇ ਬੀਮੇ ਅਤੇ ਸਿਹਤ ਸਹੂਲਤਾਂ ਦੇ ਖ਼ਰਚੇ 'ਚ ਤਿੱਖੀ ਕਟੌਤੀ ਕੀਤੀ ਜਾਵੇ। ਸੱਤਾਧਾਰੀ ਲਿਬਰਲ ਪਾਰਟੀ ਨੇ ਵਾਕਈ ਇਹੀ ਕੀਤਾ, ਇਸ ਦੇ ਬਾਵਜੂਦ ਕਿ ਇਹ ਨੌਕਰੀਆਂ ਪੈਦਾ ਕਰਨ (ਭਾਵ "ਭਰਮਾਊ ਸਿਆਸਤ" ਦਾ ਕੈਨੇਡੀਅਨ ਰੂਪ) ਦੇ ਮੰਚ ਤੋਂ ਚੋਣਾਂ ਜਿੱਤੀ ਸੀ।

ਘਾਟੇ ਦੇ ਬੁਖ਼ਾਰ ਦੇ ਹੱਲੇ ਤੋਂ ਦੋ ਸਾਲ ਬਾਅਦ, ਘੋਖੀ ਪੱਤਰਕਾਰ ਲਿੰਡਾ ਮੈਕੁਏਗ ਨੇ ਪੁਖ਼ਤਾ ਢੰਗ ਨਾਲ ਪਰਦਾਫਾਸ਼ ਕੀਤਾ ਕਿ ਮੁੱਠੀ ਭਰ ਸ਼ਾਤਰ ਦਿਮਾਗਾਂ ਨੇ ਜਾਣ-ਬੁੱਝ ਕੇ ਸੰਕਟ ਦਾ ਹਊਆ ਖੜ੍ਹਾ ਕਰਕੇ ਚਲਾਕੀ ਖੇਡ੍ਹੀ ਸੀ। ਕੈਨੇਡਾ ਦੀਆਂ ਚੋਟੀ ਦੀਆਂ ਬੈਂਕਾਂ ਅਤੇ ਕਾਰਪੋਰੇਸ਼ਨਾਂ, ਖ਼ਾਸ ਕਰਕੇ ਸੀ ਡੀ ਹੌਵੇ ਇੰਸਟੀਚਿਊਟ ਅਤੇ ਫਰੇਜ਼ਰ ਇੰਸਟੀਚਿਊਟ (ਮਿਲਟਨ ਫਰਾਇਡਮੈਨ ਇਨ੍ਹਾਂ ਦੀ ਹਮੇਸ਼ਾ ਜੋਸ਼-ਖਰੋਸ਼ ਨਾਲ ਹਮਾਇਤ ਕਰਦਾ ਸੀ) ਇਨ੍ਹਾਂ ਨੂੰ ਫੰਡ ਦਿੰਦੀਆਂ ਹਨ।[15] ਕੈਨੇਡਾ ਨੂੰ ਘਾਟੇ ਦਾ ਸਚਮੁਚ ਸਾਹਮਣਾ ਕਰਨਾ ਪੈ ਰਿਹਾ ਸੀ, ਪਰ ਇਸ ਦਾ ਕਾਰਨ ਬੇਰੁਜ਼ਗਾਰੀ, ਬੀਮਾ ਅਤੇ ਹੋਰ ਸਮਾਜਿਕ ਪ੍ਰੋਗਰਾਮ ਨਹੀਂ ਸਨ। ਕੈਨੇਡਾ ਦੇ ਅੰਕੜਾਸਾਰ ਮੁਤਾਬਿਕ ਕਰਜੇ ਦਾ ਐਡਾ ਵਿਸਫੋਟ ਉੱਚੀਆਂ ਵਿਆਜ ਦਰਾਂ ਕਾਰਨ ਹੋਇਆ ਸੀ। ਉਸੇ ਤਰ੍ਹਾਂ ਜਿਵੇਂ ਅੱਸੀਵਿਆਂ 'ਚ ਵੌਲਕਰ ਸਦਮੇ ਨੇ ਵਿਕਾਸਸ਼ੀਲ ਦੇਸ਼ਾਂ ਦੇ ਕਰਜੇ ਨੂੰ ਗ਼ੁਬਾਰੇ ਵਾਂਗ ਬਹੁਤ ਜ਼ਿਆਦਾ ਫੁਲਾ ਦਿੱਤਾ ਸੀ। ਮੈਕੁਏਗ ਨੇ ਮੂਡੀਜ਼ ਦੇ ਵਾਲ ਸਟਰੀਟ ਸਦਰ ਮੁਕਾਮ ਜਾ ਕੇ ਕੈਨੇਡਾ ਦੀ ਜਮਾਂ ਰਾਸ਼ੀ ਦਾ

ਦਰਜਾ ਤੈਅ ਕਰਨ ਦੇ ਮੁਖੀ ਸੀਨੀਅਰ ਵਿਸ਼ਲੇਸ਼ਣਕਾਰ ਵਿਨਸੈਂਟ ਤਰੱਗਲੀਆ ਨੂੰ ਇਸ ਬਾਰੇ ਪੁੱਛਿਆ। ਉਸ ਨੇ ਮੈਕੁਏਗ ਨੂੰ ਅਜੀਬ ਗੱਲ ਦੱਸੀ ਕਿ ਕੈਨੇਡਾ ਦੇ ਕਾਰਪੋਰੇਟ ਅਧਿਕਾਰੀ ਅਤੇ ਬੈਂਕਰ ਉਸ ਉੱਪਰ ਦੇਸ਼ ਦੀ ਵਿਤੀ ਹਾਲਤ ਬਾਰੇ ਨਖਿੱਧ ਰਿਪੋਰਟਾਂ ਦੇਣ ਲਈ ਦਬਾਅ ਪਾਉਂਦੇ ਰਹੇ ਹਨ। ਉਸ ਨੇ ਇਸ ਤਰ੍ਹਾਂ ਤੋਂ ਕਰਨ ਤੋਂ ਨਾਂਹ ਕਰ ਦਿੱਤੀ ਸੀ ਕਿਉਂਕਿ ਉਸ ਮੁਤਾਬਿਕ ਕੈਨੇਡਾ ਦੀ ਸਥਿਰ ਹਾਲਤ ਪੂੰਜੀ-ਨਿਵੇਸ਼ ਲਈ ਸ਼ਾਨਦਾਰ ਸੀ। "ਜਿਨ੍ਹਾਂ ਦੇਸ਼ਾਂ ਨਾਲ ਮੇਰਾ ਵਾਹ ਹੈ ਇਹੀ (ਕੈਨੇਡਾ) ਇਕੋ ਇਕ ਐਸਾ ਦੇਸ਼ ਹੈ ਜਿਸ ਦੇ ਨਾਗਰਿਕ ਅਕਸਰ ਹੀ ਇਸ ਨੂੰ ਨੀਵਾਂ ਦਿਖਾਉਣ ਦੀ ਲਗਾਤਾਰ ਤਾਕ 'ਚ ਰਹਿੰਦੇ ਹਨ। ਉਹ ਸਮਝਦੇ ਹਨ ਕਿ ਇਸ ਦਾ ਦਰਜਾ ਬਹੁਤ ਜ਼ਿਆਦਾ ਆਹਲਾ ਦਰਸਾਇਆ ਜਾਂਦਾ ਹੈ।" ਉਸ ਦਾ ਕਹਿਣਾ ਸੀ ਕਿ ਹੋਰ ਦੇਸ਼ਾਂ ਦੇ ਨੁਮਾਇੰਦੇ ਤਾਂ ਉਸ ਨੂੰ ਫ਼ੋਨ ਕਰਕੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਦੇਸ਼ ਨੂੰ ਬਹੁਤ ਜ਼ਿਆਦਾ ਨੀਵੇਂ ਦਰਜੇ 'ਤੇ ਰੱਖਿਆ ਗਿਆ ਹੈ ਇਸ ਦਾ ਦਰਜਾ ਵਧਾਓ। "ਪਰ ਕੈਨੇਡਾ ਵਾਲੇ ਆਪਣੇ ਦੇਸ਼ ਦੀ ਅਕਸਰ ਹੀ ਬਦੇਸ਼ੀਆਂ ਕੋਲ ਵੀ ਵੱਧ ਬਦਖੋਹੀ ਕਰਦੇ ਰਹਿੰਦੇ ਹਨ।"

ਵਜ੍ਹਾ ਇਹ ਸੀ ਕਿ "ਘਾਟੇ ਦਾ ਸੰਕਟ" ਕੈਨੇਡੀਅਨ ਵਿਤੀ ਭਾਈਚਾਰੇ ਲਈ ਗਹਿ-ਗੱਡਵੀਂ ਸਿਆਸੀ ਲੜਾਈ ਦਾ ਅਹਿਮ ਹਥਿਆਰ ਸੀ। ਜਿਸ ਵਕਤ ਤਰੱਗਲੀਆ ਨੂੰ ਅਜੀਬ ਫ਼ੋਨ ਆ ਰਹੇ ਸਨ, ਓਦੋਂ ਸਿਹਤ ਅਤੇ ਸਿੱਖਿਆ ਵਰਗੇ ਸਮਾਜਿਕ ਪ੍ਰੋਗਰਾਮਾਂ ਦੇ ਖ਼ਰਚਿਆਂ ਵਿਚ ਕਟੌਤੀ ਕਰਨ ਲਈ ਸਰਕਾਰ ਨੂੰ ਉਕਸਾਇਆ ਜਾ ਰਿਹਾ ਸੀ ਤਾਂ ਜੋ ਟੈਕਸ ਹੋਰ ਘੱਟ ਕਰਵਾਏ ਜਾ ਸਕਣ। ਕਿਉਂਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਭਾਰੀ ਬਹੁ-ਗਿਣਤੀ ਕੈਨੇਡੀਅਨ ਲੋਕਾਂ ਦੀ ਹਮਾਇਤ ਹਾਸਲ ਸੀ, ਇਨ੍ਹਾਂ ਕਟੌਤੀਆਂ ਨੂੰ ਫੇਰ ਹੀ ਜਾਇਜ਼ ਠਹਿਰਾਇਆ ਜਾ ਸਕਦਾ ਸੀ ਜੇ ਇਹ ਦਿਖਾਇਆ ਜਾਵੇ ਕਿ ਦੇਸ਼ ਦਾ ਆਰਥਕ ਪਤਨ ਹੋਣ ਨਾਲ ਸੰਕਟ ਦਾ ਗ਼ੁਬਾਰਾ ਐਨ ਫਟਣ ਕੰਢੇ ਪਹੁੰਚਿਆ ਹੋਇਆ ਹੈ। ਮੂਡੀਜ਼ ਵਲੋਂ ਕੈਨੇਡਾ ਨੂੰ ਵੱਧ ਤੋਂ ਵੱਧ ਸੰਭਵ ਬੌਂਡ ਦਰਜ਼ਾ (A++) ਦਿੱਤਾ ਜਾ ਰਿਹਾ ਸੀ। ਇਸ ਤੱਥ ਕਾਰਨ ਆਰਥਕ ਪਰਲੋ ਦੀ ਪੇਸ਼ੀਨਗੋਈ ਦਾ ਮਾਹੌਲ ਬਣਾਈ ਰੱਖਣ 'ਚ ਬਹੁਤ ਮੁਸ਼ਕਲ ਪੇਸ਼ ਆ ਰਹੀ ਸੀ।

ਇਸ ਦੌਰਾਨ, ਰਲੇ-ਮਿਲੇ ਸੰਕੇਤਾਂ ਕਾਰਨ ਪੂੰਜੀ-ਨਿਵੇਸ਼ ਕਰਨ ਵਾਲੇ ਘਚੋਲੇ 'ਚ ਸਨ। ਮੂਡੀਜ਼ ਤਾਂ ਕੈਨੇਡਾ ਤੋਂ ਪੂਰੀ ਖੁਸ਼ ਸੀ ਪਰ ਕੈਨੇਡਾ ਦੀ ਪ੍ਰੈੱਸ ਲਗਾਤਾਰ ਇਹ ਪੇਸ਼ ਕਰ ਰਹੀ ਸੀ ਕਿ ਦੇਸ਼ ਦੀ ਵਿਤੀ ਹਾਲਤ ਤਬਾਹੀ ਵੱਲ ਵਧ ਰਹੀ ਹੈ। ਕੈਨੇਡਾ ਦੇ ਸਿਆਸੀ ਰੁਗਤ ਦਿੱਤੇ ਅੰਕੜਿਆਂ ਬਾਰੇ ਤਰੱਗਲੀਆ ਮਹਿਸੂਸ ਕਰਦਾ ਸੀ ਕਿ ਇਸ ਨਾਲ ਉਸ ਦੇ ਅਧਿਐਨ 'ਤੇ ਹੀ ਸਵਾਲੀਆ ਚਿੰਨ੍ਹ ਲੱਗ ਰਿਹਾ ਹੈ। ਉਹ ਇਸ ਤੋਂ ਐਨਾ ਤੰਗ ਆ ਗਿਆ ਕਿ ਉਸ ਨੇ ਇਸ ਦੀ ਸਫ਼ਾਈ ਪੇਸ਼ ਕਰਨ ਲਈ "ਵਿਸ਼ੇਸ਼ ਟਿੱਪਣੀ" ਕਰਨ ਦਾ ਉਚੇਚਾ ਕਦਮ ਉਠਾਇਆ ਕਿ ਕੈਨੈਡਾ ਦੇ ਖ਼ਰਚੇ "ਕਾਬੂ ਹੇਠ ਹਨ।" ਇੱਥੋਂ ਤੱਕ ਕਿ ਉਸ ਨੇ ਸੱਜੇਪੱਖੀ ਚਿੰਤਕਾਂ ਵਲੋਂ ਖੇਡ੍ਹੀ ਜਾ ਰਹੀ ਹਿਸਾਬ ਦੀ ਚਲਾਕੀ ਉੱਤੇ ਵੀ ਇਸ ਤਰ੍ਹਾਂ ਗੁੱਝੇ ਹਮਲੇ ਕੀਤੇ : "ਹੁਣੇ ਜਹੇ ਛਪੀਆਂ ਕਈ ਰਿਪੋਰਟਾਂ ਨੇ ਕੈਨੇਡਾ ਦੇ ਸਰਕਾਰੀ ਖ਼ਜ਼ਾਨੇ ਦੀ ਕਰਜਾਈ ਹਾਲਤ ਨੂੰ ਬਹੁਤ ਜ਼ਿਆਦਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੈ। ਕੁਝ ਨੇ ਤਾਂ ਅੰਕੜੇ ਦੁੱਗਣੇ ਕਰ ਦਿੱਤੇ, ਜਦਕਿ ਹੋਰਨਾਂ 'ਚ ਇਸ ਦੀ ਕੌਮਾਂਤਰੀ ਤੌਰ 'ਤੇ ਐਸੀ ਤੁਲਨਾ ਕੀਤੀ ਗਈ ਹੈ ਜੋ ਵਾਜਬ ਨਹੀਂ ਹੈ। .... ਸ਼ਾਇਦ ਇਸ ਗ਼ਲਤ ਮਾਪਦੰਡ ਨੇ ਕੈਨੇਡਾ ਦੇ ਕਰਜੇ ਦੀ ਸਮੱਸਿਆ ਬਾਰੇ ਵਧਾ-ਚੜ੍ਹਾ ਕੇ ਮੁਲਾਂਕਣ ਕਰਨ 'ਚ ਭੂਮਿਕਾ ਨਿਭਾਈ ਹੈ।" ਮੂਡੀਜ਼ ਦੀ ਵਿਸ਼ੇਸ਼ ਰਿਪੋਰਟ ਦਾ ਸੰਦੇਸ਼ ਸੀ ਕਿ ਦੇਸ਼ ਉੱਪਰ "ਕਰਜੇ ਦਾ ਖ਼ਤਰਾ" ਨਹੀਂ ਮੰਡਲਾ ਰਿਹਾ। ਅਤੇ ਕੈਨੇਡਾ ਦਾ ਸਰਮਾਏਦਾਰ ਭਾਈਚਾਰਾ ਇਸ ਤੋਂ ਖੁਸ਼ ਨਹੀਂ ਸੀ। ਤਰੱਗਲੀਆ ਕਹਿੰਦਾ ਹੈ ਕਿ

ਜਦੋਂ ਉਸ ਨੇ ਟਿੱਪਣੀ ਜਾਰੀ ਕੀਤੀ, "ਕੈਨੇਡਾ ਦੀ ਇਕ ਬਹੁਤ ਵੱਡੀ ਵਿਤੀ ਸੰਸਥਾ ਤੋਂ ਇਕ ਕੈਨੇਡੀਅਨ ਨੇ ਮੈਨੂੰ ਫ਼ੋਨ ਕੀਤਾ। ਉਹ ਫ਼ੋਨ ਉੱਤੇ ਹੀ ਮੇਰੇ ਗਲ ਪੈ ਗਿਆ, ਸੱਚੀਓਂ ਹੀ ਗਲ ਪੈ ਗਿਆ। ਉਸ ਦਾ ਰਵੱਈਆ ਅਜੀਬ ਸੀ।"•[16]

ਜਦੋਂ ਤੱਕ ਕੈਨੈਡੀਅਨ ਲੋਕਾਂ ਨੂੰ ਇਹ ਪਤਾ ਲੱਗਿਆ ਕਿ "ਘਾਟੇ ਦਾ ਸੰਕਟ" ਕਾਰਪੋਰੇਟਾਂ ਤੋਂ ਫੰਡ ਲੈਣ ਵਾਲੇ ਚਿੰਤਕਾਂ ਵਲੋਂ ਖੇੜ੍ਹੀ ਚਾਲ ਸੀ ਓਦੋਂ ਇਸ ਦੀ ਕੋਈ ਮਹੱਤਤਾ ਨਹੀਂ ਰਹੀ ਸੀ। ਬਜਟ 'ਚ ਪਹਿਲਾਂ ਹੀ ਕਟੌਤੀਆਂ ਕਰ ਦਿੱਤੀਆਂ ਗਈਆਂ ਸਨ ਅਤੇ ਉਹ ਫਸ ਚੁੱਕੇ ਸਨ। ਇਸ ਦਾ ਸਿੱਧਾ ਸਿੱਟਾ ਇਹ ਹੋਇਆ ਕਿ ਦੇਸ਼ ਦੇ ਬੇਰੁਜ਼ਗਾਰਾਂ ਲਈ ਬਣਾਏ ਸਮਾਜਿਕ ਪ੍ਰੋਗਰਾਮਾਂ ਨੂੰ ਬਹੁਤ ਜ਼ਿਆਦਾ ਢਾਹ ਲੱਗੀ। ਇਸ ਤੋਂ ਪਿੱਛੋਂ ਦੇ ਕਈ ਬਜਟ ਵਾਧੇ ਵਾਲੇ ਸਨ, ਇਸ ਦੇ ਬਾਵਜੂਦ ਇਹ ਪ੍ਰੋਗਰਾਮ ਮੁੜ ਪਹਿਲਾਂ ਵਾਲੀ ਹਾਲਤ 'ਚ ਨਹੀਂ ਆਏ। ਇਸ ਸਮੇਂ ਸੰਕਟ ਦੀ ਚਾਲ ਵਾਰ-ਵਾਰ ਖੇਡ੍ਹੀ ਗਈ। ਸਤੰਬਰ 1995 'ਚ, ਓਨਟਾਰੀਓ ਦੇ ਸਿੱਖਿਆ ਮੰਤਰੀ ਜੌਹਨ ਸਨੋਬਲੇਨ ਦੀ ਵੀਡੀਓ ਪ੍ਰੈੱਸ ਦੇ ਹੱਥ ਲੱਗ ਗਈ। ਉਹ ਸਿਵਲ ਅਧਿਕਾਰਆਂ ਦੀ ਇਕ ਗੁਪਤ ਮੀਟਿੰਗ 'ਚ ਹਦਾਇਤ ਦੇ ਰਿਹਾ ਸੀ ਕਿ ਸਿੱਖਿਆ ਬਜਟ 'ਚ ਕਟੌਤੀਆਂ ਅਤੇ ਹੋਰ ਬਦਨਾਮ ਸੁਧਾਰਾਂ ਦਾ ਐਲਾਨ ਕਰਨ ਤੋਂ ਪਹਿਲਾਂ ਐਸੀ ਸੂਚਨਾ ਲੀਕ ਕਰਕੇ ਭੈਅ ਦਾ ਮਾਹੌਲ ਪੈਦਾ ਕਰਨ ਦੀ ਲੋੜ ਹੈ ਜਿਸ ਵਿਚ ਹਾਲਤ ਉਸ ਨਾਲੋਂ ਵੱਧ ਮਾੜੀ ਦਰਸਾਈ ਗਈ ਹੋਵੇ "ਜਿਸ ਤਰ੍ਹਾਂ ਦੀ ਹਾਲਤ ਉਹ ਆਪਣੇ ਐਲਾਨ 'ਚ ਪੇਸ਼ ਕਰੇਗਾ।" ਉਸ ਨੇ ਇਸ ਨੂੰ "ਲਾਹੇਵੰਦਾ ਸੰਕਟ ਖੜ੍ਹਾ ਕਰਨ" ਦਾ ਨਾਂ ਦਿੱਤਾ ਸੀ।[17]

ਵਾਸ਼ਿੰਗਟਨ ਵਲੋਂ ਅੰਕੜਿਆਂ 'ਚ ਘਾਲਾਮਾਲਾ

1995 'ਚ, ਬਹੁਤੀਆਂ ਪੱਛਮੀ ਜਮਹੂਰੀਅਤਾਂ ਅੰਦਰ ਸਿਆਸੀ ਵਿਚਾਰ-ਚਰਚਾ ਕਰਜਾ ਸੁਰੱਖਿਆ ਅਤੇ ਡੂੰਘੀ ਹੋਣ ਵਾਲੀ ਆਰਥਕ ਤਬਾਹੀ ਦੀਆਂ ਦਲੀਲਾਂ ਨਾਲ ਲਬਰੇਜ਼ ਸੀ। ਸਮਾਜਿਕ ਖ਼ਰਚਾਂ 'ਚ ਹੋਰ ਵੀ ਭਾਰੀ ਕਟੌਤੀਆਂ ਕਰਨ ਅਤੇ ਹੋਰ ਵੀ ਜੋਸ਼-ਖਰੋਸ਼ ਨਾਲ ਨਿੱਜੀਕਰਨ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਸੰਕਟ ਦੀ ਹਾਲ-ਪਾਹਰਿਆ ਮਚਾਉਣ 'ਚ ਫਰਾਇਡਮੈਨਵਾਦੀ ਚਿੰਤਕ ਮੋਹਰੀ ਹੁੰਦੇ ਸਨ। ਜਦਕਿ, ਵਾਸ਼ਿੰਗਟਨ ਸਥਿਤ ਸਭ ਤੋਂ ਤਾਕਤਵਰ ਵਿਤੀ ਸੰਸਥਾਵਾਂ ਵਿਖੇ ਨਾ ਸਿਰਫ਼ ਪ੍ਰਚਾਰ ਮਾਧਿਅਮਾਂ ਜ਼ਰੀਏ ਸੰਕਟ ਦਾ ਪ੍ਰਭਾਵ ਦੇਣ ਦੀ ਸਗੋਂ ਐਸੇ ਸੰਕਟ ਖੜ੍ਹੇ ਕਰਨ ਲਈ ਠੋਸ ਉਪਾਅ ਕਰਨ ਦੀ ਇੱਛਾ ਸਾਫ਼ ਦਿਖਾਈ ਦੇ ਰਹੀ ਸੀ ਜੋ ਸੱਚੀਓਂ ਅਸਲੀ ਹੋਣ। ਵਿਲੀਅਮਸਨ ਵਲੋਂ ਸੰਕਟ ਨੂੰ "ਝੋਕਾ ਲਾਉਣ" ਦੀਆਂ ਟਿੱਪਣੀਆਂ ਕਰਨ ਤੋਂ ਦੋ ਸਾਲ ਬਾਅਦ, ਸੰਸਾਰ ਬੈਂਕ ਵਿਖੇ ਵਿਕਾਸ ਸਬੰਧੀ ਅਰਥਸ਼ਾਸਤਰ ਦੇ ਪ੍ਰਮੁੱਖ ਅਰਥਸ਼ਾਸਤਰੀ ਮਾਈਕਲ ਬਰੂਨੋ ਨੇ ਸ਼ਰੇਆਮ ਇਹੀ ਸੁਰ ਅਲਾਪੀ, ਇਕ ਵਾਰ ਫੇਰ ਪ੍ਰਚਾਰ ਮਾਧਿਅਮਾਂ ਨੇ ਕੋਈ ਨੋਟਿਸ ਨਹੀਂ ਲਿਆ। ਬਰੂਨੋ ਨੇ 1995 'ਚ ਟਿਊਨਿਸ਼ ਵਿਚ ਕੌਮਾਂਤਰੀ ਆਰਥਕ ਸਭਾ ਨੂੰ ਸੰਬੋਧਨ ਕੀਤਾ। ਬਾਅਦ 'ਚ ਇਸ ਨੂੰ ਸੰਸਾਰ ਬੈਂਕ ਵਲੋਂ ਪਰਚੇ ਦੇ ਰੂਪ 'ਚ ਛਾਪਿਆ ਗਿਆ। ਉਸ ਨੇ ਅਠਾਹਠ ਦੇਸ਼ਾਂ ਦੇ ਪੰਜ ਸੌ ਅਰਥਸ਼ਾਸਤਰੀਆਂ ਨੂੰ ਦੱਸਿਆ ਕਿ ਇਸ ਵਿਚਾਰ ਬਾਰੇ ਆਮ ਸਹਿਮਤੀ ਵਧ ਰਹੀ ਹੈ ਕਿ "ਜੇ

• ਇਹ ਦੱਸਣਾ ਜ਼ਰੂਰੀ ਹੈ ਕਿ ਵਾਲ ਸਟਰੀਟ 'ਚ ਤਰੱਗਲੀਆ ਦੀ ਮਿਸਾਲ ਨਿਆਰੀ ਹੈ—ਬੌਂਡ ਅਤੇ ਕਰੈਡਿਟ ਦਾ ਦਰਜ਼ਾ ਭੈਅ ਕਰਨ ਨੂੰ ਅਕਸਰ ਹੀ ਸਿਆਸੀ ਦਬਾਅ ਪ੍ਰਭਾਵਤ ਕਰਦਾ ਹੈ ਅਤੇ ਇਸ ਦਰਜ਼ੇ ਦੀ ਵਰਤੋਂ "ਮੰਡੀ ਮੁਖੀ ਸੁਧਾਰਾਂ" ਨੂੰ ਲਾਗੂ ਕਰਨ ਲਈ ਦਬਾਅ ਵਧਾਉਣ ਵਾਸਤੇ ਕੀਤੀ ਜਾਂਦੀ ਹੈ।

ਜੱਕੋਤੱਕੀ 'ਚ ਸਿਆਸਤਦਾਨ ਉਪਜਾਇਕਤਾ ਵਧਾਉਣ ਵਾਲੇ ਸੁਧਾਰ ਨਹੀਂ ਕਰਦੇ ਤਾਂ ਜ਼ਬਰਦਸਤ ਆਰਥਕ ਸੰਕਟ ਆ ਸਕਦਾ ਹੈ।"•[18] ਬਰੂਨੋ ਨੇ "ਲਾਹੇਵੰਦੇ ਡੂੰਘੇ ਸੰਕਟਾਂ" ਦੀ ਪ੍ਰਮੁੱਖ ਮਿਸਾਲ ਲਾਤੀਨੀ ਅਮਰੀਕਾ ਅਤੇ ਖ਼ਾਸ ਕਰਕੇ ਅਰਜਨਟਾਈਨਾ ਨੂੰ ਦੱਸਿਆ। ਉਸ ਦਾ ਕਹਿਣਾ ਸੀ ਕਿ ਇੱਥੇ ਰਾਸ਼ਟਰਪਤੀ ਕਾਰਲਸ ਮੈਨਮ ਅਤੇ ਉਸ ਦਾ ਵਿੱਤ ਮੰਤਰੀ ਡੋਮਿੰਗੋ ਕੈਵੈਲੋ "ਹੰਗਾਮੀ ਹਾਲਤ ਦਾ ਲਾਹਾ ਲੈ ਕੇ" ਭਰਵਾਂ ਨਿੱਜੀਕਰਨ ਥੋਪਣ ਲਈ ਵਧੀਆ ਕੰਮ ਕਰ ਰਹੇ ਹਨ। ਕਿਤੇ ਸਰੋਤੇ ਇਹ ਅਹਿਮ ਨੁਕਤਾ ਨਜ਼ਰ-ਅੰਦਾਜ਼ ਨਾ ਕਰ ਦੇਣ ਇਸ ਕਰਕੇ ਬਰੂਨੋ ਨੇ ਕਿਹਾ, "ਮੈਂ ਇਕ ਮੁੱਖ ਵਿਸ਼ੇ ਉੱਪਰ ਜ਼ੋਰ ਦਿੱਤਾ ਹੈ : ਡੂੰਘੇ ਸੰਕਟਾਂ ਦੀ ਰਾਜਨੀਤਕ ਆਰਥਿਕਤਾ ਹਾਂਪੱਖੀ ਨਤੀਜਿਆਂ ਵਾਲੇ ਤਿੱਖੇ ਸੁਧਾਰਾਂ ਨੂੰ ਨੇਪਰੇ ਚਾੜ੍ਹਨ ਦਾ ਝੁਕਾਅ ਰੱਖਦੀ ਹੈ।"

ਇਸ ਤੱਥ ਦੀ ਰੌਸ਼ਨੀ 'ਚ ਉਸ ਨੇ ਦਲੀਲ ਦਿੱਤੀ ਕਿ ਕੌਮਾਂਤਰੀ ਏਜੰਸੀਆਂ ਨੂੰ ਮੌਜੂਦ ਆਰਥਕ ਸੰਕਟਾਂ ਦਾ ਲਾਹਾ ਲੈਣ ਤੋਂ ਅੱਗੇ ਜਾ ਕੇ ਵਾਸ਼ਿੰਗਟਨ ਵਾਲੀ ਆਮ ਸਹਿਮਤੀ ਥੋਪਣ ਦੀ ਲੋੜ ਹੈ—ਸੰਕਟਾਂ ਨੂੰ ਬਦਤਰ ਬਣਾਉਣ ਲਈ ਦਿੱਤੀ ਜਾ ਰਹੀ ਸਹਾਇਤਾ 'ਚ ਪਹਿਲਾਂ ਹੀ ਕਟੌਤੀ ਕਰਨਾ ਉਨ੍ਹਾਂ ਲਈ ਜ਼ਰੂਰੀ ਹੈ। "ਅਸਲ ਵਿਚ ਪ੍ਰਤੀਕੂਲ ਸਦਮੇ (ਜਿਵੇਂ ਸਰਕਾਰ ਦੀ ਆਮਦਨੀ ਜਾਂ ਬਦੇਸ਼ੀ ਮੁਦਰਾ ਤਬਾਦਲੇ 'ਚ ਗਿਰਾਵਟ) ਨਾਲ ਲੋਕ ਭਲਾਈ ਦਾ ਕੰਮ ਵੱਧ ਹੋ ਸਕਦਾ ਹੈ ਕਿਉਂਕਿ ਇਸ ਤਰ੍ਹਾਂ ਹੋਣ ਨਾਲ ਪਹਿਲਾਂ ਜਿੰਨਾ ਵਕਤ ਨਹੀਂ ਲੱਗਦਾ। [ਸੁਧਾਰ ਕਰਨ ਤੋਂ ਪਹਿਲਾਂ]। 'ਹਾਲਤ ਬਿਹਤਰ ਹੋਣ ਤੋਂ ਪਹਿਲਾਂ ਇਸ ਦੇ ਬਦਤਰ ਹੋਣ' ਦਾ ਖ਼ਿਆਲ ਸਹਿਜ-ਸੁਭਾਅ ਪੈਦਾ ਹੋ ਜਾਂਦਾ ਹੈ।..... ਅਸਲ ਵਿਚ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਦੇ ਸੰਕਟ ਨਾਲ ਦੇਸ਼ ਬਿਹਤਰ ਹਾਲਤ 'ਚ ਹੁੰਦਾ ਹੈ ਬਜਾਏ ਇਸ ਦੇ ਕਿ ਇਹ ਘੱਟ ਤਿੱਖੇ ਸੰਕਟਾਂ 'ਚ ਘਿਰਿਆ ਐਵੇਂ ਟੱਕਰਾਂ ਮਾਰਦਾ ਰਹੇ।"

ਬਰੂਨੋ ਨੇ ਮੰਨਿਆ ਕਿ ਗੰਭੀਰ ਆਰਥਕ ਗਿਰਾਵਟ ਨੂੰ ਡੂੰਘਾ ਬਣਾਉਣ ਜਾਂ ਪੈਦਾ ਕਰਨ ਦਾ ਵਿਚਾਰ ਭਿਆਨਕ ਹੈ। ਅਜਿਹਾ ਹੋਣ 'ਤੇ, ਸਰਕਾਰੀ ਤਨਖ਼ਾਹਾਂ ਦੀ ਅਦਾਇਗੀ ਨਹੀਂ ਹੋਵੇਗੀ ਅਤੇ ਜਨਤਕ ਬੁਨਿਆਦੀ ਢਾਂਚਾ ਤਬਾਹ ਹੋ ਜਾਵੇਗਾ। ਪਰ ਉਹ ਤਾਂ ਸ਼ਿਕਾਗੋ ਦਾ ਪੈਰੋਕਾਰ ਸੀ, ਉਸ ਨੇ ਸਰੋਤਿਆਂ ਨੂੰ ਪ੍ਰੇਰਤ ਕੀਤਾ ਕਿ ਇਸ ਤਬਾਹੀ ਨੂੰ ਸਿਰਜਣਾ ਦਾ ਪਹਿਲਾ ਪੜਾਅ ਮੰਨ ਕੇ ਕਬੂਲ ਕਰਨਾ ਚਾਹੀਦਾ ਹੈ। ਬਰੂਨੋ ਦਾ ਕਹਿਣਾ ਸੀ, "ਅਸਲ ਵਿਚ ਜਿਉਂ ਜਿਉਂ ਸੰਕਟ ਡੂੰਘਾ ਹੁੰਦਾ ਜਾਂਦਾ ਹੈ ਆਹਿਸਤਾ ਆਹਿਸਤਾ ਸਰਕਾਰ ਦਾ ਪ੍ਰਤਾਪ ਘਟਦਾ ਜਾਂਦਾ ਹੈ। ਇਸ ਵਿਕਾਸ ਦਾ ਹਾਸਲ ਹਾਂ-ਪੱਖੀ ਹੈ; ਯਾਨੀ, ਸੁਧਾਰਾਂ ਦੇ ਸਮੇਂ ਮਜ਼ਬੂਤ ਧੜਿਆਂ ਦੀ ਤਾਕਤ ਕਮਜ਼ੋਰ ਹੁੰਦੀ ਜਾਵੇਗੀ—ਅਤੇ ਇਸ ਹਾਲਤ 'ਚ ਥੋੜ੍ਹਚਿਰੀ ਨੀਤੀ ਦੀ ਬਜਾਏ ਲੰਮੇ ਸਮੇਂ ਨੂੰ ਮੁੱਖ ਰੱਖ ਕੇ ਹੱਲ ਕਰਨ ਦੀ ਚੋਣ ਕਰਨ ਵਾਲਾ ਆਗੂ ਸੁਧਾਰਾਂ ਦੇ ਪੱਖ 'ਚ ਹਮਾਇਤ ਜੁਟਾ ਲਵੇਗਾ।"[19]

ਸ਼ਿਕਾਗੋ ਸਕੂਲ ਮਾਰਕਾ ਸੰਕਟ ਦੇ ਸਿਧਾਂਤ ਦੇ ਆਦੀ ਲੋਕ ਤੇਜ਼ ਰਫ਼ਤਾਰ ਬੌਧਿਕ ਖ਼ਿਆਲ ਉਡਾਰੀਆਂ (Trajectory) ਦੀ ਪਟੜੀ ਚੜ੍ਹੇ ਹੋਏ ਸਨ। ਕੁਝ ਸਾਲ ਪਹਿਲਾਂ ਹੀ ਉਨ੍ਹਾਂ ਨੇ ਤੀਰ-ਤੁੱਕਾ ਲਾਇਆ ਸੀ ਕਿ ਸਿੱਕੇ ਦੇ ਬਹੁਤ ਜ਼ਿਆਦਾ ਫੈਲਾਅ ਨਾਲ ਐਸੇ ਸਦਮਾ ਦੇਣ ਵਾਲੇ

• ਬਰੂਨੋ ਸ਼ਿਕਾਗੋ ਯੂਨੀਵਰਸਿਟੀ ਦਾ ਪੜ੍ਹਿਆ ਹੋਇਆ ਨਹੀਂ, ਪਰ ਉਸ ਦਾ ਗੁਰੂ ਘੰਟਾਲ ਉੱਘਾ ਸ਼ਿਕਾਗੋਵਾਦੀ ਡਾਨ ਪੈਤਿਨਕਿਨ ਸੀ ਜਿਸ ਦੀ ਰਾਹਨੁਮਾਈ ਹੇਠ ਉਸ ਨੇ ਤਾਲੀਮ ਹਾਸਲ ਕੀਤੀ ਸੀ। ਪਿੱਛੇ ਉਸ ਦਾ ਹਵਾਲਾ ਦਿੱਤਾ ਗਿਆ ਹੈ ਜਿੱਥੇ ਉਸ ਨੇ ਸ਼ਿਕਾਗੋ ਵਾਲੇ ਅਰਥਸ਼ਾਸਤਰ 'ਚ "ਮੰਤਕੀ ਸੰਪੂਰਨਤਾ" ਹੋਣ ਕਰਕੇ ਇਸ ਦੀ ਤੁਲਨਾ ਮਾਰਕਸਵਾਦ ਨਾਲ ਕੀਤੀ ਸੀ।

ਹਾਲਾਤ ਪੈਦਾ ਹੋ ਸਕਦੇ ਹਨ ਜੋ ਸਦਮਾ ਨੀਤੀਆਂ ਲਈ ਲੋੜੀਂਦੇ ਹਨ। ਹੁਣ ਸੰਸਾਰ ਬੈਂਕ, ਜਿਸ ਸੰਸਥਾ ਦੇ ਹਵਾਲੇ 178 ਦੇਸ਼ਾਂ ਦੇ ਟੈਕਸਾਂ ਰਾਹੀਂ ਉਗਰਾਹੇ ਡਾਲਰ ਹੁੰਦੇ ਹਨ, ਅਤੇ ਜਿਸ ਦਾ ਫ਼ੁਰਮਾਨ ਹੀ ਹੱਥ-ਪੈਰ ਮਾਰ ਰਹੇ ਅਰਥਚਾਰਿਆਂ ਦੀ ਮੁੜ-ਉਸਾਰੀ ਕਰਨਾ ਅਤੇ ਮਜ਼ਬੂਤ ਕਰਨਾ ਸੀ, ਉਸ ਦਾ ਇਕ ਮੁੱਖ ਅਰਥਸ਼ਾਸਤਰੀ ਖ਼ੁਦ ਹੀ ਰਾਜਾਂ ਨੂੰ ਨਾਕਾਮਯਾਬ ਬਣਾਉਣ ਦੀ ਵਕਾਲਤ ਕਰ ਰਿਹਾ ਸੀ ਕਿਉਂਕਿ ਐਸੇ ਰਾਜਾਂ ਦੇ ਖੰਡਰਾਂ ਉੱਪਰ ਨਵੀਂ ਉਸਾਰੀ ਦੇ ਮੌਕੇ ਮਿਲਦੇ ਹਨ।[20]

ਸਾਲਾਂਬੱਧੀ ਅਫਵਾਹਾਂ ਦਾ ਬਜ਼ਾਰ ਗਰਮ ਰਿਹਾ ਕਿ ਕੌਮਾਂਤਰੀ ਵਿਤੀ ਸੰਸਥਾਵਾਂ "ਜਾਅਲੀ ਸੰਕਟਾਂ" ਦੀ ਕਲਾ ਅਜ਼ਮਾ ਰਹੀਆਂ ਹਨ, ਜਿਵੇਂ ਵਿਲੀਅਮਸਨ ਇਸ ਨੂੰ ਪੇਸ਼ ਕਰਦਾ ਹੈ, ਤਾਂ ਜੋ ਦੇਸ਼ਾਂ ਨੂੰ ਆਪਣੀ ਇੱਛਾ ਅਨੁਸਾਰ ਝੁਕਾਇਆ ਜਾ ਸਕੇ। ਪਰ ਇਸ ਨੂੰ ਸਾਬਤ ਕਰਨਾ ਮੁਸ਼ਕਲ ਸੀ। ਸਭ ਤੋਂ ਵਿਆਪਕ ਸਬੂਤ ਡੈਵੀਸਨ ਬੁਧੂ ਨੇ ਦਿੱਤਾ ਜੋ ਆਈ ਐੱਮ ਐੱਫ ਦਾ ਸਟਾਫ਼ ਮੈਂਬਰ ਰਹਿ ਚੁੱਕਾ ਸੀ ਅਤੇ ਹੁਣ ਜਾਗਦੇ ਰਹੋ ਦਾ ਹੋਕਾ ਦੇਣ ਵਾਲੇ ਦੀ ਭੂਮਿਕਾ ਨਿਭਾ ਰਿਹਾ ਹੈ। ਉਸ ਨੇ ਇਸ ਸੰਸਥਾ ਉੱਤੇ ਇਲਜ਼ਾਮ ਲਾਇਆ ਕਿ ਇਹ ਗਰੀਬ ਪਰ ਮਜ਼ਬੂਤ ਇਰਾਦੇ ਵਾਲੇ ਦੇਸ਼ਾਂ ਦੀ ਆਰਥਿਕਤਾ ਬਾਰੇ ਫਤਵੇ ਸੁਣਾਉਣ ਲਈ ਅੰਕੜਿਆਂ ਦੇ ਘਾਲੇਮਾਲੇ ਕਰਦੀ ਰਹਿੰਦੀ ਹੈ।

ਗਰੇਨਾਡਾ ਦਾ ਜੰਮਪਲ ਬੁਧੂ ਲੰਦਨ ਦੇ ਅਰਥਸ਼ਾਸਤਰ ਸਕੂਲ ਤੋਂ ਪੜ੍ਹਿਆ ਅਰਥਸ਼ਾਸਤਰੀ ਸੀ ਜੋ ਵਾਸ਼ਿੰਗਟਨ 'ਚ ਇਸ ਕਰਕੇ ਮਸ਼ਹੂਰ ਸੀ ਕਿ ਉਸ ਦੀ ਨਿੱਜੀ ਰਹਿਣੀ-ਬਹਿਣੀ ਪ੍ਰਤੀ ਉਸ ਦੀ ਪਹੁੰਚ ਗ਼ੈਰ-ਰਵਾਇਤੀ ਹੈ। ਅਲਬਰਟ ਆਈਨਸਟਾਈਨ ਵਾਂਗ ਉਸ ਦੇ ਵਾਲਾਂ ਦਾ ਅੰਦਾਜ਼ ਸਿੱਧਾ ਖੜ੍ਹਵਾਂ ਹੁੰਦਾ ਅਤੇ ਉਹ ਬਾਰੀਕ ਧਾਰੀਦਾਰ ਸੂਟ ਉੱਪਰ ਜੈਕਟ ਪਹਿਨਣ ਦਾ ਸ਼ੌਕੀਨ ਸੀ। ਉਸ ਨੇ ਬਾਰਾਂ ਸਾਲ ਆਈ ਐੱਮ ਐੱਫ 'ਚ ਕੰਮ ਕੀਤਾ ਸੀ, ਜਿੱਥੇ ਉਸ ਦਾ ਕੰਮ ਅਫ਼ਰੀਕਾ, ਲਾਤੀਨੀ ਅਮਰੀਕਾ ਅਤੇ ਆਪਣੇ ਜੱਦੀ ਖੇਤਰ ਦੱਖਣੀ ਵੈਸਟ-ਇੰਡੀਜ਼ ਲਈ ਢਾਂਚਾ-ਢਲਾਈ ਪ੍ਰੋਗਰਾਮ ਤਿਆਰ ਕਰਨਾ ਸੀ। ਗੀਗਨ/ਬੈਚਰ ਦੌਰ 'ਚ ਜਦੋਂ ਇਸ ਸੰਸਥਾ ਨੇ ਸੱਜੇ ਪਾਸੇ ਤਿੱਖਾ ਮੋੜਾ ਕੱਟਿਆ ਤਾਂ ਆਜ਼ਾਦ ਖ਼ਿਆਲਾਂ ਵਾਲੇ ਬੁਧੂ ਨੂੰ ਇੱਥੇ ਪ੍ਰੇਸ਼ਾਨੀ ਮਹਿਸੂਸ ਹੋਣ ਲੱਗੀ। ਪੱਕੇ ਨਵ-ਉਦਾਰਵਾਦੀ ਪ੍ਰਬੰਧਕੀ ਨਿਰਦੇਸ਼ਕ ਮਿਸ਼ੇਲ ਕੈਮਦੇਸੁਸ ਦੀ ਰਾਹਨੁਮਾਈ ਹੇਠ ਸੰਸਥਾ 'ਚ ਸ਼ਿਕਾਗੋ ਵਾਲੇ ਉਤਸ਼ਾਹੀ ਮੁੰਡਿਆਂ ਦੀ ਭਰਮਾਰ ਸੀ। ਜਦੋਂ ਬੁਧੂ ਨੇ 1988 'ਚ ਆਈ ਐੱਮ ਐੱਫ ਨੂੰ ਛੱਡਿਆ ਤਾਂ ਉਸ ਨੇ ਇਸ ਦੇ ਭੇਤ ਨਸ਼ਰ ਕਰਨ ਦਾ ਇਰਾਦਾ ਧਾਰ ਲਿਆ। ਇਸ ਦੀ ਸ਼ੁਰੂਆਤ ਉਸ ਨੇ ਕੈਮਦੇਸੁਸ ਨੂੰ ਨਿਆਰੀ ਖੁੱਲ੍ਹੀ ਚਿੱਠੀ ਲਿਖ ਕੇ ਕੀਤੀ। ਬੁਧੂ ਨੇ ਐਂਡਰੀ ਗੁੰਡਰ ਫਰੈਂਕ ਵਾਲੀ ਜੈਕੂਜ਼• ਸ਼ੈਲੀ ਵਰਤੀ ਜੋ ਉਸ ਨੇ ਇਕ ਦਹਾਕਾ ਪਹਿਲਾਂ ਫਰਾਇਡਮੈਨ ਨੂੰ ਲਿਖੀਆਂ ਚਿੱਠੀਆਂ 'ਚ ਇਸਤੇਮਾਲ ਕੀਤੀ ਸੀ।

ਉਸ ਦੀ ਚਿੱਠੀ ਐਸੀ ਭਾਸ਼ਾ ਨਾਲ ਲਬਰੇਜ਼ ਹੈ ਜੋ ਫੰਡ ਦੇ ਸੀਨੀਅਰ ਅਰਥਸ਼ਾਸਤਰੀਆਂ 'ਚ ਦੇਖਣ ਨੂੰ ਨਹੀਂ ਮਿਲਦੀ। ਇਹ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ : "ਮੈਂ ਬਾਰਾਂ ਵਰ੍ਹੇ ਤੋਂ ਵੱਧ ਸਮਾਂ ਕੌਮਾਂਤਰੀ ਮੁਦਰਾ ਕੋਸ਼ 'ਚ ਸਟਾਫ਼ ਮੈਂਬਰ ਰਿਹਾਂ, ਇਕ ਹਜ਼ਾਰ ਦਿਨ ਲਾਤੀਨੀ ਅਮਰੀਕਾ, ਦੱਖਣੀ ਵੈਸਟ ਇੰਡੀਜ਼ ਅਤੇ ਅਫ਼ਰੀਕਾ ਦੀਆਂ ਸਰਕਾਰਾਂ ਅਤੇ ਲੋਕਾਂ ਨੂੰ ਤੁਹਾਡੇ ਨੁਸਖ਼ੇ ਅਤੇ ਚਲਾਕੀਆਂ ਦਾ ਮਾਲ ਵੇਚਦਿਆਂ ਫੰਡ ਦੇ ਕੰਮ ਦੇ ਲੇਖੇ ਲਾਏ। ਅੱਜ ਮੈਂ ਅਸਤੀਫ਼ਾ ਦੇ ਦਿੱਤਾ ਹੈ। ਅਸਤੀਫ਼ਾ

• ਪ੍ਰਸਿੱਧ ਫਰਾਂਸੀਸੀ ਲੇਖਕ ਐਮਿਲ ਜ਼ੋਲਾ ਵਲੋਂ 13 ਜਨਵਰੀ 1898 ਨੂੰ ਫਰਾਂਸੀਸੀ ਰਾਸ਼ਟਰਪਤੀ ਫੈਲਿਕਸ ਫਾਓਰੇ ਨੂੰ ਲਿਖੇ ਖੁੱਲ੍ਹੇ ਖ਼ਤ ਦੀ ਸ਼ੈਲੀ ਜਿਸ ਵਿਚ ਉਸ ਨੇ ਫਰਾਂਸੀਸੀ ਫ਼ੌਜ ਦੇ ਜਨਰਲ ਸਟਾਫ਼ ਅਧਿਕਾਰੀ ਨੂੰ ਸਜ਼ਾ ਦੇਣ ਦੀਆਂ ਬੇਨਿਯਮੀਆਂ ਦਾ ਪਰਦਾਫਾਸ਼ ਕੀਤਾ ਸੀ।—ਅਨੁਵਾਦਕ

ਮੇਰੇ ਲਈ ਅਣਮੋਲ ਮੁਕਤੀ ਹੈ, ਜਿਸ ਰਾਹੀਂ ਮੈਂ ਉਸ ਪਾਸੇ ਵੱਡੀ ਪੁਲਾਂਘ ਪੁੱਟੀ ਹੈ ਜਿੱਥੇ ਮੈਨੂੰ ਆਸ ਹੈ ਕਿ ਮੈਂ ਦਹਿ-ਲੱਖਾਂ ਗਰੀਬ ਅਤੇ ਭੁੱਖੇ ਮਰਦੇ ਲੋਕਾਂ ਦੇ ਖ਼ੂਨ ਨਾਲ ਗੜੁੱਚ ਆਪਣੇ ਹੱਥ ਸਾਫ਼ ਕਰ ਸਕਦਾ ਹਾਂ....। ਤੁਹਾਨੂੰ ਪਤਾ ਹੀ ਹੈ ਕਿ ਇਹ ਖ਼ੂਨ ਐਨਾ ਜ਼ਿਆਦਾ ਹੈ ਕਿ ਦਰਿਆ ਵਾਂਗ ਵਗਦਾ ਹੈ। ਇਹ ਸੁੱਕ ਵੀ ਜਾਂਦਾ ਹੈ; ਇਸ ਦਾ ਮੇਰੇ ਚਾਰ-ਚੁਫੇਰੇ ਖਲੇਪੜ ਜੰਮ ਗਿਆ ਹੈ; ਕਈ ਵਾਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਕੁਲ ਦੁਨੀਆਂ 'ਚ ਕੋਈ ਐਸਾ ਸਾਬਣ ਨਹੀਂ ਹੋਵੇਗਾ ਜੋ ਮੈਨੂੰ ਉਸ ਤੋਂ ਪਾਕਿ ਕਰ ਸਕੇ ਜੋ ਮੈਂ ਤੁਹਾਡੇ ਨਾਂ 'ਤੇ ਕਰਦਾ ਰਿਹਾ ਹਾਂ।"[21]

ਇਸ ਤੋਂ ਅੱਗੇ ਉਸ ਨੇ ਆਪਣਾ ਪੱਖ ਪੇਸ਼ ਕੀਤਾ। ਬੁਧੂ ਨੇ ਫੰਡ ਉੱਪਰ ਇਲਜ਼ਾਮ ਲਾਇਆ ਕਿ ਇਹ ਅੰਕੜਿਆਂ ਨੂੰ "ਘਾਤਕ" ਹਥਿਆਰਾਂ ਵਾਂਗ ਵਰਤ ਰਿਹਾ ਹੈ। ਉਸ ਨੇ ਭਰਵੇਂ ਰੂਪ 'ਚ ਬਿਆਨ ਕੀਤਾ ਕਿ ਕਿਵੇਂ ਉਹ ਖ਼ੁਦ ਕੋਸ਼ ਦੇ ਮੁਲਾਜ਼ਮ ਵਜੋਂ ਅੱਸੀਵਿਆਂ ਦੇ ਅੱਧ 'ਚ ਤੇਲ ਪੱਖੋਂ ਅਮੀਰ ਟਰਿਨੀਡਾਡ ਅਤੇ ਟੋਬੈਗੋ ਬਾਰੇ ਆਈ ਐੱਮ ਐੱਫ ਦੀਆਂ ਰਿਪੋਰਟਾਂ ਦੇ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਲਈ "ਅੰਕੜਿਆਂ ਦੀ ਵਿਆਪਕ ਹੇਰਾਫੇਰੀ ਕਰਨ" 'ਚ ਸ਼ਾਮਲ ਰਿਹਾ ਤਾਂ ਜੋ ਉਸ ਦੇਸ਼ ਦੀ ਹਾਲਤ ਨੂੰ ਅਸਲ ਨਾਲੋਂ ਘੱਟ ਅਸਥਿਰ ਬਣਾ ਕੇ ਪੇਸ਼ ਕੀਤਾ ਜਾ ਸਕੇ। ਬੁਧੂ ਨੇ ਦਾਅਵੇ ਨਾਲ ਕਿਹਾ ਕਿ ਆਈ ਐੱਮ ਐੱਫ ਨੇ ਇਸ ਦੇਸ਼ ਦੀ ਮਿਹਨਤ ਦੀ ਲਾਗਤ ਨੂੰ ਮਾਪਣ ਵਾਲੇ ਅਹਿਮ ਅੰਕੜੇ ਦੁੱਗਣੇ ਤੋਂ ਵੀ ਵਧਾ ਦਿੱਤੇ ਤਾਂ ਜੋ ਇਹ ਪ੍ਰਭਾਵ ਜਾਵੇ ਕਿ ਇਸ ਦੀ ਮਿਹਨਤ ਬਹੁਤ ਹੀ ਗ਼ੈਰ-ਉਪਜਾਊ ਹੈ—ਹਾਲਾਂਕਿ ਸਹੀ ਜਾਣਕਾਰੀ ਕੋਸ਼ ਕੋਲ ਮੌਜੂਦ ਸੀ। ਉਸ ਨੇ ਇਸ ਦੀ ਦੂਜੀ ਮਿਸਾਲ ਇਹ ਦਿੱਤੀ ਕਿ ਕੋਸ਼ ਨੇ "ਆਪਣੇ ਕੋਲੋਂ ਹੀ ਚੋਖੇ ਐਸੇ ਕਰਜੇ" ਬਣਾ ਕੇ ਕਹਿ ਦਿੱਤਾ ਕਿ ਸਰਕਾਰ ਨੇ ਇਨ੍ਹਾਂ ਦੀ ਅਦਾਇਗੀ ਨਹੀਂ ਕੀਤੀ।[22]

ਬੁਧੂ ਹਿੱਕ ਠੋਕ ਕੇ ਕਹਿੰਦਾ ਹੈ ਕਿ ਇਹ "ਸਪਸ਼ਟ ਬੇਨਿਯਮੀਆਂ" ਜਾਣ-ਬੁੱਝ ਕੇ ਕੀਤੀਆਂ ਗਈਆਂ ਸਨ ਅਤੇ ਇਹ ਨਿਰੀ "ਹਿਸਾਬ-ਕਿਤਾਬ 'ਚ ਲਾਪਰਵਾਹੀ" ਨਹੀ ਸੀ। ਵਿਤੀ ਮੰਡੀਆਂ ਨੇ ਇਨ੍ਹਾਂ ਅੰਕੜਿਆਂ ਨੂੰ ਸੱਚ ਮੰਨ ਕੇ ਟਰਿਨੀਡਾਡ ਨੂੰ ਤੁਰੰਤ ਭਾਰੀ ਜ਼ੋਖ਼ਮ ਵਾਲੀ ਸ਼੍ਰੇਣੀ 'ਚ ਰੱਖ ਲਿਆ ਅਤੇ ਇਸ ਨੂੰ ਉਧਾਰ ਦੇਣਾ ਬੰਦ ਕਰ ਦਿੱਤਾ। ਦੇਸ਼ ਦੀ ਪ੍ਰਮੁੱਖ ਬਰਾਮਦ ਵਸਤੂ ਤੇਲ ਸੀ। ਤੇਲ ਦੀਆਂ ਕੀਮਤਾਂ ਡਿਗਣ ਨਾਲ ਇਸ ਦੀਆਂ ਆਰਥਕ ਸਮੱਸਿਆਵਾਂ ਨੇ ਇਕਦਮ ਆਫ਼ਤਾਂ ਦਾ ਰੂਪ ਧਾਰ ਲਿਆ ਅਤੇ ਇਹ ਆਈ ਐੱਮ ਐੱਫ ਤੋਂ ਮਦਦ ਲੈਣ ਲਈ ਮਜਬੂਰ ਹੋ ਗਿਆ। ਕੋਸ਼ ਨੇ ਸ਼ਰਤ ਰੱਖ ਦਿੱਤੀ ਕਿ ਇਸ ਨੂੰ ਲੇ-ਆਫ, ਉਜਰਤਾਂ 'ਚ ਕਟੌਤੀ ਅਤੇ ਢਾਂਚਾ-ਢਲਾਈ ਦੀਆਂ "ਸਮੁੱਚੀਆਂ ਨੀਤੀਆਂ" ਲਾਗੂ ਕਰਨੀਆਂ ਪੈਣਗੀਆਂ। ਬੁਧੂ ਅਨੁਸਾਰ ਇਹ ਆਈ ਐੱਮ ਐੱਫ ਦੀ "ਸਭ ਤੋਂ ਵੱਧ ਜਾਨ-ਲੇਵਾ ਦਵਾਈ" ਹੈ। ਅਤੇ ਇਹ "ਢੁੱਚਰ ਡਾਹ ਕੇ ਦੇਸ਼ ਦੀ ਆਰਥਕ ਜ਼ਿੰਦਗੀ 'ਚ ਸੰਕਟ ਖੜ੍ਹਾ ਕਰਨ" ਦਾ ਅਮਲ ਸੀ ਤਾਂ ਜੋ ਪਹਿਲਾਂ ਤਾਂ "ਟਰਿਨੀਡਾਡ ਅਤੇ ਟੋਬੈਗੋ ਆਰਥਕ ਤੌਰ 'ਤੇ ਤਬਾਹ ਹੋ ਜਾਣ ਅਤੇ ਫੇਰ ਇਨ੍ਹਾਂ ਅੰਦਰ ਮਨਮਰਜ਼ੀ ਦੀਆਂ ਤਬਦੀਲੀਆਂ ਕੀਤੀਆਂ ਜਾਣ।"

ਬੁਧੂ ਦੀ ਮੌਤ 2001 'ਚ ਹੋਈ। ਆਪਣੀ ਚਿੱਠੀ 'ਚ ਉਸ ਨੇ ਸਪਸ਼ਟ ਕੀਤਾ ਕਿ ਉਸ ਦਾ ਵਿਰੋਧ ਮਹਿਜ਼ ਇਹ ਨਹੀਂ ਸੀ ਕਿ ਮੁੱਠੀ ਭਰ ਅਧਿਕਾਰੀ ਦੇਸ਼ ਨਾਲ ਕੀ ਵਰਤਾਓ ਕਰਦੇ ਹਨ। ਮਾਮਲਾ ਇਸ ਤੋਂ ਵੱਡਾ ਸੀ। ਉਸ ਨੇ ਆਈ ਐੱਮ ਐੱਫ ਦੇ ਪੂਰੇ ਢਾਂਚਾ-ਢਲਾਈ ਪ੍ਰੋਗਰਾਮ ਦਾ ਖ਼ਾਸਾ ਬਿਆਨ ਕਰਦਿਆਂ ਕਿਹਾ ਕਿ ਇਹ ਇਕ ਤਰ੍ਹਾਂ ਦੇ ਵਿਆਪਕ ਤਸੀਹਿਆਂ ਵਾਂਗ ਹੈ ਜਿਨ੍ਹਾਂ ਰਾਹੀਂ " 'ਦਰਦ ਨਾਲ ਕੁਰਲਾਉਂਦੀਆਂ' ਸਰਕਾਰਾਂ ਅਤੇ ਲੋਕਾਂ ਨੂੰ ਸਾਡੇ ਮੂਹਰੇ ਗੋਡੇ ਟੇਕਣ ਲਈ ਮਜਬੂਰ ਕੀਤਾ ਜਾਂਦਾ ਹੈ। ਟੁੱਟ ਚੁੱਕੇ, ਭੈਭੀਤ ਅਤੇ ਬਰਬਾਦ ਹੋਏ ਦੇਸ਼ ਸਾਥੋਂ ਰਹਿਮ ਅਤੇ ਜਾਇਜ਼

ਸਲੂਕ ਦੀ ਭੀਖ ਮੰਗਦੇ ਹਨ। ਪਰ ਅਸੀਂ ਉਨ੍ਹਾਂ ਉੱਤੇ ਬੇਰਹਿਮੀ ਨਾਲ ਹੱਸਦੇ ਹਾਂ; ਅਤੇ ਸਾਡੇ ਤਸੀਹਿਆਂ ਦਾ ਤਾੜਾ ਬੇਰੋਕ-ਟੋਕ ਚਲਦਾ ਰਹਿੰਦਾ ਹੈ।"

ਚਿੱਠੀ ਛਪਣ ਤੋਂ ਬਾਅਦ, ਟਰਿਨੀਡਾਡ ਦੀ ਸਰਕਾਰ ਨੇ ਇਨ੍ਹਾਂ ਦੋਸ਼ਾਂ ਦੀ ਛਾਣ-ਬੀਣ ਕਰਨ ਲਈ ਦੋ ਆਜ਼ਾਦ ਅਧਿਐਨ ਕਰਵਾਏ। ਅਧਿਐਨਾਂ ਨਾਲ ਇਹ ਦੋਸ਼ ਸਹੀ ਸਾਬਤ ਹੋਏ ਕਿ ਆਈ ਐੱਮ ਐੱਫ ਨੇ ਦੇਸ਼ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੇ ਚੰਦਰੇ ਇਰਾਦੇ ਨਾਲ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਸੀ ਅਤੇ ਇਹ ਅੰਕੜੇ ਜਾਅਲੀ ਸਨ।[23]

ਇਹ ਪੁਸ਼ਟੀ ਹੋ ਜਾਣ ਤੋਂ ਬਾਅਦ ਵੀ ਬੁਧੂ ਦੇ ਤਹਿਲਕਾ ਮਚਾਉਣ ਵਾਲੇ ਦੋਸ਼ਾਂ ਦਾ ਕਿਤੇ ਜ਼ਿਕਰ ਨਾ ਹੋਇਆ। ਇਹ ਰਫ਼ਾ-ਦਫ਼ਾ ਕਰ ਦਿੱਤੇ ਗਏ। ਟਰਿਨੀਡਾਡ ਅਤੇ ਟੋਬੈਗੋ ਵੈਨਜ਼ੂਏਲਾ ਦੇ ਸਮੁੰਦਰੀ ਖੇਤਰ ਵਿਚ ਨਿੱਕੇ ਜਹੇ ਟਾਪੂ ਹਨ ਅਤੇ ਜਦੋਂ ਤੱਕ ਇਥੋਂ ਦੇ ਬਾਸ਼ਿੰਦੇ ਵਾਸ਼ਿੰਗਟਨ ਦੀ ਉਨੀ ਨੰਬਰ ਸੜਕ 'ਤੇ ਸਥਿਤ ਆਈ ਐੱਮ ਐੱਫ ਦੇ ਸਦਰ ਮੁਕਾਮ ਉੱਪਰ ਹੱਲਾ ਨਹੀਂ ਬੋਲਦੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੁਨੀਆਂ ਨਹੀਂ ਗੌਲੇਗੀ। ਫੇਰ ਵੀ, 1996 'ਚ ਇਸ ਚਿੱਠੀ ਬਾਰੇ ਇਕ ਨਾਟਕ ਲਿਖਿਆ ਗਿਆ ਜਿਸ ਦਾ ਨਾਂ ਸੀ *ਆਈ ਐੱਮ ਐੱਫ ਤੋਂ ਬੁਧੂ ਦਾ ਅਸਤੀਫ਼ਾ (ਪੰਜਾਹ ਸਾਲ ਕਾਫ਼ੀ ਹਨ)* ਅਤੇ ਇਹ ਨਿਊ ਯਾਰਕ ਦੇ ਪੂਰਬੀ ਪਿੰਡ ਦੀ ਇਕ ਨਿੱਕੀ ਜਹੀ ਨਾਟ-ਸ਼ਾਲਾ 'ਚ ਖੇਡ੍ਹਿਆ ਗਿਆ। ਹੈਰਾਨੀ ਦੀ ਗੱਲ ਇਹ ਹੋਈ ਕਿ *ਨਿਊ ਯਾਰਕ ਟਾਈਮਜ਼* ਨੇ ਇਸ ਬਾਰੇ ਹਾਂਪੱਖੀ ਰਿਵਿਊ ਛਾਪ ਕੇ ਇਸ ਦੀ "ਅਸਾਧਾਰਨ ਰਚਨਾਤਮਕਾ" ਅਤੇ "ਨਾਟਕੀ ਜੁਗਤਾਂ" ਦੀ ਤਾਰੀਫ਼ ਕੀਤੀ।[24] ਇਵ, ਸਿਰਫ਼ ਇਕ ਵਾਰ ਹੀ ਨਾਟਕ ਦੇ ਸੰਖੇਪ ਰਿਵਿਊ ਰਾਹੀਂ *ਨਿਊ ਯਾਰਕ ਟਾਈਮਜ਼* ਦੇ ਪੰਨਿਆਂ 'ਤੇ ਬੁਧੂ ਦਾ ਜ਼ਿਕਰ ਹੋਇਆ।

ਕਾਂਡ ਤੇਰਵਾਂ

ਇਸ ਨੂੰ ਲਾਂਬੂ ਲੱਗਣ ਦਿਓ

ਏਸ਼ੀਆ ਦੀ ਲੁੱਟਮਾਰ ਅਤੇ "ਬਰਲਿਨ ਦੀ ਦੂਜੀ ਦੀਵਾਰ ਦਾ ਢਹਿਣਾ"

> ਮਾਇਆ ਦਾ ਵਹਿਣ ਉਧਰ ਨੂੰ ਹੁੰਦਾ ਹੈ ਜਿੱਥੇ ਮੌਕਾ ਹੋਵੇ, ਅਤੇ ਐਸ ਵਕਤ ਏਸ਼ੀਆ ਸਭ ਤੋਂ ਸਸਤੀ ਲਾਗਤ ਵਾਲੀ ਥਾਂ ਹੈ।
> —ਗੋਰਾਡ ਸਮਿੱਥ, ਨਿਊ ਯਾਰਕ ਦੀ ਯੂ ਬੀ ਐੱਸ ਸਕਿਊਰਿਟੀਜ਼ ਵਿਖੇ ਵਿਤੀ ਸੰਸਥਾਵਾਂ ਦਾ ਬੈਂਕਰ, 1997-98 ਦੇ ਏਸ਼ੀਆ ਦੇ ਆਰਥਕ ਸੰਕਟ ਬਾਰੇ[1]
>
> ਭਲੇ ਸਮਿਆਂ 'ਚ ਮਾੜੀ ਨੀਤੀ ਬਣਾਈ ਜਾਂਦੀ ਹੈ।
> —ਮੁਹੰਮਦ ਸਾਦਲੀ, ਇੰਡੋਨੇਸ਼ੀਆ ਦੇ ਜਰਨੈਲ ਸੁਹਾਰਤੋ ਦਾ ਆਰਥਕ ਸਲਾਹਕਾਰ[2]

ਮੇਰੇ ਸਵਾਲ ਆਮ ਜਹੇ ਸਨ। ਆਪਣੀ ਤਨਖ਼ਾਹ ਨਾਲ ਤੁਸੀਂ ਕੀ ਕੁਝ ਖ਼ਰੀਦ ਲੈਂਦੇ ਹੋ? ਕੀ ਰਿਹਾਇਸ਼ ਅਤੇ ਖਾਣ-ਪੀਣ ਦਾ ਸਰ ਜਾਂਦਾ ਹੈ? ਕੀ ਪਿੱਛੇ ਮਾਪਿਆਂ ਨੂੰ ਭੇਜਣ ਲਈ ਕੁਝ ਬਚ ਰਹਿੰਦਾ ਹੈ? ਫੈਕਟਰੀ ਜਾਣ-ਆਉਣ 'ਤੇ ਕਿੰਨਾ ਖਰਚ ਆ ਜਾਂਦਾ ਹੈ? ਭਾਵੇਂ ਮੈਂ ਕੋਈ ਵੀ ਸਵਾਲ ਪੁੱਛਦੀ ਰਹੀ ਜਵਾਬ ਇਹੀ ਮਿਲਦਾ "ਇਹ ਮੁਨੱਸਰ ਕਰਦਾ ਹੈ...।" ਜਾਂ "ਪਤਾ ਨਹੀਂ।"

ਮਨੀਲਾ ਨੇੜੇ ਗੈਪ ਕੰਪਨੀ ਦੇ ਕੱਪੜਿਆਂ ਦੀ ਸਿਲਾਈ ਦਾ ਕੰਮ ਕਰਦੀ ਸਤਾਰਾਂ ਸਾਲਾ ਮਜ਼ਦੂਰ ਨੇ ਆਪਣੀ ਵਿਥਿਆ ਸੁਣਾਈ, "ਕੁਝ ਮਹੀਨੇ ਪਹਿਲਾਂ ਮੇਰੇ ਕੋਲ ਹਰ ਮਹੀਨੇ ਆਪਣੇ ਪਰਿਵਾਰ ਨੂੰ ਭੇਜਣ ਲਈ ਥੋੜ੍ਹੇ ਪੈਸੇ ਬਚ ਰਹਿੰਦੇ ਸਨ, ਹੁਣ ਮੇਰਾ ਆਪਣਾ ਢਿੱਡ ਵੀ ਨਹੀਂ ਭਰਦਾ।"

"ਕੀ ਤੁਹਾਡੀਆਂ ਉਜਰਤਾਂ ਘਟਾਈ ਜਾਂਦੇ ਹਨ ? " ਮੈਂ ਪੁੱਛਿਆ।

ਉਹ ਥੋੜ੍ਹਾ ਸ਼ਸ਼ੋਪੰਜ 'ਚ ਪੈ ਗਈ, "ਨਹੀਂ ਮੈਨੂੰ ਇੰਞ ਨਹੀਂ ਲਗਦਾ। ਪਹਿਲਾਂ ਜਿੰਨਾ ਸਮਾਨ ਖ਼ਰੀਦਣ ਲਈ ਇਸ ਨਾਲ ਨਹੀਂ ਸਰਦਾ। ਭਾਅ ਵਧਦੇ ਜਾਂਦੇ ਹਨ।"

ਇਹ 1997 ਦੀਆਂ ਗਰਮੀਆਂ ਦੀ ਗੱਲ ਸੀ, ਅਤੇ ਮੈਂ ਏਸ਼ੀਆ 'ਚ ਇਸ ਖੇਤਰ ਦੇ ਕੰਮ ਹਾਲਾਤ ਦਾ ਅਧਿਐਨ ਕਰ ਰਹੀ ਸੀ। ਇਨ੍ਹਾਂ ਬਰਾਮਦਮੁਖੀ ਫੈਕਟਰੀਆਂ ਦੇ ਕਾਰੋਬਾਰ ਤੇਜ਼ੀ 'ਚ ਸੀ। ਮੈਂ ਦੇਖਿਆ ਕਿ ਮਜ਼ਦੂਰਾਂ ਨੂੰ ਜਬਰੀ ਓਵਰਟਾਈਮ ਜਾਂ ਸੁਪਰਵਾਈਜ਼ਰਾਂ ਦੇ ਗਾਲ-ਮੰਦੇ ਨਾਲੋਂ ਕਿਤੇ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਦੇ ਦੇਸ਼ ਤੇਜ਼ੀ ਨਾਲ ਡੂੰਘੇ ਮੰਦਵਾੜੇ 'ਚ ਧਸਦੇ ਜਾ ਰਹੇ ਸਨ। ਇੰਡੋਨੇਸ਼ੀਆ ਦਾ ਸੰਕਟ ਹੋਰ ਵੀ ਡੂੰਘਾ ਸੀ ਅਤੇ ਮਾਹੌਲ ਖ਼ਤਰਨਾਕ ਰੂਪ 'ਚ ਅਸਥਿਰ ਸੀ। ਦਿਨ ਚੜ੍ਹਨ ਅਤੇ ਰਾਤ ਪੈਣ ਦਰਮਿਆਨ ਇੰਡੋਨੇਸ਼ੀਆ ਦੇ ਸਿੱਕੇ ਦਾ ਭਾਅ ਵਾਰ-ਵਾਰ ਡਿੱਗਦਾ ਰਹਿੰਦਾ ਸੀ। ਇਕ ਦਿਨ ਫੈਕਟਰੀ ਮਜ਼ਦੂਰਾਂ ਕੋਲ ਮੱਛੀ ਅਤੇ ਚੌਲ ਖ਼ਰੀਦਣ ਜੋਗੇ ਪੈਸੇ ਹੁੰਦੇ। ਪਰ ਅਗਲੇ ਦਿਨ ਉਨ੍ਹਾਂ ਨੂੰ ਸਿਰਫ਼ ਚੌਲਾਂ ਨਾਲ ਡੰਗ ਸਾਰਨਾ ਪੈਂਦਾ। ਰੇਸਤਰਾਂ ਅਤੇ ਟੈਕਸੀਆਂ 'ਚ ਹਰ ਥਾਂ ਆਮ ਗੱਲਬਾਤ ਦਾ ਇਕੋ ਹੀ ਵਿਸ਼ਾ ਹੁੰਦਾ : ਇਸ ਦਾ ਦੋਸ਼ੀ ਕੌਣ ਹੈ ? ਮੈਨੂੰ ਦੱਸਿਆ ਗਿਆ, "ਚੀਨੀ ਲੋਕ।" ਵਧ ਰਹੀਆਂ ਕੀਮਤਾਂ ਦਾ ਸਭ ਤੋਂ ਵੱਧ ਸਿੱਧਾ ਫ਼ਾਇਦਾ ਇੰਡੋਨੇਸ਼ੀਆ ਦੀ ਵਪਾਰੀ ਜਮਾਤ ਚੀਨੀਆਂ ਨੂੰ ਹੁੰਦਾ ਸੀ, ਇਸ ਕਰਕੇ ਸਾਰਾ ਨਜ਼ਲਾ ਉਨ੍ਹਾਂ ਉੱਪਰ ਝੜਦਾ ਸੀ। ਜਦੋਂ ਕੀਨਜ਼ ਨੇ ਆਰਥਕ ਗੜਬੜ ਦੇ ਖ਼ਤਰਿਆਂ ਦੀ ਚੇਤਾਵਨੀ ਦਿੱਤੀ ਸੀ ਤਾਂ ਉਸ ਦਾ ਇਹੀ ਭਾਵ ਸੀ—ਤੁਹਾਨੂੰ ਕਦੇ ਵੀ ਇਲਮ ਨਹੀਂ ਹੁੰਦਾ ਕਿ ਰੋਹ, ਨਸਲਵਾਦ ਅਤੇ ਇਨਕਲਾਬ ਦਾ ਕਿਸ ਤਰ੍ਹਾਂ ਦਾ ਮਿਲਗੋਭਾ ਫੁੱਟ ਤੁਰੇਗਾ।

ਦੱਖਣ-ਪੂਰਬੀ ਏਸ਼ੀਆ ਦੇ ਦੇਸ਼ ਸਾਜ਼ਿਸ਼ ਦੇ ਸਿਧਾਂਤਾਂ ਅਤੇ ਨਸਲੀ ਹਮਲਿਆਂ ਦੀ ਖ਼ਾਸ ਮਾਰ ਹੇਠ ਸਨ ਕਿਉਂਕਿ ਦੇਖਣ ਨੂੰ ਵਿਤੀ ਸੰਕਟ ਦਾ ਕੋਈ ਤਰਕਸੰਗਤ ਕਾਰਨ ਨਹੀਂ ਸੀ। ਵਿਸ਼ਲੇਸ਼ਣ ਕਰਨ ਵਾਲੇ ਟੈਲੀਵਿਜ਼ਨ ਚੈਨਲਾਂ ਉੱਪਰ ਅਤੇ ਅਖ਼ਬਾਰਾਂ ਵਿਚ ਇਸ ਖੇਤਰ ਦੀ ਚਰਚਾ ਇਸ ਤਰ੍ਹਾਂ ਵਾਰ-ਵਾਰ ਕਰਦੇ ਰਹਿੰਦੇ ਸਨ ਜਿਵੇਂ ਇਸਨੂੰ ਕੋਈ ਅਜੀਬ ਭਿਆਨਕ ਛੂਤ ਦੀ ਬੀਮਾਰੀ ਚਿੰਬੜ ਗਈ ਹੋਵੇ—ਮੰਡੀ ਦੀ ਗਿਰਾਵਟ ਉੱਤੇ ਤੁਰੰਤ "ਏਸ਼ੀਅਨ ਫਲੂ" ਦਾ ਠੱਪਾ ਲਾ ਦਿੱਤਾ ਗਿਆ। ਅਤੇ ਜਦੋਂ ਸੰਕਟ ਲਾਤੀਨੀ ਅਮਰੀਕਾ ਅਤੇ ਰੂਸ ਤੱਕ ਫੈਲ ਲਿਆ ਤਾਂ ਇਸ ਨੂੰ "ਏਸ਼ੀਅਨ ਛੂਤ" ਦਾ ਰੁਤਬਾ ਦੇ ਦਿੱਤਾ ਗਿਆ।

ਇਹ ਗੜਬੜ ਹੋਣ ਤੋਂ ਕੁਝ ਹਫ਼ਤੇ ਪਹਿਲਾਂ ਇਨ੍ਹਾਂ ਦੇਸ਼ਾਂ ਦਾ ਆਰਥਕ ਪੱਖੋਂ ਤੰਦਰੁਸਤ ਅਤੇ ਉੱਚ ਪਾਏ ਦੇ ਤਾਕਤਵਰ ਦੇਸ਼ਾਂ ਵਜੋਂ ਗੁੱਡਾ ਬੰਨ੍ਹਿਆ ਜਾ ਰਿਹਾ ਸੀ—ਇਨ੍ਹਾਂ ਨੂੰ ਵਿਸ਼ਵੀਕਰਨ ਦੀਆਂ ਸਭ ਤੋਂ ਜ਼ਬਰਦਸਤ ਕਾਮਯਾਬ ਮਿਸਾਲਾਂ ਦਰਸਾ ਕੇ ਏਸ਼ੀਅਨ ਸ਼ੇਰ ਕਿਹਾ ਜਾਂਦਾ ਸੀ। ਬਿੰਦ ਕੁ ਪਹਿਲਾਂ, ਸ਼ੇਅਰ ਮੰਡੀ ਦੇ ਦਲਾਲ ਆਪਣੇ ਗਾਹਕਾਂ ਨੂੰ ਦੱਸ ਰਹੇ ਹੁੰਦੇ ਕਿ ਪੈਸਾ ਕਮਾਉਣ ਦਾ ਵੱਧ ਯਕੀਨੀ ਰਾਹ ਏਸ਼ੀਆ ਦੀਆਂ ਮਿਊਚਲ ਫੰਡ ਦੀਆਂ "ਉੱਭਰ ਰਹੀਆਂ ਮੰਡੀਆਂ" ਵਿਚ ਬੱਚਤਾਂ ਨਿਵੇਸ਼ ਕਰ ਦੇਣ ਤੋਂ ਸਿਵਾ ਹੋਰ ਕੋਈ ਨਹੀਂ ਹੈ; ਅਗਲੇ ਪਲ ਦਲਾਲਾਂ ਦੇ ਹਜੂਮ ਇਨ੍ਹਾਂ ਮੰਡੀਆਂ ਵਿਚੋਂ ਪੈਸਾ ਕੱਢ ਰਹੇ ਹੁੰਦੇ ਜਦਕਿ ਵਪਾਰੀ ਇੱਥੋਂ ਦੇ ਸਿੱਕੇ ਬਾਹਤ, ਰਿੰਗਤ ਅਤੇ

ਰੁਪਈਆ 'ਤੇ "ਹੱਲਾ ਬੋਲ ਰਹੇ ਹੁੰਦੇ।" ਇਸ ਨਾਲ ਐਸੀ ਹਾਲਤ ਪੈਦਾ ਹੋ ਜਾਂਦੀ ਜਿਸ ਬਾਰੇ *ਦੀ ਇਕਨਾਮਿਸਟ* ਨੇ ਕਿਹਾ ਸੀ "ਬੱਚਤਾਂ ਦੀ ਉਸ ਪੱਧਰ 'ਤੇ ਤਬਾਹੀ ਜੋ ਅਕਸਰ ਪੂਰੀ-ਪੂਰੀ ਜੰਗ ਨਾਲ ਜੁੜਕੇ ਆਉਂਦੀ ਹੈ।"[3] ਇਸ ਦੇ ਬਾਵਜੂਦ, ਏਸ਼ੀਅਨ ਸ਼ੇਰਾਂ ਦੇ ਅਰਥਚਾਰਿਆਂ 'ਚ ਕੋਈ ਕਾਬਲੇ-ਗ਼ੌਰ ਤਬਦੀਲੀ ਨਹੀਂ ਆਈ। ਅਕਸਰ ਹੀ ਹਾਲੇ ਤੱਕ ਇਨ੍ਹਾਂ ਦੀ ਵਾਗਡੋਰ ਉਸੇ ਕੁਲੀਨ ਜੁੰਡਲੀ ਦੇ ਹੱਥ ਹੈ; ਕੁਦਰਤੀ ਆਫ਼ਤ ਜਾਂ ਜੰਗ ਦਾ ਉਨ੍ਹਾਂ ਉੱਪਰ ਕੋਈ ਅਸਰ ਨਹੀਂ ਸੀ; ਉਹ ਵੱਡੇ ਘਾਟਿਆਂ 'ਚ ਨਹੀਂ ਸਨ—ਕੁਝ ਤਾਂ ਬਿਲਕੁਲ ਘਾਟੇ 'ਚ ਨਹੀਂ ਸਨ। ਕਈ ਵੱਡੇ ਸਮੂਹਾਂ ਸਿਰ ਭਾਰੀ ਕਰਜੇ ਸਨ ਪਰ ਉਹ ਹਾਲੇ ਵੀ ਬੂਟਾਂ ਤੋਂ ਲੈ ਕੇ ਕਾਰਾਂ ਤੱਕ ਹਰ ਚੀਜ਼ ਦੀ ਪੈਦਾਵਾਰ ਕਰੀ ਜਾ ਰਹੇ ਸਨ ਅਤੇ ਉਨ੍ਹਾਂ ਦੀ ਵਿਕਰੀ ਹਮੇਸ਼ਾ ਵਾਂਗ ਜ਼ਬਰਦਸਤ ਸੀ। ਤਾਂ ਫੇਰ ਇਹ ਕਿਵੇਂ ਸੰਭਵ ਹੋ ਗਿਆ ਕਿ 1996 'ਚ ਤਾਂ ਦੱਖਣੀ ਕੋਰੀਆ ਪੂੰਜੀ-ਨਿਵੇਸ਼ ਕਰਨ ਵਾਲਿਆਂ ਨੂੰ 100 ਅਰਬ ਡਾਲਰ ਨਿਵੇਸ਼ ਕਰਨ ਲਈ ਐਨ ਢੁੱਕਵਾਂ ਲੱਗਦਾ ਸੀ ਅਤੇ ਅਗਲੇ ਹੀ ਸਾਲ ਦੇਸ਼ ਦਾ ਪੂੰਜੀ-ਨਿਵੇਸ਼ 20 ਅਰਬ ਡਾਲਰ ਦੀ ਮਨਫ਼ੀ ਹਾਲਤ 'ਚ ਚਲਾ ਗਿਆ—120 ਅਰਬ ਡਾਲਰ ਦਾ ਐਨਾ ਵੱਡਾ ਫ਼ਰਕ ?[4] ਮੁਦਰਾ ਦੇ ਇਸ ਤਰ੍ਹਾਂ ਦੇ ਝਟਕੇ ਦੀ ਕੀ ਵਿਆਖਿਆ ਹੋ ਸਕਦੀ ਹੈ ?

ਹੋਇਆ ਇਹ ਕਿ ਇਨ੍ਹਾਂ ਦੇਸ਼ਾਂ ਨੂੰ ਭੈਅ ਹੀ ਲੈ ਡੁੱਬਿਆ। ਵਿਸ਼ਵੀ ਹੋ ਚੁੱਕੀਆਂ ਮੰਡੀਆਂ ਦੀ ਤੇਜ਼ ਰਫ਼ਤਾਰ ਅਤੇ ਅਸਥਿਰਤਾ ਨੇ ਭੈਅ ਨੂੰ ਘਾਤਕ ਬਣਾ ਦਿੱਤਾ ਸੀ। ਇਸ ਦੀ ਸ਼ੁਰੂਆਤ ਤਾਂ ਅਫ਼ਵਾਹ ਵਜੋਂ ਹੋਈ ਸੀ—ਕਿ ਥਾਈਲੈਂਡ ਕੋਲ ਆਪਣੇ ਸਿੱਕੇ ਨੂੰ ਸਹਾਰਾ ਦੇਣ ਲਈ ਲੋੜੀਂਦੇ ਡਾਲਰ ਨਹੀਂ ਹਨ—ਪਰ ਇਲੈਕਟ੍ਰਾਨਿਕ ਵੱਗ ਵਲੋਂ ਦਿੱਤੀਆਂ ਖ਼ਬਰਾਂ ਨਾਲ ਭਾਜੜ ਮੱਚ ਗਈ। ਬੈਂਕਾਂ ਨੇ ਕਰਜੇ ਵਾਪਸ ਲੈ ਲਏ। ਜਾਇਦਾਦ ਦੀ ਖ਼ਰੀਦੋ-ਫ਼ਰੋਖ਼ਤ ਦੀ ਮੰਡੀ ਜੋ ਤੇਜ਼ੀ ਨਾਲ ਵਧ ਰਹੀ ਸੀ ਇਸ ਦਾ ਗ਼ੁਬਾਰਾ ਇਕਦਮ ਫਟ ਗਿਆ। ਮਾਲਜ਼, ਆਸਮਾਨ ਛੂੰਹਦੀਆਂ ਇਮਾਰਤਾਂ ਅਤੇ ਰਿਜ਼ਾਰਟਸ ਦੀ ਉਸਾਰੀ ਅੱਧ-ਵਿਚਾਲੇ ਠੱਪ ਹੋ ਗਈ; ਉਸਾਰੀ ਕਰੇਨਾਂ ਬੈਂਕਾਕ ਦੇ ਭੀੜ-ਭੜੱਕੇ ਵਾਲੇ ਦ੍ਰਿਸ਼ ਉੱਪਰ ਬੇਹਰਕਤ ਖੜ੍ਹੀਆਂ ਸਨ। ਜੇ ਸਰਮਾਏਦਾਰੀ ਦਾ ਨੀਵੀਂ ਰਫ਼ਤਾਰ ਵਾਲਾ ਦੌਰ ਹੁੰਦਾ ਤਾਂ ਸੰਕਟ ਨੇ ਇੱਥੇ ਰੁਕ ਜਾਣਾ ਸੀ। ਪਰ ਕਿਉਂਕਿ ਮਿਊਚਲ ਫੰਡ ਵਾਲੇ ਦਲਾਲਾਂ ਨੇ ਪੂੰਜੀ-ਨਿਵੇਸ਼ ਦੇ ਇਕਹਿਰੇ ਪੈਕੇਜ ਦੇ ਹਿੱਸੇ ਵਜੋਂ ਏਸ਼ੀਅਨ ਸ਼ੇਰ ਦੇਸ਼ਾਂ 'ਚ ਪੂੰਜੀ ਲਾਈ ਹੋਈ ਸੀ, ਜਦੋਂ ਇਕ ਸ਼ੇਰ ਚੌਫਾਲ ਡਿੱਗਿਆ ਤਾਂ ਸਾਰੇ ਹੀ ਢਹਿ ਗਏ। ਥਾਈਲੈਂਡ ਤੋਂ ਬਾਅਦ, ਭੈਅ ਨੇ ਇੰਡੋਨੇਸ਼ੀਆ, ਮਲੇਸ਼ੀਆ, ਫਿਲਪਾਈਨ ਅਤੇ ਦੱਖਣੀ ਕੋਰੀਆਂ ਨੂੰ ਵੀ ਲਪੇਟ 'ਚ ਲੈ ਲਿਆ ਅਤੇ ਪੂੰਜੀ ਇੱਥੋਂ ਛੂ-ਮੰਤਰ ਹੋ ਗਈ। ਦੱਖਣੀ ਕੋਰੀਆ ਦੁਨੀਆਂ ਦੀ ਗਿਆਰਵੀਂ ਸਭ ਤੋਂ ਵੱਡੀ ਆਰਥਿਕਤਾ ਸੀ ਅਤੇ ਇਸ ਨੂੰ ਵਿਸ਼ਵੀਕਰਨ ਦੇ ਅੰਬਰ ਦਾ ਤਾਰਾ ਸਮਝਿਆ ਜਾਂਦਾ ਸੀ।

ਇਹ ਏਸ਼ੀਆਈ ਸਰਕਾਰਾਂ ਆਪੋ ਆਪਣੇ ਸਿੱਕੇ ਨੂੰ ਠੁੰਮਣਾ ਦੇਣ ਲਈ ਰਿਜ਼ਰਵ ਬੈਂਕਾਂ 'ਚੋਂ ਪੈਸਾ ਕਢਵਾਉਣ ਲਈ ਮਜਬੂਰ ਹੋ ਗਈਆਂ, ਇੰਞ ਸ਼ੁਰੂ ਦਾ ਡਰ ਹਕੀਕਤ ਬਣ ਗਿਆ। ਹੁਣ ਇਹ ਦੇਸ਼ ਸੱਚੀਓਂ ਹੀ ਤਬਾਹੀ ਵੱਲ ਜਾ ਰਹੇ ਸਨ। ਮੰਡੀ ਦਾ ਪ੍ਰਤੀਕਰਮ ਹੋਰ ਵੀ ਭੈਭੀਤ ਕਰਨ ਵਾਲਾ ਸੀ। ਇਕ ਸਾਲ 'ਚ ਏਸ਼ੀਆ ਦੀਆਂ ਸਟਾਕ ਮੰਡੀਆਂ ਵਿਚੋਂ 600 ਅਰਬ ਡਾਲਰ ਛੂ-ਮੰਤਰ ਹੋ ਗਏ ਸਨ—ਇਸ ਦੌਲਤ ਦੇ ਨਿਰਮਾਣ 'ਚ ਦਹਾਕਿਆਂ ਦਾ ਸਮਾਂ ਲੱਗਿਆ ਸੀ।[5]

ਸੰਕਟ ਦੇ ਸਤਾਏ ਲੋਕ ਸਿਰੇ ਦੇ ਕਦਮ ਚੁੱਕਣ ਦੇ ਰਾਹ ਪੈ ਗਏ। ਇੰਡੋਨੇਸ਼ੀਆ 'ਚ ਕੰਗਾਲ ਹੋਏ ਨਾਗਰਿਕਾਂ ਨੇ ਸ਼ਹਿਰੀ ਸਟੋਰਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਜੋ ਕੁਝ ਵੀ ਉਹ ਲਿਜਾ ਸਕਦੇ ਸਨ ਚੁੱਕ ਕੇ ਲੈ ਗਏ। ਇਕ ਖ਼ਾਸ ਭਿਆਨਕ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਇਸ ਤਰ੍ਹਾਂ ਵਾਪਰੀ ਸੀ : ਜਕਾਰਤਾ ਦੇ ਇਕ ਸ਼ਾਪਿੰਗ ਮਾਲ ਨੂੰ ਓਦੋਂ ਅੱਗ ਲੱਗ ਗਈ ਜਦੋਂ

ਇਸ ਨੂੰ ਲੁੱਟਿਆ ਜਾ ਰਿਹਾ ਸੀ। ਸੈਂਕੜੇ ਲੋਕ ਇਸ ਕਾਂਡ 'ਚ ਜਿਊਂਦੇ ਸੜ ਗਏ।[6]

ਦੱਖਣੀ ਕੋਰੀਆ 'ਚ, ਟੈਲੀਵਿਜ਼ਨ ਸਟੇਸ਼ਨਾਂ ਨੇ ਵਿਆਪਕ ਮੁਹਿੰਮ ਚਲਾ ਕੇ ਨਾਗਰਿਕਾਂ ਨੂੰ ਸੋਨੇ ਦੇ ਗਹਿਣੇ ਦਾਨ ਕਰਨ ਦੇ ਸੱਦੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਜੋ ਇਨ੍ਹਾਂ ਨੂੰ ਪਿਘਲਾ ਕੇ ਦੇਸ਼ ਦੇ ਕਰਜੇ ਲਾਹੁਣ ਲਈ ਵਰਤਿਆ ਜਾ ਸਕੇ। ਕੁਝ ਮਹੀਨਿਆਂ 'ਚ ਹੀ ਤੀਹ ਲੱਖ ਲੋਕਾਂ ਨੇ ਗਲਾਂ ਦੇ ਹਾਰ, ਕੰਨਾਂ ਦੀਆਂ ਵਾਲੀਆਂ, ਖੜ੍ਹ ਮੈਡਲ ਅਤੇ ਟਰਾਫ਼ੀਆਂ ਸਰਕਾਰ ਦੇ ਹਵਾਲੇ ਕਰ ਦਿੱਤੀਆਂ। ਇਕ ਔਰਤ ਨੇ ਤਾਂ ਆਪਣੀ ਵਿਆਹ ਦੀ ਮੁੰਦਰੀ ਅਤੇ ਇਕ ਪ੍ਰਮੁੱਖ ਪਾਦਰੀ ਨੇ ਆਪਣੀ ਸੋਨੇ ਦੀ ਸਲੀਬ ਦਾਨ 'ਚ ਦੇ ਦਿੱਤੀ। ਟੈਲੀਵਿਜ਼ਨ ਚੈਨਲਾਂ ਨੇ 'ਆਪਣਾ ਸੋਨਾ ਦੇਸ਼ ਨੂੰ ਭੇਟ ਕਰੋ' ਦੇ ਬਜ਼ਾਰੂ ਕਿਸਮ ਦੇ ਮਜਮੇ ਲਾਏ। ਇਸ ਤਰ੍ਹਾਂ ਦੋ ਹਜ਼ਾਰ ਕਵਿੰਟਲ ਸੋਨਾ ਜਮ੍ਹਾ ਹੋ ਗਿਆ ਜੋ ਸੰਸਾਰ ਪੱਧਰ ਦੀਆਂ ਕੀਮਤਾਂ ਨੂੰ ਹੇਠਾਂ ਲਿਆਉਣ ਲਈ ਕਾਫ਼ੀ ਸੀ ਪਰ ਕੋਰੀਆ ਦੇ ਸਿੱਕੇ ਦਾ ਨਿਘਾਰ ਵਧਦਾ ਹੀ ਗਿਆ।

ਜਿਵੇਂ ਮਹਾਂ ਮੰਦਵਾੜੇ ਸਮੇਂ ਵਾਪਰਿਆ ਸੀ, ਜਦੋਂ ਪਰਿਵਾਰਾਂ ਨੇ ਦੇਖਿਆ ਉਨ੍ਹਾਂ ਦੀਆਂ ਪੂਰੀ ਜ਼ਿੰਦਗੀ ਦੀਆਂ ਬੱਚਤਾਂ ਰੁੜ ਗਈਆਂ ਹਨ ਤਾਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਅਤੇ ਦਹਿ-ਹਜ਼ਾਰਾਂ ਛੋਟੇ ਕਾਰੋਬਾਰ ਬੰਦ ਹੋ ਗਏ। 1998 'ਚ ਦੱਖਣੀ ਕੋਰੀਆ ਦੀ ਖ਼ੁਦਕੁਸ਼ੀ ਦੀ ਦਰ 50 ਫ਼ੀ ਸਦੀ ਤੱਕ ਵਧ ਗਈ ਸੀ। ਇਸ ਦੀ ਮਾਰ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਉੱਪਰ ਸਭ ਤੋਂ ਜ਼ਿਆਦਾ ਸੀ। ਮੰਦਹਾਲੀ ਨਾਲ ਜੂਝਦੇ ਬਜ਼ੁਰਗ ਮਾਂ-ਬਾਪ ਬੱਚਿਆਂ ਦਾ ਆਰਥਕ ਬੋਝ ਘਟਾਉਣ ਲਈ ਆਪਣੀਆਂ ਜਾਨਾਂ ਲੈ ਰਹੇ ਸਨ। ਕੋਰੀਆ ਦੀ ਪ੍ਰੈੱਸ ਨੇ ਇਹ ਰਿਪੋਰਟ ਵੀ ਦਿੱਤੀ ਕਿ ਸਮੂਹ ਪਰਿਵਾਰ ਵਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਐਸੀਆਂ ਘਟਨਾਵਾਂ ਦੀ ਗਿਣਤੀ ਖ਼ਤਰਨਾਕ ਰੂਪ 'ਚ ਵਧ ਰਹੀ ਸੀ ਜਿਨ੍ਹਾਂ ਵਿਚ ਕਰਜੇ 'ਚ ਫਸੇ ਪਰਿਵਾਰ ਨੇ ਬਾਪ ਦੀ ਅਗਵਾਈ ਹੇਠ ਫਾਹਾ ਲੈ ਕੇ ਸਮੂਹਕ ਖ਼ੁਦਕੁਸ਼ੀਆਂ ਕੀਤੀਆਂ। ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ ਕਿਉਂਕਿ "ਪਰਿਵਾਰ ਦੇ ਮੁਖੀ ਦੀ ਮੌਤ ਨੂੰ ਹੀ ਖ਼ੁਦਕੁਸ਼ੀ ਮੰਨਿਆ ਜਾਂਦਾ ਹੈ ਅਤੇ ਬਾਕੀਆਂ ਨੂੰ ਕਤਲ ਦੇ ਖ਼ਾਤੇ 'ਚ ਪਾ ਦਿੱਤਾ ਜਾਂਦਾ ਹੈ ਇਸ ਕਰਕੇ ਖ਼ੁਦਕੁਸ਼ੀਆਂ ਦੀ ਅਸਲ ਗਿਣਤੀ ਜਾਰੀ ਕੀਤੇ ਅੰਕੜਿਆਂ ਤੋਂ ਕਿਤੇ ਵੱਧ ਹੈ।"[8]

ਏਸ਼ੀਆ ਦੇ ਸੰਕਟ ਦੀ ਵਜ੍ਹਾ ਭੈਅ ਦਾ ਉਸੇ ਤਰ੍ਹਾਂ ਦਾ ਸਿਲਸਿਲਾ ਸੀ ਜੋ ਐਸੇ ਸਮਿਆਂ 'ਚ ਅਕਸਰ ਹੁੰਦਾ ਹੈ। ਇਸ ਨੂੰ ਠੱਲ ਵੀ ਉਸੇ ਤਰ੍ਹਾਂ ਦੀ ਕਾਰਵਾਈ ਨੇ ਪਾਉਣੀ ਸੀ ਜਿਸ ਨੇ ਮੈਕਸੀਕੋ ਦੇ ਸਿੱਕੇ ਦਾ 1994 ਦੇ ਅਖੌਤੀ ਟੇਕੁਲਾ ਸੰਕਟ ਤੋਂ ਖਹਿੜਾ ਛੁਡਾਇਆ ਸੀ। ਭਾਵ ਤੁਰੰਤ, ਨਿਸ਼ਚਿਤ ਕਰਜਾ—ਮੰਡੀ ਨੂੰ ਭਰੋਸੇ ਦਾ ਸਬੂਤ ਕਿ ਅਮਰੀਕੀ ਖ਼ਜ਼ਾਨਾ ਵਿਭਾਗ ਮੈਕਸੀਕੋ ਨੂੰ ਤਬਾਹ ਨਹੀਂ ਹੋਣ ਦੇਵੇਗਾ।[9] ਏਸ਼ੀਆ ਸਬੰਧੀ ਸਮੇਂ ਸਿਰ ਐਸੀ ਕੋਈ ਕਾਰਵਾਈ ਸਾਹਮਣੇ ਨਹੀਂ ਆ ਰਹੀ ਸੀ। ਅਸਲ ਵਿਚ, ਜਦੋਂ ਸੰਕਟ ਦਾ ਹਮਲਾ ਹੋਇਆ ਤਾਂ ਵਿਤੀ ਸੰਸਥਾਵਾਂ ਦੇ ਚੰਟ ਨਿਸ਼ਾਨਚੀਆਂ ਨੇ ਅੱਗੇ ਹੋ ਕੇ ਇਕਸੁਰ 'ਚ ਕਹਿ ਦਿੱਤਾ : ਏਸ਼ੀਆ ਦੀ ਮਦਦ ਨਹੀਂ ਕਰਨੀ।

ਮਿਲਟਨ ਫਰਾਇਡਮੈਨ ਹੁਣ ਅੱਸੀ ਤੋਂ ਵੱਧ ਉਮਰ ਦਾ ਹੋ ਗਿਆ ਸੀ। ਉਸ ਨੇ ਸੀ ਐੱਨ ਐੱਨ ਉੱਪਰ ਉਚੇਚੇ ਦਰਸ਼ਨ ਦੇ ਕੇ ਨਿਊਜ਼ ਐਂਕਰ ਲਾਓ ਡੌਬਸ ਨੂੰ ਦੱਸਿਆ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੇਣ ਦੇ ਖ਼ਿਲਾਫ਼ ਹੈ। ਉਸ ਦਾ ਕਹਿਣਾ ਸੀ ਕਿ ਮੰਡੀ ਦੀ ਦਰੁਸਤੀ ਮੰਡੀ 'ਤੇ ਹੀ ਛੱਡ ਦੇਣੀ ਚਾਹੀਦੀ ਹੈ। ਉੱਘੇ ਅਰਥਸ਼ਾਸਤਰੀ ਦੇ ਦੀਵਾਨੇ ਡੌਬਸ ਨੇ ਪ੍ਰੇਸ਼ਾਨ ਹੋ ਕੇ ਕਿਹਾ, "ਠੀਕ ਹੈ, ਪ੍ਰੋਫੈਸਰ ਸਾਹਬ, ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਅਰਥ-ਵਿਗਿਆਨ ਬਾਰੇ ਇਸ ਵਿਚਾਰ-ਚਰਚਾ 'ਚ ਤੁਹਾਡੀ ਸਹਾਇਤਾ ਲੈਣ ਦਾ ਕਿੰਨਾ ਕੁ ਮਹੱਤਵ ਹੈ।" ਸਿਟੀ ਬੈਂਕ ਦੇ

ਸਾਬਕਾ ਮੁਖੀ ਅਤੇ ਫਰਾਇਡਮੈਨ ਦੇ ਪੁਰਾਣੇ ਮਿੱਤਰ ਵਾਲਟਰ ਰਿਸਤਨ ਅਤੇ ਜਾਰਜ ਸ਼ੁਲਜ਼ ਨੇ ਵੀ "ਇਨ੍ਹਾਂ ਨੂੰ ਡੁੱਬ ਜਾਣ ਦਿਓ" ਵਾਲੀ ਪੁਜ਼ੀਸ਼ਨ ਹੀ ਦੁਹਰਾਈ। ਸ਼ੁਲਜ਼ ਇਸ ਸਮੇਂ ਫਰਾਇਡਮੈਨ ਨਾਲ ਸੱਜੇਪੱਖੀ ਹੂਵਰ ਇੰਸਟੀਚਿਊਟ 'ਚ ਕੰਮ ਕਰ ਰਿਹਾ ਸੀ ਅਤੇ ਸ਼ੇਅਰਾਂ ਦੀ ਦਲਾਲੀ ਕਰਨ ਵਾਲੀ ਸੰਸਥਾ ਚਾਰਲਸ ਸਕਵੈਬ ਦੇ ਬੋਰਡ ਦਾ ਮੈਂਬਰ ਸੀ।[10]

ਵਾਲ ਸਟਰੀਟ ਦੇ ਇਕ ਪ੍ਰਮੁੱਖ ਪੂੰਜੀ-ਨਿਵੇਸ਼ ਬੈਂਕ ਮਾਰਗਨ ਸਟੈਨਲੇ ਨੇ ਸ਼ਰੇਆਮ ਇਸੇ ਵਿਚਾਰ ਨਾਲ ਸਹਿਮਤੀ ਦਿਖਾਈ। ਇਸ ਫਰਮ ਦੇ ਤੇਜ਼ੀ ਨਾਲ ਉੱਭਰ ਰਹੇ ਮੰਡੀ ਦੇ ਮਾਹਰ ਪੈਂਤੜੇਬਾਜ਼ ਜੇ. ਪੈਲੋਸਕੀ ਨੇ ਮਿਲਕਨ ਇੰਸਟੀਚਿਊਟ, ਜੋ ਪੁਰਾਣੀਆਂ ਹੁੰਡੀਆਂ ਲਈ ਮਸ਼ਹੂਰ ਹੈ, ਵਲੋਂ ਲਾਸ ਏਂਜਲਸ 'ਚ ਕਰਵਾਏ ਗਏ ਸੰਮੇਲਨ 'ਚ ਫ਼ਰਮਾਇਆ ਕਿ ਇਹ ਜ਼ਰੂਰੀ ਹੈ ਕਿ ਆਈ ਐੱਮ ਐੱਫ ਅਤੇ ਅਮਰੀਕੀ ਖ਼ਜ਼ਾਨਾ ਵਿਭਾਗ ਵਲੋਂ 1930 ਵਰਗੇ ਇਸ ਸੰਕਟ ਦੀ ਪੀੜ ਨੂੰ ਘਟਾਉਣ ਲਈ ਕੋਈ ਕਾਰਵਾਈ ਨਾ ਕੀਤੀ ਜਾਵੇ। ਪੈਲੋਸਕੀ ਦਾ ਕਹਿਣਾ ਸੀ, "ਏਸ਼ੀਆ 'ਚ ਐਸ ਵਕਤ ਸਾਨੂੰ ਵੱਧ ਮਾੜੀਆਂ ਖ਼ਬਰਾਂ ਚਾਹੀਦੀਆਂ ਹਨ। ਢਾਂਚਾ-ਢਲਾਈ ਦੇ ਅਮਲ ਦਾ ਉਤਸ਼ਾਹ ਬਣਾਈ ਰੱਖਣ ਲਈ ਮਾੜੀਆਂ ਖ਼ਬਰਾਂ ਜ਼ਰੂਰੀ ਹਨ।"[11]

ਵਾਲ ਸਟਰੀਟ ਨੇ ਕਲਿੰਟਨ ਸਰਕਾਰ ਨੂੰ ਇਸ਼ਾਰਾ ਕਰ ਦਿੱਤਾ ਸੀ। ਜਦੋਂ ਨਵੰਬਰ 1997 'ਚ ਏਸ਼ੀਆ ਪੈਸੀਫਿਕ ਆਰਥਕ ਸਹਿਯੋਗ ਦਾ ਸਿਖ਼ਰ ਸੰਮੇਲਨ ਵੈਨਕੂਵਰ ਵਿਚ ਹੋਇਆ ਤਾਂ ਤਬਾਹੀ ਨੂੰ ਚਾਰ ਮਹੀਨੇ ਹੋ ਚੁੱਕੇ ਸਨ। ਏਸ਼ੀਆਈ ਮੁਖੀ ਇਸ ਨੂੰ ਆਰਥਕ ਪਰਲੋ ਸਮਝਦੇ ਸਨ। ਪਰ ਕਲਿੰਟਨ ਨੇ ਉਨ੍ਹਾਂ ਨੂੰ ਦੋ-ਟੂਕ ਰੱਦ ਕਰਦਿਆਂ ਕਿਹਾ "ਇਹ ਤਾਂ ਐਵੇਂ ਰਾਹ ਦੀਆਂ ਨਿੱਕੀਆਂ-ਨਿੱਕੀਆਂ ਰੁਕਾਵਟਾਂ ਹਨ।"[12] ਜਿਸ ਤੋਂ ਉਹ ਨਾਰਾਜ਼ ਹੋ ਗਏ। ਸੁਨੇਹਾ ਸਪਸ਼ਟ ਸੀ : ਅਮਰੀਕੀ ਖ਼ਜ਼ਾਨਾ ਵਿਭਾਗ ਨੂੰ ਉਨ੍ਹਾਂ ਦਾ ਦੁੱਖ ਦੂਰ ਕਰਨ ਦੀ ਕੋਈ ਕਾਹਲ ਨਹੀਂ ਸੀ। ਜਿੱਥੋਂ ਤੱਕ ਆਈ ਐੱਮ ਐੱਫ ਦਾ ਸਵਾਲ ਸੀ, ਜੋ ਸੰਸਥਾ ਬਣਾਈ ਹੀ ਇਸ ਤਰ੍ਹਾਂ ਦੀ ਤਬਾਹੀ ਨੂੰ ਰੋਕਣ ਦੇ ਨਾਂ ਹੇਠ ਸੀ, ਇਸ ਨੇ ਕੁਝ ਨਾ ਕਰਨ ਦੀ ਪਹੁੰਚ ਅਪਣਾਈ ਜੋ ਰੂਸ ਦੇ ਸਮੇਂ ਤੋਂ ਹੀ ਇਸ ਦੀ ਪਛਾਣ ਬਣ ਚੁੱਕੀ ਸੀ। ਓੜਕ ਇਸ ਨੇ ਹੁੰਗਾਰਾ ਭਰਿਆ—ਪਰ ਇਸ ਨੇ ਸਥਿਰਤਾ ਲਿਆਉਣ ਲਈ ਫਟਾਫਟ, ਹੰਗਾਮੀ ਕਰਜੇ ਦੀ ਪੇਸ਼ਕਸ਼ ਨਹੀਂ ਕੀਤੀ ਜੋ ਵਿਤੀ ਸੰਕਟ ਦੀ ਮੰਗ ਸੀ। ਇਸ ਦੀ ਬਜਾਏ, ਆਈ ਐੱਮ ਐੱਫ ਨੇ ਸ਼ਿਕਾਗੋ ਸਕੂਲ ਦੀ ਸੋਚ ਨੂੰ ਅਧਾਰ ਬਣਾਇਆ ਕਿ ਏਸ਼ੀਆ ਦਾ ਸੰਕਟ ਤਾਂ ਸਗੋਂ ਵਧੀਆ ਮੌਕਾ ਹੈ ਅਤੇ ਇਸ ਨੇ ਆਪਣੀਆਂ ਸ਼ਰਤਾਂ ਤੇ ਮੰਗਾਂ ਦੀ ਸੂਚੀ ਉਨ੍ਹਾਂ ਮੂਹਰੇ ਰੱਖ ਦਿੱਤੀ।

ਨੱਬੇਵਿਆਂ ਦੇ ਸ਼ੁਰੂ 'ਚ, ਜਦੋਂ ਖੁੱਲ੍ਹੀ ਮੰਡੀ ਦੇ ਹਮਾਇਤੀ ਬਹਿਸਾਂ ਅੰਦਰ ਕਾਮਯਾਬ ਮਿਸਾਲਾਂ ਦਾ ਢੰਡੋਰਾ ਪਿੱਟ ਰਹੇ ਹੁੰਦੇ ਤਾਂ ਉਨ੍ਹਾਂ ਦਾ ਸਪਸ਼ਟ ਇਸ਼ਾਰਾ ਇਹ ਏਸ਼ੀਅਨ ਸ਼ੇਰ ਹੀ ਹੁੰਦੇ ਸਨ। ਇਹ ਮੰਨਿਆ ਜਾਂਦਾ ਸੀ ਕਿ ਇਨ੍ਹਾਂ ਚਮਤਕਾਰੀ ਅਰਥਚਾਰਿਆਂ ਦਾ ਛਡੱਪਿਆਂ 'ਚ ਵਿਕਾਸ ਹੋਣ ਦਾ ਕਾਰਨ ਇਹ ਹੈ ਕਿ ਇਨ੍ਹਾਂ ਨੇ ਬੇਲਗਾਮ ਵਿਸ਼ਵੀਕਰਨ ਲਈ ਆਪਣੀਆਂ ਸਰਹੱਦਾਂ ਚੌਪਟ ਖੋਲ੍ਹ ਦਿੱਤੀਆਂ ਸਨ। ਇਹ ਐਸਾ ਕਿੱਸਾ ਸੀ ਜਿਸ ਦਾ ਲਾਹਾ ਲਿਆ ਜਾ ਸਕਦਾ ਸੀ—ਇਹ ਸ਼ੇਰ ਸਚਮੁਚ ਤੂਫ਼ਾਨੀ ਰਫ਼ਤਾਰ ਨਾਲ ਵਿਕਾਸ ਕਰ ਰਹੇ ਸਨ—ਪਰ ਇਨ੍ਹਾਂ ਦੇ ਵਿਕਾਸ ਦਾ ਅਧਾਰ ਮੁਕਤ ਵਪਾਰ ਨੂੰ ਦਰਸਾਉਣਾ ਮਨਘੜਤ ਕਹਾਣੀ ਸੀ। ਹਾਲੇ ਤੱਕ ਵੀ, ਮਲੇਸ਼ੀਆ, ਦੱਖਣੀ ਕੋਰੀਆ ਅਤੇ ਥਾਈਲੈਂਡ ਬਹੁਤ ਜ਼ਿਆਦਾ ਸੁਰੱਖਿਆਵਾਦੀ ਨੀਤੀਆਂ 'ਤੇ ਚੱਲ ਰਹੇ ਸਨ ਜੋ ਬਦੇਸ਼ੀਆਂ ਵੱਲੋਂ ਜ਼ਮੀਨ ਦੀ ਮਾਲਕੀ ਹਾਸਲ ਕਰਨ ਅਤੇ ਕੌਮੀ ਫਰਮਾਂ ਨੂੰ ਖ਼ਰੀਦਣ ਉੱਪਰ ਰੋਕ ਲਾਉਂਦੀਆਂ ਸਨ। ਇਨ੍ਹਾਂ ਨੇ ਊਰਜਾ ਅਤੇ ਆਵਾਜਾਈ ਦੇ ਖੇਤਰਾਂ ਨੂੰ ਸਰਕਾਰੀ ਕੰਟਰੋਲ 'ਚ ਰੱਖ

ਕੇ ਰਾਜ ਦੀ ਅਹਿਮ ਭੂਮਿਕਾ ਬਰਕਰਾਰ ਰੱਖੀ ਹੋਈ ਸੀ। ਜਦੋਂ ਇਨ੍ਹਾਂ ਸ਼ੇਰਾਂ ਨੇ ਆਪਣੀਆਂ ਘਰੇਲੂ ਮੰਡੀਆਂ ਦੀ ਉਸਾਰੀ ਕੀਤੀ ਤਾਂ ਇਨ੍ਹਾਂ ਨੇ ਜਪਾਨ, ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਅਨੇਕਾਂ ਦਰਾਮਦਾਂ ਉੱਪਰ ਵੀ ਰੋਕ ਲਾਈ ਸੀ। ਬੇਸ਼ੱਕ ਇਹ ਕਾਮਯਾਬ ਆਰਥਕ ਮਿਸਾਲਾਂ ਸਨ, ਪਰ ਇਹ ਐਸੀਆਂ ਮਿਸਾਲਾਂ ਸਨ ਜੋ ਪੁਸ਼ਟੀ ਕਰਦੀਆਂ ਸਨ ਕਿ ਰਲੇ-ਮਿਲੇ ਵਿਉਂਤਬਧ ਅਰਥਚਾਰੇ ਉਨ੍ਹਾਂ ਅਰਥਚਾਰਿਆਂ ਨਾਲੋਂ ਵੱਧ ਤੇਜ਼ੀ ਨਾਲ ਅਤੇ ਸਹੀ ਤਰੀਕੇ ਨਾਲ ਵਿਕਾਸ ਕਰ ਸਕਦੇ ਹਨ ਜੋ ਵਾਸ਼ਿੰਗਟਨ ਦੀ ਜੰਗਲੀ ਪੱਛਮੀ ਆਮ ਸਹਿਮਤੀ ਅਨੁਸਾਰ ਚੱਲ ਰਹੇ ਸਨ।

ਪੱਛਮੀ ਅਤੇ ਜਪਾਨੀ ਪੂੰਜੀ-ਨਿਵੇਸ਼ ਬੈਂਕਾਂ ਅਤੇ ਬਹੁ-ਕੌਮੀ ਕੰਪਨੀਆਂ ਨੂੰ ਇਸ ਹਾਲਤ ਤੋਂ ਖ਼ੁਸ਼ੀ ਨਾ ਹੋਈ; ਏਸ਼ੀਆ ਦੀ ਖਪਤਕਾਰੀ ਮੰਡੀ 'ਚ ਹੋ ਰਹੇ ਵਿਸਫੋਟ ਉੱਪਰ ਨਜ਼ਰਾਂ ਗੱਡ ਕੇ ਉਹ ਆਪਣਾ ਮਾਲ ਵੇਚਣ ਲਈ ਇਸ ਖੇਤਰ ਤੱਕ ਪੂਰੀ ਖੁੱਲ੍ਹ-ਖੇਡ੍ਹ ਚਾਹੁੰਦੀਆਂ ਸਨ। ਉਹ ਇਨ੍ਹਾਂ ਸ਼ੇਰਾਂ ਦੀਆਂ ਆਹਲਾ ਦਰਜੇ ਦੀਆਂ ਕਾਰਪੋਰੇਸ਼ਨਾਂ ਨੂੰ ਖ਼ਰੀਦਣ ਦਾ ਹੱਕ ਵੀ ਹਥਿਆਉਣਾ ਚਾਹੁੰਦੀਆਂ ਸਨ, ਖ਼ਾਸ ਕਰਕੇ ਕੋਰੀਆ ਦੇ ਡਾਇਵੂ, ਹਾਇਨਦਾਈ, ਸੈਮਸੁੰਗ ਅਤੇ ਐੱਲ ਜੀ ਵਰਗੇ ਪ੍ਰਭਾਵਸ਼ਾਲੀ ਸਮੂਹਾਂ ਨੂੰ ਖ਼ਰੀਦਣ ਦਾ ਹੱਕ। ਨੱਬੇਵਿਆਂ ਦੇ ਅੱਧ 'ਚ ਆਈ ਐੱਮ ਐੱਫ ਅਤੇ ਨਵੀਂ ਬਣੀ ਸੰਸਾਰ ਵਪਾਰ ਸੰਸਥਾ ਦੇ ਦਬਾਅ ਹੇਠ ਏਸ਼ੀਆਈ ਸਰਕਾਰਾਂ ਨੀਤੀਆਂ ਦਾ ਫ਼ਰਕ ਦੂਰ ਕਰਨਾ ਮੰਨ ਗਈਆਂ। ਹੁਣ ਸਰਕਾਰਾਂ ਉਨ੍ਹਾਂ ਕਾਨੂੰਨਾਂ ਨੂੰ ਤਾਂ ਕਾਇਮ ਰੱਖਣਗੀਆਂ ਜੋ ਬਦੇਸ਼ੀਆਂ ਵਲੋਂ ਕੌਮੀ ਫਰਮਾਂ ਦੇ ਮਾਲਕ ਬਣਨ ਉੱਪਰ ਰੋਕ ਲਾਉਂਦੇ ਸਨ ਅਤੇ ਅਹਿਮ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਕਰਨ ਲਈ ਪਾਏ ਜਾਂਦੇ ਬਦੇਸ਼ੀ ਦਬਾਅ ਦਾ ਮੁਕਾਬਲਾ ਕਰਦੇ ਸਨ, ਪਰ ਵਿਤੀ ਖੇਤਰਾਂ ਦੀਆਂ ਰੋਕਾਂ ਹਟਾਈਆਂ ਜਾਣਗੀਆਂ ਤਾਂ ਜੋ ਕਾਗਜ਼ਾਂ 'ਚ ਪੂੰਜੀ-ਨਿਵੇਸ਼ ਅਤੇ ਸਿੱਕੇ ਦੇ ਵਪਾਰ ਦਾ ਹੜ੍ਹ ਬੇਰੋਕ-ਟੋਕ ਵਗ ਸਕੇ।

1997 'ਚ ਜਦੋਂ ਛੂ-ਮੰਤਰ ਮਾਇਆ (hot money) ਨੇ ਏਸ਼ੀਆ 'ਚ ਪੂੰਜੀ ਦੇ ਵਹਾਅ ਨੂੰ ਅਚਾਨਕ ਪੁੱਠਾ ਗੇੜਾ ਦੇ ਦਿੱਤਾ ਤਾਂ ਇਹ ਇਸ ਤਰ੍ਹਾਂ ਦੇ ਸੱਟੇਬਾਜ਼ ਪੂੰਜੀ-ਨਿਵੇਸ਼ ਦਾ ਸਿੱਧਾ ਸਿੱਟਾ ਸੀ। ਅਜਿਹੇ ਪੂੰਜੀ-ਨਿਵੇਸ਼ ਦਾ ਕਾਨੂੰਨ ਸਿਰਫ਼ ਪੱਛਮੀ ਦਬਾਅ ਹੇਠ ਹੀ ਬਣਾਇਆ ਗਿਆ ਸੀ। ਬੇਸ਼ੱਕ, ਵਾਲ ਸਟਰੀਟ ਇਸ ਨੂੰ ਇਸ ਤਰ੍ਹਾਂ ਨਹੀਂ ਦੇਖਦੀ ਸੀ। ਚੋਟੀ ਦੇ ਪੂੰਜੀ-ਨਿਵੇਸ਼ ਵਿਸ਼ਲੇਸ਼ਣਕਾਰ ਇਹ ਮੰਨ ਕੇ ਚੱਲ ਰਹੇ ਸਨ ਕਿ ਇਹ ਸੰਕਟ ਏਸ਼ੀਆ ਦੀਆਂ ਮੰਡੀਆਂ ਨੂੰ ਬਚਾਉਣ ਵਾਲੀਆਂ ਬਾਕੀ ਰੋਕਾਂ ਨੂੰ ਹਮੇਸ਼ਾ ਲਈ ਹਟਾਉਣ ਦਾ ਵਧੀਆ ਮੌਕਾ ਹੈ। ਮਾਰਗਨ ਸਟੈਨਲੇ ਦਾ ਯੁੱਧਨੀਤੀ ਘਾੜਾ ਪੈਲੋਸਕੀ ਇਸ ਦਲੀਲ ਦੀ ਖ਼ਾਸ ਪੈਰਵਾਈ ਕਰਦਾ ਸੀ : ਜੇ ਸੰਕਟ ਨੂੰ ਹੋਰ ਵਿਗੜ ਜਾਣ ਦਿੱਤਾ ਜਾਵੇ ਤਾਂ ਇਸ ਖੇਤਰ ਵਿਚੋਂ ਸਮੁੱਚਾ ਬਦੇਸ਼ੀ ਸਿੱਕਾ ਕੱਢ ਲਿਆ ਜਾਵੇਗਾ। ਫੇਰ ਏਸ਼ੀਆ ਦੀ ਮਾਲਕੀ ਵਾਲੀਆਂ ਕੰਪਨੀਆਂ ਜਾਂ ਤਾਂ ਬੰਦ ਕਰਨੀਆਂ ਪੈਣਗੀਆਂ ਜਾਂ ਪੱਛਮੀ ਫਰਮਾਂ ਨੂੰ ਵੇਚਣੀਆਂ ਪੈਣਗੀਆਂ। ਮਾਰਗਨ ਸਟੈਨਲੇ ਲਈ ਦੋਹਾਂ ਹੱਥਾਂ 'ਚ ਲੱਡੂ ਹੋਣਗੇ। "ਮੈਂ ਤਾਂ ਇਹ ਹੋਇਆ ਦੇਖਣਾ ਚਾਹੁੰਦਾ ਹਾਂ ਕਿ ਕੰਪਨੀਆਂ ਬੰਦ ਹੋ ਜਾਣ ਅਤੇ ਇਨ੍ਹਾਂ ਦੀਆਂ ਜਾਇਦਾਦਾਂ ਵਿਕ ਜਾਣ.....। ਜਾਇਦਾਦਾਂ ਵੇਚਣਾ ਬਹੁਤ ਔਖਾ ਕੰਮ ਹੁੰਦਾ ਹੈ; ਮਾਲਕ ਓਦੋਂ ਤੱਕ ਵੇਚਣ ਲਈ ਨਹੀਂ ਮੰਨਦੇ ਜਦੋਂ ਤੱਕ ਉਨ੍ਹਾਂ ਨੂੰ ਮਜਬੂਰ ਨਹੀਂ ਕਰ ਦਿੱਤਾ ਜਾਂਦਾ। ਇਨ੍ਹਾਂ ਕਾਰਪੋਰੇਸ਼ਨਾਂ ਉੱਪਰ ਆਪਣੀਆਂ ਕੰਪਨੀਆਂ ਵੇਚਣ ਲਈ ਦਬਾਅ ਪਾਉਣ ਵਾਸਤੇ ਸਾਡੀ ਜ਼ਰੂਰਤ ਇਹ ਹੈ ਕਿ ਹੋਰ ਮਾੜੀਆਂ ਖ਼ਬਰਾਂ ਆਉਂਦੀਆਂ ਰਹਿਣ।"[13]

ਕੁਝ ਤਾਂ ਏਸ਼ੀਆ ਦੇ ਆਰਥਕ ਪਤਨ ਨੂੰ ਹੋਰ ਵੀ ਮਹੱਤਵਪੂਰਨ ਸਮਝਦੇ ਸਨ। ਪਿਨੋਚੇ ਦਾ ਚਹੇਤਾ ਮੰਤਰੀ ਜੋਸ ਪਿਨੇਰਾ, ਇਸ ਸਮੇਂ ਵਾਸ਼ਿੰਗਟਨ ਡੀ ਸੀ ਦੀ ਕੈਟੋ ਸੰਸਥਾ 'ਚ ਕੰਮ ਕਰ ਰਿਹਾ

ਸੀ; ਉਸ ਕੋਲੋਂ ਸੰਕਟ ਦੀ ਖੁਸ਼ੀ ਛੁਪਾਈ ਨਹੀਂ ਗਈ, ਉਸ ਨੇ ਇਸ ਦਾ ਸਵਾਗਤ ਕਰਦਿਆਂ ਐਲਾਨ ਕੀਤਾ ਕਿ "ਕਿਆਮਤ ਦਾ ਦਿਨ ਆਣ ਢੁੱਕਿਆ ਹੈ।" ਪਿਨੇਰਾ ਦੀਆਂ ਨਜ਼ਰਾਂ 'ਚ ਇਹ ਸੰਕਟ ਉਸ ਜੰਗ ਦਾ ਸਭ ਤੋਂ ਆਖ਼ਰੀ ਕਾਂਡ ਸੀ ਜੋ ਉਸ ਅਤੇ ਉਸ ਦੇ ਜੋਟੀਦਾਰ ਸ਼ਿਕਾਗੋ ਵਾਲੇ ਮੁੰਡਿਆਂ ਨੇ ਸੱਤਰਵਿਆਂ 'ਚ ਚਿੱਲੀ ਵਿਚ ਸ਼ੁਰੂ ਕੀਤੀ ਸੀ। ਉਸ ਨੇ ਆਖਿਆ ਕਿ ਏਸ਼ੀਅਨ ਸ਼ੇਰਾਂ ਦਾ ਪਤਨ "ਬਰਲਿਨ ਦੀ ਦੂਜੀ ਦੀਵਾਰ ਢਹਿ-ਢੇਰੀ ਹੋਣ" ਤੋਂ ਕਿਵੇਂ ਵੀ ਘੱਟ ਨਹੀਂ ਹੈ। ਇਹ "ਇਸ ਵਿਚਾਰ" ਦੇ ਖ਼ਾਤਮੇ ਤੋਂ ਘੱਟ ਨਹੀਂ ਹੈ ਕਿ "ਖੁੱਲ੍ਹੀ ਮੰਡੀ ਵਾਲੀ ਜਮਹੂਰੀ ਸਰਮਾਏਦਾਰੀ ਅਤੇ ਸਮਾਜਵਾਦੀ ਰਾਜ-ਨਿਯੰਤਰਣਵਾਦ ਦੇ ਵਿਚਾਲੇ ਇਕ 'ਤੀਜਾ ਰਾਹ' ਵੀ ਹੈ।"[14]

ਪਿਨੇਰਾ ਦੀ ਇਹ ਭਵਿੱਖੀ ਸੋਚ ਸੁੱਟ ਪਾਉਣ ਵਾਲੀ ਨਹੀਂ ਸੀ। ਅਮਰੀਕੀ ਫੈਡਰਲ ਰਿਜ਼ਰਵ ਦੇ ਪ੍ਰਧਾਨ ਐਲਨ ਗਰੀਨਸਪੈਨ ਦੇ ਸ਼ਰੇਆਮ ਇਹੀ ਵਿਚਾਰ ਸਨ ਜੋ ਸ਼ਾਇਦ ਦੁਨੀਆਂ ਦਾ ਇਕੋ ਇਕ ਸਭ ਤੋਂ ਤਾਕਤਵਰ ਆਰਥਕ ਨੀਤੀ ਘਾੜਾ ਹੈ। ਗਰੀਨਸਪੈਨ ਨੇ ਇਸ ਨੂੰ "ਸਾਡੇ ਦੇਸ਼ ਵਰਗੀ ਮੰਡੀ ਵਿਵਸਥਾ ਬਾਰੇ ਆਮ ਸਹਿਮਤੀ ਦੀ ਦਿਸ਼ਾ 'ਚ ਇਕ ਬਹੁਤ ਹੀ ਨਾਟਕੀ ਘਟਨਾ" ਬਿਆਨ ਕੀਤਾ। ਉਸ ਨੇ ਇਹ ਵੀ ਟਿੱਪਣੀ ਕੀਤੀ ਕਿ "ਮੌਜੂਦਾ ਸੰਕਟ ਦੀ ਜ਼ਿਆਦਾ ਸੰਭਾਵਨਾ ਇਹੀ ਹੈ ਕਿ ਇਹ ਕਈ ਏਸ਼ੀਆਈ ਦੇਸ਼ਾਂ ਦੇ ਸਰਕਾਰੀ ਨਿਰਦੇਸ਼ਨਾ ਹੇਠ ਪੂੰਜੀ-ਨਿਵੇਸ਼ ਦੇ ਪ੍ਰਬੰਧ ਦੀ ਰਹਿੰਦ-ਖੂੰਹਦ ਦੇ ਖ਼ਾਤਮੇ ਦੇ ਅਮਲ ਨੂੰ ਤੇਜ਼ ਕਰੇਗਾ।"[15] ਦੂਜੇ ਲਫ਼ਜ਼ਾਂ 'ਚ, ਏਸ਼ੀਆ ਦੀ ਰਾਜਕੀ ਕੰਟਰੋਲ ਵਾਲੀ ਆਰਥਿਕਤਾ ਦੀ ਤਬਾਹੀ ਅਸਲ ਵਿਚ ਅਮਰੀਕੀ ਤਰਜ਼ ਦੀ ਨਵੀਂ ਆਰਥਿਕਤਾ ਸਿਰਜਣ ਦਾ ਅਮਲ ਸੀ—ਜੇ ਉਹ ਫ਼ਿਕਰਾ ਵਰਤਿਆ ਜਾਵੇ ਜੋ ਕੁਝ ਸਾਲ ਬਾਅਦ ਹੋਰ ਵੀ ਵੱਧ ਹਿੰਸਕ ਮਾਹੌਲ 'ਚ ਇਸਤੇਮਾਲ ਕੀਤਾ ਜਾਵੇਗਾ ਤਾਂ ਇਹ ਨਵੇਂ ਏਸ਼ੀਆ ਦੀਆਂ ਜੰਮਣ-ਪੀੜਾਂ ਸਨ।

ਮਿਸ਼ੇਲ ਕੈਮਦੇਸੁਸ, ਜੋ ਆਈ ਐੱਮ ਐੱਫ ਦੇ ਮੁਖੀ ਵਜੋਂ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਮੁਦਰਾ ਨੀਤੀ ਘਾੜਾ ਸੀ, ਨੇ ਵੀ ਇਸੇ ਤਰ੍ਹਾਂ ਦੇ ਖ਼ਿਆਲ ਪ੍ਰਗਟਾਏ। ਇਕ ਵਿਸ਼ੇਸ਼ ਗੱਲਬਾਤ 'ਚ, ਉਸ ਨੇ ਸੰਕਟ ਬਾਰੇ ਕਿਹਾ ਕਿ ਇਹ ਏਸ਼ੀਆ ਲਈ ਆਪਣਾ ਪੁਰਾਣਾ ਜਾਮਾ ਵਗਾਹ ਮਾਰ ਕੇ ਪੁਨਰ ਜਨਮ ਲੈਣ ਦਾ ਮੌਕਾ ਹੈ। ਉਸ ਦਾ ਕਹਿਣਾ ਸੀ, "ਆਰਥਕ ਮਾਡਲ ਸਦੀਵੀ ਨਹੀਂ ਹੁੰਦੇ। ਕਿਸੇ ਵਕਤ ਇਹ ਫ਼ਾਇਦੇਮੰਦ ਹੁੰਦੇ ਹਨ ਅਤੇ ਹੋਰ ਸਮਿਆਂ 'ਚ... ਜਦੋਂ ਇਹ ਵੇਲਾ ਵਿਹਾ ਜਾਂਦੇ ਹਨ ਤਾਂ ਜ਼ਰੂਰ ਹੀ ਤਿਆਗ ਦੇਣੇ ਚਾਹੀਦੇ ਹਨ।"[16] ਜਿਸ ਅਫ਼ਵਾਹ ਨੇ ਮਨਘੜਤ ਚੀਜ਼ ਨੂੰ ਹਕੀਕਤ ਬਣਾ ਦਿੱਤਾ ਸੀ ਉਸ ਦੇ ਪੈਦਾ ਕੀਤੇ ਸੰਕਟ ਨੇ ਸਪਸ਼ਟ ਤੌਰ 'ਤੇ ਅਜਿਹਾ ਸਮਾਂ ਮੁਹੱਈਆ ਕਰ ਦਿੱਤਾ।

ਜਦੋਂ ਸੰਕਟ ਦੀ ਹਾਲਤ ਹੋਰ ਵਿਗੜ ਰਹੀ ਸੀ ਤਾਂ ਆਈ ਐੱਮ ਐੱਫ ਮਹੀਨਿਆਂ ਬੱਧੀ ਹੱਥ ਉੱਤੇ ਹੱਥ ਧਰ ਕੇ ਬੈਠਾ ਰਿਹਾ ਸੀ। ਇਹ ਇਸ ਤਾਕ 'ਚ ਸੀ ਕਿ ਐਸਾ ਮੌਕਾ ਖੁੰਝ ਨਾ ਜਾਵੇ। ਇਸ ਨੇ ਹੁਣ ਏਸ਼ੀਆ ਦੀਆਂ ਬੀਮਾਰ ਸਰਕਾਰਾਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਮੁਕਾਬਲਤਨ ਥੋੜ੍ਹਾ ਕਰਜਾਈ ਹੋਣ ਕਾਰਨ ਮਲੇਸ਼ੀਆ ਹੀ ਇਕੋ ਇਕ ਅਜਿਹਾ ਦੇਸ਼ ਸੀ ਜਿਸ ਨੇ ਇਸ ਸਮੇਂ ਦੌਰਾਨ ਕੋਸ਼ ਦਾ ਡੱਟ ਕੇ ਵਿਰੋਧ ਕੀਤਾ। ਮਲੇਸ਼ੀਆ ਦੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਕਿਹਾ ਕਿ ਉਹ ਇਸ ਤਰ੍ਹਾਂ ਨਹੀਂ ਸੋਚਦਾ ਕਿ "ਆਰਥਿਕਤਾ ਨੂੰ ਤਬਾਹ ਕਰ ਦਿੱਤਾ ਜਾਵੇ ਤਾਂ ਇਹ ਬਿਹਤਰ ਬਣ ਜਾਵੇਗੀ।" ਉਸ ਵਕਤ ਉਸ ਉੱਪਰ ਖੱਬੇਪੱਖੀ ਜਨੂੰਨ ਦਾ ਠੱਪਾ ਲਾਉਣ ਲਈ ਇੰਨਾ ਹੀ ਕਾਫ਼ੀ ਸੀ।[17] ਸੰਕਟ ਦੇ ਝੰਬੇ ਏਸ਼ੀਆ ਦੇ ਬਾਕੀ ਅਰਥਚਾਰੇ ਬਦੇਸ਼ੀ ਸਿੱਕੇ ਲਈ ਐਨੇ ਬੇਤਾਬ ਸਨ ਕਿ ਉਨ੍ਹਾਂ ਨੇ ਆਈ ਐੱਮ ਐੱਫ ਤੋਂ ਦਹਿ-ਅਰਬਾਂ ਡਾਲਰ ਦੇ

ਕਰਜਿਆਂ ਦੀ ਸੰਭਾਵਨਾ ਨੂੰ ਨਾਂਹ ਨਹੀਂ ਕੀਤੀ। ਥਾਈਲੈਂਡ, ਫਿਲਪਾਈਨ, ਇੰਡੋਨੇਸ਼ੀਆ ਅਤੇ ਦੱਖਣੀ ਕੋਰੀਆ ਸਾਰੇ ਹੀ ਮੇਜ਼ 'ਤੇ ਆ ਜੁੜੇ। ਆਈ ਐੱਮ ਐੱਫ ਵਲੋਂ ਗੱਲਬਾਤ ਦੇ ਮੁਖੀ ਸਟੈਨਲੇ ਫਿਸਚਰ ਨੇ ਫਰਮਾਇਆ, "ਤੁਸੀਂ ਕਿਸੇ ਦੇਸ਼ ਨੂੰ ਸਹਾਇਤਾ ਮੰਗਣ ਲਈ ਮਜਬੂਰ ਨਹੀਂ ਕਰ ਸਕਦੇ। ਉਸ ਨੇ ਸਹਾਇਤਾ ਆਪ ਮੰਗਣੀ ਹੁੰਦੀ ਹੈ। ਪਰ ਜਦੋਂ ਇਸ ਦੇ ਪੱਲੇ ਕੱਖ ਨਹੀਂ ਹੁੰਦਾ ਤਾਂ ਇਸ ਕੋਲ ਪਹੁੰਚ ਕਰਨ ਲਈ ਬਹੁਤੀਆਂ ਥਾਵਾਂ ਵੀ ਨਹੀਂ ਹੁੰਦੀਆਂ।"[18]

ਫਿਸਚਰ ਰੂਸ ਵਿਚ ਸਦਮਾ ਇਲਾਜ ਲਾਗੂ ਕਰਨ ਦਾ ਸਭ ਤੋਂ ਮੂੰਹਫਟ ਹਮਾਇਤੀ ਰਿਹਾ ਸੀ। ਉੱਥੇ ਮਨੁੱਖੀ ਤਬਾਹੀ ਦੀ ਐਨੀ ਵੱਡੀ ਕੀਮਤ ਚੁਕਾਏ ਜਾਣ ਦੇ ਬਾਵਜੂਦ, ਏਸ਼ੀਆ ਵਿਚ ਵੀ ਉਸ ਦਾ ਰਵੱਈਆ ਉਸੇ ਤਰ੍ਹਾਂ ਦਾ ਜ਼ਿੱਦੀ ਸੀ। ਕਈ ਸਰਕਾਰਾਂ ਦਾ ਵਿਚਾਰ ਸੀ ਕਿ ਕਿਉਂਕਿ ਸੰਕਟ ਦਾ ਕਾਰਨ ਉਨ੍ਹਾਂ ਦੇ ਦੇਸ਼ਾਂ 'ਚ ਸਰਮਾਏ ਨੂੰ ਦਿੱਤੀ ਗਈ ਖੁੱਲ੍ਹ-ਖੇਡ੍ਹ ਹੈ ਅਤੇ ਇਹ ਮੌਜ ਨਾਲ ਹੀ ਉਡਾਰੀ ਮਾਰ ਜਾਂਦਾ ਹੈ ਅਤੇ ਕਿਉਂਕਿ ਇਸ ਅਮਲ ਦੀ ਰਫ਼ਤਾਰ ਘਟਾਉਣ ਦਾ ਕੋਈ ਇੰਤਜ਼ਾਮ ਨਹੀਂ ਹੈ, ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਦੁਬਾਰਾ ਫੇਰ ਕੁਝ ਰੋਕਾਂ—ਭਿਆਨਕ "ਪੂੰਜੀ ਕੰਟਰੋਲ"—ਲਗਾਉਣੀਆਂ ਹੋਣਗੀਆਂ। ਚੀਨ ਨੇ (ਇਸ ਬਾਰੇ ਫਰਾਇਡਮੈਨ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਕੇ) ਰੋਕਾਂ ਬਰਕਰਾਰ ਰੱਖੀਆਂ ਅਤੇ ਇਹੀ ਇਸ ਖੇਤਰ ਦਾ ਇਕੋ ਇਕ ਐਸਾ ਦੇਸ਼ ਸੀ ਜਿਸ ਦਾ ਸੰਕਟ ਨੇ ਉਜਾੜਾ ਨਹੀਂ ਕੀਤਾ ਸੀ। ਅਤੇ ਮਲੇਸ਼ੀਆ ਨੇ ਦੁਬਾਰਾ ਕੰਟਰੋਲ ਲਾਗੂ ਕਰ ਦਿੱਤੇ ਸਨ ਅਤੇ ਇਹ ਕਾਰਗਰ ਜਾਪ ਰਹੇ ਸਨ।

ਫਿਸਚਰ ਅਤੇ ਆਈ ਐੱਮ ਐੱਫ ਦੀ ਬਾਕੀ ਟੀਮ ਨੇ ਜਾਣ-ਬੁੱਝ ਕੇ ਮੌਕਾ ਲੰਘ ਜਾਣ ਦਿੱਤਾ।[19] ਆਈ ਐੱਮ ਐੱਫ ਨੇ ਸੰਕਟ ਦੀ ਅਸਲ ਵਜ੍ਹਾ ਪ੍ਰਤੀ ਕੋਈ ਰੁਚੀ ਨਾ ਦਿਖਾਈ। ਇਸ ਦੀ ਥਾਂ, ਜਿਵੇਂ ਜੇਲ੍ਹ ਦਾ ਤਫ਼ਤੀਸ਼ੀ ਅਧਿਕਾਰੀ ਕਮਜ਼ੋਰੀਆਂ ਭਾਲਦਾ ਹੈ, ਕੋਸ਼ ਨੇ ਇਸ ਪਾਸੇ ਉਚੇਚਾ ਧਿਆਨ ਦਿੱਤਾ ਕਿ ਸੰਕਟ ਨੂੰ ਆਪਣੀ ਮੰਤਵ ਸਿਧੀ ਲਈ ਕਿਵੇਂ ਵਰਤਿਆ ਜਾ ਸਕਦਾ ਹੈ। ਆਰਥਕ ਗਿਰਾਵਟ ਨੇ ਮਜ਼ਬੂਤ ਇਰਾਦੇ ਵਾਲੇ ਦੇਸ਼ਾਂ ਨੂੰ ਵੀ ਰਹਿਮ ਦੀ ਭੀਖ ਮੰਗਣ ਲਈ ਮਜਬੂਰ ਕਰ ਦਿੱਤਾ ਸੀ। ਆਈ ਐੱਮ ਐੱਫ ਦੇ ਸੰਚਾਲਕ ਸ਼ਿਕਾਗੋ ਸਕੂਲ ਵਾਲੇ ਅਰਥਸ਼ਾਸਤਰੀਆਂ ਲਈ ਇਸ ਮੌਕੇ ਦਾ ਫ਼ਾਇਦਾ ਨਾ ਉਠਾ ਸਕਣਾ ਪੇਸ਼ੇਵਰ ਕੋਤਾਹੀ ਦੇ ਬਰਾਬਰ ਸੀ।

ਏਸ਼ੀਅਨ ਸ਼ੇਰਾਂ ਦੇ ਖ਼ਜ਼ਾਨੇ ਖਾਲੀ ਹੋਣ ਕਰਕੇ ਇਹ ਬੁਰੀ ਤਰ੍ਹਾਂ ਟੁੱਟ ਚੁੱਕੇ ਸਨ। ਆਈ ਐੱਮ ਐੱਫ ਇਹੀ ਚਾਹੁੰਦਾ ਸੀ; ਹੁਣ ਉਨ੍ਹਾਂ ਦੀ ਮੁੜ-ਉਸਾਰੀ ਕੀਤੀ ਜਾ ਸਕਦੀ ਸੀ। ਇਸ ਅਮਲ ਦਾ ਪਹਿਲਾ ਪੜਾਅ ਸੀ ਇਨ੍ਹਾਂ ਦੇਸ਼ਾਂ 'ਚ "ਵਪਾਰ ਅਤੇ ਪੂੰਜੀ-ਨਿਵੇਸ਼ ਨਾਲ ਸਬੰਧਤ ਸੁਰੱਖਿਆਵਾਦ ਅਤੇ ਰਾਜ ਦੀ ਸਰਗਰਮ ਦਖ਼ਲ-ਅੰਦਾਜ਼ੀ" ਨੂੰ ਖ਼ਤਮ ਕਰਨਾ ਜੋ, ਜਿਵੇਂ ਰਾਜਨੀਤੀ ਵਿਗਿਆਨੀ ਵਾਲਦਨ ਬੈਲੋ ਨੇ ਕਿਹਾ ਸੀ, " 'ਏਸ਼ੀਆਈ ਚਮਤਕਾਰ' ਦਾ ਅਹਿਮ ਤੱਤ ਸੀ।"[20] ਆਈ ਐੱਮ ਐੱਫ ਨੇ ਇਹ ਵੀ ਮੰਗ ਕੀਤੀ ਕਿ ਇਹ ਸਰਕਾਰਾਂ ਬਜਟ 'ਚ ਭਾਰੀ ਕਟੌਤੀਆਂ ਕਰਨ। ਜਿਨ੍ਹਾਂ ਦੇਸ਼ਾਂ 'ਚ ਲੋਕ ਪਹਿਲਾਂ ਹੀ ਚੋਖੀ ਗਿਣਤੀ 'ਚ ਖ਼ੁਦਕੁਸ਼ੀਆਂ ਕਰ ਰਹੇ ਸਨ ਉੱਥੇ ਇਸ ਕਦਮ ਦੇ ਸਿੱਟੇ ਵਜੋਂ ਜਨਤਕ ਖੇਤਰ ਦੇ ਕਾਮਿਆਂ ਦੀ ਵਿਆਪਕ ਪੱਧਰ 'ਤੇ ਛਾਂਟੀ ਕੀਤੀ ਜਾਣੀ ਸੀ। ਫਿਸਚਰ ਨੇ ਬਾਅਦ 'ਚ ਇਹ ਤੱਥ ਸਵੀਕਾਰ ਕੀਤਾ ਕਿ ਆਈ ਐੱਮ ਐੱਫ ਦਾ ਆਪਣਾ ਨਿਰਣਾ ਇਹ ਸੀ ਕਿ ਕੋਰੀਆ ਅਤੇ ਇੰਡੋਨੇਸ਼ੀਆ ਵਿਚ ਸੰਕਟ ਦਾ ਸਰਕਾਰ ਦੇ ਵਾਧੂ ਖ਼ਰਚ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਫੇਰ ਵੀ, ਉਸ ਨੇ ਸੰਕਟ ਦੇ ਇਸ ਮੌਕੇ ਦੀ ਵਰਤੋਂ ਆਪਣੇ ਮੰਤਵ ਦੀ ਪੂਰਤੀ ਲਈ ਬੇਕਿਰਕ ਹੋ ਕੇ ਕੀਤੀ ਤਾਂ ਜੋ ਇਸ ਦੁਖਦਾਈ ਪਰਉਪਕਾਰ ਨੂੰ ਧੱਕੇ ਨਾਲ ਲਾਗੂ ਕਰਾਇਆ ਜਾ ਸਕੇ। ਜਿਵੇਂ *ਨਿਊ ਯਾਰਕ ਟਾਈਮਜ਼* ਦੇ ਇਕ ਪੱਤਰਕਾਰ ਨੇ ਲਿਖਿਆ ਸੀ, ਆਈ ਐੱਮ ਐੱਫ

ਦੀਆਂ ਕਾਰਵਾਈਆਂ "ਦਿਲ ਦੇ ਸਰਜਨ ਦੀ ਚੀਰਫਾੜ ਵਾਂਗ ਹਨ ਜੋ ਓਪਰੇਸ਼ਨ ਦੇ ਅੱਧ ਵਿਚਕਾਰ ਫੇਫੜਿਆਂ ਅਤੇ ਗੁਰਦਿਆਂ ਉੱਪਰ ਕੁਝ ਕੰਮ ਕਰਨ ਦਾ ਫ਼ੈਸਲਾ ਲੈਂਦਾ ਹੈ।"•[21]

ਆਈ ਐੱਮ ਐੱਫ ਨੇ ਏਸ਼ੀਅਨ ਸ਼ੇਰਾਂ ਦਾ ਪੁਰਾਣੀਆਂ ਆਦਤਾਂ ਅਤੇ ਤੌਰ-ਤਰੀਕਿਆਂ ਤੋਂ ਖਹਿੜਾ ਛੁਡਾ ਦਿੱਤਾ ਸੀ। ਹੁਣ ਉਹ ਸ਼ਿਕਾਗੋ ਤਰਜ਼ 'ਤੇ ਨਵੇਂ ਸਿਰਿਓਂ ਜਨਮ ਲੈਣ ਲਈ ਤਿਆਰ ਸਨ : ਭਾਵ ਬੁਨਿਆਦੀ ਸੇਵਾਵਾਂ ਦਾ ਨਿੱਜੀਕਰਨ, ਕੇਂਦਰੀ ਬੈਂਕਾਂ ਨੂੰ ਆਜ਼ਾਦ ਕਰ ਦੇਣ, ਮਿਹਨਤ ਸ਼ਕਤੀ ਨੂੰ "ਲਚਕੀਲਾ ਬਣਾਉਣ," ਸਮਾਜਿਕ ਖ਼ਰਚੇ ਘਟਾਉਣ ਅਤੇ ਨਿਰਸੰਦੇਹ ਵਪਾਰਕ ਰੋਕਾਂ ਪੂਰੀ ਤਰ੍ਹਾਂ ਹਟਾ ਦੇਣ ਲਈ ਤਿਆਰ। ਨਵੇਂ ਸਮਝੌਤਿਆਂ ਅਨੁਸਾਰ, ਥਾਈਲੈਂਡ ਆਪਣੀਆਂ ਬੈਂਕਾਂ 'ਚ ਹੁਣ ਬਦੇਸ਼ੀਆਂ ਨੂੰ ਭਾਰੀ ਕਾਰੋਬਾਰਾਂ ਦੇ ਮਾਲਕ ਬਣਨ ਦੇਣ ਦੀ ਇਜਾਜ਼ਤ ਦੇਵੇਗਾ, ਇੰਡੋਨੇਸ਼ੀਆ ਖ਼ੁਰਾਕੀ ਸਬਸਿਡੀਆਂ 'ਚ ਕਟੌਤੀ ਕਰੇਗਾ ਅਤੇ ਕੋਰੀਆ ਵਿਆਪਕ ਲੇ-ਆਫ ਤੋਂ ਮਜ਼ਦੂਰਾਂ ਦੀ ਸੁਰੱਖਿਆ ਕਰਨ ਵਾਲੇ ਕਾਨੂੰਨ ਖ਼ਤਮ ਕਰੇਗਾ।[22] ਆਈ ਐੱਮ ਐੱਫ ਨੇ ਤਾਂ ਕੋਰੀਆ ਵਿਚ ਸਖ਼ਤੀ ਨਾਲ ਲੇ-ਆਫ ਦੇ ਟੀਚੇ ਵੀ ਤੈਅ ਕਰ ਦਿੱਤੇ : ਕਰਜਾ ਲੈਣ ਖ਼ਾਤਰ ਇਸ ਦੇਸ਼ ਨੂੰ ਆਪਣੇ ਬੈਂਕਿੰਗ ਖੇਤਰ ਦੇ 50 ਫ਼ੀ ਸਦੀ ਸਟਾਫ਼ (ਬਾਅਦ 'ਚ ਇਸ ਨੂੰ ਘਟਾ ਕੇ 30 ਫ਼ੀ ਸਦੀ ਕੀਤਾ ਗਿਆ) ਨੂੰ ਹਟਾਉਣਾ ਜ਼ਰੂਰੀ ਹੈ।[23] ਅਨੇਕਾਂ ਪੱਛਮੀ ਬਹੁ-ਕੌਮੀ ਕੰਪਨੀਆਂ ਲਈ ਇਸ ਤਰ੍ਹਾਂ ਦੀ ਮੰਗ ਬਹੁਤ ਅਹਿਮ ਸੀ ਜੋ ਇਹ ਯਕੀਨੀ ਬਣਾਉਣਾ ਚਾਹੁੰਦੀਆਂ ਸਨ ਕਿ ਜਿਨ੍ਹਾਂ ਏਸ਼ੀਆਈ ਕੰਪਨੀਆਂ ਨੂੰ ਉਨ੍ਹਾਂ ਨੇ ਖ਼ਰੀਦਣਾ ਹੈ ਉਨ੍ਹਾਂ ਦੀ ਮਿਹਨਤ ਸ਼ਕਤੀ ਦਾ ਅਕਾਰ ਬਹੁਤ ਛੋਟਾ ਕਰ ਦਿੱਤਾ ਜਾਵੇ। ਪਿਨੇਰਾ ਦੀ ਦੱਸੀ "ਬਰਲਿਨ ਦੀ ਦੀਵਾਰ" ਢਹਿ ਰਹੀ ਸੀ।

ਇਕ ਸਾਲ ਪਹਿਲਾਂ ਜਦੋਂ ਦੱਖਣੀ ਕੋਰੀਆ ਦੀਆਂ ਟਰੇਡ ਯੂਨੀਅਨਾਂ ਦਾ ਖਾੜਕੂ ਰੌਅ ਸਿਖ਼ਰਾਂ 'ਤੇ ਸੀ ਓਦੋਂ ਅਜਿਹੇ ਕਦਮ ਸੋਚੇ ਵੀ ਨਹੀਂ ਸੀ ਜਾ ਸਕਦੇ। ਉਨ੍ਹਾਂ ਨੇ ਇਕ ਸਮੇਂ ਨਵੇਂ ਕਿਰਤ ਕਾਨੂੰਨ ਦਾ ਸਵਾਗਤ ਦੱਖਣੀ ਕੋਰੀਆ ਦੇ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਖਾੜਕੂ ਹੜਤਾਲਾਂ ਰਾਹੀਂ ਕੀਤਾ ਸੀ। ਇਹ ਕਾਨੂੰਨ ਨੌਕਰੀ ਦੀ ਸੁਰੱਖਿਆ ਨੂੰ ਖ਼ੋਰਾ ਲਾਉਂਦਾ ਸੀ। ਪਰ ਸੰਕਟ ਨੇ ਖੇਡ੍ਹ ਦੇ ਅਸੂਲ ਹੀ ਬਦਲ ਦਿੱਤੇ। ਆਰਥਕ ਗਿਰਾਵਟ ਐਨੀ ਜ਼ਬਰਦਸਤ ਸੀ ਕਿ ਇਸ ਨੇ ਸਰਕਾਰਾਂ ਨੂੰ ਆਰਜ਼ੀ ਤੌਰ 'ਤੇ ਤਾਨਾਸ਼ਾਹ ਰਾਜ ਐਲਾਨ ਕਰ ਦੇਣ ਦਾ ਲਾਇਸੈਂਸ ਦੇ ਦਿੱਤਾ (ਜਿਵੇਂ ਇਹੋ ਜਹੇ ਸੰਕਟਾਂ ਸਮੇਂ ਬੋਲੀਵੀਆ ਤੋਂ ਲੈ ਕੇ ਰੂਸ ਤੱਕ ਵਾਪਰਿਆ ਸੀ); ਆਰਜ਼ੀ ਤਾਨਾਸ਼ਾਹੀ ਲੰਮਾ ਸਮਾਂ ਨਾ ਰਹੀ—ਆਈ ਐੱਮ ਐੱਫ ਦੇ ਫ਼ਰਮਾਨ ਥੋਪਣ ਲਈ ਇਹੀ ਕਾਫ਼ੀ ਨਹੀਂ ਸੀ।

ਮਿਸਾਲ ਵਜੋਂ ਥਾਈਲੈਂਡ ਦਾ ਸਦਮਾ ਇਲਾਜ ਪੈਕੇਜ ਕੌਮੀ ਅਸੰਬਲੀ ਅੰਦਰ ਬਹਿਸ-

• ਆਈ ਐੱਮ ਐੱਫ ਨੂੰ ਅਕਸਰ ਹੀ ਅਮਰੀਕੀ ਖ਼ਜ਼ਾਨਾ ਵਿਭਾਗ ਦਾ ਹੱਥਠੋਕਾ ਮੰਨਿਆ ਜਾਂਦਾ ਹੈ। ਅਸਲ ਵਿਚ, ਇਹ ਤੰਦਾਂ ਐਨੀਆਂ ਸਾਫ਼ ਸਪਸ਼ਟ ਸ਼ਾਇਦ ਹੀ ਕਦੇ ਦਿਖਾਈ ਦਿੱਤੀਆਂ ਹੋਣ ਜਿੰਨੀਆਂ ਇਨ੍ਹਾਂ ਵਾਰਤਾਵਾਂ ਦੌਰਾਨ। ਅੰਤਮ ਸਮਝੌਤਿਆਂ 'ਚ ਅਮਰੀਕੀ ਫਰਮਾਂ ਦੇ ਹਿੱਤ ਯਕੀਨੀ ਬਣਾਉਣ ਲਈ, ਅਮਰੀਕੀ ਖ਼ਜ਼ਾਨਾ ਵਿਭਾਗ ਦੇ ਕੌਮਾਂਤਰੀ ਮਾਮਲਿਆਂ ਦਾ ਅਧੀਨ ਸਕੱਤਰ ਡੇਵਿਡ ਲਿਪਟਨ (ਪੋਲੈਂਡ 'ਚ ਸਦਮਾ ਇਲਾਜ ਪ੍ਰੋਗਰਾਮ 'ਚ ਸੈਚਸ ਦਾ ਸਾਬਕਾ ਜੋੜੀਦਾਰ) ਤੁਰੰਤ ਹਵਾਈ ਉਡਾਣ ਰਾਹੀਂ ਦੱਖਣੀ ਕੋਰੀਆ ਦੇ ਸਿਓਲ ਹਿਲਟਨ ਹੋਟਲ 'ਚ ਜਾ ਧਮਕਿਆ ਜਿੱਥੇ ਆਈ ਐੱਮ ਐੱਫ ਅਤੇ ਦੱਖਣੀ ਕੋਰੀਆ ਦਰਮਿਆਨ ਗੱਲਬਾਤ ਚੱਲ ਰਹੀ ਸੀ। *ਦੀ ਵਾਸ਼ਿੰਗਟਨ ਪੋਸਟ* ਦੇ ਪਾਲ ਬਾਲਸਤਿਨ ਅਨੁਸਾਰ ਲਿਪਟਨ ਦਾ ਇੱਥੇ ਮੌਜੂਦ ਹੋਣਾ "ਆਈ ਐੱਮ ਐੱਫ ਦੀ ਨੀਤੀ ਉੱਪਰ ਅਮਰੀਕਾ ਦੇ ਅਸਰ-ਰਸੂਖ਼ ਦਾ ਸਪਸ਼ਟ ਇਜ਼ਹਾਰ ਸੀ।"

ਵਿਚਾਰ ਦੀ ਆਮ ਵਿਧੀ ਵਿਚੋਂ ਲੰਘ ਕੇ ਨਹੀਂ ਸਗੋਂ ਚਾਰ ਹੰਗਾਮੀ ਫ਼ੁਰਮਾਨਾਂ ਰਾਹੀਂ ਲਾਗੂ ਕੀਤਾ ਗਿਆ। ਥਾਈਲੈਂਡ ਦੇ ਉੱਪ ਪ੍ਰਧਾਨ ਮੰਤਰੀ ਸੁਪਾਚਾਈ ਪਾਨਿਚਪਾਕੜੀ ਨੇ ਮੰਨਿਆ, "ਅਸੀਂ ਆਪਣੀ ਖ਼ੁਦ-ਮੁਖ਼ਤਿਆਰੀ, ਆਪਣੀ ਵਿਆਪਕ ਆਰਥਕ ਨੀਤੀ ਨੂੰ ਤੈਅ ਕਰਨ ਦੀ ਹੈਸੀਅਤ ਗੁਆ ਚੁੱਕੇ ਹਾਂ। ਇਹ ਮੰਦਭਾਗਾ ਹੈ।" (ਬਾਅਦ 'ਚ ਇਸ ਤਰ੍ਹਾਂ ਦੇ ਸਹਿਯੋਗੀ ਰਵੱਈਏ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਡਬਲਯੂ ਟੀ ਓ ਦਾ ਮੁਖੀ ਬਣਾਇਆ ਗਿਆ) [24] ਦੱਖਣੀ ਕੋਰੀਆ 'ਚ ਆਈ ਐੱਮ ਐੱਫ ਵਲੋਂ ਜਮਹੂਰੀਅਤ ਦੀ ਭੰਨਤੋੜ ਹੋਰ ਵੀ ਸ਼ਰੇਆਮ ਸੀ। ਇੱਥੇ ਆਈ ਐੱਮ ਐੱਫ ਨਾਲ ਗੱਲਬਾਤ ਦਾ ਸਿਲਸਿਲਾ ਵੀ ਉਸੇ ਵਕਤ ਖ਼ਤਮ ਹੋਇਆ ਜਦੋਂ ਰਾਸ਼ਟਰਪਤੀ ਚੋਣਾਂ ਹੋ ਰਹੀਆਂ ਸਨ। ਦੋ ਉਮੀਦਵਾਰ ਆਈ ਐੱਮ ਐੱਫ ਦੀ ਖ਼ਿਲਾਫ਼ਤ ਦੇ ਮੰਚਾਂ ਤੋਂ ਚੋਣ ਲੜ ਰਹੇ ਸਨ। ਪ੍ਰਭੂਸੱਤਾ ਸੰਪਨ ਦੇਸ਼ ਦੇ ਸਿਆਸੀ ਅਮਲ 'ਚ ਅਸਾਧਾਰਨ ਦਖ਼ਲਅੰਦਾਜ਼ੀ ਕਰਦੇ ਹੋਏ ਆਈ ਐੱਮ ਐੱਫ ਨੇ ਓਦੋਂ ਤੱਕ ਫੰਡ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਜਦੋਂ ਤੱਕ ਚਾਰੇ ਮੁੱਖ ਉਮੀਦਵਾਰਾਂ ਤੋਂ ਇਹ ਵਚਨ ਨਹੀਂ ਲੈ ਲਿਆ ਕਿ ਜੇ ਉਹ ਜਿੱਤ ਗਏ ਤਾਂ ਉਹ ਕੋਸ਼ ਦੇ ਨਵੇਂ ਨਿਯਮਾਂ ਦੇ ਪਾਬੰਦ ਹੋਣਗੇ। ਦੇਸ਼ ਨੂੰ ਪੂਰੀ ਤਰ੍ਹਾਂ ਅਗਵਾ ਕਰਕੇ ਆਈ ਐੱਮ ਐੱਫ ਨੇ ਆਪਣੀ ਗੱਲ ਮੰਨਵਾ ਲਈ : ਹਰੇਕ ਉਮੀਦਵਾਰ ਨੇ ਨਵੇਂ ਨਿਯਮਾਂ ਦੀ ਪਾਲਣਾ ਕਰਨ ਦਾ ਲਿਖਤੀ ਵਾਅਦਾ ਕੀਤਾ [25] ਸ਼ਿਕਾਗੋ ਸਕੂਲ ਦਾ ਕੇਂਦਰੀ ਮਿਸ਼ਨ ਆਰਥਕ ਮਾਮਲਿਆਂ ਉੱਪਰ ਜਮਹੂਰੀਅਤ ਦੀ ਪਕੜ ਖ਼ਤਮ ਕਰ ਦੇਣ 'ਚ ਐਨਾ ਕਾਮਯਾਬ ਪਹਿਲਾਂ ਕਦੇ ਨਹੀਂ ਹੋਇਆ ਸੀ। ਦੱਖਣੀ ਕੋਰੀਆ ਵਾਸੀਆਂ ਨੂੰ ਸੁਣਾਉਣੀ ਕਰ ਦਿੱਤੀ ਗਈ : ਤੁਸੀਂ ਵੋਟ ਪਾ ਸਕਦੇ ਹੋ, ਪਰ ਆਰਥਿਕਤਾ ਦਾ ਪ੍ਰਬੰਧ ਚਲਾਉਣ ਅਤੇ ਇਸ ਦੀ ਵਿਉਂਤਬੰਦੀ ਕਰਨ 'ਚ ਤੁਹਾਡੀ ਵੋਟ ਦੀ ਕੋਈ ਭੂਮਿਕਾ ਨਹੀਂ ਹੋਵੇਗੀ। (ਜਿਸ ਦਿਨ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਇਸ ਦਿਨ ਨੂੰ ਕੋਰੀਆ ਦਾ "ਕੌਮੀ ਅਪਮਾਨ ਦਿਵਸ" ਕਿਹਾ ਜਾਂਦਾ ਹੈ।)[26]

ਮਹਾਂ ਘੋਰ ਸੰਕਟ ਦੀ ਮਾਰ ਹੇਠ ਆਏ ਦੇਸ਼ ਵਿਚ ਜਮਹੂਰੀਅਤ ਉੱਪਰ ਰੋਕ ਲਾਉਣ ਦੀਆਂ ਐਸੀਆਂ ਸਿਰੇ ਦੀਆਂ ਕਾਰਵਾਈਆਂ ਦੀ ਕੀ ਲੋੜ ਸੀ। ਇਸ ਖੇਤਰ 'ਚ ਪਹਿਲਾਂ ਇੰਡੋਨੇਸ਼ੀਆ ਨੇ ਕੰਟਰੋਲ ਮੁਕਤ ਬਦੇਸ਼ੀ ਪੂੰਜੀ-ਨਿਵੇਸ਼ ਲਈ ਦੇਸ਼ ਦੇ ਦਰਵਾਜ਼ੇ ਚੌਪਟ ਖੋਲ੍ਹੇ ਹੋਏ ਸਨ। ਤੀਹ ਸਾਲਾਂ ਤੋਂ ਵੱਧ ਸਮਾਂ ਹੋ ਗਿਆ ਸੀ, ਇਹ ਹਾਲੇ ਤੱਕ ਜਰਨੈਲ ਸੁਹਾਰਤੋ ਦੀ ਜਕੜ 'ਚ ਸੀ। ਹਾਲਾਂਕਿ ਬੁੱਢੀ ਉਮਰੇ ਸੁਹਾਰਤੋ ਪੱਛਮ ਦਾ ਪਹਿਲਾਂ ਜਿੰਨਾ ਜੀ ਹਜ਼ੂਰੀਆ ਨਹੀਂ ਰਿਹਾ ਸੀ (ਜਿਵੇਂ ਤਾਨਾਸ਼ਾਹ ਅਕਸਰ ਕਰਦੇ ਹਨ)। ਉਹ ਦਹਾਕਿਆਂ ਤੋਂ ਇੰਡੋਨੇਸ਼ੀਆ ਦਾ ਤੇਲ ਅਤੇ ਹੋਰ ਕੁਦਰਤੀ ਦੌਲਤ ਬਦੇਸ਼ੀ ਕਾਰਪੋਰੇਸ਼ਨਾਂ ਨੂੰ ਨਿਲਾਮ ਕਰਦਾ ਰਿਹਾ ਸੀ। ਦੂਜਿਆਂ ਨੂੰ ਅਮੀਰ ਬਣਾਉਣ ਤੋਂ ਉਕਤਾ ਕੇ ਆਪਣੇ ਅੰਤ ਤੋਂ ਪਹਿਲਾ ਦਹਾਕਾ ਉਸ ਨੇ ਆਪਣੀ, ਆਪਣੇ ਬੱਚਿਆਂ ਅਤੇ ਆਪਣੇ ਜੋਟੀਦਾਰਾਂ ਦੀ ਖ਼ਿਦਮਤ ਕਰਦਿਆਂ ਗੁਜ਼ਾਰਿਆ ਸੀ। ਮਿਸਾਲ ਵਜੋਂ ਜਰਨੈਲ ਨੇ ਆਪਣੇ ਪੁੱਤਰ ਟੋਮੀ ਦੀ ਕਾਰ ਕੰਪਨੀ ਨੂੰ ਭਾਰੀ ਸਬਸਿਡੀਆਂ ਦੇ ਦਿੱਤੀਆਂ। ਇਸ ਨਾਲ ਫੋਰਡ ਅਤੇ ਟੋਇਟਾ ਨੂੰ ਬਹੁਤ ਪ੍ਰੇਸ਼ਾਨੀ ਹੋਈ। ਉਨ੍ਹਾਂ ਨੂੰ ਕੋਈ ਕਾਰਨ ਨਹੀਂ ਜਾਪਦਾ ਸੀ ਕਿ ਉਹ ਉਸ ਤੁਛ ਕਾਰ ਨਾਲ ਮੁਕਾਬਲੇਬਾਜ਼ੀ 'ਚ ਪੈਣ ਜਿਸ ਨੂੰ ਵਿਸ਼ਲੇਸ਼ਣਕਾਰ "ਟੋਮੀ ਦੇ ਖਿਡੌਣੇ" ਕਹਿੰਦੇ ਸਨ [27]

ਸੁਹਾਰਤੋ ਨੇ ਐਸਾ ਬਜਟ ਜਾਰੀ ਕੀਤਾ ਜਿਸ ਵਿਚ ਆਈ ਐੱਮ ਐੱਫ ਦੀ ਹਦਾਇਤ ਅਨੁਸਾਰ ਵਿਆਪਕ ਕਟੌਤੀਆਂ ਨਹੀਂ ਸਨ। ਕੁਝ ਮਹੀਨੇ ਤਾਂ ਸੁਹਾਰਤੋ ਇੰਞ ਆਈ ਐੱਮ ਐੱਫ ਦਾ ਵਿਰੋਧ ਕਰਦਾ ਰਿਹਾ, ਫੇਰ ਕੋਸ਼ ਨੇ ਹੋਰ ਮਰੋੜਾ ਚਾੜ੍ਹ ਕੇ ਮੋੜਵਾਂ ਵਾਰ ਕੀਤਾ। ਭਾਵੇਂ ਅਧਿਕਾਰਤ

ਤੌਰ 'ਤੇ, ਆਈ ਐੱਮ ਐੱਫ ਦੇ ਨੁਮਾਇੰਦਿਆਂ ਨੂੰ ਗੱਲਬਾਤ ਦੇ ਅਮਲ ਦੌਰਾਨ ਪ੍ਰੈੱਸ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਹੈ ਕਿਉਂਕਿ ਗੱਲਬਾਤ ਕਿਸ ਤਰ੍ਹਾਂ ਹੋ ਰਹੀ ਹੈ ਇਸ ਦਾ ਥੋੜ੍ਹਾ ਜਿਹਾ ਇਸ਼ਾਰਾ ਮਿਲ ਜਾਣ ਨਾਲ ਵੀ ਮੰਡੀ ਉੱਪਰ ਹੈਰਾਨੀਜਨਕ ਅਸਰ ਪੈ ਸਕਦਾ ਹੈ। ਪਰ ਇਹ ਜ਼ਾਬਤਾ "ਆਈ ਐੱਮ ਐੱਫ ਦੇ ਚੋਟੀ ਦੇ ਅਧਿਕਾਰੀਆਂ" ਲਈ *ਦੀ ਵਾਸ਼ਿੰਗਟਨ ਪੋਸਟ* ਨੂੰ ਇਹ ਦੱਸਣ 'ਚ ਕੋਈ ਰੁਕਾਵਟ ਨਹੀਂ ਬਣਿਆ ਕਿ "ਮੰਡੀਆਂ ਇਹ ਸਵਾਲ ਖ਼ੁਦ ਕਰ ਰਹੀਆਂ ਹਨ ਕਿ ਇੰਡੋਨੇਸ਼ੀਆ ਦੀ ਚੋਟੀ ਦੀ ਲੀਡਰਸ਼ਿਪ ਇਸ ਪ੍ਰੋਗਰਾਮ, ਅਤੇ ਖ਼ਾਸ ਕਰਕੇ ਸੁਧਾਰ ਦੀਆਂ ਅਹਿਮ ਕਾਰਵਾਈਆਂ ਪ੍ਰਤੀ ਕਿੰਨੀ ਕੁ ਵਚਨਬਧ ਹੈ।" ਰਿਪੋਰਟ ਨੇ ਇੱਥੋਂ ਤੱਕ ਪੇਸ਼ੀਨਗੋਈ ਕਰ ਦਿੱਤੀ ਕਿ ਇਸ ਸੂਰਤ 'ਚ ਆਈ ਐੱਮ ਐੱਫ ਅਰਬਾਂ ਡਾਲਰ ਦੇ ਉਹ ਕਰਜ਼ੇ ਰੋਕ ਕੇ ਇੰਡੋਨੇਸ਼ੀਆ ਨੂੰ ਸਜ਼ਾ ਦੇਵੇਗਾ ਜਿਨ੍ਹਾਂ ਦਾ ਇਸ ਨੇ ਵਾਅਦਾ ਕੀਤਾ ਹੋਇਆ ਹੈ। ਜਿਉਂ ਹੀ ਇਹ ਰਿਪੋਰਟ ਛਪੀ, ਇੰਡੋਨੇਸ਼ੀਆ ਦਾ ਸਿੱਕਾ ਪਤਾਲ 'ਚ ਜਾ ਧਸਿਆ। ਇਕ ਦਿਨ 'ਚ ਹੀ ਇਸ ਦੀ 25 ਫ਼ੀ ਸਦੀ ਕਦਰ-ਘਟਾਈ ਹੋ ਗਈ।[28]

ਐਨੀ ਭਾਰੀ ਸੱਟ ਮੂਹਰੇ ਸੁਹਾਰਤੋ ਨੇ ਗੋਡੇ ਟੇਕ ਦਿੱਤੇ। ਕਿਹਾ ਜਾਂਦਾ ਹੈ ਕਿ ਇੰਡੋਨੇਸ਼ੀਆ ਦੇ ਬਦੇਸ਼ ਮੰਤਰੀ ਨੇ ਆਪਣਾ ਦੁੱਖ ਰੋਇਆ ਕਿ "ਕੀ ਕੋਈ ਐਸੇ ਅਰਥਸ਼ਾਸਤਰੀ ਦੀ ਦੱਸ ਪਾ ਸਕਦਾ ਹੈ ਜੋ ਜਾਣਦਾ ਹੋਵੇ ਕਿ ਕੀ ਵਾਪਰ ਰਿਹਾ ਹੈ ?" ਸੁਹਾਰਤੋ ਨੇ ਇਕ ਦੀ ਤਾਂ ਗੱਲ ਛੱਡੋ ਐਸੇ ਕਈ ਅਰਥਸ਼ਾਸਤਰੀ ਲੱਭ ਲਿਆਂਦੇ। ਉਸ ਨੇ ਜ਼ਾਮਨੀ ਦਿੱਤੀ ਕਿ ਆਈ ਐੱਮ ਐੱਫ ਨਾਲ ਅੰਤਮ ਗੱਲਬਾਤ ਬਿਨਾ ਕਿਸੇ ਰੁਕਾਵਟ ਦੇ ਚੱਲੇਗੀ। ਇਸ ਭਰੋਸੇ ਉਹ ਉਸੇ ਬਰਕਲੇ ਮਾਫੀਆ ਨੂੰ ਵਾਪਸ ਲੈ ਆਇਆ ਸੀ ਜਿਸ ਦਾ ਰਸੂਖ਼ ਉਸ ਦੇ ਨਿਜ਼ਾਮ ਦੇ ਮੁੱਢਲੇ ਸਮਿਆਂ 'ਚ ਕੇਂਦਰੀ ਭੂਮਿਕਾ ਨਿਭਾਉਣ ਤੋਂ ਬਾਅਦ ਖ਼ਤਮ ਹੋ ਗਿਆ ਸੀ ਕਿਉਂਕਿ ਜਰਨੈਲ ਬੁੱਢਾ ਹੋ ਗਿਆ ਸੀ। ਸਾਲਾਂਬੱਧੀ ਸਿਆਸੀ ਤਨਹਾਈ 'ਚ ਰਹਿਣ ਪਿੱਛੋਂ ਬਰਕਲੇ ਮਾਫੀਆ ਇਕ ਵਾਰ ਫੇਰ ਚੌਧਰੀ ਬਣ ਬੈਠਾ। ਗੱਲਬਾਤ ਦੀ ਅਗਵਾਈ ਵਿਡਿਜੋਜੋ ਨਿਤੀਸਾਸਤਰੋ ਕਰ ਰਿਹਾ ਸੀ ਜੋ ਹੁਣ ਸੱਤਰਾਂ ਦਾ ਹੋ ਗਿਆ ਸੀ ਅਤੇ ਇੰਡੋਨੇਸ਼ੀਆ 'ਚ "ਬਰਕਲੇ ਮਾਫੀਆ ਦਾ ਡੀਨ" ਸਮਝਿਆ ਜਾਂਦਾ ਸੀ। ਸੁਹਾਰਤੋ ਦੇ ਸਾਬਕਾ ਮੰਤਰੀ ਮੁਹੰਮਦ ਸਾਦਲੀ ਨੇ ਖ਼ੁਲਾਸਾ ਕੀਤਾ, "ਭਲੇ ਸਮਿਆਂ 'ਚ ਵਿਡਿਜੋਜੋ ਅਤੇ ਅਰਥਸ਼ਾਸਤਰੀਆਂ ਨੂੰ ਅਣਗੌਲੇ ਖੂੰਜਿਆਂ 'ਚ ਧੱਕ ਦਿੱਤਾ ਜਾਂਦਾ ਹੈ ਅਤੇ ਰਾਸ਼ਟਰਪਤੀ ਸੁਹਾਰਤੋ ਆਪਣੇ ਲੰਗੋਟੀਏ ਯਾਰਾਂ ਨਾਲ ਹੀ ਗੱਲਬਾਤ ਕਰਦਾ ਹੈ। ਸੰਕਟ ਦੇ ਸਮਿਆਂ 'ਚ ਹੀ ਤਕਨੀਕੀ ਮਾਹਰ ਟੋਲੀ ਲਾਹੇਵੰਦ ਹੁੰਦੀ ਹੈ। ਇਸ ਸਮੇਂ ਸੁਹਾਰਤੋ ਉਨ੍ਹਾਂ ਦੀ ਗੱਲ ਵਧੇਰੇ ਸੁਣਦਾ ਹੈ ਅਤੇ ਬਾਕੀ ਮੰਤਰੀਆਂ ਨੂੰ ਮੂੰਹ ਬੰਦ ਰੱਖਣ ਦਾ ਹੁਕਮ ਚਾੜ੍ਹ ਦਿੰਦਾ ਹੈ।"[30] ਵਿਡਜੋਜੋ ਦੀ ਟੀਮ ਦੇ ਇਕ ਮੈਂਬਰ ਨੇ ਦੱਸਿਆ, ਹੁਣ ਆਈ ਐੱਮ ਐੱਫ ਨਾਲ ਗੱਲਬਾਤ ਦੀ ਸੁਰ ਪ੍ਰਤੱਖ ਤੌਰ 'ਤੇ ਕਾਲਜ ਦੇ ਮਾਹੌਲ ਵਾਲੀ, "ਬੁੱਧੀਜੀਵੀਆਂ ਦੀ ਵਿਚਾਰ-ਚਰਚਾ ਵਰਗੀ ਵੱਧ ਹੋ ਗਈ। ਇਕ ਧਿਰ ਵਲੋਂ ਦੂਜੀ ਉੱਪਰ ਕੋਈ ਦਬਾਅ ਨਹੀਂ ਸੀ।" ਬੇਸ਼ੱਕ, ਆਈ ਐੱਮ ਐੱਫ ਨੇ ਲਗਭਗ ਹਰ ਚੀਜ਼ ਹਾਸਲ ਕਰ ਲਈ ਸੀ—ਕੁਲ-ਮਿਲਾਕੇ 140 "ਦਰੁਸਤੀਆਂ" ਕੀਤੀਆਂ ਗਈਆਂ।

ਜਦੋਂ ਪਰਦਾ ਹਟਾਇਆ ਗਿਆ

ਜਿੱਥੋਂ ਤੱਕ ਆਈ ਐੱਮ ਐੱਫ ਦਾ ਸਬੰਧ ਸੀ, ਸੰਕਟ ਬਹੁਤ ਜ਼ਿਆਦਾ ਤਸੱਲੀਬਖ਼ਸ਼ ਚੱਲ ਰਿਹਾ ਸੀ। ਇਕ ਸਾਲ ਤੋਂ ਘੱਟ ਸਮੇਂ 'ਚ, ਇਸ ਨੇ ਥਾਈਲੈਂਡ, ਇੰਡੋਨੇਸ਼ੀਆ, ਦੱਖਣੀ ਕੋਰੀਆ ਅਤੇ ਫਿਲਪਾਈਨ ਨਾਲ ਬੇਹੱਦ ਤਿੱਖੀਆਂ ਤਬਦੀਲੀਆਂ ਕਰਨ ਦੀ ਗੱਲ ਤੈਅ ਕਰ ਲਈ ਸੀ।[32]

ਹੁਣ ਇਨ੍ਹਾਂ ਸਾਰੇ ਥਾਵਾਂ ਉੱਪਰ ਰੱਦੋਬਦਲ ਦੇ ਨਾਟਕ ਦੀ ਅਹਿਮ ਘੜੀ ਸਿਰ 'ਤੇ ਆਣ ਪਹੁੰਚੀ ਸੀ। ਭਾਵ ਇਹ ਮੰਚ ਤੋਂ ਪਰਦਾ ਹਟਾਏ ਜਾਣ ਵਰਗੇ ਪਲ ਸਨ ਜਦੋਂ ਦਬੋਚੇ ਹੋਏ, ਕੁੱਟਮਾਰ ਕੇ ਸਿੱਧੇ ਕੀਤੇ ਹੋਏ ਪੀੜਤ ਦਾ ਦ੍ਰਿੱਸ਼ ਸਹਿਮੇ ਹੋਏ ਦਰਸ਼ਕਾਂ ਨੂੰ ਦਿਖਾਇਆ ਜਾਂਦਾ ਹੈ—ਇੱਥੇ ਇਹ ਪਾਤਰ ਵਿਸ਼ਵੀ ਸਟਾਕ ਕੰਪਨੀਆਂ ਅਤੇ ਮੁਦਰਾ ਮੰਡੀਆਂ ਹਨ। ਕਿਉਂਕਿ ਸਭ ਕੁਝ ਅਰਾਮ ਨਾਲ ਹੀ ਹੋ ਗਿਆ ਸੀ ਹੁਣ ਤਾਂ ਬਸ ਆਈ ਐੱਮ ਐੱਫ ਵਲੋਂ ਆਪਣੀਆਂ ਤਾਜ਼ਾ ਸਿਰਜੀਆਂ ਕਿਰਤਾਂ ਤੋਂ ਪਰਦਾ ਹਟਾਉਣ ਦੀ ਘੜੀ ਸੀ। ਇਸ ਸਮੇਂ ਦ੍ਰਿਸ਼ ਤਾਂ ਇਹ ਹੋਣਾ ਚਾਹੀਦਾ ਸੀ ਕਿ ਉਹ ਛੂ-ਮੰਤਰ ਪੂੰਜੀ ਜੋ ਪਿਛਲੇ ਸਾਲ ਏਸ਼ੀਆ 'ਚੋਂ ਉਡਾਰੀ ਮਾਰ ਗਈ ਸੀ ਇਨ੍ਹਾਂ ਸ਼ੇਰ ਦੇਸ਼ਾਂ ਦੇ ਸਟਾਕ, ਬੌਂਡ ਅਤੇ ਮੁਦਰਾ ਨੂੰ ਖ਼ਰੀਦਣ ਲਈ ਧੜਾਧੜ ਵਾਪਸ ਆ ਰਹੀ ਨਜ਼ਰੀਂ ਪੈਂਦੀ ਜਿਨ੍ਹਾਂ ਵਲੋਂ ਹੁਣ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਸੀ। ਪਰ ਵਾਪਰ ਕੁਝ ਹੋਰ ਹੀ ਗਿਆ : ਮੰਡੀਆਂ 'ਚ ਸਗੋਂ ਹੋਰ ਵੀ ਭੈਅ ਦਾ ਆਲਮ ਛਾ ਗਿਆ। ਇਸ ਤਰ੍ਹਾਂ ਦੀ ਦਲੀਲਬਾਜ਼ੀ ਸ਼ੁਰੂ ਹੋ ਗਈ : ਜੇ ਕੋਸ਼ ਨੂੰ ਏਸ਼ੀਅਨ ਸ਼ੇਰਾਂ ਦੇ ਤੰਦਰੁਸਤ ਹੋਣ ਦੀ ਉਮੀਦ ਨਹੀਂ ਹੈ, ਜੇ ਇਸ ਦੀ ਸੋਚ ਹੈ ਕਿ ਇਨ੍ਹਾਂ ਨੂੰ ਨਵੇਂ ਸਿਰਿਉਂ ਘੜਨਾ ਪਵੇਗਾ, ਤਾਂ ਇਹ ਸਪਸ਼ਟ ਹੈ ਕਿ ਏਸ਼ੀਆ ਦੀ ਹਾਲਤ ਉਸ ਤੋਂ ਕਿਤੇ ਮਾੜੀ ਸੀ ਜਿੰਨਾ ਪਹਿਲਾਂ ਖ਼ਦਸ਼ਾ ਸੀ।

ਇਸ ਤਰ੍ਹਾਂ ਵਪਾਰੀਆਂ ਨੇ ਵਾਪਸ ਪਰਤਣ ਦੀ ਬਜਾਏ ਆਈ ਐੱਮ ਐੱਫ ਦੇ ਮਹਾਂ ਸ਼ੋਅ ਪ੍ਰਤੀ ਉਲਟਾ ਪ੍ਰਤੀਕਰਮ ਦਿਖਾਇਆ। ਇਨ੍ਹਾਂ ਨੇ ਤੁਰੰਤ ਹੋਰ ਵੀ ਜ਼ਿਆਦਾ ਸਰਮਾਇਆ ਬਾਹਰ ਕੱਢ ਕੇ ਏਸ਼ੀਆਈ ਦੇਸ਼ਾਂ ਦੇ ਸਿੱਕਿਆਂ ਉੱਪਰ ਹੋਰ ਵੱਡਾ ਹਮਲਾ ਕਰ ਦਿੱਤਾ। ਹਰ ਰੋਜ਼ ਕੋਰੀਆ ਦੇ ਹੱਥੋਂ ਇਕ ਅਰਬ ਡਾਲਰ ਨਿਕਲ ਰਹੇ ਸਨ ਅਤੇ ਇਸ ਦੇ ਕਰਜੇ ਦਾ ਦਰਜਾ ਹੇਠਾਂ ਡਿਗ ਕੇ ਬੇਕਾਰ ਰਿਣਪੱਤਰਾਂ (junk bond) ਵਾਲਾ ਹੋ ਗਿਆ ਸੀ। ਆਈ ਐੱਮ ਐੱਫ ਦੀ 'ਸਹਾਇਤਾ' ਨੇ ਸੰਕਟ ਨੂੰ ਤਬਾਹੀ 'ਚ ਬਦਲ ਦਿੱਤਾ ਸੀ। ਜਾਂ ਜੈਫਰੀ ਸੈਚਸ, ਜਿਸ ਨੇ ਹੁਣ ਕੌਮਾਂਤਰੀ ਵਿਤੀ ਸੰਸਥਾਵਾਂ ਨਾਲ ਖੁੱਲ੍ਹੇਆਮ ਜੰਗ ਛੇੜੀ ਹੋਈ ਸੀ, ਦੇ ਸ਼ਬਦਾਂ 'ਚ, "ਆਈ ਐੱਮ ਐੱਫ ਨੇ ਨਾਟ-ਘਰ 'ਚ ਲੱਗੀ ਅੱਗ ਬੁਝਾਉਣ ਦੀ ਬਜਾਏ ਖੁਸ਼ੀ ਨਾਲ ਚੀਕਣਾ ਸ਼ੁਰੂ ਕਰ ਦਿੱਤਾ।"[33]

ਆਈ ਐੱਮ ਐੱਫ ਦੇ ਮੌਕਾਤਾੜੂਪਣ ਨੇ ਏਸ਼ੀਆ ਵਿਚ ਵੀ ਮਨੁੱਖੀ ਜਾਨਾਂ ਦੀ ਰੂਸ ਜਿੰਨੀ ਹੀ ਤਬਾਹੀ ਮਚਾਈ। ਕੌਮਾਂਤਰੀ ਕਿਰਤ ਜਥੇਬੰਦੀ ਦਾ ਅੰਦਾਜ਼ਾ ਹੈ ਕਿ ਇਸ ਸਮੇਂ ਦੌ ਕਰੋੜ 40 ਲੱਖ ਲੋਕਾਂ ਨੂੰ ਨੌਕਰੀਆਂ ਤੋਂ ਹੱਥ ਧੋਣੇ ਪਏ ਅਤੇ ਇੰਡੋਨੇਸ਼ੀਆ ਦੀ ਬੇਰੁਜ਼ਗਾਰੀ ਦੀ ਦਰ 4 ਫ਼ੀ ਸਦੀ ਤੋਂ ਵਧ ਕੇ 12 ਫ਼ੀ ਸਦੀ ਹੋ ਗਈ। "ਸੁਧਾਰਾਂ" ਦੀ ਚੜ੍ਹਤ ਸਮੇਂ ਥਾਈਲੈਂਡ 'ਚ 2000 ਨੌਕਰੀਆਂ ਰੋਜ਼ਾਨਾ ਖ਼ਤਮ ਹੋ ਰਹੀਆਂ ਸਨ ਭਾਵ ਇਕ ਮਹੀਨੇ 'ਚ 60,000 ਨੌਕਰੀਆਂ। ਦੱਖਣੀ ਕੋਰੀਆ ਵਿਚ ਹਰੇਕ ਮਹੀਨੇ 3 ਲੱਖ ਮਜ਼ਦੂਰ ਨੌਕਰੀਆਂ ਤੋਂ ਕੱਢੇ ਗਏ—ਇਹ ਜ਼ਿਆਦਾਤਰ ਸਰਕਾਰੀ ਬਜਟ ਘਟਾਉਣ ਅਤੇ ਵਿਆਜ ਦਰਾਂ ਵਧਾਉਣ ਦੀਆਂ ਆਈ ਐੱਮ ਐੱਫ ਦੀਆਂ ਪੂਰੀ ਤਰ੍ਹਾਂ ਨਜਾਇਜ਼ ਮੰਗਾਂ ਦਾ ਨਤੀਜਾ ਸੀ। 1999 'ਚ, ਸਿਰਫ਼ ਦੋ ਸਾਲਾਂ 'ਚ ਹੀ ਦੱਖਣੀ ਕੋਰੀਆ ਅਤੇ ਇੰਡੋਨੇਸ਼ੀਆ ਦੀਆਂ ਬੇਰੁਜ਼ਗਾਰੀ ਦੀਆਂ ਦਰਾਂ ਲਗਭਗ ਤਿੱਗੁਣੀਆਂ ਹੋ ਗਈਆਂ ਸਨ। ਏਸ਼ੀਆ ਦੇ ਇਨ੍ਹਾਂ ਹਿੱਸਿਆਂ 'ਚ ਇਕ ਅਨੋਖੀ "ਕਰਾਮਾਤ" ਦੀਆਂ ਬਹੁਤ ਸਿਫ਼ਤਾਂ ਕੀਤੀਆਂ ਜਾਂਦੀਆਂ ਸਨ ਭਾਵ ਇੱਥੇ ਮੱਧ ਵਰਗ ਦੀ ਵੱਡੀ ਗਿਣਤੀ ਹੈ ਅਤੇ ਇਹ ਵਧ-ਫੁਲ ਰਿਹਾ ਹੈ। ਪਰ ਜਿਵੇਂ ਸੱਤਰਵਿਆਂ 'ਚ ਲਾਤੀਨੀ ਅਮਰੀਕਾ 'ਚ ਹੋਇਆ ਸੀ, ਹੁਣ ਮੱਧ ਵਰਗ ਦੀ ਤਰੱਕੀ ਦਿਖਾਈ ਨਹੀਂ ਸੀ ਦਿੰਦੀ। 1996 'ਚ ਦੱਖਣੀ ਕੋਰੀਆ ਵਿਚ ਮੱਧ ਵਰਗ ਦੀ ਗਿਣਤੀ 63.7 ਫ਼ੀ ਸਦੀ ਸੀ; 1999 'ਚ ਇਹ ਗਿਣਤੀ ਘਟ ਕੇ 38.4 ਫ਼ੀ ਸਦੀ ਰਹਿ ਗਈ। ਸੰਸਾਰ

ਬੈਂਕ ਅਨੁਸਾਰ ਇਸ ਸਮੇਂ ਦੋ ਕਰੋੜ ਏਸ਼ੀਅਨ ਗਰੀਬੀ ਦੀ ਦਲਦਲ 'ਚ ਸੁੱਟ ਦਿੱਤੇ ਗਏ। ਰੋਡੌਲਫੋ ਵਾਲਸ਼ ਨੇ ਇਸ ਨੂੰ "ਯੋਜਨਾਬਧ ਕੰਗਾਲੀ" ਦਾ ਨਾਂ ਦਿੱਤਾ ਸੀ।[34]

ਹਰੇਕ ਅੰਕੜੇ ਪਿੱਛੇ ਦੇਸ਼ਾਂ ਨੂੰ ਬਲੀ ਦੇ ਬੱਕਰੇ ਬਣਾਏ ਜਾਣ ਅਤੇ ਜ਼ਲੀਲ ਕਰੂ ਫ਼ੈਸਲੇ ਥੋਪੇ ਜਾਣ ਦੀ ਦਰਦ ਕਹਾਣੀ ਛੁਪੀ ਹੋਈ ਹੈ। ਜਿਵੇਂ ਹਮੇਸ਼ਾ ਹੁੰਦਾ ਹੈ, ਔਰਤਾਂ ਤੇ ਬੱਚਿਆਂ ਉੱਪਰ ਸੰਕਟ ਦੀ ਮਾਰ ਸਭ ਤੋਂ ਵੱਧ ਪਈ। ਫਿਲਪਾਈਨ ਅਤੇ ਦੱਖਣੀ ਕੋਰੀਆ ਦੇ ਅਨੇਕਾਂ ਪੇਂਡੂ ਪਰਿਵਾਰਾਂ ਨੇ ਆਪਣੀਆਂ ਧੀਆਂ ਮਨੁੱਖੀ ਤਸਕਰਾਂ ਨੂੰ ਵੇਚ ਦਿੱਤੀਆਂ ਜਿਨ੍ਹਾਂ ਨੂੰ ਉਨ੍ਹਾਂ ਨੇ ਆਸਟਰੇਲੀਆ, ਯੂਰਪ ਅਤੇ ਉੱਤਰੀ ਅਮਰੀਕਾ 'ਚ ਲਿਜਾ ਕੇ ਵੇਸਵਾਗਮਨੀ 'ਚ ਧੱਕ ਦਿੱਤਾ। ਥਾਈਲੈਂਡ 'ਚ, ਜਨ ਸਿਹਤ ਮਹਿਕਮੇ ਦੇ ਅਧਿਕਾਰੀਆਂ ਨੇ ਰਿਪੋਰਟ ਦਿੱਤੀ ਕਿ ਇਕ ਸਾਲ 'ਚ ਹੀ—ਆਈ ਐੱਮ ਐੱਫ ਦੇ ਸੁਧਾਰਾਂ ਤੋਂ ਇਕ ਸਾਲ ਬਾਅਦ—ਬਾਲ ਵੇਸਵਾਗਮਨੀ 'ਚ 20 ਫ਼ੀ ਸਦੀ ਦਾ ਵਾਧਾ ਹੋ ਗਿਆ ਹੈ। ਫਿਲਪਾਈਨ 'ਚ ਵੀ ਇਸੇ ਤਰ੍ਹਾਂ ਦਾ ਰੁਝਾਨ ਦੇਖਿਆ ਗਿਆ। "ਮੰਡੀ ਦੀ ਤੇਜ਼ੀ ਦਾ ਫ਼ਾਇਦਾ ਅਮੀਰਾਂ ਨੂੰ ਹੋਇਆ, ਜਦਕਿ ਸੰਕਟ ਦੀ ਕੀਮਤ ਸਾਨੂੰ ਗਰੀਬਾਂ ਨੂੰ ਦੇਣੀ ਪੈ ਰਹੀ ਹੈ।" ਇਹ ਲਫ਼ਜ਼ ਉੱਤਰ-ਪੂਰਬੀ ਥਾਈਲੈਂਡ ਦੀ ਇਕ ਬਰਾਦਰੀ ਦੀ ਮੁਖੀ ਖੁਨ ਬੁੰਜਨ ਨੇ ਕਹੇ, ਜੋ ਆਪਣੇ ਪਤੀ ਦੀ ਨੌਕਰੀ ਖੁਸ ਜਾਣ 'ਤੇ ਆਪਣੇ ਬੱਚਿਆਂ ਨੂੰ ਕੂੜਾ ਚੁੱਕਣ ਦੇ ਕੰਮ 'ਚ ਭੇਜਣ ਲਈ ਮਜਬੂਰ ਹੋ ਗਈ ਸੀ। "ਹੁਣ ਤਾਂ ਸਕੂਲਾਂ ਅਤੇ ਸਿਹਤ (ਸਹੂਲਤਾਂ) ਤੱਕ ਸਾਡੀ ਸੀਮਤ ਪਹੁੰਚ ਵੀ ਖ਼ਤਮ ਹੋ ਰਹੀ ਹੈ।"[35]

ਇਸ ਹਾਲਤ 'ਚ ਅਮਰੀਕਾ ਦੀ ਬਦੇਸ਼ ਮੰਤਰੀ ਮੈਡੇਲੇਨ ਅਲਬਰਾਈਟ ਮਾਰਚ 1999 'ਚ ਥਾਈਲੈਂਡ ਗਈ ਅਤੇ ਉਸ ਨੇ ਦੇਖ ਲਿਆ ਕਿ ਵੇਸਵਾਗਮਨੀ ਅਤੇ "ਨਸ਼ਿਆਂ ਦੀ ਅੰਨ੍ਹੀ ਗਲੀ" 'ਚ ਧੱਕੀ ਜਾ ਰਹੀ ਜਨਤਾ ਨੂੰ ਫਿਟਕਾਰਾਂ ਵਾਉਣ ਦਾ ਇਹ ਵਧੀਆ ਮੌਕਾ ਹੈ। ਅਲਬਰਾਈਟ ਨੇ ਭਰਪੂਰ ਇਖ਼ਲਾਕੀ ਦ੍ਰਿੜਤਾ ਨਾਲ ਫ਼ਰਮਾਇਆ ਕਿ ਇਹ ਜ਼ਰੂਰੀ ਹੈ "ਕੁੜੀਆਂ ਸ਼ੋਸ਼ਣ ਅਤੇ ਜਬਰ ਜਨਾਹਾਂ ਦਾ ਸ਼ਿਕਾਰ ਨਾ ਹੋਣ ਅਤੇ ਏਡਜ਼ ਨਾ ਸਹੇੜਨ। ਇਸ ਦੇ ਖ਼ਿਲਾਫ਼ ਲੜਾਈ ਦੇਣਾ ਬਹੁਤ ਅਹਿਮ ਹੈ।" ਉਸ ਨੂੰ ਇਹ ਸਚਾਈ ਨਜ਼ਰ ਨਾ ਆਈ ਕਿ ਦੇਹ-ਵਪਾਰ ਲਈ ਮਜਬੂਰ ਕੀਤੀਆਂ ਜਾ ਰਹੀਆਂ ਕੁੜੀਆਂ ਦੀ ਥੋਕ ਗਿਣਤੀ ਅਤੇ ਅਖੌਤੀ ਪਰਉਪਕਾਰੀ ਨੀਤੀਆਂ ਜੁੜਵਾਂ ਅਮਲ ਹੈ। ਇਨ੍ਹਾਂ ਨੀਤੀਆਂ ਦੀ ਉਹ ਇਸੇ ਫੇਰੀ ਸਮੇਂ "ਜ਼ੋਰਦਾਰ ਹਮਾਇਤ" ਕਰ ਰਹੀ ਸੀ। ਏਸ਼ੀਆ ਦੇ ਵਿਤੀ ਸੰਕਟ ਨਾਲ ਜੁੜ ਕੇ ਇਹ ਟਿੱਪਣੀ ਮਿਲਟਨ ਫਰਾਇਡਮੈਨ ਦੇ ਮਕਰ ਵਰਗੀ ਸੀ ਜਦੋਂ ਉਹ ਪਿਨੋਚੇ ਜਾਂ ਡੇਂਗ ਸਿਆਓ ਪਿੰਗ ਵਲੋਂ ਮਨੁੱਖੀ ਹੱਕਾਂ ਦਾ ਘਾਣ ਕਰਨ ਬਾਰੇ ਨਰਾਜ਼ਗੀ ਵੀ ਪ੍ਰਗਟਾ ਰਿਹਾ ਸੀ ਪਰ ਨਾਲ ਹੀ ਆਰਥਕ ਸਦਮਾ ਇਲਾਜ ਲਾਗੂ ਕਰਨ 'ਚ ਉਸ ਦੀ ਦਲੇਰੀ ਦੀਆਂ ਸਿਫ਼ਤਾਂ ਵੀ ਕਰੀ ਜਾ ਰਿਹਾ ਸੀ।[36]

ਖੰਡਰਾਂ ਉੱਤੇ ਅੱਯਾਸ਼ੀ

ਏਸ਼ੀਆ ਦੇ ਸੰਕਟ ਦੇ ਕਿੱਸੇ ਦਾ ਤੋੜਾ ਇਹ ਝਾੜਿਆ ਜਾਂਦਾ ਹੈ—ਆਈ ਐੱਮ ਐੱਫ ਨੇ ਮਦਦ ਕਰਨ ਦੀ ਕੋਸ਼ਿਸ਼ ਕੀਤੀ; ਇਹ ਕੰਮ ਨਹੀਂ ਆਈ। ਕੋਸ਼ ਦੀ ਅੰਦਰੂਨੀ ਲੇਖਾ ਪੜਤਾਲ 'ਚ ਵੀ ਇਹੀ ਸਿੱਟਾ ਕੱਢਿਆ ਗਿਆ ਸੀ। ਇਸ ਦਾ ਆਜ਼ਾਦ ਮੁਲੰਕਣ ਦਫ਼ਤਰ ਇਸ ਸਿੱਟੇ 'ਤੇ ਪੁੱਜਿਆ ਕਿ ਢਾਂਚਾ ਢਲਾਈ ਦੀਆਂ ਮੰਗਾਂ ਦੀ "ਗ਼ਲਤ ਸਲਾਹ ਦਿੱਤੀ ਗਈ" ਸੀ ਅਤੇ ਇਹ "ਉਸ ਤੋਂ ਵਧੇਰੇ ਵਿਆਪਕ ਸਨ ਜਿੰਨੀਆਂ ਜ਼ਰੂਰੀ ਜਾਪਦੀਆਂ ਸਨ।" ਨਾਲ ਹੀ ਇਹ "ਸੰਕਟ ਨੂੰ ਹੱਲ ਕਰਨ ਲਈ ਅਹਿਮ ਨਹੀਂ ਸਨ"। ਇਸ ਨੇ ਇਹ ਵੀ ਚੇਤਾਵਨੀ ਦਿੱਤੀ ਕਿ "ਲੰਮਾ ਸਮਾਂ

ਚੱਲਣ ਵਾਲੇ ਏਜੰਡੇ ਨੂੰ ਲਾਗੂ ਕਰਾਉਣ ਲਈ ਸਿਰਫ਼ ਇਸੇ ਕਰਕੇ ਹੀ ਸੰਕਟ ਨੂੰ ਮੌਕਾ ਸਮਝਕੇ ਨਹੀਂ ਵਰਤ ਲੈਣਾ ਚਾਹੀਦਾ ਕਿ ਇਸ ਸਮੇਂ ਆਪਣਾ ਸਵਾਰਥ ਸਿੱਧ ਕਰਨ ਦੀ ਗੁੰਜਾਇਸ਼ ਵੱਧ ਹੁੰਦੀ ਹੈ। ਇਹ ਵੀ ਦੇਖਣਾ ਚਾਹੀਦਾ ਹੈ ਕਿ ਫ਼ਾਇਦਿਆਂ ਦੇ ਪੱਖ ਤੋਂ ਇਹ ਕਿੰਨੇ ਕੁ ਜਾਇਜ਼ ਹਨ।"• ਅੰਦਰੂਨੀ ਰਿਪੋਰਟ ਦੇ ਇਕ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਹਿੱਸੇ 'ਚ ਕੋਸ਼ ਉੱਤੇ ਦੋਸ਼ ਲਾਇਆ ਗਿਆ ਕਿ ਖੁੱਲ੍ਹੀ ਮੰਡੀ ਦੇ ਸਿਧਾਂਤ ਨੇ ਇਸ ਸੰਸਥਾ ਨੂੰ ਐਨਾ ਅੰਨ੍ਹੀ ਕਰ ਛੱਡਿਆ ਸੀ ਕਿ ਇਸ ਦੀਆਂ ਨਜ਼ਰਾਂ 'ਚ ਪੂੰਜੀ ਕੰਟਰੋਲ ਤਾਂ ਐਸੀ ਸ਼ੈਅ ਹਨ ਜਿਨ੍ਹਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। "ਜੇ ਇਹ ਸੁਝਾਅ ਦੇਣਾ ਕੁਫ਼ਰ ਸੀ ਕਿ ਵਿਤੀ ਮੰਡੀਆਂ ਦੁਨੀਆਂ ਦੇ ਸਰਮਾਏ ਦੀ ਵੰਡ ਤਰਕਸੰਗਤ ਅਤੇ ਪਾਏਦਾਰ ਤਰੀਕੇ ਨਾਲ ਨਹੀਂ ਕਰਦੀਆਂ" ਤਾਂ ਪੂੰਜੀ ਕੰਟਰੋਲ "ਦੀ ਸੋਚ ਘੋਰ ਪਾਪ ਸੀ।"[37]

ਉਸ ਸਮੇਂ ਕੁਝ ਲੋਕ ਇਹ ਮੰਨਦੇ ਸਨ ਕਿ ਆਈ ਐੱਮ ਐੱਫ ਨੇ ਏਸ਼ੀਆ ਦੇ ਲੋਕਾਂ ਦਾ ਦੀਵਾਲਾ ਜ਼ਰੂਰ ਕੱਢਿਆ, ਪਰ ਇਸ ਨੇ ਵਾਲ ਸਟਰੀਟ ਨੂੰ ਨਾਕਾਮਯਾਬ ਨਹੀਂ ਹੋਣ ਦਿੱਤਾ। ਹੋ ਸਕਦਾ ਹੈ ਆਈ ਐੱਮ ਐੱਫ ਦੇ ਸਖ਼ਤ ਕਦਮਾਂ ਨੇ ਛੂ-ਮੰਤਰ ਸਰਮਾਏ ਨੂੰ ਥੋੜਲਾ ਦਿੱਤਾ ਹੋਵੇ, ਪਰ ਪੂੰਜੀ-ਨਿਵੇਸ਼ ਕਰਨ ਵਾਲੇ ਵੱਡੇ ਕਾਰੋਬਾਰ ਅਤੇ ਬਹੁ-ਕੌਮੀ ਕੰਪਨੀਆਂ ਦੇ ਹੌਸਲੇ ਹੋਰ ਵਧ ਗਏ। ਲੰਦਨ ਦੀ ਐਸ਼ਮੋਰ ਪੂੰਜੀ-ਨਿਵੇਸ਼ ਪ੍ਰਬੰਧਕੀ ਸੰਸਥਾ ਦੇ ਖੋਜ ਮੁਖੀ ਜੇਰਮ ਬੂਥ ਨੇ ਫ਼ਰਮਾਇਆ "ਬੇਸ਼ੱਕ, ਇਹ ਮੰਡੀਆਂ ਬਹੁਤ ਜ਼ਿਆਦਾ ਅਸਥਿਰ ਸੁਭਾਅ ਦੀਆਂ ਹੁੰਦੀਆਂ ਹਨ। ਇਹੀ ਚੀਜ਼ ਇਨ੍ਹਾਂ ਨੂੰ ਖੁਸ਼ੀ ਦਿੰਦੀ ਹੈ।"[38] ਅਜਿਹੀ ਦਿਲਲਗੀ ਭਾਲਦੀਆਂ ਕੰਪਨੀਆਂ ਦੀ ਸੋਚ ਸੀ ਕਿ ਆਈ ਐੱਮ ਐੱਫ ਦੇ "ਸੁਧਾਰਾਂ" ਦੇ ਸਿੱਟੇ ਵਜੋਂ ਹੁਣ ਏਸ਼ੀਆ ਦੀ ਹਰ ਚੀਜ਼ ਵਿਕਾਊ ਹੈ— ਮੰਡੀਆਂ ਜਿੰਨੀਆਂ ਵੱਧ ਭੈਭੀਤ ਹੋਣਗੀਆਂ, ਏਸ਼ੀਆਈ ਕੰਪਨੀਆਂ ਓਨਾ ਹੀ ਵੱਧ ਵਿਕਣ ਲਈ ਅਹੁਲਣਗੀਆਂ, ਇਨ੍ਹਾਂ ਦੇ ਮੁੱਲ ਹੋਰ ਵਧੇਰੇ ਡਿੱਗ ਜਾਣਗੇ। ਮਾਰਗਨ ਸਟੈਨਲੇ ਦੇ ਜੇ. ਪੈਲੋਸਕੀ ਨੇ ਕਿਹਾ ਸੀ ਕਿ ਏਸ਼ੀਆ ਵਿਚ ਲੋੜ ਇਹ ਹੈ ਕਿ "ਬੁਰੀਆਂ ਖ਼ਬਰਾਂ ਆਉਂਦੀਆਂ ਰਹਿਣ ਤਾਂ ਜੋ ਇਨ੍ਹਾਂ ਕਾਰਪੋਰੇਟਾਂ ਉੱਪਰ ਆਪਣੀਆਂ ਕੰਪਨੀਆਂ ਵੇਚਣ ਦਾ ਦਬਾਅ ਬਣਿਆ ਰਹੇ।" ਅਤੇ ਆਈ ਐੱਮ ਐੱਫ ਦੀ ਮਿਹਰਬਾਨੀ ਨਾਲ ਐਨ ਇਹੀ ਕੁਝ ਵਾਪਰਿਆ ਸੀ।

ਕੀ ਆਈ ਐੱਮ ਐੱਫ ਨੇ ਗਿਣ-ਮਿੱਥ ਕੇ ਏਸ਼ੀਆ ਨੂੰ ਡੂੰਘੇ ਸੰਕਟ ਵਿਚ ਸੁੱਟਿਆ ਸੀ ਜਾਂ ਇਸ ਨੇ ਸਿਰਫ਼ ਬੇਪ੍ਰਵਾਹ ਬਣੇ ਰਹਿਣ ਦੀ ਜ਼ਿੱਦ ਫੜੀ ਹੋਈ ਸੀ ਇਹ ਹਾਲੇ ਬਹਿਸ ਦਾ ਮੁੱਦਾ ਹੈ। ਸ਼ਾਇਦ ਸਭ ਤੋਂ ਵੱਧ ਉਦਾਰ ਵਿਆਖਿਆ ਇਹ ਹੈ ਕਿ ਕੋਸ਼ ਨੂੰ ਭਲੀਭਾਂਤ ਪਤਾ ਸੀ ਕਿ ਇਸ ਦਾ ਕੁਝ ਨਹੀਂ ਜਾਣਾ। ਜੇ ਸੁਧਾਰਾਂ ਦੇ ਕਾਰਨ ਉੱਭਰ ਰਹੀਆਂ ਮੰਡੀਆਂ ਦੇ ਸ਼ੇਅਰਾਂ 'ਚ ਇਕ ਉਛਾਲ ਹੋਰ ਆ ਗਿਆ ਤਾਂ ਵੀ ਵਰਦਾਨ; ਜੇ ਇਸ ਦੇ ਕਾਰਨ ਹੋਰ ਵਧੇਰੇ ਸਰਮਾਇਆ ਉਡਾਰੀ ਮਾਰ ਗਿਆ, ਸਰਮਾਏਦਾਰ ਗਿਰਝਾਂ ਲਈ ਫੇਰ ਵੀ ਗੱਫੇ। ਦੋਵੇਂ ਤਰ੍ਹਾਂ, ਆਈ ਐੱਮ ਐੱਫ ਨੂੰ ਮੁਕੰਮਲ ਆਰਥਕ ਗਿਰਾਵਟ ਦੀ ਸੰਭਾਵਨਾ ਤੋਂ ਐਨੀ ਤਸੱਲੀ ਸੀ ਕਿ ਇਹ ਬਾਜੀ ਲਾਉਣ ਦੀ ਪੂਰੀ ਤਿਆਰੀ 'ਚ ਸੀ, ਹੁਣ ਇਹ ਸਪਸ਼ਟ ਹੈ ਕਿ ਜੂਏ ਦੀ ਬਾਜੀ 'ਚ ਕੌਣ ਜਿੱਤਿਆ।

ਦੱਖਣੀ ਕੋਰੀਆ ਨਾਲ ਆਈ ਐੱਮ ਐੱਫ ਦਾ ਅੰਤਮ ਸਮਝੌਤਾ ਹੋਣ ਤੋਂ ਦੋ ਮਹੀਨੇ ਬਾਅਦ

• ਕੁਝ ਕਾਰਨਾਂ ਕਰਕੇ ਇਹ ਬਹੁਤ ਜ਼ਿਆਦਾ ਅਹਿਮ ਰਿਪੋਰਟ ਸੰਕਟ ਤੋਂ ਪੰਜ ਸਾਲ ਬਾਅਦ 2003 ਤੱਕ ਬਾਹਰ ਨਹੀਂ ਆਈ। ਓਦੋਂ ਇਹ ਸੰਕਟ ਦਾ ਲਾਹਾ ਲੈਣ ਦੇ ਖ਼ਿਲਾਫ਼ ਚੇਤਾਵਨੀ ਦੇਣ ਪੱਖੋਂ ਥੋੜ੍ਹਾ ਲੇਟ ਸੀ। ਆਈ ਐੱਮ ਐੱਫ ਪਹਿਲਾਂ ਹੀ ਅਫ਼ਗਾਨਿਸਤਾਨ 'ਚ ਢਾਂਚਾ ਢਲਾਈ ਕਰਨ 'ਚ ਰੁੱਝਿਆ ਹੋਇਆ ਸੀ ਅਤੇ ਇਰਾਕ ਲਈ ਯੋਜਨਾਵਾਂ ਉਲੀਕ ਰਿਹਾ ਸੀ।

ਵਾਲ ਸਟਰੀਟ ਜਰਨਲ ਨੇ ਇਕ ਲੇਖ ਛਾਪਿਆ ਜਿਸ ਦਾ ਸਿਰਲੇਖ ਸੀ "ਵਾਲ ਸਟਰੀਟ ਏਸ਼ੀਆ-ਸ਼ਾਂਤ ਮਹਾਂਸਾਗਰ ਖੇਤਰ 'ਚ ਸਫ਼ਾਈ ਦੀ ਮੁਹਿੰਮ 'ਤੇ।" ਇਸ ਨੇ ਰਿਪੋਰਟ ਦਿੱਤੀ ਕਿ ਪੈਲੋਸਕੀ ਦੀ ਸੰਸਥਾ ਅਤੇ ਨਾਲ ਹੀ ਹੋਰ ਕਈ ਉੱਘੀਆਂ ਸੰਸਥਾਵਾਂ ਨੇ "ਏਸ਼ੀਆ-ਸ਼ਾਂਤ ਮਹਾਂ ਸਾਗਰ ਖੇਤਰ 'ਚ ਬੈਂਕਰਾਂ ਦੀਆਂ ਫ਼ੌਜਾਂ ਭੇਜ ਦਿੱਤੀਆਂ ਹਨ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਦਲਾਲ ਸੰਸਥਾਵਾਂ, ਅਸਾਸਿਆਂ ਦਾ ਸੰਚਾਲਨ ਕਰਨ ਵਾਲੀਆਂ ਫਰਮਾਂ ਅਤੇ ਬੈਂਕਾਂ ਭਾਅ ਘਟਾ-ਵਧਾ ਕੇ ਸੌਦੇ ਕਿਵੇਂ ਕਰਦੀਆਂ ਹਨ। ਏਸ਼ੀਆਈ ਕੰਪਨੀਆਂ ਨੂੰ ਦਬੋਚਣਾ ਜ਼ਰੂਰੀ ਹੈ ਕਿਉਂਕਿ ਮੈਰਿਲ ਲਿੰਚ ਐਂਡ ਕੰਪਨੀ ਅਤੇ ਮਾਰਗਨ ਸਟੈਨਲੇ ਦੀ ਅਗਵਾਈ 'ਚ ਅਨੇਕਾਂ ਅਮਰੀਕੀ ਸਕਿਊਰਿਟੀ ਫਰਮਾਂ ਨੇ ਬਦੇਸ਼ਾਂ 'ਚ ਆਪਣੇ ਕਾਰੋਬਾਰ ਫੈਲਾਉਣ ਨੂੰ ਤਰਜੀਹ ਦਿੱਤੀ ਹੋਈ ਹੈ।"[39] ਸੰਖੇਪ 'ਚ, ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਨਿਲਾਮ ਹੋ ਗਈਆਂ। ਮੈਰਿਲ ਲਿੰਚ ਨੇ ਜਪਾਨ ਦੀ ਯਾਮੈਚੀ ਸਕਿਊਰਿਟੀਜ਼ ਅਤੇ ਨਾਲ ਹੀ ਥਾਈਲੈਂਡ ਦੀਆਂ ਵੱਡੀਆਂ ਸਕਿਊਰਿਟੀ ਫਰਮਾਂ ਖ਼ਰੀਦ ਲਈਆਂ, ਜਦਕਿ ਏ ਆਈ ਜੀ ਨੇ ਬੈਂਕਾਕ ਇਨਵੈਸਟਮੈਂਟ ਦੇ ਅਸਲ ਮੁੱਲ ਦੇ ਥੋੜ੍ਹੇ ਜਿਹੇ ਹਿੱਸੇ ਨਾਲ ਇਸ ਨੂੰ ਖ਼ਰੀਦ ਲਿਆ। ਜੇ ਪੀ ਮਾਰਗਨ ਨੇ ਕੀਆ ਮੋਟਰਜ਼ ਦੇ ਹੱਕ ਖ਼ਰੀਦ ਲਏ, ਜਦਕਿ ਟਰੈਵਲਰਜ਼ ਗਰੁੱਪ ਅਤੇ ਸਾਲੋਮੌਨ ਸਮਿਥ ਬਾਰਨੇ ਨੇ ਕੋਰੀਆ ਦੀਆਂ ਸਭ ਤੋਂ ਵੱਡੀਆਂ ਕੱਪੜਾ ਕੰਪਨੀਆਂ ਅਤੇ ਨਾਲ ਹੀ ਕਈ ਹੋਰ ਕੰਪਨੀਆਂ ਖ਼ਰੀਦ ਲਈਆਂ। ਮਜ਼ੇ ਦੀ ਗੱਲ ਇਹ ਹੈ ਕਿ ਸਾਲੋਮੌਨ ਸਮਿੱਥ ਬਾਰਲੇ ਦੇ ਕੌਮਾਂਤਰੀ ਸਲਾਹਕਾਰ ਬੋਰਡ ਦਾ ਚੇਅਰਮੈਨ, ਜੋ ਇਸ ਸਮੇਂ ਕੰਪਨੀਆਂ ਨੂੰ ਆਪਣਾ ਹਿੱਸਾ ਬਣਾ ਲੈਣ ਅਤੇ ਹੜੱਪ ਲੈਣ ਬਾਰੇ ਸਲਾਹ ਦਿੰਦਾ ਸੀ, ਡੋਨਾਲਡ ਰਮਜ਼ਫੈਲਡ ਸੀ (ਉਸ ਦੀ ਨਿਯੁਕਤੀ 1999 'ਚ ਕੀਤੀ ਗਈ ਸੀ)। ਡਿਕ ਚੈਨੀ ਵੀ ਬੋਰਡ 'ਚ ਸ਼ਾਮਲ ਸੀ। ਇਕ ਹੋਰ ਜੇਤੂ ਸੀ ਕਾਰਲਾਈਲ ਗਰੁੱਪ, ਵਾਸ਼ਿੰਗਟਨ ਅਧਾਰਤ ਚੁੱਪ-ਚੁਪੀਤੇ ਕੰਮ ਕਰਨ ਵਾਲੀ ਫਰਮ ਜੋ ਸਾਬਕਾ ਰਾਸ਼ਟਰਪਤੀਆਂ ਅਤੇ ਮੰਤਰੀਆਂ ਦਾ ਮਸ਼ਹੂਰ ਮਨਭਾਉਂਦਾ ਤਰਜੀਹੀ ਟਿਕਾਣਾ ਸੀ। ਸਾਬਕਾ ਬਦੇਸ਼ ਮੰਤਰੀ ਜੇਮਜ਼ ਬੇਕਰਜ਼ ਤੋਂ ਲੈ ਕੇ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਜੌਹਨ ਮੇਜਰ, ਬੁਸ਼ ਸੀਨੀਅਰ ਤੱਕ ਜਿਸ ਨੇ ਸਲਾਹਕਾਰ ਵਜੋਂ ਕੰਮ ਕੀਤਾ। ਕਾਰਲਾਈਲ ਨੇ ਚੋਟੀ ਦੇ ਸੰਪਰਕ ਵਰਤ ਕੇ ਦਾਇਵੂ ਦੀ ਦੂਰ-ਸੰਚਾਰ ਸ਼ਾਖਾ, ਸੈਂਗਯੌਂਗ ਇਨਫਰਮੇਸ਼ਨ ਅਤੇ ਕਮਿਊਨੀਕੇਸ਼ਨ (ਕੋਰੀਆ ਦੀ ਸਭ ਤੋਂ ਵੱਡੀ ਹਾਈਟੈੱਕ ਕੰਪਨੀ) ਦਾ ਸੌਦਾ ਮਾਰ ਲਿਆ, ਅਤੇ ਇਹ ਕੋਰੀਆ ਦੀ ਇਕ ਸਭ ਤੋਂ ਵੱਡੀ ਬੈਂਕ ਦੀ ਹਿੱਸੇਦਾਰ ਬਣ ਗਈ।[40]

ਅਮਰੀਕਾ ਦੇ ਉੱਪ ਵਣਜ ਮੰਤਰੀ ਜੈਫਰੀ ਗਾਰਟਨ ਨੇ ਪੇਸ਼ੀਨਗੋਈ ਕੀਤੀ ਸੀ ਕਿ ਜਦੋਂ ਆਈ ਐੱਮ ਐੱਫ ਦਾ ਕੰਮ ਨਿੱਬੜ ਗਿਆ ਤਾਂ "ਏਸ਼ੀਆ ਬਹੁਤ ਵੱਖਰੀ ਤਰ੍ਹਾਂ ਦਾ ਹੋਵੇਗਾ। ਇਹ ਐਸਾ ਏਸ਼ੀਆ ਹੋਵੇਗਾ ਜਿਸ ਵਿਚ ਅਮਰੀਕੀ ਫਰਮਾਂ ਵਧੇਰੇ ਡੂੰਘੀ ਘੁਸਪੈਠ ਕਰ ਚੁੱਕੀਆਂ ਹੋਣਗੀਆਂ ਅਤੇ ਉਨ੍ਹਾਂ ਦੀ ਮਾਰ ਹੋਰ ਵੀ ਦੂਰ ਤੱਕ ਹੋਵੇਗੀ।"[41] ਉਹ ਗ਼ਲਤ ਨਹੀ ਕਹਿ ਰਿਹਾ ਸੀ। ਦੋ ਸਾਲ ਦੇ ਅੰਦਰ, ਬਹੁਤੇ ਏਸ਼ੀਆ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ; ਸੈਂਕੜੇ ਸਥਾਨਕ ਬ੍ਰੈਂਡਾਂ ਦੀ ਥਾਂ ਬਹੁ-ਕੌਮੀ ਦਿਓਕੱਦ ਕੰਪਨੀਆਂ ਨੇ ਲੈ ਲਈ। *ਨਿਊਯਾਰਕ ਟਾਈਮਜ਼* ਨੇ ਇਸ ਨੂੰ "ਕਾਰੋਬਾਰ ਤੋਂ ਬਾਹਰ ਧੱਕੀ ਜਾਣ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਨਿਲਾਮੀ" ਅਤੇ *ਬਿਜ਼ਨੈੱਸ ਵੀਕ* ਨੇ "ਕਾਰੋਬਾਰੀ ਬਜ਼ਾਰ ਦੀ ਖ਼ਰੀਦਦਾਰੀ" ਕਿਹਾ ਸੀ।[42] ਅਸਲ ਵਿਚ ਇਹ ਤਬਾਹੀਪਸੰਦ ਸਰਮਾਏਦਾਰੀ ਦੀ ਝਲਕ ਸੀ ਜੋ 11 ਸਤੰਬਰ ਤੋਂ ਬਾਅਦ ਮੰਡੀ ਦਾ ਕਾਇਦਾ ਬਣ ਗਈ ਸੀ : ਭਾਵ ਭਿਆਨਕ ਤ੍ਰਾਸਦੀ ਦਾ ਲਾਹਾ ਲੈ ਕੇ ਬਦੇਸ਼ੀ ਫਰਮਾਂ ਨੂੰ ਏਸ਼ੀਆ 'ਤੇ ਹੱਲਾ ਬੋਲਣ ਦੀ ਇਜਾਜ਼ਤ ਦੇ ਦਿੱਤੀ ਗਈ। ਬਦੇਸ਼ੀ ਫਰਮਾਂ ਉੱਥੇ ਆਪਣੇ ਕਾਰੋਬਾਰ ਉਸਾਰਨ ਅਤੇ

ਮੁਕਾਬਲੇਬਾਜ਼ੀ 'ਚ ਪੈਣ ਲਈ ਨਹੀਂ ਗਈਆਂ ਸਨ ਸਗੋਂ ਸਮੁੱਚਾ ਢਾਂਚਾ, ਕੰਮ ਸ਼ਕਤੀ, ਖ਼ਰੀਦਦਾਰਾਂ ਦੀ ਮੰਡੀ ਅਤੇ ਬ੍ਰੈਂਡ ਮੁੱਲ, ਜੋ ਕੋਰੀਆ ਕੰਪਨੀਆਂ ਨੇ ਦਹਾਕੇ ਲਾ ਕੇ ਉਸਾਰਿਆ ਸੀ, ਉੱਪਰ ਕਾਬਜ਼ ਹੋਣ, ਇਨ੍ਹਾਂ ਕੰਪਨੀਆਂ ਨੂੰ ਖੇਰੂੰ-ਖੇਰੂੰ ਕਰਨ, ਇਨ੍ਹਾਂ ਨੂੰ ਸੁੰਗੇੜਨ ਜਾਂ ਪੂਰੀ ਤਰ੍ਹਾਂ ਠੱਪ ਕਰ ਦੇਣ ਦੇ ਮੰਤਵ ਨਾਲ ਗਈਆਂ ਸਨ ਤਾਂ ਜੋ ਆਪਣੀਆਂ ਦਰਾਮਦਾਂ ਦਾ ਮੁਕਾਬਲਾ ਖ਼ਤਮ ਕੀਤਾ ਜਾ ਸਕੇ।

ਮਿਸਾਲ ਵਜੋਂ ਕੋਰੀਆ ਦੇ ਅੰਬਰ ਦਾ ਤਾਰਾ ਸੈਮਸੁੰਗ ਟੁਕੜਿਆਂ 'ਚ ਵੰਡਕੇ ਵੇਚ ਦਿੱਤੀ ਗਈ: ਵੌਲਵੋ ਨੇ ਇਸ ਦੀ ਭਾਰੀ ਸਨਅਤ ਦੀ ਸ਼ਾਖਾ ਖ਼ਰੀਦ ਲਈ, ਐੱਸ ਸੀ ਜੌਹਨਸਨ ਨੇ ਦਵਾਈ ਉਦਯੋਗ ਸ਼ਾਖਾ ਖ਼ਰੀਦ ਲਈ ਅਤੇ ਜਨਰਲ ਇਲੈਕਟ੍ਰਿਕ ਨੇ ਇਸ ਦੀ ਬਿਜਲਈ ਸ਼ਾਖਾ ਖ਼ਰੀਦ ਲਈ। ਕੁਝ ਸਾਲ ਬਾਅਦ, ਦਾਇਵੂ ਦੀ ਸ਼ਕਤੀਸ਼ਾਲੀ ਕਾਰ-ਸ਼ਾਖਾ ਜਿਸ ਦਾ ਮੁੱਲ ਕੰਪਨੀ ਨੇ 6 ਅਰਬ ਡਾਲਰ ਅੰਗਿਆ ਸੀ, ਜਰਨਲ ਮੋਟਰ ਨੂੰ ਸਿਰਫ਼ 40 ਕਰੋੜ ਡਾਲਰ 'ਚ ਵੇਚ ਦਿੱਤੀ ਗਈ—ਇਹ ਡਾਕਾ ਰੂਸ ਦੇ ਸਦਮਾ ਇਲਾਜ ਦੇ ਬਰਾਬਰ ਦਾ ਸੀ। ਪਰ ਜੋ ਕੁਝ ਰੂਸ 'ਚ ਵਾਪਰਿਆ ਸੀ ਉਸ ਦੇ ਉਲਟ ਇੱਥੇ ਬਹੁ-ਕੌਮੀ ਕੰਪਨੀਆਂ ਸਥਾਨਕ ਫਰਮਾਂ ਦਾ ਸਫ਼ਾਇਆ ਕਰ ਰਹੀਆਂ ਸਨ।[43]

ਜਿਨ੍ਹਾਂ ਹੋਰ ਵੱਡੇ ਖਿਡਾਰੀਆਂ ਨੇ ਏਸ਼ੀਆ ਦੇ ਮੰਦਵਾੜੇ ਮੌਕੇ ਦੀ ਨਿਲਾਮੀ 'ਚ ਹੱਥ ਰੰਗੇ ਉਨ੍ਹਾਂ ਵਿਚ ਸ਼ਾਮਲ ਸਨ ਸੀਗਰਾਮਜ਼, ਹਿਊਲੈੱਟ ਪੈਕਰਡ, ਨੈਸਲੇ, ਇੰਟਰਬਰਿਊ ਅਤੇ ਨੋਵਾਰਟਿਸ, ਕੈਅਰੀਫੋਰ, ਟੈਸਕੋ ਅਤੇ ਐਰਿਕਸਨ। ਕੋਕਾ ਕੋਲਾ ਨੇ ਕੋਰੀਆ ਦੀ ਇਕ ਬੌਟਲਿੰਗ ਕੰਪਨੀ ਅੱਧਾ ਅਰਬ ਡਾਲਰਾਂ 'ਚ ਖ਼ਰੀਦ ਲਈ; ਪ੍ਰਾਕਟਰ ਐਂਡ ਗੈਂਬਲ ਨੇ ਕੋਰੀਆ ਦੀ ਸਮਾਨ ਡੱਬਾ ਬੰਦ ਕਰਨ ਵਾਲੀ ਕੋਰੀਆਈ ਕੰਪਨੀ ਖ਼ਰੀਦ ਲਈ; ਨਿਸਾਨ ਨੇ ਇੰਡੋਨੇਸ਼ੀਆ ਦੀ ਇਕ ਸਭ ਤੋਂ ਵੱਡੀ ਕਾਰ ਕੰਪਨੀ ਖ਼ਰੀਦ ਲਈ। ਜਨਰਲ ਇਲੈਕਟ੍ਰਿਕ ਨੇ ਕੋਰੀਆ ਦੀ ਰੈਫਰੀਜਰੇਟਰ ਬਣਾਉਣ ਵਾਲੀ ਕੰਪਨੀ ਐੱਲ ਜੀ ਦਾ ਹਿੱਸਾ ਖ਼ਰੀਦ ਲਿਆ; ਅਤੇ ਬਰਤਾਨੀਆ ਦੀ ਪਾਵਰਜੈੱਨ ਨੇ ਕੋਰੀਆ ਦੀ ਬਿਜਲੀ ਅਤੇ ਗੈਸ ਊਰਜਾ ਦੀ ਵੱਡੀ ਕੰਪਨੀ ਐੱਲ ਜੀ ਐਨਰਜੀ ਉੱਪਰ ਕਬਜ਼ਾ ਕਰ ਲਿਆ। *ਬਿਜਨੈੱਸ ਵੀਕ* ਅਨੁਸਾਰ "ਸਾਊਦੀ ਸ਼ਹਿਜਾਦਾ ਅਲਵਾਲਿਦ ਬਿਨ-ਤਲਾਲ ਨੇ ਆਪਣੇ ਮੋਤੀਆ ਰੰਗ ਦੇ ਬੋਇੰਗ-727 ਜਹਾਜ਼ 'ਤੇ ਸਵਾਰ ਹੋ ਕੇ ਏਸ਼ੀਆ ਵੱਲ ਸ਼ੂਟ ਵੱਟੀ ਹੋਈ ਸੀ ਅਤੇ ਸੌਦੇ ਕਰੀ ਜਾ ਰਿਹਾ ਸੀ"—ਇਨ੍ਹਾਂ ਵਿਚ ਦਾਇਵੂ ਦਾ ਹਿੱਸਾ ਖ਼ਰੀਦਣਾ ਵੀ ਸ਼ਾਮਲ ਸੀ।[44]

ਐਨ ਢੁੱਕਵੀਂ ਗੱਲ ਇਹ ਹੋਈ, ਮਾਰਗਨ ਸਟੈਨਲੇ, ਜੋ ਸੰਕਟ ਨੂੰ ਹੋਰ ਡੂੰਘਾ ਬਣਾਉਣ ਦੀ ਮੰਗ ਪੂਰਾ ਜ਼ੋਰ ਲਾ ਕੇ ਕਰ ਰਹੀ ਸੀ, ਇਨ੍ਹਾਂ ਕਈ ਸੌਦਿਆਂ 'ਚ ਘੁਸ ਗਈ ਅਤੇ ਵੱਡੇ ਕਮਿਸ਼ਨ ਬਟੋਰ ਲਏ। ਇਸ ਨੇ ਦਾਇਵੂ ਦੀ ਆਟੋਮੋਟਿਵ ਸ਼ਾਖਾ ਨੂੰ ਵੇਚੇ ਜਾਣ ਅਤੇ ਦੱਖਣੀ ਕੋਰੀਆ ਦੀਆਂ ਬੈਂਕਾਂ ਦੇ ਨਿੱਜੀਕਰਨ ਕਰਕੇ ਇਨ੍ਹਾਂ ਨੂੰ ਨਿਲਾਮ ਕਰਨ ਬਾਰੇ ਇਸ ਦੇ ਸਲਾਹਕਾਰ ਵਜੋਂ ਭੂਮਿਕਾ ਨਿਭਾਈ।[45]

ਸਿਰਫ਼ ਏਸ਼ੀਆ ਦੀਆਂ ਨਿੱਜੀ ਫਰਮਾਂ ਹੀ ਬਦੇਸ਼ੀਆਂ ਨੂੰ ਨਹੀਂ ਸੀ ਵੇਚੀਆਂ ਜਾ ਰਹੀਆਂ। ਲਾਤੀਨੀ ਅਮਰੀਕਾ ਅਤੇ ਪੂਰਬੀ ਯੂਰਪ ਦੇ ਪਹਿਲੇ ਸੰਕਟਾਂ ਵਾਂਗ ਇਸ ਸੰਕਟ ਨੇ ਵੀ ਸਰਕਾਰਾਂ ਨੂੰ ਜਨਤਕ ਸੇਵਾਵਾਂ ਦੇ ਅਦਾਰੇ ਵੇਚਣ ਲਈ ਮਜਬੂਰ ਕਰ ਦਿੱਤਾ ਤਾਂ ਜੋ ਉਹ ਸਰਮਾਇਆ ਜੁਟਾਇਆ ਜਾ ਸਕੇ ਜਿਸ ਦੀ ਬੁਰੀ ਤਰ੍ਹਾਂ ਜ਼ਰੂਰਤ ਸੀ। ਅਮਰੀਕੀ ਸਰਕਾਰ ਨੇ ਇਸ ਪ੍ਰਭਾਵ ਨੂੰ ਪਹਿਲਾਂ ਹੀ ਬੁੱਝ ਲਿਆ ਸੀ। ਏਸ਼ੀਆ ਦਾ ਮੁਹਾਂਦਰਾ ਬਦਲਣ ਲਈ ਅਮਰੀਕੀ ਕਾਂਗਰਸ ਵਲੋਂ

ਆਈ ਐੱਮ ਐੱਫ ਨੂੰ ਅਰਬਾਂ ਡਾਲਰਾਂ ਦਾ ਅਧਿਕਾਰ ਦੇਣਾ ਕਿਉਂ ਜ਼ਰੂਰੀ ਹੈ ਇਸ ਬਾਰੇ ਦਲੀਲਾਂ ਦਿੰਦਿਆਂ ਅਮਰੀਕਾ ਦੇ ਵਪਾਰ ਪ੍ਰਤੀਨਿਧ ਚਾਰਲਿਨ ਬਾਰਸ਼ੈਫਸਕੀ ਨੇ ਯਕੀਨ ਦਿਵਾਇਆ ਕਿ ਇਨ੍ਹਾਂ ਸਮਝੌਤਿਆਂ ਨਾਲ "ਅਮਰੀਕੀ ਫਰਮਾਂ ਲਈ ਕਾਰੋਬਾਰ ਦੇ ਨਵੇਂ ਮੌਕੇ ਪੈਦਾ ਹੋਣਗੇ।" ਏਸ਼ੀਆ ਨੂੰ "ਊਰਜਾ, ਆਵਾਜਾਈ, ਜਨਤਕ ਵਰਤੋਂ ਦੀਆਂ ਸੇਵਾਵਾਂ ਅਤੇ ਸੰਚਾਰ ਸੇਵਾਵਾਂ ਸਮੇਤ ਅਹਿਮ ਖੇਤਰਾਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਨ ਲਈ" ਮਜਬੂਰ ਕਰ ਦਿੱਤਾ ਜਾਵੇਗਾ।[46]

ਐਨ ਇਹੀ ਹੋਇਆ, ਸੰਕਟ ਕਾਰਨ ਨਿੱਜੀਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਅਤੇ ਬਦੇਸ਼ੀ ਬਹੁ-ਕੌਮੀ ਕੰਪਨੀਆਂ ਸਭ ਕੁਝ ਚਟਮ ਕਰ ਗਈਆਂ। ਬੈੱਚਟੈੱਲ ਨੇ ਪੂਰਬੀ ਮਨੀਲਾ 'ਚ ਪਾਣੀ ਅਤੇ ਸੀਵਰ ਪ੍ਰਣਾਲੀ ਦੇ ਨਿੱਜੀਕਰਨ ਅਤੇ ਇਸੇ ਤਰ੍ਹਾਂ ਇੰਡੋਨੇਸ਼ੀਆ ਦੇ ਸੁਲਾਵੇਸੀ 'ਚ ਤੇਲ-ਸੋਧਕ ਕਾਰਖ਼ਾਨਾ ਲਾਉਣ ਦਾ ਠੇਕਾ ਹਾਸਲ ਕਰ ਲਿਆ। ਮੋਟੋਰੋਲਾ ਨੇ ਕੋਰੀਆ ਦੀ ਅਪੀਲ ਟੈਲੀਕਾਮ ਉੱਪਰ ਮੁਕੰਮਲ ਕਬਜ਼ਾ ਕਰ ਲਿਆ। ਨਿਊ ਯਾਰਕ ਦੀ ਊਰਜਾ ਦੀ ਦਿਓਕੱਦ ਕੰਪਨੀ ਸਾਈਦੇ ਨੇ ਥਾਈਲੈਂਡ ਦੀ ਜਨਤਕ ਖੇਤਰ ਦੀ ਗੈਸ ਕੰਪਨੀ, ਕੋਜਨਰੇਸ਼ਨ, 'ਚ ਵੱਡਾ ਹਿੱਸਾ ਖ਼ਰੀਦ ਲਿਆ। ਇੰਡੋਨੇਸ਼ੀਆ ਦਾ ਪਾਣੀ ਸਪਲਾਈ ਦਾ ਪ੍ਰਬੰਧ ਬਰਤਾਨੀਆ ਦੀ ਥੇਮਜ਼ ਵਾਟਰ ਅਤੇ ਫਰਾਂਸ ਦੀ ਲਿਓਨੇਜ਼ ਡੀ ਈਆਕਸ ਨੇ ਆਪੋ ਵਿਚ ਵੰਡ ਲਿਆ। ਕੈਨੇਡਾ ਦੀ ਵੈਸਟਕੋਸਟ ਐਨਰਜੀ ਨੇ ਇੰਡੋਨੇਸ਼ੀਆ ਦੇ ਵਿਸ਼ਾਲ ਬਿਜਲੀ ਪਲਾਂਟ ਦਾ ਪ੍ਰਾਜੈਕਟ ਹਥਿਆ ਲਿਆ। ਬ੍ਰਿਟਿਸ਼ ਟੈਲੀਕਾਮ ਨੇ ਮਲੇਸ਼ੀਆ ਅਤੇ ਕੋਰੀਆ ਦੋਵਾਂ ਦੀਆਂ ਡਾਕ ਸੇਵਾਵਾਂ ਦੇ ਵੱਡੇ ਹਿੱਸੇ ਖ਼ਰੀਦ ਲਏ। ਬੈੱਲ ਕੈਨੇਡਾ ਨੇ ਕੋਰੀਆ ਦੀ ਦੂਰ-ਸੰਚਾਰ ਕੰਪਨੀ ਹਾਨਸੋਲ ਦਾ ਇਕ ਹਿੱਸਾ ਖ਼ਰੀਦ ਲਿਆ।[47]

ਮੁੱਕਦੀ ਗੱਲ, ਸਿਰਫ਼ ਵੀਹ ਮਹੀਨਿਆਂ ਦੇ ਅਰਸੇ 'ਚ ਹੀ ਬਦੇਸ਼ੀ ਬਹੁ-ਕੌਮੀ ਕੰਪਨੀਆਂ ਵਲੋਂ ਇੰਡੋਨੇਸ਼ੀਆ, ਥਾਈਲੈਂਡ, ਦੱਖਣੀ ਕੋਰੀਆ, ਮਲੇਸ਼ੀਆ ਅਤੇ ਫਿਲਪਾਈਨ ਦੀਆਂ 186 ਕੰਪਨੀਆਂ ਨੂੰ ਆਪਣੇ 'ਚ ਰਲਾ ਲਿਆ ਜਾਂ ਇਨ੍ਹਾਂ ਦੇ ਮਾਲਕੀ ਹੱਕ ਹਥਿਆ ਲਏ। ਇਹ ਵਿਕਰੀ ਹੁੰਦੀ ਦੇਖ ਕੇ ਲੰਦਨ ਸਟਾਕ ਐਕਸਚੇਂਜ ਦੇ ਅਰਥਸ਼ਾਸਤਰੀ ਰੋਬਰਟ ਵੇਡ ਅਤੇ ਆਰਥਕ ਸਲਾਹਕਾਰ ਫਰਾਂਕ ਵੇਨੇਰੋਜ਼ੋ ਨੇ ਪੋਸ਼ੀਨਗੋਈ ਕੀਤੀ ਕਿ "ਬੀਤੇ ਪੰਜਾਹ ਸਾਲਾਂ ਦੌਰਾਨ ਸ਼ਾਂਤਮਈ ਸਮਿਆਂ 'ਚ ਦੁਨੀਆਂ ਵਿਚ ਜਿੱਥੇ ਕਿਤੇ ਵੀ ਅਸਾਸਿਆਂ ਦਾ ਦੇਸੀ ਤੋਂ ਬਦੇਸ਼ੀ ਮਾਲਕਾਂ ਹੱਥ ਜਿੰਨਾ ਵੱਧ ਤੋਂ ਵੱਧ ਤਬਾਦਲਾ ਹੋਇਆ ਹੈ," ਆਈ ਐੱਮ ਐੱਫ ਦਾ ਪ੍ਰੋਗਰਾਮ "ਉਸ ਵਿਚ ਸ਼ਾਇਦ ਹੋਰ ਵੀ ਤੇਜ਼ੀ ਲਿਆ ਸਕਦਾ ਹੈ।"[48]

ਇਹ ਮੰਨਦੇ ਹੋਏ ਕਿ ਸੰਕਟ ਸਬੰਧੀ ਸ਼ੁਰੂ 'ਚ ਜਿਵੇਂ ਸਰੋਕਾਰ ਦਿਖਾਇਆ ਗਿਆ ਉਸ ਦੌਰਾਨ ਕੁਝ ਗ਼ਲਤੀਆਂ ਹੋਈਆਂ ਸਨ, ਆਈ ਐੱਮ ਐੱਫ ਦਾਅਵਾ ਕਰਦਾ ਹੈ ਕਿ ਇਸ ਨੇ ਤੁਰੰਤ ਗ਼ਲਤੀਆਂ ਸੁਧਾਰ ਲਈਆਂ ਸਨ ਅਤੇ ਇਸ ਦੇ 'ਸਥਿਰਤਾ ਲਿਆਉਣ' ਦੇ ਪ੍ਰੋਗਰਾਮ ਕਾਮਯਾਬ ਰਹੇ। ਇਹ ਠੀਕ ਹੈ ਕਿ ਏਸ਼ੀਆ ਦੀਆਂ ਮੰਡੀਆਂ ਆਖ਼ਿਰ ਸਥਿਰ ਹੋ ਗਈਆਂ, ਪਰ ਇਹ ਸਥਿਰਤਾ ਭਾਰੀ ਕੀਮਤ ਤਾਰ ਕੇ ਆਈ ਅਤੇ ਇਹ ਹਾਲੇ ਵੀ ਤਾਰੀ ਜਾ ਰਹੀ ਹੈ। ਜਦੋਂ ਸੰਕਟ ਜ਼ੋਰਾਂ 'ਤੇ ਸੀ ਮਿਲਟਨ ਫਰਾਇਡਮੈਨ ਨੇ ਡਰ ਬਾਰੇ ਚੌਕਸ ਕਰਦਿਆਂ ਜ਼ੋਰ ਦਿੱਤਾ ਸੀ ਕਿ "ਇਹ ਖ਼ਤਮ ਹੋ ਜਾਵੇਗਾ...। ਅਤੇ ਜਦੋਂ ਇਹ ਵਿਤੀ ਗੜਬੜ ਦੂਰ ਕਰ ਲਈ ਜਾਵੇਗੀ ਤਾਂ ਤੁਸੀਂ ਦੇਖੋਗੇ ਕਿ ਏਸ਼ੀਆ ਫੇਰ ਵਿਕਾਸ ਦੀ ਲੀਹ 'ਤੇ ਆ ਗਿਆ ਹੈ, ਪਰ ਇਹ ਕੋਈ ਨਹੀਂ ਕਹਿ ਸਕਦਾ ਕਿ ਇਸ ਨੂੰ ਇਕ ਸਾਲ ਲੱਗੇਗਾ, ਦੋ ਸਾਲ ਲੱਗਣਗੇ ਜਾਂ ਤਿੰਨ ਸਾਲ ਲੱਗਣਗੇ।"[49]

ਸਚਾਈ ਇਹ ਹੈ ਕਿ ਇਕ ਦਹਾਕਾ ਬਾਅਦ ਵੀ ਏਸ਼ੀਆ ਦਾ ਸੰਕਟ ਹਾਲੇ ਨਹੀਂ ਮੁੱਕਿਆ। ਦੋ ਸਾਲਾਂ 'ਚ ਹੀ 2 ਕਰੋੜ 40 ਲੱਖ ਲੋਕਾਂ ਦੀਆਂ ਨੌਕਰੀਆਂ ਖੁੱਸ ਜਾਣ ਨਾਲ ਜਿਹੜੀ ਮਾਯੂਸੀ

ਹਮੇਸ਼ਾ ਲਈ ਘਰ ਕਰ ਗਈ ਉਸ ਨੂੰ ਕੋਈ ਵੀ ਸੱਭਿਆਚਾਰ ਸਹਿਜੇ ਹੀ ਪਚਾ ਨਹੀਂ ਸਕਦਾ। ਇਸ ਖੇਤਰ ਵਿਚ ਇਸ ਦਾ ਇਜ਼ਹਾਰ ਵੱਖੋ-ਵੱਖਰੇ ਰੂਪਾਂ 'ਚ ਹੋ ਰਿਹਾ ਹੈ, ਇੰਡੋਨੇਸ਼ੀਆ ਅਤੇ ਥਾਈਲੈਂਡ 'ਚ ਧਾਰਮਿਕ ਅੱਤਵਾਦ ਤੋਂ ਲੈ ਕੇ ਬਾਲ ਜਿਸਮ-ਫਰੋਸ਼ੀ 'ਚ ਵਿਸਫੋਟਕ ਵਾਧੇ ਤੱਕ।

ਇੰਡੋਨੇਸ਼ੀਆ, ਮਲੇਸ਼ੀਆ ਅਤੇ ਦੱਖਣੀ ਕੋਰੀਆ ਵਿਚ ਹਾਲੇ ਤੱਕ ਬੇਰੁਜ਼ਗਾਰੀ ਦੀਆਂ ਦਰਾਂ 1997 ਤੋਂ ਪਹਿਲੇ ਪੱਧਰ ਤੱਕ ਹੇਠਾਂ ਨਹੀਂ ਲਿਆਂਦੀਆਂ ਜਾ ਸਕੀਆਂ। ਮਾਮਲਾ ਸਿਰਫ਼ ਉਨ੍ਹਾਂ ਮਜ਼ਦੂਰਾਂ ਨੂੰ ਦੁਬਾਰਾ ਕਦੇ ਵੀ ਨੌਕਰੀਆਂ ਮਿਲਣ ਤੱਕ ਸੀਮਤ ਨਹੀਂ ਰਿਹਾ ਜਿਨ੍ਹਾਂ ਦੀਆਂ ਨੌਕਰੀਆਂ ਸੰਕਟ ਸਮੇਂ ਖੁੱਸ ਗਈਆਂ ਸਨ। ਬਦੇਸ਼ੀ ਮਾਲਕ ਆਪਣੇ ਪੂੰਜੀ-ਨਿਵੇਸ਼ ਤੋਂ ਹੋਰ ਵੀ ਵਧੇਰੇ ਮੁਨਾਫ਼ੇ ਭਾਲਦੇ ਹੋਣ ਕਾਰਨ ਲੇ-ਆਫ ਲਗਾਤਾਰ ਹੋ ਰਹੀਆਂ ਹਨ। ਖ਼ੁਦਕੁਸ਼ੀਆਂ ਵੀ ਲਗਾਤਾਰ ਜਾਰੀ ਹਨ : ਦੱਖਣੀ ਕੋਰੀਆ ਵਿਚ ਹੁਣ ਖ਼ੁਦਕੁਸ਼ੀ ਮੌਤ ਦਾ ਚੌਥਾ ਆਮ ਕਾਰਨ ਬਣ ਚੁੱਕਾ ਹੈ। ਇਸ ਦੀ ਦਰ ਸੰਕਟ ਤੋਂ ਪਹਿਲਾਂ ਦੇ ਸਮੇਂ ਨਾਲੋਂ ਦੁੱਗਣੀ ਹੈ, 28 ਵਿਅਕਤੀ ਰੋਜ਼ਾਨਾ ਆਪਣੀ ਜਾਨ ਲੈਂਦੇ ਹਨ।[50] ਇਹ ਹੈ ਉਨ੍ਹਾਂ ਨੀਤੀਆਂ ਦੀ ਅਣਦੱਸੀ ਕਹਾਣੀ ਜਿਨ੍ਹਾਂ ਨੂੰ ਆਈ ਐੱਮ ਐੱਫ "ਸਥਿਰਤਾ ਲਿਆਉਣ ਵਾਲੇ ਪ੍ਰੋਗਰਾਮ" ਕਹਿੰਦਾ ਹੈ, ਜਿਵੇਂ ਕਿਤੇ ਦੇਸ਼ ਮੰਡੀਆਂ ਦੀਆਂ ਵੱਡੀਆਂ ਵੱਡੀਆਂ ਸਮੁੰਦਰੀ ਲਹਿਰਾਂ ਦੀ ਲਪੇਟ 'ਚ ਆਏ ਜਹਾਜ਼ ਹੋਣ। ਆਖ਼ਿਰ ਇਹ ਸਥਿਰ ਹੋ ਜਾਂਦੇ ਹਨ, ਪਰ ਨਵਾਂ ਸਮਤੋਲ ਦਹਿ-ਲੱਖਾਂ ਲੋਕਾਂ—ਜਨਤਕ ਖੇਤਰ ਦੇ ਮਜ਼ਦੂਰਾਂ, ਛੋਟੇ ਕਾਰੋਬਾਰਾਂ ਦੇ ਮਾਲਕਾਂ, ਮਸਾਂ ਗੁਜ਼ਾਰਾ ਕਰਨ ਰਹੇ ਕਿਸਾਨਾਂ, ਟਰੇਡ ਯੂਨੀਅਨਾਂ ਵਾਲਿਆਂ—ਨੂੰ ਬਾਹਰ ਧੱਕ ਕੇ ਹਾਸਲ ਕੀਤਾ ਜਾਂਦਾ ਹੈ। "ਸਥਿਰਤਾ ਲਿਆਉਣ" ਦਾ ਭੱਦਾ ਰਾਜ਼ ਇਹ ਹੈ ਕਿ ਵਿਸ਼ਾਲ ਬਹੁ-ਗਿਣਤੀ ਫੇਰ ਕਦੇ ਵੀ ਇਸ ਹਾਲਤ 'ਚ ਨਹੀਂ ਆਉਂਦੀ। ਉਹ ਝੁੱਗੀਆਂ 'ਚ ਮਰ ਮੁੱਕ ਜਾਂਦੇ ਹਨ, ਜੋ ਹੁਣ ਇਕ ਅਰਬ ਲੋਕਾਂ ਦਾ ਰੈਣ-ਬਸੇਰਾ ਬਣ ਚੁੱਕੀਆਂ ਹਨ; ਉਹ ਚਕਲਿਆਂ ਵਿਚ ਜਾਂ ਸਮੁੰਦਰੀ ਜਹਾਜ਼ਾਂ 'ਚ ਲੱਦੇ ਡੱਬਿਆਂ 'ਚ ਮਰ-ਖਪ ਜਾਂਦੇ ਹਨ। ਉਹ ਐਸੇ ਛੇਕੇ ਹੋਏ ਲੋਕ ਹੁੰਦੇ ਹਨ ਜਿਨ੍ਹਾਂ ਬਾਰੇ ਜਰਮਨ ਕਵੀ ਰੇਨਰ ਮਾਰੀਆ ਰਿਲਕ ਨੇ ਕਿਹਾ ਸੀ "ਉਹ ਲੋਕ ਜੋ ਨਾ ਬੀਤੇ ਨਾਲ ਜੁੜੇ ਹੁੰਦੇ ਹਨ ਅਤੇ ਨਾ ਭਵਿੱਖ ਨਾਲ।"[51]

ਇਕੱਲੇ ਇਹ ਲੋਕ ਹੀ ਏਸ਼ੀਆ ਵਿਚ ਮੁਕੰਮਲ ਕੱਟੜ ਆਰਥਕ ਮੱਤ ਨੂੰ ਲਾਗੂ ਕਰਨ ਦੀ ਆਈ ਐੱਮ ਐੱਫ ਦੀ ਮੰਗ ਦਾ ਸ਼ਿਕਾਰ ਨਹੀਂ ਹੋਏ। ਮੈਂ 1997 ਦੀ ਗਰਮ ਰੁੱਤੇ ਇੰਡੋਨੇਸ਼ੀਆ ਵਿਚ, ਚੀਨੀਆਂ ਵਿਰੋਧੀ ਜੋ ਨਫ਼ਰਤ ਦੀ ਭਾਵਨਾ ਦੇਖੀ ਸੀ ਉਹ ਵਧਦੀ ਜਾ ਰਹੀ ਸੀ। ਸੱਤਾਧਾਰੀ ਵਰਗ ਇਸ ਨੂੰ ਤੁੱਖਣਾ ਦੇ ਕੇ ਪੂਰਾ ਖੁਸ਼ ਸੀ ਕਿਉਂਕਿ ਇਸ ਕਾਰਨ ਉਸ ਵੱਲ ਕਿਸੇ ਦਾ ਧਿਆਨ ਨਹੀਂ ਜਾ ਰਿਹਾ ਸੀ। ਜਦੋਂ ਸੁਹਾਰਤੋ ਨੇ ਬੁਨਿਆਦੀ ਜੀਵਨ ਲੋੜਾਂ ਦੇ ਭਾਅ ਵਧਾ ਦਿੱਤੇ ਤਾਂ ਇਹ ਭਾਵਨਾ ਹੋਰ ਵੀ ਤਿੱਖੀ ਹੋ ਗਈ। ਪੂਰੇ ਦੇਸ਼ ਵਿਚ ਦੰਗੇ ਭੜਕ ਉੱਠੇ ਅਤੇ ਬਹੁਤਿਆਂ ਨੇ ਚੀਨੀ ਘੱਟ-ਗਿਣਤੀ ਨੂੰ ਨਿਸ਼ਾਨਾ ਬਣਾਇਆ। ਬਾਰਾਂ ਸੌ ਦੇ ਕਰੀਬ ਲੋਕ ਮਾਰੇ ਗਏ ਅਤੇ ਦਰਜਨਾਂ ਚੀਨੀ ਔਰਤਾਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ।[52] ਇਨ੍ਹਾਂ ਨੂੰ ਵੀ ਸ਼ਿਕਾਗੋ ਸਕੂਲ ਦੀ ਵਿਚਾਰਧਾਰਾ ਦਾ ਸ਼ਿਕਾਰ ਹੋਏ ਲੋਕਾਂ ਦੀ ਗਿਣਤੀ ਵਿਚ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ।

ਇੰਡੋਨੇਸ਼ੀਆ 'ਚ ਰੋਹ ਆਖ਼ਿਰ ਸੁਹਾਰਤੋ ਅਤੇ ਉਸ ਦੇ ਰਾਸ਼ਟਰਪਤੀ ਮਹਿਲ ਵਿਰੁੱਧ ਸੇਧਤ ਹੋ ਹੀ ਗਿਆ। ਤਿੰਨ ਦਹਾਕੇ ਇੰਡੋਨੇਸ਼ੀਆ ਦੇ ਲੋਕਾਂ ਨੂੰ ਕਤਲੇਆਮ ਦੀ ਦਹਿਸ਼ਤ ਦੇ ਪਰਛਾਵੇਂ ਨੇ ਦਬਾਈ ਰੱਖਿਆ ਜਿਸ ਦੀ ਬਦੌਲਤ ਸੁਹਾਰਤੋ ਸੱਤਾਧਾਰੀ ਬਣਿਆ ਸੀ। ਇਸ ਦੇ ਸੂਬਿਆਂ ਅਤੇ ਪੂਰਬੀ ਤਿਮੋਰ ਵਿਚ ਵੱਖ-ਵੱਖ ਸਮੇਂ ਕੀਤੀ ਜਾਂਦੀ ਕਤਲੋਗ਼ਾਰਤ ਨੇ ਇਹ ਯਾਦ ਤਾਜ਼ਾ ਰੱਖੀ।

ਇਸ ਸਾਰੇ ਸਮੇਂ ਦੌਰਾਨ ਸੁਹਾਰਤੋ ਵਿਰੁੱਧ ਰੋਹ ਅੰਦਰੋ-ਅੰਦਰੀਂ ਧੁਖਦਾ ਰਿਹਾ ਸੀ—ਆਈ ਐੱਮ ਐੱਫ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਹੋਇਆ ਇਹ ਕਿ ਆਈ ਐੱਮ ਐੱਫ ਦੇ ਕਹਿਣ 'ਤੇ ਸੁਹਾਰਤੋ ਨੇ ਪੈਟਰੋਲ ਦੀ ਕੀਮਤ ਵਧਾ ਦਿੱਤੀ। ਇਸ ਪਿੱਛੋਂ ਇੰਡੋਨੇਸ਼ੀਆ ਦੇ ਲੋਕ ਉੱਠ ਖੜ੍ਹੇ ਅਤੇ ਸੁਹਾਰਤੋ ਨੂੰ ਸੱਤਾ ਤੋਂ ਵਗਾਹ ਮਾਰਿਆ।

ਜੇਲ੍ਹ ਦੇ ਤਫ਼ਤੀਸ਼ੀ ਅਧਿਕਾਰੀ ਵਾਂਗ ਆਈ ਐੱਮ ਐੱਫ ਸੰਕਟ ਦੀ ਅਥਾਹ ਪੀੜਾ ਦੀ ਵਰਤੋਂ ਏਸ਼ੀਅਨ ਸ਼ੇਰਾਂ ਦੀ ਇੱਛਾ-ਸ਼ਕਤੀ ਨੂੰ ਤੋੜ ਕੇ, ਇਨ੍ਹਾਂ ਦੇਸ਼ਾਂ ਨੂੰ ਪੂਰੀ ਤਰ੍ਹਾਂ ਆਗਿਆਕਾਰੀ ਬਣਾਉਣ ਲਈ ਕਰਦਾ ਰਿਹਾ। ਪਰ ਸੀ ਆਈ ਏ ਦੀ ਤਸੀਹਾ ਨੇਮਾਵਲੀ ਚੇਤਾਵਨੀ ਦਿੰਦੀ ਹੈ ਕਿ ਇਹ ਅਮਲ ਬਹੁਤ ਅੱਗੇ ਵੀ ਜਾ ਸਕਦਾ ਹੈ—ਜੇ ਕੈਦੀ ਨੂੰ ਇੰਤਹਾ ਤਸੀਹੇ ਦਿੱਤੇ ਜਾਂਦੇ ਹਨ ਤਾਂ ਤਸੀਹੇ ਝੱਲਣ ਵਾਲੇ ਦੇ ਗੁੰਮ ਸੁੰਮ ਹੋ ਜਾਣ ਅਤੇ ਆਗਿਆਕਾਰੀ ਬਣਨ ਦੀ ਬਜਾਏ ਤਸੀਹੇ ਦੇਣ ਵਾਲਿਆਂ ਨੂੰ ਉਸ ਦੀ ਦ੍ਰਿੜਤਾ ਅਤੇ ਆਕੀ ਹੋਣ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ। ਇੰਡੋਨੇਸ਼ੀਆ 'ਚ ਤਸੀਹੇ ਉਹ ਹੱਦਾਂ-ਬੰਨੇ ਟੱਪ ਗਏ। ਇੰਤਹਾ ਸਦਮਾ ਇਲਾਜ ਵਰਤੋਂ 'ਚ ਲਿਆਉਣ ਦੀ ਚੇਤਾਵਨੀ ਨੂੰ ਨਜ਼ਰਅੰਦਾਜ਼ ਕਰ ਦੇਣ ਕਾਰਨ ਇਸ ਤਰ੍ਹਾਂ ਦਾ ਪੁੱਠਾ ਪ੍ਰਤੀਕਰਮ ਹੋਇਆ ਜੋ ਬਾਅਦ 'ਚ ਬੋਲੀਵੀਆ ਤੋਂ ਲੈ ਕੇ ਇਰਾਕ ਤੱਕ ਆਮ ਹੀ ਸਾਹਮਣੇ ਆਇਆ।

ਐਪਰ, ਖੁੱਲ੍ਹੀ ਮੰਡੀ ਦਾ ਜਹਾਦ ਚਲਾਉਣ ਵਾਲੇ ਆਪਣੀਆਂ ਨੀਤੀਆਂ ਦੇ ਅਣਇੱਛਤ ਨਤੀਜਿਆਂ ਤੋਂ ਬਹੁਤ ਹੀ ਹੌਲੀ-ਹੌਲੀ ਸਬਕ ਸਿੱਖਦੇ ਹਨ। ਜਾਪਦਾ ਹੈ ਏਸ਼ੀਆ ਦੀਆਂ ਕੰਪਨੀਆਂ ਖ਼ਰੀਦਣ ਨਾਲ ਜੋ ਬੇਥਾਹ ਮੁਨਾਫ਼ੇ ਹੋਏ ਉਸ ਤੋਂ ਇਨ੍ਹਾਂ ਨੇ ਇਹੀ ਇਕੋ-ਇਕ ਸਬਕ ਲਿਆ ਕਿ ਇਹ ਸਦਮਾ ਸਿਧਾਂਤ ਦੀ ਇਕ ਹੋਰ ਪੁਸ਼ਟੀ, ਇਕ ਹੋਰ ਮਿਸਾਲ ਹੈ (ਇਸ ਤਰ੍ਹਾਂ ਹਾਲੇ ਹੋਰ ਮਿਸਾਲਾਂ ਦੀ ਲੋੜ ਸੀ) ਕਿ ਜਦੋਂ ਕੋਈ ਨਵੀਂ ਹੱਦਬੰਦੀ ਤੈਅ ਕੀਤੀ ਗਈ ਤਾਂ ਕੋਈ ਤਬਾਹੀ ਨਹੀਂ ਹੋਈ ਅਤੇ ਸਮਾਜ 'ਚ ਕੋਈ ਖਲਬਲੀ ਨਹੀਂ ਮਚੀ। ਸੰਕਟ ਦੇ ਸਿਖ਼ਰਾਂ ਛੂਹਣ ਤੋਂ ਕੁਝ ਸਾਲ ਬਾਅਦ ਵੀ, ਅਨੇਕਾਂ ਉੱਘੇ ਟਿੱਪਣੀਕਾਰ ਇੱਥੋਂ ਤੱਕ ਕਹੀ ਜਾਂਦੇ ਸਨ ਕਿ ਜੋ ਕੁਝ ਏਸ਼ੀਆ 'ਚ ਵਾਪਰਿਆ ਸੀ, ਹਰ ਤਰ੍ਹਾਂ ਦੀ ਤਬਾਹੀ ਦੇ ਬਾਵਜੂਦ ਇਹ ਗੁੱਝਾ ਵਰਦਾਨ ਹੈ। *ਦੀ ਇਕਨਾਮਿਸਟ* ਨੇ ਟਿੱਪਣੀ ਕੀਤੀ ਕਿ "ਕੌਮੀ ਸੰਕਟ 'ਚੋਂ ਲੰਘ ਕੇ ਹੀ ਦੱਖਣੀ ਕੋਰੀਆ ਬਦੇਸ਼ੀ ਸਰਮਾਏ, ਤਬਦੀਲੀ ਅਤੇ ਮੁਕਾਬਲੇਬਾਜ਼ੀ ਨੂੰ ਪ੍ਰਣਾਇਆ ਦੇਸ਼ ਬਣਿਆ ਜੋ ਪਹਿਲਾਂ ਆਪਣੇ ਆਪ ਤੱਕ ਹੀ ਸਿਮਟਿਆ ਹੋਇਆ ਸੀ।" ਆਪਣੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ The Lexus and the Olive Tree ਵਿਚ ਥਾਮਸ ਫਰਾਇਡਮੈਨ ਨੇ ਐਲਾਨ ਕੀਤਾ ਕਿ ਜੋ ਕੁਝ ਏਸ਼ੀਆ ਵਿਚ ਹੋਇਆ ਉਹ ਸੰਕਟ ਬਿਲਕੁਲ ਨਹੀਂ ਸੀ। ਉਸ ਨੇ ਲਿਖਿਆ, "ਮੇਰਾ ਵਿਸ਼ਵਾਸ ਹੈ ਕਿ 1990ਵਿਆਂ ਵਿਚ ਥਾਈਲੈਂਡ, ਕੋਰੀਆ, ਮਲੇਸ਼ੀਆ, ਇੰਡੋਨੇਸ਼ੀਆ, ਮੈਕਸੀਕੋ, ਰੂਸ ਅਤੇ ਬਰਾਜ਼ੀਲ ਦੇ ਅਰਥਚਾਰਿਆਂ ਦੀ ਆਰਥਕ ਗਿਰਾਵਟ ਕਾਰਨ ਸਾਨੂੰ ਤਾਂ ਵਿਸ਼ਵੀਕਰਨ ਦਾ ਨਿਰਾ ਫ਼ਾਇਦਾ ਹੀ ਹੋਇਆ ਕਿਉਂਕਿ ਇਸ ਨਾਲ ਵੇਲਾ ਵਿਹਾ ਚੁੱਕੇ ਅਮਲ ਅਤੇ ਸੰਸਥਾਵਾਂ ਬੇਨਕਾਬ ਹੋ ਗਈਆਂ।" ਨਾਲ ਹੀ ਉਸ ਨੇ ਇਹ ਵੀ ਕਿਹਾ, "ਮੇਰੀ ਕਿਤਾਬ ਅਨੁਸਾਰ ਕੋਰੀਆ ਦੀ ਸਰਮਾਏਦਾਰ ਜੁੰਡਲੀ ਨੂੰ ਬੇਨਕਾਬ ਕਰਨਾ ਕੋਈ ਸੰਕਟ ਨਹੀਂ ਸੀ।"[53] ਬਾਅਦ ਵਿਚ *ਨਿਊ ਯਾਰਕ ਟਾਈਮਜ਼* ਦੇ ਕਾਲਮਾਂ 'ਚ ਉਸ ਨੇ ਇਰਾਕ ਉੱਪਰ ਹਮਲੇ ਦੀ ਹਮਾਇਤ 'ਚ ਵੀ ਅਜਿਹੀ ਦਲੀਲ ਹੀ ਦਿੱਤੀ। ਪਰ ਇੱਥੇ ਆਰਥਕ ਗਿਰਾਵਟ ਸਿੱਕੇ ਦੇ ਵਪਾਰ ਦੁਆਰਾ ਨਹੀਂ ਬਲਕਿ ਕਰੂਜ਼ ਮਿਜ਼ਾਇਲਾਂ ਰਾਹੀਂ ਲਿਆਂਦੀ ਗਈ।

ਏਸ਼ੀਆ ਦੇ ਸੰਕਟ ਨੇ ਦਰਸਾ ਦਿੱਤਾ ਕਿ ਤਬਾਹੀ ਮਚਾਉਣ ਵਾਲੀ ਲੁੱਟ ਕਿਵੇਂ ਕੰਮ ਕਰਦੀ

ਹੈ। ਨਾਲ ਹੀ, ਮੰਡੀ ਦੀ ਤਬਾਹੀ ਅਤੇ ਇਸ ਪ੍ਰਤੀ ਪੱਛਮ ਦੇ ਸਨਕੀ ਰਵੱਈਏ ਕਾਰਨ ਇਸ ਦੇ ਵਿਰੋਧ 'ਚ ਜ਼ਬਰਦਸਤ ਲਹਿਰਾਂ ਪੈਦਾ ਹੋ ਗਈਆਂ।

ਬਹੁ-ਕੌਮੀ ਸਰਮਾਏ ਦੀਆਂ ਤਾਕਤਾਂ ਏਸ਼ੀਆ ਉੱਤੇ ਕਾਬਜ਼ ਹੋ ਗਈਆਂ, ਪਰ ਇਸ ਨਾਲ ਜਨਤਾ ਦਾ ਰੋਹ ਵੀ ਵਧ ਗਿਆ। ਆਖ਼ਿਰ ਇਹ ਰੋਹ ਸਿੱਧਾ ਰੋਕਾਂ ਤੋਂ ਮੁਕਤ ਸਰਮਾਏਦਾਰੀ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਾਲੀਆਂ ਤਾਕਤਾਂ ਵੱਲ ਸੇਧਤ ਹੋ ਗਿਆ। *ਫਾਇਨਾਂਸ਼ੀਅਲ ਟਾਈਮਜ਼* ਦੀ ਅਸਧਾਰਨ ਤੌਰ 'ਤੇ ਸਾਵੀਂ ਸੰਪਾਦਕੀ 'ਚ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ, ਏਸ਼ੀਆ "ਇਹ ਚੇਤਾਵਨੀ ਸੀ ਕਿ ਸਰਮਾਏਦਾਰੀ ਅਤੇ ਵਿਸ਼ਵੀਕਰਨ ਦੀਆਂ ਤਾਕਤਾਂ ਬਾਰੇ ਜਨਤਾ ਦੀ ਔਖ ਚਿੰਤਾਜਨਕ ਹੱਦ ਤੱਕ ਪਹੁੰਚ ਗਈ ਹੈ। ਏਸ਼ੀਆ ਦੇ ਸੰਕਟ ਨੇ ਇਹ ਦਰਸਾ ਦਿੱਤਾ ਹੈ ਕਿ ਸਰਮਾਏ ਦੇ ਅਚਾਨਕ ਉਡਾਰੀ ਮਾਰ ਜਾਣ ਨਾਲ ਕਿਵੇਂ ਸਭ ਤੋਂ ਕਾਮਯਾਬ ਦੇਸ਼ਾਂ ਦੀਆਂ ਵੀ ਗੋਡਣੀਆਂ ਲੱਗ ਜਾਂਦੀਆਂ ਹਨ। ਲੋਕਾਂ ਨੂੰ ਗੁੱਸਾ ਇਹ ਸੀ ਕਿ ਗੁਪਤ ਵਾੜ ਫੰਡਾਂ (hedge funds) ਦੀਆਂ ਮਨਮਾਨੀਆਂ ਕਿਵੇਂ ਦੁਨੀਆਂ ਦੇ ਦੂਜੇ ਸਿਰੇ 'ਤੇ ਵਿਆਪਕ ਗਰੀਬੀ ਦਾ ਪ੍ਰਤੱਖ ਕਾਰਨ ਬਣ ਜਾਂਦੀਆਂ ਹਨ।"[54]

ਸੋਵੀਅਤ ਯੂਨੀਅਨ ਵਿਚ ਤਾਂ ਸਦਮਾ ਇਲਾਜ ਦੀ ਵਿਉਂਤਬਧ ਕੰਗਾਲੀ ਕਮਿਊਨਿਜ਼ਮ ਤੋਂ ਮੰਡੀ ਅਧਾਰਤ ਜਮਹੂਰੀਅਤ ਵੱਲ "ਸ਼ਾਂਤਮਈ ਤਬਦੀਲੀ" ਦਾ ਅੰਗ ਮੰਨ ਲਈ ਗਈ ਸੀ ਪਰ ਇਸ ਦੇ ਉਲਟ ਏਸ਼ੀਆ ਦਾ ਸੰਕਟ ਸਾਫ਼ ਤੌਰ 'ਤੇ ਆਲਮੀ ਮੰਡੀਆਂ ਬਣਾਏ ਜਾਣ ਦੀ ਉਪਜ ਸੀ। ਫੇਰ ਵੀ ਜਦੋਂ ਵਿਸ਼ਵੀਕਰਨ ਦੇ ਮੁੱਖ ਪ੍ਰਚਾਰਕਾਂ ਨੇ ਤਬਾਹ ਹੋਏ ਖੇਤਰਾਂ 'ਚ ਮਿਸ਼ਨ ਭੇਜੇ ਤਾਂ ਉਨ੍ਹਾਂ ਸਾਰਿਆਂ ਦਾ ਇਰਾਦਾ ਇਸ ਪੀੜ ਨੂੰ ਹੋਰ ਵਧਾਉਣ ਦਾ ਸੀ।

ਇਸ ਦਾ ਸਿੱਟਾ ਇਹ ਹੋਇਆ ਕਿ ਇਹ ਮਿਸ਼ਨ ਜਿਵੇਂ ਪਹਿਲਾਂ ਮੌਜ ਨਾਲ ਹੀ ਚੁੱਪ-ਚੁਪੀਤੇ ਵਿਚਰਦੇ ਰਹਿੰਦੇ ਸਨ ਉਹ ਹਾਲਤ ਹੁਣ ਨਹੀਂ ਰਹੀ ਸੀ। ਆਈ ਐੱਮ ਐੱਫ ਦਾ ਸਟੈਨਲੇ ਫਿਸਚਰ ਜਦੋਂ ਗੱਲਬਾਤ ਦੇ ਸ਼ੁਰੂਆਤੀ ਦੌਰ 'ਚ ਦੱਖਣੀ ਕੋਰੀਆ ਗਿਆ ਤਾਂ ਉਸ ਨੇ ਹੋਟਲ ਸਿਓਲ ਹਿਲਟਨ ਦੇ ਆਲੇ-ਦੁਆਲੇ ਜੋ ਗਹਿਮਾ-ਗਹਿਮੀ ਦੇਖੀ ਉਸ ਨੂੰ ਉਸ ਨੇ ਇਸ ਤਰ੍ਹਾਂ ਬਿਆਨ ਕੀਤਾ : "ਮੈਂ ਆਪਣੇ ਹੋਟਲ ਦੇ ਕਮਰੇ 'ਚ ਕੈਦ ਹੋ ਗਿਆ—ਮੈਂ ਬਾਹਰ ਨਹੀਂ ਜਾ ਸਕਦਾ ਸੀ ਕਿਉਂਕਿ ਜੇ ਮੈਂ ਦਰਵਾਜ਼ਾ ਖੋਲ੍ਹਦਾ ਸੀ ਤਾਂ ਉੱਥੇ ਦਸ ਹਜ਼ਾਰ ਫੋਟੋਗ੍ਰਾਫਰ ਮੌਜੂਦ ਸਨ।" ਇਕ ਹੋਰ ਵੇਰਵਾ ਇਸ ਤਰ੍ਹਾਂ ਸੀ : ਜਿਸ ਦਾਅਵਤ ਹਾਲ 'ਚ ਗੱਲਬਾਤ ਚੱਲ ਰਹੀ ਸੀ ਉੱਥੇ ਪਹੁੰਚਣ ਲਈ ਆਈ ਐੱਮ ਐੱਫ ਦੇ ਨੁਮਾਇੰਦੇ "ਪਿਛਲੇ ਦਰਵਾਜ਼ੇ ਰਾਹੀਂ ਦਾਖ਼ਲ ਹੋ ਕੇ ਅਤੇ ਝਕਾਨੀ ਦੇ ਕੇ ਪਹੁੰਚਣ ਲਈ" ਮਜਬੂਰ ਹੋ ਗਏ। "ਉਨ੍ਹਾਂ ਨੂੰ ਪੌੜੀਆਂ ਚੜ੍ਹਨੀਆਂ ਉੱਤਰਨੀਆਂ ਪਈਆਂ ਅਤੇ ਹਿਲਟਨ ਦੀ ਵਿਸ਼ਾਲ ਰਸੋਈ ਵਿਚੋਂ ਦੀ ਲੰਘਕੇ ਜਾਣਾ ਪਿਆ।"[55] ਉਸ ਵਕਤ ਆਈ ਐੱਮ ਐੱਫ ਦੇ ਅਧਿਕਾਰੀ ਐਨਾ ਨਜ਼ਰੀਂ ਚੜ੍ਹ ਜਾਣ ਦੇ ਆਦੀ ਨਹੀਂ ਸਨ। ਪਰ ਜਦੋਂ ਆਉਣ ਵਾਲੇ ਸਾਲਾਂ 'ਚ ਦੁਨੀਆਂ ਭਰ 'ਚ ਵਾਸ਼ਿੰਗਟਨ ਵਾਲੀ ਆਮ-ਸਹਿਮਤੀ ਦੇ ਏਲਚੀਆਂ ਦਾ ਸਵਾਗਤ ਜਨਤਕ ਰੋਸ ਮੁਜ਼ਾਹਰਿਆਂ ਨਾਲ ਹੋਣਾ ਸ਼ੁਰੂ ਹੋ ਗਿਆ ਤਾਂ ਉਨ੍ਹਾਂ ਨੂੰ ਪੰਜ-ਤਾਰਾ ਹੋਟਲਾਂ ਅਤੇ ਸੰਮੇਲਨਾਂ ਦੀਆਂ ਥਾਵਾਂ 'ਚ ਡੱਕੇ ਰਹਿਣ ਦਾ ਤਜਰਬਾ ਹੋ ਜਾਵੇਗਾ।

1998 ਤੋਂ ਬਾਅਦ, ਸ਼ਾਂਤਮਈ ਤਰੀਕਿਆਂ—ਆਈ ਐੱਮ ਐੱਫ ਵਲੋਂ ਆਮ ਰਵਾਇਤੀ ਬੁਰਛਾਗਰਦੀ ਜਾਂ ਵਪਾਰਕ ਸਿਖ਼ਰ ਸੰਮੇਲਨਾਂ 'ਚ ਬਾਂਹ ਮਰੋੜਨ ਦੇ ਤਰੀਕੇ—ਰਾਹੀਂ ਸਦਮਾ ਇਲਾਜ ਤਰਜ਼ ਦੀ ਰੱਦੋ-ਬਦਲ ਥੋਪਣੀ ਮੁਸ਼ਕਲ ਹੋ ਗਈ। 1999 'ਚ ਦੱਖਣ ਦੇ ਨਵੇਂ ਬਾਗ਼ੀ ਰੌਅ ਨੇ ਸਿਆਟਲ ਦੀ ਆਲਮੀ ਸਫ਼ਲਤਾ 'ਚ ਅੜਿੱਕਾ ਡਾਹ ਦਿੱਤਾ ਅਤੇ ਗੱਲਬਾਤ ਅੱਧ

ਵਿਚਾਲੇ ਲਟਕ ਗਈ। ਹਾਲਾਂਕਿ ਵਿਦਿਆਰਥੀ ਵਿਖਾਵਾਕਾਰੀਆਂ ਨੂੰ ਪ੍ਰਚਾਰ ਮਾਧਿਅਮਾਂ ਨੇ ਵਾਹਵਾ ਪ੍ਰਚਾਰਿਆ ਪਰ ਅਸਲ ਬਗ਼ਾਵਤ ਸੰਮੇਲਨ ਦੇ ਅੰਦਰ ਹੋਈ ਜਦੋਂ ਵਿਕਾਸਸ਼ੀਲ ਦੇਸ਼ਾਂ ਨੇ ਵੋਟਿੰਗ ਗੁੱਟ ਬਣਾ ਲਿਆ। ਉਨ੍ਹਾਂ ਨੇ ਆਪਣੀਆਂ ਘਰੇਲੂ ਸਨਅਤਾਂ ਨੂੰ ਸਬਸਿਡੀਆਂ ਅਤੇ ਸੁਰੱਖਿਆ ਜਾਰੀ ਰੱਖਣ ਅਤੇ ਨਾਲ ਹੀ ਹੋਰ ਵੀ ਵਧੇਰੇ ਭਾਰੀ ਵਪਾਰਕ ਰਿਆਇਤਾਂ ਦਿੱਤੇ ਜਾਣ ਦੀ ਯੂਰਪ ਅਤੇ ਅਮਰੀਕਾ ਦੀ ਮੰਗ ਰੱਦ ਕਰ ਦਿੱਤੀ।

ਉਸ ਵਕਤ, ਸਿਆਟਲ 'ਚ ਗੱਲਬਾਤ ਦੇ ਟੁੱਟਣ ਨੂੰ ਕਾਰਪੋਰੇਟਸ਼ਾਹੀ ਦੇ ਅੱਗੇ ਵਧਣ 'ਚ ਨਿੱਕੀ ਜਹੀ ਰੁਕਾਵਟ ਦੱਸ ਕੇ ਰੱਦ ਕਰ ਦੇਣਾ ਹਾਲੇ ਸੰਭਵ ਸੀ। ਪਰ ਕੁਝ ਸਾਲਾਂ 'ਚ ਹੀ ਇਸ ਡੂੰਘੀ ਤਬਦੀਲੀ ਤੋਂ ਇਨਕਾਰ ਕਰਨਾ ਮੁਸ਼ਕਲ ਹੋ ਗਿਆ : ਉਹ ਇਹ ਸੀ ਕਿ ਅਮਰੀਕੀ ਸਰਕਾਰ ਨੂੰ ਪੂਰੇ ਏਸ਼ੀਆ-ਪ੍ਰਸ਼ਾਂਤ ਮਹਾਂਸਾਗਰੀ ਖੇਤਰ ਨੂੰ ਲੈ ਕੇ ਬਣਾਏ ਜਾਣ ਵਾਲੇ ਸੰਯੁਕਤ ਮੁਕਤ ਵਪਾਰ ਖੇਤਰ ਦਾ ਜ਼ੋਰਦਾਰ ਸੁਪਨਾ ਤਿਆਗਣਾ ਪੈ ਗਿਆ। ਇਹੀ ਹਸ਼ਰ ਪੂੰਜੀ-ਨਿਵੇਸ਼ਕਾਰਾਂ ਦੇ ਆਲਮੀ ਸਮਝੌਤੇ ਅਤੇ ਅਲਾਸਕਾ ਤੋਂ ਲੈ ਕੇ ਚਿੱਲੀ ਤੱਕ ਫੈਲੇ ਅਮਰੀਕਾ ਦੇ ਮੁਕਤ ਵਪਾਰ ਖੇਤਰ ਦੀਆਂ ਯੋਜਨਾਵਾਂ ਦਾ ਹੋਇਆ।

ਵਿਸ਼ਵੀਕਰਨ ਵਿਰੋਧੀ ਅਖੌਤੀ ਲਹਿਰ ਦਾ ਸਭ ਤੋਂ ਵੱਡਾ ਪ੍ਰਭਾਵ ਸ਼ਾਇਦ ਇਹ ਪਿਆ ਕਿ ਸ਼ਿਕਾਗੋ ਸਕੂਲ ਦੇ ਸਿਧਾਂਤ ਨੂੰ ਕੌਮਾਂਤਰੀ ਬਹਿਸ 'ਚ ਖੂੰਜੇ ਲਾ ਦਿੱਤਾ ਗਿਆ ਜਿੱਥੇ ਇਸ ਵੱਲ ਕੋਈ ਧਿਆਨ ਨਹੀਂ ਦਿੰਦਾ। ਨਵੀਂ ਦਹਿ-ਸਦੀ ਦੇ ਆਗਾਜ਼ ਦੇ ਸੰਖੇਪ ਅਰਸੇ 'ਚ ਐਸਾ ਕੋਈ ਜ਼ਬਰਦਸਤ ਸੰਕਟ ਨਹੀਂ ਸੀ ਜੋ ਦੁਨੀਆਂ ਦੀ ਸੁਤਾ ਹੋਰ ਪਾਸੇ ਲਾ ਸਕੇ—ਕਰਜੇ ਦੇ ਸਦਮੇ ਮੱਠੇ ਪੈ ਗਏ ਸਨ, "ਤਬਦੀਲੀਆਂ" ਦਾ ਗੇੜ ਪੂਰਾ ਹੋ ਚੁੱਕਾ ਸੀ ਅਤੇ ਨਵੀਂ ਆਲਮੀ ਜੰਗ ਦੀ ਆਮਦ ਹਾਲੇ ਨਹੀਂ ਹੋਈ ਸੀ। ਸਿਰਫ਼ ਖੁੱਲ੍ਹੀ ਮੰਡੀ ਦੇ ਜਹਾਦ ਦੀ ਕਾਰਗੁਜ਼ਾਰੀ ਦਾ ਅਸਲ ਰਿਕਾਰਡ ਹੀ ਬਾਕੀ ਸੀ : ਜਦੋਂ ਇਕ ਤੋਂ ਬਾਅਦ ਇਕ ਸਰਕਾਰ ਫਰਾਇਡਮੈਨ ਦੀ ਸਲਾਹ ਮੰਨਦੀ ਗਈ ਤਾਂ ਪਿੱਛੇ ਰਹਿ ਜਾਂਦੀ ਸੀ ਨਾਬਰਾਬਰੀ, ਭ੍ਰਿਸ਼ਟਾਚਾਰ ਅਤੇ ਵਾਤਾਵਰਨ ਦੀ ਤਬਾਹੀ ਦੀ ਮਨਹੂਸ ਹਕੀਕਤ। ਸਲਾਹ ਜੋ ਉਸ ਨੇ ਬਹੁਤ ਸਾਲ ਪਹਿਲਾਂ ਪਿਨੋਚੇ ਨੂੰ ਦਿੱਤੀ ਸੀ ਕਿ "ਹੋਰ ਲੋਕਾਂ ਦੇ ਪੈਸੇ ਨਾਲ ਭਲਾ ਕਰਨ" ਦੀ ਕੋਸ਼ਿਸ਼ ਗ਼ਲਤ ਗੱਲ ਹੈ।

ਪਿਛਲ ਝਾਤ ਮਾਰਨ 'ਤੇ ਦਿਖਾਈ ਦਿੰਦਾ ਹੈ ਕਿ ਸਰਮਾਏਦਾਰੀ ਦੀ ਅਜਾਰੇਦਾਰੀ ਦਾ ਐਸਾ ਅਰਸਾ ਬਹੁਤ ਹੀ ਥੋੜ੍ਹਾ ਸੀ, ਜਦੋਂ ਇਸ ਨੂੰ ਮੁਕਾਬਲੇ ਦੀ ਵਿਚਾਰਧਾਰਾ ਜਾਂ ਮੁਕਾਬਲਾ ਕਰਨ ਵਾਲੀਆਂ ਤਾਕਤਾਂ ਦੀ ਚੁਣੌਤੀ ਨਹੀਂ ਸੀ। ਇਹ 1991 'ਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਲੈ ਕੇ 1999 'ਚ ਡਬਲਯੂ ਟੀ ਓ ਦੀ ਗੱਲਬਾਤ ਟੁੱਟ ਜਾਣ ਤੱਕ ਸਿਰਫ਼ ਅੱਠ ਸਾਲ ਦਾ ਅਰਸਾ ਸੀ। ਫੇਰ ਵੀ ਵਧ ਰਹੇ ਵਿਰੋਧ ਦੇ ਬਾਵਜੂਦ ਅਸਾਧਾਰਨ ਮੁਨਾਫ਼ੇ ਦੇਣ ਵਾਲੇ ਇਸ ਏਜੰਡੇ ਨੂੰ ਅੱਗੇ ਵਧਾਉਣ ਦੀ ਦ੍ਰਿੜਤਾ ਮੱਠੀ ਨਹੀਂ ਪੈਣੀ ਸੀ; ਇਸ ਦੇ ਹਮਾਇਤੀ ਪਹਿਲਾਂ ਨਾਲੋਂ ਵੀ ਵੱਡੇ ਸਦਮਿਆਂ 'ਚੋਂ ਉਪਜੇ ਖੌਫ਼ ਅਤੇ ਖਲਬਲੀ ਦੀਆਂ ਛੱਲਾਂ ਉੱਪਰ ਮੌਜ ਨਾਲ ਹੀ ਠਿੱਲ ਪੈਣੇ ਸਨ।

ਸਦਮੇ ਦੇ ਸਮਿਆਂ ’ਚ
ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ

ਸਿਰਜਣਾਤਮਕ ਤਬਾਹੀ ਸਾਡੇ ਆਪਣੇ ਸਮਾਜ ਅਤੇ ਬਦੇਸ਼ ਦੋਵਾਂ ’ਚ ਸਾਡੀ ਖ਼ਾਸ ਖ਼ੂਬੀ ਹੈ। ਅਸੀਂ ਕਾਰੋਬਾਰ ਤੋਂ ਲੈ ਕੇ ਵਿਗਿਆਨ, ਸਾਹਿਤ, ਕਲਾ, ਇਮਾਰਤਸਾਜ਼ੀ ਤੱਕ ਅਤੇ ਸਿਨੇਮਾ ਤੋਂ ਲੈ ਕੇ ਸਿਆਸਤ ਅਤੇ ਕਾਨੂੰਨ ਤੱਕ ਹਰ ਪੁਰਾਣੇ ਦਸਤੂਰ ਦੇ ਪਰਖਚੇ ਉਡਾਉਣ ਦੇ ਅਮਲ ’ਚ ਜੁੱਟੇ ਰਹਿੰਦੇ ਹਾਂ....। ਜਿਊਂਦੇ ਰਹਿਣ ਲਈ ਉਨ੍ਹਾਂ ਦਾ ਸਾਡੇ ਉੱਪਰ ਹਮਲਾ ਕਰਨਾ ਲਾਜ਼ਮੀ ਹੈ, ਉਸੇ ਤਰ੍ਹਾਂ ਜਿਵੇਂ ਆਪਣੇ ਇਤਿਹਾਸਕ ਮਿਸ਼ਨ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨੂੰ ਤਬਾਹ ਕਰਨਾ ਸਾਡੇ ਲਈ ਜ਼ਰੂਰੀ ਹੈ।
—ਮਿਸ਼ੇਲ ਲਿਡੀਨ, *ਦਹਿਸ਼ਤ ਦੇ ਉਸਤਾਦਾਂ ਵਿਰੁੱਧ ਜੰਗ*, 2002

ਕਿਸੇ ਵੀ ਮਸਲੇ ਬਾਰੇ ਜਾਰਜ ਦਾ ਜਵਾਬ ਜਾਨਵਰਾਂ ਦੇ ਤਬੇਲੇ ਦੇ ਕਸਾਈ ਵਾਲਾ ਹੁੰਦਾ ਹੈ : ਇਸ ਨੂੰ ਝਟਕਾਅ ਦਿਓ—ਮੇਰੇ ਖ਼ਿਆਲ ਅਨੁਸਾਰ ਇਹੀ ਵਜ੍ਹਾ ਹੈ ਕਿ ਜਾਰਜ, ਚੈਨੀ ਅਤੇ ਰਮਜ਼ਫੈਲਡ ਐਨੇ ਇਕਸੁਰ ਹਨ।
—ਲਾਓਰਾ ਬੁਸ਼, ਵਾਈਟ ਹਾਊਸ ਵਿਖੇ ਪੱਤਰਕਾਰ ਐਸੋਸੀਏਸ਼ਨ ਨਾਲ ਰਾਤ ਦੇ ਖਾਣੇ ਮੌਕੇ, 30 ਅਪ੍ਰੈਲ 2005

ਕਾਂਡ ਚੌਦਵਾਂ
ਅਮਰੀਕਾ ਵਿਚ ਸਦਮਾ ਇਲਾਜ
ਅੰਦਰੂਨੀ ਸੁਰੱਖਿਆ ਦਾ ਬੁਲਬੁਲਾ

ਇਹ ਨਿੱਕੂ ਜਿਹਾ ਹਰਾਮਜ਼ਾਦਾ ਪੂਰਾ ਬੇਰਹਿਮ ਹੈ। ਤੁਸੀਂ ਮੇਰੀ ਗੱਲ ’ਤੇ ਯਕੀਨ ਕਰੋ।
—ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਵਲੋਂ ਡੋਨਾਲਡ ਰਮਜ਼ਫੈਲਡ ਬਾਰੇ ਟਿੱਪਣੀ, 1971[1]

ਮੈਨੂੰ ਖ਼ਦਸ਼ਾ ਹੈ ਕਿ ਸਾਨੂੰ ਇਕ ਚੌਕਸ ਸਮਾਜ ਨੇ ਘੇਰਿਆ ਹੋਇਆ ਹੈ।
—ਰਿਚਰਡ ਥਾਮਸ, ਯੂ ਕੇ ਸੂਚਨਾ ਕਮਿਸ਼ਨਰ, ਨਵੰਬਰ 2006[2]

ਦੇਸ਼ ਦੀ ਅੰਦਰੂਨੀ ਸੁਰੱਖਿਆ ਸਨਅਤ ਹੁਣ ਉਸ ਮੁਕਾਮ ਉੱਤੇ ਪੁੱਜ ਗਈ ਹੈ ਜਿੱਥੋਂ ਤੱਕ 1997 ’ਚ ਇੰਟਰਨੈੱਟ ਪੂੰਜੀ-ਨਿਵੇਸ਼ ਪੁੱਜਿਆ ਸੀ। ਓਦੋਂ, ਤੁਸੀਂ ਆਪਣੀ ਕੰਪਨੀ ਦੇ ਨਾਂ ਮੂਹਰੇ ਬਸ “ਈ” ਲਗਾਉਣਾ ਹੁੰਦਾ ਸੀ ਅਤੇ ਤੁਹਾਡੀ ਆਈ ਪੀ ਓ (Initial Public Offering) ਦੀ ਗੁੱਡੀ ਚੜ੍ਹ ਜਾਂਦੀ ਸੀ। ਹੁਣ ਤੁਸੀਂ ਇਹੀ “ਸੁਰੱਖਿਆ” ਦੇ ਨਾਂ ’ਤੇ ਕਰ ਸਕਦੇ ਹੋ।
—ਡੇਨੀਅਲ ਗਰੌਸ, ਸਲੇਟ, ਜੂਨ 2005[3]

ਵਾਸ਼ਿੰਗਟਨ 'ਚ ਹੁੰਮਸ ਭਰਿਆ ਸੋਮਵਾਰ ਦਾ ਦਿਨ ਸੀ ਅਤੇ ਡੋਨਾਲਡ ਰਮਜ਼ਫੈਲਡ ਕੁਝ ਐਸਾ ਕਰਨ ਜਾ ਰਿਹਾ ਸੀ ਜਿਸ ਨਾਲ ਉਸ ਨੂੰ ਨਫ਼ਰਤ ਸੀ : ਆਪਣੇ ਅਮਲੇ-ਫ਼ੈਲੇ ਨਾਲ ਗੱਲਬਾਤ ਕਰਨੀ। ਰੱਖਿਆ ਮੰਤਰੀ ਵਜੋਂ ਅਹੁਦਾ ਸੰਭਾਲਣ ਦੇ ਸਮੇਂ ਤੋਂ, ਜਾਇੰਟ ਚੀਫ ਆਫ ਸਟਾਫ਼ 'ਚ ਉਹ ਬਹੁਤ ਸਖ਼ਤ ਸੁਭਾਅ ਦੇ, ਚੁੱਪਗੜੁੱਪ ਬੰਦੇ ਵਜੋਂ ਮਸ਼ਹੂਰ ਸੀ। ਹੁਣ ਉਸ ਬਾਰੇ ਇਕ ਲਫ਼ਜ਼ ਘੁੰਮਡੀ ਮਸ਼ਹੂਰ ਹੋ ਗਿਆ ਸੀ। ਉਨ੍ਹਾਂ ਦੀ ਮੁਖ਼ਾਲਫ਼ਤ ਸਮਝ ਆਉਂਦੀ ਸੀ। ਪੈਂਟਾਗਾਨ 'ਚ ਪੈਰ ਧਰਦੇ ਸਾਰ ਰਮਜ਼ਫੈਲਡ ਨੇ ਆਗੂ ਅਤੇ ਹੱਲਾਸ਼ੇਰੀ ਦੇਣ ਵਾਲੇ ਦੀ ਰਵਾਇਤੀ ਭੂਮਿਕਾ ਵਗਾਹ ਮਾਰੀ ਅਤੇ ਇਸ ਦੀ ਥਾਂ ਉਹ ਬੇਰਹਿਮ ਕਸਾਈ—ਕੰਪਨੀਆਂ ਨੂੰ ਵੱਢਣ-ਟੁੱਕਣ ਦੀ ਮੁਹਿੰਮ 'ਤੇ ਨਿੱਕਲੇ ਮੁੱਖ ਕਾਰਜਕਾਰੀ ਸਕੱਤਰ—ਵਾਲਾ ਕੰਮ ਕਰ ਰਿਹਾ ਸੀ।

ਜਦੋਂ ਰਮਜ਼ਫੈਲਡ ਨੇ ਇਹ ਅਹੁਦਾ ਕਬੂਲ ਕੀਤਾ, ਕਈਆਂ ਨੂੰ ਤਾਂ ਹੈਰਾਨੀ ਹੋਈ ਸੀ ਕਿ ਉਹ ਸਗੋਂ ਇਸ ਦਾ ਖਾਹਸ਼ਮੰਦ ਕਿਉਂ ਸੀ। ਉਹ ਅਠਾਹਠ ਵਰ੍ਹਿਆਂ ਦਾ ਹੋ ਗਿਆ ਸੀ, ਪੰਜ ਪੋਤੇ-ਪੋਤੀਆਂ ਵਾਲਾ ਸੀ ਅਤੇ ਅੰਦਾਜ਼ਨ 25 ਕਰੋੜ ਡਾਲਰ ਦੌਲਤ ਦਾ ਮਾਲਕ ਸੀ। ਅਤੇ ਉਹ ਗੇਰਾਲਡ ਫੋਰਡ ਪ੍ਰਸ਼ਾਸਨ ਵਿਚ ਪਹਿਲਾਂ ਹੀ ਇਸ ਅਹੁਦੇ ਉੱਤੇ ਰਹਿ ਚੁੱਕਿਆ ਸੀ।[4] ਫੇਰ ਵੀ ਰਮਜ਼ਫੈਲਡ ਦੀ ਰਵਾਇਤੀ ਕਿਸਮ ਦਾ ਮੰਤਰੀ ਬਣਨ ਦੀ ਕੋਈ ਇੱਛਾ ਨਹੀਂ ਸੀ ਕਿ ਉਸ ਦੀ ਨਿਗਰਾਨੀ ਹੇਠ ਬਸ ਯੁੱਧ ਛੇੜੇ ਜਾਣ; ਉਸ ਦੇ ਸੁਪਨੇ ਇਸ ਤੋਂ ਕਿਤੇ ਵੱਡੇ ਸਨ।

ਰੱਖਿਆ ਮੰਤਰੀ ਬਣਨ ਵਾਲਾ ਇਹ ਸ਼ਖਸ ਬੀਤੇ ਵੀਹ ਵਰ੍ਹੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਬੋਰਡਾਂ 'ਚ ਅਤੇ ਉਨ੍ਹਾਂ ਦਾ ਮੁਖੀ ਰਿਹਾ ਸੀ। ਅਕਸਰ ਹੀ ਉਹ ਕੰਪਨੀਆਂ ਦੇ ਨਾਟਕੀ ਰਲੇਵਿਆਂ ਅਤੇ ਉਨ੍ਹਾਂ ਨੂੰ ਹੜੱਪਣ ਅਤੇ ਨਾਲ ਹੀ ਕਸ਼ਟਦਾਇਕ ਢਾਂਚਾ ਢਲਾਈ ਦੀ ਅਗਵਾਈ ਕਰਦਾ ਰਿਹਾ ਸੀ। ਨੱਬੇਵਿਆਂ 'ਚ ਉਹ ਨਵੀਂ ਆਰਥਿਕਤਾ ਦਾ ਮੋਹਰੀ ਬਣਿਆ, ਡਿਜ਼ੀਟਲ ਟੀ ਵੀ 'ਚ ਵਿਸ਼ੇਸ਼ ਮੁਹਾਰਤ ਵਾਲੀ ਕੰਪਨੀ ਦਾ ਕਰਤਾ-ਧਰਤਾ ਬਣਿਆ, ਇਕ ਹੋਰ ਹੋਣਹਾਰ "ਈ-ਬਿਜ਼ਨੈੱਸ ਦੇ ਹੱਲ ਪੇਸ਼ ਕਰਨ ਵਾਲੀ" ਕੰਪਨੀ ਦੇ ਬੋਰਡ ਦਾ ਮੈਂਬਰ ਹੋ ਗਿਆ ਅਤੇ ਇਕ ਬਹੁਤ ਹੀ ਵਿਗਿਆਨਕ-ਉੱਚ ਕੋਟੀ ਦੀ ਬਾਇਓ ਟੈੱਕ ਕੰਪਨੀ ਦੇ ਬੋਰਡ ਦਾ ਪ੍ਰਧਾਨ ਬਣ ਗਿਆ ਜੋ ਏਵੀਅਨ ਫਲੂ ਅਤੇ ਨਾਲ ਹੀ ਏਡਜ਼ ਦੀਆਂ ਕਈਆਂ ਅਹਿਮ ਦਵਾਈਆਂ ਦੇ ਵਿਸ਼ੇਸ਼ ਪੇਟੈਂਟ ਦੀ ਮਾਲਕ ਹੈ।[5] ਜਦੋਂ 2001 'ਚ ਰਮਜ਼ਫੈਲਡ ਜਾਰਜ ਡਬਲਯੂ ਬੁਸ਼ ਦੇ ਮੰਤਰੀ ਮੰਡਲ 'ਚ ਸ਼ਾਮਲ ਹੋਇਆ ਤਾਂ ਉਹ ਇੱਕੀਵੀਂ ਸਦੀ ਲਈ ਯੁੱਧ ਕਲਾ ਦੀਆਂ ਨਵੀਆਂ ਕਾਢਾਂ ਕੱਢਣ ਦੇ ਨਿੱਜੀ ਮਿਸ਼ਨ ਤਹਿਤ ਇਸ ਪਾਸੇ ਆਇਆ ਸੀ। ਉਹ ਇਸ ਨੂੰ ਜਿਸਮਾਨੀ ਨਾਲੋਂ ਵੱਧ ਮਨੋ-ਵਿਗਿਆਨਕ, ਲੜਾਈ ਨਾਲੋਂ ਵੱਧ ਦਰਸ਼ਨੀ ਕਾਰਵਾਈ ਅਤੇ ਪਹਿਲਾਂ ਨਾਲੋਂ ਕਿਤੇ ਵੱਧ ਮੁਨਾਫ਼ੇ ਦੇਣ ਵਾਲੀ ਬਣਾਉਣਾ ਚਾਹੁੰਦਾ ਸੀ।

ਰਮਜ਼ਫੈਲਡ ਦੇ ਰੱਟੇ ਵਾਲੇ "ਕਾਇਆਕਲਪ ਪ੍ਰਾਜੈਕਟ" ਬਾਰੇ ਬਥੇਰਾ ਕੁਝ ਲਿਖਿਆ ਜਾ ਚੁੱਕਾ ਹੈ। ਇਸ ਕਾਰਨ ਅੱਠ ਸੇਵਾ-ਮੁਕਤ ਜਰਨੈਲਾਂ ਨੇ ਉਸ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਆਖ਼ਿਰ 2006 ਦੀਆਂ ਮੱਧਕਾਲੀ ਚੋਣਾਂ ਤੋਂ ਬਾਅਦ ਉਸ ਨੂੰ ਅਹੁਦਾ ਛੱਡਣ ਲਈ ਮਜਬੂਰ ਹੋਣਾ ਪੈ ਗਿਆ। ਜਦੋਂ ਬੁਸ਼ ਨੇ ਉਸ ਦੇ ਅਸਤੀਫ਼ੇ ਦਾ ਐਲਾਨ ਕੀਤਾ ਤਾਂ ਉਸ ਨੇ ਰਮਜ਼ਫੈਲਡ ਦਾ ਸਭ ਤੋਂ ਭਰਪੂਰ ਯੋਗਦਾਨ ਇਰਾਕ ਖ਼ਿਲਾਫ਼ ਜੰਗ ਜਾਂ ਇਸ ਤੋਂ ਵਿਆਪਕ "ਦਹਿਸ਼ਤਵਾਦ ਵਿਰੁੱਧ ਜੰਗ" ਨੂੰ ਨਹੀਂ ਸਗੋਂ "ਹੂੰਝਾਫੇਰੂ ਕਾਇਆਕਲਪ" ਪ੍ਰਾਜੈਕਟ ਨੂੰ ਦੱਸਿਆ ਸੀ। "ਇਨ੍ਹਾਂ ਖੇਤਰਾਂ 'ਚ ਡੋਨਾਲਡ ਦਾ ਕੰਮ ਆਮ ਕਰਕੇ ਸੁਰਖ਼ੀਆਂ 'ਚ ਨਹੀਂ ਆਇਆ। ਪਰ ਜਿਹੜੇ ਸੁਧਾਰ ਸ਼ੁਰੂ

ਕੀਤੇ ਗਏ—ਜਿਹੜੇ ਉਸ ਨੇ ਸ਼ੁਰੂ ਕੀਤੇ—ਉਹ ਇਤਿਹਾਸਕ ਹਨ।"[6] ਸਚਮੁਚ ਅਜਿਹਾ ਹੀ ਹੈ, ਪਰ ਇਹ ਕਦੇ ਸਪਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ ਸੁਧਾਰਾਂ 'ਚ ਕੀ ਕੀ ਸ਼ਾਮਲ ਸੀ।

ਸੀਨੀਅਰ ਫ਼ੌਜੀ ਅਧਿਕਾਰੀਆਂ ਨੇ "ਕਾਇਆਕਲਪ" ਨੂੰ "ਫੋਕੀ ਲੱਫ਼ਾਜ਼ੀ" ਕਹਿ ਕੇ ਇਸ ਦੀ ਖਿੱਲੀ ਉਡਾਈ। ਅਤੇ ਅਕਸਰ ਹੀ ਇਹ ਲੱਗਦਾ ਸੀ ਕਿ ਰਮਜ਼ਫੈਲਡ ਨੇ ਆਪਣੇ ਆਲੋਚਕਾਂ ਨੂੰ ਸਹੀ ਠਹਿਰਾਉਣ ਦੀ ਪੱਕੀ ਧਾਰੀ ਹੋਈ ਹੈ। ਅਪ੍ਰੈਲ 2006 'ਚ ਰਮਜ਼ਫੈਲਡ ਨੇ ਦੱਸਿਆ, "ਫ਼ੌਜ ਨੂੰ ਅਤਿ ਆਧੁਨਿਕ ਬਣਾਇਆ ਜਾ ਰਿਹਾ ਹੈ। ਇਹ ਡਿਵੀਜ਼ਨ ਦੀ ਥਾਂ ਬ੍ਰਿਗੇਡ ਦੇ ਅਕਾਰ ਵਾਲੀ ਲੜਾਕੂ ਟੀਮ ਵਾਲੀ ਤਾਕਤ ਬਣਨ ਜਾ ਰਹੀ ਹੈ....ਇਹ ਸਰਵਿਸ ਅਧਾਰਤ ਲੜਾਈ ਲੜਨ ਵਾਲੀ ਤਾਕਤ ਤੋਂ ਟਕਰਾਅ ਖ਼ਤਮ ਕਰਨ ਵਾਲੀ ਲੜਾਈ ਲੜਨ ਵਾਲੀ ਤਾਕਤ, ਇਸ ਤੋਂ ਦੂਸਰਿਆਂ ਨਾਲ ਮਿਲ ਕੇ ਲੜਾਈ ਲੜਣ ਵਾਲੀ ਤਾਕਤ ਬਣਨ ਵੱਲ ਵਧ ਰਹੀ ਹੈ ਅਤੇ ਹੁਣ ਇਹ ਅੰਤਰ-ਨਿਰਭਰ ਤਾਕਤ ਬਣਨ ਜਾ ਰਹੀ ਹੈ। ਇਹ ਕਰਨਾ ਬਹੁਤ ਮੁਸ਼ਕਲ ਕੰਮ ਹੈ।"[7] ਅਸਲ ਵਿਚ ਇਹ ਪ੍ਰਾਜੈਕਟ ਐਨਾ ਗੁੰਝਲਦਾਰ ਕਦੇ ਵੀ ਨਹੀਂ ਰਿਹਾ ਜਿੰਨਾ ਰਮਜ਼ਫੈਲਡ ਨੇ ਹੋ-ਹੱਲਾ ਮਚਾ ਰੱਖਿਆ ਸੀ। ਲੱਫ਼ਾਜ਼ੀ ਦੀ ਆੜ ਹੇਠ ਇਹ ਫ਼ੌਜ ਦਾ ਕੰਮ ਕੰਪਨੀਆਂ ਤੋਂ ਕਰਵਾਉਣ ਦਾ ਇਨਕਲਾਬ ਲਿਆਉਣ ਅਤੇ ਇਹ ਦਿਖਾਉਣ ਦਾ ਯਤਨ ਸੀ ਕਿ ਉਹ ਕਾਰਪੋਰੇਟ ਦੁਨੀਆਂ ਨੂੰ ਅਮਰੀਕੀ ਫ਼ੌਜ ਦੇ ਐਨ ਧੁਰ ਅੰਦਰ ਤੱਕ ਪਹੁੰਚਾਉਣ ਲਈ ਕੰਮ ਕਰ ਰਿਹਾ ਸੀ।

ਜਿਹੜੀਆਂ ਕਈ ਕੰਪਨੀਆਂ ਆਪਣਾ ਸਮਾਨ ਆਪ ਬਣਾਉਂਦੀਆਂ ਸਨ ਅਤੇ ਜਿਨ੍ਹਾਂ ਕੋਲ ਚੋਖੀ, ਸਥਾਈ ਮਿਹਨਤ-ਸ਼ਕਤੀ ਸੀ, ਉਨ੍ਹਾਂ ਨੇ 1990ਵਿਆਂ 'ਚ ਉਹ ਮਾਡਲ ਅਪਣਾ ਲਿਆ ਜੋ ਨਾਈਕੇ ਮਾਡਲ ਵਜੋਂ ਮਸ਼ਹੂਰ ਹੋਇਆ : ਕੋਈ ਫੈਕਟਰੀ ਨਾ ਲਾਓ, ਆਪਣਾ ਮਾਲ ਠੇਕੇਦਾਰਾਂ ਅਤੇ ਉੱਪ-ਠੇਕੇਦਾਰਾਂ ਦੇ ਗੁੰਝਲਦਾਰ ਤਾਣੇ-ਬਾਣੇ ਕੋਲੋਂ ਤਿਆਰ ਕਰਵਾਓ, ਅਤੇ ਆਪਣੇ ਵਸੀਲੇ ਡਿਜ਼ਾਇਨ ਅਤੇ ਮੰਡੀਕਰਨ 'ਚ ਝੋਕ ਦਿਓ। ਬਾਕੀ ਕੰਪਨੀਆਂ ਨੇ ਬਦਲਵਾਂ ਮਾਈਕਰੋਸਾਫਟ ਮਾਡਲ ਚੁਣ ਲਿਆ : ਕੰਪਨੀ ਦੀ "ਯੋਗਤਾ ਦੀ ਗੁਲੀ" ਹਿੱਸੇਦਾਰਾਂ/ਸਟਾਫ਼ ਨੂੰ ਸਖ਼ਤ ਕੰਟਰੋਲ 'ਚ ਰੱਖੋ ਅਤੇ ਮੇਲ ਰੂਮ ਤੋਂ ਲੈ ਕੇ ਕੋਡ ਤਿਆਰ ਕਰਨ ਤੱਕ ਹਰ ਚੀਜ਼ ਬਾਹਰੋਂ ਆਰਜ਼ੀ ਠੇਕਿਆਂ ਰਾਹੀਂ ਤਿਆਰ ਕਰਵਾਓ। ਕੁਝ ਲੋਕਾਂ ਨੇ ਤਾਂ ਇਸ ਤਰ੍ਹਾਂ ਦੀ ਤਿੱਖੀ ਢਾਂਚਾ ਢਲਾਈ ਵਿਚੋਂ ਗੁਜ਼ਰਨ ਵਾਲੀਆਂ ਕੰਪਨੀਆਂ ਨੂੰ "ਫੋਕੀਆਂ ਕਾਰਪੋਰੇਸ਼ਨਾਂ" ਤੱਕ ਕਹਿ ਦਿੱਤਾ ਕਿਉਂਕਿ ਜ਼ਿਆਦਾਤਰ ਇਹ ਕੰਪਨੀਆਂ ਦਾ ਖੋਲ ਮਾਤਰ ਸਨ, ਇਨ੍ਹਾਂ ਦੇ ਅੰਦਰ ਕੰਪਨੀਆਂ ਵਾਲਾ ਠੋਸ ਤੱਤ ਬਹੁਤ ਹੀ ਥੋੜ੍ਹਾ ਬਚਿਆ ਸੀ।

ਰਮਜ਼ਫੈਲਡ ਨੂੰ ਇਹ ਜਚਿਆ ਹੋਇਆ ਸੀ ਕਿ ਅਮਰੀਕੀ ਰੱਖਿਆ ਮੰਤਰਾਲੇ 'ਚ ਉਸੇ ਤਰ੍ਹਾਂ ਦੀ ਤਬਦੀਲੀ ਕਰਨ ਦੀ ਲੋੜ ਸੀ ਜਿਵੇਂ *ਫਾਰਚੂਨ* ਨੇ ਕਿਹਾ ਸੀ ਕਿ ਜਦੋਂ ਉਹ ਪੈਂਟਾਗਾਨ 'ਚ ਆਇਆ ਤਾਂ "ਜਨਾਬ ਸੀ ਈ ਓ ਉਸੇ ਤਰ੍ਹਾਂ ਦੀ ਢਾਂਚਾਗਤ ਰੱਦੋਬਦਲ ਦਾ ਕਰਤਾ-ਧਰਤਾ ਬਣਨਾ ਚਾਹੁੰਦਾ ਸੀ ਜਿਸ ਤਰ੍ਹਾਂ ਦੀ ਰੱਦੋਬਦਲ ਨੂੰ ਉਸ ਨੇ ਕਾਰਪੋਰੇਟ ਦੁਨੀਆਂ 'ਚ ਵਧੀਆ ਲਾਗੂ ਕੀਤਾ ਸੀ।"[8] ਬੇਸ਼ੱਕ ਇੱਥੇ ਕੁਝ ਜ਼ਰੂਰੀ ਫ਼ਰਕ ਸਪਸ਼ਟ ਸਨ। ਜਿੱਥੇ ਕਾਰਪੋਰੇਸ਼ਨਾਂ ਨੇ ਭੂਗੋਲਿਕ ਹਾਲਤਾਂ ਅਨੁਸਾਰ ਉੱਸਰੀਆਂ ਫੈਕਟਰੀਆਂ ਅਤੇ ਪੱਕੇ ਮਜ਼ਦੂਰਾਂ ਦਾ ਬੋਝ ਲਾਹ ਸੁੱਟਿਆ, ਇਸੇ ਤਰ੍ਹਾਂ ਰਮਜ਼ਫੈਲਡ ਦੀ ਕੋਸ਼ਿਸ਼ ਸੀ ਕਿ ਫ਼ੌਜ ਦੀਆਂ ਸਥਾਈ ਫ਼ੌਜੀ ਟੁਕੜੀਆਂ ਦਾ ਵੱਡੀ ਗਿਣਤੀ 'ਚ ਖਹਿੜਾ ਛੱਡ ਕੇ ਥੋੜ੍ਹਾ ਫ਼ੌਜੀ ਸਟਾਫ਼ ਰੱਖਿਆ ਜਾਵੇ ਅਤੇ ਇਸ ਦੇ ਇਰਦ-ਗਿਰਦ ਰਾਖਵੀਂ ਫ਼ੌਜ ਅਤੇ ਨੈਸ਼ਨਲ ਗਾਰਡਾਂ ਵਿਚੋਂ ਸਸਤੇ ਆਰਜ਼ੀ ਫ਼ੌਜੀ ਲੈ ਕੇ ਫ਼ੌਜ ਦਾ ਢਾਂਚਾ ਬਣਾਇਆ ਜਾਵੇ। ਇਸ ਵਿਚ ਬਲੈਕਵਾਟਰ ਅਤੇ ਹੈਲੀਬਰਟਨ ਵਰਗੀਆਂ ਕੰਪਨੀਆਂ ਦੇ ਠੇਕੇਦਾਰ ਬਹੁਤ

ਜ਼ਿਆਦਾ ਜ਼ੋਖ਼ਮ ਵਾਲੀ ਡਰਾਈਵਿੰਗ ਤੋਂ ਲੈ ਕੇ ਕੈਦੀਆਂ ਦੀ ਤਫ਼ਤੀਸ਼ ਕਰਨ ਅਤੇ ਸਿਹਤ ਸੇਵਾਵਾਂ ਦੇਣ ਤੱਕ ਦੇ ਹਰ ਤਰ੍ਹਾਂ ਦੇ ਕੰਮ ਕਰਨਗੇ। ਜਿੱਥੇ ਕਾਰਪੋਰੇਸ਼ਨਾਂ ਆਪਣੇ ਮੁਨਾਫ਼ੇ ਡਿਜ਼ਾਇਨ ਅਤੇ ਮੰਡੀਕਰਨ ਦੀ ਮਿਹਨਤ 'ਚ ਲਗਾਉਣਗੀਆਂ ਉੱਥੇ ਰਮਜ਼ਫੈਲਡ ਥੋੜ੍ਹੀ ਗਿਣਤੀ 'ਚ ਰੱਖੇ ਜਾਣ ਵਾਲੇ ਫ਼ੌਜੀ ਦਸਤਿਆਂ ਅਤੇ ਟੈਂਕਾਂ ਤੋਂ ਪੈਸਾ ਬਚਾ ਕੇ, ਅਤਿ ਆਧੁਨਿਕ ਉੱਪ-ਗ੍ਰਹਿ ਅਤੇ ਨੈਨੋ ਤਕਨਾਲੋਜੀ ਦੇ ਨਿੱਜੀ ਖੇਤਰ 'ਤੇ ਖ਼ਰਚ ਕਰੇਗਾ। ਆਧੁਨਿਕ ਫ਼ੌਜ ਬਾਰੇ ਰਮਜ਼ਫੈਲਡ ਨੇ ਫ਼ੁਰਮਾਇਆ ਕਿ "ਇੱਕੀਵੀਂ ਸਦੀ 'ਚ ਅਸੀਂ ਚੀਜ਼ਾਂ, ਚੀਜ਼ਾਂ ਦੀ ਤਦਾਦ ਅਤੇ ਚੀਜ਼ਾਂ ਦੇ ਅੰਬਾਰ ਬਾਰੇ ਸੋਚਣਾ ਬੰਦ ਕਰ ਦਿਆਂਗੇ ਅਤੇ ਸ਼ਾਇਦ ਪਹਿਲਾਂ ਰਫ਼ਤਾਰ, ਫ਼ੁਰਤੀ ਅਤੇ ਅਚੁੱਕ ਨਿਸ਼ਾਨੇ ਬਾਰੇ ਸੋਚਿਆ ਕਰਾਂਗੇ।" ਉਸ ਦੀ ਸੁਰ ਸਰਗਰਮ ਪ੍ਰਬੰਧਕੀ ਸਲਾਹਕਾਰ ਟੌਮ ਪੈਤਰਸ ਨਾਲ ਬਹੁਤ ਜ਼ਿਆਦਾ ਰਲਦੀ-ਮਿਲਦੀ ਸੀ ਜਿਸ ਨੇ ਨੱਬੇਵਿਆਂ ਦੇ ਅਖ਼ੀਰ 'ਚ ਐਲਾਨ ਕੀਤਾ ਸੀ ਕਿ ਕੰਪਨੀਆਂ ਇਹ ਫ਼ੈਸਲਾ ਕਰਨ ਕਿ ਉਹ "ਨਿਰੋਲ ਦਿਮਾਗੀ ਸਾਜ਼-ਸਮਾਨ ਦੀਆਂ ਖਿਡਾਰੀ" ਹਨ ਜਾਂ "ਸਮਾਨ ਦੀ ਢੋਆ-ਢੁਆਈ ਕਰਨ ਵਾਲੀਆਂ" ਹਨ।[19]

ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਜਿਨ੍ਹਾਂ ਜਰਨੈਲਾਂ ਦਾ ਪੈਂਟਾਗਾਨ 'ਚ ਬੋਲਬਾਲਾ ਸੀ ਉਨ੍ਹਾਂ ਦਾ ਪੂਰਾ ਵਿਸ਼ਵਾਸ ਸੀ ਕਿ ਜਿੱਥੋਂ ਤੱਕ ਜੰਗਾਂ ਲੜਨ ਦਾ ਸਵਾਲ ਹੈ "ਚੀਜ਼ਾਂ" ਅਤੇ "ਚੀਜ਼ਾਂ ਦੇ ਅੰਬਾਰ" ਹਾਲੇ ਵੀ ਮਹੱਤਵਪੂਰਨ ਸਨ। ਬਹੁਤ ਛੇਤੀ ਹੀ ਉਹ ਰਮਜ਼ਫੈਲਡ ਦੀ ਫੋਕੀ ਫ਼ੌਜੀ ਦ੍ਰਿਸ਼ਟੀ ਦੇ ਘੋਰ ਵਿਰੋਧੀ ਬਣ ਗਏ। ਸੱਤ ਮਹੀਨੇ ਇਸ ਅਹੁਦੇ 'ਤੇ ਰਹਿੰਦਿਆਂ ਹੀ ਮੰਤਰੀ ਨੇ ਐਨੇ ਜ਼ਬਰਦਸਤ ਕਦਮ ਚੁੱਕ ਲਏ ਸਨ ਕਿ ਅਫਵਾਹ ਫੈਲ ਗਈ ਸੀ ਕਿ ਉਸ ਦੇ ਦਿਨ ਹੁਣ ਥੋੜ੍ਹੇ ਹੀ ਹਨ।

ਇਸ ਸਮੇਂ ਰਮਜ਼ਫੈਲਡ ਨੇ ਪੈਂਟਾਗਨ ਦੇ ਅਮਲੇ ਦੀ ਉਹ ਮੀਟਿੰਗ ਬੁਲਾਈ ਜੋ "ਵਿਸ਼ੇਸ਼ ਟਾਊਨ ਹਾਲ ਮੀਟਿੰਗ" ਵਜੋਂ ਪ੍ਰਸਿੱਧ ਹੋਈ। ਤੁਰੰਤ ਅਟਕਲਪੱਚੂ ਲਾਏ ਜਾਣ ਲੱਗੇ: ਕੀ ਉਹ ਅਸਤੀਫ਼ਾ ਦੇਵੇਗਾ ? ਕੀ ਉਹ ਭਾਵੁਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ ? ਕੀ ਉਹ ਹੁਣ, ਦੇਰੀ ਹੋ ਜਾਣ ਦੇ ਬਾਵਜੂਦ ਵੀ, ਪੁਰਾਣੇ ਜਰਨੈਲਾਂ ਨੂੰ ਆਪਣੇ ਰੱਦੋਬਦਲ ਦੇ ਵਿਚਾਰ ਜਚਾਉਣ ਦੀ ਕੋਸ਼ਿਸ਼ ਕਰੇਗਾ ? ਇਕ ਸਟਾਫ਼ ਮੈਂਬਰ ਨੇ ਮੈਨੂੰ ਦੱਸਿਆ ਕਿ ਜਦੋਂ ਪੈਂਟਾਗਾਨ ਦੇ ਸੈਂਕੜੇ ਸੀਨੀਅਰ ਸਟਾਫ਼ ਮੈਂਬਰ ਉਸ ਸੋਮਵਾਰ ਸਵੇਰੇ ਹਾਲ 'ਚ ਪਹੁੰਚੇ ਤਾਂ "ਪੂਰੀ ਉਤਸੁਕਤਾ ਦਾ ਮਾਹੌਲ ਬਣਿਆ ਹੋਇਆ ਸੀ। ਉੱਥੇ ਭਾਵਨਾ ਇਸ ਤਰ੍ਹਾਂ ਦੀ ਸੀ ਕਿ ਉਹ ਸਾਨੂੰ ਆਪਣੀ ਗੱਲ ਕਿਵੇਂ ਜਚਾਏਗਾ ? ਕਿਉਂਕਿ ਉਸ ਨੇ ਤਾਂ ਪਹਿਲਾਂ ਹੀ ਬਥੇਰੇ ਦੁਸ਼ਮਣ ਬਣਾਏ ਹੋਏ ਸਨ।"

ਜਦੋਂ ਰਮਜ਼ਫੈਲਡ ਅੰਦਰ ਆਇਆ, "ਅਸੀਂ ਹਲੀਮੀ ਨਾਲ ਖੜ੍ਹੇ ਹੋ ਕੇ ਸਵਾਗਤ ਕੀਤਾ ਅਤੇ ਬੈਠ ਗਏ।" ਇਕਦਮ ਇਹ ਸਪਸ਼ਟ ਹੋ ਗਿਆ ਕਿ ਅਸਤੀਫ਼ੇ ਵਾਲੀ ਕੋਈ ਗੱਲ ਨਹੀਂ ਸੀ, ਅਤੇ ਇਹ ਵੀ ਤੈਅ ਸੀ ਕਿ ਇਹ ਭਾਵੁਕ ਕਰ ਦੇਣ ਦਾ ਯਤਨ ਵੀ ਨਹੀਂ ਸੀ। ਇਹ ਕਿਸੇ ਅਮਰੀਕੀ ਰੱਖਿਆ ਮੰਤਰੀ ਦੀ ਬਹੁਤ ਹੀ ਅਸਾਧਾਰਨ ਤਕਰੀਰ ਕਹੀ ਜਾ ਸਕਦੀ ਹੈ। ਇਹ ਇਸ ਤਰ੍ਹਾਂ ਸ਼ੁਰੂ ਹੋਈ :

ਅੱਜ ਦਾ ਵਿਸ਼ਾ ਇਕ ਅਜਿਹਾ ਦੁਸ਼ਮਣ ਹੈ ਜੋ ਸੰਯੁਕਤ ਰਾਜ ਅਮਰੀਕਾ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਇਹ ਕੇਂਦਰੀ ਯੋਜਨਾਬੰਦੀ ਕਰਨ ਵਾਲੇ ਦੁਸ਼ਮਣ ਦਾ ਸਭ ਤੋਂ ਆਖ਼ਰੀ ਗੜ੍ਹ ਹੈ। ਇਹ ਪੰਜ ਸਾਲਾ ਯੋਜਨਾਵਾਂ ਐਲਾਨ ਕੇ ਰਾਜ ਕਰਦਾ ਹੈ। ਰਾਜਧਾਨੀ ਵਿਚ ਬੈਠ ਕੇ ਇਹ ਵੱਖ ਵੱਖ ਸਮਾਂ ਖੇਤਰਾਂ, ਮਹਾਂਦੀਪਾਂ, ਸਮੁੰਦਰਾਂ 'ਚ ਅਤੇ ਇਨ੍ਹਾਂ ਤੋਂ ਪਾਰ ਆਪਣੀ ਮਰਜ਼ੀ ਥੋਪਣ ਦੀ ਕੋਸ਼ਿਸ਼ ਕਰਦਾ ਹੈ। ਇਹ ਲਗਾਤਾਰ ਆਪਣੀ ਵਹਿਸ਼ਤ ਨਾਲ ਮੁਕਤ-

ਸੋਚ ਦਾ ਗਲ ਘੁੱਟਦਾ ਹੈ ਅਤੇ ਨਵੇਂ ਖ਼ਿਆਲਾਂ ਨੂੰ ਕੁਚਲਦਾ ਹੈ। ਇਹ ਸੰਯੁਕਤ ਰਾਜ ਦੀ ਸੁਰੱਖਿਆ 'ਚ ਖ਼ਲਲ ਪਾਉਂਦਾ ਹੈ ਅਤੇ ਇਸ ਦੇ ਕਾਰਨ ਫ਼ੌਜੀ ਆਦਮੀਆਂ ਅਤੇ ਤੀਵੀਂਆਂ ਦੀਆਂ ਜਾਨਾਂ ਖ਼ਤਰੇ ਵਿਚ ਹਨ।

ਸ਼ਾਇਦ ਇਸ ਦੁਸ਼ਮਣ ਦੀ ਸੁਰ ਸਾਬਕਾ ਸੋਵੀਅਤ ਯੂਨੀਅਨ ਵਰਗੀ ਹੈ, ਪਰ ਉਹ ਦੁਸ਼ਮਣ ਤਾਂ ਰਿਹਾ ਹੀ ਨਹੀਂ : ਅਸਲ ਵਿਚ ਸਾਡੇ ਅਜੋਕੇ ਦੁਸ਼ਮਣ ਵੱਧ ਸੂਖ਼ਮ ਅਤੇ ਨਿਰਦਈ ਹਨ...। ਇਹ ਦੁਸ਼ਮਣ ਦੇਸ਼ ਦੇ ਮੁੱਢ ਮੌਜੂਦ ਹੈ। ਇਹ ਹੈ ਪੈਂਟਾਗਨ ਦੀ ਅਫ਼ਸਰਸ਼ਾਹੀ।[10]

ਜਿਉਂ ਹੀ ਰਮਜ਼ਫੈਲਡ ਦੀ ਲੱਛੇਦਾਰ ਚਲਾਕੀ ਸਾਹਮਣੇ ਆਈ, ਸਰੋਤਿਆਂ ਦੇ ਚਿਹਰੇ ਪਥਰਾ ਗਏ। ਇਨ੍ਹਾਂ ਵਿਚੋਂ ਬਹੁਤੇ ਸਰੋਤਿਆਂ ਨੇ ਸੋਵੀਅਤ ਯੂਨੀਅਨ ਵਿਰੁੱਧ ਲੜਾਈ ਲਈ ਆਪਣੇ ਕਰੀਅਰ ਅਰਪਿਤ ਕੀਤੇ ਸਨ ਅਤੇ ਇਸ ਪੜਾਅ ਉੱਤੇ ਚਲਾਕੀ ਖੇਡ੍ਹਕੇ ਉਨ੍ਹਾਂ ਦੀ ਤੁਲਨਾ ਕਮਿਊਨਿਸਟਾਂ ਨਾਲ ਕੀਤੇ ਜਾਣਾ ਉਨ੍ਹਾਂ ਨੂੰ ਕਿਵੇਂ ਪਚਦਾ ? ਰਮਜ਼ਫੈਲਡ ਦੀ ਗੱਲ ਹਾਲੇ ਮੁੱਕੀ ਨਹੀਂ ਸੀ। "ਸਾਨੂੰ ਦੁਸ਼ਮਣ ਦਾ ਪਤਾ ਹੈ। ਸਾਨੂੰ ਖ਼ਤਰਾ ਮਾਲੂਮ ਹੈ। ਜਿਸ ਤਰ੍ਹਾਂ ਦੀ ਦ੍ਰਿੜਤਾ ਨਾਲ ਅਸੀਂ ਅਡੋਲ ਦੁਸ਼ਮਣ ਨਾਲ ਲੋਹਾ ਲੈਂਦੇ ਹਾਂ ਉਸੇ ਤਰ੍ਹਾਂ ਦੀ ਦ੍ਰਿੜਤਾ ਨਾਲ ਸਾਨੂੰ ਇਸ 'ਤੇ ਟੁੱਟ ਪੈਣਾ ਚਾਹੀਦਾ ਹੈ ਅਤੇ ਇਸ ਨੂੰ ਠੱਲ ਪਾਉਣੀ ਚਾਹੀਦੀ ਹੈ....ਅੱਜ ਅਸੀਂ ਅਫ਼ਸਰਸ਼ਾਹੀ ਖਿਲਾਫ਼ ਜੰਗ ਦਾ ਐਲਾਨ ਕਰਦੇ ਹਾਂ।"

ਉਸ ਨੇ ਇਸ ਜੰਗ ਦਾ ਐਲਾਨ ਕਰ ਦਿੱਤਾ ਸੀ : ਰੱਖਿਆ ਮੰਤਰੀ ਨੇ ਸਿਰਫ਼ ਪੈਂਟਾਗਾਨ ਨੂੰ ਅਮਰੀਕਾ ਲਈ ਖ਼ਤਰਾ ਹੀ ਨਹੀਂ ਗਰਦਾਨਿਆ ਸੀ ਸਗੋਂ ਉਸ ਨੇ ਉਸੇ ਸੰਸਥਾ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ ਜਿੱਥੇ ਆਪ ਕੰਮ ਕਰਦਾ ਸੀ। ਸਰੋਤੇ ਸੁੰਨ ਹੋ ਗਏ ਸਨ। ਸਟਾਫ਼ ਮੈਂਬਰ ਨੇ ਮੈਨੂੰ ਦੱਸਿਆ, "ਉਹ ਕਹਿ ਰਿਹਾ ਸੀ ਕਿ ਅਸੀਂ ਦੁਸ਼ਮਣ ਹਾਂ। ਕਿ ਦੁਸ਼ਮਣ ਅਸੀਂ ਹਾਂ। ਅਸੀਂ ਸੋਚਦੇ ਸੀ ਕਿ ਅਸੀਂ ਦੇਸ਼ ਸੇਵਾ ਕਰ ਰਹੇ ਹਾਂ।"

ਗੱਲ ਇਹ ਨਹੀਂ ਸੀ ਕਿ ਰਮਜ਼ਫੈਲਡ ਟੈਕਸ ਦੇਣ ਵਾਲਿਆਂ ਦੇ ਡਾਲਰ ਬਚਾਉਣੇ ਚਾਹੁੰਦਾ ਸੀ—ਹੁਣੇ ਹੀ ਤਾਂ ਉਸ ਨੇ ਫ਼ੌਜ ਦਾ ਬਜਟ 11 ਫ਼ੀ ਸਦੀ ਵਧਾਉਣ ਦੀ ਮੰਗ ਕੀਤੀ ਸੀ। ਉਲਟ-ਇਨਕਲਾਬ ਦੇ ਕਾਰਪੋਰੇਟਵਾਦੀ ਅਸੂਲਾਂ ਤਹਿਤ ਵੱਡੀ ਸਰਕਾਰ ਵੱਡੇ ਕਾਰੋਬਾਰੀਆਂ ਨਾਲ ਮਿਲ ਕੇ ਫੰਡਾਂ ਨੂੰ ਉੱਪਰ ਟੀਸੀ ਵੱਲ ਮੁੜ ਵੰਡਦੀ ਹੈ। ਇਨ੍ਹਾਂ ਅਸੂਲਾਂ ਦੀ ਪਾਲਣਾ ਕਰਦਿਆਂ ਉਹ ਚਾਹੁੰਦਾ ਸੀ ਕਿ ਸਟਾਫ਼ ਉੱਪਰ ਘੱਟ ਖਰਚ ਕੀਤਾ ਜਾਵੇ ਅਤੇ ਜਨਤਾ ਦਾ ਹੋਰ ਵੱਧ ਪੈਸਾ ਸਿੱਧਾ ਨਿੱਜੀ ਕੰਪਨੀਆਂ ਦੀਆਂ ਤਿਜੌਰੀਆਂ 'ਚ ਜਾਵੇ। ਅਤੇ ਇਸ ਉਦੇਸ਼ ਨਾਲ ਰਮਜ਼ਫੈਲਡ ਨੇ ਇਹ "ਜੰਗ" ਵਿੱਢੀ ਸੀ। ਹਰੇਕ ਮਹਿਕਮੇ ਲਈ 15 ਫ਼ੀ ਸਦੀ ਸਟਾਫ਼ ਘਟਾਉਣਾ ਜ਼ਰੂਰੀ ਸੀ, ਇਸ ਕਟੌਤੀ ਵਿਚ "ਸੰਸਾਰ ਦੇ ਹਰੇਕ ਫ਼ੌਜੀ ਅੱਡੇ ਦਾ ਸਦਰ ਮੁਕਾਮ ਦਫ਼ਤਰ ਸ਼ਾਮਲ ਸੀ। ਇਹ ਮਹਿਜ਼ ਕਾਨੂੰਨ ਨਹੀਂ ਹੈ, ਇਹ ਵਧੀਆ ਖ਼ਿਆਲ ਹੈ ਅਤੇ ਅਸੀਂ ਇਸ ਨੂੰ ਨੇਪਰੇ ਚਾੜ੍ਹਨ ਜਾ ਰਹੇ ਹਾਂ।"[11]

ਉਸ ਨੇ ਆਪਣੇ ਸੀਨੀਅਰ ਸਟਾਫ਼ ਨੂੰ ਪਹਿਲਾਂ ਹੀ ਨਿਰਦੇਸ਼ ਦੇ ਦਿੱਤਾ ਸੀ ਕਿ "[ਰੱਖਿਆ] ਮੰਤਰਾਲੇ ਦੇ ਉਨ੍ਹਾਂ ਕੰਮਾਂ ਦਾ ਪਤਾ ਲਾਇਆ ਜਾਵੇ ਜਿਨ੍ਹਾਂ ਦਾ ਬਾਹਰੋਂ ਵਪਾਰਕ ਤੌਰ 'ਤੇ ਬਿਹਤਰ ਅਤੇ ਵੱਧ ਸਸਤਾ ਕੰਮ ਕਰਵਾਇਆ ਜਾ ਸਕਦਾ ਹੋਵੇ।" ਉਹ ਇਹ ਜਾਨਣਾ ਚਾਹੁੰਦਾ ਸੀ "ਸੁਰੱਖਿਆ ਵਿਭਾਗ ਇਕ ਐਸੀ ਆਖ਼ਰੀ ਸੰਸਥਾ ਕਿਉਂ ਹੈ ਜੋ ਹਾਲੇ ਵੀ ਆਪਣੇ ਚੈੱਕ ਆਪ ਕੱਟਦੀ ਹੈ ? ਜਦੋਂ ਸਮੁੱਚੀ ਸਨਅਤ ਐਨੀ ਕਾਰਜ-ਕੁਸ਼ਲਤਾ ਨਾਲ ਗੋਦਾਮ ਚਲਾਉਂਦੀ ਹੈ ਤਾਂ ਅਸੀਂ ਐਨੀ ਵੱਡੀ ਗਿਣਤੀ 'ਚ ਆਪਣੇ ਗੋਦਾਮ ਕਿਉਂ ਬਣਾ ਰੱਖੇ ਹਨ ਅਤੇ ਅਸੀਂ ਇਨ੍ਹਾਂ ਦਾ ਸੰਚਾਲਨ ਆਪ

ਕਿਉਂ ਕਰਦੇ ਹਾਂ ? ਦੁਨੀਆਂ ਭਰ ਦੇ ਫ਼ੌਜੀ ਅੱਡਿਆਂ ਵਿਚ ਅਸੀਂ ਬਹੁਤੇ ਕਾਰੋਬਾਰਾਂ ਦੀ ਤਰ੍ਹਾਂ ਕੂੜਾ ਚੁੱਕਣ ਅਤੇ ਝਾੜੂ-ਪੋਚੇ ਲਾਉਣ ਦਾ ਕੰਮ ਠੇਕੇ ਉੱਤੇ ਦੇਣ ਦੀ ਬਜਾਏ ਆਪ ਕਿਉਂ ਕਰਵਾਉਂਦੇ ਹਾਂ ? ਅਤੇ ਵਾਕਈ ਅਸੀਂ ਕੰਪਿਊਟਰ ਪ੍ਰਣਾਲੀ ਦਾ ਸਹਾਇਕ ਕੰਮ ਬਾਹਰੋਂ ਕਰਵਾ ਸਕਦੇ ਹਾਂ।"

ਉਹ ਤਾਂ ਫ਼ੌਜੀ ਵਿਵਸਥਾ ਦੀ ਪਵਿੱਤਰ ਗਊ, ਫ਼ੌਜੀਆਂ ਦੀਆਂ ਸਿਹਤ ਸਹੂਲਤਾਂ ਦੇ ਮਗਰ ਵੀ ਹੱਥ ਧੋ ਕੇ ਪੈ ਗਿਆ। ਰਮਜ਼ਫੈਲਡ ਜਾਨਣਾ ਚਾਹੁੰਦਾ ਸੀ ਇੱਥੇ ਐਨੇ ਡਾਕਟਰ ਕਿਉਂ ਹਨ ? "ਜਿਹੜੀਆ ਕੁਝ ਲੋੜਾਂ ਆਮ ਪ੍ਰੈਕਟਿਸ ਅਤੇ ਵਿਸ਼ੇਸ਼ ਇਲਾਜ ਨਾਲ ਸਬੰਧਤ ਹਨ ਅਤੇ ਲੜਾਈ ਨਾਲ ਜੁੜੀਆਂ ਹੋਈਆਂ ਨਹੀਂ, ਇਹ ਨਿੱਜੀ ਖੇਤਰ ਵਲੋਂ ਵੱਧ ਕਾਰਜ-ਕੁਸ਼ਲਤਾ ਨਾਲ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।" ਫੇਰ ਫ਼ੌਜੀਆਂ ਅਤੇ ਉਨ੍ਹਾਂ ਦੇ ਟੱਬਰਾਂ ਲਈ ਘਰਾਂ ਦਾ ਸਵਾਲ ਹੈ—ਇਹ ਵੀ ਤਾਂ "ਜਨਤਕ-ਨਿੱਜੀ ਭਾਈਵਾਲੀ" ਰਾਹੀਂ ਕਰਵਾਇਆ ਜਾ ਸਕਦਾ ਹੈ।

ਰੱਖਿਆ ਵਿਭਾਗ ਨੂੰ ਆਪਣੇ ਮੁੱਖ ਕੰਮ 'ਤੇ ਕੇਂਦਰਤ ਕਰਨਾ ਚਾਹੀਦਾ ਹੈ : "ਲੜਾਈ ਲੜਨ 'ਤੇ...। ਪਰ ਹੋਰ ਸਾਰੇ ਕੰਮਾਂ 'ਚ, ਸਾਨੂੰ ਸੇਵਾਵਾਂ ਦੇਣ ਵਾਲਿਆਂ ਦੀਆਂ ਸੇਵਾਵਾਂ ਲੈ ਲੈਣੀਆਂ ਚਾਹੀਦੀਆਂ ਹਨ ਜੋ ਇਹ ਘੱਟ ਅਹਿਮ ਸੇਵਾਵਾਂ ਵੱਧ ਕਾਰਜ-ਕੁਸ਼ਲਤਾ ਅਤੇ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਮੁਹੱਈਆ ਕਰ ਸਕਦੇ ਹਨ।"

ਤਕਰੀਰ ਤੋਂ ਬਾਅਦ, ਪੈਂਟਾਗਾਨ ਦੇ ਬਹੁਤ ਸਾਰੇ ਸਟਾਫ਼ ਮੈਂਬਰਾਂ ਨੇ ਇਤਰਾਜ਼ ਕੀਤਾ ਕਿ ਫ਼ੌਜ ਦਾ ਕੰਮ ਬਾਹਰੋਂ ਠੇਕੇ ਉੱਤੇ ਕਰਵਾਉਣ ਦੀ ਰਮਜ਼ਫੈਲਡ ਦੀ ਜ਼ੋਰਦਾਰ ਸੋਚ ਦੇ ਰਾਹ ਵਿਚ ਇਕ ਛੋਟਾ ਜਿਹਾ ਸੰਵਿਧਾਨਕ ਅੜਿੱਕਾ ਸੀ। ਅਮਰੀਕੀ ਸੰਵਿਧਾਨ 'ਚ ਸਾਫ਼ ਲਿਖਿਆ ਹੋਇਆ ਸੀ ਕਿ ਕੌਮੀ ਸੁਰੱਖਿਆ ਕਰਨਾ ਸਰਕਾਰ ਦਾ ਫਰਜ਼ ਹੈ, ਨਾ ਕਿ ਨਿੱਜੀ ਕੰਪਨੀਆਂ ਦਾ। ਮੈਨੂੰ ਜਾਣਕਾਰੀ ਦੇਣ ਵਾਲੇ ਵਸੀਲੇ ਨੇ ਦੱਸਿਆ "ਮੈਨੂੰ ਲੱਗਿਆ ਕਿ ਇਸ ਤਕਰੀਰ ਕਰਕੇ ਰਮਜ਼ਫੈਲਡ ਨੂੰ ਅਹੁਦਾ ਛੱਡਣਾ ਪੈ ਜਾਵੇਗਾ।"

ਪਰ ਇੰਞ ਨਹੀਂ ਹੋਇਆ। ਪੈਂਟਾਗਾਨ ਵਿਰੁੱਧ ਉਸ ਦੇ ਜੰਗ ਦੇ ਐਲਾਨ ਦੀਆਂ ਖ਼ਬਰਾਂ ਵਿਰਲੀਆਂ ਟਾਵੀਂਆਂ ਹੀ ਛਪੀਆਂ ਸਨ। ਕਿਉਂਕਿ ਉਸ ਦੀ ਵਿਵਾਦਪੂਰਨ ਤਕਰੀਰ 10 ਸਤੰਬਰ 2001 ਦੇ ਦਿਨ ਹੋਈ ਸੀ।

ਇਹ ਅਜੀਬ ਇਤਿਹਾਸਕ ਫੁੱਟ ਨੋਟ ਹੈ ਕਿ ਸੀ ਐੱਨ ਐੱਨ ਨੇ 10 ਸਤੰਬਰ ਨੂੰ *ਸ਼ਾਮ ਦੀਆਂ ਖ਼ਬਰਾਂ* 'ਚ ਇਹ ਸੁਰਖ਼ੀ ਦੇ ਕੇ ਸੰਖੇਪ ਖ਼ਬਰ ਦਿੱਤੀ "ਰੱਖਿਆ ਮੰਤਰੀ ਵਲੋਂ ਪੈਂਟਾਗਾਨ ਦੀ ਅਫ਼ਸਰਸ਼ਾਹੀ ਵਿਰੁੱਧ ਜੰਗ ਦਾ ਐਲਾਨ।" ਅਤੇ ਅਗਲੇ ਦਿਨ ਹੀ ਇਸ ਨਿਊਜ਼ ਨੈੱਟਵਰਕ ਨੇ ਇਸ ਸੰਸਥਾ ਉੱਪਰ ਹਮਲੇ ਦੀ ਰਿਪੋਰਟ ਘੱਟ ਲੱਖਣ ਲਾ ਕੇ ਕੀਤੀ ਕਿ ਇਸ ਹਮਲੇ 'ਚ ਪੈਂਟਾਗਾਨ ਦੇ 125 ਮੁਲਾਜ਼ਮ ਮਾਰੇ ਗਏ ਅਤੇ 100 ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਰਮਜ਼ਫੈਲਡ ਨੇ ਚੌਵੀ ਘੰਟੇ ਪਹਿਲਾਂ ਦੁਸ਼ਮਣ ਗਰਦਾਨਿਆ ਸੀ।[12]

ਚੈਨੀ ਅਤੇ ਰਮਜ਼ਫੈਲਡ : ਤਬਾਹੀਪਸੰਦ ਸਰਮਾਏਦਾਰੀ ਦੇ ਪ੍ਰਤੀਕ

ਰਮਜ਼ਫੈਲਡ ਦੀ ਭੁਲ-ਭੁਲਾ ਚੁੱਕੀ ਤਕਰੀਰ ਦਾ ਮੁੱਖ ਵਿਚਾਰ ਬੁਸ਼ ਨਿਜ਼ਾਮ ਦੇ ਮੁੱਖ ਸਿਧਾਂਤ ਨਾਲੋਂ ਕਿਵੇਂ ਵੀ ਘੱਟ ਨਹੀਂ ਹੈ ਕਿ ਸਰਕਾਰ ਦਾ ਕੰਮ ਰਾਜ ਚਲਾਉਣਾ ਨਹੀਂ ਸਗੋਂ ਇਹ ਕੰਮ ਵੱਧ ਕਾਰਜ-ਕੁਸ਼ਲ ਅਤੇ ਨਿੱਜੀ ਖੇਤਰ ਨੂੰ ਅਗਾਂਹ ਠੇਕੇ 'ਤੇ ਦੇਣਾ ਹੈ ਜੋ ਆਮ ਤੌਰ 'ਤੇ ਹੀ ਉੱਤਮ ਹੈ। ਜਿਵੇਂ ਰਮਜ਼ਫੈਲਡ ਨੇ ਸਪਸ਼ਟ ਕੀਤਾ, ਇਹ ਕਾਰਜ ਬਜਟ ਛਾਂਗਣ ਵਰਗਾ ਨੀਰਸ ਨਹੀਂ ਸੀ ਸਗੋਂ ਇਸ ਦੇ ਹਮਾਇਤੀਆਂ ਲਈ ਇਹ ਕਮਿਊਨਿਜ਼ਮ ਨੂੰ ਹਰਾਉਣ ਵਰਗਾ ਸੰਸਾਰ ਨੂੰ ਬਦਲਣ ਦਾ

ਜਹਾਦ ਸੀ।

ਜਿਸ ਸਮੇਂ ਬੁਸ਼ ਦੀ ਟੀਮ ਨੇ ਸੱਤਾ ਸੰਭਾਲੀ, ਅੱਸੀਵਿਆਂ ਅਤੇ ਨੱਬੇਵਿਆਂ ਦੇ ਨਿੱਜੀਕਰਨ ਦੇ ਜਨੂੰਨ (ਜਿਸ ਨੂੰ ਕਲਿੰਟਨ ਸਰਕਾਰ ਅਤੇ ਨਾਲ ਹੀ ਸੂਬਾਈ ਅਤੇ ਸਥਾਨਕ ਸਰਕਾਰਾਂ ਨੇ ਪੂਰੀ ਸ਼ਿੱਦਤ ਨਾਲ ਅਪਣਾਇਆ) ਤਹਿਤ ਅਨੇਕਾਂ ਖੇਤਰਾਂ ਦੀਆਂ ਸਰਕਾਰੀ ਮਾਲਕੀ ਵਾਲੀਆਂ ਵੱਡੀਆਂ ਕੰਪਨੀਆਂ ਕਾਮਯਾਬੀ ਨਾਲ ਵੇਚ ਦਿੱਤੀਆਂ ਜਾਂ ਠੇਕੇ 'ਤੇ ਦੇ ਦਿੱਤੀਆਂ ਗਈਆਂ। ਇਨ੍ਹਾਂ ਵਿਚ ਪਾਣੀ ਅਤੇ ਬਿਜਲੀ ਤੋਂ ਲੈ ਕੇ ਮੁੱਖ ਸੜਕਾਂ ਦੇ ਇੰਤਜ਼ਾਮ ਅਤੇ ਕੂੜਾ ਤੱਕ ਚੁੱਕਣ ਵਾਲੀਆਂ ਕੰਪਨੀਆਂ ਸ਼ਾਮਲ ਸਨ । ਰਾਜ ਦੇ ਇਹ ਅੰਗ ਕੱਟ ਦਿੱਤੇ ਜਾਣ ਤੋਂ ਜਿਹੜੇ "ਗੁਲੀ" ਕਾਰਜ ਬਾਕੀ ਬਚ ਗਏ ਉਹ ਰਾਜ ਦੀ ਧਾਰਨਾ ਦਾ ਐਨਾ ਅਨਿੱਖੜ ਅੰਗ ਹਨ ਕਿ ਇਨ੍ਹਾਂ ਨੂੰ ਨਿੱਜੀ ਕਾਰਪੋਰੇਸ਼ਨਾਂ ਨੂੰ ਸੌਂਪ ਦੇਣ ਦਾ ਵਿਚਾਰ ਕੌਮੀ ਰਾਜ ਉੱਤੇ ਹੀ ਸਵਾਲੀਆ ਚਿੰਨ੍ਹ ਲਾ ਦਿੰਦਾ ਹੈ। ਇਹ ਹਨ ਫ਼ੌਜ, ਪੁਲਿਸ, ਅੱਗ-ਬੁਝਾਊ ਵਿਭਾਗ, ਜੇਲ੍ਹਾਂ, ਸਰਹੱਦਾਂ ਦਾ ਕੰਟਰੋਲ, ਸ਼ੂਹੀਆ ਵਿਭਾਗ, ਬਿਮਾਰੀਆਂ ਦੀ ਰੋਕਥਾਮ, ਜਨਤਕ ਸਿੱਖਿਆ ਪ੍ਰਣਾਲੀ ਅਤੇ ਹਕੂਮਤੀ ਅਫ਼ਸਰਸ਼ਾਹੀ ਦਾ ਸੰਚਾਲਨ। ਨਿੱਜੀਕਰਨ ਦੀ ਲਹਿਰ ਦੇ ਪਹਿਲੇ ਪੜਾਅ ਐਨੇ ਮੁਨਾਫ਼ਾ ਦੇਣ ਵਾਲੇ ਸਨ ਕਿ ਜਿਨ੍ਹਾਂ ਨੇ ਰਾਜ ਦੇ ਇਹ ਅੰਗ ਹੜੱਪੇ ਸਨ ਹੁਣ ਉਨ੍ਹਾਂ ਦੀ ਲਾਲਚੀ ਅੱਖ ਮੁਨਾਫ਼ਿਆਂ ਦੇ ਅਮੁੱਕ ਭੰਡਾਰ, ਰਾਜ ਦੇ ਇਨ੍ਹਾਂ ਲਾਜ਼ਮੀ ਕਾਰਜਾਂ ਉੱਤੇ ਟਿਕੀ ਹੋਈ ਸੀ।

ਨੱਬੇਵਿਆਂ ਦੇ ਅਖ਼ੀਰ 'ਚ, ਉਨ੍ਹਾਂ ਕਾਨੂੰਨੀ ਮਨਾਹੀਆਂ ਖ਼ਿਲਾਫ਼ ਜ਼ਬਰਦਸਤ ਮੁਹਿੰਮ ਸ਼ੁਰੂ ਹੋਣ ਵਾਲੀ ਸੀ ਜਿਹੜੀਆਂ ਨਿੱਜੀਕਰਨ ਦੇ ਹਮਲੇ ਤੋਂ ਇਸ "ਗੁਲੀ" ਦੀ ਸੁਰੱਖਿਆ ਕਰਦੀਆਂ ਸਨ। ਕਈ ਪੱਖਾਂ ਤੋਂ, ਇਹ ਸਿਰਫ਼ ਮੌਜੂਦ ਹਾਲਤ ਦਾ ਤਰਕਸੰਗਤ ਵਿਸਤਾਰ ਹੀ ਸੀ। ਜਿਵੇਂ ਨੱਬੇਵਿਆਂ 'ਚ ਰੂਸ ਦੇ ਤੇਲ ਖੇਤਰਾਂ, ਲਾਤੀਨੀ ਅਮਰੀਕਾ ਦੀਆਂ ਦੂਰ-ਸੰਚਾਰ ਸੇਵਾਵਾਂ ਅਤੇ ਏਸ਼ੀਆ ਦੀ ਸਨਅਤ ਤੋਂ ਸ਼ੇਅਰ ਬਜ਼ਾਰ ਨੂੰ ਸੁਪਰ ਮੁਨਾਫ਼ੇ ਹਾਸਲ ਹੋਏ ਸਨ, ਉਸੇ ਤਰ੍ਹਾਂ ਹੁਣ ਅਮਰੀਕੀ ਸਰਕਾਰ ਨੇ ਸੁਪਰ ਮੁਨਾਫ਼ੇ ਦੇਣ ਦੀ ਇਹ ਮੁੱਖ ਆਰਥਕ ਭੂਮਿਕਾ ਖ਼ੁਦ ਨਿਭਾਉਣੀ ਸੀ। ਇਹ ਭੂਮਿਕਾ ਇਸ ਕਾਰਨ ਹੋਰ ਵੀ ਵੱਧ ਅਹਿਮ ਸੀ ਕਿਉਂਕਿ ਵਿਕਾਸਸ਼ੀਲ ਦੁਨੀਆਂ ਅੰਦਰ ਨਿੱਜੀਕਰਨ ਅਤੇ ਮੁਕਤ ਵਪਾਰ ਵਿਰੁੱਧ ਰੋਹ ਤੇਜ਼ੀ ਨਾਲ ਫੈਲ ਰਿਹਾ ਸੀ, ਜਿਸ ਨਾਲ ਆਰਥਕ ਵਾਧੇ ਦੇ ਹੋਰ ਮੌਕੇ ਖ਼ਤਮ ਹੋ ਰਹੇ ਸਨ।

ਇਸ ਮੁਹਿੰਮ ਨਾਲ ਸਦਮਾ ਸਿਧਾਂਤ ਇਕ ਨਵੇਂ, ਆਪਣੀ ਮਿਸਾਲ ਖ਼ੁਦ ਬਣਨ ਦੇ ਪੜਾਅ 'ਚ ਪਹੁੰਚ ਗਿਆ। ਇਸ ਸਮੇਂ ਤੱਕ, ਨਿੱਜੀਕਰਨ ਦੀਆਂ ਤਿੱਖੀਆਂ ਯੋਜਨਾਵਾਂ ਥੋਪਣ ਲਈ ਤਬਾਹੀਆਂ ਅਤੇ ਸੰਕਟਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪਰ ਫ਼ੌਜ, ਸੀ ਆਈ ਏ, ਰੈੱਡ ਕਰਾਸ, ਸੰਯੁਕਤ ਰਾਸ਼ਟਰ ਅਤੇ ਹੰਗਾਮੀ ਹਾਲਤ 'ਚ "ਪਹਿਲਾਂ ਹੁੰਗਾਰਾ ਦੇਣ ਵਾਲੇ" ਮਹਿਕਮੇ, ਇਹ ਸਭ ਸੰਸਥਾਵਾਂ ਹਾਲੇ ਸਰਕਾਰੀ ਕੰਟਰੋਲ ਦੇ ਆਖ਼ਰੀ ਅੱਡੇ ਸਨ ਜਿਨ੍ਹਾਂ ਦੇ ਹੱਥ ਐਸੇ ਵਿਨਾਸ਼ਕਾਰੀ ਵਰਤਾਰਿਆਂ ਨੂੰ ਜਨਮ ਦੇਣ ਅਤੇ ਇਨ੍ਹਾਂ ਬਾਰੇ ਪ੍ਰਤੀਕਰਮ 'ਚ ਕਦਮ ਚੁੱਕਣ ਦੀ ਤਾਕਤ ਸੀ। ਪਿਛਲੇ ਤਿੰਨ ਦਹਾਕਿਆਂ 'ਚ ਸੰਕਟਾਂ ਦਾ ਲਾਹਾ ਲੈਣ ਦੇ ਜਿਹੜੇ ਢੰਗ-ਤਰੀਕੇ ਸਾਣ 'ਤੇ ਲਾਏ ਜਾਂਦੇ ਰਹੇ, ਉਨ੍ਹਾਂ ਨੂੰ ਹੀ ਹੁਣ ਸਰਕਾਰ ਦੇ ਸਭ ਤੋਂ ਅਹਿਮ ਅੰਗਾਂ ਨੂੰ ਨਿਗਲਣ ਦੀ ਤਿਆਰੀ ਨਾਲ ਅਤੇ ਤਬਾਹੀ ਆਪ ਪੈਦਾ ਕਰਨ ਅਤੇ ਤਬਾਹੀ ਦੇ ਪ੍ਰਤੀਕਰਮ ਵਜੋਂ ਹਰਕਤ 'ਚ ਆਉਣ ਵਾਲੇ ਬੁਨਿਆਦੀ ਢਾਂਚੇ ਦਾ ਨਿੱਜੀਕਰਨ ਕਰਨ ਦੀ ਮੰਤਵ ਪੂਰਤੀ ਲਈ ਇਸਤੇਮਾਲ ਕੀਤਾ ਜਾਵੇਗਾ। ਭਾਵ ਫਰਾਇਡਮੈਨ ਦਾ ਸੰਕਟ ਸਿਧਾਂਤ ਹੁਣ ਉਤਰ-ਆਧੁਨਿਕ ਬਣਨ ਜਾ ਰਿਹਾ ਸੀ।

ਇਸ ਨੂੰ ਸਿਰਫ਼ ਨਿੱਜੀਕਰਨ ਕੀਤਾ ਪੁਲਿਸ ਰਾਜ ਹੀ ਕਿਹਾ ਜਾ ਸਕਦਾ ਹੈ। ਐਸਾ ਰਾਜ

ਬਣਾਉਣ ਦੀ ਧੁਸ ਦੇਣ ਵਾਲਾ ਹਿਰਾਵਲ ਦਸਤਾ ਉਹੀ ਸਭ ਤੋਂ ਤਾਕਤਵਰ ਹਸਤੀਆਂ ਸਨ ਜਿਨ੍ਹਾਂ ਨੇ ਭਵਿੱਖ 'ਚ ਬੁਸ਼ ਸਰਕਾਰ ਬਣਨਾ ਸੀ : ਡਿਕ ਚੈਨੀ, ਡੋਨਾਲਡ ਰਮਜ਼ਫੈਲਡ ਅਤੇ ਖ਼ੁਦ ਜਾਰਜ ਡਬਲਯੂ ਬੁਸ਼।

ਅਮਰੀਕੀ ਫ਼ੌਜ ਉੱਪਰ "ਮੰਡੀ ਦਾ ਤਰਕ" ਲਾਗੂ ਕਰਨ ਦਾ ਵਿਚਾਰ ਐਸਾ ਪ੍ਰਾਜੈਕਟ ਸੀ ਜੋ ਰਮਜ਼ਫੈਲਡ ਲਈ ਚਾਰ ਦਹਾਕੇ ਪੁਰਾਣਾ ਸੀ। ਇਹ ਸੱਠਵਿਆਂ ਦੇ ਮੁੱਢ 'ਚ, ਓਦੋਂ ਸ਼ੁਰੂ ਹੋਇਆ ਜਦੋਂ ਉਹ ਸ਼ਿਕਾਗੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦੇ ਸੈਮੀਨਾਰਾਂ ਵਿਚ ਸ਼ਾਮਲ ਹੋਇਆ ਕਰਦਾ ਸੀ। ਉਸ ਦਾ ਮਿਲਟਨ ਫਰਾਇਡਮੈਨ ਨਾਲ ਖ਼ਾਸ ਨੇੜਲਾ ਰਿਸ਼ਤਾ ਬਣ ਗਿਆ ਸੀ। ਜਦੋਂ ਤੀਹ ਸਾਲ ਦੀ ਉਮਰ 'ਚ ਰਮਜ਼ਫੈਲਡ ਕਾਂਗਰਸ ਲਈ ਚੁਣਿਆ ਗਿਆ ਤਾਂ ਫਰਾਇਡਮੈਨ ਨੇ ਉਮਰ ਨਾਲੋਂ ਵੱਧ ਸਿਆਣੇ ਇਸ ਰਿਪਬਲਿਕਨ ਨੂੰ ਖੰਭਾਂ ਹੇਠ ਲੈ ਕੇ ਖੁੱਲ੍ਹੀ ਮੰਡੀ ਦੀ ਨੀਤੀ ਦਾ ਨਿਧੜਕ ਮੰਚ ਵਿਕਸਤ ਕਰਨ ਅਤੇ ਆਰਥਕ ਸਿਧਾਂਤ ਦੀ ਤਾਲੀਮ ਹਾਸਲ ਕਰਨ 'ਚ ਸਹਾਇਤਾ ਕੀਤੀ। ਦੋਵੇਂ ਵਿਅਕਤੀਆਂ ਦੀ ਸਾਲਾਂਬੱਧੀ ਨੇੜਤਾ ਰਹੀ। ਰਮਜ਼ਫੈਲਡ ਫਰਾਇਡਮੈਨ ਦੇ ਜਨਮ ਦਿਨ ਸਮਾਗਮ 'ਚ ਹਰ ਸਾਲ ਸ਼ਾਮਲ ਹੁੰਦਾ ਜਿਸਦਾ ਪ੍ਰਬੰਧ ਵਿਰਸਾ ਫਾਊਂਡੇਸ਼ਨ ਦਾ ਪ੍ਰਧਾਨ ਐੱਡ ਫਿਊਲਨਰ ਕਰਿਆ ਕਰਦਾ ਸੀ। ਜਦੋਂ ਫਰਾਇਡਮੈਨ ਨੱਬਿਆਂ ਦਾ ਹੋ ਗਿਆ ਤਾਂ ਰਮਜ਼ਫੈਲਡ ਨੇ ਆਪਣੇ ਗੁਰੂ ਬਾਰੇ ਕਿਹਾ, "ਮਿਲਟਨ 'ਚ ਕੁਝ ਖ਼ਾਸ ਇਹ ਹੈ ਕਿ ਜਦੋਂ ਮੈਂ ਉਸ ਦੇ ਕੋਲ ਹੁੰਦਾ ਹਾਂ ਅਤੇ ਉਸ ਨਾਲ ਗੱਲਾਂ ਕਰ ਰਿਹਾ ਹੁੰਦਾ ਹਾਂ ਤਾਂ ਮੈਂ ਵੱਧ ਫ਼ੁਰਤੀਲਾ ਮਹਿਸੂਸ ਕਰਦਾ ਹਾਂ।"[13]

ਇਕ ਦੂਜੇ ਦੀਆਂ ਸਿਫ਼ਤਾਂ ਦੋਵੇਂ ਕਰਦੇ ਸਨ। ਫਰਾਇਡਮੈਨ ਕੰਟਰੋਲ ਮੁਕਤ ਮੰਡੀਆਂ ਪ੍ਰਤੀ ਰਮਜ਼ਫੈਲਡ ਦੀ ਵਚਨਬਧਤਾ ਤੋਂ ਐਨਾ ਪ੍ਰਭਾਵਤ ਸੀ ਕਿ ਉਸ ਨੇ 1980 ਦੀਆਂ ਚੋਣਾਂ 'ਚ ਜਾਰਜ ਐੱਚ ਡਬਲਯੂ ਬੁਸ਼ ਦੀ ਥਾਂ ਰਮਜ਼ਫੈਲਡ ਨੂੰ ਸੰਗੀ ਬਣਾਉਣ ਲਈ ਰੀਗਨ 'ਤੇ ਬਹੁਤ ਦਬਾਅ ਪਾਇਆ ਅਤੇ ਫਰਾਇਡਮੈਨ ਨੇ ਰੀਗਨ ਨੂੰ ਕਦੇ ਮਾਫ਼ ਨਹੀਂ ਕੀਤਾ ਕਿ ਉਸ ਨੇ ਉਸ ਦੀ ਸਲਾਹ ਕਿਉਂ ਨਹੀਂ ਮੰਨੀ। ਫਰਾਇਡਮੈਨ ਨੇ ਆਪਣੀਆਂ ਯਾਦਾਂ ਵਿਚ ਲਿਖਿਆ, "ਮੇਰਾ ਵਿਸ਼ਵਾਸ ਹੈ ਕਿ ਰੀਗਨ ਨੇ ਉੱਪ ਰਾਸ਼ਟਰਪਤੀ ਦਾ ਉਮੀਦਵਾਰ ਬੁਸ਼ ਨੂੰ ਬਣਾ ਕੇ ਗ਼ਲਤੀ ਕੀਤੀ ਸੀ : ਅਸਲ ਵਿਚ ਮੈਂ ਤਾਂ ਇਸ ਨੂੰ ਨਾ ਸਿਰਫ਼ ਉਸ ਦੀ ਆਪਣੀ ਮੁਹਿੰਮ ਸਗੋਂ ਉਸ ਦੇ ਪ੍ਰਧਾਨਗੀ ਕਾਲ ਦਾ ਸਭ ਤੋਂ ਮਾੜਾ ਫ਼ੈਸਲਾ ਸਮਝਦਾ ਹਾਂ। ਮੇਰਾ ਚਹੇਤਾ ਉਮੀਦਵਾਰ ਡੋਨਾਲਡ ਰਮਜ਼ਫੈਲਡ ਸੀ। ਜੇ ਉਸ ਨੂੰ ਚੁਣਿਆ ਜਾਂਦਾ, ਮੇਰਾ ਵਿਸ਼ਵਾਸ ਹੈ ਕਿ ਉਸ ਨੇ ਰਾਸ਼ਟਰਪਤੀ ਵਜੋਂ ਰੀਗਨ ਦਾ ਵਾਰਿਸ ਹੋਣਾ ਸੀ, ਅਤੇ ਬੁਸ਼-ਕਲਿੰਟਨ ਦਾ ਘਟੀਆ ਦੌਰ ਕਦੇ ਨਹੀਂ ਆਉਣਾ ਸੀ।"[14]

ਰੀਗਨ ਵਲੋਂ ਸੰਗੀ ਨਾ ਬਣਾਏ ਜਾਣ ਕਾਰਨ ਰਮਜ਼ਫੈਲਡ ਆਪਣੇ ਕਾਰੋਬਾਰੀ ਭਵਿੱਖ ਨੂੰ ਵਧਾਉਣ 'ਚ ਜੁੱਟ ਗਿਆ। ਦਵਾਈਆਂ ਅਤੇ ਰਸਾਇਣਾਂ ਦੀ ਕੌਮਾਂਤਰੀ ਕੰਪਨੀ ਸੀਅਰਲ ਫਰਮਾਸਿਊਟੀਕਲਜ਼ ਦੇ ਸੀ ਈ ਓ ਵਜੋਂ, ਆਪਣਾ ਸਿਆਸੀ ਅਸਰ-ਰਸੂਖ਼ ਵਰਤ ਕੇ ਉਸ ਨੇ ASPARTAME (ਇਸ ਦਵਾਈ ਨੂੰ ਨਿਊਟਰਾ ਸਵੀਟ ਦੇ ਨਾਂ ਹੇਠ ਵੇਚਿਆ ਗਿਆ) ਲਈ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐੱਫ ਡੀ ਏ) ਦੀ ਮਨਜ਼ੂਰੀ ਹਾਸਲ ਕਰ ਲਈ ਜੋ ਵਿਵਾਦਪੂਰਨ ਅਤੇ ਅਸਾਧਾਰਨ ਮੁਨਾਫ਼ਿਆਂ ਦੀ ਖਾਣ ਸੀ; ਅਤੇ ਜਦੋਂ ਸੀਅਰਲ ਨੂੰ ਮੌਨਸੈਂਟੋ ਨੇ ਖ਼ਰੀਦਿਆ ਤਾਂ ਇਸ ਸੌਦੇ ਦੀ ਦਲਾਲੀ ਕਰਕੇ ਰਮਜ਼ਫੈਲਡ ਨੇ 1 ਕਰੋੜ 20 ਲੱਖ ਡਾਲਰ ਕਮਾਏ।[15]

ਭਾਰੀ ਮੁਨਾਫ਼ਿਆਂ ਵਾਲੇ ਕਾਰੋਬਾਰਾਂ ਦੇ ਸੌਦਿਆਂ ਰਾਹੀਂ ਰਮਜ਼ਫੈਲਡ ਨੇ ਤਾਕਤਵਰ ਕਾਰਪੋਰੇਟ ਖਿਡਾਰੀ ਵਜੋਂ ਧਾਂਕ ਜਮਾ ਲਈ। ਇਸ ਨਾਲ ਉਹ ਸੀਅਰਜ਼ ਅਤੇ ਕੈਲੋਗ ਵਰਗੀਆਂ ਆਰਥਕ ਪੱਖੋਂ ਟਿਕਾਊ ਫਰਮਾਂ ਦੇ ਬੋਰਡਾਂ ਦੇ ਅਹੁਦੇ ਤੱਕ ਪਹੁੰਚਣ 'ਚ ਕਾਮਯਾਬ ਹੋ ਗਿਆ ਜੋ

ਆਈਜ਼ਨਹਾਵਰ ਦੇ ਕਹਿਣ ਅਨੁਸਾਰ "ਫ਼ੌਜੀ-ਸਨਅਤੀ ਢਾਂਚੇ" ਦਾ ਹਿੱਸਾ ਸੀ। ਰਮਜ਼ਫੈਲਡ ਨੂੰ ਹਵਾਈ ਜਹਾਜ਼ ਬਣਾਉਣ ਵਾਲੀ ਕੰਪਨੀ ਗਲਫ਼ਸਟਰੀਮ ਦੇ ਬੋਰਡ 'ਚ ਸ਼ਾਮਲ ਕਰ ਲਿਆ ਗਿਆ ਅਤੇ ਬੋਰਡ ਦਾ ਮੈਂਬਰ ਹੋਣ ਕਰਕੇ Asea Brown Boveri (ABB) ਵੀ ਉਸ ਨੂੰ ਇਕ ਲੱਖ ਨੱਬੇ ਹਜ਼ਾਰ ਡਾਲਰ ਸਾਲਾਨਾ ਅਦਾਇਗੀ ਕਰਦੀ ਸੀ। ਇਹ ਸਵਿਸ ਇੰਜੀਨੀਅਰਿੰਗ ਦਿਓਕੱਦ ਕੰਪਨੀ ਓਦੋਂ ਵਿਸ਼ੇਸ਼ ਨਜ਼ਰ ਹੇਠ ਆ ਗਈ ਜਦੋਂ ਇਹ ਪਾਜ ਖੁੱਲ੍ਹ ਗਿਆ ਕਿ ਇਸ ਨੇ ਉੱਤਰੀ ਕੋਰੀਆ ਨੂੰ ਪ੍ਰਮਾਣੂ ਤਕਨਾਲੋਜੀ ਵੇਚੀ ਸੀ ਜਿਸ ਵਿਚ ਪਲੂਟੋਨੀਅਮ (ਨੈਪਚੂਨੀਅਮ ਤੋਂ ਪੈਦਾ ਹੋਣ ਵਾਲਾ ਤੱਤ) ਪੈਦਾ ਕਰਨ ਦੀ ਸਮਰੱਥਾ ਵੀ ਸ਼ਾਮਲ ਸੀ। ਪ੍ਰਮਾਣੂ ਰਿਐਕਟਰ 2000 'ਚ ਵੇਚੇ ਗਏ; ਅਤੇ ਇਸ ਵਕਤ ਏ ਬੀ ਬੀ ਦੇ ਬੋਰਡ ਵਿਚ ਇਕੋ-ਇਕ ਉੱਤਰੀ ਅਮਰੀਕੀ ਮੈਂਬਰ ਰਮਜ਼ਫੈਲਡ ਹੀ ਸੀ। ਉਹ ਦਾਅਵਾ ਕਰਦਾ ਹੈ ਕਿ ਉਸ ਨੂੰ ਚੇਤੇ ਨਹੀਂ ਹੈ ਕਿ ਰਿਐਕਟਰ ਵੇਚਣ ਦਾ ਮਾਮਲਾ ਬੋਰਡ ਕੋਲ ਆਇਆ ਵੀ ਸੀ ਜਾਂ ਨਹੀਂ, ਪਰ ਕੰਪਨੀ ਜ਼ੋਰ ਦੇ ਕੇ ਕਹਿੰਦੀ ਹੈ ਕਿ "ਬੋਰਡ ਦੇ ਮੈਂਬਰਾਂ ਨੂੰ ਪ੍ਰਾਜੈਕਟ ਬਾਰੇ ਸੂਚਿਤ ਕੀਤਾ ਗਿਆ ਸੀ।"[16]

1997 'ਚ, ਜਦੋਂ ਰਮਜ਼ਫੈਲਡ ਨੂੰ ਬਾਇਓ-ਟੈੱਕ ਫਰਮ ਜੀਲੀਡ ਸਾਇੰਸਿਜ਼ ਦੇ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਤਾਂ ਉਹ ਤਬਾਹੀਪਸੰਦ ਸਰਮਾਏਦਾਰੀ ਦਾ ਨਮੂਨਾ ਬਣ ਕੇ ਉੱਭਰਿਆ। ਇਸ ਕੰਪਨੀ ਨੇ ਟਾਮੀਫਲੂ ਦਾ ਪੇਟੈਂਟ ਰਜਿਸਟਰਡ ਕਰਾਇਆ ਸੀ ਜੋ ਕਈ ਤਰ੍ਹਾਂ ਦੇ ਫਲੂ ਰੋਗ ਅਤੇ ਏਵੀਅਨ ਫਲੂ• ਦੀ ਮੁੱਖ ਦਵਾਈ ਹੈ। ਜਦੋਂ ਕਦੇ ਵੀ ਇਹ ਜ਼ਬਰਦਸਤ ਛੂਤ ਰੋਗ ਫੈਲਿਆ (ਜਾਂ ਇਸ ਦਾ ਖ਼ਤਰਾ ਪੈਦਾ ਹੋਇਆ) ਤਾਂ ਸਰਕਾਰਾਂ ਜੀਲੀਡ ਕੰਪਨੀ ਤੋਂ ਅਰਬਾਂ ਡਾਲਰਾਂ ਦੀ ਦਵਾਈ ਖ਼ਰੀਦਣ ਲਈ ਮਜਬੂਰ ਹੋ ਜਾਣਗੀਆਂ।

ਜਨਤਕ ਇਲਾਜ ਲਈ ਐਮਰਜੈਂਸੀ ਵਰਤੋਂ 'ਚ ਆਉਣ ਵਾਲੀਆਂ ਦਵਾਈਆਂ ਅਤੇ ਟੀਕਿਆਂ ਨੂੰ ਪੇਟੈਂਟ ਕੀਤੇ ਜਾਣਾ ਰੱਟੇ ਦਾ ਮੁੱਦਾ ਹੈ। ਕਈ ਦਹਾਕਿਆਂ ਤੋਂ ਅਮਰੀਕਾ ਪੋਲੀਓ ਦੀ ਮਹਾਂਮਾਰੀ ਤੋਂ ਮੁਕਤ ਹੋ ਚੁੱਕਾ ਹੈ ਪਰ ਜਦੋਂ ਪੰਜਾਹਵਿਆਂ ਦੇ ਸ਼ੁਰੂ 'ਚ ਪੋਲੀਓ ਦੀ ਮਹਾਂਮਾਰੀ ਦਾ ਜ਼ੋਰ ਸੀ, ਓਦੋਂ ਬੀਮਾਰੀ ਨੂੰ ਮੁਨਾਫ਼ੇ ਦਾ ਸਾਧਨ ਬਣਾਉਣ ਦੀ ਨੈਤਿਕਤਾ ਬਾਰੇ ਤਿੱਖੀ ਬਹਿਸ ਚੱਲੀ ਸੀ। ਪੋਲੀਓ ਦੇ ਸੱਠ ਹਜ਼ਾਰ ਦੇ ਕਰੀਬ ਮਾਮਲੇ ਸਾਹਮਣੇ ਆ ਚੁੱਕੇ ਸਨ। ਮਾਪੇ ਸਹਿਮੇ ਹੋਏ ਸਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਇਹ ਘਾਤਕ ਬੀਮਾਰੀ ਲੱਗ ਜਾਵੇਗੀ। ਇਸ ਕਰਕੇ ਇਸ ਦੇ ਇਲਾਜ ਦੀ ਖੋਜ ਦੀ ਹੋੜ ਲੱਗੀ ਹੋਈ ਸੀ। ਜਦੋਂ ਪਿਟਸਬਰਗ ਯੂਨੀਵਰਸਿਟੀ ਦੇ ਵਿਗਿਆਨੀ ਜੋਨਾਸ ਸਾਲਕ ਨੇ 1952 'ਚ ਪੋਲੀਓ ਦਾ ਪਹਿਲਾ ਟੀਕਾ ਈਜਾਦ ਕੀਤਾ ਤਾਂ ਉਸ ਨੇ ਇਸ ਜ਼ਿੰਦਗੀ ਬਚਾਊ ਦਵਾਈ ਨੂੰ ਪੇਟੈਂਟ ਨਹੀਂ ਕਰਾਇਆ। ਸਾਲਕ ਨੇ ਪ੍ਰੋਗਰਾਮ ਦੇ ਪ੍ਰਸਾਰਨ ਕਰਤਾ ਐਡਬਰਡ ਆਰ

• ਟਾਮੀਫਲੂ ਬਹੁਤ ਜ਼ਿਆਦਾ ਵਿਵਾਦ ਦਾ ਵਿਸ਼ਾ ਹੈ। ਰਿਪੋਰਟ 'ਚ ਆਏ ਜ਼ਿਆਦਾਤਰ ਮਾਮਲਿਆਂ 'ਚ ਜਿਨ੍ਹਾਂ ਨੌਜਵਾਨਾਂ ਨੇ ਦਵਾਈ ਇਸਤੇਮਾਲ ਕੀਤੀ ਉਨ੍ਹਾਂ ਦੀ ਮਾਨਸਿਕ ਹਾਲਤ ਘਚੋਲੇ ਵਾਲੀ ਅਤੇ ਵਹਿਮੀ ਹੋ ਗਈ ਅਤੇ ਉਨ੍ਹਾਂ ਵਿਚ ਖ਼ੁਦਕੁਸ਼ੀ ਦੀ ਰੁਚੀ ਪੈਦਾ ਹੋ ਗਈ। ਨਵੰਬਰ 2005 ਤੋਂ ਲੈ ਕੇ ਨਵੰਬਰ 2006 ਦੇ ਸਮੇਂ 'ਚ ਦੁਨੀਆਂ ਭਰ 'ਚ ਪੰਝੀ ਮੌਤਾਂ ਟਾਮੀਫਲੂ ਨਾਲ ਸਬੰਧਤ ਸਨ ਅਤੇ ਅਮਰੀਕਾ 'ਚ ਤਾਂ ਹੁਣ ਇਹ ਦਵਾਈ ਲੈਣ ਵਾਲਿਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਇਹ ਉਨ੍ਹਾਂ ਦੀ ਸਿਹਤ ਲਈ "ਨੁਕਸਾਨਦੇਹ ਸਾਬਤ ਹੋ ਸਕਦੀ ਹੈ ਅਤੇ ਮਾਨਸਿਕ ਭਰਮ ਦੀ ਹਾਲਤ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ।" ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਦਵਾਈ ਲੈਂਦੇ ਸਮੇਂ "ਅਸਾਧਾਰਨ ਵਤੀਰੇ ਦੇ ਲੱਛਣਾਂ ਨੂੰ ਪੂਰੇ ਗਹੁ ਨਾਲ ਵਾਚਦੇ ਰਹੋ।"

ਮੁਰੋ ਨੂੰ ਕਿਹਾ, "ਇਸ ਦਾ ਕੋਈ ਪੇਟੈਂਟ ਨਹੀਂ ਹੈ। ਕੀ ਤੁਸੀਂ ਧੁੱਪ ਨੂੰ ਪੇਟੈਂਟ ਕਰਾ ਸਕਦੇ ਹੋ ? "[17]

ਇਹ ਕਿਹਾ ਜਾ ਸਕਦਾ ਹੈ ਕਿ ਜੇ ਧੁੱਪ ਨੂੰ ਪੇਟੈਂਟ ਕਰਾਇਆ ਜਾ ਸਕਦਾ ਹੋਵੇ ਤਾਂ ਡੋਨਾਲਡ ਰਮਜ਼ਫੈਲਡ ਨੇ ਲੰਮਾ ਸਮਾਂ ਪਹਿਲਾਂ ਹੀ ਅਮਰੀਕਾ ਦੇ ਪੇਟੈਂਟ ਅਤੇ ਟਰੇਡ ਮਾਰਕ ਦਫ਼ਤਰ 'ਚ ਅਰਜ਼ੀ ਦੇ ਦੇਣੀ ਸੀ। ਉਸ ਦੀ ਸਾਬਕਾ ਕੰਪਨੀ ਜੀਲੀਡ ਸਾਇੰਸਿਜ਼ ਕੋਲ ਏਡਜ਼ ਦੀਆਂ ਚਾਰ ਦਵਾਈਆਂ ਦਾ ਪੇਟੈਂਟ ਹੈ ਅਤੇ ਇਹ ਵਿਕਾਸਸ਼ੀਲ ਦੇਸ਼ਾਂ 'ਚ ਇਨ੍ਹਾਂ ਜ਼ਿੰਦਗੀ ਬਚਾਊ ਦਵਾਈਆਂ ਦੀ ਆਮ ਸਸਤੀ ਕਿਸਮ (Generic version) ਦੀ ਵਿਕਰੀ ਨੂੰ ਰੋਕਣ ਲਈ ਪੂਰਾ ਜ਼ੋਰ ਲਾ ਰਹੀ ਹੈ। ਅਮਰੀਕਾ ਦੇ ਜਨ-ਸਿਹਤ ਮੁਹਿੰਮ ਦੇ ਕਾਰਕੁਨ ਇਸ ਦੀਆਂ ਕਾਰਵਾਈਆਂ ਨੂੰ ਇਹ ਦਲੀਲ ਦੇ ਕੇ ਭੰਡਦੇ ਹਨ ਕਿ ਜੀਲੀਡ ਦੀਆਂ ਅਹਿਮ ਦਵਾਈਆਂ ਦੀ ਖੋਜ ਟੈਕਸ ਦੇਣ ਵਾਲਿਆਂ ਦੇ ਫੰਡਾਂ ਦੀਆਂ ਗਰਾਂਟਾਂ ਨਾਲ ਕੀਤੀ ਗਈ ਸੀ।[18] ਦੂਜੇ ਪਾਸੇ ਮਹਾਂਮਾਰੀ ਜੀਲੀਡ ਲਈ ਮੰਡੀ ਦੇ ਵਾਧੇ ਦਾ ਸਾਧਨ ਹੈ ਅਤੇ ਇਹ ਦਵਾਈਆਂ ਦਾ ਕਾਰੋਬਾਰ ਕਰਨ ਵਾਲਿਆਂ ਅਤੇ ਲੋਕਾਂ ਨੂੰ ਟਾਮੀਫਲੂ ਜਮਾਂ ਕਰਨ ਲਈ ਪ੍ਰੇਰਨ ਵਾਸਤੇ ਜ਼ਬਰਦਸਤ ਵਿਕਰੀ ਮੁਹਿੰਮ ਚਲਾ ਰਹੀ ਹੈ ਤਾਂ ਜੋ ਵਾਇਰਸ ਫੈਲਣ ਦੀ ਹਾਲਤ 'ਚ ਉਹ ਆਪਣਾ ਬਚਾ ਕਰ ਸਕਣ। ਸਰਕਾਰ 'ਚ ਮੁੜ ਸ਼ਾਮਲ ਹੋਣ ਤੋਂ ਪਹਿਲਾਂ ਰਮਜ਼ਫੈਲਡ ਦੇ ਸਿਰ ਨਵੀਂ ਸਨਅਤ ਦਾ ਭੂਤ ਐਨਾ ਸਵਾਰ ਸੀ ਕਿ ਉਸ ਨੇ ਬਾਇਓ-ਤਕਨਾਲੋਜੀ ਅਤੇ ਦਵਾ ਉਦਯੋਗ 'ਚ ਵਿਸ਼ੇਸ਼ ਮੁਹਾਰਤ ਵਾਲੇ ਅਨੇਕਾਂ ਨਿੱਜੀ ਪੂੰਜੀ-ਨਿਵੇਸ਼ ਫੰਡ ਕਾਇਮ ਕਰਵਾ ਦਿੱਤੇ।[19] ਇਨ੍ਹਾਂ ਕੰਪਨੀਆਂ ਦੀ ਟੇਕ ਬੀਮਾਰੀ ਫੈਲਣ ਦੀਆਂ ਪੇਸ਼ੀਨਗੋਈਆਂ ਹਨ, ਜਿਨ੍ਹਾਂ ਦੌਰਾਨ ਸਰਕਾਰਾਂ ਉਹ ਜ਼ਿੰਦਗੀ ਬਚਾਊ ਦਵਾਈਆਂ ਬਹੁਤ ਜ਼ਿਆਦਾ ਮੁੱਲ 'ਤੇ ਖ਼ਰੀਦਣ ਲਈ ਮਜਬੂਰ ਹੋ ਜਾਂਦੀਆਂ ਹਨ ਜਿਨ੍ਹਾਂ ਦੇ ਪੇਟੈਂਟ ਨਿੱਜੀ ਖੇਤਰ ਦੇ ਅਧਿਕਾਰ ਹੇਠ ਹਨ।

ਫੋਰਡ ਦੇ ਪ੍ਰਬੰਧਕੀ ਅਦਾਰੇ 'ਚ ਰਮਜ਼ਫੈਲਡ ਦੇ ਪਿਛਲੱਗ ਡਿਕ ਚੈਨੀ ਨੇ ਵੀ ਭਵਿੱਖੀ ਆਫ਼ਤਾਂ ਦੀ ਸੰਭਾਵਨਾ ਨੂੰ ਅਧਾਰ ਬਣਾ ਕੇ ਬੇਸ਼ੁਮਾਰ ਮੁਨਾਫ਼ੇ ਕਮਾਏ ਹਨ। ਰਮਜ਼ਫੈਲਡ ਦੇ ਹੱਥ ਭਿਆਨਕ ਬੀਮਾਰੀਆਂ ਦੀ ਤੇਜ਼ੀ ਵਾਲੀ ਮੰਡੀ ਆਈ ਹੋਈ ਸੀ, ਦੂਜੇ ਪਾਸੇ ਚੈਨੀ ਨੇ ਭਵਿੱਖੀ ਜੰਗ ਨੂੰ ਮੁਨਾਫ਼ੇ ਦਾ ਸਾਧਨ ਬਣਾ ਲਿਆ। ਵੱਡੇ ਬੁਸ਼ ਦੇ ਰੱਖਿਆ ਮੰਤਰੀ ਵਜੋਂ ਚੈਨੀ ਨੇ ਸਰਗਰਮ ਫ਼ੌਜੀ ਦਸਤਿਆਂ ਦੀ ਨਫ਼ਰੀ ਘਟਾ ਦਿੱਤੀ ਅਤੇ ਨਿੱਜੀ ਠੇਕੇਦਾਰਾਂ ਉੱਪਰ ਟੇਕ ਐਨੀ ਵਧਾ ਦਿੱਤੀ ਕਿ ਦੇਖ ਕੇ ਹੈਰਾਨੀ ਹੁੰਦੀ ਹੈ। ਉਸ ਨੇ ਹਾਊਸਟਨ ਸਥਿਤ ਬਹੁ-ਕੌਮੀ ਕੰਪਨੀ ਹੈਲੀਬਰਟਨ ਦੀ ਇੰਜੀਨੀਅਰਿੰਗ ਸ਼ਾਖਾ ਬਰਾਊਨ ਐਂਡ ਰੂਟ ਨਾਲ ਇਹ ਠੇਕਾ ਕਰ ਲਿਆ ਕਿ ਕੰਪਨੀ ਅਮਰੀਕੀ ਫ਼ੌਜ ਵਲੋਂ ਕੀਤੇ ਜਾ ਰਹੇ ਉਨ੍ਹਾਂ ਕੰਮਾਂ ਦੀ ਸ਼ਨਾਖ਼ਤ ਕਰੇ ਜਿਨ੍ਹਾਂ ਉੱਪਰ ਨਿੱਜੀ ਖੇਤਰ ਮੁਨਾਫ਼ਾ ਕਮਾਉਣ ਲਈ ਕਬਜ਼ਾ ਕਰ ਸਕਦਾ ਹੋਵੇ। ਇਹ ਹੈਰਾਨੀਜਨਕ ਨਹੀਂ ਹੈ ਕਿ ਹੈਲੀਬਰਟਨ ਨੇ ਉਨ੍ਹਾਂ ਹਰ ਤਰ੍ਹਾਂ ਦੇ ਕੰਮਾਂ ਦੀ ਸ਼ਨਾਖ਼ਤ ਕਰ ਲਈ ਜਿਨ੍ਹਾਂ ਨੂੰ ਨਿੱਜੀ ਖੇਤਰ ਕਰ ਸਕਦਾ ਸੀ। ਇਨ੍ਹਾਂ ਲੱਭਤਾਂ ਦੇ ਸਿੱਟੇ ਵਜੋਂ ਪੈਂਟਾਗਾਨ ਨੇ ਇਕ ਨਵਾਂ ਜ਼ਬਰਦਸਤ ਠੇਕਾ ਕੀਤਾ : ਫ਼ੌਜੀ ਯੋਜਨਾਬੰਦੀ 'ਚ ਸਿਵਲ ਵਿਸਤਾਰ ਦਾ ਪ੍ਰੋਗਰਾਮ ਜਾਂ LOGCAP. ਪੈਂਟਾਗਾਨ ਹਥਿਆਰ ਬਣਾਉਣ ਵਾਲਿਆਂ ਨਾਲ ਅਨੇਕਾਂ ਅਰਬਾਂ ਦੇ ਠੇਕਿਆਂ ਕਰਕੇ ਪਹਿਲਾਂ ਹੀ ਬਥੇਰੀ ਬਦਨਾਮ ਸੀ, ਪਰ ਇਹ ਤਾਂ ਬਿਲਕੁਲ ਹੀ ਨਵੀਂ ਚੀਜ਼ ਸੀ : ਇਹ ਫ਼ੌਜ ਨੂੰ ਸਾਜ਼-ਸਮਾਨ ਸਪਲਾਈ ਕਰਨ ਦਾ ਨਹੀਂ ਸਗੋਂ ਇਸ ਦੀਆਂ ਕਾਰਵਾਈਆਂ ਦੇ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਣ ਦਾ ਠੇਕਾ ਸੀ।[20]

ਕੁਝ ਚੋਣਵੀਆਂ ਕੰਪਨੀਆਂ ਨੂੰ ਅਮਰੀਕਾ ਦੇ ਫ਼ੌਜੀ ਮਿਸ਼ਨਾਂ ਲਈ "ਫ਼ੌਜੀ ਯੋਜਨਾਬੰਦੀ 'ਚ ਮਦਦ" ਮੁਹੱਈਆ ਕਰਨ ਲਈ ਸੱਦਾ ਦਿੱਤਾ ਗਿਆ। ਇਸ ਕੰਮ ਦੀ ਕੋਈ ਸੀਮਾ ਨਹੀਂ ਹੋਵੇਗੀ ਅਤੇ ਇਸ ਦਾ ਵੇਰਵਾ ਸਿਰੇ ਦਾ ਗੋਲਮੋਲ ਸੀ। ਇਸ ਤੋਂ ਅੱਗੇ, ਡਾਲਰਾਂ ਦੇ ਰੂਪ 'ਚ ਇਸ ਠੇਕੇ ਦੀ

ਕੋਈ ਕੀਮਤ ਵੀ ਤੈਅ ਨਹੀਂ ਕੀਤੀ ਗਈ : ਠੇਕਾ ਹਾਸਲ ਕਰਨ ਵਾਲੀ ਕੰਪਨੀ ਨੂੰ ਸਿੱਧਾ ਜਿਹਾ ਯਕੀਨ ਦਿਵਾਇਆ ਗਿਆ ਕਿ ਇਹ ਫ਼ੌਜ ਲਈ ਜੋ ਕੁਝ ਕਰੇਗੀ, ਉਸ ਦਾ ਲਾਗਤ ਖ਼ਰਚਾ ਪੈਂਟਾਗਾਨ ਵਲੋਂ ਦਿੱਤਾ ਜਾਵੇਗਾ ਅਤੇ ਮੁਨਾਫ਼ੇ ਦੀ ਪੂਰੀ ਗਾਰੰਟੀ ਹੋਵੇਗੀ—ਇਹ "ਲਾਗਤ ਜਮਾਂ" ਠੇਕੇ ਵਜੋਂ ਮਸ਼ਹੂਰ ਹੈ। ਇਹ ਵੱਡੇ ਬੁਸ਼ ਦਾ ਆਖ਼ਰੀ ਸਮਾਂ ਸੀ ਅਤੇ ਜਿਸ ਕੰਪਨੀ ਨੂੰ 1992 'ਚ ਠੇਕਾ ਮਿਲਿਆ ਉਹ ਹੈਲੀਬਰਟਨ ਤੋਂ ਬਿਨਾ ਹੋਰ ਕੋਈ ਨਹੀਂ ਸੀ। *ਲਾਸ ਏਂਜਲਸ ਟਾਈਮਜ਼* ਦੇ ਟੀ. ਕਰਿਸਟੀਅਨ ਮਿਲਰ ਨੇ ਟਿੱਪਣੀ ਕੀਤੀ ਕਿ ਹੈਲੀਬਰਟਨ ਨੇ "ਬੋਲੀ ਦੇਣ ਵਾਲਿਆਂ ਨੂੰ ਹਰਾ ਕੇ ਪੰਜ ਸਾਲਾ ਠੇਕਾ ਆਪ ਹਾਸਲ ਕਰ ਲਿਆ—ਸ਼ਾਇਦ ਇਹ ਹੈਰਾਨੀਜਨਕ ਨਹੀਂ ਸੀ ਕਿਉਂਕਿ ਇਹੀ ਕੰਪਨੀ ਸੀ ਜਿਸ ਨੇ ਇਹ ਯੋਜਨਾਵਾਂ ਉਲੀਕੀਆਂ ਸਨ।"

1995 'ਚ, ਜਦੋਂ ਵਾਈਟ ਹਾਊਸ ਦਾ ਕਰਤਾ-ਧਰਤਾ ਕਲਿੰਟਨ ਬਣਿਆ ਤਾਂ ਹੈਲੀਬਰਟਨ ਨੇ ਆਪਣਾ ਨਵਾਂ ਮੁਖੀ ਚੈਨੀ ਨੂੰ ਬਣਾ ਲਿਆ। ਹਾਲਾਂਕਿ ਹੈਲੀਬਰਟਨ ਦੀ ਸ਼ਾਖਾ ਬਰਾਊਨ ਐਂਡ ਰੂਟ ਦਾ ਅਮਰੀਕੀ ਫ਼ੌਜ ਲਈ ਠੇਕੇ ਉੱਤੇ ਕੰਮ ਕਰਨ ਦਾ ਲੰਮਾ ਇਤਿਹਾਸ ਹੈ ਪਰ ਚੈਨੀ ਦੀ ਅਗਵਾਈ ਹੇਠ ਹੈਲੀਬਰਟਨ ਦੀ ਭੂਮਿਕਾ 'ਚ ਐਨੇ ਨਾਟਕੀ ਢੰਗ ਨਾਲ ਵਾਧਾ ਕਰ ਦਿੱਤਾ ਗਿਆ ਕਿ ਇਸ ਨੇ ਆਧੁਨਿਕ ਜੰਗ ਦੀ ਤਾਸੀਰ ਹੀ ਬਦਲ ਦਿੱਤੀ। ਪੈਂਟਾਗਾਨ ਦਾ ਮੁਖੀ ਹੋਣ ਸਮੇਂ ਜਿਹੜਾ ਗੋਲਮੋਲ ਠੇਕਾ ਚੈਨੀ ਅਤੇ ਹੈਲੀਬਰਟਨ ਨੇ ਰਲਕੇ ਤੈਅ ਕੀਤਾ ਸੀ ਉਸ ਦੀ ਬਦੌਲਤ ਇਹ ਕੰਪਨੀ "ਫ਼ੌਜੀ ਯੋਜਨਾਬੰਦੀ ਦੀ ਸਹਾਇਤਾ" ਦੇ ਵਾਕ ਦੇ ਅਰਥਾਂ ਨੂੰ ਓਦੋਂ ਤੱਕ ਖਿੱਚ ਖਿੱਚ ਕੇ ਫੈਲਾਉਂਦੀ ਗਈ ਜਦੋਂ ਤੱਕ ਬਦੇਸ਼ਾਂ ਅੰਦਰ ਅਮਰੀਕੀ ਫ਼ੌਜੀ ਕਾਰਵਾਈਆਂ ਦਾ ਪੂਰਾ ਬੁਨਿਆਦੀ ਢਾਂਚਾ ਤਿਆਰ ਕਰਨ ਦਾ ਜ਼ਿੰਮਾ ਹੈਲੀਬਰਟਨ ਨੂੰ ਨਹੀਂ ਦੇ ਦਿੱਤਾ ਗਿਆ। ਫ਼ੌਜ ਨੇ ਤਾਂ ਬਸ ਫ਼ੌਜੀ ਅਤੇ ਹਥਿਆਰ ਮੁਹੱਈਆ ਕਰਨੇ ਸਨ—ਉਹ ਤਾਂ ਇਕ ਤਰ੍ਹਾਂ ਮਹਿਜ਼ ਸਾਜ਼-ਸਮਾਨ ਭੇਜਣ ਵਾਲੀ ਸੰਸਥਾ ਬਣਕੇ ਰਹਿ ਗਈ ਸੀ ਜਦਕਿ ਅਸਲ ਕਰਤਾ-ਧਰਤਾ ਹੈਲੀਬਰਟਨ ਬਣ ਗਈ ਸੀ।

ਇਸ ਦਾ ਨਤੀਜਾ ਪਹਿਲਾਂ ਬਲਕਾਨ ਦੇਸ਼ਾਂ ਵਿਚ ਸਾਹਮਣੇ ਆਇਆ, ਇਹ ਇਕ ਤਰ੍ਹਾਂ ਦਾ ਵਿਸ਼ੇਸ਼ ਫ਼ੌਜੀ ਰੁਤਬੇ ਦਾ ਤਜਰਬਾ ਸੀ ਜਿਸ ਵਿਚ ਬਦੇਸ਼ ਵਿਚ ਡਿਊਟੀ ਲਗਾਏ ਜਾਣਾ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਭਾਰੀ ਹਥਿਆਰਬੰਦ ਹੋ ਕੇ ਖ਼ਤਰੇ ਭਰੀ ਥਾਂ ਛੁੱਟੀ ਕੱਟਣ ਦਾ ਪ੍ਰੋਗਰਾਮ ਹੁੰਦਾ ਹੈ। ਹੈਲੀਬਰਟਨ ਦੇ ਇਕ ਬੁਲਾਰੇ ਨੇ ਜਦੋਂ ਇਹ ਲਫ਼ਫ਼ਜ਼ ਕਹੇ ਤਾਂ ਕੰਪਨੀ ਦੇ ਸਟਾਫ਼ ਬਾਰੇ ਉਸ ਦੀ ਗੱਲਬਾਤ ਦਾ ਲਹਿਜ਼ਾ ਫ਼ੌਜੀ ਯੋਜਨਾਬੰਦੀ 'ਚ ਸਹਿਯੋਗ ਦੇਣ ਵਾਲਿਆਂ ਨਾਲੋਂ ਕਾਰਵਾਈ ਦੇ ਨਿਰਦੇਸ਼ਕਾਂ ਵਾਲਾ ਵੱਧ ਸੀ : "ਜਦੋਂ ਸਾਡੇ ਫ਼ੌਜੀ ਬਲਕਾਨ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕਰਨ ਵਾਲਾ ਪਹਿਲਾ ਸ਼ਖ਼ਸ, ਅਤੇ ਜਦੋਂ ਉਹ ਵਿਦਾ ਹੁੰਦੇ ਹਨ ਤਾਂ ਅਲਵਿਦਾ ਕਹਿਣ ਵਾਲਾ ਆਖ਼ਰੀ ਸ਼ਖ਼ਸ ਸਾਡਾ ਹੀ ਕੋਈ ਮੁਲਾਜ਼ਮ ਹੁੰਦਾ ਹੈ।"[21] ਇਸ ਸੀ ਹੈਲੀਬਰਟਨ ਦਾ ਫ਼ਰਕ : ਚੈਨੀ ਨੂੰ ਕੋਈ ਵਜ੍ਹਾ ਨਹੀਂ ਲੱਗਦੀ ਸੀ ਕਿ ਜੰਗ ਨੂੰ ਅਮਰੀਕਾ ਦੀ ਸੇਵਾਵਾਂ ਵਾਲੀ ਆਰਥਿਕਤਾ ਦਾ ਵਧ-ਫੁਲ ਰਿਹਾ ਹਿੱਸਾ ਕਿਉਂ ਨਾ ਬਣਾਇਆ ਜਾਵੇ ਜੋ ਬਹੁਤ ਜ਼ਿਆਦਾ ਮੁਨਾਫ਼ੇ ਦੇਣ ਵਾਲੀ ਹੈ—ਭਾਵ ਹਮਲਾ ਮੁਸਕਰਾਕੇ ਕਿਉਂ ਨਾ ਕੀਤਾ ਜਾਵੇ।

ਬਲਕਾਨ ਦੇਸ਼ਾਂ 'ਚ, ਜਿੱਥੇ ਕਲਿੰਟਨ ਨੇ ਉੱਨੀ ਹਜ਼ਾਰ ਫ਼ੌਜੀ ਤਾਇਨਾਤ ਕੀਤੇ ਸਨ, ਅਮਰੀਕਾ ਦੇ ਫ਼ੌਜੀ ਅੱਡੇ ਹੈਲੀਬਰਟਨ ਦੇ ਮਿੰਨੀ ਸ਼ਹਿਰਾਂ ਦੀ ਤਰ੍ਹਾਂ ਉੱਸਰ ਗਏ : ਸਾਫ਼-ਸੁਥਰੀਆਂ ਗੇਟ ਬੰਦ ਉੱਪ-ਸ਼ਹਿਰੀ ਬਸਤੀਆਂ ਜਿਨ੍ਹਾਂ ਦੀ ਉਸਾਰੀ ਅਤੇ ਪ੍ਰਬੰਧਕੀ ਸੰਚਾਲਨ ਪੂਰੀ ਤਰ੍ਹਾਂ ਕੰਪਨੀ ਕੋਲ ਸੀ। ਅਤੇ ਹੈਲੀਬਰਟਨ ਫ਼ੌਜੀ ਦਸਤਿਆਂ ਨੂੰ ਹਰ ਤਰ੍ਹਾਂ ਦੀਆਂ ਘਰੇਲੂ ਸਹੂਲਤਾਂ,

ਫਾਸਟ-ਫੂਡ ਦੀਆਂ ਦੁਕਾਨਾਂ, ਸੁਪਰ ਬਜ਼ਾਰ, ਸਿਨੇਮਾ ਘਰ ਅਤੇ ਉੱਚ ਤਕਨੀਕੀ ਜਿਮ ਮੁਹੱਈਆ ਕਰਾ ਰਹੀ ਸੀ।[22] ਕੁਝ ਉੱਚ ਅਧਿਕਾਰੀ ਹੈਰਾਨ ਸਨ ਕਿ ਫ਼ੌਜ ਦੇ ਮਾਲਜ਼ ਵਾਲੀ ਸ਼ਰੇਆਮ ਅੱਯਾਸ਼ੀ 'ਚ ਗ਼ਸਤ ਹੋ ਜਾਣ ਨਾਲ ਫ਼ੌਜੀ ਜ਼ਾਬਤੇ ਦਾ ਕੀ ਬਣੇਗਾ—ਪਰ ਉਹ ਖ਼ੁਦ ਵੀ ਵਾਧੂ ਸਹੂਲਤਾਂ ਮਾਣ ਰਹੇ ਸਨ। ਇਕ ਨੇ ਮੈਨੂੰ ਦੱਸਿਆ, "ਹੈਲੀਬਰਟਨ ਦੀ ਹਰ ਚੀਜ਼ ਸ਼ਾਨਦਾਰ ਸੀ। ਇਸ ਕਰਕੇ ਸਾਨੂੰ ਸ਼ਿਕਾਇਤ ਹੀ ਕੋਈ ਨਹੀਂ ਸੀ।" ਹੈਲੀਬਰਟਨ ਲਈ ਤਾਂ ਗਾਹਕ ਦੀ ਤਸੱਲੀ ਕਰਾਉਣਾ ਹੀ ਵਧੀਆ ਕਾਰੋਬਾਰ ਦੀ ਖ਼ੂਬੀ ਸੀ—ਇਸ ਨਾਲ ਹੋਰ ਠੇਕੇ ਯਕੀਨੀ ਬਣਦੇ ਸਨ। ਮੁਨਾਫ਼ਿਆਂ ਦਾ ਹਿਸਾਬ-ਕਿਤਾਬ ਲਾਗਤ ਖ਼ਰਚ ਦੀ ਫ਼ੀ ਸਦੀ ਦੇ ਰੂਪ 'ਚ ਲਗਾਇਆ ਜਾਂਦਾ ਸੀ, ਇਸ ਕਰਕੇ ਜਿੰਨੇ ਵੱਧ ਖ਼ਰਚੇ ਹੋਣਗੇ, ਓਨਾ ਹੀ ਵੱਧ ਮੁਨਾਫ਼ਾ ਹੋਵੇਗਾ। ਬਗ਼ਦਾਦ ਦੇ ਮਹਿਫ਼ੂਜ਼ ਖੇਤਰ 'ਚ ਇਕ ਕਹਾਵਤ ਮਸ਼ਹੂਰ ਹੋ ਗਈ ਸੀ, "ਚਿੰਤਾ ਨਾ ਕਰੋ, ਇਹ ਲਾਗਤ ਪਲੱਸ ਹੈ," ਪਰ ਡੀਲਕਸ ਜੰਗ ਦੇ ਖ਼ਰਚਿਆਂ ਦਾ ਮੁੱਢ ਕਲਿੰਟਨ ਦੌਰ 'ਚ ਹੀ ਬੱਝ ਗਿਆ ਸੀ। ਹੈਲੀਬਰਟਨ 'ਚ ਪੰਜ ਸਾਲ ਰਹਿ ਕੇ ਹੀ, ਚੈਨੀ ਨੇ ਉਹ ਰਕਮ ਦੁੱਗਣੀ ਬਣਾ ਦਿੱਤੀ ਜੋ ਇਸ ਕੰਪਨੀ ਨੂੰ ਅਮਰੀਕੀ ਖ਼ਜ਼ਾਨੇ ਤੋਂ ਮਿਲਦੀ ਸੀ। ਇਹ 1.2 ਅਰਬ ਡਾਲਰ ਤੋਂ 2.3 ਅਰਬ ਡਾਲਰ ਹੋ ਗਈ ਜਦਕਿ ਫੈਡਰਲ ਸਰਕਾਰ ਤੋਂ ਕਰਜਿਆਂ ਅਤੇ ਕਰਜਾ ਜ਼ਾਮਨੀਆਂ ਵਜੋਂ ਇਸ ਨੂੰ ਜਿਹੜੀ ਰਕਮ ਮਿਲਦੀ ਸੀ ਉਹ ਪੰਦਰਾਂ ਗੁਣਾ ਵਧ ਗਈ।[23] ਚੈਨੀ ਦੀ ਘਾਲਣਾ ਦਾ ਉਸ ਨੂੰ ਪੂਰਾ ਸਿਲ੍ਹਾ ਮਿਲਿਆ। ਉੱਪ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਚੈਨੀ ਨੇ "ਆਪਣੀ ਸ਼ੁੱਧ ਆਮਦਨ 1 ਕਰੋੜ 80 ਲੱਖ ਡਾਲਰ ਤੋਂ 8 ਕਰੋੜ 19 ਲੱਖ ਡਾਲਰ ਦੇ ਵਿਚਕਾਰ ਅੰਗੀ ਸੀ, ਇਸ ਵਿਚ ਹੈਲੀਬਰਟਨ ਵਿਚ 60 ਲੱਖ ਤੋਂ ਲੈ ਕੇ 3 ਕਰੋੜ ਡਾਲਰ ਤੱਕ ਦੇ ਸ਼ੇਅਰ ਵੀ ਸ਼ਾਮਲ ਸਨ...। ਕੁਲ-ਮਿਲਾ ਕੇ ਚੈਨੀ ਨੂੰ ਹੈਲੀਬਰਟਨ ਦੇ 12 ਲੱਖ ਸੱਠ ਹਜ਼ਾਰ ਸ਼ੇਅਰ-ਮੌਕੇ ਦਿੱਤੇ ਗਏ, ਇਨ੍ਹਾਂ ਵਿਚੋਂ ਇਕ ਲੱਖ ਮੌਕੇ (Options) ਪਹਿਲਾਂ ਹੀ ਵਰਤ ਲਏ ਗਏ ਸਨ, ਸੱਤ ਲੱਖ ਸੱਠ ਹਜ਼ਾਰ ਮੁੜ ਖ਼ਰੀਦੇ ਜਾ ਸਕਦੇ ਸਨ ਅਤੇ 166,667 ਦੀ ਮਿਆਦ ਦਸੰਬਰ (2000) ਤੱਕ ਸੀ।"[24]

ਸਰਵਿਸ ਖੇਤਰ ਨੂੰ ਸਰਕਾਰ ਦੇ ਧੁਰ ਅੰਦਰ ਤੱਕ ਫੈਲਾਉਣ ਦੀ ਧੁਸ ਚੈਨੀ ਲਈ ਪਰਿਵਾਰਕ ਮਾਮਲਾ ਸੀ। ਨੱਬੇਵਿਆਂ ਦੇ ਅਖ਼ੀਰ 'ਚ, ਜਦੋਂ ਉਹ ਫ਼ੌਜੀ ਅੱਡਿਆਂ ਨੂੰ ਹੈਲੀਬਰਟਨ ਦੇ ਉੱਪ-ਨਗਰ ਬਣਾ ਰਿਹਾ ਸੀ, ਉਸ ਸਮੇਂ ਉਸ ਦੀ ਪਤਨੀ ਲਿਨੇ ਨੂੰ ਲਾਕਹੀਡ ਮਾਰਟਿਨ ਦੇ ਬੋਰਡ ਦੀ ਮੈਂਬਰ ਵਜੋਂ ਤਨਖ਼ਾਹ ਤੋਂ ਇਲਾਵਾ ਸ਼ੇਅਰ ਖ਼ਰੀਦਣ ਦੇ ਮੌਕੇ ਵੀ ਹਾਸਲ ਸਨ। ਇਹ ਕੰਪਨੀ ਸੁਰੱਖਿਆ ਦੇ ਖੇਤਰ 'ਚ ਠੇਕੇ ਲੈਣ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਸੀ। 1995 ਤੋਂ ਲੈ ਕੇ 2001 ਤੱਕ ਦਾ ਸਮਾਂ, ਜਦੋਂ ਲਿਨੇ ਬੋਰਡ ਦੀ ਮੈਂਬਰ ਸੀ, ਲਾਕਹੀਡ ਵਰਗੀਆਂ ਕੰਪਨੀਆਂ ਲਈ ਤਬਦੀਲੀ ਦਾ ਅਹਿਮ ਦੌਰ ਵੀ ਸੀ।[25] ਠੰਢੀ ਜੰਗ ਖ਼ਤਮ ਹੋ ਗਈ ਸੀ, ਸੁਰੱਖਿਆ ਖ਼ਰਚ ਘਟ ਰਹੇ ਸਨ ਅਤੇ ਇਨ੍ਹਾਂ ਕੰਪਨੀਆਂ ਦੇ ਤਕਰੀਬਨ ਸਮੁੱਚੇ ਬਜਟ ਸਰਕਾਰ ਨਾਲ ਕੀਤੇ ਹਥਿਆਰਾਂ ਦੇ ਠੇਕਿਆਂ ਤੋਂ ਆਉਂਦੇ ਹੋਣ ਕਾਰਨ ਇਨ੍ਹਾਂ ਨੂੰ ਨਵੇਂ ਨਮੂਨੇ ਦੇ ਕਾਰੋਬਾਰ ਦੀ ਜ਼ਰੂਰਤ ਸੀ। ਲਾਕਹੀਡ ਅਤੇ ਹਥਿਆਰ ਬਣਾਉਣ ਵਾਲੀਆਂ ਹੋਰ ਕੰਪਨੀਆਂ 'ਚ ਇਕ ਨਵੀਂ ਯੁੱਧਨੀਤੀ ਉੱਭਰ ਕੇ ਸਾਹਮਣੇ ਆਈ, ਕਾਰੋਬਾਰ ਦੀ ਨਵੀਂ ਲਾਈਨ ਜ਼ਬਰਦਸਤ ਤਰੀਕੇ ਨਾਲ ਅਖ਼ਤਿਆਰ ਕਰਨ ਦੀ ਨੀਤੀ : ਫੀਸ ਲੈ ਕੇ ਸਰਕਾਰਾਂ ਦੇ ਕੰਮ ਚਲਾਓ।

ਨੱਬੇਵਿਆਂ ਦੇ ਅੱਧ 'ਚ, ਲਾਕਹੀਡ ਨੇ ਅਮਰੀਕੀ ਸਰਕਾਰ ਦੀਆਂ ਸੂਚਨਾ ਤਕਨਾਲੋਜੀ ਸ਼ਾਖਾਵਾਂ ਕਬਜ਼ੇ 'ਚ ਲੈਣੀਆਂ ਸ਼ੁਰੂ ਕਰ ਦਿੱਤੀਆਂ। ਭਾਵ ਇਸ ਦੀ ਕੰਪਿਊਟਰ ਪ੍ਰਣਾਲੀ ਅਤੇ

ਇਸ ਦੇ ਡਾਟਾ ਪ੍ਰਬੰਧ ਦੇ ਜ਼ਿਆਦਾਤਰ ਹਿੱਸੇ ਦਾ ਸੰਚਾਲਨ ਕਰਨ ਦਾ ਕੰਮ। ਜਨਤਾ ਦੀ ਤਿੱਖੀ ਨਜ਼ਰ ਹੋਣ ਦੇ ਬਾਵਜੂਦ ਕੰਪਨੀ ਇਸ ਦ੍ਰਿਸ਼ 'ਤੇ ਇੱਥੋਂ ਤਕ ਛਾ ਗਈ ਕਿ 2004 'ਚ *ਨਿਊ ਯਾਰਕ ਟਾਈਮਜ਼* ਨੇ ਰਿਪੋਰਟ ਛਾਪੀ, "ਲਾਕਹੀਡ ਮਾਰਟਿਨ ਅਮਰੀਕਾ ਦਾ ਪ੍ਰਬੰਧ ਨਹੀਂ ਚਲਾਉਂਦੀ। ਪਰ ਇਹ ਇਸ ਦਾ ਜ਼ਿਆਦਾਤਰ ਪ੍ਰਬੰਧ ਜ਼ਰੂਰ ਚਲਾ ਰਹੀ ਹੈ....। ਇਹ ਤੁਹਾਡੀਆਂ ਚਿੱਠੀਆਂ ਦੀ ਛਾਂਟ-ਛਟਾਈ ਕਰਦੀ ਹੈ ਅਤੇ ਟੈਕਸਾਂ ਦਾ ਜੋੜ ਲਾਉਂਦੀ ਹੈ। ਇਹ ਸਮਾਜਿਕ ਸੁਰੱਖਿਆ ਸਹੂਲਤਾਂ ਦੇ ਚੈੱਕ ਕੱਟਦੀ ਹੈ ਅਤੇ ਸੰਯੁਕਤ ਰਾਜ ਦੀ ਮਰਦਮਸ਼ੁਮਾਰੀ ਕਰਦੀ ਹੈ। ਇਹ ਅੰਬਰ 'ਚ ਹਵਾਈ ਉਡਾਣਾਂ ਦੇ ਸੰਚਾਲਨ ਨੂੰ ਕੰਟਰੋਲ ਕਰਦੀ ਹੈ ਅਤੇ ਹਵਾਈ ਆਵਾਜਾਈ ਦੀ ਨਿਗਰਾਨ ਹੈ। ਇਹ ਸਾਰਾ ਕੁਝ ਨੇਪਰੇ ਚਾੜ੍ਹਨ ਲਈ, ਲਾਕਹੀਡ ਮਾਈਕਰੋਸਾਫਟ ਨਾਲੋਂ ਵੱਧ ਕੰਪਿਊਟਰ ਕੋਡ ਤਿਆਰ ਕਰਦੀ ਹੈ।"•

ਪਤੀ-ਪਤਨੀ ਦੀ ਕਮਾਲ ਦੀ ਜੋਟੀ ਬਣ ਗਈ। ਡਿਕ ਚੈਨੀ ਬਦੇਸ਼ਾਂ 'ਚ ਜੰਗ ਦੇ ਬੁਨਿਆਦੀ ਢਾਂਚੇ ਉੱਪਰ ਕਬਜ਼ਾ ਕਰਨ ਲਈ ਹੈਲੀਬਰਟਨ ਦੀ ਅਗਵਾਈ ਕਰ ਰਿਹਾ ਸੀ ਅਤੇ ਲਿਨੇ ਦੇਸ਼ ਅੰਦਰ ਸਰਕਾਰ ਦੇ ਰੋਜ਼-ਮਰਾ ਦੇ ਕੰਮਕਾਰ ਉੱਪਰ ਕਬਜ਼ਾ ਕਰਨ 'ਚ ਲਾਕਹੀਡ ਦਾ ਹੱਥ ਵਟਾ ਰਹੀ ਸੀ। ਕਈ ਵਾਰ ਪਤੀ ਅਤੇ ਪਤਨੀ ਦਾ ਸਿੱਧਾ ਮੁਕਾਬਲਾ ਵੀ ਹੋ ਜਾਂਦਾ। 1996 'ਚ, ਜਦੋਂ ਟੈਕਸਾਸ ਰਾਜ ਸਰਕਾਰ ਨੇ ਐਲਾਨ ਕੀਤਾ ਕਿ ਕਾਰਪੋਰੇਸ਼ਨਾਂ ਇਸ ਦੇ ਸਮਾਜ ਭਲਾਈ ਪ੍ਰੋਗਰਾਮ ਨੂੰ ਚਲਾਉਣ ਲਈ ਬੋਲੀ ਦੇ ਸਕਦੀਆਂ ਹਨ—ਜੋ ਪੰਜ ਸਾਲਾਂ ਲਈ 2 ਅਰਬ ਡਾਲਰ ਦਾ ਪ੍ਰਾਜੈਕਟ ਸੀ—ਤਾਂ ਲਾਕਹੀਡ ਅਤੇ ਸੂਚਨਾ ਤਕਨਾਲੋਜੀ ਦੀ ਦਿਓਕੱਦ ਕੰਪਨੀ ਇਲੈਕਟ੍ਰਾਨਿਕ ਡਾਟਾ ਸਿਸਟਮਜ਼ ਨੇ ਠੇਕੇ ਦੀ ਬੋਲੀ ਦਿੱਤੀ। ਡਾਟਾ ਸਿਸਟਮਜ਼ ਨੂੰ ਮਾਣ ਸੀ ਕਿ ਡਿਕ ਚੈਨੀ ਇਸ ਦੇ ਬੋਰਡ ਦਾ ਮੈਂਬਰ ਹੈ। ਆਖ਼ਿਰ, ਕਲਿੰਟਨ ਸਰਕਾਰ ਨੇ ਦਖ਼ਲ ਦੇ ਕੇ ਬੋਲੀ ਰੋਕ ਦਿੱਤੀ। ਹਾਲਾਂਕਿ ਇਹ ਸਰਕਾਰ ਆਮ ਹੀ ਠੇਕੇ ਉੱਪਰ ਕੰਮ ਕਰਵਾਉਣ ਦੀ ਜ਼ੋਰਦਾਰ ਹਮਾਇਤੀ ਸੀ, ਉਸ ਦਾ ਇਹ ਫ਼ੈਸਲਾ ਨਿੱਜੀਕਰਨ ਨੂੰ ਰਾਸ ਨਹੀਂ ਆਉਂਦਾ ਸੀ ਕਿ ਲੋਕ-ਭਲਾਈ ਸਕੀਮਾਂ ਦਾ ਠੇਕਾ ਲੈਣ ਲਈ ਉਸ ਨੂੰ ਯੋਗ ਮੰਨਿਆ ਜਾਵੇਗਾ ਜੋ ਸਰਕਾਰ ਦੀ ਲਾਜ਼ਮੀ ਭੂਮਿਕਾ ਦਾ ਦ੍ਰਿੜ ਧਾਰਨੀ ਹੋਵੇ। ਲਾਕਹੀਡ ਅਤੇ ਈ ਡੀ ਐੱਸ ਦੋਵਾਂ ਨੇ ਹਾਲ-ਪਾਹਰਿਆ ਮਚਾਈ ਕਿ ਇਹ ਬੇਈਮਾਨੀ ਹੈ। ਟੈਕਸਾਸ ਦੇ ਗਵਰਨਰ ਜਾਰਜ ਡਬਲਯੂ ਬੁਸ਼ ਨੇ ਵੀ ਇੰਞ ਹੀ ਕੀਤਾ। ਉਸ ਦੀ ਸੋਚ ਅਨੁਸਾਰ ਲੋਕ-ਭਲਾਈ ਸਕੀਮਾਂ ਦਾ ਨਿੱਜੀਕਰਨ ਬਹੁਤ ਕਮਾਲ ਦਾ ਵਿਚਾਰ ਸੀ।[27]

ਜਾਰਜ ਡਬਲਯੂ ਬੁਸ਼ ਬਹੁਤੇ ਪੱਖਾਂ ਤੋਂ ਗਵਰਨਰ ਵਜੋਂ ਆਪਣੀ ਵੱਖਰੀ ਪਛਾਣ ਨਹੀਂ ਬਣਾ ਸਕਿਆ ਪਰ ਇਕ ਖੇਤਰ ਐਸਾ ਸੀ ਜਿਸ ਵਿਚ ਉਹ ਬਾਜੀ ਮਾਰ ਗਿਆ। ਇਹ ਸੀ ਸਰਕਾਰ ਦੇ ਉਹ ਵੱਧੋ-ਵੱਧਰੇ ਕਾਰਜ ਨਿੱਜੀ ਹਿੱਤਾਂ ਨੂੰ ਸੌਂਪਣੇ ਜਿਨ੍ਹਾਂ ਦਾ ਸੰਚਾਲਨ ਕਰਨ ਲਈ ਉਸ ਨੂੰ

• ਇਸ ਸਮੇਂ 'ਚ, ਸਾਰੇ ਵੱਡੇ ਹਥਿਆਰ ਨਿਰਮਾਤਾ ਸਰਕਾਰ ਨੂੰ ਚਲਾਉਣ ਦੇ ਇਸ ਧੰਦੇ 'ਚ ਸ਼ਾਮਲ ਹੋ ਗਏ। ਕੰਪਿਊਟਰ ਸਾਇੰਸਿਜ਼ ਕੰਪਨੀ, ਜੋ ਫ਼ੌਜ ਨੂੰ ਮਨੁੱਖ ਦੇ ਹੁਲੀਏ ਅਧਾਰਤ ਸ਼ਨਾਖ਼ਤ ਪ੍ਰਣਾਲੀ (Biometric IDs) ਸਮੇਤ ਸੂਚਨਾ ਤਕਨਾਲੋਜੀ ਮੁਹੱਈਆ ਕਰਦੀ ਸੀ, ਨੇ ਸੈਨ ਡਿਆਗੋ ਕਾਊਂਟੀ ਪ੍ਰਸ਼ਾਸਨ ਦੀ ਸੂਚਨਾ ਤਕਨਾਲੋਜੀ ਨੈੱਟਵਰਕ ਦਾ ਸੰਚਾਲਨ ਕਰਨ ਲਈ 60 ਕਰੋੜ 40 ਲੱਖ ਡਾਲਰ ਦਾ ਠੇਕਾ ਲਿਆ—ਇਹ ਇਸ ਤਰ੍ਹਾਂ ਦਾ ਸਭ ਤੋਂ ਵੱਡਾ ਠੇਕਾ ਸੀ। ਕਾਊਂਟੀ ਪ੍ਰਸ਼ਾਸਨ ਨੂੰ ਕੰਪਨੀ ਦੀ ਕਾਰਗੁਜ਼ਾਰੀ ਤੋਂ ਤਸੱਲੀ ਨਾ ਹੋਈ ਅਤੇ ਇਸ ਨੇ ਠੇਕਾ ਨਹੀਂ ਨਵਿਆਇਆ। ਇਹ ਠੇਕਾ ਹਥਿਆਰਾਂ ਦੀ ਇਕ ਹੋਰ ਦਿਓਕੱਦ ਕੰਪਨੀ ਨਾਰਥਰੌਪ ਗਰੰਮਮੈਨ ਨੂੰ ਦੇ ਦਿੱਤਾ ਗਿਆ ਜੋ ਬੀ-2 ਗੁਪਤ ਬੰਬਾਰੀ ਕਰਨ ਵਾਲੇ ਹਵਾਈ ਜਹਾਜ਼ ਬਣਾਉਂਦੀ ਹੈ।

ਚੁਣਿਆ ਗਿਆ ਸੀ। ਇਨ੍ਹਾਂ ਵਿਚ ਖ਼ਾਸ ਸੀ ਸੁਰੱਖਿਆ ਨਾਲ ਸਬੰਧਤ ਕਾਰਜ। ਇਹ ਨਿੱਜੀਕਰਨ ਕੀਤੀ ਦਹਿਸ਼ਤਵਾਦ ਵਿਰੁੱਧ ਜੰਗ ਦੀ ਝਲਕ ਸੀ ਜੋ ਉਸ ਨੇ ਛੇਤੀ ਹੀ ਸ਼ੁਰੂ ਕਰ ਦੇਣੀ ਸੀ। ਉਸ ਦੀ ਨਿਗਰਾਨੀ ਹੇਠ, ਟੈਕਸਾਸ 'ਚ ਨਿੱਜੀ ਜੇਲ੍ਹਾਂ ਦੀ ਗਿਣਤੀ ਛੱਬੀ ਤੋਂ ਵਧ ਕੇ ਬਿਆਲੀ ਹੋ ਗਈ। ਤਾਹੀਓਂ *ਦੀ ਅਮੈਰੀਕਨ ਪ੍ਰਾਸਪੈਕਟ* ਰਸਾਲੇ ਨੇ ਬੁਸ਼ ਹੇਠ ਟੈਕਸਾਸ ਨੂੰ "ਨਿੱਜੀ ਜੇਲ੍ਹ ਸਨਅਤ ਦੀ ਆਲਮੀ ਰਾਜਧਾਨੀ" ਦਾ ਨਾਂ ਦਿੱਤਾ ਸੀ। 1997 'ਚ ਇਕ ਸਥਾਨਕ ਟੈਲੀਵਿਜ਼ਨ ਸਟੇਸ਼ਨ ਵਲੋਂ ਹਾਊਸਟਨ ਤੋਂ ਚਾਲੀ ਮੀਲ ਬਾਹਰ ਬਰੈਜ਼ੋਰੀਆ ਕਾਊਂਟੀ ਦੀ ਜੇਲ੍ਹ ਬਾਰੇ ਵੀਡੀਓ ਟੇਪ ਦਿਖਾਏ ਜਾਣ ਤੋਂ ਬਾਅਦ ਐੱਫ ਬੀ ਆਈ ਨੇ ਜੇਲ੍ਹ ਦਾ ਮੁਆਇਨਾ ਕੀਤਾ। ਇਸ ਟੇਪ 'ਚ ਜੇਲ੍ਹ ਗਾਰਡ ਕੈਦੀਆਂ ਦੇ ਚੱਡਿਆਂ 'ਚ ਠੁੱਡੇ ਮਾਰਦੇ, ਉਨ੍ਹਾਂ ਨੂੰ ਸਟੇਨਗੰਨਾਂ ਨਾਲ ਗੋਲੀਆਂ ਮਾਰਦੇ ਅਤੇ ਉਨ੍ਹਾਂ ਉੱਪਰ ਕੁੱਤਿਆਂ ਤੋਂ ਹਮਲਾ ਕਰਵਾਉਂਦੇ ਦਿਖਾਏ ਗਏ ਸਨ। ਉਹ ਅੱਗੋਂ ਕੋਈ ਵਿਰੋਧ ਨਹੀਂ ਕਰ ਰਹੇ ਸਨ। ਵੀਡੀਓ 'ਚ ਇਕ ਗਾਰਡ ਤਾਂ ਐਸਾ ਸੀ ਜਿਸ ਨੇ ਕੈਪੀਟਲ ਕੁਰੈਕਸ਼ਨਲ ਰਿਸੋਰਸਿਜ਼ ਦੀ ਵਰਦੀ ਪਾਈ ਹੋਈ ਸੀ। ਇਸ ਕੰਪਨੀ ਨੂੰ ਜੇਲ੍ਹ ਵਾਸਤੇ ਗਾਰਡ ਸਪਲਾਈ ਕਰਨ ਦਾ ਠੇਕਾ ਮਿਲਿਆ ਹੋਇਆ ਸੀ।[28]

ਬਰੈਜ਼ੋਰੀਆ ਕਾਂਡ ਨਾਲ ਵੀ ਨਿੱਜੀਕਰਨ ਪ੍ਰਤੀ ਜੋਸ਼ ਮੱਠਾ ਨਹੀਂ ਪਿਆ। ਕੁਝ ਹਫ਼ਤੇ ਬਾਅਦ ਬੁਸ਼ ਜਦੋਂ ਜੋਸ ਪਿਨੇਰਾ ਨੂੰ ਮਿਲਿਆ ਤਾਂ ਇੰਝ ਲੱਗਦਾ ਸੀ ਜਿਵੇਂ ਬੁਸ਼ ਉਸੇ ਦਾ ਅਵਤਾਰ ਹੋਵੇ। ਚਿੱਲੀ ਦੇ ਇਸੇ ਮੰਤਰੀ ਨੇ ਪਿਨੋਚੇ ਦੀ ਤਾਨਾਸ਼ਾਹੀ ਸਮੇਂ ਸਮਾਜਿਕ ਸੁਰੱਖਿਆ ਸਹੂਲਤਾਂ ਦਾ ਨਿੱਜੀਕਰਨ ਕੀਤਾ ਸੀ। ਇਸ ਮੁਲਾਕਾਤ ਦਾ ਬਿਆਨ ਪਿਨੇਰਾ ਨੇ ਇੰਝ ਕੀਤਾ : "ਉਸ ਦੀ ਇਕਾਗਰਤਾ, ਜਿਸਮਾਨੀ ਅਦਾਵਾਂ ਅਤੇ ਉਸ ਦੇ ਢੁੱਕਵੇਂ ਸਵਾਲਾਂ ਤੋਂ ਮੈਂ ਝੱਟ ਬੁੱਝ ਲਿਆ ਕਿ ਸ਼ੁਮੀਮਾਨ ਬੁਸ਼ ਨੇ ਮੇਰੇ ਖ਼ਿਆਲਾਂ ਦੇ ਸਾਰਤੱਤ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ : ਕਿ ਸਮਾਜਿਕ ਸੁਰੱਖਿਆ ਸੁਧਾਰਾਂ ਦੀ ਵਰਤੋਂ ਵਧੀਆ ਸੇਵਾ-ਮੁਕਤੀ ਦੇਣ ਅਤੇ ਮਜ਼ਦੂਰਾਂ-ਸਰਮਾਏਦਾਰਾਂ ਦੀ ਮਾਲਕੀ ਵਾਲੀ ਦੁਨੀਆਂ ਉਸਾਰਨ ਲਈ ਕੀਤੀ ਜਾ ਸਕਦੀ ਹੈ..। ਉਹ ਐਨਾ ਉਤਸ਼ਾਹ 'ਚ ਸੀ ਕਿ ਅਖ਼ੀਰ ਉਹ ਮੁਸਕਰਾ ਕੇ ਮੇਰੇ ਕੰਨ ਨੇੜੇ ਮੂੰਹ ਕਰਕੇ ਬੁੜ-ਬੁੜਾਇਆ, 'ਜਾਓ ਅਤੇ ਫਲੋਰਿਡਾ ਵਿਚਲੇ ਮੇਰੇ ਛੋਟੇ ਭਾਈ ਨੂੰ ਇਹ ਸਭ ਕੁਝ ਦੱਸ ਦਿਓ। ਉਹ ਵੀ ਇਸ ਨੂੰ ਪਸੰਦ ਕਰੇਗਾ।' "[29]

ਫ਼ੌਜ ਦਾ ਕੰਮ ਠੇਕੇ 'ਤੇ ਦੇਣ ਦੀ ਮੁਹਿੰਮ ਦਾ ਆਗੂ ਚੈਨੀ ਸੀ ਅਤੇ ਭਵਿੱਖੀ ਰਾਸ਼ਟਰਪਤੀ ਰਾਜ ਨੂੰ ਨਿਲਾਮ ਕਰਨ ਪ੍ਰਤੀ ਵਚਨਬਧ ਸੀ। ਇਨ੍ਹਾਂ ਦੋਵਾਂ ਖ਼ੂਬੀਆਂ 'ਚ ਜਦੋਂ ਰਮਜ਼ਫੈਲਡ ਦੀ ਮਹਾਂਮਾਰੀ ਰੋਕਣ ਵਾਲੀਆਂ ਦਵਾਈਆਂ ਨੂੰ ਪੇਟੈਂਟ ਕਰਨ ਦੀ ਧੁਸ ਸ਼ਾਮਲ ਹੋ ਗਈ ਤਾਂ ਇਹ ਉਸ ਨਿਜ਼ਾਮ ਦੀ ਝਲਕ ਹੋ ਨਿੱਬੜਿਆ ਜਿਸ ਦੀ ਉਸਾਰੀ ਇਹ ਤਿੰਨੋ ਬੰਦੇ ਮਿਲ ਕੇ ਕਰਨਗੇ—ਇਹ ਪੂਰੀ ਤਰ੍ਹਾਂ ਫੋਕੀ ਸਰਕਾਰ ਦਾ ਸੁਪਨਾ ਸੀ। ਭਾਵੇਂ ਇਹ ਤਿੱਖਾ ਪ੍ਰੋਗਰਾਮ 2000 'ਚ ਬੁਸ਼ ਦੀ ਰਾਸ਼ਟਰਪਤੀ ਦੇ ਅਹੁਦੇ ਲਈ ਮੁਹਿੰਮ ਦਾ ਕੇਂਦਰੀ ਨੁਕਤਾ ਨਹੀਂ ਸੀ ਪਰ ਇਹ ਭਵਿੱਖ 'ਚ ਵਾਪਰਨ ਵਾਲੇ ਵਰਤਾਰੇ ਦਾ ਸੰਕੇਤ ਜ਼ਰੂਰ ਸੀ। ਮੁਹਿੰਮ ਦੀ ਇਕ ਤਕਰੀਰ 'ਚ ਬੁਸ਼ ਨੇ ਕਿਹਾ, "ਐਸੇ ਲੱਖਾਂ ਪੱਕੇ ਮੁਲਾਜ਼ਮ ਹਨ ਜੋ ਐਸੇ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਨਿੱਜੀ ਖੇਤਰ ਦੀਆਂ ਕੰਪਨੀਆਂ ਕਰ ਸਕਦੀਆਂ ਹਨ। ਮੈਂ ਇਹ ਸਾਰੇ ਸੰਭਵ ਕੰਮ ਬੋਲੀ 'ਤੇ ਲਾ ਦਿਆਂਗਾ। ਜੇ ਨਿੱਜੀ ਖੇਤਰ ਬਿਹਤਰ ਕੰਮ ਕਰ ਸਕਦਾ ਹੈ ਤਾਂ ਠੇਕਾ ਨਿੱਜੀ ਖੇਤਰ ਨੂੰ ਮਿਲਣਾ ਚਾਹੀਦਾ ਹੈ।"[30]

11 ਸਤੰਬਰ ਅਤੇ ਸਿਵਲ ਸਰਵਿਸ ਦੀ ਵਾਪਸੀ

ਜਦੋਂ ਬੁਸ਼ ਅਤੇ ਉਸ ਦੇ ਮੰਤਰੀ ਮੰਡਲ ਨੇ ਜਨਵਰੀ 2001 'ਚ ਅਹੁਦੇ ਸੰਭਾਲੇ, ਅਮਰੀਕਾ

ਦੇ ਆਰਥਕ ਵਧਾਰੇ ਲਈ ਨਵੇਂ ਵਸੀਲੇ ਦੀ ਲੋੜ ਹੋਰ ਵੀ ਵੱਧ ਸ਼ਿੱਦਤ ਨਾਲ ਮਹਿਸੂਸ ਕੀਤੀ ਜਾਣ ਲੱਗੀ। ਤਕਨੀਕੀ ਵਾਧੇ ਦਾ ਬੁਲਬੁਲਾ ਫਟ ਜਾਣ ਅਤੇ ਇਨ੍ਹਾਂ ਦੇ ਰਾਜ ਕਾਲ ਦੇ ਪਹਿਲੇ ਢਾਈ ਮਹੀਨਿਆਂ 'ਚ ਹੀ ਡਾਓ ਜੌਹਨਜ਼ ਦਾ ਸੂਚਕ ਅੰਕ 824 ਅੰਕ ਲੁੜਕ ਜਾਣ ਨਾਲ ਇਨ੍ਹਾਂ ਨੂੰ ਗੰਭੀਰ ਆਰਥਕ ਪਛਾੜ ਨੇ ਘੂਰਨਾ ਸ਼ੁਰੂ ਕਰ ਦਿੱਤਾ। ਕੀਨਜ਼ ਨੇ ਦਲੀਲ ਦਿੱਤੀ ਸੀ ਕਿ ਮੰਦਵਾੜਿਆਂ ਸਮੇਂ ਸਰਕਾਰਾਂ ਨੂੰ ਪੱਲਿਉਂ ਖ਼ਰਚ ਕਰਕੇ ਜਨਤਕ ਸਹੂਲਤਾਂ ਨੂੰ ਆਰਥਕ ਹੁਲਾਰਾ ਦੇਣਾ ਚਾਹੀਦਾ ਹੈ। ਬੁਸ਼ ਨੇ ਜੋ ਹੱਲ ਪੇਸ਼ ਕੀਤਾ ਉਹ ਉਲਟਾ ਸਰਕਾਰ ਨੂੰ ਹੀ ਖ਼ੋਰਾ ਲਾਉਂਦਾ ਸੀ—ਇਹ ਜਨਤਕ ਦੌਲਤ ਦਾ ਵੱਡਾ ਹਿੱਸਾ ਵੱਢ ਕੇ ਕਾਰਪੋਰੇਟ ਅਮਰੀਕਾ ਦੇ ਢਿੱਡ ਵਿਚ ਪਾਉਣ ਦਾ ਅਮਲ ਸੀ, ਇਕ ਪਾਸੇ ਟੈਕਸ ਕਟੌਤੀਆਂ ਕਰਕੇ ਅਤੇ ਦੂਜੇ ਪਾਸੇ ਮੁਨਾਫ਼ੇ ਦੇਣ ਵਾਲੇ ਠੇਕਿਆਂ ਦੇ ਰੂਪ 'ਚ। ਬੁਸ਼ ਦੇ ਬਜਟ ਨਿਰਦੇਸ਼ਕ ਮੁੱਖ ਸਿਧਾਂਤਕਾਰ ਮਿਚ ਡੇਨੀਅਲ ਨੇ ਐਲਾਨ ਕੀਤਾ, "ਮੇਰਾ ਆਮ ਵਿਚਾਰ ਸਪਸ਼ਟ ਹੈ ਕਿ ਸਰਕਾਰ ਦਾ ਕੰਮ ਸੇਵਾਵਾਂ ਆਪ ਦੇਣਾ ਨਹੀਂ ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇਹ ਮੁਹੱਈਆ ਕਰਾਈਆਂ ਜਾ ਰਹੀਆਂ ਹਨ।"[31] ਇਸ ਅਨੁਮਾਨ 'ਚ ਤਬਾਹੀ ਪ੍ਰਤੀ ਇਨ੍ਹਾਂ ਦਾ ਵਤੀਰਾ ਸ਼ਾਮਲ ਸੀ। ਰਿਪਬਲਿਕਨ ਪਾਰਟੀ ਦੇ ਕਾਰਕੁਨ ਜੋਸਫ ਅਲਬਾਗ਼ ਨੂੰ ਬੁਸ਼ ਨੇ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਕੇਂਦਰੀ ਏਜੰਸੀ (FEMA) ਦਾ ਮੁਖੀ ਥਾਪਿਆ ਸੀ। ਦਹਿਸ਼ਤਵਾਦੀ ਹਮਲਿਆਂ ਸਮੇਤ ਹਰ ਆਫ਼ਤ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਇਸੇ ਅਦਾਰੇ ਦੀ ਸੀ। ਜੋਸਫ ਨੇ ਆਪਣੀ ਨਵੀਂ ਜ਼ਿੰਮੇਵਾਰੀ ਬਾਰੇ ਦੱਸਿਆ ਕਿ "ਇਸ ਪ੍ਰੋਗਰਾਮ ਨੂੰ ਉਸ ਤੋਂ ਵੱਧ ਫੰਡ ਮਿਲ ਰਹੇ ਹਨ ਜਿੰਨੇ ਦਾ ਇਹ ਹੱਕਦਾਰ ਹੈ।"[32]

ਫੇਰ 9/11 ਕਾਂਡ ਵਾਪਰ ਗਿਆ। ਅਤੇ ਜਿਸ ਸਰਕਾਰ ਦਾ ਕੇਂਦਰੀ ਮਿਸ਼ਨ ਹੀ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੋਵੇ ਉਸ ਨੂੰ ਬਹੁਤੀ ਵਧੀਆ ਨਹੀਂ ਮੰਨਿਆ ਜਾ ਸਕਦਾ ਸੀ। ਜੇ ਭੈਭੀਤ ਹੋਏ ਲੋਕ ਮਜ਼ਬੂਤ, ਭਰੋਸੇਯੋਗ ਸਰਕਾਰ ਤੋਂ ਸੁਰੱਖਿਆ ਦੀ ਮੰਗ ਕਰਨਗੇ ਤਾਂ ਬੁਸ਼ ਦਾ ਸਰਕਾਰ ਨੂੰ ਖੋਖਲੀ ਬਣਾਉਣ ਦਾ ਪ੍ਰਾਜੈਕਟ ਖਟਾਈ 'ਚ ਪੈ ਸਕਦਾ ਸੀ ਜੋ ਇਸ ਨੇ ਹਾਲੇ ਸ਼ੁਰੂ ਹੀ ਕੀਤਾ ਸੀ।

ਇਕ ਸਮੇਂ ਤਾਂ ਇਹੀ ਜਾਪਦਾ ਸੀ। ਮਿਲਟਨ ਫਰਾਇਡਮੈਨ ਦੇ ਪੁਰਾਣੇ ਦੋਸਤ ਅਤੇ ਹੈਰੀਟੇਜ ਫਾਊਂਡੇਸ਼ਨ ਦੇ ਪ੍ਰਧਾਨ ਐੱਡ ਫਿਊਲਨਰ ਨੇ ਹਮਲੇ ਤੋਂ ਦਸ ਦਿਨ ਬਾਅਦ ਕਿਹਾ, "11 ਸਤੰਬਰ ਨੇ ਹਰ ਚੀਜ਼ ਬਦਲ ਦਿੱਤੀ ਹੈ।" ਉਹ ਇਹ ਅਹਿਮ ਫ਼ਿਕਰਾ ਬੋਲਣ ਵਾਲੇ ਪਹਿਲੇ ਵਿਅਕਤੀਆਂ ਵਿਚੋਂ ਇਕ ਸੀ। ਕਈਆਂ ਨੂੰ ਇਹ ਲੱਗਣਾ ਸੁਭਾਵਿਕ ਸੀ ਕਿ ਇਸ ਤਬਦੀਲੀ ਦੇ ਮੱਦੇ-ਨਜ਼ਰ ਰਾਜ ਦੀ ਹਸਤੀ ਨੂੰ ਖ਼ੋਰਾ ਲਾਉਣ ਵਾਲੇ ਤਿੱਖੇ ਏਜੰਡੇ 'ਤੇ ਮੁੜ ਨਜ਼ਰਸਾਨੀ ਕੀਤੀ ਜਾਵੇਗੀ ਜਿਸ ਨੂੰ ਫਿਊਲਨਰ ਅਤੇ ਉਸ ਦੇ ਜੋਟੀਦਾਰ ਸਿਧਾਂਤਕਾਰ ਬੀਤੇ ਤਿੰਨ ਦਹਾਕਿਆਂ ਤੋਂ ਦੇਸ਼ ਅਤੇ ਦੁਨੀਆਂ 'ਚ ਅੱਗੇ ਵਧਾ ਰਹੇ ਸਨ। ਆਖ਼ਿਰ 11 ਸਤੰਬਰ ਦੀ ਘਟਨਾ ਇਸ ਤਰ੍ਹਾਂ ਦੀ ਸੀ ਜਿਸ ਨੇ ਉਸ ਸੁਰੱਖਿਆ ਦਾ ਪੋਲ ਖੋਲ੍ਹ ਦਿੱਤਾ ਜੋ ਵਿਸ਼ੇਸ਼ ਨੀਤੀਆਂ ਦਾ ਸਿੱਟਾ ਸੀ। ਇਨ੍ਹਾਂ ਨੀਤੀਆਂ ਤਹਿਤ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਸਰਕਾਰੀ ਖੇਤਰ ਨੂੰ ਵਾਢਾ ਲਾ ਕੇ ਸਰਕਾਰੀ ਕੰਮ ਮੁਨਾਫ਼ੇਖ਼ੋਰ ਕਾਰਪੋਰੇਸ਼ਨਾਂ ਨੂੰ ਠੇਕੇ ਉੱਤੇ ਦਿੱਤੇ ਜਾ ਰਹੇ ਸਨ। ਜਿਵੇਂ ਨਿਊ ਔਰਲੀਨਜ਼ 'ਚ ਆਏ ਹੜ੍ਹਾਂ ਨੇ ਜਨਤਕ ਸੇਵਾਵਾਂ ਦੇ ਬੁਨਿਆਦੀ ਢਾਂਚੇ ਦੇ ਨਿਘਾਰ ਦਾ ਪਰਦਾਫਾਸ਼ ਕਰ ਦਿੱਤਾ ਸੀ, ਉਵੇਂ ਹੀ ਹਮਲਿਆਂ ਨਾਲ ਉਸ ਰਾਜ ਤੋਂ ਪਰਦਾ ਉੱਠ ਗਿਆ ਸੀ ਜਿਸ ਨੂੰ ਖ਼ਤਰਨਾਕ ਹੱਦ ਤੱਕ ਕਮਜ਼ੋਰ ਕਰ ਦਿੱਤਾ ਗਿਆ ਸੀ। ਨਿਊ ਯਾਰਕ ਸ਼ਹਿਰ ਦੀ ਪੁਲਿਸ ਅਤੇ ਅੱਗ ਬੁਝਾਊ ਅਮਲੇ ਦਾ ਰੇਡੀਓ ਸੰਚਾਰ ਰਾਹਤ ਕਾਰਵਾਈ ਦੌਰਾਨ ਅਧਵਾਟੇ ਹੀ ਬੰਦ ਹੋ ਗਿਆ ਸੀ। ਹਵਾਈ ਉਡਾਣਾਂ ਨੂੰ ਕੰਟਰੋਲ

ਕਰਨ ਵਾਲੇ ਅਮਲੇ ਨੇ ਸਮਾਂ ਸੂਚੀ ਤੋਂ ਬਾਹਰੇ ਹਵਾਈ ਜਹਾਜ਼ਾਂ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਹਮਲਾਵਰ ਹਵਾਈ ਅੱਡੇ ਦੀ ਸੁਰੱਖਿਆ ਲਈ ਠੇਕੇ 'ਤੇ ਰੱਖੇ ਅਮਲੇ ਦੀ ਜਾਂਚ ਵਿਚੋਂ ਮੌਜ ਨਾਲ ਹੀ ਨਿਕਲ ਗਏ ਸਨ। ਇਸ ਅਮਲੇ ਵਿਚੋਂ ਕਈਆਂ ਦੀ ਤਨਖ਼ਾਹ ਤਾਂ ਢਾਬਿਆਂ 'ਤੇ ਕੰਮ ਕਰਦੇ ਮੁੰਡੂਆਂ ਤੋਂ ਵੀ ਥੋੜ੍ਹੀ ਸੀ।[33]

ਅਮਰੀਕਾ ਅੰਦਰ ਫਰਾਇਡਮੈਨਵਾਦੀ ਉਲਟ ਇਨਕਲਾਬ ਦੀ ਪਹਿਲੀ ਵੱਡੀ ਜਿੱਤ ਹਵਾਈ ਉਡਾਣਾਂ ਨੂੰ ਕੰਟਰੋਲ ਕਰਨ ਵਾਲਿਆਂ ਦੀ ਯੂਨੀਅਨ ਉੱਪਰ ਹਮਲੇ ਅਤੇ ਏਅਰ ਲਾਈਨਾਂ ਤੋਂ ਕੰਟਰੋਲ ਹਟਾਉਣ ਦੇ ਰੂਪ 'ਚ ਹੋਈ ਸੀ। ਵੀਹ ਸਾਲ ਬਾਅਦ ਹਵਾਈ ਰਾਹਦਾਰੀ ਦਾ ਸਮੁੱਚਾ ਪ੍ਰਬੰਧ ਨਿੱਜੀ ਬਣਾ ਦਿੱਤਾ ਗਿਆ ਸੀ। ਹਵਾਈ ਅੱਡੇ ਦੀ ਸੁਰੱਖਿਆ ਦਾ ਬਹੁਤਾ ਕੰਮ ਥੋੜ੍ਹੀ ਤਨਖ਼ਾਹ 'ਤੇ ਕੰਮ ਕਰਨ ਵਾਲੇ, ਸਿਖਲਾਈ ਪੱਖੋਂ ਨਿਕੰਮੇ ਠੇਕੇਦਾਰਾਂ ਦੇ ਮੁਲਾਜ਼ਮ ਕਰਦੇ ਸਨ ਜਿਨ੍ਹਾਂ ਦੀਆਂ ਕੰਪਨੀਆਂ 'ਚ ਯੂਨੀਅਨਾਂ ਨਹੀਂ ਹੁੰਦੀਆਂ। ਹਮਲਿਆਂ ਤੋਂ ਪਿੱਛੋਂ, ਹਵਾਈ ਆਵਾਜਾਈ ਵਿਭਾਗ ਦੇ ਇੰਸਪੈਕਟਰ ਜਨਰਲ ਨੇ ਪੁਸ਼ਟੀ ਕੀਤੀ ਕਿ ਏਅਰਲਾਈਨਾਂ ਆਪਣੇ ਲਾਗਤ ਖ਼ਰਚੇ ਘਟਾਉਣ ਲਈ ਬਹੁਤ ਜ਼ਿਆਦਾ ਸਰਫ਼ਾ ਕਰ ਰਹੀਆਂ ਸਨ ਜਦਕਿ ਉਡਾਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਖ਼ੁਦ ਉਨ੍ਹਾਂ ਦੀ ਸੀ। ਉਸ ਨੇ ਬੁਸ਼ ਵਲੋਂ ਬਣਾਏ 9/11 ਕਮਿਸ਼ਨ ਨੂੰ ਦੱਸਿਆ "ਇਨ੍ਹਾਂ ਮੋੜਵੇਂ ਦਬਾਵਾਂ ਦਾ ਇਜ਼ਹਾਰ ਸੁਰੱਖਿਆ ਦੀਆਂ ਅਹਿਮ ਕਮਜ਼ੋਰੀਆਂ ਦੇ ਰੂਪ 'ਚ ਹੋਇਆ।" ਫੈਡਰਲ ਹਵਾਬਾਜ਼ੀ ਅਥਾਰਟੀ 'ਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਇਕ ਸੁਰੱਖਿਆ ਅਧਿਕਾਰੀ ਨੇ ਕਮਿਸ਼ਨ ਕੋਲ ਮੰਨਿਆ ਕਿ ਸੁਰੱਖਿਆ ਪ੍ਰਤੀ ਏਅਰ ਲਾਈਨਾਂ ਦੀ ਪਹੁੰਚ "ਇਸ ਦੀ ਮਹੱਤਤਾ ਨੂੰ ਘਟਾਉਣ, ਨਾਂਹ-ਨੁੱਕਰ ਕਰਨ ਅਤੇ ਇਸ 'ਚ ਦੇਰੀ ਕਰਨ ਦੀ ਰਹੀ ਸੀ।"[34]

ਜਦ ਤਕ ਉਡਾਣਾਂ ਸਸਤੀਆਂ ਸਨ ਅਤੇ ਇਨ੍ਹਾਂ ਦੀ ਗਿਣਤੀ ਜ਼ਿਆਦਾ ਸੀ ਇਸ ਕਰਕੇ 10 ਸਤੰਬਰ ਤੱਕ ਇਨ੍ਹਾਂ ਮਾਮਲਿਆਂ ਦੀ ਕੋਈ ਮਹੱਤਤਾ ਨਹੀਂ ਸੀ। ਪਰ 12 ਸਤੰਬਰ ਨੂੰ ਇਹ ਲੱਗ ਰਿਹਾ ਸੀ ਕਿ ਹਵਾਈ ਅੱਡੇ ਦੀ ਸੁਰੱਖਿਆ 6 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਠੇਕੇ ਦੇ ਮੁਲਾਜ਼ਮਾਂ ਨੂੰ ਦੇਣਾ ਘੋਰ ਲਾਪਰਵਾਹੀ ਸੀ। ਫੇਰ, ਅਕਤੂਬਰ ਮਹੀਨੇ ਚਿੱਟੇ ਪਾਊਡਰ ਵਾਲੇ ਲਿਫਾਫੇ ਕਾਨੂੰਨ ਘਾੜਿਆਂ ਅਤੇ ਪੱਤਰਕਾਰਾਂ ਨੂੰ ਭੇਜੇ ਜਾਣ ਨਾਲ ਐਂਥਰੈਕਸ ਦੀ ਮਹਾਂਮਾਰੀ ਫੈਲਣ ਦਾ ਡਰ ਪੈਦਾ ਹੋ ਗਿਆ। ਇਸ ਰੌਸ਼ਨੀ 'ਚ ਨੱਬੇਵਿਆਂ ਦਾ ਨਿੱਜੀਕਰਨ ਇਕ ਵਾਰ ਫੇਰ ਬਹੁਤ ਅਜੀਬ ਲੱਗ ਰਿਹਾ ਸੀ : ਇਕ ਨਿੱਜੀ ਲੈਬ ਕੋਲ ਹੀ ਐਂਥਰੈਕਸ ਦੇ ਟੀਕੇ ਬਣਾਉਣ ਦਾ ਵਿਸ਼ੇਸ਼ ਅਧਿਕਾਰ ਕਿਉਂ ਹੈ ? ਕੀ ਫੈਡਰਲ ਸਰਕਾਰ ਨੇ ਜਨਤਾ ਨੂੰ ਮਹਾਂਮਾਰੀ ਦੇ ਹੰਗਾਮੀ ਹਮਲੇ ਤੋਂ ਬਚਾਉਣ ਦੀ ਜ਼ਿੰਮੇਵਾਰੀ ਨਾ ਨਿਭਾਉਣ ਦਾ ਸਮਝੌਤਾ ਕੀਤਾ ਹੋਇਆ ਸੀ ? ਇਸ ਦਾ ਕੋਈ ਫ਼ਾਇਦਾ ਨਹੀਂ ਹੋਣਾ ਸੀ ਕਿਉਂਕਿ ਲੈਬ ਬਾਇਓਪੋਸਟ ਕਈ ਕਈ ਜਾਂਚਾਂ ਦੌਰਾਨ ਪੂਰੀ ਨਹੀਂ ਉੱਤਰੀ ਸੀ ਅਤੇ ਇੱਥੋਂ ਤੱਕ ਕਿ ਐੱਫ ਡੀ ਏ ਤਾਂ ਇਸ ਨੂੰ ਟੀਕੇ ਸਪਲਾਈ ਕਰਨ ਦਾ ਅਧਿਕਾਰ ਵੀ ਨਹੀਂ ਦੇ ਰਹੀ ਸੀ।[35] ਇਸ ਤੋਂ ਇਲਾਵਾ, ਜੇ ਇਹ ਗੱਲ ਸੱਚੀ ਸੀ, ਜਿਵੇਂ ਪ੍ਰਚਾਰ ਮਾਧਿਅਮਾਂ ਦੀ ਰਿਪੋਰਟਾਂ ਹਿੱਕ ਠੋਕ ਕੇ ਕਹਿ ਰਹੀਆਂ ਸਨ ਕਿ ਐਂਥਰੈਕਸ, ਚੇਚਕ ਅਤੇ ਹੋਰ ਘਾਤਕ ਬੀਮਾਰੀਆਂ ਦੇ ਕੀਟਾਣੂ ਡਾਕ, ਖਾਣੇ ਦੀ ਸਪਲਾਈ ਅਤੇ ਪਾਣੀ ਦੀ ਸਪਲਾਈ ਰਾਹੀਂ ਫੈਲਾਏ ਜਾ ਸਕਦੇ ਹਨ ਤਾਂ ਫੇਰ ਕੀ ਬੁਸ਼ ਵਲੋਂ ਡਾਕ ਸੇਵਾ ਦੇ ਨਿੱਜੀਕਰਨ ਦੀਆਂ ਯੋਜਨਾਵਾਂ ਨੂੰ ਲਾਗੂ ਕਰਾਉਣਾ ਚੰਗੀ ਗੱਲ ਸੀ ? ਨਾਲ ਹੀ ਖਾਣਾ ਅਤੇ ਪਾਣੀ ਚੈੱਕ ਕਰਨ ਵਾਲੇ ਜਿਨ੍ਹਾਂ ਇੰਸਪੈਕਟਰਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ ਉਨ੍ਹਾਂ ਬਾਰੇ ਕੀ ਖ਼ਿਆਲ ਹੈ—ਕੀ ਉਨ੍ਹਾਂ ਨੂੰ ਮੁੜ ਨੌਕਰੀ 'ਤੇ ਰੱਖਿਆ ਜਾਵੇਗਾ ?

ਐਨਰੋਨ ਵਰਗੇ ਨਵੇਂ ਘੁਟਾਲਿਆਂ ਨੇ ਕਾਰਪੋਰੇਟ ਪੱਖੀ ਆਮ-ਸਹਿਮਤੀ ਵਿਰੁੱਧ ਗੁੱਸੇ 'ਚ

ਵਾਧਾ ਹੀ ਕੀਤਾ। 9/11 ਤੋਂ ਤਿੰਨ ਮਹੀਨੇ ਮਗਰੋਂ ਐਨਰੋਨ ਨੇ ਦੀਵਾਲੀਆ ਹੋਣ ਦਾ ਐਲਾਨ ਕਰ ਦਿੱਤਾ। ਸਿੱਟੇ ਵਜੋਂ ਹਜ਼ਾਰਾਂ ਮੁਲਾਜ਼ਮਾਂ ਦੀਆਂ ਬੱਚਤਾਂ ਡੁੱਬ ਗਈਆਂ ਜਦੋਂ ਕਿ ਐਨਰੋਨ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਇਸ ਦਾ ਅੰਦਰੂਨੀ ਭੇਤ ਹੋਣ ਕਾਰਨ ਉਨ੍ਹਾਂ ਨੇ ਆਪਣਾ ਪੈਸਾ ਕੱਢ ਲਿਆ ਸੀ। ਸੰਕਟ ਕਾਰਨ ਇਸ ਵਿਸ਼ਵਾਸ ਨੂੰ ਤਕੜਾ ਖ਼ੋਰਾ ਲੱਗਿਆ ਕਿ ਨਿੱਜੀ ਸਨਅਤ ਜ਼ਰੂਰੀ ਸੇਵਾਵਾਂ ਦੀ ਜ਼ਿੰਮੇਵਾਰੀ ਨਿਭਾ ਸਕਦੀ ਹੈ। ਖ਼ਾਸ ਕਰਕੇ ਜਦੋਂ ਇਹ ਸਾਹਮਣੇ ਆਇਆ ਕਿ ਕੁਝ ਮਹੀਨੇ ਪਹਿਲਾਂ ਕੈਲੀਫੋਰਨੀਆਂ 'ਚ ਜੋ ਵਿਆਪਕ ਪੱਧਰ 'ਤੇ ਬਿਜਲੀ ਫੇਲ੍ਹ ਹੋਈ ਸੀ ਉਹ ਐਨਰੋਨ ਵਲੋਂ ਊਰਜਾ ਦੀਆਂ ਕੀਮਤਾਂ 'ਚ ਹੇਰਾਫੇਰੀ ਕਰਕੇ ਹੋਇਆ ਸੀ। ਫਰਾਇਡਮੈਨ ਹੁਣ ਨੱਬਿਆਂ ਦਾ ਹੋ ਗਿਆ ਸੀ। ਜਦੋਂ ਉਸ ਨੇ ਦੇਖਿਆ ਕਿ ਰੁਝਾਨ ਫੇਰ ਕੀਨਜ਼ਵਾਦ ਦੇ ਹੱਕ 'ਚ ਬਣਨਾ ਸ਼ੁਰੂ ਹੋ ਗਿਆ ਹੈ ਤਾਂ ਉਹ ਐਨਾ ਫ਼ਿਕਰਮੰਦ ਹੋਇਆ ਕਿ ਉਸ ਨੇ ਉਜ਼ਰ ਕੀਤਾ ਕਿ "ਸਰਮਾਏਦਾਰਾਂ ਨੂੰ ਜਨਤਾ 'ਚ ਦੂਜੇ ਦਰਜੇ ਦੇ ਸ਼ਹਿਰੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।"[36]

ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਤਾਂ ਲੜਖੜਾ ਰਹੇ ਸਨ; ਪਰ ਯੂਨੀਅਨਾਂ 'ਚ ਜਥੇਬੰਦ ਜਨਤਕ ਖੇਤਰ ਦੇ ਮਜ਼ਦੂਰਾਂ ਦਾ ਵੱਕਾਰ ਜਨਤਾ ਦੀਆਂ ਨਜ਼ਰਾਂ 'ਚ ਤੇਜ਼ੀ ਨਾਲ ਵਧ ਰਿਹਾ ਸੀ। ਇਨ੍ਹਾਂ ਮਜ਼ਦੂਰਾਂ ਨੂੰ ਫਰਾਇਡਮੈਨ ਦੇ ਉਲਟ ਇਨਕਲਾਬ ਦੇ ਖ਼ਲਨਾਇਕਾਂ ਵਜੋਂ ਪੇਸ਼ ਕੀਤਾ ਗਿਆ ਸੀ। ਹਮਲਿਆਂ ਤੋਂ ਦੋ ਮਹੀਨੇ ਦੇ ਅੰਦਰ ਸਰਕਾਰ 'ਚ ਲੋਕਾਂ ਦਾ ਭਰੋਸਾ ਉਸ ਤੋਂ ਵੱਧ ਸੀ ਜਿੰਨਾ 1968 'ਚ ਸੀ ਅਤੇ ਬੁਸ਼ ਨੇ ਫੈਡਰਲ ਮੁਲਾਜ਼ਮਾਂ ਦੇ ਹਜੂਮ ਸਾਹਮਣੇ ਟਿੱਪਣੀ ਕੀਤੀ ਸੀ : ਇਹ "ਤੁਹਾਡੀ ਬਦੌਲਤ ਹੈ ਤੁਸੀਂ ਚੰਗੀ ਕਾਰਗੁਜ਼ਾਰੀ ਦਿਖਾਈ ਹੈ।"[37] ਗਿਆਰਾਂ ਸਤੰਬਰ ਦੇ ਚੁਣੌਤੀ ਰਹਿਤ ਨਾਇਕ ਉਹ ਮਜ਼ਦੂਰ ਸਨ ਜਿਨ੍ਹਾਂ ਨੇ ਹਮਲੇ ਸਮੇਂ ਸਭ ਤੋਂ ਪਹਿਲਾਂ ਰਾਹਤ ਕਾਰਜ ਸ਼ੁਰੂ ਕੀਤੇ—ਨਿਊ ਯਾਰਕ ਦਾ ਅੱਗ ਬੁਝਾਊ ਅਮਲਾ, ਪੁਲਿਸ ਅਤੇ ਰਾਹਤ ਅਮਲਾ। ਇਨ੍ਹਾਂ ਵਿਚੋਂ 403 ਓਦੋਂ ਮਾਰੇ ਗਏ ਜਦੋਂ ਉਹ ਇਹ ਇਮਾਰਤਾਂ ਖਾਲੀ ਕਰਾ ਰਹੇ ਸਨ ਅਤੇ ਹਮਲੇ ਦਾ ਸ਼ਿਕਾਰ ਹੋਏ ਲੋਕਾਂ ਦੀ ਸਹਾਇਤਾ ਕਰ ਰਹੇ ਸਨ। ਅਚਾਨਕ ਅਮਰੀਕਾ ਨੂੰ ਹਰ ਤਰ੍ਹਾਂ ਦੇ ਵਰਦੀਧਾਰੀ ਆਦਮੀਆਂ ਤੇ ਤੀਵੀਂਆਂ ਨਾਲ ਹੇਜ ਜਾਗ ਪਿਆ। ਅਤੇ ਜਿੱਥੋਂ ਤੱਕ ਸਿਆਸਤਦਾਨਾਂ ਦਾ ਸਵਾਲ ਸੀ ਉਹ ਐੱਨ ਵਾਈ ਪੀ ਡੀ ਅਤੇ ਐੱਫ ਡੀ ਐੱਨ ਵਾਈ ਟੋਪੀਆਂ ਵਾਲਿਆਂ ਨੂੰ ਫਟਾਫਟ ਥਾਪੀਆਂ ਦੇ ਕੇ ਇਸ ਨਵੇਂ ਮਿਜਾਜ਼ ਦਾ ਸਾਹਮਣਾ ਕਰਨ ਲਈ ਖੰਝਲ ਰਹੇ ਸਨ।

ਜਦੋਂ 14 ਸਤੰਬਰ ਨੂੰ ਬੁਸ਼ ਗਰਾਊਂਡ ਜ਼ੀਰੋ ਵਾਲੀ ਥਾਂ ਅੱਗ ਬੁਝਾਊ ਅਮਲੇ ਅਤੇ ਰਾਹਤ ਕਾਮਿਆਂ ਨਾਲ ਮੌਜੂਦ ਸੀ—ਜਿਸ ਨੂੰ ਉਸ ਦੇ ਸਲਾਹਕਾਰ "ਅਜ਼ਮਾਇਸ਼ ਦੇ ਪਲ" ਕਹਿੰਦੇ ਹਨ—ਤਾਂ ਉਹ ਉਨ੍ਹਾਂ ਹੀ ਸਿਵਲ ਮੁਲਾਜ਼ਮਾਂ ਨੂੰ ਜੱਫੀਆਂ ਪਾ ਰਿਹਾ ਸੀ ਜੋ ਯੂਨੀਅਨਾਂ 'ਚ ਜਥੇਬੰਦ ਸਨ ਅਤੇ ਆਧੁਨਿਕ ਰੂੜ੍ਹੀਵਾਦੀ ਸਰਮਾਏਦਾਰ ਲਹਿਰ ਨੇ ਜਿਨ੍ਹਾਂ ਨੂੰ ਖ਼ਤਮ ਕਰ ਦੇਣ ਦੀ ਠਾਣ ਰੱਖੀ ਸੀ। ਬੇਸ਼ੱਕ ਉਸ ਨੂੰ ਇਹ ਕਰਨਾ ਪਿਆ (ਇਨ੍ਹੀ ਦਿਨੀਂ ਤਾਂ ਡਿਕ ਚੈਨੀ ਨੇ ਵੀ ਸੁਰੱਖਿਆ ਮੁਲਾਜ਼ਮਾਂ ਵਾਲਾ ਹੈਟ ਪਹਿਨਿਆ ਹੋਇਆ ਸੀ), ਪਰ ਉਹ ਮਨੋਂ ਅਜਿਹਾ ਨਹੀਂ ਕਰ ਰਿਹਾ ਸੀ। ਬੁਸ਼ ਦੀਆਂ ਕੁਝ ਸੱਚੀਆਂ ਭਾਵਨਾਵਾਂ ਅਤੇ ਸਮੇਂ ਦੇ ਹਾਣ ਦਾ ਆਗੂ ਹਾਸਲ ਕਰਨ ਦੀ ਜਨਤਾ ਦੀ ਖਾਹਸ਼ ਦਾ ਸੁਮੇਲ ਹੋਣ ਕਰਕੇ ਇਸ ਸਮੇਂ ਦੀਆਂ ਬੁਸ਼ ਦੀਆਂ ਤਕਰੀਰਾਂ ਉਸ ਦੀ ਸਿਆਸੀ ਜ਼ਿੰਦਗੀ ਦੀਆਂ ਸਭ ਤੋਂ ਟੁੰਬਵੀਂਆਂ ਤਕਰੀਰਾਂ ਸਨ।

ਹਮਲੇ ਤੋਂ ਬਾਅਦ ਕਈ ਹਫ਼ਤੇ ਰਾਸ਼ਟਰਪਤੀ ਨੇ ਜਨਤਕ ਖੇਤਰ—ਸਰਕਾਰੀ ਸਕੂਲਾਂ,

ਅੱਗ ਬੁਝਾਊ ਮਹਿਕਮੇ ਦੇ ਦਫ਼ਤਰਾਂ ਅਤੇ ਯਾਦਗਾਰਾਂ, ਬੀਮਾਰੀਆਂ 'ਤੇ ਕਾਬੂ ਅਤੇ ਰੋਕਥਾਮ ਕੇਂਦਰ—ਦੇ ਦੌਰੇ ਕੀਤੇ। ਉੱਥੇ ਉਹ ਸਿਵਲ ਮੁਲਾਜ਼ਮਾਂ ਨੂੰ ਜੱਫੀਆਂ ਪਾ ਕੇ ਉਨ੍ਹਾਂ ਦੇ ਯੋਗਦਾਨ ਅਤੇ ਨਿਰਮਾਣਤਾ ਭਰੀ ਦੇਸ਼ਭਗਤੀ ਦਾ ਸ਼ੁਕਰਾਨਾ ਕਰਦਾ। ਬੁਸ਼ ਨੇ ਇਕ ਤਕਰੀਰ ਕਰਕੇ ਨਾ ਸਿਰਫ਼ ਹੰਗਾਮੀ ਹਾਲਤ ਸਬੰਧੀ ਸੇਵਾਵਾਂ ਦੇ ਮੁਲਾਜ਼ਮਾਂ ਸਗੋਂ ਅਧਿਆਪਕਾਂ, ਡਾਕ ਮੁਲਾਜ਼ਮਾਂ ਅਤੇ ਸਿਹਤ ਸਹੂਲਤਾਂ ਦੇ ਕਾਮਿਆਂ ਦੀ ਵੀ ਤਾਰੀਫ਼ ਕੀਤੀ : "ਸਾਨੂੰ ਨਵੇਂ ਨਾਇਕ ਮਿਲੇ ਹਨ।"[38] ਇਨ੍ਹਾਂ ਸਮਾਗਮਾਂ 'ਚ, ਉਸ ਨੇ ਜਨਤਕ ਹਿੱਤ 'ਚ ਕੀਤੇ ਕੰਮ ਨੂੰ ਜੋ ਸਤਿਕਾਰ ਅਤੇ ਮਾਣ-ਤਾਣ ਦਿੱਤਾ ਐਸਾ ਪਿਛਲੇ ਚਾਰ ਦਹਾਕਿਆਂ 'ਚ ਕਦੇ ਦੇਖਣ 'ਚ ਨਹੀਂ ਆਇਆ ਸੀ। ਅਚਾਨਕ ਖ਼ਰਚਿਆਂ 'ਚ ਕਟੌਤੀ ਕਰਨ ਦਾ ਏਜੰਡਾ ਪਾਸੇ ਧਰ ਦਿੱਤਾ ਗਿਆ ਅਤੇ ਹਰੇਕ ਤਕਰੀਰ 'ਚ ਰਾਸ਼ਟਰਪਤੀ ਨੇ ਕੁਝ ਨਵੇਂ ਉਤਸ਼ਾਹਜਨਕ ਸਰਕਾਰੀ ਪ੍ਰੋਗਰਾਮਾਂ ਦੇ ਐਲਾਨ ਕੀਤੇ।

ਹਮਲੇ ਤੋਂ ਗਿਆਰਾਂ ਦਿਨ ਬਾਅਦ ਜੌਹਨ ਹੈਰਿਸ ਅਤੇ ਡਾਨਾ ਮਿਲਬੈਂਕ ਨੇ *ਵਾਸ਼ਿੰਗਟਨ ਪੋਸਟ* ਵਿਚ ਪੂਰੇ ਭਰੋਸੇ ਨਾਲ ਐਲਾਨ ਕੀਤਾ, "ਢਿਲਕਵੀਂ ਆਰਥਿਕਤਾ ਅਤੇ ਦਹਿਸ਼ਤਵਾਦ ਖ਼ਿਲਾਫ਼ ਬਹੁਤ ਜ਼ਰੂਰੀ ਨਵੀਂ ਜੰਗ ਦੀਆਂ ਜੌੜੀਆਂ ਮੰਗਾਂ ਨੇ ਰਾਸ਼ਟਰਪਤੀ ਬੁਸ਼ ਦੇ ਏਜੰਡੇ ਦਾ ਦਾਰਸ਼ਨਿਕ ਹਿਰਦਾ ਬਦਲ ਦਿੱਤਾ ਹੈ। ਇਕ ਬੰਦਾ ਜੋ ਰੋਨਾਲਡ ਰੀਗਨ ਦਾ ਸਿਧਾਂਤਕ ਪੈਰੋਕਾਰ ਬਣ ਕੇ ਸੱਤਾ 'ਚ ਆਇਆ ਸੀ ਉਹ ਨੌਂ ਮਹੀਨੇ ਬਾਅਦ ਹੀ ਇਕ ਤਰ੍ਹਾਂ ਫਰੈਂਕਲਿਨ ਰੂਜ਼ਵੈਲਟ ਦਾ ਵਾਰਿਸ ਬਣ ਕੇ ਉੱਭਰਿਆ ਹੈ।" ਉਨ੍ਹਾਂ ਨੇ ਅੱਗੇ ਟਿੱਪਣੀ ਕੀਤੀ, "ਮੰਦਵਾੜੇ ਨੂੰ ਰੋਕਣ ਲਈ ਬੁਸ਼ ਇਕ ਵੱਡੇ ਦਿਲ ਟੁੰਬਵੇਂ ਆਰਥਕ ਪੈਕੇਜ 'ਤੇ ਕੰਮ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਕਮਜ਼ੋਰ ਆਰਥਿਕਤਾ ਦੀ ਇਹ ਲੋੜ ਹੁੰਦੀ ਹੈ ਕਿ ਸਰਕਾਰ ਸਰਮਾਏ ਦੀ ਤਕੜੀ ਖ਼ੁਰਾਕ ਇਸ ਦੇ ਅੰਦਰ ਸੁੱਟੇ—ਇਹ ਕੀਨਜ਼ਵਾਦੀ ਅਰਥਸ਼ਾਸਤਰ ਦਾ ਮੂਲ ਮੰਤਰ ਹੈ ਜੋ ਰੂਜ਼ਵੈਲਟ ਦੇ ਨਵੇਂ ਸਮਝੌਤੇ ਦੀ ਰੂਹ ਸੀ।"[39]

ਕਾਰਪੋਰਟਾਂ ਦਾ ਨਿਆਰਾ ਪੈਕੇਜ

ਜਨਤਕ ਐਲਾਨਾਂ ਅਤੇ ਤਸਵੀਰਾਂ ਖਿਚਵਾਉਣ ਦੀਆਂ ਕਾਰਵਾਈਆਂ ਦੇ ਬਾਵਜੂਦ ਬੁਸ਼ ਅਤੇ ਉਸ ਦੀ ਜੁੰਡੀ ਦੇ ਯਾਰਾਂ ਦਾ ਕੀਨਜ਼ਵਾਦ ਨੂੰ ਅਪਨਾਉਣ ਦਾ ਕੋਈ ਇਰਾਦਾ ਨਹੀਂ ਸੀ। ਜਨਤਕ ਖੇਤਰ ਨੂੰ ਖ਼ੋਰਾ ਲਾਉਣ ਦੀ ਦ੍ਰਿੜਤਾ ਕਮਜ਼ੋਰ ਪੈਣੀ ਤਾਂ ਦੂਰ ਰਹੀ, ਉਲਟਾ 9/11 ਨੂੰ ਜੋ ਸੁਰੱਖਿਆ ਦਾ ਜਲੂਸ ਨਿਕਲਿਆ ਸੀ ਉਸ ਨਾਲ ਸਗੋਂ ਇਨ੍ਹਾਂ ਨੂੰ ਆਪਣੇ ਬਹੁਤ ਹੀ ਡੂੰਘੇ (ਅਤੇ ਸਵਾਰਥੀ) ਸਿਧਾਂਤਕ ਵਿਸ਼ਵਾਸ ਦੀ ਹੀ ਮੁੜ ਪੁਸ਼ਟੀ ਹੁੰਦੀ ਨਜ਼ਰ ਆਈ—ਇਸ ਵਿਸ਼ਵਾਸ ਦੀ ਪੁਸ਼ਟੀ ਕਿ ਸਿਰਫ਼ ਨਿੱਜੀ ਫਰਮਾਂ ਕੋਲ ਹੀ ਨਵੀਂ ਸੁਰੱਖਿਆ ਚੁਣੌਤੀ ਨਾਲ ਨਜਿੱਠਣ ਦੀ ਸੂਝ ਅਤੇ ਨਵੀਂਆਂ ਕਾਢਾਂ ਹਨ। ਹਾਲਾਂਕਿ ਇਹ ਸੱਚ ਸੀ ਕਿ ਵਾਈਟ ਹਾਊਸ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਟੈਕਸ ਦੇਣ ਵਾਲੇ ਨਾਗਰਿਕਾਂ ਦਾ ਪੈਸਾ ਖ਼ਰਚਣ ਦੀ ਹਾਲਤ ਤੱਕ ਪਹੁੰਚਿਆ ਹੋਇਆ ਸੀ, ਪਰ ਇਹ ਤੈਅ ਸੀ ਕਿ ਇਹ ਰੂਜ਼ਵੈਲਟ ਦੇ ਮਾਡਲ ਨੂੰ ਨਹੀਂ ਅਪਣਾਵੇਗਾ। ਇਸ ਦੀ ਥਾਂ ਸਗੋਂ ਬੁਸ਼ ਦਾ ਨਿਊ ਡੀਲ ਉਚੇਚੇ ਤੌਰ 'ਤੇ ਕਾਰਪੋਰੇਟ ਅਮਰੀਕਾ ਨਾਲ ਹੋਵੇਗਾ ਜਿਸ ਤਹਿਤ ਇਹ ਹਰ ਸਾਲ ਜਨਤਾ ਦੇ ਸੈਂਕੜੇ ਅਰਬ ਡਾਲਰ ਨਿੱਜੀ ਹੱਥਾਂ ਨੂੰ ਦੇ ਦੇਵੇਗਾ। ਠੇਕਿਆਂ ਦੇ ਰੂਪ ਵਿਚ ਇਸ ਘਪਲੇਬਾਜ਼ੀ ਦਾ ਬਹੁਤਾ ਹਿੱਸਾ ਗੁਪਤ ਹੋਵੇਗਾ। ਸ਼ਾਇਦ ਹੀ ਕੋਈ ਮੁਕਾਬਲੇਬਾਜ਼ੀ ਹੋਵੇਗੀ ਅਤੇ ਬਿਨਾ ਨਿਗਰਾਨੀ ਤੋਂ ਸਨਅਤਾਂ ਦੇ ਬੇਸ਼ੁਮਾਰ ਤਾਣੇ-ਬਾਣੇ ਦੇ ਠੇਕੇ ਇਨ੍ਹਾਂ ਨੂੰ ਮਿਲਦੇ ਰਹਿਣਗੇ। ਜਿਵੇਂ ਤਕਨਾਲੋਜੀ, ਪ੍ਰਚਾਰ ਮਾਧਿਅਮ, ਸੰਚਾਰ ਪ੍ਰਬੰਧ, ਇੰਜੀਨੀਅਰਿਗ, ਸਿੱਖਿਆ,

ਸਿਹਤ ਵਗੈਰਾ।•

ਹਮਲਿਆਂ ਤੋਂ ਬਾਅਦ ਦੀ ਗੜਬੜ ਚੌਥ 'ਚ ਜੋ ਵਾਪਰਿਆ ਉਹ ਆਰਥਕ ਸਦਮਾ ਇਲਾਜ ਦਾ ਦੇਸੀ ਰੂਪ ਹੈ। ਫਰਾਇਡਮੈਨ ਦੀ ਬੁਸ਼ ਜੁੰਡਲੀ ਨੇ ਤੁਰੰਤ ਉਸ ਸਦਮੇ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਜਿਸ ਦੀ ਲਪੇਟ 'ਚ ਇਸ ਵਕਤ ਅਮਰੀਕਾ ਆਇਆ ਹੋਇਆ ਸੀ। ਇਸ ਨੇ ਸਰਕਾਰ ਨੂੰ ਖੋਖਲਾ ਕਰਨ ਦੀ ਤਿੱਖੀ ਸੋਚ 'ਤੇ ਅਮਲ ਸ਼ੁਰੂ ਕਰ ਦਿੱਤਾ ਜਿਸ ਵਿਚ ਜੰਗ ਲੜਨ ਤੋਂ ਲੈ ਕੇ ਸੰਕਟਾਂ ਦੀ ਤਬਾਹੀ ਨੂੰ ਰੋਕਣ ਲਈ ਕਦਮ ਚੁੱਕਣ ਤੱਕ ਹਰ ਚੀਜ਼ ਮੁਨਾਫ਼ੇ ਦਾ ਸੌਦਾ ਸੀ।

ਸਦਮਾ ਇਲਾਜ ਨੂੰ ਹੋਰ ਵੀ ਦਲੇਰੀ ਨਾਲ ਵਿਕਸਤ ਕਰ ਲਿਆ ਗਿਆ ਸੀ। ਜਨਤਕ ਖੇਤਰ ਦੀਆਂ ਮੌਜੂਦਾ ਕੰਪਨੀਆਂ ਨੂੰ ਵੇਚਣ ਦੀ ਨੱਬੇਵਿਆਂ ਦੀ ਪਹੁੰਚ ਦੀ ਥਾਂ, ਬੁਸ਼ ਮੰਡਲੀ ਨੇ ਆਪਣੀਆਂ ਕਾਰਵਾਈਆਂ ਭਾਵ ਦਹਿਸ਼ਤਵਾਦ ਵਿਰੁੱਧ ਜੰਗ ਦਾ ਪੂਰੀ ਤਰ੍ਹਾਂ ਨਵਾਂ ਚੌਖਟਾ ਘੜ ਲਿਆ ਕਿ ਸ਼ੁਰੂ ਤੋਂ ਹੀ ਨਿੱਜੀਕਰਨ ਕਰਨ ਲਈ ਕੰਪਨੀ ਬਣਾ ਲਓ। ਇਹ ਕਾਰਨਾਮਾ ਦੋ ਪੜਾਵਾਂ 'ਚ ਕੀਤਾ ਜਾਣਾ ਸੀ। ਪਹਿਲਾ, ਵਾਈਟ ਹਾਊਸ ਨੇ 9/11 ਤੋਂ ਬਾਅਦ ਛਾਏ ਖੌਫ਼ ਨੂੰ ਜਾਸੂਸੀ, ਗ੍ਰਿਫ਼ਤਾਰੀਆਂ ਅਤੇ ਸਰਕਾਰ ਦੇ ਜੰਗ ਸ਼ੁਰੂ ਕਰਨ ਦੇ ਅਧਿਕਾਰਾਂ 'ਚ ਨਾਟਕੀ ਵਾਧਾ ਕਰਨ ਲਈ ਵਰਤਿਆ। ਫ਼ੌਜੀ ਕਾਰਵਾਈਆਂ ਦੇ ਇਤਿਹਾਸਕਾਰ ਐਂਡਰਿਊ ਬੇਸਵਿਚ ਨੇ ਨਵੇਂ ਅਧਿਕਾਰ ਹਾਸਲ ਕਰਨ ਦੀ ਇਸ ਕਾਰਵਾਈ ਨੂੰ "ਰਿੜ੍ਹਦਾ ਹੋਇਆ ਰਾਜ-ਪਲਟਾ" ਕਿਹਾ ਸੀ।[40] ਇਸ ਪਿੱਛੋਂ ਸੁਰੱਖਿਆ, ਹਮਲਾ, ਕਬਜ਼ਾ ਅਤੇ ਮੁੜ ਉਸਾਰੀ ਦੇ ਇਹ ਕੰਮ, ਜਿਨ੍ਹਾਂ ਨੂੰ ਨਵਾਂ ਨਵਾਂ ਵਧਾਇਆ ਗਿਆ ਸੀ ਅਤੇ ਇਹ ਫੰਡਾਂ ਨਾਲ ਭਰਪੂਰ ਸਨ, ਮੁਨਾਫ਼ੇ ਕਮਾਉਣ ਲਈ ਫ਼ੌਰਨ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤੇ ਗਏ।

ਹਾਲਾਂਕਿ ਕਿਹਾ ਇਹ ਗਿਆ ਸੀ ਕਿ ਇਸ ਦਾ ਮੰਤਵ ਦਹਿਸ਼ਤਵਾਦ ਵਿਰੁੱਧ ਲੜਾਈ ਦੇਣਾ ਹੈ, ਪਰ ਅਸਲ ਵਿਚ ਇਸ ਨੇ ਤਬਾਹੀਪਸੰਦ ਸਰਮਾਏਦਾਰੀ ਢਾਂਚਾ ਸਿਰਜਿਆ। ਇਹ ਅੰਦਰੂਨੀ ਸੁਰੱਖਿਆ, ਜੰਗ ਦੇ ਨਿੱਜੀਕਰਨ ਅਤੇ ਤਬਾਹੀ ਮਚਾ ਕੇ ਮੁੜ-ਉਸਾਰੀ ਕਰਨ ਦੀ ਮੁਕੰਮਲ ਨਵੀਂ ਆਰਥਿਕਤਾ ਸੀ ਜਿਸ ਦਾ ਕਾਰਜ ਸੀ ਦੇਸ਼ ਅਤੇ ਬਦੇਸ਼ 'ਚ ਐਸੀ ਸੁਰੱਖਿਆ ਰਿਆਸਤ ਖੜ੍ਹੀ ਕਰਨਾ ਅਤੇ ਚਲਾਉਣਾ ਜਿਸ ਦਾ ਕੰਟਰੋਲ ਨਿੱਜੀ ਖੇਤਰ ਦੇ ਹੱਥਾਂ 'ਚ ਹੋਵੇ। ਇਸ ਹੂੰਝਾ ਫੇਰੂ ਪਹਿਲਕਦਮੀ ਨਾਲ ਮੰਡੀ ਦੀ ਸੁਸਤ ਚਾਲ ਨੂੰ ਤਕੜਾ ਆਰਥਕ ਹੁਲਾਰਾ ਮਿਲਿਆ ਜਿੱਥੇ ਵਿਸ਼ਵੀਕਰਨ ਅਤੇ ਡਾਟ ਕਾਮ ਦੀ ਤੇਜ਼ੀ ਦਾ ਦੌਰ ਹੰਭ ਚੁੱਕਾ ਸੀ। ਜਿਵੇਂ ਇੰਟਰਨੈੱਟ ਨਾਲ ਡਾਟ ਕਾਮ ਦਾ ਬੁਲਬੁਲਾ ਉੱਠਿਆ ਸੀ, ਉਸੇ ਤਰ੍ਹਾਂ 9/11 ਨੇ ਤਬਾਹੀਪਸੰਦ ਸਰਮਾਏਦਾਰੀ ਦਾ ਬੁਲਬੁਲਾ ਪੈਦਾ ਕਰ ਦਿੱਤਾ। ਨੋਵਾਕ ਬਿਡਲ ਵੈਂਚਰ ਪਾਰਟਨਰਜ਼ ਕੰਪਨੀ ਦੇ ਰੋਗਰ ਨੋਵਾਕ ਦਾ ਕਹਿਣਾ ਸੀ, "ਜਦੋਂ ਸੂਚਨਾ ਤਕਨਾਲੋਜੀ ਸਨਅਤ ਠੱਪ ਹੋ ਗਈ ਤਾਂ ਅੰਦਾਜ਼ਾ ਲਾਓ ਕਿ ਬੁਲਬੁਲੇ ਤੋਂ ਬਾਅਦ ਸਾਰਾ ਸਰਮਾਇਆ ਕਿਸ ਦੇ ਹੱਥ 'ਚ ਕੇਂਦਰਤ ਸੀ ? ਸਰਕਾਰ ਦੇ ਹੱਥ 'ਚ।" ਇਹ ਸੱਟੇਬਾਜ਼ ਕੰਪਨੀ ਅੰਦਰੂਨੀ ਸੁਰੱਖਿਆ ਖੇਤਰ ਨਾਲ ਜੁੜੀਆਂ ਕੰਪਨੀਆਂ 'ਚ ਪੂੰਜੀ-ਨਿਵੇਸ਼ ਕਰਦੀ ਹੈ। ਉਹ ਕਹਿੰਦਾ ਹੈ, ਹੁਣ "ਹਰ ਕੰਪਨੀ ਨੂੰ ਸਮਝ ਆ ਰਿਹਾ ਹੈ ਕਿ ਇਹ ਭਾਂਡਾ ਕਿੰਨਾ

• ਠੇਕੇ ਦੇਣ ਸਮੇਂ ਮੁਕਾਬਲੇਬਾਜ਼ੀ ਨਾ ਹੋਣਾ ਬੁਸ਼ ਦੇ ਕਾਰਜ ਕਾਲ ਦੀ ਨਿਆਰੀ ਵਿਸ਼ੇਸ਼ਤਾ ਹੈ। ਫਰਵਰੀ 2007 'ਚ *ਨਿਊ ਯਾਰਕ ਟਾਈਮਜ਼* ਵਲੋਂ ਕੀਤੇ ਵਿਸ਼ਲੇਸ਼ਣ 'ਚ ਸਾਹਮਣੇ ਆਇਆ ਕਿ " 'ਠੇਕੇ ਦੇ ਕੁਲ ਮਾਮਲਿਆਂ'—ਨਵੇਂ ਠੇਕਿਆਂ ਅਤੇ ਠੇਕਿਆਂ ਸਬੰਧੀ ਅਦਾਇਗੀਆਂ—ਵਿਚੋਂ ਅੱਧੇ ਤੋਂ ਘੱਟ ਹੀ ਮੁਕੰਮਲ ਅਤੇ ਖੁੱਲ੍ਹੀ ਮੁਕਾਬਲੇਬਾਜ਼ੀ ਦੇ ਅਧੀਨ ਹਨ। 2001 'ਚ 79 ਫ਼ੀ ਸਦੀ ਠੇਕਿਆਂ 'ਚ ਮੁਕਾਬਲੇਬਾਜ਼ੀ ਸੀ, 2003 'ਚ ਇਹ 48 ਫ਼ੀ ਸਦੀ ਰਹਿ ਗਈ।"

ਖੁੱਲ੍ਹਾ ਹੈ ਅਤੇ ਹੁਣ ਹਰ ਕੋਈ ਪੁੱਛ ਰਿਹਾ ਹੈ ਮੈਂ ਇਸ ਕਾਰੋਬਾਰ ਦਾ ਹਿੱਸਾ ਕਿਵੇਂ ਹਾਸਲ ਕਰ ਸਕਦਾ ਹਾਂ ? ”[41]

ਇਹ ਫਰਾਇਡਮੈਨ ਵਲੋਂ ਸ਼ੁਰੂ ਕੀਤੇ ਉਲਟ ਇਨਕਲਾਬ ਦਾ ਸਿਖ਼ਰ ਸੀ। ਦਹਾਕਿਆਂ ਤੋਂ ਮੰਡੀ ਵਲੋਂ ਰਾਜ ਨੂੰ ਕਦੇ ਇਕ ਪਾਸਿਓਂ ਕਦੇ ਦੂਜੇ ਪਾਸਿਓਂ ਬੇਥਾਹ ਬੁਰਕ ਮਾਰਿਆ ਜਾ ਰਿਹਾ ਸੀ : ਹੁਣ ਇਸ ਨੇ ਰਾਜ ਦੀ ਗੁਲੀ ਨੂੰ ਨਿਗਲਣਾ ਸੀ।

ਅਜੀਬ ਗੱਲ ਇਹ ਹੈ ਕਿ ਇਸ ਅਮਲ ’ਚ ਸਭ ਤੋਂ ਕਾਰਗਰ ਸਿਧਾਂਤਕ ਸੰਦ ਇਹ ਦਾਅਵਾ ਸੀ ਕਿ ਆਰਥਕ ਵਿਚਾਰਧਾਰਾ ਹੁਣ ਅਮਰੀਕਾ ਦੀ ਬਦੇਸ਼ ਜਾਂ ਅੰਦਰੂਨੀ ਨੀਤੀ ਦੀ ਮੁੱਖ ਪ੍ਰੇਰਨਾ ਨਹੀਂ ਹੈ। “11 ਸਤੰਬਰ ਨੇ ਹਰ ਚੀਜ਼ ਬਦਲ ਦਿੱਤੀ ਹੈ।” ਇਹ ਮੰਤਰ ਇਸ ਤੱਥ ਉੱਪਰ ਚਲਾਕੀ ਨਾਲ ਪਰਦਾ ਪਾਉਂਦਾ ਸੀ ਕਿ ਖੁੱਲ੍ਹੀ ਮੰਡੀ ਦੇ ਸਿਧਾਂਤਕਾਰਾਂ ਅਤੇ ਜਿਨ੍ਹਾਂ ਕਾਰਪੋਰੇਸ਼ਨਾਂ ਦੀ ਇਹ ਸੇਵਾ ਕਰਦੇ ਸਨ ਉਨ੍ਹਾਂ ਲਈ ਇਕੋ ਹੀ ਤਬਦੀਲੀ ਹੋਈ ਸੀ। ਇਹ ਤਬਦੀਲੀ ਉਹ ਅਸਾਨੀ ਸੀ ਜਿਸ ਨਾਲ ਉਹ ਆਪਣੇ ਜ਼ੋਰਦਾਰ ਏਜੰਡੇ ਨੂੰ ਧੁਸ ਦੇ ਕੇ ਅੱਗੇ ਵਧਾ ਸਕਦੇ ਸਨ। ਹੁਣ ਨਵੀਆਂ ਨੀਤੀਆਂ ਨੂੰ ਕਾਂਗਰਸ ਅੰਦਰ ਤਿੱਖੀ ਬਹਿਸ ਦਾ ਵਿਸ਼ਾ ਬਣਾਉਣ ਜਾਂ ਜਨਤਕ ਖੇਤਰ ਦੀਆਂ ਯੂਨੀਅਨਾਂ ਨਾਲ ਟਕਰਾਅ ’ਚ ਪੈਣ ਦੀ ਬਜਾਏ ਬੁਸ਼ ਦਾ ਵਾਈਟ ਹਾਊਸ ਰਾਸ਼ਟਰਪਤੀ ਦੇ ਆਲੇ-ਦੁਆਲੇ ਹੋਈ ਦੇਸ਼ਭਗਤ ਸਫ਼ਬੰਦੀ ਅਤੇ ਚਰਚਾ ਬੰਦ ਕਰਨ ਅਤੇ ਅਮਲ ਸ਼ੁਰੂ ਕਰਨ ਲਈ ਪ੍ਰੈੱਸ ਵਲੋਂ ਦਿੱਤੀ ਇਜਾਜ਼ਤ ਨੂੰ ਵਰਤ ਸਕਦਾ ਸੀ। ਜਿਵੇਂ ਫਰਵਰੀ 2007 ’ਚ *ਨਿਊ ਯਾਰਕ ਟਾਈਮਜ਼* ਨੇ ਟਿੱਪਣੀ ਕੀਤੀ, “ਕਿਸੇ ਖੁੱਲ੍ਹੀ ਬਹਿਸ ਜਾਂ ਨੀਤੀ ਬਾਰੇ ਰਸਮੀ ਫ਼ੈਸਲੇ ਤੋਂ ਬਗ਼ੈਰ ਹੀ ਠੇਕੇਦਾਰ ਸਰਕਾਰ ਦੀ ਸੱਚੀਮੁੱਚੀਂ ਦੀ ਚੌਥੀ ਸ਼ਾਖ਼ਾ ਬਣ ਗਏ ਹਨ।”[42]

11 ਸਤੰਬਰ ਵਲੋਂ ਦਿੱਤੀ ਸੁਰੱਖਿਆ ਦੀ ਵੰਗਾਰ ਨੂੰ ਕਬੂਲ ਕਰਦੇ ਹੋਏ ਸਰਕਾਰ ਦੇ ਬੁਨਿਆਦੀ ਢਾਂਚੇ ਵਿਚਲੀਆਂ ਮੋਰੀਆਂ ਨੂੰ ਬੰਦ ਕਰਨ ਦੀ ਭਰਵੀਂ ਯੋਜਨਾ ਲੈਣ ਦੀ ਥਾਂ ਬੁਸ਼ ਮੰਡਲੀ ਨੇ ਸਰਕਾਰ ਦੀ ਨਵੀਂ ਭੂਮਿਕਾ ਈਜਾਦ ਕਰ ਲਈ। ਇਸ ਮੁਤਾਬਿਕ ਰਾਜ ਦਾ ਕੰਮ ਆਪ ਸੁਰੱਖਿਆ ਮੁਹੱਈਆ ਕਰਨਾ ਨਹੀਂ ਸਗੋਂ ਮੰਡੀ ਦੀਆਂ ਕੀਮਤਾਂ ’ਤੇ ਇਸ ਨੂੰ ਖ਼ਰੀਦਣਾ ਸੀ। ਅਤੇ ਇਸੇ ਕਰਕੇ, ਹਮਲਿਆਂ ਤੋਂ ਦੋ ਮਹੀਨੇ ਬਾਅਦ ਹੀ ਨਵੰਬਰ 2001 ’ਚ ਰੱਖਿਆ ਵਿਭਾਗ ਨੇ ਡਾਟ-ਕਾਮ ਖੇਤਰ ’ਚ ਤਜਰਬਾ ਰੱਖਣ ਵਾਲਿਆਂ ਨੂੰ ਇਕੱਠੇ ਕਰ ਲਿਆ। ਇਸ ਦਾ ਕਹਿਣਾ ਸੀ ਕਿ ਇਹ “ਪੂੰਜੀਵਾਦੀ ਕਾਰੋਬਾਰ ਦੇ ਸਲਾਹਕਾਰਾਂ ਦਾ ਛੋਟਾ ਗਰੁੱਪ” ਹੈ। ਇਸ ਦਾ ਮਿਸ਼ਨ ਸੀ “ਤਕਨਾਲੋਜੀ ਨਾਲ ਸਬੰਧਤ ਉੱਭਰ ਰਹੇ ਉਨ੍ਹਾਂ ਹੱਲਾਂ” ਦੀ ਪਛਾਣ ਕਰਨਾ “ਜੋ ਦਹਿਸ਼ਤਵਾਦ ਖ਼ਿਲਾਫ਼ ਆਲਮੀ ਜੰਗ ਦੇ ਅਮਰੀਕੀ ਯਤਨਾਂ ’ਚ ਮਦਦ ਕਰਨ।” ਜਦੋਂ 2006 ਸ਼ੁਰੂ ਹੋਇਆ ਓਦੋਂ ਤੱਕ ਇਹ ਗ਼ੈਰਰਸਮੀ ਅਦਾਨ-ਪ੍ਰਦਾਨ ਪੈਂਟਾਗਾਨ ਦਾ ਅਧਿਕਾਰਤ ਅੰਗ ਬਣ ਚੁੱਕਾ ਸੀ। ਇਹ ਸੁਰੱਖਿਆ ਕਾਰੋਬਾਰ ਉੱਤ-ਪ੍ਰੇਰਕ ਪਹਿਲਕਦਮੀ ਫਰਮ (Defense Venture Catalyst Initiative, or DeVenCI) ਇਕ “ਮੁਕੰਮਲ ਫ਼ੌਜੀ ਕਾਰਵਾਈ” ਵਰਗਾ ਦਫ਼ਤਰ ਹੈ ਜੋ ਇਸ ਕਾਰੋਬਾਰ ਨਾਲ ਸਿਆਸੀ ਤੌਰ ’ਤੇ ਜੁੜੇ ਸਰਮਾਏਦਾਰਾਂ ਨੂੰ ਲਗਾਤਾਰ ਸੁਰੱਖਿਆ ਦੀ ਜਾਣਕਾਰੀ ਮੁਹੱਈਆ ਕਰਦਾ ਹੈ। ਇਹ ਕੰਪਨੀ ਇਹ ਟੋਹ ਲਾ ਕੇ ਨਿੱਜੀ ਖੇਤਰ ਨੂੰ ਦੱਸਦੀ ਹੈ ਕਿ ਜਾਸੂਸੀ ਅਤੇ ਇਸ ਨਾਲ ਸਬੰਧਤ ਕਿਹੜੇ ਕਿਹੜੇ ਨਵੇਂ ਯੰਤਰ ਲਾਏ ਜਾ ਸਕਦੇ ਹਨ। DeVenCI ਦਾ ਨਿਰਦੇਸ਼ਕ ਬਾਬ ਪੋਹੰਕਾ ਦੱਸਦਾ ਹੈ, “ਅਸੀਂ ਤਾਂ ਨੈੱਟ ਦੇ ਖੋਜ ਇੰਜਣ ਵਾਂਗ ਹਾਂ।”[43] ਬੁਸ਼ ਦੀ ਦ੍ਰਿਸ਼ਟੀ ਅਨੁਸਾਰ ਸਰਕਾਰ ਦੀ ਭੂਮਿਕਾ ਸਿਰਫ਼ ਇਹ ਹੈ ਕਿ ਜੰਗ ਦੀ ਨਵੀਂ ਮੰਡੀ ਸ਼ੁਰੂ ਕਰਨ

ਲਈ ਸਰਮਾਇਆ ਜੁਟਾਇਆ ਜਾਵੇ। ਫੇਰ ਉਹ ਬਿਹਤਰੀਨ ਵਸਤਾਂ ਖ਼ਰੀਦੀਆਂ ਜਾਣ ਜੋ ਇਸ ਰਚਨਾਤਮਕ ਭਾਂਡੇ 'ਚ ਬਣਾਈਆਂ ਜਾਂਦੀਆਂ ਹਨ ਅਤੇ ਇਸ ਸਨਅਤ ਨੂੰ ਹੋਰ ਵੀ ਵੱਡੀਆਂ ਕਾਢਾਂ ਕੱਢਣ ਲਈ ਹੱਲਾਸ਼ੇਰੀ ਦਿੱਤੀ ਜਾਵੇ। ਦੂਜੇ ਲਫ਼ਜ਼ਾਂ 'ਚ, ਸਿਆਸਤ ਮੰਗ ਪੈਦਾ ਕਰਦੀ ਹੈ ਅਤੇ ਨਿੱਜੀ ਖੇਤਰ ਹਰ ਤਰ੍ਹਾਂ ਦੇ ਹੱਲ ਸਪਲਾਈ ਕਰਦਾ ਹੈ। ਇਹ ਅੰਦਰੂਨੀ ਸੁਰੱਖਿਆ ਅਤੇ ਇੱਕੀਵੀਂ ਸਦੀ ਦੀ ਜੰਗ ਦੇ ਰੂਪ 'ਚ ਤੇਜ਼ੀ ਵਾਲੀ ਆਰਥਿਕਤਾ ਹੈ ਜਿਸ ਦਾ ਸਾਰਾ ਸਰਮਾਇਆ ਟੈਕਸ ਦੇਣ ਵਾਲਿਆਂ ਦੇ ਡਾਲਰਾਂ ਤੋਂ ਆਉਂਦਾ ਹੈ।

ਅੰਦਰੂਨੀ ਸੁਰੱਖਿਆ ਵਿਭਾਗ, ਬੁਸ਼ ਸਰਕਾਰ ਵਲੋਂ ਖੜ੍ਹੀ ਕੀਤੀ ਰਾਜ ਦੀ ਨਵੀਂ ਬਰੈਂਡ ਸ਼ਾਖ਼ਾ ਹੈ, ਜੋ ਸਰਕਾਰ ਦੇ ਕੰਮ ਪੂਰੀ ਤਰ੍ਹਾਂ ਠੇਕੇ 'ਤੇ ਕਰਾਉਣ ਦੇ ਢੰਗ ਦਾ ਬਹੁਤ ਹੀ ਸਪਸ਼ਟ ਇਜ਼ਹਾਰ ਹੈ। ਜਿਵੇਂ ਅੰਦਰੂਨੀ ਸੁਰੱਖਿਆ ਦੀ ਉੱਪ-ਨਿਰਦੇਸ਼ਕ ਜੇਨ ਐਲੈਗਜ਼ੈਂਡਰ ਨੇ ਖ਼ੁਲਾਸਾ ਕੀਤਾ, "ਅਸੀਂ ਸਮਾਨ ਨਹੀਂ ਬਣਾਉਂਦੇ। ਜੇ ਸਨਅਤ ਇਹ ਬਣਾ ਕੇ ਨਾ ਦੇਵੇ, ਅਸੀਂ ਫੇਰ ਇਹ ਕਿੱਥੋਂ ਹਾਸਲ ਕਰ ਸਕਦੇ ਹਾਂ।"[44]

ਇਕ ਹੋਰ ਫਰਮ ਹੈ ਮੋੜਵੀਂ ਜਾਸੂਸੀ ਜੰਗੀ ਕਾਰਵਾਈ (Counter Intelligence Field Activity, or CIFA)। ਇਹ ਨਵੀਂ ਸੂਹੀਆ ਏਜੰਸੀ ਹੈ ਜੋ ਰਮਜ਼ਫੈਲਡ ਦੇ ਅਧੀਨ ਬਣਾਈ ਗਈ। ਇਹ ਸੀ ਆਈ ਏ ਤੋਂ ਆਜ਼ਾਦ ਏਜੰਸੀ ਹੈ। ਇਹ ਸਮਾਂਤਰ ਸੂਹੀਆ ਏਜੰਸੀ ਆਪਣਾ 70 ਫ਼ੀ ਸਦੀ ਬਜਟ ਨਿੱਜੀ ਠੇਕੇਦਾਰਾਂ ਤੋਂ ਕੰਮ ਕਰਾਉਣ ਉੱਤੇ ਖ਼ਰਚ ਕਰਦੀ ਹੈ; ਅੰਦਰੂਨੀ ਸੁਰੱਖਿਆ ਵਿਭਾਗ ਵਾਂਗ ਇਹ ਵੀ ਖੋਲ ਹੀ ਬਣਾਇਆ ਗਿਆ ਸੀ। ਜਿਵੇਂ ਕੌਮੀ ਸੁਰੱਖਿਆ ਏਜੰਸੀ ਦੇ ਸਾਬਕਾ ਨਿਰਦੇਸ਼ਕ ਕੇਨ ਮਿਨੀਹਨ ਨੇ ਦੱਸਿਆ ਸੀ, "ਅੰਦਰੂਨੀ ਸੁਰੱਖਿਆ ਐਨੀ ਅਹਿਮ ਹੈ ਕਿ ਇਹ ਕੰਮ ਸਰਕਾਰ ਉੱਤੇ ਨਹੀਂ ਛੱਡਿਆ ਜਾ ਸਕਦਾ।" ਬੁਸ਼ ਸਰਕਾਰ ਦੇ ਹੋਰ ਸੈਂਕੜੇ ਸਟਾਫ਼ ਮੈਂਬਰਾਂ ਵਾਂਗ ਮਿਨੀਹਨ ਨੇ ਵੀ ਇਸ ਵਧ-ਫੁਲ ਰਹੀ ਅੰਦਰੂਨੀ ਸੁਰੱਖਿਆ ਸਨਅਤ 'ਚ ਕੰਮ ਕਰਨ ਲਈ ਸਰਕਾਰੀ ਅਹੁਦਾ ਛੱਡ ਦਿੱਤਾ ਸੀ। ਉਸ ਨੇ ਚੋਟੀ ਦੇ ਜਾਸੂਸ ਵਜੋਂ ਇਹ ਸਨਅਤ ਖੜ੍ਹੀ ਕਰਨ 'ਚ ਸਹਾਇਤਾ ਕੀਤੀ।[45]

ਜਿਸ ਤਰੀਕੇ ਨਾਲ ਬੁਸ਼ ਪ੍ਰਸ਼ਾਸਨ ਨੇ ਦਹਿਸ਼ਤਵਾਦ ਖ਼ਿਲਾਫ਼ ਜੰਗ ਦੇ ਕੁਲ ਮਾਪਦੰਡ ਪ੍ਰਭਾਸ਼ਤ ਕੀਤੇ ਹੋਏ ਹਨ ਉਹ ਮੰਡੀ ਦੇ ਰੂਪ 'ਚ ਇਸ ਦੀ ਮੁਨਾਫ਼ਾ ਸਮਰੱਥਾ ਅਤੇ ਟਿਕਾਊਪਣ ਨੂੰ ਵਧਾਉਣ ਦਾ ਕੰਮ ਕਰਦੇ ਹਨ—ਦੁਸ਼ਮਣ ਦੀ ਪ੍ਰੀਭਾਸ਼ਾ ਤੋਂ ਲੈ ਕੇ ਲੜਾਈ ਸ਼ੁਰੂ ਕਰਨ ਦੇ ਨਿਯਮਾਂ ਦੇ ਘੇਰੇ ਤੱਕ ਹਰ ਚੀਜ਼। ਇਹ ਘੇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਅੰਦਰੂਨੀ ਸੁਰੱਖਿਆ ਵਿਭਾਗ ਦੀ ਸ਼ੁਰੂਆਤ ਕਰਨ ਵਾਲਾ ਦਸਤਾਵੇਜ਼ ਐਲਾਨ ਕਰਦਾ ਹੈ, "ਅਜੋਕੇ ਦਹਿਸ਼ਤਗਰਦ ਕਿਸੇ ਵੀ ਥਾਂ, ਕਿਸੇ ਵੀ ਵਕਤ ਅਤੇ ਕਿਸੇ ਵੀ ਹਥਿਆਰ ਨਾਲ ਹਮਲਾ ਕਰ ਸਕਦੇ ਹਨ"—ਜਿਸ ਦਾ ਸਹਿਜੇ ਹੀ ਇਹ ਅਰਥ ਬਣਦਾ ਹੈ ਇਸ ਸਬੰਧੀ ਲੋੜੀਂਦੀਆਂ ਸੁਰੱਖਿਆ ਸੇਵਾਵਾਂ ਨੂੰ ਹਰੇਕ ਥਾਂ 'ਤੇ ਹਰ ਸੰਭਵ ਸਮੇਂ ਹਰੇਕ ਸੰਭਵ ਖ਼ਤਰੇ ਤੋਂ ਸੁਰੱਖਿਆ ਦੇ ਲਾਜ਼ਮੀ ਇੰਤਜ਼ਾਮ ਕਰਨੇ ਚਾਹੀਦੇ ਹਨ। ਮੁਕੰਮਲ ਜੰਗ ਵਰਗੇ ਕਦਮ ਚੁੱਕਣ ਲਈ ਇਹ ਸਾਬਤ ਕਰਨਾ ਜ਼ਰੂਰੀ ਨਹੀਂ ਹੈ ਕਿ ਖ਼ਤਰਾ ਸਚਮੁਚ ਹੈ। ਜਿਵੇਂ ਚੈਨੀ ਨੇ ਆਪਣੇ ਪ੍ਰਸਿੱਧ "ਇਕ ਫ਼ੀ ਸਦੀ ਖ਼ਤਰੇ ਦਾ ਸਿਧਾਂਤ" ਰਾਹੀਂ ਇਰਾਕ ਉੱਪਰ ਹਮਲੇ ਨੂੰ ਇਸ ਅਧਾਰ 'ਤੇ ਜਾਇਜ਼ ਠਹਿਰਾਇਆ ਸੀ ਕਿ ਜੇ ਇਕ ਫ਼ੀ ਸਦੀ ਖ਼ਤਰੇ ਦੀ ਸੰਭਾਵਨਾ ਵੀ ਹੋਵੇ ਤਾਂ ਵੀ ਇਹ ਲੋੜ ਬਣਦੀ ਹੈ ਕਿ ਅਮਰੀਕਾ ਇਸ ਨੂੰ ਸੌ ਫ਼ੀ ਸਦੀ ਪੱਕਾ ਖ਼ਤਰਾ ਮੰਨ ਕੇ ਕਾਰਵਾਈ ਕਰੇ। ਵੱਖ-ਵੱਖ ਤਰ੍ਹਾਂ ਦੇ ਸੂਹ ਲਾਉਣ ਵਾਲੇ ਉੱਚ ਤਕਨੀਕੀ ਯੰਤਰ ਤਿਆਰ ਕਰਨ ਵਾਲੀਆਂ ਕੰਪਨੀਆਂ ਲਈ ਇਹ ਦਲੀਲ ਖ਼ਾਸ ਵਰਦਾਨ ਹੈ : ਮਿਸਾਲ ਵਜੋਂ, ਕਿਉਂਕਿ

ਅਸੀਂ ਚੇਚਕ ਦਾ ਹਮਲਾ ਹੋਣਾ ਫਰਜ਼ ਕਰ ਸਕਦੇ ਹਾਂ ਇਸ ਲਈ ਅੰਦਰੂਨੀ ਸੁਰੱਖਿਆ ਵਿਭਾਗ ਨੇ ਇਸ ਖ਼ਤਰੇ ਦਾ ਪਤਾ ਲਾਉਣ ਵਾਲਾ ਸਾਜ਼-ਸਮਾਨ ਵਿਕਸਤ ਕਰਨ ਅਤੇ ਪੂਰੇ ਦੇਸ਼ 'ਚ ਫਿਟ ਕਰਨ ਲਈ ਨਿੱਜੀ ਕੰਪਨੀਆਂ ਨੂੰ ਅੱਧਾ ਅਰਬ ਡਾਲਰ ਰਕਮ ਅਦਾ ਕਰ ਦਿੱਤੀ ਜਿਸ ਖ਼ਤਰੇ ਦੀ ਕੋਈ ਪੁਸ਼ਟੀ ਵੀ ਨਹੀਂ ਹੋ ਸਕੀ।[46]

ਦਹਿਸ਼ਤਵਾਦ ਖ਼ਿਲਾਫ਼ ਜੰਗ, ਗਰਮ-ਖ਼ਿਆਲ ਇਸਲਾਮ ਵਿਰੁੱਧ ਜੰਗ, ਇਸਲਾਮਿਕ ਫਾਸ਼ੀਵਾਦ ਖਿਲਾਫ਼ ਜੰਗ, ਤੀਜੀ ਸੰਸਾਰ ਜੰਗ, ਲੰਮੀ ਜੰਗ, ਪੁਸ਼ਤਾਂ ਦੀ ਜੰਗ—ਐਨੇ ਵੱਖ ਵੱਖ ਨਾਂ ਦੇਣ ਦੇ ਬਾਵਜੂਦ ਲੜਾਈ ਦਾ ਬੁਨਿਆਦੀ ਸਾਂਚਾ ਨਹੀਂ ਬਦਲਿਆ। ਨਾ ਹੀ ਇਸ ਦੀ ਕੋਈ ਸਮਾਂ ਸੀਮਾ ਹੈ, ਨਾ ਖੇਤਰ ਦੀ ਅਤੇ ਨਾ ਹੀ ਇਸ ਦੇ ਨਿਸ਼ਾਨੇ ਦੀ। ਇਨ੍ਹਾਂ ਵਿਸ਼ੇਸ਼ ਲੱਛਣਾਂ ਦਾ ਕੋਈ ਬੱਝਵਾਂ ਪਸਾਰ ਨਹੀਂ ਹੈ ਅਤੇ ਇਹ ਹਨ ਵੀ ਅਦਿੱਖ, ਪਰ ਫ਼ੌਜੀ ਭਵਿੱਖ ਦ੍ਰਿਸ਼ਟੀ ਤੋਂ ਦਹਿਸ਼ਤਵਾਦ ਵਿਰੁੱਧ ਜੰਗ ਐਸੀ ਸਮੱਸਿਆ ਬਣ ਜਾਂਦੀ ਹੈ ਜੋ ਜਿੱਤੀ ਨਹੀਂ ਜਾ ਸਕਦੀ। ਪਰ ਆਰਥਕ ਭਵਿੱਖ-ਨਕਸ਼ੇ ਤੋਂ, ਇਹ ਅਜਿੱਤ ਬਣ ਜਾਂਦੀ ਹੈ : ਇਹ ਕੜਾਹੀ 'ਚੋਂ ਉੱਠੀ ਅੱਗ ਦੀ ਲਪਟ ਵਰਗੀ ਜੰਗ ਨਹੀਂ, ਜੋ ਕਿ ਜਿੱਤੀ ਜਾ ਸਕਦੀ ਹੈ, ਸਗੋਂ ਇਹ ਇਕ ਨਵੀਂ ਚੀਜ਼ ਹੈ ਅਤੇ ਆਲਮੀ ਆਰਥਕ ਨਕਸ਼ੇ 'ਚ ਪੱਕੇ ਤੌਰ 'ਤੇ ਜੁੜੀ ਹੋਈ ਚੀਜ਼ ਹੈ।

ਬੁਸ਼ ਨੇ 11 ਸਤੰਬਰ ਤੋਂ ਬਾਅਦ ਕਾਰੋਬਾਰ ਦੀ ਇਹ ਵਿਉਂਤਬੰਦੀ ਕਾਰਪੋਰੇਟ ਅਮਰੀਕਾ ਲਈ ਪੇਸ਼ ਕੀਤੀ ਸੀ। ਇਸ ਅਨੁਸਾਰ ਟੈਕਸਾਂ ਦੇ ਰੂਪ 'ਚ ਜਮਾਂ ਹੁੰਦੇ ਡਾਲਰਾਂ ਦੀ ਬੇਥਾਹ ਕਮਾਈ ਕਾਰਪੋਰੇਟਾਂ ਨੂੰ ਇਸ ਤਰ੍ਹਾਂ ਹੋਣੀ ਸੀ : ਪੈਂਟਾਗਾਨ ਜ਼ਰੀਏ ਕਾਰਪੋਰੇਟਾਂ ਨੂੰ ਅਦਾਇਗੀ (ਨਿੱਜੀ ਠੇਕੇਦਾਰਾਂ ਨੂੰ 270 ਅਰਬ ਡਾਲਰ ਸਾਲਾਨਾ ਅਦਾਇਗੀ, ਬੁਸ਼ ਦੇ ਸੱਤਾਧਾਰੀ ਹੋਣ ਦੇ ਸਮੇਂ ਤੋਂ ਇਸ ਵਿਚ 137 ਅਰਬ ਡਾਲਰ ਦਾ ਵਾਧਾ ਹੋਇਆ); ਅਮਰੀਕੀ ਸੂਹੀਆ ਏਜੰਸੀਆਂ ਰਾਹੀਂ ਅਦਾਇਗੀ (ਖੁਫ਼ੀਆ ਸੇਵਾਵਾਂ ਲਈ ਠੇਕੇਦਾਰਾਂ ਨੂੰ ਠੇਕਾ ਅਧਾਰ 'ਤੇ ਸਾਲਾਨਾ 42 ਅਰਬ ਡਾਲਰ ਦੀ ਅਦਾਇਗੀ) ਜੋ 1995 ਦੇ ਪੱਧਰ ਨਾਲੋਂ ਦੁੱਗਣੀ ਹੈ; ਅਤੇ ਹੁਣ ਸਭ ਤੋਂ ਤਾਜ਼ਾ ਅੰਦਰੂਨੀ ਸੁਰੱਖਿਆ ਵਿਭਾਗ ਰਾਹੀਂ ਕਮਾਈ। 11 ਸਤੰਬਰ 2001 ਤੋਂ ਲੈ ਕੇ 2006 ਤੱਕ ਅੰਦਰੂਨੀ ਸੁਰੱਖਿਆ ਵਿਭਾਗ ਨੇ 130 ਅਰਬ ਡਾਲਰ ਨਿੱਜੀ ਠੇਕੇਦਾਰਾਂ ਨੂੰ ਦਿੱਤੇ। ਇਹ ਪੈਸਾ ਪਹਿਲਾਂ ਆਰਥਿਕਤਾ 'ਚ ਸ਼ਾਮਲ ਨਹੀਂ ਸੀ ਅਤੇ ਇਹ ਚਿੱਲੀ ਜਾਂ ਚੈੱਕ ਗਣਰਾਜ ਦੀ ਕੁਲ ਘਰੇਲੂ ਪੈਦਾਵਾਰ ਤੋਂ ਵੱਡੀ ਰਕਮ ਹੈ। 2003 'ਚ ਬੁਸ਼ ਸਰਕਾਰ ਨੇ ਨਿੱਜੀ ਕੰਪਨੀਆਂ ਨੂੰ ਠੇਕਿਆਂ ਦੇ 327 ਅਰਬ ਡਾਲਰਾਂ ਦੀ ਅਦਾਇਗੀ ਕੀਤੀ—ਇਹ ਅਖ਼ਤਿਆਰੀ ਕੋਟੇ ਦੇ ਹਰੇਕ ਡਾਲਰ ਵਿਚੋਂ 40 ਸੈਂਟ ਦੇ ਕਰੀਬ ਹਿੱਸਾ ਬਣ ਜਾਂਦਾ ਹੈ।[47]

ਕਮਾਲ ਦੀ ਗੱਲ ਹੈ ਕਿ ਬਹੁਤ ਥੋੜ੍ਹੇ ਜਹੇ ਸਮੇਂ ਵਿਚ ਹੀ, ਵਾਸ਼ਿੰਗਟਨ ਡੀ ਸੀ ਦੇ ਆਲੇ-ਦੁਆਲੇ ਦੀਆਂ ਬਸਤੀਆਂ 'ਚ ਸੁਰੱਖਿਆ "ਸ਼ੁਰੂ ਕਰਨ ਵਾਲੀਆਂ" "ਪੈਸਾ ਸੂਣ ਵਾਲੀਆਂ" ਕੰਪਨੀਆਂ ਦੀਆਂ ਭੂਰੀਆਂ ਇਮਾਰਤਾਂ ਨੇ ਫਟਾਫਟ ਕੰਮ ਵਿੱਢ ਲਿਆ, ਜਿਵੇਂ ਨੱਬੇਵਿਆਂ ਦੇ ਅਖ਼ੀਰ 'ਚ ਸਿਲੀਕਾਨ ਵਾਦੀ 'ਚ ਹੋਇਆ ਸੀ। ਜਿੰਨਾ ਵਕਤ ਫਰਨੀਚਰ ਟਿਕਾਉਣ 'ਤੇ ਲੱਗਦਾ ਹੈ, ਉਸ ਤੋਂ ਵੀ ਤੇਜ਼ੀ ਨਾਲ ਪੈਸਾ ਬਣਨਾ ਸ਼ੁਰੂ ਹੋ ਗਿਆ। ਬੁਸ਼ ਸਰਕਾਰ ਨੇ ਉਸੇ ਮੂੰਹ-ਜ਼ੋਰ ਦੌਰ ਦੇ ਖੁੱਲ੍ਹਾ ਖ਼ਰਚ ਕਰਨ ਵਾਲੇ ਉੱਦਮੀ ਸਰਮਾਏਦਾਰ ਦੀ ਭੂਮਿਕਾ ਨਿਭਾਈ। ਜਿੱਥੇ ਨੱਬੇਵਿਆਂ 'ਚ ਕੰਪਨੀਆਂ ਦਾ ਨਿਸ਼ਾਨਾ "ਹੋਰ ਨਵੇਂ ਤੋਂ ਨਵੇਂ ਹੈਰਾਨ ਕਰਨ ਵਾਲੇ ਪ੍ਰੋਗਰਾਮ ਵਿਕਸਤ ਕਰਕੇ ਮਾਈਕਰੋਸਾਫਟ ਜਾਂ ਔਰੈਕਲ ਨੂੰ ਵੇਚ ਦੇਣਾ ਹੁੰਦਾ ਸੀ, ਹੁਣ ਇਨ੍ਹਾਂ ਦਾ ਨਿਸ਼ਾਨਾ ਦਹਿਸ਼ਤਪਸੰਦਾਂ ਨੂੰ ਕਾਬੂ ਕਰਨ ਦੀ ਨਵੀਂ "ਸੂਹ ਲਾਉਣ ਅਤੇ ਦਬੋਚ ਲੈਣ" ਵਾਲੀ ਤਕਨਾਲੋਜੀ ਤਿਆਰ ਕਰਕੇ

ਅੰਦਰੂਨੀ ਸੁਰੱਖਿਆ ਵਿਭਾਗ ਜਾਂ ਪੈਂਟਾਗਾਨ ਨੂੰ ਵੇਚਣ ਦਾ ਸੀ। ਇਸੇ ਕਾਰਨ ਤਬਾਹੀਪਸੰਦ ਸਨਅਤ ਨੇ ਨਵੀਆਂ ਸ਼ੁਰੂਆਤਾਂ ਅਤੇ ਪੂੰਜੀ-ਨਿਵੇਸ਼ ਫੰਡਾਂ ਤੋਂ ਇਲਾਵਾ ਐਹੋ ਜਹੀਆਂ ਨਵੀਂਆਂ ਮੁਹਿੰਮਬਾਜ਼ ਕੰਪਨੀਆਂ ਵੀ ਪੈਦਾ ਕੀਤੀਆਂ ਜੋ ਨਵੀਆਂ ਕੰਪਨੀਆਂ ਨੂੰ ਅਮਰੀਕੀ ਕਾਂਗਰਸ ਦੇ ਸਹੀ ਲੋਕਾਂ ਨਾਲ ਜੋੜਨ ਦਾ ਵਾਅਦਾ ਕਰਦੀਆਂ ਸਨ। 2001 'ਚ ਸੁਰੱਖਿਆ ਕਾਰੋਬਾਰ ਨਾਲ ਦੋ ਮੁਹਿੰਮਬਾਜ਼ ਕੰਪਨੀਆਂ ਜੁੜੀਆਂ ਹੋਈਆਂ ਸਨ, ਪਰ 2006 ਦੇ ਅੱਧ 'ਚ ਇਨ੍ਹਾਂ ਦੀ ਗਿਣਤੀ 543 ਹੋ ਚੁੱਕੀ ਸੀ। ਇਸ ਖੇਤਰ ਨਾਲ ਸਬੰਧਤ ਫਰਮ ਪਾਲਾਡਿਨ ਦੇ ਪ੍ਰਬੰਧਕੀ ਨਿਰਦੇਸ਼ਕ ਮਾਈਕਲ ਸਟੀਡ ਨੇ *ਵਾਇਅਰਡ* ਨੂੰ ਦੱਸਿਆ "ਮੈਂ ਨੱਬੇਵਿਆਂ ਦੇ ਸ਼ੁਰੂ ਤੋਂ ਨਿੱਜੀ ਅਸਾਸਿਆਂ ਦੇ ਕੰਮ 'ਚ ਜੁਟਿਆ ਹੋਇਆ ਹਾਂ ਅਤੇ ਸੌਦਿਆਂ ਦਾ ਅਜਿਹਾ ਟਿਕਾਊ ਵਹਿਣ ਮੈਂ ਪਹਿਲਾਂ ਕਦੇ ਨਹੀਂ ਦੇਖਿਆ।"[48]

ਦਹਿਸ਼ਤਵਾਦ ਨੂੰ ਕਾਬੂ ਕਰਨ ਨਾਲ ਜੁੜੀ ਮੰਡੀ

ਡਾਟਕਾਮ ਬੁਲਬੁਲੇ ਵਾਂਗ, ਤਬਾਹੀਪਸੰਦ ਵਿਕਾਸ ਦਾ ਬੁਲਬੁਲਾ ਵੀ ਆਰਜੀ ਅਤੇ ਆਪਾ-ਧਾਪੀ ਨਾਲ ਫੈਲ ਰਿਹਾ ਹੈ। ਅੰਦਰੂਨੀ ਸੁਰੱਖਿਆ ਸਨਅਤ 'ਚ ਪਹਿਲੀ ਤੇਜ਼ੀ ਸੂਹੀਆ ਕੈਮਰਿਆਂ ਦੇ ਰੂਪ 'ਚ ਆਈ ਜਿਨ੍ਹਾਂ ਵਿਚੋਂ ਬਰਤਾਨੀਆ ਵਿਚ 42 ਲੱਖ ਕੈਮਰੇ ਲਗਾਏ ਗਏ। ਭਾਵ ਹਰੇਕ ਚੌਦਾਂ ਬੰਦਿਆਂ ਪਿੱਛੇ ਇਕ ਕੈਮਰਾ। ਅਮਰੀਕਾ ਵਿਚ 3 ਕਰੋੜ ਕੈਮਰੇ ਲਗਾਏ ਗਏ ਜੋ ਇਕ ਸਾਲ ਵਿਚ 4 ਅਰਬ ਘੰਟੇ ਰਿਕਾਰਡਿੰਗ ਕਰਦੇ ਹਨ। ਇਸ ਨਾਲ ਇਕ ਸਮੱਸਿਆ ਖੜ੍ਹੀ ਹੋ ਗਈ : 4 ਅਰਬ ਘੰਟੇ ਦੇ ਫਿਲਮਾਂਕਣ ਨੂੰ ਦੇਖੇਗਾ ਕੌਣ ? ਇਸ ਤਰ੍ਹਾਂ "ਵਿਸ਼ਲੇਸ਼ਣਾਤਮਕ ਸਾਫਟਵੇਅਰ" ਦੀ ਇਕ ਨਵੀਂ ਮੰਡੀ ਪੈਦਾ ਹੋਈ ਜੋ ਟੇਪਾਂ ਦੀ ਘੋਖ ਕਰਦੀ ਹੈ ਅਤੇ ਫਾਈਲ ਉੱਪਰ ਪਹਿਲਾਂ ਹੀ ਮੌਜੂਦ ਤਸਵੀਰਾਂ ਨਾਲ ਇਨ੍ਹਾਂ ਨੂੰ ਮਿਲਾ ਕੇ ਦੇਖਦੀ ਹੈ (ਵੱਖ-ਵੱਖ ਸੁਰੱਖਿਆ ਪ੍ਰਣਾਲੀਆਂ ਦੀ ਨੈੱਟਵਰਕਿੰਗ ਦਾ ਕੰਮ ਕੁਝ ਸਭ ਤੋਂ ਵੱਧ ਮੁਨਾਫ਼ੇ ਵਾਲੇ ਠੇਕਿਆਂ ਦਾ ਸੋਮਾ ਹੈ, ਜਿਵੇਂ ਹਵਾਈ ਫ਼ੌਜ ਵਲੋਂ ਕੰਪਨੀਆਂ ਦੇ ਇਕ ਸਮੂਹ ਨਾਲ 9 ਅਰਬ ਡਾਲਰ ਦਾ ਠੇਕਾ ਜਿਸ ਵਿਚ ਬੂਜ਼ ਐਲਨ ਹੈਮਿਲਟਨ ਵੀ ਸ਼ਾਮਲ ਹੈ। ਇਹ ਯੁੱਧਨੀਤੀ ਬਾਰੇ ਸਲਾਹ ਦੇਣ ਵਾਲੀ ਸਭ ਤੋਂ ਵੱਡੀ ਕੰਪਨੀ ਹੈ ਅਤੇ ਸੁਰੱਖਿਆ ਦੇ ਠੇਕੇ ਲੈਣ ਵਾਲੀਆਂ ਕੁਝ ਸਭ ਤੋਂ ਵੱਡੀਆਂ ਕੰਪਨੀਆਂ ਵਿਚੋਂ ਇਕ ਹੈ)।[49]

ਇਸ ਵਿਕਾਸ ਨਾਲ ਇਕ ਹੋਰ ਤਰ੍ਹਾਂ ਦੀ ਸਮੱਸਿਆ ਖੜ੍ਹੀ ਹੋ ਗਈ, ਉਹ ਇਹ ਕਿ ਚਿਹਰਿਆਂ ਦੀ ਪਛਾਣ ਕਰਨ ਵਾਲਾ ਸਾਫਟਵੇਅਰ ਬੰਦੇ ਦੀ ਸ਼ਨਾਖ਼ਤ ਕਰਨ ਯੋਗ ਤਸਵੀਰ ਸਿਰਫ਼ ਤਦ ਹੀ ਤਿਆਰ ਕਰ ਸਕਦਾ ਹੈ ਜੇ ਲੋਕ ਕੈਮਰਿਆਂ ਦੇ ਐਨ ਮੂਹਰੇ ਪੂਰੇ ਫੋਕਸ 'ਚ ਮੌਜੂਦ ਹੋਣ। ਕੰਮ ਤੋਂ ਆਉਣ ਜਾਣ ਦੀ ਭੱਜ-ਦੌੜ ਦੌਰਾਨ ਇਸ ਤਰ੍ਹਾਂ ਦੀ ਹਾਲਤ ਸ਼ਾਇਦ ਹੀ ਕਦੇ ਸੰਭਵ ਹੁੰਦੀ ਹੈ। ਇਸ ਲਈ ਡਿਜ਼ੀਟਲ ਤਸਵੀਰਾਂ ਨੂੰ ਵੱਡੀਆਂ ਕਰਕੇ ਦੇਖਣ ਲਈ ਇਕ ਹੋਰ ਮੰਡੀ ਪੈਦਾ ਕਰ ਲਈ ਗਈ। ਸੇਲੀਐਂਟ ਸਟਿਲਜ਼ ਕੰਪਨੀ ਵੀਡੀਓ ਤਸਵੀਰਾਂ ਨੂੰ ਅਲੱਗ-ਅਲੱਗ ਕਰਨ ਅਤੇ ਵੱਡੀਆਂ ਕਰਕੇ ਦੇਖਣ ਦਾ ਸਾਫਟਵੇਅਰ ਵੇਚਦੀ ਹੈ। ਇਸ ਨੇ ਆਪਣੀ ਤਕਨਾਲੋਜੀ ਦੀ ਮੰਡੀ ਮੀਡੀਆ ਕੰਪਨੀਆਂ ਨੂੰ ਬਣਾਇਆ ਸੀ, ਪਰ ਇਹ ਜ਼ਾਹਿਰ ਸੀ ਕਿ ਐੱਫ ਬੀ ਆਈ ਅਤੇ ਕਾਨੂੰਨ ਲਾਗੂ ਕਰਾਉਣ ਵਾਲੀਆਂ ਹੋਰ ਏਜੰਸੀਆਂ ਤੋਂ ਵੱਧ ਆਮਦਨੀ ਹੋਣ ਦੀ ਸੰਭਾਵਨਾ ਸੀ।[50] ਜਦੋਂ ਹਰ ਤਰ੍ਹਾਂ ਦਾ ਨਿਗਰਾਨੀ ਦਾ ਇਹ ਸਿਲਸਿਲਾ—ਫ਼ੋਨਾਂ ਦਾ ਰਿਕਾਰਡ, ਫ਼ੋਨਾਂ ਦੀ ਟੈਪਿੰਗ, ਵਿਤੀ ਰਿਕਾਰਡ, ਡਾਕ ਸੈਂਸਰ, ਖੁਫ਼ੀਆ ਕੈਮਰੇ, ਵੈੱਬ ਸਰਫਿੰਗ—ਚੱਲ ਰਿਹਾ ਹੈ ਤਾਂ ਸਰਕਾਰ ਡਾਟਾ 'ਚ ਡੁੱਬਦੀ ਜਾ ਰਹੀ ਹੈ। ਇਸ ਰਾਹੀਂ ਸੂਚਨਾ ਨੂੰ ਸੁਚੱਜੇ ਢੰਗ ਨਾਲ ਸੰਭਾਲਣ ਅਤੇ ਡਾਟਾ

ਜਮਾ ਕਰਨ ਦੇ ਨਾਲੋ ਨਾਲ ਐਸੇ ਸਾਫਟਵੇਅਰ ਦੀ ਇਕ ਹੋਰ ਵਿਆਪਕ ਮੰਡੀ ਖੁੱਲ੍ਹ ਗਈ ਹੈ ਜੋ ਦਾਅਵਾ ਕਰਦਾ ਹੈ ਕਿ ਇਹ ਸ਼ਬਦਾਂ ਅਤੇ ਅੰਕਾਂ ਦੇ ਇਸ ਸਮੁੰਦਰ ਵਿਚ "ਬਿੰਦੂਆਂ ਨੂੰ ਜੋੜ ਕੇ ਅਕਸ ਬਣਾਉਣ" ਦੇ ਸਮਰੱਥ ਹੈ ਅਤੇ ਸ਼ੱਕੀ ਸਰਗਰਮੀਆਂ ਦੀ ਨਿਸ਼ਾਨਦੇਹੀ ਕਰ ਸਕਦਾ ਹੈ।

ਨੱਬੇਵਿਆਂ 'ਚ, ਟੈੱਕ ਕੰਪਨੀਆਂ ਨੇ ਸਰਹੱਦਾਂ ਤੋਂ ਬਿਨਾ ਦੁਨੀਆਂ ਅਤੇ ਤਾਨਾਸ਼ਾਹ ਰਾਜਾਂ ਨੂੰ ਉਲਟਾਉਣ ਅਤੇ ਕੰਧਾਂ ਢਾਹ ਦੇਣ ਦੀ ਸਮਰੱਥਾ ਦੇ ਅਜੂਬਿਆਂ ਦਾ ਬੇਅੰਤ ਢੰਡੋਰਾ ਪਿੱਟਿਆ। ਅੱਜ ਤਬਾਹੀਪਸੰਦ ਸਰਮਾਏਦਾਰੀ ਦੇ ਢਾਂਚੇ ਅੰਦਰ, ਸੂਚਨਾ ਇਨਕਲਾਬ ਦੇ ਸੰਦਾਂ ਨੂੰ ਇਸ ਤੋਂ ਉਲਟੇ ਮੰਤਵ ਦੀ ਸੇਵਾ 'ਚ ਲਗਾ ਦਿੱਤਾ ਗਿਆ ਹੈ। ਇਸ ਅਮਲ 'ਚ, ਸੈੱਲ ਫ਼ੋਨ ਅਤੇ ਵੈੱਬ ਸਰਫਿੰਗ ਤਾਨਾਸ਼ਾਹ ਰਾਜਾਂ ਦੇ ਹੱਥਾਂ 'ਚ ਜਨਤਾ ਉੱਪਰ ਨਿਗਾਹ ਰੱਖਣ ਦੇ ਤਾਕਤਵਰ ਸੰਦ ਬਣ ਚੁੱਕੇ ਹਨ। ਇਹ ਸਭ ਕੁਝ ਫ਼ੋਨ ਕੰਪਨੀਆਂ ਅਤੇ ਇੰਟਰਨੈੱਟ ਦੇ ਖੋਜ ਇੰਜਣਾਂ ਦੇ ਪੂਰੇ ਸਹਿਯੋਗ ਨਾਲ ਹੋ ਰਿਹਾ ਹੈ। ਚਾਹੇ ਇਹ ਯਾਹੂ ਹੈ ਜੋ ਸਰਕਾਰ ਨਾਲ ਅਸਹਿਮਤ ਲੋਕਾਂ ਦੇ ਟਿਕਾਣਿਆਂ ਦੀ ਸੂਹ ਲਾਉਣ 'ਚ ਚੀਨੀ ਸਰਕਾਰ ਨਾਲ ਮਿਲ ਕੇ ਚੱਲ ਰਿਹਾ ਹੈ, ਜਾਂ ਏ ਟੀ ਐਂਡ ਟੀ ਹੈ ਜੋ ਕੌਮੀ ਸੁਰੱਖਿਆ ਏਜੰਸੀ ਨੂੰ ਆਪਣੇ ਗਾਹਕਾਂ ਦੇ ਫ਼ੋਨਾਂ ਦੀ ਟੈਪਿੰਗ ਬਿਨਾ ਕਿਸੇ ਕਾਨੂੰਨੀ ਅਧਿਕਾਰ ਦੇ ਕਰਨ 'ਚ ਸਹਿਯੋਗ ਦੇ ਰਹੀ ਹੈ (ਬੁਸ਼ ਪ੍ਰਸ਼ਾਸਨ ਦਾਅਵਾ ਕਰਦਾ ਹੈ ਕਿ ਇਸ ਨੇ ਹੁਣ ਇਹ ਅਮਲ ਬੰਦ ਕਰ ਦਿੱਤਾ ਹੈ)। ਹੱਦਬੰਦੀਆਂ ਖ਼ਤਮ ਕਰ ਦੇਣਾ ਵਿਸ਼ਵੀਕਰਨ ਦਾ ਪ੍ਰਤੀਕ ਸੀ ਅਤੇ ਵਿਸ਼ਵੀਕਰਨ ਦਾ ਇਹੀ ਦਾਅਵਾ ਸੀ। ਹੁਣ ਇਸ ਦੀ ਥਾਂ ਸਰਹੱਦਾਂ 'ਤੇ ਨਿਗਾਹ ਰੱਖਣ ਦੀ ਤੇਜ਼ੀ ਨਾਲ ਫੈਲ ਰਹੀ ਸਨਅਤ ਨੇ ਲੈ ਲਈ ਹੈ। ਆਪਟੀਕਲ ਸਕੈਨਿੰਗ ਅਤੇ ਬਾਇਓਮੀਟਰਿਕ ਆਈ ਡੀ ਤੋਂ ਲੈ ਕੇ ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਉੱਪਰ ਯੋਜਨਾਬਧ ਤਰੀਕੇ ਨਾਲ ਉੱਚ ਤਕਨੀਕੀ ਵਾੜ ਕਰਨ ਦਾ ਕੰਮ ਬੋਇੰਗ ਅਤੇ ਹੋਰ ਕੰਪਨੀਆਂ ਦੇ ਸਮੂਹ ਨੂੰ ਦਿੱਤਾ ਗਿਆ ਹੈ ਜਿਸ ਦਾ ਲਾਗਤ ਮੁੱਲ ਢਾਈ ਅਰਬ ਡਾਲਰ ਹੈ।[51]

ਹਾਈ-ਟੈੱਕ ਫਰਮਾਂ ਦੇ ਇਕ ਬੁਲਬੁਲੇ ਤੋਂ ਦੂਜੇ ਵੱਲ ਛਾਲ ਮਾਰਨ ਦੇ ਸਿੱਟੇ ਵਜੋਂ ਸੁਰੱਖਿਆ ਅਤੇ ਖ਼ਰੀਦਦਾਰਾਂ ਦੇ ਸੱਭਿਆਚਾਰਾਂ ਦਾ ਅਨੋਖਾ ਮੇਲ ਹੋ ਗਿਆ ਹੈ। ਅੱਜ ਦਹਿਸ਼ਤਵਾਦ ਵਿਰੁੱਧ ਜੰਗ 'ਚ ਇਸਤੇਮਾਲ ਹੁੰਦੀਆਂ ਅਨੇਕਾਂ ਤਕਨਾਲੋਜੀਆਂ ਮੌਜੂਦ ਹਨ ਜਿਵੇਂ ਬਾਇਓਮੀਟਰਿਕ ਪਛਾਣ, ਵੀਡੀਓ ਪ੍ਰਣਾਲੀ ਰਾਹੀਂ ਨਿਗਰਾਨੀ, ਵੈੱਬ ਟਰੈਕਿੰਗ, ਡਾਟਾ ਜਮਾਂ ਕਰਨ ਦੇ ਸਾਫਟਵੇਅਰ ਜੋ ਵੇਰਿਟ ਸਿਸਟਮਜ਼ ਅਤੇ ਸੇਸਿੰਟ ਐਕਸੈਂਚਰ ਅਤੇ ਚਾਇਸ ਪੁਆਇੰਟ ਵਰਗੀਆਂ ਕੰਪਨੀਆਂ ਵਲੋਂ ਵੇਚੇ ਜਾਂਦੇ ਹਨ। ਇਹ 11 ਸਤੰਬਰ ਤੋਂ ਪਹਿਲਾਂ ਗਾਹਕਾਂ ਦਾ ਵਿਸਥਾਰਤ ਹੁਲੀਆ ਤਿਆਰ ਕਰਨ ਦੇ ਸਾਧਨ ਵਜੋਂ ਸੂਖ਼ਮ ਵਸਤਾਂ ਵੇਚਣ ਦੇ ਨਵੇਂ ਦਿਸਹੱਦੇ ਖੋਲ੍ਹਣ ਦੇ ਮਕਸਦ ਨਾਲ ਵਿਕਸਤ ਕੀਤੀਆਂ ਗਈਆਂ ਸਨ। ਇਹ ਸੁਪਰ ਮਾਰਕਿਟਾਂ ਅਤੇ ਸ਼ਾਪਿੰਗ ਮਾਲਜ਼ ਵਿਚ ਸਮਾਨ ਵੇਚਣ ਵਾਲੇ ਕਾਮਿਆਂ ਦੀ ਗਿਣਤੀ ਘਟਾਉਣ ਦਾ ਵਾਅਦਾ ਵੀ ਸਨ ਕਿਉਂਕਿ ਕੈਸ਼ ਕਾਰਡਾਂ ਨਾਲ ਜੁੜ ਕੇ ਬਾਇਓ ਮੀਟਰਿਕ ਸ਼ਨਾਖ਼ਤੀ ਕਾਰਡ ਪ੍ਰਚਲਤ ਹੋਣ ਨਾਲ ਸਮਾਨ ਬਾਰੇ ਜਾਣਕਾਰੀ ਦੇਣ ਵਾਲੇ ਮੁਲਾਜ਼ਮਾਂ ਦੀ ਜ਼ਰੂਰਤ ਨਹੀਂ ਰਹੇਗੀ। 11 ਸਤੰਬਰ ਨੇ ਮੰਡੀ ਉੱਪਰ ਖੜੋਤ ਦੀ ਜਕੜ ਢਿੱਲੀ ਪਾ ਦਿੱਤੀ : ਅਚਾਨਕ ਦਹਿਸ਼ਤ ਦਾ ਖੌਫ਼ ਸੂਹੀਆ ਨਿਗਰਾਨੀ ਹੇਠ ਜੀਅ ਰਹੇ ਸਮਾਜ ਦੇ ਖੌਫ਼ 'ਤੇ ਭਾਰੂ ਪੈ ਗਿਆ। ਹੁਣ, ਕੈਸ਼ ਕਾਰਡਾਂ ਜਾਂ "ਰਾਜ ਪ੍ਰਤੀ ਵਫ਼ਾਦਾਰੀ" ਦਰਸਾਉਣ ਵਾਲੇ ਕਾਰਡਾਂ ਤੋਂ ਜੁਟਾਈ ਸੂਚਨਾ ਨਾ ਸਿਰਫ਼ ਟਰੈਵਲ ਏਜੰਸੀ ਜਾਂ ਕੱਪੜਿਆਂ ਦੀ ਨਿਰਮਾਤਾ ਕੰਪਨੀ ਗੈਪ ਨੂੰ ਮੰਡੀਕਰਨ ਡਾਟਾ ਵਜੋਂ ਵੇਚੀ ਜਾ ਸਕਦੀ ਹੈ ਸਗੋਂ ਇਹ ਐੱਫ ਬੀ ਆਈ ਨੂੰ ਸੁਰੱਖਿਆ ਡਾਟਾ ਵਜੋਂ ਵੀ ਵੇਚੀ ਜਾ ਸਕਦੀ ਹੈ। ਇਸ ਸੂਚਨਾ ਜ਼ਰੀਏ, ਕਾਰਡ ਖ਼ਰੀਦ ਕੇ ਫ਼ੋਨ ਕਰਨ ਲਈ

ਸੈੱਲ ਫ਼ੋਨ ਵਰਤਣ ਵਾਲੇ ਗਾਹਕਾਂ ਅਤੇ ਮੱਧ ਪੂਰਬ ਦਾ ਸਫ਼ਰ ਕਰਨ ਵਾਲਿਆਂ ਦੇ ਵੇਰਵੇ ਦੇਣ ਸਮੇਂ ਸਾਫਟਵੇਅਰ "ਸ਼ੱਕੀ" ਕੰਮਾਂ ਵੱਲ ਰੁਚਿਤ ਵਿਅਕਤੀ ਦੀ ਨਿਸ਼ਾਨੀ ਲਾ ਕੇ ਜਾਣਕਾਰੀ ਮੁਹੱਈਆ ਕਰੇਗਾ।[52]

ਕਾਰੋਬਾਰ ਨਾਲ ਸਬੰਧਤ ਰਸਾਲੇ *ਰੈੱਡ ਹੈਰਿੰਗ* ਨੇ ਇਕ ਭਰਵੇਂ ਲੇਖ 'ਚ ਖ਼ੁਲਾਸਾ ਕੀਤਾ ਕਿ ਇਕ ਅਜਿਹਾ ਪ੍ਰੋਗਰਾਮ ਵਿਕਸਤ ਕੀਤਾ ਗਿਆ ਹੈ ਜੋ "ਦਹਿਸ਼ਤਪਸੰਦਾਂ ਦਾ ਸੁਰਾਗ਼ ਲਾਉਣ ਲਈ ਅੰਦਰੂਨੀ ਸੁਰੱਖਿਆ ਡਾਟਾ ਬੇਸ 'ਚ ਦਰਜ ਨਾਂ ਨਾਲ ਮੇਲ ਖਾਂਦੇ ਸੈਂਕੜੇ ਵੱਖੋ-ਵੱਖਰੇ ਸ਼ਬਦ-ਜੋੜ੍ਹਾਂ ਨੂੰ ਮਿਲਾ ਕੇ ਹਿਸਾਬ-ਕਿਤਾਬ ਲਾ ਲੈਂਦਾ ਹੈ। ਮੁਹੰਮਦ ਨਾਂ ਦੀ ਮਿਸਾਲ ਲੈ ਲਉ। ਸਾਫਟਵੇਅਰ 'ਚ ਇਸ ਨਾਂਅ ਦੇ ਸੈਂਕੜੇ ਸ਼ਬਦ-ਜੋੜ ਹਨ, ਅਤੇ ਇਹ ਇਕ ਸਕਿੰਟ 'ਚ ਹੀ ਕਈ ਟੈਰਾਬਾਈਟ (1024 ਗੀਗਾਬਾਈਟ) ਡਾਟਾ ਦੀ ਛਾਣਬੀਣ ਕਰ ਲੈਂਦਾ ਹੈ।"[53] ਹੈ ਨਾ ਕਮਾਲ ਦੀ ਗੱਲ, ਪਰ ਕਮਾਲ ਓਦੋਂ ਤੱਕ ਹੀ ਹੈ ਜੇ ਉਹ ਗ਼ਲਤ ਮੁਹੰਮਦ ਨੂੰ ਨਾ ਫੜਨ। ਇਰਾਕ, ਅਫ਼ਗ਼ਾਨਿਸਤਾਨ ਤੋਂ ਲੈ ਕੇ ਟੋਰਾਂਟੋ ਦੀਆਂ ਬਸਤੀਆਂ ਤੱਕ ਉਨ੍ਹਾਂ ਨੂੰ ਅਜਿਹਾ ਕਰਨ ਦੀ ਮਾੜੀ ਬਾਣ ਪਈ ਹੋਈ ਹੈ।

ਇਸ ਤਰ੍ਹਾਂ ਦੀਆਂ ਗ਼ਲਤੀਆਂ ਦਾ ਸੰਤਾਪ ਭੋਗਣ ਦੀ ਸੰਭਾਵਨਾ ਉੱਥੇ ਬਹੁਤ ਜ਼ਿਆਦਾ ਹੁੰਦੀ ਹੈ ਜਿੱਥੇ ਨਾਲਾਇਕੀ ਅਤੇ ਲਾਲਚ ਦਾ ਬੋਲਬੋਲਾ ਹੋਵੇ ਜੋ ਇਰਾਕ ਤੋਂ ਲੈ ਕੇ ਨਿਊ ਔਰਲੀਨਜ਼ ਤੱਕ ਬੁਸ਼ ਦੌਰ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਇਲੈੱਕਟ੍ਰਾਨਿਕ ਸ਼ਿਕਾਰੀ ਯੰਤਰਾਂ ਵਲੋਂ ਕੀਤੀ ਗ਼ਲਤ ਪਛਾਣ ਕਿਸੇ ਗ਼ੈਰ-ਸਿਆਸੀ ਬੰਦੇ ਨੂੰ ਸੰਭਾਵੀ ਦਹਿਸ਼ਤਗਰਦ ਟਿੱਕਣ ਲਈ ਕਾਫ਼ੀ ਹੈ ਜਿਸ ਦੇ ਨਾਂ ਦਾ ਉਚਾਰਣ ਕਿਸੇ ਸ਼ੱਕੀ ਨਾਂ ਨਾਲ ਮਿਲਦਾ ਹੋਵੇ (ਘੱਟੋ-ਘੱਟ ਐਸਾ ਕੋਈ ਜਣਾ ਜਿਸ ਨੂੰ ਅਰਬੀ ਜਾਂ ਮੁਸਲਿਮ ਸੱਭਿਆਚਾਰ ਦਾ ਕੋਈ ਇਲਮ ਹੀ ਨਾ ਹੋਵੇ)। ਸ਼ੱਕੀ ਵਿਅਕਤੀਆਂ ਅਤੇ ਜਥੇਬੰਦੀਆਂ ਦੀਆਂ ਸੂਚੀਆਂ ਬਣਾਉਣ ਦਾ ਕੰਮ ਵੀ ਨਿੱਜੀ ਕੰਪਨੀਆਂ ਕਰਦੀਆਂ ਹਨ ਅਤੇ ਜਮਾਂ ਕੀਤੇ ਡਾਟਾ ਵਿਚਲੇ ਨਾਵਾਂ ਨਾਲ ਯਾਤਰੀਆਂ ਦੇ ਨਾਂ ਮਿਲਾ ਕੇ ਛਾਣ-ਬੀਣ ਕਰਨ ਦਾ ਕੰਮ ਵੀ ਇਹੋ ਕਰਦੀਆਂ ਹਨ। ਜੂਨ 2007 ਤੱਕ, ਦਹਿਸ਼ਤਵਾਦ ਵਿਰੋਧੀ ਕੌਮੀ ਕੇਂਦਰ ਦੀ ਸ਼ੱਕੀ ਦਹਿਸ਼ਤਗਰਦਾਂ ਦੀ ਸੂਚੀ ਵਿਚ ਪੰਜ ਲੱਖ ਨਾਂਅ ਦਰਜ ਕੀਤੇ ਜਾ ਚੁੱਕੇ ਸਨ। ਨਵੰਬਰ 2006 'ਚ ਇਕ ਹੋਰ ਪ੍ਰੋਗਰਾਮ ਆਟੋਮੇਟਿਡ ਟਾਰਗੈਟਿੰਗ ਪ੍ਰੋਗਰਾਮ (ਏ ਟੀ ਐੱਸ) ਜਨਤਕ ਕੀਤਾ ਗਿਆ। ਇਸ ਨੂੰ ਅਮਰੀਕਾ ਵਿਚੋਂ ਹੋ ਕੇ ਜਾਣ ਵਾਲੇ ਕਰੋੜਾਂ ਯਾਤਰੀਆਂ ਦੇ "ਖ਼ਤਰੇ ਦੀ ਸੰਭਾਵਨਾ ਦਾ ਅੰਦਾਜ਼ਾ ਲਾਉਣ" ਦਾ ਕੰਮ ਪਹਿਲਾਂ ਹੀ ਸੌਂਪਿਆ ਹੋਇਆ ਹੈ। ਖ਼ਤਰੇ ਦੇ ਅੰਦਾਜ਼ੇ ਦੀ ਰੇਟਿੰਗ, ਜਿਸ ਦੀ ਜਾਣਕਾਰੀ ਯਾਤਰੀਆਂ ਨੂੰ ਕਦੇ ਵੀ ਨਹੀਂ ਦਿੱਤੀ ਜਾਂਦੀ, ਸ਼ੱਕ ਦੇ ਉਸ ਨਮੂਨੇ ਦੇ ਅਧਾਰ 'ਤੇ ਕੀਤੀ ਜਾਂਦੀ ਹੈ ਜੋ ਵਪਾਰਕ ਤਰੀਕੇ ਨਾਲ ਜੁਟਾਏ ਡਾਟਾ ਰਾਹੀਂ ਸਾਹਮਣੇ ਆਉਂਦਾ ਹੈ। ਮਿਸਾਲ ਵਜੋਂ, ਏਅਰਲਾਈਨਾਂ ਵਲੋਂ "ਯਾਤਰੀ ਦੇ ਇਕ ਪਾਸੇ ਦੀਆਂ ਟਿਕਟਾਂ ਖ਼ਰੀਦਣ ਦੇ ਇਤਿਹਾਸ, ਸੀਟਾਂ ਦੀ ਤਰਜੀਹ, ਉਸ ਦੇ ਸਫ਼ਰ ਦਾ ਰਿਕਾਰਡ, ਉਸ ਦੇ ਬੈਗਾਂ ਦੀ ਗਿਣਤੀ, ਉਹ ਟਿਕਟ ਦੀ ਕੀਮਤ ਕਿਵੇਂ ਅਦਾ ਕਰਦਾ ਹੈ ਅਤੇ ਉਹ ਕਿਹੜੇ-ਕਿਹੜੇ ਖਾਣੇ ਦੇ ਆਰਡਰ ਦਿੰਦਾ ਹੈ" ਆਦਿ ਪਹਿਲੂ।[54] ਇਸ ਤਰ੍ਹਾਂ ਕਾਲਪਨਿਕ ਸ਼ੱਕੀ ਵਤੀਰੇ ਦੀਆਂ ਮਿਸਾਲਾਂ ਦੀ ਤੁਲਨਾ ਕਰਕੇ ਹਰੇਕ ਯਾਤਰੀ ਤੋਂ ਖ਼ਤਰੇ ਦਾ ਦਰਜਾ ਤੈਅ ਕੀਤਾ ਜਾਂਦਾ ਹੈ।

ਇਨ੍ਹਾਂ ਸ਼ੱਕੀ ਤਕਨਾਲੋਜੀਆਂ ਦੇ ਅਧਾਰ 'ਤੇ ਕਿਸੇ ਨੂੰ ਵੀ ਸਫ਼ਰ ਕਰਨ ਤੋਂ ਰੋਕਿਆ ਜਾ ਸਕਦਾ ਹੈ, ਅਮਰੀਕਾ ਦਾ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਉਹ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਜਾਂ "ਦੁਸ਼ਮਣ ਲੜਾਕਾ" ਹੋਣ ਦਾ ਠੱਪਾ ਲਾਇਆ ਜਾ ਸਕਦਾ ਹੈ—ਚਿਹਰੇ ਦੀ ਸ਼ਨਾਖਤ ਕਰਨ ਵਾਲੇ ਸਾਫਟਵੇਅਰ ਵਲੋਂ ਗ਼ਲਤੀ ਨਾਲ, ਨਾਵਾਂ ਨੂੰ ਗ਼ਲਤ ਸਮਝ ਲੈਣ

ਕਾਰਨ, ਅਤੇ ਗੱਲਬਾਤ ਦੇ ਕਿਸੇ ਹਿੱਸੇ ਦੇ ਗ਼ਲਤ ਅਰਥ ਸਮਝਣ ਕਾਰਨ ਕਿਸੇ ਨੂੰ ਵੀ ਸ਼ੱਕ ਦੇ ਘੇਰੇ 'ਚ ਲਿਆ ਸਕਦਾ ਹੈ। ਜੇ "ਦੁਸ਼ਮਣ ਲੜਾਕੂ" ਅਮਰੀਕਾ ਦੇ ਨਾਗਰਿਕ ਨਹੀਂ ਹਨ, ਤਾਂ ਉਹ ਕਦੇ ਵੀ ਇਹ ਨਹੀਂ ਜਾਣ ਸਕਣਗੇ ਕਿ ਉਹ ਦੋਸ਼ੀ ਕਿਸ ਅਧਾਰ 'ਤੇ ਠਹਿਰਾਏ ਗਏ, ਕਿਉਂਕਿ ਬੁਸ਼ ਸਰਕਾਰ ਨੇ ਇਨ੍ਹਾਂ ਨੂੰ ਅਦਾਲਤ 'ਚ ਪੇਸ਼ ਕਰਨ ਦੀ ਮੰਗ ਕਰ ਸਕਣ, ਅਦਾਲਤ 'ਚ ਗਵਾਹ ਨੂੰ ਦੇਖ ਸਕਣ ਅਤੇ ਮੁਕੱਦਮੇ ਦੀ ਕਾਰਵਾਈ ਸਹੀ ਤਰੀਕੇ ਨਾਲ ਚਲਾਏ ਜਾਣ ਅਤੇ ਆਪਣਾ ਪੱਖ ਜ਼ੋਰਦਾਰ ਤਰੀਕੇ ਨਾਲ ਰੱਖ ਸਕਣ ਦੇ ਅਧਿਕਾਰ ਤੋਂ ਵੀ ਮਹਿਰੂਮ ਕਰ ਦਿੱਤਾ ਹੈ।

ਜੇ ਇਸ ਦੇ ਸਿੱਟੇ ਵਜੋਂ, ਸ਼ੱਕੀ ਵਿਅਕਤੀ ਨੂੰ ਗੁਆਂਟਾਨਾਮੋ ਲੈ ਜਾਣ ਤਾਂ ਉਹ ਹੈਲੀਬਰਟਨ ਵਲੋਂ ਬਣਾਈ ਦੋ ਸੌ ਵਿਅਕਤੀਆਂ ਦੀ ਸਮਰੱਥਾ ਵਾਲੀ ਅਤਿ ਸੁਰੱਖਿਅਤ ਜੇਲ੍ਹ 'ਚ ਮਰ-ਮੁੱਕ ਵੀ ਸਕਦਾ ਹੈ। ਜੇ ਉਹ ਸੀ ਆਈ ਏ ਦੇ "ਵਿਸ਼ੇਸ਼ ਸਪੁਰਦਗੀ " ਪ੍ਰੋਗਰਾਮ ਦਾ ਸ਼ਿਕਾਰ ਹੋਇਆ ਹੈ, ਜੇ ਉਸ ਨੂੰ ਮਿਲਾਨ ਦੀਆਂ ਸੜਕਾਂ ਤੋਂ ਜਾਂ ਅਮਰੀਕੀ ਹਵਾਈ ਅੱਡੇ ਤੋਂ ਹਵਾਈ ਜਹਾਜ਼ ਬਦਲਦੇ ਸਮੇਂ ਅਗਵਾ ਕੀਤਾ ਗਿਆ ਹੋਵੇ ਤਾਂ ਉਸ ਦਾ ਮੂੰਹ ਬੰਨ੍ਹ ਕੇ ਉਸ ਨੂੰ ਬੋਇੰਗ-737 ਵਿਸ਼ੇਸ਼ ਡੀਲਕਸ ਜਹਾਜ਼ ਰਾਹੀਂ ਦੂਰ-ਦੁਰਾਡੇ ਟਾਪੂਆਂ 'ਚ ਬਣਾਈਆਂ ਗੁਪਤ ਜੇਲ੍ਹਾਂ ਦੀ ਕਿਸੇ ਕਾਲ ਕੋਠੜੀ 'ਚ ਸੁੱਟ ਦਿੱਤਾ ਜਾਵੇਗਾ। ਇਹ ਜਹਾਜ਼ ਇਸੇ ਵਿਸ਼ੇਸ਼ ਮਕਸਦ ਲਈ ਬਣਾਇਆ ਗਿਆ ਹੈ। *ਦੀ ਨਿਊ ਯਾਰਕਰ* ਅਨੁਸਾਰ ਬੋਇੰਗ "ਸੀ ਆਈ ਏ ਦੇ ਟਰੈਵਲ ਏਜੰਟ" ਵਜੋਂ ਕੰਮ ਕਰ ਰਹੀ ਹੈ—ਇਹ 1245 ਵਿਸ਼ੇਸ਼ ਉਡਾਣਾਂ ਦੀ ਰੂਪ-ਰੇਖਾ ਤਿਆਰ ਕਰਦੀ ਹੈ, ਜ਼ਮੀਨੀ ਅਮਲੇ ਦਾ ਇੰਤਜ਼ਾਮ ਕਰਦੀ ਹੈ ਅਤੇ ਹੋਟਲ ਵੀ ਬੁੱਕ ਕਰਕੇ ਦਿੰਦੀ ਹੈ। ਸਪੇਨ ਦੀ ਪੁਲਿਸ ਦੀ ਇਕ ਰਿਪੋਰਟ ਦਰਸਾਉਂਦੀ ਹੈ ਕਿ ਇਹ ਕੰਮ ਜੈਪੇਸਨ ਇੰਟਰਨੈਸ਼ਨਲ ਟਰਿੱਪ ਪਲਾਨਿੰਗ ਵਲੋਂ ਕੀਤਾ ਜਾਂਦਾ ਹੈ ਜੋ ਬੋਇੰਗ ਦੇ ਕੰਟਰੋਲ ਵਾਲੀ ਸਾਨ ਜੋਸ ਸਥਿਤ ਸਹਾਇਕ ਕੰਪਨੀ ਹੈ। ਮਈ 2007 'ਚ ਅਮਰੀਕੀ ਸ਼ਹਿਰੀ ਹੱਕਾਂ ਦੀ ਯੂਨੀਅਨ ਨੇ ਬੋਇੰਗ ਦੀ ਇਸ ਅਧੀਨ ਕੰਪਨੀ ਖ਼ਿਲਾਫ਼ ਮੁਕੱਦਮਾ ਕੀਤਾ ਸੀ; ਪਰ ਕੰਪਨੀ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕਰਨ ਜਾਂ ਇਨ੍ਹਾਂ ਨੂੰ ਰੱਦ ਕਰਨ ਤੋਂ ਹੀ ਇਨਕਾਰੀ ਹੈ।[55]

ਇਕ ਵਾਰ ਜਦੋਂ ਕੈਦੀ ਇਸ ਮੁਕਾਮ ਉੱਤੇ ਪਹੁੰਚਾ ਦਿੱਤੇ ਜਾਂਦੇ ਹਨ ਤਾਂ ਉਨ੍ਹਾਂ ਦਾ ਵਾਹ ਤਫ਼ਤੀਸ਼ੀ ਅਧਿਕਾਰੀਆਂ ਨਾਲ ਪੈਂਦਾ ਹੈ। ਇਨ੍ਹਾਂ ਵਿਚੋਂ ਬਹੁਤੇ ਅਧਿਕਾਰੀ ਨਾ ਸੀ ਆਈ ਏ ਦੇ ਮੁਲਾਜ਼ਮ ਹਨ ਨਾ ਫ਼ੌਜ ਦੇ। ਅਸਲ ਵਿਚ ਇਹ ਨਿੱਜੀ ਠੇਕੇਦਾਰ ਕੰਪਨੀਆਂ ਦੇ ਮੁਲਾਜ਼ਮ ਹੁੰਦੇ ਹਨ। www.intelligencecareers.com ਦੇ ਸੰਚਾਲਕ ਬਿਲ ਗੋਲਡਨ ਅਨੁਸਾਰ, "ਇਸ ਖੇਤਰ ਵਿਚ ਕੰਮ ਕਰ ਰਹੇ ਯੋਗ ਜਾਸੂਸੀ ਮਾਹਰਾਂ ਵਿਚੋਂ ਅੱਧੇ ਤੋਂ ਵੱਧ ਠੇਕੇਦਾਰਾਂ ਦੇ ਕਰਿੰਦੇ ਹਨ।"[56] ਇਸ ਕੰਮ ਦੇ ਭਾਰੀ ਮੁਨਾਫ਼ੇ ਵਾਲੇ ਠੇਕੇ ਹਾਸਲ ਕਰਦੇ ਰਹਿਣ ਲਈ ਇਸ ਆਜ਼ਾਦ ਤਫ਼ਤੀਸ਼ੀ ਅਮਲੇ ਲਈ ਇਹ ਲਾਜ਼ਮੀ ਹੈ ਕਿ ਕੈਦੀਆਂ ਤੋਂ "ਐਸੇ ਭਰੋਸੇਯੋਗ ਸੁਰਾਗ਼" ਕੱਢ ਕੇ ਵਾਸ਼ਿੰਗਟਨ 'ਚ ਬੈਠੇ ਆਪਣੇ ਮਾਲਕਾਂ ਨੂੰ ਦੇਣ ਜਿਹੋ ਜਹੇ ਉਹ ਚਾਹੁੰਦੇ ਹਨ। ਇਹ ਗ਼ਲਤ ਤਰੀਕੇ ਵਰਤਣ ਦੀ ਜ਼ਬਰਦਸਤ ਪ੍ਰੇਰਨਾ ਬਣਦੀ ਹੈ : ਕਿਉਂਕਿ ਤਸੀਹਿਆਂ ਦੇ ਸੰਤਾਪ ਤੋਂ ਛੁਟਕਾਰਾ ਪਾਉਣ ਲਈ ਕੈਦੀ ਕੁਝ ਵੀ ਬੋਲ ਸਕਦਾ ਹੈ, ਇਸ ਲਈ ਠੇਕੇਦਾਰਾਂ ਦੀ ਜ਼ਬਰਦਸਤ ਲਾਲਸਾ ਹੁੰਦੀ ਹੈ ਕਿ ਕੋਈ ਵੀ ਤਕਨੀਕ ਅਪਣਾ ਕੇ ਜਾਣਕਾਰੀ ਹਾਸਲ ਕੀਤੀ ਜਾਵੇ ਅਤੇ ਇਨਾਮ ਦੇ ਹੱਕਦਾਰ ਬਣਿਆ ਜਾਵੇ। ਭਾਵੇਂ ਇਹ ਜਾਣਕਾਰੀ ਭਰੋਸੇਯੋਗ ਨਾ ਵੀ ਹੋਵੇ। (ਰਮਜ਼ਫੈਲਡ ਦੇ ਵਿਸ਼ੇਸ਼ ਗੁਪਤ ਦਫ਼ਤਰ ਵਰਗੇ ਨਵੇਂ ਢਾਂਚਿਆਂ 'ਚ ਕੰਮ ਕਰਨ ਵਾਲੇ ਨਿੱਜੀ ਖੁਫ਼ੀਆ-ਤੰਤਰ ਦੇ ਠੇਕੇਦਾਰਾਂ ਉੱਪਰ ਬੁਸ਼ ਸਰਕਾਰ ਦੀ ਐਨੀ ਜ਼ਿਆਦਾ ਟੇਕ ਕਿਓਂ ਹੈ। ਇਸ ਦਾ ਕਾਰਨ ਇਹ ਹੈ ਕਿ ਨਿੱਜੀ ਅਮਲਾ ਸਰਕਾਰ ਦੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਇਸ ਤਰ੍ਹਾਂ ਦੀ ਜਾਣਕਾਰੀ

ਹਾਸਲ ਕਰਨ ਅਤੇ ਇਸ ਦੀ ਦੁਰਵਰਤੋਂ ਕਰਨ ਲਈ ਸਰਕਾਰੀ ਅਮਲੇ ਨਾਲੋਂ ਵੱਧ ਇੱਛਕ ਹੁੰਦਾ ਹੈ—ਆਖ਼ਿਰ ਉਨ੍ਹਾਂ ਦਾ ਅਗਲਾ ਠੇਕਾ ਇਸੇ 'ਤੇ ਮੁਨੱਸਰ ਹੈ।)

ਇਸ ਤੋਂ ਅੱਗੇ ਦਹਿਸ਼ਤਵਾਦ ਵਿਰੁੱਧ ਜੰਗ ਦੇ ਮੰਡੀ 'ਚ ਹਾਸਲ "ਹੱਲ" ਦਾ ਨੀਵੀਂ ਤਕਨੀਕ ਵਾਲਾ ਰੂਪ ਵਰਤੋਂ 'ਚ ਲਿਆਂਦਾ ਜਾ ਰਿਹਾ ਹੈ—ਇਹ ਹੈ ਅਖੌਤੀ ਦਹਿਸ਼ਤਪਸੰਦਾਂ ਬਾਰੇ ਸੂਹ ਦੇਣ ਵਾਲਿਆਂ ਨੂੰ ਡਾਲਰਾਂ ਦੇ ਭਾਰੀ ਇਨਾਮ ਦੇਣ ਦੀ ਜ਼ੋਰਦਾਰ ਇੱਛਾ। ਅਫ਼ਗ਼ਾਨਿਸਤਾਨ ਉੱਪਰ ਹਮਲੇ ਸਮੇਂ, ਅਮਰੀਕੀ ਸੂਹੀਆ ਏਜੰਟਾਂ ਨੇ ਸ਼ਰੇਆਮ ਐਲਾਨ ਕੀਤਾ ਸੀ ਕਿ ਜੇ ਕੋਈ ਅਲ-ਕਾਇਦਾ ਜਾਂ ਤਾਲਿਬਾਨ ਦੇ ਘੁਲਾਟੀਆਂ ਨੂੰ ਫੜਾਏਗਾ ਤਾਂ ਉਸ ਨੂੰ 3000 ਡਾਲਰ ਤੋਂ ਲੈ ਕੇ 25,000 ਡਾਲਰ ਤੱਕ ਇਨਾਮ ਦਿੱਤਾ ਜਾਵੇਗਾ। ਗੁਆਂਟਾਨਾਮੋ ਦੇ ਬਹੁਤ ਸਾਰੇ ਕੈਦੀਆਂ ਵਲੋਂ ਅਮਰੀਕਾ ਦੀ ਕੇਂਦਰੀ ਅਦਾਲਤ 'ਚ 2002 'ਚ ਇਸ ਦਾ ਜੋ ਸਬੂਤ ਪੇਸ਼ ਕੀਤਾ ਗਿਆ ਉਹ ਸੀ ਅਮਰੀਕਾ ਵਲੋਂ ਅਫ਼ਗ਼ਾਨਿਸਤਾਨ 'ਚ ਦਿੱਤਾ ਗਿਆ ਵਿਸ਼ੇਸ਼ ਲਾਲਚ ਜਿਸ ਦੀ ਇਬਾਰਤ ਇਸ ਤਰ੍ਹਾਂ ਸੀ : "ਆਪਣੇ ਸੁਪਨਿਆਂ ਤੋਂ ਵੱਧ ਦੌਲਤ ਅਤੇ ਤਾਕਤ ਹਾਸਲ ਕਰੋ। ਤਾਲਿਬਾਨ ਵਿਰੋਧੀ ਤਾਕਤਾਂ ਦੀ ਮਦਦ ਕਰਕੇ ਤੁਸੀਂ ਦਹਿ-ਲੱਖਾਂ ਡਾਲਰ ਹਾਸਲ ਕਰ ਸਕਦੇ ਹੋ....ਇਹ ਪੈਸਾ ਤੁਹਾਡੇ ਪਰਿਵਾਰ, ਤੁਹਾਡੇ ਪਿੰਡ, ਤੁਹਾਡੇ ਕਬੀਲੇ ਦੀ ਬਾਕੀ ਜ਼ਿੰਦਗੀ ਲਈ ਕਾਫ਼ੀ ਹੈ।"[57]

ਬਹੁਤ ਛੇਤੀ ਹੀ ਬਾਗਰਮ ਅਤੇ ਗੁਆਂਟਾਨਾਮੋ ਦੀਆਂ ਕਾਲ ਕੋਠੜੀਆਂ 'ਚ ਬੱਕਰੀਆਂ ਚਾਰਨ ਵਾਲੇ, ਟੈਕਸੀ ਡਰਾਈਵਰ, ਰਸੋਈਏ ਅਤੇ ਦੁਕਾਨਦਾਰ ਐਨੀ ਵੱਡੀ ਗਿਣਤੀ 'ਚ ਲਿਆ ਕੇ ਤਾੜ ਦਿੱਤੇ ਗਏ ਕਿ ਕੈਦੀਆਂ ਦੀ ਗਿਣਤੀ ਸਮਰੱਥਾ ਤੋਂ ਬਹੁਤ ਜ਼ਿਆਦਾ ਵਧ ਗਈ। ਜਿਨ੍ਹਾਂ ਨੇ ਇਨਾਮ ਲੈਣ ਖ਼ਾਤਰ ਇਨ੍ਹਾਂ ਨੂੰ ਫੜਾਇਆ ਸੀ ਉਨ੍ਹਾਂ ਅਨੁਸਾਰ ਇਹ ਖ਼ਤਰਨਾਕ ਦਹਿਸ਼ਤਗਰਦ ਸਨ।

ਫ਼ੌਜੀ ਅਦਾਲਤ ਦੇ ਇਕ ਮੈਂਬਰ ਨੇ ਜਦੋਂ ਗੁਆਂਟਾਨਾਮੋ ਜੇਲ੍ਹ 'ਚ ਡੱਕੇ ਇਕ ਮਿਸਰੀ ਕੈਦੀ ਨੂੰ ਪੁੱਛਿਆ, "ਤੈਨੂੰ ਕੋਈ ਇਲਮ ਹੈ ਕਿ ਸਰਕਾਰ ਅਤੇ ਪਾਕਿਸਤਾਨੀ ਜਾਸੂਸ ਤੁਹਾਡਾ ਮੁੱਲ ਵੱਟ ਕੇ ਤੁਹਾਨੂੰ ਅਮਰੀਕਣਾਂ ਦੇ ਹਵਾਲੇ ਕਿਉਂ ਕਰਦੇ ਹਨ ? "

ਹੁਣ ਜੋ ਦਸਤਾਵੇਜ਼ ਜਨਤਕ ਕੀਤੇ ਜਾ ਚੁੱਕੇ ਹਨ, ਉਨ੍ਹਾਂ ਅਨੁਸਾਰ ਕੈਦੀ ਨੇ ਇਸ ਦਾ ਜੋ ਜਵਾਬ ਦਿੱਤਾ ਸੁਣ ਕੇ ਕੰਨਾਂ ਨੂੰ ਯਕੀਨ ਨਹੀਂ ਆਉਂਦਾ, "ਬਸ ਰਹਿਣ ਦਿਓ ਜੀ। ਤੁਹਾਨੂੰ ਸਭ ਪਤਾ ਹੈ ਕੀ ਵਾਪਰਿਆ। ਪਾਕਿਸਤਾਨ 'ਚ ਤੁਸੀਂ 10 ਡਾਲਰ ਦੇ ਕੇ ਬੰਦੇ ਨੂੰ ਖ਼ਰੀਦ ਸਕਦੇ ਹੋ। ਇਸ ਲਈ 5000 ਡਾਲਰ ਦਾ ਤਾਂ ਕਹਿਣਾ ਹੀ ਕੀ ਹੈ ? "

"ਇਸ ਦਾ ਮਤਲਬ ਉਨ੍ਹਾਂ ਨੇ ਤੁਹਾਡਾ ਮੁੱਲ ਵੱਟਿਐ ? " ਅਦਾਲਤ ਦੇ ਇਕ ਨੁਮਾਇੰਦੇ ਨੇ ਇਸ ਤਰ੍ਹਾਂ ਪੁੱਛਿਆ ਜਿਵੇਂ ਇਹ ਸਵਾਲ ਉਸ ਦੇ ਦਿਮਾਗ 'ਚ ਪਹਿਲੀ ਵਾਰ ਉੱਠਿਆ ਹੋਵੇ।

"ਹਾਂ।"

ਪੈਂਟਾਗਾਨ ਦੇ ਆਪਣੇ ਅੰਕੜਿਆਂ ਅਨੁਸਾਰ, ਗੁਆਂਟਾਨਾਮੋ ਦੇ 86 ਫ਼ੀ ਸਦੀ ਕੈਦੀ ਇਨਾਮਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਅਫ਼ਗ਼ਾਨ ਜਾਂ ਪਾਕਿਸਤਾਨੀ ਲੜਾਕੂਆਂ ਜਾਂ ਏਜੰਟਾਂ ਨੇ ਫੜਾਏ ਸਨ। ਦਸੰਬਰ 2006 ਤੱਕ ਪੈਂਟਾਗਾਨ 360 ਕੈਦੀਆਂ ਨੂੰ ਰਿਹਾਅ ਕਰ ਚੁੱਕੀ ਸੀ। ਐਸੋਸੀਏਟਿਡ ਪ੍ਰੈੱਸ ਇਨ੍ਹਾਂ ਵਿਚੋਂ 245 ਦਾ ਖ਼ੁਰਾ ਨੱਪਣ 'ਚ ਸਫ਼ਲ ਹੋ ਗਈ; ਇਨ੍ਹਾਂ ਵਿਚੋਂ ਜਦੋਂ 205 ਕੈਦੀ ਆਪਣੇ ਦੇਸ਼ ਵਾਪਸ ਮੁੜੇ ਤਾਂ ਕੇਸਾਂ ਵਿਚੋਂ ਬਰੀ ਹੋ ਚੁੱਕੇ ਸਨ ਜਾਂ ਦੋਸ਼ ਮੁਕਤ ਕਰ ਦਿੱਤੇ ਗਏ ਸਨ।[58] ਇਹ ਹੈ ਦਹਿਸ਼ਤਗਰਦਾਂ ਦਾ ਪਤਾ ਲਾਉਣ ਲਈ ਪ੍ਰਸ਼ਾਸਨ ਵਲੋਂ ਅਪਣਾਈ ਮੰਡੀ ਅਧਾਰਤ ਪਹੁੰਚ ਦੀ ਕਾਰਗੁਜ਼ਾਰੀ ਕਿ ਇਹ ਕਿਸ ਮਿਆਰ ਦੀ ਜਾਣਕਾਰੀ ਮੁਹੱਈਆ

ਕਰਾਉਂਦੀ ਹੈ।

11 ਸਤੰਬਰ ਤੋਂ ਪਹਿਲਾਂ ਅੰਦਰੂਨੀ ਸੁਰੱਖਿਆ ਸਨਅਤ ਦੀ ਸ਼ਾਇਦ ਹੀ ਕੋਈ ਹੋਂਦ ਸੀ। ਕੁਝ ਸਾਲਾਂ 'ਚ ਹੀ ਇਸ ਦਾ ਅਕਾਰ ਹਾਲੀਵੁੱਡ ਜਾਂ ਸੰਗੀਤ ਦੇ ਵਪਾਰ ਨਾਲੋਂ ਚੋਖਾ ਵੱਡਾ ਹੋ ਗਿਆ ਹੈ।[59] ਸਭ ਤੋਂ ਉੱਘੜਵਾਂ ਪੱਖ ਤਾਂ ਇਹ ਹੈ ਕਿ ਸੁਰੱਖਿਆ ਦੇ ਆਰਥਕ ਉਛਾਲ ਦਾ ਇਕ ਆਰਥਿਕਤਾ ਵਜੋਂ, ਬੇਲਗਾਮ ਪੁਲਿਸ ਅਤੇ ਬੇਲਗਾਮ ਸਰਮਾਏਦਾਰੀ ਦੇ ਬੇਮਿਸਾਲ ਮਿਲਾਪ ਵਜੋਂ, ਸ਼ਾਪਿੰਗ ਮਾਲ ਅਤੇ ਗੁਪਤ ਜੇਲ੍ਹ ਦੀ ਏਕਤਾ ਵਜੋਂ ਬਹੁਤ ਹੀ ਘੱਟ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਇਸ ਦ੍ਰਿਸ਼ਟੀ ਤੋਂ ਇਸ ਬਾਰੇ ਬਹੁਤ ਹੀ ਘੱਟ ਵਿਚਾਰ ਕੀਤੀ ਜਾਂਦੀ ਹੈ। ਕੌਣ ਸੁਰੱਖਿਆ ਨੂੰ ਖ਼ਤਰਾ ਹੈ ਜਾਂ ਕੌਣ ਨਹੀਂ ਹੈ ਜਦੋਂ ਇਹ ਸੂਚਨਾ ਉਸੇ ਤਰ੍ਹਾਂ ਮੰਡੀ ਦੀ ਵਸਤੂ ਬਣ ਜਾਂਦੀ ਹੈ ਜਿਵੇਂ ਇਹ ਜਾਣਕਾਰੀ ਕਿ ਐਮੇਜ਼ਨ 'ਚ ਹੈਰੀ ਪੌਟਰ ਦੀਆਂ ਕਿਤਾਬਾਂ ਕੌਣ ਖ਼ਰੀਦਦਾ ਹੈ ਜਾਂ ਕੈਰੀਬੀਅਨ ਸਮੁੰਦਰੀ ਜਹਾਜ਼ ਕਿਸ ਨੇ ਖ਼ਰੀਦਿਆ ਹੈ ਅਤੇ ਅਲਾਸਕਾ 'ਚ ਕੌਣ ਮਜ਼ੇ ਉਡਾਏਗਾ ਤਾਂ ਇਸ ਨਾਲ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਹੀ ਬਦਲ ਜਾਂਦੀਆਂ ਹਨ। ਇਹ ਸਿਰਫ਼ ਜਾਸੂਸੀ ਕਰਨ, ਤਸੀਹੇ ਦੇਣ ਅਤੇ ਝੂਠੀ ਜਾਣਕਾਰੀ ਘੜਨ ਲਈ ਲਾਲਚ ਹੀ ਨਹੀਂ ਦਿੰਦਾ ਸਗੋਂ ਇਹ ਉਸ ਭੈਅ ਅਤੇ ਖ਼ਤਰੇ ਦੇ ਖੌਫ਼ ਨੂੰ ਪੱਕਾ ਕਰਨ ਲਈ ਜ਼ਬਰਦਸਤ ਹੁਲਾਰਾ ਵੀ ਦਿੰਦਾ ਹੈ ਜਿਸ ਨੇ ਇਸ ਸਨਅਤ ਨੂੰ ਜਨਮ ਦਿੱਤਾ ਸੀ।

ਬੀਤੇ ਸਮੇਂ 'ਚ, ਜਦੋਂ ਫੋਰਡਵਾਦੀ ਇਨਕਲਾਬ ਤੋਂ ਲੈ ਕੇ ਸੂਚਨਾ ਤਕਨਾਲੋਜੀ ਦੇ ਉਛਾਲ ਤੱਕ, ਨਵੇਂ ਅਰਥਚਾਰੇ ਉੱਭਰੇ, ਇਸ ਨਾਲ ਐਸੇ ਵਿਸ਼ਲੇਸ਼ਣ ਅਤੇ ਬਹਿਸ ਦਾ ਹੜ੍ਹ ਆ ਗਿਆ ਕਿ ਦੌਲਤ ਦੀ ਪੈਦਾਵਾਰ 'ਚ ਜੋ ਹਲਚਲ ਮਚਾਊ ਤਬਦੀਲੀਆਂ ਹੋਈਆਂ ਹਨ ਇਨ੍ਹਾਂ ਨਾਲ ਸਾਡੇ ਕੰਮ ਕਰਨ ਦੇ ਸੱਭਿਆਚਾਰ, ਸਾਡੇ ਸਫ਼ਰ ਕਰਨ ਦੇ ਤੌਰ-ਤਰੀਕੇ, ਇੱਥੋਂ ਤੱਕ ਕਿ ਸਾਡਾ ਦਿਮਾਗ ਸੂਚਨਾ ਨੂੰ ਕਿਵੇਂ ਅਮਲ 'ਚ ਲਿਆਉਂਦਾ ਹੈ ਇਸ ਸਭ ਕਾਸੇ 'ਚ ਕਿਵੇਂ ਬਦਲਾਅ ਆ ਰਿਹਾ ਹੈ। ਨਵੀਂ ਤਬਾਹੀਪਸੰਦ ਆਰਥਿਕਤਾ ਬਾਰੇ ਇਸ ਤਰ੍ਹਾਂ ਦੀ ਕੋਈ ਦੂਰ-ਅੰਦੇਸ਼ ਵਿਚਾਰ-ਚਰਚਾ ਨਹੀਂ ਹੋਈ। ਦੇਸ਼ਭਗਤੀ ਕਾਨੂੰਨ ਦੀ ਸੰਵਿਧਾਨਕਤਾ ਅਤੇ ਤਸੀਹਿਆਂ ਅਤੇ ਕੈਦੀਆਂ ਨੂੰ ਖ਼ਾਸ ਤਰ੍ਹਾਂ ਦੀ ਪੁੱਛਗਿੱਛ ਦੇ ਹਵਾਲੇ ਕਰਨ ਬਾਰੇ ਬਹਿਸਾਂ ਜ਼ਰੂਰ ਹੁੰਦੀਆਂ ਹਨ ਪਰ ਵਪਾਰਕ ਸੌਦੇਬਾਜ਼ੀ ਵਜੋਂ ਇਸ ਨੇ ਕੀ ਭੂਮਿਕਾ ਨਿਭਾਈ ਇਸ ਤਰ੍ਹਾਂ ਦੀ ਬਹਿਸ ਤੋਂ ਪੂਰੀ ਤਰ੍ਹਾਂ ਗੁਰੇਜ਼ ਕੀਤਾ ਜਾਂਦਾ ਹੈ। ਬਹਿਸ ਦਾ ਮੁੱਦਾ ਜੰਗ ਵਿਚੋਂ ਮੁਨਾਫ਼ੇ ਬਟੋਰਨ ਅਤੇ ਭ੍ਰਿਸ਼ਟਾਚਾਰ ਦੇ ਘੁਟਾਲਿਆਂ ਦੇ ਵਿਅਕਤੀਗਤ ਮਾਮਲਿਆਂ ਤੱਕ ਜਾਂ ਸਰਕਾਰ ਨਿੱਜੀ ਠੇਕੇਦਾਰਾਂ ਦੀ ਸਹੀ ਨਿਗਰਾਨੀ ਕਰਨ 'ਚ ਕਿਵੇਂ ਅਸਫ਼ਲ ਹੈ ਇਸ ਬਾਰੇ ਅਕਸਰ ਹੀ ਹੱਥ ਮਲਦੇ ਰਹਿਣ ਤੱਕ ਸੀਮਤ ਰਹਿੰਦਾ ਹੈ। ਸ਼ਾਇਦ ਹੀ ਕਦੇ ਇਸ ਵਿਆਪਕ ਅਤੇ ਡੂੰਘੇ ਵਰਤਾਰੇ ਬਾਰੇ ਬਹਿਸ ਹੁੰਦੀ ਹੈ ਕਿ ਪੂਰੀ ਤਰ੍ਹਾਂ ਨਿੱਜੀਕਰਨ ਕੀਤੀ ਜੰਗ 'ਚ ਜੁੱਟਣ ਦਾ ਕੀ ਅਰਥ ਬਣਦਾ ਹੈ ਜਿਸ ਦੀ ਰਚਨਾ ਹੀ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਹ ਕਦੇ ਖ਼ਤਮ ਹੀ ਨਾ ਹੋਵੇ।

ਮਸਲੇ ਦਾ ਇਕ ਪਹਿਲੂ ਇਹ ਹੈ ਕਿ ਤਬਾਹੀਪਸੰਦ ਆਰਥਿਕਤਾ ਸਾਡੇ ਉੱਪਰ ਚੁੱਪ-ਚੁਪੀਤੇ ਹੀ ਥੋਪ ਦਿੱਤੀ ਗਈ। ਅੱਸੀਵਿਆਂ ਅਤੇ ਨੱਬੇਵਿਆਂ 'ਚ, ਨਵੀਂ ਆਰਥਿਕਤਾ ਦਾ ਐਲਾਨ ਬਹੁਤ ਹੀ ਹੈਂਕੜ ਨਾਲ ਅਤੇ ਗੱਜ-ਵੱਜ ਕੇ ਕੀਤਾ ਗਿਆ ਸੀ। ਖ਼ਾਸ ਕਰਕੇ ਟੈੱਕ ਬੁਲਬੁਲਾ ਨਵੀਂ ਮਾਲਕ ਜਮਾਤ ਲਈ ਐਸੀ ਮਿਸਾਲ ਬਣਿਆ ਜਿਸ ਦੀ ਪ੍ਰੇਰਨਾ ਕੰਨ ਪਾੜਵੀਂ ਇਸ਼ਤਿਹਾਰਬਾਜ਼ੀ ਸੀ। ਨਿੱਜੀ ਜੈੱਟ ਜਹਾਜ਼ਾਂ ਕੋਲ ਖੜ੍ਹੇ ਨੌਜਵਾਨ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਜੀਵਨ-

ਸ਼ੈਲੀ, ਰਿਮੋਟ ਕੰਟਰੋਲ ਨਾਲ ਚੱਲਣ ਵਾਲੀਆਂ ਇਨ੍ਹਾਂ ਦੀਆਂ ਸੈਰ-ਸਪਾਟਾ ਕਿਸ਼ਤੀਆਂ, ਸਿਆਟਲ ਦੇ ਪਹਾੜਾਂ 'ਚ ਇਨ੍ਹਾਂ ਦੇ ਆਲੀਸ਼ਾਨ ਬੰਗਲਿਆਂ ਦੀ ਦਿੱਖ ਲਗਾਤਾਰ ਪ੍ਰਚਾਰੀ ਜਾਂਦੀ ਸੀ।

ਤਬਾਹੀਪਸੰਦ ਢਾਂਚੇ ਵਲੋਂ ਅੱਜ ਇਸ ਤਰ੍ਹਾਂ ਦੀ ਦੌਲਤ ਪੈਦਾ ਕੀਤੀ ਜਾ ਰਹੀ ਹੈ, ਹਾਲਾਂਕਿ ਇਸ ਬਾਰੇ ਕਦੇ ਕਦਾਈਂ ਹੀ ਸੁਣਨ 'ਚ ਆਉਂਦਾ ਹੈ। 2006 ਦੇ ਇਕ ਅਧਿਐਨ ਅਨੁਸਾਰ, "ਜਦੋਂ ਤੋਂ 'ਦਹਿਸ਼ਤਵਾਦ ਵਿਰੁੱਧ ਜੰਗ' ਸ਼ੁਰੂ ਹੋਈ, ਸੁਰੱਖਿਆ ਦੇ ਠੇਕੇ ਲੈਣ ਵਾਲੀਆਂ 34 ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਔਸਤ ਤਨਖ਼ਾਹ ਉਸ ਤੋਂ ਦੁੱਗਣੀ ਹੈ ਜੋ ਉਨ੍ਹਾਂ ਨੂੰ 11 ਸਤੰਬਰ ਤੱਕ ਦੇ ਚਾਰ ਚਾਲਾਂ ਦੌਰਾਨ ਮਿਲਦੀ ਸੀ।" 2001 ਅਤੇ 2005 ਦਰਮਿਆਨ ਇਨ੍ਹਾਂ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਤਨਖਾਹ 'ਚ 108 ਫ਼ੀ ਸਦੀ ਦਾ ਵਾਧਾ ਹੋਇਆ ਇਸੇ ਅਰਸੇ 'ਚ ਅਮਰੀਕਾ ਦੀਆਂ ਹੋਰ ਵੱਡੀਆਂ ਕੰਪਨੀਆਂ ਦੇ ਮੁੱਖ ਅਧਿਕਾਰੀਆਂ ਦੀ ਤਨਖਾਹ ਸਿਰਫ਼ 6 ਫ਼ੀ ਸਦੀ ਹੀ ਵਧੀ।[60]

ਸੰਭਵ ਹੈ ਤਬਾਹੀਪਸੰਦ ਸਨਅਤ ਡਾਟਕਾਮ ਦੇ ਮੁਨਾਫ਼ੇ ਦੇ ਪੱਧਰ ਤੱਕ ਪਹੁੰਚ ਗਈ ਹੋਵੇ ਪਰ ਇਸ ਦੀਆਂ ਮਨਮਾਨੀਆਂ ਸੀ ਆਈ ਏ ਦੇ ਪੱਧਰ ਦੀਆਂ ਹਨ। ਤਬਾਹੀਪਸੰਦ ਸਰਮਾਏਦਾਰ ਪ੍ਰੈੱਸ ਨੂੰ ਝਕਾਨੀ ਦੇ ਜਾਂਦੇ ਹਨ, ਆਪਣੀ ਦੌਲਤ ਨੂੰ ਘਟਾ ਕੇ ਪੇਸ਼ ਕਰਦੇ ਹਨ ਅਤੇ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸ਼ੇਖੀ ਕਿਵੇਂ ਮਾਰਨੀ ਹੈ। ਅੰਦਰੂਨੀ ਸੁਰੱਖਿਆ ਖੇਤਰ ਦੀ ਮੁਨਾਫ਼ੇ ਦੇਣ ਵਾਲੀ ਕੰਪਨੀ ਚੇਜ਼ਾਪੀਕ ਇਨੋਵੇਸ਼ਨ ਸੈਂਟਰ (ਸੀ ਆਈ ਸੀ) ਦੇ ਜੌਹਨ ਐਲਸਨਰ ਨੇ ਦੱਸਿਆ, "ਅਸੀਂ ਵਡਿਆਈ ਨਹੀਂ ਕਰ ਰਹੇ ਕਿ ਦਹਿਸ਼ਤਵਾਦ ਤੋਂ ਸਾਡੀ ਸੁਰੱਖਿਆ ਦੇ ਚਾਰ-ਚੁਫੇਰੇ ਇਹ ਤਕੜੀ ਸਨਅਤ ਵਧ-ਫੁਲ ਰਹੀ ਹੈ। ਅਸਲ ਵਿਚ ਤਕੜਾ ਕਾਰੋਬਾਰ ਹੋ ਰਿਹਾ ਹੈ, ਅਤੇ ਸੀ ਆਈ ਸੀ ਇਸ ਦੇ ਐਨ ਵਿਚਾਲੇ ਮੌਜੂਦ ਹੈ।"[61]

ਪੀਟਰ ਸਵਾਇਰ ਨੇ ਕਲਿੰਟਨ ਸਰਕਾਰ ਦੌਰਾਨ ਅਮਰੀਕੀ ਸਰਕਾਰ ਦੇ ਗੁਪਤ ਮਾਮਲਿਆਂ ਦੇ ਸਲਾਹਕਾਰ ਵਜੋਂ ਕੰਮ ਕੀਤਾ ਸੀ, ਉਹ ਦਹਿਸ਼ਤਵਾਦ ਵਿਰੁੱਧ ਜੰਗ ਦੇ ਬੁਲਬੁਲੇ ਦੁਆਲੇ ਤਾਕਤਾਂ ਜਮਾਂ ਹੋਣ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ : "ਤੁਹਾਡੇ ਕੋਲ ਸੂਚਨਾ ਇਕੱਠੀ ਕਰਨ ਦੇ ਪਵਿੱਤਰ ਮਿਸ਼ਨ 'ਤੇ ਨਿਕਲੀ ਸਰਕਾਰ ਹੈ ਅਤੇ ਤੁਹਾਡੇ ਕੋਲ ਸੂਚਨਾ ਤਕਨਾਲੋਜੀ ਹੈ ਜੋ ਨਵੀਆਂ ਮੰਡੀਆਂ ਦੀ ਹੋੜ 'ਚ ਜੁਟੀ ਹੋਈ ਹੈ।"[62] ਦੂਜੇ ਲਫ਼ਜ਼ਾਂ 'ਚ ਤੁਹਾਡੇ ਕੋਲ ਕਾਰਪੋਰੇਟਸ਼ਾਹੀ ਹੈ : ਨਾਗਰਿਕਾਂ ਨੂੰ ਕਾਬੂ ਕਰਕੇ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਆਪਣੀਆਂ ਜ਼ਬਰਦਸਤ ਤਾਕਤਾਂ ਦਾ ਸੁਮੇਲ ਕਰਨ 'ਚ ਜੁਟੇ ਵੱਡੇ ਸਰਮਾਏਦਾਰ ਅਤੇ ਵੱਡੀ ਸਰਕਾਰ।

ਕਾਂਡ ਪੰਦਰਵਾਂ

ਕਾਰਪੋਰੇਟਵਾਦੀ ਰਾਜ

ਕਾਰਪੋਰੇਟ ਅਤੇ ਸਰਕਾਰ ਇਕੋ ਸਿੱਕੇ ਦੇ ਦੋ ਪਹਿਲੂ

> ਮੈਂ ਸਮਝਦਾ ਹਾਂ ਇਹ ਕਹਿਣਾ ਅਜੀਬ ਗੱਲ ਹੈ ਕਿ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਪੈਸੇ ਦੀ ਭੁੱਖ 'ਚੋਂ ਕਰਦੇ ਹਾਂ, ਮੈਂ ਸਮਝਦਾ ਹਾਂ ਇਹ ਸ਼ੁਦਾਅ ਕੁੱਟਣ ਵਾਲੀ ਗੱਲ ਹੈ। ਮੈਂ ਸਮਝਦਾ ਹਾਂ ਤੁਹਾਨੂੰ ਮੁੜ ਸਕੂਲ 'ਚ ਦਾਖ਼ਲ ਹੋ ਜਾਣਾ ਚਾਹੀਦਾ ਹੈ।
>
> —ਜਾਰਜ ਐੱਚ ਡਬਲਯੂ ਬੁਸ਼ ਵਲੋਂ ਇਸ ਇਲਜ਼ਾਮ ਬਾਰੇ ਪ੍ਰਤੀਕਰਮ ਕਿ ਉਸ ਦੇ ਮੁੰਡੇ ਨੇ ਅਮਰੀਕੀ ਕੰਪਨੀਆਂ ਲਈ ਨਵੀਆਂ ਮੰਡੀਆਂ ਖੋਲ੍ਹਣ ਦੇ ਉਦੇਸ਼ ਨਾਲ ਇਰਾਕ ਨੂੰ ਹਮਲੇ ਦਾ

ਨਿਸ਼ਾਨਾ ਬਣਾਇਆ।[1]

ਸਰਕਾਰੀ ਅਧਿਕਾਰੀਆਂ 'ਚ ਇਕ ਐਸੀ ਖ਼ੂਬੀ ਹੁੰਦੀ ਹੈ ਜੋ ਨਿੱਜੀ ਖੇਤਰ ਵਾਲਿਆਂ 'ਚ ਨਹੀਂ ਹੁੰਦੀ। ਇਹ ਹੈ ਵਡੇਰੀ ਭਲਾਈ ਪ੍ਰਤੀ ਵਫ਼ਾਦਾਰੀ ਨਾਲ ਫਰਜ਼ ਨਿਭਾਉਣਾ—ਮੁੱਠੀ ਭਰ ਦੇ ਹਿੱਤ ਦੀ ਬਜਾਏ ਸਾਰਿਆਂ ਦੇ ਸਾਂਝੇ ਬਿਹਤਰੀਨ ਹਿੱਤਾਂ ਪ੍ਰਤੀ ਵਫ਼ਾਦਾਰੀ ਨਾਲ ਫਰਜ਼ ਦੀ ਪਾਲਣਾ ਕਰਨਾ।
—ਡੇਵਿਡ ਐੱਮ ਵਾਕਰ, ਅਮਰੀਕਾ ਦਾ ਮੁੱਖ ਲੇਖਾ ਅਧਿਕਾਰੀ, ਫਰਵਰੀ 2007[2]

ਉਸ ਨੂੰ ਜਨਤਕ ਅਤੇ ਨਿੱਜੀ ਹਿੱਤਾਂ 'ਚ ਫ਼ਰਕ ਦਿਖਾਈ ਨਹੀਂ ਦਿੰਦਾ।
—ਡਿਕ ਚੈਨੀ ਬਾਰੇ ਅਮਰੀਕਾ ਦੀ ਹਵਾਈ ਫ਼ੌਜ ਦੇ ਸੇਵਾ-ਮੁਕਤ ਕਰਨਲ, ਸੈਮ ਗਾਰਡੀਨਰ ਦੀ ਟਿੱਪਣੀ, ਫਰਵਰੀ 2004[3]

2006 ਦੀਆਂ ਮੱਧਕਾਲੀ ਚੋਣਾਂ ਦੇ ਭਖ਼ੇ ਹੋਏ ਮਾਹੌਲ ਸਮੇਂ, ਡੋਨਾਲਡ ਰਮਜ਼ਫੈਲਡ ਦੇ ਅਸਤੀਫ਼ੇ ਦਾ ਐਲਾਨ ਕਰਨ ਤੋਂ ਤਿੰਨ ਹਫ਼ਤੇ ਪਹਿਲਾਂ, ਜਾਰਜ ਡਬਲਯੂ ਬੁਸ਼ ਨੇ ਵਾਈਟ ਹਾਊਸ ਵਿਚਲੇ ਸਰਕਾਰੀ ਦਫ਼ਤਰ 'ਚ ਇਕ ਨਿੱਜੀ ਰਸਮ ਰਾਹੀਂ ਸੁਰੱਖਿਆ ਅਖ਼ਤਿਆਰ ਕਾਨੂੰਨ 'ਤੇ ਸਹੀ ਪਾਈ। ਇਸ ਦੇ ਚਾਰ ਸੌ ਸਫ਼ਿਆਂ 'ਚ ਇਕ ਐਸੀ ਜ਼ਿਮਨੀ ਟਿੱਪਣੀ ਛੁਪੀ ਹੋਈ ਸੀ ਜਿਸ ਵੱਲ ਉਸ ਸਮੇਂ ਕਿਸੇ ਨੇ ਧਿਆਨ ਨਹੀਂ ਦਿੱਤਾ। ਇਸ ਨਾਲ ਰਾਸ਼ਟਰਪਤੀ ਨੂੰ ਇਹ ਅਖ਼ਤਿਆਰ ਮਿਲ ਗਏ ਕਿ ਉਹ ਮਾਰਸ਼ਲ ਲਾਅ ਐਲਾਨ ਕਰ ਸਕਦਾ ਹੈ ਅਤੇ "ਹੰਗਾਮੀ" ਹਾਲਤ 'ਚ "ਜਨਤਕ ਅਮਨ-ਕਾਨੂੰਨ ਮੁੜ-ਬਹਾਲ ਕਰਨ" ਅਤੇ ਗੜਬੜ ਨੂੰ "ਦਬਾਉਣ ਲਈ" ਸੂਬਾਈ ਗਵਰਨਰਾਂ ਦੀ ਰਜ਼ਾ ਨੂੰ ਉਲੰਘ ਕੇ "ਨੈਸ਼ਨਲ ਗਾਰਡਾਂ ਸਮੇਤ ਹਥਿਆਰਬੰਦ ਤਾਕਤਾਂ ਤਾਇਨਾਤ ਕਰ ਸਕਦਾ ਹੈ।" ਇਹ ਹੰਗਾਮੀ ਹਾਲਤ ਕੋਈ ਤੂਫ਼ਾਨ, ਜਨਤਕ ਰੋਸ ਮੁਜ਼ਾਹਰਾ ਜਾਂ "ਜਨਤਕ ਸਿਹਤ ਦੀ ਹੰਗਾਮੀ ਹਾਲਤ" ਹੋ ਸਕਦੀ ਹੈ, ਇਸ ਹਾਲਤ 'ਚ ਰੋਗੀਆਂ ਨੂੰ ਜਬਰੀ ਅਲਹਿਦਾ ਹਾਲਤ 'ਚ ਰੱਖਣ ਅਤੇ ਟੀਕਿਆਂ ਦੀ ਸਪਲਾਈ ਯਕੀਨੀ ਬਣਾਉਣ ਲਈ ਫ਼ੌਜ ਦੀ ਵਰਤੋਂ ਕੀਤੀ ਜਾ ਸਕਦੀ ਹੈ।[4] ਇਸ ਕਾਨੂੰਨ ਤੋਂ ਪਹਿਲਾਂ, ਰਾਸ਼ਟਰਪਤੀ ਨੂੰ ਸਿਰਫ਼ ਬਗ਼ਾਵਤ ਦੀ ਹਾਲਤ 'ਚ ਹੀ ਫ਼ੌਜ ਲਾਉਣ ਦੇ ਅਖ਼ਤਿਆਰ ਸਨ।

ਇਕੋ ਇਕ ਬੰਦਾ ਡੈਮੋਕਰੇਟਿਕ ਸੈਨੇਟਰ ਪੈਤਰਿਕ ਲੇਹੀ ਹੀ ਸੀ ਜੋ ਮੁਹਿੰਮ ਦੌਰਾਨ ਆਪਣੇ ਸਾਥੀਆਂ ਸਮੇਤ ਇਸ ਬਾਰੇ ਆਵਾਜ਼ ਉਠਾ ਕੇ ਖ਼ਤਰੇ ਦੀ ਘੰਟੀ ਵਜਾ ਰਿਹਾ ਸੀ। ਉਹ ਜਨਤਾ ਨੂੰ ਦੱਸ ਰਿਹਾ ਸੀ ਕਿ "ਕਾਨੂੰਨ ਲਾਗੂ ਕਰਨ ਲਈ ਫ਼ੌਜ ਦੀ ਵਰਤੋਂ ਸਾਡੀ ਜਮਹੂਰੀਅਤ ਦੇ ਮੂਲ ਸਿਧਾਂਤ ਦੇ ਹੀ ਖ਼ਿਲਾਫ਼ ਹੈ" ਅਤੇ "ਇਸ ਬਾਰੇ ਕਾਨੂੰਨ ਨੂੰ ਬਦਲਣ ਦੀਆਂ ਬਹੁਤ ਜ਼ਿਆਦਾ ਅਰਥ-ਸੰਭਾਵਨਾਵਾਂ ਹਨ, ਅਸਲ ਵਿਚ ਸੁਰੱਖਿਆ ਬਿੱਲ 'ਚ ਇਸ ਤਬਦੀਲੀ ਸਬੰਧੀ ਜ਼ਿਮਨੀ ਟਿੱਪਣੀ ਡੂੰਘੇ ਅਧਿਐਨ ਤੋਂ ਬਗ਼ੈਰ ਹੀ ਸ਼ਾਮਲ ਕਰ ਦਿੱਤੀ ਗਈ ਹੈ। ਇਨ੍ਹਾਂ ਮਾਮਲਿਆਂ ਬਾਰੇ ਕਾਂਗਰਸ ਦੀਆਂ ਹੋਰ ਕਮੇਟੀਆਂ ਨੂੰ ਤਜਵੀਜ਼ਾਂ ਬਾਰੇ ਟਿੱਪਣੀ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ, ਮਾਮਲੇ ਦੀ ਸੁਣਵਾਈ ਹੋਣ ਦੀ ਤਾਂ ਗੱਲ ਹੀ ਛੱਡੋ।"[5]

ਸਰਕਾਰ ਨੇ ਇਹ ਅਸਾਧਾਰਨ ਨਵੇਂ ਅਖ਼ਤਿਆਰ ਪ੍ਰਾਪਤ ਕਰ ਲਏ ਸਨ। ਇਸ ਤੋਂ ਇਲਾਵਾ ਘੱਟੋ-ਘੱਟ ਇਕ ਜੋੜ ਹੋਰ ਵੀ ਸੀ : ਦਵਾਈਆਂ ਬਣਾਉਣ ਵਾਲੀ ਸਨਅਤ। ਕੋਈ ਵੀ ਬੀਮਾਰੀ

ਫੈਲਣ ਦੀ ਹਾਲਤ 'ਚ, ਇਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਅਤੇ ਦਵਾਈਆਂ ਦੀ ਸਪਲਾਈ ਦੀ ਰਾਖੀ ਅਤੇ ਮਰੀਜ਼ਾਂ ਨੂੰ ਅਲਹਿਦਾ ਰੱਖਣ ਲਈ ਹੁਣ ਫ਼ੌਜ ਸੱਦੀ ਜਾ ਸਕਦੀ ਹੈ—ਇਹ ਨੀਤੀਆਂ ਬੁਸ਼ ਸਰਕਾਰ ਦਾ ਬੜਾ ਪੁਰਾਣਾ ਟੀਚਾ ਰਿਹਾ ਹੈ। ਰਮਜ਼ਫੈਲਡ ਦੀ ਕੰਪਨੀ ਜੀਲੀਡ ਸਾਇੰਸਿਜ਼ ਲਈ ਇਹ ਬਹੁਤ ਹੀ ਫ਼ਾਇਦੇਮੰਦ ਖ਼ਬਰ ਸੀ ਜਿਸ ਕੋਲ ਏਵੀਅਨ ਫਲੂ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ ਟਾਮੀਫਲੂ ਦਾ ਪੇਟੈਂਟ ਹੈ। ਜਦੋਂ ਤੱਕ ਏਵੀਅਨ ਫਲੂ ਦਾ ਹਊਆ ਬਣਿਆ ਰਿਹਾ, ਰਮਜ਼ਫੈਲਡ ਦੇ ਅਹੁਦਾ ਛੱਡ ਜਾਣ ਤੋਂ ਬਾਅਦ ਵੀ ਇਹ ਕਾਨੂੰਨ ਟਾਮੀਫਲੂ ਦਾ ਸਿਤਾਰਾ ਬੁਲੰਦ ਰੱਖਣ 'ਚ ਯੋਗਦਾਨ ਪਾਉਂਦਾ ਰਿਹਾ : ਪੰਜ ਮਹੀਨਿਆਂ 'ਚ ਹੀ ਇਸ ਦੇ ਸ਼ੇਅਰਾਂ ਦਾ ਮੁੱਲ 24 ਫ਼ੀ ਸਦੀ ਵਧ ਗਿਆ।[6] ਕਾਨੂੰਨ ਦੀ ਵਿਸ਼ੇਸ਼ ਨੁਹਾਰ ਘੜਨ 'ਚ ਸਨਅਤ ਦੇ ਹਿੱਤਾਂ ਨੇ ਕੀ ਭੂਮਿਕਾ ਨਿਭਾਈ ? ਸ਼ਾਇਦ ਕੋਈ ਵੀ ਨਹੀਂ ਪਰ ਸਵਾਲ ਪੁੱਛਣਾ ਬਣਦਾ ਹੈ। ਇਸੇ ਤਰ੍ਹਾਂ, ਅਤੇ ਵੱਧ ਵੱਡੇ ਪੱਧਰ 'ਤੇ, ਬੁਸ਼ ਜੁੰਡਲੀ ਵਲੋਂ ਇਰਾਕ ਉੱਪਰ ਜੋਸ਼ੀਲੀ ਚੜ੍ਹਾਈ ਅਤੇ ਕਬਜ਼ੇ 'ਚ ਹੈਲੀਬਰਟਨ ਅਤੇ ਬੈੱਚਟੈੱਲ ਵਰਗੀਆਂ ਠੇਕੇ ਲੈਣ ਵਾਲੀਆਂ ਕੰਪਨੀਆਂ ਅਤੇ ਐਕਸਨ ਮੋਬਿਲ ਵਰਗੀਆਂ ਤੇਲ ਕੰਪਨੀਆਂ ਨੂੰ ਹੋਏ ਫ਼ਾਇਦੇ ਨੇ ਕੀ ਭੂਮਿਕਾ ਨਿਭਾਈ ? ਇਸ ਦੀ ਪ੍ਰੇਰਨਾ ਕੀ ਸੀ ? ਇਨ੍ਹਾਂ ਸਵਾਲਾਂ ਦਾ ਸਹੀ ਜਵਾਬ ਦੇਣਾ ਸੰਭਵ ਨਹੀਂ ਹੈ ਕਿਉਂਕਿ ਇਸ ਵਿਚ ਜੁਟੇ ਲੋਕ ਕਾਰਪੋਰੇਟ ਹਿੱਤਾਂ ਨੂੰ ਕੌਮੀ ਹਿੱਤਾਂ ਨਾਲ ਇਸ ਹੱਦ ਤੱਕ ਰਲਗਡ ਕਰਨ ਲਈ ਬਦਨਾਮ ਹਨ ਕਿ ਉਹ ਖ਼ੁਦ ਹੀ ਇਨ੍ਹਾਂ 'ਚ ਨਿਖੇੜਾ ਨਹੀਂ ਕਰ ਪਾ ਰਹੇ।

ਆਪਣੀ ਕਿਤਾਬ *ਰਾਜਪਲਟਾ* 'ਚ, *ਨਿਊ ਯਾਰਕ ਟਾਈਮਜ਼* ਦਾ ਸਾਬਕਾ ਪੱਤਰਕਾਰ ਸਟੀਫਨ ਕਿਨਜ਼ਰ ਇਸ ਦੀ ਡੂੰਘਾਈ 'ਚ ਜਾਣ ਦੀ ਕੋਸ਼ਿਸ਼ ਕਰਦਾ ਹੈ ਕਿ ਲੰਘੀ ਸਦੀ 'ਚ ਰਾਜ-ਪਲਟੇ ਕਰਨ, ਦੂਜੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਉਲਟਾਉਣ ਦੇ ਮਨਸੂਬੇ ਬਣਾਉਣ ਅਤੇ ਰਾਜ ਪਲਟੇ ਕਰਨ ਦੇ ਹੁਕਮ ਦੇਣ ਲਈ ਅਮਰੀਕਾ ਦੇ ਸਿਆਸਤਦਾਨਾਂ ਨੂੰ ਕਿਹੜੀ ਚੀਜ਼ ਨੇ ਉਕਸਾਇਆ। ਉਹ 1893 'ਚ ਹਵਾਈ ਦੀ ਸਰਕਾਰ ਨੂੰ ਉਲਟਾਉਣ ਤੋਂ ਲੈ ਕੇ 2003 'ਚ ਇਰਾਕ 'ਚ ਰਾਜ ਪਲਟਾ ਕਰਾਉਣ ਤੱਕ ਦੀਆਂ ਕਾਰਵਾਈਆਂ 'ਚ ਅਮਰੀਕਾ ਦੀ ਸ਼ਮੂਲੀਅਤ ਦਾ ਅਧਿਐਨ ਕਰਕੇ ਟਿੱਪਣੀ ਕਰਦਾ ਹੈ ਕਿ ਅਕਸਰ ਹੀ ਇਹ ਅਮਲ ਤਿੰਨ ਪੜਾਵਾਂ 'ਚ ਚੱਲਦਾ ਹੈ। ਕਿਨਜ਼ਰ ਕਹਿੰਦਾ ਹੈ ਕਿ ਪਹਿਲਾ ਪੜਾਅ, ਜਦੋਂ ਸਾਫ਼ ਜ਼ਾਹਿਰ ਹੈ ਕਿ ਕਿਸੇ ਦੇਸ਼ ਦੀ ਸਰਕਾਰ ਦੀਆਂ ਕਾਰਵਾਈਆਂ ਨਾਲ ਅਮਰੀਕਾ ਦੀ ਕਿਸੇ ਬਹੁ-ਕੌਮੀ ਕਾਰਪੋਰੇਸ਼ਨ ਦੇ ਬੁਨਿਆਦੀ ਹਿੱਤਾਂ ਨੂੰ ਖ਼ਤਰਾ ਖੜ੍ਹਾ ਹੋ ਜਾਂਦਾ ਹੈ; ਜਿਵੇਂ ਇਹ ਮੰਗ ਕਿ "ਕੰਪਨੀ ਟੈਕਸ ਦੇਵੇ ਜਾਂ ਇਹ ਕਿਰਤ ਕਾਨੂੰਨਾਂ ਜਾਂ ਵਾਤਾਵਰਣ ਕਾਨੂੰਨਾਂ ਦੀ ਪਾਲਣਾ ਕਰੇ। ਕਈ ਵਾਰ ਕੰਪਨੀ ਦਾ ਕੌਮੀਕਰਨ ਕਰ ਦਿੱਤਾ ਜਾਂਦਾ ਹੈ ਜਾਂ ਕਿਸੇ ਤਰ੍ਹਾਂ ਇਸ ਦੀ ਆਪਣੀ ਜ਼ਮੀਨ ਜਾਂ ਅਸਾਸੇ ਵੇਚਣ ਦੀ ਨੌਬਤ ਆ ਜਾਂਦੀ ਹੈ।" ਦੂਜਾ ਪੜਾਅ, ਜਦੋਂ ਅਮਰੀਕੀ ਸਿਆਸਤਦਾਨਾਂ ਦੇ ਕੰਨੀਂ ਇਸ ਸੱਟ ਦੀ ਖ਼ਬਰ ਪੈਂਦੀ ਹੈ ਅਤੇ ਉਹ ਇਸ ਨੂੰ ਅਮਰੀਕਾ ਉੱਪਰ ਹਮਲਾ ਬਣਾ ਕੇ ਪੇਸ਼ ਕਰਨ ਲੱਗਦੇ ਹਨ : "ਉਨ੍ਹਾਂ ਦੀ ਪ੍ਰੇਰਨਾ ਆਰਥਕ ਤੋਂ ਸਿਆਸੀ ਜਾਂ ਭੂਗੋਲਿਕ-ਯੁੱਧਨੀਤਕ ਬਣ ਜਾਂਦੀ ਹੈ। ਉਹ ਇਹ ਮੰਨ ਕੇ ਚੱਲਦੇ ਹਨ ਕਿ ਕਿਸੇ ਅਮਰੀਕੀ ਕੰਪਨੀ ਨੂੰ ਫ਼ਿਕਰਾਂ 'ਚ ਪਾਉਣ ਵਾਲਾ ਜਾਂ ਤੰਗ-ਪ੍ਰੇਸ਼ਾਨ ਕਰਨ ਵਾਲਾ ਨਿਜ਼ਾਮ ਲਾਜ਼ਮੀ ਹੀ ਅਮਰੀਕਾ ਦਾ ਦੁਸ਼ਮਣ, ਜਾਬਰ, ਤਾਨਾਸ਼ਾਹ ਨਿਜ਼ਾਮ ਹੈ ਅਤੇ ਇਹ ਕਿਸੇ ਬਦੇਸ਼ੀ ਤਾਕਤ ਜਾਂ ਹਿੱਤ ਦਾ ਹੱਥਠੋਕਾ ਹੈ ਜੋ ਅਮਰੀਕਾ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ।" ਤੀਜਾ ਪੜਾਅ ਓਦੋਂ ਆਉਂਦਾ ਹੈ ਜਦੋਂ ਸਿਆਸਤਦਾਨ ਦਖ਼ਲਅੰਦਾਜ਼ੀ ਦੀ ਜ਼ਰੂਰਤ ਜਨਤਾ 'ਚ ਲਿਜਾਂਦੇ ਹਨ; ਇੱਥੇ ਆ ਕੇ ਇਹ ਨੇਕੀ ਅਤੇ ਬਦੀ ਦੀ ਵਿਆਪਕ ਜੱਦੋਜਹਿਦ ਬਣਾ ਦਿੱਤੀ

ਜਾਂਦੀ ਹੈ। "ਗਰੀਬ ਦੱਬੀ-ਕੁਚਲੀ ਕੌਮ ਨੂੰ ਜ਼ਾਲਮ ਨਿਜ਼ਾਮ ਤੋਂ ਆਜ਼ਾਦ ਕਰਾਉਣ ਦਾ ਮੌਕਾ। ਇਸ ਨਿਜ਼ਾਮ ਨੂੰ ਅਸੀਂ ਤਾਨਾਸ਼ਾਹੀ ਚਿਤਵ ਲੈਂਦੇ ਹਾਂ ਕਿਉਂਕਿ ਕਿਸੇ ਅਮਰੀਕੀ ਕੰਪਨੀ ਨੂੰ ਹੋਰ ਕਿਸੇ ਤਰ੍ਹਾਂ ਦਾ ਨਿਜ਼ਾਮ ਤਾਂ ਪ੍ਰੇਸ਼ਾਨ ਨਹੀਂ ਕਰੇਗਾ ? "[7] ਦੂਜੇ ਲਫ਼ਜ਼ਾਂ 'ਚ, ਅਮਰੀਕਾ ਦੀ ਜ਼ਿਆਦਾਤਰ ਬਦੇਸ਼ ਨੀਤੀ ਜਨਤਾ 'ਤੇ ਪ੍ਰਭਾਵ ਪਾਉਣ ਦੀ ਕਵਾਇਦ ਹੀ ਹੈ ਜਿਸ ਵਿਚ ਮੁੱਠੀ ਭਰ ਖ਼ੁਦਗਰਜ਼ ਕੁਲੀਨ ਜੁੰਡਲੀ ਆਪਣੀਆਂ ਲੋੜਾਂ ਅਤੇ ਖਾਹਸ਼ਾਂ ਨੂੰ ਪੂਰੀ ਦੁਨੀਆਂ ਦੀਆਂ ਲੋੜਾਂ ਅਤੇ ਖਾਹਸ਼ਾਂ ਬਣਾ ਕੇ ਪੇਸ਼ ਕਰਦੀ ਹੈ।

ਕਿਨਜ਼ਰ ਦਰਸਾਉਂਦਾ ਹੈ ਕਿ ਇਹ ਰੁਚੀ ਉਨ੍ਹਾਂ ਸਿਆਸਤਦਾਨਾਂ 'ਚ ਖ਼ਾਸ ਤੌਰ 'ਤੇ ਉੱਘੜਵੀਂ ਹੈ ਜੋ ਸਿੱਧਾ ਕਾਰਪੋਰੇਟ ਦੁਨੀਆਂ ਤੋਂ ਸਰਕਾਰੀ ਅਹੁਦੇ 'ਤੇ ਬਿਰਾਜਮਾਨ ਹੁੰਦੇ ਹਨ। ਮਿਸਾਲ ਵਜੋਂ, ਆਈਜ਼ਨਹਾਵਰ ਦੇ ਬਦੇਸ਼ ਵਿਭਾਗ ਦਾ ਮੁਖੀ ਜੌਹਨ ਫੋਸਟਰ ਡਲਜ਼ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਤਾਕਤਵਰ ਕੌਮਾਂਤਰੀ ਕਾਰਪੋਰੇਟ ਵਕੀਲ ਵਜੋਂ ਕੰਮ ਕਰਦਾ ਰਿਹਾ ਸੀ। ਉਹ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਦੁਨੀਆਂ ਦੀਆਂ ਕਈ ਸਭ ਤੋਂ ਅਮੀਰ ਫਰਮਾਂ ਦੇ ਝਗੜਿਆਂ ਦੌਰਾਨ ਇਨ੍ਹਾਂ ਦੀ ਨੁਮਾਇੰਦਗੀ ਕਰਦਾ ਰਿਹਾ। ਕਿਨਜ਼ਰ ਵਾਂਗ ਡਲਜ਼ ਦੇ ਵੱਖੋ-ਵੱਖਰੇ ਜੀਵਨੀ ਲੇਖਕਾਂ ਨੇ ਸਿੱਟਾ ਕੱਢਿਆ ਕਿ ਬਦੇਸ਼ ਮੰਤਰੀ ਤੋਂ ਕਾਰਪੋਰੇਸ਼ਨਾਂ ਦੇ ਹਿੱਤਾਂ ਅਤੇ ਆਪਣੇ ਦੇਸ਼ ਦੇ ਹਿੱਤਾਂ 'ਚ ਨਿਖੇੜਾ ਨਹੀਂ ਸੀ ਹੁੰਦਾ। ਕਿਨਜ਼ਰ ਲਿਖਦਾ ਹੈ, "ਡਲਜ਼ ਦੇ ਸਿਰ ਪੂਰੀ ਜ਼ਿੰਦਗੀ ਦੋ ਚੀਜ਼ਾਂ ਦਾ ਭੂਤ ਸਵਾਰ ਰਿਹਾ : ਕਮਿਊਨਿਜ਼ਮ ਖ਼ਿਲਾਫ਼ ਲੜਨਾ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਹਿੱਤਾਂ ਦੀ ਰਾਖੀ ਕਰਨਾ। ਉਸ ਦੀ ਸੋਚ ਵਿਚ ਇਹ 'ਆਪੋ ਵਿਚ ਜੁੜੇ ਹੋਏ ਅਤੇ ਇਕ ਦੂਜੇ ਦੇ ਪੂਰਕ' ਸਨ।"[8] ਇਸ ਦਾ ਭਾਵ ਇਹ ਸੀ ਕਿ ਉਸ ਨੂੰ ਇਨ੍ਹਾਂ ਦੋਵਾਂ ਵਿਚੋਂ ਕਿਸੇ ਨੂੰ ਚੁਨਣ ਦੀ ਲੋੜ ਨਹੀਂ ਪੈਂਦੀ ਸੀ : ਮਿਸਾਲ ਵਜੋਂ, ਗੁਆਟੇਮਾਲਾ ਦੀ ਸਰਕਾਰ ਦੀ ਕਾਰਵਾਈ ਨਾਲ ਯੂਨਾਈਟਿਡ ਫਰੂਟ ਕੰਪਨੀ ਦੇ ਹਿੱਤਾਂ ਨੂੰ ਢਾਹ ਲੱਗੀ ਤਾਂ ਇਸ ਨੂੰ ਅਮਰੀਕਾ ਉੱਪਰ ਹਮਲਾ ਸਮਝਿਆ ਗਿਆ ਅਤੇ ਉਸ ਅਨੁਸਾਰ ਇਸ ਦਾ ਫ਼ੌਜੀ ਜਵਾਬ ਦਿੱਤਾ ਜਾਣਾ ਬਣਦਾ ਸੀ।

ਦਹਿਸ਼ਤਵਾਦ ਵਿਰੁੱਧ ਲੜਨ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਜੌੜੇ ਫ਼ਤੂਰ ਦਾ ਸ਼ਿਕਾਰ ਬੁਸ਼ ਸਰਕਾਰ ਅੰਦਰ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਭਰਮਾਰ ਹੈ ਜੋ ਕੰਪਨੀਆਂ ਦੇ ਬੋਰਡਾਂ ਵਿਚੋਂ ਤਾਜ਼ੇ ਤਾਜ਼ੇ ਸ਼ਾਮਲ ਕੀਤੇ ਗਏ ਹਨ। ਇਹ ਪ੍ਰਸ਼ਾਸਨ ਡਲਜ਼ ਵਰਗੇ ਘਚੋਲੇ ਅਤੇ ਗੜਬੜ-ਚੌਥ ਦਾ ਸ਼ਿਕਾਰ ਹੈ। ਜਿਨ੍ਹਾਂ ਕੰਪਨੀਆਂ ਨਾਲ ਡਲਜ਼ ਦਾ ਸਬੰਧ ਸੀ ਉਹ ਬਦੇਸ਼ਾਂ ਵਿਚ ਖਾਣਾਂ, ਖੇਤੀਬਾੜੀ, ਬੈਂਕਿੰਗ ਅਤੇ ਤੇਲ ਦੇ ਖੇਤਰਾਂ 'ਚ ਵੱਡੇ ਪੱਧਰ 'ਤੇ ਕੌਮਾਂਤਰੀ ਪੂੰਜੀ-ਨਿਵੇਸ਼ ਕਰਨ ਵਾਲੀਆਂ ਬਹੁ-ਕੌਮੀ ਕੰਪਨੀਆਂ ਸਨ। ਆਮ ਤੌਰ 'ਤੇ ਹੀ ਇਨ੍ਹਾਂ ਕੰਪਨੀਆਂ ਦਾ ਇਕ ਸਾਂਝਾ ਸਿੱਧਾ ਉਦੇਸ਼ ਸੀ—ਉਹ ਕਾਰੋਬਾਰ ਕਰਨ ਲਈ ਸਥਿਰ, ਮੁਨਾਫ਼ੇਯੋਗ ਮਾਹੌਲ ਚਾਹੁੰਦੀਆਂ ਸਨ ਜਿੱਥੇ ਪੂੰਜੀ-ਨਿਵੇਸ਼ ਲਈ ਮੋਕਲੇ ਕਾਨੂੰਨ ਹੋਣ, ਜਿੱਥੇ ਸਾਊ ਮਜ਼ਦੂਰ ਹੋਣ ਅਤੇ ਕੰਪਨੀਆਂ ਨੂੰ ਅਚਾਨਕ ਕੱਢ ਦੇਣ ਦੀ ਪ੍ਰੇਸ਼ਾਨੀ ਨਾ ਹੋਵੇ। ਰਾਜ ਪਲਟੇ ਅਤੇ ਫ਼ੌਜੀ ਦਖ਼ਲਅੰਦਾਜ਼ੀ ਤਾਂ ਇਸ ਉਦੇਸ਼ ਦੀ ਪੂਰਤੀ ਦਾ ਸਾਧਨ ਹਨ ਨਾ ਕਿ ਆਪਣੇ ਆਪ 'ਚ ਮਕਸਦ।

ਮੂਲਵਾਦੀ ਤਬਾਹੀਪਸੰਦ ਸਰਮਾਏਦਾਰਾਂ ਵਜੋਂ, ਦਹਿਸ਼ਤਵਾਦ ਵਿਰੁੱਧ ਜੰਗ ਦੇ ਘਾੜੇ ਆਪਣੇ ਤੋਂ ਪਹਿਲਿਆਂ ਨਾਲੋਂ ਕਾਰਪੋਰੇਟ ਸਿਆਸਤਦਾਨਾਂ ਦੀ ਵੱਖਰੀ ਨਸਲ ਵਿਚੋਂ ਹਨ। ਅਸਲ ਵਿਚ, ਇਨ੍ਹਾਂ ਲਈ ਜੰਗਾਂ ਅਤੇ ਹੋਰ ਤਬਾਹੀਆਂ ਆਪਣੇ ਆਪ 'ਚ ਹੀ ਉਦੇਸ਼ ਹਨ। ਜਦੋਂ ਡਿਕ ਚੈਨੀ ਅਤੇ ਰਮਜ਼ਫੈਲਡ ਜੋ ਕੁਝ ਲਾਕਹੀਡ, ਹੈਲੀਬਰਟਨ, ਕਾਰਲਾਈਲ ਅਤੇ ਜੀਲੀਡ ਲਈ ਫ਼ਾਇਦੇਮੰਦ ਹੈ ਉਸ ਨੂੰ ਜੋ ਕੁਝ ਅਮਰੀਕਾ ਅਤੇ ਅਸਲ ਵਿਚ ਦੁਨੀਆਂ ਲਈ ਫ਼ਾਇਦੇਮੰਦ ਹੈ ਉਸ ਨਾਲ

ਰਲਗੱਡ ਕਰਦੇ ਹਨ ਤਾਂ ਇਹ ਐਸੀ ਪੇਸ਼ਕਾਰੀ ਹੈ ਜਿਸ ਦੇ ਸਿੱਟੇ ਅਨੋਖੇ ਰੂਪ 'ਚ ਖ਼ਤਰਨਾਕ ਹਨ। ਨਿਰਸੰਦੇਹ ਇਨ੍ਹਾਂ ਕੰਪਨੀਆਂ ਲਈ ਤਬਾਹੀਆਂ ਫ਼ਾਇਦੇਮੰਦ ਹਨ ਜਿਵੇਂ ਜੰਗ, ਮਹਾਂਮਾਰੀਆਂ, ਕੁਦਰਤੀ ਆਫ਼ਤਾਂ ਅਤੇ ਵਸੀਲਿਆਂ ਦੀ ਥੁੜ੍ਹ ਰਾਹੀਂ ਤਬਾਹੀਆਂ। ਇਹੀ ਵਜ੍ਹ ਹੈ ਕਿ ਬੁਸ਼ ਦੇ ਸੱਤਾਧਾਰੀ ਹੋਣ ਦੇ ਸਮੇਂ ਤੋਂ ਇਨ੍ਹਾਂ ਦੀ ਦੌਲਤ 'ਚ ਨਾਟਕੀ ਰੂਪ 'ਚ ਵਾਧਾ ਹੋਇਆ ਹੈ। ਦਹਿਸ਼ਤਵਾਦ ਵਿਰੁੱਧ ਜੰਗ ਦੇ ਘਾੜਿਆਂ ਦੀਆਂ ਕਾਰਵਾਈਆਂ ਨੂੰ ਹੋਰ ਵੀ ਖ਼ਤਰਨਾਕ ਇਹ ਤੱਥ ਬਣਾ ਦਿੰਦਾ ਹੈ ਕਿ ਜਦੋਂ ਤੋਂ ਇਨ੍ਹਾਂ ਨੇ ਨਿੱਜੀਕਰਨ ਕੀਤੀਆਂ ਜੰਗਾਂ ਅਤੇ ਵਿਨਾਸ਼ਕਾਰੀ ਪ੍ਰਤੀਕਰਮ ਦੇ ਨਵੇਂ ਦੌਰ ਦਾ ਮੁੱਢ ਬੰਨ੍ਹਿਆ ਹੈ ਬੁਸ਼ ਦੇ ਅਹਿਮ ਅਧਿਕਾਰੀਆਂ ਨੇ ਤਬਾਹੀਪਸੰਦ ਸਰਮਾਏਦਾਰੀ ਦੇ ਢਾਂਚੇ 'ਚ ਆਪਣੇ ਹਿੱਤ ਬਰਕਰਾਰ ਰੱਖੇ ਹੋਏ ਹਨ। ਇਹ ਜਿਨ੍ਹਾਂ ਆਫ਼ਤਾਂ ਦੇ ਆਉਣ 'ਚ ਹੱਥ ਵਟਾਉਂਦੇ ਹਨ ਨਾਲ ਦੀ ਨਾਲ ਉਨ੍ਹਾਂ ਵਿਚੋਂ ਭਾਰੀ ਮੁਨਾਫ਼ੇ ਬਟੋਰਦੇ ਹਨ।

ਮਿਸਾਲ ਵਜੋਂ, ਜਦੋਂ ਰਮਜ਼ਫੈਲਡ ਨੇ 2006 ਦੀਆਂ ਮੱਧਕਾਲੀ ਚੋਣਾਂ 'ਚ ਰਿਪਬਲਿਕਨਾਂ ਦੀ ਹਾਰ ਮਗਰੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਪ੍ਰੈੱਸ ਨੇ ਰਿਪੋਰਟ ਦਿੱਤੀ ਕਿ ਉਹ ਮੁੜ ਨਿੱਜੀ ਖੇਤਰ ਵੱਲ ਵਾਪਸ ਜਾ ਰਿਹਾ ਹੈ। ਸਚਾਈ ਇਹ ਸੀ ਕਿ ਅਸਲ ਵਿਚ ਉਸ ਨੇ ਕਦੇ ਵੀ ਕੁਝ ਨਹੀਂ ਤਿਆਗਿਆ ਸੀ। ਜਦੋਂ ਰਮਜ਼ਫੈਲਡ ਨੇ ਬੁਸ਼ ਵਲੋਂ ਉਸ ਨੂੰ ਰੱਖਿਆ ਮੰਤਰੀ ਬਣਾਏ ਜਾਣ ਦੀ ਪੇਸ਼ਕਸ਼ ਕਬੂਲ ਕੀਤੀ ਤਾਂ ਉਸ ਲਈ ਸਾਰੇ ਸਰਕਾਰੀ ਅਧਿਕਾਰੀਆਂ ਵਾਂਗ ਉਹ ਜਮਾਂ-ਪੂੰਜੀ ਛੱਡਣੀ ਜ਼ਰੂਰੀ ਸੀ ਕਿਉਂਕਿ ਅਹੁਦੇ 'ਤੇ ਹੋਣ ਸਮੇਂ ਲਏ ਜਾਣ ਵਾਲੇ ਫ਼ੈਸਲਿਆਂ ਨਾਲ ਜਿਸ ਪੂੰਜੀ ਨੂੰ ਨਫ਼ਾ ਜਾਂ ਨੁਕਸਾਨ ਹੋਣ ਦੀ ਸੰਭਾਵਨਾ ਸੀ। ਸਿੱਧੀ ਜਹੀ ਗੱਲ ਹੈ—ਇਸ ਦਾ ਭਾਵ ਸੀ ਕੌਮੀ ਸੁਰੱਖਿਆ ਜਾਂ ਫ਼ੌਜ ਨਾਲ ਸਬੰਧਤ ਹਰ ਚੀਜ਼ ਵੇਚ ਦੇਣਾ। ਪਰ ਰਮਜ਼ਫੈਲਡ ਲਈ ਇਹ ਭਾਰੀ ਮੁਸ਼ਕਲ ਸੀ। ਉਹ ਤਬਾਹੀ ਨਾਲ ਸਬੰਧਤ ਵੱਖ-ਵੱਖ ਸਨਅਤਾਂ ਦੀ ਜਮਾਂ-ਪੂੰਜੀ ਦੇ ਬੋਝ ਹੇਠ ਐਨਾ ਦੱਬਿਆ ਹੋਇਆ ਸੀ ਕਿ ਉਸ ਨੇ ਹਿੱਕ ਠੋਕ ਕੇ ਕਹਿ ਦਿੱਤਾ ਕਿ ਸਮਾਂ ਸੀਮਾ ਅਨੁਸਾਰ ਇਨ੍ਹਾਂ ਨਾਲੋਂ ਤੋੜ-ਵਿਛੋੜਾ ਕਰਨਾ ਉਸ ਲਈ ਉੱਕਾ ਹੀ ਸੰਭਵ ਨਹੀਂ ਹੈ ਅਤੇ ਉਸ ਨੇ ਸਭ ਕਾਸੇ 'ਤੇ ਜੱਫਾ ਮਾਰੀ ਰੱਖਣ ਦੇ ਯਤਨ 'ਚ ਨੈਤਿਕ ਅਸੂਲਾਂ ਦੀ ਤਾਣੀ ਹੀ ਉਲਝਾ ਦਿੱਤੀ।

ਉਸ ਨੇ ਲਾਕਹੀਡ, ਬੋਇੰਗ ਅਤੇ ਸੁਰੱਖਿਆ ਨਾਲ ਸਬੰਧਤ ਹੋਰ ਕੰਪਨੀਆਂ 'ਚ ਆਪਣੀ ਸਿੱਧੀ ਮਾਲਕੀ ਵਾਲੇ ਸ਼ੇਅਰ ਵੇਚ ਦਿੱਤੇ ਅਤੇ ਪੰਜ ਕਰੋੜ ਡਾਲਰ ਦੇ ਸ਼ੇਅਰ ਜਾਅਲੀ ਟਰੱਸਟ ਦੇ ਖਾਤੇ ਪਾ ਦਿੱਤੇ। ਅਸਲ ਵਿਚ ਹਾਲੇ ਵੀ ਉਹ ਨਿੱਜੀ ਪੂੰਜੀ-ਨਿਵੇਸ਼ ਕਰਨ ਵਾਲੀਆਂ ਕੰਪਨੀਆਂ 'ਚ ਹਿੱਸੇਦਾਰ ਜਾਂ ਇਨ੍ਹਾਂ ਦਾ ਪੂਰਾ ਮਾਲਕ ਸੀ ਜੋ ਸੁਰੱਖਿਆ ਜਾਂ ਬਾਇਓ-ਤਕਨਾਲੋਜੀ ਦੇ ਸ਼ੇਅਰਾਂ ਦਾ ਕਾਰੋਬਾਰ ਕਰਦੀਆਂ ਸਨ। ਰਮਜ਼ਫੈਲਡ ਤੁਰੰਤ ਇਨ੍ਹਾਂ ਕੰਪਨੀਆਂ ਨੂੰ ਵੇਚ ਕੇ ਘਾਟਾ ਝੱਲਣ ਲਈ ਤਿਆਰ ਨਹੀਂ ਸੀ। ਇਸ ਦੀ ਥਾਂ ਉਸ ਨੇ ਦੋ-ਤਿੰਨ ਮਹੀਨਿਆਂ ਦੀ ਮੋਹਲਤ ਮੰਗ ਲਈ—ਸਰਕਾਰ 'ਚ ਇਸ ਪੱਧਰ 'ਤੇ ਇਹ ਪੂਰੀ ਤਰ੍ਹਾਂ ਜੱਗੋਂ ਤੇਹਰਵੀਂ ਗੱਲ ਸੀ। ਇਸ ਦਾ ਭਾਵ ਇਹ ਸੀ ਕਿ ਉਹ ਹਾਲੇ ਵੀ ਆਪਣੀਆਂ ਕੰਪਨੀਆਂ ਅਤੇ ਅਸਾਸਿਆਂ ਦੇ ਚੁੱਕਵੇਂ ਖ਼ਰੀਦਦਾਰ ਲੱਭਣ ਲਈ ਰੱਖਿਆ ਮੰਤਰੀ ਵਜੋਂ ਪੂਰੇ ਛੇ ਮਹੀਨੇ, ਜੇ ਸੰਭਵ ਹੋਵੇ ਤਾਂ ਇਸ ਤੋਂ ਵੀ ਲੰਮੀ ਮੋਹਲਤ ਭਾਲਦਾ ਸੀ।[9]

ਜਦੋਂ ਜੀਲੀਡ ਸਾਇੰਸਿਜ਼, ਜਿਸ ਦਾ ਚੇਅਰਮੈਨ ਰਮਜ਼ਫੈਲਡ ਖ਼ੁਦ ਸੀ ਅਤੇ ਜਿਸ ਕੋਲ ਟਾਮੀਫਲੂ ਦਾ ਪੇਟੈਂਟ ਸੀ, ਦੀ ਵਾਰੀ ਆਈ ਤਾਂ ਰੱਖਿਆ ਮੰਤਰੀ ਅੜ ਗਿਆ। ਵਪਾਰਕ ਹਿੱਤਾਂ ਅਤੇ ਅਹੁਦੇ ਦੀ ਜ਼ਿੰਮੇਵਾਰੀ ਵਿਚੋਂ ਇਕ ਪਾਸਾ ਚੁਨਣ ਦਾ ਸਵਾਲ ਖੜ੍ਹਾ ਹੋਣ 'ਤੇ ਉਸ ਨੇ ਸਾਫ਼ ਨਾਂਹ ਕਰ ਦਿੱਤੀ। ਮਹਾਂਮਾਰੀਆਂ ਕੌਮੀ ਸੁਰੱਖਿਆ ਦਾ ਮਾਮਲਾ ਹਨ ਅਤੇ ਇਸ ਕਰਕੇ ਰੱਖਿਆ

ਮੰਤਰੀ ਦੇ ਅਹੁਦੇ ਦੇ ਮਤਹਿਤ ਹਨ। ਹਿੱਤਾਂ ਦੇ ਇਸ ਉੱਘੜਵੇਂ ਟਕਰਾਅ ਦੇ ਬਾਵਜੂਦ ਵੀ ਰਮਜ਼ਫੈਲਡ ਨੇ ਪੂਰੇ ਕਾਰਜ ਕਾਲ ਦੌਰਾਨ ਆਪਣੇ ਜੀਲੀਡ ਦੇ ਸ਼ੇਅਰ ਨਹੀਂ ਵੇਚੇ। ਉਹ ਜੀਲੀਡ ਵਿਚ 80 ਲੱਖ ਤੋਂ ਲੈ ਕੇ 3 ਕਰੋੜ 90 ਲੱਖ ਡਾਲਰ 'ਤੇ ਜੱਫਾ ਮਾਰ ਕੇ ਬੈਠਾ ਰਿਹਾ।[10]

ਜਦੋਂ ਸੈਨੇਟ ਦੀ ਨੈਤਿਕਤਾ ਕਮੇਟੀ ਨੇ ਰਮਜ਼ਫੈਲਡ ਤੋਂ ਇਸ ਤਰ੍ਹਾਂ ਦੇ ਟਕਰਾਅ ਨਾਲ ਸਬੰਧਤ ਅਸੂਲਾਂ ਦੀ ਪਾਲਣਾ ਕਰਾਉਣੀ ਚਾਹੀ ਤਾਂ ਉਹ ਸ਼ਰੇਆਮ ਝਗੜੇ 'ਤੇ ਉੱਤਰ ਆਇਆ। ਇਕ ਸਮੇਂ ਤਾਂ ਉਸ ਨੇ ਸਰਕਾਰੀ ਨੈਤਿਕਤਾ ਦਫ਼ਤਰ ਨੂੰ ਚਿੱਠੀ ਲਿਖ ਕੇ ਸ਼ਿਕਾਇਤ ਕੀਤੀ ਕਿ ਉਸ ਨੂੰ ਜਾਇਦਾਦ ਦਾ ਵੇਰਵਾ ਦੇਣ ਵਾਲੇ ਫਾਰਮ ਭਰਨ ਲਈ ਲੇਖਾਕਾਰਾਂ ਦੀਆਂ ਸੇਵਾਵਾਂ ਲੈਣ 'ਤੇ 60,000 ਡਾਲਰ ਖ਼ਰਚ ਕਰਨੇ ਪਏ ਕਿਉਂਕਿ ਇਹ ਫਾਰਮ "ਬਹੁਤ ਜ਼ਿਆਦਾ ਗੁੰਝਲਦਾਰ ਅਤੇ ਘਚੋਲਾ ਪਾਊ" ਸਨ। ਜਿਹੜਾ ਬੰਦਾ ਅਹੁਦੇ 'ਤੇ ਰਹਿੰਦਿਆਂ 9 ਕਰੋੜ 50 ਲੱਖ ਡਾਲਰ ਸ਼ੇਅਰਾਂ 'ਤੇ ਜੱਫਾ ਮਾਰੀ ਰੱਖਣਾ ਚਾਹੁੰਦਾ ਸੀ ਉਸ ਨੂੰ ਜੇ ਹੇਰਾਫੇਰੀ ਕਰਨ ਦੀ ਸੱਠ ਹਜ਼ਾਰ ਡਾਲਰ ਫੀਸ ਦੇਣੀ ਪੈ ਗਈ ਤਾਂ ਇਹ ਨਜਾਇਜ਼ ਨਹੀਂ ਸੀ।[11]

ਦੇਸ਼ ਦੇ ਚੋਟੀ ਦੇ ਸੁਰੱਖਿਆ ਅਹੁਦੇ 'ਤੇ ਰਹਿੰਦੇ ਹੋਏ ਤਬਾਹੀ ਵਿਚੋਂ ਪੈਸਾ ਬਣਾਉਣਾ ਬੰਦ ਨਾ ਕਰਨ ਦੀ ਅੜੀ ਕਾਰਨ ਉਸ ਦੀ ਰੱਖਿਆ ਮੰਤਰੀ ਵਜੋਂ ਕਾਰਗੁਜ਼ਾਰੀ ਠੋਸ ਰੂਪ 'ਚ ਪ੍ਰਭਾਵਿਤ ਹੋਈ। ਅਹੁਦਾ ਸੰਭਾਲਣ ਦੇ ਪਹਿਲੇ ਸਾਲ ਦਾ ਬਹੁਤ ਸਮਾਂ ਜਦੋਂ ਰਮਜ਼ਫੈਲਡ ਆਪਣੀ ਜਾਇਦਾਦ ਦੇ ਬੋਝ ਤੋਂ ਸੁਰਖ਼ਰੂ ਹੋਣ ਦੀ ਤਾਕ 'ਚ ਸੀ, ਓਦੋਂ ਉਸ ਨੇ ਬਹੁਤ ਸਾਰੇ ਅਹਿਮ ਨੀਤੀ ਫ਼ੈਸਲਿਆਂ 'ਚ ਹਿੱਸਾ ਹੀ ਨਹੀਂ ਲਿਆ। ਐਸੋਸੀਏਟਡ ਪ੍ਰੈੱਸ ਅਨੁਸਾਰ "ਉਸ ਨੇ ਪੈਂਟਾਗਾਨ ਦੀਆਂ ਉਨ੍ਹਾਂ ਮੀਟਿੰਗਾਂ ਤੋਂ ਟਾਲਾ ਵੱਟਿਆ ਜਿਨ੍ਹਾਂ ਵਿਚ ਏਡਜ਼ ਦਾ ਮੁੱਦਾ ਵਿਚਾਰਿਆ ਗਿਆ।" ਇਸੇ ਤਰ੍ਹਾਂ ਜਦੋਂ ਫੈਡਰਲ ਸਰਕਾਰ ਨੇ ਉਨ੍ਹਾਂ ਅਨੇਕਾਂ ਚੋਟੀ ਦੀਆਂ ਕੰਪਨੀਆਂ ਦੇ ਰਲੇਵਿਆਂ ਅਤੇ ਇਨ੍ਹਾਂ ਨੂੰ ਵੇਚੇ ਜਾਣ 'ਚ ਦਖ਼ਲਅੰਦਾਜ਼ੀ ਕਰਨ ਦਾ ਫ਼ੈਸਲਾ ਲੈਣਾ ਸੀ ਜਿਨ੍ਹਾਂ ਵਿਚ ਜਨਰਲ ਇਲੈਕਟ੍ਰਿਕ, ਹਨੀਵੈੱਲ, ਨਾਰਥਰੌਪ, ਗਰੂਮੈਨ ਅਤੇ ਸਿਲੀਕਾਨ ਵੈਲੀ ਗ੍ਰਾਫਿਕਸ ਵਰਗੀਆਂ ਸੁਰੱਖਿਆ ਦੇ ਠੇਕੇ ਲੈਣ ਵਾਲੀਆਂ ਕੰਪਨੀਆਂ ਸ਼ਾਮਲ ਸਨ, ਓਦੋਂ ਵੀ ਰਮਜ਼ਫੈਲਡ ਆਹਲਾ ਮਿਆਰੀ ਗੱਲਬਾਤ 'ਚ ਸ਼ਾਮਲ ਨਹੀਂ ਹੋਇਆ। ਉਸ ਦੇ ਆਪਣੇ ਅਧਿਕਾਰਤ ਬੁਲਾਰੇ ਦੇ ਦੱਸਣ ਅਨੁਸਾਰ ਮਾਮਲਾ ਇਹ ਸੀ ਕਿ ਉੱਪਰੋਕਤ ਇਨ੍ਹਾਂ ਕੰਪਨੀਆਂ ਨਾਲ ਉਸ ਦਾ ਵਿੱਤੀ ਰਿਸ਼ਤਾ ਸੀ। ਜਦੋਂ ਇਕ ਪੱਤਰਕਾਰ ਨੇ ਰਮਜ਼ਫੈਲਡ ਨੂੰ ਇਨ੍ਹਾਂ ਕੰਪਨੀਆਂ ਦੇ ਵੇਚੇ ਜਾਣ ਬਾਰੇ ਸਵਾਲ ਕੀਤਾ ਤਾਂ ਉਸ ਨੇ ਦੱਸਿਆ, "ਹੁਣ ਤੱਕ ਮੈਂ ਇਨ੍ਹਾਂ ਤੋਂ ਦੂਰ ਹੀ ਰਿਹਾ ਹਾਂ।"[12]

ਛੇ ਸਾਲ ਅਹੁਦੇ 'ਤੇ ਰਹਿਣ ਸਮੇਂ, ਜਦੋਂ ਵੀ ਗੱਲ ਏਵੀਅਨ ਫਲੂ ਦੇ ਇਲਾਜ ਅਤੇ ਇਸ ਲਈ ਦਵਾਈਆਂ ਖ਼ਰੀਦਣ ਵੱਲ ਮੁੜਦੀ ਤਾਂ ਉਹ ਕਮਰਾ ਛੱਡ ਕੇ ਤੁਰ ਜਾਂਦਾ। ਜਿਸ ਤਰ੍ਹਾਂ ਦੇ ਜੁਗਾੜ ਸਦਕਾ ਉਸ ਨੇ ਆਪਣੇ ਸ਼ੇਅਰਾਂ 'ਤੇ ਜੱਫਾ ਮਾਰੀ ਰੱਖਿਆ ਉਸ ਦਾ ਵੇਰਵਾ ਦੇਣ ਵਾਲੀ ਚਿੱਠੀ ਅਨੁਸਾਰ ਉਹ ਉਨ੍ਹਾਂ ਫ਼ੈਸਲਿਆਂ ਤੋਂ ਦੂਰ ਰਹਿੰਦਾ ਸੀ ਜਿਨ੍ਹਾਂ ਬਾਰੇ ਉਸ ਨੂੰ "ਅਗਾਊਂ ਸੂਹ ਮਿਲ ਜਾਂਦੀ ਕਿ ਇਨ੍ਹਾਂ ਦਾ ਸਿੱਧਾ ਅਸਰ ਜੀਲੀਡ 'ਤੇ ਪਵੇਗਾ।"[13] ਇਹ ਵੱਖਰੀ ਗੱਲ ਹੈ ਕਿ ਉਸ ਦੇ ਸੰਗੀ-ਸਾਥੀਆਂ ਨੇ ਉਸ ਦੇ ਹਿੱਤਾਂ ਦਾ ਪੂਰਾ ਖ਼ਿਆਲ ਰੱਖਿਆ। ਜੁਲਾਈ 2005 'ਚ, ਪੈਂਟਾਗਾਨ ਨੇ ਪੰਜ ਕਰੋੜ 80 ਲੱਖ ਡਾਲਰ ਕੀਮਤ ਦੀ ਟਾਮੀਫਲੂ ਦੀ ਦਵਾਈ ਖ਼ਰੀਦੀ। ਨਾਲ ਹੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਨੇ ਐਲਾਨ ਕੀਤਾ ਕਿ ਕੁਝ ਮਹੀਨਿਆਂ ਬਾਅਦ ਇਹ 1 ਅਰਬ ਡਾਲਰ ਕੀਮਤ ਦੀ ਦਵਾਈ ਦਾ ਆਰਡਰ ਦੇਵੇਗਾ।[14]

ਰਮਜ਼ਫੈਲਡ ਨੂੰ ਸ਼ਰੇਆਮ ਇਹ ਉਲੰਘਣਾ ਕਰਨ ਦਾ ਸਿਲ੍ਹਾ ਮਿਲਿਆ। ਜੇ ਉਹ ਜਨਵਰੀ

2001 'ਚ ਅਹੁਦਾ ਸੰਭਾਲਦੇ ਸਾਰ ਜੀਲੀਡ ਦੇ ਸ਼ੇਅਰ ਵੇਚ ਦਿੰਦਾ ਤਾਂ ਉਸ ਨੂੰ ਪ੍ਰਤੀ ਸ਼ੇਅਰ ਸਿਰਫ਼ 7.45 ਡਾਲਰ ਮਿਲਣੇ ਸਨ। ਪਰ ਜਿੰਨਾ ਸਮਾਂ ਵੀ ਏਵੀਅਨ ਫਲੂ ਦਾ ਹਊਆ ਖੜ੍ਹਾ ਹੋਇਆ, ਜਿੰਨੀ ਵਾਰ ਵੀ ਜੀਵਾਣੂ ਦਹਿਸ਼ਤ ਫੈਲੀ, ਉਸ ਦੀ ਸਰਕਾਰ ਇਸ ਕੰਪਨੀ 'ਚ ਭਾਰੀ ਪੂੰਜੀ-ਨਿਵੇਸ਼ ਕਰਨ ਦੇ ਫ਼ੈਸਲੇ ਲੈਂਦੀ ਰਹੀ। ਇਸ ਦੀ ਬਦੌਲਤ ਰਮਜ਼ਫੈਲਡ ਦੇ ਸ਼ੇਅਰਾਂ ਦੇ ਭਾਅ ਉਸ ਦੇ ਅਹੁਦਾ ਛੱਡਣ ਸਮੇਂ 67.60 ਡਾਲਰ ਪ੍ਰਤੀ ਸ਼ੇਅਰ ਹੋ ਚੁੱਕੇ ਸਨ—ਭਾਵ 807 ਫ਼ੀ ਸਦੀ ਦਾ ਵਾਧਾ ਹੋ ਗਿਆ ਸੀ (ਅਪ੍ਰੈਲ 2007 'ਚ ਇਨ੍ਹਾਂ ਦੀ ਕੀਮਤ 84 ਡਾਲਰ ਪ੍ਰਤੀ ਸ਼ੇਅਰ ਹੋ ਗਈ ਸੀ।)[15] ਇਸ ਦਾ ਅਰਥ ਸੀ ਕਿ ਰੱਖਿਆ ਮੰਤਰੀ ਦਾ ਅਹੁਦਾ ਛੱਡਣ ਸਮੇਂ ਰਮਜ਼ਫੈਲਡ ਓਦੋਂ ਨਾਲੋਂ ਚੋਖਾ ਵੱਡਾ ਧਨਾਢ ਬਣ ਚੁੱਕਿਆ ਸੀ ਜਦੋਂ ਉਸ ਨੇ ਅਹੁਦਾ ਸੰਭਾਲਿਆ ਸੀ। ਸਰਕਾਰੀ ਅਹੁਦੇ 'ਤੇ ਰਹਿੰਦਿਆਂ ਅਰਬਪਤੀ ਬਣਨ ਦੀ ਅਜਿਹੀ ਮਿਸਾਲ ਵਿਰਲੀ ਟਾਵੀਂ ਹੀ ਮਿਲਦੀ ਹੈ।

ਜੇ ਰਮਜ਼ਫੈਲਡ ਨੇ ਜੀਲੀਡ ਦਾ ਸਾਥ ਨਹੀਂ ਛੱਡਿਆ ਤਾਂ ਚੈਨੀ ਵੀ ਘੱਟ ਨਹੀਂ ਸੀ। ਉਹ ਵੀ ਹੈਲੀਬਰਟਨ ਨਾਲੋਂ ਸਬੰਧ ਤੋੜਨ ਤੋਂ ਭੱਜਦਾ ਰਿਹਾ—ਪਰ ਜੀਲੀਡ ਨਾਲ ਰਮਜ਼ਫੈਲਡ ਦੀ ਸਾਂਝ ਦੇ ਉਲਟ ਚੈਨੀ ਦੀ ਸਾਂਝ ਉੱਤੇ ਪ੍ਰਚਾਰ-ਮਾਧਿਅਮਾਂ ਨੇ ਤਿੱਖੀ ਨਜ਼ਰ ਰੱਖੀ। ਇਸ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਦਾ ਅਹੁਦਾ ਛੱਡ ਕੇ ਜਾਰਜ ਬੁਸ਼ ਦਾ ਸੰਗੀ-ਸਾਥੀ ਬਣਨ ਤੋਂ ਪਹਿਲਾਂ ਚੈਨੀ ਨੇ ਸੇਵਾ-ਮੁਕਤੀ ਸੌਦੇਬਾਜ਼ੀ ਕੀਤੀ ਜਿਸ ਦੇ ਸਿੱਟੇ ਵਜੋਂ ਉਹ ਹੈਲੀਬਰਟਨ ਦੇ ਸ਼ੇਅਰਾਂ ਅਤੇ ਤਰਜੀਹਾਂ ਨਾਲ ਮਾਲਾਮਾਲ ਹੋ ਗਿਆ। ਪ੍ਰੈੱਸ ਵਲੋਂ ਪ੍ਰੇਸ਼ਾਨੀ ਪੈਦਾ ਕਰਨ ਵਾਲੇ ਸਵਾਲ ਉਠਾਏ ਜਾਣ ਤੋਂ ਬਾਅਦ, ਉਹ ਹੈਲੀਬਰਟਨ ਦੇ ਕੁਝ ਸ਼ੇਅਰ ਵੇਚਣੇ ਮੰਨ ਗਿਆ। ਇਸ ਰਾਹੀਂ ਉਸ ਨੂੰ 1 ਕਰੋੜ 85 ਲੱਖ ਡਾਲਰ ਦਾ ਭਾਰੀ ਮੁਨਾਫ਼ਾ ਹੋਇਆ। ਪਰ ਉਸ ਨੇ ਸਾਰਾ ਸੌਦਾ ਨਹੀਂ ਨਬੇੜਿਆ। *ਵਾਲ ਸਟਰੀਟ ਜਰਨਲ* ਅਨੁਸਾਰ "ਚੈਨੀ ਨੇ ਹੈਲੀਬਰਟਨ ਦੇ 1 ਲੱਖ 89000 ਸ਼ੇਅਰਾਂ ਅਤੇ ਪੰਜ ਲੱਖ ਹੋਰ ਪੂੰਜੀ-ਨਿਵੇਸ਼ ਤਰਜੀਹਾਂ ਨੂੰ ਜੱਫਾ ਮਾਰੀ ਰੱਖਿਆ। ਹਾਲਾਂਕਿ ਬਾਅਦ 'ਚ ਉਸ ਨੇ ਇਕ ਕਾਨੂੰਨੀ ਸਮਝੌਤੇ ਉੱਪਰ ਦਸਤਖ਼ਤ ਕਰਕੇ ਇਨ੍ਹਾਂ ਸ਼ੇਅਰਾਂ ਤੋਂ ਹੋਣ ਵਾਲੇ ਮੁਨਾਫ਼ੇ ਦਾਨੀ ਸੰਸਥਾਵਾਂ ਨੂੰ ਦਾਨ ਕਰ ਦਿੱਤੇ।"[16]

ਉੱਪ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿਣ ਸਮੇਂ ਪਹਿਲੇ ਚਾਰ ਸਾਲ ਹੈਲੀਬਰਟਨ ਤੋਂ ਉਸ ਨੂੰ ਦੋ ਲੱਖ ਗਿਆਰਾਂ ਹਜ਼ਾਰ ਡਾਲਰ ਦੀ ਸਾਲਾਨਾ ਆਮਦਨ ਹੁੰਦੀ ਰਹੀ। ਜੋ ਉਸ ਦੀ ਸਰਕਾਰੀ ਤਨਖ਼ਾਹ ਦੇ ਬਰਾਬਰ ਸੀ। ਇਸ ਦੌਰਾਨ ਤੇਲ ਦੀਆਂ ਕੀਮਤਾਂ ਆਸਮਾਨ ਛੂਹ ਜਾਣ ਅਤੇ ਫ਼ੌਜ ਨਾਲ ਸਬੰਧਤ ਠੇਕੇ ਬਿਨਾ ਬੋਲੀ ਲਗਾਏ ਹਾਸਲ ਕਰ ਲੈਣ ਦੇ ਸਿੱਟੇ ਵਜੋਂ ਹੈਲੀਬਰਟਨ ਦੀ ਦੌਲਤ ਤੇਜ਼ੀ ਨਾਲ ਵਧੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੋਵਾਂ ਕਾਰਕਾਂ ਦਾ ਇਰਾਕ ਉੱਪਰ ਹਮਲੇ ਦੇ ਫ਼ੈਸਲੇ ਨਾਲ ਡੂੰਘਾ ਸਬੰਧ ਸੀ। ਚੈਨੀ ਨੇ ਜ਼ੋਰ ਦਿੱਤਾ ਸੀ ਕਿ ਅਮਰੀਕਾ ਦੇ ਹਿੱਤਾਂ ਦੀ ਰਾਖੀ ਕਰਨ ਲਈ ਹਮਲਾ ਬਹੁਤ ਜ਼ਰੂਰੀ ਹੈ। ਜਿਵੇਂ ਸਾਹਮਣੇ ਆਇਆ, ਜੰਗ ਨਾਲ ਤਾਂ ਅਮਰੀਕੀ ਲੋਕ ਸਰੀਰਕ ਅਤੇ ਆਰਥਕ ਦੋਵਾਂ ਪੱਖਾਂ ਤੋਂ ਪਹਿਲਾਂ ਜਿੰਨੇ ਮਹਿਫ਼ੂਜ਼ ਵੀ ਨਹੀਂ ਰਹੇ ਪਰ ਹੈਲੀਬਰਟਨ ਨੇ ਚੋਖੀ ਕਮਾਈ ਕਰ ਲਈ। "ਇਰਾਕ ਦੀ ਜੰਗ ਤੋਂ ਪਹਿਲਾਂ ਇਸ ਦੇ ਸ਼ੇਅਰਾਂ ਦਾ ਮੁੱਲ 10 ਡਾਲਰ ਸੀ, ਤਿੰਨ ਸਾਲ ਬਾਅਦ ਇਹ 41 ਡਾਲਰ ਪ੍ਰਤੀ ਸ਼ੇਅਰ ਹੋ ਗਿਆ—ਭਾਵ 300 ਫ਼ੀ ਸਦੀ ਦਾ ਛਲੱਪਾ।"[17] ਕਿਨਜ਼ਰ ਦਾ ਫਾਰਮੂਲਾ ਇਰਾਕ ਉੱਤੇ ਪੂਰਾ ਢੁੱਕਦਾ ਹੈ। ਸੱਦਾਮ ਅਮਰੀਕਾ ਦੀ ਸੁਰੱਖਿਆ ਲਈ ਬਿਲਕੁਲ ਹੀ ਖ਼ਤਰਾ ਨਹੀਂ ਸੀ। ਪਰ ਉਹ ਅਮਰੀਕਾ ਦੀਆਂ ਊਰਜਾ ਕੰਪਨੀਆਂ ਲਈ ਖ਼ਤਰਾ ਸੀ ਕਿਉਂਕਿ ਉਸ ਨੇ ਥੋੜ੍ਹਾ ਸਮਾਂ ਪਹਿਲਾਂ ਹੀ ਰੂਸ ਦੀ ਦਿਓਕੱਦ ਤੇਲ ਕੰਪਨੀ ਨਾਲ ਸਮਝੌਤੇ ਕੀਤੇ ਸਨ ਅਤੇ ਫਰਾਂਸ ਦੀ ਟੋਟਲ ਕੰਪਨੀ ਨਾਲ ਉਸ ਦੀ ਗੱਲਬਾਤ ਚੱਲ ਰਹੀ ਸੀ। ਇਸ

ਤਰ੍ਹਾਂ, ਅਮਰੀਕੀ ਅਤੇ ਬਰਤਾਨਵੀ ਤੇਲ ਕੰਪਨੀਆਂ ਦੇ ਪੱਲੇ ਕੁਝ ਨਹੀਂ ਰਹਿਣਾ ਸੀ; ਦੁਨੀਆਂ ਦੇ ਤੀਜੇ ਸਭ ਤੋਂ ਵੱਡੇ ਤੇਲ ਭੰਡਾਰਾਂ ਨੇ ਬਰਤਾਨਵੀ-ਅਮਰੀਕੀ ਜਕੜ 'ਚੋਂ ਨਿਕਲ ਜਾਣਾ ਸੀ।[18] ਸੱਦਾਮ ਨੂੰ ਸੱਤਾ ਤੋਂ ਹਟਾਏ ਜਾਣ ਨਾਲ ਐਕਸਨਮੋਬਿਲ, ਸ਼ੇਵਰਨ, ਸ਼ੈੱਲ ਅਤੇ ਬੀ ਪੀ ਅਤੇ ਹੋਰ ਦਿਓਕੱਦ ਕੰਪਨੀਆਂ ਲਈ ਨਵੇਂ ਰਾਹ ਖੁੱਲ੍ਹ ਗਏ। ਇਹ ਸਭ ਇਰਾਕ ਅੰਦਰ ਨਵੇਂ ਸੌਦਿਆਂ ਦਾ ਜੁਗਾੜ ਕਰਨ 'ਚ ਜੁੱਟ ਗਈਆਂ। ਨਾਲ ਹੀ ਹੈਲੀਬਰਟਨ ਨੇ ਦੁਬਈ ਵੱਲ ਚਾਲੇ ਪਾ ਦਿੱਤੇ ਜੋ ਇਨ੍ਹਾਂ ਕੰਪਨੀਆਂ ਨੂੰ ਊਰਜਾ ਸੇਵਾਵਾਂ ਦੇਣ ਲਈ ਸਹੀ ਟਿਕਾਣਾ ਸੀ।[19] ਹੈਲੀਬਰਟਨ ਦੇ ਇਤਿਹਾਸ 'ਚ ਜੰਗ ਪਹਿਲਾਂ ਹੀ ਸਭ ਤੋਂ ਵੱਧ ਮੁਨਾਫ਼ੇ ਦੇਣ ਵਾਲਾ ਵਾਕਿਆ ਰਹੀ ਹੈ।

ਰਮਜ਼ਫੈਲਡ ਅਤੇ ਚੈਨੀ ਨੇ ਜਦੋਂ ਮੁੜ ਸਿਆਸਤ 'ਚ ਪੈਰ ਧਰਿਆ ਤਾਂ ਉਹ ਤਬਾਹੀ ਦਾ ਲਾਹਾ ਲੈ ਕੇ ਬਣਾਈਆਂ ਜਾਇਦਾਦਾਂ ਤੋਂ ਸੁਖਾਲਿਆਂ ਹੀ ਪਾਸੇ ਹੋ ਸਕਦੇ ਸਨ ਅਤੇ ਇਸ ਨਾਲ ਉਹ ਸ਼ੱਕ ਵੀ ਖ਼ਤਮ ਹੋ ਜਾਂਦੇ ਹਨ ਕਿ ਤਬਾਹੀ ਦੇ ਹਾਲਾਤ ਪੈਦਾ ਕਰਨ 'ਚ ਉਨ੍ਹਾਂ ਨੇ ਜਿਹੜਾ ਜੋਸ਼ ਦਿਖਾਇਆ ਉਸ 'ਚ ਮੁਨਾਫ਼ੇ ਅਤੇ ਕੰਪਨੀਆਂ ਪ੍ਰਤੀ ਪੁਰਾਣੀਆਂ ਵਫ਼ਾਦਾਰੀਆਂ ਦੀ ਕੀ ਭੂਮਿਕਾ ਸੀ। ਇਸ ਦੀ ਬਜਾਏ, ਉਨ੍ਹਾਂ ਨੇ ਇਨ੍ਹਾਂ ਕੰਪਨੀਆਂ ਨਾਲੋਂ ਸਬੰਧ ਤੋੜਨ ਤੋਂ ਕੋਰੀ ਨਾਂਹ ਕਰ ਦਿੱਤੀ ਅਤੇ ਸਰਕਾਰ ਦੀਆਂ ਨੈਤਿਕਤਾ ਕਮੇਟੀਆਂ ਇਨ੍ਹਾਂ ਦੀ ਜ਼ਿੱਦ ਮੂਹਰੇ ਝੁਕ ਗਈਆਂ।

ਦੂਜੀ ਸੰਸਾਰ ਜੰਗ ਸਮੇਂ, ਰਾਸ਼ਟਰਪਤੀ ਫਰੈਂਕਲਿਨ ਡੀ ਰੂਜ਼ਵੈਲਟ ਨੇ ਜੰਗ ਵਿਚੋਂ ਮੁਨਾਫ਼ੇ ਬਟੋਰਨ ਵਾਲਿਆਂ ਦਾ ਸਖ਼ਤੀ ਨਾਲ ਵਿਰੋਧ ਕਰਦਿਆਂ ਕਿਹਾ ਸੀ : "ਮੈਂ ਨਹੀਂ ਚਾਹੁੰਦਾ ਇਸ ਵਿਸ਼ਵ ਤਬਾਹੀ ਦੇ ਸਿੱਟੇ ਵਜੋਂ ਅਮਰੀਕਾ 'ਚ ਇਕ ਵੀ ਐਸਾ ਅਮੀਰ ਦਿਖਾਈ ਦੇਵੇ ਜੋ ਜੰਗ ਦਾ ਲਾਹਾ ਲੈ ਕੇ ਲੱਖਪਤੀ ਬਣਿਆ ਹੋਵੇ।" ਹੈਰਾਨੀ ਤਾਂ ਇਹ ਹੈ ਕਿ ਉਹ ਰਮਜ਼ਫੈਲਡ ਦਾ ਕੀ ਕਰਦਾ ਜਿਸ ਨੇ 2004 'ਚ ਰੱਖਿਆ ਮੰਤਰੀ ਹੋਣ ਸਮੇਂ ਜੀਲੀਡ ਦੇ ਸ਼ੇਅਰਾਂ ਦੇ ਮੁਨਾਫ਼ੇ ਦਾ ਲੋਭ ਨਹੀਂ ਛੱਡਿਆ। ਜਾਇਦਾਦ ਦੇ ਵੇਰਵੇ ਜਨਤਕ ਕਰਨ ਦੀ ਸਾਲਾਨਾ ਰਿਪੋਰਟ ਅਨੁਸਾਰ ਉਹ ਮੌਜ ਨਾਲ ਹੀ 50 ਲੱਖ ਡਾਲਰ ਬਣਾ ਗਿਆ। ਜਦੋਂ ਉਸ ਨੇ ਅਹੁਦਾ ਛੱਡਿਆ ਤਾਂ ਇਹ ਮੁਨਾਫ਼ੇ ਉਸ ਦੀ ਝੋਲੀ ਪੈਣ ਲਈ ਤਿਆਰ-ਬਰ ਤਿਆਰ ਸਨ।[20] ਬੁਸ਼ ਸਰਕਾਰ ਅੰਦਰ, ਜੰਗ ਤੋਂ ਮੁਨਾਫ਼ੇ ਕਮਾਉਣ ਵਾਲੇ ਸਰਕਾਰ ਤੱਕ ਪਹੁੰਚਣ ਲਈ ਹਾਲ-ਪਾਹਰਿਆ ਨਹੀਂ ਮਚਾਉਂਦੇ, ਇੱਥੇ ਤਾਂ ਉਹ ਖ਼ੁਦ ਸਰਕਾਰ ਹਨ। ਦੋਵਾਂ ਵਿਚਕਾਰ ਕੋਈ ਨਿਖੇੜਾ ਹੀ ਨਹੀਂ ਹੈ।

ਜਿੰਨਾ ਕੁ ਯਾਦ ਹੈ ਬੁਸ਼ ਦਾ ਕਾਰਜ-ਕਾਲ ਕੁਝ ਸਭ ਤੋਂ ਘਿਣਾਉਣੇ ਅਤੇ ਘੋਰ ਭ੍ਰਿਸ਼ਟਾਚਾਰੀ ਸਕੈਂਡਲਾਂ ਦਾ ਲਖਾਇਕ ਹੈ : ਜਿਵੇਂ ਕਾਂਗਰਸ ਦੇ ਮੈਂਬਰਾਂ ਨੂੰ ਜੈਕ ਅਬਰਾਮੌਫ (ਅਮਰੀਕਾ ਦਾ ਸਾਬਕਾ ਰਿਪਬਲਿਕਨ ਜੋ ਜੂਏਬਾਜ਼ੀ ਦੇ ਧੰਦੇ ਤੋਂ ਧਨ ਬਟੋਰ ਕੇ ਕਾਰਪੋਰਟਾਂ ਲਈ ਕਾਂਗਰਸ ਮੈਂਬਰਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨ ਦੇ ਮਹਾਂ ਸਕੈਂਡਲ 'ਚ ਜੇਲ੍ਹ ਬੰਦ ਹੈ) ਅਤੇ ਉਸ ਵਲੋਂ ਕਾਂਗਰਸ ਦੇ ਮੈਂਬਰਾਂ ਨੂੰ ਗੌਲਫ਼ ਕਲੱਬਾਂ 'ਚ ਛੁੱਟੀਆਂ ਮਨਾਉਣ ਦੀ ਪੇਸ਼ਕਸ਼; ਰੈਂਡੀ "ਡਿਊਕ" ਕਨਿੰਘਮ, ਜੋ ਹੁਣ ਅੱਠ ਸਾਲ ਦੀ ਕੈਦ ਭੁਗਤ ਰਿਹਾ ਹੈ, ਦੀ ਆਧੁਨਿਕ ਸੈਲਾਨੀ ਕਿਸ਼ਤੀ *ਦੀ ਡਿਊਕ ਸਟਿਰ* ਦਾ ਮਾਮਲਾ ਜੋ ਇਕ ਸੁਰੱਖਿਆ ਦੇ ਠੇਕਿਆਂ ਨਾਲ ਸਬੰਧਤ ਠੇਕੇਦਾਰ ਨੂੰ ਕਾਂਗਰਸ ਦੇ ਸਰਕਾਰੀ ਲੈਟਰ-ਹੈੱਡ ਉੱਪਰ ਦਿੱਤੀ ਗਈ "ਰਿਸ਼ਵਤ ਸੂਚੀ" 'ਚ ਸ਼ਾਮਲ ਸੀ; ਅਤੇ ਵਾਟਰ ਗੇਟ ਹੋਟਲ ਵਿਚ ਸੁਸ਼ੀਲ ਕੰਜਰੀਆਂ ਨਾਲ ਪਾਰਟੀਆਂ 'ਚ ਸ਼ਾਮਲ ਹੋਣ ਦਾ ਮਾਮਲਾ—ਇਹ ਸਾਰੇ ਸਕੈਂਡਲ ਨੱਬੇਵਿਆਂ ਦੇ ਅੱਧ 'ਚ ਮਾਸਕੋ ਅਤੇ ਬਿਓਨਸ ਏਅਰੀਸ ਦੇ ਸਕੈਂਡਲਾਂ ਵਰਗੇ ਹਨ।[21]

ਇਸ ਤੋਂ ਅੱਗੇ ਸਰਕਾਰ ਅਤੇ ਸਨਅਤ ਵਿਚਕਾਰ ਘੁੰਮਵੇਂ ਦਰਵਾਜ਼ੇ• ਦੀ ਆਮਦ ਦਾ

• ਸਰਕਾਰ 'ਚ ਆਪਣੇ ਸਾਬਕਾ ਅਹੁਦੇ ਦੇ ਰਸੂਖ਼ ਦਾ ਲਾਹਾ ਕਾਰਪੋਰੇਟਾਂ ਲਈ ਲੈਣ ਦਾ ਪ੍ਰਤੀਕ

ਮਾਮਲਾ ਹੈ। ਦਰਵਾਜ਼ਾ ਹਮੇਸ਼ਾ ਉੱਥੇ ਰਿਹਾ ਹੈ ਪਰ ਸਿਆਸੀ ਹਸਤੀਆਂ ਜ਼ਿਆਦਾਤਰ ਆਪਣੇ ਸਰਕਾਰੀ ਸੰਪਰਕਾਂ ਦਾ ਲਾਹਾ ਲੈਣ ਲਈ ਓਦੋਂ ਤੱਕ ਇੰਤਜ਼ਾਰ ਕਰਦੀਆਂ ਰਹਿੰਦੀਆਂ ਸਨ ਜਦੋਂ ਤੱਕ ਉਨ੍ਹਾਂ ਦੀ ਸਰਕਾਰ ਸੱਤਾ ਤੋਂ ਲੱਥ ਨਹੀਂ ਜਾਂਦੀ ਸੀ। ਪਰ ਬੁਸ਼ ਦੇ ਪ੍ਰਸ਼ਾਸਨ ਹੇਠ, ਲਗਾਤਾਰ ਵਧ-ਫੁਲ ਰਹੀ ਅੰਦਰੂਨੀ ਸੁਰੱਖਿਆ ਦੀ ਮੰਡੀ ਦੇ ਗੱਫੇ ਐਨੇ ਜ਼ੋਰਾਵਰ ਨਿੱਕਲੇ ਕਿ ਨਿਜ਼ਾਮ ਦੇ ਬਹੁਤੇ ਅਧਿਕਾਰੀਆਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਇਸ ਲਈ, ਆਪਣਾ ਕਾਰਜ ਕਾਲ ਮੁੱਕਣ ਤੱਕ ਉਡੀਕਣ ਦੀ ਬਜਾਏ ਤਰ੍ਹਾਂ-ਤਰ੍ਹਾਂ ਦੀਆਂ ਸਰਕਾਰੀ ਏਜੰਸੀਆਂ ਦੇ ਸੈਂਕੜੇ ਅਧਿਕਾਰੀਆਂ ਨੇ ਪਹਿਲਾਂ ਹੀ ਸੱਤਾ 'ਚ ਰਸੂਖ਼ ਦਾ ਮੁੱਲ ਵਸੂਲ ਲਿਆ ਹੈ। ਅੰਦਰੂਨੀ ਸੁਰੱਖਿਆ ਵਿਭਾਗ ਵਿਚਲੇ ਇਸ ਵਰਤਾਰੇ ਦਾ ਖ਼ੁਰਾ ਨੱਪਣ ਵਾਲੇ *ਨਿਊ ਯਾਰਕ ਟਾਈਮਜ਼* ਦੇ ਖੋਜੀ ਪੱਤਰਕਾਰ ਐਰਿਕ ਲਿਪਟਨ ਅਨੁਸਾਰ, "ਵਾਸ਼ਿੰਗਟਨ ਦੇ ਪੁਰਾਣੇ ਜੋੜ-ਤੋੜ ਮਾਹਰਾਂ ਅਤੇ ਚੌਕਸੀ ਗਰੁੱਪਾਂ ਦਾ ਕਹਿਣਾ ਹੈ ਕਿ ਕਿਸੇ ਸਰਕਾਰ ਦਾ ਕਾਰਜ ਕਾਲ ਮੁੱਕਣ ਤੋਂ ਪਹਿਲਾਂ ਹੀ ਕਿਸੇ ਸਰਕਾਰੀ ਏਜੰਸੀ ਦੇ ਆਹਲਾ ਪ੍ਰਬੰਧਕੀ ਅਧਿਕਾਰੀਆਂ ਵਲੋਂ ਕਾਰਪੋਰੇਟ ਖੇਤਰ 'ਚ ਐਨੀ ਵੱਡੀ ਗਿਣਤੀ 'ਚ ਸ਼ਾਮਲ ਹੋ ਜਾਣ ਦੀਆਂ ਚੰਦ ਕੁ ਆਧੁਨਿਕ ਮਿਸਾਲਾਂ ਹੀ ਹੋਣਗੀਆਂ।" ਲਿਪਟਨ ਨੇ ਐਸੇ ਚੁਰੰਨਵੇਂ ਸਰਕਾਰੀ ਅਧਿਕਾਰੀਆਂ ਦੀ ਨਿਸ਼ਾਨਦੇਹੀ ਕੀਤੀ ਜੋ ਸਰਕਾਰ ਦੇ ਗ੍ਰਹਿ ਵਿਭਾਗ 'ਚ ਕੰਮ ਕਰਦੇ ਰਹੇ ਅਤੇ ਹੁਣ ਅੰਦਰੂਨੀ ਸੁਰੱਖਿਆ ਸਨਅਤ ਦੇ ਕਿਸੇ ਨਾ ਕਿਸੇ ਹਿੱਸੇ 'ਚ ਕੰਮ ਕਰ ਰਹੇ ਹਨ।[22]

ਇੱਥੇ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਕੁਝ ਕੁ ਸਿਰਕੱਢ ਮਿਸਾਲਾਂ ਹਨ ਕਿਉਂਕਿ ਉਨ੍ਹਾਂ 'ਚ ਦਹਿਸ਼ਤਵਾਦ ਵਿਰੁੱਧ ਜੰਗ ਦੇ ਅਹਿਮ ਘਾੜੇ ਸ਼ਾਮਲ ਹਨ। ਸਾਬਕਾ ਅਟਾਰਨੀ ਜਨਰਲ ਅਤੇ ਦੇਸ਼ਭਗਤ ਕਾਨੂੰਨ ਦਾ ਪ੍ਰਮੁੱਖ ਮੁਹਿੰਮਬਾਜ਼ ਜੌਹਨ ਅਸ਼ਕਰੌਫਟ ਹੁਣ ਅਸ਼ਕਰੌਫਟ ਸਮੂਹ ਦਾ ਮੁਖੀ ਹੈ, ਜੋ ਅੰਦਰੂਨੀ ਸੁਰੱਖਿਆ ਦੇ ਠੇਕੇ ਲੈਣ ਵਾਲੀਆਂ ਕੰਪਨੀਆਂ ਨੂੰ ਫੈਡਰਲ ਸਰਕਾਰ ਤੋਂ ਠੇਕੇ ਦਿਵਾਉਣ ਦਾ ਮਾਹਰ ਹੈ। ਅੰਦਰੂਨੀ ਸੁਰੱਖਿਆ ਵਿਭਾਗ ਦਾ ਪਹਿਲਾ ਮੁਖੀ ਟੌਮ ਰਿਜ ਹੁਣ ਰਿਜ ਗਲੋਬਲ ਦਾ ਮੁਖੀ ਹੈ ਅਤੇ ਸੰਚਾਰ ਤਕਨਾਲੋਜੀ ਕੰਪਨੀ ਲੂਸੈਂਟ ਦਾ ਸਲਾਹਕਾਰ ਹੈ ਜੋ ਸੁਰੱਖਿਆ ਖੇਤਰ 'ਚ ਸਰਗਰਮ ਕੰਪਨੀ ਹੈ। ਨਿਊ ਯਾਰਕ ਦੇ ਸਾਬਕਾ ਮੇਅਰ ਅਤੇ 11 ਸਤੰਬਰ ਬਾਰੇ ਪ੍ਰਤੀਕਰਮ ਦੇਣ ਦੇ ਨਾਇਕ ਰੂਡੀ ਗਿਲਿਆਨੀ ਨੇ ਚਾਰ ਮਹੀਨੇ ਬਾਅਦ ਹੀ ਗਿਲਿਆਨੀ ਪਾਰਟਨਰਜ਼ ਕੰਪਨੀ ਸ਼ੁਰੂ ਕਰ ਲਈ ਤਾਂ ਜੋ ਸੰਕਟ ਦੇ ਸਲਾਹਕਾਰ ਵਜੋਂ ਆਪਣੀਆਂ ਸੇਵਾਵਾਂ ਦਾ ਮੁੱਲ ਵੱਟ ਸਕੇ। ਕਲਿੰਟਨ ਅਤੇ ਬੁਸ਼ ਸਰਕਾਰਾਂ 'ਚ ਦਹਿਸ਼ਤਵਾਦ ਦਾ ਘੋਰ ਵਿਰੋਧੀ ਅਤੇ ਸਰਕਾਰ ਦਾ ਖੁੱਲ੍ਹਾ ਅਲੋਚਕ ਰਿਚਰਡ ਕਲਾਰਕ ਹੁਣ ਗੁੱਡ ਹਾਰਬਰ ਕਨਸਲਟਿੰਗ ਦਾ ਚੇਅਰਮੈਨ ਹੈ ਜੋ ਅੰਦਰੂਨੀ ਸੁਰੱਖਿਆ ਅਤੇ ਦਹਿਸ਼ਤਵਾਦ ਦੀ ਮਾਹਰ ਹੈ। ਜੇਮਜ਼ ਵੂਲਸੀ, ਜੋ 1995 ਤੱਕ ਸੀ ਆਈ ਏ ਦਾ ਮੁਖੀ ਰਿਹਾ ਸੀ, ਹੁਣ ਇਕ ਨਿੱਜੀ ਅਸਾਸੇ ਕੰਪਨੀ ਪਲਾਡਿਨ ਕੈਪੀਟਲ ਗਰੁੱਪ ਦਾ ਕਰਤਾ-ਧਰਤਾ ਹੈ, ਇਹ ਫਰਮ ਅੰਦਰੂਨੀ ਸੁਰੱਖਿਆ ਕੰਪਨੀਆਂ 'ਚ ਪੂੰਜੀ-ਨਿਵੇਸ਼ ਕਰਦੀ ਹੈ ਅਤੇ ਉਹ ਇਸ ਸਨਅਤ ਦੀ ਇਕ ਮੋਹਰੀ ਕੰਪਨੀ ਬੂਜ਼ ਐਲਨ ਦਾ ਮੀਤ ਪ੍ਰਧਾਨ ਵੀ ਹੈ। 11 ਸਤੰਬਰ ਮੌਕੇ FEMA ਦੇ ਮੁਖੀ ਰਹੇ ਜੋਏ ਅਲਬਾ ਨੇ ਇਸ ਤੋਂ ਅਠਾਰਾਂ ਮਹੀਨੇ ਬਾਅਦ ਹੀ ਨਿਊ ਬਰਿਜ ਸਟਰੈਟੇਜੀਜ਼ ਕੰਪਨੀ ਬਣਾ ਲਈ। ਇਹ ਕੰਪਨੀ ਸਰਮਾਏਦਾਰਾ ਕਾਰੋਬਾਰ ਅਤੇ ਇਰਾਕ ਅੰਦਰ ਸਰਕਾਰੀ ਠੇਕਿਆਂ ਅਤੇ ਪੂੰਜੀ-ਨਿਵੇਸ਼ ਦੇ ਮੌਕਿਆਂ ਦੀ ਭਾਰੀ ਮੁਨਾਫ਼ਿਆਂ ਦੀ ਦੁਨੀਆਂ ਵਿਚਕਾਰ "ਪੁਲ" ਦਾ ਕੰਮ ਕਰਨ ਦਾ ਦਾਅਵਾ ਕਰਦੀ ਹੈ। ਉਸ ਦੀ ਥਾਂ ਲੈਣ ਵਾਲੇ ਮਾਈਕਲ ਬਰਾਊਨ ਨੇ ਦੋ ਸਾਲ ਪਿੱਛੋਂ ਹੀ ਟਪੂਸੀ ਮਾਰ ਕੇ ਮਾਈਕਲ ਡੀ

ਬਰਾਊਨ ਐੱਲ ਐੱਲ ਸੀ ਸ਼ੁਰੂ ਕਰ ਲਈ ਜੋ ਤਬਾਹੀ ਨਾਲ ਨਜਿੱਠਣ ਦੀਆਂ ਅਗਾਊਂ ਤਿਆਰੀਆਂ ਕਰਨ ਦੀ ਮਾਹਰ ਕੰਪਨੀ ਹੈ।[23]

ਕੈਟਰਿਨਾ ਤੂਫ਼ਾਨ ਦੀ ਤਬਾਹੀ ਸਮੇਂ ਬਰਾਊਨ ਨੇ FEMA ਵਿਚਲੇ ਆਪਣੇ ਇਕ ਸਟਾਫ਼ ਮੈਂਬਰ ਸਾਥੀ ਨੂੰ ਈ-ਮੇਲ ਭੇਜੀ ਸੀ ਜਿਸ ਦੀ ਬਹੁਤ ਬਦਨਾਮੀ ਹੋਈ। ਉਸ ਨੇ ਪੁੱਛਿਆ ਸੀ : "ਕੀ ਮੈਂ ਹੁਣ ਅਹੁਦਾ ਛੱਡ ਦਿਆਂ ? "[24] ਇਸ ਪਿੱਛੇ ਦਿਲਕਸ਼ ਫ਼ਿਲਾਸਫ਼ੀ ਇਹ ਹੈ : ਸਰਕਾਰ 'ਚ ਐਨਾ ਕੁ ਲੰਮਾ ਸਮਾਂ ਜ਼ਰੂਰ ਰਹੋ ਕਿ ਵੱਡੇ ਵੱਡੇ ਠੇਕੇ ਦੇਣ ਵਾਲੇ ਮਹਿਕਮੇ 'ਚ ਪ੍ਰਭਾਵਸ਼ਾਲੀ ਰੁਤਬਾ ਮਿਲ ਜਾਵੇ ਅਤੇ ਅੰਦਰਲੀ ਜਾਣਕਾਰੀ ਹਾਸਲ ਹੋ ਜਾਵੇ ਜਿਸ ਦਾ ਫੇਰ ਮੁੱਲ ਵੱਟਿਆ ਜਾ ਸਕੇ; ਫੇਰ ਅਹੁਦਾ ਛੱਡ ਦਿਓ ਅਤੇ ਆਪਣੇ ਸਾਬਕਾ ਸਾਥੀਆਂ ਤੱਕ ਰਸਾਈ ਦਾ ਮੁੱਲ ਵੱਟਦੇ ਰਹੋ। ਇਸ ਤਰ੍ਹਾਂ ਸਰਕਾਰ 'ਚ ਕੰਮ ਕਰਨ ਨੂੰ ਭਵਿੱਖ 'ਚ ਤਬਾਹੀਪਸੰਦ ਸਰਮਾਏਦਾਰੀ ਢਾਂਚੇ ਅੰਦਰ ਕੰਮ ਕਰਨ ਦੀ ਟੋਹ ਲਾਉਣ ਦੇ ਮਿਸ਼ਨ ਤੱਕ ਪਿਚਕਾ ਦਿੱਤਾ ਗਿਆ ਹੈ।

ਫੇਰ ਵੀ, ਕੁਝ ਪੱਖਾਂ ਤੋਂ ਭ੍ਰਿਸ਼ਟਾਚਾਰ ਅਤੇ ਕਾਰਪੋਰੇਟਾਂ ਅਤੇ ਸਰਕਾਰ ਵਿਚਕਾਰ ਫ਼ਰਕ ਦੀਆਂ ਕਹਾਣੀਆਂ ਝੂਠੀਆਂ ਜਾਪਣ ਲੱਗ ਜਾਂਦੀਆਂ ਹਨ। ਇਨ੍ਹਾਂ ਦਾ ਅਰਥ ਇਹ ਬਣਦਾ ਹੈ ਕਿ ਅਜੇ ਵੀ ਰਾਜ ਅਤੇ ਤਬਾਹੀ ਦੇ ਢਾਂਚੇ ਵਿਚਕਾਰ ਸਪਸ਼ਟ ਵੰਡ ਹੈ, ਜਦਕਿ ਇਹ ਵੰਡ ਲੰਮਾ ਸਮਾਂ ਪਹਿਲਾਂ ਹੀ ਅਲੋਪ ਹੋ ਗਈ ਸੀ। ਬੁਸ਼ ਦੇ ਕਾਰਜ ਕਾਲ ਦੀ ਨਵੀਂ ਕਾਢ ਇਹ ਨਹੀਂ ਹੈ ਕਿ ਸਿਆਸਤਦਾਨ ਇਕ ਖੇਤਰ 'ਚੋਂ ਦੂਜੇ ਖੇਤਰ 'ਚ ਕਿੰਨੀ ਤੇਜ਼ੀ ਨਾਲ ਜਾਂਦੇ ਹਨ ਸਗੋਂ ਇਹ ਹੈ ਕਿ ਇਨ੍ਹਾਂ ਵਿਚੋਂ ਕਿੰਨੇ ਕੁ ਇਹ ਟੋਹ ਲਾ ਲੈਂਦੇ ਹਨ ਕਿ ਉਹ ਇਕੋ ਹੀ ਸਮੇਂ ਦੋਵਾਂ ਦੁਨੀਆਂ 'ਤੇ ਕਬਜ਼ਾ ਕਰਨ ਦੇ ਹੱਕਦਾਰ ਹੋ ਸਕਦੇ ਹਨ। ਰਿਚਰਡ ਪਰਲ ਅਤੇ ਜੇਮਜ਼ ਬੇਕਰ ਵਰਗੇ ਸ਼ਖਸ ਜਿਸ ਵਕਤ ਕਾਰੋਬਾਰ ਵਿਚ ਦਿਲਚਸਪੀ ਨਾ ਰੱਖਣ ਵਾਲੇ ਮਾਹਰਾਂ ਅਤੇ ਸਿਆਸਤਦਾਨਾਂ ਵਜੋਂ ਨੀਤੀਆਂ ਘੜਦੇ ਹਨ, ਆਹਲਾ ਦਰਜੇ ਦੀਆਂ ਸਲਾਹਾਂ ਦਿੰਦੇ ਹਨ ਅਤੇ ਪ੍ਰੈੱਸ ਵਿਚ ਭਾਸ਼ਣ ਦਿੰਦੇ ਹਨ ਐਨ ਓਦੋਂ ਹੀ ਇਹ ਨਿੱਜੀਕਰਨ ਕੀਤੀ ਜੰਗ ਅਤੇ ਮੁੜ-ਉਸਾਰੀ ਦੇ ਧੰਦੇ 'ਚ ਪੂਰੀ ਤਰ੍ਹਾਂ ਜੁਟੇ ਹੁੰਦੇ ਹਨ। ਉਹ ਕਾਰਪੋਰੇਟਵਾਦੀ ਮਿਸ਼ਨ ਨੂੰ ਨੇਪਰੇ ਚਾੜ੍ਹੇ ਜਾਣ ਦਾ ਮੁਜੱਸਮਾ ਹਨ : ਸੁਰੱਖਿਆ ਦੇ ਨਾਂ ਹੇਠ ਸਿਆਸੀ ਅਤੇ ਕਾਰਪੋਰੇਟ ਕੁਲੀਨ ਵਰਗਾਂ ਦਾ ਮੁਕੰਮਲ ਰਲੇਵਾਂ, ਜਿਸ ਵਿਚ ਰਾਜ ਸਰਮਾਏਦਾਰਾਂ ਦੇ ਸੰਘ ਦੇ ਚੇਅਰਮੈਨ ਦੀ ਭੂਮਿਕਾ ਨਿਭਾਉਂਦਾ ਹੈ—ਨਾਲ ਹੀ ਇਹ ਠੇਕੇ 'ਤੇ ਕੰਮ ਦੇਣ ਦੀ ਆਰਥਿਕਤਾ ਦੀ ਬਦੌਲਤ ਕਾਰੋਬਾਰ ਦੇ ਮੌਕਿਆਂ ਦਾ ਸਭ ਤੋਂ ਵੱਡਾ ਸਰੋਤ ਵੀ ਹੁੰਦਾ ਹੈ।

ਸਾਂਤਿਆਗੋ ਤੋਂ ਮਾਸਕੋ, ਬੀਜਿੰਗ ਤੋਂ ਲੈ ਕੇ ਬੁਸ਼ ਦੇ ਵਾਸ਼ਿੰਗਟਨ ਤੱਕ ਬੀਤੇ ਪੈਂਤੀ ਸਾਲਾਂ 'ਚ ਜਿੱਥੇ ਕਿਤੇ ਵੀ ਕਾਰਪੋਰੇਟਵਾਦੀ ਰਾਜ ਉੱਭਰਿਆ ਹੈ ਉੱਥੇ ਮੁੱਠੀ ਭਰ ਕੁਲੀਨ ਵਰਗ ਅਤੇ ਸੱਜੇਪੱਖੀ ਸਰਕਾਰ ਦੇ ਗੱਠਜੋੜ ਨੂੰ ਇਕ ਤਰ੍ਹਾਂ ਦੀ ਥਿੜ੍ਹਕਣ ਦੱਸ ਕੇ ਕਾਂਟਾ ਮਾਰ ਦਿੱਤਾ ਜਾਂਦਾ ਹੈ—ਜਿਵੇਂ ਮਾਫੀਆ ਸਰਮਾਏਦਾਰੀ, ਮਾਲੀ ਜੁੰਡੀ ਰਾਜ ਵਾਲੀ ਸਰਮਾਏਦਾਰੀ ਅਤੇ ਹੁਣ, ਬੁਸ਼ ਦੇ ਅਧੀਨ "ਲੰਗੋਟੀਏ ਯਾਰਾਂ ਦੀ ਮੰਡਲੀ ਵਾਲੀ ਸਰਮਾਏਦਾਰੀ।" ਅਸਲ ਵਿਚ ਇਹ ਕੋਈ ਥਿੜ੍ਹਕਣ ਦਾ ਮਾਮਲਾ ਨਹੀਂ ਹੈ, ਇਹ ਤਾਂ ਉਹ ਸਿੱਟਾ ਹੈ ਜਿੱਧਰ ਨੂੰ ਨਿੱਜੀਕਰਨ, ਕੰਟਰੋਲ ਮੁਕਤ ਆਰਥਿਕਤਾ ਅਤੇ ਯੂਨੀਅਨਾਂ ਦਾ ਖ਼ਾਤਮਾ ਕਰਨ ਦੇ ਤੀਹਰੇ ਫ਼ਤੂਰ ਵਾਲਾ ਸ਼ਿਕਾਗੋ ਸਕੂਲ ਦਾ ਸਮੁੱਚਾ ਜਹਾਦ ਲਿਜਾ ਰਿਹਾ ਹੈ।

ਰਮਜ਼ਫੈਲਡ ਅਤੇ ਚੈਨੀ ਵਲੋਂ ਆਪਣੀਆਂ ਤਬਾਹੀ ਨਾਲ ਜੁੜੀਆਂ ਜਾਇਦਾਦਾਂ ਅਤੇ ਸਰਕਾਰੀ ਫਰਜ਼ਾਂ ਵਿਚੋਂ ਇਕ ਦੀ ਚੋਣ ਕਰਨ ਤੋਂ ਇਨਕਾਰੀ ਹੋਣ ਦੀ ਜ਼ਿੱਦ ਇਸ ਦਾ ਪਹਿਲਾ ਸੰਕੇਤ ਸੀ ਕਿ ਇਹ ਖ਼ਰਾ ਕਾਰਪੋਰੇਟਵਾਦੀ ਰਾਜ ਕਿੱਥੇ ਪਹੁੰਚ ਚੁੱਕਿਆ ਸੀ। ਇਸ ਦੇ ਕਈ ਸੰਕੇਤ

ਹੋਰ ਵੀ ਹਨ।

ਸਾਬਕਾ ਰਾਜਕੀ ਅਹੁਦੇਦਾਰਾਂ ਦੀ ਤਾਕਤ

ਬੁਸ਼ ਸਰਕਾਰ ਦਾ ਇਕ ਨਿਆਰਾ ਖ਼ਾਸਾ ਅਹਿਮ ਕੰਮ ਕਰਨ ਲਈ ਸਰਕਾਰ ਤੋਂ ਬਾਹਰਲੇ ਸਲਾਹਕਾਰਾਂ ਅਤੇ ਆਜ਼ਾਦ ਏਲਚੀਆਂ ਉੱਪਰ ਇਸ ਦੀ ਟੇਕ ਰਹੀ ਹੈ : ਜੇਮਜ਼ ਬੇਕਰ, ਪਾਲ ਬਰੈਮਰ, ਹੈਨਰੀ ਕਸਿੰਜਰ, ਜਾਰਜ ਸ਼ੁਲਜ਼, ਰਿਚਰਡ ਪਰਲ ਅਤੇ ਇਸੇ ਤਰ੍ਹਾਂ ਰੱਖਿਆ ਨੀਤੀ ਬੋਰਡ ਅਤੇ ਇਰਾਕ ਦੀ ਮੁਕਤੀ ਲਈ ਕਮੇਟੀ ਦੇ ਮੈਂਬਰ ਇਸ ਦੀਆਂ ਕੁਝ ਕੁ ਮਿਸਾਲਾਂ ਹਨ। ਕਾਂਗਰਸ ਤਾਂ ਅਹਿਮ ਫ਼ੈਸਲੇ ਲੈਣ ਦੇ ਇਨ੍ਹਾਂ ਸਾਲਾਂ ਦੌਰਾਨ ਰਬੜ ਦੀ ਮੋਹਰ ਦੀ ਭੂਮਿਕਾ ਨਿਭਾਉਂਦੀ ਰਹੀ ਅਤੇ ਸੁਪਰੀਮ ਕੋਰਟ ਦੇ ਫ਼ਰਮਾਨਾਂ ਨੂੰ ਨੇਕ ਸਲਾਹਾਂ ਮੰਨ ਕੇ ਦਰ-ਕਿਨਾਰ ਕੀਤਾ ਜਾਂਦਾ ਰਿਹਾ, ਓਦੋਂ ਇਨ੍ਹਾਂ ਸਵੈ-ਸੇਵੀ ਸਲਾਹਕਾਰਾਂ ਦਾ ਤਕੜਾ ਅਸਰ-ਰਸੂਖ਼ ਬਣਿਆ ਰਿਹਾ।

ਇਨ੍ਹਾਂ ਦੀ ਤਾਕਤ ਇਸ ਤੱਥ 'ਚੋਂ ਪੈਦਾ ਹੁੰਦੀ ਹੈ ਕਿ ਇਹ ਸਲਾਹਕਾਰ ਇਕ ਸਮੇਂ ਸਰਕਾਰ ਵਿਚ ਅਹਿਮ ਭੂਮਿਕਾਵਾਂ ਨਿਭਾਉਂਦੇ ਰਹੇ ਹਨ—ਇਹ ਸਾਬਕਾ ਬਦੇਸ਼ ਮੰਤਰੀ, ਸਾਬਕਾ ਸਫ਼ੀਰ ਅਤੇ ਸਾਬਕਾ ਉੱਪ ਰੱਖਿਆ ਮੰਤਰੀ ਰਹੇ ਹਨ। ਇਹ ਸਭ ਕਈ ਸਾਲਾਂ ਤੋਂ ਸਰਕਾਰ ਤੋਂ ਬਾਹਰ ਹੋ ਚੁੱਕੇ ਹਨ ਅਤੇ ਇਸ ਸਮੇਂ ਦੌਰਾਨ ਇਨ੍ਹਾਂ ਨੇ ਤਬਾਹੀਪਸੰਦ ਸਰਮਾਏਦਾਰੀ ਦੇ ਢਾਂਚੇ ਅੰਦਰ ਭਾਰੀ ਮੁਨਾਫ਼ੇ ਦੇਣ ਵਾਲੇ ਭਵਿੱਖ ਬਣਾ ਲਏ ਹਨ। ਇਨ੍ਹਾਂ ਨੂੰ ਕਿਉਂਕਿ ਠੇਕੇਦਾਰਾਂ ਦੇ ਜੁਮਰੇ 'ਚ ਰੱਖਿਆ ਜਾਂਦਾ ਹੈ, ਨਾ ਕਿ ਸਟਾਫ਼ 'ਚ, ਇਸ ਲਈ ਇਨ੍ਹਾਂ ਉੱਪਰ ਆਮ ਤੌਰ 'ਤੇ ਹਿੱਤਾਂ ਦੇ ਟਕਰਾਅ ਨਾਲ ਸਬੰਧਤ ਕਾਇਦੇ-ਕਾਨੂੰਨ ਲਾਗੂ ਨਹੀਂ ਹੁੰਦੇ ਜੋ ਚੁਣੇ ਹੋਏ ਜਾਂ ਨਾਮਜ਼ਦ ਸਿਆਸਤਦਾਨਾਂ 'ਤੇ ਲਾਗੂ ਹੁੰਦੇ ਹਨ—ਉਹ ਵੀ ਤਾਂ ਜੇ ਮਗਰਲਿਆਂ ਉੱਤੇ ਕੋਈ ਬੰਦਸ਼ ਲਾਗੂ ਹੋਵੇ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਸਰਕਾਰ ਅਤੇ ਸਨਅਤ ਵਿਚਕਾਰਲੇ ਅਖੌਤੀ ਘੁੰਮਵੇਂ ਦਰਵਾਜ਼ੇ ਦਾ ਖ਼ਾਤਮਾ ਹੋ ਗਿਆ ਹੈ ਅਤੇ ਇਸ ਦੀ ਥਾਂ "ਇਕ ਸਵਾਗਤੀ ਲਾਂਘਾ" ਬਣ ਗਿਆ ਹੈ (ਜਿਸ ਤਰ੍ਹਾਂ ਤਬਾਹੀ ਦੀ ਵਿਵਸਥਾ ਕਰਨ ਦੇ ਮਾਹਰ ਇਰਵਿਨ ਰੈੱਡਲਿਨਰ ਨੇ ਮੈਨੂੰ ਦੱਸਿਆ)। ਇਸ ਨੇ ਤਬਾਹੀਪਸੰਦ ਸਨਅਤਾਂ ਨੂੰ ਅਜਿਹੇ ਨਾਮੀ ਸਾਬਕਾ ਸਿਆਸਤਦਾਨਾਂ ਦੇ ਅਸਰ-ਰਸੂਖ਼ ਦਾ ਓਹਲਾ ਵਰਤ ਕੇ ਸਰਕਾਰ ਅੰਦਰ ਹੀ ਕਾਰੋਬਾਰ ਦਾ ਅੱਡਾ ਬਣਾਉਣ ਦੀ ਇਜਾਜ਼ਤ ਦਿੱਤੀ ਹੋਈ ਹੈ।

ਜਦੋਂ ਮਾਰਚ 2006 'ਚ ਜੇਮਜ਼ ਬੇਕਰ ਨੂੰ ਇਰਾਕ ਅਧਿਐਨ ਟੋਲੀ ਦਾ ਚੇਅਰਮੈਨ ਬਣਾਇਆ ਗਿਆ, ਇਸ ਸਲਾਹਕਾਰ ਕਮੇਟੀ ਨੂੰ ਇਰਾਕ ਵਿਚ ਅਗਲੀ ਨਵੀਂ ਸੇਧ ਬਾਰੇ ਸਿਫ਼ਾਰਸ਼ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ, ਓਦੋਂ ਜ਼ਾਹਰਾ ਤੌਰ 'ਤੇ ਦੋ ਪੱਖਾਂ ਤੋਂ ਰਾਹਤ ਦਿਖਾਈ ਦਿੱਤੀ : ਇਹ ਪੁਰਾਣੀ ਸੋਚ ਵਾਲਾ ਉਹ ਸਿਆਸਤਦਾਨ ਸੀ ਜੋ ਵੱਧ ਟਿਕਾਊ ਦੌਰ 'ਚ ਦੇਸ਼ ਨੂੰ ਚਲਾਉਂਦਾ ਰਿਹਾ ਅਤੇ ਇਹ ਪ੍ਰੋੜ ਬੰਦਾ ਹੈ। ਸੱਚੀਓਂ ਹੀ ਬੇਕਰ ਅਮਰੀਕਾ ਦੀ ਬਦੇਸ਼ ਨੀਤੀ ਦੇ ਉਸ ਦੌਰ ਦਾ ਪੁਰਾਣਾ ਖਿਡਾਰੀ ਹੈ ਜੋ ਅਜੋਕੀ ਨੀਤੀ ਨਾਲੋਂ ਘੱਟ ਬੇਤਹਾਸ਼ਾ ਸੀ। ਪਰ ਇਹ ਪੰਦਰਾਂ ਸਾਲ ਪਹਿਲਾਂ ਦੀ ਗੱਲ ਹੈ। ਹੁਣ ਜੇਮਜ਼ ਬੇਕਰ ਕੀ ਹੈ?

ਚੈਨੀ ਵਾਂਗ ਜਦੋਂ ਬੇਕਰ ਵੱਡੇ ਬੁਸ਼ ਦੇ ਕਾਰਜ ਕਾਲ ਦੇ ਅੰਤ 'ਚ ਅਹੁਦੇ ਤੋਂ ਲਾਂਭੇ ਹੋਇਆ ਤਾਂ ਜੇਮਜ਼ ਬੇਕਰ ਤੀਜੇ ਨੇ ਆਪਣੇ ਸਰਕਾਰੀ ਸੰਪਰਕਾਂ ਜ਼ਰੀਏ ਖ਼ੂਬ ਕਮਾਈ ਕੀਤੀ। ਇਨ੍ਹਾਂ 'ਚ ਵਿਸ਼ੇਸ਼ ਤੌਰ 'ਤੇ ਲਾਹੇਵੰਦ ਉਹ ਮਿੱਤਰ ਸਨ ਜੋ ਇਸ ਨੇ ਪਹਿਲੀ ਖਾੜੀ ਜੰਗ ਸਮੇਂ ਸਾਊਦੀ ਅਰਬ ਅਤੇ ਕੁਵੈਤ 'ਚ ਬਣਾ ਲਏ ਸਨ।[25] ਉਸ ਦੀ ਹਾਊਸਟਨ ਵਿਚਲੀ ਕਾਨੂੰਨੀ ਫਰਮ ਬੇਕਰ ਬੌਟਸ ਸਾਊਦੀ ਰਾਜ-ਘਰਾਣੇ ਅਤੇ ਹੈਲੀਬਰਟਨ ਅਤੇ ਰੂਸ ਦੀ ਸਭ ਤੋਂ ਵੱਡੀ ਤੇਲ ਕੰਪਨੀ ਗਾਜ਼ਪਰੌਮ

ਦੀ ਨੁਮਾਇੰਦਗੀ ਕਰਦੀ ਹੈ। ਅਤੇ ਇਹ ਦੁਨੀਆਂ ਦੀਆਂ ਤੇਲ ਅਤੇ ਗੈਸ ਨਾਲ ਸਬੰਧਤ ਕਾਨੂੰਨੀ ਸਲਾਹਕਾਰ ਕੰਪਨੀਆਂ ਵਿਚੋਂ ਇਕ ਮੋਹਰੀ ਕੰਪਨੀ ਹੈ। ਬੇਕਰ ਕਾਰਲਾਈਲ ਗਰੁੱਪ ਦੀ ਜਾਇਦਾਦ 'ਚ ਹਿੱਸੇਦਾਰ ਵੀ ਬਣ ਗਿਆ। ਉਸ ਨੇ ਇਸ ਬਹੁਤ ਜ਼ਿਆਦਾ ਗੁਪਤ ਕਾਰ-ਵਿਹਾਰ ਵਾਲੀ ਕੰਪਨੀ 'ਚ ਅੰਦਾਜ਼ਨ 18 ਕਰੋੜ ਡਾਲਰ ਦੀ ਪੂੰਜੀ ਹੱਥ ਹੇਠ ਕਰ ਲਈ ਹੈ।[26]

ਕਾਰਲਾਈਲ ਨੇ ਸਵੈ-ਚਾਲਤ ਰੋਬੋਟ ਪ੍ਰਣਾਲੀ, ਫ਼ੌਜ ਦੀ ਸੰਚਾਰ ਵਿਵਸਥਾ ਦੀ ਵਿਕਰੀ ਅਤੇ ਆਪਣੇ ਕੰਟਰੋਲ ਹੇਠਲੀ ਯੂ ਐੱਸ ਆਈ ਐੱਸ ਕੰਪਨੀ ਨੂੰ ਇਰਾਕ ਦੀ ਪੁਲਿਸ ਨੂੰ ਸਿਖਲਾਈ ਦੇਣ ਦੇ ਠੇਕੇ ਦੀ ਬਦੌਲਤ ਜੰਗ ਤੋਂ ਅਥਾਹ ਮੁਨਾਫ਼ੇ ਕਮਾਏ ਹਨ। ਇਸ 56 ਅਰਬ ਡਾਲਰ ਦੀ ਮਾਲਕ ਕੰਪਨੀ ਦੀ ਫ਼ੌਜ ਦੇ ਕੰਮ ਸਬੰਧੀ ਅਸਾਸਿਆਂ ਵਾਲੀ ਇਕ ਉੱਪ ਕੰਪਨੀ ਹੈ ਜੋ ਰੱਖਿਆ ਸਬੰਧੀ ਠੇਕਿਆਂ ਦਾ ਜੁਗਾੜ ਕਰਨ ਅਤੇ ਸਰਕਾਰ ਤੋਂ ਮਨਜ਼ੂਰੀਆਂ ਲੈਣ ਦੀ ਮੁਹਾਰਤ ਰੱਖਦੀ ਹੈ। ਪਿਛਲੇ ਸਾਲਾਂ ਵਿਚ ਇਹ ਬਹੁਤ ਹੀ ਮੁਨਾਫ਼ਾ ਦੇਣ ਵਾਲਾ ਕਾਰੋਬਾਰ ਰਿਹਾ ਹੈ। ਇਰਾਕ ਵਿਚ ਪਹਿਲੇ ਅਠਾਰਾਂ ਮਹੀਨਿਆਂ ਦੀ ਜੰਗ ਦਾ ਹਵਾਲਾ ਦਿੰਦਿਆਂ ਕਾਰਲਾਈਲ ਦੇ ਮੁੱਖ ਪੂੰਜੀ-ਨਿਵੇਸ਼ ਅਧਿਕਾਰੀ ਬਿਲ ਕਾਨਵੇ ਨੇ ਦੱਸਿਆ, "ਸਾਡੇ ਲਈ ਇਹੀ ਅਠਾਰਾਂ ਮਹੀਨੇ ਸਭ ਤੋਂ ਵਧੀਆ ਰਹੇ ਹਨ। ਅਸੀਂ ਖ਼ੂਬ ਪੈਸਾ ਬਣਾਇਆ ਅਤੇ ਤੇਜ਼ੀ ਨਾਲ ਬਣਾਇਆ।" ਇਰਾਕ ਦੀ ਜੰਗ, ਜੋ ਪਹਿਲਾਂ ਹੀ ਜ਼ਾਹਰਾ ਤੌਰ 'ਤੇ ਤਬਾਹੀ ਸਾਬਤ ਹੋ ਚੁੱਕੀ ਹੈ, ਨੇ ਕਾਰਲਾਈਲ ਦੇ ਚੁਣਵੇਂ ਪੂੰਜੀ ਨਿਵੇਸ਼ਕਾਰਾਂ ਨੂੰ 6.6 ਅਰਬ ਡਾਲਰ ਦੀ ਰਿਕਾਰਡ ਤੋੜ ਕਮਾਈ ਕਰ ਕੇ ਦਿੱਤੀ।[27]

ਜਦੋਂ ਨਿੱਕੇ ਬੁਸ਼ ਨੇ ਬੇਕਰ ਨੂੰ ਇਰਾਕ ਦੇ ਕਰਜੇ ਬਾਰੇ ਆਪਣਾ ਖ਼ਾਸ ਏਲਚੀ ਬਣਾ ਕੇ ਉਸ ਨੂੰ ਰਾਜਸੀ ਜੀਵਨ 'ਚ ਵਾਪਸ ਮੋੜ ਲਿਆਂਦਾ ਤਾਂ ਕਾਰਲਾਈਲ ਗਰੁੱਪ ਜਾਂ ਬੇਕਰ ਬੈਂਟਸ ਦੇ ਜੰਗ 'ਚ ਸਿੱਧੇ ਹਿੱਤ ਹੋਣ ਦੇ ਬਾਵਜੂਦ ਬੇਕਰ ਨੂੰ ਇਨ੍ਹਾਂ ਵਿਚੋਂ ਪੈਸਾ ਨਹੀਂ ਕੱਢਣਾ ਪਿਆ। ਪਹਿਲਾਂ ਪਹਿਲਾਂ ਤਾਂ, ਕਈ ਟਿੱਪਣੀਕਾਰਾਂ ਨੇ ਹਿੱਤਾਂ ਦੇ ਇਨ੍ਹਾਂ ਗੰਭੀਰ ਟਕਰਾਵਾਂ ਦੀ ਸੰਭਾਵਨਾ ਦਾ ਸੰਕੇਤ ਦਿੱਤਾ। *ਨਿਊ ਯਾਰਕ ਟਾਈਮਜ਼* ਨੇ ਬੇਕਰ ਨੂੰ ਕਾਰਲਾਈਲ ਗਰੁੱਪ ਅਤੇ ਬੇਕਰ ਬੈਂਟਸ ਦੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੀ ਸਲਾਹ ਦਿੱਤੀ ਤਾਂ ਜੋ ਕਰਜੇ ਦੇ ਏਲਚੀ ਦੇ ਰੁਤਬੇ ਨੂੰ ਕੋਈ ਆਂਚ ਨਾ ਆਵੇ। ਇਸ ਨੇ ਸੰਪਾਦਕੀ ਲਿਖਿਆ, "ਸ਼੍ਰੀਮਾਨ ਬੇਕਰ ਮੁਨਾਫ਼ਾ ਦੇਣ ਵਾਲੇ ਨਿੱਜੀ ਕਾਰੋਬਾਰਾਂ ਦੇ ਸਬੰਧਾਂ ਦੇ ਤਾਣੇ-ਬਾਣੇ 'ਚ ਬਹੁਤ ਜ਼ਿਆਦਾ ਉਲਝਿਆ ਹੋਇਆ ਹੈ ਇਸ ਨਾਲ ਉਸ ਦਾ ਅਕਸ ਕਰਜੇ ਰਾਹੀਂ ਮੁੜ-ਉਸਾਰੀ ਦੇ ਫਾਰਮੂਲੇ 'ਚ ਮੌਜੂਦ ਸੰਭਾਵੀ ਹਿੱਤਾਂ ਵਾਲੀ ਧਿਰ ਦਾ ਬਣ ਕੇ ਰਹਿ ਜਾਂਦਾ ਹੈ।" ਇਸ ਨੇ ਗੱਲ ਮੁਕਾਈ ਕਿ ਬੇਕਰ ਲਈ "ਇਰਾਕ ਦੇ ਕਰਜਿਆਂ ਨਾਲ ਪ੍ਰਤੱਖ ਸਬੰਧਾਂ ਵਾਲੇ ਗਾਹਕਾਂ ਤੋਂ ਕਮਾਈ ਕਰਨ ਤੋਂ ਗੁਰੇਜ਼ ਕਰਨਾ" ਹੀ ਕਾਫ਼ੀ ਨਹੀਂ ਹੈ।..... "ਸੌਂਪੀ ਗਈ ਨਵੀਂ ਜ਼ਿੰਮੇਵਾਰੀ ਬਾਇੱਜ਼ਤ ਨਿਭਾਉਣ ਲਈ ਸ਼੍ਰੀਮਾਨ ਬੇਕਰ ਨੂੰ ਇਹ ਦੋਵੇਂ ਨਿੱਜੀ ਕੰਪਨੀਆਂ ਜ਼ਰੂਰ ਹੀ ਛੱਡਣੀਆਂ ਦੇਣੀਆਂ ਚਾਹੀਦੀਆਂ ਹਨ।"[28]

ਸਰਕਾਰ ਦੇ ਆਹਲਾ ਮਿਆਰੀ ਅਹੁਦੇਦਾਰਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ ਬੇਕਰ ਨੇ ਕੋਰਾ ਜਵਾਬ ਦੇ ਦਿੱਤਾ। ਬੁਸ਼ ਨੇ ਉਸ ਦੀ ਫ਼ੈਸਲੇ ਦੀ ਪਿੱਠ ਠੋਕੀ। ਉਸ ਨੇ ਬੇਕਰ ਨੂੰ ਮਿਸ਼ਨ ਦਾ ਮੁਖੀ ਬਣਿਆ ਰਹਿਣ ਦੀ ਇਜਾਜ਼ਤ ਦਿੱਤੀ ਜਿਸ ਦਾ ਕੰਮ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਕਰਜੇ ਦੇ ਬੋਝ ਹੇਠ ਦਰੜੇ ਜਾ ਰਹੇ ਇਰਾਕ ਦਾ ਬਦੇਸ਼ੀ ਕਰਜਾ ਮਾਫ਼ ਕਰ ਦੇਣ ਲਈ ਮਨਾਉਣਾ ਸੀ। ਉਸ ਵਲੋਂ ਇਕ ਸਾਲ ਦੇ ਕਰੀਬ ਇਹ ਭੂਮਿਕਾ ਨਿਭਾਉਣ ਤੋਂ ਬਾਅਦ ਮੈਂ ਇਕ ਗੁਪਤ ਦਸਤਾਵੇਜ਼ ਦਾ ਉਤਾਰਾ ਹਾਸਲ ਕਰ ਲਿਆ ਜਿਸ ਤੋਂ ਇਹ ਸਾਬਤ ਹੁੰਦਾ ਸੀ ਕਿ ਜਿੰਨਾ ਪਹਿਲਾਂ ਉਸ ਬਾਰੇ ਸਮਝਿਆ ਗਿਆ ਸੀ ਇੱਥੇ ਉਸ ਦੇ ਹਿੱਤਾਂ ਦਾ ਟਕਰਾਅ ਵਧੇਰੇ ਸਿੱਧਾ ਅਤੇ ਗੰਭੀਰ ਸੀ।

ਇਹ ਦਸਤਾਵੇਜ਼ ਕੰਪਨੀਆਂ ਦੇ ਇਕ ਸਮੂਹ ਵਲੋਂ ਕੁਵੈਤ ਦੀ ਸਰਕਾਰ ਨੂੰ ਪੇਸ਼ ਕੀਤੀ ਗਈ 65 ਸਫ਼ਿਆਂ ਦੀ ਕਾਰੋਬਾਰੀ ਯੋਜਨਾ ਸੀ ਜਿਨ੍ਹਾਂ ਵਿਚ ਕਾਰਲਾਈਲ ਗਰੁੱਪ ਵੀ ਸ਼ਾਮਲ ਸੀ। ਕੁਵੈਤ ਇਰਾਕ ਨੂੰ ਕਰਜਾ ਦੇਣ ਵਾਲਾ ਮੁੱਖ ਦੇਸ਼ ਸੀ। ਕੰਪਨੀ ਸਮੂਹ ਨੇ ਕੁਵੈਤ ਦੇ ਉਨ੍ਹਾਂ ਕਰਜਿਆਂ ਵਿਚੋਂ 27 ਅਰਬ ਡਾਲਰ ਉਗਰਾਹੁਣ ਲਈ ਆਪਣੇ ਆਹਲਾ ਮਿਆਰੀ ਸਿਆਸੀ ਸੰਪਰਕਾਂ ਨੂੰ ਵਰਤਣ ਦੀ ਪੇਸ਼ਕਸ਼ ਕੀਤੀ ਸੀ ਜੋ ਇਰਾਕ ਵਲੋਂ ਦਿੱਤੇ ਨਹੀਂ ਗਏ ਸਨ। ਇਹ ਕਰਜੇ ਸੱਦਾਮ ਨੇ ਕੁਵੈਤ ਉੱਪਰ ਹਮਲੇ ਸਮੇਂ ਲਏ ਸਨ—ਦੂਜੇ ਲਫ਼ਜ਼ਾਂ 'ਚ ਬੇਨਤੀ ਵਜੋਂ ਬੇਕਰ ਤੋਂ ਜੋ ਕਰਨ ਦੀ ਆਸ ਕੀਤੀ ਜਾ ਰਹੀ ਸੀ ਵਿਹਾਰਕ ਅਮਲ ਇਸ ਤੋਂ ਪੂਰੀ ਤਰ੍ਹਾਂ ਉਲਟ ਹੋ ਰਿਹਾ ਸੀ। ਉਸ ਨੂੰ ਤਾਂ ਸਰਕਾਰਾਂ ਨੂੰ ਮਨਾਉਣ ਦਾ ਕੰਮ ਸੌਂਪਿਆ ਗਿਆ ਸੀ ਕਿ ਉਹ ਸੱਦਾਮ ਦੇ ਦੌਰ ਦੇ ਕਰਜੇ ਮਾਫ਼ ਕਰ ਦੇਣ।[29]

"ਇਰਾਕ ਵਿਰੁੱਧ ਕੁਵੈਤ ਸਰਕਾਰ ਦੇ ਕਰਜੇ ਦੇ ਦਾਅਵਿਆਂ ਦੀ ਰਾਖੀ ਕਰਨ ਅਤੇ ਇਨ੍ਹਾਂ ਦੀ ਵਸੂਲੀ ਲਈ ਸਹਿਯੋਗ ਦੇਣ ਦੀ ਤਜਵੀਜ਼" ਨਾਂ ਦਾ ਇਹ ਦਸਤਾਵੇਜ਼ ਬੇਕਰ ਦੀ ਨਿਯੁਕਤੀ ਤੋਂ ਦੋ ਕੁ ਮਹੀਨੇ ਬਾਅਦ ਪੇਸ਼ ਕੀਤਾ ਗਿਆ ਸੀ। ਇਸ ਵਿਚ ਜੇਮਜ਼ ਬੇਕਰ ਦੇ ਨਾਂ ਦਾ ਵਿਅਕਤੀਗਤ ਤੌਰ 'ਤੇ ਗਿਆਰਾਂ ਵਾਰ ਜ਼ਿਕਰ ਹੈ। ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੁਵੈਤ ਨੂੰ ਉਸ ਕੰਪਨੀ ਨਾਲ ਮਿਲ ਕੇ ਕੰਮ ਕਰਨ 'ਚ ਫ਼ਾਇਦਾ ਹੋਵੇਗਾ ਜਿਸ ਦਾ ਅਧਿਕਾਰੀ ਇਰਾਕ ਦੇ ਕਰਜੇ ਖ਼ਤਮ ਕਰਾਉਣ ਦੇ ਮਿਸ਼ਨ ਦਾ ਮੁਖੀ ਹੈ। ਪਰ ਇਸ ਦੀ ਕੀਮਤ ਵਸੂਲ ਕੀਤੀ ਜਾਣੀ ਸੀ। ਦਸਤਾਵੇਜ਼ ਵਿਚ ਕਿਹਾ ਗਿਆ ਕਿ ਇਨ੍ਹਾਂ ਸੇਵਾਵਾਂ ਬਦਲੇ ਕੁਵੈਤ ਸਰਕਾਰ ਨੂੰ ਕਾਰਲਾਈਲ ਗਰੁੱਪ 'ਚ ਇਕ ਅਰਬ ਡਾਲਰ ਦਾ ਪੂੰਜੀ-ਨਿਵੇਸ਼ ਕਰਨਾ ਪਵੇਗਾ। ਸਿੱਧਾ ਪ੍ਰਭਾਵ ਪਾਇਆ ਜਾ ਰਿਹਾ ਸੀ : ਬੇਕਰ ਤੋਂ ਸੁਰੱਖਿਆ ਹਾਸਲ ਕਰਨ ਲਈ ਬੇਕਰ ਦੀ ਕੰਪਨੀ ਨੂੰ ਧਨ ਦੇਵੋ। ਮੈਂ ਇਹ ਦਸਤਾਵੇਜ਼ ਵਾਸ਼ਿੰਗਟਨ ਯੂਨੀਵਰਸਿਟੀ 'ਚ ਕਾਨੂੰਨ ਦੀ ਪ੍ਰੋਫੈਸਰ ਅਤੇ ਸਰਕਾਰੀ ਨੈਤਿਕਤਾ ਅਤੇ ਕਾਇਦੇ ਦੀ ਮਾਹਰ ਕੈਥਲੀਨ ਕਲਾਰਕ ਨੂੰ ਦਿਖਾਇਆ। ਉਸ ਦਾ ਕਹਿਣਾ ਸੀ ਕਿ ਬੇਕਰ "ਹਿੱਤਾਂ ਦੇ ਰਵਾਇਤੀ ਕਿਸਮ ਦੇ ਟਕਰਾਵਾਂ 'ਚ ਸ਼ਾਮਲ ਹੈ। ਬੇਕਰ ਇਸ ਲੈਣ-ਦੇਣ ਨਾਲ ਸਬੰਧਤ ਦੋਵਾਂ ਧਿਰਾਂ 'ਚ ਸ਼ਾਮਲ ਹੈ : ਉਸ ਬਾਰੇ ਸਮਝਿਆ ਜਾ ਰਿਹਾ ਹੈ ਕਿ ਉਹ ਅਮਰੀਕਾ ਦੇ ਹਿੱਤਾਂ ਦਾ ਨੁਮਾਇੰਦਾ ਹੈ, ਪਰ ਉਹ ਕਾਰਲਾਈਲ ਦਾ ਸੀਨੀਅਰ ਸਲਾਹਕਾਰ ਵੀ ਹੈ ਅਤੇ ਕਾਰਲਾਈਲ ਦੀ ਖਾਹਸ਼ ਹੈ ਕਿ ਕੁਵੈਤ ਇਰਾਕ ਤੋਂ ਕਰਜੇ ਵਸੂਲਣ 'ਚ ਮਦਦ ਕਰਨ ਬਦਲੇ ਇਸ ਦਾ ਮੁੱਲ ਤਾਰੇ।" ਦਸਤਾਵੇਜ਼ ਘੋਖਣ ਤੋਂ ਬਾਅਦ ਕਲਾਰਕ ਇਸ ਨਤੀਜੇ 'ਤੇ ਪਹੁੰਚੀ ਕਿ "ਕਾਰਲਾਈਲ ਅਤੇ ਹੋਰ ਕੰਪਨੀਆਂ ਕੁਵੈਤ ਨਾਲ ਐਸੀ ਸੌਦੇਬਾਜ਼ੀ ਕਰਨ ਲਈ ਬੇਕਰ ਦੇ ਮੌਜੂਦਾ ਰੁਤਬੇ ਦਾ ਲਾਹਾ ਲੈ ਰਹੀਆਂ ਹਨ। ਇਹ ਸੌਦੇਬਾਜ਼ੀ ਅਮਰੀਕੀ ਸਰਕਾਰ ਦੇ ਹਿੱਤਾਂ ਨੂੰ ਢਾਹ ਲਾਵੇਗੀ।"

ਬੇਕਰ ਬਾਰੇ ਮੇਰੀ ਲਿਖਤ *ਦੀ ਨੇਸ਼ਨ* 'ਚ ਛਪਣ ਤੋਂ ਬਾਅਦ ਕਾਰਲਾਈਲ ਕੰਪਨੀਆਂ ਦੇ ਇਸ ਸਮੂਹ ਵਿਚੋਂ ਪਿੱਛੇ ਹਟ ਗਈ। ਇਸ ਦੀ ਇਕ ਅਰਬ ਡਾਲਰ ਦੀ ਆਸ ਨੂੰ ਬੂਰ ਨਹੀਂ ਪਿਆ। ਕਈ ਮਹੀਨੇ ਬਾਅਦ ਬੇਕਰ ਨੇ ਕਾਰਲਾਈਲ ਗਰੁੱਪ ਵਿਚੋਂ ਪੈਸਾ ਕੱਢ ਲਿਆ ਅਤੇ ਜਨਰਲ ਕੌਂਸਲ ਦੀ ਮੈਂਬਰੀ ਛੱਡ ਦਿੱਤੀ। ਪਰ ਅਸਲ ਨੁਕਸਾਨ ਤਾਂ ਹੋ ਚੁੱਕਿਆ ਸੀ : ਏਲਚੀ ਵਜੋਂ ਬੇਕਰ ਦੀ ਕਾਰਗੁਜ਼ਾਰੀ ਸਿਰੇ ਦੀ ਨਿਕੰਮੀ ਸੀ, ਉਸ ਨੇ ਉਸ ਤਰ੍ਹਾਂ ਦੀ ਕਰਜਾ ਮਾਫ਼ੀ ਨਹੀਂ ਕਰਵਾਈ ਜਿਸ ਦਾ ਬੁਸ਼ ਨੇ ਵਾਅਦਾ ਕੀਤਾ ਸੀ ਅਤੇ ਜਿਸ ਦੀ ਇਰਾਕ ਨੂੰ ਜ਼ਰੂਰਤ ਸੀ। 2005 ਅਤੇ 2006 'ਚ, ਇਰਾਕ ਨੇ ਸੱਦਾਮ ਵਲੋਂ ਵਿੱਢੀ ਗਈ ਜੰਗ ਸਬੰਧੀ 2.59 ਅਰਬ ਡਾਲਰ ਦੇ ਹਰਜਾਨੇ ਭਰੇ, ਬਹੁਤੀ ਅਦਾਇਗੀ ਕੁਵੈਤ ਨੂੰ ਕੀਤੀ ਗਈ। ਇਹ ਉਹ ਵਸੀਲੇ ਸਨ ਜਿਨ੍ਹਾਂ ਦੀ ਮਨੁੱਖੀ ਸੰਕਟ ਨਾਲ ਜੂਝ ਰਹੇ ਇਰਾਕ ਨੂੰ ਦੇਸ਼ ਦੀ ਮੁੜ-ਉਸਾਰੀ ਕਰਨ ਲਈ ਅਣਸਰਦੀ ਲੋੜ

ਸੀ, ਖ਼ਾਸ ਕਰਕੇ ਅਮਰੀਕੀ ਕੰਪਨੀਆਂ ਵਲੋਂ ਸਹਾਇਤਾ ਦੀਆਂ ਰਕਮਾਂ ਦਾ ਉਜਾੜਾ ਕਰਕੇ ਖਿਸਕ ਜਾਣ ਅਤੇ ਕੰਮ ਅਧੂਰਾ ਛੱਡ ਕੇ ਤੁਰ ਜਾਣ ਤੋਂ ਬਾਅਦ। ਬੇਕਰ ਦਾ ਐਲਾਨ ਇਰਾਕ ਦੇ 90 ਤੋਂ 95 ਫ਼ੀ ਸਦੀ ਕਰਜੇ 'ਤੇ ਲੀਕ ਫੇਰਨ ਦਾ ਸੀ। ਇਸ ਦੀ ਬਜਾਏ, ਕਰਜੇ ਦੀ ਸਿਰਫ਼ ਮੁੜ-ਵਿਉਂਤਬੰਦੀ ਕੀਤੀ ਗਈ ਅਤੇ ਹਾਲੇ ਵੀ ਇਹ ਦੇਸ਼ ਦੀ ਕੁਲ ਘਰੇਲੂ ਉਪਜ ਦੇ 99 ਫ਼ੀ ਸਦੀ ਦੇ ਬਰਾਬਰ ਹੈ।[30]

ਇਰਾਕ ਬਾਰੇ ਨੀਤੀ ਦੇ ਹੋਰ ਅਹਿਮ ਪਹਿਲੂ ਵੀ ਆਜ਼ਾਦ ਏਲਚੀਆਂ ਹੱਥ ਦੇ ਦਿੱਤੇ ਗਏ। ਇਨ੍ਹਾਂ ਦੀਆਂ ਕੰਪਨੀਆਂ ਨੇ ਜੰਗ ਤੋਂ ਰਿਕਾਰਡ ਤੋੜ ਮੁਨਾਫ਼ੇ ਕਮਾਏ। ਬਦੇਸ਼ੀ ਮਾਮਲਿਆਂ ਦਾ ਸਾਬਕਾ ਮੁਖੀ ਜਾਰਜ ਸ਼ੁਲਜ਼ ਇਰਾਕ ਦੀ ਮੁਕਤੀ ਬਾਰੇ ਕਮੇਟੀ ਦਾ ਮੁਖੀ ਸੀ। ਇਹ ਇਕ ਦਬਾਅ ਪਾਊ ਸਮੂਹ ਸੀ ਜੋ 2002 'ਚ ਬੁਸ਼ ਦੇ ਵਾਈਟ ਹਾਊਸ ਦੀ ਗੁਜ਼ਾਰਿਸ਼ 'ਤੇ ਜਨਤਾ ਦੇ ਮਨਾਂ 'ਚ ਜੰਗ ਦੀ ਵਾਜਬੀਅਤ ਜਚਾਉਣ ਲਈ ਬਣਾਇਆ ਗਿਆ ਸੀ। ਸ਼ੁਲਜ਼ ਨੇ ਕੌਲ ਨਿਭਾਇਆ। ਕਿਉਂਕਿ ਉਸ ਦੀ ਭੂਮਿਕਾ ਪ੍ਰਸ਼ਾਸਨ ਤੋਂ ਪਰ੍ਹਾ ਰਹਿ ਕੇ ਕੰਮ ਕਰਨ ਦੀ ਸੀ, ਇਸ ਕਾਰਨ ਉਹ ਸੱਦਾਮ ਤੋਂ ਤੁਰੰਤ ਖ਼ਤਰੇ ਦਾ ਜਨੂੰਨ ਭੜਕਾਉਣ 'ਚ ਕਾਮਯਾਬ ਹੋ ਗਿਆ, ਕਿਸੇ ਸਬੂਤ ਜਾਂ ਤੱਥਾਂ ਦੇ ਖਲਜਗਣ 'ਚ ਪਏ ਬਗ਼ੈਰ ਹੀ। ਸਤੰਬਰ 2002 'ਚ ਉਸ ਨੇ *ਵਾਸ਼ਿੰਗਟਨ ਪੋਸਟ* 'ਚ ਲਿਖਿਆ "ਜੇ ਤੁਹਾਡੇ ਵਿਹੜੇ ਵਿਚ ਸੱਪ ਹੈ, ਤੁਸੀਂ ਆਪਣੀ ਰਾਖੀ ਲਈ ਕਾਰਵਾਈ ਕਰਨ ਤੋਂ ਪਹਿਲਾਂ ਉਸ ਦੇ ਹਮਲੇ ਦੀ ਉਡੀਕ ਨਹੀਂ ਕਰਦੇ।" ਇਸ ਦਾ ਸਿਰਲੇਖ ਸੀ "ਹੁਣੇ ਕਾਰਵਾਈ ਕਰੋ : ਖ਼ਤਰਾ ਸਿਰ ਖੜ੍ਹਾ ਹੈ। ਸੱਦਾਮ ਹੁਸੈਨ ਨੂੰ ਲਾਜ਼ਮੀ ਹਟਾਇਆ ਜਾਣਾ ਚਾਹੀਦਾ ਹੈ।" ਸ਼ੁਲਜ਼ ਨੇ ਪਾਠਕਾਂ ਨੂੰ ਇਹ ਭੇਤ ਨਹੀਂ ਦੱਸਿਆ ਕਿ ਇਸ ਸਮੇਂ ਉਹ ਬੈੱਚਟੈੱਲ ਦੇ ਡਾਇਰੈਕਟਰਾਂ ਦੇ ਬੋਰਡ ਦਾ ਮੈਂਬਰ ਸੀ, ਜਿੱਥੇ ਉਸ ਨੇ ਪਹਿਲਾਂ ਕਈ ਸਾਲ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਕੰਮ ਕੀਤਾ ਸੀ। ਇਸ ਕੰਪਨੀ ਨੇ ਇਰਾਕ ਦੀ ਮੁੜ ਉਸਾਰੀ ਦੀ ਕੀਮਤ 2.3 ਅਰਬ ਡਾਲਰ ਵਸੂਲ ਕੀਤੀ। ਇਸੇ ਲਈ ਸ਼ੁਲਜ਼ ਇਰਾਕ ਨੂੰ ਤਬਾਹ ਹੋਇਆ ਦੇਖਣ ਲਈ ਐਨਾ ਉਤਸੁਕ ਸੀ।[31] ਸੋ, ਬੀਤੇ 'ਤੇ ਪਿਛਲ ਝਾਤ ਮਾਰੀਏ ਤਾਂ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਜਦੋਂ ਸ਼ੁਲਜ਼ ਨੇ ਦੁਨੀਆਂ ਨੂੰ ਤੁਰੰਤ ਕਾਰਵਾਈ ਕਰਨ ਦਾ ਸੱਦਾ ਦਿੱਤਾ ਸੀ, ਕੀ ਉਹ ਚਿੰਤਤ ਬਜ਼ੁਰਗ ਸਿਆਸਤਦਾਨ ਵਜੋਂ ਬੋਲ ਰਿਹਾ ਸੀ ਜਾਂ ਬੈੱਚਟੈੱਲ ਦੇ ਨੁਮਾਇੰਦੇ ਵਜੋਂ—ਜਾਂ ਸ਼ਾਇਦ ਲਾਕਹੀਡ ਮਾਰਟਿਨ ਦੇ ਨੁਮਾਇੰਦੇ ਵਜੋਂ ? ਸਰਕਾਰ ਦੀ ਨਿਗਰਾਨੀ ਬਾਰੇ ਪ੍ਰਾਜੈਕਟ, ਬਿਨਾ ਕੋਈ ਲਾਹਾ ਲਏ ਨਿਗਰਾਨੀ ਕਰਨ ਵਾਲਾ ਗਰੁੱਪ ਹੈ। ਇਸ ਦੇ ਕਾਰਜਕਾਰੀ ਨਿਰਦੇਸ਼ਕ ਡੇਨੀਅਲ ਬਰਾਇਨ ਅਨੁਸਾਰ "ਇਹ ਦਰਸਾਉਣਾ ਸੰਭਵ ਨਹੀਂ ਹੈ ਕਿ ਕਿੱਥੇ ਸਰਕਾਰ ਦੀ ਹੱਦ ਖ਼ਤਮ ਹੁੰਦੀ ਹੈ ਅਤੇ ਲਾਕਹੀਡ ਦੀ ਸ਼ੁਰੂ ਹੁੰਦੀ ਹੈ।" ਇਹ ਦਰਸਾਉਣਾ ਹੋਰ ਵੀ ਔਖਾ ਹੈ ਕਿ ਕਿੱਥੇ ਲਾਕਹੀਡ ਦੀ ਹੱਦ ਖ਼ਤਮ ਹੁੰਦੀ ਹੈ ਅਤੇ ਇਰਾਕ ਦੀ ਮੁਕਤੀ ਬਾਰੇ ਕਮੇਟੀ ਦੀ ਹੱਦ ਸ਼ੁਰੂ ਹੁੰਦੀ ਹੈ। ਜਿਸ ਗਰੁੱਪ ਦਾ ਸ਼ੁਲਜ਼ ਮੁਖੀ ਸੀ ਅਤੇ ਜਿਸ ਨੂੰ ਉਹ ਜੰਗ ਪੱਖੀ ਮੰਚ ਵਜੋਂ ਇਸਤੇਮਾਲ ਕਰਦਾ ਸੀ, ਇਸ ਦਾ ਮੁੱਢ ਬਰੂਸ ਜੈਕਸਨ ਨੇ ਬੰਨ੍ਹਿਆ ਸੀ। ਤਿੰਨ ਮਹੀਨੇ ਪਹਿਲਾਂ ਹੀ ਉਸ ਕੋਲ ਲਾਕਹੀਡ ਮਾਰਟਿਨ 'ਚ ਯੁੱਧਨੀਤੀ ਅਤੇ ਯੋਜਨਾਬੰਦੀ ਦੇ ਮੀਤ-ਪ੍ਰਧਾਨ ਦਾ ਅਹੁਦਾ ਸੀ। ਜੈਨਸਨ ਦਾ ਕਹਿਣਾ ਹੈ ਕਿ "ਵਾਈਟ ਹਾਊਸ ਵਿਚਲੇ ਲੋਕਾਂ" ਨੇ ਉਸ ਨੂੰ ਗਰੁੱਪ ਬਣਾਉਣ ਲਈ ਕਿਹਾ ਸੀ, ਪਰ ਉਸ ਨੇ ਇਹ ਕੰਮ ਲਾਕਹੀਡ ਦੇ ਆਪਣੇ ਪੁਰਾਣੇ ਬੇਲੀ ਨੂੰ ਦੇ ਦਿੱਤਾ। ਜੈਕਸਨ ਤੋਂ ਇਲਾਵਾ ਲਾਕਹੀਡ ਦੇ ਨੁਮਾਇੰਦਿਆਂ 'ਚ ਸ਼ਾਮਲ ਸਨ, ਪੁਲਾੜ ਅਤੇ ਯੁੱਧਨੀਤਕ ਮਿਸਾਈਲਜ਼ 'ਚ ਲਾਕਹੀਡ ਦੀ ਤਰਫ਼ੋਂ ਮੀਤ ਪ੍ਰਧਾਨ ਚਾਰਲਸ ਕੂਪਰਮੈਨ ਅਤੇ ਲਾਕਹੀਡ ਦੇ ਸੁਰੱਖਿਆ ਵਿਵਸਥਾਵਾਂ ਦੇ ਨਿਰਦੇਸ਼ਕ ਡਗਲਸ ਗਰਾਹਮ।

ਭਾਵੇਂ ਇਹ ਕਮੇਟੀ ਜੰਗ ਦੀ ਪ੍ਰਚਾਰ ਸ਼ਾਖਾ ਵਜੋਂ ਵਾਈਟ ਹਾਊਸ ਦੇ ਸ਼ਰੇਆਮ ਕਹਿਣ 'ਤੇ ਬਣਾਈ ਗਈ ਸੀ, ਪਰ ਨਾ ਤਾਂ ਕਿਸੇ ਨੂੰ ਲਾਕਹੀਡ ਦਾ ਅਹੁਦਾ ਛੱਡਣਾ ਪਿਆ ਨਾ ਹੀ ਸ਼ੇਅਰ ਵੇਚਣੇ ਪਏ। ਕਮੇਟੀ ਮੈਂਬਰਾਂ ਲਈ ਇਹ ਲਾਜ਼ਮੀ ਹੀ ਲਾਹੇਵੰਦਾ ਸੀ ਕਿਉਂਕਿ ਜਿਸ ਜੰਗ ਦਾ ਮਨਸੂਬਾ ਘੜਨ 'ਚ ਉਨ੍ਹਾਂ ਨੇ ਯੋਗਦਾਨ ਪਾਇਆ ਸੀ ਉਸ ਦੀ ਬਦੌਲਤ ਲਾਕਹੀਡ ਦੇ ਸ਼ੇਅਰਾਂ ਦੇ ਭਾਅ 145 ਫ਼ੀ ਸਦੀ ਵਧ ਗਏ—ਮਾਰਚ 2003 'ਚ ਇਨ੍ਹਾਂ ਦਾ ਭਾਅ 41 ਡਾਲਰ ਪ੍ਰਤੀ ਸ਼ੇਅਰ ਸੀ ਜੋ ਫਰਵਰੀ 2007 'ਚ 102 ਡਾਲਰ ਹੋ ਗਿਆ।[32]

ਅਤੇ ਇਸ ਤੋਂ ਅੱਗੇ ਹੈਨਰੀ ਕਸਿੰਜਰ ਹੈ, ਜਿਸ ਨੇ ਪਿਨੋਚੇ ਦੇ ਰਾਜ ਪਲਟੇ ਦੀ ਹਮਾਇਤ ਕਰਕੇ ਉਲਟ ਇਨਕਲਾਬ ਸ਼ੁਰੂ ਕਰਾਇਆ ਸੀ। 2006 'ਚ ਛਪੀ ਕਿਤਾਬ *State of Denial* ਵਿਚ ਬਾਬ ਵੁੱਡਵਾਰਡ ਨੇ ਪੋਲ ਖੋਲ੍ਹਿਆ ਕਿ ਡਿਕ ਚੈਨੀ ਕਸਿੰਜਰ ਨਾਲ ਮਹੀਨਾਵਾਰ ਮੀਟਿੰਗਾਂ ਕਰਦਾ ਹੈ, ਜਦਕਿ ਬੁਸ਼ ਅਕਸਰ ਹੀ ਕਸਿੰਜਰ ਨਾਲ ਇਸ ਤੋਂ ਅੱਧੀਆਂ ਮੀਟਿੰਗਾਂ ਕਰਦਾ ਹੈ। ਇੰਞ ਉਹ "ਬਦੇਸ਼ੀ ਮਾਮਲਿਆਂ ਬਾਰੇ ਬੁਸ਼ ਦਾ ਸਭ ਤੋਂ ਵੱਧ ਬਾਕਾਇਦਾ ਅਤੇ ਅਕਸਰ ਮਿਲਣ ਵਾਲਾ ਬਾਹਰੀ ਸਲਾਹਕਾਰ ਹੈ।" ਚੈਨੀ ਨੇ ਵੁੱਡਵਾਰਡ ਨੂੰ ਦੱਸਿਆ, "ਸ਼ਾਇਦ ਮੈਂ ਹੋਰ ਕਿਸੇ ਨਾਲੋਂ ਵੱਧ ਹੈਨਰੀ ਕਸਿੰਜਰ ਨਾਲ ਗੱਲਬਾਤ ਕਰਦਾ ਹਾਂ।"[33]

ਭਲਾ ਇਨ੍ਹਾਂ ਆਹਲਾ ਮਿਆਰੀ ਮੀਟਿੰਗਾਂ ਵਿਚ ਕਸਿੰਜਰ ਕਿਸ ਦੀ ਨੁਮਾਇੰਦਗੀ ਕਰਦਾ ਸੀ ? ਬੇਕਰ ਅਤੇ ਸ਼ੁਲਜ਼ ਵਾਂਗ ਉਹ ਬਦੇਸ਼ ਵਿਭਾਗ ਦਾ ਮੁਖੀ ਹੁੰਦਾ ਸੀ, ਪਰ ਤਿੰਨ ਮਹੀਨਿਆਂ ਤੋਂ ਉਸ ਕੋਲ ਇਹ ਅਹੁਦਾ ਨਹੀਂ ਰਿਹਾ ਸੀ। ਜਦੋਂ 1982 'ਚ ਉਸ ਨੇ ਆਪਣੀ ਨਿੱਜੀ ਮਾਲਕੀ ਅਤੇ ਗੁਪਤ ਕਾਰਜ-ਸ਼ੈਲੀ ਵਾਲੀ ਕੰਪਨੀ ਕਸਿੰਜਰ ਐਸੋਸੀਏਟਸ ਸ਼ੁਰੂ ਕੀਤੀ ਉਸ ਦਾ ਕੰਮ ਉਨ੍ਹਾਂ ਸਾਮੀਆਂ ਦੀ ਨੁਮਾਇੰਦਗੀ ਕਰਨਾ ਸੀ ਜੋ ਉਸ ਦੀ ਸੂਚੀ 'ਚ ਸ਼ਾਮਲ ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚ ਕੋਕਾ ਕੋਲਾ ਤੋਂ ਲੈ ਕੇ ਯੂਨੀਅਨ ਕਾਰਬਾਈਡ ਤੱਕ, ਹੰਟ ਆਇਲ ਤੋਂ ਲੈ ਕੇ ਇੰਜੀਨੀਅਰਿੰਗ ਦੀ ਦਿਓਕੱਦ ਕੰਪਨੀ ਫਲੂਅਰ (ਇਰਾਕ 'ਚ ਮੁੜ-ਉਸਾਰੀ ਦੇ ਠੇਕੇ ਹਾਸਲ ਕਰਨ ਵਾਲੀ ਸਭ ਤੋਂ ਵੱਡੀ ਕੰਪਨੀ) ਅਤੇ ਇੱਥੋਂ ਤੱਕ ਕਿ ਚਿੱਲੀ 'ਚ ਕੀਤੀ ਗਈ ਗੁਪਤ ਕਾਰਵਾਈ ਦੀ ਪੁਰਾਣੀ ਭਾਈਵਾਲ ਕੰਪਨੀ ਆਈ ਟੀ ਟੀ ਤੱਕ ਹਰੇਕ ਕੰਪਨੀ ਸ਼ਾਮਲ ਸੀ।[34] ਇਸ ਲਈ ਜਦੋਂ ਉਹ ਚੈਨੀ ਨਾਲ ਮੀਟਿੰਗਾਂ ਕਰਦਾ ਸੀ ਕੀ ਉਹ ਬਜ਼ੁਰਗ ਸਿਆਸਤਦਾਨ ਦੀ ਭੂਮਿਕਾ ਨਿਭਾਉਂਦਾ ਸੀ ਜਾਂ ਆਪਣੇ ਤੇਲ ਅਤੇ ਇੰਜੀਨੀਅਰਿੰਗ ਖੇਤਰ ਦੀਆਂ ਸਾਮੀਆਂ ਨੂੰ ਉੱਚੀਆਂ ਕੀਮਤਾਂ ਦਿਵਾਉਣ ਲਈ ਜੋੜ-ਤੋੜ ਕਰਦਾ ਸੀ ?

ਨਵੰਬਰ 2002 'ਚ ਬੁਸ਼ ਵਲੋਂ ਕਸਿੰਜਰ ਨੂੰ 11 ਸਤੰਬਰ ਦੇ ਹਮਲਿਆਂ ਬਾਰੇ ਕਮਿਸ਼ਨ ਦਾ ਪ੍ਰਧਾਨ ਬਣਾਏ ਜਾਣ ਨੇ ਤਕੜਾ ਸੰਕੇਤ ਦੇ ਦਿੱਤਾ ਸੀ ਕਿ ਉਸ ਦੀ ਵਫ਼ਾਦਾਰੀ ਕਿਸ ਪਾਸੇ ਹੈ। ਸ਼ਾਇਦ ਇਹ ਸਭ ਤੋਂ ਅਹਿਮ ਭੂਮਿਕਾ ਸੀ ਜੋ ਕਿਸੇ ਦੇਸ਼-ਭਗਤ ਨੂੰ ਸੇਵਾ-ਮੁਕਤੀ ਤੋਂ ਬਾਅਦ ਨਿਭਾਉਣ ਲਈ ਕਿਹਾ ਜਾ ਸਕਦਾ ਸੀ। ਹਾਲਾਂਕਿ ਜਦੋਂ ਪੀੜਤ ਪਰਿਵਾਰਾਂ ਨੇ ਉਸ ਦੀਆਂ ਕਾਰਪੋਰੇਟ ਸਾਮੀਆਂ ਦੀ ਸੂਚੀ ਮੰਗ ਲਈ ਅਤੇ ਛਾਣ-ਬੀਣ ਨਾਲ ਜੁੜੇ ਹਿੱਤਾਂ ਦੇ ਸੰਭਾਵੀ ਟਕਰਾਅ ਵੱਲ ਇਸ਼ਾਰਾ ਕਰ ਦਿੱਤਾ ਤਾਂ ਉਸ ਨੇ ਜਨਤਾ ਪ੍ਰਤੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੇ ਇਸ ਬੁਨਿਆਦੀ ਨੁਕਤੇ ਬਾਰੇ ਸਹਿਯੋਗ ਦੇਣ ਤੋਂ ਨਾਂਹ ਕਰ ਦਿੱਤੀ। ਸਾਮੀਆਂ ਦੇ ਨਾਂ ਦੱਸਣ ਦੀ ਬਜਾਏ ਉਸ ਨੇ ਕਮਿਸ਼ਨ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।[35]

ਇਕ ਸਾਲ ਬਾਅਦ ਕਸਿੰਜਰ ਦੇ ਬੇਲੀ ਅਤੇ ਕਾਰੋਬਾਰੀ ਸਹਿਯੋਗੀ ਰਿਚਰਡ ਪਰਲ ਨੇ ਵੀ ਐਨ ਇਸੇ ਤਰ੍ਹਾਂ ਹੀ ਕੀਤਾ। ਪਰਲ ਰੀਗਨ ਸਰਕਾਰ 'ਚ ਸੁਰੱਖਿਆ ਅਧਿਕਾਰੀ ਰਿਹਾ ਸੀ,

ਰਮਜ਼ਫੈਲਡ ਨੇ ਉਸ ਨੂੰ ਸੁਰੱਖਿਆ ਬੋਰਡ ਦਾ ਪ੍ਰਧਾਨ ਬਣਨ ਲਈ ਕਿਹਾ। ਪਰਲ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ, ਇਹ ਬੋਰਡ ਪੂਰੀ ਤਰ੍ਹਾਂ ਸਲਾਹਕਾਰ ਕਮੇਟੀ ਸੀ ਜੋ ਪਹਿਲੀਆਂ ਸਰਕਾਰਾਂ ਦੀ ਸੋਝੀ ਨੂੰ ਮੌਜੂਦਾ ਸਰਕਾਰ ਤੱਕ ਪਹੁੰਚਾਉਣ ਦਾ ਜ਼ਰੀਆ ਸੀ। ਪਰਲ ਨੇ ਇਸ ਨੂੰ ਆਪਣੇ ਹਿੱਤਾਂ ਦਾ ਮੰਚ ਬਣਾ ਲਿਆ। ਉਸ ਨੇ ਪ੍ਰੈੱਸ 'ਚ ਆਪਣੇ ਪ੍ਰਭਾਵਸ਼ਾਲੀ ਰੁਤਬੇ ਦੀ ਵਰਤੋਂ ਇਰਾਕ ਉੱਪਰ ਅਗਾਊਂ ਹਮਲੇ ਦੇ ਹੱਕ ਵਿਚ ਜ਼ੋਰਦਾਰ ਦਲੀਲਾਂ ਦੇਣ ਲਈ ਕੀਤੀ। ਉਸ ਨੇ ਹੋਰ ਢੰਗਾਂ ਨਾਲ ਵੀ ਇਸ ਨੂੰ ਵਰਤਿਆ। *ਦੀ ਨਿਊ ਯਾਰਕਰ* 'ਚ ਛਪੀ ਸੇਮੋਰ ਹਰਸ਼ ਦੀ ਜਾਂਚ ਰਿਪੋਰਟ ਅਨੁਸਾਰ, ਉਸ ਨੇ ਆਪਣੀ ਨਵੀਂ ਕੰਪਨੀ ਲਈ ਪੂੰਜੀ-ਨਿਵੇਸ਼ ਜੁਟਾਉਣ ਖ਼ਾਤਰ ਆਪਣੇ ਰੁਤਬੇ ਦਾ ਨਜਾਇਜ਼ ਫ਼ਾਇਦਾ ਉਠਾਇਆ। ਇਹ ਸਾਹਮਣੇ ਆਇਆ ਕਿ 11 ਸਤੰਬਰ ਤੋਂ ਬਾਅਦ ਤਬਾਹੀ 'ਚੋਂ ਵਿਕਾਸ ਕਰਨ ਵਾਲੇ ਪਹਿਲੇ ਸਰਮਾਏਦਾਰਾਂ ਵਿਚੋਂ ਇਕ ਪਰਲ ਸੀ। ਹਮਲਿਆਂ ਤੋਂ ਦੋ ਮਹੀਨੇ ਬਾਅਦ ਹੀ ਉਸ ਨੇ ਸਰਮਾਏ ਦਾ ਕਾਰੋਬਾਰ ਕਰਨ ਵਾਲੀ ਕੰਪਨੀ ਟਰਾਈਗਮ ਪਾਰਟਨਰਜ਼ ਸ਼ੁਰੂ ਕਰ ਦਿੱਤੀ ਜੋ ਅੰਦਰੂਨੀ ਸੁਰੱਖਿਆ ਅਤੇ ਮਿਲਟਰੀ ਖੇਤਰ ਨਾਲ ਸਬੰਧਤ ਸਮਾਨ ਅਤੇ ਸੇਵਾਵਾਂ ਦੇ ਵਿਕਾਸ 'ਚ ਜੁਟੀਆਂ ਕੰਪਨੀਆਂ 'ਚ ਪੂੰਜੀ-ਨਿਵੇਸ਼ ਕਰੇਗੀ। ਕਾਰੋਬਾਰ ਦਾ ਜੁਗਾੜ ਕਰਨ ਲਈ ਲਿਖੀਆਂ ਚਿੱਠੀਆਂ 'ਚ ਟਰਾਈਗਮ ਨੇ ਆਪਣੀ ਕੰਪਨੀ ਦੇ ਸਿਆਸੀ ਸੰਪਰਕਾਂ ਦੀ ਫੜ੍ਹ ਮਾਰਦਿਆਂ ਕਿਹਾ, "ਟਰਾਈਗਮ ਦੇ ਪ੍ਰਬੰਧਕੀ ਗਰੁੱਪ ਦੇ ਤਿੰਨ ਮੈਂਬਰ ਅੱਜਕੱਲ੍ਹ ਅਮਰੀਕਾ ਦੇ ਸੁਰੱਖਿਆ ਨੀਤੀ ਬੋਰਡ 'ਚ ਕੰਮ ਕਰ ਰਹੇ ਹਨ ਅਤੇ ਅਮਰੀਕਾ ਦੇ ਰੱਖਿਆ ਮੰਤਰੀ ਦੇ ਸਲਾਹਕਾਰ ਹਨ।" ਇਹ ਤਿੰਨ ਜਣੇ ਸਨ ਪਰਲ, ਉਸ ਦਾ ਯਾਰ ਗੇਰਾਲਡ ਹਿਲਮੈਨ ਅਤੇ ਹੈਨਰੀ ਕਸਿੰਜਰ।[36]

ਪਰਲ ਦੇ ਮੁਢਲੇ ਪੂੰਜੀ ਨਿਵੇਸ਼ਕਾਰਾਂ ਵਿਚੋਂ ਇਕ ਸੀ ਬੋਇੰਗ ਜੋ ਪੈਂਟਾਗਾਨ ਦੇ ਠੇਕੇ ਲੈਣ ਵਾਲੀ ਦੂਜੀ ਸਭ ਤੋਂ ਵੱਡੀ ਕੰਪਨੀ ਸੀ। ਜਿਸ ਨੇ ਟਰਾਈਗਮ ਦੀ ਗੱਡੀ ਰੇੜਨ ਲਈ 2 ਕਰੋੜ ਡਾਲਰ ਲਾ ਕੇ ਇਸ ਨੂੰ ਤਕੜਾ ਹੁਲਾਰਾ ਦਿੱਤਾ। ਪਰਲ ਬੋਇੰਗ ਦਾ ਐਨਾ ਸ਼ੁਰੇਆਮ ਹਮਾਇਤੀ ਬਣ ਗਿਆ ਕਿ ਉਸ ਨੇ ਬੋਇੰਗ ਦੇ ਪੈਂਟਾਗਾਨ ਨਾਲ 17 ਅਰਬ ਡਾਲਰ ਦੇ ਟੈਂਕਰਾਂ ਦੇ ਰੱਟੇ ਵਾਲੇ ਠੇਕੇ ਦੀ ਹਮਾਇਤ 'ਚ ਅਖ਼ਬਾਰਾਂ ਦੇ ਸੰਪਾਦਕੀ ਸਫ਼ੇ ਉੱਪਰ ਅਹਿਮ ਲੇਖ ਲਿਖ ਦਿੱਤਾ।•[37]

ਹਾਲਾਂਕਿ ਪਰਲ ਨੇ ਪੈਂਟਾਗਾਨ 'ਚ ਨਿੱਜੀ ਅਸਰ-ਰਸੂਖ਼ ਬਾਰੇ ਆਪਣੇ ਪੂੰਜੀ-ਨਿਵੇਸ਼ਕਾਂ ਨੂੰ

• ਟੈਂਕਰ ਸੌਦਾ ਪੈਂਟਾਗਾਨ ਦੇ ਸੱਜਰੇ ਇਤਿਹਾਸ ਦਾ ਸਭ ਤੋਂ ਵੱਡਾ ਘਪਲਾ ਹੈ। ਓੜਕ ਰੱਖਿਆ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਅਤੇ ਬੋਇੰਗ ਦੇ ਇਕ ਕਾਰਜਕਾਰੀ ਅਧਿਕਾਰੀ ਨੂੰ ਜੇਲ੍ਹ ਜਾਣਾ ਪਿਆ। ਸੌਦਾ ਨੇਪਰੇ ਚੜ੍ਹਨ ਵਕਤ ਇਹ ਅਧਿਕਾਰੀ ਬੋਇੰਗ 'ਚ ਨੌਕਰੀ ਲੈਣ ਲਈ ਗੱਲਬਾਤ ਚਲਾ ਰਿਹਾ ਸੀ। ਮਗਰੋਂ ਜਾਂਚ ਦੌਰਾਨ, ਰਮਜ਼ਫੈਲਡ ਤੋਂ ਜਵਾਬ ਮੰਗਿਆ ਗਿਆ ਕਿ ਉਸ ਨੇ ਆਪਣੀ ਨਿਗਰਾਨੀ ਹੇਠ ਹੋਏ ਭ੍ਰਿਸ਼ਟਚਾਰੀ ਸੌਦੇ ਨੂੰ ਕਿਉਂ ਨਾ ਰੋਕਿਆ। ਉਸ ਨੇ ਜਵਾਬ ਦਿੱਤਾ ਕਿ ਉਸ ਨੂੰ ਚੇਤੇ ਨਹੀਂ ਹੈ ਕਿ ਉਸ ਨੇ ਕਿਸੇ ਐਸੇ ਠੇਕੇ 'ਚ ਭੂਮਿਕਾ ਨਿਭਾਈ ਸੀ ਜਿਸ ਵਿਚ ਟੈਕਸ ਦੇਣ ਵਾਲਿਆਂ ਦਾ 17 ਅਰਬ ਤੋਂ ਲੈ ਕੇ 30 ਅਰਬ ਤੱਕ ਪੈਸਾ ਬਰਬਾਦ ਕਰ ਦਿੱਤਾ ਗਿਆ। "ਮੈਨੂੰ ਇਹ ਤਾਂ ਯਾਦ ਨਹੀਂ ਕਿ ਕੀ ਇਸ ਨੂੰ ਮਨਜ਼ੂਰੀ ਦਿੱਤੀ ਗਈ ਸੀ। ਪਰ ਜੇ ਤੁਸੀਂ ਪੁੱਛੋਗੇ ਤਾਂ ਮੈਨੂੰ ਇਹ ਵੀ ਪੱਕਾ ਯਾਦ ਨਹੀਂ ਹੈ ਕਿ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਸੀ।" ਮਾੜੇ ਪ੍ਰਬੰਧ ਕਾਰਨ ਰਮਜ਼ਫੈਲਡ ਦੀ ਖਿਚਾਈ ਹੋਈ, ਪਰ ਰੱਖਿਆ ਮੰਤਰੀ ਦੇ ਭੁਲੱਕੜ ਹੋਣ ਦੀ ਇਕ ਵਜ੍ਹਾ ਇਹ ਵੀ ਰਹੀ ਹੋਵੇਗੀ ਕਿ ਉਹ ਅਕਸਰ ਹੀ ਖ਼ਰੀਦਦਾਰੀ ਬਾਰੇ ਵਿਚਾਰ-ਚਰਚਾ ਕਰਨ ਤੋਂ ਟਾਲਾ ਵੱਟਦਾ ਸੀ ਤਾਂ ਜੋ ਇਹ ਭੇਤ ਨਾ ਖੁੱਲ੍ਹ ਜਾਵੇ ਕਿ ਉਸ ਦੀਆਂ ਆਪਣੀਆਂ ਕਈ ਰੱਖਿਆ ਨਾਲ ਸਬੰਧਤ ਜਾਇਦਾਦਾਂ ਦੇ ਹਿੱਤ ਇਸ ਨਾਲ ਪ੍ਰਭਾਵਿਤ ਹੁੰਦੇ ਹਨ।

ਸਭ ਕੁਝ ਦੱਸਿਆ ਹੋਇਆ ਸੀ, ਪਰ ਸੁਰੱਖਿਆ ਨੀਤੀ ਬਾਰੇ ਬੋਰਡ ਦੇ ਉਸ ਦੇ ਕਈ ਸੰਗੀ ਕਹਿ ਰਹੇ ਸਨ ਕਿ ਉਸ ਨੇ ਟਰਾਈਰਮ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ। ਜਦੋਂ ਉਨ੍ਹਾਂ ਨੂੰ ਟਰਾਈਰਮ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਵਿਚੋਂ ਇਕ ਨੇ ਇਸ ਕੰਪਨੀ ਬਾਰੇ ਕਿਹਾ ਕਿ ਇਹ "ਨੈਤਿਕਤਾ ਦੀ ਸੂਚੀ ਦੇ ਜਾਂ ਤਾਂ ਹਾਸ਼ੀਏ ਉੱਤੇ ਖੜ੍ਹੀ ਹੈ ਜਾਂ ਇਸ ਤੋਂ ਪੂਰੀ ਤਰ੍ਹਾਂ ਬਾਹਰ ਹੈ।" ਅਖ਼ੀਰ ਜਿਵੇਂ ਕਸਿੰਜਰ ਨਾਲ ਹੋਇਆ ਸੀ, ਪਰਲ ਅਤੇ ਉਸ ਨਾਲ ਬੱਝੀਆਂ ਟਕਰਾਅ ਦੀਆਂ ਗੰਢਾਂ ਵਿਚੋਂ ਚੋਣ ਕਰਨੀ ਹੀ ਪੈਣੀ ਸੀ : ਜਾਂ ਤਾਂ ਸੁਰੱਖਿਆ ਦੀ ਨੀਤੀ ਬਣਾਓ ਜਾਂ ਦਹਿਸ਼ਤਵਾਦ ਵਿਰੁੱਧ ਜੰਗ 'ਚੋਂ ਮੁਨਾਫ਼ੇ ਕਮਾਓ। ਮਾਰਚ 2003 'ਚ, ਜਦੋਂ ਇਰਾਕ ਵਿਚ ਜੰਗ ਸ਼ੁਰੂ ਹੋ ਰਹੀ ਸੀ ਅਤੇ ਠੇਕਿਆਂ ਦਾ ਗੱਫਾ ਤਿਆਰ ਸੀ, ਇਸ ਸਮੇਂ ਪਰਲ ਨੇ ਸੁਰੱਖਿਆ ਨੀਤੀ ਬਾਰੇ ਬੋਰਡ ਦੇ ਚੇਅਰਮੈਨ ਦਾ ਅਹੁਦਾ ਛੱਡ ਦਿੱਤਾ।[38]

ਰਿਚਰਡ ਪਰਲ ਹੋਰ ਕਿਸੇ ਗੱਲੋਂ ਐਨਾ ਖ਼ਫ਼ਾ ਨਹੀਂ ਹੁੰਦਾ ਜਿੰਨਾ ਇਹ ਇਸ਼ਾਰਾ ਕਰਨ ਤੋਂ ਕਿ ਸਾਰੀਆਂ ਬੁਰਾਈਆਂ ਦਾ ਖ਼ਾਤਮਾ ਕਰਨ ਲਈ ਉਸ ਦੀ ਅਸੀਮਤ ਜੰਗ ਦੀ ਵਕਾਲਤ ਦਾ ਕਾਰਨ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਵਿਚੋਂ ਚੋਖੇ ਨਿੱਜੀ ਮੁਨਾਫ਼ਿਆਂ ਦੀ ਝਾਕ ਹੈ। ਸੀ ਐੱਨ ਐੱਨ ਉੱਪਰ ਚਰਚਾ ਦੌਰਾਨ ਵੌਫ਼ ਬਲਿਟਜ਼ਰ ਨੇ ਪਰਲ ਨੂੰ ਹਰਸ਼ ਦੀ ਟਿੱਪਣੀ ਯਾਦ ਕਰਾਈ। ਟਿੱਪਣੀ ਵਿਚ ਹਰਸ਼ ਨੇ ਕਿਹਾ ਸੀ ਕਿ "ਉਸ ਨੇ ਜੋ ਕੰਪਨੀ ਬਣਾਈ ਹੈ ਇਸ ਨੂੰ ਜੰਗ ਦਾ ਲਾਭ ਹੋਵੇਗਾ।" ਸਪਸ਼ਟ ਤੌਰ 'ਤੇ ਇਹ ਗੱਲ ਸਹੀ ਜਾਪਦੀ ਹੈ। ਇਸ ਦੇ ਬਾਵਜੂਦ ਪਰਲ ਨੇ ਤੈਸ਼ 'ਚ ਆ ਕੇ ਪੁਲਿਤਜ਼ਰ ਇਨਾਮ ਜੇਤੂ ਹਰਸ਼ ਬਾਰੇ ਇੱਥੋਂ ਤੱਕ ਕਹਿ ਦਿੱਤਾ ਕਿ "ਇਹ ਸਪਸ਼ਟ ਹੈ ਉਹ ਅਮਰੀਕੀ ਪੱਤਰਕਾਰੀ ਅੰਦਰ ਦਹਿਸ਼ਤਪਸੰਦਾਂ ਦਾ ਸਭ ਤੋਂ ਨੇੜਲਾ ਬੰਦਾ ਹੈ।" ਉਸ ਨੇ ਬਲਿਟਜ਼ਰ ਨੂੰ ਕਿਹਾ, "ਮੈਂ ਨਹੀਂ ਸਮਝਦਾ ਕਿ ਕਿਸੇ ਕੰਪਨੀ ਨੂੰ ਜੰਗ ਤੋਂ ਫ਼ਾਇਦਾ ਹੋਵੇਗਾ...ਇਹ ਇਸ਼ਾਰਾ ਨਿਰਾ ਬਕਵਾਸ ਹੈ ਕਿ ਮੇਰੇ ਵਿਚਾਰਾਂ ਦਾ ਸਬੰਧ ਅੰਦਰੂਨੀ ਸੁਰੱਖਿਆ 'ਚ ਪੂੰਜੀ-ਨਿਵੇਸ਼ ਦੀ ਸੰਭਾਵਨਾ ਨਾਲ ਹੈ।"[39]

ਇਹ ਅਜੀਬ ਦਾਅਵਾ ਸੀ। ਜੇ ਸੁਰੱਖਿਆ ਅਤੇ ਸੁਰੱਖਿਆ ਨਾਲ ਸਬੰਧਤ ਕੰਪਨੀਆਂ 'ਚ ਪੂੰਜੀ-ਨਿਵੇਸ਼ ਕਰਨ ਲਈ ਬਣਾਈ ਕੋਈ ਕੰਪਨੀ—ਜੋ ਸਰਮਾਏ ਦਾ ਕਾਰੋਬਾਰ ਕਰਦੀ ਹੋਵੇ—ਜੰਗ ਤੋਂ ਫ਼ਾਇਦਾ ਉਠਾਉਣ 'ਚ ਕਾਮਯਾਬ ਨਹੀਂ ਹੁੰਦੀ ਤਾਂ ਇਹ ਤੈਅ ਹੈ ਇਸ ਦੇ ਪੂੰਜੀ-ਨਿਵੇਸ਼ਕ ਦੀਵਾਲੀਆ ਹੋ ਰਹੇ ਹੋਣਗੇ। ਇਸ ਘਟਨਾ ਨਾਲ ਪਰਲ ਵਰਗੀਆਂ ਹਸਤੀਆਂ ਵਲੋਂ ਨਿਭਾਈ ਭੂਮਿਕਾ ਬਾਰੇ ਵੱਡੇ ਸਵਾਲ ਉੱਠ ਖੜ੍ਹੇ, ਜੋ ਤਬਾਹੀਪਸੰਦ ਸਰਮਾਏਦਾਰੀ, ਜਨਤਕ ਬੁੱਧੀਜੀਵੀਆਂ ਅਤੇ ਨੀਤੀ ਘਾੜਿਆਂ ਵਿਚਕਾਰਲੇ ਬੇਮੇਲ ਖੇਤਰ 'ਚ ਮੌਜੂਦ ਹਨ। ਜੇ ਲਾਕਹੀਡ ਜਾਂ ਬੋਇੰਗ ਦੇ ਕਾਰਜਕਾਰੀ ਅਧਿਕਾਰੀ ਫੌਕਸ ਨਿਊਜ਼ ਚੈਨਲ 'ਤੇ ਜਾ ਕੇ ਇਰਾਕ ਦੀ ਸਰਕਾਰ ਨੂੰ ਬਦਲਣ ਦੇ ਪੱਖ 'ਚ ਦਲੀਲਾਂ ਦਿੰਦੇ ਹਨ (ਜਿਵੇਂ ਪਰਲ ਨੇ ਕੀਤਾ ਹੈ) ਤਾਂ ਇਨ੍ਹਾਂ ਦਾ ਸਵੈ-ਹਿੱਤ ਇਨ੍ਹਾਂ ਵਲੋਂ ਦਿੱਤੀਆਂ ਬੌਧਿਕ ਦਲੀਲਾਂ ਦਾ ਨਿਖੇਧ ਕਰ ਦੇਵੇਗਾ। ਇਸ ਦੇ ਬਾਵਜੂਦ ਪਰਲ ਦੀ ਜਾਣ-ਪਛਾਣ "ਵਿਸ਼ਲੇਸ਼ਣਕਾਰ" ਜਾਂ ਪੈਂਟਾਗਾਨ ਦੇ ਸਲਾਹਕਾਰ ਜਾਂ ਸ਼ਾਇਦ "ਨਵ-ਰੂੜ੍ਹੀਵਾਦੀ ਸਿਧਾਂਤਕਾਰ" ਵਜੋਂ ਕਰਾਉਣ ਦਾ ਸਿਲਸਿਲਾ ਜਾਰੀ ਹੈ, ਪਰ ਕਦੇ ਵੀ ਕੋਈ ਇਹ ਨਹੀਂ ਦੱਸਦਾ ਕਿ ਉਹ ਤਾਂ ਬਸ ਲੱਫ਼ਾਜ਼ੀ ਦਾ ਮਾਹਰ ਹਥਿਆਰਾਂ ਦਾ ਵਣਜਾਰਾ ਹੈ।

ਜਦੋਂ ਕਦੇ ਵੀ ਇਸ ਵਾਸ਼ਿੰਗਟਨ ਜੁੰਡਲੀ ਦੇ ਮੈਂਬਰਾਂ ਦਾ ਉਨ੍ਹਾਂ ਜੰਗਾਂ 'ਚ ਆਪਣੇ ਆਰਥਕ ਹਿੱਤਾਂ ਬਾਰੇ ਉੱਠਦੇ ਸਵਾਲਾਂ ਨਾਲ ਵਾਹ ਪੈਂਦਾ ਹੈ ਜਿਨ੍ਹਾਂ ਦੀ ਉਹ ਹਮਾਇਤ ਕਰਦੇ ਹਨ, ਉਨ੍ਹਾਂ ਦਾ ਪ੍ਰਤੀਕਰਮ ਹਮੇਸ਼ਾ ਪਰਲ ਦੇ ਪ੍ਰਤੀਕਰਮ ਵਰਗਾ ਹੀ ਹੁੰਦਾ ਹੈ ਕਿ ਇਹ ਸਮੁੱਚਾ ਵਿਚਾਰ

ਬੇਥਵਾ, ਸਿੱਧੜ ਜਿਹਾ ਅਤੇ ਗੋਲਮੋਲ ਰੂਪ 'ਚ ਦਹਿਸ਼ਤਪਸੰਦ ਵਿਚਾਰ ਹੈ। ਇਸ ਨਵ-ਰੂੜ੍ਹੀਵਾਦੀ ਗੁੱਟ ਵਿਚ ਚੈਨੀ, ਰਮਜ਼ਫੈਲਡ, ਸ਼ੁਲਜ਼, ਜੈਕਸਨ ਸ਼ਾਮਲ ਹਨ ਅਤੇ ਮੈਂ ਤਾਂ ਕਹਾਂਗੀ ਕਸਿੰਜਰ ਵੀ ਇਨ੍ਹਾਂ ਵਿਚ ਸ਼ਾਮਲ ਹੈ। ਇਹ ਖ਼ੁਦ ਨੂੰ ਐਸੇ ਵਿਦਵਾਨ ਪੰਡਤ ਜਾਂ ਬਾਜ਼ ਅੱਖ ਵਾਲੇ ਯਥਾਰਥਵਾਦੀ ਬਣਾ ਕੇ ਪੇਸ਼ ਕਰਨ ਲਈ ਪੂਰਾ ਤਾਣ ਲਾ ਰਹੇ ਹਨ ਜਿਨ੍ਹਾਂ ਦੀ ਚਾਲਕ ਸ਼ਕਤੀ ਵਿਚਾਰਧਾਰਾ ਅਤੇ ਵੱਡੇ-ਵੱਡੇ ਮਨਸੂਬੇ ਹੁੰਦੀ ਹੈ ਨਾ ਕਿ ਮੁਨਾਫ਼ੇ ਵਰਗੀ ਕੋਈ ਦੁਨਿਆਵੀ ਲਾਲਸਾ। ਮਿਸਾਲ ਵਜੋਂ, ਬਰੂਸ ਜੈਕਸਨ ਕਹਿੰਦਾ ਹੈ, ਬਦੇਸ਼ ਨੀਤੀ ਦੇ ਤੈਅਸ਼ੁਦਾ ਕੰਮ ਤੋਂ ਹਟਵਾਂ ਉਸ ਦਾ ਕੰਮ ਲਾਕਹੀਡ ਨੂੰ ਪ੍ਰਵਾਨ ਨਹੀਂ ਹੈ। ਪਰਲ ਕਹਿੰਦਾ ਹੈ ਕਿ ਪੈਂਟਾਗਾਨ ਨਾਲ ਰਿਸ਼ਤੇ ਨੇ ਉਸ ਦੇ ਕਾਰੋਬਾਰ ਦਾ ਹਰਜਾ ਕੀਤਾ ਹੈ ਕਿਉਂਕਿ "ਇਸ ਦਾ ਭਾਵ ਹੈ ਇਹ .... ਐਸੀਆਂ ਚੀਜ਼ਾਂ....ਜੋ ਤੁਸੀਂ ਨਾ ਕਹਿ ਸਕਦੇ ਹੋ ਅਤੇ ਨਾ ਕਰ ਸਕਦੇ ਹੋ।" ਪਰਲ ਦਾ ਹਿੱਸੇਦਾਰ ਗੇਰਾਲਡ ਹਿਲਮੈਨ ਜ਼ੋਰ ਦਿੰਦਾ ਹੈ ਕਿ ਪਰਲ "ਵਿਤੀ ਪ੍ਰਾਣੀ ਨਹੀਂ ਹੈ। ਉਸ ਦੀ ਵਿਤੀ ਲਾਹਾ ਲੈਣ ਦੀ ਕੋਈ ਖਾਹਸ਼ ਨਹੀਂ ਹੈ।" ਜਦੋਂ ਡਗਲਸ ਫੇਦ, ਸੁਰੱਖਿਆ ਨੀਤੀ ਬਾਰੇ ਅਧੀਨ ਸਕੱਤਰ ਸੀ ਉਸ ਨੇ ਦਾਅਵਾ ਕੀਤਾ ਕਿ "ਉੱਪ ਰਾਸ਼ਟਰਪਤੀ ਦੇ [ਹੈਲੀਬਰਟਨ ਨਾਲ] ਸਾਬਕਾ ਰਿਸ਼ਤੇ ਕਾਰਨ ਸਰਕਾਰੀ ਲੋਕ ਉਸ ਨੂੰ ਠੇਕਾ ਦੇਣ ਤੋਂ ਝਿਜਕ ਗਏ। ਉਹ ਠੇਕਾ ਦੇਣ ਲਈ ਉਤਸੁਕ ਨਹੀਂ ਸਨ ਹਾਲਾਂਕਿ ਇਹ ਸਹੀ ਹੋਣਾ ਸੀ ਜੇ ਕੇ ਬੀ ਆਰ [ਹੈਲੀਬਰਟਨ ਦੀ ਸਾਬਕਾ ਸਹਾਇਕ ਕੰਪਨੀ ਕੈਗੋਲ, ਬਰਾਊਨ ਐਂਡ ਰੂਟ] ਨੂੰ ਠੇਕਾ ਦੇ ਦਿੱਤਾ ਜਾਂਦਾ।"[40]

ਇੱਥੋਂ ਤੱਕ ਕਿ ਇਨ੍ਹਾਂ ਨਵ-ਰੂੜ੍ਹੀਵਾਦੀ ਸਿਧਾਂਤਕਾਰਾਂ ਦੇ ਸਭ ਤੋਂ ਵੱਧ ਸਮਰਪਿਤ ਆਲੋਚਕਾਂ ਦੀ ਰੁਚੀ ਵੀ ਇਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕਰਨ ਦੀ ਹੈ ਕਿ ਇਹ ਤਾਂ ਅਮਰੀਕੀ ਅਤੇ ਇਸਰਾਇਲੀ ਤਾਕਤ ਦੀ ਸਰਦਾਰੀ ਕਾਇਮ ਕਰਨ ਦੀ ਵਚਨਬਧਤਾ ਤੋਂ ਖ਼ਾਸ ਤੌਰ 'ਤੇ ਪ੍ਰੇਰਤ ਸੱਚੇ ਉਪਾਸ਼ਕ ਹਨ। ਇਹ ਸੋਚ ਐਨੀ ਭਾਰੂ ਹੈ ਕਿ "ਸੁਰੱਖਿਆ" ਦੇ ਹੱਕ 'ਚ ਇਹ ਆਰਥਕ ਹਿੱਤਾਂ ਦੀ ਕੁਰਬਾਨੀ ਦੇਣ ਲਈ ਵੀ ਤਿਆਰ ਹਨ। ਇਹ ਨਿਖੇੜਾ ਹਕੀਕਤ ਨਾਲ ਮੇਲ ਨਹੀਂ ਖਾਂਦਾ ਅਤੇ ਇਨ੍ਹਾਂ ਦੇ ਖ਼ਾਸੇ ਨੂੰ ਭੁਲਾ ਦੇਣ ਦੇ ਤੁਲ ਹੈ। ਅਨੰਤ ਮੁਨਾਫ਼ੇ ਬਟੋਰਨ ਦਾ ਹੱਕ ਨਵ-ਰੂੜ੍ਹੀਵਾਦੀ ਸਰਮਾਏਦਾਰ ਵਿਚਾਰਧਾਰਾ ਦਾ ਹਮੇਸ਼ਾ ਧੁਰਾ ਰਿਹਾ ਹੈ। 11 ਸਤੰਬਰ ਤੋਂ ਪਹਿਲਾਂ ਤਿੱਖਾ ਨਿੱਜੀਕਰਨ ਕਰਨ ਅਤੇ ਸਮਾਜਿਕ ਖ਼ਰਚਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਮੰਗਾਂ ਨੂੰ ਲੈ ਕੇ ਹੀ ਅਮੈਰੀਕਨ ਇੰਟਰਪ੍ਰਾਈਜ਼ ਇੰਸਟੀਚਿਊਟ, ਹੈਰੀਟੇਜ ਅਤੇ ਕੈਟੋ ਵਰਗੀਆਂ ਕਾਰੋਬਾਰੀ ਸਲਾਹਕਾਰ ਸੰਸਥਾਵਾਂ 'ਚ ਨਵ-ਰੂੜ੍ਹੀਵਾਦੀ ਸਰਮਾਏਦਾਰਾ ਲਹਿਰ ਪੈਦਾ ਹੋਈ ਸੀ।

ਜਦੋਂ ਦਹਿਸ਼ਤਵਾਦ ਵਿਰੁੱਧ ਜੰਗ ਸ਼ੁਰੂ ਕਰ ਦਿੱਤੀ ਗਈ ਤਾਂ ਨਵ-ਰੂੜ੍ਹਵਾਦੀਆਂ ਨੇ ਆਪਣੇ ਕਾਰਪੋਰੇਟਵਾਦੀ ਆਰਥਕ ਨਿਸ਼ਾਨਿਆਂ ਨੂੰ ਤਿਲਾਂਜਲੀ ਨਹੀਂ ਦਿੱਤੀ। ਉਨ੍ਹਾਂ ਨੂੰ ਸਗੋਂ ਇਹ ਉਦੇਸ਼ ਪੂਰੇ ਕਰਨ ਦਾ ਹੋਰ ਵੀ ਕਾਰਗਰ ਸਾਧਨ ਮਿਲ ਗਿਆ। ਇਸ ਵਿਚ ਹੁਣ ਕੋਈ ਸ਼ੱਕ ਨਹੀਂ ਹੈ ਕਿ ਵਾਸ਼ਿੰਗਟਨ ਦੇ ਇਹ ਸ਼ਿਕਰੇ ਦੁਨੀਆਂ 'ਚ ਅਮਰੀਕਾ ਦੀ ਅਤੇ ਮੱਧ ਪੂਰਬ ਵਿਚ ਇਸਰਾਇਲ ਦੀ ਸਾਮਰਾਜੀ ਭੂਮਿਕਾ ਯਕੀਨੀ ਬਣਾਉਣ ਲਈ ਵਚਨਬਧ ਹਨ। ਜਦਕਿ ਇਸ ਫ਼ੌਜੀ ਪ੍ਰਾਜੈਕਟ—ਬਦੇਸ਼ਾਂ 'ਚ ਕਦੇ ਨਾ ਮੁੱਕਣ ਵਾਲੀ ਜੰਗ ਅਤੇ ਦੇਸ਼ ਅੰਦਰ ਸੁਰੱਖਿਆ ਦੇ ਹੋ-ਹੱਲੇ—ਨੂੰ ਤਬਾਹੀਪਸੰਦ ਸਰਮਾਏਦਾਰਾ ਢਾਂਚੇ ਦੇ ਹਿੱਤਾਂ ਤੋਂ ਵੱਖਰਾ ਕਰਨਾ ਸੰਭਵ ਨਹੀਂ ਹੈ। ਜਿਸ ਢਾਂਚੇ ਨੇ ਇਨ੍ਹਾਂ ਹੀ ਮਨੌਤਾਂ ਦੇ ਅਧਾਰ 'ਤੇ ਬਹੁ-ਅਰਬ ਡਾਲਰ ਦੀ ਸੁਰੱਖਿਆ ਸਨਅਤ ਉਸਾਰ ਲਈ ਹੈ। ਇਨ੍ਹਾਂ ਸਿਆਸੀ ਅਤੇ ਮੁਨਾਫ਼ੇ ਬਟੋਰਨ ਵਾਲੇ ਨਿਸ਼ਾਨਿਆਂ ਦੀ ਏਕਤਾ ਹੋਰ ਕਿਤੇ ਐਨੀ ਸਾਫ਼ ਦਿਖਾਈ ਨਹੀਂ ਦਿੰਦੀ ਜਿੰਨੀ ਇਰਾਕ ਦੇ ਮੈਦਾਨ-ਏ-ਜੰਗ ਵਿਚ ਦਿਖਾਈ ਦੇ ਰਹੀ ਹੈ।

ਹਿੱਸਾ ਛੇਵਾਂ

ਇਰਾਕ ’ਚ ਗੇੜ ਪੂਰਾ ਹੋ ਗਿਆ

ਵਧਵਾਂ ਸਦਮਾ

ਸਦਮਾ ਅਧਾਰਤ ਕਾਰਵਾਈਆਂ ਦਾ ਇਕ ਖ਼ਤਰਾ ਇਹ ਹੁੰਦਾ ਹੈ ਕਿ ਇਸ ਨਾਲ “ਅਣਚਿਤਵੇ ਸਿੱਟਿਆਂ,” ਜਾਂ ਅਣਕਿਆਸੇ ਬੇਤਹਾਸ਼ਾ ਪ੍ਰਤੀਕਰਮਾਂ ਨਾਲ ਵਾਹ ਪੈਂਦਾ ਹੈ। ਮਿਸਾਲ ਵਜੋਂ, ਇਕ ਕੌਮ ਦੇ ਬੁਨਿਆਦੀ ਢਾਂਚੇ, ਬਿਜਲੀ ਗਰਿੱਡ, ਜਾਂ ਆਰਥਕ ਪ੍ਰਬੰਧ ਉੱਪਰ ਵਿਆਪਕ ਹਮਲਿਆਂ ਨਾਲ ਅਜਿਹੀਆਂ ਸਿਰੇ ਦੀਆਂ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ ਜਿਸ ਦਾ ਪ੍ਰਤੀਕਰਮ ਸਾਡੇ ਦੁਸ਼ਮਣ ਦੇ ਲੜਨ ਦੇ ਕੌਮੀ ਜਜ਼ਬੇ ਨੂੰ ਕਮਜ਼ੋਰ ਕਰਨ ਦੀ ਥਾਂ ਮਜ਼ਬੂਤ ਹੀ ਕਰਦਾ ਹੈ।

—ਲੈਫਟੀਨੈਂਟ ਕਰਨਲ, ਜੌਹਨ ਐੱਨ ਟੀ ਸ਼ਾਨਾਹਨ, “ਸਦਮਾ ਅਧਾਰਤ ਕਾਰਵਾਈਆਂ,” *ਏਅਰ ਐਂਡ ਸਪੇਸ ਪਾਵਰ*, 15 ਅਕਤੂਬਰ 2001

ਸਿੱਧੇ ਸਰੀਰਕ ਜ਼ੁਲਮ ਕਰਨ ਨਾਲ ਰੋਹ, ਦੁਸ਼ਮਣੀ ਅਤੇ ਹੋਰ ਵਧੇਰੇ ਆਕੀਪੁਣਾ ਹੀ ਪੈਦਾ ਹੁੰਦਾ ਹੈ.....ਜਿਨ੍ਹਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ ਜਦੋਂ ਉਹ ਦੁੱਖ ਬਰਦਾਸ਼ਤ ਕਰ ਲੈਂਦੇ ਹਨ ਤਾਂ ਉਨ੍ਹਾਂ ਨਾਲ ਹੋਰ ਤਰੀਕਿਆਂ ਨਾਲ ਨਜਿੱਠਣਾ ਮੁਸ਼ਕਲ ਹੋ ਜਾਂਦਾ ਹੈ। ਇਸ ਦਾ ਅਸਰ ਇਹ ਹੁੰਦਾ ਹੈ ਕਿ ਤਸੀਹਿਆਂ ਦਾ ਸ਼ਿਕਾਰ ਬੰਦੇ ਦਾ ਮਨੋਬਲ ਟੁੱਟਣ ਦੀ ਬਜਾਏ ਉਸ ਦਾ ਭਰੋਸਾ ਅਤੇ ਦ੍ਰਿੜਤਾ ਦੁਬਾਰਾ ਵਾਪਸ ਆ ਜਾਂਦੀ ਹੈ।

—*ਕੁਬਾਰਕ, ਕਾਊਂਟਰ ਇੰਟੈਲੀਜੈਂਸ ਇੰਨਟੈਰੋਗੇਸ਼ਨ*, ਸੀ ਆਈ ਏ ਨੇਮਾਵਲੀ, 1963

ਕਾਂਡ ਸੋਲਵਾਂ

ਇਰਾਕ ਦੀ ਹਸਤੀ ਮਿਟਾਉਣ ਦਾ ਅਮਲ

ਮੱਧ ਪੂਰਬ ਲਈ “ਮਾਡਲ” ਦੀ ਤਲਾਸ਼

ਆਪਣੇ ਆਪ ’ਚ ਸਿਮਟਿਆ ਮਾਨਸਿਕ ਖਿੰਡਾਅ ਦਾ ਰੋਗੀ ਜਾਂ ਉਦਾਸੀ ਰੋਗ ਦਾ ਸ਼ਿਕਾਰ ਬੰਦਾ ਕੰਧਾਂ ਨਾਲ ਘਿਰੇ ਬੰਦ ਦਰਵਾਜ਼ਿਆਂ ਵਾਲੇ ਸ਼ਹਿਰ ਵਰਗਾ ਹੈ ਜੋ ਬਾਕੀ ਦੁਨੀਆਂ ਨਾਲ ਕੋਈ ਲਾਗਾ-ਦੇਗਾ ਨਹੀਂ ਰੱਖਦਾ।.....ਫੇਰ ਕੰਧ ’ਚ ਪਾੜ ਪਾ ਦਿੱਤਾ ਜਾਂਦਾ ਹੈ, ਅਤੇ ਦੁਨੀਆਂ ਨਾਲ ਰਿਸ਼ਤੇ ਮੁੜ ਜੁੜ ਜਾਂਦੇ ਹਨ। ਬਦਕਿਸਮਤੀ ਇਹ ਹੈ ਕਿ ਅਸੀਂ ਇਹ ਕੰਟਰੋਲ ਨਹੀਂ ਕਰ ਸਕਦੇ ਕਿ ਬੰਬਾਰੀ ਕਿੰਨਾ ਨੁਕਸਾਨ ਕਰੇਗੀ।

—ਐਂਡਰਿਊ ਐੱਮ ਵਾਇਲੀ, ਬਰਤਾਨਵੀ ਮਨੋ-ਰੋਗ ਡਾਕਟਰ, ਕਰੰਟ ਲਾ ਕੇ ਇਲਾਜ ਕਰਨ ਬਾਰੇ, 1940[1]

11 ਸਤੰਬਰ ਤੋਂ ਪਿੱਛੋਂ ਦੁਨੀਆਂ ਦੀ ਹਾਲਤ ਬਾਰੇ, ਮੇਰੀ ਸੋਚ ਸੀ ਕਿ ਸਿਆਣਪ ਨਾਲ ਵਰਤੀ ਗਈ ਹਿੰਸਾ ਇਲਾਜ ਦੀ ਭੂਮਿਕਾ ਨਿਭਾ ਸਕਦੀ ਹੈ।

—*ਵਾਸ਼ਿੰਗਟਨ ਪੋਸਟ* ਦਾ ਕਾਲਮਨਵੀਸ ਰਿਚਰਡ ਕੋਹੇਨ, ਇਰਾਕ ਉੱਪਰ ਹਮਲੇ ਦੀ ਹਮਾਇਤ ਕਰਦੇ ਹੋਏ[2]

2004 ਦਾ ਮਾਰਚ ਮਹੀਨਾ ਸੀ। ਮੈਨੂੰ ਬਗ਼ਦਾਦ 'ਚ ਆਇਆ ਤਿੰਨ ਘੰਟਿਆਂ ਤੋਂ ਘੱਟ ਸਮਾਂ ਹੋਇਆ ਸੀ ਅਤੇ ਹਾਲਾਤ ਮਾੜੇ ਸਨ। ਪਹਿਲਾਂ ਤਾਂ ਸਾਡੀ ਕਾਰ ਹਵਾਈ ਅੱਡੇ ਦੀ ਜਾਂਚ ਵਾਲੀ ਜਗ੍ਹਾ 'ਤੇ ਸਾਨੂੰ ਨਹੀਂ ਲੱਭੀ। ਮੈਂ ਅਤੇ ਮੇਰਾ ਫੋਟੋਗਰਾਫਰ ਐਂਡਰਿਊ ਸਟਰਨ ਉਸ ਸੜਕ ਉੱਪਰ ਸਫ਼ਰ ਕਰਨ ਤੋਂ ਝਿਜਕਦੇ ਸਾਂ ਜਿਸ ਨੂੰ ਪਹਿਲਾਂ ਹੀ "ਦੁਨੀਆਂ ਦੀ ਸਭ ਤੋਂ ਖ਼ਤਰਨਾਕ ਸੜਕ" ਕਿਹਾ ਜਾ ਰਿਹਾ ਸੀ। ਜਦੋਂ ਅਸੀਂ ਭੀੜ-ਭੜੱਕੇ ਵਾਲੇ ਕਾਰਾਦਾ ਇਲਾਕੇ ਦੇ ਹੋਟਲ 'ਚ ਪਹੁੰਚੇ ਤਾਂ ਸਾਡੀ ਮੁਲਾਕਾਤ ਆਇਰਲੈਂਡ ਦੇ ਇਕ ਅਮਨ ਕਾਰਕੁਨ ਮਾਈਕਲ ਬਰਮਿੰਘਮ ਨਾਲ ਹੋਈ ਜੋ ਹਮਲੇ ਤੋਂ ਪਹਿਲਾਂ ਬਗ਼ਦਾਦ ਆ ਗਿਆ ਸੀ। ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਮੇਰਾ ਤੁਆਰਫ਼ ਕੁਝ ਐਸੇ ਇਰਾਕੀਆਂ ਨਾਲ ਕਰਾਏਗਾ ਜਿਨ੍ਹਾਂ ਨੂੰ ਆਪਣੀ ਆਰਥਿਕਤਾ ਦਾ ਨਿੱਜੀਕਰਨ ਕੀਤੇ ਜਾਣ ਦੇ ਮਨਸੂਬਿਆਂ ਦੀ ਚਿੰਤਾ ਹੋਵੇ। ਮਾਈਕਲ ਨੇ ਸਾਨੂੰ ਦੱਸਿਆ, "ਇੱਥੇ ਕੋਈ ਵੀ ਨਿੱਜੀਕਰਨ ਦੀ ਚਿੰਤਾ ਨਹੀਂ ਕਰਦਾ। ਇਨ੍ਹਾਂ ਨੂੰ ਜਿਊਂਦੇ ਬਚ ਰਹਿਣ ਦੀ ਚਿੰਤਾ ਹੈ।"

ਫੇਰ ਜੰਗ ਦੇ ਖੇਤਰ 'ਚ ਸਿਆਸੀ ਏਜੰਡਾ ਲਿਆਉਣ ਦੀ ਨੈਤਿਕਤਾ ਬਾਰੇ ਬਹਿਸ ਚੱਲ ਪਈ। ਮਾਈਕਲ ਇਹ ਨਹੀਂ ਕਹਿ ਰਿਹਾ ਸੀ ਕਿ ਇਰਾਕੀ ਲੋਕ ਨਿੱਜੀਕਰਨ ਦੀਆਂ ਯੋਜਨਾਵਾਂ ਦੀ ਹਮਾਇਤ ਕਰਦੇ ਸਨ—ਉਹ ਸਿਰਫ਼ ਇਹ ਕਹਿ ਰਿਹਾ ਸੀ ਕਿ ਬਹੁਤੇ ਲੋਕਾਂ ਦੇ ਸਰੋਕਾਰ ਹੋਰ ਹਨ ਜੋ ਉਨ੍ਹਾਂ ਲਈ ਨਿੱਜੀਕਰਨ ਤੋਂ ਵੱਧ ਜ਼ਰੂਰੀ ਹਨ। ਉਨ੍ਹਾਂ ਨੂੰ ਆਪਣੀਆਂ ਮਸੀਤਾਂ ਉੱਪਰ ਹੋ ਰਹੀ ਬੰਬਾਰੀ ਜਾਂ ਅਮਰੀਕਾ ਵਲੋਂ ਚਲਾਈ ਜਾ ਰਹੀ ਅਬੂ ਗ਼ਰੇਬ ਦੀ ਜੇਲ੍ਹ 'ਚ ਲਾਪਤਾ ਹੋਏ ਆਪਣੇ ਸਕੇ-ਸਬੰਧੀਆਂ ਨੂੰ ਲੱਭਣ ਦੀ ਚਿੰਤਾ ਸੀ। ਉਹ ਤਾਂ ਭਲਕ ਲਈ ਪੀਣ ਅਤੇ ਨਹਾਉਣ ਵਾਲੇ ਪਾਣੀ ਦਾ ਜੁਗਾੜ ਕਰਨ ਦੀ ਚਿੰਤਾ 'ਚ ਡੁੱਬੇ ਹੋਏ ਸਨ, ਉਹ ਇਸ ਬਾਰੇ ਨਹੀਂ ਸੀ ਸੋਚ ਰਹੇ ਕਿ ਇਕ ਬਦੇਸ਼ੀ ਕੰਪਨੀ ਉਨ੍ਹਾਂ ਦੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਦਾ ਨਿੱਜੀਕਰਨ ਕਰਕੇ ਇਕ ਸਾਲ ਦੇ ਅੰਦਰ ਉਨ੍ਹਾਂ ਨੂੰ ਪਾਣੀ ਵੇਚਣ ਦੀ ਤਿਆਰੀ 'ਚ ਸੀ। ਉਸ ਦੀ ਦਲੀਲ ਸੀ ਕਿ ਇਕ ਬਾਹਰਲੇ ਬੰਦੇ ਦਾ ਕੰਮ ਜੰਗ ਅਤੇ ਕਬਜ਼ੇ ਦੀ ਹਕੀਕਤ ਨੂੰ ਦਸਤਾਵੇਜ਼ੀ ਰੂਪ ਦੇਣਾ ਹੈ ਨਾ ਕਿ ਇਹ ਤੈਅ ਕਰਨਾ ਕਿ ਇਰਾਕ ਦੀਆਂ ਤਰਜੀਹਾਂ ਕੀ ਹੋਣ।

ਮੈਂ ਇਸ ਨੁਕਤੇ ਵੱਲ ਧਿਆਨ ਦਿਵਾ ਕੇ ਆਪਣੇ ਹੱਕ 'ਚ ਦਲੀਲ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਮੈਨੂੰ ਖ਼ਿਆਲ ਹੀ ਨਹੀਂ ਆਇਆ ਸੀ ਕਿ ਇਹ ਦੇਸ਼ ਬੈੱਚਟੈੱਲ ਅਤੇ ਐਕਸਨਮੋਬਿਲ ਨੂੰ ਵੇਚਿਆ ਜਾ ਰਿਹਾ ਹੈ—ਇਰਾਕ ਵਿਚ ਵਾਈਟ ਹਾਊਸ ਦੇ ਚੋਟੀ ਦੇ ਏਲਚੀ ਐੱਲ ਪਾਲ ਬਰੈਮਰ ਤੀਜੇ ਦੀ ਅਗਵਾਈ ਹੇਠ ਇਹ ਅਮਲ ਪਹਿਲਾਂ ਹੀ ਆਖ਼ਰੀ ਪੜਾਵਾਂ 'ਤੇ ਸੀ। ਕਈ ਮਹੀਨਿਆਂ ਤੋਂ ਮੈਂ ਇਰਾਕ ਦੇ ਸਰਕਾਰੀ ਅਸਾਸਿਆਂ ਦੀ ਨਿਲਾਮੀ ਦੀ ਰਿਪੋਰਟ ਕਰਦੀ ਆ ਰਹੀ ਸੀ ਜਿਨ੍ਹਾਂ ਨੂੰ ਹੋਟਲਾਂ ਦੇ ਨਾਚ-ਘਰਾਂ ਦੀਆਂ ਵਪਾਰਕ ਨੁਮਾਇਸ਼ਾਂ ਅਤੇ ਸੁਪਨਮਈ ਸਮਾਗਮਾਂ 'ਚ ਨਿਲਾਮ ਕੀਤਾ ਜਾ ਰਿਹਾ ਸੀ ਜਿੱਥੇ ਜ਼ਰਾਬਕਤਰ ਪਹਿਨੀਂ ਸੇਲਜ਼ਮੈਨ ਵੱਢੇ-ਟੁੱਕੇ ਅੰਗਾਂ ਦੀਆਂ ਕਹਾਣੀਆਂ ਸੁਣਾ ਕੇ ਖ਼ਰੀਦਦਾਰਾਂ ਨੂੰ ਦਹਿਸ਼ਤਜ਼ਦਾ ਕਰਦੇ ਸਨ ਜਦਕਿ ਅਮਰੀਕਾ ਦੇ ਵਪਾਰਕ ਅਧਿਕਾਰੀ ਹਰ ਕਿਸੇ ਨੂੰ ਇਹ ਧਰਵਾਸ ਦੇ ਰਹੇ ਸਨ ਕਿ ਜਿਸ ਤਰ੍ਹਾਂ ਦੀ ਹਾਲਤ ਟੀ ਵੀ ਉੱਪਰ ਦਿਖਾਈ ਜਾਂਦੀ ਹੈ ਅਸਲ ਵਿਚ ਓਨੀ ਮਾੜੀ ਨਹੀਂ ਹੈ। ਵਾਸ਼ਿੰਗਟਨ ਡੀ ਸੀ ਦੇ "ਇਰਾਕ ਦੀ ਦੂਜੀ ਮੁੜ ਉਸਾਰੀ" ਸੰਮੇਲਨ 'ਚ ਇਕ ਡੈਲੀਗੇਟ ਨੇ ਮੈਨੂੰ ਗੰਭੀਰਤਾ ਨਾਲ ਦੱਸਿਆ ਸੀ "ਪੂੰਜੀ-

ਨਿਵੇਸ਼ ਕਰਨ ਦਾ ਸਭ ਤੋਂ ਵਧੀਆ ਮੌਕਾ ਓਦੋਂ ਹੁੰਦਾ ਹੈ ਜਦੋਂ ਹਾਲੇ ਧਰਤੀ 'ਤੇ ਲਹੂ ਵਹਿ ਰਿਹਾ ਹੁੰਦਾ ਹੈ।"

ਇਹ ਤੱਥ ਹੈਰਾਨੀਜਨਕ ਨਹੀਂ ਸੀ ਕਿ ਬਗ਼ਦਾਦ ਅੰਦਰ ਅਰਥ-ਸ਼ਾਸਤਰ ਬਾਰੇ ਗੱਲਬਾਤ ਕਰਨ 'ਚ ਦਿਲਚਸਪੀ ਰੱਖਣ ਵਾਲੇ ਲੋਕ ਮੁਸ਼ਕਲ ਨਾਲ ਲੱਭਦੇ ਸਨ। ਇਸ ਹਮਲੇ ਦੇ ਰਚਣਹਾਰਿਆਂ ਦਾ ਸਦਮਾ ਇਲਾਜ 'ਚ ਅਡੋਲ ਭਰੋਸਾ ਸੀ। ਉਹ ਜਾਣਦੇ ਸਨ ਕਿ ਜਦੋਂ ਇਰਾਕੀ ਲੋਕਾਂ ਨੂੰ ਨਿੱਤ ਦੇ ਜਾਨੀ ਨੁਕਸਾਨ ਨੇ ਬਰਬਾਦ ਕੀਤਾ ਹੋਇਆ ਹੈ ਇਸ ਹਾਲਤ 'ਚ ਚਤੁਰਾਈ ਤੋਂ ਕੰਮ ਲੈ ਕੇ ਦੇਸ਼ ਨੂੰ ਨਿਲਾਮ ਕੀਤਾ ਜਾ ਸਕਦਾ ਹੈ ਅਤੇ ਤੈਅ ਹੋ ਚੁੱਕੇ ਸੌਦੇ ਦੇ ਨਤੀਜੇ ਐਲਾਨੇ ਜਾ ਸਕਦੇ ਹਨ। ਜਿੱਥੋਂ ਤੱਕ ਪੱਤਰਕਾਰਾਂ ਅਤੇ ਕਾਰਕੁਨਾਂ ਦਾ ਸਵਾਲ ਸੀ, ਸਾਡਾ ਧਿਆਨ ਚਾਣਚੱਕ ਸਰੀਰਕ ਹਮਲਿਆਂ ਵੱਲ ਲੱਗਿਆ ਹੋਇਆ ਸੀ, ਸਾਡੇ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਸਭ ਤੋਂ ਵੱਧ ਫ਼ਾਇਦਾ ਉਠਾਉਣ ਵਾਲੀਆਂ ਧਿਰਾਂ ਕਦੇ ਵੀ ਮੈਦਾਨ-ਏ-ਜੰਗ 'ਚ ਸਾਹਮਣੇ ਨਹੀਂ ਆਉਂਦੀਆਂ। ਅਤੇ ਇਰਾਕ ਵਿਚ ਤਾਂ ਲਾਹਾ ਲੈਣ ਵਾਲਾ ਬਥੇਰਾ ਕੁਝ ਸੀ : ਇੱਥੇ ਨਾ ਸਿਰਫ਼ ਦੁਨੀਆਂ ਦੇ ਤੀਜੇ ਸਭ ਤੋਂ ਵੱਡੇ ਤੇਲ ਦੇ ਐਸੇ ਭੰਡਾਰ ਸਨ ਜਿਨ੍ਹਾਂ ਦੀ ਪੁਸ਼ਟੀ ਹੋ ਚੁੱਕੀ ਸੀ ਸਗੋਂ ਇਹ ਐਸਾ ਖੇਤਰ ਵੀ ਸੀ ਜੋ ਫਰਾਇਡਮੈਨ ਦੀ ਮੁਕਤ ਸਰਮਾਏਦਾਰੀ ਦੀ ਦ੍ਰਿਸ਼ਟੀ ਦੇ ਅਧਾਰ 'ਤੇ ਆਲਮੀ ਮੰਡੀ ਉਸਾਰਨ ਦੀ ਮੁਹਿੰਮ ਤੋਂ ਆਕੀ ਸੀ। ਲਾਤੀਨੀ ਅਮਰੀਕਾ, ਅਫ਼ਰੀਕਾ, ਪੂਰਬੀ ਯੂਰਪ ਅਤੇ ਏਸ਼ੀਆ ਨੂੰ ਫ਼ਤਹਿ ਕਰ ਲੈਣ ਤੋਂ ਮਗਰੋਂ ਇਸ ਜਹਾਦ ਨੇ ਅਰਬ ਦੁਨੀਆਂ ਨੂੰ ਆਲਮੀ ਮੰਡੀ ਦੀ ਅੰਤਮ ਹੱਦਬੰਦੀ ਐਲਾਨ ਦਿੱਤਾ ਸੀ।

ਮਾਈਕਲ ਅਤੇ ਮੈਂ ਇੱਧਰ-ਉੱਧਰਲੀ ਬਹਿਸ ਕਰਦੇ ਰਹੇ, ਅਤੇ ਇਸ ਸਮੇਂ ਐਂਡਰਿਊ ਸਿਗਰਟ ਪੀਣ ਲਈ ਬਾਲਕੋਨੀ 'ਚ ਚਲਿਆ ਗਿਆ। ਜਿਉਂ ਹੀ ਉਸ ਨੇ ਸ਼ੀਸ਼ੇ ਦਾ ਦਰਵਾਜ਼ਾ ਖੋਲ੍ਹਿਆ ਇਸ ਤਰ੍ਹਾਂ ਲੱਗਿਆ ਜਿਵੇਂ ਕਮਰੇ ਦੀ ਸਾਰੀ ਹਵਾ ਸੜ੍ਹਾਕ ਲਈ ਗਈ ਹੋਵੇ। ਖਿੜਕੀ ਦੇ ਬਾਹਰ ਲਾਵੇ ਵਰਗਾ ਅੱਗ ਦਾ ਲਾਲ-ਕਾਲਾ ਡੱਬ-ਖੜੱਬਾ ਗੋਲਾ ਦਿਖਾਈ ਦੇ ਰਿਹਾ ਸੀ। ਅਸੀਂ ਫਟਾਫਟ ਬੂਟ ਹੱਥਾਂ 'ਚ ਚੁੱਕ ਲਏ ਅਤੇ ਸਿਰਫ਼ ਜਰਾਬਾਂ ਪਾਈ ਪੰਜ ਮੰਜ਼ਲਾਂ ਦੀਆਂ ਪੌੜੀਆਂ ਉੱਤਰ ਕੇ ਹੇਠਾਂ ਪਹੁੰਚ ਗਏ। ਹੋਟਲ ਦੀ ਡਿਊੜੀ ਕੱਚ ਦੇ ਟੁਕੜਿਆਂ ਨਾਲ ਭਰੀ ਹੋਈ ਸੀ। ਪਲਾਂ 'ਚ ਹੀ, ਮਾਊਂਟ ਲਿਬਨਾਨ ਹੋਟਲ ਮਲਬੇ ਦਾ ਢੇਰ ਬਣ ਗਿਆ ਹੈ। ਨਾਲ ਹੀ ਇਕ ਹਜ਼ਾਰ ਪੌਂਡ ਵਜ਼ਨ ਦੇ ਬੰਬ ਨੇ ਨਾਲ ਲੱਗਵਾਂ ਇਕ ਘਰ ਵੀ ਤਬਾਹ ਕਰ ਦਿੱਤਾ ਹੈ। ਜੰਗ ਦੇ ਖ਼ਤਮ ਹੋਣ ਦੇ ਸਮੇਂ ਤੋਂ ਲੈ ਕੇ ਇਹ ਇਸ ਸਮੇਂ ਤੱਕ ਦਾ ਅਜਿਹਾ ਸਭ ਤੋਂ ਵੱਡਾ ਹਮਲਾ ਹੋ ਨਿੱਬੜਿਆ ਹੈ।

ਐਂਡਰਿਊ ਕੈਮਰਾ ਲੈ ਕੇ ਭਿਆਨਕ ਤਬਾਹੀ ਦੀ ਤਸਵੀਰ ਖਿੱਚਣ ਲਈ ਭੱਜਿਆ। ਮੈਂ ਯਤਨ ਕੀਤਾ ਕਿ ਨਾ ਜਾਵਾਂ, ਪਰ ਮੈਂ ਆਪਣੇ ਆਪ ਨੂੰ ਰੋਕ ਨਾ ਸਕੀ। ਬਗ਼ਦਾਦ ਵਿਚ ਤਿੰਨ ਘੰਟਿਆਂ ਵਿਚ ਹੀ ਮੈਂ ਆਪਣਾ ਅਸੂਲ ਪਹਿਲਾਂ ਹੀ ਤੋੜ ਚੁੱਕੀ ਸੀ ਕਿ ਬੰਬ ਧਮਾਕੇ ਦੇ ਪਿੱਛੇ ਨਹੀਂ ਭੱਜਣਾ। ਹੋਟਲ ਵਾਪਸ ਆ ਕੇ ਆਜ਼ਾਦ ਪੱਤਰਕਾਰ ਅਤੇ ਐੱਨ ਜੀ ਓ ਕਿਸਮ ਦੇ ਸਾਰੇ ਹੀ ਲੋਕ ਦੇਸੀ ਦਾਰੂ ਪੀਣ ਲੱਗੇ ਅਤੇ ਆਪਣੀ ਉਤੇਜਨਾ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਨ ਲੱਗੇ। ਹਰ ਕੋਈ ਮੈਨੂੰ ਚਿੜਾ ਕੇ ਕਹਿ ਰਿਹਾ ਸੀ, "ਬਗ਼ਦਾਦ 'ਚ ਜੀ ਆਇਆਂ ਨੂੰ!" ਮੈਂ ਮਾਈਕਲ ਵੱਲ ਝਾਕੀ ਅਤੇ ਅਸੀਂ ਦੋਵਾਂ ਨੇ ਚੁੱਪ-ਚੁਪੀਤੇ ਇਹ ਸਵੀਕਾਰ ਕਰ ਲਿਆ ਕਿ ਹਾਂ ਉਸ ਦੀ ਦਲੀਲ ਜਿੱਤ ਗਈ ਸੀ। ਆਖ਼ਰੀ ਬੋਲ ਖ਼ੁਦ ਜੰਗ ਵਲੋਂ ਕਿਹਾ ਗਿਆ ਸੀ : "ਇੱਥੇ ਏਜੰਡਾ ਪੱਤਰਕਾਰ ਨਹੀਂ ਸਗੋਂ ਬੰਬ ਤੈਅ ਕਰਦੇ ਹਨ।" ਅਤੇ ਇਹ ਸਚਮੁਚ ਕਰਦੇ ਹਨ। ਇਸ ਦੇ ਵਾਵਰੋਲੇ ਸਿਰਫ਼ ਆਕਸੀਜ਼ਨ ਹੀ ਨਹੀਂ ਡਕਾਰਦੇ, ਇਹ ਸਾਡੀ ਹਰ ਚੀਜ਼ ਖਿੱਚ ਲੈਂਦੇ ਹਨ : ਸਾਡੀ ਸੁਤਾ,

ਸਾਡੀ ਰਹਿਮ ਦੀ ਭਾਵਨਾ ਅਤੇ ਸਾਡਾ ਰੋਹ।

ਉਸ ਰਾਤ ਮੈਂ ਅਸਾਧਾਰਨ ਪੱਤਰਕਾਰ ਕਲਾਦੀਆ ਆਕੁਨਾ ਬਾਰੇ ਸੋਚਦੀ ਰਹੀ ਜੋ ਮੈਨੂੰ ਦੋ ਸਾਲ ਪਹਿਲਾਂ ਬਿਓਨਸ ਏਅਰੀਸ 'ਚ ਮਿਲੀ ਸੀ। ਉਸ ਨੇ ਮੈਨੂੰ ਰੋਡੌਲਫੋ ਵਾਲਸ਼ ਦੀ "ਫ਼ੌਜੀ ਤਾਨਾਸ਼ਾਹ ਜੁੰਡਲੀ ਨੂੰ ਇਕ ਲੇਖਕ ਦੀ ਚਿੱਠੀ" ਦੀ ਕਾਪੀ ਦਿੱਤੀ ਸੀ। ਉਸ ਨੇ ਮੈਨੂੰ ਖ਼ਬਰਦਾਰ ਕੀਤਾ ਸੀ ਕਿ ਅੱਤ ਦੀ ਹਿੰਸਾ ਦਾ ਇਕ ਤਰੀਕਾ ਇਹ ਵੀ ਹੈ ਕਿ ਇਹ ਉਨ੍ਹਾਂ ਹਿੱਤਾਂ ਵੱਲ ਸਾਡਾ ਧਿਆਨ ਨਹੀਂ ਜਾਣ ਦਿੰਦੀ ਜਿਨ੍ਹਾਂ ਦੀ ਇਹ ਸੇਵਾ ਕਰਦੀ ਹੈ। ਇਕ ਤਰ੍ਹਾਂ, ਇਹ ਜੰਗ ਵਿਰੋਧੀ ਲਹਿਰ ਨਾਲ ਪਹਿਲਾਂ ਹੀ ਵਾਪਰ ਚੁੱਕਾ ਸੀ। ਇਹ ਜੰਗ ਕਿਉਂ ਸ਼ੁਰੂ ਕੀਤੀ ਗਈ ਇਸ ਬਾਰੇ ਸਾਡੀ ਵਿਆਖਿਆ, ਸ਼ਾਇਦ ਹੀ ਕਦੇ ਇਕ ਲਫ਼ਜ਼ੀ ਜਵਾਬ ਤੋਂ ਪਾਰ ਗਈ ਹੋਵੇ। ਜਵਾਬ ਹੁੰਦਾ ਹੈ : ਤੇਲ, ਇਸਰਾਇਲ, ਹੈਲੀਬਰਟਨ। ਸਾਡੇ ਵਿਚੋਂ ਬਹੁਤੇ ਲੋਕ ਜੰਗ ਦਾ ਵਿਰੋਧ ਇਸ ਰੂਪ 'ਚ ਕਰਦੇ ਹਨ ਕਿ ਇਹ ਇਕ ਰਾਸ਼ਟਰਪਤੀ ਦੀ ਬੇਵਕੂਫ਼ੀ ਭਰੀ ਕਾਰਵਾਈ ਹੈ ਜਿਸ ਨੇ ਖ਼ੁਦ ਨੂੰ ਸ਼ਹਿਨਸ਼ਾਹ ਸਮਝ ਰੱਖਿਆ ਹੈ। ਜਿਸ ਕਾਰਵਾਈ 'ਚ ਉਸ ਦਾ ਅੰਗਰੇਜ਼ ਜੋਟੀਦਾਰ ਇਸ ਕਰਕੇ ਸ਼ਾਮਲ ਹੈ ਕਿ ਉਹ ਇਤਿਹਾਸ ਦੀ ਜੇਤੂ ਧਿਰ ਨਾਲ ਖੜ੍ਹਨਾ ਚਾਹੁੰਦਾ ਹੈ। ਇਸ ਵਿਚਾਰ 'ਚ ਬਹੁਤ ਘੱਟ ਰੁਚੀ ਲਈ ਗਈ ਕਿ ਜੰਗ ਦੀ ਚੋਣ ਤਰਕਪੂਰਨ ਨੀਤੀ ਤਹਿਤ ਕੀਤੀ ਗਈ ਸੀ, ਕਿ ਹਮਲੇ ਦੇ ਰਚਣਹਾਰਿਆਂ ਨੇ ਵਹਿਸ਼ੀ ਹਿੰਸਾ ਇਸ ਕਾਰਨ ਢਾਹੀ ਕਿਉਂਕਿ ਉਹ ਮੱਧ ਪੂਰਬ ਦੇ ਬੰਦ ਅਰਥਚਾਰਿਆਂ ਅੰਦਰ ਸ਼ਾਂਤਮਈ ਤਰੀਕਿਆਂ ਨਾਲ ਸੰਨ੍ਹ ਲਾਉਣ 'ਚ ਕਾਮਯਾਬ ਨਹੀਂ ਹੋਏ ਸਨ, ਕਿ ਦਹਿਸ਼ਤ ਦਾ ਪੱਧਰ ਇਨ੍ਹਾਂ ਦੇ ਇਰਾਕ 'ਚ ਮੌਜੂਦ ਹਿੱਤਾਂ ਦੇ ਅਨੁਸਾਰ ਸੀ।

ਜਨਤਾ ਨੂੰ ਜਨਤਕ ਤਬਾਹੀ ਦੇ ਹਥਿਆਰਾਂ ਦਾ ਹਊਆ ਖੜ੍ਹਾ ਕਰਕੇ ਇਰਾਕ ਉੱਪਰ ਹਮਲੇ ਦੀ ਵਾਜਬੀਅਤ ਜਚਾਈ ਗਈ। ਕਿਉਂਕਿ ਜਿਵੇਂ ਪਾਲ ਵੌਲਫੋਵਿਜ਼ ਨੇ ਖ਼ੁਲਾਸਾ ਕੀਤਾ ਸੀ, ਜਨਤਕ ਤਬਾਹੀ ਦੇ ਹਥਿਆਰ "ਐਸਾ ਮੁੱਦਾ ਸਨ ਜਿਨ੍ਹਾਂ ਉੱਪਰ ਹਰ ਕਿਸੇ ਦੀ ਸਹਿਮਤੀ ਬਣ ਸਕਦੀ ਸੀ"—ਦੂਜੇ ਲਫ਼ਜ਼ਾਂ 'ਚ ਇਹ ਸਿਰੇ ਦੇ ਨੀਵੇਂ ਪੱਧਰ ਦਾ ਆਮ ਬਹਾਨਾ ਸੀ।[3] ਇਸ ਦਾ ਸੋਧ ਕੇ ਪੇਸ਼ ਕੀਤਾ ਕਾਰਨ "ਨਮੂਨਾ" ਸਿਧਾਂਤ ਸੀ, ਜੰਗ ਦੇ ਸਭ ਤੋਂ ਵੱਧ ਹਮਾਇਤੀ ਬੁੱਧੀਜੀਵੀ ਇਸੇ ਦੇ ਪੱਖ 'ਚ ਸਨ। ਇਹ ਸਿਧਾਂਤ ਪੇਸ਼ ਕਰਨ ਵਾਲੇ ਪੰਡਤਾਂ ਵਿਚੋਂ ਬਹੁਤੇ ਨਵ-ਰੂੜ੍ਹੀਵਾਦੀ ਸਰਮਾਏਦਾਰੀ ਦੇ ਢੰਡੋਰਚੀ ਸਨ। ਇਨ੍ਹਾਂ ਅਨੁਸਾਰ ਅਰਬ ਅਤੇ ਮੁਸਲਿਮ ਸੰਸਾਰ ਦੀਆਂ ਬਹੁਤ ਸਾਰੀਆਂ ਥਾਵਾਂ ਦਹਿਸ਼ਤਵਾਦ ਦਾ ਸੋਮਾ ਹਨ। ਜਿਵੇਂ 11 ਸਤੰਬਰ ਦੇ ਅਗਵਾਕਾਰ ਸਾਊਦੀ ਅਰਬ, ਮਿਸਰ, ਆਬੂ ਧਾਬੀ ਅਤੇ ਲਿਬਨਾਨ ਤੋਂ ਸਨ; ਹਿਜ਼ਬੁੱਲਾ ਨੂੰ ਫੰਡ ਇਰਾਨ ਦੇ ਰਿਹਾ ਸੀ; ਸੀਰੀਆ ਹਮਾਸ ਦੀ ਲੀਡਰਸ਼ਿਪ ਦਾ ਸਦਰ ਮੁਕਾਮ ਸੀ; ਇਰਾਕ ਫਲਸਤੀਨ ਦੇ ਆਤਮਘਾਤੀ ਮਨੁੱਖੀ ਬੰਬਾਂ ਦੇ ਪਰਿਵਾਰਾਂ ਨੂੰ ਧਨ ਦੇ ਰਿਹਾ ਸੀ। ਜੰਗ ਦੇ ਇਨ੍ਹਾਂ ਵਕੀਲਾਂ ਲਈ ਇਸਰਾਇਲ 'ਤੇ ਹਮਲਾ ਅਮਰੀਕਾ ਉੱਪਰ ਹਮਲਾ ਸੀ, ਜਿਵੇਂ ਦੋਵਾਂ 'ਚ ਕੋਈ ਫ਼ਰਕ ਹੀ ਨਾ ਹੋਵੇ। ਇਨ੍ਹਾਂ ਬੁੱਧੀਮਾਨਾਂ ਅਨੁਸਾਰ ਪੂਰੇ ਖਿੱਤੇ ਨੂੰ ਦਹਿਸ਼ਤਵਾਦ ਦੀ ਸੰਭਾਵੀ ਜੰਮਣ ਭੋਂਇ ਵਜੋਂ ਲੈਣ ਲਈ ਇੰਨਾ ਹੀ ਕਾਫ਼ੀ ਸੀ।

ਉਹ ਸਵਾਲ ਕਰਦੇ ਸਨ, ਫੇਰ ਦਹਿਸ਼ਤਵਾਦ ਪੈਦਾ ਕਰਨ ਵਾਲੇ ਦੁਨੀਆਂ ਦੇ ਇਸ ਹਿੱਸੇ ਦਾ ਕੀ ਕੀਤਾ ਜਾਵੇ ? ਉਨ੍ਹਾਂ ਅਨੁਸਾਰ ਅਮਰੀਕੀ ਜਾਂ ਇਸਰਾਇਲੀ ਨੀਤੀਆਂ ਦਾ ਇਸ 'ਚ ਕੋਈ ਯੋਗਦਾਨ ਨਹੀਂ ਹੈ, ਭੜਕਾਹਟ ਪੈਦਾ ਕਰਨ ਦੀ ਤਾਂ ਗੱਲ ਹੀ ਛੱਡੋ। ਉਨ੍ਹਾਂ ਨੇ ਵਿਚਾਰਧਾਰਕ ਤੌਰ 'ਤੇ ਅੱਖਾਂ ਮੀਟ ਕੇ ਇਸ ਦਾ ਕਾਰਨ ਇਹ ਦੱਸਿਆ ਕਿ ਇਸ ਖੇਤਰ ਵਿਚ ਖੁੱਲ੍ਹੀ ਮੰਡੀ ਮਾਰਕਾ

ਜਮਹੂਰੀਅਤ ਦੀ ਅਣਹੋਂਦ ਹੈ।•[4]

ਕਿਉਂਕਿ ਪੂਰੀ ਅਰਬ ਦੁਨੀਆਂ ਨੂੰ ਇਕੋ ਹੱਲੇ ਜਿੱਤਿਆ ਨਹੀਂ ਜਾ ਸਕਦਾ ਸੀ, ਇਸ ਕਰਕੇ ਕਿਸੇ ਇਕ ਦੇਸ਼ ਨੂੰ ਪੜੁੱਲ ਬਣਾਉਣਾ ਜ਼ਰੂਰੀ ਸੀ। ਸੋ ਅਮਰੀਕਾ ਇਰਾਕ ਉੱਪਰ ਹਮਲਾ ਕਰੇਗਾ ਅਤੇ ਫੇਰ, ਜਿਵੇਂ ਪ੍ਰਚਾਰ ਮਾਧਿਅਮਾਂ ਵਿਚ ਇਸ ਨਵੇਂ ਸਿਧਾਂਤ ਦੇ ਮੁੱਖ ਢੰਢੋਰਚੀ ਥਾਮਸ ਫਰਾਇਡਮੈਨ ਨੇ ਇਸ ਬਾਰੇ ਕਿਹਾ ਸੀ, ਇਸ ਨੂੰ "ਅਰਬ-ਮੁਸਲਿਮ ਦੁਨੀਆਂ ਦੇ ਕੇਂਦਰ 'ਚ ਵੱਖਰਾ ਨਮੂਨਾ" ਬਣਾ ਦਿੱਤਾ ਜਾਵੇਗਾ। ਮੋੜਵੇਂ ਰੂਪ 'ਚ ਇਸ ਨਾਲ ਪੂਰੇ ਖੇਤਰ 'ਚ ਜਮਹੂਰੀ/ਉਦਾਰਵਾਦੀ ਲਹਿਰਾਂ ਦੀ ਲੜੀ ਸ਼ੁਰੂ ਹੋ ਜਾਵੇਗੀ। ਕਾਰੋਬਾਰ ਬਾਰੇ ਅਮਰੀਕੀ ਸੰਸਥਾ ਦੇ ਵਿਦਵਾਨ ਜੋਸੂਆ ਮੁਰਾਵਚਿਕ ਨੇ "ਤਹਿਰਾਨ ਅਤੇ ਬਗ਼ਦਾਦ" ਦੀ "ਪੂਰੀ ਇਸਲਾਮਿਕ ਦੁਨੀਆਂ 'ਚ ਸੁਨਾਮੀ ਆਉਣ" ਦੀ ਪੇਸ਼ੀਨਗੋਈ ਕੀਤੀ, ਜਦਕਿ ਬੁਸ਼ ਸਰਕਾਰ ਦੇ ਸਲਾਹਕਾਰ ਇਕ ਨੰਬਰ ਰੂੜ੍ਹੀਵਾਦੀ ਮਾਈਕਲ ਲਿਡੀਨ ਨੇ ਇਸ ਟੀਚੇ ਬਾਰੇ ਖ਼ੁਲਾਸਾ ਕੀਤਾ ਕਿ "ਇਹ ਦੁਨੀਆਂ ਦੀ ਮੁੜ-ਰਚਨਾ ਕਰਨ ਦੀ ਜੰਗ ਹੈ।"••[5]

• ਹੁਣ ਤੱਕ ਖੁੱਲ੍ਹੀ ਮੰਡੀ ਦੀ ਲਹਿਰ ਦੇ ਇਸ ਖੇਤਰ ਤੋਂ ਪਰ੍ਹਾਂ ਪਰ੍ਹਾਂ ਲੰਘ ਜਾਣ ਦੇ ਕਈ ਕਾਰਨ ਸਨ। ਬਹੁਤ ਜ਼ਿਆਦਾ ਅਮੀਰ ਦੇਸ਼ਾਂ—ਕੁਵੈਤ, ਸਾਊਦੀ ਅਰਬ, ਅਰਬ ਬਾਦਸ਼ਾਹਤਾਂ—ਕੋਲ ਤੇਲ ਦਾ ਧਨ ਐਨਾ ਜ਼ਿਆਦਾ ਸੀ ਕਿ ਉਹ ਕਰਜੇ ਤੋਂ ਬਚੇ ਰਹੇ ਅਤੇ ਆਈ ਐੱਮ ਐੱਫ ਦੀ ਜਕੜ 'ਚ ਨਹੀਂ ਆਏ। [ਮਿਸਾਲ ਵਜੋਂ, ਸਾਊਦੀ ਅਰਬ ਦੀ 84 ਫੀਸਦੀ ਆਰਥਿਕਤਾ ਰਾਜ ਦੇ ਅਧਿਕਾਰ 'ਚ ਹੈ]। ਇਰਾਨ ਨਾਲ ਜੰਗ ਦੌਰਾਨ ਇਰਾਕ ਦੇ ਸਿਰ ਭਾਰੀ ਕਰਜਾ ਚੜ੍ਹ ਗਿਆ ਸੀ, ਪਰ ਠੀਕ ਇਸੇ ਵਕਤ ਵਿਸ਼ਵੀਕਰਨ ਦੇ ਦੌਰ ਦਾ ਆਗਾਜ਼ ਹੋ ਰਿਹਾ ਸੀ। ਪਹਿਲੀ ਖਾੜੀ ਜੰਗ ਮੁੱਕ ਗਈ ਸੀ ਅਤੇ ਇਰਾਕ ਉੱਪਰ ਭਾਰੀ ਆਰਥਕ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ : ਹੁਣ ਨਾ ਸਿਰਫ਼ ਕਿਸੇ ਤਰ੍ਹਾਂ ਦਾ "ਮੁਕਤ ਵਪਾਰ" ਸੰਭਵ ਨਹੀਂ ਸੀ, ਅਸਲ ਵਿਚ ਕਿਸੇ ਤਰ੍ਹਾਂ ਦਾ ਕਾਨੂੰਨੀ ਵਪਾਰ ਵੀ ਬਿਲਕੁਲ ਸੰਭਵ ਨਹੀਂ ਸੀ।

•• ਇਹ ਵਿਚਾਰ ਕਿਸੇ ਨੂੰ ਅਜੀਬ ਲੱਗ ਸਕਦਾ ਹੈ ਕਿ ਵਾਸ਼ਿੰਗਟਨ ਮਾਰਕਾ ਆਮ ਸਹਿਮਤੀ 'ਚ ਸ਼ਾਮਲ ਹੋਣ 'ਚ ਅਸਫ਼ਲ ਰਹਿਣਾ ਹੀ ਬਦੇਸ਼ੀ ਹਮਲੇ ਨੂੰ ਸੱਦਾ ਦੇਣ ਲਈ ਕਾਫ਼ੀ ਸੀ। ਪਰ ਇਸ ਦੀ ਪਹਿਲਾਂ ਹੀ ਮਿਸਾਲ ਮੌਜੂਦ ਸੀ। ਜਦੋਂ ਨਾਟੋ ਨੇ 1999 'ਚ ਬੈਲਗਰਾਦ 'ਤੇ ਹਮਲਾ ਕੀਤਾ ਤਾਂ ਇਸ ਦਾ ਅਧਿਕਾਰਤ ਕਾਰਨ ਇਹ ਦੱਸਿਆ ਗਿਆ ਕਿ ਸਲੋਵੋਦਨ ਮਿਲੋਸੇਵਿਕ ਵਲੋਂ ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ ਨੇ ਦੁਨੀਆਂ ਨੂੰ ਦਹਿਸ਼ਤਜ਼ਦਾ ਕਰ ਦਿੱਤਾ ਸੀ। ਪਰ ਕੋਸੋਵੋ ਜੰਗ ਤੋਂ ਕਈ ਸਾਲ ਬਾਅਦ ਰਾਸ਼ਟਰਪਤੀ ਕਲਿੰਟਨ ਦੀ ਸਰਕਾਰ 'ਚ ਉੱਪ ਬਦੇਸ਼ ਮੰਤਰੀ ਅਤੇ ਜੰਗ ਦੌਰਾਨ ਗੱਲਬਾਤ ਦੇ ਮੁੱਖ ਨੁਮਾਇੰਦੇ ਸਟਰੋਬ ਟੈਲਬਟ ਨੇ ਜੋ ਅਨੋਖੀ ਪਰ ਘੱਟ ਆਦਰਸ਼ਕ ਵਿਆਖਿਆ ਦਿੱਤੀ ਉਸ ਦੀ ਰਿਪੋਰਟ ਬਹੁਤ ਘੱਟ ਹੋਈ। ਵਿਆਖਿਆ ਇਸ ਤਰ੍ਹਾਂ ਸੀ : "ਜਦੋਂ ਇਸ ਪੂਰੇ ਖੇਤਰ ਦੀਆਂ ਕੌਮਾਂ ਆਪਣੇ ਅਰਥਚਾਰਿਆਂ 'ਚ ਸੁਧਾਰ ਕਰਨ, ਨਸਲੀ-ਸੱਭਿਆਚਾਰਕ ਟਕਰਾਵਾਂ ਨੂੰ ਖ਼ਤਮ ਕਰਨ ਅਤੇ ਸੱਭਿਆ ਸਮਾਜ ਦਾ ਘੇਰਾ ਵਿਸ਼ਾਲ ਕਰਨ ਦੀ ਕੋਸ਼ਿਸ਼ 'ਚ ਸਨ, ਉਸ ਵਕਤ ਬੈਲਗਰਾਦ ਨੇ ਲਗਾਤਾਰ ਉਲਟ ਦਿਸ਼ਾ ਅਖ਼ਤਿਆਰ ਕੀਤੀ ਹੋਈ ਸੀ। ਇਹ ਥੋੜ੍ਹਾ ਅਜੀਬ ਹੈ ਕਿ ਨਾਟੋ ਅਤੇ ਯੂਗੋਸਵਾਲੀਆ ਦਾ ਟਕਰਾਅ ਦਾ ਦੌਰ ਖ਼ਤਮ ਹੋ ਗਿਆ। ਯੂਗੋਸਲਾਵੀਆ ਸਿਆਸੀ ਅਤੇ ਆਰਥਕ ਸੁਧਾਰਾਂ ਦੇ ਵਿਆਪਕ ਰੁਝਾਨਾਂ ਦੇ ਵਿਰੋਧ 'ਚ ਰਿਹਾ ਹੈ। ਇਹ ਵਿਰੋਧ ਹੀ ਨਾਟੋ ਦੀ ਜੰਗ ਦੀ ਬਿਹਤਰੀਨ ਵਿਆਖਿਆ ਕਰਦਾ ਹੈ ਨਾ ਕਿ ਅਲਬੇਨੀਆ ਦੇ ਕੋਸੋਵੋ ਲੋਕਾਂ ਦੀ ਹਾਲਤ।" ਇਹ ਇੰਕਸ਼ਾਫ ਟੈਲਬਟ ਦੇ ਸਾਬਕਾ ਪ੍ਰੈੱਸ ਨਿਰਦੇਸ਼ਕ ਜੌਹਨ ਨੌਰਿਸ ਦੀ 2005 'ਚ ਛਪੀ ਕਿਤਾਬ, *ਟਕਰਾਅ ਦਾ ਦੌਰ : ਨਾਟੋ, ਰੂਸ ਅਤੇ ਕੋਸੋਵੋ* ਵਿਚ ਕੀਤਾ ਗਿਆ।

ਇਸ ਸਿਧਾਂਤ ਦੀ ਅੰਦਰੂਨੀ ਦਲੀਲ ਅੰਦਰ ਦਹਿਸ਼ਤਵਾਦ ਵਿਰੁੱਧ ਲੜਾਈ, ਸਰਮਾਏਦਾਰੀ ਦੀਆਂ ਹੱਦਾਂ ਦੇ ਪਸਾਰੇ ਅਤੇ ਚੋਣਾਂ ਕਰਾਉਣ ਨੂੰ ਇਕੋ ਹੀ ਸਾਂਝੇ ਪ੍ਰਾਜੈਕਟ 'ਚ ਬੰਨ੍ਹ ਦਿੱਤਾ ਗਿਆ ਸੀ। ਮੱਧ ਪੂਰਬ ਨੂੰ ਦਹਿਸ਼ਤਪਸੰਦਾਂ ਤੋਂ "ਮੁਕਤ ਕਰਾ ਕੇ" ਇਸ ਨੂੰ ਬਹੁਤ ਵੱਡਾ ਮੁਕਤ ਵਪਾਰ ਖੇਤਰ ਬਣਾਇਆ ਜਾਵੇਗਾ। ਫੇਰ ਇੱਥੇ ਚੋਣਾਂ ਕਰਾਈਆਂ ਜਾਣਗੀਆਂ—ਭਾਵ ਇਕ ਤਰ੍ਹਾਂ ਨਾਲ ਇਕ ਪੰਥ ਜ਼ਰੀਏ ਤਿੰਨ ਕਾਜ਼ ਦਾ ਖ਼ਾਸ ਨੁਸਖ਼ਾ। ਬਾਅਦ ਵਿਚ ਜਾਰਜ ਡਬਲਯੂ ਬੁਸ਼ ਨੇ ਇਸ ਏਜੰਡੇ ਨੂੰ ਇਕੋ ਫ਼ਿਕਰੇ 'ਚ ਸਿੱਧਾ ਪੇਸ਼ ਕਰ ਦਿੱਤਾ : "ਗੜਬੜਗ੍ਰਸਤ ਖਿੱਤੇ 'ਚ ਆਜ਼ਾਦੀ ਦਾ ਪਸਾਰਾ ਕਰਨਾ"। ਕਈਆਂ ਨੇ ਇਸ ਨੂੰ ਜਮਹੂਰੀਅਤ ਪ੍ਰਤੀ ਜੋਸ਼ੀਲੀ ਵਚਨਬੱਧਤਾ ਦਾ ਜਜ਼ਬਾਤ ਸਮਝ ਲਿਆ।[6] ਪਰ ਇਹ ਹਮੇਸ਼ਾ ਹੋਰ ਹੀ ਤਰ੍ਹਾਂ ਦੀ ਆਜ਼ਾਦੀ ਰਹੀ ਹੈ, ਜੋ ਸੱਤਰਵਿਆਂ 'ਚ ਚਿੱਲੀ ਅਤੇ ਨੱਬੇਵਿਆਂ 'ਚ ਰੂਸ ਨੂੰ ਦਿੱਤੀ ਗਈ। ਇਹ ਇਸ ਆਦਰਸ਼ਕ ਸਿਧਾਂਤ ਦਾ ਧੁਰਾ ਸੀ ਭਾਵ ਪੱਛਮੀ ਬਹੁ-ਕੌਮੀ ਕੰਪਨੀਆਂ ਨੂੰ ਤਾਜ਼ਾ ਨਿੱਜੀਕਰਨ ਕੀਤੇ ਰਾਜਾਂ ਦਾ ਉਜਾੜਾ ਕਰਨ ਦੀ ਆਜ਼ਾਦੀ। ਜਦੋਂ ਇਰਾਕ ਵਿਚ ਵੱਡੀ ਲੜਾਈ ਦੇ ਮੁੱਕ ਜਾਣ ਦਾ ਐਲਾਨ ਕਰ ਦਿੱਤਾ ਗਿਆ ਤਾਂ ਇਸ ਤੋਂ ਅੱਠ ਦਿਨ ਬਾਅਦ ਹੀ ਰਾਸ਼ਟਰਪਤੀ ਨੇ "ਇਕ ਦਹਾਕੇ ਦੇ ਅੰਦਰ ਅਮਰੀਕੀ-ਮੱਧ ਪੂਰਬੀ ਮੁਕਤ ਵਪਾਰ ਖੇਤਰ ਕਾਇਮ ਕਰਨ" ਦੀਆਂ ਯੋਜਨਾਵਾਂ ਦਾ ਐਲਾਨ ਕਰ ਦਿੱਤਾ। ਇਸ ਨਾਲ ਉਨ੍ਹਾਂ ਦਾ ਉਦੇਸ਼ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ।[7] ਡਿਕ ਚੈਨੀ ਦੀ ਧੀ, ਲਿਜ਼ ਸੋਵੀਅਤ ਯੂਨੀਅਨ 'ਚ ਸਦਮਾ ਇਲਾਜ ਦੇ ਕ੍ਰਿਸ਼ਮੇ ਦੀ ਪੁਰਾਣੀ ਤਜਰਬੇਕਾਰ ਸੀ। ਉਸ ਨੂੰ ਇਸ ਪ੍ਰਾਜੈਕਟ ਦੀ ਕਰਤਾ-ਧਰਤਾ ਬਣਾਇਆ ਗਿਆ।

ਜਦੋਂ 11 ਸਤੰਬਰ ਤੋਂ ਬਾਅਦ ਇਕ ਅਰਬ ਦੇਸ਼ ਉੱਪਰ ਹਮਲਾ ਕਰਨ ਅਤੇ ਇਸ ਨੂੰ ਨਮੂਨੇ ਦਾ ਰਾਜ ਬਣਾਉਣ ਦਾ ਵਿਚਾਰ ਪਹਿਲਾਂ ਪਹਿਲ ਪ੍ਰਚਲਤ ਹੋਇਆ ਤਾਂ ਕਈ ਦੇਸ਼ਾਂ ਦੇ ਨਾਂ ਪੇਸ਼ ਕੀਤੇ ਗਏ ਜਿਵੇਂ ਇਰਾਕ, ਸੀਰੀਆ, ਮਿਸਰ ਜਾਂ ਮਾਈਕਲ ਲਿਡੀਨ ਦੀ ਤਰਜੀਹ ਇਰਾਨ। ਇਨ੍ਹਾਂ ਨੇ ਹਮਲੇ ਦਾ ਸੰਭਾਵੀ ਨਿਸ਼ਾਨਾ ਬਣਨਾ ਸੀ। ਇਨ੍ਹਾਂ ਵਿਚੋਂ ਜ਼ਿਆਦਾ ਸਿਫ਼ਾਰਸ਼ ਇਰਾਕ ਦੀ ਕੀਤੀ ਜਾਣੀ ਸੀ। ਇਸ ਦਾ ਅਧਾਰ ਮੌਜੂਦ ਸੀ। ਇੱਥੇ ਵਿਸ਼ਾਲ ਤੇਲ ਭੰਡਾਰ ਹੋਣ ਕਾਰਨ ਹੁਣ ਸਾਊਦੀ ਅਰਬ ਉੱਪਰ ਨਿਰਭਰਤਾ ਦੀ ਜ਼ਰੂਰਤ ਘੱਟ ਜਾਪਦੀ ਸੀ। ਇਸ ਹਾਲਤ ਵਿਚ ਇਰਾਕ ਫ਼ੌਜੀ ਅੱਡਿਆਂ ਲਈ ਢੁਕਵੀਂ ਕੇਂਦਰੀ ਜਗ੍ਹਾ ਵੀ ਬਣਦਾ ਸੀ ਅਤੇ ਸੱਦਾਮ ਵਲੋਂ ਆਪਣੀ ਹੀ ਪਰਜਾ ਵਿਰੁੱਧ ਰਸਾਇਣਕ ਹਥਿਆਰਾਂ ਦੀ ਵਰਤੋਂ ਨੇ ਉਸ ਨੂੰ ਸਹਿਜੇ ਹੀ ਨਫ਼ਰਤ ਦਾ ਪਾਤਰ ਬਣਾ ਦਿੱਤਾ ਸੀ। ਇਕ ਹੋਰ ਕਾਰਕ ਜਿਸ ਨੂੰ ਅਕਸਰ ਹੀ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਉਹ ਸੀ ਇਰਾਕ ਬਾਰੇ ਜਾਣਕਾਰੀ ਦਾ ਲਾਹਾ।

1991 ਦੀ ਖਾੜੀ ਜੰਗ ਅਮਰੀਕਾ ਦਾ ਆਖ਼ਰੀ ਵੱਡਾ ਜ਼ਮੀਨੀ ਹਮਲਾ ਸੀ ਜਿਸ ਵਿਚ ਲੱਖਾਂ ਫ਼ੌਜੀ ਸ਼ਾਮਲ ਸਨ। ਅਤੇ ਬਾਰਾਂ ਸਾਲਾਂ ਤੋਂ ਪੈਂਟਾਗਾਨ ਇਸ ਲੜਾਈ ਨੂੰ ਵਰਕਸ਼ਾਪਾਂ, ਸਿਖਲਾਈ ਅਤੇ ਜੰਗੀ ਵਿਉਂਤਾਂ ਦਾ ਵਿਸਤਾਰ ਕਰਨ 'ਚ ਨਮੂਨੇ ਵਜੋਂ ਇਸਤੇਮਾਲ ਕਰ ਰਹੀ ਸੀ। ਲੜਾਈ ਤੋਂ ਬਾਅਦ ਦੇ ਇਸ ਸਿਧਾਂਤ ਦੀ ਇਕ ਮਿਸਾਲ *ਤੇਜ਼ੀ ਨਾਲ ਗ਼ਲਬਾ ਪਾਉਣ ਦਾ ਸਾਧਨ* ਨਾਂ ਦਾ ਦਸਤਾਵੇਜ਼ ਸੀ ਜਿਸ ਨੇ ਡੋਨਾਲਡ ਰਮਜ਼ਫੈਲਡ ਦੇ ਮਨ ਨੂੰ ਟੁੰਬਿਆ। ਇਹ ਦਸਤਾਵੇਜ਼ 1996 'ਚ ਕੌਮੀ ਡਿਫੈਂਸ ਯੂਨੀਵਰਸਿਟੀ ਦੇ ਸੁਤੰਤਰ ਯੁੱਧਨੀਤੀ ਵਿਗਿਆਨੀਆਂ ਨੇ ਲਿਖਿਆ ਸੀ। ਇਹ ਖ਼ੁਦ ਨੂੰ ਬਹੁ-ਮੰਤਵੀ ਫ਼ੌਜੀ ਸਿਧਾਂਤ ਵਜੋਂ ਪੇਸ਼ ਕਰਦਾ ਹੈ, ਪਰ ਅਸਲ ਵਿਚ ਇਹ ਖਾੜੀ ਜੰਗ ਦੁਬਾਰਾ ਲੜਨ ਬਾਰੇ ਹੈ। ਇਸ ਦੇ ਮੋਹਰੀ ਲੇਖਕ, ਸਮੁੰਦਰੀ ਫ਼ੌਜ ਦੇ ਸੇਵਾ-ਮੁਕਤ ਕਮਾਂਡਰ ਹਰਲਾਨ ਉਲਮੈਨ ਨੇ ਸਪਸ਼ਟ ਕੀਤਾ ਕਿ ਇਹ ਪ੍ਰਾਜੈਕਟ ਉਦੋਂ ਸ਼ੁਰੂ ਹੋਇਆ ਜਦੋਂ

ਜਰਨੈਲ ਚੁਕ ਹਾਰਨਰ ਨੂੰ ਸੱਦਾਮ ਹੁਸੈਨ ਨਾਲ ਲੜਨ 'ਚ ਉਸ ਦੀ ਬਹੁਤ ਜ਼ਿਆਦਾ ਮਾਯੂਸੀ ਬਾਰੇ ਸਵਾਲ ਕੀਤਾ ਗਿਆ। ਉਹ 1991 ਦੀ ਹਵਾਈ ਜੰਗ ਦਾ ਕਮਾਂਡਰ ਸੀ। ਉਸ ਦਾ ਜਵਾਬ ਸੀ ਕਿ ਉਸ ਨੂੰ ਇਹ ਪਤਾ ਨਹੀਂ ਲੱਗਦਾ ਸੀ ਕਿ ਇਰਾਕੀ ਫ਼ੌਜ ਨੂੰ ਖ਼ਤਮ ਕਰਨ ਲਈ "ਸੂਈ ਕਿੱਥੇ ਗੱਡੀ ਜਾਵੇ।" ਇਸ ਵਿਚਾਰ ਨੂੰ ਈਜਾਦ ਕਰਨ ਵਾਲਾ ਉਲਮੈਨ ਲਿਖਦਾ ਹੈ ਕਿ "ਸਦਮਾ ਅਤੇ ਖੌਫ਼ ਇਸ ਸਵਾਲ ਨੂੰ ਸੰਬੋਧਤ ਹੋ ਸਕਦਾ ਸੀ : ਜੇ *ਡੈਜ਼ਰਟ ਸਟੌਰਮ* ਕਾਰਵਾਈ ਦੁਬਾਰਾ ਕੀਤੀ ਜਾਵੇ ਤਾਂ ਅਸੀਂ ਅੱਧੇ ਜਾਂ ਇਸ ਤੋਂ ਘੱਟ ਸਮੇਂ 'ਚ ਅਤੇ ਹੋਰ ਥੋੜ੍ਹੀਆਂ ਤਾਕਤਾਂ ਨਾਲ ਜਿੱਤ ਹਾਸਲ ਕਰ ਸਕਦੇ ਹਾਂ। ..... ਇਸ ਦੀ ਸਫ਼ਲਤਾ ਦੀ ਕੁੰਜੀ ਹੈ ਹਾਰਨਰ ਵਲੋਂ ਸੂਈਆਂ ਲਾਉਣ ਦੀਆਂ ਥਾਵਾਂ ਲੱਭਣਾ—ਉਹ ਥਾਵਾਂ ਜਿਨ੍ਹਾਂ ਨੂੰ ਜਦੋਂ ਨਿਸ਼ਾਨਾ ਬਣਾਇਆ ਜਾਵੇ ਤਾਂ ਦੁਸ਼ਮਣ ਦਾ ਤੁਰੰਤ ਖ਼ਾਤਮਾ ਹੋ ਜਾਵੇ।"[8] ਲੇਖਕਾਂ ਦਾ ਵਿਚਾਰ ਸੀ ਕਿ ਜੇ ਕਦੇ ਅਮਰੀਕੀ ਫ਼ੌਜ ਨੂੰ ਸੱਦਾਮ ਹੁਸੈਨ ਨਾਲ ਦੁਬਾਰਾ ਲੜਨ ਦਾ ਮੌਕਾ ਮਿਲੇ ਤਾਂ ਇਹ ਹੁਣ ਨਵੀ ਉੱਪ-ਗ੍ਰਹਿ ਤਕਨਾਲੋਜੀ ਅਤੇ ਸਹੀ ਟਿਕਾਣੇ 'ਤੇ ਨਿਸ਼ਾਨਾ ਲਾਉਣ ਵਾਲੇ ਹਥਿਆਰਾਂ ਦੀ ਕਾਢ ਦੀ ਬਦੌਲਤ "ਅੰਦਰ ਘੁਸਣ ਵਾਲੀਆਂ ਇਨ੍ਹਾਂ ਥਾਵਾਂ" ਨੂੰ ਟਿੱਕਣ ਦੀ ਬਿਹਤਰ ਹਾਲਤ 'ਚ ਹੈ। ਇਨ੍ਹਾਂ ਦੀ ਸਹਾਇਤਾ ਨਾਲ "ਸੂਈਆਂ" ਬੇਮਿਸਾਲ ਅਚੁੱਕ ਨਿਸ਼ਾਨੇ 'ਤੇ ਲਾਈਆਂ ਜਾ ਸਕਦੀਆਂ ਹਨ।

ਇਰਾਕ ਨੂੰ ਹਮਲੇ ਲਈ ਚੁਣਨ ਦਾ ਇਕ ਹੋਰ ਲਾਹਾ ਵੀ ਸੀ। ਅਮਰੀਕੀ ਫ਼ੌਜ ਤਾਂ ਤਕਨਾਲੋਜੀ ਨੂੰ ਨਵਿਆ ਕੇ ਡੈਜ਼ਰਟ ਸਟੌਰਮ ਨੂੰ ਦੁਬਾਰਾ ਲੜਨ ਦੀਆਂ ਖ਼ਿਆਲ ਉਡਾਰੀਆਂ 'ਚ ਜੁੱਟੀ ਹੋਈ ਸੀ। ਇਕ ਟਿੱਪਣੀਕਾਰ ਦੇ ਸ਼ਬਦਾਂ 'ਚ ਇਹ ਤਕਨਾਲੋਜੀਕਲ ਨਵਿਆਈ "ਐਟਾਰੀ ਵੀਡੀਓ ਗੇਮ ਅਤੇ ਪਲੇਅ ਸਟੇਸ਼ਨ ਦਰਮਿਆਨ ਫ਼ਾਸਲਾ" ਵਰਗੀ ਚੀਜ਼ ਸੀ। ਦੂਜੇ ਪਾਸੇ, ਇਰਾਕ ਦੀ ਫ਼ੌਜੀ ਸਮਰੱਥਾ ਬਹੁਤ ਜ਼ਿਆਦਾ ਪਿਛੜੀ ਹੋਈ ਸੀ। ਆਰਥਕ ਪਾਬੰਦੀਆਂ ਨੇ ਇਸ ਨੂੰ ਬੁਰੀ ਤਰ੍ਹਾਂ ਖ਼ੋਰਾ ਲਾਇਆ ਸੀ ਅਤੇ ਸੰਯੁਕਤ ਰਾਸ਼ਟਰ ਵਲੋਂ ਚਲਾਏ ਗਏ ਹਥਿਆਰਾਂ ਦੀ ਜਾਂਚ ਦੇ ਪ੍ਰੋਗਰਾਮ ਨੇ ਇਸ ਨੂੰ ਤਹਿਸ਼-ਨਹਿਸ਼ ਕਰ ਦਿੱਤਾ ਸੀ।[9] ਜੇ ਇਰਾਨ ਜਾਂ ਸੀਰੀਆ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਸ ਦਾ ਅਰਥ ਇਹ ਬਣਦਾ ਸੀ ਕਿ ਇਰਾਕ ਐਸੀ ਥਾਂ ਸੀ ਜਿੱਥੇ ਜੰਗ 'ਚ ਜਿੱਤਣ ਦੀ ਸੰਭਾਵਨਾ ਸਭ ਤੋਂ ਵੱਧ ਸੀ।

ਇਸ ਮੰਤਵ ਲਈ ਇਰਾਕ ਨੂੰ ਨਮੂਨੇ ਵਜੋਂ ਚੁਣੇ ਜਾਣ ਦਾ ਕੀ ਅਰਥ ਸੀ ਇਸ ਬਾਰੇ ਥਾਮਸ ਫਰਾਇਡਮੈਨ ਨੇ ਸਹੀ ਕਿਹਾ ਸੀ। ਉਸ ਨੇ ਲਿਖਿਆ, "ਇਰਾਕ 'ਚ ਅਸੀਂ ਕੌਮ ਦੀ ਉਸਾਰੀ ਨਹੀਂ ਕਰ ਰਹੇ। ਅਸੀਂ ਕੌਮ ਦੀ ਰਚਨਾ ਕਰ ਰਹੇ ਹਾਂ।" ਉਸ ਦੇ ਕਥਨ ਤੋਂ ਲੱਗਦਾ ਹੈ ਜਿਵੇਂ ਇਕ ਵੱਡੀ, ਤੇਲ ਨਾਲ ਭਰਪੂਰ ਕੌਮ ਦੀ ਮੁੱਢੋਂ-ਸੁੱਢੋਂ ਰਚਨਾ ਕਰਨ ਦੇ ਲਾਹੇਵੰਦੇ ਸੌਦੇ ਦੀ ਤਲਾਸ਼ ਇੱਕੀਵੀਂ ਸਦੀ ਵਿਚ ਕੀਤੀ ਜਾਣ ਵਾਲੀ ਕੋਈ ਸੁਭਾਵਿਕ, ਜਾਂ ਹੋਰ ਵੀ ਅੱਗੇ "ਉੱਤਮ" ਚੀਜ਼ ਹੁੰਦੀ ਹੈ।[10] ਫਰਾਇਡਮੈਨ ਉਨ੍ਹਾਂ ਅਨੇਕਾਂ ਵਿਅਕਤੀਆਂ ਵਿਚੋਂ ਇਕ ਹੈ ਜੋ ਕਿਸੇ ਸਮੇਂ ਜੰਗ ਦੇ ਹਮਾਇਤੀ ਸਨ, ਹੁਣ ਉਸ ਦਾ ਦਾਅਵਾ ਹੈ ਕਿ ਉਹ ਇਸ ਹਮਲੇ ਤੋਂ ਪਿੱਛੋਂ ਹੋਣ ਵਾਲੇ ਘਾਣ ਨੂੰ ਅਗਾਊਂ ਨਹੀਂ ਬੁੱਝ ਸਕਿਆ। ਇਹ ਸਮਝਣਾ ਮੁਸ਼ਕਲ ਹੈ ਕਿ ਉਹ ਇਸ ਬਾਰੀਕੀ 'ਚ ਜਾਣ ਤੋਂ ਕਿਵੇਂ ਖੁੰਝ ਗਿਆ। ਇਰਾਕ ਨਕਸ਼ੇ ਉੱਪਰਲੀ ਕੋਈ ਬੇਮਾਲੂਮ ਜਗ੍ਹਾ ਨਹੀਂ ਸੀ। ਇਰਾਕ ਦਾ ਸੱਭਿਆਚਾਰ ਮਨੁੱਖੀ ਸਭਿਅਤਾ ਜਿੰਨਾ ਪੁਰਾਣਾ ਹੈ। ਇਸ ਨੂੰ ਸਾਮਰਾਜ ਵਿਰੋਧੀ ਹੋਣ 'ਤੇ ਡਾਹਢਾ ਮਾਣ ਹੈ। ਇਹ ਅਰਬ ਕੌਮਪ੍ਰਸਤੀ ਦੀਆਂ ਜ਼ਬਰਦਸਤ ਰਵਾਇਤਾਂ ਅਤੇ ਡੂੰਘੇ ਅਕੀਦਿਆਂ ਵਾਲੀ ਕੌਮ ਹੈ ਜਿਸ ਦੇ ਬਹੁ-ਗਿਣਤੀ ਬਾਲਗ ਮਰਦਾਂ ਨੇ ਫ਼ੌਜੀ ਸਿਖਲਾਈ ਲਈ ਹੋਈ ਹੈ। ਜੇ ਇਰਾਕ 'ਚ "ਕੌਮ ਦੀ ਰਚਨਾ" ਹੋਣ ਜਾ ਰਹੀ ਸੀ ਤਾਂ ਉਸ ਦੀ ਪਹਿਲੀ ਕੌਮੀ ਰਚਨਾ ਦਾ ਕੀ ਬਣੇਗਾ ? ਇਹ ਕਦੇ

ਨਹੀਂ ਦੱਸਿਆ ਜਾਂਦਾ ਕਿ ਸ਼ੁਰੂ ਤੋਂ ਹੀ ਇਹ ਧਾਰਨਾ ਰਹੀ ਹੈ ਕਿ ਵੱਡੇ ਤਜਰਬੇ ਲਈ ਜ਼ਮੀਨ ਪੱਧਰੀ ਕਰਨ ਖ਼ਾਤਰ ਇਰਾਕ ਦੀ ਜ਼ਿਆਦਾਤਰ ਨੁਹਾਰ ਖ਼ਤਮ ਕਰ ਦਿੱਤੀ ਜਾਵੇਗੀ—ਇਹ ਐਸਾ ਖ਼ਿਆਲ ਹੈ ਜਿਸ ਦਾ ਸਾਰ-ਤੱਤ ਅਸਾਧਾਰਨ ਬਸਤੀਵਾਦੀ ਹਿੰਸਾ 'ਚ ਲਬਰੇਜ਼ ਹੋਣਾ ਹੀ ਸੀ।

ਤੀਹ ਸਾਲ ਪਹਿਲਾਂ, ਜਦੋਂ ਸ਼ਿਕਾਗੋ ਸਕੂਲ ਦੇ ਉਲਟ-ਇਨਕਲਾਬ ਨੇ ਪਾਠ ਪੁਸਤਕਾਂ 'ਚੋਂ ਅਸਲ ਦੁਨੀਆਂ 'ਚ ਪਹਿਲਾ ਛਡੱਪਾ ਮਾਰਿਆ, ਓਦੋਂ ਤੋਂ ਇਸ ਦਾ ਇਰਾਦਾ ਕੌਮਾਂ ਦਾ ਨਾਂ-ਨਿਸ਼ਾਨ ਮਿਟਾ ਕੇ ਉਨ੍ਹਾਂ ਦੀ ਥਾਂ ਉਨ੍ਹਾਂ ਦੀ ਨਵੀਂ ਹਸਤੀ ਘੜਨਾ ਰਿਹਾ ਹੈ। ਜਿਵੇਂ 2003 'ਚ ਇਰਾਕ 'ਚ ਹੋਇਆ, ਇਸੇ ਤਰ੍ਹਾਂ 1973 'ਚ ਚਿੱਲੀ 'ਚ ਹੋਇਆ ਸੀ। ਚਿੱਲੀ ਬਾਰੇ ਵੀ ਮਨਸ਼ਾ ਇਹੀ ਸੀ ਕਿ ਇਹ ਦੇਸ਼ ਸਮੁੱਚੇ ਬਾਗ਼ੀ ਉੱਪ-ਮਹਾਂਦੀਪ ਲਈ ਨਮੂਨੇ ਦਾ ਕੰਮ ਕਰੇ। ਅਤੇ ਕਈ ਸਾਲਾਂ ਤੱਕ ਇਹ ਨਮੂਨੇ ਦਾ ਕੰਮ ਕਰਦਾ ਰਿਹਾ। ਸੱਤਰਵਿਆਂ 'ਚ ਜਿਨ੍ਹਾਂ ਨੇ ਸ਼ਿਕਾਗੋ ਸਕੂਲ ਦੇ ਵਿਚਾਰਾਂ ਨੂੰ ਅਮਲ 'ਚ ਲਿਆਂਦਾ ਉਹ ਵਹਿਸ਼ੀ ਨਿਜ਼ਾਮ ਦੀ ਭੂਮਿਕਾ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਕਿਉਂਕਿ ਇਨ੍ਹਾਂ ਦੇ ਆਦਰਸ਼ ਅਨੁਸਾਰ ਚਿੱਲੀ, ਅਰਜਨਟਾਈਨਾ, ਉਰੂਗੁਏ ਅਤੇ ਬਰਾਜ਼ੀਲ ਦੀਆਂ ਜਿਨ੍ਹਾਂ ਕੌਮਾਂ ਨੂੰ ਨਵੇਂ ਸਿਰਿਉਂ ਘੜਿਆ ਜਾਣਾ ਸੀ ਉਨ੍ਹਾਂ ਦੇ ਨਿਜ਼ਾਮਾਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਆਪਣੇ ਹਰ ਵੰਨਗੀ ਦੇ ਲੋਕਾਂ ਅਤੇ ਆਪਣੇ ਸੱਭਿਆਚਾਰਾਂ ਨੂੰ "ਜੜ੍ਹੋਂ" ਪੁੱਟ ਦੇਣ।

ਜਿਨ੍ਹਾਂ ਦੇਸ਼ਾਂ ਨੂੰ ਇਸ ਤਰ੍ਹਾਂ ਦੀ ਸਿਆਸੀ ਸਫ਼ਾਈ ਦੇ ਅਮਲ ਵਿਚੋਂ ਗੁਜ਼ਰਨਾ ਪਿਆ ਉੱਥੇ ਇਸ ਹਿੰਸਕ ਇਤਿਹਾਸ ਨਾਲ ਦੋ-ਚਾਰ ਹੋਣ ਲਈ ਸਮੂਹਕ ਯਤਨ ਹੁੰਦੇ ਰਹੇ—ਜਿਵੇਂ ਤੱਥ ਖੋਜ ਕਮਿਸ਼ਨ ਬਣਾਏ ਗਏ, ਗੁੰਮਨਾਮ ਕਬਰਾਂ 'ਚ ਦਫ਼ਨਾਈਆਂ ਲਾਸ਼ਾਂ ਬਾਹਰ ਕੱਢੀਆਂ ਗਈਆਂ ਅਤੇ ਜ਼ੁਲਮ ਢਾਹੁਣ ਵਾਲਿਆਂ 'ਤੇ ਜੰਗੀ ਜੁਰਮਾਂ ਦੇ ਮੁਕੱਦਮੇ ਚੱਲਣੇ ਸ਼ੁਰੂ ਹੋਏ। ਅਸਲ ਵਿਚ ਇਹ ਲਾਤੀਨੀ ਅਮਰੀਕਾ ਦੇ ਤਾਨਾਸ਼ਾਹ ਹਾਕਮਾਂ ਦੇ ਇਕੱਲਿਆਂ ਦੇ ਕਾਰੇ ਨਹੀਂ ਸਨ। ਜਿਵੇਂ ਦਸਤਾਵੇਜ਼ਾਂ 'ਚ ਵਿਆਪਕ ਸਬੂਤ ਦਰਜ ਹਨ, ਵਾਸ਼ਿੰਗਟਨ ਰਾਜ ਪਲਟਿਆਂ ਤੋਂ ਪਹਿਲਾਂ ਅਤੇ ਪਿੱਛੋਂ ਇਨ੍ਹਾਂ ਦੀ ਪੂਰੀ ਹਮਾਇਤ ਕਰਦਾ ਰਿਹਾ। 1976 'ਚ ਅਰਜਨਟਾਈਨਾ 'ਚ ਹੋਇਆ ਰਾਜ ਪਲਟਾ ਇਸ ਦੀ ਮਿਸਾਲ ਹੈ, ਜਦੋਂ ਇੱਥੇ ਹਜ਼ਾਰਾਂ ਨੌਜਵਾਨ ਕਾਰਕੁਨਾਂ ਨੂੰ ਘਰਾਂ ਤੋਂ ਅਗਵਾ ਕੀਤਾ ਗਿਆ, ਓਦੋਂ ਵਾਸ਼ਿੰਗਟਨ ਨੇ ਤਾਨਾਸ਼ਾਹ ਜੁੰਡੀ ਦੀ ਪੂਰੀ ਵਿਤੀ ਮਦਦ ਕੀਤੀ (ਕਸਿੰਜਰ ਨੇ ਕਿਹਾ ਸੀ, "ਜੇ ਇੱਥੇ ਕੁਝ ਕਰਨ ਵਾਲਾ ਕੰਮ ਹੈ ਤਾਂ ਇਸ ਨੂੰ ਝਟਪਟ ਕਰ ਦਿਓ।")[11] ਉਸ ਸਮੇਂ, ਗੇਰਾਲਡ ਫੋਰਡ ਪ੍ਰਧਾਨ ਸੀ, ਡਿਕ ਚੈਨੀ ਉਸ ਦੀਆਂ ਫ਼ੌਜਾਂ ਦਾ ਮੁਖੀ ਸੀ, ਡੋਨਾਲਡ ਰਮਜ਼ਫੈਲਡ ਉਸ ਦਾ ਰੱਖਿਆ ਮੰਤਰੀ ਸੀ, ਕਸਿੰਜਰ ਦਾ ਕਾਰਜਕਾਰੀ ਸਹਾਇਕ ਪਾਲ ਬਰੈਮਰ ਨਾਂ ਦਾ ਉਹੀ ਜੋਸ਼ੀਲਾ ਗੱਭਰੂ ਸੀ। ਇਨ੍ਹਾਂ ਨੇ ਤਾਨਾਸ਼ਾਹ ਸਰਕਾਰਾਂ ਦੀ ਹਮਾਇਤ 'ਚ ਜੋ ਭੂਮਿਕਾ ਨਿਭਾਈ ਸੀ ਉਹਦੇ ਲਈ ਇਨ੍ਹਾਂ ਨੂੰ ਕਿਸੇ ਤੱਥ ਪੜਤਾਲ ਅਤੇ ਨਿਆਂ ਦੇ ਅਮਲ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਇਹ ਮੌਜ ਨਾਲ ਹੀ ਲੰਮੇ ਅਤੇ ਖੁਸ਼ਹਾਲ ਭਵਿੱਖ ਦੇ ਮਜ਼ੇ ਲੁੱਟਦੇ ਰਹੇ। ਅਸਲ ਵਿਚ, ਇਹ ਅਰਸਾ ਐਨਾ ਲੰਮਾ ਸੀ ਕਿ ਇਨ੍ਹਾਂ ਵਿਅਕਤੀਆਂ ਨੇ ਤਿੰਨ ਦਹਾਕੇ ਬਾਅਦ ਇਸੇ ਤਰ੍ਹਾਂ ਦਾ ਉਘੜਵਾਂ ਤਜਰਬਾ ਅਮਲ 'ਚ ਲਿਆਉਣਾ ਸੀ—ਬਿਨਾਸ਼ੱਕ ਇਹ ਤਜਰਬਾ ਵੱਧ ਹਿੰਸਕ ਸੀ।

2005 ਦੀ ਉਦਘਾਟਨੀ ਤਕਰੀਰ ਵਿਚ, ਜਾਰਜ ਡਬਲਯੂ ਬੁਸ਼ ਨੇ ਠੰਢੀ ਜੰਗ ਦੇ ਖ਼ਾਤਮੇ ਅਤੇ ਦਹਿਸ਼ਤਵਾਦ ਵਿਰੁੱਧ ਜੰਗ ਦੇ ਆਗਾਜ਼ ਵਿਚਕਾਰਲੇ ਦੌਰ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ, "ਇਹ ਵਰ੍ਹੇ ਅਮਨ-ਚੈਨ ਦੇ, ਅਰਾਮ ਫਰਮਾਉਣ ਦੇ ਵਰ੍ਹੇ ਸਨ ਅਤੇ ਫੇਰ ਗੋਲੀਆਂ ਚਲਾਉਣ

ਦਾ ਦਿਨ ਆ ਢੁੱਕਿਆ।"[12] ਇਰਾਕ 'ਤੇ ਹਮਲਾ ਖੁੱਲ੍ਹੀ ਮੰਡੀ ਲਈ ਜਹਾਦ ਦੀਆਂ ਪਹਿਲੀਆਂ ਜੁਗਤਾਂ ਵੱਲ ਦਰਿੰਦਗੀ ਭਰੀ ਵਾਪਸੀ ਦਾ ਲਖਾਇਕ ਸੀ—ਮਾਡਲ ਕਾਰਪੋਰੇਟਸ਼ਾਹੀ ਰਾਜਾਂ ਦੀ ਉਸਾਰੀ ਦੇ ਰਾਹ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਰੋਕਾਂ ਨੂੰ ਤਾਕਤ ਨਾਲ ਹਟਾਉਣ ਲਈ ਸਿਰੇ ਦੇ ਸਦਮੇ ਦੀ ਵਰਤੋਂ। ਫੇਰ ਇਹ ਰਾਜ ਹਰ ਤਰ੍ਹਾਂ ਦੀ ਦਖ਼ਲਅੰਦਾਜ਼ੀ ਤੋਂ ਮੁਕਤ ਹੋਣਗੇ।

ਸੀ ਆਈ ਏ ਤੋਂ ਵਿਤੀ ਮਦਦ ਲੈ ਕੇ ਕੰਮ ਕਰਨ ਵਾਲੇ ਮਨੋਰੋਗ ਡਾਕਟਰ ਈਵੇਨ ਕੈਮਰਨ ਨੇ ਆਪਣੇ ਮਰੀਜ਼ਾਂ ਨੂੰ ਮੰਦ ਬੁੱਧੀ ਵਾਲੇ ਬਣਾ ਕੇ ਉਨ੍ਹਾਂ ਦੀ "ਮਾਨਸਿਕਤਾ ਨੂੰ ਨਵੇਂ ਸੱਚੇ 'ਚ ਢਾਲਣ" ਦਾ ਯਤਨ ਕੀਤਾ ਸੀ। ਉਸ ਦਾ ਵਿਸ਼ਵਾਸ ਸੀ ਕਿ ਜੇ ਇਸ ਮਨੋਰਥ ਲਈ ਥੋੜ੍ਹਾ ਸਦਮਾ ਫ਼ਾਇਦੇਮੰਦ ਸੀ ਤਾਂ ਇਸ ਤੋਂ ਵਧੇਰੇ ਸਦਮਾ ਹੋਰ ਵੀ ਬਿਹਤਰ ਹੋਵੇਗਾ। ਉਹ ਜੋ ਕੁਝ ਵੀ ਸੋਚ ਸਕਿਆ—ਕਰੰਟ ਲਾਉਣਾ, ਮਾਨਸਿਕ ਭਰਮ ਪੈਦਾ ਕਰਨ ਵਾਲੀਆਂ ਦਵਾਈਆਂ, ਸੰਵੇਦ ਵਿਹੂਣੀ ਹਾਲਤ, ਗਿਆਨ ਇੰਦਰੀਆਂ ਉੱਪਰ ਹੱਦੋਂ ਵੱਧ ਬੋਝ—ਉਨ੍ਹਾਂ ਢੰਗਾਂ ਦੀ ਸਹਾਇਤਾ ਨਾਲ ਉਸ ਨੇ ਦਿਮਾਗਾਂ ਨੂੰ ਤਹਿਸ਼-ਨਹਿਸ਼ ਕਰ ਦਿੱਤਾ। ਉਸ ਨੇ ਹਰ ਉਹ ਢੰਗ ਵਰਤਿਆ ਜੋ ਉਨ੍ਹਾਂ ਦੀ ਸੋਚ ਦਾ ਖ਼ਾਤਮਾ ਕਰ ਸਕਦਾ ਹੋਵੇ ਅਤੇ ਮਰੀਜ਼ਾਂ ਦੇ ਦਿਮਾਗਾਂ ਨੂੰ ਕੋਰੀ ਸਲੇਟ ਵਰਗਾ ਬਣਾ ਸਕਦਾ ਹੋਵੇ ਜਿਸ ਉੱਪਰ ਨਵੇਂ ਵਿਚਾਰ, ਨਵੇਂ ਨਮੂਨੇ ਉੱਕਰੇ ਜਾ ਸਕਣ। ਇਰਾਕ ਉੱਪਰ ਹਮਲੇ ਅਤੇ ਕਬਜ਼ੇ ਦੀ ਯੁੱਧਨੀਤੀ ਅਜਿਹੀ ਹੀ ਸੀ ਜਿਸ ਦਾ ਧਰਾਤਲ ਜ਼ਿਆਦਾ ਵਿਆਪਕ ਸੀ। ਜੰਗ ਦੇ ਘਾੜਿਆਂ ਨੇ ਸਦਮਾ ਦਾਅਪੇਚਾਂ ਦੇ ਆਲਮੀ ਅਸਲਾਖ਼ਾਨੇ ਦਾ ਭਰਵਾਂ ਸਰਵੇਖਣ ਕਰਕੇ ਇਨ੍ਹਾਂ ਦੇ ਅਧਾਰ 'ਤੇ ਅੱਗੇ ਵਧਣ ਦਾ ਫ਼ੈਸਲਾ ਕੀਤਾ—ਵਿਆਪਕ ਮਨੋਵਿਗਿਆਨਕ ਪ੍ਰਭਾਵ ਵਾਲੀਆਂ ਕਾਰਵਾਈਆਂ ਨੂੰ ਪੂਰਕ ਵਜੋਂ ਵਰਤ ਕੇ ਜ਼ਬਰਦਸਤ ਫ਼ੌਜੀ ਬੰਬਾਰੀ ਕੀਤੀ ਗਈ। ਇਸ ਪਿੱਛੋਂ ਬਹੁਤ ਜ਼ਿਆਦਾ ਫ਼ੁਰਤੀ ਨਾਲ ਹੂੰਝਾਫੇਰੂ ਸਿਆਸੀ ਅਤੇ ਆਰਥਕ ਸਦਮਾ ਇਲਾਜ ਥੋਪਿਆ ਗਿਆ। ਜੇ ਕਿਤੇ ਕੋਈ ਵਿਰੋਧ ਦਿਖਾਈ ਦਿੱਤਾ ਤਾਂ ਵਿਰੋਧ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਬੇਤਹਾਸ਼ਾ ਜ਼ੁਲਮ ਢਾਹ ਕੇ ਇਸ ਪ੍ਰੋਗਰਾਮ ਨੂੰ ਢੋਈ ਮੁਹੱਈਆ ਕੀਤੀ ਗਈ।

ਇਰਾਕ ਵਿਚ ਜੰਗ ਦੇ ਵਿਸ਼ਲੇਸ਼ਣਾਂ ਵਿਚ ਅਕਸਰ ਹੀ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਹਮਲਾ ਤਾਂ "ਕਾਮਯਾਬ" ਸੀ ਪਰ ਕਬਜ਼ਾ ਕਾਮਯਾਬ ਨਹੀਂ ਰਿਹਾ। ਇਹ ਜਾਇਜ਼ਾ ਇਸ ਚੀਜ਼ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ ਕਿ ਹਮਲਾ ਅਤੇ ਕਬਜ਼ਾ ਇਕੋ ਯੁੱਧਨੀਤੀ ਦੇ ਦੋ ਅੰਗ ਹਨ। ਸ਼ੁਰੂਆਤੀ ਬੰਬਾਰੀ ਇਸ ਤਰ੍ਹਾਂ ਵਿਉਂਤੀ ਗਈ ਸੀ ਕਿ ਇਹ ਉਸ ਧਰਾਤਲ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦੇਵੇ ਜਿਸ ਉੱਪਰ ਫੇਰ ਆਪਣੇ ਮਨਪਸੰਦ ਨਮੂਨੇ ਦੀ ਕੌਮ ਦੀ ਰਚਨਾ ਕੀਤੀ ਜਾ ਸਕੇ।

ਜੰਗ ਜਨਤਕ ਤਸੀਹਿਆਂ ਦੇ ਰੂਪ 'ਚ

"ਸੂਈਆਂ ਕਿੱਥੇ ਲਾਈਆਂ ਜਾਣ" ਇਰਾਕ ਉੱਪਰ 2003 ਦੇ ਹਮਲੇ ਦੀ ਵਿਉਂਤਬੰਦੀ ਕਰਨ ਵਾਲੇ ਯੁੱਧਨੀਤੀ ਘਾੜੇ ਇਸ ਸਵਾਲ ਦਾ ਜਵਾਬ ਇਸ ਤਰ੍ਹਾਂ ਦਿੰਦੇ ਜਾਪਦੇ ਹਨ : ਸੂਈਆਂ ਹਰ ਥਾਂ ਲਾਓ। 1991 ਦੀ ਖਾੜੀ ਜੰਗ ਸਮੇਂ, ਪੰਜ ਹਫ਼ਤਿਆਂ ਦੇ ਸਮੇਂ 'ਚ ਤਿੰਨ ਸੌ ਟੋਮਹਾਕ ਕਰੂਜ਼ ਮਿਸਾਇਲਾਂ ਚਲਾਈਆਂ ਗਈਆਂ ਸਨ। 2003 'ਚ, ਇਕ ਦਿਨ 'ਚ ਹੀ ਤਿੰਨ ਸੌ ਅੱਸੀ ਤੋਂ ਵੱਧ ਮਿਸਾਇਲਾਂ ਚਲਾਈਆਂ ਗਈਆਂ। 20 ਮਾਰਚ ਤੋਂ 2 ਮਈ ਦੇ ਸਮੇਂ ਨੂੰ "ਮੁੱਖ ਲੜਾਈ" ਵਾਲੇ ਹਫ਼ਤੇ ਕਿਹਾ ਜਾਂਦਾ ਹੈ। ਇਸ ਦੌਰਾਨ ਅਮਰੀਕੀ ਫ਼ੌਜ ਨੇ ਇਰਾਕ ਉੱਪਰ ਤੀਹ ਹਜ਼ਾਰ ਤੋਂ ਵੱਧ ਬੰਬ ਸੁੱਟੇ ਅਤੇ ਨਾਲ ਹੀ ਐਨ ਟਿਕਾਣੇ 'ਤੇ ਮਾਰ ਕਰਨ ਵਾਲੀਆਂ ਵੀਹ ਹਜ਼ਾਰ ਮਿਸਾਇਲਾਂ ਚਲਾਈਆਂ ਜੋ ਇਸ ਸਮੇਂ ਤੱਕ ਬਣਾਈਆਂ ਮਿਸਾਇਲਾਂ ਦੀ ਕੁਲ ਗਿਣਤੀ ਦਾ 67 ਫ਼ੀ ਸਦੀ

ਸਨ।[13]

ਬੰਬਾਰੀ ਸਮੇਂ ਬਗ਼ਦਾਦ 'ਚ ਰਹਿੰਦੀ ਤਿੰਨ ਬੱਚਿਆਂ ਦੀ ਮਾਂ ਯਾਸਮਿਨ ਮੂਸਾ ਨੇ ਦੱਸਿਆ, "ਮੈਂ ਬਹੁਤ ਜ਼ਿਆਦਾ ਭੈਭੀਤ ਹਾਂ। ਇਕ ਵੀ ਮਿੰਟ ਐਸਾ ਨਹੀਂ ਗੁਜ਼ਰਦਾ ਜਦੋਂ ਕਿਤੇ ਬੰਬ ਡਿੱਗਣ ਦੀ ਆਵਾਜ਼ ਨਾ ਆਉਂਦੀ ਹੋਵੇ। ਮੈਨੂੰ ਨਹੀਂ ਲੱਗਦਾ ਕਿ ਪੂਰੇ ਇਰਾਕ 'ਚ ਇਕ ਗਜ਼ ਥਾਂ ਵੀ ਬੰਬਾਂ ਤੋਂ ਬਚੀ ਹੋਵੇਗੀ।"[14] ਇਸ ਦਾ ਭਾਵ ਸੀ ਸਦਮਾ ਅਤੇ ਖੌਫ਼ ਆਪਣਾ ਕੰਮ ਕਰ ਰਿਹਾ ਸੀ। ਸਦਮਾ ਅਤੇ ਖੌਫ਼ ਦਾ ਸਿਧਾਂਤ ਸਮਾਜ ਨੂੰ ਸਮੂਹਿਕ ਸਜ਼ਾ ਦੇਣਾ ਤਾਂ ਹੈ ਹੀ। ਇਸ ਤੋਂ ਇਲਾਵਾ ਇਹ ਜੰਗ ਦੇ ਅਸੂਲਾਂ ਦੀ ਖੁੱਲ੍ਹ-ਮ-ਖੁੱਲੀ ਉਲੰਘਣਾ ਕਰਨ ਵਾਲਾ ਐਸਾ ਫ਼ੌਜੀ ਸਿਧਾਂਤ ਹੈ ਜਿਸ ਨੂੰ ਨਾ ਸਿਰਫ਼ ਦੁਸ਼ਮਣ ਦੀਆਂ ਫ਼ੌਜੀ ਤਾਕਤਾਂ ਨੂੰ ਸਗੋਂ, ਜਿਵੇਂ ਇਸ ਦੇ ਲੇਖਕ ਜ਼ੋਰ ਦਿੰਦੇ ਹਨ, "ਵਿਆਪਕ ਸਮਾਜ" ਨੂੰ ਨਿਸ਼ਾਨਾ ਬਣਾਉਣ 'ਤੇ ਵੀ ਮਾਣ ਹੈ। ਜਨਤਕ ਸਹਿਮ ਪੈਦਾ ਕਰਨਾ ਇਸ ਯੁੱਧਨੀਤੀ ਦਾ ਅਹਿਮ ਹਿੱਸਾ ਹੈ।

ਸਦਮਾ ਅਤੇ ਖੌਫ਼ ਨੂੰ ਵਿਲੱਖਣ ਬਣਾਉਣ ਵਾਲਾ ਇਕ ਹੋਰ ਤੱਤ ਹੈ ਕੇਬਲ ਨਿਊਜ਼ ਪ੍ਰਸਾਰਣ ਦੀ ਵਰਤੋਂ ਬਾਰੇ ਇਸ ਦੀ ਤੇਜ਼-ਤਰਾਰ ਸੂਝ ਜਿਸ ਦੀ ਮਾਰ ਇਕੋ ਸਮੇਂ ਕਈ ਤਰ੍ਹਾਂ ਦੇ ਦਰਸ਼ਕਾਂ ਤੱਕ ਹੈ। ਇਸ ਵਿਚ ਆਪਣੇ ਦੇਸ਼ 'ਚ ਅਮਰੀਕੀ ਲੋਕਾਂ ਤੋਂ ਲੈ ਕੇ ਇਰਾਕ 'ਚ ਗੜਬੜ ਕਰਨ ਵਾਲਿਆਂ ਤੱਕ ਹਰ ਹਿੱਸਾ ਸ਼ਾਮਲ ਹੈ। ਸਦਮਾ ਅਤੇ ਖੌਫ਼ ਨੇਮਾਵਲੀ ਕਹਿੰਦੀ ਹੈ, "ਜਦੋਂ ਇਨ੍ਹਾਂ ਹਮਲਿਆਂ ਦੇ ਨਤੀਜੇ ਸੀ ਐੱਨ ਐੱਨ ਉੱਪਰ ਦੁਨੀਆਂ ਭਰ 'ਚ ਨਾਲ ਦੀ ਨਾਲ ਪ੍ਰਸਾਰਤ ਹੁੰਦੇ ਰਹਿੰਦੇ ਹਨ ਤਾਂ ਗੱਠਜੋੜ ਦੀ ਹਮਾਇਤੀ ਧਿਰ ਉੱਪਰ ਹਾਂਪੱਖੀ ਅਤੇ ਸੰਭਾਵੀ ਖ਼ਤਰੇ ਦੇ ਹਮਾਇਤੀਆਂ ਉੱਪਰ ਫ਼ੈਸਲਾਕੁਨ ਅਸਰ ਪੈ ਸਕਦਾ ਹੈ।"• ਸ਼ੁਰੂ ਤੋਂ ਹੀ ਇਸ ਹਮਲੇ ਨੂੰ ਇਸ ਤਰ੍ਹਾਂ ਚਿਤਵਿਆ ਗਿਆ ਸੀ ਕਿ ਇਹ ਅੱਗ ਦੇ ਗੋਲਿਆਂ, ਕੰਨ ਪਾੜਵੇਂ ਧਮਾਕਿਆਂ ਅਤੇ ਪੂਰੇ ਸ਼ਹਿਰ ਨੂੰ ਤਹਿਸ਼-ਨਹਿਸ਼ ਕਰਨ ਵਾਲੇ ਭੂਚਾਲਾਂ ਦੀ ਭਾਸ਼ਾ 'ਚ ਵਾਸ਼ਿੰਗਟਨ ਦਾ ਦੁਨੀਆਂ ਨੂੰ ਸੁਨੇਹਾ ਹੈ। *ਇਕ ਫ਼ੀ ਸਦੀ ਸਿਧਾਂਤ* 'ਚ ਰੌਨ ਸਸਕਾਈਂਡ ਬਿਆਨ ਕਰਦਾ ਹੈ ਕਿ ਰਮਜ਼ਫੈਲਡ ਅਤੇ ਚੈਨੀ ਲਈ "ਇਰਾਕ 'ਤੇ ਹਮਲਾ ਕਰਨ ਦੀ ਮੁੱਖ ਪ੍ਰੇਰਨਾ" ਉਨ੍ਹਾਂ ਦੀ ਇਹ ਖਾਹਸ਼ ਸੀ ਕਿ ਜੋ ਲੋਕ "ਤਬਾਹਕੁਨ ਹਥਿਆਰ ਹਾਸਲ ਕਰਨ ਲਈ ਕਾਹਲ ਦਿਖਾ ਰਹੇ ਹਨ ਜਾਂ ਅਮਰੀਕਾ ਦੀ ਸੱਤਾ ਨੂੰ ਵੰਗਾਰਦੇ ਹਨ ਉਨ੍ਹਾਂ ਦੇ ਵਤੀਰੇ ਨੂੰ ਦਿਸ਼ਾ ਦੇਣ ਲਈ ਉਨ੍ਹਾਂ ਦੇ ਹਜ਼ਰ ਦੀ ਮਿਸਾਲ ਪੈਦਾ ਕੀਤੀ ਜਾਵੇ।" ਇਹ ਯੁੱਧਨੀਤੀ ਤੋਂ ਘੱਟ ਨਹੀਂ ਸੀ, ਇਹ "ਵਤੀਰਾਵਾਦ ਦਾ ਆਲਮੀ ਤਜਰਬਾ" ਸੀ।[15]

ਯੁੱਧਕਲਾ ਸਦਾ ਇਕ ਹੱਦ ਤੱਕ ਕਾਰਗੁਜ਼ਾਰੀ ਦਾ ਅਤੇ ਹਮੇਸ਼ਾ ਜਨਤਕ ਸੰਚਾਰ ਦਾ ਇਕ ਰੂਪ ਹੁੰਦੀ ਹੈ। ਪਰ ਕਾਰੋਬਾਰ ਦੀ ਦੁਨੀਆਂ ਵਿਚ ਰਮਜ਼ਫੈਲਡ ਨੇ ਤਕਨੀਕ ਅਤੇ ਪ੍ਰਚਾਰ ਮਾਧਿਅਮਾਂ ਦੀ ਜਾਣਕਾਰੀ ਦੀ ਜੋ ਮੁਹਾਰਤ ਹਾਸਲ ਕੀਤੀ ਹੋਈ ਹੈ ਉਸ ਅਨੁਸਾਰ ਖੌਫ਼ ਦਾ ਮੰਡੀਕਰਨ ਅਮਰੀਕੀ ਫ਼ੌਜੀ ਸਿਧਾਂਤ ਦੇ ਐਨ ਕੇਂਦਰ 'ਚ ਮੌਜੂਦ ਹੈ। ਠੰਢੀ ਜੰਗ ਸਮੇਂ, ਪ੍ਰਮਾਣੂ ਹਮਲੇ ਦਾ ਖ਼ਤਰਾ ਜੰਗ ਤੋਂ ਵਰਜਣ ਵਾਲੀ ਯੁੱਧਨੀਤੀ ਦੀ ਗੁੱਲੀ ਸੀ, ਪਰ ਸੋਚ ਪ੍ਰਮਾਣੂ ਮਿਸਾਇਲਾਂ ਨੂੰ ਇਨ੍ਹਾਂ ਦੇ ਟਿਕਾਣਿਆਂ 'ਚ ਤਿਆਰ ਰੱਖਣ ਦੀ ਸੀ। ਹੁਣ ਹਮਲਾ ਵੱਖਰੀ ਤਰ੍ਹਾਂ ਦਾ ਸੀ : ਰਮਜ਼ਫੈਲਡ ਵਲੋਂ ਲੜੀ ਜਾਣ ਵਾਲੀ ਜੰਗ ਪ੍ਰਮਾਣੂ ਜੰਗ ਨੂੰ ਛੱਡ ਕੇ ਐਸਾ ਹਰੇਕ ਢੰਗ ਵਰਤੋਂ 'ਚ ਲਿਆਏਗੀ ਜੋ ਗਿਆਨ ਇੰਦਰੀਆਂ ਨੂੰ ਤਹਿਸ਼-ਨਹਿਸ਼ ਕਰਨ, ਜਜ਼ਬਾਤਾਂ ਨਾਲ ਖੇਡਣ ਅਤੇ ਐਸੇ ਸੁਨੇਹੇ

• 1991 ਦੀ ਖਾੜੀ ਜੰਗ ਸੀ ਐੱਨ ਐੱਨ ਉੱਤੇ ਪ੍ਰਸਾਰਤ ਪਹਿਲੀ ਲੜਾਈ ਸੀ, ਪਰ ਕਿਉਂਕਿ ਚੌਵੀ ਘੰਟੇ ਸਿੱਧੇ ਪ੍ਰਸਾਰਨ ਦਾ ਖ਼ਿਆਲ ਹਾਲੇ ਨਵਾਂ ਸੀ, ਇਸ ਕਰਕੇ ਫ਼ੌਜ ਨੇ ਇਸ ਨੂੰ ਓਦੋਂ ਹਾਲੇ ਆਪਣੀ ਜੰਗੀ ਯੋਜਨਾਬੰਦੀ 'ਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਕੀਤਾ ਸੀ।

ਦੇਣ ਲਈ ਵਿਉਂਤੀ ਨੁਮਾਇਸ਼ ਸੀ ਜਿਸ ਦਾ ਸਥਾਈ ਅਸਰ ਪਵੇ। ਇਸ ਦੇ ਨਿਸ਼ਾਨੇ ਪੂਰਾ ਧਿਆਨ ਦੇ ਕੇ ਇਸ ਤਰ੍ਹਾਂ ਚੁਣੇ ਗਏ ਸਨ ਜੋ ਕਿਸੇ ਤਰ੍ਹਾਂ ਦੇ ਪ੍ਰਤੀਕ ਹੋਣ। ਅਤੇ ਜਦੋਂ ਟੀ ਵੀ ਉੱਪਰ ਇਨ੍ਹਾਂ ਦਾ ਪ੍ਰਸਾਰਣ ਹੋਵੇ ਤਾਂ ਇਨ੍ਹਾਂ ਦਾ ਖ਼ਾਸ ਪ੍ਰਭਾਵ ਪਵੇ। ਇਸ ਤਰੀਕੇ ਨਾਲ ਰਮਜ਼ਫੈਲਡ ਦੇ ਜੰਗੀ ਸਿਧਾਂਤ, ਜੋ ਉਸ ਦੇ "ਕਾਇਆਕਲਪ" ਪ੍ਰਾਜੈਕਟ ਦਾ ਹਿੱਸਾ ਸੀ, ਦਾ ਫ਼ੌਜੀ ਜਰਨੈਲਾਂ ਦੀਆਂ "ਫ਼ੌਜ ਵਿਰੁੱਧ ਫ਼ੌਜ ਵਰਤਣ" ਦੀਆਂ ਮੈਦਾਨੇ-ਜੰਗ ਵਾਲੀਆਂ ਯੁੱਧਨੀਤੀਆਂ ਨਾਲ ਕੁਝ ਵੀ ਮਿਲਦਾ ਨਹੀਂ ਸੀ, ਜੋ ਉਸ ਨੂੰ ਹਮੇਸ਼ਾ ਸਹਿਜ ਨਾਲ ਚੱਲਣ ਦੀ ਸਲਾਹ ਦੇ ਰਹੇ ਸਨ। ਉਨ੍ਹਾਂ ਦਹਿਸ਼ਤਪਸੰਦਾਂ ਨਾਲ ਰਮਜ਼ਫੈਲਡ ਦਾ ਬਹੁਤ ਕੁਝ ਸਾਂਝਾ ਸੀ ਜਿਨ੍ਹਾਂ ਵਿਰੁੱਧ ਉਸ ਨੇ ਸਥਾਈ ਜੰਗ ਦਾ ਐਲਾਨ ਕੀਤਾ ਸੀ। ਦਹਿਸ਼ਤਪਸੰਦ ਸਿੱਧੀ ਟੱਕਰ ਰਾਹੀਂ ਜਿੱਤ ਹਾਸਲ ਕਰਨ ਦਾ ਯਤਨ ਨਹੀਂ ਕਰਦੇ; ਉਹ ਅਚਾਨਕ, ਟੀ ਵੀ 'ਤੇ ਪ੍ਰਸਾਰਤ ਹੋਣ ਵਾਲੀਆਂ ਦਰਸ਼ਨੀ ਕਾਰਵਾਈਆਂ ਰਾਹੀਂ ਜਨਤਾ ਦਾ ਮਨੋ-ਬਲ ਤੋੜਨ ਦਾ ਯਤਨ ਕਰਦੇ ਹਨ ਜਿਸ ਨਾਲ ਇਕੋ ਵਾਰ ਹੀ ਉਨ੍ਹਾਂ ਦੇ ਦੁਸ਼ਮਣ ਦੀ ਕਮਜ਼ੋਰੀ ਅਤੇ ਉਨ੍ਹਾਂ ਦੀ ਆਪਣੀ ਭਿਆਨਕ ਹਮਲਾ ਕਰਨ ਦੀ ਸਮਰੱਥਾ ਦਾ ਪ੍ਰਗਟਾਵਾ ਹੁੰਦਾ ਹੈ। 11 ਸਤੰਬਰ ਦੇ ਹਮਲਿਆਂ ਪਿੱਛੇ ਇਹੀ ਸਿਧਾਂਤ ਕੰਮ ਕਰਦਾ ਸੀ, ਇਸੇ ਤਰ੍ਹਾਂ ਇਰਾਕ ਉੱਪਰ ਹਮਲੇ ਪਿੱਛੇ ਵੀ ਇਹੀ ਸਿਧਾਂਤ ਕੰਮ ਕਰ ਰਿਹਾ ਸੀ।

ਸਦਮੇ ਅਤੇ ਖੌਫ਼ ਨੂੰ ਅਕਸਰ ਹੀ ਨਿਰੀ ਭਾਰੂ ਫ਼ੌਜੀ ਤਾਕਤ ਦੀ ਯੁੱਧਨੀਤੀ ਹੀ ਸਮਝਿਆ ਜਾਂਦਾ ਹੈ, ਪਰ ਇਸ ਸਿਧਾਂਤ ਦੇ ਘਾੜਿਆਂ ਦੀ ਨਜ਼ਰ 'ਚ ਇਸ ਦੀ ਵੁੱਕਤ ਇਸ ਤੋਂ ਬਹੁਤ ਜ਼ਿਆਦਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਇਕ ਸੂਖ਼ਮ ਮਨੋਵਿਗਿਆਨਕ ਯੋਜਨਾ ਹੈ ਜਿਸ ਦਾ ਉਦੇਸ਼ "ਦੁਸ਼ਮਣ ਦੀ ਟਾਕਰਾ ਕਰਨ ਦੀ ਜਨਤਕ ਇੱਛਾ ਸ਼ਕਤੀ ਨੂੰ ਸਿੱਧੀ ਸੱਟ ਮਾਰਨਾ ਹੈ।" ਇਸ ਦੇ ਸੰਦ ਅਮਰੀਕੀ ਫ਼ੌਜੀ ਢਾਂਚੇ ਦੇ ਦੂਜੇ ਵਿੰਗ ਵਾਲੇ ਹੀ ਹਨ : ਗਿਆਨ ਇੰਦਰੀਆਂ ਨੂੰ ਸੰਵੇਦਨਾ ਵਿਹੂਣੀ ਹਾਲਤ 'ਚ ਰੱਖਣਾ ਅਤੇ ਇਨ੍ਹਾਂ ਉੱਪਰ ਹੱਦੋਂ ਵੱਧ ਬੋਝ ਪਾਉਣਾ। ਇਨ੍ਹਾਂ ਦਾ ਉਦੇਸ਼ ਦਿਮਾਗੀ ਅਫ਼ਰਾ-ਤਫ਼ਰੀ ਵਾਲੀ ਹਾਲਤ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਮੰਦ ਬੁੱਧੀ ਬਣਾਉਣਾ ਹੈ। ਸੀ ਆਈ ਏ ਦੀ ਤਸੀਹਾ ਨੇਮਾਵਲੀ ਦੀ ਸੁਰ 'ਚ ਸੁਰ ਮਿਲਾਉਂਦਿਆਂ "ਸਦਮਾ ਅਤੇ ਖੌਫ਼ ਦਾ ਸਿਧਾਂਤ" ਕਹਿੰਦਾ ਹੈ, "ਜੇ ਕੁੱਢਰ ਲਫ਼ਜ਼ਾਂ 'ਚ ਕਹਿਣਾ ਹੋਵੇ, ਮਾਹੌਲ 'ਤੇ ਕਾਬਜ਼ ਹੋ ਕੇ ਇਹ ਗ਼ਲਬਾ ਵਿਰੋਧੀ ਧਿਰ ਦੀ ਸੂਝ-ਬੂਝ ਅਤੇ ਵਰਤਾਰਿਆਂ ਬਾਰੇ ਬੋਧ ਨੂੰ ਜਾਂ ਤਾਂ ਨਕਾਰਾ ਬਣਾ ਦੇਵੇਗਾ ਜਾਂ ਬਹੁਤ ਹੀ ਤਣਾਅ ਦੀ ਹਾਲਤ 'ਚ ਲਿਜਾ ਸੁੱਟੇਗਾ।" ਇਸ ਦਾ ਉਦੇਸ਼ "ਵਿਰੋਧੀਆਂ ਨੂੰ ਪੂਰੀ ਤਰ੍ਹਾਂ ਨਕਾਰਾ ਬਣਾ ਦੇਣਾ ਹੈ।" ਇਸ ਵਿਚ ਇਹ ਯੁੱਧਨੀਤਕ ਵਿਉਂਤਾਂ ਸ਼ਾਮਲ ਹਨ ਜਿਵੇਂ "ਸਮੇਂ ਬਾਰੇ ਗਿਆਨ ਇੰਦਰੀਆਂ ਦੇ ਬੋਧ ਅਤੇ ਸੂਚਨਾ ਨੂੰ ਉਲਟ-ਪੁਲਟ ਕਰ ਦੇਣਾ...'ਰੌਸ਼ਨੀਆਂ ਜਗਾਉਂਦੇ-ਬੁਝਾਉਂਦੇ ਰਹਿਣਾ' ਤਾਂ ਜੋ ਸੰਭਾਵੀ ਹਮਲਾਵਰ ਨੂੰ ਆਪਣੀਆਂ ਤਾਕਤਾਂ ਅਤੇ ਅੰਤ ਆਪਣੇ ਸਮਾਜ ਦੇ ਹਾਲਾਤ ਅਤੇ ਵਰਤਾਰਿਆਂ ਦਾ ਪਤਾ ਲਗਦਾ ਰਹੇ।" ਨਾਲ ਹੀ "ਖ਼ਾਸ ਇਲਾਕਿਆਂ 'ਚ ਦੁਸ਼ਮਣ ਦੀ ਸੰਚਾਰ ਅਤੇ ਜਾਇਜ਼ਾ ਲੈ ਸਕਣ ਦੀ ਯੋਗਤਾ ਖ਼ਤਮ ਕਰਨਾ।"[16] ਇਰਾਕ ਨੂੰ ਮਹੀਨਿਆਂ ਬੱਧੀ ਇਨ੍ਹਾਂ ਜਨਤਕ ਤਸੀਹਿਆਂ ਦੇ ਤਜਰਬਿਆਂ ਦਾ ਸ਼ਿਕਾਰ ਬਣਾਇਆ ਗਿਆ। ਅਸਲ ਵਿਚ, ਇਹ ਅਮਲ ਬੰਬਾਰੀ ਸ਼ੁਰੂ ਕੀਤੇ ਜਾਣ ਤੋਂ ਬਹੁਤ ਪਹਿਲਾਂ ਦਾ ਚੱਲ ਰਿਹਾ ਸੀ।

ਡਰਾਵਾ ਦੇਣ ਦੀ ਤਕਨੀਕ

ਜਦੋਂ 2002 'ਚ ਅਮਰੀਕੀ ਏਜੰਟਾਂ ਨੇ ਕੈਨੇਡਾ ਦੇ ਨਾਗਰਿਕ ਮਹੇਰ ਅਰਾਰ ਨੂੰ ਜੌਹਨ

ਔਫ਼ ਕੈਨੇਡੀ ਹਵਾਈ ਅੱਡੇ ਤੋਂ ਅਗਵਾ ਕਰਕੇ ਸੀਰੀਆ ਲਿਜਾ ਕੇ ਵਿਸ਼ੇਸ਼ ਤਫ਼ਤੀਸ਼ੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਤਾਂ ਉਹ ਤੁਰੰਤ ਪਰਖੇ ਹੋਏ ਅਤੇ ਐਸੇ ਤਸੀਹੇ ਦੇਣ ਦੇ ਅਮਲ 'ਚ ਜੁੱਟ ਗਏ ਜਿਨ੍ਹਾਂ ਨੂੰ ਅਜੇ ਅਜ਼ਮਾਉਣਾ ਸੀ। "ਉਨ੍ਹਾਂ ਨੇ ਮੈਨੂੰ ਕੁਰਸੀ 'ਤੇ ਬਿਠਾ ਲਿਆ, ਅਤੇ ਇਕ ਬੰਦੇ ਨੇ ਮੈਨੂੰ ਸਵਾਲ ਕਰਨੇ ਸ਼ੁਰੂ ਕਰ ਦਿੱਤੇ ..... ਜੇ ਮੈਥੋਂ ਤੁਰੰਤ ਜਵਾਬ ਨਾ ਦਿੱਤਾ ਜਾਂਦਾ ਤਾਂ ਉਹ ਖੂੰਜੇ 'ਚ ਰੱਖੀ ਧਾਤ ਦੀ ਕੁਰਸੀ ਵੱਲ ਉਂਗਲ ਕਰਕੇ ਕਹਿ ਦਿੰਦਾ, 'ਫੇਰ ਇਹ ਯੰਤਰ ਵਰਤਾਂ ? ' ..... ਮੈਂ ਦਹਿਲਿਆ ਹੋਇਆ ਸੀ, ਅਤੇ ਮੈਂ ਤਸੀਹਿਆਂ ਦਾ ਸ਼ਿਕਾਰ ਨਹੀਂ ਸੀ ਹੋਣਾ ਚਾਹੁੰਦਾ। ਤਸੀਹਿਆਂ ਤੋਂ ਬਚਣ ਲਈ ਮੈਂ ਕੁਝ ਵੀ ਬੋਲੀ ਜਾਂਦਾ ਸੀ।"[17] ਅਰਾਰ ਉੱਪਰ ਜਿਹੜੀ ਤਕਨੀਕ ਅਜ਼ਮਾਈ ਜਾ ਰਹੀ ਸੀ ਉਹ "ਯੰਤਰਾਂ ਦੇ ਦਰਸ਼ਨ ਕਰਾਉਣ" ਜਾਂ ਅਮਰੀਕੀ ਫ਼ੌਜ ਦੀ ਖ਼ਾਸ ਬੋਲੀ 'ਚ "ਡਰਾਵਾ ਦੇਣ" ਵਜੋਂ ਮਸ਼ਹੂਰ ਹੈ। ਤਸੀਹੇ ਦੇਣ ਵਾਲਿਆਂ ਨੂੰ ਪਤਾ ਹੈ ਉਨ੍ਹਾਂ ਦਾ ਇਕ ਸਭ ਤੋਂ ਜ਼ਬਰਦਸਤ ਹਥਿਆਰ ਕੈਦੀ ਦੀ ਆਪਣੀ ਕਲਪਨਾ ਹੁੰਦੀ ਹੈ—ਅਕਸਰ ਹੀ ਭੈਭੀਤ ਕਰਨ ਵਾਲੇ ਯੰਤਰ ਦਾ ਦਿਖਾਵਾ ਇਸ ਦੀ ਵਰਤੋਂ ਨਾਲੋਂ ਵੱਧ ਕਾਰਗਰ ਸਾਬਤ ਹੁੰਦਾ ਹੈ।

ਜਿਉਂ ਜਿਉਂ ਇਰਾਕ ਉੱਪਰ ਹਮਲੇ ਦਾ ਦਿਨ ਨੇੜੇ ਆਉਂਦਾ ਗਿਆ, ਪੈਂਟਾਗਾਨ ਨੇ ਖ਼ਬਰਾਂ ਦੇਣ ਵਾਲੇ ਅਮਰੀਕੀ ਪ੍ਰਚਾਰ ਮਾਧਿਅਮਾਂ ਦੇ ਪੱਤਰਕਾਰਾਂ ਨੂੰ "ਡਰ ਪੈਦਾ ਕਰਨ" ਦੇ ਕੰਮ 'ਚ ਆਪਣੇ ਜੋਟੀਦਾਰ ਬਣਾ ਲਿਆ। ਜੰਗ ਸ਼ੁਰੂ ਹੋਣ ਤੋਂ ਦੋ ਮਹੀਨੇ ਪਹਿਲਾਂ ਹੀ ਸੀ ਬੀ ਐੱਸ ਨਿਊਜ਼ ਨੇ ਇਸ ਤਰ੍ਹਾਂ ਰਿਪੋਰਟ ਦੇਣੀ ਸ਼ੁਰੂ ਕਰ ਦਿੱਤੀ ਸੀ, "ਉਹ ਇਸ ਨੂੰ "ਹ-ਦਿਵਸ" ਕਹਿ ਰਹੇ ਹਨ। ਹਵਾਈ ਹਮਲਿਆਂ 'ਚ ਆਉਂਦਾ *ਹਾਹਾ* ਐਨਾ ਭਿਆਨਕ ਹੈ ਕਿ ਸੱਦਾਮ ਦੇ ਫ਼ੌਜੀ ਲੜਾਈ ਦੇ ਕਾਬਲ ਨਹੀਂ ਰਹਿਣਗੇ ਜਾਂ ਉਨ੍ਹਾਂ 'ਚ ਲੜਾਈ ਲੜਨ ਦੀ ਇੱਛਾ ਨਹੀਂ ਰਹੇਗੀ।" ਸਦਮਾ ਅਤੇ ਖੌਫ਼ ਸਿਧਾਂਤ ਦੇ ਲੇਖਕ ਹਰਲਾਨ ਉਲਮੈਨ ਨੂੰ ਦਰਸ਼ਕਾਂ ਦੇ ਰੂ-ਬ-ਰੂ ਕੀਤਾ ਗਿਆ। ਉਸ ਨੇ ਵਿਆਖਿਆ ਕੀਤੀ ਕਿ "ਇਸ ਦਾ ਅਸਰ ਨਾਲ ਦੀ ਨਾਲ ਤੁਹਾਡੇ ਸਾਹਮਣੇ ਹੈ, ਅਸਲ ਵਿਚ ਇਹ ਹੀਰੋਸ਼ੀਮਾ 'ਚ ਵਰਤੇ ਗਏ ਪ੍ਰਮਾਣੂ ਹਥਿਆਰਾਂ ਵਾਂਗ ਦਿਨ ਜਾਂ ਹਫ਼ਤਿਆਂ 'ਚ ਨਹੀਂ ਸਗੋਂ ਮਿੰਟਾਂ 'ਚ ਪ੍ਰਭਾਵ ਪਾਉਂਦਾ ਹੈ।" ਐਂਕਰ ਡਾਨ ਰਾਦਰ ਨੇ ਪ੍ਰਸਾਰਨ ਇਸ ਤਰ੍ਹਾਂ ਸਮਾਪਤ ਕੀਤਾ, "ਅਸੀਂ ਤੁਹਾਨੂੰ ਯਕੀਨ ਦਿਵਾਉਂਦੇ ਹਾਂ ਕਿ ਇਸ ਰਿਪੋਰਟ ਵਿਚ ਐਸੀ ਕੋਈ ਜਾਣਕਾਰੀ ਨਹੀਂ ਹੈ ਜਿਸ ਬਾਰੇ ਰੱਖਿਆ ਮੰਤਰਾਲਾ ਇਹ ਸੋਚੇ ਕਿ ਇਹ ਇਰਾਕੀ ਫ਼ੌਜ ਦੇ ਪੱਖ 'ਚ ਜਾ ਸਕਦੀ ਹੈ।"[18] ਉਸ ਨੂੰ ਹੋਰ ਅੱਗੇ ਵਧ ਕੇ ਕਹਿਣਾ ਚਾਹੀਦਾ ਸੀ : ਇਸ ਸਮੇਂ ਦੀਆਂ ਹੋਰ ਅਨੇਕਾਂ ਰਿਪੋਰਟਾਂ ਵਾਂਗ ਇਹ ਰਿਪੋਰਟ ਵੀ ਅਮਰੀਕੀ ਰੱਖਿਆ ਮੰਤਰਾਲੇ ਦੀ ਡਰਾਵਾ ਦੇਣ ਦੀ ਯੁੱਧਨੀਤੀ ਦਾ ਅਟੁੱਟ ਹਿੱਸਾ ਹੈ।

ਇਰਾਕੀ ਲੋਕਾਂ ਨੂੰ ਗ਼ੈਰਕਾਨੂੰਨੀ ਉੱਪ ਗ੍ਰਹਿ-ਪ੍ਰਣਾਲੀ ਜਾਂ ਬਦੇਸ਼ਾਂ 'ਚ ਰਹਿੰਦੇ ਸਕੇ-ਸਬੰਧੀਆਂ ਦੇ ਫ਼ੋਨਾਂ ਰਾਹੀਂ ਜੋ ਭਿਆਨਕ ਰਿਪੋਰਟਾਂ ਮਿਲ ਰਹੀਆਂ ਸਨ ਉਨ੍ਹਾਂ ਕਾਰਨ ਉਨ੍ਹਾਂ ਨੂੰ ਇਸ ਭਿਆਨਕ ਸਦਮੇ ਅਤੇ ਖੌਫ਼ ਦੀ ਕਲਪਨਾ ਦੇ ਪ੍ਰਛਾਵੇਂ ਹੇਠ ਮਹੀਨੇ ਗੁਜ਼ਾਰਨੇ ਪਏ। ਇਹ ਫ਼ਿਕਰਾ ਆਪਣੇ ਆਪ 'ਚ ਹੀ ਜ਼ਬਰਦਸਤ ਮਨੋ-ਵਿਗਿਆਨਕ ਹਥਿਆਰ ਬਣ ਗਿਆ। ਕੀ ਇਹ ਹਮਲਾ 1991 ਦੇ ਹਮਲੇ ਨਾਲੋਂ ਭੈੜਾ ਹੋਵੇਗਾ ? ਜੇ ਅਮਰੀਕੀ ਸਚਮੁਚ ਸੋਚਦੇ ਹਨ ਕਿ ਸੱਦਾਮ ਕੋਲ ਜਨਤਕ ਤਬਾਹੀ ਦੇ ਹਥਿਆਰ ਹਨ, ਕੀ ਉਹ ਪ੍ਰਮਾਣੂ ਹਮਲਾ ਕਰਨਗੇ ?

ਇਸ ਦਾ ਇਕ ਜਵਾਬ ਹਮਲੇ ਤੋਂ ਇਕ ਹਫ਼ਤਾ ਪਹਿਲਾਂ ਮਿਲ ਗਿਆ। ਪੈਂਟਾਗਾਨ ਨੇ ਵਾਸ਼ਿੰਗਟਨ ਦੇ ਫ਼ੌਜੀ ਪ੍ਰੈੱਸ ਨੂੰ ਫਲੋਰਿਡਾ ਦੇ ਐਗਲਿਨ ਹਵਾਈ ਫ਼ੌਜ ਦੇ ਅੱਡੇ ਦੇ ਵਿਸ਼ੇਸ਼ ਦੌਰੇ 'ਤੇ ਸੱਦਿਆ। ਇਸ ਦਾ ਮਕਸਦ ਸੀ ਉਨ੍ਹਾਂ ਨੂੰ ਐੱਮ ਓ ਏ ਬੀ ਦਾ ਪ੍ਰਯੋਗ ਦਿਖਾਉਣਾ। ਇਸ ਦਾ

ਅਧਿਕਾਰਤ ਤੌਰ 'ਤੇ ਅਰਥ ਹੈ ਹਵਾਈ ਧਮਾਕਾ ਕਰਨ ਵਾਲਾ ਵਿਆਪਕ ਹਥਿਆਰ ਪਰ ਫ਼ੌਜ ਵਿਚ ਹਰ ਕੋਈ ਇਸ ਨੂੰ "ਸਾਰੇ ਬੰਬਾਂ ਦੀ ਮਾਂ" ਕਹਿੰਦਾ ਹੈ। ਇੱਕੀ ਹਜ਼ਾਰ ਪੌਂਡ ਭਾਰਾ ਇਹ ਬੰਬ ਹੁਣ ਤੱਕ ਬਣਾਏ ਗਏ ਗ਼ੈਰ-ਪਮਾਣੂ ਬੰਬਾਂ ਵਿਚੋਂ ਸਭ ਤੋਂ ਵੱਡਾ ਹੈ। ਸੀ ਐੱਨ ਐੱਨ ਦੇ ਜੈਮੀ ਮੈਕਿਨਟਾਇਰ ਦੇ ਲਫ਼ਜ਼ਾਂ 'ਚ, "ਇਹ ਦਸ ਹਜ਼ਾਰ ਫੁੱਟ ਉੱਚਾ ਖੂੰਬ ਵਰਗਾ ਧੂੰਏਂ ਦਾ ਬੱਦਲ ਪੈਦਾ ਕਰਨ ਦੇ ਸਮਰੱਥ ਹੈ। ਇਹ ਪ੍ਰਮਾਣੂ ਹਥਿਆਰ ਵਰਗਾ ਦਿਖਾਈ ਦਿੰਦਾ ਹੈ ਤੇ ਮਹਿਸੂਸ ਵੀ ਇੰਞ ਹੀ ਹੁੰਦਾ ਹੈ।"[19]

ਆਪਣੀ ਰਿਪੋਰਟ 'ਚ ਮੈਕਿਨਟਾਇਰ ਨੇ ਦੱਸਿਆ ਕਿ ਜੇ ਇਸ ਬੰਬ ਨੂੰ ਕਦੇ ਵੀ ਨਾ ਚਲਾਇਆ ਜਾਵੇ, ਇਸ ਦੀ ਹੋਂਦ ਹੀ "ਮਨੋਵਿਗਿਆਨਕ ਸੱਟ ਮਾਰਨ ਲਈ ਕਾਫ਼ੀ ਹੈ।" ਇਹ ਉਸ ਭੂਮਿਕਾ ਦਾ ਇਕਬਾਲ ਵੀ ਹੈ ਜੋ ਉਹ ਖ਼ੁਦ ਅਜਿਹੀ ਮਨੋਵਿਗਿਆਨਕ ਸੱਟ 'ਚ ਨਿਭਾ ਰਿਹਾ ਸੀ। ਤਸੀਹਾ ਕੇਂਦਰਾਂ ਦੇ ਕੈਦੀਆਂ ਵਾਂਗ ਇਰਾਕੀ ਲੋਕਾਂ ਨੂੰ ਵੀ ਤਸੀਹਾ ਯੰਤਰ ਦਿਖਾਏ ਜਾ ਰਹੇ ਸਨ। ਇਸੇ ਪ੍ਰੋਗਰਾਮ 'ਚ ਰਮਜ਼ਫੈਲਡ ਨੇ ਖ਼ੁਲਾਸਾ ਕੀਤਾ, "ਇਸ ਦਾ ਟੀਚਾ ਗੱਠਜੋੜ ਦੀਆਂ ਸਮਰੱਥਾਵਾਂ ਨੂੰ ਐਨਾ ਸਾਫ਼-ਸਪਸ਼ਟ ਬਣਾਉਣਾ ਹੈ ਕਿ ਇਰਾਕੀ ਫ਼ੌਜ ਦਾ ਲੜਾਈ ਲੜਨ ਦਾ ਹੌਂਸਲਾ ਹੀ ਢਹਿ ਜਾਵੇ।"[20]

ਜਦੋਂ ਜੰਗ ਸ਼ੁਰੂ ਹੋਈ, ਬਗ਼ਦਾਦ ਦੇ ਵਸਨੀਕਾਂ ਨੂੰ ਵਿਆਪਕ ਪੱਧਰ 'ਤੇ ਸੂਚਨਾ ਵਿਹੂਣੀ ਹਾਲਤ 'ਚ ਸੁੱਟ ਦਿੱਤਾ ਗਿਆ। ਇਕ ਇਕ ਕਰਕੇ ਸ਼ਹਿਰ ਦੇ ਜਾਣਕਾਰੀ ਦੇ ਵਸੀਲੇ ਬੰਦ ਕਰ ਦਿੱਤੇ ਗਏ। ਸਭ ਤੋਂ ਪਹਿਲਾਂ ਕੰਨਾਂ ਰਾਹੀਂ ਹੋਣ ਵਾਲੇ ਸੰਚਾਰ ਨੂੰ ਨਿਸ਼ਾਨਾ ਬਣਾਇਆ ਗਿਆ।

28 ਮਾਰਚ 2003 ਦੀ ਰਾਤ ਨੂੰ, ਜਿਉਂ ਹੀ ਅਮਰੀਕੀ ਫ਼ੌਜਾਂ ਬਗ਼ਦਾਦ ਦੇ ਹੋਰ ਨੇੜੇ ਪੁੱਜੀਆਂ, ਸੰਚਾਰ ਮੰਤਰਾਲੇ 'ਤੇ ਬੰਬ ਸੁੱਟ ਕੇ ਇਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਗ਼ਦਾਦ ਦੇ ਚਾਰੇ ਟੈਲੀਫ਼ੋਨ ਐਕਸਚੇਂਜ ਬੰਕਰ-ਤੋੜੂ ਬੰਬਾਂ ਨਾਲ ਤਬਾਹ ਕਰਕੇ ਸ਼ਹਿਰ ਦੇ ਦਹਿ ਲੱਖਾਂ ਟੈਲੀਫ਼ੋਨਾਂ ਦਾ ਸੰਚਾਰ ਖ਼ਤਮ ਕਰ ਦਿੱਤਾ ਗਿਆ। ਟੈਲੀਫ਼ੋਨ ਐਕਸਚੇਂਜਾਂ ਦੀ ਕੁਲ ਗਿਣਤੀ ਬਾਰਾਂ ਸੀ, ਇਨ੍ਹਾਂ ਨੂੰ ਓਦੋਂ ਤੱਕ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਜਦੋਂ ਤੱਕ 2 ਅਪ੍ਰੈਲ ਨੂੰ ਬਗ਼ਦਾਦ ਦੇ ਸਾਰੇ ਫ਼ੋਨ ਬੰਦ ਨਹੀਂ ਹੋ ਗਏ।•[21] ਇਸੇ ਹਮਲੇ 'ਚ ਟੈਲੀਵਿਜ਼ਨ ਅਤੇ ਰੇਡੀਓ ਪ੍ਰਸਾਰਨ ਕੇਂਦਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਅਜਿਹਾ ਕਰਕੇ ਆਪੋ ਆਪਣੇ ਘਰਾਂ 'ਚ ਬੰਦ ਬਗ਼ਦਾਦ ਵਾਸੀਆਂ ਲਈ ਮਾੜੀ-ਮੋਟੀ ਖ਼ਬਰ-ਸਾਰ ਰੱਖਣਾ ਵੀ ਸੰਭਵ ਨਾ ਰਿਹਾ ਕਿ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੀ ਹੋ ਰਿਹਾ ਸੀ।

ਕਈ ਇਰਾਕੀ ਕਹਿੰਦੇ ਹਨ ਕਿ ਫ਼ੋਨ ਪ੍ਰਣਾਲੀ ਨੂੰ ਤਹਿਸ਼-ਨਹਿਸ਼ ਕਰ ਦੇਣਾ ਹਵਾਈ

• ਬਗ਼ਦਾਦ ਦੀ ਫ਼ੋਨ ਸੰਚਾਰ ਪ੍ਰਣਾਲੀ ਨੂੰ ਥੋਕ ਪੱਧਰ 'ਤੇ ਤਹਿਸ਼-ਨਹਿਸ਼ ਕਰਨ ਦਾ ਅਧਿਕਾਰਤ ਕਾਰਨ ਸੱਦਾਮ ਦੇ ਵਿਸ਼ੇਸ਼ ਕਮਾਂਡੋ ਦਸਤਿਆਂ ਨਾਲ ਉਸ ਦਾ ਸੰਪਰਕ ਖ਼ਤਮ ਕਰਨਾ ਸੀ। ਪਰ ਜੰਗ ਤੋਂ ਬਾਅਦ ਜਦੋਂ ਅਮਰੀਕੀ ਤਫ਼ਤੀਸ਼ੀ ਅਧਿਕਾਰੀਆਂ ਨੇ ਇਰਾਕ ਦੇ ਚੋਟੀ ਦੇ ਕੈਦੀਆਂ ਨਾਲ ਵਿਆਪਕ "ਗੱਲਬਾਤ" ਕੀਤੀ ਤਾਂ ਪਤਾ ਲੱਗਿਆ ਕਿ ਕਈ ਸਾਲਾਂ ਤੋਂ ਸੱਦਾਮ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਉਸ ਦੀਆਂ ਫ਼ੋਨ ਕਾਲਾਂ ਦੇ ਅਧਾਰ 'ਤੇ ਉਸ ਦੀ ਜਾਸੂਸੀ ਕੀਤੀ ਜਾ ਰਹੀ ਹੈ। ਇਸ ਕਾਰਨ, ਪਿਛਲੇ ਤੇਰਾਂ ਸਾਲਾਂ 'ਚ ਉਸ ਨੇ ਸਿਰਫ਼ ਦੋ ਵਾਰ ਫ਼ੋਨ ਵਰਤਿਆ ਸੀ। ਆਮ ਵਾਂਗ, ਭਰੋਸੇਯੋਗ ਸੂਹ ਜ਼ਰੂਰੀ ਨਹੀਂ ਸੀ; ਨਵੀਂ ਫ਼ੋਨ ਸੰਚਾਰ ਪ੍ਰਣਾਲੀ ਉਸਾਰਨ ਲਈ ਬੈੱਚਟੈੱਲ ਨੂੰ ਬਥੇਰਾ ਪੈਸਾ ਮਿਲਣਾ ਸੀ।

ਹਮਲੇ ਦਾ ਮਨੋਵਿਗਿਆਨਕ ਤੌਰ 'ਤੇ ਸਭ ਤੋਂ ਵੱਧ ਦੁਖਦਾਈ ਪਹਿਲੂ ਸੀ। ਇਹ ਨਿਰਾ ਸੰਤਾਪ ਹੀ ਹੈ ਕਿ ਹਰ ਥਾਂ ਬੰਬ ਫਟਦੇ ਸੁਣਾਈ ਦੇਣ। ਧਮਾਕੇ ਮਹਿਸੂਸ ਹੋ ਰਹੇ ਹੋਣ ਪਰ ਕੁਝ ਬਲਾਕ ਪਰ੍ਹਾਂ ਰਹਿੰਦੇ ਆਪਣੇ ਮਿੱਤਰ ਪਿਆਰਿਆਂ ਨੂੰ ਫ਼ੋਨ ਕਰਕੇ ਬੰਦਾ ਇਹ ਪਤਾ ਵੀ ਨਾ ਕਰ ਸਕੇ ਕਿ ਉਹ ਜ਼ਿੰਦਾ ਹਨ। ਜਾਂ ਉਹ ਬਦੇਸ਼ 'ਚ ਰਹਿੰਦੇ ਡਰੇ ਹੋਏ ਸਕੇ-ਸਬੰਧੀਆਂ ਨੂੰ ਸਹੀ-ਸਲਾਮਤ ਹੋਣ ਦਾ ਧਰਵਾਸ ਵੀ ਨਾ ਦਿਵਾ ਸਕਣ। ਮਾਯੂਸ ਹੋਏ ਬਗ਼ਦਾਦ ਵਾਸੀ ਪੱਤਰਕਾਰਾਂ ਦੁਆਲੇ ਝੁਰਮਟ ਪਾ ਕੇ ਉਨ੍ਹਾਂ ਦੇ ਸੈਟੇਲਾਈਟ ਫ਼ੋਨਾਂ ਤੋਂ ਫ਼ੋਨ ਕਰਨ ਲਈ ਤਰਲੇ ਲੈ ਰਹੇ ਸਨ ਜਾਂ ਪੱਤਰਕਾਰਾਂ ਦੇ ਹੱਥਾਂ 'ਚ ਨੰਬਰ ਫੜਾ ਰਹੇ ਸਨ ਕਿ ਉਹ ਲੰਦਨ ਜਾਂ ਬਾਲਤੀਮੋਰ 'ਚ ਰਹਿੰਦੇ ਭਰਾ ਜਾਂ ਅੰਕਲ ਨਾਲ ਗੱਲ ਕਰਾ ਦੇਣ। ਉਹ ਕਹਿ ਰਹੇ ਸਨ, "ਉਨ੍ਹਾਂ ਨੂੰ ਦੱਸ ਦਿਓ ਸਭ ਠੀਕ ਠਾਕ ਹੈ। ਉਸ ਨੂੰ ਦੱਸ ਦਿਓ ਉਸ ਦੇ ਮਾਂ-ਬਾਪ ਰਾਜ਼ੀ-ਖੁਸ਼ੀ ਹਨ। ਉਸ ਨੂੰ ਹੈਲੋ ਕਹਿ ਦਿਓ। ਕਹਿ ਦਿਓ ਫ਼ਿਕਰ ਨਾ ਕਰੇ।"[22] ਓਦੋਂ, ਬਗ਼ਦਾਦ ਦੀਆਂ ਬਹੁਤੀਆਂ ਦਵਾਈਆਂ ਦੀਆਂ ਦੁਕਾਨਾਂ ਵਿਚੋਂ ਨੀਂਦ ਅਤੇ ਉਦਾਸੀ-ਰੋਗ ਦੀਆਂ ਸਾਰੀਆਂ ਦਵਾਈਆਂ ਵਿਕ ਗਈਆਂ ਸਨ ਅਤੇ ਸ਼ਹਿਰ ਵਿਚ ਵੇਲੀਅਮ ਦਵਾਈ ਦਾ ਕਿਤੇ ਨਾਂ-ਨਿਸ਼ਾਨ ਵੀ ਨਹੀਂ ਸੀ।

ਅਗਲੀ ਵਾਰੀ ਅੱਖਾਂ ਦੀ ਸੀ। ਚਾਰ ਅਪ੍ਰੈਲ ਨੂੰ *ਦੀ ਗਾਰਡੀਅਨ* ਨੇ ਰਿਪੋਰਟ ਦਿੱਤੀ, "ਸ਼ਾਮ ਦੀ ਬੰਬਾਰੀ ਸਮੇਂ ਕੋਈ ਧਮਾਕਾ ਸੁਣਾਈ ਨਹੀਂ ਦਿੱਤਾ ਸੀ, ਨਾ ਹੀ ਕੋਈ ਤਬਦੀਲੀ ਦ੍ਰਿਸ਼ਟੀ ਗੋਚਰ ਹੋਈ ਸੀ, ਪਰ ਪੰਜਾਹ ਲੱਖ ਦੀ ਵਸੋਂ ਵਾਲੇ ਪੂਰੇ ਸ਼ਹਿਰ ਵਿਚ ਇਕ ਦਮ ਭਿਆਨਕ, ਅਮੁੱਕ ਹਨੇਰ ਛਾ ਗਿਆ ਸੀ। ਸਿਰਫ਼ ਲੰਘ ਰਹੀਆਂ ਕਾਰਾਂ ਦੀਆਂ ਹੈੱਡ ਲਾਈਟਾਂ ਨਾਲ ਹੀ" ਹਨੇਰੇ ਤੋਂ ਰਾਹਤ ਮਿਲਦੀ ਹੈ।[23] ਆਪਣੇ ਘਰਾਂ 'ਚ ਕੈਦ ਬਗ਼ਦਾਦ ਵਾਸੀ ਨਾ ਇਕ ਦੂਜੇ ਨਾਲ ਗੱਲ ਕਰ ਸਕਦੇ ਸਨ, ਨਾ ਇਕ ਦੂਜੇ ਦੀ ਗੱਲ ਸੁਣ ਸਕਦੇ ਸਨ ਅਤੇ ਨਾ ਹੀ ਬਾਹਰ ਦੇਖ ਸਕਦੇ ਸਨ। ਪੂਰੇ ਸ਼ਹਿਰ ਦਾ ਹਾਲ ਸੀ ਆਈ ਏ ਦੀ ਕਾਲ ਕੋਠੜੀ 'ਚ ਡੱਕੇ ਜ਼ੰਜੀਰਾਂ 'ਚ ਜਕੜੇ ਅਤੇ ਸਿਰ-ਮੂੰਹ ਢਕੇ ਕੈਦੀ ਵਾਲਾ ਸੀ। ਫੇਰ ਇਸ ਨੂੰ ਨੰਗਾ ਕਰ ਦਿੱਤਾ ਗਿਆ।

ਸੁਖਦਾਈ ਚੀਜ਼ਾਂ

ਵਿਰੋਧੀਆਂ ਤੋਂ ਤਫ਼ਤੀਸ਼ ਕਰਨ ਸਮੇਂ ਉਨ੍ਹਾਂ ਨੂੰ ਝੁਕਾਉਣ ਦਾ ਪਹਿਲਾ ਪੜਾਅ ਉਨ੍ਹਾਂ ਨੂੰ ਅਲਫ-ਨੰਗੇ ਕਰਨਾ ਅਤੇ ਉਨ੍ਹਾਂ 'ਚ ਸਵੈ ਦੀ ਭਾਵਨਾ ਪੈਦਾ ਕਰਨ ਵਾਲੀ ਹਰ ਚੀਜ਼—ਜਿਨ੍ਹਾਂ ਚੀਜ਼ਾਂ ਦਾ ਬੰਦੇ ਨੂੰ ਧਰਵਾਸ ਹੁੰਦਾ ਹੈ—ਤੋਂ ਵਾਂਝੇ ਕਰਨਾ ਹੁੰਦਾ ਹੈ। ਜਿਨ੍ਹਾਂ ਚੀਜ਼ਾਂ ਪ੍ਰਤੀ ਕੈਦੀ ਦਾ ਖ਼ਾਸ ਲਗਾਓ ਹੁੰਦਾ ਹੈ, ਜਿਵੇਂ ਕੁਰਾਨ ਜਾਂ ਕੋਈ ਪਿਆਰੀ ਤਸਵੀਰ, ਉਨ੍ਹਾਂ ਦੀ ਸ਼ਰੇਆਮ ਬੇਅਦਬੀ ਕੀਤੀ ਜਾਂਦੀ ਹੈ। ਸੁਨੇਹਾ ਸਾਫ਼ ਹੈ "ਤੂੰ ਕੁਝ ਨਹੀਂ ਏਂ, ਤੂੰ ਉਹ ਕੁਝ ਏਂ ਜੋ ਅਸੀਂ ਤੈਨੂੰ ਬਣਾਉਣਾ ਚਾਹੁੰਦੇ ਹਾਂ;" ਇਹ ਹੈ ਅਮਾਨਵੀ ਬਣਾਉਣ ਦਾ ਸਾਰ-ਤੱਤ। ਇਰਾਕੀ ਲੋਕਾਂ ਨੂੰ ਤਬਾਹੀ ਦੇ ਇਸ ਅਮਲ ਵਿਚੋਂ ਸਮੂਹਕ ਤੌਰ 'ਤੇ ਲੰਘਣਾ ਪਿਆ, ਉਨ੍ਹਾਂ ਦੀਆਂ ਅੱਖਾਂ ਮੂਹਰੇ ਉਨ੍ਹਾਂ ਦੀਆਂ ਸਭ ਤੋਂ ਅਹਿਮ ਸੰਸਥਾਵਾਂ ਦੀ ਬੇਅਦਬੀ ਕੀਤੀ ਗਈ, ਉਨ੍ਹਾਂ ਦਾ ਇਤਿਹਾਸ ਟਰੱਕਾਂ ਵਿਚ ਲੱਦ ਕੇ ਗਾਇਬ ਕਰ ਦਿੱਤਾ ਗਿਆ। ਬੰਬਾਰੀ ਨੇ ਇਰਾਕ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ, ਪਰ ਇਹ ਧਾੜਵੀ ਫ਼ੌਜਾਂ ਦੀ ਬੇਲਗਾਮ ਲੁੱਟਮਾਰ ਸੀ ਜਿਸ ਨੇ ਇਸ ਦੇਸ਼ ਦੇ ਮਨਾਂ ਨੂੰ ਸਭ ਤੋਂ ਵੱਧ ਠੇਸ ਪਹੁੰਚਾਈ।

ਲਾਸ ਏਂਜਲਸ ਟਾਈਮਜ਼ ਨੇ ਰਿਪੋਰਟ ਦਿੱਤੀ, "ਸੈਂਕੜੇ ਲੁਟੇਰਿਆਂ ਨੇ ਇਰਾਕ ਦੇ ਕੌਮੀ ਅਜਾਇਬ ਘਰ 'ਚ ਸਾਂਭੀਆਂ ਹੋਈਆਂ ਮਿੱਟੀ ਦੀਆਂ ਪੁਰਾਤਨ ਕਲਾ-ਵਸਤਾਂ ਤਬਾਹ ਕਰ

ਦਿੱਤੀਆਂ, ਸ਼ੋਅ ਕੇਸ ਲਾਹ ਕੇ ਸੁੱਟ ਦਿੱਤੇ ਅਤੇ ਸੋਨਾ ਤੇ ਹੋਰ ਪੁਰਾਤਨ ਚੀਜ਼ਾਂ ਚੋਰੀ ਕਰ ਲਈਆਂ। ਇਹ ਪਹਿਲੇ ਮਨੁੱਖੀ ਸਮਾਜ ਦੇ ਰਿਕਾਰਡ ਦੀ ਲੁੱਟਮਾਰ ਤੋਂ ਘੱਟ ਨਹੀਂ ਸੀ।..... ਅਜਾਇਬ ਘਰ ਦੀਆਂ ਇਕ ਲੱਖ ਸੱਤਰ ਹਜ਼ਾਰ ਅਣਮੋਲ ਵਸਤਾਂ ਵਿਚੋਂ 80 ਫ਼ੀ ਸਦੀ ਗਾਇਬ ਹੋ ਗਈਆਂ ਹਨ।"[24] ਕੌਮੀ ਲਾਇਬਰੇਰੀ, ਜਿੱਥੇ ਇਰਾਕ 'ਚ ਹੁਣ ਤੱਕ ਛਪੀ ਹਰੇਕ ਕਿਤਾਬ ਅਤੇ ਡਾਕਟਰੀ ਸਬੰਧੀ ਹਰੇਕ ਥੀਸਿਜ਼ ਸਾਂਭਿਆ ਹੋਇਆ ਸੀ, ਹੁਣ ਸੁੰਨ-ਮਸਾਨ ਥੇਹ ਬਣ ਚੁੱਕੀ ਸੀ। ਧਾਰਮਿਕ ਮਾਮਲਿਆਂ ਦੇ ਮੰਤਰਾਲੇ ਵਿਚੋਂ ਹਜ਼ਾਰਾਂ ਸਾਲ ਪੁਰਾਣੇ ਸੁਨਹਿਰੀ ਕੁਰਾਨ ਗਾਇਬ ਹੋ ਚੁੱਕੇ ਸਨ। ਇਹ ਹੁਣ ਸੜ ਚੁੱਕਿਆ ਖੋਲ ਬਣ ਕੇ ਰਹਿ ਗਈ ਸੀ। ਬਗਦਾਦ ਦੇ ਇਕ ਹਾਈ ਸਕੂਲ ਅਧਿਆਪਕ ਦਾ ਕਹਿਣਾ ਸੀ, "ਸਾਡਾ ਕੌਮੀ ਵਿਰਸਾ ਲੁੱਟ ਗਿਆ ਹੈ।"[25] ਇਕ ਸਥਾਨਕ ਵਪਾਰੀ ਨੇ ਅਜਾਇਬ ਘਰ ਬਾਰੇ ਕਿਹਾ, "ਇਹ ਇਰਾਕ ਦੀ ਰੂਹ ਸੀ। ਜੇ ਅਜਾਇਬ ਘਰ ਦੇ ਲੁੱਟੇ ਹੋਏ ਖ਼ਜ਼ਾਨੇ ਬਰਾਮਦ ਨਹੀਂ ਹੁੰਦੇ ਤਾਂ ਮੈਨੂੰ ਇੰਝ ਮਹਿਸੂਸ ਹੋਵੇਗਾ ਜਿਵੇਂ ਮੇਰੀ ਰੂਹ ਦਾ ਇਕ ਹਿੱਸਾ ਚੋਰੀ ਹੋ ਗਿਆ ਹੋਵੇ।" ਸ਼ਿਕਾਗੋ ਯੂਨੀਵਰਸਿਟੀ ਦੇ ਪੁਰਾਤਤਵ ਵਿਗਿਆਨੀ ਮੈਕਗੁਇਰ ਗਿਬਸਨ ਨੇ ਇਸ ਬਾਰੇ ਕਿਹਾ ਸੀ "ਇੰਝ ਲੱਗਦਾ ਹੈ ਜਿਵੇਂ ਦਿਲ ਦਾ ਰੁੱਗ ਭਰ ਲਿਆ ਗਿਆ ਹੋਵੇ। ਪੂਰੇ-ਸੂਰੇ ਸੱਭਿਆਚਾਰ ਦੀਆਂ ਯਾਦਾਂ ਦਾ ਇਹ ਅਥਾਹ ਭੰਡਾਰ ਮਿਟਾ ਦਿੱਤਾ ਗਿਆ ਹੈ, ਜੋ ਸੱਭਿਆਚਾਰ ਹਜ਼ਾਰਾਂ ਸਾਲਾਂ ਤੋਂ ਮੌਜੂਦ ਸੀ।"[26]

ਪੁਜਾਰੀਆਂ ਨੇ ਲੁੱਟਮਾਰ ਦੌਰਾਨ ਯਾਦਗਾਰੀ ਚੀਜ਼ਾਂ ਨੂੰ ਬਚਾਉਣ ਦੇ ਉਪਰਾਲੇ ਕੀਤੇ, ਜ਼ਿਆਦਾਤਰ ਉਨ੍ਹਾਂ ਦੀ ਹਿੰਮਤ ਨਾਲ ਇਨ੍ਹਾਂ ਕਲਾ-ਕਿਰਤਾਂ ਦਾ ਇਕ ਹਿੱਸਾ ਮੁੜ ਲੱਭ ਲਿਆ ਗਿਆ। ਪਰ ਅਨੇਕਾਂ ਇਰਾਕੀਆਂ ਦਾ ਵਿਚਾਰ ਸੀ, ਅਤੇ ਅੱਜ ਵੀ ਹੈ, ਕਿ ਯਾਦਗਾਰੀ ਚੀਜ਼ਾਂ ਦੀ ਲੁੱਟਮਾਰ ਗਿਣ-ਮਿਥ ਕੇ ਕੀਤੀ ਗਈ ਸੀ—ਇਹ ਮਜ਼ਬੂਤ ਜੜ੍ਹਾਂ ਵਾਲੀ ਕੌਮ ਦੀ ਹਸਤੀ ਦੀ ਵੱਢ-ਟੁੱਕ ਕਰਕੇ ਇਸ ਨੂੰ ਆਪਣੇ ਨਮੂਨੇ ਮੁਤਾਬਿਕ ਢਾਲਣ ਦੀਆਂ ਵਾਸ਼ਿੰਗਟਨ ਦੀਆਂ ਯੋਜਨਾਵਾਂ ਦਾ ਹਿੱਸਾ ਸੀ। ਸੱਤਰ ਸਾਲ ਦੇ ਅਹਿਮਦ ਅਬਦੁਲਾ ਨੇ *ਵਾਸ਼ਿੰਗਟਨ ਪੋਸਟ* ਨੂੰ ਦੱਸਿਆ, "ਬਗ਼ਦਾਦ ਅਰਬ ਸੱਭਿਆਚਾਰ ਦੀ ਮਾਂ ਹੈ ਅਤੇ ਉਹ ਸਾਡੇ ਸੱਭਿਆਚਾਰ ਨੂੰ ਮਿਟਾਉਣਾ ਚਾਹੁੰਦੇ ਹਨ।"[27]

ਜੰਗ ਦੇ ਯੋਜਨਾ ਘਾੜਿਆਂ ਦਾ ਤੁਰੰਤ ਜਵਾਬ ਸੀ, ਇਹ ਲੁੱਟਮਾਰ ਬਦੇਸ਼ੀ ਫ਼ੌਜਾਂ ਨੇ ਨਹੀਂ ਇਰਾਕੀਆਂ ਵਲੋਂ ਕੀਤੀ ਗਈ ਹੈ। ਇਹ ਸੱਚ ਹੈ ਕਿ ਰਮਜ਼ਫੈਲਡ ਨੇ ਇਰਾਕ ਦੀ ਇਸ ਤਰ੍ਹਾਂ ਦੀ ਮਾਰਧਾੜ ਦੀ ਯੋਜਨਾ ਨਹੀਂ ਬਣਾਈ ਹੋਵੇਗੀ ਪਰ ਉਸ ਨੇ ਅਜਿਹਾ ਵਾਪਰਨ ਤੋਂ ਰੋਕਣ ਦੇ ਕੋਈ ਪੇਸ਼ਗੀ ਇੰਤਜ਼ਾਮ ਨਹੀਂ ਕੀਤੇ, ਜਾਂ ਜਦੋਂ ਇਹ ਸ਼ੁਰੂ ਹੋ ਗਈ ਤਾਂ ਇਸ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕੇ। ਇਨ੍ਹਾਂ ਅਸਫ਼ਲਤਾਵਾਂ ਨੂੰ ਲਾਪਰਵਾਹੀ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ।

1991 ਦੀ ਖਾੜੀ ਜੰਗ ਸਮੇਂ, ਇਰਾਕ ਦੇ ਤੇਰਾਂ ਅਜਾਇਬ ਘਰਾਂ 'ਤੇ ਧਾੜਵੀਆਂ ਨੇ ਹਮਲਾ ਕੀਤਾ ਸੀ। ਇਸ ਕਰਕੇ ਇਹ ਵਿਸ਼ਵਾਸ ਕਰਨ ਦਾ ਹਰ ਕਾਰਨ ਮੌਜੂਦ ਸੀ ਕਿ ਗ਼ਰੀਬੀ, ਪੁਰਾਣੇ ਨਿਜ਼ਾਮ ਪ੍ਰਤੀ ਰੋਹ ਅਤੇ ਗੜਬੜ ਦਾ ਮਾਹੌਲ ਕੁਝ ਇਰਾਕੀਆਂ ਨੂੰ ਉਸੇ ਤਰ੍ਹਾਂ ਦਾ ਪ੍ਰਤੀਕਰਮ ਦੇਣ ਲਈ ਉਕਸਾਏਗਾ (ਖ਼ਾਸ ਕਰਕੇ ਇਸ ਹਾਸਲ ਹਾਲਤ ਕਾਰਨ ਕਿ ਸੱਦਾਮ ਹੁਸੈਨ ਨੇ ਕਈ ਮਹੀਨੇ ਪਹਿਲਾਂ ਜੇਲ੍ਹਾਂ ਖਾਲੀ ਕਰ ਦਿੱਤੀਆਂ ਸਨ)। ਪ੍ਰਮੁੱਖ ਪੁਰਾਤੱਤਵ ਵਿਗਿਆਨੀਆਂ ਨੇ ਪੈਂਟਾਗਾਨ ਨੂੰ ਚੌਕਸ ਕੀਤਾ ਸੀ ਕਿ ਕਿਸੇ ਵੀ ਹਮਲੇ ਤੋਂ ਪਹਿਲਾਂ ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਦੀ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਜ਼ਰੂਰੀ ਹਨ। ਅਤੇ 26 ਮਾਰਚ ਨੂੰ ਪੈਂਟਾਗਾਨ ਨੇ ਗੱਠਜੋੜ ਦੀ ਕਮਾਂਡ ਨੂੰ ਜੋ ਸੂਚੀ ਦਿੱਤੀ ਉਸ ਵਿਚ ਦਰਜ ਸੀ, "ਅਹਿਮੀਅਤ ਅਨੁਸਾਰ ਬਗ਼ਦਾਦ ਦੀਆਂ ਇਨ੍ਹਾਂ 16 ਥਾਵਾਂ ਦੀ ਸੁਰੱਖਿਆ ਬਹੁਤ ਅਹਿਮ ਹੈ।" ਸੂਚੀ ਵਿਚ ਦੂਜੇ ਨੰਬਰ

'ਤੇ ਅਜਾਇਬ ਘਰ ਇਤਜ਼ਾਮਾਂ ਦਾ ਨਾਂਅ ਸੀ। ਹੋਰ ਚੇਤਾਵਨੀਆਂ 'ਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਫ਼ੌਜੀ ਦਸਤਿਆਂ ਦੇ ਨਾਲ ਕੌਮਾਂਤਰੀ ਪੁਲਿਸ ਦੇ ਦਸਤੇ ਭੇਜਣ ਲਈ ਕਿਹਾ ਗਿਆ ਸੀ—ਇਹ ਦੂਜਾ ਸੁਝਾਅ ਸੀ ਜਿਸ ਨੂੰ ਨਜ਼ਰਅੰਦਾਜ਼ ਕੀਤਾ ਗਿਆ।[28]

ਹਾਲਾਂਕਿ, ਐਸੀ ਪੁਲਿਸ ਤੋਂ ਬਿਨਾਂ ਹੀ ਬਗ਼ਦਾਦ 'ਚ ਐਨੇ ਅਮਰੀਕੀ ਫ਼ੌਜੀ ਮੌਜੂਦ ਸਨ, ਜਿਨ੍ਹਾਂ ਵਿਚੋਂ ਕੁਝ ਨੂੰ ਅਹਿਮ ਸੱਭਿਆਚਾਰਕ ਥਾਵਾਂ 'ਤੇ ਲਗਾਇਆ ਜਾ ਸਕਦਾ ਸੀ, ਪਰ ਉਨ੍ਹਾਂ ਨੂੰ ਭੇਜਿਆ ਨਹੀਂ ਗਿਆ। ਅਮਰੀਕੀ ਫ਼ੌਜੀਆਂ ਬਾਰੇ ਬਹੁਤ ਸਾਰੀਆਂ ਰਿਪੋਰਟਾਂ ਐਸੀਆਂ ਹਨ ਉਹ ਬਕਤਰਬੰਦ ਗੱਡੀਆਂ 'ਚ ਚੜ੍ਹੇ ਹੋਏ ਸਨ ਅਤੇ ਉਨ੍ਹਾਂ ਦੀਆਂ ਅੱਖਾਂ ਮੂਹਰੇ ਲੁੱਟਮਾਰ ਨਾਲ ਲੱਦੇ ਟਰੱਕ ਜਾ ਰਹੇ ਸਨ—"ਇੰਞ ਵਾਪਰਦਾ ਹੀ ਹੈ" ਇਸ ਤਰ੍ਹਾਂ ਦੀ ਬੇਪ੍ਰਵਾਹੀ ਸਿੱਧੀ ਰਮਜ਼ਫੈਲਡ ਤੋਂ ਆ ਰਹੀ ਸੀ। ਕੁਝ ਫ਼ੌਜੀ ਦਸਤਿਆਂ ਨੇ ਆਪਣੇ ਤੌਰ 'ਤੇ ਲੁੱਟਮਾਰ ਨੂੰ ਰੋਕਣ ਦੇ ਉਪਰਾਲੇ ਕੀਤੇ, ਪਰ ਹੋਰ ਮਿਸਾਲਾਂ ਐਸੀਆਂ ਹਨ ਜਿੱਥੇ ਫ਼ੌਜੀ ਖ਼ੁਦ ਮਾਰ-ਧਾੜ 'ਚ ਸ਼ਾਮਲ ਸਨ। ਬਗ਼ਦਾਦ ਦਾ ਕੌਮਾਂਤਰੀ ਹਵਾਈ ਅੱਡਾ ਫ਼ੌਜੀਆਂ ਨੇ ਆਪ ਤਬਾਹ ਕੀਤਾ। *ਟਾਈਮ* ਰਸਾਲੇ ਅਨੁਸਾਰ, ਉਨ੍ਹਾਂ ਨੇ ਫਰਨੀਚਰ ਭੰਨਿਆ ਅਤੇ ਫੇਰ ਹਵਾਈ ਪੱਟੀ ਉੱਪਰ ਖੜ੍ਹੇ ਵਪਾਰਕ ਜੈੱਟ ਜਹਾਜ਼ਾਂ 'ਤੇ ਟੁੱਟ ਪਏ : "ਅਰਾਮਦਾਇਕ ਸੀਟਾਂ ਅਤੇ ਯਾਦ ਚਿੰਨ ਭਾਲਦੇ ਅਮਰੀਕੀ ਫ਼ੌਜੀਆਂ ਨੇ ਕਈ ਜਹਾਜ਼ਾਂ ਦੀ ਫਿਟਿੰਗ ਉਖਾੜ ਦਿੱਤੀ, ਸੀਟਾਂ ਵੱਢ ਸੁੱਟੀਆਂ, ਕਾਕਪਿਟ ਦਾ ਸਮਾਨ ਭੰਨ ਦਿੱਤਾ ਅਤੇ ਸਾਰੀਆਂ ਖਿੜਕੀਆਂ ਦੇ ਸ਼ੀਸ਼ੇ ਭੰਨ ਸੁੱਟੇ।" ਇਸ ਦੇ ਸਿੱਟੇ ਵਜੋਂ ਇਰਾਕ ਦੀ ਕੌਮੀ ਹਵਾਈ-ਸੇਵਾ ਦਾ ਇਕ ਅਰਬ ਡਾਲਰ ਦਾ ਨੁਕਸਾਨ ਹੋਇਆ। ਹਵਾਈ-ਸੇਵਾ ਉਨ੍ਹਾਂ ਪਹਿਲੀਆਂ ਜਾਇਦਾਦਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਸ਼ੁਰੂ ਵਿਚ ਹੀ ਅੰਸ਼ਕ ਨਿੱਜੀਕਰਨ ਕਰਨ ਲਈ ਛਾਂਟ ਲਿਆ ਗਿਆ ਸੀ। ਇਸ ਕਰਕੇ ਬਾਅਦ 'ਚ ਇਹ ਵਾਦ-ਵਿਵਾਦ ਦਾ ਮੁੱਦਾ ਬਣਿਆ।[29]

ਲੁੱਟਮਾਰ ਨੂੰ ਰੋਕਣ 'ਚ ਐਨੀ ਘੱਟ ਰੁਚੀ ਕਿਓਂ ਸੀ ਇਸ ਦੀ ਕੁਝ ਜਾਣਕਾਰੀ ਉਨ੍ਹਾਂ ਦੋ ਬੰਦਿਆਂ ਤੋਂ ਮਿਲੀ ਹੈ ਜਿਨ੍ਹਾਂ ਨੇ ਇਰਾਕ ਉੱਪਰ ਕਬਜ਼ਾ ਕਰਨ 'ਚ ਮੁੱਖ ਭੂਮਿਕਾ ਨਿਭਾਈ ਸੀ—ਇਹ ਸਨ ਪਾਲ ਬਰੈਮਰ ਦਾ ਸੀਨੀਅਰ ਆਰਥਕ ਸਲਾਹਕਾਰ ਪੀਤਰ ਮੈਕਫੈਰਸਨ ਅਤੇ ਕਬਜ਼ੇ ਉਪਰੰਤ ਮੁੜ-ਉਸਾਰੀ ਦੀ ਉਚੇਰੀ ਸਿੱਖਿਆ ਦਾ ਨਿਰਦੇਸ਼ਕ ਜੌਹਨ ਐਗਰੈਸਤੋ। ਮੈਕਫੈਰਸਨ ਦਾ ਕਹਿਣਾ ਸੀ ਕਿ ਜਦੋਂ ਉਸ ਨੇ ਇਰਾਕੀਆਂ ਨੂੰ ਸਰਕਾਰੀ ਜਾਇਦਾਦ—ਕਾਰਾਂ, ਬੱਸਾਂ, ਮੰਤਰਾਲੇ ਦਾ ਸਾਜ਼-ਸਮਾਨ—ਚੋਰੀ ਕਰਕੇ ਲਿਜਾਂਦੇ ਦੇਖਿਆ ਤਾਂ ਉਸ ਨੂੰ ਕੋਈ ਚਿੰਤਾ ਨਹੀਂ ਹੋਈ। ਇਰਾਕ ਦੇ ਚੋਟੀ ਦੇ ਆਰਥਕ ਸਦਮਾ ਡਾਕਟਰ ਵਜੋਂ ਉਸ ਦਾ ਕੰਮ ਸੀ ਰਾਜ ਨੂੰ ਵੱਡੇ ਪੱਧਰ 'ਤੇ ਛਾਂਗਣਾ ਅਤੇ ਇਸ ਦੀਆਂ ਜਾਇਦਾਦਾਂ ਦਾ ਨਿੱਜੀਕਰਨ ਕਰਨਾ; ਇਸ ਦਾ ਅਰਥ ਇਹ ਸੀ ਕਿ ਲੁੱਟਮਾਰ ਕਰਨ ਵਾਲਿਆਂ ਦੀਆਂ ਕਾਰਵਾਈਆਂ ਤਾਂ ਉਸ ਨੂੰ ਹੁਲਾਰ-ਪੈੜਾ ਮੁਹੱਈਆ ਕਰ ਰਹੀਆਂ ਸਨ। ਉਸ ਦੇ ਲਫ਼ਜ਼ਾਂ 'ਚ, "ਜਦੋਂ ਕੋਈ ਜਣਾ ਸਰਕਾਰੀ ਵਾਹਨ 'ਤੇ ਕਬਜ਼ਾ ਕਰਦਾ ਸੀ ਜਾਂ ਸਰਕਾਰੀ ਟਰੱਕ ਭਜਾ ਕੇ ਲੈ ਜਾਂਦਾ ਸੀ ਤਾਂ ਮੈਂ ਸੋਚਦਾ ਸੀ ਕਿ ਇਸ ਤਰ੍ਹਾਂ ਜੋ ਸੁਭਾਵਿਕ ਨਿੱਜੀਕਰਨ ਹੋ ਰਿਹਾ ਹੈ ਇਹ ਚੰਗੀ ਗੱਲ ਹੈ।" ਗੀਗਨ ਸਰਕਾਰ ਦੇ ਹੰਢੇ-ਵਰਤੇ ਅਹਿਲਕਾਰ ਅਤੇ ਸ਼ਿਕਾਗੋ ਸਕੂਲ ਅਰਥਸ਼ਾਸਤਰ ਦੇ ਪੱਕੇ ਸ਼ਰਧਾਲੂ ਮੈਕਫੈਰਸਨ ਨੇ ਲੁੱਟਮਾਰ ਨੂੰ ਇਕ ਰੂਪ 'ਚ ਜਨਤਕ ਖੇਤਰ ਦਾ "ਸੁੰਗੜਨਾ" ਕਿਹਾ।•[30]

• ਇਹ ਐਸਾ ਗੇੜ ਹੈ ਜੋ ਟੈਕਸ ਦੇਣ ਵਾਲੇ ਅਮਰੀਕੀਆਂ ਨੂੰ ਹੈਲੀਬਰਟਨ ਨੂੰ ਵਾਧੂ ਟੈਕਸ ਦੇਣ ਵੱਲ ਧੱਕਾ ਦਿੰਦਾ ਹੈ ਅਤੇ ਪੈਂਟਾਗਾਨ ਦੀ ਇੱਛਾ ਨੂੰ ਨਵਾਂ ਚਾਨਣ ਹੁੰਦਾ ਹੈ—ਸ਼ਾਇਦ ਰੱਖਿਆ ਮੰਤਰਾਲੇ ਦੀਆਂ ਨਜ਼ਰਾਂ 'ਚ ਦਹਿ-ਲੱਖਾਂ ਡਾਲਰਾਂ ਦਾ ਇਹ ਨੁਕਸਾਨ ਕੋਈ ਚੋਰੀ ਨਹੀਂ ਸਗੋਂ

ਉਸ ਦੇ ਸੰਗੀ-ਸਾਥੀ ਜੌਹਨ ਐਗਰੈਸਤੋ ਨੇ ਜਦੋਂ ਟੀ ਵੀ ਉੱਪਰ ਲੁੱਟਮਾਰ ਹੁੰਦੀ ਦੇਖੀ ਤਾਂ ਉਸ ਨੂੰ ਵੀ ਇਸ ਵਿਚੋਂ ਆਸ ਦੀ ਕਿਰਨ ਨਜ਼ਰ ਆਈ। ਉਸ ਦੀਆਂ ਨਜ਼ਰਾਂ 'ਚ ਉਸਦਾ ਕੰਮ ਇਰਾਕ ਦੇ ਉਚੇਰੀ ਸਿੱਖਿਆ ਦੇ ਪ੍ਰਬੰਧ ਨੂੰ ਮੁੱਢ ਤੋਂ ਦੁਬਾਰਾ ਘੜਨਾ ਹੀ ਹੈ—"ਐਸਾ ਚਮਤਕਾਰ ਜੋ ਕਦੇ ਮੁੜ ਨਹੀਂ ਦੁਹਰਾਇਆ ਜਾਣਾ।" ਉਸ ਨੇ ਖ਼ੁਲਾਸਾ ਕੀਤਾ ਕਿ ਇਸ ਪ੍ਰਸੰਗ 'ਚ ਯੂਨੀਵਰਸਿਟੀਆਂ ਅਤੇ ਸਿੱਖਿਆ ਮੰਤਰਾਲੇ ਦੀ ਸਰਕਾਰੀ ਜ਼ਿੰਮੇਵਾਰੀ ਤਿਆਗਣਾ "ਨਵੇਂ ਸਿਰਿਉਂ ਸ਼ੁਰੂਆਤ ਦਾ ਮੌਕਾ" ਸੀ, ਇਰਾਕ ਦੇ ਸਕੂਲਾਂ ਨੂੰ "ਸਭ ਤੋਂ ਵਧੀਆ ਆਧੁਨਿਕ ਸਾਜ਼-ਸਮਾਨ" ਮੁਹੱਈਆ ਕਰਨ ਦਾ ਮੌਕਾ। ਜੇ ਮਿਸ਼ਨ ਇਹ ਸੀ ਕਿ "ਕੌਮ ਨੂੰ ਨਵੇਂ ਸਿਰਿਉਂ ਘੜਨਾ ਹੈ," ਜਿਸ ਤਰ੍ਹਾਂ ਕਈਆਂ ਦਾ ਸਪਸ਼ਟ ਵਿਸ਼ਵਾਸ ਸੀ, ਤਾਂ ਪੁਰਾਣੇ ਦੇਸ਼ ਦੀ ਰਹਿੰਦ-ਖੂੰਹਦ ਹਰ ਚੀਜ਼ ਸਿਰਫ਼ ਰਾਹ ਦਾ ਰੋੜਾ ਹੀ ਸਮਝੀ ਜਾਣੀ ਸੀ। ਐਗਰੈਸਤੋ ਨਿਊ ਮੈਕਸੀਕੋ ਦੇ ਸੈਂਟ ਜੌਹਨਜ਼ ਕਾਲਜ ਦਾ ਸਾਬਕਾ ਪ੍ਰਧਾਨ ਸੀ, ਜਿਸ ਦੀ ਮਹਾਨ ਕਿਤਾਬਾਂ ਦੇ ਪਾਠ-ਕ੍ਰਮ 'ਚ ਮੁਹਾਰਤ ਹੈ। ਉਸ ਨੇ ਭੇਤ ਖੋਲ੍ਹਿਆ ਕਿ ਹਾਲਾਂਕਿ ਉਸ ਨੂੰ ਇਰਾਕ ਬਾਰੇ ਭੋਰਾ ਜਾਣਕਾਰੀ ਨਹੀਂ ਸੀ, ਫੇਰ ਵੀ ਇਸ ਦੇਸ਼ ਦਾ ਦੌਰਾ ਕਰਨ ਤੋਂ ਪਹਿਲਾਂ ਉਸ ਨੇ ਇਸ ਬਾਰੇ ਕਿਤਾਬਾਂ ਪੜ੍ਹਨ ਤੋਂ ਗੁਰੇਜ਼ ਕੀਤਾ ਤਾਂ ਜੋ ਉਹ ਉਸ ਤਰ੍ਹਾਂ ਦੇ "ਖੁੱਲ੍ਹੇ ਮਨ ਨਾਲ ਉੱਥੇ ਜਾਵੇ ਜਿਸ ਤਰ੍ਹਾਂ ਦਾ ਉਸ ਨੂੰ ਹੋਣਾ ਚਾਹੀਦਾ ਹੈ।"[31] ਇਰਾਕ ਦੇ ਕਾਲਜਾਂ ਵਾਂਗ, ਐਗਰੈਸਤੋ ਵੀ ਕੋਰੀ ਸਲੇਟ ਹੋਵੇਗਾ।

ਜੇ ਐਗਰੈਸਤੋ ਨੇ ਇਕ-ਦੋ ਕਿਤਾਬਾਂ ਪੜ੍ਹੀਆਂ ਹੁੰਦੀਆਂ, ਤਾਂ ਉਹ ਹਰ ਚੀਜ਼ ਦਾ ਖ਼ਾਤਮਾ ਕਰਕੇ ਇਸ ਉੱਪਰ ਨਵੇਂ ਸਿਰਿਉਂ ਸ਼ੁਰੂਆਤ ਕਰਨ ਦੀ ਲੋੜ ਬਾਰੇ ਦੁਬਾਰਾ ਜ਼ਰੂਰ ਸੋਚਦਾ। ਮਿਸਾਲ ਵਜੋਂ, ਜੇ ਉਹ ਇਹ ਜਾਣ ਲੈਂਦਾ ਕਿ ਇਰਾਕ ਉੱਪਰ ਆਰਥਕ ਪਾਬੰਦੀਆਂ ਥੋਪੇ ਜਾਣ ਤੋਂ ਪਹਿਲਾਂ ਇਸ ਦੇਸ਼ ਦਾ ਸਿੱਖਿਆ ਪ੍ਰਬੰਧ ਇਸ ਖੇਤਰ ਦਾ ਬਿਹਤਰੀਨ ਪ੍ਰਬੰਧ ਸੀ, ਜਿਸ ਦੀ ਸਾਖ਼ਰਤਾ ਦਰ ਅਰਬ ਦੁਨੀਆਂ ਵਿਚ ਸਭ ਤੋਂ ਵਧ ਸੀ। 1985 'ਚ 89 ਫ਼ੀ ਸਦੀ ਇਰਾਕੀ ਪੜ੍ਹੇ-ਲਿਖੇ ਸਨ। ਇਸ ਦੇ ਮੁਕਾਬਲੇ, ਐਗਰੈਸਤੋ ਦੇ ਜੱਦੀ ਸੂਬੇ ਨਿਊ ਮੈਕਸੀਕੋ ਵਿਚ 46 ਫ਼ੀ ਸਦੀ ਵਸੋਂ ਵਿਹਾਰਕ ਤੌਰ 'ਤੇ ਅੱਖਰ ਗਿਆਨ ਤੋਂ ਕੋਰੀ ਹੈ, ਅਤੇ 20 ਫ਼ੀ ਸਦੀ ਵਸੋਂ "ਰਸੀਦਾਂ ਦਾ ਜੋੜ ਕਰਕੇ ਮੁੱਢਲਾ ਹਿਸਾਬ-ਕਿਤਾਬ ਕਰ ਲੈਣ" ਜੋਗੀ ਵੀ ਨਹੀਂ ਹੈ।•[32] ਫੇਰ ਵੀ ਐਗਰੈਸਤੋ ਨੂੰ ਅਮਰੀਕੀ ਪ੍ਰਬੰਧ ਦੀ ਉੱਤਮਤਾ ਐਨੀ ਜਚੀ ਹੋਈ ਸੀ ਕਿ ਉਹ ਇਹ ਸੰਭਾਵਨਾ ਮੰਨਣ ਲਈ ਤਿਆਰ ਨਹੀਂ ਸੀ ਕਿ ਇਰਾਕੀ ਲੋਕ ਆਪਣੇ ਸੱਭਿਆਚਾਰ ਨੂੰ ਬਚਾਉਣਗੇ ਅਤੇ ਇਸ ਦੀ ਰਾਖੀ ਕਰਨਗੇ ਅਤੇ ਉਹ ਇਸ ਦੀ ਤਬਾਹੀ ਨੂੰ ਦਰਦਨਾਕ ਨੁਕਸਾਨ ਵਜੋਂ ਲੈਣਗੇ।

ਇਹ ਨਵ-ਬਸਤੀਵਾਦੀ ਅੰਨ੍ਹਾਪਣ ਦਹਿਸ਼ਤ ਵਿਰੁੱਧ ਜੰਗ ਦਾ ਲਗਾਤਾਰ ਵਿਸ਼ਾ ਬਣਿਆ ਹੋਇਆ ਹੈ। ਗੁਆਂਟਾਨਾਮੋ ਖਾੜੀ 'ਚ ਅਮਰੀਕਾ ਵਲੋਂ ਬਣਾਈ ਜੇਲ੍ਹ ਵਿਚ ਇਕ ਕਮਰਾ "ਪ੍ਰੇਮ

ਸਰਕਾਰੀ ਜਾਇਦਾਦ ਨੂੰ ਸੁੰਗੇੜਨ ਦਾ ਅਮਲ ਸੀ, ਯਾਨੀ ਇਹ ਸਰਕਾਰ ਦਾ ਕੰਮ ਘਟਾਉਣ ਅਤੇ ਨਿੱਜੀ ਕਾਰੋਬਾਰ ਨੂੰ ਵਧਾਉਣ ਦਾ ਹਿੱਸਾ ਸੀ

• ਜਦੋਂ ਐਗਰੈਸਤੋ ਇਰਾਕ ਦੇ ਯੂਨੀਵਰਸਿਟੀ ਪ੍ਰਬੰਧ ਨੂੰ ਮੁੜ ਉਸਾਰਨ 'ਚ ਬੁਰੀ ਤਰ੍ਹਾਂ ਅਸਫ਼ਲ ਹੋ ਗਿਆ ਤਾਂ ਉਹ ਕੰਮ ਵਿਚਾਲੇ ਛੱਡ ਕੇ ਇੱਥੋਂ ਚਲਾ ਗਿਆ; ਉਹ ਲੁੱਟਮਾਰ ਪ੍ਰਤੀ ਆਪਣੇ ਪਹਿਲੇ ਜੋਸ਼ 'ਚ ਸੁਧਾਰ ਕਰਕੇ ਖ਼ੁਦ ਨੂੰ ਐਸਾ "ਨਵ-ਰੂੜ੍ਹੀਵਾਦੀ" ਦੱਸਣ ਲੱਗਿਆ "ਜਿਸ ਨੂੰ ਹਕੀਕਤ ਨੇ ਪੜ੍ਹਾਕੂ ਬਣਾ ਦਿੱਤਾ ਸੀ।" ਇਹ ਅਤੇ ਹੋਰ ਵਿਸਥਾਰ ਰਾਜੀਵ ਚੰਦਰਸ਼ੇਖਰਨ ਦੀ ਸੁਰੱਖਿਅਤ ਖੇਤਰ ਬਾਰੇ ਵਿਸਥਾਰਤ ਵੇਰਵਾ ਦੇਣ ਵਾਲੀ ਕਿਤਾਬ *ਮਹਿਫ਼ੂਜ਼ ਸ਼ਹਿਰ 'ਚ ਸ਼ਾਹੀ ਜੀਵਨ* ਵਿਚ ਮੌਜੂਦ ਹੈ।

ਨਿਵਾਸ'' ਵਜੋਂ ਪ੍ਰਸਿੱਧ ਹੈ। ਜਦੋਂ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਅਗਵਾ ਕਰਕੇ ਲਿਆਉਣ ਵਾਲੇ ਉਨ੍ਹਾਂ ਬਾਰੇ ਇਹ ਤੈਅ ਕਰ ਲੈਂਦੇ ਹਨ ਕਿ ਇਹ ਦੁਸ਼ਮਣ ਦੇ ਕਾਰਕੁਨ ਨਹੀਂ ਹਨ ਅਤੇ ਛੇਤੀ ਹੀ ਰਿਹਾਅ ਕਰ ਦਿੱਤੇ ਜਾਣਗੇ ਤਾਂ ਉਨ੍ਹਾਂ ਨੂੰ ''ਪ੍ਰੇਮ ਨਿਵਾਸ'' ਵਿਚ ਰੱਖਿਆ ਜਾਂਦਾ ਹੈ। ਇੱਥੇ ਕੈਦੀ ਹਾਲੀਵੁੱਡ ਦੀਆਂ ਫਿਲਮਾਂ ਦੇਖ ਸਕਦੇ ਹਨ ਅਤੇ ਉਨ੍ਹਾਂ ਨੂੰ ਨਿਕੰਮਾ ਅਮਰੀਕੀ ਖਾਣਾ ਖਵਾਇਆ ਜਾਂਦਾ ਹੈ। ਜਿਹੜੇ ਤਿੰਨ ਬਰਤਾਨਵੀਆਂ ਨੂੰ ''ਟਿਪਟਨ ਤਿੱਕੜੀ'' ਦਾ ਨਾਂ ਦਿੱਤਾ ਗਿਆ, ਉਨ੍ਹਾਂ ਨੂੰ ਘਰ ਭੇਜੇ ਜਾਣ ਤੋਂ ਪਹਿਲਾਂ ਆਸਿਫ਼ ਇਕਬਾਲ ਨੂੰ ਇੱਥੇ ਕਈ ਵਾਰ ਲਿਆਂਦਾ ਗਿਆ। ਉਹ ਦੱਸਦਾ ਹੈ, ''ਇੱਥੇ ਅਸੀਂ ਡੀ ਵੀ ਡੀ ਦੇਖ ਸਕਦੇ ਸਾਂ। ਮੈਕਡਾਨਲਡ ਤੇ ਪਿਜ਼ਾਹੱਟ ਦਾ ਬਣਿਆ ਖਾਣਾ ਖਾਂਦੇ ਸਾਂ, ਫੇਰ ਵੀ ਅਸੀਂ ਗੁੰਮ ਸੁੰਮ ਹੀ ਰਹਿੰਦੇ ਸਾਂ। ਇੱਥੇ ਸਾਨੂੰ ਬੇੜੀਆਂ 'ਚ ਨਹੀਂ ਜਕੜਦੇ ਸਨ।.... ਸਾਨੂੰ ਪਤਾ ਨਹੀਂ ਸੀ ਲੱਗਦਾ ਉਹ ਸਾਡੇ ਨਾਲ ਵਿਸ਼ੇਸ਼ ਵਰਤਾਅ ਕਿਉਂ ਕਰ ਰਹੇ ਸਨ। ਹਫ਼ਤੇ ਦੇ ਬਾਕੀ ਦਿਨ ਸਾਨੂੰ ਉਸੇ ਤਰ੍ਹਾਂ ਪਿੰਜਰਿਆਂ 'ਚ ਬੰਦ ਰੱਖਿਆ ਜਾਂਦਾ। ਇਕ ਵਾਰ ਲੈਸਲੇ (ਐੱਫ ਬੀ ਆਈ ਅਧਿਕਾਰੀ) ਸਾਡੇ ਲਈ ਪ੍ਰਿੰਗਲ, ਆਈਸਕਰੀਮ ਅਤੇ ਚਾਕਲੇਟ ਲਿਆਇਆ, ਇਹ ਸਾਨੂੰ ਵਾਪਸ ਇੰਗਲੈਂਡ ਭੇਜੇ ਜਾਣ ਤੋਂ ਪਹਿਲਾਂ ਆਖ਼ਰੀ ਐਤਵਾਰ ਦਾ ਦਿਨ ਸੀ।'' ਉਸ ਦੇ ਦੋਸਤ ਰੁਹੇਲ ਅਹਿਮਦ ਨੇ ਤੁੱਕਾ ਲਾਇਆ ਸੀ ਕਿ ਇਹ ਖ਼ਾਸ ਵਰਤਾਓ ਇਸ ਕਰਕੇ ਸੀ ''ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਨੇ ਸਾਡਾ ਨਾਸ ਮਾਰ ਦਿੱਤਾ ਸੀ ਅਤੇ ਢਾਈ ਸਾਲ ਤਸੀਹੇ ਦਿੱਤੇ ਸਨ। ਉਨ੍ਹਾਂ ਨੂੰ ਉਮੀਦ ਸੀ ਅਸੀਂ ਇਹ ਭੁੱਲ ਜਾਵਾਂਗੇ।''[33]

ਅਹਿਮਦ ਅਤੇ ਇਕਬਾਲ ਜਦੋਂ ਅਫ਼ਗ਼ਾਨਿਸਤਾਨ ਵਿਚ ਇਕ ਵਿਆਹ 'ਚ ਸ਼ਾਮਲ ਹੋਣ ਲਈ ਜਾ ਰਹੇ ਸਨ ਤਾਂ ਉੱਤਰੀ ਗੱਠਜੋੜ ਦੀਆਂ ਫ਼ੌਜਾਂ ਨੇ ਉਨ੍ਹਾਂ ਨੂੰ ਅਗਵਾ ਕਰ ਲਿਆ ਸੀ। ਉਨੱਤੀ ਮਹੀਨੇ ਉਨ੍ਹਾਂ ਦੀ ਵਹਿਸ਼ੀ ਤਰੀਕੇ ਨਾਲ ਕੁੱਟਮਾਰ ਕੀਤੀ ਗਈ, ਨਾਮਾਲੂਮ ਦਵਾਈ ਦੇ ਟੀਕੇ ਲਾਏ ਜਾਂਦੇ ਰਹੇ, ਘੰਟਿਆਂ ਬੱਧੀ ਤਣਾਅ ਦੀ ਹਾਲਤ 'ਚ ਰੱਖਿਆ ਗਿਆ, ਸੌਣ ਨਹੀਂ ਦਿੱਤਾ ਗਿਆ, ਜਬਰੀ ਦਾੜ੍ਹੀ-ਮੁੱਛਾਂ ਮੁੰਨਦੇ ਰਹੇ ਅਤੇ ਹਰ ਤਰ੍ਹਾਂ ਦੇ ਕਾਨੂੰਨੀ ਅਧਿਕਾਰਾਂ ਤੋਂ ਵਾਂਝੇ ਰੱਖੇ ਗਏ।[34] ਇਸ ਦੇ ਬਾਵਜੂਦ ਵੀ ਉਹ ਸੋਚਦੇ ਸਨ ਪ੍ਰਿੰਗਲ ਦੇ ਲਾਲਚ 'ਚ ਸਾਨੂੰ ਇਹ ਸਾਰਾ ਕੁਝ ਭੁਲ ਜਾਵੇਗਾ। ਅਸਲ ਵਿਉਂਤ ਇਹੀ ਸੀ।

ਇਹ ਸੁਣਕੇ ਯਕੀਨ ਨਹੀਂ ਆਉਂਦਾ ਸੀ—ਪਰ ਇਕ ਵਾਰ ਫੇਰ ਵਾਸ਼ਿੰਗਟਨ ਨੇ ਇਹੀ ਯੋਜਨਾ ਇਰਾਕ 'ਚ ਲਾਗੂ ਕੀਤੀ : ਪੂਰੇ ਦੇਸ਼ ਨੂੰ ਸਦਮੇ ਅਤੇ ਦਹਿਸ਼ਤ ਦਾ ਸ਼ਿਕਾਰ ਬਣਾਉਣਾ, ਇਸ ਦਾ ਬੁਨਿਆਦੀ ਢਾਂਚਾ ਜਾਣ-ਬੁੱਝ ਕੇ ਤਬਾਹ ਕਰਨਾ, ਜਦੋਂ ਇਸ ਦੀ ਸੰਸਕ੍ਰਿਤੀ ਅਤੇ ਇਤਿਹਾਸ ਨੂੰ ਤਬਾਹ ਕੀਤਾ ਜਾ ਰਿਹਾ ਸੀ ਓਦੋਂ ਕੁਝ ਨਾ ਕਰਨਾ, ਤੇ ਫੇਰ ਸਸਤੀ ਕਿਸਮ ਦੇ ਘਰੇਲੂ ਸਮਾਨ ਅਤੇ ਬਦੇਸ਼ੀ ਨਿਕੰਮੇ ਖਾਣੇ ਦੀ ਬੇਅੰਤ ਸਪਲਾਈ ਰਾਹੀਂ ਇਸ ਨੂੰ ਠੀਕ-ਠਾਕ ਕਰਨਾ। ਇਰਾਕ ਵਿਚ, ਸੰਸਕ੍ਰਿਤੀ ਦਾ ਨਾਂ-ਨਿਸ਼ਾਨ ਮਿਟਾ ਦੇਣ ਅਤੇ ਇਸ ਦੀ ਥਾਂ ਹੋਰ ਸੰਸਕ੍ਰਿਤੀ ਥੋਪਣ ਦਾ ਇਹ ਗੇੜ ਪੂਰਵ ਨਿਸ਼ਚਿਤ ਨਹੀਂ ਸੀ; ਪਰ ਇਹ ਸਭ ਹਫ਼ਤਿਆਂ ਬੱਧੀ ਚਲਦਾ ਰਿਹਾ।

ਪਾਲ ਬਰੈਮਰ ਨੂੰ ਬੁਸ਼ ਨੇ ਇਰਾਕ 'ਚ ਕਬਜ਼ੇ ਦੀ ਅਥਾਰਟੀ ਦਾ ਨਿਰਦੇਸ਼ਕ ਨਿਯੁਕਤ ਕੀਤਾ ਸੀ। ਉਹ ਮੰਨਦਾ ਹੈ ਕਿ ਜਦੋਂ ਉਹ ਬਗ਼ਦਾਦ 'ਚ ਆਇਆ, ਮਾਰਧਾੜ ਜ਼ੋਰ ਸ਼ੋਰ ਨਾਲ ਚੱਲ ਰਹੀ ਸੀ ਅਤੇ ਅਮਨ-ਕਾਨੂੰਨ ਬਹਾਲ ਹੋਣਾ ਦੂਰ ਦੀ ਗੱਲ ਸੀ। ''ਜਦੋਂ ਮੈਂ ਹਵਾਈ ਅੱਡੇ ਤੋਂ ਬਾਹਰ ਨਿਕਲਿਆ, ਬਗ਼ਦਾਦ ਸੱਚੀਉਂ ਹੀ ਸੜ ਰਿਹਾ ਸੀ; ਸੜਕਾਂ ਉੱਤੇ ਟਰੈਫਿਕ ਦਾ ਨਾਂ-ਨਿਸ਼ਾਨ ਵੀ ਨਹੀਂ ਸੀ; ਕਿਤੇ ਬਿਜਲੀ ਨਹੀਂ ਸੀ; ਤੇਲ ਦੀ ਕੋਈ ਪੈਦਾਵਾਰ ਨਹੀਂ ਹੋ ਰਹੀ ਸੀ; ਕੋਈ ਆਰਥਕ ਸਰਗਰਮੀ ਨਹੀਂ ਸੀ; ਕਿਤੇ ਵੀ ਕੋਈ ਪੁਲਸੀਆ ਡਿਊਟੀ ਉੱਪਰ ਨਹੀਂ ਸੀ।''

ਇਸ ਦੇ ਬਾਵਜੂਦ ਉਸ ਨੇ ਇਸ ਸੰਕਟ ਦਾ ਹੱਲ ਇਹ ਪੇਸ਼ ਕੀਤਾ ਕਿ ਬੇਰੋਕ-ਟੋਕ ਬਰਾਮਦਾਂ ਲਈ ਦੇਸ਼ ਦੀਆਂ ਸਰਹੱਦਾਂ ਤੁਰੰਤ ਚੌਪਟ ਖੋਲ੍ਹ ਦਿੱਤੀਆਂ ਜਾਣ; ਕੋਈ ਚੁੰਗੀ-ਮਹਿਸੂਲ ਨਾ ਹੋਵੇ, ਕੋਈ ਪੁੱਛ-ਪੜਤਾਲ ਨਾ ਹੋਵੇ, ਕੋਈ ਟੈਕਸ ਨਾ ਹੋਵੇ। ਆਪਣੀ ਆਮਦ ਤੋਂ ਦੋ ਹਫ਼ਤੇ ਬਾਅਦ ਹੀ ਬਰੈਮਰ ਨੇ ਐਲਾਨ ਕਰ ਦਿੱਤਾ ਕਿ ਇਰਾਕ ਵਿਚ "ਕਾਰੋਬਾਰ ਦੀ ਪੂਰੀ ਖੁੱਲ੍ਹ-ਖੇਡ ਹੈ।" ਜਿਸ ਇਰਾਕ ਨੂੰ ਹਰ ਪੱਖ ਤੋਂ ਦੁਨੀਆਂ ਨਾਲੋਂ ਕੱਟਿਆ ਹੋਇਆ ਸੀ, ਸੰਯੁਕਤ ਰਾਸ਼ਟਰ ਦੀਆਂ ਸਖ਼ਤ ਪਾਬੰਦੀਆਂ ਨੇ ਜਿਸ ਨੂੰ ਸਭ ਤੋਂ ਬੁਨਿਆਦੀ ਵਸਤਾਂ ਦੇ ਵਪਾਰ ਤੋਂ ਵਾਂਝਾ ਕੀਤਾ ਹੋਇਆ ਸੀ, ਉਹ ਰਾਤੋ-ਰਾਤ ਹਰ ਥਾਂ ਸਭ ਤੋਂ ਮੋਕਲੀ ਖੁੱਲ੍ਹੀ ਮੰਡੀ ਬਣ ਗਿਆ।

ਜਦੋਂ ਹਾਲੇ ਲੁੱਟ ਦੇ ਮਾਲ ਨਾਲ ਤੂੜੇ ਹੋਏ ਟਰੱਕ ਜਾਰਡਨ, ਸੀਰੀਆ ਅਤੇ ਇਰਾਨ ਦੇ ਗਾਹਕਾਂ ਵੱਲ ਭੱਜੇ ਜਾ ਰਹੇ ਸਨ, ਓਦੋਂ ਉਲਟੀ ਦਿਸ਼ਾ ਵਲੋਂ ਚੀਨ ਦੇ ਬਣੇ ਟੀ ਵੀ ਸੈੱਟ, ਹਾਲੀਵੁੱਡ ਦੀਆਂ ਡੀ ਵੀ ਡੀ ਅਤੇ ਜਾਰਡਨ ਦੇ ਉੱਪ-ਗ੍ਰਹਿ ਡਿਸ਼ ਸੈੱਟਾਂ ਨਾਲ ਲੱਦੇ ਹੋਏ ਵੱਡੇ-ਵੱਡੇ ਟਰਾਲਿਆਂ ਦੀ ਲਾਮ ਇੱਧਰ ਨੂੰ ਆ ਰਹੀ ਸੀ ਜਿਨ੍ਹਾਂ ਨੂੰ ਬਗ਼ਦਾਦ ਦੇ ਨਾਲ ਲੱਗਵੇਂ ਕਾਰਾਦਾ ਜ਼ਿਲ੍ਹੇ 'ਚ ਲਾਹਿਆ ਜਾਣਾ ਸੀ। ਜਦੋਂ ਇਕ ਸੰਸਕ੍ਰਿਤੀ ਦੀ ਸਾੜ-ਫੂਕ ਅਤੇ ਵੱਢ-ਟੁੱਕ ਕੀਤੀ ਜਾ ਰਹੀ ਸੀ, ਐਨ ਉਸੇ ਵਕਤ ਇਸ ਦੀ ਥਾਂ ਲੈਣ ਲਈ ਪਹਿਲਾਂ ਹੀ ਪੈਂਡਾਂ 'ਚ ਬੰਨ੍ਹੀ ਹੋਰ ਸੰਸਕ੍ਰਿਤੀ ਢੋਈ ਜਾ ਰਹੀ ਸੀ।

ਸਰਹੱਦਾਂ ਖੋਲ੍ਹਣ ਵਾਲੀ ਸਰਮਾਏਦਾਰੀ ਦੇ ਇਸ ਤਜਰਬੇ ਦੇ ਦਰਵਾਜ਼ੇ ਉੱਤੇ ਜਿਹੜਾ ਅਮਰੀਕੀ ਕਾਰੋਬਾਰ ਪੂਰੀ ਤਿਆਰੀ ਨਾਲ ਇੰਤਜ਼ਾਰ ਕਰ ਰਿਹਾ ਸੀ ਉਸ ਸੀ ਫੇਮਾ ਦੇ ਸਾਬਕਾ ਮੁਖੀ ਜੋਏ ਅਲਬਾਗ ਵਲੋਂ ਸ਼ੁਰੂ ਕੀਤਾ ਨਿਊ ਬਰਿਜ ਸਟਰੈਟੇਜੀਜ਼ ਕਾਰੋਬਾਰ ਜਿਸ ਦੀ ਨਿਯੁਕਤੀ ਬੁਸ਼ ਨੇ ਉਚੇਚੇ ਤੌਰ 'ਤੇ ਕੀਤੀ ਸੀ। ਇਸ ਨੇ ਇਰਾਕ ਵਿਚਲੇ ਆਪਣੇ ਆਹਲਾ ਮਿਆਰੀ ਸੰਪਰਕ ਵਰਤ ਕੇ ਅਮਰੀਕੀ ਬਹੁ-ਕੌਮੀ ਕੰਪਨੀਆਂ ਨੂੰ ਹਿੱਸਾ ਦਿਵਾਉਣ 'ਚ ਮਦਦ ਕਰਨ ਦਾ ਵਾਅਦਾ ਕੀਤਾ ਹੋਇਆ ਸੀ। ਕੰਪਨੀ ਦੇ ਇਸ ਹਿੱਸੇਦਾਰ ਨੇ ਉਤਸ਼ਾਹ ਨਾਲ ਦੱਸਿਆ, "ਪਰਾਕਟਰ ਐਂਡ ਗੈਂਬਲ ਦਾ ਮਾਲ ਵੇਚਣ ਦਾ ਹੱਕ ਹਾਸਲ ਕਰਨਾ ਸੋਨੇ ਦੀ ਖਾਣ ਹੋਵੇਗਾ। ਇਕ ਭਰਪੂਰ ਸਟਾਕ ਵਾਲਾ 7-ਇਲੈਵਨ ਸਟੋਰ ਇਰਾਕ ਦੇ ਤੀਹ ਸਟੋਰਾਂ ਨੂੰ ਦਬੱਲ ਸਕਦਾ ਹੈ; ਵਾਲਮਾਰਟ ਪੂਰੇ ਦੇਸ਼ ਉੱਤੇ ਕਬਜ਼ਾ ਕਰ ਸਕਦੀ ਹੈ।"[36]

ਗੁਆਂਟਾਨਾਮੋ ਦੇ "ਪ੍ਰੇਮ ਨਿਵਾਸ" ਵਿਚਲੇ ਕੈਦੀਆਂ ਵਾਂਗ ਪੂਰੇ ਇਰਾਕ ਨੂੰ ਪ੍ਰਿੰਗਲ ਅਤੇ ਪੌਪ ਸੱਭਿਆਚਾਰ ਨਾਲ ਭਰਮਾਇਆ ਜਾ ਰਿਹਾ ਸੀ—ਇਸ ਸੀ ਬੁਸ਼ ਸਰਕਾਰ ਦੀ ਜੰਗ ਤੋਂ ਬਾਅਦ ਦੀ ਯੋਜਨਾ ਵਿਚਲੀ ਘੱਟੋਘੱਟ ਸੋਚ।

ਕਾਂਡ ਸਤਾਰਵਾਂ

ਵਿਚਾਰਧਾਰਕ ਮਨਸੂਬਿਆਂ ਨੂੰ ਪਛਾੜ ਦਾ ਸਾਹਮਣਾ

ਤਬਾਹੀਪਸੰਦ ਸਰਮਾਏਦਾਰੀ ਦਾ ਸਿੱਟਾ

ਦੁਨੀਆਂ 'ਚ ਗੰਦ ਖਿਲਰਿਆ ਪਿਆ ਹੋਇਆ ਹੈ। ਕਿਸੇ ਨਾ ਕਿਸੇ ਨੂੰ ਇਸ ਨੂੰ ਸਾਫ਼ ਕਰਨਾ ਹੀ ਪਵੇਗਾ।

—ਕੌਂਡੋਲਿਜ਼ਾ ਰਾਈਸ, ਸਤੰਬਰ 2002 'ਚ ਇਰਾਕ ਉੱਪਰ ਹਮਲੇ ਦੀ ਜ਼ਰੂਰਤ ਬਾਰੇ[1]

ਮੱਧ ਪੂਰਬ ਨੂੰ ਵੱਖਰੇ ਰੂਪ 'ਚ ਚਿਤਵਣ ਦੀ ਬੁਸ਼ ਦੀ ਸਮਰੱਥਾ ਇਸ ਖੇਤਰ ਬਾਰੇ ਉਸ ਦੀ ਮੁਕਾਬਲਤਨ ਅਗਿਆਨਤਾ ਨਾਲ ਜੁੜੀ ਹੋਈ ਹੈ। ਜੇ ਉਹ ਮੱਧ ਪੂਰਬ ਦਾ ਗੇੜਾ ਮਾਰ ਕੇ ਇੱਥੇ ਮਚੀ ਆਪਾਧਾਪੀ ਨੂੰ ਦੇਖ ਲੈਂਦਾ, ਉਸ ਨੂੰ ਨਿਰਾਸ਼ਤਾ ਹੀ ਹੋਣੀ ਸੀ। ਰੋਜ਼ਮਰਾ ਹਕੀਕਤ ਦਾ ਸਾਹਮਣਾ ਕਰਨ ਤੋਂ ਗੁਰੇਜ਼ ਕਰ ਰਹੇ ਬੁਸ਼ ਦੀ ਸੋਚ ਉਸ ਤਰ੍ਹਾਂ ਦੀ ਬਣੀ ਰਹੀ ਜਿਹੋ ਜਿਹਾ ਉਹ ਇਸ ਖੇਤਰ ਨੂੰ ਬਣਿਆ ਦੇਖਣਾ ਚਾਹੁੰਦਾ ਸੀ।
—ਫਰੀਦ ਜ਼ਕਰੀਆ, *ਨਿਊਜ਼ਵੀਕ* ਦਾ ਕਾਲਮਨਵੀਸ[2]

ਤੇ ਗੱਦੀ ਉੱਪਰ ਬਿਰਾਜਮਾਨ ਹੋਣ ਵਾਲੇ ਨੇ ਕਿਹਾ, "ਦੇਖੋ, ਮੈਂ ਸਭ ਕੁਝ ਨਵਾਂ ਬਣਾ ਰਿਹਾ ਹਾਂ।" ਨਾਲ ਹੀ ਉਸ ਨੇ ਕਿਹਾ, "ਇਹ ਲਿਖ ਲਉ, ਕਿਉਂਕਿ ਇਹ ਲਫ਼ਜ਼ ਭਰੋਸੇਯੋਗ ਅਤੇ ਸੱਚੇ ਹਨ।"
—ਬਾਈਬਲ ਇਲਹਾਮ 21 : 5 (ਨਵੀਂ ਸੋਧੀ ਹੋਈ ਸਟੈਂਡਰਡ ਛਾਪ)

ਇਰਾਕ ਜੰਗ ਨੂੰ ਲੰਮੇ ਸਮੇਂ ਤੋਂ ਨੁਕਸਾਨ ਦੀ ਪੂਰਤੀ ਕਰਨ ਦੇ ਐਸੇ ਢੰਗ ਨਾਲ ਚਲਾਇਆ ਜਾ ਰਿਹਾ ਹੈ ਕਿ ਜਿਸ ਅਸਲ ਸੋਚ ਤਹਿਤ ਜੰਗ ਚਿਤਵੀ ਗਈ ਸੀ ਉਸ ਨੂੰ ਮੌਜ ਨਾਲ ਹੀ ਭੁਲਾਇਆ ਜਾ ਸਕੇ। ਪਰ ਇਸ ਵਲੋਂ ਆਪਣੀ ਦ੍ਰਿਸ਼ਟੀ ਇਰਾਕ ਉੱਤੇ ਕਬਜ਼ਾ ਕਰ ਲੈਣ ਦੇ ਸ਼ੁਰੂ ਦੇ ਮਹੀਨਿਆਂ 'ਚ ਬਗ਼ਦਾਦ ਵਿਚ ਅਮਰੀਕੀ ਬਦੇਸ਼ ਮੰਤਰਾਲੇ ਵਲੋਂ ਕਰਵਾਏ ਗਏ ਸੰਮੇਲਨ 'ਚ ਬਹੁਤ ਹੀ ਬਣਾ-ਸੰਵਾਰ ਕੇ ਪੇਸ਼ ਕੀਤੀ ਗਈ ਸੀ। ਇਸ ਇਕੱਠ ਵਿਚ ਰੂਸ ਅਤੇ ਪੂਰਬੀ ਯੂਰਪ ਤੋਂ ਚੌਦਾਂ ਚੋਟੀ ਦੇ ਸਿਆਸਤਦਾਨ ਅਤੇ ਅਧਿਕਾਰੀ—ਵਿੱਤ ਮੰਤਰੀ ਤੇ ਕੇਂਦਰੀ ਬੈਂਕਾਂ ਦੇ ਮੁਖੀਆਂ ਅਤੇ ਸਾਬਕਾ ਉੱਪ ਪ੍ਰਧਾਨ ਮੰਤਰੀਆਂ ਦੀ ਭਾਂਤ-ਭਾਂਤ ਦੀ ਲੱਕੜੀ—ਉਚੇਚੇ ਤੌਰ 'ਤੇ ਇੱਥੇ ਹਾਜ਼ਰ ਸਨ। ਉਹ ਸਤੰਬਰ 2003 'ਚ ਹਵਾਈ ਉਡਾਣਾਂ ਰਾਹੀਂ ਬਗ਼ਦਾਦ ਦੇ ਕੌਮਾਂਤਰੀ ਹਵਾਈ ਅੱਡੇ ਉੱਪਰ ਉੱਤਰੇ ਸਨ ਅਤੇ ਉੱਥੋਂ ਫਟਾਫਟ ਜੰਗੀ ਟੋਪ ਅਤੇ ਸੁਰੱਖਿਆ ਕਵੱਚ ਪਹਿਨ ਕੇ ਮਹਿਫੂਜ਼ ਖੇਤਰ 'ਚ ਵਾਹੋਦਾਹੀ ਪਹੁੰਚ ਗਏ ਸਨ। ਇਹ ਸ਼ਹਿਰ ਦੇ ਅੰਦਰ ਕੰਧਾਂ ਨਾਲ ਘਿਰਿਆ ਇਕ ਹੋਰ ਸ਼ਹਿਰ ਸੀ ਜਿੱਥੇ ਇਰਾਕ ਦੀ ਅਮਰੀਕਾ ਵਲੋਂ ਚਲਾਈ ਜਾ ਰਹੀ ਸਰਕਾਰ, ਗੱਠਜੋੜ ਦੀ ਆਰਜੀ ਸੱਤਾ (CPA) ਨੇ ਡੇਰਾ ਲਾਇਆ ਹੋਇਆ ਸੀ। ਅਤੇ ਜਿੱਥੇ ਸੱਦਾਮ ਦੇ ਸਾਬਕਾ ਸੰਮੇਲਨ ਭਵਨ ਵਿਚ ਹੁਣ ਅਮਰੀਕੀ ਸਫ਼ਾਰਤਖ਼ਾਨਾ ਹੈ, ਉੱਥੇ ਇਨ੍ਹਾਂ ਬਹੁਤ ਹੀ ਅਹਿਮ ਪ੍ਰਾਹੁਣਿਆਂ ਨੇ ਕੁਲੀਨ ਵਰਗ ਦੇ ਇਰਾਕੀਆਂ ਦੀ ਨਿੱਕੀ ਜਹੀ ਟੋਲੀ ਨੂੰ ਸਰਮਾਏਦਾਰਾ ਕਾਇਆਕਲਪ ਦੇ ਪਾਠ ਪੜ੍ਹਾਏ।

ਮੁੱਖ ਬੁਲਾਰਿਆਂ ਵਿਚੋਂ ਇਕ ਸੀ ਪੋਲੈਂਡ ਦਾ ਸਾਬਕਾ ਸੱਜੇਪੱਖੀ ਵਿੱਤ ਮੰਤਰੀ ਮਰੈਕ ਬੇਲਕਾ, ਜਿਸ ਨੇ ਬਰੈਮਰ ਦੀ ਅਗਵਾਈ ਹੇਠ ਇਰਾਕ ਵਿਚ ਕਈ ਮਹੀਨੇ ਕੰਮ ਕੀਤਾ ਸੀ। ਇਸ ਸਮਾਗਮ ਬਾਰੇ ਬਦੇਸ਼ ਮੰਤਰਾਲੇ ਦੀ ਅਧਿਕਾਰਤ ਰਿਪੋਰਟ ਅਨੁਸਾਰ ਬੇਲਕਾ ਨੇ ਇਰਾਕੀਆਂ ਨੂੰ ਸੰਦੇਸ਼ ਦਿੱਤਾ ਕਿ ਉਨ੍ਹਾਂ ਨੂੰ ਆਪਾਧਾਪੀ ਦਾ ਇਹ ਮੌਕਾ "ਜ਼ੋਰ-ਸ਼ੋਰ ਨਾਲ" ਹਥਿਆ ਕੇ ਅਜਿਹੀਆਂ ਨੀਤੀਆਂ ਲਾਗੂ ਕਰਨੀਆਂ ਹੋਣਗੀਆਂ ਜਿਨ੍ਹਾਂ ਰਾਹੀਂ "ਅਨੇਕਾਂ ਲੋਕ ਕੰਮ ਤੋਂ ਕੱਢੇ ਜਾਣਗੇ।" ਬੇਲਕਾ ਨੇ ਦੱਸਿਆ ਕਿ ਪੋਲੈਂਡ ਤੋਂ ਸਿੱਖਣ ਵਾਲਾ ਪਹਿਲਾ ਸਬਕ ਇਹ ਸੀ ਕਿ "ਸਰਕਾਰੀ ਮਾਲਕੀ ਵਾਲੇ ਗ਼ੈਰ-ਉਪਜਾਊ ਕਾਰੋਬਾਰਾਂ ਨੂੰ ਜਨਤਕ ਫੰਡਾਂ ਨਾਲ ਬਚਾਉਣ ਦਾ ਕੋਈ ਯਤਨ

ਜੁਟਾਏ ਬਗ਼ੈਰ ਇਨ੍ਹਾਂ ਨੂੰ ਤੁਰੰਤ ਨਿਲਾਮ ਕਰ ਦਿੱਤਾ ਜਾਵੇ।" (ਉਹ ਇਹ ਜ਼ਿਕਰ ਕਰਨਾ ਭੁੱਲ ਗਿਆ ਕਿ ਜਨਤਕ ਦਬਾਅ ਕਾਰਨ ਸਾਲੀਡੈਰਿਟੀ ਨੂੰ ਫਟਾਫਟ ਨਿੱਜੀਕਰਨ ਦੀਆਂ ਯੋਜਨਾਵਾਂ ਨੂੰ ਤਿਲਾਂਜਲੀ ਦੇਣੀ ਪਈ ਸੀ ਅਤੇ ਇਸ ਕਾਰਨ ਜਾਇਦਾਦਾਂ ਦੇ ਮੁੱਲ 'ਚ ਰੂਸ ਵਰਗੀ ਗਿਰਾਵਟ ਤੋਂ ਪੋਲੈਂਡ ਦਾ ਬਚਾਅ ਹੋ ਗਿਆ ਸੀ।) ਉਸ ਦਾ ਦੱਸਿਆ ਦੂਜਾ ਸਬਕ ਹੋਰ ਵੀ ਕਹਿਰ ਵਰਤਾਊ ਸੀ। ਬਗ਼ਦਾਦ ਦੀ ਹਾਰ ਹੋਈ ਨੂੰ ਪੰਜ ਮਹੀਨੇ ਹੀ ਹੋਏ ਸਨ ਅਤੇ ਇਰਾਕ ਮਨੁੱਖਤਾਵਾਦੀ ਨਜ਼ਰੀਏ ਤੋਂ ਹੰਗਾਮੀ ਹਾਲਤ 'ਚ ਘਿਰਿਆ ਹੋਇਆ ਸੀ। ਬੇਰੁਜ਼ਗਾਰੀ 67 ਫ਼ੀ ਸਦੀ 'ਤੇ ਪਹੁੰਚੀ ਹੋਈ ਸੀ। ਕੁਪੋਸ਼ਣ ਦੀ ਭਰਮਾਰ ਸੀ। ਅਤੇ ਵਿਆਪਕ ਭੁੱਖਮਰੀ ਨੂੰ ਰੋਕਣ ਵਾਲੀ ਇਕੋ ਇਕ ਚੀਜ਼ ਇਹ ਤੱਥ ਸੀ ਕਿ ਇਰਾਕ ਦੇ ਲੋਕਾਂ ਨੂੰ ਸਰਕਾਰੀ ਸਬਸਿਡੀਆਂ ਵਾਲਾ ਖਾਣਾ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਸਪਲਾਈ ਹੋ ਰਹੀ ਸੀ, ਜਿਵੇਂ ਆਰਥਕ ਪਾਬੰਦੀਆਂ ਦੇ ਸਮੇਂ ਦੌਰਾਨ ਖਾਣੇ ਬਦਲੇ ਤੇਲ ਪ੍ਰੋਗਰਾਮ ਤਹਿਤ ਹੁੰਦੀ ਸੀ। ਇਸ ਪ੍ਰੋਗਰਾਮ ਦਾ ਸੰਚਾਲਕ ਸੰਯੁਕਤ ਰਾਸ਼ਟਰ ਸੀ। ਜਦੋਂ ਗੈਸ ਹਾਸਲ ਸੀ ਤਾਂ ਕੁਝ ਸਿੱਕਿਆਂ ਨਾਲ ਹੀ ਉਨ੍ਹਾਂ ਦੇ ਗੈਸ ਟੈਂਕ ਭਰੇ ਜਾਂਦੇ ਸਨ। ਬੇਲਕਾ ਨੇ ਕੁਲੀਨ ਇਰਾਕੀਆਂ ਨੂੰ ਕਿਹਾ ਕਿ ਮੰਡੀ ਦੇ ਕੰਮ 'ਚ ਖ਼ਲਲ ਪਾਉਣ ਵਾਲੇ ਇਹ ਦਾਨ ਤੁਰੰਤ ਬੰਦ ਕਰਨੇ ਹੋਣਗੇ। "ਨਿੱਜੀ ਖੇਤਰ ਦਾ ਵਿਕਾਸ ਕਰੋ, ਇਸ ਦਾ ਆਗਾਜ਼ ਸਬਸਿਡੀਆਂ ਦਾ ਭੋਗ ਪਾ ਕੇ ਕਰ ਦਿਓ।" ਉਸ ਨੇ ਜ਼ੋਰ ਦਿੱਤਾ ਕਿ ਇਹ ਕਦਮ "ਨਿੱਜੀਕਰਨ ਨਾਲੋਂ ਕਿਤੇ ਵੱਧ ਅਹਿਮ ਹਨ ਅਤੇ ਰੱਟੇ ਵਾਲੇ ਵੀ ਹਨ।"[3]

ਅਗਲਾ ਬੁਲਾਰਾ ਹੋਰ ਕੋਈ ਨਹੀਂ ਯੇਲਤਸਿਨ ਦਾ ਸਾਬਕਾ ਉੱਪ ਪ੍ਰਧਾਨ ਮੰਤਰੀ ਯੈਗੋਰ ਗੈਦਰ ਸੀ, ਜਿਸ ਨੂੰ ਰੂਸ ਦੇ ਸਦਮਾ ਇਲਾਜ ਪ੍ਰੋਗਰਾਮ ਦਾ ਘਾੜਾ ਮੰਨਿਆ ਜਾਂਦਾ ਹੈ। ਜਾਪਦਾ ਹੈ ਕਿ ਗੈਦਰ ਨੂੰ ਬਗ਼ਦਾਦ ਆਉਣ ਦਾ ਸੱਦਾ ਦੇਣ ਸਮੇਂ ਬਦੇਸ਼ ਮੰਤਰਾਲਾ ਇਹ ਮੰਨ ਕੇ ਚੱਲ ਰਿਹਾ ਸੀ ਕਿ ਇਰਾਕੀਆਂ ਨੂੰ ਪਤਾ ਨਹੀਂ ਲੱਗੇਗਾ ਕਿ ਮਾਲੀ ਜੁੰਡੀਆਂ ਨਾਲ ਇਸ ਦੇ ਨੇੜਲੇ ਸਬੰਧਾਂ ਅਤੇ ਕਰੋੜਾਂ ਰੂਸੀਆਂ ਨੂੰ ਕੰਗਾਲ ਕਰਨ ਵਾਲੀਆਂ ਨੀਤੀਆਂ ਦੇ ਕਲੰਕ ਕਾਰਨ ਮਾਸਕੋ ਵਿਚ ਤਾਂ ਇਸ ਨੂੰ ਨਹਿਸ਼ ਮੰਨਿਆ ਜਾਂਦਾ ਹੈ।• ਇਹ ਸੱਚ ਸੀ ਕਿ ਸੱਦਾਮ ਦੇ ਨਿਜ਼ਾਮ 'ਚ ਇਰਾਕੀਆਂ ਦੀ ਬਾਹਰੀ ਖ਼ਬਰਾਂ ਤੱਕ ਪਹੁੰਚ ਸੀਮਤ ਹੀ ਸੀ ਅਤੇ ਮਹਿਫੂਜ਼ ਖੇਤਰ ਦੇ ਸੰਮੇਲਨ 'ਚ ਸ਼ਾਮਲ ਲੋਕ ਜ਼ਿਆਦਾਤਰ ਹੁਣੇ ਜਹੇ ਹੀ ਜਲਾਵਤਨੀ ਤੋਂ ਵਾਪਸ ਆਏ ਸਨ; ਉਨ੍ਹਾਂ ਨੇ *ਦੀ ਇੰਟਰਨੈਸ਼ਨਲ ਹੇਰਾਲਡ ਟ੍ਰਿਬਿਊਨ* ਓਦੋਂ ਤੋਂ ਪੜ੍ਹਨਾ ਸ਼ੁਰੂ ਕੀਤਾ ਸੀ ਜਦੋਂ ਨੱਬੇਵਿਆਂ 'ਚ ਰੂਸ ਟੁੱਟ ਰਿਹਾ ਸੀ।

ਇਸ ਅਨੋਖੇ ਸੰਮੇਲਨ ਬਾਰੇ ਜਾਣਕਾਰੀ ਮੈਨੂੰ ਇਰਾਕ ਦੇ ਆਰਜੀ ਸਨਅਤ ਮੰਤਰੀ ਮੁਹੰਮਦ ਤੌਫੀਕ ਨੇ ਦਿੱਤੀ ਸੀ। ਉਸ ਵਕਤ ਪ੍ਰੈੱਸ ਵਿਚ ਇਸ ਦੀ ਚਰਚਾ ਨਹੀਂ ਹੋਈ ਸੀ। ਕਈ ਮਹੀਨਿਆਂ ਬਾਅਦ, ਜਦੋਂ ਅਸੀਂ ਬਗ਼ਦਾਦ ਵਿਚ ਉਸ ਦੇ ਆਰਜੀ ਦਫ਼ਤਰ 'ਚ ਮਿਲੇ (ਪੁਰਾਣਾ ਮੰਤਰਾਲਾ

• ਇਰਾਕ ਉੱਪਰ ਹਮਲੇ ਅਤੇ ਕਬਜ਼ੇ ਦੇ ਕਈ ਅਹਿਮ ਖਿਡਾਰੀ ਵਾਸ਼ਿੰਗਟਨ ਦੀ ਮੁਢਲੀ ਟੀਮ ਦੇ ਉਹੀ ਹੰਢੇ-ਵਰਤੇ ਲੋਕ ਸਨ ਜਿਨ੍ਹਾਂ ਨੇ ਰੂਸ 'ਚ ਸਦਮਾ ਇਲਾਜ ਦੀ ਮੰਗ ਕੀਤੀ ਸੀ : ਜਦੋਂ ਵੱਡੇ ਜਾਰਜ ਬੁਸ਼ ਨੇ ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਰੂਸ ਪ੍ਰਤੀ ਨੀਤੀ ਬਣਾਈ, ਡਿਕ ਚੈਨੀ ਓਦੋਂ ਰੱਖਿਆ ਮੰਤਰੀ ਸੀ, ਪਾਲ ਵੌਲਫ਼ੋਵਿਜ਼ ਚੈਨੀ ਦਾ ਸਹਾਇਕ ਸੀ, ਜਦਕਿ ਕੌਂਡੋਲਿਜ਼ਾ ਰਾਈਸ ਨੇ ਰੂਸ 'ਚ ਹੋ ਰਹੀ ਤਬਦੀਲੀ ਬਾਰੇ ਬੁਸ਼ ਸੀਨੀਅਰ ਦੀ ਮੁੱਖ ਸਲਾਹਕਾਰ ਵਜੋਂ ਕੰਮ ਕੀਤਾ ਸੀ। ਇਨ੍ਹਾਂ ਸਾਰੇ ਚੋਟੀ ਦੇ ਖਿਡਾਰੀਆਂ, ਅਤੇ ਨਾਲ ਹੀ ਦਰਜਨਾਂ ਛੋਟੇ ਖਿਡਾਰੀਆਂ ਲਈ, ਰੂਸ ਦਾ ਨੱਬੇਵਿਆਂ ਦਾ ਤਜਰਬਾ, ਐਸਾ ਨਮੂਨਾ ਸੀ ਜਿਸ ਨੂੰ ਇਰਾਕ ਦੀ ਤਬਦੀਲੀ ਲਈ ਲਾਜ਼ਮੀ ਦਰਸਾਇਆ ਜਾ ਰਿਹਾ ਹੈ। ਇਸ ਦੇ ਬਾਵਜੂਦ ਕਿ ਆਮ ਲੋਕਾਂ ਲਈ ਇਸ ਦੇ ਸਿੱਟੇ ਮਾੜੇ ਸਨ।

ਥੇਹ ਹੋ ਚੁੱਕਾ ਸੀ), ਤੌਫੀਕ ਹਾਲੇ ਵੀ ਇਸ 'ਤੇ ਹੱਸ ਰਿਹਾ ਸੀ। ਉਸ ਦੇ ਦੱਸਣ ਅਨੁਸਾਰ ਇਰਾਕੀਆਂ ਨੇ ਕਵੱਚਧਾਰੀ ਪ੍ਰਾਹੁਣਿਆਂ ਨੂੰ ਠਿੱਠ ਕੀਤਾ ਸੀ ਕਿ ਬੇਰੋਕ-ਟੋਕ ਬਰਾਮਦ ਕਰਨ ਲਈ ਸਰਹੱਦਾਂ ਚੌਪਟ ਖੋਲ੍ਹ ਦੇਣ ਦੇ ਪਾਲ ਬਰੈਮਰ ਦੇ ਫ਼ੈਸਲੇ ਨੇ ਜੰਗ ਦੇ ਭੰਨੇ ਹੋਏ ਲੋਕਾਂ ਦੀਆਂ ਜ਼ਿੰਦਗੀਆਂ ਪਹਿਲਾਂ ਹੀ ਬਥੇਰੀਆਂ ਦੁੱਭਰ ਕੀਤੀਆਂ ਹੋਈਆਂ ਸਨ। ਜੇ ਗੈਸ ਸਬਸਿਡੀਆਂ 'ਚ ਕਟੌਤੀ ਕਰਕੇ ਅਤੇ ਖਾਣੇ ਦੀ ਸਹਾਇਤਾ ਬੰਦ ਕਰਕੇ ਇਨ੍ਹਾਂ ਨੂੰ ਹੋਰ ਦੁੱਭਰ ਬਣਾਇਆ ਗਿਆ ਤਾਂ ਕਬਜ਼ੇ ਦੇ ਪੱਲੇ ਇਨਕਲਾਬ ਪਵੇਗਾ। ਜਿੱਥੋਂ ਤੱਕ ਉੱਘੇ ਬੁਲਾਰੇ ਦਾ ਸਵਾਲ ਸੀ, ਤੌਫੀਕ ਨੇ ਦੱਸਿਆ, "ਮੈਂ ਸੰਮੇਲਨ ਦੇ ਪ੍ਰਬੰਧਕ ਕੁਝ ਲੋਕਾਂ ਨੂੰ ਦੱਸਿਆ ਕਿ ਜੇ ਇਰਾਕ 'ਚ ਨਿੱਜੀਕਰਨ ਨੂੰ ਮੈਨੂੰ ਉਤਸ਼ਾਹਤ ਕਰਨਾ ਪਿਆ, ਮੈਂ ਗੈਦਰ ਨੂੰ ਸੱਦ ਲਵਾਂਗਾ ਅਤੇ ਕਹਾਂਗਾ ਕਿ ਇਨ੍ਹਾਂ ਨੂੰ ਦੱਸੇ ਕਿ 'ਜੋ ਅਸੀਂ ਕੀਤਾ ਸੀ ਉਸ ਤੋਂ ਐਨ ਉਲਟ ਕਰੋ।' "

ਜਦੋਂ ਬਰੈਮਰ ਨੇ ਬਗ਼ਦਾਦ ਵਿਚ ਕਾਨੂੰਨੀ ਫ਼ਰਮਾਨ ਜਾਰੀ ਕਰਨੇ ਸ਼ੁਰੂ ਕੀਤੇ ਤਾਂ ਸੰਸਾਰ ਬੈਂਕ ਦੇ ਸਾਬਕਾ ਪ੍ਰਮੁੱਖ ਅਰਥਸ਼ਾਸਤਰੀ ਜੋਸਫ ਸਟਿਗਲਿਜ਼ ਨੇ ਚੇਤਾਵਨੀ ਦਿੱਤੀ ਕਿ ਇਰਾਕ ਦਾ "ਸਦਮਾ ਇਲਾਜ ਉਸ ਤੋਂ ਕਿਤੇ ਵੱਧ ਤਿੱਖੇ ਰੂਪ 'ਚ ਕੀਤਾ ਜਾ ਰਿਹਾ ਹੈ ਜੋ ਸੋਵੀਅਤ ਜਗਤ ਵਿਚ ਲਾਗੂ ਕੀਤਾ ਗਿਆ ਸੀ।" ਇਹ ਪੂਰੀ ਤਰ੍ਹਾਂ ਸੱਚ ਸੀ। ਵਾਸ਼ਿੰਗਟਨ ਦੀ ਅਸਲ ਯੋਜਨਾ ਅਨੁਸਾਰ, ਇਰਾਕ ਉਸੇ ਤਰ੍ਹਾਂ ਹੱਦਬੰਦੀ ਬਣਨ ਜਾ ਰਿਹਾ ਸੀ ਜਿਵੇਂ ਨੱਬੇਵਿਆਂ ਦੇ ਸ਼ੁਰੂ 'ਚ ਰੂਸ ਬਣਿਆ ਸੀ। ਪਰ ਇਸ ਵਾਰ ਅਰਬਾਂ ਡਾਲਰ ਕਮਾਉਣ ਵਾਲਿਆਂ ਦੀ ਕਤਾਰ 'ਚ ਪਹਿਲ ਅਮਰੀਕੀ ਕੰਪਨੀਆਂ ਦੀ ਹੋਵੇਗੀ ਨਾ ਕਿ ਸਥਾਨਕ ਜਾਂ ਯੂਰਪੀ, ਰੂਸੀ ਜਾਂ ਚੀਨੀ ਮੁਕਾਬਲੇਬਾਜ਼ਾਂ ਦੀ। ਅਤੇ ਇਨ੍ਹਾਂ ਸਭ ਤੋਂ ਦੁਖਦਾਈ ਆਰਥਕ ਤਬਦੀਲੀਆਂ ਨੂੰ ਕੁਝ ਵੀ ਰੋਕ ਨਹੀਂ ਸਕੇਗਾ ਕਿਉਂਕਿ ਇੱਥੇ ਸਾਬਕਾ ਸੋਵੀਅਤ ਯੂਨੀਅਨ ਜਾਂ ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਦੇ ਉਲਟ ਚੀਜ਼ ਸੀ। ਇੱਥੇ ਇਸ ਤਬਦੀਲੀ 'ਚ ਆਈ ਐੱਮ ਐੱਫ ਅਧਿਕਾਰੀਆਂ ਅਤੇ ਗ਼ੈਰ-ਵਿਹਾਰਕ ਸਥਾਨਕ ਸਿਆਸਤਦਾਨਾਂ ਵਿਚਲਾ ਰਿਵਾਜ਼ੀ ਨਾਚ ਸ਼ਾਮਲ ਨਹੀਂ ਹੋਵੇਗਾ ਜਿਸ ਨੂੰ ਅਮਰੀਕੀ ਖ਼ਜ਼ਾਨਾ ਵਿਭਾਗ ਹਾਲ ਦੇ ਪਾਸੇ ਬੈਠ ਕੇ ਕੰਟਰੋਲ ਕਰੇ। ਇਰਾਕ ਵਿਚ, ਵਾਸ਼ਿੰਗਟਨ ਨੇ ਵਿਚੋਲੇ ਦੀ ਭੂਮਿਕਾ ਖ਼ਤਮ ਕਰ ਦਿੱਤੀ : ਆਈ ਐੱਮ ਐੱਫ ਅਤੇ ਸੰਸਾਰ ਬੈਂਕ ਦੀ ਭੂਮਿਕਾ ਸਹਾਇਕ ਬਣਾ ਦਿੱਤੀ ਅਤੇ ਅਮਰੀਕਾ ਨੇ ਮੋਹਰੀ ਅਤੇ ਕੇਂਦਰੀ ਭੂਮਿਕਾ ਸਾਂਭ ਲਈ। ਇੱਥੇ ਪਾਲ ਬਰੈਮਰ ਹੀ ਸਰਕਾਰ ਸੀ; ਜਿਵੇਂ ਅਮਰੀਕਾ ਦੇ ਚੋਟੀ ਦੇ ਫ਼ੌਜੀ ਅਧਿਕਾਰੀ ਨੇ ਐਸੋਸੀਏਟਿਡ ਪ੍ਰੈੱਸ ਨੂੰ ਦੱਸਿਆ, ਸਥਾਨਕ ਸਰਕਾਰ ਨਾਲ ਲੈ-ਦੇ ਕਰਨ ਵਾਲਾ ਕੋਈ ਮੁੱਦਾ ਹੀ ਨਹੀਂ ਸੀ ਕਿਉਂਕਿ "ਇਸ ਪੜਾਅ 'ਤੇ, ਅਸੀਂ ਲੈ-ਦੇ ਆਪਣੇ ਆਪ ਨਾਲ ਕਰਾਂਗੇ।"[4]

ਇਸੇ ਗਤੀਸ਼ੀਲਤਾ ਨੇ ਇਰਾਕ ਦੀ ਆਰਥਕ ਕਾਇਆਕਲਪ ਨੂੰ ਪਹਿਲੀਆਂ ਯੋਜਨਾਵਾਂ ਨਾਲੋਂ ਅਲਹਿਦਾ ਰੂਪ ਦਿੱਤਾ। ਨੱਬੇਵਿਆਂ ਦੌਰਾਨ "ਮੁਕਤ ਵਪਾਰ" ਨੂੰ ਸ਼ਾਹੀ ਪ੍ਰਾਜੈਕਟ ਤੋਂ ਬਿਨਾਂ ਕਿਸੇ ਹੋਰ ਚੀਜ਼ ਵਜੋਂ ਪੇਸ਼ ਕਰਨ ਦੇ ਕੁਲ ਸੁਚੇਤ ਯਤਨਾਂ ਨੂੰ ਇੱਥੇ ਤਿਲਾਂਜਲੀ ਦੇ ਦਿੱਤੀ ਗਈ। ਹੋਰ ਥਾਈਂ, ਹਾਲੇ ਸੁਖਾਵੀਆਂ ਸੌਦੇਬਾਜ਼ੀਆਂ ਵਾਲਾ ਹਲਕੀ ਕਿਸਮ ਦਾ ਮੁਕਤ ਵਪਾਰ ਹੋਵੇਗਾ, ਪਰ ਹੁਣ ਮੋਹਰਿਆਂ ਜਾਂ ਕਠਪੁਤਲੀਆਂ ਦੇ ਬਗ਼ੈਰ ਹੀ ਭਾਰੀ ਮੁਕਤ ਵਪਾਰ ਵੀ ਹੋਵੇਗਾ। ਪੇਸ਼ਗੀ ਜੰਗਾਂ ਦੇ ਮੈਦਾਨਾਂ ਉੱਪਰ ਪੱਛਮੀ ਬਹੁ-ਕੌਮੀ ਕੰਪਨੀਆਂ ਲਈ ਸਿੱਧੇ ਤੌਰ 'ਤੇ ਨਵੀਂਆਂ ਮੰਡੀਆਂ ਹਥਿਆਈਆਂ ਜਾਣਗੀਆਂ।

"ਮਾਡਲ ਸਿਧਾਂਤ" ਲਿਆਉਣ ਵਾਲੇ ਹੁਣ ਦਾਅਵਾ ਕਰ ਰਹੇ ਹਨ ਕਿ ਇੱਥੇ ਆ ਕੇ ਉਨ੍ਹਾਂ

ਦੀ ਜੰਗ ਭਿਆਨਕ ਤੌਰ 'ਤੇ ਗ਼ਲਤੀ ਕਰ ਗਈ—ਜਿਵੇਂ ਰਿਚਰਡ ਪਰਲ ਨੇ 2006 ਦੇ ਅਖ਼ੀਰ 'ਚ ਕਿਹਾ ਸੀ "ਮੂਲ ਗ਼ਲਤੀ ਬਰੈਮਰ ਨੂੰ ਵਿਚ ਸ਼ਾਮਲ ਕਰਕੇ" ਹੋ ਗਈ। ਡੇਵਿਡ ਫਰੱਮ ਨੇ ਵੀ ਇਸੇ ਤਰ੍ਹਾਂ ਦੀ ਗੱਲ ਕਹੀ ਕਿ ਇਰਾਕ ਦੀ ਮੁੜ ਰਚਨਾ ਕਰਨ ਲਈ ਤੁਰੰਤ "ਕਿਸੇ ਇਰਾਕੀ ਮੁੱਖੜੇ" ਨੂੰ ਮੂਹਰੇ ਲਾਉਣਾ ਚਾਹੀਦਾ ਸੀ।[5] ਇਸ ਦੀ ਬਜਾਏ ਸੱਦਾਮ ਦੇ ਫਿਰੋਜ਼ੀ ਗੁੰਬਦ ਵਾਲੇ ਗਣਰਾਜ ਮਹੱਲ 'ਚ ਪਾਲ ਬਰੈਮਰ ਡੇਰੇ ਲਾਈ ਬੈਠਾ ਸੀ ਅਤੇ ਉਸ ਨੂੰ ਅਮਰੀਕੀ ਰੱਖਿਆ ਮੰਤਰਾਲੇ ਵਲੋਂ ਈ-ਮੇਲ ਰਾਹੀਂ ਵਪਾਰ ਅਤੇ ਪੂੰਜੀ-ਨਿਵੇਸ਼ ਕਾਨੂੰਨ ਭੇਜੇ ਜਾ ਰਹੇ ਸਨ। ਉਹ ਇਨ੍ਹਾਂ ਦੇ ਪ੍ਰਿੰਟ ਲੈ ਕੇ ਅਤੇ ਇਨ੍ਹਾਂ ਉੱਪਰ ਦਸਤਖ਼ਤ ਕਰਕੇ ਇਰਾਕੀ ਲੋਕਾਂ ਉੱਪਰ ਫ਼ਰਮਾਨ ਥੋਪ ਰਿਹਾ ਸੀ। ਬਰੈਮਰ ਇਸ ਤਰ੍ਹਾਂ ਦਾ ਅਮਰੀਕੀ ਨਹੀਂ ਸੀ ਜੋ ਪਰਦੇ ਪਿੱਛੇ ਰਹਿ ਕੇ ਚੁੱਪ-ਚੁਪੀਤੇ ਸੌਦੇਬਾਜ਼ੀਆਂ ਅਤੇ ਜੋੜ-ਤੋੜ ਕਰਦਾ ਰਹੇ। ਫਿਲਮੀ ਅੰਦਾਜ਼ 'ਚ ਪੇਸ਼ ਆਉਂਦਾ ਬਰੈਮਰ ਪੱਤਰਕਾਰਾਂ ਦੇ ਝੁਰਮਟਾਂ 'ਚ ਘਿਰੇ ਰਹਿਣ ਦਾ ਸ਼ੁਕੀਨ ਸੀ। ਉਹ ਹਮੇਸ਼ਾ ਆਪਣੇ ਖ਼ਾਸ ਪਹਿਰਾਵੇ, ਚੰਗੀ ਤਰ੍ਹਾਂ ਪ੍ਰੈੱਸ ਕੀਤੇ ਬਰੁਕਸ ਬ੍ਰਦਰਜ਼ ਸੂਟ ਅਤੇ ਚਿੱਟੇ ਟਿੰਬਰਲੈਂਡ ਬੂਟਾਂ 'ਚ ਸਜ-ਧਜ ਕੇ ਬਲੈਕਵਾਟਰ ਸੁਰੱਖਿਆ ਕੰਪਨੀ ਦੇ ਨਿੱਜੀ ਅੰਗ ਰੱਖਿਅਕਾਂ *ਜੀ ਆਈ ਜੋਏ* 'ਚ ਘਿਰਿਆ ਹੁੰਦਾ। ਇਹ ਬੂਟ ਉਸ ਦੇ ਫਰਜ਼ੰਦ ਵਲੋਂ ਬਗ਼ਦਾਦ ਜਾਣ ਲਈ ਦਿੱਤਾ ਖ਼ਾਸ ਤੋਹਫ਼ਾ ਸਨ; ਉਸ ਨੇ ਵਧਾਈ ਸੰਦੇਸ਼ 'ਚ ਲਿਖਿਆ ਸੀ, "ਬਾਪੂ, ਜਾ ਕੇ ਕਿਸੇ ਨਿਸ਼ਾਨੇ 'ਤੇ ਠੁੱਡ ਮਾਰੀਂ।"[6] ਉਹ ਲਿਸ਼ਕਵੇਂ ਬਲੈਕਹਾਅਕ ਹੈਲੀਕਾਪਟਰ 'ਚ ਬੈਠ ਕੇ ਦੇਸ਼ ਵਿਚ ਇੱਧਰੋਂ ਉੱਧਰ ਉਡਦਾ ਫਿਰਦਾ ਇੰਝ ਜਾਪਦਾ ਜਿਵੇਂ ਉਹ ਇਰਾਕੀ ਲੋਕਾਂ ਉੱਪਰ ਆਪਣੀ ਨਿਰੰਕੁਸ਼ ਸੱਤਾ ਦਾ ਦਿਖਾਵਾ ਕਰ ਰਿਹਾ ਹੋਵੇ।

ਬਰੈਮਰ ਦੇ ਆਪਣੇ ਇਕਬਾਲ ਅਨੁਸਾਰ ਉਸ ਨੂੰ ਇਰਾਕ ਬਾਰੇ ਬਹੁਤ ਘੱਟ ਜਾਣਕਾਰੀ ਸੀ (ਉਸ ਨੇ ਇਕ ਮੁਲਾਕਾਤੀ ਨੂੰ ਦੱਸਿਆ, "ਮੈਂ ਅਫ਼ਗ਼ਾਨਿਸਤਾਨ 'ਚ ਰਿਹਾ ਸੀ।") ਇਸ ਅਗਿਆਨਤਾ ਦੀ ਸ਼ਾਇਦ ਹੀ ਕੋਈ ਮਹੱਤਤਾ ਸੀ, ਕਿਉਂਕਿ ਫੇਰ ਵੀ ਇਕ ਚੀਜ਼ ਬਰੈਮਰ ਬਥੇਰੀ ਜਾਣਦਾ ਸੀ; ਇਹ ਸੀ ਇਰਾਕ ਵਿਚ ਕੇਂਦਰੀ ਮਿਸ਼ਨ ਭਾਵ ਤਬਾਹੀਪਸੰਦ ਸਰਮਾਏਦਾਰੀ।[7]

11 ਸਤੰਬਰ 2001 ਨੂੰ, ਉਹ ਬੀਮਾ ਖੇਤਰ ਦੀ ਦਿਓ-ਕੱਦ ਕੰਪਨੀ ਮਾਰਸ਼ ਐਂਡ ਮੈਕਲੇਨਾਨ ਵਿਖੇ ਬਤੌਰ ਪ੍ਰਬੰਧਕੀ ਨਿਰਦੇਸ਼ਕ ਅਤੇ "ਸੀਨੀਅਰ ਸਿਆਸੀ ਸਲਾਹਕਾਰ" ਵਜੋਂ ਕੰਮ ਕਰ ਰਿਹਾ ਸੀ। ਇਸ ਕੰਪਨੀ ਦੇ ਦਫ਼ਤਰ ਸੰਸਾਰ ਵਪਾਰ ਕੇਂਦਰ ਦੇ ਉੱਤਰੀ ਟਾਵਰ 'ਚ ਸਨ ਅਤੇ ਹਮਲਿਆਂ ਨੇ ਤਬਾਹ ਕਰ ਦਿੱਤੇ ਸਨ। ਪਹਿਲੇ ਕੁਝ ਦਿਨ ਇਸ ਦੇ 700 ਕਾਮੇ ਕਿਸੇ ਗਿਣਤੀ 'ਚ ਨਹੀਂ ਸਨ; ਆਖ਼ਿਰ 295 ਕਾਮਿਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ। ਠੀਕ ਇਕ ਮਹੀਨੇ ਬਾਅਦ, 11 ਅਕਤੂਬਰ 2001 ਨੂੰ ਪਾਲ ਬਰੈਮਰ ਨੇ ਸੰਕਟ ਬਾਰੇ ਸਲਾਹ ਦੇਣ ਲਈ Crisis Consulting Practice ਨਾਂ ਦੀ ਫਰਮ ਸ਼ੁਰੂ ਕਰ ਲਈ। ਮਾਰਸ਼ ਦੀ ਇਸ ਨਵੀਂ ਸ਼ਾਖਾ ਦੀ ਮੁਹਾਰਤ ਸੀ ਬਹੁ-ਕੌਮੀ ਕੰਪਨੀਆਂ ਦੀ ਸਹਾਇਤਾ ਕਰਨਾ ਕਿ ਉਹ ਦਹਿਸ਼ਤਪਸੰਦਾਂ ਦੇ ਹਮਲੇ ਦੀ ਸੰਭਾਵਨਾ ਅਤੇ ਹੋਰ ਸੰਕਟਾਂ ਦਾ ਸਾਹਮਣਾ ਕਰਨ ਲਈ ਕਿਵੇਂ ਤਿਆਰੀ ਕਰਨ। ਉਸ ਕੋਲ ਰੀਗਨ ਸਰਕਾਰ 'ਚ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਸਫ਼ੀਰ ਵਜੋਂ ਕੰਮ ਕਰਨ ਦਾ ਤਜਰਬਾ ਸੀ। ਇਸ ਦਾ ਪ੍ਰਚਾਰ ਕਰਦੇ ਹੋਏ ਬਰੈਮਰ ਅਤੇ ਉਸ ਦੀ ਕੰਪਨੀ ਨੇ ਆਪਣੇ ਗਾਹਕਾਂ ਨੂੰ ਦਹਿਸ਼ਤਪਸੰਦੀ ਵਿਰੋਧੀ ਸਰਵਪੱਖੀ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। ਇਨ੍ਹਾਂ 'ਚ ਸਿਆਸੀ ਜ਼ੋਖ਼ਮ ਨਾਲ ਸਬੰਧਤ ਬੀਮੇ ਤੋਂ ਲੈ ਕੇ ਲੋਕਾਂ ਨਾਲ ਸਬੰਧਾਂ ਤੱਕ ਅਤੇ ਇੱਥੋਂ ਤੱਕ ਕਿ ਕਿਹੜੀ ਕਿਹੜੀ ਚੀਜ਼ ਜਮ੍ਹਾਂ ਕਰਕੇ ਰੱਖੀ ਜਾਵੇ ਇਸ ਬਾਰੇ ਮਸ਼ਵਰਾ ਦੇਣਾ ਵੀ ਸ਼ਾਮਲ ਸੀ।[8]

ਅੰਦਰੂਨੀ ਸੁਰੱਖਿਆ ਸਨਅਤ 'ਚ ਬਰੈਮਰ ਨੂੰ ਮੁਹਰੈਲ ਬਣਾਉਣਾ ਇਰਾਕ ਸਬੰਧੀ

ਆਦਰਸ਼ਕ ਤਿਆਰੀ ਸੀ। ਇਹੀ ਵਜ੍ਹਾ ਹੈ ਕਿ ਜਿਹੜੀ ਜੁਗਤ ਦਾ ਉਹ 11 ਸਤੰਬਰ ਦੇ ਜਵਾਬ 'ਚ ਅਗਵਾਨੂੰ ਸੀ ਉਸੇ ਦੀ ਵਰਤੋਂ ਬੁਸ਼ ਸਰਕਾਰ ਨੇ ਇਰਾਕ ਦੀ ਮੁੜ ਉਸਾਰੀ 'ਚ ਕੀਤੀ : ਇਹ ਜੰਗ ਤੋਂ ਬਾਅਦ ਦੇ ਇਰਾਕ ਪ੍ਰਤੀ ਇਸ ਤਰ੍ਹਾਂ ਪੇਸ਼ ਆਈ ਜਿਵੇਂ ਇਹ ਆਜ਼ਾਦੀ ਨਾਲ ਲਬਰੇਜ਼, ਫਟਾਫਟ ਮੁਨਾਫ਼ੇ ਦੇਣ ਦੀ ਸੰਭਾਵਨਾ ਵਾਲੀ ਜੋਸ਼ੀਲੀ ਮੁੱਢਲੀ ਪੇਸ਼ਕਸ਼ (Intial Public Offering) ਹੋਵੇ। ਇਸ ਕਰਕੇ ਭਾਵੇਂ ਬਰੈਮਰ ਅਨੇਕਾਂ ਪੈੜਾਂ 'ਚ ਪੈਰ ਧਰਦਾ ਹੋਵੇ, ਪਰ ਉਸ ਦਾ ਮਿਸ਼ਨ ਇਰਾਕੀਆਂ ਦੇ ਦਿਲ-ਦਿਮਾਗ ਜਿੱਤਣਾ ਹਰਗਿਜ਼ ਨਹੀਂ ਸੀ। ਅਸਲ ਮਿਸ਼ਨ ਸੀ ਇਰਾਕ ਬਿਜ਼ਨੈੱਸ ਸ਼ੁਰੂ ਕਰਨ ਲਈ ਦੇਸ਼ ਨੂੰ ਤਿਆਰ ਕਰਨਾ। ਇਸ ਰੌਸ਼ਨੀ 'ਚ ਦੇਖਿਆਂ, ਉਸ ਦੇ ਮੁੱਢਲੇ, ਬਹੁਤ ਹੀ ਘਾਤਕ ਫ਼ੈਸਲੇ ਬਿਨਾਂ ਕਿਸੇ ਗ਼ਲਤੀ ਦੇ ਤਰਕਪੂਰਨ ਇਕਸੁਰਤਾ ਵਾਲੇ ਹਨ।

ਅਮਰੀਕਾ ਦੇ ਚੋਟੀ ਦੇ ਏਲਚੀ ਵਜੋਂ ਤੇਜ਼-ਤਰਾਰ ਜਰਨੈਲ ਜੇਅ ਗਾਰਨਰ ਦੀ ਥਾਂ ਲੈਣ ਤੋਂ ਬਾਅਦ, ਬਰੈਮਰ ਨੇ ਇਰਾਕ ਵਿਚ ਪਹਿਲੇ ਚਾਰ ਮਹੀਨੇ ਆਰਥਕ ਕਾਇਆਕਲਪ ਵੱਲ ਉਚੇਚਾ ਧਿਆਨ ਦਿੰਦਿਆਂ ਗੁਜ਼ਾਰੇ। ਉਸ ਨੇ ਬਹੁਤ ਸਾਰੇ ਕਾਨੂੰਨ ਪਾਸ ਕੀਤੇ ਜੋ ਜੁੜਵੇਂ ਰੂਪ ਵਿਚ ਸ਼ਿਕਾਗੋ ਸਕੂਲ ਦਾ ਟਕਸਾਲੀ ਸਦਮਾ ਇਲਾਜ ਪ੍ਰੋਗਰਾਮ ਹੀ ਹੈ। ਹਮਲੇ ਤੋਂ ਪਹਿਲਾਂ ਇਰਾਕ ਦੀ ਆਰਥਿਕਤਾ ਦਾ ਦਾਰੋਮਦਾਰ ਇਸ ਦੀਆਂ ਦੋ ਤੇਲ ਕੰਪਨੀਆਂ ਅਤੇ ਦੋ ਸੌ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਉੱਪਰ ਸੀ ਜੋ ਇਰਾਕੀ ਖਾਧ-ਪਦਾਰਥਾਂ ਅਤੇ ਸੀਮੈਂਟ, ਕਾਗਜ਼ ਤੋਂ ਲੈ ਕੇ ਖ਼ੁਰਾਕੀ ਤੇਲ ਤੱਕ ਹਰ ਚੀਜ਼ ਦੀ ਪੈਦਾਵਾਰ ਕਰਦੀਆਂ ਸਨ। ਨਵੀਂ ਜ਼ਿੰਮੇਵਾਰੀ ਸੰਭਾਲਣ ਤੋਂ ਇਕ ਮਹੀਨਾ ਬਾਅਦ ਹੀ ਬਰੈਮਰ ਨੇ ਐਲਾਨ ਕਰ ਦਿੱਤਾ ਕਿ ਦੋ ਸੌ ਕੰਪਨੀਆਂ ਦਾ ਤੁਰੰਤ ਨਿੱਜੀਕਰਨ ਕੀਤਾ ਜਾ ਰਿਹਾ ਹੈ। ਉਸ ਨੇ ਫ਼ਰਮਾਨ ਜਾਰੀ ਕਰ ਦਿੱਤਾ, "ਇਰਾਕ ਦੀ ਆਰਥਿਕਤਾ ਨੂੰ ਤੰਦਰੁਸਤ ਕਰਨ ਲਈ ਗ਼ੈਰ-ਕਾਰਜਕੁਸ਼ਲ ਸਰਕਾਰੀ ਕਾਰੋਬਾਰਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣਾ ਜ਼ਰੂਰੀ ਹੈ।"[9]

ਇਸ ਤੋਂ ਅੱਗੇ ਨਵੇਂ ਆਰਥਕ ਕਾਨੂੰਨ ਲਿਆਂਦੇ ਗਏ। ਇਰਾਕ ਵਿਚ ਨਿੱਜੀਕਰਨ ਦੀ ਬੋਲੀ 'ਚ ਬਦੇਸ਼ੀ ਪੂੰਜੀ ਨਿਵੇਸ਼ਕਾਰਾਂ ਨੂੰ ਖਿੱਚਣ ਅਤੇ ਇਰਾਕ ਵਿਚ ਨਵੀਂ ਫੈਕਟਰੀਆਂ ਅਤੇ ਪ੍ਰਚੂਨ ਦੀਆਂ ਦੁਕਾਨਾਂ ਬਣਾਉਣ ਲਈ ਬਰੈਮਰ ਨੇ ਤਿੱਖੇ ਕਾਨੂੰਨ ਬਣਾਏ। *ਦੀ ਇਕਨਾਮਿਸਟ* ਨੇ ਇਨ੍ਹਾਂ ਨੂੰ ਜੋਸ਼ੀਲੇ ਲਫ਼ਜ਼ਾਂ 'ਚ ਐਸੀ "ਮਨਪਸੰਦ ਸੂਚੀ" ਦੱਸਿਆ "ਜੋ ਵਿਕਾਸਸ਼ੀਲ ਮੰਡੀਆਂ ਬਾਰੇ ਬਦੇਸ਼ੀ ਨਿਵੇਸ਼ਕਾਰਾਂ ਅਤੇ ਦਾਨੀ ਏਜੰਸੀਆਂ ਦਾ ਸੁਪਨਾ ਹੈ।"[10] ਇਕ ਕਾਨੂੰਨ ਦੁਆਰਾ ਇਰਾਕ ਦੀ ਕਾਰਪੋਰੇਟ ਟੈਕਸ ਦੀ ਦਰ 45 ਫ਼ੀ ਸਦੀ ਤੋਂ ਘਟਾ ਕੇ ਸਿੱਧੀ 15 ਫ਼ੀ ਸਦੀ ਕਰ ਦਿੱਤੀ ਗਈ (ਸਿੱਧੀ ਮਿਲਟਨ ਫਰਾਇਡਮੈਨ ਦੀ ਯੁੱਧਨੀਤੀ ਅਨੁਸਾਰ)। ਇਕ ਹੋਰ ਕਾਨੂੰਨ ਰਾਹੀਂ ਬਦੇਸ਼ੀ ਕੰਪਨੀਆਂ ਨੂੰ ਇਰਾਕੀ ਜਾਇਦਾਦਾਂ ਦੀ ਸੌ ਫ਼ੀ ਸਦੀ ਮਾਲਕੀ ਰੱਖਣ ਦੀ ਖੁੱਲ੍ਹ ਦੇ ਦਿੱਤੀ ਗਈ। ਇੱਥੇ ਰੂਸ ਵਾਲੀ ਗ਼ਲਤੀ ਦੁਹਰਾਉਣ ਤੋਂ ਗੁਰੇਜ਼ ਕੀਤਾ ਗਿਆ, ਜਿੱਥੇ ਇਹ ਇਨਾਮ ਸਥਾਨਕ ਮਾਲੀ ਜੁੰਡੀਆਂ ਨੂੰ ਦਿੱਤੇ ਗਏ ਸਨ। ਇਸ ਤੋਂ ਵੀ ਬਿਹਤਰ ਇਕ ਹੋਰ ਸਹੂਲਤ ਸੀ। ਇਰਾਕ 'ਚ ਪੂੰਜੀ ਨਿਵੇਸ਼ ਕਰਨ ਵਾਲੇ ਇੱਥੇ ਕਮਾਏ ਪੂਰੇ ਦੇ ਪੂਰੇ 100 ਫ਼ੀ ਸਦੀ ਮੁਨਾਫ਼ੇ ਦੇਸ਼ ਵਿਚੋਂ ਬਾਹਰ ਲਿਜਾ ਸਕਦੇ ਸਨ; ਉਨ੍ਹਾਂ ਤੋਂ ਮੁੜ ਪੂੰਜੀ-ਨਿਵੇਸ਼ ਦੀ ਮੰਗ ਨਹੀਂ ਕੀਤੀ ਜਾਵੇਗੀ, ਅਤੇ ਉਨ੍ਹਾਂ ਉੱਤੇ ਟੈਕਸ ਵੀ ਨਹੀਂ ਲਾਇਆ ਜਾਵੇਗਾ। ਫ਼ਰਮਾਨ 'ਚ ਇਹ ਸ਼ਰਤ ਵੀ ਲਾ ਦਿੱਤੀ ਗਈ ਕਿ ਪੂੰਜੀ-ਨਿਵੇਸ਼ਕਾਰ ਐਸੇ ਪਟੇ ਅਤੇ ਠੇਕੇ ਸਹੀਬੰਦ ਕਰ ਸਕਦੇ ਹਨ ਜੋ ਚਾਲੀ ਸਾਲ ਤੱਕ ਚੱਲਣਗੇ ਅਤੇ ਫੇਰ ਇਨ੍ਹਾਂ ਨੂੰ ਨਵਿਆਇਆ ਵੀ ਜਾ ਸਕੇਗਾ। ਇਸ ਦਾ ਭਾਵ ਸੀ ਕਿ ਭਵਿੱਖ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਉੱਪਰ ਵੀ ਇਨ੍ਹਾਂ ਧਾੜਵੀਆਂ ਨਾਲ ਕੀਤੇ ਇਕਰਾਰਨਾਮਿਆਂ ਦੀ ਕਾਠੀ ਬਰਕਰਾਰ ਰਹੇਗੀ। ਜਿਸ ਖੇਤਰ ਉੱਪਰ ਵਾਸ਼ਿੰਗਟਨ ਨੇ ਕਬਜ਼ਾ ਕਰਨ ਤੋਂ ਸੰਕੋਚ ਕੀਤਾ

ਉਹ ਸੀ ਤੇਲ : ਇਸ ਦੇ ਇਰਾਕੀ ਸਲਾਹਕਾਰਾਂ ਨੇ ਚੇਤਾਵਨੀ ਦਿੱਤੀ ਕਿ ਸਰਕਾਰੀ ਤੇਲ ਕੰਪਨੀ ਦਾ ਨਿੱਜੀਕਰਨ ਕਰਨ ਜਾਂ ਇਰਾਕੀ ਸਰਕਾਰ ਬਣਾਏ ਜਾਣ ਤੋਂ ਪਹਿਲਾਂ ਅਣਵਰਤੇ ਤੇਲ ਭੰਡਾਰਾਂ 'ਤੇ ਦਾਅਵਾ ਜਤਾਉਣ ਨੂੰ ਜੰਗੀ ਕਾਰਵਾਈ ਵਜੋਂ ਲਿਆ ਜਾਵੇਗਾ। ਫੇਰ ਵੀ ਕਾਬਜ਼ ਸੱਤਾ ਅਧਿਕਾਰੀਆਂ ਨੇ ਇਰਾਕ ਦੀ ਕੌਮੀ ਤੇਲ ਕੰਪਨੀ ਦੀ 20 ਅਰਬ ਡਾਲਰ ਆਮਦਨੀ ਉੱਤੇ ਇਸ ਤਰ੍ਹਾਂ ਕਬਜ਼ਾ ਕਰ ਲਿਆ ਕਿ ਇਸ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਖ਼ਰਚਿਆ ਜਾਵੇਗਾ।•[11]

ਵਾਈਟ ਹਾਊਸ ਨੇ ਚਮਕ-ਦਮਕ ਵਾਲੀ ਇਸ ਨਵੀਂ ਇਰਾਕੀ ਆਰਥਿਕਤਾ ਦਾ ਮਹੂਰਤ ਕਰਨ ਉੱਤੇ ਐਨਾ ਜ਼ੋਰ ਲਾਇਆ ਹੋਇਆ ਸੀ ਕਿ ਇਸ ਨੇ ਕਬਜ਼ੇ ਦੇ ਮੁੱਢਲੇ ਦਿਨਾਂ 'ਚ ਹੀ ਨਵੇਂ ਬਰੈਂਡ ਦਾ ਸਿੱਕਾ ਛਾਪਣ, ਇਕ ਵਿਆਪਕ ਜੰਗੀ ਕੰਮ ਸ਼ੁਰੂ ਕਰਨ, ਦਾ ਫ਼ੈਸਲਾ ਲੈ ਲਿਆ। ਬਰਤਾਨੀਆਂ ਦੀ ਫਰਮ *ਡੀ ਲਾ ਰਿਊ* ਨੇ ਨੋਟ ਛਾਪੇ। ਹਵਾਈ ਜਹਾਜ਼ਾਂ ਦੇ ਕਾਫ਼ਲਿਆਂ ਰਾਹੀਂ ਨੋਟਾਂ ਦੀ ਸਪਲਾਈ ਕੀਤੀ ਗਈ ਅਤੇ ਅਗਾਂਹ ਬਕਤਰਬੰਦ ਵਾਹਨਾਂ ਅਤੇ ਟਰੱਕਾਂ ਰਾਹੀਂ ਨੋਟਾਂ ਦੀ ਵੰਡ-ਵੰਡਾਈ ਕੀਤੀ ਗਈ। ਪੂਰੇ ਦੇਸ਼ 'ਚ ਐਸੇ ਘੱਟੋ-ਘੱਟ ਇਕ ਹਜ਼ਾਰ ਕੇਂਦਰ ਕੰਮ ਕਰਦੇ ਰਹੇ। ਇਹ ਸਭ ਉਸ ਵਕਤ ਕੀਤਾ ਗਿਆ ਜਦੋਂ 50 ਫ਼ੀ ਸਦੀ ਲੋਕ ਪੀਣ ਵਾਲੇ ਪਾਣੀ ਤੋਂ ਵਾਂਝੇ ਸਨ, ਟਰੈਫਿਕ ਲਾਈਟਾਂ ਬੰਦ ਪਈਆਂ ਸਨ ਅਤੇ ਜੁਰਮਾਂ ਦਾ ਬੋਲਬਾਲਾ ਸੀ।[12]

ਭਾਵੇਂ ਇਨ੍ਹਾਂ ਯੋਜਨਾਵਾਂ ਨੂੰ ਬਰੈਮਰ ਨੇ ਅਮਲ 'ਚ ਲਿਆਂਦਾ ਪਰ ਤਰਜੀਹਾਂ ਸਿੱਧੀਆਂ ਉੱਪਰੋਂ ਤੈਅ ਹੋ ਕੇ ਆ ਰਹੀਆਂ ਸਨ। ਸੈਨੇਟ ਕਮੇਟੀਆਂ ਸਾਹਮਣੇ ਇਸ ਦੀ ਪੁਸ਼ਟੀ ਕਰਦਿਆਂ ਰਮਜ਼ਫੈਲਡ ਨੇ ਬਰੈਮਰ ਦੇ "ਹੂੰਝਾ ਫੇਰੂ ਸੁਧਾਰਾਂ" ਨੂੰ ਐਸੇ ਸੁਧਾਰ ਦਰਸਾਇਆ ਜਿਨ੍ਹਾਂ ਦੀ ਬਦੌਲਤ "ਮੁਕਤ ਦੁਨੀਆਂ ਵਿਚ ਕੁਝ ਸਭ ਤੋਂ ਵੱਧ ਸੂਝ-ਬੂਝ ਵਾਲੇ—ਅਤੇ ਖਿੱਚ ਭਰਪੂਰ—ਟੈਕਸ ਅਤੇ ਪੂੰਜੀ-ਨਿਵੇਸ਼ ਕਾਨੂੰਨ" ਬਣੇ ਹਨ। ਪਹਿਲਾਂ ਪਹਿਲਾਂ ਤਾਂ, ਇਹ ਲੱਗਦਾ ਸੀ ਕਿ ਪੂੰਜੀ-ਨਿਵੇਸ਼ਕਾਰ ਇਨ੍ਹਾਂ ਯਤਨਾਂ ਦੀ ਤਾਰੀਫ਼ ਕਰ ਰਹੇ ਹਨ। ਕੁਝ ਮਹੀਨਿਆਂ ਦੇ ਅੰਦਰ, ਬਗ਼ਦਾਦ ਦੇ ਕੇਂਦਰ 'ਚ ਮੈਕਡਾਨਲਡ ਖੋਲ੍ਹੇ ਜਾਣ ਦੀ ਚਰਚਾ ਸ਼ੁਰੂ ਹੋ ਗਈ—ਜੋ ਇਰਾਕ ਦੇ ਆਲਮੀ ਆਰਥਿਕਤਾ 'ਚ ਸ਼ਾਮਲ ਹੋਣ ਦਾ ਅੰਤਮ ਪ੍ਰਤੀਕ ਸੀ। ਠਾਠਦਾਰ ਸਟਾਰਵੁੱਡ ਹੋਟਲ ਬਣਾਉਣ ਲਈ ਫੰਡ ਐਨ ਟਿਕਾਣੇ 'ਤੇ ਲਾਏ ਜਾ ਰਹੇ ਸਨ ਅਤੇ ਜਨਰਲ ਮੋਟਰਜ਼ ਆਪਣਾ ਆਟੋ ਪਲਾਂਟ ਉਸਾਰਨ ਦੀਆਂ ਵਿਉਂਤਾਂ ਬਣਾ ਰਹੀ ਸੀ। ਵਿਤੀ ਖੇਤਰ 'ਚ, ਐੱਚ ਐੱਸ ਵੀ ਸੀ ਨੂੰ ਪੂਰੇ ਇਰਾਕ 'ਚ ਸ਼ਾਖਾਵਾਂ ਖੋਲ੍ਹਣ ਦਾ ਠੇਕਾ ਦੇ ਕੇ ਨਿਵਾਜ਼ਿਆ ਗਿਆ। ਇਸ ਕੌਮਾਂਤਰੀ ਬੈਂਕ ਦਾ ਸਦਰ ਮੁਕਾਮ ਲੰਦਨ ਵਿਚ ਹੈ। ਜਦੋਂ ਕਿ ਸਿਟੀ ਗਰੁੱਪ ਨੇ ਇਰਾਕ ਦੇ ਤੇਲ ਦੀ ਭਵਿੱਖੀ ਵਿਕਰੀ ਦੇ ਬਦਲੇ ਚੋਖੇ

• ਇਸ ਪੈਸੇ ਵਿਚੋਂ 8.8 ਅਰਬ ਡਾਲਰ ਦਾ ਜ਼ਿਕਰ ਅਕਸਰ ਹੀ "ਇਰਾਕ ਦੇ ਲਾਪਤਾ ਅਰਬ ਡਾਲਰਾਂ" ਵਜੋਂ ਕੀਤਾ ਜਾਂਦਾ ਹੈ ਕਿਉਂਕਿ ਇਹ 2004 'ਚ ਅਮਰੀਕੀ ਕੰਟਰੋਲ ਹੇਠਲੇ ਇਰਾਕੀ ਮੰਤਰਾਲਿਆਂ ਵਿਚੋਂ ਇਸ ਤਰੀਕੇ ਨਾਲ ਗਾਇਬ ਹੋ ਗਏ ਕਿ ਇਨ੍ਹਾਂ ਦਾ ਕੋਈ ਥਹੁ-ਪਤਾ ਹੀ ਨਹੀਂ ਲੱਗਿਆ। ਬਰੈਮਰ ਨੇ ਫਰਵਰੀ 2007 'ਚ ਅਮਰੀਕੀ ਕਾਂਗਰਸ ਦੀ ਇਕ ਕਮੇਟੀ ਕੋਲ ਇਸ ਲਾਪਰਵਾਹੀ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ, "ਸਾਡੀ ਸਭ ਤੋਂ ਉੱਚੀ ਤਰਜੀਹ ਸੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣਾ। ਪਹਿਲਾ ਕਦਮ ਸੀ ਜਿੰਨੀ ਛੇਤੀ ਸੰਭਵ ਹੋ ਸਕੇ ਪੈਸਾ ਇਰਾਕੀ ਲੋਕਾਂ ਦੇ ਹੱਥ ਦੇਣਾ।" ਜਦੋਂ ਕਮੇਟੀ ਨੇ ਬਰੈਮਰ ਦੇ ਵਿਤੀ ਸਲਾਹਕਾਰ, ਸਮੁੰਦਰੀ ਫ਼ੌਜ ਦੇ ਸੇਵਾ-ਮੁਕਤ ਸੈਨਾਪਤੀ ਡੇਵਿਡ ਓਲੀਵਰ ਨੂੰ ਲਾਪਤਾ ਅਰਬਾਂ ਡਾਲਰਾਂ ਬਾਰੇ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ, "ਹਾਂ, ਮੈਂ ਮਤਲਬ ਸਮਝਦਾ ਹਾਂ। ਮੇਰਾ ਕਹਿਣਾ ਹੈ ਇਸ ਨਾਲ ਕੀ ਫ਼ਰਕ ਪੈਂਦਾ ਹੈ?"

ਕਰਜ਼ਿਆਂ ਦੀਆਂ ਯੋਜਨਾਵਾਂ ਦੀ ਪੇਸ਼ਕਸ਼ ਕੀਤੀ। ਤੇਲ ਖੇਤਰ ਦੀਆਂ ਦਿਓਕੱਦ ਕੰਪਨੀਆਂ ਸ਼ੈੱਲ, ਬੀ ਪੀ, ਐਕਸਨਮੋਬਿਲ, ਸ਼ੈਵਰਨ ਅਤੇ ਰੂਸ ਦੀ ਲੁਕਾਇਲ ਨੇ ਇਸ ਵਿਸ਼ਵਾਸ ਨਾਲ ਕੰਮ ਚਲਾਊ ਪਹੁੰਚ ਅਪਣਾ ਕੇ ਸਮਝੌਤੇ ਕੀਤੇ ਕਿ ਭਵਿੱਖ ਵਿਚ ਉਨ੍ਹਾਂ ਦਾ ਸਮਾਂ ਵੀ ਛੇਤੀ ਆ ਜਾਵੇਗਾ। ਸਮਝੌਤੇ ਇਰਾਕ ਦੇ ਸਿਵਲ ਅਧਿਕਾਰੀਆਂ ਨੂੰ ਤੇਲ ਕੱਢਣ ਦੀ ਸਭ ਤੋਂ ਤਾਜ਼ਾ ਤਕਨਾਲੋਜੀ ਅਤੇ ਪ੍ਰਬੰਧਕੀ ਮਾਡਲਾਂ ਬਾਰੇ ਸਿਖਲਾਈ ਦੇਣ ਲਈ ਸਨ।[13]

ਬਰੈਮਰ ਦੇ ਬਣਾਏ ਕਾਨੂੰਨ, ਜਿਨ੍ਹਾਂ ਦਾ ਉਦੇਸ਼ ਪੂੰਜੀ-ਨਿਵੇਸ਼ ਦੇ ਜਨੂੰਨ ਲਈ ਹਾਲਾਤ ਪੈਦਾ ਕਰਨਾ ਸੀ, ਹੂ-ਬ-ਹੂ ਅਸਲੀ ਕਾਨੂੰਨ ਨਹੀਂ ਸਨ। ਸਦਮਾ ਇਲਾਜ ਦੇ ਪਹਿਲਾਂ ਵਾਲੇ ਤਜਰਬਿਆਂ ਵਿਚ ਜੋ ਕੁਝ ਲਾਗੂ ਕੀਤਾ ਗਿਆ ਸੀ ਇਹ ਸਿਰਫ਼ ਉਨ੍ਹਾਂ ਦਾ ਵੱਧ ਤੇਜ਼ ਰਫ਼ਤਾਰ ਰੂਪਾਂਤਰ ਹੀ ਸੀ। ਪਰ ਬੁਸ਼ ਦੇ ਤਬਾਹੀਪਸੰਦ ਸਰਮਾਏਦਾਰਾ ਮੰਤਰੀ-ਮੰਡਲ 'ਚ ਐਨਾ ਸਬਰ ਕਿੱਥੇ ਸੀ ਕਿ ਇਹ ਇਨ੍ਹਾਂ ਕਾਨੂੰਨਾਂ ਦੇ ਅਮਲ 'ਚ ਆਉਣ ਨੂੰ ਉਡੀਕਦੇ। ਇਰਾਕ ਦੇ ਤਜਰਬੇ ਦਾ ਪਹਿਲੇ ਨਾਲੋਂ ਵੱਖਰਾ ਨਿਝੱਕ ਦਾਇਰਾ ਉੱਥੋਂ ਸ਼ੁਰੂ ਹੁੰਦਾ ਹੈ ਜਿੱਥੋਂ ਇਸ ਨੇ ਹਮਲੇ, ਕਬਜ਼ੇ ਅਤੇ ਮੁੜ-ਉਸਾਰੀ ਨੂੰ ਐਸੀ ਪੁਰਜ਼ੋਸ਼ ਮੰਡੀ 'ਚ ਬਦਲ ਦਿੱਤਾ ਜਿਸ ਦਾ ਪੂਰੀ ਤਰ੍ਹਾਂ ਨਿੱਜੀਕਰਨ ਕਰ ਦਿੱਤਾ ਗਿਆ ਸੀ। ਜਿਵੇਂ ਅਮਰੀਕਾ ਵਿਚ ਅੰਦਰੂਨੀ ਸੁਰੱਖਿਆ ਦਾ ਉਸਾਰ ਸਿਰਜਿਆ ਗਿਆ ਸੀ ਉਸੇ ਤਰ੍ਹਾਂ ਜਨਤਾ ਦੇ ਪੈਸੇ ਨਾਲ ਇਹ ਮੰਡੀ ਖੜ੍ਹੀ ਕੀਤੀ ਗਈ। ਸਿਰਫ਼ ਮੁੜ-ਉਸਾਰੀ ਦੇ ਕੰਮ ਲਈ ਹੀ, ਅਮਰੀਕੀ ਕਾਂਗਰਸ ਤੋਂ 38 ਅਰਬ ਡਾਲਰ, ਹੋਰ ਦੇਸ਼ਾਂ ਤੋਂ 15 ਅਰਬ ਡਾਲਰ ਅਤੇ ਇਰਾਕ ਦੇ ਤੇਲ ਦੇ ਪੈਸੇ ਵਿਚੋਂ 20 ਅਰਬ ਡਾਲਰ ਲੈ ਕੇ ਇਸ ਕਾਰੋਬਾਰ 'ਚ ਤੇਜ਼ੀ ਲਿਆਂਦੀ ਗਈ।[14]

ਜਦੋਂ ਅਰਬ ਡਾਲਰਾਂ ਦੀ ਇਸ ਸ਼ੁਰੂਆਤੀ ਰਕਮ ਦਾ ਐਲਾਨ ਕੀਤਾ ਗਿਆ, ਇਹ ਲਾਜ਼ਮੀ ਸੀ ਕਿ ਇਸ ਦੀ ਤੁਲਨਾ ਮਾਰਸ਼ਲ ਯੋਜਨਾ ਨਾਲ ਕਰਕੇ ਇਸ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ। ਬੁਸ਼ ਨੇ ਇਸ ਮੁੜ-ਉਸਾਰੀ ਨੂੰ "ਮਾਰਸ਼ਲ ਯੋਜਨਾ ਦੇ ਸਮੇਂ ਤੋਂ ਲੈ ਕੇ ਆਪਣੀ ਕਿਸਮ ਦੀ ਸਭ ਤੋਂ ਵੱਡੀ ਵਿਤੀ ਵਚਨਬੱਧਤਾ" ਗਰਦਾਨਿਆਂ। ਕਬਜ਼ੇ ਦੇ ਪਹਿਲੇ ਮਹੀਨਿਆਂ 'ਚ ਟੀ ਵੀ ਤੋਂ ਪ੍ਰਸਾਰਤ ਕੀਤੀ ਤਕਰੀਰ ਵਿਚ ਉਸ ਨੇ ਕਿਹਾ, "ਅਮਰੀਕਾ ਨੇ ਇਸ ਤਰ੍ਹਾਂ ਦਾ ਕੰਮ ਪਹਿਲਾਂ ਵੀ ਕੀਤਾ ਹੋਇਆ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ, ਅਸੀਂ ਜਪਾਨ ਅਤੇ ਜਰਮਨੀ ਦੀਆਂ ਹਾਰੀਆਂ ਹੋਈਆਂ ਕੌਮਾਂ ਨੂੰ ਪੈਰਾਂ ਉੱਤੇ ਖੜ੍ਹੀਆਂ ਕੀਤਾ ਅਤੇ ਜਦੋਂ ਉਨ੍ਹਾਂ ਨੇ ਚੁਣੀਆਂ ਹੋਈਆਂ ਸਰਕਾਰਾਂ ਬਣਾਈਆਂ ਅਸੀਂ ਉਨ੍ਹਾਂ ਦੇ ਨਾਲ ਖੜ੍ਹੇ।"[15]

ਜਦਕਿ ਇਰਾਕ ਦੀ ਮੁੜ-ਉਸਾਰੀ ਲਈ ਰਾਖਵੇਂ ਅਰਬਾਂ ਡਾਲਰਾਂ ਦੇ ਹਸ਼ਰ ਦਾ ਬੁਸ਼ ਵਲੋਂ ਦੁਹਾਈ ਦਿੱਤੇ ਇਤਿਹਾਸ ਨਾਲ ਕੋਈ ਲਾਗਾ-ਦੇਗਾ ਹੀ ਨਹੀਂ ਹੈ। ਅਸਲ ਮਾਰਸ਼ਲ ਯੋਜਨਾ ਤਹਿਤ, ਅਮਰੀਕੀ ਕੰਪਨੀਆਂ ਨੇ ਯੂਰਪ ਨੂੰ ਸਾਜ਼-ਸਮਾਨ ਅਤੇ ਖਾਣਾ ਭੇਜ ਕੇ ਇਸ ਦਾ ਲਾਹਾ ਜ਼ਰੂਰ ਲਿਆ। ਪਰ ਇਸ ਦਾ ਸਪਸ਼ਟ ਉਦੇਸ਼ ਜੰਗ ਨਾਲ ਤਹਿਸ਼-ਨਹਿਸ਼ ਹੋਏ ਇਨ੍ਹਾਂ ਅਰਥਚਾਰਿਆਂ ਨੂੰ ਸਾਵੀਂ ਹਾਲਤ 'ਚ ਲਿਆ ਕੇ ਸਵੈ-ਨਿਰਭਰ ਮੰਡੀਆਂ ਬਣਾਉਣਾ, ਸਥਾਨਕ ਰੁਜ਼ਗਾਰ ਪੈਦਾ ਕਰਨਾ ਅਤੇ ਘਰੇਲੂ ਸਮਾਜਿਕ ਸੇਵਾਵਾਂ ਲਈ ਪੈਸਾ ਜੁਟਾਉਣ ਦੇ ਸਮਰੱਥ ਟੈਕਸ ਰੂਪੀ ਅਧਾਰ ਵਿਕਸਤ ਕਰਨਾ ਸੀ—ਅੱਜ ਇਸ ਦੇ ਨਤੀਜੇ ਜਰਮਨੀ ਅਤੇ ਜਪਾਨ ਦੇ ਰਲੇ-ਮਿਲੇ ਅਰਥਚਾਰਿਆਂ ਵਜੋਂ ਮੌਜੂਦ ਹਨ।

ਅਸਲ ਵਿਚ ਬੁਸ਼ ਮੰਤਰੀ-ਮੰਡਲ ਨੇ ਜੋ ਯੋਜਨਾ ਸ਼ੁਰੂ ਕੀਤੀ ਉਹ ਹਰ ਸੰਭਵ ਤਰੀਕੇ ਨਾਲ ਮਾਰਸ਼ਲ ਯੋਜਨਾ ਤੋਂ ਉਲਟ ਸੀ। ਸ਼ੁਰੂ ਤੋਂ ਹੀ ਇਹ ਯੋਜਨਾ ਇਰਾਕ ਦੇ ਬੁਰੀ ਤਰ੍ਹਾਂ ਕਮਜ਼ੋਰ

ਸਨਅਤੀ ਖੇਤਰ ਨੂੰ ਹੋਰ ਢਾਹ ਲਾਉਂਦੀ ਸੀ ਅਤੇ ਇਰਾਕ ਦੀ ਬੇਰੁਜ਼ਗਾਰੀ 'ਚ ਵਾਧਾ ਯਕੀਨੀ ਬਣਾਉਂਦੀ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਦੀ ਯੋਜਨਾ ਨੇ ਬਦੇਸ਼ੀ ਕੰਪਨੀਆਂ ਨੂੰ ਇੱਥੇ ਪੂੰਜੀ-ਨਿਵੇਸ਼ ਕਰਨ ਉੱਪਰ ਰੋਕ ਲਾਈ ਸੀ, ਤਾਂ ਜੋ ਇਹ ਪ੍ਰਭਾਵ ਨਾ ਜਾਵੇ ਕਿ ਉਹ ਇਨ੍ਹਾਂ ਦੇਸ਼ਾਂ ਦੀ ਕਮਜ਼ੋਰ ਹਾਲਤ ਦਾ ਫ਼ਾਇਦਾ ਉਠਾ ਰਹੀਆਂ ਹਨ, ਇਸ ਦੇ ਉਲਟ ਬੁਸ਼ ਦੀ ਯੋਜਨਾ ਨੇ ਅਮਰੀਕੀ ਕਾਰਪੋਰੇਟਾਂ ਨੂੰ ਲਾਹਾ ਲੈਣ ਲਈ ਭਰਮਾਉਣ ਦਾ ਹਰ ਸੰਭਵ ਯਤਨ ਕੀਤਾ ("ਸਵੈ-ਇੱਛਾ ਨਾਲ ਗੱਠਜੋੜ" ਵਿਚ ਸ਼ਾਮਲ ਦੇਸ਼ਾਂ ਦੀਆਂ ਕਾਰਪੋਰੇਸ਼ਨਾਂ ਵੱਲ ਵੀ ਕੁਝ ਹੱਡੀਆਂ ਸੁੱਟੀਆਂ ਦਿੱਤੀਆਂ ਗਈਆਂ)। ਸ਼ੁਰੂ ਤੋਂ ਹੀ ਪ੍ਰਾਜੈਕਟ ਦੀ ਹੋਣੀ ਇਰਾਕ ਦੀ ਮੁੜ-ਉਸਾਰੀ ਲਈ ਰਾਖਵੇਂ ਫੰਡਾਂ ਦੀ ਚੋਰੀ ਨੇ ਤੈਅ ਕਰ ਦਿੱਤੀ ਸੀ ਇਸ ਵਿਚ ਸਿਰਫ਼ "ਭ੍ਰਿਸ਼ਟਾਚਾਰ" ਅਤੇ "ਗ਼ੈਰਕਾਰਜਕੁਸ਼ਲਤਾ" ਦੇ ਸਾਧਾਰਨ ਪ੍ਰੇਤ ਦੀ ਭੂਮਿਕਾ ਨਹੀਂ ਸੀ। ਅਮਰੀਕਾ ਵਾਲੇ ਉੱਤਮ ਹਨ ਅਤੇ ਇਰਾਕੀ ਘਟੀਆ, ਇਹ ਨਸਲਪ੍ਰਸਤ ਧਾਰਨਾਵਾਂ ਇਸ ਚੋਰੀ ਨੂੰ ਬਿਨਾਂ ਕਿੰਤੂ-ਪ੍ਰੰਤੂ ਜਾਇਜ਼ ਠਹਿਰਾਉਂਦੀਆਂ ਸਨ।

ਇਕ ਵੀ ਪੈਸਾ ਇਰਾਕੀ ਫੈਕਟਰੀਆਂ ਨੂੰ ਨਹੀਂ ਮਿਲਿਆ ਜਿਸ ਨਾਲ ਉਨ੍ਹਾਂ ਨੂੰ ਦੁਬਾਰਾ ਚਲਾਇਆ ਜਾਂਦਾ ਅਤੇ ਉਹ ਟਿਕਾਊ ਆਰਥਿਕਤਾ ਦੀ ਬੁਨਿਆਦ ਬਣਦੀਆਂ। ਸਥਾਨਕ ਰੁਜ਼ਗਾਰ ਪੈਦਾ ਹੁੰਦਾ ਅਤੇ ਸਮਾਜਿਕ ਸੁਰੱਖਿਆ ਦੇ ਤਾਣੇਬਾਣੇ ਨੂੰ ਫੰਡ ਮੁਹੱਈਆ ਹੁੰਦੇ। ਅਸਲ ਵਿਚ, ਇਸ ਯੋਜਨਾ ਵਿਚ ਇਰਾਕੀਆਂ ਦੀ ਕੋਈ ਭੂਮਿਕਾ ਹੀ ਨਹੀਂ ਰੱਖੀ ਗਈ ਸੀ। ਇਸ ਦੀ ਬਜਾਏ ਅਮਰੀਕੀ ਫੈੱਡਰਲ ਸਰਕਾਰ ਠੇਕੇ ਤੈਅ ਕਰਦੀ ਹੈ। ਇਨ੍ਹਾਂ ਵਿਚੋਂ ਬਹੁਤੇ ਯੂਐੱਸ ਏਡ ਵਲੋਂ ਜਾਰੀ ਕੀਤੇ ਜਾਂਦੇ ਹਨ। ਇਹ ਠੇਕੇ ਇਕ ਕਿਸਮ ਦਾ ਡੱਬਾਬੰਦ ਦੇਸ਼ ਹਨ ਜਿਸ ਦਾ ਨਮੂਨਾ ਤਾਂ ਵਰਜੀਨੀਆ ਅਤੇ ਟੈਕਸਾਸ 'ਚ ਬਣਾਇਆ ਜਾਂਦਾ ਹੈ ਅਤੇ ਵੱਖ-ਵੱਖ ਹਿੱਸੇ ਇਰਾਕ 'ਚ ਜੋੜ ਦਿੱਤੇ ਜਾਂਦੇ ਹਨ। ਜਿਵੇਂ ਕਾਬਜ਼ ਅਧਿਕਾਰੀਆਂ ਨੇ ਵਾਰ-ਵਾਰ ਦੁਹਰਾਇਆ ਹੈ ਕਿ ਇਹ "ਅਮਰੀਕਾ ਦੇ ਲੋਕਾਂ ਵਲੋਂ ਇਰਾਕੀ ਲੋਕਾਂ ਨੂੰ ਦਿੱਤਾ ਤੋਹਫ਼ਾ ਹੈ"—ਇਰਾਕੀ ਲੋਕਾਂ ਨੇ ਤਾਂ ਬਸ ਤੋਹਫ਼ੇ ਦੇ ਇਸ ਡੱਬੇ ਨੂੰ ਖੋਲ੍ਹਣਾ ਹੀ ਹੈ।[16] ਹਿੱਸੇ ਜੋੜਨ ਦੇ ਅਮਲ ਵਿਚ ਇਰਾਕ ਦੀਆਂ ਨਵੀਂਆਂ ਉਜਰਤਾਂ ਵਾਲੇ ਮਜ਼ਦੂਰਾਂ ਦੀ ਵੀ ਲੋੜ ਨਹੀਂ ਸੀ ਕਿਉਂਕਿ ਹੈਲੀਬਰਟਨ, ਬੈੱਚਟੈੱਲ ਅਤੇ ਕੈਲੀਫੋਰਨੀਆ ਸਥਿਤ ਦਿਓ ਕੱਦ ਇੰਜੀਨੀਅਰਿੰਗ ਕੰਪਨੀ ਪਾਰਸਨਜ਼ ਵਰਗੀਆਂ ਅਮਰੀਕੀ ਠੇਕਾ ਕੰਪਨੀਆਂ ਨੇ ਬਦੇਸ਼ੀ ਮਜ਼ਦੂਰ ਦਰਾਮਦ ਕਰਨ ਨੂੰ ਪਹਿਲ ਦਿੱਤੀ। ਕੰਪਨੀਆਂ ਨੂੰ ਭਰੋਸਾ ਸੀ ਕਿ ਬਦੇਸ਼ੀ ਮਜ਼ਦੂਰ ਹਾਲਾਤ ਨੂੰ ਸੰਭਾਲ ਲੈਣਗੇ। ਇਕ ਵਾਰ ਫੇਰ ਇਰਾਕੀਆਂ ਨੂੰ ਸਹਿਮੇ ਹੋਏ ਦਰਸ਼ਕਾਂ ਦੀ ਭੂਮਿਕਾ ਦਿੱਤੀ ਗਈ—ਪਹਿਲਾਂ ਉਹ ਅਮਰੀਕੀ ਫ਼ੌਜੀ ਤਕਨਾਲੋਜੀ ਤੋਂ ਭੈਭੀਤ ਸਨ ਅਤੇ ਹੁਣ ਇਸ ਦੀ ਇੰਜੀਨੀਅਰਿੰਗ ਅਤੇ ਪ੍ਰਬੰਧਕੀ ਮੁਹਾਰਤ ਤੋਂ।

ਜਿਵੇਂ ਅੰਦਰੂਨੀ ਸੁਰੱਖਿਆ ਸਨਅਤ 'ਚ ਕੀਤਾ ਗਿਆ ਸੀ, ਇੱਥੇ ਵੀ ਸਰਕਾਰੀ ਮੁਲਾਜ਼ਮਾਂ—ਇੱਥੋਂ ਤੱਕ ਕਿ ਅਮਰੀਕੀ ਸਰਕਾਰ ਦੇ ਮੁਲਾਜ਼ਮਾਂ—ਦੀ ਭੂਮਿਕਾ ਵੱਧ ਤੋਂ ਵੱਧ ਘਟਾ ਦਿੱਤੀ ਗਈ। ਢਾਈ ਕਰੋੜ ਦੀ ਵਸੋਂ ਵਾਲੇ ਦੇਸ਼ ਦਾ ਪ੍ਰਸ਼ਾਸਨ ਚਲਾਉਣ ਲਈ ਬਰੈਮਰ ਦੇ ਸਟਾਫ਼ 'ਚ ਸਿਰਫ਼ ਪੰਦਰਾਂ ਸੌ ਵਿਅਕਤੀ ਸਨ। ਇਸ ਦੇ ਮੁਕਾਬਲੇ, ਇਸ ਖੇਤਰ ਵਿਚ ਹੈਲੀਬਰਟਨ ਦੇ ਪੰਜਾਹ ਹਜ਼ਾਰ ਸਟਾਫ਼ ਮੈਂਬਰ ਸਨ। ਇਨ੍ਹਾਂ ਵਿਚੋਂ ਬਹੁਤੇ ਜ਼ਿੰਦਗੀ ਭਰ ਸਰਕਾਰੀ ਮੁਲਾਜ਼ਮ ਰਹੇ ਸਨ ਜਿਨ੍ਹਾਂ ਨੂੰ ਬਿਹਤਰ ਤਨਖ਼ਾਹਾਂ ਦੀ ਪੇਸ਼ਕਸ਼ ਨਾਲ ਭਰਮਾ ਕੇ ਨਿੱਜੀ ਖੇਤਰ 'ਚ ਲਿਆਂਦਾ ਗਿਆ ਸੀ।[17]

ਜਨਤਾ ਦੀ ਨਿਗੂਣੀ ਮੌਜੂਦਗੀ ਅਤੇ ਕਾਰਪੋਰੇਟ ਖੇਤਰ ਦਾ ਬੋਲਬਾਲਾ ਇਸ ਤੱਥ ਨੂੰ ਦਰਸਾਉਂਦਾ ਸੀ ਕਿ ਬੁਸ਼ ਦਾ ਮੰਤਰੀ ਮੰਡਲ ਇਰਾਕ ਦੀ ਮੁੜ ਉਸਾਰੀ (ਜਿਸ ਉੱਪਰ ਇਸ ਦਾ ਪੂਰਾ ਕੰਟਰੋਲ ਸੀ, ਇਸ ਦੇ ਉਲਟ ਇਸ ਦੇ ਆਪਣੇ ਦੇਸ਼ ਵਿਚ ਫੈਡਰਲ ਅਫਸਰਸ਼ਾਹੀ ਦਾ ਇੰਵ

ਕੰਟਰੋਲ ਨਹੀਂ ਸੀ) ਦੀ ਵਰਤੋਂ ਆਪਣੀ ਉਸ ਦ੍ਰਿਸ਼ਟੀ ਨੂੰ ਅਮਲ ਵਿਚ ਲਿਆਉਣ ਲਈ ਕਰ ਰਿਹਾ ਸੀ ਜਿਸ ਵਿਚ ਸਾਰੇ ਕੰਮ ਪੂਰੀ ਤਰ੍ਹਾਂ ਠੇਕੇ ਉੱਤੇ ਕਰਵਾਏ ਜਾਣਗੇ ਅਤੇ ਸਰਕਾਰ ਬਸ ਖੋਲ ਹੀ ਹੋਵੇਗੀ। ਇਰਾਕ ਵਿਚ, ਇਕ ਵੀ ਸਰਕਾਰੀ ਕੰਮ ਨੂੰ ਇਸ ਤਰ੍ਹਾਂ ਦਾ "ਅਹਿਮ" ਨਹੀਂ ਸਮਝਿਆ ਗਿਆ ਜਿਸ ਨੂੰ ਠੇਕੇਦਾਰਾਂ ਤੋਂ ਕਰਵਾਉਣਾ ਸੰਭਵ ਨਾ ਹੋਵੇ। ਇਹ ਤਰਜੀਹੀ ਠੇਕੇਦਾਰ ਰਿਪਬਲਿਕਨ ਪਾਰਟੀ ਨੂੰ ਵਿਤੀ ਫੰਡ ਜਾਂ ਚੋਣ ਮੁਹਿੰਮਾਂ ਲਈ ਈਸਾਈ ਪ੍ਰਚਾਰਕ ਮੁਹੱਈਆ ਕਰਾਉਂਦੇ ਸਨ। ਇਰਾਕ ਵਿਚ ਬਦੇਸ਼ੀ ਤਾਕਤਾਂ ਦੇ ਸਾਰੇ ਪਹਿਲੂਆਂ ਦਾ ਸੰਚਾਲਨ ਬੁਸ਼ ਦਾ ਇਹ ਆਮ ਸਿਧਾਂਤ ਕਰਦਾ ਸੀ : ਜੇ ਕੋਈ ਕੰਮ ਕਿਸੇ ਨਿੱਜੀ ਅਦਾਰੇ ਤੋਂ ਕਰਾਇਆ ਜਾ ਸਕਦਾ ਹੈ ਤਾਂ ਲਾਜ਼ਮੀ ਹੀ ਉਸੇ ਤੋਂ ਕਰਾਇਆ ਜਾਵੇ।

ਇਸ ਲਈ ਭਾਵੇਂ ਕਾਨੂੰਨਾਂ 'ਤੇ ਦਸਤਖ਼ਤ ਬਰੈਮਰ ਕਰਦਾ ਸੀ, ਪਰ ਆਰਥਿਕਤਾ ਦੇ ਅਸਲ ਨੀਤੀ ਘਾੜੇ ਅਤੇ ਕਰਤਾ-ਧਰਤਾ ਨਿੱਜੀ ਲੇਖਾਕਾਰ ਸਨ। (ਲੇਖੇਜੋਖੇ ਅਤੇ ਸਲਾਹ ਦੇਣ ਦੇ ਕਾਰੋਬਾਰ ਦੀ ਵੱਡੀ ਕੌਮਾਂਤਰੀ ਕੰਪਨੀ ਕੇ ਪੀ ਐੱਮ ਜੀ ਦੀ ਸ਼ਾਖਾ *ਬੇਰਿੰਗਪੁਆਇੰਟ* ਨੂੰ ਇਰਾਕ ਵਿਚ "ਮੰਡੀ ਸੰਚਾਲਤ ਪ੍ਰਬੰਧ" ਉਸਾਰਨ ਲਈ 24 ਕਰੋੜ ਡਾਲਰ ਦੀ ਅਦਾਇਗੀ ਕੀਤੀ ਗਈ। 107 ਸਫ਼ੇ ਦੇ ਦਸਤਾਵੇਜ਼ ਵਿਚ "ਨਿੱਜੀਕਰਨ" ਲਫ਼ਜ਼ ਦਾ ਇਕਵੰਜਾ ਵਾਰ ਜ਼ਿਕਰ ਆਉਂਦਾ ਹੈ : ਅਸਲ ਠੇਕੇ ਦਾ ਬਹੁਤਾ ਹਿੱਸਾ ਇਸੇ ਬੇਰਿੰਗਪੁਆਇੰਟ ਨੇ ਤਿਆਰ ਕਰਕੇ ਦਿੱਤਾ ਸੀ।) ਇਸੇ ਤਰ੍ਹਾਂ ਨੀਤੀ ਘਾੜਿਆਂ ਨੂੰ ਦਿਮਾਗ ਖ਼ਰਚਣ ਦੀ ਅਦਾਇਗੀ ਕੀਤੀ ਗਈ (ਬਰਤਾਨੀਆ ਦੀ ਐਡਮ ਸਮਿੱਥ ਸੰਸਥਾ ਨਾਲ ਇਰਾਕ ਦੀਆਂ ਕੰਪਨੀਆਂ ਦਾ ਨਿੱਜੀਕਰਨ ਕਰਨ 'ਚ ਹੱਥ ਵਟਾਉਣ ਲਈ ਠੇਕਾ ਕੀਤਾ ਗਿਆ ਸੀ)। ਨਿੱਜੀ ਸੁਰੱਖਿਆ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਅਤੇ ਰੱਖਿਆ ਖੇਤਰ ਦੇ ਠੇਕੇਦਾਰਾਂ ਨੇ ਇਰਾਕ ਦੀ ਨਵੀਂ ਫ਼ੌਜ ਅਤੇ ਪੁਲਿਸ ਨੂੰ ਸਿਖਲਾਈ ਦਿੱਤੀ (ਹੋਰਨਾਂ ਤੋਂ ਇਲਾਵਾ ਇਨ੍ਹਾਂ ਵਿਚ ਡਾਈਨਕਾਰਪ, ਵਿਨੈੱਲ ਅਤੇ ਕਾਰਲਾਈਲ ਗਰੁੱਪ ਦੀ ਯੂ ਐੱਸ ਆਈ ਐੱਸ ਸ਼ਾਮਲ ਸਨ)। ਅਤੇ ਸਿੱਖਿਆ ਖੇਤਰ ਦੀਆਂ ਕੰਪਨੀਆਂ ਨੇ ਸੱਦਾਮ ਤੋਂ ਬਾਅਦ ਸਰਕਾਰ ਨੂੰ ਪਾਠਕ੍ਰਮ ਤਿਆਰ ਕਰਕੇ ਦਿੱਤੇ ਅਤੇ ਨਵੀਂਆਂ ਪਾਠ-ਪੁਸਤਕਾਂ ਛਾਪੀਆਂ। (ਵਾਸ਼ਿੰਗਟਨ ਡੀ ਸੀ ਅਧਾਰਤ ਪ੍ਰਬੰਧਕੀ ਅਤੇ ਸਿੱਖਿਆ ਮਾਮਲਿਆਂ ਦੀ ਸਲਾਹਕਾਰ ਕੰਪਨੀ ਕ੍ਰੀਏਟਿਵ ਐਸੋਸੀਏਟਸ ਨੂੰ ਇਨ੍ਹਾਂ ਕਾਰਜਾਂ ਲਈ 10 ਕਰੋੜ ਡਾਲਰ ਤੋਂ ਵੱਧ ਦੇ ਠੇਕੇ ਦਿੱਤੇ ਗਏ ਸਨ।)•[18]

ਚੈਨੀ ਨੇ ਬਲਕਾਨ ਦੇਸ਼ਾਂ ਅੰਦਰ ਹੈਲੀਬਰਟਨ ਨੂੰ ਜਿਸ ਮਾਡਲ ਦੀ ਮੋਹਰੀ ਬਣਾਇਆ ਸੀ ਉਸ ਤਹਿਤ ਫ਼ੌਜੀ ਅੱਡਿਆਂ ਨੂੰ ਹੈਲੀਬਰਟਨ ਦੇ ਮਿੰਨੀ ਸ਼ਹਿਰ ਬਣਾ ਦਿੱਤਾ ਗਿਆ ਸੀ। ਹੁਣ ਇਸ ਮਾਡਲ ਨੂੰ ਬਹੁਤ ਵੱਡੇ ਪੱਧਰ 'ਤੇ ਇਰਾਕ 'ਚ ਅਪਣਾਇਆ ਗਿਆ। ਪੂਰੇ ਦੇਸ਼ ਵਿਚ ਹੈਲੀਬਰਟਨ ਨੂੰ ਫ਼ੌਜੀ ਅੱਡਿਆਂ ਦੀ ਉਸਾਰੀ ਅਤੇ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਗਈ। ਇਸ ਤੋਂ ਇਲਾਵਾ, ਸ਼ੁਰੂ ਤੋਂ ਹੀ ਇਕ ਵਿਸ਼ੇਸ਼ ਮਹਿਫ਼ੂਜ਼ ਖੇਤਰ ਬਣਾਇਆ ਗਿਆ। ਇਹ ਹੈਲੀਬਰਟਨ ਵਲੋਂ ਚਲਾਈ ਜਾਂਦੀ ਅਨੋਖੀ ਸ਼ਹਿਰੀ ਰਿਆਸਤ ਹੈ, ਜਿੱਥੇ ਕੰਪਨੀ ਸੜਕਾਂ ਦੇ

• ਅਹਿਮਦ ਅਲ ਰਹੀਮ ਨਾਂ ਦੇ ਜਿਸ ਇਰਾਕੀ ਅਮਰੀਕੀ ਨੇ ਕ੍ਰੀਏਟਿਵ ਐਸੋਸੀਏਟਸ ਨਾਲ ਮਿਲ ਕੇ ਕੰਮ ਕੀਤਾ ਸੀ ਉਸ ਨੇ ਖ਼ੁਲਾਸਾ ਕੀਤਾ, "ਸ਼ੁਰੂ ਵਿਚ ਵਿਚਾਰ ਇਹ ਸੀ ਕਿ ਅਸੀਂ ਸਿਲੇਬਸ ਲਿਖਾਂਗੇ ਅਤੇ ਇਰਾਕ ਲੈ ਜਾਵਾਂਗੇ। ਜਿਵੇਂ ਬਾਅਦ 'ਚ ਸਾਹਮਣੇ ਆਇਆ, ਇਰਾਕੀ ਲੋਕਾਂ ਨੇ ਇਤਰਾਜ਼ ਕੀਤਾ ਕਿ ਅਮਰੀਕਾ 'ਚ ਤਿਆਰ ਕੀਤੀ ਕੋਈ ਚੀਜ਼ ਪ੍ਰਵਾਨ ਨਹੀਂ ਕੀਤੀ ਜਾ ਸਕਦੀ ਅਤੇ ਇਹ ਵਿਚਾਰ ਰੱਦ ਕਰ ਦਿੱਤਾ ਗਿਆ।"

ਰੱਖ-ਰਖਾਅ ਤੋਂ ਲੈ ਕੇ ਬੀਮਾਰੀਆਂ ਫੈਲਣ ਤੋਂ ਰੋਕਣ, ਫਿਲਮਾਂ ਅਤੇ ਡਿਸਕੋ ਨਾਈਟਾਂ ਦਾ ਪ੍ਰਬੰਧ ਚਲਾਉਣ ਤੱਕ ਹਰ ਚੀਜ਼ ਦੀ ਕਰਤਾ-ਧਰਤਾ ਹੈ।

ਸੀ ਪੀ ਏ ਕੋਲ ਸਾਰੇ ਠੇਕਿਆਂ ਦੀ ਨਿਗਰਾਨੀ ਕਰਨ ਲਈ ਬਹੁਤ ਥੋੜ੍ਹਾ ਸਟਾਫ਼ ਸੀ। ਇਸ ਤੋਂ ਇਲਾਵਾ ਬੁਸ਼ ਸਰਕਾਰ ਨੇ ਨਿਗਰਾਨੀ ਦੇ ਕੰਮ ਨੂੰ ਇਕ ਐਸੇ ਗ਼ੈਰ-ਅਹਿਮ ਕੰਮ ਵਜੋਂ ਲਿਆ ਜਿਸ ਨੂੰ ਠੇਕੇ 'ਤੇ ਕਰਵਾਇਆ ਜਾ ਸਕਦਾ ਹੈ। ਕੋਲੋਰੈਡੋ ਦੀ ਇੰਜੀਨੀਅਰਿਗ ਅਤੇ ਉਸਾਰੀ ਕੰਪਨੀ ਸੀ ਐੱਚ2 ਐੱਮ ਹਿੱਲ ਨੂੰ ਪਾਰਸਨਜ਼ ਨਾਲ ਮਿਲ ਕੇ ਚਾਰ ਹੋਰ ਵੱਡੇ ਠੇਕੇਦਾਰਾਂ ਦੇ ਕੰਮ ਦੀ ਮਿਲ ਕੇ ਨਿਗਰਾਨੀ ਕਰਨ ਬਦਲੇ 2 ਕਰੋੜ 85 ਲੱਖ ਡਾਲਰ ਦੀ ਅਦਾਇਗੀ ਕੀਤੀ ਗਈ। ਇੱਥੋਂ ਤੱਕ ਕਿ "ਸਥਾਨਕ ਜਮਹੂਰੀਅਤ" ਉਸਾਰੀ ਦੇ ਕੰਮ ਦਾ ਨਿੱਜੀਕਰਨ ਕਰਕੇ ਕੈਰੋਲਿਨਾ ਦੀ ਰਿਸਰਚ ਟ੍ਰਾਈਐਂਗਲ ਇੰਸਟੀਚਿਊਟ (ਆਰ ਟੀ ਆਈ) ਨੂੰ 46 ਕਰੋੜ 60 ਲੱਖ ਡਾਲਰ ਦਾ ਠੇਕਾ ਦੇ ਦਿੱਤਾ ਗਿਆ। ਹਾਲਾਂਕਿ ਇਹ ਬਿਲਕੁਲ ਸਪਸ਼ਟ ਨਹੀਂ ਕੀਤਾ ਗਿਆ ਕਿ ਇਕ ਮੁਸਲਿਮ ਦੇਸ਼ 'ਚ ਜਮਹੂਰੀਅਤ ਲਿਆਉਣ ਲਈ ਆਰ ਟੀ ਆਈ ਦੀ ਯੋਗਤਾ ਦਾ ਅਧਾਰ ਕੀ ਸੀ। ਕੰਪਨੀ ਦੇ ਇਰਾਕ ਵਿਚਲੇ ਕੰਮ ਦੀ ਲੀਡਰਸ਼ਿਪ 'ਚ ਜੇਮਜ਼ ਮੇਅਲੈਂਡ ਵਰਗੇ ਮੌਰਮਨ• ਭਾਰੂ ਸਨ। ਜੇਮਜ਼ ਨੇ ਪਿੱਛੇ ਹਾਊਸਟਨ 'ਚ ਆਪਣੇ ਮਿਸ਼ਨ ਨੂੰ ਦੱਸਿਆ ਕਿ ਉਸ ਦੀ ਸੋਚ ਹੈ ਕਿ ਮੁਸਲਮਾਨਾਂ ਨੂੰ ਮੌਰਮਨ ਗ੍ਰੰਥ ਨੂੰ ਅਪਨਾਉਣ ਲਈ ਇਹ ਕਹਿ ਕੇ ਮਨਾਇਆ ਜਾ ਸਕਦਾ ਹੈ ਕਿ ਇਸ ਦੀਆਂ ਸਿੱਖਿਆਵਾਂ ਪੈਗੰਬਰ ਮੁਹੰਮਦ ਦੀਆਂ ਸਿੱਖਿਆਵਾਂ ਅਨੁਸਾਰ ਹੀ ਹਨ। ਆਪਣੇ ਦੇਸ਼ ਨੂੰ ਭੇਜੀ ਈ-ਮੇਲ ਵਿਚ ਉਸ ਨੇ ਸੁਪਨਾ ਲਿਆ ਕਿ ਇਰਾਕੀ ਲੋਕ "ਜਮਹੂਰੀਅਤ ਦੇ ਬਾਨੀ" ਵਜੋਂ ਉਸ ਦਾ ਬੁੱਤ ਲਾਉਣਗੇ।••[19]

ਜਦੋਂ ਇਨ੍ਹਾਂ ਬਦੇਸ਼ੀ ਕਾਰਪੋਰੇਸ਼ਨਾਂ ਨੇ ਦੇਸ਼ ਉੱਤੇ ਧਾਵਾ ਬੋਲਿਆ ਤਾਂ ਇਰਾਕ ਦੀਆਂ ਦੋ ਸੌ ਸਰਕਾਰੀ ਕੰਪਨੀਆਂ ਦੀ ਮਸ਼ੀਨਰੀ ਲੰਮੇ ਸਮੇਂ ਤੋਂ ਬਿਜਲੀ ਗੁੱਲ ਹੋਣ ਕਾਰਨ ਬੰਦ ਪਈ ਸੀ। ਇਕ ਸਮੇਂ ਇਰਾਕ ਇਸ ਖੇਤਰ ਦੇ ਸਭ ਤੋਂ ਆਧੁਨਿਕ ਅਰਥਚਾਰਿਆਂ ਵਿਚੋਂ ਇਕ ਸੀ; ਹੁਣ ਇਸ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਨੂੰ ਆਪਣੇ ਹੀ ਦੇਸ਼ ਦੀ ਮੁੜ-ਉਸਾਰੀ ਕਰਨ ਦੇ ਠੇਕੇ ਵਿਚੋਂ ਅਗਾਂਹ ਤੋਂ ਅਗਾਂਹ ਕੋਈ ਛੋਟਾ ਹਿੱਸਾ ਵੀ ਨਸੀਬ ਨਹੀਂ ਸੀ। ਮੁਨਾਫ਼ੇ ਦੀ ਦੌੜ 'ਚ ਸ਼ਾਮਲ ਹੋਣ ਲਈ, ਇਰਾਕੀ ਕੰਪਨੀਆਂ ਨੂੰ ਹੰਗਾਮੀ ਜਨਰੇਟਰਾਂ ਅਤੇ ਬੁਨਿਆਦੀ ਮੁਰੰਮਤ ਦੇ ਇੰਤਜ਼ਾਮ ਦੀ ਜ਼ਰੂਰਤ ਸੀ। ਜਿਸ ਰਫ਼ਤਾਰ ਨਾਲ ਹੈਲੀਬਰਟਨ ਇੱਥੇ ਫ਼ੌਜੀ ਅੱਡੇ ਉਸਾਰ ਰਹੀ ਸੀ ਉਸ ਦੇ ਹੁੰਦਿਆਂ ਇਹ ਇੰਤਜ਼ਾਮ ਕਰਨਾ ਮੁਸ਼ਕਲ ਨਹੀਂ ਸੀ—ਇਹ ਅੱਡੇ ਅਮਰੀਕਾ ਦੇ ਮਿਡ-ਵੈਸਟਰਨ ਉੱਪ-ਸ਼ਹਿਰੀ ਖੇਤਰਾਂ ਦਾ ਭੁਲੇਖਾ ਪਾਉਂਦੇ ਸਨ।

ਸਨਅਤ ਮੰਤਰਾਲੇ ਦੇ ਮੁਹੰਮਦ ਤੌਫੀਕ ਨੇ ਮੈਨੂੰ ਦੱਸਿਆ ਕਿ ਉਸ ਨੇ ਜਨਰੇਟਰ ਦੇਣ ਦੀ ਵਾਰ-ਵਾਰ ਬੇਨਤੀ ਕੀਤੀ ਕਿ ਇਸ ਨਾਲ ਇਰਾਕ ਦੀਆਂ ਸਤਾਰਾਂ ਸਰਕਾਰੀ ਕੰਪਨੀਆਂ ਮੁੜ-ਉਸਾਰੀ ਲਈ ਲੋੜੀਂਦਾ ਉਸਾਰੀ ਦਾ ਸਮਾਨ ਸਪਲਾਈ ਕਰ ਸਕਦੀਆਂ ਹਨ ਅਤੇ ਲੱਖਾਂ ਇਰਾਕੀਆਂ ਨੂੰ ਰੁਜ਼ਗਾਰ ਦੇ ਸਕਦੀਆਂ ਹਨ। ਪਰ ਇਨ੍ਹਾਂ ਫੈਕਟਰੀਆਂ ਨੂੰ ਕੁਝ ਵੀ ਨਹੀਂ ਦਿੱਤਾ ਗਿਆ—ਨਾ ਠੇਕੇ, ਨਾ ਜਨਰੇਟਰ, ਨਾ ਕੋਈ ਸਹਾਇਤਾ। ਇਸ ਦੀ ਬਜਾਏ ਅਮਰੀਕੀ ਕੰਪਨੀਆਂ ਨੇ ਦਸ ਗੁਣਾਂ

• ਈਸਾਈ ਧਰਮ ਦੀ ਅਮਰੀਕਾ ਦੀ ਇਕ ਵਿਸ਼ੇਸ਼ ਸ਼ਾਖਾ—ਅਨੁਵਾਦਕ

•• ਅਸਲ ਵਿਚ, ਬਹੁਤ ਸਾਰੇ ਸ਼ਹਿਰਾਂ ਤੇ ਕਸਬਿਆਂ ਅੰਦਰ ਇਸਲਾਮਿਕ ਪਾਰਟੀਆਂ ਨੂੰ ਜਮਹੂਰੀ ਰੂਪ ਵਿਚ ਚੁਣੇ ਜਾਣ ਤੋਂ ਰੋਕਣ 'ਚ ਆਰ ਟੀ ਆਈ ਦਾ ਹੱਥ ਹੋਣ ਕਰਕੇ ਇਸ ਨੂੰ ਉੱਥੋਂ ਕੱਢ ਦਿੱਤਾ ਗਿਆ ਸੀ।

ਕੀਮਤ 'ਤੇ ਬਾਹਰੋਂ ਸੀਮਿੰਟ ਮੰਗਵਾਉਣ ਨੂੰ ਪਹਿਲ ਦਿੱਤੀ। ਇਸੇ ਤਰ੍ਹਾਂ ਕਾਮਿਆਂ ਬਾਰੇ ਕੀਤਾ ਗਿਆ। ਬਰੈਮਰ ਵਲੋਂ ਇਕ ਵਿਸ਼ੇਸ਼ ਫ਼ਰਮਾਨ ਤਹਿਤ ਇਰਾਕ ਦੇ ਕੇਂਦਰੀ ਬੈਂਕ ਨੂੰ ਸਰਕਾਰੀ ਮਾਲਕੀ ਵਾਲੇ ਕਾਰੋਬਾਰਾਂ ਨੂੰ ਕਰਜੇ ਦੇਣ ਤੋਂ ਵਰਜ ਦਿੱਤਾ ਗਿਆ (ਇਸ ਤੱਥ ਦਾ ਪਤਾ ਕਈ ਸਾਲ ਬਾਅਦ ਜਾ ਕੇ ਚੱਲਿਆ) ।[20] ਤੌਫੀਕ ਨੇ ਮੈਨੂੰ ਦੱਸਿਆ ਕਿ ਇਰਾਕ ਦੀ ਸਨਅਤ ਨੂੰ ਇਸ ਤਰ੍ਹਾਂ ਛੇਕੇ ਜਾਣ ਦਾ ਕਾਰਨ ਵਿਹਾਰਕ ਸਮੱਸਿਆ ਨਹੀਂ ਸੀ। ਸਗੋਂ ਇਹ ਸਿਧਾਂਤਕ ਸੀ। ਉਸ ਦਾ ਕਹਿਣਾ ਸੀ ਕਿ ਫ਼ੈਸਲੇ ਲੈਣ ਵਾਲਿਆਂ ਵਿਚੋਂ "ਕਿਸੇ ਦੀ ਵੀ ਜਨਤਕ ਖੇਤਰ 'ਚ ਰੁਚੀ ਨਹੀਂ ਸੀ।"

ਜਦੋਂ ਇਰਾਕ ਦੇ ਨਿੱਜੀ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਚੁੱਕੇ ਸਨ ਅਤੇ ਖੁੱਲ੍ਹੀਆਂ ਸਰਹੱਦਾਂ ਦੇ ਪਾਰੋਂ ਆ ਰਹੀਆਂ ਦਰਾਮਦਾਂ ਦੇ ਹੜ੍ਹ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਸਨ, ਓਦੋਂ ਬਰੈਮਰ ਦਾ ਅਮਲਾ-ਫੈਲਾ ਉਨ੍ਹਾਂ ਨੂੰ ਫੋਕਾ ਦਿਲਾਸਾ ਦੇਣ ਤੱਕ ਮਹਿਦੂਦ ਸੀ। ਬਰੈਮਰ ਦੇ ਇਕ ਸਹਾਇਕ ਮਾਈਕਲ ਫਲੈਚਰ ਨੇ ਇਰਾਕੀ ਸਨਅਤਕਾਰਾਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਖ਼ੁਦ ਇਹ ਕਿਹਾ ਕਿ ਉਨ੍ਹਾਂ ਦੇ ਕਾਰੋਬਾਰ ਬਦੇਸ਼ੀ ਮੁਕਾਬਲੇਬਾਜ਼ੀ ਦਾ ਬਿਲਕੁਲ ਸਾਹਮਣਾ ਨਹੀਂ ਕਰ ਸਕਣਗੇ ਪਰ ਇਹੀ ਤਾਂ ਖੁੱਲ੍ਹੀ ਮੰਡੀ ਦੀ ਖ਼ਾਸ ਖ਼ੂਬੀ ਸੀ। ਉਸ ਨੇ ਚਤੁਰਾਈ ਖੇਡ੍ਹਦਿਆਂ ਸਵਾਲ ਕੀਤਾ, "ਕੀ ਬਦੇਸ਼ੀ ਕਾਰੋਬਾਰ ਤੁਹਾਡੇ 'ਤੇ ਭਾਰੂ ਹੋ ਜਾਣਗੇ ? ਇਸ ਦਾ ਜਵਾਬ ਤੁਹਾਡੇ 'ਤੇ ਮੁਨੱਸਰ ਹੈ। ਤੁਹਾਡੇ ਵਿਚੋਂ ਬਿਹਤਰੀਨ ਦੀ ਹੋਂਦ ਹੀ ਬਚ ਸਕੇਗੀ।" ਉਸ ਦੀ ਸੁਰ ਯੈਗੋਰ ਗੈਦਰ ਵਰਗੀ ਸੀ, ਜੋ ਸਦਮਾ ਇਲਾਜ ਦੀ ਵਜ੍ਹਾ ਨਾਲ ਬਰਬਾਦ ਹੋ ਰਹੇ ਰੂਸ ਦੇ ਛੋਟੇ ਕਾਰੋਬਾਰਾਂ ਬਾਰੇ ਵਾਰ-ਵਾਰ ਚਿਤਾਰਦਾ ਰਿਹਾ ਸੀ, "ਫੇਰ ਕੀ ਹੋਇਆ ? ਜਿਨ੍ਹਾਂ ਦੀ ਹੋਂਦ ਖ਼ਤਮ ਹੋ ਰਹੀ ਹੈ ਇਹ ਇਸੇ ਦੇ ਹੱਕਦਾਰ ਹਨ ? "[21]

ਅੱਜ ਇਹ ਆਮ ਚਰਚਾ ਹੈ ਕਿ ਮਾਰਸ਼ਲ ਯੋਜਨਾ ਤੋਂ ਉਲਟ ਬੁਸ਼ ਦੀ ਯੋਜਨਾ ਦਾ ਕੁਝ ਵੀ ਇਨ੍ਹਾਂ ਦੇ ਮਨਸੂਬਿਆਂ ਅਨੁਸਾਰ ਨਹੀਂ ਵਾਪਰਿਆ। ਇਰਾਕੀਆਂ ਨੇ ਕਾਰਪੋਰੇਟ ਲੀਹਾਂ 'ਤੇ ਮੁੜ-ਉਸਾਰੀ ਨੂੰ "ਤੋਹਫ਼ੇ" ਵਜੋਂ ਨਹੀਂ ਲਿਆ। ਬਹੁਤੇ ਲੋਕਾਂ ਦੀ ਸਮਝ ਹੈ ਕਿ ਇਹ ਲੁੱਟਮਾਰ ਦਾ ਆਧੁਨਿਕ ਰੂਪ ਹੈ। ਇਸੇ ਤਰ੍ਹਾਂ ਅਮਰੀਕੀ ਕਾਰਪੋਰੇਸ਼ਨਾਂ ਦੀ ਰਫ਼ਤਾਰ ਅਤੇ ਕਾਰਜਕੁਸ਼ਲਤਾ ਕਿਸੇ ਨੂੰ ਪ੍ਰਭਾਵਤ ਨਹੀਂ ਕਰ ਸਕੀਆਂ। ਇਕ ਇਰਾਕੀ ਇੰਜੀਨੀਅਰ ਦੇ ਲਫ਼ਜ਼ਾਂ 'ਚ, ਇਨ੍ਹਾਂ ਨੇ ਸਗੋਂ "ਮੁੜ-ਉਸਾਰੀ" ਲਫ਼ਜ਼ ਨੂੰ ਐਸਾ "ਚੁਟਕਲਾ ਬਣਾ ਦਿੱਤਾ ਹੈ ਜਿਸ 'ਤੇ ਕੋਈ ਹੱਸਦਾ ਵੀ ਨਹੀਂ ਹੈ।"[22] ਹਰੇਕ ਗ਼ਲਤ ਅੰਦਾਜ਼ਾ ਵਿਰੋਧ ਨੂੰ ਹੋਰ ਭੜਕਾਉਣ ਦਾ ਕਾਰਨ ਹੀ ਬਣਦਾ ਰਿਹਾ, ਬਦੇਸ਼ੀ ਫ਼ੌਜਾਂ ਨੇ ਇਸ ਦੇ ਜਵਾਬ 'ਚ ਹੋਰ ਕਹਿਰ ਢਾਹਿਆ। ਓੜਕ ਇਹ ਦੇਸ਼ ਹਿੰਸਾ ਦੇ ਦੋਜ਼ਖ 'ਚ ਧੱਕ ਦਿੱਤਾ ਗਿਆ। ਬਹੁਤ ਹੀ ਭਰੋਸੇਯੋਗ ਅਧਿਐਨ ਅਨੁਸਾਰ, ਜੁਲਾਈ 2006 ਤੱਕ ਇਰਾਕ ਵਿਰੁੱਧ ਜੰਗ 6 ਲੱਖ 55,000 ਲੋਕਾਂ ਦੀਆਂ ਜਾਨਾਂ ਲੈ ਚੁੱਕੀ ਸੀ। ਜੇ ਇਰਾਕ 'ਤੇ ਹਮਲਾ ਜਾਂ ਕਬਜ਼ਾ ਨਾ ਕੀਤਾ ਜਾਂਦਾ ਤਾਂ ਇਨ੍ਹਾਂ ਨੇ ਮਰਨਾ ਨਹੀਂ ਸੀ।[23]

ਨਵੰਬਰ 2006 'ਚ, ਸੇਵਾ-ਮੁਕਤ ਫ਼ੌਜੀ ਅਫਸਰ ਰਾਲਫ਼ ਪੈਤਰਸ ਨੇ *ਯੂ ਐੱਸ ਏ ਟੂਡੇ* 'ਚ ਲਿਖਿਆ, "ਅਸੀਂ ਇਰਾਕੀਆਂ ਨੂੰ ਕਾਇਦੇ-ਕਾਨੂੰਨ ਅਧਾਰਤ ਜਮਹੂਰੀਅਤ ਦਾ ਅਨੋਖਾ ਮੌਕਾ ਮੁਹੱਈਆ ਕੀਤਾ," ਪਰ ਇਰਾਕੀਆਂ ਨੇ "ਪੁਰਾਣੀਆਂ ਨਫ਼ਰਤਾਂ, ਸ਼ਰੇਆਮ ਹਿੰਸਾ, ਨਸਲੀ-ਸੱਭਿਆਚਾਰਕ ਕੱਟੜਤਾ ਅਤੇ ਭ੍ਰਿਸ਼ਟਾਚਾਰ ਦੇ ਸੱਭਿਆਚਾਰ 'ਚ ਗਲਤਾਨ ਰਹਿਣ ਨੂੰ ਤਰਜੀਹ ਦਿੱਤੀ। ਲੱਗਦਾ ਇੰਝ ਹੈ ਕਿ ਇਹ ਸਨਕੀ ਲੋਕ ਦਰੁਸਤ ਸਨ : ਜਿਸ ਤਰ੍ਹਾਂ ਦੀ ਜਮਹੂਰੀਅਤ ਤੋਂ

ਅਸੀਂ ਵਾਕਫ਼ ਹਾਂ ਇਸ ਨੂੰ ਅਰਬੀ ਸਮਾਜ ਦੀ ਹਮਾਇਤ ਹਾਸਲ ਨਹੀਂ ਹੋਣ ਲੱਗੀ। ਅਤੇ ਲੋਕ ਜਿਸ ਤਰ੍ਹਾਂ ਦੀ ਹਕੂਮਤ ਦੇ ਹੱਕਦਾਰ ਹਨ ਉਸੇ ਤਰ੍ਹਾਂ ਦੀ ਇਨ੍ਹਾਂ ਨੂੰ ਨਸੀਬ ਹੁੰਦੀ ਹੈ.....। ਹਿੰਸਾ ਨਾਲ ਲੱਥਪੱਥ ਬਗ਼ਦਾਦ ਦੀਆਂ ਸੜਕਾਂ ਨਿਰੀ ਇਰਾਕੀ ਸਰਕਾਰ ਦੀ ਨਾਲਾਇਕੀ ਦੀਆਂ ਸੂਚਕ ਨਹੀਂ ਹਨ, ਸਗੋਂ ਇਹ ਵੀ ਦਰਸਾਉਂਦੀਆਂ ਹਨ ਕਿ ਅਰਬ ਜਗਤ ਜਥੇਬੰਦ ਮਨੁੱਖੀ ਹੰਭਲੇ ਦੇ ਖੇਤਰ ਵਿਚ ਤਰੱਕੀ ਦੇ ਵੀ ਪੂਰੀ ਤਰ੍ਹਾਂ ਨਾਕਾਬਿਲ ਹੈ। ਸਾਡੀਆਂ ਅੱਖਾਂ ਮੂਹਰੇ ਸੱਭਿਅਤਾ ਦਾ ਪਤਨ ਹੋ ਰਿਹਾ ਹੈ।"[24] ਪੈਤਰਸ ਖ਼ਾਸ ਤੌਰ 'ਤੇ ਬੜਬੋਲਾ ਜ਼ਰੂਰ ਸੀ, ਪਰ ਅਸਲ ਵਿਚ ਅਨੇਕਾਂ ਪੱਛਮੀ ਵਿਸ਼ਲੇਸ਼ਣਕਾਰਾਂ ਦਾ ਇਹੀ ਫਤਵਾ ਹੈ : ਇਰਾਕੀ ਲੋਕਾਂ 'ਤੇ ਦੋਸ਼ ਮੜ੍ਹ ਦਿਓ।

ਅਸਲ ਵਿਚ ਜਿਸ ਤਰ੍ਹਾਂ ਦੀਆਂ ਸੌੜੀਆਂ ਵੰਡੀਆਂ ਅਤੇ ਧਾਰਮਿਕ ਅੱਤਵਾਦ ਦੀ ਲਪੇਟ 'ਚ ਇਰਾਕ ਆਇਆ ਹੋਇਆ ਹੈ, ਇਸ ਨੂੰ ਹਮਲੇ ਅਤੇ ਕਬਜ਼ੇ ਤੋਂ ਤੋੜ ਕੇ ਸ਼ੁੱਧ ਰੂਪ 'ਚ ਨਹੀਂ ਦੇਖਿਆ ਜਾ ਸਕਦਾ। ਭਾਵੇਂ ਜੰਗ ਤੋਂ ਪਹਿਲਾਂ ਇਨ੍ਹਾਂ ਤਾਕਤਾਂ ਦੀ ਹੋਂਦ ਸੀ, ਪਰ ਇਰਾਕ ਨੂੰ ਅਮਰੀਕੀ ਸਦਮਾ ਇਲਾਜ ਦੀ ਪ੍ਰਯੋਗਸ਼ਾਲਾ ਬਣਾਏ ਜਾਣ ਤੋਂ ਪਹਿਲਾਂ ਇਹ ਬਹੁਤ ਜ਼ਿਆਦਾ ਕਮਜ਼ੋਰ ਸਨ। ਇਹ ਚੇਤੇ ਰੱਖਣਾ ਹੋਵੇਗਾ ਕਿ ਹਮਲੇ ਤੋਂ ਗਿਆਰਾਂ ਮਹੀਨੇ ਬਾਅਦ ਫਰਵਰੀ 2004 'ਚ ਆਕਸਫੋਰਡ ਰਿਸਰਚ ਇੰਟਰਨੈਸ਼ਨਲ ਦੇ ਸਰਵੇਖਣ 'ਚ ਸਾਹਮਣੇ ਆਇਆ ਕਿ ਇਰਾਕੀ ਲੋਕਾਂ ਦੀ ਬਹੁ-ਗਿਣਤੀ ਧਰਮ-ਨਿਰਪੱਖ ਸਰਕਾਰ ਦੇ ਹੱਕ 'ਚ ਸੀ; ਜਵਾਬ ਦੇਣ ਵਾਲਿਆਂ ਵਿਚੋਂ 21 ਫ਼ੀ ਸਦੀ ਦਾ ਕਹਿਣਾ ਸੀ ਕਿ ਉਹ "ਇਸਲਾਮੀਆ ਰਾਜ" ਵਾਲੇ ਸਿਆਸੀ ਪ੍ਰਬੰਧ ਦੇ ਹੱਕ ਵਿਚ ਹਨ ਅਤੇ ਸਿਰਫ਼ 14 ਫ਼ੀ ਸਦੀ ਦਾ ਹੀ ਵਿਚਾਰ ਸੀ ਕਿ "ਧਾਰਮਿਕ ਸਿਆਸਤਦਾਨ" ਉਨ੍ਹਾਂ ਦੇ ਮਨਪਸੰਦ ਸਿਆਸੀ ਪ੍ਰਬੰਧਕ ਹਨ। ਛੇ ਮਹੀਨੇ ਬਾਅਦ, ਜਦੋਂ ਧਾੜਵੀ ਰਾਜ ਇਕ ਨਵੇਂ ਅਤੇ ਵੱਧ ਹਿੰਸਕ ਪੜਾਅ ਵਿਚ ਪਹੁੰਚ ਗਿਆ, ਓਦੋਂ ਇਕ ਹੋਰ ਸਰਵੇਖਣ 'ਚ ਦੇਖਿਆ ਗਿਆ ਕਿ 70 ਫ਼ੀ ਸਦੀ ਇਰਾਕੀ ਚਾਹੁੰਦੇ ਸਨ ਕਿ ਰਾਜ ਇਸਲਾਮੀਆ ਕਾਨੂੰਨ 'ਤੇ ਅਧਾਰਤ ਹੋਣਾ ਚਾਹੀਦਾ ਹੈ।[25] ਜਿੱਥੋਂ ਤੱਕ ਕੱਟੜਪੰਥੀ ਹਿੰਸਾ ਦਾ ਸਵਾਲ ਹੈ, ਧਾੜਵੀ ਰਾਜ ਦੇ ਪਹਿਲੇ ਸਾਲ 'ਚ ਇਸ ਦਾ ਕੋਈ ਨਾਂ-ਨਿਸ਼ਾਨ ਵੀ ਨਹੀਂ ਸੀ। ਇਸ ਤਰ੍ਹਾਂ ਦੀ ਪਹਿਲੀ ਵੱਡੀ ਘਟਨਾ ਸੀ ਅਸ਼ੂਰਾ• ਦੀ ਛੁੱਟੀ ਸਮੇਂ ਸ਼ੀਆ ਮਸਜਿਦਾਂ ਉੱਪਰ ਬੰਬਾਂ ਨਾਲ ਹਮਲੇ, ਇਹ ਇਰਾਕ ਉੱਪਰ ਹਮਲੇ ਤੋਂ ਪੂਰਾ ਇਕ ਸਾਲ ਬਾਅਦ ਮਾਰਚ 2004 ਵਿਚ ਹੋਏ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਧਾੜਵੀ ਰਾਜ ਕਾਰਨ ਹੀ ਫਿਰਕੂ ਨਫ਼ਰਤ ਡੂੰਘੀ ਹੋਈ ਅਤੇ ਭੜਕੀ।

ਅਸਲ ਵਿਚ, ਅੱਜ ਜਿਹੜੀਆਂ ਤਾਕਤਾਂ ਇਰਾਕ ਨੂੰ ਖੇਰੂੰ ਖੇਰੂੰ ਕਰਨ 'ਚ ਲੱਗੀਆਂ ਹੋਈਆਂ ਹਨ, ਜਿਵੇਂ ਭ੍ਰਿਸ਼ਟਾਚਾਰ ਦੀ ਭਰਮਾਰ, ਮੂੰਹ-ਜ਼ੋਰ ਕੱਟੜਵਾਦ, ਮਜ਼ਬੂਤੀ ਮੂਲਵਾਦ ਦਾ ਹੜ੍ਹ ਅਤੇ ਕਾਤਲ ਗ੍ਰੋਹਾਂ ਦਾ ਕਹਿਰ—ਇਹ ਮਾਰਸ਼ਲ ਯੋਜਨਾ ਤੋਂ ਉਲਟੀ ਬੁਸ਼ ਯੋਜਨਾ ਦੇ ਕਦਮ ਨਾਲ ਕਦਮ ਮਿਲਾ ਕੇ ਅੱਗੇ ਵਧੀਆਂ ਹਨ। ਸੱਦਾਮ ਹੁਸੈਨ ਨੂੰ ਸੱਤਾ ਤੋਂ ਹਟਾ ਦਿੱਤੇ ਜਾਣ ਤੋਂ ਬਾਅਦ, ਇਰਾਕ ਦੇ ਨੁਕਸਾਨ ਦੀ ਪੂਰਤੀ ਕਰਨ ਅਤੇ ਇਸ ਨੂੰ ਮੁੜ ਇਕਜੁੱਟ ਕਰਨ ਦੀ ਜ਼ੋਰਦਾਰ ਜ਼ਰੂਰਤ ਸੀ। ਇਸ ਹਾਲਤ ਵਿਚ ਇਰਾਕ ਦਾ ਇਹ ਹੱਕ ਬਣਦਾ ਸੀ, ਅਤੇ ਇਸ ਨੂੰ ਸਿਰਫ਼ ਇਰਾਕੀਆਂ ਦੀ ਅਗਵਾਈ 'ਚ ਹੀ ਅਮਲ ਵਿਚ ਲਿਆਂਦਾ ਜਾ ਸਕਦਾ ਸੀ। ਇਸ ਦੀ ਬਜਾਏ, ਏਸ ਸੰਕਟ ਦੇ ਮੌਕੇ ਇਸ ਦੇਸ਼ ਨੂੰ ਗਲ-ਵੱਢ ਸਰਮਾਏਦਾਰਾ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ। ਇਸ ਪ੍ਰਬੰਧ ਨੇ ਬੰਦਿਆਂ ਅਤੇ ਫਿਰਕਿਆਂ ਨੂੰ ਇਕ ਦੂਜੇ ਦੇ ਵਿਰੋਧ 'ਚ ਖੜ੍ਹੇ ਕਰ ਦਿੱਤਾ ਅਤੇ ਲੱਖਾਂ ਦੀ ਗਿਣਤੀ ਵਿਚ

• ਇਸਲਾਮ ਦੇ ਪੈਗੰਬਰ ਮੁਹੰਮਦ ਦੇ ਪੋਤਰੇ ਹੁਸੈਨ ਇਬਨ ਅਲੀ ਦਾ ਸ਼ਹਾਦਤ ਦਿਵਸ, ਮੁਹਰਮ ਦਾ ਦਸਵਾਂ ਦਿਨ—ਅਨੁਵਾਦਕ

ਰੁਜ਼ਗਾਰ ਅਤੇ ਗੁਜ਼ਾਰੇ ਦੇ ਸਾਧਨ ਤਬਾਹ ਕਰ ਦਿੱਤੇ। ਇੱਥੇ ਨਿਆਂ ਦੀ ਤਲਾਸ਼ ਦੀ ਥਾਂ ਬਦੇਸ਼ੀ ਧਾੜਵੀਆਂ ਦੇ ਬੋਲਬਾਲੇ ਨੇ ਲੈ ਲਈ।

ਇਰਾਕ ਦੀ ਮੌਜੂਦਾ ਤਬਾਹੀ ਨੂੰ ਨਾ ਤਾਂ ਬੁਸ਼ ਦੇ ਵਾਈਟ ਹਾਊਸ ਦੀ ਨਾਲਾਇਕੀ ਅਤੇ ਇਸ ਦੀ ਆਪਣਿਆਂ ਨੂੰ ਗੱਫੇ ਦੇਣ ਦੀ ਸੋਚ ਤੱਕ ਸੁੰਗੇੜ ਕੇ ਦੇਖਿਆ ਜਾ ਸਕਦਾ ਹੈ ਨਾ ਇਰਾਕੀਆਂ ਤੱਕ ਜਾਂ ਫਿਰਕਾਪ੍ਰਸਤ ਅਤੇ ਕਬਾਇਲੀ ਸੋਚ ਤੱਕ ਸੁੰਗੇੜ ਕੇ। ਇਹ ਤਬਾਹੀਪਸੰਦ ਸਰਮਾਏਦਾਰੀ ਦਾ ਅਸਲ ਚਿਹਰਾ ਹੈ, ਜੰਗ ਤੋਂ ਬਾਅਦ ਮੁਨਾਫ਼ੇ ਦੀ ਬੇਲਗਾਮ ਲਾਲਸਾ ਦਾ ਤਾਂਡਵ ਨਾਚ। ਇਰਾਕ ਦੀ "ਅਸਫ਼ਲਤਾ" ਸ਼ਿਕਾਗੋ ਸਕੂਲ ਦੇ ਬੇਕਾਬੂ ਸਿਧਾਂਤ ਉੱਪਰ ਪੂਰੇ ਗ਼ੌਰ ਅਤੇ ਵਫ਼ਾਦਾਰੀ ਨਾਲ ਅਮਲ ਕੀਤੇ ਜਾਣ ਦਾ ਨਤੀਜਾ ਹੈ। ਇਸ ਤੋਂ ਪਿੱਛੋਂ "ਖ਼ਾਨਾਜੰਗੀ" ਅਤੇ ਹਮਲੇ ਦੇ ਕੇਂਦਰ 'ਚ ਕਾਰਪੋਰੇਟਸ਼ਾਹੀ ਦੇ ਪ੍ਰਾਜੈਕਟ ਦਰਮਿਆਨ ਸਬੰਧਾਂ ਦਾ ਸ਼ੁਰੂਆਤੀ (ਨਾ ਕਿ ਭਰਪੂਰ) ਵੇਰਵਾ ਸਾਹਮਣੇ ਆਉਣ ਦਾ ਅਮਲ ਚਲਦਾ ਹੈ। ਇਹ ਹਮਲਾ ਵਿੱਢਣ ਵਾਲੇ ਲੋਕਾਂ ਦੀ ਸਿਧਾਂਤਕ ਚਾਲ ਪੁੱਠੀ ਪੈ ਜਾਣ ਦਾ ਅਮਲ ਹੈ—ਭਾਵ ਮਨਸੂਬਿਆਂ ਨੂੰ ਪਛਾੜ।

ਇਸ ਸਿਧਾਂਤਕ ਪਛਾੜ ਦੀ ਸਭ ਤੋਂ ਵੱਧ ਵਿਆਪਕ ਪੱਧਰ 'ਤੇ ਜੋ ਮਿਸਾਲ ਨੋਟ ਕੀਤੀ ਗਈ ਉਹ ਸੀ ਬਰੈਮਰ ਦੀ ਪਹਿਲੀ ਵੱਡੀ ਕਾਰਵਾਈ, ਜੋ ਪੰਜ ਲੱਖ ਸਰਕਾਰੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦੇਣ ਦੇ ਸਿੱਟੇ ਵਜੋਂ ਕਾਇਮ ਹੋਈ। ਇਨ੍ਹਾਂ ਵਿਚੋਂ ਜ਼ਿਆਦਾਤਰ ਸੈਨਿਕ ਸਨ, ਪਰ ਇਨ੍ਹਾਂ ਵਿਚ ਡਾਕਟਰ, ਨਰਸਾਂ, ਅਧਿਆਪਕ ਅਤੇ ਇੰਜੀਨੀਅਰ ਵੀ ਸ਼ਾਮਲ ਸਨ। ਇਸ ਨੂੰ "ਬਾਥ ਅਨਸਰਾਂ ਦੀ ਸਫ਼ਾਈ ਦਾ ਅਮਲ" ਕਿਹਾ ਗਿਆ, ਇਸ ਬਾਰੇ ਮੰਨਿਆ ਗਿਆ ਕਿ ਇਸ ਦੀ ਚਾਲਕ ਸ਼ਕਤੀ ਰਾਜ ਪ੍ਰਬੰਧ ਅੰਦਰੋਂ ਸੱਦਾਮ ਦੇ ਵਫ਼ਾਦਾਰਾਂ ਦਾ ਸਫ਼ਾਇਆ ਕਰਨ ਦੀ ਖਾਹਸ਼ ਸੀ। ਬੇਸ਼ੱਕ, ਇਸ ਦੀ ਪ੍ਰੇਰਨਾ 'ਚ ਇਹ ਖਾਹਸ਼ ਵੀ ਸ਼ਾਮਲ ਸੀ, ਪਰ ਇੰਨੇ ਨਾਲ ਉਸ ਅਮਲ ਦੀ ਵਿਆਖਿਆ ਨਹੀਂ ਹੁੰਦੀ ਜਿਸ ਪੱਧਰ 'ਤੇ ਲੋਕਾਂ ਨੂੰ ਨੌਕਰੀਆਂ ਤੋਂ ਹਟਾਇਆ ਗਿਆ ਜਾਂ ਜਿਵੇਂ ਭਰਵੇਂ ਰੂਪ ਵਿਚ ਸਾਲਮ ਜਨਤਕ ਖੇਤਰ ਨੂੰ ਕੁਚਲਿਆ ਗਿਆ, ਜਿਸ ਪੱਧਰ 'ਤੇ ਮੁਲਾਜ਼ਮਾਂ ਨੂੰ ਸਜ਼ਾ ਦਿੱਤੀ ਗਈ ਜੋ ਕਿਸੇ ਵੀ ਤਰ੍ਹਾਂ ਉੱਚ ਅਧਿਕਾਰੀ ਨਹੀਂ ਸਨ।

ਇਹ ਛਾਂਟੀ ਉਨ੍ਹਾਂ ਹਮਲਿਆਂ ਨਾਲ ਮਿਲਦੀ-ਜੁਲਦੀ ਸੀ ਜੋ ਓਦੋਂ ਤੋਂ ਸਦਮਾ ਇਲਾਜ ਪ੍ਰੋਗਰਾਮ ਨਾਲ ਅਟੁੱਟ ਰੂਪ 'ਚ ਜੁੜੇ ਹੋਏ ਹਨ ਜਦੋਂ ਮਿਲਟਨ ਫਰਾਇਡਮੈਨ ਨੇ ਪਿਨੋਚੇ ਨੂੰ ਸਰਕਾਰ ਦੇ ਖ਼ਰਚਿਆਂ 'ਚ 25 ਫ਼ੀ ਸਦੀ ਕਟੌਤੀ ਕਰਨ ਦੀ ਸਲਾਹ ਦਿੱਤੀ ਸੀ।

ਬਰੈਮਰ ਨੇ ਇਰਾਕ ਦੀ ਆਰਥਿਕਤਾ ਨੂੰ "ਸਟਾਲਿਨਵਾਦੀ ਆਰਥਿਕਤਾ" ਦੱਸਦਿਆਂ ਇਸ ਪ੍ਰਤੀ ਨਫ਼ਰਤ ਨੂੰ ਛੁਪਾਇਆ ਨਹੀਂ, ਉਸ ਨੇ ਦੇਸ਼ ਦੇ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਅਤੇ ਵੱਡੇ ਮਹਿਕਮਿਆਂ 'ਤੇ ਇਹੀ ਠੱਪਾ ਲਾਇਆ ਸੀ। ਉਸ ਲਈ ਇਰਾਕ ਦੇ ਇੰਜੀਨੀਅਰਾਂ, ਡਾਕਟਰਾਂ, ਇਲੈਕਟ੍ਰੀਸ਼ਨਾਂ ਅਤੇ ਸੜਕਾਂ ਦੀ ਉਸਾਰੀ ਕਰਨ ਵਾਲਿਆਂ ਦੀ ਵਿਸ਼ੇਸ਼ ਮੁਹਾਰਤ ਅਤੇ ਸਾਲਾਂ ਤੋਂ ਗ੍ਰਹਿਣ ਕੀਤੇ ਗਿਆਨ ਦੀ ਕੋਈ ਅਹਿਮੀਅਤ ਨਹੀਂ ਸੀ।[26] ਬਰੈਮਰ ਨੂੰ ਇਹ ਤਾਂ ਪਤਾ ਸੀ ਕਿ ਨੌਕਰੀਆਂ ਖੁਸ ਜਾਣ ਨਾਲ ਲੋਕ ਪ੍ਰੇਸ਼ਾਨ ਹੋਣਗੇ, ਪਰ ਜਿਸ ਤਰ੍ਹਾਂ ਉਸ ਦੀਆਂ ਯਾਦਾਂ ਤੋਂ ਸਪਸ਼ਟ ਹੋ ਜਾਂਦਾ ਹੈ, ਉਸ ਨੇ ਇਹ ਨਹੀਂ ਸੋਚਿਆ ਕਿ ਇਰਾਕ ਦੀ ਪੇਸ਼ੇਵਰ ਜਮਾਤ ਨੂੰ ਇਕ ਦਮ ਛਾਂਗ ਦੇਣ ਨਾਲ ਇਰਾਕ ਦੇ ਰਾਜ ਲਈ ਕੰਮ ਕਰਨਾ ਹੀ ਅਸੰਭਵ ਹੋ ਜਾਵੇਗਾ ਅਤੇ ਇੰਝ ਉਸ ਦੇ ਆਪਣੇ ਕੰਮ ਵਿਚ ਰੁਕਾਵਟ ਪਵੇਗੀ। ਇਸ ਅੰਨ੍ਹੀ ਸੋਚ ਦਾ ਸੱਦਾਮ ਦੇ ਵਿਰੋਧ ਨਾਲ ਬਹੁਤ ਹੀ ਘੱਟ ਲਾਗਾ-ਦੇਗਾ ਸੀ। ਉਹ ਵਿਅਕਤੀ ਹੀ ਬਰੈਮਰ ਵਾਲਾ ਰਾਹ ਚੁਣ ਸਕਦਾ ਸੀ ਜੋ ਸਰਕਾਰ ਨੂੰ

ਨਿਰਾ ਬੋਝ ਅਤੇ ਜਨਤਕ ਖੇਤਰ ਦੇ ਮੁਲਾਜ਼ਮਾਂ ਨੂੰ ਬੇਕਾਰ ਚੀਜ਼ ਸਮਝਦਾ ਹੋਵੇ।

ਇਸ ਅੰਨ੍ਹੀ ਵਿਚਾਰਧਾਰਕ ਸੋਚ ਦੇ ਤਿੰਨ ਠੋਸ ਪ੍ਰਭਾਵ ਪਏ : ਇਸ ਨੇ ਮਾਹਰ ਲੋਕਾਂ ਨੂੰ ਅਹੁਦਿਆਂ ਤੋਂ ਹਟਾ ਕੇ ਮੁੜ-ਉਸਾਰੀ ਦੀ ਸੰਭਾਵਨਾ ਨੂੰ ਨੁਕਸਾਨ ਪਹੁੰਚਾਇਆ, ਇਸ ਨੇ ਇਰਾਕੀਆਂ ਦੀ ਧਰਮ-ਨਿਰਪੱਖ ਆਵਾਜ਼ ਕਮਜ਼ੋਰ ਕਰ ਦਿੱਤੀ ਅਤੇ ਇਹ ਟਾਕਰੇ 'ਚ ਐਸੇ ਲੋਕਾਂ ਦੀ ਭਰਤੀ ਦਾ ਸੋਮਾ ਬਣਿਆ ਜੋ ਪੂਰੇ ਰੋਹ 'ਚ ਸਨ। ਅਮਰੀਕਾ ਦੇ ਦਰਜਨਾਂ ਆਹਲਾ ਫ਼ੌਜੀ ਅਤੇ ਖ਼ੁਫ਼ੀਆ ਅਧਿਕਾਰੀਆਂ ਨੇ ਮੰਨਿਆ ਹੈ ਕਿ ਬਰੈਮਰ ਨੇ ਜਿਹੜੇ ਚਾਰ ਲੱਖ ਫ਼ੌਜੀ ਨੌਕਰੀ ਤੋਂ ਕੱਢੇ ਉਨ੍ਹਾਂ ਵਿਚੋਂ ਬਹੁਤੇ ਸਿੱਧਾ ਉੱਭਰ ਰਹੇ ਟਾਕਰੇ 'ਚ ਜਾ ਸ਼ਾਮਲ ਹੋਏ। ਸਮੁੰਦਰੀ ਫ਼ੌਜ ਦੇ ਕਰਨਲ ਥਾਮਸ ਹੈਮਸ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ, "ਹੁਣ ਤੁਹਾਡੇ ਸਾਹਮਣੇ ਦੋ ਲੱਖ ਹਥਿਆਰਬੰਦ ਲੋਕ ਹਨ—ਕਿਉਂਕਿ ਉਹ ਘਰਾਂ ਨੂੰ ਜਾਣ ਵਕਤ ਹਥਿਆਰ ਆਪਣੇ ਨਾਲ ਹੀ ਲੈ ਗਏ ਸਨ—ਜਿਨ੍ਹਾਂ ਨੂੰ ਹਥਿਆਰ ਚਲਾਉਣੇ ਆਉਂਦੇ ਹਨ, ਜਿਨ੍ਹਾਂ ਦਾ ਕੋਈ ਭਵਿੱਖ ਨਹੀਂ ਹੈ ਅਤੇ ਜਿਨ੍ਹਾਂ ਨੂੰ ਤੁਹਾਡੇ 'ਤੇ ਗੁੱਸਾ ਆਉਣ ਦੀ ਵਜ੍ਹਾ ਹੈ।"[27]

ਨਾਲ ਹੀ ਬਰੈਮਰ ਨੇ, ਬੇਰੋਕ ਦਰਾਮਦਾਂ ਲਈ ਸਰਹੱਦਾਂ ਚੌਪਟ ਖੋਲ੍ਹ ਦੇਣ ਅਤੇ ਬਦੇਸ਼ੀ ਕੰਪਨੀਆਂ ਨੂੰ ਇਰਾਕ ਦੀਆਂ ਜਾਇਦਾਦਾਂ ਦੇ ਸੌ ਫ਼ੀ ਸਦੀ ਮਾਲਕ ਬਣਨ ਦੀ ਇਜਾਜ਼ਤ ਦੇ ਦਿੱਤੀ। ਸ਼ਿਕਾਗੋ ਸਕੂਲ ਮਾਰਕਾ ਇਸ ਟਕਸਾਲੀ ਫ਼ੈਸਲੇ ਨਾਲ ਇਰਾਕ ਦੀ ਕਾਰੋਬਾਰੀ ਜਮਾਤ ਵੀ ਅੱਗ ਬਗੂਲਾ ਹੋ ਗਈ। ਉਨ੍ਹਾਂ ਵਿਚੋਂ ਬਹੁਤਿਆਂ ਕੋਲ ਜੋ ਕੁਝ ਵੀ ਬਚਿਆ ਸੀ ਉਹ ਫੰਡ ਦੇ ਰੂਪ ਵਿਚ ਟਾਕਰੇ ਦੇ ਹਵਾਲੇ ਕਰਕੇ ਇਸ ਦਾ ਜਵਾਬ ਦਿੱਤਾ ਗਿਆ। ਸੁੰਨੀ ਵਸੋਂ ਵਾਲੇ ਤਿਕੋਨੇ ਖੇਤਰ ਵਿਚ ਇਰਾਕੀ ਟਾਕਰੇ ਦੇ ਪਹਿਲੇ ਵਰ੍ਹੇ ਦਾ ਲੇਖਾ-ਜੋਖਾ ਕਰਦਿਆਂ ਘੋਖੀ ਪੱਤਰਕਾਰ ਪੈਤਰਿਕ ਗ੍ਰਾਹਮ ਨੇ *ਹਾਰਪਰਜ਼* ਨੂੰ ਰਿਪੋਰਟ ਭੇਜੀ ਕਿ ਇਰਾਕ ਦੇ ਕਾਰੋਬਾਰੀ ਲੋਕ "ਬਦੇਸ਼ੀ ਪੂੰਜੀ-ਨਿਵੇਸ਼ ਬਾਰੇ ਨਵੇਂ ਕਾਨੂੰਨਾਂ ਤੋਂ ਖਫ਼ਾ ਹਨ; ਕਾਨੂੰਨ ਬਦੇਸ਼ੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਫੈਕਟਰੀਆਂ ਖ਼ਰੀਦ ਲੈਣ ਦੀ ਖੁੱਲ੍ਹ ਦਿੰਦੇ ਹਨ। ਉਨ੍ਹਾਂ ਦੀਆਂ ਆਮਦਨੀਆਂ ਬੰਦ ਹੋ ਗਈਆਂ ਹਨ ਕਿਉਂਕਿ ਦੇਸ਼ ਵਿਚ ਬਦੇਸ਼ੀ ਮਾਲ ਦਾ ਹੜ੍ਹ ਆ ਗਿਆ ਹੈ.... ਇਨ੍ਹਾਂ ਕਾਰੋਬਾਰਾਂ ਵਾਲੇ ਮਹਿਸੂਸ ਕਰਦੇ ਹਨ ਕਿ ਹਿੰਸਾ ਹੀ ਉਨ੍ਹਾਂ ਲਈ ਮੁਕਾਬਲੇਬਾਜ਼ੀ ਦਾ ਇਕੋ ਇਕ ਕਾਰਗਰ ਸਾਧਨ ਹੈ। ਇਹ ਕਾਰੋਬਾਰ ਦੀ ਸਿੱਧੀ ਜਹੀ ਦਲੀਲ ਹੈ : ਇਰਾਕ ਵਿਚ ਜਿੰਨੀਆਂ ਵੱਧ ਮੁਸ਼ਕਲਾਂ ਹੋਣਗੀਆਂ, ਬਾਹਰਲਿਆਂ ਲਈ ਇੱਥੇ ਕੰਮ ਕਰਨਾ ਓਨਾ ਹੀ ਵੱਧ ਔਖਾ ਹੋਵੇਗਾ।"[28]

ਵੱਧ ਸਿਧਾਂਤਕ ਪਛਾੜ ਉਸ ਜ਼ਿੱਦ ਨੂੰ ਪਈ ਜੋ ਵਾਈਟ ਹਾਊਸ ਵਲੋਂ ਭਵਿੱਖ ਦੀਆਂ ਇਰਾਕੀ ਸਰਕਾਰਾਂ ਨੂੰ ਬਰੈਮਰ ਦੇ ਆਰਥਕ ਕਾਨੂੰਨਾਂ ਨੂੰ ਬਦਲਣ ਤੋਂ ਰੋਕਣ ਲਈ ਕੀਤੀ ਜਾ ਰਹੀ ਸੀ। ਸੰਕਟ ਤੋਂ ਬਾਅਦ ਕੀਤੀ ਰੱਦੋਬਦਲ ਨੂੰ "ਜੰਦਰਾ ਮਾਰਨ" ਦੀ ਇਹੀ ਮੁਹਿੰਮ ਆਈ ਐੱਮ ਐੱਫ ਵਲੋਂ ਜਾਰੀ ਕੀਤੇ ਪਹਿਲੇ "ਢਾਂਚਾ ਢਲਾਈ" ਪ੍ਰੋਗਰਾਮ ਦੇ ਸਮੇਂ ਤੋਂ ਹੀ ਅਮਲ 'ਚ ਹੈ। ਵਾਸ਼ਿੰਗਟਨ ਦੇ ਭਵਿੱਖ-ਨਕਸ਼ੇ ਤੋਂ, ਦੁਨੀਆਂ ਦੇ ਸਭ ਤੋਂ ਸੂਝ-ਬੂਝ ਵਾਲੇ ਪੂੰਜੀ-ਨਿਵੇਸ਼ ਦੇ ਨਿਯਮਾਂ ਦੀ ਹੋਂਦ ਦਾ ਕੋਈ ਅਰਥ ਨਹੀਂ ਸੀ ਜੇ ਕੁਝ ਮਹੀਨੇ ਬਾਅਦ ਇਰਾਕ ਦੀ ਕੁਲ-ਅਖ਼ਤਿਆਰ ਸਰਕਾਰ ਨੇ ਸੱਤਾਧਾਰੀ ਹੋ ਕੇ ਇਨ੍ਹਾਂ ਨੂੰ ਨਵੇਂ ਸਿਰਿਉਂ ਲਿਖ ਦੇਣਾ ਹੈ। ਕਿਉਂਕਿ ਬਰੈਮਰ ਦੇ ਬਹੁਤੇ ਫ਼ਰਮਾਨ ਕਾਨੂੰਨੀ ਪੱਖ ਤੋਂ ਅਸੁਰੱਖਿਅਤ ਖੇਤਰ 'ਚ ਆਇਦ ਸਨ, ਇਸ ਕਰਕੇ ਬੁਸ਼ ਸਰਕਾਰ ਨੇ ਇਸ ਦਾ ਹੱਲ ਇਰਾਕ ਦਾ ਨਵਾਂ ਸੰਵਿਧਾਨ ਘੜਨ ਦੇ ਰੂਪ 'ਚ ਕੱਢਿਆ—ਇਸ ਨਿਸ਼ਾਨੇ ਦੀ ਪੈਰਵਾਈ ਇਸ ਨੇ ਹਿੰਸਕ ਦ੍ਰਿੜਤਾ ਨਾਲ ਕੀਤੀ—ਪਹਿਲਾਂ ਇਕ ਆਰਜ਼ੀ ਸੰਵਿਧਾਨ ਬਣਾ ਕੇ ਜਿਸ ਨੇ ਬਰੈਮਰ ਦੇ ਬਣਾਏ ਕਾਨੂੰਨਾਂ ਨੂੰ ਸੁਰੱਖਿਅਤ ਕੀਤਾ, ਅਤੇ ਫੇਰ ਪੱਕਾ ਸੰਵਿਧਾਨ ਬਣਾ ਕੇ

ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਗਈ (ਪਰ ਇਹ ਹੱਲ ਸਫ਼ਲ ਨਹੀਂ ਹੋਇਆ)।

ਸੰਵਿਧਾਨ ਥੋਪਣ ਦੇ ਵਾਸ਼ਿੰਗਟਨ ਦੇ ਫ਼ਤੂਰ ਨੇ ਅਨੇਕਾਂ ਕਾਨੂੰਨੀ ਮਾਹਰਾਂ ਨੂੰ ਚੱਕਰਾਂ 'ਚ ਪਾ ਦਿੱਤਾ। ਬਾਹਰੋਂ ਦੇਖਿਆਂ, ਨਵੇਂ ਸਿਰਿਉਂ ਸੰਵਿਧਾਨ ਲਿਖਣ ਦੀ ਕੋਈ ਅਣਸਰਦੀ ਲੋੜ ਨਹੀਂ ਸੀ—ਇਰਾਕ ਦਾ 1970 ਦਾ ਸੰਵਿਧਾਨ, ਜਿਸ ਨੂੰ ਸੱਦਾਮ ਨੇ ਨਜ਼ਰਅੰਦਾਜ਼ ਕੀਤਾ ਹੋਇਆ ਸੀ, ਪੂਰੀ ਤਰ੍ਹਾਂ ਉਪਯੋਗੀ ਸੀ। ਅਤੇ ਦੇਸ਼ ਦੀਆਂ ਇਸ ਤੋਂ ਵੱਧ ਜ਼ਰੂਰੀ ਲੋੜਾਂ ਮੂੰਹ ਅੱਡੀ ਖੜ੍ਹੀਆਂ ਸਨ। ਇਸ ਤੋਂ ਵੀ ਅਹਿਮ ਗੱਲ, ਸੰਵਿਧਾਨ ਲਿਖਣ ਦਾ ਅਮਲ ਸਭ ਤੋਂ ਕਸ਼ਟਦਾਇਕ ਅਮਲ ਹੁੰਦਾ ਹੈ ਜਿਸ ਵਿਚੋਂ ਦੀ ਲੰਘਣਾ ਹੀ ਪੈਂਦਾ ਹੈ, ਇੱਥੋਂ ਤੱਕ ਕਿ ਜੇ ਕੌਮ ਦਾ ਮਾਹੌਲ ਸ਼ਾਂਤ ਵੀ ਹੋਵੇ ਤਾਂ ਵੀ। ਇਸ ਨਾਲ ਹਰੇਕ ਤਣਾਅ, ਸ਼ਰੀਕੇਬਾਜ਼ੀ ਅਤੇ ਗੁੱਝੇ ਸ਼ਿਕਵੇ-ਸ਼ਿਕਾਇਤਾਂ ਉੱਭਰ ਆਉਂਦੇ ਹਨ ਸੱਦਾਮ ਤੋਂ ਬਾਅਦ ਇਰਾਕ ਜਿਸ ਤਰ੍ਹਾਂ ਦੀ ਪਾਟੋਧਾੜ ਦਾ ਸ਼ਿਕਾਰ ਅਤੇ ਖੇਰੂੰ-ਖੇਰੂੰ ਹੋਇਆ ਪਿਆ ਸੀ, ਇਸ ਤਰ੍ਹਾਂ ਦੀ ਹਾਲਤ 'ਚ ਸੰਵਿਧਾਨਕ ਅਮਲ ਦੋ ਵਾਰ ਥੋਪੇ ਜਾਣ ਨੇ ਸਮਾਜਿਕ ਬਖੇੜੇ ਦੀ ਗੁੰਜਾਇਸ਼ ਵੱਡੇ ਪੱਧਰ 'ਤੇ ਵਧਾ ਦਿੱਤੀ। ਇਨ੍ਹਾਂ ਚਰਚਾਵਾਂ ਨਾਲ ਸਮਾਜਿਕ ਪਾਟਕ ਕਿਸੇ ਵੀ ਤਰ੍ਹਾਂ ਦੂਰ ਨਹੀਂ ਹੋਏ ਅਤੇ ਹਾਲੇ ਵੀ ਇਨ੍ਹਾਂ ਦਾ ਸਿੱਟਾ ਦੇਸ਼ ਦੀ ਵੰਡ 'ਚ ਨਿਕਲ ਸਕਦਾ ਹੈ।

ਜਿਵੇਂ ਕੁਲ ਵਪਾਰਕ ਰੋਕਾਂ ਹਟਾਏ ਜਾਣ ਸਬੰਧੀ ਹੋਇਆ ਸੀ, ਇਰਾਕ ਦੀਆਂ ਦੋ ਸੌ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਕਰਨ ਦੀ ਬਰੈਮਰ ਦੀ ਯੋਜਨਾ ਨੂੰ ਬਹੁਤੇ ਇਰਾਕੀਆਂ ਨੇ ਇਕ ਹੋਰ ਅਮਰੀਕੀ ਹਮਲੇ ਵਜੋਂ ਲਿਆ। ਕਾਮਿਆਂ ਨੇ ਜਾਣ ਲਿਆ ਕਿ ਬਦੇਸ਼ੀ ਪੂੰਜੀ-ਨਿਵੇਸ਼ਕਾਰਾਂ ਲਈ ਇਹ ਕੰਪਨੀਆਂ ਲੁਭਾਉਣੀਆਂ ਬਣਾਉਣ ਖ਼ਾਤਰ ਦੋ-ਤਿਹਾਈ ਕਾਮਿਆਂ ਦੀਆਂ ਨੌਕਰੀਆਂ ਖੋਹੀਆਂ ਜਾ ਰਹੀਆਂ ਹਨ। ਇਰਾਕ ਦੀ ਇਕ ਵੱਡੀ ਸਰਕਾਰੀ ਕੰਪਨੀ ਸੱਤ ਫੈਕਟਰੀਆਂ ਦਾ ਸਮੂਹ ਸੀ ਜੋ ਖਾਣਾ ਬਣਾਉਣ ਵਾਲਾ ਤੇਲ, ਸਾਬਣ, ਭਾਂਡੇ ਧੋਣ ਵਾਲਾ ਤਰਲ ਪਦਾਰਥ ਅਤੇ ਹੋਰ ਬੁਨਿਆਦੀ ਲੋੜਾਂ ਦਾ ਸਮਾਨ ਬਣਾਉਂਦੀ ਸੀ। ਇਸ ਦੀ ਕਹਾਣੀ ਸੁਣਕੇ ਮੈਨੂੰ ਭਾਰੀ ਰਾਹਤ ਮਿਲੀ ਕਿ ਇਸ ਦੇ ਨਿੱਜੀਕਰਨ ਦੇ ਐਲਾਨ ਨੇ ਕਿੰਨੇ ਨਵੇਂ ਦੁਸ਼ਮਣ ਬਣਾ ਦਿੱਤੇ ਹਨ।

ਬਗ਼ਦਾਦ ਦੇ ਉੱਪ-ਸ਼ਹਿਰੀ ਖੇਤਰ ਵਿਚ ਸਨਅਤੀ ਇਲਾਕੇ ਦਾ ਦੌਰਾ ਕਰਨ ਸਮੇਂ, ਮੇਰੀ ਮੁਲਾਕਾਤ ਠੁੱਕਦਾਰ ਦਾਹੜੀ ਅਤੇ ਸਵੈ-ਵਿਸ਼ਵਾਸ ਵਾਲੇ ਮਹਿਮੂਦ ਨਾਲ ਹੋਈ। ਉਸ ਨੇ ਦੱਸਿਆ ਕਿ ਜਦੋਂ ਉਸ ਨੂੰ ਅਤੇ ਉਸ ਦੇ ਸਾਥੀ ਮਜ਼ਦੂਰਾਂ ਨੂੰ ਅਮਰੀਕੀ ਕਬਜ਼ੇ ਤੋਂ ਛੇ ਮਹੀਨੇ ਬਾਅਦ ਉਨ੍ਹਾਂ ਦੀ ਕੰਮ ਵਾਲੀ ਥਾਂ ਵੇਚੇ ਜਾਣ ਦੇ ਮਨਸੂਬਿਆਂ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ "ਭਾਰੀ ਸਦਮਾ ਪਹੁੰਚਿਆ। ਜੇ ਨਿੱਜੀ ਖੇਤਰ ਵਾਲੇ ਸਾਡੀ ਕੰਪਨੀ ਨੂੰ ਖ਼ਰੀਦ ਲੈਂਦੇ ਹਨ, ਪਹਿਲਾ ਕੰਮ ਉਹ ਵੱਧ ਮੁਨਾਫ਼ਾ ਕਮਾਉਣ ਦੀ ਖ਼ਾਤਰ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦਾ ਕਰਨਗੇ। ਅਤੇ ਅਸੀਂ ਬਹੁਤ ਹੀ ਮੁਸ਼ਕਲ 'ਚ ਫਸ ਜਾਵਾਂਗੇ ਕਿਉਂਕਿ ਫੈਕਟਰੀ ਹੀ ਸਾਡੇ ਗੁਜ਼ਾਰੇ ਦਾ ਇਕੋ-ਇਕ ਸਾਧਨ ਹੈ।" ਇਸ ਸੰਭਾਵਨਾ ਤੋਂ ਭੈਭੀਤ ਹੋਏ ਸਤਾਰਾਂ ਮਜ਼ਦੂਰਾਂ ਦੀ ਟੋਲੀ, ਜਿਨ੍ਹਾਂ ਵਿਚ ਮਹਿਮੂਦ ਵੀ ਸ਼ਾਮਲ ਸੀ, ਮੈਨੇਜਰ ਦੇ ਦਫ਼ਤਰ ਜਾ ਵੜੀ। ਝਗੜਾ ਹੋ ਗਿਆ; ਇਕ ਮਜ਼ਦੂਰ ਨੇ ਮੈਨੇਜਰ ਉੱਪਰ ਹਮਲਾ ਕਰ ਦਿੱਤਾ ਅਤੇ ਮੈਨੇਜਰ ਦੇ ਅੰਗ ਰੱਖਿਅਕ ਨੇ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ, ਪਰ ਮਜ਼ਦੂਰਾਂ ਨੇ ਹਥਿਆਰ ਦਾ ਮੂੰਹ ਉਸੇ ਵੱਲ ਕਰ ਦਿੱਤਾ। ਉਹ ਮਹੀਨਾ ਭਰ ਹਸਪਤਾਲ ਰਿਹਾ। ਦੋ ਮਹੀਨੇ ਬਾਅਦ, ਹੋਰ ਵੀ ਵੱਧ ਹਿੰਸਾ ਹੋਈ। ਮੈਨੇਜਰ ਅਤੇ ਉਸ ਦਾ ਲੜਕਾ ਜਦੋਂ ਕੰਮ 'ਤੇ ਜਾ ਰਹੇ ਸਨ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਮੁਲਾਕਾਤ ਦੇ ਅੰਤ 'ਚ ਮੈਂ ਮਹਿਮੂਦ ਨੂੰ ਸਵਾਲ ਕੀਤਾ ਕਿ ਜੇ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਪਲਾਂਟ ਵੇਚ ਦਿੱਤਾ ਗਿਆ ਤਾਂ ਕੀ ਹੋਵੇਗਾ। ਉਸ ਨੇ ਹਲਕਾ ਜਿਹਾ ਮੁਸਕਰਾਕੇ ਕਿਹਾ, "ਸਾਡੇ ਸਾਹਮਣੇ ਦੋ ਰਾਹ ਹਨ। ਜਾਂ ਤਾਂ ਅਸੀਂ

ਫੈਕਟਰੀ ਨੂੰ ਅੱਗ ਲਾ ਕੇ ਰਾਖ਼ ਕਰ ਦਿਆਂਗੇ ਜਾਂ ਇਸ ਦੇ ਅੰਦਰ ਅੱਗ ਲਗਾ ਕੇ ਮਰ ਜਾਵਾਂਗੇ। ਪਰ ਇਸ ਦਾ ਨਿੱਜੀਕਰਨ ਨਹੀਂ ਹੋਣ ਦਿੱਤਾ ਜਾਵੇਗਾ।" ਇਹ ਉਨ੍ਹਾਂ ਕਈ ਚੇਤਾਵਨੀਆਂ ਵਿਚੋਂ ਇਕ ਚੇਤਾਵਨੀ ਸੀ ਕਿ ਬੁਸ਼ ਜੁੰਡਲੀ ਇਰਾਕੀਆਂ ਨੂੰ ਸਦਮਾ ਪਹੁੰਚਾ ਕੇ ਉਨ੍ਹਾਂ 'ਤੇ ਕਾਠੀ ਪਾ ਲੈਣ ਦੀ ਆਪਣੀ ਸਮਰੱਥਾ ਨੂੰ ਵਧਾ ਕੇ ਦੇਖ ਰਹੀ ਸੀ।

ਵਾਸ਼ਿੰਗਟਨ ਦੇ ਨਿੱਜੀਕਰਨ ਦੇ ਸੁਪਨਿਆਂ 'ਚ ਇਕ ਅੜਿੱਕਾ ਹੋਰ ਵੀ ਸੀ : ਉਹ ਸੀ ਧਾੜਵੀ ਰਾਜ ਦੇ ਢਾਂਚੇ ਦੀ ਨੁਹਾਰ ਘੜਨ ਵਾਲਾ ਖੁੱਲ੍ਹੀ ਮੰਡੀ ਦਾ ਕੱਟੜਵਾਦ। ਸਭਨਾਂ "ਰਾਜ ਦੇ ਕੰਟਰੋਲ ਵਾਲੀਆਂ" ਚੀਜ਼ਾਂ ਨੂੰ ਰੱਦ ਕਰ ਦੇਣ ਕਾਰਨ, ਮਹਿਫੂਜ਼ ਖੇਤਰ 'ਚ ਬੈਠ ਕੇ ਰਾਜ ਚਲਾਉਣ ਵਾਲੇ ਧਾੜਵੀ ਹਾਕਮਾਂ ਕੋਲ ਅਮਲੇ-ਫੈਲੇ ਅਤੇ ਵਸੀਲਿਆਂ ਦੀ ਭਾਰੀ ਥੁੜ੍ਹ ਸੀ। ਇਸ ਨੇ ਇਨ੍ਹਾਂ ਦੀਆਂ ਜੋਸ਼ੀਲੀਆਂ ਯੋਜਨਾਵਾਂ ਨੂੰ ਜੂੜ ਪਾਇਆ ਹੋਇਆ ਸੀ—ਖ਼ਾਸ ਕਰਕੇ ਮਹਿਮੂਦ ਵਰਗੇ ਕਾਮਿਆਂ ਵਲੋਂ ਪ੍ਰਗਟਾਏ ਜਾ ਰਹੇ ਜ਼ਬਰਦਸਤ ਵਿਰੋਧ ਦੇ ਸਨਮੁੱਖ। *ਵਾਸ਼ਿੰਗਟਨ ਪੋਸਟ* ਵਿਚ ਰਾਜੀਵ ਚੰਦਰਸੇਖਰਨ ਨੇ ਪੋਲ ਖੋਲ੍ਹਿਆ ਕਿ ਸੀ ਪੀ ਏ (Coalition Provisional Authority) ਅਜਿਹਾ ਖੋਖਲੀ ਸੰਸਥਾ ਸੀ ਕਿ ਇਸ ਵਲੋਂ ਇਰਾਕ ਦੀਆਂ ਸਰਕਾਰੀ ਮਾਲਕੀ ਵਾਲੀਆਂ ਫੈਕਟਰੀਆਂ ਦਾ ਨਿੱਜੀਕਰਨ ਕਰਨ ਦੇ ਚੋਖੇ ਵੱਡੇ ਕੰਮ ਦਾ ਜ਼ਿੰਮਾ ਸਿਰਫ਼ ਤਿੰਨ ਵਿਅਕਤੀਆਂ ਨੂੰ ਦਿੱਤਾ ਗਿਆ ਸੀ। "ਸ਼ੁਰੂ ਕਰਨ ਦੀ ਚਿੰਤਾ ਨਾ ਕਰੋ," ਤਿੰਨ ਮੈਂਬਰੀ ਅਮਲੇ ਨੂੰ ਸਲਾਹ ਦੇਣ ਲਈ ਪੂਰਬੀ ਜਰਮਨੀ ਦਾ ਵਫ਼ਦ ਮੁਹੱਈਆ ਕੀਤਾ ਗਿਆ। ਇਸ ਨੇ ਜਦੋਂ ਆਪਣੀਆਂ ਸਰਕਾਰੀ ਜਾਇਦਾਦਾਂ ਵੇਚੀਆਂ ਸਨ ਤਾਂ ਇਸ ਪ੍ਰਾਜੈਕਟ ਦਾ ਜ਼ਿੰਮਾ ਅੱਠ ਹਜ਼ਾਰ ਵਿਅਕਤੀਆਂ ਨੂੰ ਦਿੱਤਾ ਗਿਆ ਸੀ।[29] ਸੰਖੇਪ 'ਚ ਇਰਾਕ ਦਾ ਨਿੱਜੀਕਰਨ ਕਰਨ ਲਈ ਸੀ ਪੀ ਏ ਦਾ ਖ਼ੁਦ ਹੀ ਬਹੁਤ ਜ਼ਿਆਦਾ ਨਿੱਜੀਕਰਨ ਹੋ ਚੁੱਕਾ ਸੀ।

ਮਸਲਾ ਸਿਰਫ਼ ਏਨਾ ਕੁ ਹੀ ਨਹੀਂ ਸੀ ਕਿ ਸੀ ਪੀ ਏ ਕੋਲ ਅਮਲੇ ਦੀ ਥੁੜ੍ਹ ਸੀ, ਮਸਲਾ ਇਹ ਵੀ ਸੀ ਕਿ ਇਸ ਅਮਲੇ ਵਿਚ ਉਹ ਵਿਅਕਤੀ ਸ਼ਾਮਲ ਸਨ ਜਿਨ੍ਹਾਂ ਦਾ ਜਨਤਕ ਖੇਤਰ 'ਚ ਬੁਨਿਆਦੀ ਭਰੋਸਾ ਹੀ ਨਹੀਂ ਸੀ ਜੋ ਕਿਸੇ ਰਾਜ ਨੂੰ ਮੁੱਢੋਂ-ਸੁੱਢੋਂ ਮੁੜ ਉਸਾਰਨ ਦੇ ਗੁੰਝਲਦਾਰ ਕਾਰਜ ਲਈ ਦਰਕਾਰ ਹੁੰਦਾ ਹੈ। ਜਿਵੇਂ ਰਾਜਨੀਤਕ ਵਿਗਿਆਨੀ ਮਾਈਕਲ ਵੈਂਫ ਇਸ ਨੂੰ ਪੇਸ਼ ਕਰਦਾ ਹੈ, "ਜਿਵੇਂ ਵੈਸ਼ਨੋ ਲੋਕ ਆਹਲਾ ਦਰਜੇ ਦਾ ਗੋਸ਼ਤ ਨਹੀਂ ਬਣਾ ਸਕਦੇ ਇਸੇ ਤਰ੍ਹਾਂ ਰੂੜ੍ਹੀਵਾਦੀ ਸਰਮਾਏਦਾਰ ਚੰਗਾ ਪ੍ਰਸ਼ਾਸਨ ਨਹੀਂ ਦੇ ਸਕਦੇ : ਜੇ ਤੁਹਾਨੂੰ ਯਕੀਨ ਹੈ ਕਿ ਤੁਹਾਨੂੰ ਜੋ ਕਰਨ ਲਈ ਕਿਹਾ ਜਾ ਰਿਹਾ ਹੈ ਉਹ ਗ਼ਲਤ ਹੈ, ਤੁਸੀਂ ਉਸ ਨੂੰ ਚੰਗੀ ਤਰ੍ਹਾਂ ਨਹੀਂ ਕਰ ਸਕੋਗੇ।" ਨਾਲ ਹੀ ਉਹ ਕਹਿੰਦਾ ਹੈ, "ਰਾਜ ਭਾਗ ਚਲਾਉਣ ਦੇ ਢੰਗ ਵਜੋਂ, ਇਹ ਰੂੜ੍ਹੀਵਾਦ ਤਬਾਹੀ ਦਾ ਦੂਜਾ ਨਾਂ ਹੈ।"[30]

ਇਰਾਕ ਵਿਚ ਐਨ ਇਹੀ ਕੁਝ ਵਾਪਰਿਆ। ਸੀ ਪੀ ਏ 'ਚ ਅਮਰੀਕਾ ਵਲੋਂ ਕੀਤੀ ਗਈ ਨੌਜਵਾਨਾਂ ਦੀ ਅਤੇ ਅਨਾੜੀ ਸਿਆਸੀ ਨਿਯੁਕਤੀ ਬਾਰੇ ਬਥੇਰਾ ਕੁਝ ਕਿਹਾ ਜਾ ਚੁੱਕਾ ਹੈ—ਇਹ ਤੱਥ ਹੈ ਕਿ ਇਰਾਕ ਦੇ 13 ਅਰਬ ਡਾਲਰ ਦੇ ਬਜਟ ਦੀ ਨਿਗਰਾਨੀ ਕਰਨ ਦਾ ਅਹਿਮ ਕੰਮ ਵੀਹ ਦੇ ਕਰੀਬ ਰਿਪਬਲਿਕਨਾਂ ਦੇ ਜ਼ਿੰਮੇ ਸੀ।[31] ਹਾਲਾਂਕਿ ਇਹ ਕੋਈ ਮੁੱਦਾ ਨਹੀਂ ਬਣਦਾ ਕਿ ਮੁੰਡੂਆਂ ਦੀ ਇਹ ਟੋਲੀ ਬਹੁਤ ਥੋੜ੍ਹੀ ਉਮਰ ਦੀ ਸੀ, ਇਹੀ ਉਨ੍ਹਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਨਹੀਂ ਸੀ। ਇਹ ਨਿਰੀ ਸਿਆਸੀ ਜੁੰਡਲੀ ਨਹੀਂ ਸੀ; ਇਹ ਕੀਨਜ਼ਵਾਦ ਦੀ ਹਰੇਕ ਰਹਿੰਦ-ਖੂੰਹਦ ਵਿਰੁੱਧ ਅਮਰੀਕਾ ਦੇ ਉਲਟ-ਇਨਕਲਾਬ ਦੇ ਮੂਹਰਲੀ ਕਤਾਰ ਦੇ ਯੋਧੇ ਸਨ। ਇਨ੍ਹਾਂ ਵਿਚੋਂ ਬਹੁਤੇ ਹੈਰੀਟੇਜ ਫਾਊਂਡੇਸ਼ਨ ਨਾਲ ਸਬੰਧਤ ਸਨ ਜੋ 1973 ਵਿਚ ਸਥਾਪਨਾ ਕੀਤੇ ਜਾਣ ਦੇ ਸਮੇਂ ਤੋਂ ਹੀ

ਫਰਾਇਡਮੈਨਵਾਦ ਦੀ ਟੇਕ ਰਹੀ ਹੈ। ਸੋ ਚਾਹੇ ਉਹ ਡਿਕ ਚੈਨੀ ਦੇ ਬਾਈ ਸਾਲਾ ਸਿਖਾਂਦਰੂ ਸਨ ਜਾਂ ਯੂਨੀਵਰਸਿਟੀਆਂ ਦੇ ਸੱਠ ਸਾਲਾ ਪ੍ਰਧਾਨ ਸਨ, ਇਨ੍ਹਾਂ 'ਚ ਸਾਂਝਾ ਗੁਣ ਸੀ ਸਰਕਾਰ ਅਤੇ ਪ੍ਰਸ਼ਾਸਨ ਪ੍ਰਤੀ ਨਫ਼ਰਤ ਦਾ ਸੱਭਿਆਚਾਰ। ਪਿੱਛੇ ਦੇਸ਼ ਵਿਚ ਭਾਵੇਂ ਸਮਾਜਿਕ ਸੁਰੱਖਿਆ ਸਹੂਲਤਾਂ ਅਤੇ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਤੋੜਨ ਲਈ ਇਹ ਸੱਭਿਆਚਾਰ ਅਣਮੋਲ ਹੋਵੇ, ਪਰ ਉੱਥੇ ਇਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਸੀ ਜਿੱਥੇ ਕੰਮ ਹੀ ਤਬਾਹ ਕੀਤੇ ਸਰਕਾਰੀ ਅਦਾਰਿਆਂ ਨੂੰ ਉਸਾਰਨ ਦਾ ਸੀ।

ਅਸਲ ਵਿਚ, ਕਈਆਂ ਦੀ ਸੋਚ ਸੀ ਕਿ ਇਹ ਅਮਲ ਗ਼ੈਰ-ਜ਼ਰੂਰੀ ਹੈ। ਇਰਾਕ ਦੇ ਸਿਹਤ ਸੇਵਾ ਪ੍ਰਬੰਧ ਨੂੰ ਮੁੜ ਉਸਾਰਨ ਦਾ ਮੁਖੀ ਜੇਮਜ਼ ਹੈਵਮੈਨ ਮੁਫ਼ਤ ਸਿਹਤ ਸੇਵਾਵਾਂ ਦੇ ਸਰਕਾਰੀ ਪ੍ਰਬੰਧ ਦਾ ਐਨਾ ਘੋਰ ਵਿਰੋਧੀ ਸੀ ਕਿ ਉਸ ਨੇ ਉਸ ਦੇਸ਼ ਵਿਚ ਦਵਾਈਆਂ ਵੰਡਣ ਦੀ ਵਿਵਸਥਾ ਦਾ ਨਿੱਜੀਕਰਨ ਕਰਨ ਨੂੰ ਮੁੱਖ ਤਰਜੀਹ ਦਿੱਤੀ ਜਿਸ ਦੇਸ਼ ਵਿਚ ਬੱਚਿਆਂ ਦੀਆਂ 70 ਫ਼ੀ ਸਦੀ ਮੌਤਾਂ ਦਾ ਕਾਰਨ ਟੱਟੀਆਂ-ਉਲਟੀਆਂ ਵਰਗੀਆਂ ਐਸੀਆਂ ਬੀਮਾਰੀਆਂ ਸਨ ਜਿਨ੍ਹਾਂ ਦਾ ਇਲਾਜ ਮੁਸ਼ਕਲ ਨਹੀਂ ਹੈ। ਅਤੇ ਜਿਥੇ ਨਵ-ਜੰਮੇ ਕਮਜ਼ੋਰ ਬੱਚਿਆਂ ਨੂੰ ਘਰਾਂ 'ਚ ਵਰਤਣ ਵਾਲੀ ਪਲਾਸਟਿਕ ਦੀ ਚਾਦਰ 'ਤੇ ਇਕੋ ਥਾਂ ਲਿਟਾਈ ਰੱਖਣ ਤੋਂ ਬਿਨਾ ਹੋਰ ਕੋਈ ਇੰਤਜ਼ਾਮ ਨਹੀਂ ਹੈ।[32]

ਮਹਿਫ਼ੂਜ਼ ਖੇਤਰ ਵਿਚ ਤਜਰਬੇਕਾਰ ਸਰਕਾਰੀ ਅਮਲੇ ਦੀ ਥੁੜ੍ਹ ਲਾਪਰਵਾਹੀ ਦਾ ਮਾਮਲਾ ਨਹੀਂ ਸੀ—ਇਹ ਇਸ ਤੱਥ ਦਾ ਇਜ਼ਹਾਰ ਸੀ ਕਿ ਇਰਾਕ 'ਤੇ ਕਬਜ਼ਾ ਸ਼ੁਰੂ ਤੋਂ ਹੀ ਖੋਖਲੀ ਸਰਕਾਰ ਦਾ ਤਿੱਖਾ ਤਜਰਬਾ ਸੀ। ਜਿਸ ਸਮੇਂ ਤਜਰਬੇਕਾਰ ਸਲਾਹਕਾਰ ਬਗ਼ਦਾਦ ਵਿਚ ਅੱਪੜੇ, ਮੁੜ ਉਸਾਰੀ ਦੀਆਂ ਸਾਰੀਆਂ ਹੀ ਅਹਿਮ ਜ਼ਿੰਮੇਵਾਰੀਆਂ ਪਹਿਲਾਂ ਹੀ ਹੈਲੀਬਰਟਨ ਅਤੇ ਕੇ ਪੀ ਐੱਮ ਜੀ ਦੇ ਸਪੁਰਦ ਕੀਤੀਆਂ ਜਾ ਚੁੱਕੀਆਂ ਸਨ। ਸਰਕਾਰੀ ਅਧਿਕਾਰੀਆਂ ਵਜੋਂ ਉਨ੍ਹਾਂ ਦਾ ਕੰਮ ਬਸ ਉਸ ਨਿਗੂਣੇ ਜਹੇ ਧਨ ਨੂੰ ਸਾਂਭਣਾ ਸੀ, ਜਿਸ ਨੇ ਇਰਾਕ ਵਿਚ ਠੇਕੇਦਾਰਾਂ ਦੇ ਬਿਲ ਦੇਣ ਲਈ ਪਾਰਦਰਸ਼ੀ ਪੈਕਟਾਂ ਦਾ ਰੂਪ ਅਖ਼ਤਿਆਰ ਕਰ ਲਿਆ ਸੀ। ਇਹ ਕਾਰਪੋਰੇਟਸ਼ਾਹੀ ਰਾਜ ਵਿਚ ਸਰਕਾਰ ਦੀ ਮਨਪਸੰਦ ਭੂਮਿਕਾ ਦੀ ਜਿਊਂਦੀ-ਜਾਗਦੀ ਝਲਕ ਸੀ—ਇਹ ਸੀ ਬਸ ਸਰਕਾਰੀ ਪੈਸਾ ਨਿੱਜੀ ਹੱਥਾਂ ਵਿਚ ਦੇਣ ਵਾਲੀ ਸੰਚਾਰ ਪੱਟੀ ਵਜੋਂ ਕੰਮ ਕਰਨਾ, ਇਸ ਕੰਮ ਲਈ ਵਿਚਾਰਧਾਰਕ ਵਚਨਬੱਧਤਾ ਵਿਆਪਕ ਅਮਲੀ ਤਜਰਬੇ ਨਾਲੋਂ ਵੱਧ ਢੁੱਕਵੀਂ ਹੈ।

ਲਗਾਤਾਰ ਕੰਮ ਕਰਦੇ ਰਹਿਣ ਵਾਲੀ ਇਹ ਸੰਚਾਰ ਪੱਟੀ ਪੂਰੇ ਸਿਲਸਿਲੇ ਦਾ ਹਿੱਸਾ ਸੀ। ਅਮਰੀਕਾ ਦੀ ਇਸ ਜ਼ਿੱਦ ਤੋਂ ਇਰਾਕੀਆਂ ਨੂੰ ਗੁੱਸਾ ਆ ਰਿਹਾ ਸੀ ਕਿ ਇਰਾਕੀ ਲੋਕਾਂ ਨੂੰ ਸਰਕਾਰੀ ਸਬਸਿਡੀਆਂ ਜਾਂ ਵਪਾਰਕ ਰੋਕਾਂ ਤੋਂ ਪੂਰੀ ਤਰ੍ਹਾਂ ਮੁਕਤ ਖੁੱਲ੍ਹੀ ਮੰਡੀ ਅਨੁਸਾਰ ਢਲ ਜਾਣਾ ਚਾਹੀਦਾ ਹੈ। ਮਾਈਕਲ ਫਲੈਚਰ ਨੇ ਇਰਾਕੀ ਸਰਮਾਏਦਾਰਾਂ ਨੂੰ ਬਹੁਤ ਸਾਰੇ ਭਾਸ਼ਣ ਦਿੱਤੇ। ਇਨ੍ਹਾਂ ਵਿਚੋਂ ਇਕ 'ਚ ਉਸ ਨੇ ਵਿਆਖਿਆ ਕੀਤੀ ਕਿ "ਰੋਕਾਂ ਵਾਲੇ ਕਾਰੋਬਾਰ ਕਦੇ ਵੀ ਮੁਕਾਬਲੇਬਾਜ਼ ਨਹੀਂ ਬਣ ਸਕਦੇ, ਕਦੇ ਵੀ ਨਹੀਂ।"[33] ਇਸ ਵਿਅੰਗ ਦਾ ਉਸ ਉੱਤੇ ਕੋਈ ਅਸਰ ਨਹੀਂ ਜਾਪਦਾ ਸੀ ਕਿ ਹੈਲੀਬਰਟਨ, ਬੈੱਚਟੈੱਲ, ਪਾਰਸਨਜ਼, ਕੇ ਪੀ ਜੀ ਐੱਮ, ਆਰ ਟੀ ਆਈ, ਬਲੈਕ ਵਾਟਰ ਅਤੇ ਇਰਾਕ ਦੀ ਮੁੜ-ਉਸਾਰੀ ਦਾ ਲਾਹਾ ਲੈਣ ਵਾਲੀਆਂ ਹੋਰ ਸਾਰੀਆਂ ਅਮਰੀਕੀ ਕਾਰਪੋਰੇਸ਼ਨਾਂ ਇਸ ਵਿਸ਼ਾਲ ਸੁਰੱਖਿਆਵਾਦੀ ਧੋਖਾਧੜੀ ਦਾ ਹਿੱਸਾ ਸਨ ਕਿ ਕਿਵੇਂ ਅਮਰੀਕੀ ਸਰਕਾਰ ਨੇ ਜੰਗ ਦੀ ਮਦਦ ਨਾਲ ਇਨ੍ਹਾਂ ਲਈ ਮੰਡੀਆਂ ਪੈਦਾ ਕੀਤੀਆਂ, ਇਨ੍ਹਾਂ ਦੇ ਸ਼ਰੀਕ ਮੁਕਾਬਲੇਬਾਜ਼ਾਂ ਨੂੰ ਇਸ ਦੌੜ 'ਚ ਦਾਖ਼ਲ ਹੋਣੋਂ ਰੋਕਿਆ, ਇਨ੍ਹਾਂ ਨੂੰ ਕੰਮ ਦੀਆਂ ਅਦਾਇਗੀਆਂ ਕੀਤੀਆਂ ਅਤੇ ਝੁੰਗੇ 'ਚ ਹੀ ਇਨ੍ਹਾਂ ਲਈ ਭਾਰੀ ਮੁਨਾਫ਼ੇ ਯਕੀਨੀ ਬਣਾਏ। ਇਹ ਸਭ ਟੈਕਸ ਦੇਣ

ਵਾਲਿਆਂ ਦੀ ਕੀਮਤ 'ਤੇ ਕੀਤਾ ਗਿਆ। ਸ਼ਿਕਾਗੋ ਸਕੂਲ ਮਾਰਕਾ ਜਹਾਦ, ਜੋ ਨਵੇਂ ਸੌਦੇ ਦੇ ਲੋਕ-ਭਲਾਈ ਵਾਲੇ ਰਾਜ ਦੇ ਕੰਟਰੋਲ ਵਾਲੇ ਸਿਧਾਂਤ ਨੂੰ ਖ਼ਤਮ ਕਰਨ ਦੇ ਮੁੱਖ ਮੰਤਵ ਤਹਿਤ ਉੱਭਰਿਆ ਸੀ; ਉਹ ਇਸ ਨਵੇਂ ਕਾਰਪੋਰੇਟ ਸੌਦੇ ਰਾਹੀਂ ਓੜਕ ਸਿਖ਼ਰਾਂ 'ਤੇ ਪਹੁੰਚ ਗਿਆ ਸੀ। ਇਹ ਨਿੱਜੀਕਰਨ ਦਾ ਹੋਰ ਵੀ ਸਿੱਧਾ-ਸਾਦਾ, ਹੋਰ ਵੀ ਨੰਗਾ ਰੂਪ ਸੀ—ਇੱਥੋਂ ਤੱਕ ਕਿ ਭਾਰੀ-ਭਰਕਮ ਜਾਇਦਾਦਾਂ ਦੀ ਮਾਲਕੀ ਦਾ ਤਬਾਦਲਾ ਕਰਨ ਦੀ ਵੀ ਲੋੜ ਨਹੀਂ : ਹੁਣ ਕਾਰਪੋਰੇਸ਼ਨਾਂ ਨੂੰ ਸਿੱਧਾ ਹੀ ਰਾਜ ਦੇ ਖ਼ਜ਼ਾਨੇ ਉਜਾੜਨ ਲਈ ਛੱਡ ਦਿਓ। ਕੋਈ ਪੂੰਜੀ-ਨਿਵੇਸ਼ ਨਹੀਂ, ਕੋਈ ਜਵਾਬਦੇਹੀ ਨਹੀਂ, ਬਸ ਮੁਨਾਫ਼ੇ ਹੀ ਮੁਨਾਫ਼ੇ।

ਜਿਵੇਂ ਇਰਾਕੀਆਂ ਨੂੰ ਮੁੜ-ਉਸਾਰੀ ਦੀ ਯੋਜਨਾ ਤੋਂ ਗਿਣ-ਮਿੱਥ ਕੇ ਬਾਹਰ ਰੱਖਿਆ ਗਿਆ, ਇਸੇ ਤਰ੍ਹਾਂ ਧਾੜਵੀਆਂ ਦੇ ਦੂਹਰੇ ਮਿਆਰ ਵੀ ਪਲੀਤੇ ਦਾ ਕੰਮ ਕਰ ਰਹੇ ਸਨ। ਆਰਥਕ ਪਾਬੰਦੀਆਂ ਅਤੇ ਹਮਲੇ ਦਾ ਸ਼ਿਕਾਰ ਹੋਏ ਬਹੁਤੇ ਇਰਾਕੀਆਂ ਦਾ ਇਉਂ ਸੋਚਣਾ ਸੁਭਾਵਿਕ ਸੀ ਕਿ ਉਨ੍ਹਾਂ ਨੂੰ ਆਪਣੇ ਦੇਸ਼ ਦੀ ਮੁੜ-ਉਸਾਰੀ ਦਾ ਲਾਭ ਲੈਣ ਦਾ ਹੱਕ ਹੈ—ਇਕੱਲਾ ਇਸ ਦੇ ਅੰਤਮ ਫ਼ਲ ਤੋਂ ਹੀ ਨਹੀਂ ਸਗੋਂ ਇਸ ਦੇ ਅਮਲ ਦੌਰਾਨ ਪੈਦਾ ਹੋਣ ਵਾਲੇ ਰੁਜ਼ਗਾਰ ਤੋਂ ਵੀ। ਇਸ ਦੀ ਥਾਂ ਜਦੋਂ ਦਹਿ-ਹਜ਼ਾਰਾਂ ਬਦੇਸ਼ੀ ਮਜ਼ਦੂਰਾਂ ਨੂੰ ਇਰਾਕ ਵਿਚ ਲਿਆ ਕੇ ਬਦੇਸ਼ੀ ਠੇਕੇਦਾਰਾਂ ਨਾਲ ਕੰਮ 'ਤੇ ਲਾ ਦਿੱਤਾ ਗਿਆ ਤਾਂ ਉਨ੍ਹਾਂ ਨੇ ਇਸ ਨੂੰ ਹਮਲੇ ਦੇ ਵਿਸਤਾਰ ਵਜੋਂ ਲਿਆ। ਇਹ ਮੁੜ-ਉਸਾਰੀ ਦੇ ਨਾਂ ਹੇਠ ਤਬਾਹੀ ਸੀ—ਇਹ ਦੇਸ਼ ਦੀ ਸਨਅਤ ਦਾ ਥੋਕ ਸਫ਼ਾਇਆ ਸੀ ਜੋ ਕੌਮੀ ਗੌਰਵ ਦਾ ਤਾਕਤਵਰ ਸੋਮਾ ਸੀ ਅਤੇ ਸੌੜੀਆਂ ਲੀਹਾਂ ਤੋਂ ਉੱਪਰ ਸੀ। ਬਰੈਮਰ ਦੇ ਕਾਰਜ-ਕਾਲ ਦੌਰਾਨ ਅਮਰੀਕੀ ਫੰਡਾਂ ਨਾਲ ਜੋ ਮੁੜ ਉਸਾਰੀ ਕੀਤੀ ਜਾ ਰਹੀ ਸੀ ਇਸ ਕੰਮ ਵਿਚ ਸਿਰਫ਼ ਪੰਦਰਾਂ ਹਜ਼ਾਰ ਇਰਾਕੀਆਂ ਨੂੰ ਕੰਮ 'ਤੇ ਰੱਖਿਆ ਗਿਆ। ਐਨੀ ਥੋੜ੍ਹੀ ਗਿਣਤੀ ਦੇਖਕੇ ਹੈਰਾਨੀ ਹੁੰਦੀ ਹੈ।[34] ਜਦੋਂ ਅਸੀਂ ਸੁਰੱਖਿਅਤ ਖੇਤਰ ਵਿਚ ਮਿਲੇ ਤਾਂ ਇਰਾਕੀ ਮੂਲ ਦੇ ਅਮਰੀਕੀ ਨੂਰੀ ਸਿਤੋ ਨੇ ਮੈਨੂੰ ਦੱਸਿਆ, "ਜਦੋਂ ਇਰਾਕੀ ਲੋਕ ਦੇਖਦੇ ਹਨ ਕਿ ਸਾਰੇ ਠੇਕੇ ਬਦੇਸ਼ੀਆਂ ਨੂੰ ਦਿੱਤੇ ਜਾ ਰਹੇ ਹਨ ਅਤੇ ਇਹ ਲੋਕ ਆਪਣੇ ਹੀ ਸੁਰੱਖਿਆ ਗਾਰਡ ਅਤੇ ਇੰਜੀਨੀਅਰ ਲਿਆ ਰਹੇ ਹਨ, ਅਤੇ ਸਾਡੇ ਬਾਰੇ ਸੋਚ ਇਹ ਹੈ ਕਿ ਅਸੀਂ ਬਸ ਬੈਠੇ ਝਾਕਦੇ ਰਹੀਏ, ਤਾਂ ਤੁਸੀਂ ਕੀ ਆਸ ਕਰਦੇ ਹੋ ?" ਸਿਤੋ ਮੁੜ-ਉਸਾਰੀ 'ਚ ਹੱਥ ਵਟਾਉਣ ਲਈ ਮੁੜ ਬਗ਼ਦਾਦ ਆ ਗਿਆ ਸੀ, ਪਰ ਉਹ ਕੂਟਨੀਤੀ ਤੋਂ ਤੰਗ ਆ ਚੁੱਕਾ ਸੀ। "ਦਹਿਸ਼ਤਵਾਦ ਅਤੇ ਸੁਰੱਖਿਆ ਦੀ ਘਾਟ ਦਾ ਪਹਿਲਾ ਕਾਰਨ ਆਰਥਕ ਹਿੱਤ ਹਨ।"

ਬਹੁਤੀ ਹਿੰਸਾ ਦਾ ਸਿੱਧਾ ਨਿਸ਼ਾਨਾ ਬਦੇਸ਼ੀਆਂ ਦਾ ਕਬਜ਼ਾ, ਬਦੇਸ਼ੀ ਪ੍ਰਾਜੈਕਟ ਅਤੇ ਇਨ੍ਹਾਂ ਦੇ ਕਾਮੇ ਸਨ। ਇਹ ਸਪਸ਼ਟ ਸੀ ਕਿ ਕੁਝ ਹਮਲੇ ਇਰਾਕ ਵਿਚਲੇ ਅਨਸਰਾਂ, ਜਿਵੇਂ ਅਲ-ਕਾਇਦਾ ਨੇ ਕੀਤੇ ਸਨ ਜਿਨ੍ਹਾਂ ਦੀ ਯੁੱਧਨੀਤੀ ਹੀ ਗੜਬੜ ਫੈਲਾਉਣ ਦੀ ਹੈ। ਜੇ ਸ਼ੁਰੂ ਤੋਂ ਹੀ ਮੁੜ-ਉਸਾਰੀ ਨੂੰ ਕੌਮੀ ਪ੍ਰਾਜੈਕਟ ਦਾ ਹਿੱਸਾ ਸਮਝਿਆ ਜਾਂਦਾ ਤਾਂ ਆਮ ਇਰਾਕੀ ਵਸੋਂ ਨੇ ਆਪਣੇ ਭਾਈਚਾਰਿਆਂ ਦੇ ਵਧਾਰੇ-ਪਸਾਰੇ ਵਜੋਂ ਇਸ ਦੀ ਹਮਾਇਤ ਕਰਨੀ ਸੀ, ਇਸ ਨਾਲ ਭੜਕਾਹਟ ਪੈਦਾ ਕਰਨ ਵਾਲਿਆਂ ਦਾ ਕੰਮ ਵੱਧ ਮੁਸ਼ਕਲ ਹੋ ਜਾਣਾ ਸੀ।

ਬੁਸ਼ ਸਰਕਾਰ ਸਹਿਜੇ ਹੀ ਇਹ ਤੈਅ ਕਰ ਸਕਦੀ ਸੀ ਕਿ ਅਮਰੀਕਾ ਦੇ ਟੈਕਸਾਂ ਦੇ ਡਾਲਰ ਹਾਸਲ ਕਰਨ ਵਾਲੀ ਇਸ ਕੰਪਨੀ ਨੂੰ ਆਪਣੇ ਪ੍ਰਾਜੈਕਟਾਂ 'ਚ ਇਰਾਕੀ ਅਮਲਾ ਭਰਤੀ ਕਰਨਾ ਪਵੇਗਾ। ਕਈ ਕੰਮ ਇਹ ਸਿੱਧੇ ਹੀ ਇਰਾਕੀ ਕੰਪਨੀਆਂ ਤੋਂ ਠੇਕੇ 'ਤੇ ਕਰਵਾ ਸਕਦੀ ਸੀ। ਸਾਲਾਂਬੱਧੀ ਅਜਿਹੇ ਸਧਾਰਨ, ਆਮ ਸੂਝ ਵਾਲੇ ਕਦਮ ਨਹੀਂ ਚੁੱਕੇ ਗਏ ਕਿਉਂਕਿ ਇਹ ਇਰਾਕ ਨੂੰ ਉੱਭਰ ਰਹੀ ਮੰਡੀ ਦਾ ਆਰਥਕ ਬੁਲਬੁਲਾ ਬਣਾਉਣ ਦੀ ਅੰਤਰੀਵ ਯੁੱਧਨੀਤੀ ਨਾਲ ਟਕਰਾਉਂਦੇ ਸਨ—

ਹਰ ਕੋਈ ਜਾਣਦਾ ਹੈ ਕਿ ਬੁਲਬੁਲੇ ਕਾਇਦੇ-ਕਾਨੂੰਨਾਂ ਰਾਹੀਂ ਨਹੀਂ ਸਗੋਂ ਇਨ੍ਹਾਂ ਦੀ ਅਣਹੋਂਦ 'ਚ ਫੈਲਦੇ ਹਨ। ਇਸ ਕਰਕੇ, ਤੇਜ਼ੀ ਅਤੇ ਕਾਰਜਕੁਸ਼ਲਤਾ ਦੇ ਨਾਂ ਹੇਠ ਠੇਕੇਦਾਰ ਜਿਸ ਨੂੰ ਚਾਹੁੰਦੇ ਕੰਮ 'ਤੇ ਰੱਖਦੇ, ਜਿੱਥੋਂ ਚਾਹੁੰਦੇ ਵਸਤਾਂ ਦਰਾਮਦ ਕਰਾਉਂਦੇ ਅਤੇ ਜਿਸ ਕੰਪਨੀ ਨੂੰ ਚਾਹੁੰਦੇ ਉਸੇ ਨੂੰ ਅਗਾਂਹ ਕੰਮ ਦੇ ਠੇਕੇ ਦਿੰਦੇ ਸਨ।

ਜੇ ਹਮਲੇ ਦੇ ਛੇ ਮਹੀਨਿਆਂ ਦੇ ਅੰਦਰ ਹੀ ਇਰਾਕੀ ਲੋਕਾਂ ਨੂੰ ਬੈੱਚਟੈੱਲ ਦੇ ਪਾਈਪਾਂ ਰਾਹੀਂ ਪੀਣ ਵਾਲਾ ਪਾਣੀ ਮਿਲਣਾ ਸ਼ੁਰੂ ਹੋ ਜਾਂਦਾ, ਜੀ ਈ ਦੀਆਂ ਲਾਈਟਾਂ ਉਨ੍ਹਾਂ ਦੇ ਘਰਾਂ 'ਚ ਚਾਨਣ ਕਰ ਦਿੰਦੀਆਂ, ਉਨ੍ਹਾਂ ਦੇ ਮਰੀਜ਼ਾਂ ਦਾ ਇਲਾਜ ਪਾਰਸਨਜ਼ ਦੇ ਉਸਾਰੇ ਹਸਪਤਾਲਾਂ 'ਚ ਹੋਣਾ ਸ਼ੁਰੂ ਹੋ ਜਾਂਦਾ, ਉਨ੍ਹਾਂ ਦੀਆਂ ਸੜਕਾਂ ਉੱਤੇ ਡਾਇਨ ਕਾਰਪ ਤੋਂ ਸਿਖਲਾਈਯਾਫਤਾ ਪੁਲਿਸ ਗਸ਼ਤ ਕਰਦੀ, ਤਾਂ ਸ਼ਾਇਦ ਅਨੇਕਾਂ (ਜੇ ਸਾਰੇ ਨਹੀਂ) ਨਾਗਰਿਕਾਂ ਦਾ ਗੁੱਸਾ ਠੰਢਾ ਹੋ ਜਾਣਾ ਸੀ ਜੋ ਮੁੜ-ਉਸਾਰੀ ਦੇ ਅਮਲ ਤੋਂ ਬਾਹਰ ਕੱਢੇ ਜਾਣ ਤੋਂ ਔਖੇ ਸਨ। ਪਰ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਕੀਤਾ ਗਿਆ ਅਤੇ ਟਾਕਰੇ ਦਾ ਰਾਹ ਅਖ਼ਤਿਆਰ ਕਰਨ ਵਾਲੀਆਂ ਇਰਾਕੀ ਤਾਕਤਾਂ ਵਲੋਂ ਮੁੜ-ਉਸਾਰੀ ਕੀਤੇ ਜਾਣ ਵਾਲੀਆਂ ਥਾਵਾਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਪਹਿਲਾਂ ਹੀ ਇਹ ਸਪਸ਼ਟ ਸੀ ਕਿ ਐਨੇ ਵੱਡੇ ਸਰਕਾਰੀ ਕੰਮ ਉੱਪਰ ਖੁੱਲ੍ਹੀ ਮੰਡੀ ਦੀ ਨੀਤੀ ਲਾਗੂ ਕਰਨਾ ਤਬਾਹੀ ਤੋਂ ਬਿਨਾ ਕੁਝ ਨਹੀਂ ਸੀ।

ਠੇਕਿਆਂ 'ਤੇ ਕਾਬਜ਼ ਬਦੇਸ਼ੀ ਕਾਰਪੋਰੇਸ਼ਨਾਂ ਹਰ ਤਰ੍ਹਾਂ ਦੇ ਕਾਇਦੇ-ਕਾਨੂੰਨਾਂ ਤੋਂ ਮੁਕਤ ਅਤੇ ਮੁਕੱਦਮੇਬਾਜ਼ੀ ਤੋਂ ਆਮ ਤੌਰ 'ਤੇ ਮਹਿਫੂਜ਼ ਸਨ। ਉਨ੍ਹਾਂ ਨੂੰ ਠੇਕਿਆਂ ਵਿਚੋਂ ਲਾਗਤ ਮੁੜ ਆਉਣ ਅਤੇ ਮੁਨਾਫ਼ੇ ਦੀ ਗਾਰੰਟੀ ਸੀ। ਇਨ੍ਹਾਂ ਨੇ ਐਨ ਉਹੀ ਕੁਝ ਕੀਤਾ ਜਿਸ ਦੀ ਪੇਸ਼ੀਨਗੋਈ ਕੀਤੀ ਗਈ ਸੀ : ਉਨ੍ਹਾਂ ਨੇ ਦਰਿੰਦਗੀ ਨਾਲ ਘਪਲੇ ਕੀਤੇ। ਇਰਾਕ ਵਿਚ "ਚੌਧਰੀਆਂ" ਵਜੋਂ ਮਸ਼ਹੂਰ ਵੱਡੇ ਠੇਕੇਦਾਰ ਕੰਮ ਅਗਾਂਹ ਠੇਕੇ 'ਤੇ ਦੇਣ ਦੀਆਂ ਵਿਆਪਕ ਸਕੀਮਾਂ 'ਚ ਜੁਟ ਗਏ। ਉਨ੍ਹਾਂ ਨੇ ਮਹਿਫੂਜ਼ ਖੇਤਰ, ਜਾਂ ਕੁਵੈਤ ਸਿਟੀ ਅਤੇ ਅੱਮਾਨ ਵਿਚ ਦਫ਼ਤਰ ਬਣਾ ਲਏ, ਕੰਮ ਅਗਾਂਹ ਕੁਵੈਤੀ ਕੰਪਨੀਆਂ ਨੂੰ ਠੇਕੇ 'ਤੇ ਦੇ ਦਿੱਤਾ, ਜਿਨ੍ਹਾਂ ਨੇ ਅੱਗੇ ਸਾਊਦੀਆਂ ਨੂੰ ਠੇਕੇ ਦੇ ਦਿੱਤੇ। ਜਦੋਂ ਸੁਰੱਖਿਆ ਦੀ ਹਾਲਤ ਹੋਰ ਵਿਗੜ ਗਈ ਤਾਂ ਉਨ੍ਹਾਂ ਨੇ ਅੰਤ ਇਹ ਕੰਮ ਠੇਕਿਆਂ ਦੀ ਅਸਲ ਕੀਮਤ ਦੇ ਬਹੁਤ ਹੀ ਛੋਟੇ ਹਿੱਸੇ 'ਤੇ ਅਗਾਂਹ ਇਰਾਕੀ ਕੰਪਨੀਆਂ, ਆਮ ਤੌਰ 'ਤੇ ਕੁਰਦਿਸਤਾਨ ਦੀਆਂ, ਨੂੰ ਦੇ ਦਿੱਤਾ। ਬਗ਼ਦਾਦ ਵਿਚ ਏਅਰ-ਕੰਡੀਸ਼ਨਿੰਗ ਕਰਨ ਦੇ ਠੇਕੇ ਨੂੰ ਮਿਸਾਲ ਵਜੋਂ ਇਸਤੇਮਾਲ ਕਰਦਿਆਂ ਡੈਮੋਕਰੇਟਿਕ ਸੈਨੇਟਰ ਬਾਈਰੋਲ ਡੌਰਗਨ ਨੇ ਇਸ ਤਾਣੇ-ਬਾਣੇ ਨੂੰ ਇਸ ਤਰ੍ਹਾਂ ਬਿਆਨ ਕੀਤਾ : "ਠੇਕਾ ਅਗਾਂਹ ਇਕ ਉੱਪ-ਠੇਕੇਦਾਰ ਨੂੰ ਦੇ ਦਿੱਤਾ ਜਾਂਦਾ ਹੈ। ਅਤੇ ਏਅਰ-ਕੰਡੀਸ਼ਨਿੰਗ ਦੀ ਅਦਾਇਗੀ ਚਾਰ ਠੇਕੇਦਾਰਾਂ ਦੀ ਅਦਾਇਗੀ ਹੋ ਨਿੱਬੜਦੀ ਹੈ, ਇਨ੍ਹਾਂ ਵਿਚੋਂ ਚੌਥਾ ਠੇਕੇਦਾਰ ਕਮਰੇ ਵਿਚ ਪੱਖਾ ਲਗਵਾਉਂਦਾ ਹੈ। ਅਤੇ ਜਿਵੇਂ ਬਰਫ਼ ਦਾ ਟੁਕੜਾ ਪੂਰੇ ਕਮਰੇ ਵਿਚ ਘੁੰਮ ਜਾਂਦਾ ਹੈ, ਉਸੇ ਤਰ੍ਹਾਂ ਪੈਸਾ ਚਾਰ ਹੱਥਾਂ ਵਿਚੋਂ ਦੀ ਗੁਜ਼ਰਨ ਤੋਂ ਬਾਅਦ ਇਰਾਕੀ ਕਮਰੇ ਵਿਚ ਸਿਰਫ਼ ਪੱਖਾ ਹੀ ਲਗਾਇਆ ਜਾਂਦਾ ਹੈ ਜਦਕਿ ਟੈਕਸ ਦੇਣ ਵਾਲੇ ਅਮਰੀਕੀਆਂ ਨੇ ਏਅਰ ਕੰਡੀਸ਼ਨਰ ਲਈ ਪੈਸੇ ਦਿੱਤੇ ਹੁੰਦੇ ਹਨ"[35] ਮੁੜ ਅਸਲ ਨੁਕਤੇ ਵੱਲ ਆਇਆ ਜਾਵੇ, ਇਹ ਸਾਰਾ ਸਮਾਂ ਦੇਸ਼ ਗੁੱਸੇ ਵਿਚ ਉੱਬਲਦਾ ਰਿਹਾ ਅਤੇ ਇਰਾਕੀਆਂ ਦੀਆਂ ਅੱਖਾਂ ਮੂਹਰੇ ਪੈਸਾ ਚੋਰੀ ਹੁੰਦਾ ਰਿਹਾ ਜੋ ਉਨ੍ਹਾਂ ਦੀ ਸਹਾਇਤਾ ਲਈ ਦਿੱਤਾ ਗਿਆ ਸੀ।

ਜਦੋਂ ਨਵੰਬਰ 2006 ਵਿਚ ਬੈੱਚਟੈੱਲ ਬੋਰੀ-ਬਿਸਤਰਾ ਬੰਨ੍ਹ ਕੇ ਇਰਾਕ ਛੱਡ ਗਈ ਤਾਂ ਇਸ ਨੇ ਪ੍ਰਾਜੈਕਟ ਪੂਰਾ ਨਾ ਹੋਣ ਦਾ ਦੋਸ਼ "ਹਿੰਸਾ ਦੀ ਭਰਮਾਰ" ਦੇ ਸਿਰ ਮੜ੍ਹ ਦਿੱਤਾ। ਅਸਲ

ਵਿਚ ਠੇਕੇਦਾਰੀ ਦੀ ਅਸਫ਼ਲਤਾ ਦਾ ਆਗਾਜ਼ ਤਾਂ ਇਰਾਕ ਵਿਚ ਹਥਿਆਰਬੰਦ ਟਾਕਰੇ ਦੇ ਜ਼ੋਰ ਫੜ੍ਹਨ ਤੋਂ ਪਹਿਲਾਂ ਹੀ ਹੋ ਗਿਆ ਸੀ। ਬੈੱਚਟੈੱਲ ਨੇ ਜਿਹੜੇ ਸਕੂਲਾਂ ਦੀ ਮੁੜ-ਉਸਾਰੀ ਕੀਤੀ ਸੀ ਉਨ੍ਹਾਂ ਦੀਆਂ ਤੁਰੰਤ ਸ਼ਿਕਾਇਤਾਂ ਆਉਣ ਲੱਗ ਪਈਆਂ ਸਨ।[36] ਅਪ੍ਰੈਲ 2004 ਦੇ ਸ਼ੁਰੂ 'ਚ, ਇਰਾਕ ਦੇ ਹਿੰਸਾ ਦੀ ਲਪੇਟ 'ਚ ਆਉਣ ਤੋਂ ਪਹਿਲਾਂ, ਮੈਂ ਬਗ਼ਦਾਦ ਵਿਚ ਬੱਚਿਆਂ ਦੇ ਕੇਂਦਰੀ ਹਸਪਤਾਲ 'ਚ ਗਈ ਸੀ। ਇਹ ਮੰਨਿਆ ਜਾਂਦਾ ਸੀ ਕਿ ਇਸ ਦੀ ਮੁੜ-ਉਸਾਰੀ ਇਕ ਹੋਰ ਠੇਕੇਦਾਰ ਨੇ ਕੀਤੀ ਸੀ। ਇਸ ਦੇ ਹਾਲ ਦੀਆਂ ਨਾਲੀਆਂ ਕੱਚੀਆਂ ਸਨ, ਕੋਈ ਵੀ ਪਖ਼ਾਨਾ ਕੰਮ ਨਹੀਂ ਸੀ ਕਰ ਰਿਹਾ ਅਤੇ ਜਿਹੜੇ ਆਦਮੀ ਗੰਦ ਸਾਫ਼ ਕਰਨ ਲੱਗੇ ਹੋਏ ਸਨ ਉਹ ਐਨੇ ਗਰੀਬ ਸਨ ਕਿ ਉਨ੍ਹਾਂ ਦੇ ਪੈਰ ਨੰਗੇ ਸਨ। ਉਹ ਉਨ੍ਹਾਂ ਔਰਤਾਂ ਵਾਂਗ ਅੱਗੇ ਤੋਂ ਅੱਗੇ ਠੇਕੇ 'ਤੇ ਕੰਮ ਕਰਨ ਵਾਲੇ ਮਜ਼ਦੂਰ ਸਨ, ਜੋ ਵਾਲਮਾਰਟ ਦੇ ਠੇਕੇਦਾਰਾਂ ਦੇ ਠੇਕੇਦਾਰਾਂ ਦੇ ਅੱਗੇ ਠੇਕੇਦਾਰਾਂ ਲਈ ਆਪਣੇ ਘਰ ਵਿਚ ਸਿਲਾਈ ਦਾ ਕੰਮ ਕਰਦੀਆਂ ਹਨ।

ਸਾਢੇ ਤਿੰਨ ਸਾਲ ਤੱਕ ਓਦੋਂ ਤੱਕ ਘਪਲਾ ਹੁੰਦਾ ਰਿਹਾ ਜਦੋਂ ਤੱਕ ਮੁੜ ਉਸਾਰੀ ਦੇ ਠੇਕੇ ਲੈਣ ਵਾਲੀਆਂ ਸਾਰੀਆਂ ਵੱਡੀਆਂ ਅਮਰੀਕੀ ਕੰਪਨੀਆਂ ਇਰਾਕ ਵਿਚੋਂ ਨਿਕਲ ਨਹੀਂ ਗਈਆਂ। ਉਨ੍ਹਾਂ ਨੇ ਅਰਬਾਂ ਡਾਲਰ ਖ਼ਰਚ ਦਿੱਤੇ ਸਨ, ਪਰ ਕੰਮ ਦਾ ਵੱਡਾ ਹਿੱਸਾ ਹਾਲੇ ਵੀ ਅਧੂਰਾ ਸੀ। ਪਾਰਸਨਜ਼ ਨੂੰ 142 ਸਿਹਤ ਕਲੀਨਿਕ ਉਸਾਰਨ ਦੇ ਬਦਲੇ 18 ਕਰੋੜ 6 ਲੱਖ ਡਾਲਰ ਦੀ ਅਦਾਇਗੀ ਕੀਤੀ ਗਈ ਸੀ। ਇਨ੍ਹਾਂ ਵਿਚੋਂ ਸਿਰਫ਼ ਛੇ ਕਲੀਨਿਕ ਮੁਕੰਮਲ ਕੀਤੇ ਗਏ ਸਨ। ਇੱਥੋਂ ਤੱਕ ਕਿ ਜਿਹੜੇ ਪ੍ਰਾਜੈਕਟਾਂ ਨੂੰ ਮੁੜ-ਉਸਾਰੀ ਦੀਆਂ ਸਫ਼ਲ ਮਿਸਾਲਾਂ ਦੱਸਿਆ ਜਾਂਦਾ ਹੈ ਉਨ੍ਹਾਂ ਬਾਰੇ ਵੀ ਕਿੰਤੂ-ਪ੍ਰੰਤੂ ਹੋ ਰਹੇ ਸਨ। ਅਪ੍ਰੈਲ 2007 'ਚ ਅਮਰੀਕੀ ਇੰਸਪੈਕਟਰਾਂ ਨੇ ਅਮਰੀਕੀ ਠੇਕੇਦਾਰਾਂ ਵਲੋਂ ਪੂਰੇ ਕੀਤੇ ਅੱਠ ਪ੍ਰਾਜੈਕਟਾਂ ਦੀ ਪੜਤਾਲ ਕੀਤੀ—ਇਨ੍ਹਾਂ ਵਿਚ ਇਕ ਜੱਚਾ-ਬੱਚਾ ਹਸਪਤਾਲ ਅਤੇ ਪਾਣੀ ਨੂੰ ਸ਼ੁੱਧ ਕਰਨ ਦਾ ਪ੍ਰਬੰਧ ਸ਼ਾਮਲ ਸੀ। *ਨਿਊਯਾਰਕ ਟਾਈਮਜ਼* ਅਨੁਸਾਰ "ਇਨ੍ਹਾਂ ਵਿਚੋਂ ਸੱਤ ਪ੍ਰਾਜੈਕਟ ਜਿਵੇਂ ਬਣਾਏ ਗਏ ਸਨ ਉਵੇਂ ਕੰਮ ਨਹੀਂ ਸੀ ਕਰ ਰਹੇ।" ਅਖ਼ਬਾਰ ਨੇ ਇਹ ਰਿਪੋਰਟ ਵੀ ਦਿੱਤੀ ਕਿ ਇਰਾਕ ਦੇ ਪਾਵਰ ਗਰਿੱਡ ਨੇ 2006 'ਚ ਬਿਜਲੀ ਦੀ ਜਿੰਨੀ ਪੈਦਾਵਾਰ ਕੀਤੀ, 2007 'ਚ ਇਹ ਉਸ ਤੋਂ ਚੋਖੀ ਘੱਟ ਪੈਦਾਵਾਰ ਕਰ ਰਿਹਾ ਸੀ।[37] ਦਸੰਬਰ 2006 'ਚ, ਜਦੋਂ ਮੁੜ ਉਸਾਰੀ ਦੇ ਸਾਰੇ ਮੁੱਖ ਠੇਕੇ ਪੂਰੇ ਹੋ ਗਏ ਸਨ, ਉਸ ਸਮੇਂ ਇੰਸਪੈਕਟਰ ਜਨਰਲ ਦਾ ਦਫ਼ਤਰ ਇਰਾਕ ਵਿਚ ਅਮਰੀਕੀ ਠੇਕੇਦਾਰਾਂ ਨਾਲ ਸਬੰਧਤ ਘਪਲੇ ਦੇ ਸਤਾਸੀ ਮਾਮਲਿਆਂ ਦੀ ਪੜਤਾਲ ਕਰ ਰਿਹਾ ਸੀ।[38] ਕਬਜ਼ੇ ਦੌਰਾਨ ਭ੍ਰਿਸ਼ਟਾਚਾਰ ਮਾੜੇ ਪ੍ਰਬੰਧ ਸੰਚਾਲਨ ਦਾ ਨਹੀਂ ਸਗੋਂ ਨੀਤੀ ਫ਼ੈਸਲਿਆਂ ਦਾ ਸਿੱਟਾ ਸੀ : ਨੀਤੀ ਇਹ ਸੀ ਕਿ ਜੇ ਪੱਛਮ ਦੀ ਵਹਿਸ਼ੀ ਸਰਮਾਏਦਾਰੀ ਦੀ ਮੰਡੀ ਦੀ ਅਗਲੀ ਹੱਦਬੰਦੀ ਇਰਾਕ ਨੂੰ ਬਣਾਉਣਾ ਹੈ ਤਾਂ ਇਸ ਨੂੰ ਕਾਇਦੇ-ਕਾਨੂੰਨਾਂ ਤੋਂ ਮੁਕਤ ਕਰਾਉਣਾ ਜ਼ਰੂਰੀ ਸੀ।

ਬਰੈਮਰ ਦੀ ਅਗਵਾਈ 'ਚ ਸੀ ਪੀ ਏ ਨੇ ਵੱਖ-ਵੱਖ ਘਪਲਿਆਂ, ਗੁਪਤ ਸੌਦੇਬਾਜ਼ੀਆਂ ਅਤੇ ਹੇਰਾਫੇਰੀਆਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਕਿਉਂਕਿ ਇਹ ਖ਼ੁਦ ਹੀ ਧੋਖਾਧੜੀ ਸੀ। ਹਾਲਾਂਕਿ ਇਸ ਦੇ ਬਿੱਲ ਅਮਰੀਕੀ ਕਬਜ਼ਾ ਅਥਾਰਟੀ ਦੇ ਨਾਂ ਕੱਟੇ ਗਏ ਸਨ, ਪਰ ਇਹ ਸਪਸ਼ਟ ਨਹੀਂ ਸੀ ਕਿ ਨਾਂ ਨੂੰ ਛੱਡ ਕੇ ਕਿਸੇ ਹੋਰ ਪੱਖੋਂ ਇਸ ਨੂੰ ਕੰਪਨੀਆਂ ਨਾਲੋਂ ਹੋਰ ਕਿਹੜੀ ਚੀਜ਼ ਨਿਖੇੜਦੀ ਸੀ। ਕਸਟਰ ਬੈਟਲਜ਼ ਕੰਪਨੀ ਦੇ ਭ੍ਰਿਸ਼ਟਾਚਾਰ ਦੇ ਬਦਨਾਮ ਮਾਮਲੇ 'ਚ ਜੱਜ ਵਲੋਂ ਇਹ ਨੁਕਤਾ ਜ਼ੋਰਦਾਰ ਰੂਪ 'ਚ ਉਠਾਇਆ ਗਿਆ।

ਸੁਰੱਖਿਆ ਮੁਹੱਈਆ ਕਰਨ ਵਾਲੀ ਇਸ ਕੰਪਨੀ ਦੇ ਦੋ ਮੁਲਾਜ਼ਮਾਂ ਨੇ ਕੰਪਨੀ ਵਲੋਂ ਕੀਤੀ

ਹੇਰਾਫੇਰੀ ਨੰਗੀ ਕਰਨ ਲਈ ਕਾਨੂੰਨੀ ਚਾਰਾਜ਼ੋਈ ਕੀਤੀ। ਉਨ੍ਹਾਂ ਨੇ ਕੰਪਨੀ ਉੱਪਰ ਸੀ ਪੀ ਏ ਨਾਲ ਕੀਤੇ ਮੁੜ-ਉਸਾਰੀ ਦੇ ਠੇਕਿਆਂ ਵਿਚ ਹੇਰਾਫੇਰੀ ਕਰਨ ਅਤੇ ਅਮਰੀਕੀ ਸਰਕਾਰ ਨੂੰ ਦਹਿ-ਲੱਖਾਂ ਡਾਲਰਾਂ ਦਾ ਚੂਨਾ ਲਾਉਣ ਦਾ ਦੋਸ਼ ਲਾਇਆ, ਇਹ ਜ਼ਿਆਦਾਤਰ ਬਗ਼ਦਾਦ ਦੇ ਕੌਮਾਂਤਰੀ ਹਵਾਈ ਅੱਡੇ ਦੇ ਕੰਮ ਸਬੰਧੀ ਸੀ। ਇਸ ਮੁਕੱਦਮੇ ਦਾ ਅਧਾਰ ਕੰਪਨੀ ਦੇ ਦਸਤਾਵੇਜ਼ ਸਨ ਜੋ ਇਸ ਦਾ ਸਬੂਤ ਸਨ ਕਿ ਕੰਪਨੀ ਦੋ ਤਰ੍ਹਾਂ ਦਾ ਹਿਸਾਬ-ਕਿਤਾਬ ਤਿਆਰ ਕਰਦੀ ਸੀ—ਇਕ ਆਪਣੇ ਲਈ, ਦੂਜਾ ਸੀ ਪੀ ਏ ਲਈ ਬਿੱਲਾਂ ਦੇ ਰੂਪ ਵਿਚ। ਸੇਵਾ-ਮੁਕਤ ਬ੍ਰਿਗੇਡੀਅਰ ਜਨਰਲ ਹਗ ਟਾਂਟ ਨੇ ਪੁਸ਼ਟੀ ਕੀਤੀ ਕਿ ਇਹ ਘਪਲਾ "ਸ਼ਾਇਦ ਸਭ ਤੋਂ ਭੈੜਾ ਫਰਾਡ ਹੈ ਜੋ ਮੈਂ ਫ਼ੌਜ ਦੀ 30 ਸਾਲਾਂ ਦੀ ਨੌਕਰੀ 'ਚ ਹੁਣ ਤੱਕ ਦੇਖੇ ਹਨ।" (ਕਸਟਰ ਬੈਟਲਜ਼ ਦੀਆਂ ਅਨੇਕਾਂ ਉਲੰਘਣਾਵਾਂ ਵਿਚੋਂ ਇਕ ਉਲੰਘਣਾ ਇਹ ਹੈ ਕਿ ਕੰਪਨੀ ਨੇ ਹਵਾਈ ਅੱਡੇ ਤੋਂ ਇਰਾਕ ਦੀਆਂ ਫੌਰਕ ਲਿਫਟ ਮਸ਼ੀਨਾਂ ਹਥਿਆ ਕੇ, ਇਨ੍ਹਾਂ ਨੂੰ ਦੁਬਾਰਾ ਰੰਗ ਕਰਕੇ ਇਨ੍ਹਾਂ ਨੂੰ ਪਟੇ 'ਤੇ ਦੇਣ ਦੇ ਲਾਗਤ ਖ਼ਰਚੇ ਸੀ ਪੀ ਏ ਦੇ ਬਿੱਲਾਂ ਵਿਚ ਪਾ ਦਿੱਤੇ।)[40]

ਮਾਰਚ 2006 'ਚ, ਵਰਜੀਨੀਆ ਦੀ ਕੇਂਦਰੀ ਅਦਾਲਤ ਦੇ ਜੱਜ ਨੇ ਕੰਪਨੀ ਨੂੰ ਘਪਲੇ ਦਾ ਦੋਸ਼ੀ ਠਹਿਰਾ ਕੇ ਇਸ ਨੂੰ ਇਕ ਕਰੋੜ ਡਾਲਰ ਹਰਜਾਨਾ ਦੇਣ ਲਈ ਮਜਬੂਰ ਕਰ ਦਿੱਤਾ। ਇਸ 'ਤੇ ਕੰਪਨੀ ਨੇ ਜਵਾਬੀ ਦਾਅਵਾ ਕਰਦਿਆਂ ਜੱਜ ਨੂੰ ਫ਼ੈਸਲਾ ਰੱਦ ਕਰਨ ਲਈ ਦਬਾਅ ਪਾਇਆ। ਕੰਪਨੀ ਨੇ ਦਾਅਵਾ ਕੀਤਾ ਕਿ ਸੀ ਪੀ ਏ ਅਮਰੀਕੀ ਸਰਕਾਰ ਦਾ ਹਿੱਸਾ ਨਹੀਂ, ਇਸ ਕਰਕੇ ਝੂਠੀ ਦਾਅਵੇਦਾਰੀ ਬਾਰੇ ਕਾਨੂੰਨ ਅਤੇ ਅਮਰੀਕੀ ਕਾਨੂੰਨ ਇਸ 'ਤੇ ਲਾਗੂ ਨਹੀਂ ਹੁੰਦੇ। ਇਸ ਜਵਾਬੀ ਦਾਅਵੇ ਦੀਆਂ ਅਰਥ-ਸੰਭਾਵਨਾਵਾਂ ਬਹੁਤ ਸਨ : ਬੁਸ਼ ਸਰਕਾਰ ਨੇ ਇਰਾਕ ਵਿਚ ਕੰਮ ਕਰ ਰਹੀਆਂ ਅਮਰੀਕੀ ਕਾਰਪੋਰੇਸ਼ਨਾਂ ਨੂੰ ਇਰਾਕੀ ਕਾਨੂੰਨਾਂ ਪ੍ਰਤੀ ਜਵਾਬਦੇਹ ਹੋਣ ਤੋਂ ਪੂਰੀ ਛੋਟ ਦੇ ਰੱਖੀ ਸੀ। ਜੇ ਸੀ ਪੀ ਏ ਉੱਤੇ ਕੋਈ ਅਮਰੀਕੀ ਕਾਨੂੰਨ ਲਾਗੂ ਨਹੀਂ ਹੁੰਦਾ ਤਾਂ ਇਸ ਦਾ ਭਾਵ ਸੀ ਕਿ ਠੇਕੇ ਲੈਣ ਵਾਲੀਆਂ ਕੰਪਨੀਆਂ ਅਮਰੀਕਾ ਜਾਂ ਇਰਾਕ ਦੇ ਕਿਸੇ ਕਾਨੂੰਨ ਦੀਆਂ ਪਾਬੰਦ ਨਹੀਂ ਹਨ। ਇਸ ਵਾਰ, ਜੱਜ ਨੇ ਕੰਪਨੀ ਦੇ ਹੱਕ ਵਿਚ ਫ਼ੈਸਲਾ ਸੁਣਾ ਦਿੱਤਾ। ਉਸ ਨੇ ਕਿਹਾ ਕਿ ਇਸ ਦੇ ਚੋਖੇ ਸਬੂਤ ਹਨ ਕਿ ਕਸਟਰ ਬੈਟਲਜ਼ ਨੇ ਸੀ ਪੀ ਏ ਨੂੰ ਜਿਹੜੇ ਬਿੱਲ ਦਿੱਤੇ ਉਹ "ਜਾਅਲੀ ਅਤੇ ਵਧਾ-ਚੜ੍ਹਾ ਕੇ ਬਣਾਏ ਬਿੱਲ" ਸਨ, ਪਰ ਨਾਲ ਹੀ ਉਸ ਨੇ ਫ਼ੈਸਲਾ ਦਿੱਤਾ ਕਿ ਮੁਕੱਦਮਾ ਦਾਇਰ ਕਰਨ ਵਾਲੇ "ਇਹ ਸਾਬਤ ਨਹੀਂ ਕਰ ਸਕੇ ਕਿ ਬਿੱਲਾਂ ਦਾ ਦਾਅਵਾ ਅਮਰੀਕੀ ਸਰਕਾਰ ਕੋਲ ਪੇਸ਼ ਕੀਤਾ ਗਿਆ ਸੀ।"[41] ਦੂਜੇ ਲਫ਼ਜ਼ਾਂ 'ਚ, ਇਰਾਕ ਵਿਚ ਆਰਥਕ ਤਜਰਬੇ ਦੇ ਪਹਿਲੇ ਸਾਲ 'ਚ ਇਰਾਕ ਵਿਚ ਅਮਰੀਕੀ ਸਰਕਾਰ ਦੀ ਮੌਜੂਦਗੀ ਨਿਰਾ ਭਰਮ ਸੀ—ਉੱਥੇ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਤਾਂ ਮਹਿਜ਼ ਅਮਰੀਕੀ ਲੋਕਾਂ ਦੇ ਟੈਕਸ ਅਤੇ ਇਰਾਕ ਦੀ ਤੇਲ ਦੀ ਕਮਾਈ ਦੇ ਡਾਲਰ ਬਦੇਸ਼ੀ ਕਾਰਪੋਰੇਸ਼ਨਾਂ ਦੇ ਢਿੱਡ 'ਚ ਪਾਉਣ ਵਾਲੀ ਕੀਪ ਹੀ ਸੀ। ਇੰਞ, ਇਰਾਕ ਰਾਜ-ਵਿਰੋਧੀ ਉਲਟ-ਇਨਕਲਾਬ ਦੇ ਸਿਰੇ ਦੇ ਇਜ਼ਹਾਰ ਦੀ ਮਿਸਾਲ ਸੀ—ਐਸਾ ਥੋਥਾ ਰਾਜ, ਜਿੱਥੇ ਜਦੋਂ ਆਖ਼ਿਰ ਅਦਾਲਤੀ ਪ੍ਰਣਾਲੀ ਕਾਇਮ ਕੀਤੀ ਗਈ, ਅਸਲ ਵਿਚ ਓਦੋਂ ਵੀ ਇਸ ਦੀ ਕੋਈ ਹੋਂਦ ਨਹੀਂ ਸੀ।

ਠੇਕੇ ਲੈਣ ਵਾਲੀਆਂ ਕੰਪਨੀਆਂ ਦੇ ਹਵਾਲੇ ਅਰਬਾਂ ਡਾਲਰ ਕਰਕੇ, ਸੀ ਪੀ ਏ ਉੱਥੋਂ ਰਫੂ-ਚੱਕਰ ਹੋ ਗਈ। ਇਸ ਦਾ ਸਾਬਕਾ ਅਮਲਾ ਨਿੱਜੀ ਖੇਤਰ 'ਚ ਵਾਪਸ ਪਰਤ ਆਇਆ ਅਤੇ ਜਦੋਂ ਘਪਲਿਆਂ ਦੇ ਥਪੇੜੇ ਪੈਣ ਲੱਗੇ ਤਾਂ ਮਹਿਫੂਜ਼ ਖੇਤਰ ਦੀ ਘਟੀਆ ਕਾਰਗੁਜ਼ਾਰੀ ਦੇ ਹੱਕ 'ਚ ਬੋਲਣ ਲਈ ਉੱਥੇ ਕੋਈ ਨਹੀਂ ਸੀ। ਪਰ ਇਰਾਕ ਵਿਚ, ਅਰਬਾਂ ਡਾਲਰਾਂ ਦਾ ਗਾਇਬ ਹੋ ਜਾਣਾ

ਬੁਰੀ ਤਰ੍ਹਾਂ ਮਹਿਸੂਸ ਹੋ ਰਿਹਾ ਸੀ। ਬੈੱਚਟੈੱਲ ਦੇ ਇਰਾਕ ਛੱਡ ਕੇ ਜਾਣ ਤੋਂ ਇਕ ਹਫ਼ਤਾ ਬਾਅਦ ਬਿਜਲੀ ਮੰਤਰਾਲੇ ਦੇ ਇਕ ਇੰਜੀਨੀਅਰ ਦੀ ਟਿੱਪਣੀ ਸੀ, "ਹੁਣ ਹਾਲਤ ਜ਼ਿਆਦਾ ਮਾੜੀ ਹੈ ਅਤੇ ਅਮਰੀਕੀ ਕੰਪਨੀਆਂ ਨੂੰ ਠੇਕੇ ਦੇਣ ਤੋਂ ਬਾਅਦ ਵੀ ਇਸ 'ਚ ਕੋਈ ਸੁਧਾਰ ਨਹੀਂ ਹੋਇਆ ਜਾਪਦਾ। ਹੈਰਾਨੀ ਦੀ ਗੱਲ ਹੈ ਕਿ ਬਿਜਲੀ ਉੱਤੇ ਅਰਬਾਂ ਡਾਲਰ ਖ਼ਰਚ ਦਿੱਤੇ ਜਾਣ ਨਾਲ ਵੀ ਹਾਲਤ ਨਹੀਂ ਸੁਧਰੀ ਸਗੋਂ ਹੋਰ ਜ਼ਿਆਦਾ ਵਿਗੜੀ ਹੈ।" ਮੋਸੁਲ ਦੇ ਇਕ ਟੈਕਸੀ ਡਰਾਈਵਰ ਨੇ ਸਵਾਲ ਕੀਤਾ, "ਕਿਹੜੀ ਮੁੜ-ਉਸਾਰੀ ? ਅੱਜ ਵੀ ਅਸੀਂ ਦਹਾਕੇ ਪਹਿਲਾਂ ਉਸਾਰੇ ਪਲਾਂਟ ਤੋਂ ਗੰਦਾ ਪਾਣੀ ਪੀ ਰਹੇ ਹਾਂ ਜਿਸ ਦੀ ਕਦੇ ਸਾਂਭ-ਸੰਭਾਲ ਹੀ ਨਹੀਂ ਕੀਤੀ ਗਈ। ਬਿਜਲੀ ਦਿਨ ਵਿਚ ਸਿਰਫ ਦੋ ਘੰਟੇ ਆਉਂਦੀ ਹੈ। ਹੁਣ ਤਾਂ ਅਸੀਂ ਪਿਛਾਂਹ ਵੱਲ ਜਾ ਰਹੇ ਹਾਂ। ਅਸੀਂ ਜੰਗਲਾਂ ਤੋਂ ਲੱਕੜਾਂ ਲਿਆ ਕੇ ਖਾਣਾ ਬਣਾਉਂਦੇ ਹਾਂ ਕਿਉਂਕਿ ਗੈਸ ਦੀ ਕਿੱਲਤ ਹੈ।"[42]

ਮੁੜ-ਉਸਾਰੀ ਨਾ ਕਰ ਸਕਣ ਲਈ ਵਿਚਾਰਧਾਰਕ ਪਛਾੜ ਦਾ ਸਭ ਤੋਂ ਘਾਤਕ ਰੂਪ ਵੀ ਸਿੱਧਾ ਜ਼ਿੰਮੇਵਾਰ ਸੀ ਭਾਵ ਧਾਰਮਿਕ ਮੂਲਵਾਦ ਅਤੇ ਫਿਰਕੂ ਟਕਰਾਵਾਂ ਦਾ ਖ਼ਤਰਨਾਕ ਉਭਾਰ। ਜਦੋਂ ਧਾੜਵੀ ਤਾਕਤ ਸਭ ਤੋਂ ਬੁਨਿਆਦੀ ਸੇਵਾਵਾਂ ਮੁਹੱਈਆ ਕਰਨ 'ਚ ਅਸਫ਼ਲ ਰਹੀ, ਜਿਨ੍ਹਾਂ ਵਿਚ ਸੁਰੱਖਿਆ ਵੀ ਸ਼ਾਮਲ ਸੀ, ਤਾਂ ਮਸੀਤਾਂ ਅਤੇ ਸਥਾਨਕ ਮਿਲੀਸ਼ੀਆ ਨੇ ਇਹ ਖ਼ਲਾਅ ਪੂਰਿਆ। ਨੌਜਵਾਨ ਸ਼ੀਆ ਮੌਲਵੀ ਮੌਕਤਾਦਾ ਅਲ-ਸਦਰ ਨੇ ਉਸ ਮੁੜ-ਉਸਾਰੀ ਦੀ ਪੋਲ ਖੋਲ੍ਹਣ 'ਚ ਉਚੇਚੀ ਮੁਹਾਰਤ ਦਿਖਾਈ ਜਿਸ ਦਾ ਬਰੈਮਰ ਨੇ ਨਿੱਜੀਕਰਨ ਕਰ ਦਿੱਤਾ ਸੀ। ਉਸ ਨੇ ਬਗਦਾਦ 'ਚ ਸ਼ੀਆ ਲੋਕਾਂ ਦੀਆਂ ਝੁੱਗੀਆਂ-ਝੌਂਪੜੀਆਂ ਤੋਂ ਲੈ ਕੇ ਬਸਰਾ ਤੱਕ ਆਪਣੀ ਛਤਰ-ਛਾਇਆ ਹੇਠ ਮੁੜ-ਉਸਾਰੀ ਕਰਵਾਈ, ਜਿੱਥੋਂ ਉਸ ਨੂੰ ਸਮਰਪਿਤ ਪੈਰੋਕਾਰ ਹਾਸਲ ਹੋ ਗਏ। ਮਸਜਿਦਾਂ ਦੇ ਚੜ੍ਹਾਵੇ ਅਤੇ ਬਾਅਦ ਵਿਚ ਸ਼ਾਇਦ ਇਰਾਨ ਤੋਂ ਮਿਲੀ ਸਹਾਇਤਾ ਨਾਲ ਬਿਜਲੀ ਦੇ ਮਿਸਤਰੀ ਭੇਜ ਕੇ ਬਿਜਲੀ ਅਤੇ ਫ਼ੋਨ ਲਾਈਨਾਂ ਚਾਲੂ ਕਰਵਾਈਆਂ ਗਈਆਂ, ਮਲਬਾ ਚੁੱਕਣ ਲਈ ਸਥਾਨਕ ਪੱਧਰ 'ਤੇ ਇੰਤਜ਼ਾਮ ਕੀਤੇ ਗਏ, ਹੰਗਾਮੀ ਜਨਰੇਟਰ ਲਾਏ ਗਏ, ਖ਼ੂਨਦਾਨ ਦੀਆਂ ਮੁਹਿੰਮਾਂ ਚਲਾਈਆਂ ਗਈਆਂ ਅਤੇ ਸੜਕੀ ਆਵਾਜਾਈ ਨੂੰ ਕੰਟਰੋਲ ਹੇਠ ਲਿਆਂਦਾ ਗਿਆ। ਅਲ-ਸਦਰ ਨੇ ਧਾੜਵੀ ਰਾਜ ਦੇ ਮੁਢਲੇ ਦਿਨਾਂ ਬਾਰੇ ਇਸ ਤਰ੍ਹਾਂ ਦੱਸਿਆ, "ਮੈਂ ਦੇਖਿਆ ਕਿ ਖ਼ਲਾਅ ਹੈ ਅਤੇ ਕੋਈ ਵੀ ਖ਼ਲਾਅ ਨੂੰ ਭਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਅਤੇ ਮੈਂ ਜੋ ਕਰ ਸਕਦਾ ਸੀ, ਕੀਤਾ।"[43] ਉਸ ਨੇ ਉਨ੍ਹਾਂ ਨੌਜਵਾਨਾਂ ਨੂੰ ਨਾਲ ਲਿਆ ਜਿਨ੍ਹਾਂ ਨੂੰ ਕੰਮ ਨਹੀਂ ਸੀ ਮਿਲ ਰਿਹਾ ਅਤੇ ਬਰੈਮਰ ਦੇ ਇਰਾਕ ਤੋਂ ਜਿਨ੍ਹਾਂ ਨੂੰ ਕੋਈ ਉਮੀਦ ਨਹੀਂ ਸੀ। ਉਨ੍ਹਾਂ ਨੂੰ ਕਾਲੀਆਂ ਵਰਦੀਆਂ ਪਹਿਨਾ ਕੇ ਜੰਗਾਲੀਆਂ ਹੋਈਆਂ ਕਲਾਸ਼ਨੀਕੋਵ ਰਾਈਫਲਾਂ ਨਾਲ ਲੈਸ ਕਰ ਦਿੱਤਾ ਗਿਆ। ਇਸ ਦਾ ਸਿੱਟਾ ਸੀ ਮਾਹਦੀ ਫ਼ੌਜ, ਜੋ ਹੁਣ ਇਰਾਕ ਦੀਆਂ ਫਿਰਕੂ ਲੜਾਈਆਂ 'ਚ ਇਕ ਸਭ ਤੋਂ ਵਹਿਸ਼ੀ ਤਾਕਤ ਹੈ। ਇਹ ਮਿਲੀਸ਼ੀਆ ਕਾਰਪੋਰੇਟਸ਼ਾਹੀ ਦੀ ਵਿਰਾਸਤ ਵੀ ਹਨ : ਕਿਉਂਕਿ ਜੇ ਮੁੜ-ਉਸਾਰੀ ਨਾਲ ਇਰਾਕੀ ਲੋਕਾਂ ਨੂੰ ਨੌਕਰੀਆਂ, ਸੁਰੱਖਿਆ ਅਤੇ ਸਹੂਲਤਾਂ ਹਾਸਲ ਹੋ ਜਾਂਦੀਆਂ ਤਾਂ ਅਲ-ਸਦਰ ਦੇ ਪੱਲੇ ਨਾ ਉਸ ਦਾ ਮਿਸ਼ਨ ਰਹਿਣਾ ਸੀ ਅਤੇ ਨਾ ਬਹੁਤ ਸਾਰੇ ਨਵੇਂ ਥਿਆਏ ਪੈਰੋਕਾਰ। ਹੋਇਆ ਇਹ ਕਿ ਕਾਰਪੋਰੇਟ ਅਮਰੀਕਾ ਦੀਆਂ ਅਸਫ਼ਲਤਾਵਾਂ ਨੇ ਅਲ-ਸਦਰ ਦੀਆਂ ਸਫ਼ਲਤਾਵਾਂ ਦੀ ਨੀਂਹ ਰੱਖ ਦਿੱਤੀ।

ਬਰੈਮਰ ਦੇ ਮਤਹਿਤ ਇਰਾਕ ਸ਼ਿਕਾਗੋ ਸਕੂਲ ਦੇ ਸਿਧਾਂਤ ਦਾ ਤਰਕਪੂਰਨ ਸਿੱਟਾ ਸੀ : ਸਰਕਾਰੀ ਖੇਤਰ ਦੇ ਅਮਲੇ ਦੀ ਗਿਣਤੀ ਘੱਟ ਤੋਂ ਘੱਟ ਤੱਕ ਸੀਮਤ ਕਰ ਦਿੱਤੀ ਗਈ, ਇਨ੍ਹਾਂ

ਵਿਚੋਂ ਜ਼ਿਆਦਾਤਰ ਠੇਕੇ 'ਤੇ ਰੱਖੇ ਹੋਏ ਕਾਮੇ ਸਨ। ਇਹ ਹੈਲੀਬਰਟਨ ਦੀ ਖ਼ਾਸ ਸ਼ਹਿਰੀ ਰਿਆਸਤ 'ਚ ਰਹਿੰਦੇ ਸਨ। ਇਨ੍ਹਾਂ ਦਾ ਜ਼ਿੰਮਾ ਸੀ ਕੇ ਪੀ ਐੱਮ ਜੀ ਵਲੋਂ ਬਣਾਏ ਕਾਰਪੋਰੇਟ-ਹਿਤੈਸ਼ੀ ਕਾਨੂੰਨਾਂ 'ਤੇ ਘੁੱਗੀ ਮਾਰਨਾ ਅਤੇ ਮਾਂਗਵੀਆਂ ਫ਼ੌਜੀ ਧਾੜਾਂ ਦੇ ਪਹਿਰੇ ਹੇਠ ਪੱਛਮੀ ਠੇਕੇਦਾਰਾਂ ਨੂੰ ਨੋਟਾਂ ਦੀਆਂ ਬੋਰੀਆਂ ਪਹੁੰਚਾਉਣਾ। ਕਾਨੂੰਨ ਇਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ ਸੀ। ਇਨ੍ਹਾਂ ਦੇ ਚਾਰ-ਚੁਫੇਰੇ ਰੋਹ 'ਚ ਆਏ ਐਸੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਸੀ ਜੋ ਧਾਰਮਿਕ ਮੂਲਵਾਦ ਦੀ ਪਨਾਹ 'ਚ ਜਾ ਰਹੇ ਸਨ ਕਿਉਂਕਿ ਥੋਥੇ ਰਾਜ ਵਿਚ ਇਹੀ ਤਾਕਤ ਦਾ ਇਕੋ-ਇਕ ਸੋਮਾ ਹੁੰਦਾ ਹੈ। ਰੂਸ ਦੇ ਮੁਜਰਮ ਗਰੋਹਾਂ ਦੇ ਰਾਜ ਅਤੇ ਬੁਸ਼ ਦੇ ਜੁੰਡੀ ਰਾਜ ਵਾਂਗ, ਅੱਜ ਦਾ ਇਰਾਕ ਦੁਨੀਆਂ ਦਾ ਨਿੱਜੀਕਰਨ ਕਰਨ ਦੇ ਪੰਜਾਹ ਸਾਲਾ ਜਹਾਦ ਦੀ ਪੈਦਾਵਾਰ ਹੈ। ਭਾਵੇਂ ਇਸ ਦੇ ਰਚਣਹਾਰੇ ਇਸ ਨੂੰ ਹਿੱਕ ਠੋਕ ਕੇ ਅਪਨਾਉਣ ਦਾ ਦਾਅਵਾ ਨਹੀਂ ਕਰ ਰਹੇ, ਫੇਰ ਵੀ ਇਹ ਉਸ ਵਿਚਾਰਧਾਰਾ ਦਾ ਸਭ ਤੋਂ ਖ਼ਾਲਸ ਰੂਪ ਮੰਨੇ ਜਾਣ ਦਾ ਹੱਕਦਾਰ ਹੈ ਜੋ ਇਸ ਦੀ ਜਨਣੀ ਹੈ।

ਕਾਂਡ ਅਠਾਰਵਾਂ

ਕੋਰੀ ਸਲੇਟ ਤੋਂ ਧਰਤੀ ਲੂਹ ਦੇਣ ਤੱਕ ਦਾ ਗੇੜ ਪੂਰਾ ਹੋ ਗਿਆ

ਕੀ ਇਹ ਸੁਖਾਲਾ ਨਹੀਂ ਹੋਵੇਗਾ
ਇਸ ਹਾਲਤ 'ਚ ਸਰਕਾਰ ਲਈ
ਕਿ ਭੰਗ ਕਰ ਦੇਵੇ ਲੋਕਾਂ ਨੂੰ
ਅਤੇ ਚੁਣ ਲਏ ਕੋਈ ਹੋਰ ?
—ਬਰਤੋਲਤ ਬਰੈਖਤ, "ਹੱਲ", 1953[1]

ਇਰਾਕ ਮੱਧ ਪੂਰਬ ਵਿਚ ਆਖ਼ਰੀ ਵੱਡੀ ਹੱਦਬੰਦੀ ਹੈ... ਇਰਾਕ ਵਿਚ, ਹੁਣ ਤੱਕ ਖੁਦਾਈ ਕੀਤੇ ਗਏ 80 ਫ਼ੀ ਸਦੀ ਤੇਲ ਦੇ ਖੂਹ ਸਾਡੇ ਲਈ ਲੱਭਤਾਂ ਹਨ।
—ਡੇਵਿਡ ਹਾਰਗਨ, ਆਇਰਿਸ਼ ਕੰਪਨੀ ਪੈਟਰਲ ਦਾ ਮੁੱਖ ਕਾਰਜਕਾਰੀ ਅਧਿਕਾਰੀ, ਜਨਵਰੀ 2007[2]

ਕੀ ਇਹ ਸੰਭਵ ਹੈ ਕਿ ਬੁਸ਼ ਸਰਕਾਰ ਆਪਣੇ ਆਰਥਕ ਪ੍ਰੋਗਰਾਮ ਨਾਲ ਇਰਾਕ ਵਿਚ ਹਿੰਸਕ ਪ੍ਰਤੀਕਰਮ ਪੈਦਾ ਹੋਣ ਦੀ ਸੰਭਾਵਨਾ ਤੋਂ ਅਣਜਾਣ ਸੀ ? ਇਸ ਦੇ ਸੰਭਵ ਨਾਂਹ ਪੱਖੀ ਸਿੱਟਿਆਂ ਤੋਂ ਜਾਣੂੰ ਇਕ ਵਿਅਕਤੀ ਸੀ ਪਾਲ ਬਰੈਮਰ ਜਿਸ ਨੇ ਇਹ ਨੀਤੀਆਂ ਅਮਲ 'ਚ ਲਿਆਂਦੀਆਂ। ਨਵੰਬਰ 2001 'ਚ, ਜਦੋਂ ਬਰੈਮਰ ਨੇ ਆਪਣੀ ਦਹਿਸ਼ਤਵਾਦ ਵਿਰੁੱਧ ਸਲਾਹਕਾਰ ਕੰਪਨੀ, Crisis Consulting Practice, ਸ਼ੁਰੂ ਕੀਤੀ ਤਾਂ ਇਸ ਤੋਂ ਇਕਦਮ ਬਾਅਦ ਉਸ ਨੇ ਇਕ ਪਰਚਾ ਲਿਖਕੇ ਆਪਣੇ ਗਾਹਕਾਂ ਨੂੰ ਸਪਸ਼ਟ ਕੀਤਾ ਕਿ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਦੇਸ਼ ਅਤੇ ਬਦੇਸ਼ 'ਚ ਵਧ ਰਹੇ ਦਹਿਸ਼ਤਵਾਦੀ ਹਮਲਿਆਂ ਦਾ ਖ਼ਤਰਾ ਦਰਪੇਸ਼ ਹੈ। "ਕੌਮਾਂਤਰੀ ਕਾਰੋਬਾਰ 'ਚ ਨਵੇਂ ਜ਼ੋਖ਼ਮ" ਸਿਰਲੇਖ ਵਾਲੇ ਪਰਚੇ 'ਚ ਉਸ ਨੇ ਆਪਣੇ ਕੁਲੀਨ ਗਾਹਕਾਂ ਨੂੰ ਦੱਸਿਆ ਕਿ ਜਿਸ ਆਰਥਕ ਮਾਡਲ ਦੀ ਬਦੌਲਤ ਉਹ ਐਨੇ ਅਮੀਰ ਹੋਏ ਸਨ ਉਸੇ ਦੀ ਵਜ੍ਹਾ ਨਾਲ ਉਨ੍ਹਾਂ

ਲਈ ਖ਼ਤਰਿਆਂ 'ਚ ਵਾਧਾ ਹੋਇਆ ਹੈ। ਉਸ ਨੇ ਲਿਖਿਆ, ਮੁਕਤ ਵਪਾਰ ਦੇ ਸਿੱਟੇ ਵਜੋਂ "ਬੇਮਿਸਾਲ ਦੌਲਤ ਪੈਦਾ ਹੋਈ ਹੈ," ਪਰ "ਬਹੁਤ ਸਾਰੇ ਲੋਕਾਂ ਲਈ ਇਸ ਦੇ ਫੌਰੀ ਸਿੱਟੇ ਨਾਂਹ ਪੱਖੀ ਹਨ।" ਇਸ ਦੀ ਮੰਗ "ਮਜ਼ਦੂਰਾਂ ਨੂੰ ਕੰਮ ਤੋਂ ਹਟਾਉਣ ਦੀ ਹੁੰਦੀ ਹੈ।" ਮੰਡੀਆਂ ਬਦੇਸ਼ੀ ਵਪਾਰ ਲਈ ਖੋਲ੍ਹ ਦਿੱਤੇ ਜਾਣ ਨਾਲ ਉਨ੍ਹਾਂ ਕਾਰੋਬਾਰੀਆਂ ਉੱਪਰ ਚੋਖਾ ਦਬਾਅ ਪੈ ਜਾਂਦਾ ਹੈ ਜੋ ਰਵਾਇਤੀ ਤੌਰ 'ਤੇ ਪ੍ਰਚੂਨ ਦਾ ਕੰਮ ਕਰਦੇ ਹਨ ਅਤੇ ਜਿਨ੍ਹਾਂ ਦੀ ਵਪਾਰ ਉੱਪਰ ਅਜਾਰੇਦਾਰੀ ਹੈ।" ਇਨ੍ਹਾਂ ਸਾਰੇ ਬਦਲਾਵਾਂ ਦੇ ਸਿੱਟੇ ਵਜੋਂ "ਆਮਦਨੀਆਂ ਦੇ ਪਾੜੇ ਅਤੇ ਸਮਾਜਿਕ ਤਣਾਅ ਵਧ ਜਾਂਦੇ ਹਨ" ਅਤੇ ਇਸ ਦੇ ਸਿੱਟੇ ਵਜੋਂ ਅਮਰੀਕੀ ਕੰਪਨੀਆਂ ਉੱਤੇ ਹਮਲੇ ਹੋ ਸਕਦੇ ਹਨ, ਇਨ੍ਹਾਂ 'ਚ ਦਹਿਸ਼ਤਵਾਦੀ ਹਮਲੇ ਵੀ ਸ਼ਾਮਲ ਹਨ।[3]

ਇਰਾਕ ਵਿਚ ਐਨ ਇਹੀ ਕੁਝ ਹੋਇਆ। ਜੇ ਜੰਗ ਦੇ ਘਾੜਿਆਂ ਨੂੰ ਇਹ ਜਚ ਗਿਆ ਸੀ ਕਿ ਉਨ੍ਹਾਂ ਦੇ ਆਰਥਕ ਪ੍ਰੋਗਰਾਮ ਨਾਲ ਸਿਆਸੀ ਆਫ਼ਤ ਖੜ੍ਹੀ ਨਹੀਂ ਹੋਵੇਗੀ ਤਾਂ ਇਸ ਦਾ ਕਾਰਨ ਸ਼ਾਇਦ ਇਹ ਨਹੀਂ ਸੀ ਕਿ ਉਨ੍ਹਾਂ ਨੂੰ ਯਕੀਨ ਸੀ ਕਿ ਇਰਾਕੀ ਗਿਣੀ-ਮਿਥੀ ਬੇਦਖ਼ਲੀ ਦੀਆਂ ਇਨ੍ਹਾਂ ਨੀਤੀਆਂ ਨਾਲ ਫਟਾਫਟ ਸਹਿਮਤ ਹੋ ਜਾਣਗੇ। ਅਸਲ ਵਿਚ, ਜੰਗ ਦੇ ਵਿਉਂਤਕਾਰਾਂ ਦੀ ਟੇਕ ਕਿਤੇ ਹੋਰ ਸੀ—ਇਹ ਸੀ ਇਰਾਕੀਆਂ ਦੀ ਆਪਾਧਾਪੀ ਵਾਲੀ ਅਤੇ ਸਮੂਹਿਕ ਤੌਰ 'ਤੇ ਡੌਰ-ਭੌਰ ਹੋ ਜਾਣ ਦੀ ਹਾਲਤ ਅਤੇ ਉਨ੍ਹਾਂ ਵਲੋਂ ਰੱਦੋਬਦਲ ਦੀ ਰਫ਼ਤਾਰ ਦੇ ਬਰਾਬਰ ਚੱਲਣ 'ਚ ਅਸਫ਼ਲਤਾ। ਦੂਜੇ ਲਫ਼ਜ਼ਾਂ 'ਚ, ਉਨ੍ਹਾਂ ਦੀ ਟੇਕ ਸਦਮੇ ਦੀ ਤਾਕਤ ਉੱਪਰ ਸੀ। ਇਰਾਕ ਦੇ ਫ਼ੌਜੀ ਅਤੇ ਆਰਥਕ ਸਦਮਾ ਡਾਕਟਰਾਂ ਦੀ ਮਾਰਗ-ਦਰਸ਼ਕ ਸੋਚ ਨੂੰ ਸਾਬਕਾ ਉੱਪ ਬਦੇਸ਼ ਮੰਤਰੀ ਰਿਚਰਡ ਅਰਮਿਤੇਜ਼ ਨੇ ਸਭ ਤੋਂ ਵਧੀਆ ਬਿਆਨ ਕੀਤਾ ਸੀ। ਉਹ ਦਾ ਕਹਿਣਾ ਸੀ ਕਿ ਅਮਰੀਕਾ ਦੀ ਫ਼ੌਜੀ ਤਾਕਤ ਨਾਲ ਇਰਾਕੀ ਐਨੇ ਬੌਂਦਲ ਜਾਣਗੇ ਅਤੇ ਸੱਦਾਮ ਤੋਂ ਛੁਟਕਾਰਾ ਪਾ ਕੇ ਐਨੀ ਰਾਹਤ ਮਹਿਸੂਸ ਕਰਨਗੇ, "ਕਿ ਉਹ ਸੁਖਾਲਿਆਂ ਹੀ ਓ ਹਾਲਤ ਵਿਚੋਂ ਅ ਹਾਲਤ ਵਿਚ ਆ ਜਾਣਗੇ।"[4] ਫੇਰ, ਕੁਝ ਮਹੀਨੇ ਬਾਅਦ ਹੀ ਉਹ ਜੰਗ ਤੋਂ ਬਾਅਦ ਦੀ ਡੌਰ-ਭੌਰ ਹਾਲਤ 'ਚੋਂ ਨਿਕਲ ਜਾਣਗੇ ਅਤੇ ਇਹ ਦੇਖਕੇ ਹੈਰਾਨ ਰਹਿ ਜਾਣਗੇ ਕਿ ਉਹ ਤਾਂ ਅਰਬ ਦੇ ਸਿੰਗਾਪੁਰ 'ਚ ਰਹਿ ਰਹੇ ਹਨ। ਮੰਡੀ ਦੇ ਕੁਝ ਵਿਸ਼ਲੇਸ਼ਣਕਾਰਾਂ ਨੇ ਤਾਂ ਜੋਸ਼ 'ਚ ਆ ਕੇ ਇਸ ਨੂੰ "ਟਾਇਗਰਿਸ• ਦਾ ਸ਼ੇਰ" ਕਹਿਣਾ ਸ਼ੁਰੂ ਕਰ ਦਿੱਤਾ।

ਇਸ ਦੀ ਬਜਾਏ, ਵੱਡੀ ਗਿਣਤੀ ਇਰਾਕੀ ਤੁਰੰਤ ਆਪਣੇ ਦੇਸ਼ ਦੀ ਕਾਇਆਕਲਪ 'ਚ ਪੁੱਗਤ ਦੀ ਮੰਗ ਕਰਨ ਲੱਗੇ। ਇਸ ਅਣਕਿਆਸੀ ਹਾਲਤ ਬਾਰੇ ਬੁਸ਼ ਸਰਕਾਰ ਨੇ ਜੋ ਪ੍ਰਤੀਕਰਮ ਦਿਖਾਇਆ ਉਹ ਸਭ ਤੋਂ ਵੱਡੀ ਪਛਾੜ ਦਾ ਕਾਰਨ ਬਣਿਆ। ਇਸ ਵਲੋਂ ਜਮਹੂਰੀਅਤ ਦਾ ਭੋਗ ਪਾ ਦਿੱਤਾ ਗਿਆ।

ਜਮਹੂਰੀਅਤ ਨੂੰ ਖੇਰੂੰ-ਖੇਰੂੰ ਕਰਨ ਦਾ ਅਮਲ

ਇਰਾਕ ਉੱਪਰ ਹਮਲੇ ਤੋਂ ਬਾਅਦ ਦੀ ਗਰਮ ਰੁੱਤੇ, ਸਿਆਸੀ ਅਮਲ 'ਚ ਹਿੱਸੇਦਾਰੀ ਦੀ ਤਾਂਘ ਐਨੀ ਜ਼ਿਆਦਾ ਸੀ ਕਿ ਬਗ਼ਦਾਦ 'ਚ, ਰੋਜ਼ਮਰਾ ਮੁਸੀਬਤਾਂ ਦੇ ਬਾਵਜੂਦ ਮੇਲੇ ਵਰਗਾ ਘੜਮੱਸ ਸੀ। ਬਰੈਮਰ ਵਲੋਂ ਨੌਕਰੀਆਂ ਖ਼ਤਮ ਕਰ ਦਿੱਤੇ ਜਾਣ ਅਤੇ ਬਿਜਲੀ ਗੁੱਲ ਰਹਿਣ ਅਤੇ ਬਦੇਸ਼ੀ ਠੇਕੇਦਾਰਾਂ ਕਾਰਨ ਲੋਕ ਰੋਹ 'ਚ ਸਨ। ਮਹੀਨਿਆਂ ਬੱਧੀ ਇਸ ਗੁੱਸੇ ਦਾ ਇਜ਼ਹਾਰ ਮੁੱਖ ਤੌਰ 'ਤੇ ਭਾਸ਼ਣਾਂ ਦੀ ਭਰਮਾਰ ਰਾਹੀਂ ਹੁੰਦਾ ਰਿਹਾ। ਗਰਮੀ ਦੀ ਪੂਰੀ ਰੁੱਤੇ ਮਹਿਫ਼ੂਜ਼ ਖੇਤਰ ਦੇ ਮੁੱਖ

• ਅਰਬ ਦਾ ਇਕ ਮੁੱਖ ਦਰਿਆ

ਦੁਆਰਾਂ 'ਤੇ ਰੋਜ਼ਾਨਾ ਰੋਸ ਮੁਜ਼ਾਹਰੇ ਹੁੰਦੇ ਰਹੇ, ਬਹੁਤ ਸਾਰੇ ਮੁਜ਼ਾਹਰੇ ਖੁੱਸੀਆਂ ਨੌਕਰੀਆਂ ਮੁੜ ਬਹਾਲ ਕਰਨ ਦੀ ਮੰਗ ਕਰਦੇ ਕਾਮਿਆਂ ਦੇ ਹੁੰਦੇ। ਛਾਪਾਖ਼ਾਨਿਆਂ ਵਿਚੋਂ ਸੈਂਕੜੇ ਨਵੇਂ ਅਖ਼ਬਾਰ ਛਪਦੇ, ਜੋ ਬਰੈਮਰ ਅਤੇ ਉਸ ਦੇ ਆਰਥਕ ਪ੍ਰੋਗਰਾਮ ਦੀ ਆਲੋਚਨਾ ਕਰਦੇ ਲੇਖਾਂ ਨਾਲ ਭਰੇ ਹੁੰਦੇ। ਜੁੰਮੇ ਦੇ ਪ੍ਰਵਚਨਾਂ ਸਮੇਂ ਮੌਲਵੀ ਸਿਆਸਤ ਦਾ ਪ੍ਰਚਾਰ ਕਰਦੇ, ਸੱਦਾਮ ਦੇ ਰਾਜ 'ਚ ਇਹ ਆਜ਼ਾਦੀ ਅਸੰਭਵ ਸੀ।

ਸਭ ਤੋਂ ਉਤਸ਼ਾਹਜਨਕ ਸੀ ਪੂਰੇ ਦੇਸ਼ ਦੇ ਸ਼ਹਿਰਾਂ, ਕਸਬਿਆਂ ਅਤੇ ਸੂਬਿਆਂ ਵਿਚ ਆਪਮੁਹਾਰੇ ਚੋਣਾਂ ਦਾ ਅਮਲ ਸ਼ੁਰੂ ਹੋ ਜਾਣਾ। ਅੰਤ ਸੱਦਾਮ ਦੀ ਫੌਲਾਦੀ ਜਕੜ ਤੋਂ ਆਜ਼ਾਦ ਹੋਏ, ਨੇੜਲੇ ਮੁਹੱਲਿਆਂ ਦੇ ਲੋਕ ਭਵਨਾਂ 'ਚ ਮੀਟਿੰਗਾਂ ਕਰਨ ਲੱਗੇ ਅਤੇ ਇਸ ਨਵੇਂ ਯੁੱਗ 'ਚ ਆਪਣੇ ਨੁਮਾਇੰਦਿਆਂ ਦੀ ਚੋਣ ਕਰਨ ਲੱਗੇ। ਸਮਾਰਾ, ਹਿਲਾ ਅਤੇ ਮੋਸੁਲ ਵਰਗੇ ਸ਼ਹਿਰਾਂ ਵਿਚ ਧਾਰਮਿਕ ਆਗੂਆਂ, ਧਰਮ ਨਿਰਪੱਖ ਪੇਸ਼ੇਵਰਾਂ ਅਤੇ ਕਬਾਇਲੀ ਲੋਕਾਂ ਨੇ ਮਿਲ-ਜੁਲ ਕੇ ਸਥਾਨਕ ਮੁੜ-ਉਸਾਰੀ ਦੇ ਤਰਜੀਹੀ ਕੰਮ ਤੈਅ ਕੀਤੇ, ਇੰਞ ਉਹ ਫਿਰਕਾਪ੍ਰਸਤੀ ਅਤੇ ਮੂਲਵਾਦ ਦੇ ਸਭ ਤੋਂ ਭੈੜੇ ਹਾਲਾਤ ਪੈਦਾ ਹੋਣ ਦੀਆਂ ਪੇਸ਼ੀਨਗੋਈਆਂ ਲਈ ਚੁਣੌਤੀ ਬਣ ਕੇ ਉੱਭਰੇ। ਮੀਟਿੰਗਾਂ ਵਿਚ ਤਿੱਖੀਆਂ ਬਹਿਸਾਂ ਜ਼ਰੂਰ ਹੁੰਦੀਆਂ, ਪਰ ਕਈ ਪੱਖਾਂ ਤੋਂ ਇਹ ਹੁਲਾਸ ਭਰੀਆਂ ਹੁੰਦੀਆਂ। ਚੁਣੌਤੀਆਂ ਬਹੁਤ ਸਨ ਪਰ ਆਜ਼ਾਦੀ ਹਕੀਕਤ ਬਣ ਰਹੀ ਸੀ। ਬਹੁਤ ਸਾਰੇ ਮਾਮਲਿਆਂ ਵਿਚ, ਅਮਰੀਕੀ ਫ਼ੌਜੀ ਦਸਤਿਆਂ ਨੇ ਆਪਣੇ ਰਾਸ਼ਟਰਪਤੀ ਦੇ ਬੋਲਾਂ ਨੂੰ ਸੱਚ ਮੰਨ ਕੇ ਇਸ ਅਮਲ ਨੂੰ ਰੈਲ਼ਾ ਬਣਾਉਣ 'ਚ ਸਹਿਯੋਗੀ ਭੂਮਿਕਾ ਨਿਭਾਈ। ਉਸ ਨੇ ਕਿਹਾ ਸੀ ਕਿ ਇਰਾਕ 'ਚ ਫ਼ੌਜ ਨੂੰ ਜਮਹੂਰੀਅਤ ਦਾ ਫੈਲਾਅ ਕਰਨ ਲਈ ਭੇਜਿਆ ਗਿਆ ਹੈ। ਫ਼ੌਜੀਆਂ ਨੇ ਚੋਣਾਂ ਜਥੇਬੰਦ ਕਰਨ, ਇੱਥੋਂ ਤਕ ਕਿ ਚੋਣ ਬਕਸੇ ਬਣਾ ਕੇ ਦੇਣ 'ਚ ਮਦਦ ਕੀਤੀ।

ਜਦੋਂ ਬਰੈਮਰ ਦੇ ਆਰਥਕ ਪ੍ਰੋਗਰਾਮ ਨੂੰ ਇਰਾਕੀਆਂ ਵਲੋਂ ਦੋ-ਟੁੱਕ ਠੁਕਰਾ ਦਿੱਤਾ ਗਿਆ ਅਤੇ ਜਮਹੂਰੀਅਤ ਲਈ ਉਨ੍ਹਾਂ ਦਾ ਉਤਸ਼ਾਹ ਠਾਠਾਂ ਮਾਰਨ ਲੱਗਿਆ ਤਾਂ ਬੁਸ਼ ਸਰਕਾਰ ਕੜਿੱਕੀ 'ਚ ਫਸ ਗਈ। ਇਸ ਨੇ ਕੁਝ ਮਹੀਨਿਆਂ 'ਚ ਹੀ ਝੱਤਾ ਇਰਾਕ ਦੀ ਚੁਣੀ ਹੋਈ ਸਰਕਾਰ ਨੂੰ ਸੌਂਪਣ ਅਤੇ ਇਰਾਕੀ ਲੋਕਾਂ ਨੂੰ ਫ਼ੈਸਲੇ ਲੈਣ ਦੇ ਅਮਲ 'ਚ ਸਿੱਧਾ ਸ਼ਾਮਲ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ। ਪਰ ਉਸ ਪਹਿਲੇ ਹੁਨਾਲ 'ਚ ਕੋਈ ਸ਼ੱਕ ਨਾ ਰਿਹਾ ਕਿ ਝੱਤਾ ਛੱਡਣ ਦਾ ਅਰਥ ਹੋਵੇਗਾ ਇਰਾਕ ਦਾ ਨਿੱਜੀਕਰਨ ਕਰਕੇ ਇਸ ਨੂੰ ਮਿਸਾਲੀ ਆਰਥਿਕਤਾ 'ਚ ਬਦਲਣ ਦੇ ਸੁਪਨੇ ਨੂੰ ਤਿਆਗਣਾ ਜਿਸ ਵਿਚ ਥਾਂ ਥਾਂ ਅਮਰੀਕਾ ਦੇ ਫ਼ੌਜੀ ਅੱਡੇ ਹੋਣਗੇ; ਪਰ ਇਰਾਕੀਆਂ ਦੇ ਮਨਾਂ ਵਿਚ ਆਰਥਕ ਕੌਮਪ੍ਰਸਤੀ ਬਹੁਤ ਡੂੰਘੀ ਤਰ੍ਹਾਂ ਵਸੀ ਹੋਈ ਸੀ, ਖ਼ਾਸ ਕਰਕੇ ਤੇਲ ਦੇ ਕੌਮੀ ਰਾਖਵੇਂ ਭੰਡਾਰਾਂ ਦੇ ਸਵਾਲ ਬਾਰੇ, ਜੋ ਉਨ੍ਹਾਂ ਲਈ ਸਭ ਤੋਂ ਵਡਮੁੱਲੇ ਸਨ। ਇਹ ਦੇਖਕੇ ਵਾਸ਼ਿੰਗਟਨ ਨੇ ਜਮਹੂਰੀਅਤ ਦੇ ਵਾਅਦੇ ਵਗਾਹ ਮਾਰੇ ਅਤੇ ਇਨ੍ਹਾਂ ਦੀ ਥਾਂ ਇਸ ਆਸ ਨਾਲ ਸਦਮਾ ਹੋਰ ਵਧਾਉਣ ਦਾ ਹੁਕਮ ਚਾੜ੍ਹ ਦਿੱਤਾ ਕਿ ਇਸ ਦੀ ਵੱਧ ਮਾਤਰਾ ਨਾਲ ਕੰਮ ਰਾਸ ਆ ਜਾਵੇਗਾ। ਇਸ ਫ਼ੈਸਲੇ ਨਾਲ ਖ਼ਾਲਸ ਖੁੱਲ੍ਹੀ ਮੰਡੀ ਦਾ ਜਹਾਦ ਪੂਰਾ ਗੇੜਾ ਦੇ ਕੇ ਲਾਤੀਨੀ ਅਮਰੀਕਾ ਦੇ ਦੱਖਣੀ ਤਿਕੋਨ (ਬਰਾਜ਼ੀਲ, ਪੈਰਾਗੁਏ, ਉਰੂਗੁਏ ਅਤੇ ਅਰਜਨਟਾਈਨਾ) ਖੇਤਰ ਦੇ ਉਸ ਸ਼ੁਰੂਆਤੀ ਬਿੰਦੂ 'ਤੇ ਆ ਪਹੁੰਚਿਆ, ਜਿੱਥੇ ਜਮਹੂਰੀਅਤ ਦਾ ਵਹਿਸ਼ੀ ਤਰੀਕੇ ਨਾਲ ਘਾਣ ਕਰਕੇ ਅਤੇ ਰਾਹ ਦਾ ਰੋੜਾ ਬਣਨ ਵਾਲੇ ਹਰ ਬੰਦੇ ਨੂੰ ਤਸੀਹੇ ਦੇ ਕੇ ਅਤੇ ਲਾਪਤਾ ਕਰਕੇ ਆਰਥਕ ਸਦਮਾ ਇਲਾਜ ਧੱਕੇ ਨਾਲ ਥੋਪਿਆ ਗਿਆ ਸੀ।

ਜਦੋਂ ਪਾਲ ਬਰੈਮਰ ਪਹਿਲਾਂ ਪਹਿਲ ਇੱਥੇ ਅੱਪੜਿਆ, ਓਦੋਂ ਅਮਰੀਕਾ ਦੀ ਯੋਜਨਾ ਇਰਾਕੀ

ਸਮਾਜ ਦੇ ਸਾਰੇ ਹਿੱਸਿਆਂ ਵਿਚੋਂ ਨੁਮਾਇੰਦੇ ਲੈ ਕੇ ਵੱਡੀ ਸੰਵਿਧਾਨ-ਘੜਨੀ ਸਭਾ ਬੁਲਾਉਣ ਦੀ ਸੀ, ਜਿਸ ਵਿਚ ਡੈਲੀਗੇਟ ਆਰਜੀ ਕਾਰਜਕਾਰੀ ਕੌਂਸਲ ਦੇ ਮੈਂਬਰਾਂ ਦੀ ਚੋਣ ਕਰਨ ਲਈ ਵੋਟ ਦੇਣਗੇ। ਦੋ ਹਫ਼ਤੇ ਬਗ਼ਦਾਦ ਵਿਚ ਗੁਜ਼ਾਰਨ ਤੋਂ ਬਾਅਦ ਬਰੈਮਰ ਨੇ ਇਹ ਖ਼ਿਆਲ ਛੱਡ ਦਿੱਤਾ। ਇਸ ਦੀ ਥਾਂ ਉਸ ਨੇ ਇਰਾਕ ਦਾ ਰਾਜ ਚਲਾਉਣ ਲਈ ਕੌਂਸਲ ਦੇ ਮੈਂਬਰ ਖ਼ੁਦ ਨਾਮਜ਼ਦ ਕਰਨ ਦਾ ਫ਼ੈਸਲਾ ਕੀਤਾ। ਰਾਸ਼ਟਰਪਤੀ ਬੁਸ਼ ਨੂੰ ਭੇਜੇ ਸੰਦੇਸ਼ 'ਚ ਬਰੈਮਰ ਨੇ ਕੌਂਸਲ ਦੇ ਇਰਾਕੀ ਮੈਂਬਰ ਚੁਣਨ ਦੇ ਆਪਣੇ ਅਮਲ ਨੂੰ "ਅੰਨ੍ਹੇ ਬੰਦੇ ਅਤੇ ਤਿੰਨ ਪਾਸਿਆਂ ਵਾਲੀ ਸਿਫ਼ਰਾਂ ਤੇ ਕਾਂਟਿਆਂ ਦੀ ਖੇਡ੍ਹ ਦਰਮਿਆਨ ਜ਼ੋਰ ਅਜ਼ਮਾਈ" ਕਿਹਾ ਸੀ।[5]

ਪਹਿਲਾਂ ਬਰੈਮਰ ਨੇ ਕਿਹਾ ਸੀ ਕਿ ਕੌਂਸਲ ਕੋਲ ਰਾਜ ਕਰਨ ਦੇ ਅਧਿਕਾਰ ਹੋਣਗੇ, ਪਰ ਇਕ ਵਾਰ ਫੇਰ ਉਸ ਨੇ ਮਨ ਬਦਲ ਲਿਆ। "ਇਸ ਪੜਾਅ ਉੱਤੇ ਗਵਰਨਿੰਗ ਕੌਂਸਲ ਨਾਲ ਪਏ ਵਾਹ ਤੋਂ ਮੇਰੀ ਸੋਚ ਬਣੀ ਕਿ ਇਹ ਕੋਈ ਵਧੀਆ ਵਿਚਾਰ ਨਹੀਂ ਹੋਵੇਗਾ।" ਸਾਬਕਾ ਏਲਚੀ ਨੇ ਬਾਅਦ 'ਚ ਇਸ ਦੀ ਵਿਆਖਿਆ ਕਰਦਿਆਂ ਕਿਹਾ ਸੀ ਕਿ ਕੌਂਸਲ ਦੇ ਮੈਂਬਰ ਬਹੁਤ ਸੁਸਤ ਅਤੇ ਬਹਿਸਾਂ 'ਚ ਗ਼ਲਤਾਨ ਰਹਿਣ ਵਾਲੇ ਸਨ—ਇਹ ਅੰਸ਼ ਉਸ ਦੀਆਂ ਸਦਮਾ ਇਲਾਜ ਦੀਆਂ ਯੋਜਨਾਵਾਂ ਨਾਲ ਬੇਮੇਲ ਸੀ। ਬਰੈਮਰ ਨੇ ਦੱਸਿਆ, "ਉਹ ਤਾਂ ਦੋ ਕਾਰਾਂ ਦੀ ਦੌੜ ਵੀ ਜਥੇਬੰਦ ਨਹੀਂ ਕਰ ਸਕਦੇ ਸਨ। ਸਮੇਂ ਸਿਰ ਕੋਈ ਫ਼ੈਸਲਾ ਲੈਣਾ, ਜਾਂ ਫ਼ੈਸਲੇ ਲੈਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਤੋਂ ਇਲਾਵਾ, ਕਿਸੇ ਨੂੰ ਕੁਲ-ਅਖ਼ਤਿਆਰ ਸਪੁਰਦ ਕਰਨ ਤੋਂ ਪਹਿਲਾਂ ਸੰਵਿਧਾਨ ਲਾਗੂ ਕੀਤੇ ਜਾਣ ਦੀ ਅਹਿਮੀਅਤ ਮੈਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ।"[6]

ਬਰੈਮਰ ਦੀ ਅਗਲੀ ਸਮੱਸਿਆ ਸੀ ਦੇਸ਼ ਦੇ ਸ਼ਹਿਰਾਂ ਤੇ ਕਸਬਿਆਂ 'ਚ ਚਾਣਚੱਕ ਸ਼ੁਰੂ ਹੋਇਆ ਚੋਣਾਂ ਦਾ ਵਰਤਾਰਾ। ਜੂਨ ਦੇ ਅਖ਼ੀਰ 'ਚ, ਇਰਾਕ 'ਚ ਦੂਜੇ ਹੀ ਮਹੀਨੇ ਬਰੈਮਰ ਨੇ ਹੁਕਮ ਦੇ ਦਿੱਤਾ ਕਿ ਸਥਾਨਕ ਚੋਣਾਂ ਤੁਰੰਤ ਬੰਦ ਕੀਤੀਆਂ ਜਾਣ। ਧਾੜਵੀ ਤਾਕਤ ਦੀ ਨਵੀਂ ਯੋਜਨਾ ਇਰਾਕ ਦੇ ਸਥਾਨਕ ਆਗੂਆਂ ਨੂੰ ਉਸੇ ਤਰ੍ਹਾਂ ਨਾਮਜ਼ਦ ਕਰਨ ਦੀ ਸੀ ਜਿਵੇਂ ਗਵਰਨਿੰਗ ਕੌਂਸਲ ਬਣਾਈ ਗਈ ਸੀ। ਇਸ ਦੀ ਖ਼ਾਸ ਜ਼ੋਰ-ਅਜ਼ਮਾਈ, ਇਰਾਕ ਦੇ ਸ਼ੀਆ ਫਿਰਕੇ ਦੇ ਸਭ ਤੋਂ ਪਵਿੱਤਰ ਸ਼ਹਿਰ ਨਜਫ ਵਿਚ ਹੋਈ। ਇਥੇ ਦੇਸ਼ ਦੇ ਸ਼ੀਆ ਧਾਰਮਿਕ ਫਿਰਕੇ ਦੀ ਸਭ ਤੋਂ ਵੱਧ ਵਸੋਂ ਸੀ। ਨਜਫ ਵਿਚ ਓਦੋਂ ਅਮਰੀਕੀ ਫ਼ੌਜੀ ਦਸਤਿਆਂ ਦੀ ਮਦਦ ਨਾਲ ਪੂਰੇ ਸ਼ਹਿਰ ਵਿਚ ਚੋਣਾਂ ਦੀ ਤਿਆਰੀ ਦਾ ਅਮਲ ਚਲ ਰਿਹਾ ਸੀ ਜਦੋਂ ਰਜਿਸਟਰੇਸ਼ਨ ਤੋਂ ਐਨ ਇਕ ਦਿਨ ਪਹਿਲਾਂ, ਮੁਖੀ ਲੈਫਟੀਨੈਂਟ ਕਰਨਲ ਨੂੰ ਸਮੁੰਦਰੀ ਫ਼ੌਜ ਦੇ ਮੇਜਰ ਜਨਰਲ ਜਿਮ ਮੈਤਿਸ ਦਾ ਫ਼ੋਨ ਆ ਗਿਆ। *ਕੌਬਰਾ ਟੂ*, ਜਿਸ ਨੂੰ ਹਮਲੇ ਦਾ ਪ੍ਰਮਾਣਿਕ ਫ਼ੌਜੀ ਇਤਿਹਾਸ ਮੰਨਿਆ ਗਿਆ ਹੈ, ਦੇ ਲੇਖਕਾਂ ਮਾਈਕਲ ਗੌਰਡਨ ਅਤੇ ਜਨਰਲ ਬਰਨਾਰਡ ਟਰੇਨਰ ਨੇ ਇਸ ਬਾਰੇ ਲਿਖਿਆ, "ਚੋਣਾਂ ਰੱਦ ਕਰ ਦਿੱਤੀਆਂ ਜਾਣਗੀਆਂ। ਕਿਉਂਕਿ ਬਰੈਮਰ ਨੂੰ ਫ਼ਿਕਰ ਪੈ ਗਿਆ ਸੀ ਕਿ ਕੋਈ ਇਸਲਾਮਿਕ ਉਮੀਦਵਾਰ ਜਿੱਤ ਜਾਵੇਗਾ ਜੋ ਸਾਡਾ ਖ਼ੈਰ-ਖਵਾਹ ਨਹੀਂ ਹੋਵੇਗਾ। ..... ਬਰੈਮਰ ਗ਼ਲਤ ਬੰਦੇ ਨੂੰ ਚੋਣ ਜਿੱਤਣ ਦੀ ਇਜਾਜ਼ਤ ਨਹੀਂ ਦੇਵੇਗਾ। ਸਮੁੰਦਰੀ ਫ਼ੌਜ ਵਾਲਿਆਂ ਨੂੰ ਇਰਾਕੀਆਂ ਦਾ ਐਸਾ ਧੜਾ ਛਾਂਟਣ ਲਈ ਕਿਹਾ ਗਿਆ ਜਿਸ ਨੂੰ ਉਹ ਸੁਰੱਖਿਅਤ ਸਮਝਦੇ ਹੋਣ ਅਤੇ ਉਨ੍ਹਾਂ ਵਿਚੋਂ ਮੇਅਰ ਛਾਂਟ ਲਿਆ ਜਾਵੇ। ਇਸ ਤਰੀਕੇ ਨਾਲ ਅਮਰੀਕਾ ਇਸ ਅਮਲ ਨੂੰ ਕੰਟਰੋਲ ਕਰੇਗਾ।" ਅੰਤ, ਅਮਰੀਕੀ ਫ਼ੌਜ ਨੇ ਸੱਦਾਮ ਦੌਰ ਦੇ ਫ਼ੌਜੀ ਕਰਨਲ ਨੂੰ ਨਜਫ ਦਾ ਮੇਅਰ ਥਾਪ ਦਿੱਤਾ, ਇਸੇ ਤਰ੍ਹਾਂ ਉਨ੍ਹਾਂ ਨੇ ਪੂਰੇ ਦੇਸ਼ ਦੇ ਬਾਕੀ ਸ਼ਹਿਰਾਂ ਅਤੇ ਕਸਬਿਆਂ ਵਿਚ ਕੀਤਾ।●[7]

● "ਬਾਥ ਪਾਰਟੀ ਦਾ ਪ੍ਰਭਾਵ ਖ਼ਤਮ ਕਰਨ ਦੇ ਅਮਲ" ਤੋਂ ਐਨਾ ਰੋਹ ਪੈਦਾ ਕਿਉਂ ਹੋਇਆ ਇਸ

ਕੁਝ ਮਾਮਲਿਆਂ ਵਿਚ, ਬਰੈਮਰ ਦਾ ਪਾਬੰਦੀ ਦਾ ਫ਼ਰਮਾਨ ਓਦੋਂ ਪਹੁੰਚਿਆ ਜਦੋਂ ਇਰਾਕੀ ਸਥਾਨਕ ਨੁਮਾਇੰਦਿਆਂ ਦੀਆਂ ਚੋਣਾਂ 'ਚ ਵੋਟ ਪਹਿਲਾਂ ਹੀ ਪਾ ਚੁੱਕੇ ਸਨ। ਬਰੈਮਰ ਨੇ ਲਚਕ ਨਹੀਂ ਦਿਖਾਈ, ਉਲਟਾ ਨਵੀਆਂ ਕੌਂਸਲਾਂ ਬਣਾਉਣ ਦਾ ਹੁਕਮ ਚਾੜ੍ਹ ਦਿੱਤਾ। ਤਾਜੀ ਸੂਬੇ ਵਿਚ, ਮੌਰਮਨ ਦੇ ਗ਼ਲਬੇ ਵਾਲੀ ਠੇਕੇਦਾਰ ਕੰਪਨੀ ਆਰ ਟੀ ਆਈ ਨੂੰ ਸਥਾਨਕ ਪ੍ਰਸ਼ਾਸਨ ਬਣਾਉਣ ਦਾ ਜ਼ਿੰਮਾ ਦਿੱਤਾ ਗਿਆ। ਇਸ ਨੇ ਇਥੇ ਉਹ ਕੌਂਸਲ ਤੋੜ ਦਿੱਤੀ ਜਿਸ ਦੀ ਚੋਣ ਸਥਾਨਕ ਲੋਕਾਂ ਨੇ ਕਈ ਮਹੀਨੇ ਪਹਿਲਾਂ ਕੀਤੀ ਸੀ ਜਦੋਂ ਹਾਲੇ ਆਰ ਟੀ ਆਈ ਉੱਥੇ ਪਹੁੰਚੀ ਵੀ ਨਹੀਂ ਸੀ। ਇਸ ਦੇ ਬਾਵਜੂਦ ਇਸ ਨੇ ਨਵੇਂ ਸਿਰਿਉਂ ਚੋਣਾਂ ਦਾ ਅਮਲ ਸ਼ੁਰੂ ਕਰਨ ਦੀ ਜ਼ਿੱਦ ਕੀਤੀ। ਇਕ ਬੰਦੇ ਨੇ ਰੋਸ ਜ਼ਾਹਰ ਕੀਤਾ, "ਸਾਨੂੰ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਪਿਛਲਖੁਰੀ ਚੱਲ ਰਹੇ ਹਾਂ।" ਬਰੈਮਰ ਨੇ ਜ਼ਿੱਦ ਕੀਤੀ ਕਿ ਜਮਹੂਰੀਅਤ ਉੱਤੇ "ਕੋਈ ਆਮ ਪਾਬੰਦੀ ਨਹੀਂ ਹੈ। ਮੈਂ ਇਸ ਦੇ ਵਿਰੁੱਧ ਨਹੀਂ ਹਾਂ। ਅਸਲ ਵਿਚ ਮੈਂ ਇਸ ਨੂੰ ਇਸ ਢੰਗ ਨਾਲ ਅਮਲ 'ਚ ਲਿਆਉਣਾ ਚਾਹੁੰਦਾ ਹਾਂ ਜੋ ਸਾਡੇ ਤੌਖਲਿਆਂ ਪ੍ਰਤੀ ਅਵੇਸਲਾ ਨਾ ਹੋਵੇ।..... ਸਮੇਂ ਤੋਂ ਪਹਿਲਾਂ ਚੋਣਾਂ ਤਬਾਹਕੁਨ ਸਿੱਧ ਹੋ ਸਕਦੀਆਂ ਹਨ। ਇਹ ਬਹੁਤ ਸਾਵਧਾਨੀ ਵਰਤ ਕੇ ਕਰਵਾਉਣੀਆਂ ਹੋਣਗੀਆਂ।"[8]

ਇਸ ਸਮੇਂ ਵੀ, ਇਰਾਕੀ ਲੋਕਾਂ ਨੂੰ ਹਾਲੇ ਵਾਸ਼ਿੰਗਟਨ ਤੋਂ ਦੇਸ਼ ਵਿਚ ਚੋਣਾਂ ਕਰਾਉਣ ਦਾ ਵਾਅਦਾ ਪੂਰਾ ਕੀਤੇ ਜਾਣ ਦੀ ਝਾਕ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਬਹੁਗਿਣਤੀ ਨਾਗਰਿਕਾਂ ਵਲੋਂ ਚੁਣੀ ਗਈ ਸਰਕਾਰ ਨੂੰ ਸੱਤਾ ਸਿੱਧੇ ਤੌਰ 'ਤੇ ਸੌਂਪ ਦਿੱਤੀ ਜਾਵੇਗੀ। ਪਰ ਸਥਾਨਕ ਚੋਣਾਂ ਰੱਦ ਕਰਨ ਤੋਂ ਬਾਅਦ, ਨਵੰਬਰ 2003 'ਚ ਬਰੈਮਰ ਵਾਈਟ ਹਾਊਸ 'ਚ ਗਿਟਮਿਟ ਕਰਨ ਲਈ ਵਾਸ਼ਿੰਗਟਨ ਚਲਾ ਗਿਆ। ਬਗ਼ਦਾਦ ਵਾਪਸ ਆ ਕੇ, ਉਸ ਨੇ ਐਲਾਨ ਕਰ ਦਿੱਤਾ ਕਿ ਉਸ ਦਾ ਆਮ ਚੋਣਾਂ ਕਰਾਉਣ ਦਾ ਕੋਈ ਵਿਚਾਰ ਨਹੀਂ ਹੈ। ਪਹਿਲਾਂ ਇਰਾਕ ਦੀ "ਕੁਲ-ਅਖ਼ਤਿਆਰ" ਸਰਕਾਰ ਨਾਮਜ਼ਦ ਕੀਤੀ ਜਾਵੇਗੀ, ਹੁਣ ਇਸ ਦੀ ਚੋਣ ਨਹੀਂ ਹੋਵੇਗੀ।

ਇਸ ਉਲਟੇ ਚੱਕਰ ਦਾ ਉਸ ਚੋਣ ਸਰਵੇਖਣ ਨਾਲ ਕੋਈ ਸਬੰਧ ਜ਼ਰੂਰ ਸੀ, ਜੋ ਇਸ ਸਮੇਂ ਦੌਰਾਨ ਵਾਸ਼ਿੰਗਟਨ ਅਧਾਰਤ ਕੌਮਾਂਤਰੀ ਰਿਪਬਲਿਕਨ ਸੰਸਥਾ ਨੇ ਕਰਵਾਇਆ ਸੀ। ਇਸ ਨੇ ਇਰਾਕ ਦੇ ਲੋਕਾਂ ਨੂੰ ਸਵਾਲ ਕੀਤਾ ਸੀ ਕਿ ਜੇ ਉਨ੍ਹਾਂ ਨੂੰ ਮੌਕਾ ਮਿਲੇ ਤਾਂ ਉਹ ਕਿਸ ਤਰ੍ਹਾਂ ਦੇ ਉਮੀਦਵਾਰਾਂ ਨੂੰ ਵੋਟ ਪਾਉਣਗੇ। ਸਰਵੇਖਣ ਦੇ ਨਤੀਜੇ ਮਹਿਫੂਜ਼ ਖੇਤਰ ਦੇ ਕਾਰਪੋਰੇਟਸ਼ਾਹਾਂ ਲਈ ਅੱਖਾਂ ਖੋਲ੍ਹਣ ਵਾਲੇ ਸਨ : ਇਸ ਦਾ ਜਵਾਬ ਦੇਣ ਵਾਲੇ 49 ਫ਼ੀ ਸਦੀ ਇਰਾਕੀਆਂ ਨੇ ਕਿਹਾ ਕਿ ਉਹ "ਵੱਧ ਸਰਕਾਰੀ ਨੌਕਰੀਆਂ ਪੈਦਾ ਕਰਨ ਦਾ ਵਾਅਦਾ ਕਰਨ ਵਾਲੀ ਪਾਰਟੀ ਨੂੰ ਵੋਟ ਪਾਉਣਗੇ।" ਇਹ ਪੁੱਛੇ ਜਾਣ 'ਤੇ ਕੀ ਉਹ "ਨਿੱਜੀ ਖੇਤਰ ਦੀਆਂ ਵੱਧ ਨੌਕਰੀਆਂ" ਪੈਦਾ ਕਰਨ ਦਾ ਵਾਅਦਾ ਕਰਨ ਵਾਲੀ ਪਾਰਟੀ ਨੂੰ ਵੋਟ ਪਾਉਣਗੇ, ਸਿਰਫ਼ 4.6 ਫ਼ੀ ਸਦੀ ਨੇ ਹਾਂ 'ਚ ਜਵਾਬ ਦਿੱਤਾ। ਇਹ ਪੁੱਛੇ ਜਾਣ 'ਤੇ ਕਿ ਕੀ ਉਹ "ਸੁਰੱਖਿਆ ਦੀ ਹਾਲਤ ਠੀਕ ਹੋਣ ਤੱਕ ਗੱਠਜੋੜ ਦੀਆਂ ਫ਼ੌਜਾਂ ਦੇ ਇੱਥੇ ਰਹਿਣ" ਦਾ ਵਾਅਦਾ ਕਰਨ ਵਾਲੀ ਪਾਰਟੀ ਨੂੰ ਵੋਟ ਦੇਣਗੇ, ਸਿਰਫ਼ 4.2 ਫ਼ੀ ਸਦੀ ਨੇ ਕਿਹਾ ਕਿ ਹਾਂ ਉਹ ਇਸ ਨੂੰ ਵੋਟ ਦੇਣਗੇ।[9] ਸਿੱਧੀ ਗੱਲ ਹੈ, ਜੇ ਇਰਾਕੀਆਂ ਨੂੰ

ਦਾ ਇਕ ਕਾਰਨ ਇਹ ਸੀ : ਅਧਿਆਪਕਾਂ ਅਤੇ ਡਾਕਟਰਾਂ ਦੇ ਨਾਲ-ਨਾਲ ਹੇਠਲੇ ਦਰਜੇ ਦੇ ਸੈਨਿਕਾਂ ਦੀਆਂ ਨੌਕਰੀਆਂ ਖੁੱਸ ਗਈਆਂ ਸਨ, ਹਾਲਾਂਕਿ ਪੇਸ਼ੇ ਪੱਖੋਂ ਅੱਗੇ ਵਧਣ ਲਈ ਬਾਥ ਪਾਰਟੀ 'ਚ ਸ਼ਾਮਲ ਹੋਣਾ ਇਨ੍ਹਾਂ ਦੀ ਲੋੜ ਸੀ। ਦੂਜੇ ਪਾਸੇ, ਚੋਟੀ ਦੇ ਬਾਥਵਾਦੀ ਫ਼ੌਜੀ ਅਫ਼ਸਰ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਲਈ ਬਦਨਾਮ ਸਨ, ਉਨ੍ਹਾਂ ਨੂੰ ਸ਼ਹਿਰਾਂ ਅਤੇ ਕਸਬਿਆਂ ਵਿਚ ਅਮਨ-ਕਾਨੂੰਨ ਲਾਗੂ ਕਰਨ ਲਈ ਭਰਤੀ ਕੀਤਾ ਜਾ ਰਿਹਾ ਸੀ।

ਅਗਲੀ ਸਰਕਾਰ ਚੁਣਨ ਦੀ ਪੂਰੀ ਖੁੱਲ੍ਹ ਦੇ ਦਿੱਤੀ ਜਾਂਦੀ, ਅਤੇ ਜੇ ਉਸ ਸਰਕਾਰ ਕੋਲ ਸੱਚੀ ਤਾਕਤ ਹੁੰਦੀ ਤਾਂ ਵਾਸ਼ਿੰਗਟਨ ਨੂੰ ਜੰਗ ਦੇ ਮੁੱਖ ਟੀਚਿਆਂ ਵਿਚੋਂ ਦੋ ਮੁੱਖ ਟੀਚੇ ਛੱਡਣੇ ਪੈਣੇ ਸਨ : ਅਮਰੀਕੀ ਫ਼ੌਜੀ ਅੱਡਿਆਂ ਦੀ ਇਰਾਕ 'ਚ ਸਥਾਪਤੀ ਅਤੇ ਅਮਰੀਕੀ ਬਹੁ-ਕੌਮੀ ਕੰਪਨੀਆਂ ਨੂੰ ਇਰਾਕ 'ਚ ਪੂਰੀ ਖੁੱਲ੍ਹ।

ਬੁਸ਼ ਸਰਕਾਰ ਦੇ ਨਵ-ਰੂੜ੍ਹੀਵਾਦੀ ਸਰਮਾਏਦਾਰਾ ਸੋਚ ਵਾਲੇ ਵਿੰਗ ਦੇ ਕੁਝ ਆਲੋਚਕ ਇਸ 'ਤੇ ਦੋਸ਼ ਲਾਉਂਦੇ ਹਨ ਕਿ ਇਹ ਇਰਾਕ ਸਬੰਧੀ ਜਮਹੂਰੀਅਤ ਉੱਪਰ ਬਹੁਤ ਜ਼ਿਆਦਾ ਟੇਕ ਰੱਖ ਰਹੀ ਹੈ ਅਤੇ ਇਸ ਦੇ ਸਵੈ-ਨਿਰਣੇ 'ਚ ਅੰਨਾ ਵਿਸ਼ਵਾਸ ਪ੍ਰਗਟਾ ਰਹੀ ਹੈ। ਇਸ ਵਿਆਖਿਆ 'ਚ ਧਾੜਵੀ ਰਾਜ ਦੇ ਪਹਿਲੇ ਸਾਰੇ ਸਾਲ ਦੀ ਅਸਲ ਕਾਰਗੁਜ਼ਾਰੀ ਪੂਰੀ ਤਰ੍ਹਾਂ ਮਨਫ਼ੀ ਹੈ, ਜਿੱਥੇ ਜਦੋਂ ਵੀ ਜਮਹੂਰੀਅਤ ਨੇ ਕਿਤੇ ਸਿਰ ਚੁਕਿਆ ਤਾਂ ਬਰੈਮਰ ਨੇ ਤੁਰੰਤ ਫੇਰ ਦਿੱਤਾ। ਪਹਿਲੇ ਛੇ ਮਹੀਨਿਆਂ ਦੇ ਰਾਜ 'ਚ ਹੀ, ਉਸ ਨੇ ਸੰਵਿਧਾਨ-ਘੜਨੀ ਸਭਾ ਦਾ ਵਿਚਾਰ ਅਤੇ ਸੰਵਿਧਾਨ ਲਿਖਣ ਵਾਲਿਆਂ ਦੀ ਚੋਣ ਕਰਨ ਦਾ ਵਿਚਾਰ ਰੱਦ ਕੀਤਾ, ਦਰਜਨਾਂ ਸਥਾਨਕ ਅਤੇ ਸੂਬਾਈ ਚੋਣਾਂ ਰੱਦ ਕੀਤੀਆਂ ਅਤੇ ਫੇਰ ਕੌਮੀ ਚੋਣਾਂ ਦਾ ਫਸਤਾ ਵੱਢ ਦਿੱਤਾ। ਇਹ ਕਾਰਵਾਈਆਂ ਕਿਸੇ ਆਦਰਸ਼ਕ ਜਮਹੂਰੀਅਤਪਸੰਦ ਦੀਆਂ ਨਹੀਂ ਹੋ ਸਕਦੀਆਂ। ਜਿਹੜੇ ਉੱਚ-ਕੋਟੀ ਦੇ ਨਵ-ਰੂੜ੍ਹੀਵਾਦੀ ਹੁਣ ਇਰਾਕ ਦੀ ਸਮੱਸਿਆ ਦਾ ਦੋਸ਼ "ਇਰਾਕੀ ਮੁੱਖੜੇ ਦੀ ਅਣਹੋਂਦ" 'ਤੇ ਥੱਪਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਬਗ਼ਦਾਦ ਅਤੇ ਬਸਰਾ ਦੀਆਂ ਸੜਕਾਂ ਉੱਪਰ ਉੱਠ ਰਹੀ ਸਿੱਧੀਆਂ ਚੋਣਾਂ ਦੀ ਮੰਗ ਦਾ ਹਾਮੀ ਨਹੀਂ ਸੀ।

ਜਿਹੜੇ ਹੁਣ ਜਮਹੂਰੀਅਤ ਲਿਆਉਣ 'ਚ ਦੇਰੀ ਅਤੇ ਇਸ ਨੂੰ ਪ੍ਰਭਾਵਹੀਣ ਬਣਾਉਣ ਦੇ ਵੱਖ-ਵੱਖ ਫ਼ੈਸਲਿਆਂ ਅਤੇ ਹਥਿਆਰਬੰਦ ਟਾਕਰੇ ਦੇ ਜ਼ਬਰਦਸਤ ਉਭਾਰ 'ਚ ਸਬੰਧ ਦੇਖਦੇ ਹਨ ਉਨ੍ਹਾਂ ਵਿਚ ਕਈ ਸ਼ਖ਼ਸ ਉਹ ਹਨ ਜੋ ਪਹਿਲੇ ਮਹੀਨਿਆਂ 'ਚ ਇਰਾਕ 'ਚ ਤਾਇਨਾਤ ਸਨ। ਸੰਯੁਕਤ ਰਾਸ਼ਟਰ ਦੇ ਕੂਟਨੀਤਕ ਅਧਿਕਾਰੀ ਸਲੀਮ ਲੋਨ, ਜੋ ਹਮਲੇ ਤੋਂ ਬਾਅਦ ਇਰਾਕ ਵਿਚ ਰਿਹਾ, ਦਾ ਖ਼ਿਆਲ ਸੀ ਕਿ ਬਰੈਮਰ ਦਾ ਪਹਿਲਾ ਜਮਹੂਰੀਅਤ ਵਿਰੋਧੀ ਫ਼ੈਸਲਾ ਅਹਿਮ ਚੀਜ਼ ਸੀ। "ਮਿਸਾਲ ਵਜੋਂ, ਇਰਾਕ ਵਿਚ ਬਦੇਸ਼ੀ ਨੁਮਾਇੰਦਿਆਂ ਉੱਪਰ ਪਹਿਲੇ ਤਬਾਹਕੁਨ ਹਮਲੇ ਅਮਰੀਕਾ ਵਲੋਂ ਜੁਲਾਈ 2003 'ਚ ਪਹਿਲੀ ਇਰਾਕੀ ਆਗੂ ਸੰਸਥਾ ਗਵਰਨਿੰਗ ਕੌਂਸਲ ਥਾਪੇ ਜਾਣ ਤੋਂ ਤੁਰੰਤ ਬਾਅਦ ਸ਼ੁਰੂ ਹੋ ਗਏ : ਪਹਿਲਾਂ ਜਾਰਡਨ ਦੇ ਸਫ਼ਾਰਤੀ ਅਮਲੇ ਦਾ ਮੁੱਖ ਦਫ਼ਤਰ ਅਤੇ ਇਸ ਤੋਂ ਤੁਰੰਤ ਪਿੱਛੋਂ ਸੰਯੁਕਤ ਰਾਸ਼ਟਰ ਦਾ ਸਦਰ ਮੁਕਾਮ ਉਡਾ ਦਿੱਤੇ ਗਏ, ਬਹੁਤ ਸਾਰੇ ਨਿਰਦੋਸ਼ ਲੋਕ ਮਾਰੇ ਗਏ.....ਇਰਾਕ ਵਿਚ ਇਸ ਕੌਂਸਲ ਦੀ ਬਣਤਰ, ਅਤੇ ਸੰਯੁਕਤ ਰਾਸ਼ਟਰ ਵਲੋਂ ਇਸ ਦੀ ਹਮਾਇਤ ਕੀਤੇ ਜਾਣ 'ਤੇ ਰੋਹ ਸਪਸ਼ਟ ਦਿਖਾਈ ਦੇ ਰਿਹਾ ਸੀ।" ਹਮਲੇ 'ਚ ਲੋਨ ਦੇ ਕਈ ਦੋਸਤ ਅਤੇ ਸਹਿ-ਕਰਮੀ ਮਾਰੇ ਗਏ ਸਨ।[10]

ਬਰੈਮਰ ਵਲੋਂ ਕੌਮੀ ਚੋਣਾਂ ਰੱਦ ਕਰਨਾ ਇਰਾਕ ਦੇ ਸ਼ੀਆ ਲੋਕਾਂ ਨਾਲ ਅਸਹਿ ਗ਼ਦਾਰੀ ਸੀ। ਸਭ ਤੋਂ ਵੱਡਾ ਜਾਤੀ ਸਮੂਹ ਹੋਣ ਕਰਕੇ, ਦਹਾਕਿਆਂ ਦੀ ਅਧੀਨਗੀ ਤੋਂ ਬਾਅਦ ਉਨ੍ਹਾਂ ਨੇ ਚੁਣੀ ਹੋਈ ਸਰਕਾਰ ਵਿਚ ਭਾਰੂ ਹੋ ਜਾਣਾ ਸੀ। ਪਹਿਲਾਂ ਪਹਿਲਾਂ, ਸ਼ੀਆ ਦੇ ਵਿਰੋਧ ਨੇ ਵਿਆਪਕ ਸ਼ਾਂਤਮਈ ਮੁਜ਼ਾਹਰਿਆਂ ਦੀ ਸ਼ਕਲ ਅਖ਼ਤਿਆਰ ਕੀਤੀ : ਬਗਦਾਦ ਵਿਚ ਮੁਜ਼ਾਹਰਾਕਾਰੀਆਂ ਦੀ ਗਿਣਤੀ ਇਕ ਲੱਖ ਸੀ ਅਤੇ ਬਸਰਾ 'ਚ ਤੀਹ ਹਜ਼ਾਰ। ਉਨ੍ਹਾਂ ਦੀ ਇਕਜੁੱਟ ਆਵਾਜ਼ ਸੀ "ਚੋਣਾਂ, ਹਾਂ ਜੀ, ਹਾਂ। ਨਾਮਜ਼ਦਗੀਆਂ, ਨਾ ਜੀ, ਨਾ।" ਇਰਾਕ ਦੇ ਦੂਜੇ ਸਭ ਤੋਂ ਸੀਨੀਅਰ ਸ਼ੀਆ ਮੌਲਵੀ ਅਲੀ ਅਬਦਲ ਹਾਕਿਮ ਅਲ-ਸਫੀ ਨੇ ਜਾਰਜ ਬੁਸ਼ ਅਤੇ ਟੋਨੀ ਬਲੇਅਰ ਨੂੰ ਲਿਖੇ ਖ਼ਤ 'ਚ

ਲਿਖਿਆ, "ਇਸ ਅਮਲ ਵਿਚ ਸਾਡੀ ਮੁੱਖ ਮੰਗ ਚੋਣਾਂ ਰਾਹੀਂ ਸਾਰੇ ਸੰਵਿਧਾਨਕ ਅਦਾਰੇ ਕਾਇਮ ਕਰਨ ਦੀ ਹੈ ਨਾ ਕਿ ਨਾਮਜ਼ਦਗੀਆਂ ਰਾਹੀਂ।" ਉਸ ਨੇ ਬਰੈਮਰ ਦੀ ਨਵੀਂ ਯੋਜਨਾ ਬਾਰੇ ਐਲਾਨ ਕੀਤਾ "ਇਹ ਇਕ ਤਾਨਾਸ਼ਾਹੀ ਦੀ ਥਾਂ ਦੂਜੀ ਨੂੰ ਲਿਆਉਣ ਤੋਂ ਬਿਨਾ ਕੁਝ ਨਹੀਂ ਹੈ" ਅਤੇ ਉਸ ਨੇ ਚੇਤਾਵਨੀ ਦਿੱਤੀ ਕਿ ਜੇ ਉਹ ਇਸ ਅਮਲ ਨੂੰ ਅੱਗੇ ਵਧਾਉਣਗੇ ਤਾਂ ਉਨ੍ਹਾਂ ਨੂੰ ਚਾਨਣ ਹੋ ਜਾਵੇਗਾ ਕਿ ਉਹ ਹਾਰੀ ਹੋਈ ਲੜਾਈ ਲੜ ਰਹੇ ਹਨ।[11] ਬੁਸ਼ ਅਤੇ ਬਲੇਅਰ 'ਤੇ ਕੋਈ ਅਸਰ ਨਹੀਂ ਹੋਇਆ—ਉਨ੍ਹਾਂ ਨੇ ਮੁਜ਼ਾਹਰਿਆਂ ਨੂੰ ਆਜ਼ਾਦੀ ਦੇ ਵਿਗਸਣ ਦਾ ਅਮਲ ਕਹਿ ਕੇ ਇਸ ਦੀ ਤਾਰੀਫ਼ ਕੀਤੀ ਪਰ ਨਾਲ ਹੀ ਸੱਦਾਮ ਨੂੰ ਲਾਹੇ ਜਾਣ ਤੋਂ ਬਾਅਦ ਇਰਾਕ ਦੀ ਪਹਿਲੀ ਸਰਕਾਰ ਨਾਮਜ਼ਦ ਕਰਨ ਦੀ ਯੋਜਨਾ ਦੀ ਧੁਸ ਜਾਰੀ ਰੱਖੀ।

ਇਸ ਪੜਾਅ 'ਤੇ ਆ ਕੇ ਮੌਕਤਦਾ ਅਲ-ਸਦਰ ਜ਼ਬਰਦਸਤ ਸਿਆਸੀ ਤਾਕਤ ਬਣਕੇ ਉੱਭਰਿਆ। ਜਦੋਂ ਬਾਕੀ ਦੀਆਂ ਮੁੱਖ ਸ਼ੀਆ ਪਾਰਟੀਆਂ ਨੇ ਇਸ ਥਾਪੀ ਗਈ ਸਰਕਾਰ 'ਚ ਸ਼ਾਮਲ ਹੋਣ ਅਤੇ ਮਹਿਫੂਜ਼ ਖੇਤਰ 'ਚ ਬੈਠ ਕੇ ਲਿਖੇ ਸੰਵਿਧਾਨ 'ਤੇ ਫੁੱਲ ਚੜ੍ਹਾਉਣ ਦਾ ਫ਼ੈਸਲਾ ਲੈ ਲਿਆ ਤਾਂ ਅਲ-ਸਦਰ ਨੇ ਇਨ੍ਹਾਂ ਨਾਲੋਂ ਤੋੜ-ਵਿਛੋੜਾ ਕਰਕੇ ਇਸ ਅਮਲ ਅਤੇ ਸੰਵਿਧਾਨ ਨੂੰ ਨਜਾਇਜ਼ ਕਹਿ ਕੇ ਭੰਡਿਆ ਅਤੇ ਸ਼ਰੇਆਮ ਬਰੈਮਰ ਦੀ ਤੁਲਨਾ ਸੱਦਾਮ ਹੁਸੈਨ ਨਾਲ ਕੀਤੀ। ਉਸ ਨੇ ਫਟਾਫਟ ਮਾਹਦੀ ਫ਼ੌਜ ਬਣਾਉਣੀ ਸ਼ੁਰੂ ਕਰ ਦਿੱਤੀ। ਸ਼ਾਂਤਮਈ ਰੋਸ-ਮੁਜ਼ਾਹਰੇ ਕਾਰਗਰ ਨਾ ਹੁੰਦੇ ਦੇਖ, ਬਹੁਤ ਸਾਰੇ ਸ਼ੀਆ ਲੋਕਾਂ ਨੂੰ ਜਚ ਗਿਆ ਕਿ ਜੇ ਬਹੁਗਿਣਤੀ ਜਮਹੂਰੀਅਤ ਨੂੰ ਹਕੀਕਤ ਬਣਾਉਣਾ ਹੈ ਤਾਂ ਇਸ ਲਈ ਲੜਾਈ ਲੜਨੀ ਪਵੇਗੀ।

ਜੇ ਬੁਸ਼ ਸਰਕਾਰ ਨੇ ਚੁਣੀ ਹੋਈ ਇਰਾਕੀ ਸਰਕਾਰ ਨੂੰ ਤੁਰੰਤ ਸੱਤਾ ਸੌਂਪ ਦੇਣ ਦਾ ਵਾਅਦਾ ਨਿਭਾਇਆ ਹੁੰਦਾ ਤਾਂ ਟਾਕਰਾ ਦੇਸ਼-ਵਿਆਪੀ ਬਗ਼ਾਵਤ ਕਦੇ ਨਾ ਬਣਦਾ। ਇਸ ਨੇ ਛੋਟੇ ਪੱਧਰ ਦਾ ਅਤੇ ਸੀਮਤ ਹੀ ਰਹਿਣਾ ਸੀ। ਅਸਲ ਵਿਚ ਵਾਅਦਾ ਨਿਭਾਉਣ ਦਾ ਅਰਥ ਹੋਣਾ ਸੀ ਜੰਗ ਪਿੱਛੇ ਮੌਜੂਦ ਅਸਲ ਆਰਥਕ ਏਜੰਡੇ ਦੀ ਬਲੀ ਦੇਣਾ, ਇਹ ਕਦੇ ਵੀ ਸੰਭਵ ਨਹੀਂ ਸੀ ਹੋਣਾ। ਇਹੀ ਵਜ੍ਹਾ ਹੈ ਕਿ ਇਰਾਕ ਨੂੰ ਜਮਹੂਰੀਅਤ ਦੇਣ ਤੋਂ ਅਮਰੀਕਾ ਦੇ ਮੁਨਕਰ ਹੋਣ ਦੇ ਜੋ ਹਿੰਸਕ ਸਿੱਟੇ ਨਿਕਲੇ ਉਨ੍ਹਾਂ ਨੂੰ ਵੀ ਲਾਜ਼ਮੀ ਹੀ ਇਕ ਤਰ੍ਹਾਂ ਦੀ ਵਿਚਾਰਧਾਰਕ ਪਛਾੜ ਮੰਨਣਾ ਚਾਹੀਦਾ ਹੈ।

ਜਿਸਮਾਨੀ ਸਦਮੇ

ਜਿਉਂ-ਜਿਉਂ ਟਾਕਰੇ 'ਚ ਵਾਧਾ ਹੁੰਦਾ ਗਿਆ, ਧਾੜਵੀ ਤਾਕਤਾਂ ਨੇ ਸਦਮਾ ਦਾਅਪੇਚਾਂ 'ਚ ਹੋਰ ਤੇਜ਼ੀ ਲਿਆ ਕੇ ਇਸ ਦਾ ਜਵਾਬ ਦਿੱਤਾ। ਇਹ ਹਮਲੇ ਰਾਤ ਨੂੰ ਜਾਂ ਸਵੇਰੇ ਸਾਝਰੇ ਕੀਤੇ ਜਾਂਦੇ, ਫ਼ੌਜੀ ਦਰਵਾਜ਼ੇ ਭੰਨ ਕੇ ਅੰਦਰ ਜਾ ਵੜਦੇ, ਘੁੱਪ-ਹਨੇਰ ਘਰਾਂ ਵਿਚ ਫਲੈਸ਼ ਲਾਈਟਾਂ ਮਾਰ ਕੇ, ਉਹ ਅੰਗਰੇਜ਼ੀ 'ਚ ਚੀਕਦੇ (ਇਨ੍ਹਾਂ ਦੇ ਕੁਝ ਲਫ਼ਜ਼ ਹੀ ਸਮਝ ਪੈਂਦੇ : "ਮਾਂ ਚੋ....," "ਅਲੀ ਬਾਬਾ," "ਉਸਾਮਾ ਬਿਨ ਲਾਦੇਨ")। ਓਪਰੇ ਬੰਦੇ ਅੰਦਰ ਵੜੇ ਦੇਖ ਔਰਤਾਂ ਮੂੰਹ ਢਕਣ ਲਈ ਫਟਾਫਟ ਬੁਰਕੇ ਚੁੱਕਣ ਭੱਜਦੀਆਂ; ਮਰਦਾਂ ਨੂੰ ਫ਼ੌਜ ਦੇ ਟਰੱਕਾਂ 'ਚ ਸੁੱਟ ਕੇ ਜੇਲ੍ਹਾਂ ਅਤੇ ਤਸੀਹਾਂ ਕੇਂਦਰਾਂ 'ਚ ਲਿਜਾਣ ਤੋਂ ਪਹਿਲਾਂ ਧੱਕੇ ਨਾਲ ਬੋਰੀ 'ਚ ਬੰਨ੍ਹਿਆ ਜਾਂਦਾ। ਧਾੜਵੀ ਰਾਜ ਦੇ ਪਹਿਲੇ ਸਾਢੇ ਤਿੰਨ ਸਾਲਾਂ 'ਚ ਅਮਰੀਕੀ ਫ਼ੌਜਾਂ ਨੇ ਅੰਦਾਜ਼ਨ 61,500 ਇਰਾਕੀਆਂ ਨੂੰ ਉਨ੍ਹਾਂ ਢੰਗਾਂ ਰਾਹੀਂ ਫੜਕੇ ਜੇਲ੍ਹਾਂ 'ਚ ਸੁੱਟਿਆ ਜੋ "ਵੱਧ ਤੋਂ ਵੱਧ ਸਦਮਾ ਦੇਣ" ਲਈ ਈਜਾਦ ਕੀਤੇ ਗਏ ਸਨ। 2007 ਦੀ ਬਸੰਤ 'ਚ, 19,000 ਵਿਅਕਤੀਆਂ ਨੂੰ ਰਿਹਾਸਤ 'ਚ ਰੱਖਿਆ ਗਿਆ।[12] ਜੇਲ੍ਹਾਂ

ਵਿਚ ਉਨ੍ਹਾਂ ਨੂੰ ਹੋਰ ਸਦਮੇ ਦਿੱਤੇ ਗਏ ਜਿਵੇਂ : ਉਨ੍ਹਾਂ ਉੱਪਰ ਬਾਲਟੀਆਂ ਭਰ ਭਰ ਕੇ ਠੰਢਾ ਪਾਣੀ ਪਾਉਣਾ; ਝਈਆਂ ਲੈ ਲੈ ਪੈਂਦੇ ਜਰਮਨ ਸ਼ੈਫਰਡ ਕੁੱਤੇ ਉਨ੍ਹਾਂ ਮਗਰ ਪਾਉਣੇ; ਚੂੰਡੀਆਂ ਅਤੇ ਠੁੱਡਿਆਂ ਦੀ ਬੌਛਾੜ ਕਰਨਾ; ਅਤੇ ਕਈ ਵਾਰ ਸਿੱਧਾ ਨੰਗੀਆਂ ਤਾਰਾਂ ਨਾਲ ਕਰੰਟ ਲਾਉਣਾ।

ਤਿੰਨ ਦਹਾਕੇ ਪਹਿਲਾਂ, ਨਵ-ਉਦਾਰਵਾਦੀ ਜਹਾਦ ਦਾ ਆਗਾਜ਼ ਇਸ ਤਰ੍ਹਾਂ ਦੇ ਦਾਅਪੇਚਾਂ ਨਾਲ ਕੀਤਾ ਗਿਆ ਸੀ—ਅਖੌਤੀ ਭੰਨਤੋੜ ਕਰਨ ਵਾਲਿਆਂ ਅਤੇ ਦਹਿਸ਼ਤਪਸੰਦਾਂ ਨੂੰ ਉਨ੍ਹਾਂ ਦੇ ਘਰੋਂ ਅਗਵਾ ਕਰਕੇ, ਅੱਖਾਂ ਬੰਨ੍ਹ ਕੇ ਅਤੇ ਮੂੰਹ ਢੱਕ ਕੇ ਘੁੱਪ-ਹਨੇਰ ਕਾਲ ਕੋਠੜੀਆਂ 'ਚ ਲਿਜਾਇਆ ਜਾਂਦਾ, ਜਿਥੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ ਜਾਂਦੀ ਅਤੇ ਹੋਰ ਵੀ ਭੈੜੇ ਜ਼ੁਲਮ ਕੀਤੇ ਜਾਂਦੇ। ਹੁਣ, ਇਰਾਕ ਨੂੰ ਨਮੂਨੇ ਦੀ ਖੁੱਲ੍ਹੀ ਮੰਡੀ ਬਣਾਉਣ ਦੇ ਵਿਸ਼ਵਾਸ ਨੂੰ ਅੰਜਾਮ ਦੇਣ ਲਈ ਇਸ ਪ੍ਰਾਜੈਕਟ ਨੇ ਗੇੜ ਪੂਰਾ ਕਰ ਲਿਆ ਸੀ।

ਇਕ ਹੋਰ ਫੈਕਟਰ ਜਿਸ ਨਾਲ ਤਸੀਹਿਆਂ ਦੇ ਦਾਅਪੇਚਾਂ ਦੀ ਭਰਮਾਰ ਹੋਣਾ ਅਟੱਲ ਸੀ ਉਹ ਸੀ ਡੋਨਾਲਡ ਰਮਜ਼ਫੈਲਡ ਦਾ ਫ਼ੌਜ ਨੂੰ ਇਕ ਆਧੁਨਿਕ, ਠੇਕੇ 'ਤੇ ਬਾਹਰੋਂ ਕੰਮ ਕਰਵਾਉਣ ਵਾਲੀ ਕਾਰਪੋਰੇਸ਼ਨ ਵਾਂਗ ਚਲਾਉਣ ਦਾ ਪੱਕਾ ਇਰਾਦਾ। ਉਸ ਨੇ ਫ਼ੌਜੀ ਦਸਤਿਆਂ ਦੀ ਤਾਇਨਾਤੀ ਦੀ ਯੋਜਨਾ ਰੱਖਿਆ ਮੰਤਰੀ ਵਜੋਂ ਘੱਟ ਅਤੇ ਵਾਲ ਮਾਰਟ ਦੇ ਮੀਤ ਪ੍ਰਧਾਨ ਵਾਂਗ ਵੱਧ ਬਣਾਈ ਸੀ। ਉਹ ਹਮੇਸ਼ਾ ਇਸ ਤਾਕ 'ਚ ਰਹਿੰਦਾ ਕਿ ਤਨਖ਼ਾਹ ਦੀ ਸੂਚੀ ਵਿਚੋਂ ਕੰਮ ਦੇ ਕੁਝ ਘੰਟੇ ਕਿਵੇਂ ਘਟਾਏ ਜਾ ਸਕਦੇ ਹਨ। ਮਿਸਾਲ ਵਜੋਂ, ਉਸ ਦੇ ਜਰਨੈਲਾਂ ਨੇ ਪੰਜ ਲੱਖ ਫ਼ੌਜ ਮੰਗੀ ਸੀ। ਉਸ ਨੇ ਇਹ ਗਿਣਤੀ ਛਾਂਗ ਕੇ ਦੋ ਲੱਖ ਤੋਂ ਵੀ ਘਟਾ ਦਿੱਤੀ, ਹਾਲੇ ਵੀ ਉਹ ਇਸ ਨੂੰ ਹੋਰ ਘਟਾਉਣਾ ਚਾਹੁੰਦਾ ਸੀ : ਐਨ ਆਖ਼ਰੀ ਪਲ, ਆਪਣੇ ਕਿਰਦਾਰ ਵਿਚਲੇ ਸੀ ਈ ਓ ਨੂੰ ਸੰਤੁਸ਼ਟ ਕਰਦਿਆਂ ਉਸ ਨੇ ਜੰਗ ਦੀਆਂ ਯੋਜਨਾਵਾਂ ਵਿਚੋਂ ਦਹਿ ਹਜ਼ਾਰਾਂ ਫ਼ੌਜੀ ਹੋਰ ਘਟਾ ਦਿੱਤੇ ਸਨ।[13]

ਹਾਲਾਂਕਿ ਉਸ ਦੀਆਂ ਵਪਾਰਕ ਫ਼ੌਜੀ ਤਾਕਤਾਂ ਫੇਰ ਵੀ ਸੱਦਾਮ ਨੂੰ ਸੱਤਾ ਤੋਂ ਲਾਹੁਣ ਦੇ ਸਮਰੱਥ ਸਨ, ਪਰ ਬਰੈਮਰ ਦੇ ਫ਼ਰਮਾਨਾਂ ਨੇ ਇਰਾਕ ਵਿਚ ਜੋ ਹਾਲਤ ਪੈਦਾ ਕਰ ਦਿੱਤੀ ਸੀ ਉਨ੍ਹਾਂ ਨੂੰ ਉਮੀਦ ਨਹੀਂ ਸੀ ਕਿ ਉਹ ਉਸ ਨਾਲ ਨਜਿੱਠ ਲੈਣਗੀਆਂ—ਵਾਸੋਂ ਸ਼ਰੇਆਮ ਬਾਗ਼ੀ ਸੀ ਅਤੇ ਦੇਸ਼ ਇਸ ਤਰ੍ਹਾਂ ਦਾ ਘੂਰਦਾ ਧੁੰਦੂਕਾਰਾ ਬਣ ਗਿਆ ਸੀ ਜਿੱਥੇ ਇਰਾਕ ਦੀ ਫ਼ੌਜ ਤੇ ਪੁਲਿਸ ਛੁਪੀ ਹੋਣ ਦੇ ਝਾਓਲੇ ਪੈ ਰਹੇ ਸਨ। ਧਾੜਵੀ ਫ਼ੌਜਾਂ ਸੜਕਾਂ 'ਤੇ ਨਿਕਲੇ ਹਜ਼ਾਰਾਂ ਲੋਕਾਂ ਨੂੰ ਕਾਬੂ ਕਰਨ ਲਈ ਲੋੜੀਂਦੀ ਨਫ਼ਰੀ ਦੀ ਥੁੜ੍ਹ ਦਾ ਸ਼ਿਕਾਰ ਸਨ। ਇਨ੍ਹਾਂ ਨੇ ਅਗਲਾ ਸਭ ਤੋਂ ਕਾਰਗਰ ਢੰਗ ਅਪਣਾਇਆ : ਇਨ੍ਹਾਂ ਨੇ ਲੋਕਾਂ ਨੂੰ ਸੜਕਾਂ ਤੋਂ ਚੁੱਕ ਕੇ ਜੇਲ੍ਹਾਂ 'ਚ ਤੁੰਨ ਦਿੱਤਾ। ਛਾਪਿਆਂ ਦੌਰਾਨ ਫੜੇ ਹਜ਼ਾਰਾਂ ਕੈਦੀ ਸੀ ਆਈ ਏ ਦੇ ਏਜੰਟਾਂ, ਅਮਰੀਕੀ ਫ਼ੌਜੀਆਂ ਅਤੇ ਨਿੱਜੀ ਠੇਕੇਦਾਰਾਂ ਦੇ ਵੱਸ ਪਾ ਦਿੱਤੇ ਗਏ। ਇਨ੍ਹਾਂ ਵਿਚੋਂ ਜ਼ਿਆਦਾਤਰ ਤਾਕਤਾਂ ਦੀ ਕੋਈ ਸਿਖਲਾਈ ਨਹੀਂ ਸੀ, ਇਨ੍ਹਾਂ ਨੇ ਟਾਕਰੇ 'ਚ ਸ਼ਾਮਲ ਤਾਕਤਾਂ ਤੋਂ ਭੇਤ ਉਗਲਾਉਣ ਲਈ ਉਨ੍ਹਾਂ ਨੂੰ ਇੰਤਹਾ ਤਸੀਹੇ ਦਿੱਤੇ।

ਧਾੜਵੀ ਰਾਜ ਦੇ ਮੁਢਲੇ ਦਿਨਾਂ 'ਚ, ਮਹਿਫ਼ੂਜ਼ ਖੇਤਰ ਨੇ ਪੋਲੈਂਡ ਅਤੇ ਰੂਸ ਦੇ ਆਰਥਕ ਸਦਮਾ ਡਾਕਟਰਾਂ ਦੀ ਮੇਜ਼ਬਾਨੀ ਕੀਤੀ ਸੀ; ਹੁਣ ਇਹ ਵੱਖਰੀ ਨਸਲ ਦੇ ਸਦਮਾ ਮਾਹਰਾਂ ਲਈ ਮਿਕਨਾਤੀਸੀ ਖਿੱਚ ਬਣ ਗਿਆ, ਜਿਨ੍ਹਾਂ ਦੀ ਟਾਕਰਾ ਲਹਿਰਾਂ ਨੂੰ ਕੁਚਲਣ ਦੇ ਕਾਲੇ ਇਲਮ 'ਚ ਵਿਸ਼ੇਸ਼ ਮੁਹਾਰਤ ਸੀ। ਨਿੱਜੀ ਸੁਰੱਖਿਆ ਕੰਪਨੀਆਂ ਨੇ ਕੋਲੰਬੀਆ, ਦੱਖਣੀ ਅਫ਼ਰੀਕਾ ਅਤੇ ਨੇਪਾਲ ਦੀਆਂ ਘ੍ਰਿਣਤ ਜੰਗਾਂ ਦੇ ਮਾਹਰ ਭਰਤੀ ਕਰ ਲਏ। ਪੱਤਰਕਾਰ ਜੇਰੇਮੀ ਸਕੈਹਿਲ ਅਨੁਸਾਰ, ਬਲੈਕਵਾਟਰ ਅਤੇ ਹੋਰ ਸੁਰੱਖਿਆ ਮੁਹੱਈਆ ਕਰਨ ਵਾਲੀਆਂ ਕੰਪਨੀਆਂ ਨੇ ਸੱਤ ਸੌ ਤੋਂ ਵੱਧ ਚਿੱਲੀ ਦੇ ਮਾਹਰ ਫ਼ੌਜੀ ਇਰਾਕ ਵਿਚ ਤਾਇਨਾਤ ਕਰਨ ਲਈ ਭਾੜੇ 'ਤੇ ਰੱਖੇ। ਜ਼ਿਆਦਾਤਰ ਨੂੰ

ਵਿਸ਼ੇਸ਼ ਫ਼ੌਜੀ ਕਾਰਵਾਈ ਕਰਨ ਵਾਲੇ ਦਸਤਿਆਂ ਦੇ ਸੰਚਾਲਕ ਬਣਾਇਆ ਗਿਆ ਸੀ—ਇਨ੍ਹਾਂ ਵਿਚੋਂ ਕਈਆਂ ਨੇ ਪਿਨੋਚੇ ਅਧੀਨ ਸਿਖਲਾਈ ਲਈ ਸੀ ਅਤੇ ਉਸ ਦੇ ਮਤਹਿਤ ਕੰਮ ਕੀਤਾ ਹੋਇਆ ਸੀ।[14]

ਚੋਟੀ ਦੇ ਸਦਮਾ ਮਾਹਰਾਂ ਵਿਚੋਂ ਇਕ ਸੀ ਅਮਰੀਕੀ ਕਮਾਂਡਰ ਜੇਮਜ਼ ਸਟੀਲ, ਜੋ ਮਈ 2003 'ਚ ਇਰਾਕ ਪਹੁੰਚਿਆ। ਸਟੀਲ ਕੇਂਦਰੀ ਅਮਰੀਕਾ ਦੀਆਂ ਸੱਜੇਪੱਖੀ-ਪਿਛਾਖੜੀ ਮੁਹਿੰਮਾਂ ਵਿਚ ਭੂਮਿਕਾ ਨਿਭਾਉਣ ਵਾਲੀ ਅਹਿਮ ਹਸਤੀ ਸੀ। ਸਟੀਲ ਨੇ ਉੱਥੇ ਸਲਵਾਡੋਰਾਂ ਦੀਆਂ ਅਨੇਕਾਂ ਫ਼ੌਜੀ ਬਟਾਲੀਅਨਾਂ ਦੇ ਮੁੱਖ ਅਮਰੀਕੀ ਸਲਾਹਕਾਰ ਵਜੋਂ ਕੰਮ ਕੀਤਾ ਸੀ, ਜਿਨ੍ਹਾਂ ਨੂੰ ਮੌਤ ਵਰਤਾਉਣ ਵਾਲੇ ਦਸਤੇ ਕਿਹਾ ਜਾਂਦਾ ਸੀ। ਹੁਣੇ ਜਹੇ, ਉਹ ਐਨਰੋਨ ਦਾ ਮੀਤ ਪ੍ਰਧਾਨ ਰਿਹਾ ਸੀ ਅਤੇ ਸ਼ੁਰੂ 'ਚ ਉਹ ਇਰਾਕ 'ਚ ਊਰਜਾ ਸਲਾਹਕਾਰ ਵਜੋਂ ਆਇਆ ਸੀ, ਪਰ ਜਦੋਂ ਟਾਕਰਾ ਉੱਭਰ ਆਇਆ ਤਾਂ ਉਹ ਆਪਣੇ ਪੁਰਾਣੇ ਜਾਮੇ 'ਚ ਜਾ ਕੇ ਬਰੈਮਰ ਦਾ ਮੁੱਖ ਸੁਰੱਖਿਆ ਸਲਾਹਕਾਰ ਬਣ ਗਿਆ। ਓੜਕ ਸਟੀਲ ਨੇ ਇਰਾਕ ਨੂੰ ਉਸ ਪਾਸੇ ਧੱਕ ਦਿੱਤਾ ਜਿਸ ਨੂੰ ਪੈਂਟਾਗਾਨ ਦੇ ਗੁਪਤ ਸੂਤਰ "ਸਲਵਾਡੋਰ ਵਾਲੀ ਚੋਣ" ਦਾ ਭਿਆਨਕ ਨਾਂ ਦਿੰਦੇ ਸਨ।[15]

ਹਿਊਮਨ ਰਾਈਟਸ ਵਾਚ ਸੰਸਥਾ ਦੇ ਸੀਨੀਅਰ ਖੋਜੀ ਜੌਹਨ ਸਿਫਟਨ ਨੇ ਮੈਨੂੰ ਦੱਸਿਆ ਕਿ ਇਰਾਕ ਵਿਚ ਕੈਦੀਆਂ 'ਤੇ ਜ਼ੁਲਮ ਆਮ ਨਮੂਨੇ ਵਾਲੇ ਨਹੀਂ ਸਨ। ਜੰਗੀ ਖੇਤਰਾਂ ਵਿਚ ਅਕਸਰ ਹੀ ਮੁੱਢਲੇ ਪੜਾਅ 'ਚ, ਉਹ ਸਮਾਂ ਹੁੰਦਾ ਹੈ ਜਿਸ ਨੂੰ ਜੰਗੀ ਧੁੰਦੂਕਾਰ ਕਿਹਾ ਜਾਂਦਾ ਹੈ। ਇਸ ਸਮੇਂ ਮੈਦਾਨੇ-ਜੰਗ 'ਚ ਆਪਾਧਾਪੀ ਮਚੀ ਹੁੰਦੀ ਹੈ ਅਤੇ ਕੋਈ ਵੀ ਅਸੂਲਾਂ ਦੀ ਪ੍ਰਵਾਹ ਨਹੀਂ ਕਰਦਾ। ਸਿਫਟਨ ਦਾ ਕਹਿਣਾ ਸੀ, ਅਫ਼ਗ਼ਾਨਿਸਤਾਨ 'ਚ ਇਹੀ ਕੁਝ ਵਾਪਰਿਆ ਸੀ, "ਪਰ ਇਰਾਕ ਦਾ ਮਾਮਲਾ ਵੱਖਰਾ ਸੀ—ਵਰਤਾਰੇ ਦੀ ਸ਼ੁਰੂਆਤ ਪੇਸ਼ੇਵਰ ਰੂਪ 'ਚ ਹੋਈ ਅਤੇ ਫੇਰ ਹਾਲਤ ਬਿਹਤਰ ਹੋਣ ਦੀ ਥਾਂ ਹੋਰ ਭੈੜੀ ਹੋ ਗਈ।" ਉਸ ਮੁਤਾਬਿਕ ਇਹ ਮੋੜਾ ਅਗਸਤ 2003 ਦੇ ਅਖ਼ੀਰ 'ਚ ਆਉਂਦਾ ਹੈ—ਬਗ਼ਦਾਦ ਦੀ ਹਾਰ ਤੋਂ ਚਾਰ ਮਹੀਨੇ ਬਾਅਦ। ਉਹ ਕਹਿੰਦਾ ਹੈ, ਇਸ ਪੜਾਅ 'ਤੇ ਆ ਕੇ ਵਿਆਪਕ ਜ਼ੁਲਮਾਂ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ।

ਇਸ ਸਮਾਂ-ਸੀਮਾ ਅਨੁਸਾਰ, ਤਸੀਹਾ ਕੇਂਦਰ ਦਾ ਸਦਮਾ ਬਰੈਮਰ ਦੇ ਸਭ ਤੋਂ ਵਿਵਾਦਪੂਰਨ ਆਰਥਕ ਸਦਮਿਆਂ ਤੋਂ ਤੁਰੰਤ ਬਾਅਦ ਉੱਭਰ ਕੇ ਸਾਹਮਣੇ ਆਇਆ। ਅਗਸਤ ਮਹੀਨੇ ਦੇ ਅਖ਼ੀਰਲੇ ਦਿਨ ਗਰਮੀ ਦੀ ਲੰਮੀ ਰੁੱਤੇ ਬਰੈਮਰ ਵਲੋਂ ਕਾਨੂੰਨ ਬਣਾਉਣ ਅਤੇ ਚੋਣਾਂ ਰੱਦ ਕਰਨ ਦਾ ਅੰਤ ਸਨ। ਜਦੋਂ ਇਨ੍ਹਾਂ ਕਾਰਵਾਈਆਂ ਨਾਲ ਟਾਕਰੇ 'ਚ ਭਰਤੀ 'ਚ ਹੋਣ ਵਾਲਿਆਂ ਦੀ ਗਿਣਤੀ ਹੋਰ ਵਧ ਗਈ ਤਾਂ ਅਮਰੀਕੀ ਫ਼ੌਜੀ ਘਰਾਂ ਦੇ ਦਰਵਾਜ਼ੇ ਤੋੜਨ ਲਈ ਭੇਜ ਦਿੱਤੇ ਗਏ। ਨਾਲ ਹੀ ਉਨ੍ਹਾਂ ਨੂੰ ਉਨ੍ਹਾਂ ਇਰਾਕੀ ਲੋਕਾਂ ਦਾ ਆਕੀਪੁਣਾ ਕੱਢਣ ਦੀ ਮੁਹਿੰਮ 'ਤੇ ਭੇਜਿਆ ਗਿਆ ਸੀ ਜਿਹੜੇ ਵੀ ਕੋਈ ਉਸ ਸਮੇਂ ਭਰਤੀ ਹੋ ਕੇ ਲੜਾਈ ਲੜਨ ਦੀ ਉਮਰ ਦੇ ਸਨ।

ਇਸ ਤਬਦੀਲੀ ਦੇ ਸਮੇਂ ਦੀ ਪੈੜ ਉਨ੍ਹਾਂ ਸਰਕਾਰੀ ਦਸਤਾਵੇਜ਼ਾਂ ਤੋਂ ਸਪਸ਼ਟ ਨੱਪੀ ਜਾ ਸਕਦੀ ਹੈ ਜੋ ਅਬੂ ਗ਼ਰੇਬ ਕਾਂਡ ਤੋਂ ਬਾਅਦ ਸਾਹਮਣੇ ਆਏ। ਇਹ ਪੈੜ 14 ਅਗਸਤ 2003 ਤੋਂ ਸ਼ੁਰੂ ਹੁੰਦੀ ਹੈ ਜਦੋਂ ਇਰਾਕ ਦੇ ਚੋਟੀ ਦੇ ਫ਼ੌਜੀ ਸਦਰ ਮੁਕਾਮ ਉੱਪਰ ਤਾਇਨਾਤ ਖ਼ੁਫ਼ੀਆ ਅਧਿਕਾਰੀ ਕਪਤਾਨ ਵਿਲੀਅਮ ਪੌਂਸ ਪੂਰੇ ਦੇਸ਼ ਵਿਚ ਆਪਣੇ ਸਾਥੀ ਅਧਿਕਾਰੀਆਂ ਨੂੰ ਇਕ ਈ-ਮੇਲ ਭੇਜਦਾ ਹੈ "ਸੱਜਣੋਂ ਇਨ੍ਹਾਂ ਕੈਦੀਆਂ ਪ੍ਰਤੀ ਬੇਰਹਿਮੀ ਦੀ ਸ਼ੁਰੂਆਤ ਹੋਣ ਜਾ ਰਹੀ ਹੈ..... [ਇਕ ਕਰਨਲ ਨੇ] ਸਪਸ਼ਟ ਕਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਬੰਦਿਆਂ ਦਾ ਮਨੋ-ਬਲ ਤੋੜਨਾ ਹੈ। ਮੌਤਾਂ ਦੀ ਗਿਣਤੀ ਵਧ ਰਹੀ ਹੈ ਅਤੇ ਸਾਡੇ ਲਈ ਆਪਣੇ ਸਾਥੀ ਫ਼ੌਜੀਆਂ ਨੂੰ ਹੋਰ ਹਮਲਿਆਂ ਤੋਂ

ਬਚਾਉਣ ਲਈ ਜਾਣਕਾਰੀ ਉਗਲਾਉਣਾ ਜ਼ਰੂਰੀ ਹੋ ਗਿਆ ਹੈ।" ਪੌਂਸ ਨੇ ਸਾਥੀ ਅਧਿਕਾਰੀਆਂ ਨੂੰ ਐਸੀਆਂ ਤਸੀਹਾ ਤਕਨੀਕਾਂ ਤਫ਼ਤੀਸ਼ੀ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਲਈ ਕਿਹਾ ਜਿਨ੍ਹਾਂ ਨੂੰ ਉਹ ਕੈਦੀਆਂ 'ਤੇ ਅਜ਼ਮਾ ਸਕਣ—ਇਸ ਨੂੰ ਉਸ ਨੇ "ਇੱਛਕ ਢੰਗਾਂ ਦੀ ਸੂਚੀ" ਦਾ ਨਾਂ ਦਿੱਤਾ। ਸੁਝਾਅ ਐਨੀ ਵੱਡੀ ਗਿਣਤੀ 'ਚ ਆਏ ਕਿ ਉਸ ਦੇ ਈ-ਮੇਲ ਬਕਸੇ 'ਚ ਸੁਝਾਵਾਂ ਦਾ ਤਾਂਤਾ ਲੱਗ ਗਿਆ, ਜਿਨ੍ਹਾਂ 'ਚ "ਘੱਟ ਵੋਲਟੇਜ਼ ਵਾਲਾ ਕਰੰਟ ਲਾਉਣਾ" ਵੀ ਸ਼ਾਮਲ ਸੀ।[16]

ਦੋ ਹਫਤੇ ਬਾਅਦ, 31 ਅਗਸਤ ਨੂੰ ਗੁਆਂਟਾਨਾਮੋ ਜੇਲ੍ਹ ਦੇ ਵਾਰਡਨ, ਮੇਜਰ ਜਨਰਲ ਜਿਊਫਰੇ ਮਿਲਰ ਨੂੰ ਅਬੂ ਗ਼ਰੇਬ ਜੇਲ੍ਹ 'ਚ ਜਾਨਲੇਵਾ ਤਸੀਹੇ ਅਜ਼ਮਾਉਣ ਦੀ ਮੁਹਿੰਮ 'ਤੇ ਇਰਾਕ ਲਿਆਂਦਾ ਗਿਆ।[17] ਇਸ ਤੋਂ ਦੋ ਹਫ਼ਤੇ ਬਾਅਦ, 14 ਸਤੰਬਰ ਨੂੰ ਇਰਾਕ 'ਚ ਪ੍ਰਮੁੱਖ ਕਮਾਂਡਰ ਲੈਫਟੀਨੈਂਟ ਜਨਰਲ ਰਿਕਾਰਡੋ ਸਾਂਚੇਜ਼ ਨੇ ਗੁਆਂਟਾਨਾਮੋ ਨਮੂਨੇ 'ਤੇ ਤਸੀਹੇ ਦੇਣ ਦੇ ਬਹੁਤ ਸਾਰੇ ਨਵੇਂ ਢੰਗ ਵਰਤਣ ਦੀ ਇਜਾਜ਼ਤ ਦੇ ਦਿੱਤੀ, ਇਨ੍ਹਾਂ ਵਿਚ ਜਾਣ-ਬੁੱਝ ਕੇ ਜ਼ਲੀਲ ਕਰਨਾ (ਇਸ ਨੂੰ "ਆਕੜ ਭੰਨਣਾ" ਕਿਹਾ ਗਿਆ), "ਅਰਬੀ ਲੋਕਾਂ ਦੇ ਕੁੱਤਿਆਂ ਤੋਂ ਡਰਨ ਦਾ ਫ਼ਾਇਦਾ ਉਠਾਉਣਾ", ਜਾਣਕਾਰੀ ਤੋਂ ਪੂਰੀ ਤਰ੍ਹਾਂ ਵਾਂਝੀ ਹਾਲਤ (ਇਸ ਨੂੰ "ਰੈਂਸ਼ਨੀ ਕੰਟਰੋਲ" ਕਿਹਾ ਗਿਆ) 'ਚ ਰੱਖਣਾ, ਗਿਆਨ ਇੰਦਰੀਆਂ 'ਤੇ ਹੱਦੋਂ ਵੱਧ ਬੋਝ ਪਾਉਣਾ (ਚੀਕ-ਚਿਹਾੜਾ, ਕੰਨ-ਪਾੜਵਾਂ ਸੰਗੀਤ) ਅਤੇ "ਭਾਰੀ ਦਬਾਅ ਵਾਲੀ ਹਾਲਤ 'ਚ ਰੱਖਣਾ" ਸ਼ਾਮਲ ਸੀ। ਅਕਤੂਬਰ ਦੇ ਸ਼ੁਰੂ 'ਚ, ਸਾਂਚੇਜ਼ ਦੀ ਬਣਾਈ ਤਸੀਹਾ ਸੂਚੀ ਭੇਜੇ ਜਾਣ ਤੋਂ ਤੁਰੰਤ ਬਾਅਦ ਅਬੂ ਗ਼ਰੇਬ ਜੇਲ੍ਹ ਨਾਲ ਸਬੰਧਤ ਘ੍ਰਿਣਤ ਤਸਵੀਰਾਂ ਵਾਲਾ ਕਾਂਡ ਵਾਪਰ ਗਿਆ।[18]

ਬੁਸ਼ ਜੁੰਡਲੀ ਜਨਤਕ ਸਦਮੇ ਅਤੇ ਖੌਫ਼ ਜਾਂ ਆਰਥਕ ਸਦਮਾ ਇਲਾਜ ਰਾਹੀਂ ਇਰਾਕੀਆਂ ਨੂੰ ਝੁਕਾਉਣ 'ਚ ਅਸਫ਼ਲ ਰਹੀ ਸੀ। ਹੁਣ ਕੁਬਾਰਕ ਤਸੀਹਾ ਨੇਮਾਵਲੀ ਦਾ ਕੈਦੀ ਨੂੰ ਮੰਦ-ਬੁੱਧੀ ਬਣਾਉਣ ਦਾ ਗੁਰ ਵਰਤ ਕੇ, ਸਦਮਾ ਦਾਅਪੇਚਾਂ ਨੂੰ ਵੱਧ ਵਿਅਕਤੀ ਕੇਂਦਰਤ ਬਣਾ ਦਿੱਤਾ ਗਿਆ।

ਹੁਣ ਸਭ ਤੋਂ ਅਹਿਮ ਕੈਦੀਆਂ ਨੂੰ ਬਗ਼ਦਾਦ ਦੇ ਕੌਮਾਂਤਰੀ ਹਵਾਈ ਅੱਡੇ ਨੇੜੇ ਬਣਾਏ ਗੁਪਤ ਟਿਕਾਣੇ 'ਚ ਲਿਜਾਇਆ ਜਾਂਦਾ, ਜਿਸ ਨੂੰ ਫ਼ੌਜੀ ਟਾਸਕ ਫੋਰਸ ਅਤੇ ਸੀ ਆਈ ਏ ਚਲਾਉਂਦੀ ਸੀ। ਇੱਥੇ ਸਿਰਫ਼ ਵਿਸ਼ੇਸ਼ ਸ਼ਨਾਖ਼ਤੀ ਕਾਰਡ ਵਾਲਾ ਵਿਅਕਤੀ ਹੀ ਜਾ ਸਕਦਾ ਸੀ ਅਤੇ ਇਸ ਨੂੰ ਰੈੱਡ-ਕਰਾਸ ਤੋਂ ਗੁਪਤ ਰੱਖਿਆ ਗਿਆ ਸੀ। ਇਹ ਅੱਡਾ ਐਨਾ ਗੁਪਤ ਸੀ ਕਿ ਇੱਥੇ ਆਹਲਾ-ਮਿਆਰੀ ਫ਼ੌਜੀ ਅਧਿਕਾਰੀਆਂ ਨੂੰ ਵੀ ਦਾਖ਼ਲ ਹੋਣ ਦੀ ਮਨਾਹੀ ਸੀ। ਇਸ ਬਾਰੇ ਰਹੱਸ ਬਣਾਈ ਰੱਖਣ ਲਈ ਇਸ ਦੇ ਨਾਂ ਵਾਰ ਵਾਰ ਬਦਲੇ ਗਏ—ਟਾਸਕ ਫੋਰਸ 20 ਤੋਂ 121, ਫੇਰ 6-26, ਫੇਰ ਟਾਸਕ ਫੋਰਸ 145।[19]

ਕੈਦੀਆਂ ਨੂੰ ਛੋਟੀ ਜਿਹੀ ਆਮ ਇਮਾਰਤ ਵਿਚ ਰੱਖਿਆ ਜਾਂਦਾ ਸੀ। ਇਹ ਕੁਬਾਰਕ ਨੇਮਾਵਲੀ 'ਚ ਵਰਨਣ ਕੀਤੇ ਹਾਲਾਤ ਅਨੁਸਾਰ ਬਣਾਈ ਗਈ ਸੀ, ਜਿਸ ਵਿਚ ਜਾਣਕਾਰੀ ਤੋਂ ਪੂਰੀ ਤਰ੍ਹਾਂ ਵਾਂਝੇ ਰੱਖਣ ਦੀ ਹਾਲਤ ਵੀ ਸ਼ਾਮਲ ਸੀ। ਇਮਾਰਤ ਨੂੰ ਪੰਜ ਹਿੱਸਿਆਂ 'ਚ ਵੰਡਿਆ ਹੋਇਆ ਸੀ : ਸਰੀਰਕ ਮੁਆਇਨਾ ਕਮਰਾ, "ਆਨੰਦਮਈ ਬੈਠਕ" ਜੋ ਰਿਹਾਇਸ਼ੀ ਕਮਰੇ ਵਾਂਗ ਸੀ (ਸਹਿਯੋਗ ਦੇਣ ਵਾਲੇ ਕੈਦੀਆਂ ਖ਼ਾਤਰ), ਲਾਲ ਕੋਠੜੀ, ਨੀਲੀ ਕੋਠੜੀ ਅਤੇ ਵੱਧ ਭਿਆਨਕ ਹਨੇਰ ਕੋਠੜੀ—ਇਹ ਨਿੱਕੀ ਜਹੀ ਕੋਠੜੀ ਸੀ ਜਿਸ ਵਿਚ ਹਰ ਥਾਂ ਕਾਲਾ ਰੰਗ ਕੀਤਾ ਹੋਇਆ ਸੀ ਅਤੇ ਇਸ ਅੰਦਰ ਚਾਰ-ਚੁਫੇਰੇ ਸਪੀਕਰ ਫਿੱਟ ਕੀਤੇ ਹੋਏ ਸਨ।

ਇਸ ਗੁਪਤ ਅੱਡੇ ਦਾ ਭੇਤ ਓਦੋਂ ਨਸ਼ਰ ਹੋਇਆ ਜਦੋਂ ਇੱਥੇ ਕੰਮ ਕਰਦੇ ਇਕ ਸਾਰਜੰਟ ਨੇ

ਨਕਲੀ ਨਾਂ ਜੈੱਫ ਪੈਰੀ ਹੇਠ *ਹਿਊਮਨ ਰਾਈਟਸ ਵਾਚ* ਤੱਕ ਪਹੁੰਚ ਕਰਕੇ ਇਸ ਅਜੀਬ ਥਾਂ ਬਾਰੇ ਜਾਣਕਾਰੀ ਦਿੱਤੀ। ਅਬੂ ਗ਼ਰੇਬ ਦੇ ਪਾਗਲਖ਼ਾਨੇ ਦੇ ਮੁਕਾਬਲੇ, ਜਿਸ ਨੂੰ ਅਣਸਿੱਖਿਅਕ ਗਾਰਦ ਨੇ ਜ਼ਿਆਦਾਤਰ ਆਪਣੇ ਅਨੁਸਾਰ ਹੀ ਚਲਾਇਆ ਸੀ, ਸੀ ਆਈ ਏ ਦਾ ਇਹ ਗੁਪਤ ਅੱਡਾ ਉਚੇਚਾ ਖੌਫ਼ਨਾਕ ਅਤੇ ਹਰ ਤਰ੍ਹਾਂ ਦੇ ਤਸੀਹਿਆਂ ਦੀ ਸਹੂਲਤ ਵਾਲਾ ਬਣਾਇਆ ਗਿਆ ਸੀ। ਪੈਰੀ ਅਨੁਸਾਰ, ਜਦੋਂ ਤਫ਼ਤੀਸ਼ੀ ਅਧਿਕਾਰੀ ਕੈਦੀਆਂ ਨੂੰ ਹਨੇਰ ਕੋਠੜੀ 'ਚ ਲਿਜਾਕੇ ਉਨ੍ਹਾਂ ਉੱਪਰ "ਸਖ਼ਤ ਦਾਅਪੇਚ" ਅਜ਼ਮਾਉਣਾ ਚਾਹੁੰਦੇ ਤਾਂ ਉਹ ਕੰਪਿਊਟਰ ਕੇਂਦਰ 'ਚ ਜਾ ਕੇ ਇਕ ਫਾਰਮ ਦਾ ਪ੍ਰਿੰਟ ਕੱਢ ਲਿਆਉਂਦੇ ਸਨ ਜੋ ਇਕ ਤਰ੍ਹਾਂ ਤਸੀਹਿਆਂ ਦੀ ਸੂਚੀ ਸੀ। ਪੈਰੀ ਚੇਤੇ ਕਰਦਾ ਹੈ, "ਸਭ ਕੁਝ ਤੁਹਾਨੂੰ ਪਹਿਲਾਂ ਹੀ ਟਾਈਪ ਕੀਤਾ-ਕਰਾਇਆ ਮਿਲ ਜਾਂਦਾ ਸੀ, ਮਾਹੌਲ ਨੂੰ ਗਰਮ ਅਤੇ ਠੰਢਾ ਰੱਖਣ ਦੇ ਕੰਟਰੋਲ, ਜਗਦੀਆਂ-ਬੁਝਦੀਆਂ ਤਿੱਖੀਆਂ ਰੌਸ਼ਨੀਆਂ, ਸੰਗੀਤ, ਭੌਂਕਦੇ ਕੁੱਤਿਆਂ ਦੀ ਆਵਾਜ਼..... ਤੁਸੀਂ ਬਸ ਸੂਚੀ 'ਤੇ ਨਿਸ਼ਾਨ ਲਾਉਣੇ ਹੁੰਦੇ ਸਨ ਕਿ ਕਿਨ੍ਹਾਂ ਚੀਜ਼ਾਂ ਦੀ ਵਰਤੋਂ ਕਰਨੀ ਹੈ। ਜਦੋਂ ਤਫ਼ਤੀਸ਼ੀ ਅਧਿਕਾਰੀ ਫਾਰਮ ਭਰ ਲੈਂਦੇ ਤਾਂ ਪ੍ਰਵਾਨਗੀ ਲਈ ਸਭ ਤੋਂ ਵੱਡੇ ਅਫ਼ਸਰ ਕੋਲ ਲੈ ਜਾਂਦੇ।" ਪੈਰੀ ਨੇ ਦੱਸਿਆ, "ਮੈਂ ਕਦੇ ਵੀ ਐਸੀ ਸ਼ੀਟ ਨਹੀਂ ਦੇਖੀ ਜਿਸ 'ਤੇ ਦਸਤਖ਼ਤ ਕਰਕੇ ਮਨਜ਼ੂਰੀ ਨਾ ਦਿੱਤੀ ਗਈ ਹੋਵੇ।"

ਉਹ ਅਤੇ ਉਸ ਦੇ ਨਾਲ ਦੇ ਹੋਰ ਤਫ਼ਤੀਸ਼ੀ ਅਧਿਕਾਰੀਆਂ ਨੂੰ ਚਿੰਤਾ ਸੀ ਕਿ ਇਹ ਤਕਨੀਕਾਂ ਜਨੇਵਾ ਕਨਵੈਨਸ਼ਨ ਵਲੋਂ "ਜ਼ਲੀਲ ਕਰਨ ਅਤੇ ਨੀਂਵਾਂ ਦਿਖਾਉਣ ਵਾਲਾ ਵਰਤਾਅ ਕਰਨ" ਉੱਤੇ ਲਾਈ ਪਾਬੰਦੀ ਦੀ ਉਲੰਘਣਾ ਬਣਦੀਆਂ ਸਨ। ਜੇ ਕਿਤੇ ਉਨ੍ਹਾਂ ਦੀ ਕਰਤੂਤ ਜੱਗ ਜ਼ਾਹਰ ਹੋ ਗਈ ਤਾਂ ਮੁਕੱਦਮੇ ਭੁਗਤਣੇ ਪੈਣਗੇ। ਇਸ ਤੋਂ ਫ਼ਿਕਰਮੰਦ ਹੋ ਕੇ ਪੈਰੀ ਅਤੇ ਤਿੰਨ ਜਣੇ ਹੋਰ ਕਰਨਲ ਦੇ ਜਾ ਪੇਸ਼ ਹੋਏ ਅਤੇ "ਉਸ ਨੂੰ ਦੱਸਿਆ ਕਿ ਅਸੀਂ ਇਸ ਤਰ੍ਹਾਂ ਦੇ ਜ਼ੁਲਮਾਂ ਤੋਂ ਤੰਗ ਹਾਂ।" ਗੁਪਤ ਜੇਲ੍ਹ ਦੇ ਪ੍ਰਬੰਧ 'ਚ ਐਨੀ ਕਾਰਜਕੁਸ਼ਲਤਾ ਸੀ ਕਿ ਦੋ ਘੰਟਿਆਂ ਵਿਚ ਹੀ ਫ਼ੌਜੀ ਵਕੀਲਾਂ ਦੀ ਇਕ ਟੀਮ ਪਾਵਰ-ਪੁਆਇੰਟ 'ਚ ਤਿਆਰ ਕੀਤੀ ਪੇਸ਼ਕਾਰੀ ਲੈ ਕੇ ਇਹ ਦੱਸਣ ਲਈ ਇੱਥੇ ਆ ਪਹੁੰਚੀ ਕਿ ਕਿਉਂ ਇਹ ਕੈਦੀ ਜਨੇਵਾ ਕਨਵੈਨਸ਼ਨ ਦੀਆਂ ਸੁਰੱਖਿਆ ਮੱਦਾਂ ਦੀ ਜ਼ੱਦ 'ਚ ਨਹੀਂ ਆਉਂਦੇ ਅਤੇ ਜਾਣਕਾਰੀ ਤੋਂ ਪੂਰੀ ਤਰ੍ਹਾਂ ਵਾਂਝੀ ਹਾਲਤ ਤਸੀਹਾ ਨਹੀਂ ਬਣਦੀ—ਹਾਲਾਂਕਿ ਸੀ ਆਈ ਏ ਦੀ ਖੋਜ ਇਸ ਦੇ ਉਲਟ ਸੀ। ਪ੍ਰਤੀਕਰਮ ਦੀ ਫੁਰਤੀ ਬਾਰੇ ਪੈਰੀ ਨੇ ਦੱਸਿਆ, "ਹਾਂ ਇਹ ਬਹੁਤ ਤੇਜ਼ੀ ਨਾਲ ਹੋਇਆ। ਇੰਝ ਜਾਪਦਾ ਸੀ ਜਿਵੇਂ ਉਹ ਤਿਆਰ ਹੀ ਬੈਠੇ ਸਨ। ਮੇਰਾ ਭਾਵ ਹੈ ਉਨ੍ਹਾਂ ਨੇ ਦੋ ਘੰਟੇ ਦਾ ਸਲਾਈਡ ਸ਼ੋਅ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ।"

ਪੂਰੇ ਇਰਾਕ ਵਿਚ ਹੋਰ ਥਾਵਾਂ 'ਤੇ ਵੀ ਅਜਿਹੇ ਗੁਪਤ ਅੱਡੇ ਸਨ ਜਿੱਥੇ ਕੈਦੀਆਂ ਨੂੰ ਇਸ ਤਰ੍ਹਾਂ, ਕੁਬਾਰਕ ਤਰਜ਼ ਦੀ ਜਾਣਕਾਰੀ ਤੋਂ ਵਾਂਝੀ ਹਾਲਤ 'ਚ ਰੱਖਣ ਦੇ ਦਾਅਪੇਚਾਂ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਕੁਝ ਤਾਂ ਬਹੁਤ ਸਾਲ ਪਹਿਲਾਂ ਕੀਤੇ ਗਏ ਮੈਕਗਿਲ ਤਜਰਬਿਆਂ ਨਾਲ ਹੋਰ ਵੀ ਵੱਧ ਮਿਲਦੇ-ਜੁਲਦੇ ਸਨ। ਇਕ ਹੋਰ ਸਾਰਜੰਟ ਨੇ ਅਲ .ਕਾਇਮ ਨੇੜਲੇ ਟਾਈਗਰ ਨਾਂ ਦੇ ਫ਼ੌਜੀ ਅੱਡੇ ਦੀ ਜੇਲ੍ਹ ਬਾਰੇ ਦੱਸਿਆ, ਜੋ ਸੀਰੀਆ ਦੀ ਸਰਹੱਦ ਦੇ ਨੇੜੇ ਸੀ, ਇੱਥੇ ਵੀਹ ਤੋਂ ਲੈ ਕੇ ਚਾਲੀ ਕੈਦੀ ਰੱਖੇ ਜਾਂਦੇ ਸਨ। ਇਨ੍ਹਾਂ ਦੀਆਂ ਅੱਖਾਂ ਬੰਨ੍ਹ ਕੇ, ਬੇੜੀਆਂ 'ਚ ਜਕੜਕੇ ਚੌਵੀ ਘੰਟੇ ਧਾਤ ਦੇ ਢੋਆ-ਢੁਆਈ ਵਾਲੇ ਵੱਡੇ ਸੰਦੂਕ 'ਚ ਤਾੜ ਕੇ ਰੱਖਿਆ ਜਾਂਦਾ ਸੀ। ਇਸ ਦਾ ਤਾਪਮਾਨ ਐਨਾ ਰੱਖਿਆ ਜਾਂਦਾ ਸੀ ਕਿ ਕੈਦੀ ਪਸੀਨੇ ਨਾਲ ਭਿੱਜੇ ਰਹਿੰਦੇ। ਸਾਰਜੰਟ ਨੇ ਦੱਸਿਆ, "ਨਾ ਇਨ੍ਹਾਂ ਨੂੰ ਸੌਣ ਦਿੱਤਾ ਜਾਂਦਾ ਸੀ, ਨਾ ਰੋਟੀ-ਪਾਣੀ ਦਿੱਤਾ ਜਾਂਦਾ ਸੀ।" ਸੰਦੂਕ ਵਿਚ ਕੈਦੀਆਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਤੋਂ ਵਾਂਝਾ ਰੱਖ ਕੇ ਪਹਿਲਾਂ ਪੋਲਾ ਪਾਇਆ ਜਾਂਦਾ, ਫੇਰ ਜਗਦੀਆਂ-

ਬੁਝਦੀਆਂ ਤੇਜ਼ ਰੌਸ਼ਨੀਆਂ ਅਤੇ ਕੰਨ ਪਾੜਵੇਂ ਸੰਗੀਤ ਨਾਲ ਉਨ੍ਹਾਂ ਨੂੰ ਪਾਗਲ ਕੀਤਾ ਜਾਂਦਾ।[20]

ਇਸੇ ਤਰ੍ਹਾਂ ਦੇ ਢੰਗ ਟਿਕਰਿਤ ਨਜ਼ਦੀਕ ਵਿਸ਼ੇਸ਼ ਫ਼ੌਜੀ ਕਾਰਵਾਈਆਂ ਦੇ ਅੱਡੇ 'ਚ ਵਰਤੇ ਜਾਂਦੇ ਸਨ। ਇੱਥੇ ਵੱਖਰੀ ਚੀਜ਼ ਇਹ ਸੀ ਕਿ ਕੈਦੀਆਂ ਨੂੰ ਹੋਰ ਵੀ ਛੋਟੇ ਸੰਦੂਕਾਂ 'ਚ ਤਾੜਿਆ ਜਾਂਦਾ ਸੀ। ਇਹ ਸੰਦੂਕ ਚਾਰ ਫੁੱਟ ਲੰਮੇ-ਚੌੜੇ ਅਤੇ ਵੀਹ ਇੰਚ ਡੂੰਘੇ ਸਨ ਜੋ ਐਨੇ ਭੀੜੇ ਸਨ ਕਿ ਬਾਲਗ ਬੰਦਾ ਨਾ ਇਸ ਵਿਚ ਖੜ੍ਹ ਸਕਦਾ ਸੀ ਨਾ ਲੰਮਾ ਪੈ ਸਕਦਾ ਸੀ। ਇਸ ਦਾ ਵਰਨਣ ਲਾਤੀਨੀ ਅਮਰੀਕਾ ਦੀ ਦੱਖਣੀ ਤਿਕੋਨ ਦੇ ਦੇਸ਼ਾਂ 'ਚ ਦਿੱਤੇ ਜਾਂਦੇ ਤਸੀਹਿਆਂ ਨਾਲ ਬਹੁਤ ਮਿਲਦਾ-ਜੁਲਦਾ ਹੈ। ਕੈਦੀਆਂ ਨੂੰ ਇੱਥੇ ਪੂਰਾ ਹਫ਼ਤਾ ਬਹੁਤ ਜ਼ਿਆਦਾ ਅਲੱਗ-ਥਲੱਗ ਹਾਲਤ 'ਚ ਰੱਖਿਆ ਜਾਂਦਾ। ਇਕ ਕੈਦੀ ਨੇ ਤਾਂ ਇਹ ਵੀ ਦੱਸਿਆ ਕਿ ਅਮਰੀਕੀ ਫ਼ੌਜੀ ਉਸ ਦੇ ਵਾਰ-ਵਾਰ ਕਰੰਟ ਲਾਉਂਦੇ ਰਹੇ, ਪਰ ਫ਼ੌਜੀ ਇਸ ਤੋਂ ਮੁੱਕਰ ਗਏ।[21] ਹਾਲਾਂਕਿ ਇਕ ਅਹਿਮ ਅਤੇ ਘੱਟ ਚਰਚਿਤ ਸੰਸਥਾ ਵਲੋਂ ਮੁਹੱਈਆ ਕੀਤੇ ਤੱਥ ਦਰਸਾਉਂਦੇ ਹਨ ਕਿ ਅਮਰੀਕੀ ਫ਼ੌਜੀ ਇਰਾਕ ਵਿਚ ਤਸੀਹੇ ਦੇਣ ਲਈ ਬਿਜਲੀ ਦੇ ਕਰੰਟ ਦੀ ਸਚਮੁੱਚ ਵਰਤੋਂ ਕਰਦੇ ਸਨ। 14 ਮਈ 2004 ਨੂੰ, ਇਕ ਮਾਮਲੇ 'ਚ ਸਮੁੰਦਰੀ ਫ਼ੌਜ ਦੇ ਦੋ ਜਵਾਨਾਂ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਗਈ ਕਿਉਂਕਿ ਇਕ ਮਹੀਨਾ ਪਹਿਲਾਂ ਉਨ੍ਹਾਂ ਨੇ ਇਕ ਇਰਾਕੀ ਕੈਦੀ ਨੂੰ ਕਰੰਟ ਲਾਇਆ ਸੀ, ਇਹ ਮਾਮਲਾ ਦਬਾ ਦਿੱਤਾ ਗਿਆ। ਅਮਰੀਕੀ ਸ਼ਹਿਰੀ ਹੱਕਾਂ ਦੀ ਜਥੇਬੰਦੀ ਵਲੋਂ ਹਾਸਲ ਕੀਤੇ ਸਰਕਾਰੀ ਦਸਤਾਵੇਜ਼ਾਂ ਅਨੁਸਾਰ, ਇਕ ਫ਼ੌਜੀ ਨੇ "ਇਕ ਕੈਦੀ ਨੂੰ ਬਿਜਲੀ ਦੇ ਟਰਾਂਸਫਾਰਮਰ ਨਾਲ ਕਰੰਟ ਲਾਇਆ.... ਉਸ ਨੇ ਕੈਦੀ ਦੇ ਮੋਢੇ ਉੱਪਰ ਓਦੋਂ ਤੱਕ ਤਾਰਾਂ ਲਗਾਈ ਰੱਖੀਆਂ" ਜਦੋਂ ਤੱਕ "ਕੈਦੀ ਸਦਮੇ ਲੱਗਣ ਨਾਲ 'ਨੱਚਣ ਨਹੀਂ ਲੱਗਿਆ।' "[22]

ਜਦੋਂ ਅਬੂ ਗ਼ਰੇਬ ਦੀਆਂ ਬਦਨਾਮ ਤਸਵੀਰਾਂ ਛਪ ਗਈਆਂ, ਜਿਨ੍ਹਾਂ ਵਿਚੋਂ ਇਕ ਵਿਚ ਇਕ ਕੈਦੀ ਦਾ ਸਿਰ-ਮੂੰਹ ਬੁਰਕੇ ਨਾਲ ਢਕਿਆ ਹੋਇਆ ਸੀ ਤੇ ਉਹ ਬਕਸੇ ਉੱਪਰ ਖੜ੍ਹਾ ਸੀ ਅਤੇ ਬਿਜਲੀ ਦੀਆਂ ਤਾਰਾਂ ਉਸ ਦੀਆਂ ਬਾਹਵਾਂ ਨਾਲ ਜੋੜੀਆਂ ਹੋਈਆਂ ਸਨ, ਤਾਂ ਫ਼ੌਜ ਲਈ ਅਜੀਬ ਬਿਪਤਾ ਖੜ੍ਹੀ ਹੋ ਗਈ ਸੀ। ਫ਼ੌਜ ਦੀ ਜੁਰਮਾਂ ਦੀ ਪੜਤਾਲ ਬਾਰੇ ਕਮਾਨ, ਜਿਸ ਏਜੰਸੀ ਨੂੰ ਕੈਦੀਆਂ 'ਤੇ ਜ਼ੁਲਮਾਂ ਦੀ ਪੜਤਾਲ ਦਾ ਕੰਮ ਸੌਂਪਿਆ ਗਿਆ ਸੀ, ਦੇ ਬੁਲਾਰੇ ਨੇ ਦੱਸਿਆ, "ਸਾਡੇ ਕੋਲ ਕਈ ਕੈਦੀ ਐਸੇ ਆਏ ਜਿਹੜੇ ਦਾਅਵਾ ਕਰਦੇ ਸਨ ਕਿ ਸਬੰਧਤ ਤਸਵੀਰ ਵਿਚ ਦਿਖਾਇਆ ਬੰਦਾ ਉਹ ਖ਼ੁਦ ਹਨ।" ਇਨ੍ਹਾਂ ਵਿਚੋਂ ਇਕ ਕੈਦੀ ਹਜ ਅਲੀ ਸੀ, ਜੋ ਜ਼ਿਲ੍ਹਾ ਮੇਅਰ ਰਹਿ ਚੁੱਕਾ ਸੀ। ਅਲੀ ਨੇ ਦੱਸਿਆ ਕਿ ਉਸ ਦਾ ਸਿਰ-ਮੂੰਹ ਢੱਕ ਕੇ, ਬਕਸੇ ਉੱਪਰ ਖੜ੍ਹਾ ਕਰ ਲਿਆ ਗਿਆ ਅਤੇ ਉਸ ਦੇ ਸਰੀਰ ਦੇ ਅੰਗਾਂ ਨਾਲ ਬਿਜਲੀ ਦੀਆਂ ਤਾਰਾਂ ਜੋੜੀਆਂ ਗਈਆਂ ਸਨ। ਪਰ, ਅਬੂ ਗ਼ਰੇਬ ਦੇ ਫ਼ੌਜੀਆਂ ਨੇ ਸਪਸ਼ਟੀਕਰਨ ਦਿੱਤਾ ਕਿ ਤਾਰਾਂ ਵਿਚ ਕਰੰਟ ਨਹੀਂ ਸੀ। ਇਸ ਨੂੰ ਰੱਦ ਕਰਦਿਆਂ ਅਲੀ ਨੇ ਪੀ ਬੀ ਐੱਸ ਨੂੰ ਦੱਸਿਆ, "ਜਦੋਂ ਉਨ੍ਹਾਂ ਨੇ ਮੈਨੂੰ ਕਰੰਟ ਲਾਇਆ, ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੇਰੇ ਡੇਲੇ ਅੱਖਾਂ ਵਿਚੋਂ ਬਾਹਰ ਨਿਕਲਦੇ ਜਾ ਰਹੇ ਹਨ।"[23]

ਨਾਲ ਦੇ ਹਜ਼ਾਰਾਂ ਕੈਦੀਆਂ ਵਾਂਗ, ਅਲੀ ਨੂੰ ਵੀ ਅਬੂ ਗ਼ਰੇਬ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਉਸ ਉੱਪਰ ਕੋਈ ਦੋਸ਼ ਨਹੀਂ ਸੀ। ਟਰੱਕ 'ਚ ਬੈਠਾਉਣ ਸਮੇਂ ਉਸ ਨੂੰ ਕਹਿ ਦਿੱਤਾ ਗਿਆ "ਤੈਨੂੰ ਗ਼ਲਤੀ ਨਾਲ ਫੜ ਲਿਆ ਗਿਆ ਸੀ।" ਰੈੱਡ ਕਰਾਸ ਦਾ ਕਹਿਣਾ ਹੈ ਕਿ ਅਮਰੀਕੀ ਫ਼ੌਜੀ ਅਧਿਕਾਰੀਆਂ ਨੇ ਮੰਨਿਆ ਹੈ ਕਿ ਇਰਾਕ ਦੇ 70 ਤੋਂ ਲੈ ਕੇ 90 ਫ਼ੀ ਸਦੀ ਕੈਦੀ "ਗ਼ਲਤ ਫੜੇ ਗਏ" ਸਨ। ਅਲੀ ਅਨੁਸਾਰ, ਇਨ੍ਹਾਂ ਮਨੁੱਖੀ ਗ਼ਲਤੀਆਂ ਦੀ ਜੜ੍ਹ ਅਮਰੀਕੀਆਂ ਵਲੋਂ ਚਲਾਇਆ ਜਾ ਰਿਹਾ ਜ਼ੁਲਮਾਂ ਦਾ ਸਿਲਸਿਲਾ ਸੀ ਜੋ ਹਮੇਸ਼ਾ ਬਦਲੇ ਦੀ ਤਾਕ 'ਚ ਰਹਿੰਦੇ

ਸਨ।"ਅਬੂ ਗ਼ਰੇਬ ਬਾਗ਼ੀਆਂ ਦੀ ਜੰਮਣ-ਭੋਂਇ ਹੈ.....।ਹਰ ਤਰ੍ਹਾਂ ਦੀ ਜ਼ਲਾਲਤ ਅਤੇ ਤਸੀਹਿਆਂ ਤੋਂ ਤੰਗ ਆ ਕੇ ਉਹ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹੋ ਜਾਂਦੇ ਸਨ। ਉਨ੍ਹਾਂ ਨੂੰ ਦੋਸ਼ ਕਿਵੇਂ ਦਿੱਤਾ ਜਾ ਸਕਦਾ ਹੈ ? "[24]

ਬਹੁਤ ਸਾਰੇ ਅਮਰੀਕੀ ਫ਼ੌਜੀ ਇਸੇ ਤਰ੍ਹਾਂ ਸਮਝਦੇ ਸਨ ਅਤੇ ਇਸ ਦੇ ਪ੍ਰਤੀਕਰਮ ਤੋਂ ਭੈਅ ਖਾਂਦੇ ਸਨ।"ਤੁਸੀਂ ਜਾਣਦੇ ਹੋ, ਜੇ ਉਹ ਚੰਗਾ ਬੰਦਾ ਹੈ, ਉਸ ਨਾਲ ਜਿਸ ਤਰ੍ਹਾਂ ਦਾ ਸਲੂਕ ਅਸੀਂ ਕੀਤਾ, ਉਹ ਹੁਣ ਵਿਗੜ ਚੁੱਕਾ ਹੈ," ਇਹ ਲਫ਼ਜ਼ 82ਵੀਂ ਏਅਰਬੌਰਨ ਬਟਾਲੀਅਨ ਦੇ ਸਾਰਜੰਟ ਦੇ ਸਨ। ਇਹ ਬਟਾਲੀਅਨ ਫਲੂਜਾ ਦੇ ਬਾਹਰਵਾਰ ਸਥਿਤ ਅਮਰੀਕੀ ਫ਼ੌਜੀ ਅੱਡੇ ਦੀ ਵਿਸ਼ੇਸ਼ ਤੌਰ 'ਤੇ ਵਹਿਸ਼ੀ ਆਰਜੀ ਜੇਲ੍ਹ 'ਚ ਤਾਇਨਾਤ ਕੀਤੀ ਹੋਈ ਸੀ, ਇਹ ਉਸ ਬਟਾਲੀਅਨ ਦਾ ਜਨਮ-ਸਥਾਨ ਸੀ ਜਿਸ ਨੂੰ "ਜਨੂੰਨੀ ਕਾਤਲ" ਹੋਣ 'ਤੇ ਮਾਣ ਸੀ।[25]

ਇਰਾਕੀਆਂ ਵਲੋਂ ਚਲਾਈਆਂ ਜਾਂਦੀਆਂ ਜੇਲ੍ਹਾਂ ਦੀ ਹਾਲਤ ਹੋਰ ਵੀ ਭੈੜੀ ਹੈ। ਸੱਤਾ 'ਤੇ ਜਕੜ ਬਣਾਈ ਰੱਖਣ ਲਈ ਸੱਦਾਮ ਨੇ ਤਸੀਹਿਆਂ ਦਾ ਬਹੁਤ ਜ਼ਿਆਦਾ ਸਹਾਰਾ ਲਿਆ ਸੀ। ਸੱਦਾਮ ਤੋਂ ਬਾਅਦ ਦੇ ਇਰਾਕ ਵਿਚ ਜੇ ਤਸੀਹੇ ਘਟ ਜਾਣ ਦੀ ਤਵੱਕੋ ਕੀਤੀ ਜਾਂਦੀ ਸੀ ਤਾਂ ਨਵੀਂ ਸਰਕਾਰ ਲਈ ਇਹ ਜ਼ਰੂਰੀ ਸੀ ਕਿ ਉਹ ਅਜਿਹੇ ਦਾਅਪੇਚਾਂ ਨੂੰ ਰੱਦ ਕਰਨ ਵੱਲ ਧਿਆਨ ਦੇਵੇ। ਇਸ ਦੀ ਬਜਾਏ, ਅਮਰੀਕਾ ਨੇ ਇਰਾਕ ਦੀ ਨਵੀਂ ਪੁਲਿਸ ਨੂੰ ਸਿਖਲਾਈ ਦੇਣ ਅਤੇ ਇਸ ਨੂੰ ਆਪਣੀ ਦੇਖ-ਰੇਖ ਹੇਠ ਚਲਾਉਣ ਸਮੇਂ ਆਪਣੀ ਮੰਤਵ ਸਿਧੀ ਲਈ ਤਸੀਹੇ ਇਸਤੇਮਾਲ ਕੀਤੇ। ਇਹ ਤਸੀਹੇ ਹੋਰ ਵੀ ਭੈੜੇ ਦਰਜੇ ਦੇ ਸਨ।

ਜਨਵਰੀ 2005 'ਚ, ਹਿਊਮਨ ਰਾਈਟਸ ਵਾਚ ਨੇ ਪਤਾ ਲਾਇਆ ਕਿ ਇਰਾਕੀਆਂ ਵਲੋਂ ਜਿਹੜੀਆਂ ਜੇਲ੍ਹਾਂ ਅਤੇ ਨਜ਼ਰਬੰਦੀ ਕੈਂਪਾਂ ਨੂੰ (ਅਮਰੀਕਾ ਦੀ ਨਿਗਰਾਨੀ ਹੇਠ) ਚਲਾਇਆ ਜਾ ਰਿਹਾ ਸੀ ਉਨ੍ਹਾਂ ਅੰਦਰ "ਗਿਣ-ਮਿਥ ਕੇ" ਤਸੀਹੇ ਦਿੱਤੇ ਜਾਂਦੇ ਸਨ, ਇਨ੍ਹਾਂ ਵਿਚ ਕਰੰਟ ਲਾਉਣਾ ਵੀ ਸ਼ਾਮਲ ਸੀ। ਪਹਿਲੀ ਰਿਸਾਲਾ ਡਿਵੀਜ਼ਨ ਦੀ ਅੰਦਰੂਨੀ ਰਿਪੋਰਟ ਕਹਿੰਦੀ ਹੈ ਕਿ ਇਰਾਕੀ ਪੁਲਿਸ ਅਤੇ ਫ਼ੌਜ "ਭੇਤ ਉਗਲਾਉਣ ਲਈ ਕਰੰਟ ਲਾਉਣ ਅਤੇ ਗਲਾ ਘੁੱਟਣ ਦੇ ਢੰਗ ਅਕਸਰ ਹੀ ਵਰਤਦੀ ਸੀ।" ਇਰਾਕੀ ਜੇਲ੍ਹ ਅਧਿਕਾਰੀ ਵੀ *ਪਿਕਾਨਾ* ਨਾਂ ਦੀ ਕਰੰਟ ਲਾਉਣ ਵਾਲੀ ਆਰ ਵਰਤਦੇ ਸਨ ਜੋ ਲਾਤੀਨੀ ਅਮਰੀਕਾ 'ਚ ਤਸੀਹਿਆਂ ਦਾ ਆਮ ਪ੍ਰਤੀਕ ਰਹੀ ਹੈ। ਦਸੰਬਰ 2006 'ਚ, *ਨਿਊ ਯਾਰਕ ਟਾਈਮਜ਼* ਨੇ ਫਰਾਜ਼ ਮਹਿਮੂਦ ਦੇ ਮਾਮਲੇ ਦੀ ਰਿਪੋਰਟ ਛਾਪੀ, ਜਿਸ ਨੇ ਦੱਸਿਆ ਕਿ "ਉਸ ਨੂੰ ਨੰਗਾ ਕਰਕੇ ਛੱਤ ਨਾਲ ਪੁੱਠਾ ਲਟਕਾਇਆ ਗਿਆ। ਉਸ ਦੇ ਗੁਪਤ ਅੰਗਾਂ ਉੱਤੇ ਆਰ ਨਾਲ ਕਰੰਟ ਲਗਾਏ ਜਾਣ ਕਾਰਨ ਤੜਫਦਾ ਉਸ ਦਾ ਸਰੀਰ ਕੰਧਾਂ 'ਚ ਇੱਧਰ-ਉੱਧਰ ਵੱਜਦਾ ਰਿਹਾ।"[26]

ਮਾਰਚ 2005 'ਚ, *ਨਿਊ ਯਾਰਕ ਟਾਈਮਜ਼ ਮੈਗਜ਼ੀਨ* ਦੇ ਪੱਤਰਕਾਰ ਪੀਤਰ ਮਾਸ ਨੂੰ ਉਸ ਵਿਸ਼ੇਸ਼ ਕਮਾਂਡੋ ਇਕਾਈ 'ਚ ਰਸ਼ੇਲ ਪੱਤਰਕਾਰੀ ਕਰਨ ਲਈ ਭੇਜਿਆ ਗਿਆ ਜਿਸ ਨੂੰ ਸਿਖਲਾਈ ਜੇਮਜ਼ ਸਟੀਲ ਨੇ ਦਿੱਤੀ ਸੀ। ਮਾਸ ਨੇ ਸਮਾਰਾ ਦੀ ਇਕ ਜਨਤਕ ਲਾਇਬ੍ਰੇਰੀ ਦਾ ਦੌਰਾ ਕੀਤਾ ਜਿਸ ਨੂੰ ਭਿਆਨਕ ਜੇਲ੍ਹ ਬਣਾਇਆ ਹੋਇਆ ਸੀ। ਇਸ ਦੇ ਅੰਦਰ ਉਸ ਨੇ ਜੋ ਕੈਦੀ ਤੱਕੇ ਉਨ੍ਹਾਂ ਦੀਆਂ ਅੱਖਾਂ ਬੰਨ੍ਹੀਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਬੇੜੀਆਂ 'ਚ ਜਕੜਿਆ ਹੋਇਆ ਸੀ। ਕੁੱਟਮਾਰ ਕਾਰਨ ਕਈਆਂ ਦੇ ਖ਼ੂਨ ਵਹਿ ਰਿਹਾ ਸੀ; ਨਾਲ ਹੀ ਇਕ ਡੈਸਕ ਦੇ "ਪਾਸੇ 'ਤੇ ਖ਼ੂਨ ਚੋਅ ਰਿਹਾ ਸੀ।" ਉਸ ਨੇ ਉਲਟੀਆਂ ਅਤੇ ਚੀਕਾਂ ਦੀਆਂ ਆਵਾਜ਼ਾਂ ਸੁਣੀਆਂ, ਜਿਨ੍ਹਾਂ ਬਾਰੇ ਉਸ ਨੇ ਦੱਸਿਆ, "ਇਹ ਕਿਸੇ ਪਾਗਲ ਦੀਆਂ, ਜਾਂ ਕਿਸੇ ਪਾਗਲ ਕੀਤੇ ਜਾ ਰਹੇ ਬੰਦੇ ਦੀਆਂ ਚੀਕਾਂ

ਵਰਗੀਆਂ ਸਨ ਜਿਨ੍ਹਾਂ ਨੂੰ ਸੁਣਕੇ ਕੰਬਣੀ ਛਿੜਦੀ ਸੀ।" ਉਸ ਨੇ "ਨਜ਼ਰਬੰਦੀ ਕੈਂਪ ਦੇ ਅੰਦਰੋਂ ਜਾਂ ਇਸ ਦੇ ਪਿੱਛਲੇ ਪਾਸਿਉਂ" ਦੋ ਗੋਲੀਆਂ ਚੱਲਣ ਦੀ ਆਵਾਜ਼ ਵੀ ਸਾਫ਼ ਸੁਣੀ ਸੀ।

ਐੱਲ ਸਲਵਾਡੋਰ 'ਚ ਮੌਤ ਵਰਤਾਉਣ ਵਾਲੇ ਗਰੋਹ ਕਤਲਾਂ ਦੇ ਖ਼ਾਸ ਢੰਗ ਵਰਤਣ ਕਾਰਨ ਬਹੁਤ ਬਦਨਾਮ ਸਨ। ਉਹ ਕਤਲ ਸਿਰਫ਼ ਸਿਆਸੀ ਵਿਰੋਧੀਆਂ ਦਾ ਯੱਭ ਨਿਬੇੜਨ ਲਈ ਹੀ ਨਹੀਂ ਸਗੋਂ ਵਿਸ਼ਾਲ ਜਨਤਾ 'ਚ ਦਹਿਸ਼ਤ ਫੈਲਾਉਣ ਲਈ ਵੀ ਕਰਦੇ ਸਨ। ਸੜਕਾਂ ਦੇ ਕੰਢਿਆਂ 'ਤੇ ਪਈਆਂ ਵੱਢੀਆਂ-ਟੁੱਕੀਆਂ ਲਾਸ਼ਾਂ ਵਿਸ਼ਾਲ ਜਨਤਾ ਲਈ ਸੁਣਾਉਣੀ ਹੁੰਦੀਆਂ ਸਨ ਕਿ ਜੇ ਕਿਸੇ ਨੇ ਲੀਹ ਤੋਂ ਹਟਵਾਂ ਤੁਰਨ ਦੀ ਕੋਸ਼ਿਸ਼ ਕੀਤੀ ਤਾਂ ਅਗਲੀ ਲਾਸ਼ ਉਸੇ ਦੀ ਹੋਵੇਗੀ। ਇਹ ਲਾਸ਼ਾਂ ਤਸੀਹਿਆਂ ਦੀ ਮੂੰਹ ਬੋਲਦੀ ਤਸਵੀਰ ਸਨ ਜਿਨ੍ਹਾਂ ਉੱਪਰ ਅਕਸਰ ਹੀ ਕਾਤਲ ਗਰੋਹ ਦਾ ਨਾਂ ਲਿਖਿਆ ਹੁੰਦਾ ਸੀ ਜਿਵੇਂ ਮਾਨੋ ਬਲੈਂਸੋ ਜਾਂ ਮੈਕਸੀ ਮਿਲੀਐਨੋ ਹਰਨਾਂਡੇਜ਼ ਬ੍ਰਿਗੇਡ। 2005 'ਚ, ਇਸ ਤਰ੍ਹਾਂ ਦੇ ਸੰਦੇਸ਼ ਦੀ ਝਲਕ ਇਰਾਕ ਦੀਆਂ ਸੜਕਾਂ ਦੇ ਕੰਢਿਆਂ 'ਤੇ ਆਮ ਹੀ ਮਿਲਦੀ ਸੀ : ਜਿਹੜੇ ਕੈਦੀਆਂ ਨੂੰ ਆਖ਼ਰੀ ਵਾਰ ਗ੍ਰਹਿ ਮੰਤਰਾਲੇ ਨਾਲ ਸਬੰਧਤ ਇਰਾਕੀ ਕਮਾਂਡੋਜ਼ ਦੀ ਹਿਰਾਸਤ ਵਿਚ ਦੇਖਿਆ ਗਿਆ ਹੁੰਦਾ ਉਨ੍ਹਾਂ ਦੇ ਸਿਰਾਂ 'ਚ ਹੁਣ ਗੋਲੀ ਦਾ ਛੇਕ ਹੁੰਦਾ। ਇਸ ਸਮੇਂ ਵੀ ਹੱਥ ਪਿੱਠ ਪਿੱਛੇ ਬੰਨ੍ਹੇ ਹੁੰਦੇ ਜਾਂ ਉਨ੍ਹਾਂ ਦੀ ਖੋਪੜੀ 'ਚ ਬਿਜਲੀ ਦੇ ਵਰਮਿਆਂ ਨਾਲ ਸੁਰਾਖ਼ ਕੀਤੇ ਲੱਭਦੇ। ਨਵੰਬਰ 2005 'ਚ, *ਲਾਸ ਏਂਜਲਸ ਟਾਈਮਜ਼* ਨੇ ਰਿਪੋਰਟ ਦਿੱਤੀ ਕਿ ਬਗ਼ਦਾਦ ਦੇ ਮੁਰਦਾ-ਘਰ 'ਚ "ਹਫ਼ਤੇ ਬਾਅਦ ਇਕੋ ਵਾਰ ਦਰਜਨਾਂ ਲਾਸ਼ਾਂ ਲਿਆਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਲਾਸ਼ਾਂ ਦੇ ਹੱਥਾਂ ਨੂੰ ਪੁਲਿਸ ਦੀਆਂ ਹੱਥ-ਕੜੀਆਂ ਲੱਗੀਆਂ ਹੁੰਦੀਆਂ ਹਨ।" ਅਕਸਰ ਹੀ ਮੁਰਦਾ-ਘਾਟ ਵਾਲੇ ਲੋਹੇ ਦੀਆਂ ਹੱਥ ਕੜੀਆਂ ਸਾਂਭ ਕੇ ਰੱਖ ਲੈਂਦੇ ਅਤੇ ਪੁਲਿਸ ਨੂੰ ਮੋੜ ਦਿੰਦੇ ਸਨ।[28]

ਇਰਾਕ ਵਿਚ, ਦਹਿਸ਼ਤ ਫੈਲਾਉਣ ਦੇ ਹੋਰ ਵੀ ਬਥੇਰੇ ਉੱਚ-ਤਕਨੀਕੀ ਢੰਗ-ਤਰੀਕੇ ਹਨ। ਅਮਰੀਕੀ ਫੰਡਾਂ ਨਾਲ ਚਲਦੇ ਅਲ-ਇਰਾਕੀਆ ਨੈੱਟਵਰਕ ਉੱਪਰ *ਦਹਿਸ਼ਤਵਾਦ ਨਿਆਂ ਦੇ ਸ਼ਿਕੰਜੇ 'ਚ* ਨਾਂ ਦਾ ਨੁਮਾਇਸ਼ੀ ਟੀ ਵੀ ਪ੍ਰੋਗਰਾਮ ਵਿਆਪਕ ਪੱਧਰ 'ਤੇ ਦਿਖਾਇਆ ਜਾਂਦਾ ਹੈ। ਇਹ ਲੜੀਵਾਰ ਪ੍ਰੋਗਰਾਮ ਸਲਵਾਡੋਰੀ ਰੰਗ 'ਚ ਰੰਗੇ ਇਰਾਕੀ ਕਮਾਂਡੋਜ਼ ਨਾਲ ਮਿਲ ਕੇ ਤਿਆਰ ਕੀਤਾ ਜਾਂਦਾ ਹੈ। ਰਿਹਾਅ ਕੀਤੇ ਗਏ ਬਹੁਤ ਸਾਰੇ ਕੈਦੀਆਂ ਨੇ ਇਸ ਪ੍ਰੋਗਰਾਮ ਲਈ ਮਸਾਲਾ ਤਿਆਰ ਕਰਨ ਦੇ ਢੰਗ ਬਾਰੇ ਇਸ ਤਰ੍ਹਾਂ ਦੱਸਿਆ : ਅਕਸਰ ਹੀ ਵਿਅਕਤੀਆਂ ਨੂੰ ਇੱਧਰੋਂ-ਉੱਧਰੋਂ ਮੁਹੱਲਿਆਂ ਵਿਚੋਂ ਅਗਵਾ ਕਰ ਲਿਆ ਜਾਂਦਾ ਹੈ, ਕੁੱਟਮਾਰ ਅਤੇ ਤਸੀਹਿਆਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਟੱਬਰ ਮਾਰ ਦੇਣ ਦੀਆਂ ਧਮਕੀਆਂ ਓਦੋਂ ਤੱਕ ਦਿੱਤੀਆਂ ਜਾਂਦੀਆਂ ਹਨ ਜਦੋਂ ਤੱਕ ਉਹ ਕਿਸੇ ਜੁਰਮ ਦਾ ਇਕਬਾਲ ਕਰਨਾ ਨਹੀਂ ਮੰਨਦੇ—ਐਸੇ ਜੁਰਮ ਜਿਨ੍ਹਾਂ ਬਾਰੇ ਵਕੀਲਾਂ ਨੇ ਸਿੱਧ ਕੀਤਾ ਹੈ ਕਿ ਇਹ ਕਦੇ ਹੋਏ ਹੀ ਨਹੀਂ। ਫੇਰ ਕੈਦੀਆਂ ਦੇ "ਇਕਬਾਲੀਆ ਬਿਆਨ" ਰਿਕਾਰਡ ਕਰਨ ਲਈ ਕੈਮਰੇ ਆ ਜਾਂਦੇ ਹਨ, ਇਨ੍ਹਾਂ ਮੂਹਰੇ ਕੈਦੀ ਬਾਗ਼ੀ, ਚੋਰ, ਸਮਲਿੰਗੀ ਅਤੇ ਜਾਹਲਸਾਜ਼ ਹੋਣ ਦਾ "ਇਕਬਾਲ" ਕਰਦੇ ਹਨ। ਹਰੇਕ ਰਾਤ ਨੂੰ, ਇਰਾਕੀ ਲੋਕ, ਜ਼ਾਹਰਾ ਤੌਰ 'ਤੇ ਤਸੀਹਿਆਂ ਨਾਲ ਵਲ੍ਹੂੰਧਰੇ ਅਤੇ ਸੁੱਜੇ ਹੋਏ ਚਿਹਰਿਆਂ ਵਾਲੇ ਬੰਦਿਆਂ ਨੂੰ ਟੀ ਵੀ ਉੱਪਰ ਇਕਬਾਲੀਆ ਬਿਆਨ ਦਿੰਦਿਆਂ ਨੂੰ ਦੇਖਦੇ ਹਨ। ਸਲਵਾਡੋਰੀ ਰੰਗ 'ਚ ਰੰਗੇ ਕਮਾਂਡੋਜ਼ ਦੇ ਮੁਖੀ ਐਡਨਨ ਥਾਬਿਤ ਨੇ ਮਾਸ ਨੂੰ ਦੱਸਿਆ, "ਇਸ ਨੁਮਾਇਸ਼ ਦਾ ਨਾਗਰਿਕਾਂ ਉੱਪਰ ਚੰਗਾ ਅਸਰ ਪੈਂਦਾ ਹੈ।"[29]

ਜਦੋਂ ਪਹਿਲੀ ਵਾਰ ਪ੍ਰੈੱਸ 'ਚ "ਸਲਵਾਡੋਰ ਵਾਲੀ ਚੋਣ" ਦਾ ਜ਼ਿਕਰ ਹੋਇਆ ਤਾਂ ਇਸ ਤੋਂ

ਦਸ ਮਹੀਨੇ ਬਾਅਦ ਇਸ ਦੀਆਂ ਭਰਪੂਰ ਦਹਿਸ਼ਤ ਪਾਊ ਅਰਥ-ਸੰਭਾਵਨਾਵਾਂ ਸਪਸ਼ਟ ਹੋ ਗਈਆਂ। ਸਟੀਲ ਤੋਂ ਸਿਖਲਾਈ ਪ੍ਰਾਪਤ ਇਰਾਕੀ ਕਮਾਂਡੋਜ਼ ਸਰਕਾਰੀ ਤੌਰ 'ਤੇ ਇਰਾਕ ਦੇ ਗ੍ਰਹਿ ਮੰਤਰਾਲੇ ਅਧੀਨ ਕੰਮ ਕਰ ਰਹੇ ਸਨ। ਜਦੋਂ ਮਾਸ ਨੇ ਲਾਇਬ੍ਰੇਰੀ ਵਿਚ ਬਣਾਏ ਕੈਂਪ 'ਚ ਜੋ ਕੁਝ ਅੱਖੀਂ ਡਿੱਠਾ ਸੀ ਉਸ ਬਾਰੇ ਸਵਾਲ ਕੀਤੇ ਤਾਂ ਮੰਤਰਾਲੇ ਨੇ ਜ਼ੋਰ ਦਿੱਤਾ ਕਿ "ਜੋ ਕੈਦੀ ਗ੍ਰਹਿ ਮੰਤਰਾਲੇ ਦੀਆਂ ਸੁਰੱਖਿਆ ਤਾਕਤਾਂ ਦੀ ਹਿਰਾਸਤ 'ਚ ਹੋਣ ਉਨ੍ਹਾਂ ਦੇ ਮਨੁੱਖੀ ਹੱਕਾਂ ਦੀਆਂ ਕਿਸੇ ਤਰ੍ਹਾਂ ਦੀਆਂ ਉਲੰਘਣਾਵਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ" ਪਰ ਨਵੰਬਰ 2005 'ਚ, ਗ੍ਰਹਿ ਮੰਤਰਾਲੇ ਵਲੋਂ ਚਲਾਈਆਂ ਜਾ ਰਹੀਆਂ ਕਾਲ ਕੋਠੜੀਆਂ ਵਿਚੋਂ 173 ਇਰਾਕੀ ਮਿਲੇ। ਕਈਆਂ ਨੂੰ ਐਨੇ ਭੈੜੇ ਤਸੀਹੇ ਦਿੱਤੇ ਗਏ ਸਨ ਕਿ ਉਨ੍ਹਾਂ ਦੀ ਚਮੜੀ ਉੱਧੜ ਗਈ ਸੀ, ਬਾਕੀਆਂ ਦੀਆਂ ਖੋਪੜੀਆਂ 'ਚ ਵਰਮਿਆਂ ਨਾਲ ਸੁਰਾਖ਼ ਕੀਤੇ ਹੋਏ ਸਨ ਅਤੇ ਦੰਦ ਅਤੇ ਪੈਰਾਂ ਦੇ ਨਹੁੰ ਪੁੱਟੇ ਹੋਏ ਸਨ। ਰਿਹਾਅ ਕੀਤੇ ਗਏ ਕੈਦੀਆਂ ਨੇ ਦੱਸਿਆ ਕਿ ਹਰ ਕੋਈ ਇੱਥੋਂ ਜ਼ਿੰਦਾ ਬਾਹਰ ਨਹੀਂ ਆਉਂਦਾ। ਉਨ੍ਹਾਂ ਨੇ 18 ਵਿਅਕਤੀਆਂ ਦੀ ਸੂਚੀ ਦਿੱਤੀ ਜਿਨ੍ਹਾਂ ਨੂੰ ਮੰਤਰਾਲੇ ਦੀ ਕਾਲ-ਕੋਠੜੀ 'ਚ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਸੀ—ਇਹ ਇਰਾਕ ਦੇ ਲਾਪਤਾ ਵਿਅਕਤੀ ਸਨ।[30]

ਜਦੋਂ ਮੈਂ ਈਵੇਨ ਕੈਮਰਨ ਵਲੋਂ 1950ਵਿਆਂ 'ਚ ਕੀਤੇ ਗਏ ਕਰੰਟ ਲਾਉਣ ਦੇ ਤਜਰਬਿਆਂ ਬਾਰੇ ਖੋਜ ਕਰ ਰਹੀ ਸੀ ਤਾਂ ਮੇਰੇ ਧਿਆਨ 'ਚ ਉਸ ਨਾਲ ਕੰਮ ਕਰਨ ਵਾਲੇ ਮਨੋ-ਰੋਗ ਡਾਕਟਰ ਫਰੈਂਡ ਲੋਵੀ ਦੀ ਟਿੱਪਣੀ ਆਈ। ਉਸ ਨੇ ਕਿਹਾ ਸੀ, "ਫਰਾਇਡਮੈਨਵਾਦੀਆਂ ਨੇ ਗੰਢੇ ਦਾ ਛਿਲਕਾ ਲਾਹੁਣ ਵਰਗੇ ਇਹ ਸਾਰੇ ਸੂਖ਼ਮ ਢੰਗ ਸਮੱਸਿਆ ਦੀ ਤਹਿ ਵਿਚ ਜਾਣ ਲਈ ਵਿਕਸਤ ਕੀਤੇ ਸਨ। ਕੈਮਰਨ ਸਿੱਧਾ ਸੁਰਾਖ਼ ਕਰਕੇ ਧੁਰ ਅੰਦਰ ਤੱਕ ਪਹੁੰਚਣਾ ਚਾਹੁੰਦਾ ਸੀ ਅਤੇ ਵਿਚ-ਵਿਚਾਲੇ ਦੀਆਂ ਪਰਤਾਂ ਪੈਣ ਖੂਹ 'ਚ। ਪਰ, ਜਿਵੇਂ ਅਸੀਂ ਬਾਅਦ 'ਚ ਦੇਖਿਆ ਪਰਤਾਂ ਉੱਥੇ ਦੀਆਂ ਉੱਥੇ ਹਨ।"[31] ਕੈਮਰਨ ਦੀ ਸੋਚ ਸੀ ਕਿ ਉਹ ਆਪਣੇ ਮਰੀਜ਼ਾਂ ਦੀਆਂ ਸਾਰੀਆਂ ਪਰਤਾਂ ਖ਼ਤਮ ਕਰ ਦੇਵੇਗਾ ਅਤੇ ਨਵੇਂ ਸਿਰਿਉਂ ਸ਼ੁਰੂਆਤ ਕਰੇਗਾ : ਉਸ ਨੇ ਨਵੀਂਆਂ ਨਕੋਰ ਸ਼ਖਸੀਅਤਾਂ ਪੈਦਾ ਕਰਨ ਦਾ ਸੁਪਨਾ ਲਿਆ ਸੀ। ਪਰ ਉਸ ਦੇ ਮਰੀਜ਼ਾਂ ਦਾ ਨਵਾਂ ਜਨਮ ਨਹੀਂ ਹੋਇਆ ਸੀ; ਸਗੋਂ ਉਨ੍ਹਾਂ ਦੀ ਸੋਚ ਗੜਬੜਾ ਗਈ ਸੀ ਅਤੇ ਉਹ ਪੀੜਤ ਅਤੇ ਬੁਰੀ ਤਰ੍ਹਾਂ ਟੁੱਟੇ ਹੋਏ ਸਨ।

ਇਰਾਕ ਦੇ ਸਦਮਾ ਡਾਕਟਰਾਂ ਨੇ ਵੀ ਕੋਰੀ ਸਲੇਟ ਹਾਸਲ ਕਰਨ ਦੇ ਭਰਮ ਤਹਿਤ ਉਨ੍ਹਾਂ ਦੇ ਮਨਾਂ ਦੀਆਂ ਪਰਤਾਂ ਤਬਾਹ ਕਰ ਦਿੱਤੀਆਂ, ਜਿਸ ਉੱਪਰ ਉਨ੍ਹਾਂ ਨੇ ਆਪਣੇ ਨਵੇਂ ਨਮੂਨੇ ਦੇ ਦੇਸ਼ ਦੀ ਰਚਨਾ ਕਰਨਾ ਮਿੱਥਿਆ ਸੀ। ਉਨ੍ਹਾਂ ਦੇ ਹੱਥ ਸਿਰਫ਼ ਮਲਬੇ ਦੇ ਢੇਰ ਹੀ ਲੱਗੇ ਜੋ ਉਨ੍ਹਾਂ ਨੇ ਖ਼ੁਦ ਹੀ ਪੈਦਾ ਕੀਤੇ ਸਨ, ਜਾਂ ਫੇਰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਬਾਹ ਹੋਏ ਦਹਿ-ਲੱਖਾਂ ਲੋਕ ਲੱਗੇ—ਸੱਦਾਮ ਹੱਥੋਂ, ਜੰਗ ਹੱਥੋਂ, ਇਕ ਦੂਜੇ ਹੱਥੋਂ ਤਬਾਹ ਹੋਏ ਲੋਕ। ਬੁਸ਼ ਦੀ ਤਬਾਹੀਪਸੰਦ ਸਰਮਾਏਦਾਰ ਜੁੰਡਲੀ ਇਰਾਕ ਦੀ ਸਫ਼ਾਈ ਤਾਂ ਨਹੀਂ ਕਰ ਸਕੀ, ਦੇਸ਼ 'ਚ ਬਸ ਅਫ਼ਰਾ-ਤਫ਼ਰੀ ਮਚਾ ਦਿੱਤੀ। ਇਤਿਹਾਸ ਦੇ ਪ੍ਰਭਾਵਾਂ ਤੋਂ ਮੁਕਤ ਮੰਦ-ਬੁੱਧੀ ਅਵਸਥਾ ਹਾਸਲ ਹੋਣ ਦੀ ਬਜਾਏ ਉਨ੍ਹਾਂ ਨੇ ਪੁਰਾਣੇ ਲੜਾਈ-ਝਗੜੇ ਕੱਢ ਲਏ। ਲੜਾਈ-ਝਗੜਿਆਂ ਨੂੰ ਤੁੱਖਣਾ ਦੇ ਕੇ ਹਰੇਕ ਨਵੇਂ ਹਮਲੇ 'ਚੋਂ ਪੈਦਾ ਹੋਣ ਵਾਲੀਆਂ ਤਾਜ਼ਾ ਦੁਸ਼ਮਣੀਆਂ ਨਾਲ ਇਨ੍ਹਾਂ ਦਾ ਰਲੇਵਾਂ ਕਰ ਦਿੱਤਾ—ਹਮਲਾ ਚਾਹੇ ਕਰਬਲਾ ਦੀ ਮਸੀਤ 'ਤੇ ਹੋਵੇ, ਸਮਾਰਾ 'ਚ ਹੋਵੇ, ਕਿਸੇ ਬਜ਼ਾਰ 'ਤੇ ਹੋਵੇ ਜਾਂ ਕਿਸੇ ਮੰਤਰਾਲੇ ਜਾਂ ਹਸਪਤਾਲ ਉੱਪਰ। ਲੋਕਾਂ ਵਾਂਗ, ਦੇਸ਼ ਵੀ ਚੋਖੇ ਸਦਮੇ 'ਚੋਂ ਲੰਘ ਕੇ ਸਿਫ਼ਰ ਤੋਂ ਮੁੜ ਸ਼ੁਰੂਆਤ ਨਹੀਂ ਕਰਦੇ; ਉਹ ਤਬਾਹ ਹੋ ਜਾਂਦੇ ਹਨ ਅਤੇ ਹੋਰ ਤਬਾਹ ਹੁੰਦੇ ਰਹਿੰਦੇ ਹਨ।

ਬੇਸ਼ੱਕ, ਇਸ ਵਿਚੋਂ ਹੋਰ ਤਬਾਹੀ ਦੀ ਜ਼ਰੂਰਤ ਬਣ ਜਾਂਦੀ ਹੈ—ਦਵਾਈ ਦੀ ਮਾਤਰਾ ਹੋਰ ਵਧਾਉਣ, ਕਰੰਟ ਦਾ ਬਟਨ ਹੋਰ ਵੱਧ ਸਮਾਂ ਨੱਪੀ ਰੱਖਣ, ਹੋਰ ਵਧੇਰੇ ਕਸ਼ਟ ਦੇਣ, ਹੋਰ ਵਧੇਰੇ ਬੰਬ ਸੁੱਟਣ ਅਤੇ ਹੋਰ ਤਸੀਹਿਆਂ ਦੀ ਜ਼ਰੂਰਤ। ਸਾਬਕਾ ਉੱਪ ਬਦੇਸ਼ ਮੰਤਰੀ ਰਿਚਰਡ ਅਰਮਿਤੇਜ਼ ਨੇ ਪੇਸ਼ੀਨਗੋਈ ਕੀਤੀ ਸੀ ਕਿ ਇਰਾਕੀ ਲੋਕ ਉਸ ਹਾਲਤ ਵਿਚੋਂ ਸਹਿਜੇ ਹੀ ਸਾਵੀਂ ਹਾਲਤ 'ਚ ਆ ਜਾਣਗੇ। ਬਾਅਦ 'ਚ ਉਹ ਇਸ ਨਤੀਜੇ 'ਤੇ ਪਹੁੰਚਿਆ ਕਿ ਅਸਲ ਸਮੱਸਿਆ ਇਹ ਸੀ ਕਿ ਅਮਰੀਕਾ ਨੇ ਜ਼ਿਆਦਾ ਨਰਮੀ ਵਰਤੀ ਸੀ। ਉਸ ਨੇ ਕਿਹਾ "ਜਿਸ ਇਨਸਾਨੀ ਤਰੀਕੇ ਨਾਲ ਗੱਠਜੋੜ ਨੇ ਲੜਾਈ ਲੜੀ, ਅਸਲ ਵਿਚ ਇਸੇ ਦਾ ਸਿੱਟਾ ਐਸੀ ਹਾਲਤ ਪੈਦਾ ਹੋਣ 'ਚ ਨਿਕਲਿਆ ਹੈ ਜਿੱਥੇ ਲੋਕਾਂ ਨੂੰ ਇਕੱਠੇ ਰੱਖਣਾ ਪਹਿਲਾਂ ਨਾਲੋਂ ਘੱਟ ਨਹੀਂ ਸਗੋਂ ਵੱਧ ਮੁਸ਼ਕਲ ਹੋ ਗਿਆ ਹੈ। ਜਰਮਨੀ ਅਤੇ ਜਪਾਨ 'ਚ (ਦੂਜੀ ਸੰਸਾਰ ਜੰਗ ਤੋਂ ਬਾਅਦ) ਜੋ ਉੱਥੇ ਹੋਇਆ ਸੀ ਉਸ ਨਾਲ ਵਸੋਂ ਹੰਭ ਚੁੱਕੀ ਸੀ ਅਤੇ ਇਹ ਡੂੰਘੇ ਸਦਮੇ 'ਚ ਸੀ, ਪਰ ਇਰਾਕ ਵਿਚ ਮਾਮਲਾ ਉਲਟਾ ਹੈ। ਦੁਸ਼ਮਣ ਦੀਆਂ ਤਾਕਤਾਂ ਉੱਪਰ ਬਹੁਤ ਹੀ ਤੇਜ਼ੀ ਨਾਲ ਜਿੱਤ ਹਾਸਲ ਕਰ ਲੈਣ ਦਾ ਸਿੱਟਾ ਇਹ ਨਿਕਲਿਆ ਕਿ ਅਸੀਂ ਇੱਥੋਂ ਦੀ ਵਸੋਂ ਨੂੰ ਉਵੇਂ ਨਹੀਂ ਝੁਕਾ ਸਕੇ ਜਿਵੇਂ ਜਪਾਨ ਅਤੇ ਜਰਮਨੀ ਵਿਚ ਝੁਕਾ ਲਿਆ ਸੀ.... ਅਮਰੀਕਾ ਨੂੰ ਐਸੀ ਵਸੋਂ ਨਾਲ ਨਜਿੱਠਣਾ ਪੈ ਰਿਹਾ ਹੈ ਜੋ ਨਾ ਸਦਮੇ 'ਚ ਹੈ ਅਤੇ ਨਾ ਭੈਭੀਤ।"[32] ਜਨਵਰੀ 2007 ਤੱਕ, ਬੁਸ਼ ਅਤੇ ਉਸ ਦੇ ਸਲਾਹਕਾਰਾਂ ਨੂੰ ਹਾਲੇ ਵੀ ਇਹੀ ਜਚਿਆ ਹੋਇਆ ਸੀ ਕਿ ਉਹ ਇਕ ਤਕੜੇ "ਹੱਲੇ" ਨਾਲ ਇਰਾਕ ਨੂੰ ਕਾਬੂ ਕਰ ਲੈਣਗੇ, ਜਿਸ ਨਾਲ *ਮੌਕਤਦਾ ਅਲ-ਸਦਰ* ਦਾ ਸਫ਼ਾਇਆ ਹੋ ਜਾਵੇਗਾ—ਜੋ ਇਰਾਕ ਦੀ ਸਰਕਾਰ ਨੂੰ "ਕੈਂਸਰ ਬਣ ਕੇ ਚਿੰਬੜਿਆ ਹੋਇਆ ਹੈ।" ਹੱਲੇ ਦੀ ਯੁੱਧਨੀਤੀ ਜਿਸ ਰਿਪੋਰਟ ਦੇ ਅਧਾਰ 'ਤੇ ਬਣਾਈ ਗਈ ਸੀ ਉਸ ਦਾ ਨਿਸ਼ਾਨਾ ਸੀ "ਕੇਂਦਰੀ ਬਗ਼ਦਾਦ 'ਚੋਂ ਹੂੰਝਾ ਫੇਰ ਦੇਣਾ" ਅਤੇ ਜਦੋਂ ਅਲ-ਸਦਰ ਦੀਆਂ ਤਾਕਤਾਂ ਸਦਰ ਸ਼ਹਿਰ ਵੱਲ ਚਲੀਆਂ ਜਾਣ, ਫੇਰ "ਇਸ ਸ਼ੀਆ ਗੜ੍ਹ ਦਾ ਵੀ" ਇਸੇ ਤਰ੍ਹਾਂ "ਤਾਕਤ ਨਾਲ ਸਫ਼ਾਇਆ ਕਰ ਦੇਣਾ।"[33]

ਸੱਤਰਵਿਆਂ 'ਚ, ਜਦੋਂ ਕਾਰਪੋਰੇਟਸ਼ਾਹੀ ਜਹਾਦ ਸ਼ੁਰੂ ਕੀਤਾ ਗਿਆ, ਇਸ ਵਲੋਂ ਜੋ ਦਾਅਪੇਚ ਅਪਣਾਏ ਗਏ ਉਨ੍ਹਾਂ ਬਾਰੇ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਵਸੋਂ ਦੇ ਇਕ ਹਿੱਸੇ ਦਾ ਨਾਂ-ਨਿਸ਼ਾਨ ਮਿਟਾ ਦੇਣਾ ਸ਼ਰੇਆਮ ਨਸਲਕੁਸ਼ੀ ਸੀ। ਇਰਾਕ ਵਿਚ, ਹੋਰ ਵੱਧ ਭਿਆਨਕ ਵਾਪਰਿਆ ਹੈ—ਇੱਥੇ ਵਸੋਂ ਦੇ ਇਕ ਹਿੱਸੇ ਦਾ ਨਹੀਂ ਸਗੋਂ ਪੂਰੇ ਦੇਸ਼ ਦੀ ਵਸੋਂ ਦਾ ਸਫ਼ਾਇਆ ਕੀਤਾ ਗਿਆ। ਇਰਾਕ ਅਲੋਪ ਹੋ ਰਿਹਾ ਹੈ, ਖੇਰੂੰ-ਖੇਰੂੰ ਹੋ ਰਿਹਾ ਹੈ। ਜਿਵੇਂ ਅਕਸਰ ਹੀ ਹੁੰਦਾ ਹੈ, ਸ਼ੁਰੂਆਤ ਇੰਞ ਹੋਈ : ਪਹਿਲਾਂ ਔਰਤਾਂ ਦੀ ਆਜ਼ਾਦੀ ਖ਼ਤਮ ਹੋਈ, ਉਹ ਸਹਿਮ ਕੇ ਬੁਰਕਿਆਂ ਅਤੇ ਦਰਵਾਜ਼ਿਆਂ ਪਿੱਛੇ ਗਾਇਬ ਹੋ ਗਈਆਂ, ਫੇਰ ਬੱਚੇ ਸਕੂਲਾਂ ਵਿਚੋਂ ਗਾਇਬ ਹੋ ਗਏ—2006 'ਚ, ਦੋ-ਤਿਹਾਈ ਬੱਚੇ ਘਰਾਂ 'ਚ ਸਨ। ਅਗਲੀ ਵਾਰੀ ਪੇਸ਼ੇਵਰ ਲੋਕਾਂ—ਜਿਵੇਂ ਡਾਕਟਰਾਂ, ਪ੍ਰੋਫੈਸਰਾਂ, ਕਾਰੋਬਾਰੀ ਲੋਕਾਂ, ਵਿਗਿਆਨੀਆਂ, ਫਰਮਾਸਿਸਟਾਂ, ਜੱਜਾਂ, ਵਕੀਲਾਂ—ਦੀ ਆਈ। ਅਮਰੀਕਾ ਵਲੋਂ ਹਮਲਾ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਅੰਦਾਜ਼ਨ ਇਰਾਕ ਦੇ ਤਿੰਨ ਸੌ ਸਿੱਖਿਆਸ਼ਾਸਤਰੀ ਕਾਤਲ ਗਰੋਹਾਂ ਨੇ ਕਤਲ ਕਰ ਦਿੱਤੇ ਹਨ, ਇਨ੍ਹਾਂ ਵਿਚ ਕਈ ਯੂਨੀਵਰਸਿਟੀ ਦੇ ਵਿਭਾਗਾਂ ਦੇ ਡੀਨ ਸ਼ਾਮਲ ਹਨ; ਹਜ਼ਾਰਾਂ ਹੋਰ ਨੌਕਰੀ ਛੱਡ ਕੇ ਭੱਜ ਗਏ ਹਨ। ਡਾਕਟਰਾਂ ਨਾਲ ਹੋਰ ਵੀ ਭੈੜੀ ਹੋਈ ਹੈ : ਫਰਵਰੀ 2007 ਤੱਕ, ਅੰਦਾਜ਼ਨ ਦੋ ਹਜ਼ਾਰ ਡਾਕਟਰ ਮਾਰੇ ਜਾ ਚੁੱਕੇ ਸਨ ਅਤੇ ਬਾਰਾਂ ਹਜ਼ਾਰ ਭੱਜ ਗਏ ਸਨ। ਨਵੰਬਰ 2006 'ਚ, ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨ ਨੇ ਅੰਦਾਜ਼ਾ ਲਾਇਆ ਕਿ ਰੋਜ਼ਾਨਾ ਤਿੰਨ ਹਜ਼ਾਰ ਇਰਾਕੀ ਦੇਸ਼ ਛੱਡ ਕੇ ਭੱਜ ਰਹੇ ਹਨ। ਸੰਸਥਾ ਦੀ ਰਿਪੋਰਟ

ਅਨੁਸਾਰ ਅਪ੍ਰੈਲ 2007 ਤੱਕ 40 ਲੱਖ ਲੋਕ ਆਪਣੇ ਘਰ ਛੱਡ ਕੇ ਜਾਣ ਲਈ ਮਜਬੂਰ ਹੋ ਗਏ ਸਨ। ਮੋਟੇ ਤੌਰ 'ਤੇ ਸੱਤ ਇਰਾਕੀਆਂ ਪਿੱਛੇ ਇਕ। ਇਨ੍ਹਾਂ ਵਿਚੋਂ ਕੁਝ ਸੈਂਕੜੇ ਸ਼ਰਨਾਰਥੀਆਂ ਦਾ ਹੀ ਅਮਰੀਕਾ 'ਚ ਸਵਾਗਤ ਹੋਇਆ।[34]

ਇਰਾਕੀ ਸਨਅਤ ਪੂਰੀ ਤਰ੍ਹਾਂ ਖ਼ਤਮ ਹੋ ਜਾਣ ਨਾਲ, ਜੋ ਸਥਾਨਕ ਧੰਦਾ ਤੇਜ਼ੀ ਨਾਲ ਵਧਿਆ ਉਹ ਹੈ ਅਗਵਾ। 2006 ਦੇ ਪਹਿਲੇ ਸਾਢੇ ਤਿੰਨ ਮਹੀਨਿਆਂ 'ਚ, ਇਰਾਕ ਵਿਚ ਵੀਹ ਹਜ਼ਾਰ ਦੇ ਕਰੀਬ ਲੋਕਾਂ ਨੂੰ ਅਗਵਾ ਕੀਤਾ ਗਿਆ। ਕੌਮਾਂਤਰੀ ਪ੍ਰਚਾਰ ਮਾਧਿਅਮ ਸਿਰਫ਼ ਉਸ ਵਕਤ ਹੀ ਗ਼ੌਰ ਕਰਦੇ ਹਨ ਜਦੋਂ ਕੋਈ ਪੱਛਮੀ ਨਾਗਰਿਕ ਅਗਵਾ ਕਰ ਲਿਆ ਜਾਂਦਾ ਹੈ। ਅਸਲ ਵਿਚ, ਅਗਵਾ ਦੇ ਮਾਮਲਿਆਂ ਵਿਚੋਂ ਭਾਰੀ ਗਿਣਤੀ ਇਰਾਕੀ ਪੇਸ਼ੇਵਰਾਂ ਦੀ ਹੁੰਦੀ ਹੈ, ਜਿਨ੍ਹਾਂ ਨੂੰ ਕੰਮ ਤੋਂ ਆਉਣ-ਜਾਣ ਸਮੇਂ ਚੁੱਕ ਲਿਆ ਜਾਂਦਾ ਹੈ। ਉਨ੍ਹਾਂ ਦੇ ਪਰਿਵਾਰ ਜਾਂ ਤਾਂ ਦਹਿ-ਹਜ਼ਾਰਾਂ ਅਮਰੀਕੀ ਡਾਲਰ ਫਿਰੌਤੀ ਦੇਣ ਆਉਂਦੇ ਹਨ ਜਾਂ ਫੇਰ ਮੁਰਦਾਘਾਟ 'ਚ ਉਨ੍ਹਾਂ ਦੀਆਂ ਲਾਸ਼ਾਂ ਦੀ ਸ਼ਨਾਖ਼ਤ ਕਰਨ। ਤਸੀਹੇ ਵੀ ਵਧ-ਫੁੱਲ ਰਹੀ ਸਨਅਤ ਬਣਕੇ ਉੱਭਰੇ ਹਨ। ਮਨੁੱਖੀ ਹੱਕਾਂ ਦੀਆਂ ਸੰਸਥਾਵਾਂ ਦੇ ਰਿਕਾਰਡ 'ਚ ਐਸੇ ਬੇਸ਼ੁਮਾਰ ਮਾਮਲੇ ਦਰਜ ਕੀਤੇ ਗਏ ਹਨ ਜੋ ਇਰਾਕੀ ਪੁਲਿਸ ਵਲੋਂ ਕੈਦੀਆਂ ਦੇ ਪਰਿਵਾਰਾਂ ਤੋਂ ਤਸੀਹੇ ਬੰਦ ਕਰਨ ਦੇ ਇਵਜ਼ 'ਚ ਹਜ਼ਾਰਾਂ ਡਾਲਰ ਦੀ ਮੰਗ ਕੀਤੇ ਜਾਣ ਦੇ ਮਾਮਲੇ ਹਨ।[35] ਇਹ ਇਰਾਕ ਦੀ ਤਬਾਹੀਪਸੰਦ ਸਰਮਾਏਦਾਰੀ ਦਾ ਆਪਣਾ ਦੇਸੀ ਰੂਪਾਂਤਰ ਹੈ।

ਜਦੋਂ ਇਰਾਕ ਨੂੰ ਬਾਕੀ ਅਰਬ ਜਗਤ ਲਈ ਨਮੂਨੇ ਦੀ ਕੌਮ ਬਣਾਉਣ ਲਈ ਚੁਣਿਆ ਗਿਆ ਓਦੋਂ ਬੁਸ਼ ਸਰਕਾਰ ਨੇ ਇੰਞ ਨਹੀਂ ਸੀ ਸੋਚਿਆ। ਕਬਜ਼ੇ ਦਾ ਆਗਾਜ਼ ਕੋਰੀਆਂ ਸਲੇਟਾਂ ਅਤੇ ਨਵੇਂ ਸਿਰਿਉਂ ਸ਼ੁਰੂਆਤਾਂ ਦੀ ਖੁਸ਼ਮਿਜ਼ਾਜ ਚਰਚਾ ਨਾਲ ਹੋਇਆ ਸੀ। ਹਾਲਾਂਕਿ, ਬਹੁਤ ਜਲਦੀ ਹੀ ਸਫ਼ਾਈ ਦੀ ਭਾਲ ਦੀ ਇਸ ਚਰਚਾ ਨੇ ਹੋਰ ਹੀ ਰੁਖ਼ ਅਖ਼ਤਿਆਰ ਕਰ ਲਿਆ। ਹੁਣ ਇਸ ਚਰਚਾ ਨੇ ਜ਼ੋਰ ਫੜ ਲਿਆ ਕਿ ਸਦਰ ਸ਼ਹਿਰ ਜਾਂ ਨਜਫ ਵਿਚੋਂ "ਇਸਲਾਮਵਾਦੀ ਜੜ੍ਹ ਵੱਢ ਦਿਓ" ਅਤੇ ਫਲੂਜਾ ਅਤੇ ਰਮਾਡੀ ਵਿਚੋਂ "ਗਰਮ-ਖ਼ਿਆਲੀ ਇਸਲਾਮ ਦੇ ਕੈਂਸਰ" ਦਾ ਨਾਂ-ਨਿਸ਼ਾਨ ਮਿਟਾ ਦਿਓ—ਭਾਵ ਇਨ੍ਹਾਂ ਅਨੁਸਾਰ ਜੋ "ਸਾਫ਼-ਸੁਥਰਾ" ਨਹੀਂ ਹੈ ਉਸ ਨੂੰ ਤਾਕਤ ਵਰਤ ਕੇ ਰਗੜਾ ਫੇਰ ਦਿਓ।

ਦੂਜੇ ਦੇਸ਼ਾਂ ਵਿਚ ਨਮੂਨੇ ਦੇ ਸਮਾਜ ਉਸਾਰਨ ਦੇ ਖ਼ਾਸ ਪ੍ਰਾਜੈਕਟਾਂ ਨਾਲ ਇੰਞ ਹੀ ਵਾਪਰਦਾ ਹੈ। ਸਮਾਜ ਨੂੰ ਖ਼ਾਲਸ ਬਣਾਉਣ ਦੀਆਂ ਮੁਹਿੰਮਾਂ ਸ਼ਾਇਦ ਹੀ ਕਦੇ ਬਣਾਈ ਵਿਉਂਤਬੰਦੀ ਅਨੁਸਾਰ ਚੱਲਦੀਆਂ ਹਨ। ਜਦੋਂ ਉਸ ਸਰ-ਜ਼ਮੀਨ ਦੇ ਲੋਕ ਆਪਣੇ ਬੀਤੇ ਨੂੰ ਤਿਲਾਂਜਲੀ ਦੇਣ ਤੋਂ ਇਨਕਾਰੀ ਹੋ ਜਾਂਦੇ ਹਨ, ਓਦੋਂ ਹੀ ਕੋਰੀ ਸਲੇਟ ਦਾ ਸੁਪਨਾ ਦੈਂਤ ਜਿਹਾ, ਲੂਹੀ ਹੋਈ ਧਰਤੀ ਬਣ ਜਾਂਦਾ ਹੈ—ਓਦੋਂ ਹੀ ਮੁਕੰਮਲ ਰਚਨਾ ਦਾ ਸੁਪਨਾ ਮੁਕੰਮਲ ਤਬਾਹੀ ਦੀ ਮੁਹਿੰਮ ਬਣ ਜਾਂਦਾ ਹੈ।

ਅੱਜ ਇਰਾਕ ਜਿਸ ਅਣ-ਕਿਆਸੀ ਹਿੰਸਾ ਦੀ ਲਪੇਟ 'ਚ ਆਇਆ ਹੋਇਆ ਹੈ, ਇਹ ਘਾਤਕ ਜੰਗ ਦੇ ਜੋਸ਼ੀਲੇ ਰਚਣਹਾਰਿਆਂ ਦੀ ਪੈਦਾਵਾਰ ਹੈ। ਇਹ ਅਸਲ ਵਿਚ ਗ਼ੈਰ-ਨੁਕਸਾਨਦੇਹ, ਇੱਥੋਂ ਤੱਕ ਕਿ ਆਦਰਸ਼ਕ, ਜਾਪਦੇ ਇਸ ਫ਼ਿਕਰੇ 'ਚ ਪਹਿਲਾਂ ਹੀ ਤੈਅ ਸੀ : "ਨਵੇਂ ਮੱਧ ਪੂਰਬ ਦਾ ਮਿਸਾਲੀ ਨਮੂਨਾ।" ਇਰਾਕ ਦੇ ਖੇਰੂੰ-ਖੇਰੂੰ ਹੋਣ ਦੀਆਂ ਜੜ੍ਹਾਂ ਉਸ ਸਿਧਾਂਤ 'ਚ ਮੌਜੂਦ ਹਨ, ਜੋ ਐਸੀ ਕੋਰੀ ਸਲੇਟ ਦੀ ਮੰਗ ਕਰਦਾ ਸੀ ਜਿਸ ਉੱਪਰ ਇਸ ਦੀ ਨਵੀਂ ਦਾਸਤਾਂ ਲਿਖੀ ਜਾ ਸਕੇ। ਅਤੇ ਜਦੋਂ ਐਸੀ ਕੋਰੀ ਸਤਹ ਪ੍ਰਗਟ ਨਾ ਹੋਈ ਤਾਂ ਇਸ ਸਿਧਾਂਤ ਦੇ ਹਮਾਇਤੀ, ਜੋ ਅਜਿਹੇ ਜ਼ੰਨਤ ਤੱਕ ਪੁੱਜਣ ਦੀ ਝਾਕ 'ਚ ਸਨ, ਉਹ ਤਬਾਹੀ ਮਚਾਉਣ, ਫੇਰ ਹੌਲੇ ਨਾਲ ਅੱਗੇ ਵਧਣ ਅਤੇ ਹੋਰ

ਤਬਾਹੀ ਮਚਾਉਣ ਦੇ ਰਾਹ ਪੈ ਤੁਰੇ।

ਅਸਫ਼ਲਤਾ : ਸਫ਼ਲਤਾ ਦਾ ਨਵਾਂ ਚਿਹਰਾ-ਮੋਹਰਾ

ਬਗ਼ਦਾਦ ਤੋਂ ਵਾਪਸ ਜਾਣ ਲਈ ਮੈਂ ਜਿਹੜੀ ਉਡਾਣ ਫੜ੍ਹੀ ਉਸ ਦੀ ਹਰੇਕ ਸੀਟ ਹਿੰਸਾ ਤੋਂ ਡਰਕੇ ਭੱਜ ਰਹੇ ਬਦੇਸ਼ੀ ਠੇਕੇਦਾਰਾਂ ਨੇ ਮੱਲੀ ਹੋਈ ਸੀ। ਇਹ 2004 ਦਾ ਅਪ੍ਰੈਲ ਮਹੀਨਾ ਸੀ। ਅਤੇ ਫਲੂਜਾ ਅਤੇ ਨਜਫ ਨੂੰ ਘੇਰਾ ਪਿਆ ਹੋਇਆ ਸੀ; ਇਕੱਲੇ ਉਸੇ ਹਫ਼ਤੇ ਪੰਦਰਾਂ ਸੌ ਠੇਕੇਦਾਰ ਇਰਾਕ ਛੱਡ ਕੇ ਭੱਜੇ। ਬਹੁਤ ਸਾਰੇ ਹੋਰ ਵੀ ਚਲੇ ਜਾਣਗੇ। ਉਸ ਵਕਤ, ਮੈਨੂੰ ਇਹ ਜਚ ਗਿਆ ਸੀ ਕਿ ਅਸੀਂ ਕਾਰਪੋਰੇਟਵਾਦੀ ਜਹਾਦ ਦੀ ਭਰਵੀਂ ਹਾਰ ਹੁੰਦੀ ਤੱਕ ਰਹੇ ਹਾਂ। ਪ੍ਰਮਾਣੂ ਬੰਬ ਨੂੰ ਛੱਡ ਕੇ ਹਰੇਕ ਸਦਮਾ ਪਹੁੰਚਾਊ ਹਥਿਆਰ ਨਾਲ ਇਰਾਕ ਨੂੰ ਉਡਾ ਦਿੱਤਾ ਗਿਆ ਸੀ, ਪਰ ਕੁਝ ਵੀ ਇਸ ਦੇਸ਼ ਨੂੰ ਝੁਕਾ ਨਹੀਂ ਸਕਿਆ। ਸਾਫ਼ ਸੀ ਕਿ ਤਜਰਬਾ ਫੇਲ੍ਹ ਹੋਇਆ ਸੀ।

ਹੁਣ ਮੈਂ ਪੱਕ ਨਾਲ ਨਹੀਂ ਕਹਿ ਸਕਦੀ। ਇਕ ਪੱਧਰ 'ਤੇ, ਕੋਈ ਸ਼ੱਕ ਨਹੀਂ ਹੈ ਕਿ ਪ੍ਰਾਜੈਕਟ ਦੇ ਇਹ ਹਿੱਸੇ ਵਿਨਾਸ਼ਕਾਰੀ ਸਨ। ਬਰੈਮਰ ਨੂੰ ਕਾਰਪੋਰੇਟ ਸੁਪਨ-ਮਹੱਲ ਸਿਰਜਣ ਲਈ ਇਰਾਕ ਭੇਜਿਆ ਗਿਆ ਸੀ; ਇਸ ਦੀ ਥਾਂ ਇਰਾਕ ਇਕ ਐਸਾ ਮੌਤ ਦਾ ਸਾਇਆ ਬਣ ਗਿਆ ਜਿੱਥੇ ਆਮ ਕਾਰੋਬਾਰੀ ਮੀਟਿੰਗ 'ਚ ਗਿਆ ਬੰਦਾ ਮੌਤ ਦਾ ਖਾਜਾ ਬਣ ਸਕਦਾ ਸੀ, ਜ਼ਿੰਦਾ ਸਾੜਿਆ ਜਾ ਸਕਦਾ ਸੀ ਜਾਂ ਉਸ ਦਾ ਸਿਰ ਵੱਢਿਆ ਜਾ ਸਕਦਾ ਸੀ। *ਨਿਊ ਯਾਰਕ ਟਾਈਮਜ਼* ਦੇ ਇਕ ਵਿਸ਼ਲੇਸ਼ਣ ਅਨੁਸਾਰ ਮਈ 2007 ਤੱਕ, 900 ਤੋਂ ਵੱਧ ਠੇਕੇਦਾਰਾਂ ਦੇ ਮਾਰੇ ਜਾਣ ਦੀ ਰਿਪੋਰਟ ਆ ਚੁੱਕੀ ਸੀ ਅਤੇ "12000 ਤੋਂ ਵੱਧ ਜਾਂ ਤਾਂ ਲੜਾਈ 'ਚ ਜਾਂ ਕੰਮ 'ਤੇ ਹੋਣ ਸਮੇਂ ਜ਼ਖ਼ਮੀ ਹੋ ਗਏ ਸਨ।" ਬਰੈਮਰ ਵਲੋਂ ਜਿੰਨੀ ਵੱਡੀ ਗਿਣਤੀ 'ਚ ਪੂੰਜੀ-ਨਿਵੇਸ਼ਕਾਰਾਂ ਨੂੰ ਭਰਮਾ ਕੇ ਇਰਾਕ 'ਚ ਲਿਆਂਦਾ ਗਿਆ ਸੀ ਉਸ ਦੀ ਅਸਲੀਅਤ ਕਦੇ ਸਾਹਮਣੇ ਨਹੀਂ ਆਈ—ਨਾ ਐੱਚ ਐੱਸ ਬੀ ਸੀ ਅਤੇ ਨਾ ਪਰਾਕਟਰ ਐਂਡ ਗੈਂਬਲ ਬਾਰੇ। ਇਨ੍ਹਾਂ ਨੇ ਆਪਣੇ ਸਾਂਝੇ ਕਾਰੋਬਾਰ ਰੋਕ ਲਏ ਸਨ, ਇਸੇ ਤਰ੍ਹਾਂ ਜਨਰਲ ਮੋਟਰਜ਼ ਨੇ ਕੀਤਾ ਸੀ। ਜਿਸ ਕੰਪਨੀ ਨਿਊ ਬਰਿਜ ਸਟਰੈਟੇਜੀਜ਼, ਨੇ ਬੇਹੱਦ ਜੋਸ਼ ਦਿਖਾਉਂਦਿਆਂ ਕਿਹਾ ਸੀ ਕਿ "ਇਕੱਲੀ ਵਾਲ-ਮਾਰਟ ਹੀ ਦੇਸ਼ 'ਤੇ ਕਬਜ਼ਾ ਕਰ ਸਕਦੀ ਹੈ" ਉਸ ਨੇ ਮੰਨਿਆ ਕਿ "ਮੈਕਡੌਨਲਡਜ਼ ਹੁਣ ਥੋੜ੍ਹੇ ਕੀਤਿਆਂ ਕੰਮ ਸ਼ੁਰੂ ਨਹੀਂ ਕਰਨ ਲੱਗੀ।"[36] ਬੈੱਚਟੈੱਲ ਦੇ ਮੁੜ-ਉਸਾਰੀ ਦੇ ਠੇਕਿਆਂ ਦਾ ਪਾਣੀ ਅਤੇ ਬਿਜਲੀ ਪ੍ਰਬੰਧਾਂ ਨੂੰ ਚਲਾਉਣ ਦੇ ਸਥਾਈ ਠੇਕਿਆਂ 'ਚ ਬਦਲ ਜਾਣਾ ਐਨਾ ਸੁਖਾਲਾ ਕੰਮ ਨਹੀਂ ਸੀ। ਮੁੜ-ਉਸਾਰੀ ਦਾ ਨਿੱਜੀਕਰਨ ਕਰ ਦਿੱਤਾ ਗਿਆ ਸੀ। ਇਹ ਯਤਨ ਮਾਰਸ਼ਲ ਯੋਜਨਾ ਤੋਂ ਉਲਟ ਯੋਜਨਾ ਦਾ ਧੁਰਾ ਸਨ। 2006 ਦੇ ਅਖ਼ੀਰ ਤੱਕ, ਵਿਹਾਰਕ ਪੱਧਰ 'ਤੇ ਤਕਰੀਬਨ ਸਾਰੇ ਹੀ ਅਜਿਹੇ ਯਤਨ ਛੱਡ ਦਿੱਤੇ ਗਏ ਸਨ—ਸਗੋਂ ਇਸ ਵਕਤ ਨੀਤੀ 'ਚ ਪਿਛਲਮੋੜੇ ਦੇ ਕੁਝ ਨਾਟਕੀ ਸਬੂਤ ਦਿਖਾਈ ਦੇ ਰਹੇ ਸਨ।

ਇਰਾਕ ਦੀ ਮੁੜ-ਉਸਾਰੀ ਦੇ ਵਿਸ਼ੇਸ਼ ਇੰਸਪੈਕਟਰ ਜਨਰਲ ਸਟੂਅਰਟ ਬਾਵੇਨ ਨੇ ਰਿਪੋਰਟ ਦਿੱਤੀ ਕਿ ਜਿਨ੍ਹਾਂ ਕੁਝ ਮਾਮਲਿਆਂ ਵਿਚ ਠੇਕੇ ਸਿੱਧੇ ਇਰਾਕੀ ਕੰਪਨੀਆਂ ਨੂੰ ਦਿੱਤੇ ਗਏ ਸਨ "ਇਹ ਵੱਧ ਕਾਰਜਕੁਸ਼ਲ ਅਤੇ ਵਧ ਸਸਤੇ ਸਨ। ਅਤੇ ਇਸ ਨੇ ਆਰਥਿਕਤਾ 'ਚ ਮੁੜ ਜਾਨ ਪਾ ਦਿੱਤੀ ਹੈ ਕਿਉਂਕਿ ਇਸ ਨਾਲ ਇਰਾਕੀਆਂ ਨੂੰ ਕੰਮ ਮਿਲ ਰਿਹਾ ਹੈ।" ਰਿਪੋਰਟ ਇਹ ਸਿੱਟਾ ਕੱਢਦੀ ਹੈ ਕਿ ਇਰਾਕੀਆਂ ਨੂੰ ਆਪਣੇ ਦੇਸ਼ ਦੀ ਮੁੜ-ਉਸਾਰੀ ਕਰਨ ਲਈ ਸਹਾਇਤਾ ਦੇਣਾ ਢਿਚਕੂੰ-ਢਿਚਕੂੰ ਕਰਦੀਆਂ ਬਹੁ-ਕੌਮੀ ਕੰਪਨੀਆਂ ਨੂੰ ਠੇਕੇ 'ਤੇ ਦੇਣ ਨਾਲੋਂ ਵੱਧ ਕਾਰਜਕੁਸ਼ਲ ਹੁੰਦਾ ਹੈ ਜਿਨ੍ਹਾਂ ਨੂੰ ਸਬੰਧਤ ਦੇਸ਼ ਜਾਂ ਇੱਥੋਂ ਦੀ ਬੋਲੀ ਦਾ ਕੋਈ ਇਲਮ ਹੀ ਨਹੀਂ ਹੁੰਦਾ। ਉਹ

ਆਪਣੇ ਆਲੇ-ਦੁਆਲੇ 900 ਡਾਲਰ ਦਿਹਾੜੀ ਲੈਣ ਵਾਲੇ ਭਾੜੇ ਦੇ ਕਾਮਿਆਂ ਦਾ ਝੁਰਮਟ ਪਾ ਲੈਂਦੀਆਂ ਹਨ ਅਤੇ ਆਪਣੇ ਠੇਕੇ ਦਾ 55 ਫ਼ੀ ਸਦੀ ਬਜਟ ਬਾਹਰੋ ਬਾਹਰ ਹੀ ਉਡਾ ਦਿੰਦੀਆਂ ਹਨ।[37] ਬਗ਼ਦਾਦ ਵਿਚ ਅਮਰੀਕੀ ਸਫ਼ਾਰਤਖ਼ਾਨੇ 'ਚ ਸਿਹਤ ਸਲਾਹਕਾਰ ਵਜੋਂ ਕੰਮ ਕਰਨ ਵਾਲੇ ਜੌਨ ਸੀ ਬਾਵਰਸੌਕਸ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਰਾਕ ਦੀ ਮੁੜ-ਉਸਾਰੀ ਦੀ ਸਮੱਸਿਆ ਹਰ ਚੀਜ਼ ਨੂੰ ਮੁੱਢੋਂ-ਸੁੱਢੋਂ ਉਸਾਰਨ ਦੀ ਲਾਲਸਾ ਹੀ ਸੀ। "ਅਸੀਂ ਥੋੜ੍ਹੇ ਲਾਗਤ ਖ਼ਰਚੇ ਨਾਲ ਮੁੜ-ਵਸੇਬਾ ਕਰ ਸਕਦੇ ਸੀ; ਅਤੇ ਦੋ ਸਾਲ ਤਾਂ ਅਸੀਂ ਉਨ੍ਹਾਂ ਦੇ ਸਿਹਤ ਸੰਭਾਲ ਪ੍ਰਬੰਧ ਦੀ ਕਾਇਆਕਲਪ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ।"[38]

ਹੋਰ ਵੀ ਵੱਧ ਨਾਟਕੀ ਮੋੜਾ ਪੈਂਟਾਗਾਨ ਨੇ ਕੱਟਿਆ। ਦਸੰਬਰ 2006 'ਚ, ਇਸ ਨੇ ਇਰਾਕ ਦੀਆਂ ਸਰਕਾਰੀ ਫੈਕਟਰੀਆਂ ਨੂੰ ਮੁੜ ਚਲਾਉਣ ਦੇ ਨਵੇਂ ਪ੍ਰਾਜੈਕਟ ਦਾ ਐਲਾਨ ਕਰ ਦਿੱਤਾ— ਉਹੀ ਫੈਕਟਰੀਆਂ ਜਿਨ੍ਹਾਂ ਨੂੰ ਬਰੈਮਰ ਨੇ ਹੰਗਾਮੀ ਹਾਲਤ 'ਚ ਜਨਰੇਟਰ ਸਪਲਾਈ ਕਰਨ ਤੋਂ ਨਾਂਹ ਕਰ ਦਿੱਤੀ ਸੀ ਕਿਉਂਕਿ ਇਹ ਸਟਾਲਿਨਵਾਦੀ ਪੁਰਾਣੇ ਦੌਰ ਦੀਆਂ ਪ੍ਰਤੀਕ ਸਨ। ਹੁਣ ਪੈਂਟਾਗਾਨ ਨੂੰ ਮਹਿਸੂਸ ਹੋਇਆ ਕਿ ਜਾਰਡਨ ਅਤੇ ਕੁਵੈਤ ਤੋਂ ਸੀਮਿੰਟ ਅਤੇ ਮਸ਼ੀਨੀ ਪੁਰਜ਼ੇ ਖ਼ਰੀਦਣ ਦੀ ਬਜਾਏ, ਪੁਰਜ਼ੇ ਗਲ-ਸੜ ਰਹੀਆਂ ਇਰਾਕੀ ਫੈਕਟਰੀਆਂ ਤੋਂ ਖ਼ਰੀਦੇ ਜਾ ਸਕਦੇ ਸਨ, ਦਹਿ-ਹਜ਼ਾਰਾਂ ਨੂੰ ਕੰਮ ਦਿੱਤਾ ਜਾ ਸਕਦਾ ਸੀ ਅਤੇ ਆਲੇ-ਦੁਆਲੇ ਦੀ ਵਸੋਂ ਨੂੰ ਆਮਦਨ ਹੋ ਸਕਦੀ ਸੀ। ਇਰਾਕ 'ਚ ਕਾਰੋਬਾਰੀ ਕਾਇਆਕਲਪ ਸਬੰਧੀ ਸੁਰੱਖਿਆ ਮੰਤਰਾਲੇ ਦੇ ਡਿਪਟੀ ਅਧੀਨ ਸਕੱਤਰ ਪਾਲ ਬਰਿਕਲੇ ਨੇ ਕਿਹਾ, "ਅਸੀਂ ਕੁਝ ਫੈਕਟਰੀਆਂ ਨੂੰ ਵੱਧ ਗਹੁ ਨਾਲ ਵਾਚਿਆ ਹੈ ਅਤੇ ਇਹ ਮਹਿਜ਼ ਸੋਵੀਅਤ ਯੁੱਗ ਦੇ ਖੜੋਤ ਮਾੜੇ ਕਾਰੋਬਾਰਾਂ ਵਰਗੇ ਕਾਰੋਬਾਰ ਨਹੀਂ ਹਨ ਜਿਵੇਂ ਅਸੀਂ ਇਨ੍ਹਾਂ ਬਾਰੇ ਸੋਚਦੇ ਸੀ"—ਹਾਲਾਂਕਿ ਬਰਿਕਲੇ ਨੇ ਇਹ ਨਹੀਂ ਮੰਨਿਆ ਕਿ ਉਸ ਦੇ ਕੁਝ ਸਹਿ-ਕਰਮੀਆਂ ਨੇ ਉਸ ਨੂੰ ਹੀ ਸਟਾਲਿਨਵਾਦੀ ਕਹਿਣਾ ਸ਼ੁਰੂ ਕਰ ਦਿੱਤਾ ਸੀ।[39]

ਇਰਾਕ 'ਚ, ਅਮਰੀਕੀ ਫ਼ੌਜ ਦੇ ਚੋਟੀ ਦੇ ਫੀਲਡ ਕਮਾਂਡਰ ਲੈਫਟੀਨੈਂਟ ਜਨਰਲ ਪੀਤਰ ਡਬਲਯੂ ਚਿਆਰਲੀ ਨੇ ਖ਼ੁਲਾਸਾ ਕੀਤਾ ਕਿ "ਲੋੜ ਇਸ ਦੀ ਹੈ ਕਿ ਅਸੀਂ ਗੁੱਸੇ 'ਚ ਭਰੇ-ਪੀਤੇ ਨੌਜਵਾਨਾਂ ਨੂੰ ਕੰਮ ਦੇਈਏ...ਜੇ ਬੇਰੁਜ਼ਗਾਰੀ ਥੋੜ੍ਹੀ ਜਹੀ ਵੀ ਘਟ ਜਾਂਦੀ ਹੈ ਤਾਂ ਫਿਰਕੂ ਕਤਲ-ਓ-ਗ਼ਾਰਤ ਉੱਤੇ ਇਸ ਦਾ ਗੰਭੀਰ ਅਸਰ ਪਵੇਗਾ।" ਉਹ ਇਹ ਕਹਿਣੋ ਨਾ ਰਹਿ ਸਕਿਆ, "ਮੈਨੂੰ ਇਹ ਵਿਸ਼ਵਾਸ ਨਹੀਂ ਆ ਰਿਹਾ ਕਿ ਚਾਰ ਸਾਲ ਸਾਨੂੰ ਇਹ ਅਹਿਸਾਸ ਹੀ ਨਹੀਂ ਹੋਇਆ.... ਮੇਰੇ ਲਈ, ਇਹ ਬਹੁਤ ਵੱਡੀ ਚੀਜ਼ ਹੈ। ਇਹ ਉਵੇਂ ਹੀ ਅਹਿਮ ਹੈ ਜਿਵੇਂ ਮੁਹਿੰਮ ਦੀ ਯੋਜਨਾ ਦਾ ਕੋਈ ਹੋਰ ਹਿੱਸਾ।"[40]

ਕੀ ਇਹ ਪਿਛਲਮੋੜਾ ਤਬਾਹੀਪਸੰਦ ਸਰਮਾਏਦਾਰੀ ਦੀ ਮੌਤ ਦਾ ਸੰਕੇਤ ਹੈ? ਸ਼ਾਇਦ। ਜਦ ਤਕ ਅਮਰੀਕੀ ਅਧਿਕਾਰੀਆਂ ਨੂੰ ਇਹ ਅਹਿਸਾਸ ਹੋਇਆ ਕਿ ਉਨ੍ਹਾਂ ਨੂੰ ਮੁੱਢੋਂ-ਸੁੱਢੋਂ ਨਵਾਂ-ਨਕੋਰ ਦੇਸ਼ ਮੁੜ ਉਸਾਰਨ ਦੀ ਜ਼ਰੂਰਤ ਨਹੀਂ ਹੈ, ਕਿ ਇਰਾਕੀਆਂ ਨੂੰ ਨੌਕਰੀਆਂ ਦੇਣਾ ਅਤੇ ਮੁੜ-ਉਸਾਰੀ ਲਈ ਜੁਟਾਏ ਅਰਬਾਂ ਡਾਲਰਾਂ ਵਿਚੋਂ ਉਨ੍ਹਾਂ ਦੀ ਸਨਅਤ ਨੂੰ ਹਿੱਸਾ ਦੇਣਾ ਵੱਧ ਜ਼ਰੂਰੀ ਹੈ, ਓਦੋਂ ਤੱਕ ਜਿਹੜਾ ਪੈਸਾ ਅਜਿਹੇ ਕੰਮਾਂ ਦੀ ਵਿਤੀ ਮਦਦ ਕਰ ਸਕਦਾ ਸੀ ਉਹ ਪਹਿਲਾਂ ਹੀ ਬਿਲੇ ਲਾਇਆ ਜਾ ਚੁੱਕਾ ਸੀ।

ਇਸੇ ਸਮੇਂ ਨਵ-ਕੀਨਜ਼ਵਾਦੀ ਚਾਨਣ ਦੀ ਲਹਿਰ ਦੌਰਾਨ, ਇਰਾਕ 'ਚ ਹਾਲੇ ਵੀ ਸੰਕਟ ਦਾ ਲਾਹਾ ਲੈਣ ਦੀ ਸਿਰੇ ਦੀ ਬੇਸ਼ਰਮ ਕੋਸ਼ਿਸ਼ ਹੋ ਰਹੀ ਸੀ। ਦਸੰਬਰ 2006 'ਚ, ਦੋ-ਧਿਰੀ ਇਰਾਕ ਅਧਿਐਨ ਟੋਲੀ ਬਣਾਈ ਗਈ, ਜਿਸ ਦਾ ਮੁਖੀ ਜੇਮਜ਼ ਬੇਕਰ ਸੀ। ਇਸ ਨੇ ਉਹ ਰਿਪੋਰਟ ਪੇਸ਼

ਕੀਤੀ ਜਿਸ ਦੀ ਲੰਮੇ ਸਮੇਂ ਤੋਂ ਉਡੀਕ ਸੀ। ਇਸ ਨੇ ਅਮਰੀਕਾ ਤੋਂ ਮੰਗ ਕੀਤੀ ਕਿ ਇਹ "ਕੌਮੀ ਤੇਲ ਸਨਅਤ ਨੂੰ ਵਪਾਰਕ ਕਾਰੋਬਾਰ ਦੇ ਰੂਪ 'ਚ ਮੁੜ-ਜਥੇਬੰਦ ਕਰਨ ਅਤੇ ਕੌਮਾਂਤਰੀ ਭਾਈਚਾਰੇ ਅਤੇ ਕੌਮਾਂਤਰੀ ਊਰਜਾ ਕੰਪਨੀਆਂ ਵਲੋਂ ਇਰਾਕ ਦੇ ਤੇਲ ਖੇਤਰ 'ਚ ਪੂੰਜੀ-ਨਿਵੇਸ਼ ਕੀਤੇ ਜਾਣ ਨੂੰ ਉਤਸ਼ਾਹਤ ਕਰਨ ਲਈ ਇਰਾਕੀ ਆਗੂਆਂ ਦੀ ਸਹਾਇਤਾ ਕਰੇ।"[41]

ਵਾਈਟ ਹਾਊਸ ਨੇ ਇਰਾਕ ਬਾਰੇ ਅਧਿਐਨ ਟੋਲੀ ਦੀਆਂ ਬਹੁਤੀਆਂ ਸਿਫਾਰਸ਼ਾਂ ਤਾਂ ਅੱਖੋਂ ਪਰੋਖੇ ਕਰ ਦਿੱਤੀਆਂ, ਪਰ ਇਕ ਸਿਫਾਰਸ਼ ਰੱਦ ਨਹੀਂ ਕੀਤੀ। ਬੁਸ਼ ਸਰਕਾਰ ਨੇ ਤੁਰੰਤ ਇਕ ਤਿੱਖਾ ਨਵਾਂ ਤੇਲ ਕਾਨੂੰਨ ਤਿਆਰ ਕਰਕੇ ਪੇਸ਼ ਕਰ ਦਿੱਤਾ ਜੋ ਸ਼ੈੱਲ ਅਤੇ ਬੀ ਪੀ ਵਰਗੀਆਂ ਕੰਪਨੀਆਂ ਨੂੰ ਤੀਹ ਸਾਲ ਲੰਮੇ ਠੇਕੇ ਸਹੀਬੰਦ ਕਰਨ ਦੀ ਇਜਾਜ਼ਤ ਦੇਵੇ ਤੇ ਜਿਨ੍ਹਾਂ ਰਾਹੀਂ ਉਹ ਇਰਾਕ ਦੇ ਤੇਲ ਵਿਚੋਂ ਹੋਣ ਵਾਲੇ ਮੁਨਾਫ਼ਿਆਂ ਦਾ ਵੱਡਾ ਹਿੱਸਾ ਹਜਮ ਕਰ ਸਕਣ। ਇਹ ਮੁਨਾਫ਼ੇ ਦਹਿ ਜਾਂ ਸੈਂਕੜੇ ਅਰਬ ਡਾਲਰ ਦੇ ਹੋਣਗੇ। ਜਿੰਨੀ ਅਸਾਨੀ ਨਾਲ ਇਰਾਕ ਵਿਚ ਤੇਲ ਤੱਕ ਪਹੁੰਚ ਹਾਸਲ ਹੋ ਰਹੀ ਸੀ ਉਨ੍ਹਾਂ ਦੇਸ਼ਾਂ ਵਿਚ ਅਜਿਹਾ ਪਹਿਲਾਂ ਕਦੇ ਸੁਣਨ 'ਚ ਨਹੀਂ ਆਇਆ ਸੀ ਅਤੇ ਇਹ ਇਕ ਦੇਸ਼ ਨੂੰ ਕੰਗਾਲ ਬਣਾਈ ਰੱਖਣ ਦੀ ਸਜ਼ਾ ਸੀ ਜਿਸ ਦੀ 95 ਫ਼ੀ ਸਦੀ ਸਰਕਾਰੀ ਆਮਦਨੀ ਤੇਲ ਤੋਂ ਆਉਂਦੀ ਹੋਵੇ।[42] ਇਹ ਤਜਵੀਜ਼ ਐਨੀ ਜ਼ਿਆਦਾ ਵਿਰੋਧ ਖੱਟਣ ਵਾਲੀ ਸੀ ਕਿ ਧਾੜਵੀ ਰਾਜ ਦੇ ਪਹਿਲੇ ਸਾਲ 'ਚ ਪਾਲ ਬਰੈਮਰ ਦੀ ਵੀ ਇਸ ਨੂੰ ਪੇਸ਼ ਕਰਨ ਦੀ ਹਿੰਮਤ ਨਹੀਂ ਪਈ। ਪਰ ਹੁਣ, ਅਫ਼ਰਾ-ਤਫ਼ਰੀ ਹੋਰ ਡੂੰਘੀ ਹੁੰਦੇ ਜਾਣ ਦੀ ਬਦੌਲਤ ਇਹ ਤਜਵੀਜ਼ ਪੇਸ਼ ਕੀਤੀ ਜਾ ਰਹੀ ਸੀ। ਐਨੀ ਵੱਡੀ ਫ਼ੀ ਸਦੀ ਮੁਨਾਫ਼ੇ ਇਰਾਕ ਵਿਚੋਂ ਕੱਢ ਲਿਜਾਣਾ ਕਿਵੇਂ ਜਾਇਜ਼ ਸੀ ਇਸ ਦੀ ਸਫ਼ਾਈ ਦਿੰਦਿਆਂ ਤੇਲ ਕੰਪਨੀਆਂ ਨੇ ਸੁਰੱਖਿਆ ਦੇ ਜ਼ੋਖ਼ਮ ਗਿਣਾ ਦਿੱਤੇ। ਦੂਜੇ ਲਫ਼ਜ਼ਾਂ 'ਚ, ਤਬਾਹੀ ਨੇ ਹੀ ਤਿੱਖੇ ਕਾਨੂੰਨ ਦੀ ਤਜਵੀਜ਼ ਸੰਭਵ ਬਣਾਈ ਸੀ।

ਵਾਸ਼ਿੰਗਟਨ ਵਲੋਂ ਇਸ ਲਈ ਜੋ ਵਕਤ ਚੁਣਿਆ ਗਿਆ ਉਸ ਨਾਲ ਇਸ ਦਾ ਚਿਹਰਾ ਹੋਰ ਵੀ ਨੰਗਾ ਹੁੰਦਾ ਸੀ। ਜਿਸ ਮੌਕੇ ਕਾਨੂੰਨ ਪੇਸ਼ ਕੀਤਾ ਗਿਆ ਉਦੋਂ ਇਰਾਕ ਹੁਣ ਤੱਕ ਦੇ ਸਭ ਤੋਂ ਡੂੰਘੇ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਦੇਸ਼ ਫਿਰਕੂ ਫ਼ਸਾਦਾਂ ਕਾਰਨ ਲੀਰੋ-ਲੀਰ ਹੋਇਆ ਪਿਆ ਸੀ ਜਿਨ੍ਹਾਂ ਵਿਚ ਹਰੇਕ ਹਫ਼ਤੇ ਔਸਤ ਇਕ ਹਜ਼ਾਰ ਇਰਾਕੀ ਮਾਰੇ ਜਾ ਰਹੇ ਸਨ। ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦਾ ਬਦਕਾਰ ਅਤੇ ਭੜਕਾਊ ਕਾਂਡ ਅਜੇ ਹੋ ਕੇ ਹੀ ਹਟਿਆ ਸੀ। ਇਸੇ ਸਮੇਂ, ਬੁਸ਼ ਨੇ ਇਰਾਕ 'ਚ ਫ਼ੌਜੀ ਦਸਤਿਆਂ ਦੀਆਂ ਲਗਾਮਾਂ ਮੁੜ ਖੋਲ੍ਹ ਦਿੱਤੀਆਂ ਸਨ, ਉਹ ਕਾਇਦੇ-ਕਾਨੂੰਨਾਂ ਦੇ "ਘੱਟ ਪਾਬੰਦ ਰਹਿ ਕੇ" ਕਾਰਵਾਈਆਂ ਕਰ ਰਹੇ ਸਨ। ਇਸ ਵਕਤ ਇਰਾਕ ਦੀ ਹਾਲਤ ਤੇਲ ਖੇਤਰ ਦੀਆਂ ਦਿਓ-ਕੱਦ ਕੰਪਨੀਆਂ ਦੇ ਵੱਡੇ ਪੂੰਜੀ-ਨਿਵੇਸ਼ ਲਈ ਬਹੁਤ ਜ਼ਿਆਦਾ ਅਸ਼ਾਂਤ ਸੀ, ਇਸ ਕਰਕੇ ਇਕ ਕਾਰਨ ਨੂੰ ਛੱਡ ਕੇ ਨਵੇਂ ਕਾਨੂੰਨ ਦੀ ਕੋਈ ਅਣਸਰਦੀ ਲੋੜ ਨਹੀਂ ਸੀ—ਉਹ ਸੀ ਦੇਸ਼ ਨੂੰ ਦਰਪੇਸ਼ ਸਭ ਤੋਂ ਰੱਟੇ ਵਾਲੇ ਮੁੱਦੇ ਬਾਰੇ ਬਹਿਸ ਨੂੰ ਦਰਕਿਨਾਰ ਕਰਕੇ ਗੜਬੜ ਦਾ ਲਾਹਾ ਲੈਣਾ। ਇਰਾਕ ਦੇ ਅਨੇਕਾਂ ਚੁਣੇ ਹੋਏ ਸੰਸਦ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਸੂਹ ਨਹੀਂ ਸੀ ਕਿ ਕੋਈ ਨਵਾਂ ਕਾਨੂੰਨ ਘੜਿਆ ਜਾ ਰਿਹਾ ਹੈ। ਤੇਲ-ਨਿਗਰਾਨੀ ਗਰੁੱਪ *ਪਲੈਟਫਾਰਮ* ਨਾਲ ਜੁੜੇ ਖੋਜੀ ਗ੍ਰੈੱਗ ਮਟਿਟ ਨੇ ਰਿਪੋਰਟ ਕੀਤੀ : "ਮੈਂ ਹੁਣੇ ਹੀ ਇਰਾਕੀ ਸੰਸਦ ਮੈਂਬਰਾਂ ਦੀ ਮੀਟਿੰਗ 'ਚ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਵਿਚੋਂ ਕਿੰਨਿਆਂ ਕੁ ਨੇ ਇਸ ਕਾਨੂੰਨ 'ਤੇ ਨਜ਼ਰ ਮਾਰੀ ਹੈ। ਵੀਹਾਂ ਵਿਚੋਂ ਸਿਰਫ਼ ਇਕ ਐੱਮ ਪੀ ਨੇ ਇਸ 'ਤੇ ਨਜ਼ਰ ਮਾਰੀ ਹੋਈ ਸੀ।" ਮਟਿਟ ਅਨੁਸਾਰ, ਜੇ ਕਾਨੂੰਨ ਪਾਸ ਹੋ ਗਿਆ ਤਾਂ ਇਰਾਕੀ "ਵਿਆਪਕ ਪੱਧਰ 'ਤੇ ਨੁਕਸਾਨ ਉਠਾਉਣਗੇ ਕਿਉਂਕਿ ਇਸ ਵਕਤ ਉਹ ਵਧੀਆ ਸਮਝੌਤਾ ਕਰਨ ਦੀ ਹਾਲਤ 'ਚ

ਨਹੀਂ ਹਨ।”[43]

ਇਰਾਕ ਦੀਆਂ ਮੁੱਖ ਮਜ਼ਦੂਰ ਯੂਨੀਅਨਾਂ ਨੇ ਐਲਾਨ ਕੀਤਾ ਕਿ “ਤੇਲ ਦਾ ਨਿੱਜੀਕਰਨ ਇਕ ਲਾਲ ਲਕੀਰ ਹੈ ਜਿਸ ਨੂੰ ਪਾਰ ਨਹੀਂ ਕੀਤਾ ਜਾ ਸਕਦਾ।” ਇਕ ਸਾਂਝੇ ਬਿਆਨ ਰਾਹੀਂ ਉਨ੍ਹਾਂ ਨੇ ਇਸ ਕਾਨੂੰਨ ਦੀ ਨਿਖੇਧੀ ਕੀਤੀ ਕਿ ਇਹ “ਇਰਾਕ ਦੇ ਊਰਜਾ ਵਸੀਲਿਆਂ ਉੱਪਰ ਉਸ ਵਕਤ ਕਬਜ਼ਾ ਕਰਨ” ਦੀ ਕੋਸ਼ਿਸ਼ ਹੈ “ਜਦੋਂ ਇਰਾਕੀ ਲੋਕ ਧਾੜਵੀ ਰਾਜ ਦੇ ਅਧੀਨ ਆਪਣਾ ਭਵਿੱਖ ਤੈਅ ਕਰਨ ਲਈ ਯਤਨਸ਼ੀਨ ਹਨ।”[44] ਫਰਵਰੀ 2007 ’ਚ ਇਰਾਕ ਦੇ ਮੰਤਰੀ-ਮੰਡਲ ਨੇ ਜਿਹੜਾ ਕਾਨੂੰਨ ਪਾਸ ਕੀਤਾ ਉਹ ਆਸ ਤੋਂ ਵੀ ਵੱਧ ਮਾੜਾ ਸੀ : ਇਹ ਉਨਾਂ ਮੁਨਾਫ਼ਿਆਂ ਦੀ ਮਾਤਰਾ ਦੀ ਕੋਈ ਹੱਦ ਨਹੀਂ ਸੀ ਮਿੱਥਦਾ ਜੋ ਬਦੇਸ਼ੀ ਕੰਪਨੀਆਂ ਦੇਸ਼ ਵਿਚੋਂ ਬਾਹਰ ਲਿਜਾ ਸਕਣਗੀਆਂ ਅਤੇ ਨਾ ਹੀ ਇਹ ਬਦੇਸ਼ੀ ਪੂੰਜੀ-ਨਿਵੇਸ਼ਕਾਰਾਂ ਉੱਪਰ ਖ਼ਾਸ ਸ਼ਰਤਾਂ ਲਾਉਂਦਾ ਸੀ ਕਿ ਉਨ੍ਹਾਂ ਨੂੰ ਇਰਾਕੀ ਕੰਪਨੀਆਂ ਨੂੰ ਕਿਸ ਹੱਦ ਤੱਕ ਹਿੱਸੇਦਾਰ ਬਣਾਉਣਾ ਪਵੇਗਾ ਜਾਂ ਉਹ ਤੇਲ ਖੇਤਰ ’ਚ ਕਿੰਨੇ ਇਰਾਕੀਆਂ ਨੂੰ ਕੰਮ ਦੇਣਗੇ। ਸਭ ਤੋਂ ਵੱਧ ਬੇਹਯਾਈ ਦੇਖੋ, ਇਹ ਇਰਾਕ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਤੇਲ ਦੇ ਭਵਿੱਖੀ ਠੇਕਿਆਂ ’ਚ ਕਿਸੇ ਵੀ ਤਰ੍ਹਾਂ ਦੀ ਪੁੱਗਤ ਖ਼ਤਮ ਕਰਦਾ ਸੀ। ਇਸ ਦੀ ਥਾਂ, ਇਸ ਨੇ ਫੈਡਰਲ ਤੇਲ ਅਤੇ ਗੈਸ ਕੌਂਸਲ ਨਾਂ ਦਾ ਨਵਾਂ ਅਦਾਰਾ ਖੜ੍ਹਾ ਕਰ ਦਿੱਤਾ। *ਨਿਊ ਯਾਰਕ ਟਾਈਮਜ਼* ਅਨੁਸਾਰ ਇਸ ਨੂੰ ਸਲਾਹ “ਇਰਾਕ ਦੇ ਅੰਦਰੋਂ ਅਤੇ ਬਾਹਰੋਂ ਤੇਲ ਮਾਹਰਾਂ ਦਾ ਇਕ ਪੈਨਲ” ਦਿਆ ਕਰੇਗਾ। ਬਿਨਾ ਚੋਣ ਤੋਂ ਇਹ ਅਦਾਰਾ, ਜਿਸ ਦੇ ਸਲਾਹਕਾਰ ਬਦੇਸ਼ੀਆਂ ਦਾ ਕੋਈ ਵੇਰਵਾ ਨਹੀਂ ਹੈ, ਨੂੰ ਤੇਲ ਖੇਤਰ ਸਬੰਧੀ ਸਾਰੇ ਮਾਮਲਿਆਂ ’ਚ ਫ਼ੈਸਲਾਕੁਨ ਅਧਿਕਾਰ ਹੋਵੇਗਾ। ਇਸ ਕੋਲ ਇਹ ਫ਼ੈਸਲਾ ਲੈਣ ਦਾ ਪੂਰਾ ਹੱਕ ਹੋਵੇਗਾ ਕਿ ਇਰਾਕ ਕਿਹੜੇ ਠੇਕਿਆਂ ’ਤੇ ਦਸਤਖ਼ਤ ਕਰੇ ਅਤੇ ਕਿਨ੍ਹਾਂ ਉੱਪਰ ਨਾ ਕਰੇ। ਅਸਲ ਵਿਚ, ਇਹ ਕਾਨੂੰਨ ਇਰਾਕ ਦੀ ਸਰਕਾਰੀ ਮਾਲਕੀ ਵਾਲੇ ਤੇਲ ਖੇਤਰ ਦੇ ਰਾਖਵੇਂ ਭੰਡਾਰਾਂ, ਜੋ ਦੇਸ਼ ਦੀ ਆਮਦਨੀ ਦਾ ਮੁੱਖ ਵਸੀਲਾ ਹਨ, ਨੂੰ ਜਮਹੂਰੀ ਕੰਟਰੋਲ ਤੋਂ ਛੋਟ ਦੇਣ ਅਤੇ ਇਸ ਦੀ ਬਜਾਏ ਇਨ੍ਹਾਂ ਦਾ ਸੰਚਾਲਨ ਤੇਲ ਖੇਤਰ ਦੇ ਤਾਕਤਵਰ ਧਨਾਢਾਂ ਦੇ ਗੁੱਟ ਦੀ ਤਾਨਾਸ਼ਾਹੀ ਰਾਹੀਂ ਕਰਨ ਦੀ ਮੰਗ ਕਰਦਾ ਸੀ। ਇਹ ਕਾਨੂੰਨ ਅਤੇ ਇਰਾਕ ਦੀ ਖੇਰੂੰ-ਖੇਰੂੰ ਅਤੇ ਨਿਕੰਮੀ ਸਰਕਾਰ ਨਾਲੋ-ਨਾਲ ਮੌਜੂਦ ਰਹਿਣਗੇ।[45]

ਵਸੀਲਿਆਂ ਨੂੰ ਇਸ ਤਰ੍ਹਾਂ ਹੜੱਪ ਜਾਣ ਦੀ ਹੱਤਕ ਭਰੀ ਕਾਰਵਾਈ ਨੂੰ ਵਧਾ-ਚੜ੍ਹਾ ਕੇ ਦੇਖਣਾ ਮੁਸ਼ਕਲ ਹੈ। ਜਦੋਂ ਕਦੇ ਕੁਝ ਅਮਨ-ਅਮਾਨ ਹੋਇਆ ਤਾਂ ਇਰਾਕ ਦੇ ਤੇਲ ਦੇ ਮੁਨਾਫ਼ੇ ਹੀ ਓਦੋਂ ਇਸ ਦੀ ਮੁੜ-ਉਸਾਰੀ ਲਈ ਵਿੱਤ ਜੁਟਾਉਣ ਦੀ ਇਕੋ ਇਕ ਉਮੀਦ ਬਣਦੇ ਹਨ। ਕੌਮੀ ਸੰਕਟ ਦੇ ਸਮੇਂ ਇਸ ਭਵਿੱਖੀ ਦੌਲਤ ’ਤੇ ਹੱਕ ਜਮਾਉਣਾ ਤਬਾਹੀਪਸੰਦ ਸਰਮਾਏਦਾਰੀ ਦੀ ਬੇਸ਼ਰਮੀ ਦਾ ਸਿਰਾ ਸੀ।

ਇਰਾਕ ਦੀ ਗੜਬੜ ਦਾ ਇਕ ਹੋਰ, ਘੱਟ ਚਰਚਿਤ ਸਿੱਟਾ ਵੀ ਸੀ : ਬਦੇਸ਼ੀ ਮੌਜੂਦਗੀ ਜਿੰਨੀ ਵੱਧ ਲੰਮੀ ਹੁੰਦੀ ਗਈ, ਓਨਾ ਹੀ ਵੱਧ ਇਸ ਦਾ ਨਿੱਜੀਕਰਨ ਹੁੰਦਾ ਗਿਆ। ਅੰਤ ਇਹ ਉਸ ਢੰਗ ਦਾ ਨਵਾਂ-ਨਮੂਨਾ ਬਣ ਕੇ ਉੱਭਰਿਆ ਜਿਸ ਢੰਗ ਨਾਲ ਜੰਗਾਂ ਲੜੀਆਂ ਜਾਂਦੀਆਂ ਹਨ ਅਤੇ ਮਨੁੱਖੀ ਤਬਾਹੀ ਪ੍ਰਤੀ ਜਿਵੇਂ ਪ੍ਰਤੀਕਰਮ ਦਿਖਾਇਆ ਜਾਂਦਾ ਹੈ।

ਇਹੀ ਥਾਂ ਹੈ ਜਿੱਥੇ ਮਾਰਸ਼ਲ ਯੋਜਨਾ ਤੋਂ ਉਲਟ ਯੋਜਨਾ ਦੇ ਕੇਂਦਰ ’ਚ ਮੌਜੂਦ ਤਿੱਖੇ ਨਿੱਜੀਕਰਨ ਦੇ ਸਿਧਾਂਤ ਨੇ ਚੋਖੇ ਮੁਨਾਫ਼ੇ ਦਿੱਤੇ। ਚਾਹੇ ਇਹ ਫ਼ੌਜੀ ਦਸਤਿਆਂ ਦਾ ਮਾਮਲਾ ਸੀ ਜਾਂ ਇਸ ਦੇ ਕੰਟਰੋਲ ਹੇਠਲੇ ਸਿਵਲ ਪ੍ਰਸ਼ਾਸਕਾਂ ਲਈ ਅਮਲੇ ਦਾ ਸਵਾਲ ਸੀ—ਬੁਸ਼ ਸਰਕਾਰ ਵਲੋਂ

ਇਰਾਕ ਦੀ ਜੰਗ ਲਈ ਅਮਲਾ-ਫੈਲਾ ਮੁਹੱਈਆ ਕਰਨ ਤੋਂ ਕੋਰਾ ਜਵਾਬ ਦੇ ਦਿੱਤੇ ਜਾਣ ਦੇ ਉਸ ਦੂਜੀ ਜੰਗ ਨੂੰ ਬੜੇ ਸਪਸ਼ਟ ਫ਼ਾਇਦੇ ਹੋਏ ਸਨ ਜੋ ਇਸ ਨੇ ਵਿੱਢੀ ਹੋਈ ਸੀ। ਭਾਵ ਅਮਰੀਕੀ ਸਰਕਾਰ ਦੇ ਕੰਮ ਬਾਹਰੋਂ ਠੇਕੇ 'ਤੇ ਕਰਵਾਉਣ ਦੀ ਹੋੜ। ਇਹ ਜਹਾਦ ਭਾਵੇਂ ਹੁਣ ਇਸ ਸਰਕਾਰ ਦੀਆਂ ਜਨਤਕ ਤਕਰੀਰਾਂ ਦਾ ਵਿਸ਼ਾ ਨਹੀਂ ਸੀ, ਪਰ ਇਹ ਅੱਜ ਵੀ ਉਹ ਲੁਕਵਾਂ ਫ਼ਤੂਰ ਹੈ ਜੋ ਇਨ੍ਹਾਂ ਦੀ ਚਾਲਕ-ਸ਼ਕਤੀ ਹੈ, ਅਤੇ ਇਹ ਜਹਾਦ ਇਸ ਸਰਕਾਰ ਦੀਆਂ ਕੁਲ ਜਨਤਕ ਲੜਾਈਆਂ ਨੂੰ ਮਿਲਾ ਕੇ ਦੇਖਿਆਂ ਵੀ ਉਨ੍ਹਾਂ ਨਾਲੋਂ ਵੱਧ ਕਾਮਯਾਬ ਰਿਹਾ ਹੈ।

ਕਿਉਂਕਿ ਰਮਜ਼ਫੈਲਡ ਨੇ ਜੰਗ ਦੀ ਵਿਉਂਤ ਇਕਦਮ ਹਮਲੇ ਦੀ ਬਣਾਈ ਸੀ, ਫ਼ੌਜੀਆਂ ਨੇ ਇੱਥੇ ਲੜਾਈ ਦੀ ਸਿਰਫ਼ ਗੁਲੀ ਭੂਮਿਕਾ ਨਿਭਾਈ। ਅਤੇ ਕਿਉਂਕਿ ਉਸ ਨੇ ਇਰਾਕ ਵਿਚ ਫ਼ੌਜ ਦੀ ਤਾਇਨਾਤੀ ਦੇ ਪਹਿਲੇ ਸਾਲ 'ਚ ਰੱਖਿਆ ਵਿਭਾਗ ਅਤੇ ਅਨੁਭਵੀ ਫ਼ੌਜੀਆਂ ਦੇ ਮਾਮਲਿਆਂ ਦੇ ਵਿਭਾਗ ਵਿਚੋਂ ਪਚਵੰਜਾ ਹਜ਼ਾਰ ਨੌਕਰੀਆਂ ਖ਼ਤਮ ਕਰ ਦਿੱਤੀਆਂ ਸਨ, ਇਸ ਲਈ ਹਰ ਪੱਧਰ 'ਤੇ ਇਹ ਪਾੜਾ ਪੂਰਨ ਦਾ ਕੰਮ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤਾ ਗਿਆ।[46] ਵਿਹਾਰਕ ਤੌਰ 'ਤੇ ਇਸ ਤਰ੍ਹਾਂ ਦੀ ਬਣਤਰ ਦਾ ਭਾਵ ਸੀ ਕਿ ਜਿਉਂ-ਜਿਉਂ ਇਰਾਕ ਗੜਬੜ ਦੀ ਹੋਰ ਵਧੇਰੇ ਲਪੇਟ 'ਚ ਆਉਂਦਾ ਗਿਆ, ਤਿਉਂ-ਤਿਉਂ ਮਹਿਜ਼ ਪਿੰਜਰ ਰੂਪੀ ਫ਼ੌਜ ਨੂੰ ਠੁੰਮਣਾ ਦੇਣ ਲਈ ਹੋਰ ਵਿਆਪਕ ਨਿੱਜੀਕਰਨ ਕੀਤੀ ਜੰਗੀ ਸਨਅਤ ਸ਼ਕਲ ਅਖ਼ਤਿਆਰ ਕਰਦੀ ਗਈ—ਚਾਹੇ ਇਹ ਇਰਾਕ ਵਿਚ ਜ਼ਮੀਨੀ ਪੱਧਰ 'ਤੇ ਸੀ ਜਾਂ ਪਿੱਛੇ ਦੇਸ਼ ਵਿਚ ਵਾਲਟਰ ਰੀਡ ਮੈਡੀਕਲ ਸੈਂਟਰ ਵਿਖੇ ਫ਼ੌਜੀਆਂ ਦੇ ਇਲਾਜ ਦਾ ਮਾਮਲਾ ਸੀ।

ਕਿਉਂਕਿ ਰਮਜ਼ਫੈਲਡ ਨੇ ਫ਼ੌਜ ਦਾ ਅਕਾਰ ਵਧਾਉਣ ਲਈ ਲੋੜੀਂਦੇ ਹਰ ਤਰ੍ਹਾਂ ਦੇ ਹੱਲ ਹਠ-ਧਰਮੀ ਨਾਲ ਠੁਕਰਾ ਦਿੱਤੇ ਸਨ ਇਸ ਲਈ ਫ਼ੌਜ ਨੂੰ ਲੜਾਈ ਵਾਸਤੇ ਲੋੜੀਂਦੇ ਵੱਧ ਫ਼ੌਜੀ ਹਾਸਲ ਕਰਨ ਲਈ ਹੋਰ ਢੰਗ ਲੱਭਣੇ ਪਏ। ਉਹ ਕੰਮ ਕਰਨ ਲਈ ਇਰਾਕ ਵਿਚ ਨਿੱਜੀ ਕੰਪਨੀਆਂ ਦਾ ਹੜ੍ਹ ਆ ਗਿਆ ਜੋ ਪਹਿਲਾਂ ਫ਼ੌਜੀ ਆਪ ਕਰਿਆ ਕਰਦੇ ਸਨ—ਚੋਟੀ ਦੇ ਅਫ਼ਸਰਾਂ ਦੀ ਸੁਰੱਖਿਆ, ਫ਼ੌਜੀ ਅੱਡਿਆਂ 'ਤੇ ਪਹਿਰਾ ਦੇਣਾ, ਹੋਰ ਠੇਕੇਦਾਰਾਂ ਨੂੰ ਸੁਰੱਖਿਆ ਮੁਹੱਈਆ ਕਰਨਾ। ਇਕ ਵਾਰ ਜਦੋਂ ਕੰਪਨੀਆਂ ਉੱਥੇ ਵੜ ਗਈਆਂ, ਗੜਬੜ ਵਧਦੇ ਜਾਣ ਦੇ ਪ੍ਰਤੀਕਰਮ 'ਚ ਇਨ੍ਹਾਂ ਦੀ ਭੂਮਿਕਾ ਦਾ ਵੀ ਹੋਰ ਵਿਸਤਾਰ ਹੁੰਦਾ ਗਿਆ। ਇਰਾਕ ਵਿਚ ਬਲੈਕਵਾਟਰ ਨਾਲ ਅਸਲ ਠੇਕਾ ਬਰੈਮਰ ਲਈ ਨਿੱਜੀ ਸੁਰੱਖਿਆ ਮੁਹੱਈਆ ਕਰਨ ਦਾ ਸੀ, ਪਰ ਕਬਜ਼ੇ ਦੇ ਇਕ ਸਾਲ ਦੇ ਅੰਦਰ, ਇਹ ਹਰ ਤਰ੍ਹਾਂ ਦੀ ਲੜਾਈ 'ਚ ਸ਼ਾਮਲ ਹੋ ਚੁੱਕੀ ਸੀ। ਨਜਫ ਵਿਚ ਮੌਕਤਦਾ ਅਲ-ਸਦਰ ਤਹਿਰੀਕ ਵਲੋਂ ਅਪ੍ਰੈਲ 2004 ਦੀ ਬਗ਼ਾਵਤ ਕੀਤੇ ਜਾਣ ਸਮੇਂ, ਬਲੈਕਵਾਟਰ ਕੰਪਨੀ ਨੇ ਮਾਹਦੀ ਫ਼ੌਜ ਨਾਲ ਦਿਨ ਭਰ ਦੀ ਲੜਾਈ 'ਚ ਸਰਗਰਮ ਡਿਊਟੀ 'ਤੇ ਤਾਇਨਾਤ ਅਮਰੀਕੀ ਸਮੁੰਦਰੀ ਫ਼ੌਜ ਦੀ ਕਮਾਨ ਸੰਭਾਲ ਲਈ ਸੀ। ਇਸ ਵਿਚ ਦਰਜਨਾਂ ਇਰਾਕੀ ਮਾਰੇ ਗਏ ਸਨ।[47]

ਕਬਜ਼ੇ ਦੀ ਸ਼ੁਰੂਆਤ ਸਮੇਂ, ਇਰਾਕ ਵਿਚ ਅੰਦਾਜ਼ਨ ਦਸ ਹਜ਼ਾਰ ਨਿੱਜੀ ਫ਼ੌਜੀ ਸਨ, ਇਹ ਗਿਣਤੀ ਪਹਿਲੀ ਖਾੜੀ ਜੰਗ ਨਾਲੋਂ ਪਹਿਲਾਂ ਹੀ ਵੱਧ ਸੀ। ਤਿੰਨ ਸਾਲ ਬਾਅਦ, ਅਮਰੀਕੀ ਸਰਕਾਰ ਦੇ ਜਵਾਬਦੇਹੀ ਦਫ਼ਤਰ ਦੀ ਇਕ ਰਿਪੋਰਟ 'ਚ ਸਾਹਮਣੇ ਆਇਆ ਕਿ ਇਸ ਸਮੇਂ ਇਰਾਕ ਵਿਚ ਇੱਧਰੋਂ-ਉੱਧਰੋਂ ਅਠਤਾਲੀ ਹਜ਼ਾਰ ਨਿੱਜੀ ਫ਼ੌਜੀ ਲਗਾਏ ਹੋਏ ਸਨ। ਅਮਰੀਕੀ ਫ਼ੌਜ ਤੋਂ ਬਾਅਦ, ਇਹ ਭਾੜੇ ਦੇ ਫ਼ੌਜੀ ਦਸਤਿਆਂ ਦੀ ਸਭ ਤੋਂ ਵੱਡੀ ਟੁਕੜੀ ਸਨ। ਇਹ ਤਾਦਾਦ "ਸਵੈ-ਇੱਛਾ ਨਾਲ ਗੱਠਜੋੜ" ਦੇ ਬਾਕੀ ਸਾਰੇ ਮੈਂਬਰ ਦੇਸ਼ਾਂ ਦੇ ਇੱਥੇ ਭੇਜੇ ਫ਼ੌਜੀਆਂ ਨੂੰ ਮਿਲਾ ਕੇ ਉਸ ਤੋਂ ਵੀ ਵੱਧ ਸੀ। ਵਿਤੀ ਪ੍ਰੈੱਸ 'ਚ ਜਿਸ ਨੂੰ ਮੰਡੀ ਦੀ "ਬਗ਼ਦਾਦ ਵਾਲੀ ਤੇਜ਼ੀ" ਕਿਹਾ ਜਾਂਦਾ

ਸੀ, ਉਸ ਨੇ ਇਹ ਕੋਝਾ, ਜਾਅਲੀ ਖੇਤਰ ਖੜ੍ਹਾ ਕਰ ਦਿੱਤਾ ਅਤੇ ਇਸ ਨੂੰ ਅਮਰੀਕਾ ਅਤੇ ਇੰਗਲੈਂਡ ਦੀਆਂ ਜੰਗੀ ਮਸ਼ੀਨਾਂ ਦਾ ਹਿੱਸਾ ਬਣਾ ਦਿੱਤਾ। ਬਲੈਕਵਾਟਰ ਨੇ ਜਨਤਕ ਸ਼ਬਦ-ਭੰਡਾਰ ਵਿਚੋਂ "ਭਾੜੇ ਦੀ ਤਾਕਤ" ਲਫ਼ਜ਼ ਹਟਾਉਣ ਲਈ ਵਾਸ਼ਿੰਗਟਨ ਦੇ ਜ਼ਬਰਦਸਤ ਜੋੜ-ਤੋੜ ਮਾਹਰਾਂ ਨੂੰ ਖ਼ਰੀਦ ਲਿਆ ਅਤੇ ਇਸ ਕੰਪਨੀ ਨੂੰ ਸਰਵ-ਅਮਰੀਕੀ ਬਰੈਂਡ ਬਣਾ ਦਿੱਤਾ। ਬਲੈਕਵਾਟਰ ਦੇ ਸੀ ਈ ਓ ਐਰਿਕ ਪ੍ਰਿੰਸ ਅਨੁਸਾਰ, "ਇਸ ਦਾ ਪਿਛੋਕੜ ਸਾਡੇ ਕਾਰਪੋਰੇਟ ਮੰਤਰ 'ਚ ਹੈ, ਅਸੀਂ ਕੌਮੀ ਸੁਰੱਖਿਆ ਢਾਂਚੇ ਲਈ ਉਹ ਕੁਝ ਕਰਨ ਦੀ ਵਾਹ ਲਾ ਰਹੇ ਹਾਂ ਜੋ ਫੈੱਡਐਕਸ ਨੇ ਡਾਕ ਸੇਵਾ ਲਈ ਕੀਤਾ ਸੀ।"[48]

ਜਦੋਂ ਜੰਗ ਜੇਲ੍ਹਾਂ 'ਚ ਜਾ ਵੜੀ ਤਾਂ ਫ਼ੌਜ ਕੋਲ ਸਿਖਲਾਈ ਪ੍ਰਾਪਤ ਤਫ਼ਤੀਸ਼ ਕਰਨ ਵਾਲਿਆਂ ਅਤੇ ਅਰਬੀ ਅਨੁਵਾਦਕਾਂ ਦੀ ਐਨੀ ਥੁੜ੍ਹ ਸੀ ਕਿ ਇਹ ਨਵੇਂ ਕੈਦੀਆਂ ਤੋਂ ਕੋਈ ਜਾਣਕਾਰੀ ਹਾਸਲ ਕਰਨ ਦੀ ਹਾਲਤ 'ਚ ਨਹੀਂ ਸੀ। ਹੋਰ ਤਫ਼ਤੀਸ਼ੀ ਅਧਿਕਾਰੀਆਂ ਅਤੇ ਅਨੁਵਾਦਕਾਂ ਦੀ ਭਰਤੀ ਕਰਨ ਦੀ ਹੋੜ 'ਚ, ਇਸ ਨੇ ਜੰਗੀ ਖੇਤਰ ਦੀ ਠੇਕੇਦਾਰ ਕੰਪਨੀ ਸੀ ਏ ਸੀ ਆਈ ਇੰਟਰਨੈਸ਼ਨਲ ਇਨਕਾਰਪੋਰੇਟਿਡ ਵੱਲ ਮੁਹਾਰ ਮੋੜ ਲਈ। ਅਸਲ ਠੇਕੇ ਅਨੁਸਾਰ ਸੀ ਏ ਸੀ ਆਈ ਦੀ ਇਰਾਕ ਵਿਚ ਭੂਮਿਕਾ ਫ਼ੌਜ ਲਈ ਸੂਚਨਾ ਤਕਨਾਲੋਜੀ ਸੇਵਾਵਾਂ ਮੁਹੱਈਆ ਕਰਨ ਦੀ ਸੀ, ਪਰ ਕੰਮ ਦੇ ਆਰਡਰ ਦੀ ਇਬਾਰਤ ਐਨੀ ਗੋਲਮੋਲ ਸੀ ਕਿ "ਸੂਚਨਾ ਤਕਨਾਲੋਜੀ" ਦਾ ਖਿੱਚ ਕੇ ਅਰਥ ਤਫ਼ਤੀਸ਼ ਕਰਨਾ ਵੀ ਕੱਢਿਆ ਜਾ ਸਕਦਾ ਸੀ।[49] ਇਹ ਲਚਕ ਜਾਣ-ਬੁੱਝ ਕੇ ਰੱਖੀ ਗਈ ਸੀ : ਸੀ ਏ ਸੀ ਆਈ ਠੇਕੇਦਾਰਾਂ ਦੀ ਨਵੀਂ ਨਸਲ ਦਾ ਹਿੱਸਾ ਹੈ ਜੋ ਫੈਡਰਲ ਸਰਕਾਰ ਲਈ ਆਰਜੀ ਏਜੰਸੀ ਦਾ ਕੰਮ ਕਰਦੀ ਹੈ—ਇਸ ਦੇ ਠੇਕੇ ਅਨੋਖੀ ਗੋਲਮੋਲ ਇਬਾਰਤ ਵਾਲੇ ਹੁੰਦੇ ਹਨ ਅਤੇ ਇਹ ਆਪਣੇ ਕੋਲ ਐਸੇ ਕਾਮੇ ਵੱਡੀ ਤਦਾਦ 'ਚ ਤਿਆਰ-ਬਰ-ਤਿਆਰ ਰੱਖਦੀ ਹੈ ਜੋ ਤੁਰੰਤ ਬੁਲਾਵਾ ਆਉਣ 'ਤੇ ਕਿਸੇ ਵੀ ਤਰ੍ਹਾਂ ਦੀਆਂ ਅਸਾਮੀਆਂ ਲਈ ਭੇਜੇ ਜਾ ਸਕਦੇ ਹੋਣ। ਸੀ ਏ ਸੀ ਆਈ ਤੋਂ ਸਟਾਫ਼ ਮੰਗ ਲੈਣਾ ਉਨਾ ਹੀ ਸੁਖਾਲਾ ਸੀ ਜਿੰਨਾ ਕਿਸੇ ਦਫ਼ਤਰ ਲਈ ਸਮਾਨ ਮੰਗਵਾਉਣਾ। ਇਸ ਦੇ ਕਾਮਿਆਂ ਨੂੰ ਉਹ ਸਖ਼ਤ ਸਿਖਲਾਈ ਅਤੇ ਸੁਰੱਖਿਆ ਪੱਖੋਂ ਮਨਜ਼ੂਰੀ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਜ਼ਰੂਰਤ ਨਹੀਂ ਸੀ ਜੋ ਸਰਕਾਰੀ ਮੁਲਾਜ਼ਮਾਂ ਲਈ ਲੋੜੀਂਦੀਆਂ ਹਨ। ਅੱਖ ਦੇ ਫੋਰ 'ਚ ਹੀ ਦਰਜਨਾਂ ਨਵੇਂ ਤਫ਼ਤੀਸ਼ੀ ਅਧਿਕਾਰੀ ਹਾਜ਼ਰ ਹੋ ਗਏ।•

ਗੜਬੜ ਦਾ ਸਭ ਤੋਂ ਵੱਧ ਲਾਹਾ ਲੈਣ ਵਾਲੀ ਕਾਰਪੋਰੇਸ਼ਨ ਹੈਲੀਬਰਟਨ ਸੀ। ਹਮਲੇ ਤੋਂ

• ਅਸਲੀਅਤ ਇਹ ਹੈ ਕਿ ਠੇਕੇਦਾਰਾਂ ਦੇ ਕੰਮ ਦੀ ਨਿਗਰਾਨੀ ਨਾ ਮਾਤਰ ਹੀ ਸੀ। ਜਿਵੇਂ ਅਬੂ ਗ਼ਰੇਬ ਕਾਂਡ ਬਾਰੇ ਅਮਰੀਕੀ ਫ਼ੌਜ ਦੀ ਆਪਣੀ ਜਾਂਚ ਇਸ ਨਤੀਜੇ 'ਤੇ ਪਹੁੰਚੀ ਸੀ ਕਿ ਤਫ਼ਤੀਸ਼ੀ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਨਜ਼ਰਸਾਨੀ ਕਰਨ ਵਾਲਾ ਸਰਕਾਰੀ ਅਧਿਕਾਰੀ ਇਰਾਕ ਵਿਚ ਮੌਜੂਦ ਹੀ ਨਹੀਂ ਸੀ, ਅਬੂ ਗ਼ਰੇਬ ਵਿਚ ਹੋਣ ਦੀ ਤਾਂ ਗੱਲ ਹੀ ਛੱਡੋ। ਜਿਸ ਨਾਲ "ਠੇਕੇ ਦਾ ਕੰਮ ਸਹੀ ਤਰੀਕੇ ਨਾਲ ਕਰਵਾ ਸਕਣਾ, ਜੇ ਅਸੰਭਵ ਨਹੀਂ ਤਾਂ ਬੇਹੱਦ ਮੁਸ਼ਕਲ ਜ਼ਰੂਰ ਹੋ ਗਿਆ ਸੀ।" ਰਿਪੋਰਟ ਦੇ ਲੇਖਕ ਫ਼ੌਜੀ ਜਰਨੈਲ ਜਾਰਜ ਫੇਅ ਨੇ ਸਿੱਟਾ ਕੱਢਿਆ ਕਿ ਸਰਕਾਰੀ "ਤਫ਼ਤੀਸ਼ੀ ਅਧਿਕਾਰੀਆਂ, ਵਿਸ਼ਲੇਸ਼ਣਕਾਰਾਂ ਅਤੇ ਆਗੂਆਂ ਦੀ ਠੇਕੇ 'ਤੇ ਰੱਖੇ ਤਫ਼ਤੀਸ਼ੀ ਅਮਲੇ ਦੀ ਆਮਦ ਸਮੇਂ ਕੋਈ ਤਿਆਰੀ ਨਹੀਂ ਸੀ ਅਤੇ ਉਨ੍ਹਾਂ ਦੀ ਇਸ ਅਮਲੇ ਦੇ ਇੰਤਜ਼ਾਮ, ਕੰਟਰੋਲ ਅਤੇ ਜ਼ਾਬਤੇ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਕੋਈ ਸਿਖਲਾਈ ਨਹੀਂ ਸੀ....। ਇਹ ਸਪਸ਼ਟ ਹੈ ਕਿ ਅਬੂ ਗ਼ਰੇਬ ਵਿਖੇ ਠੇਕੇ 'ਤੇ ਕਰਵਾਈ ਜਾ ਰਹੀ ਤਫ਼ਤੀਸ਼ ਦੀ ਕਾਰਗੁਜ਼ਾਰੀ ਦੀ ਢੁਕਵੀਂ ਨਿਗਰਾਨੀ ਦਾ ਕੋਈ ਪੁਖਤਾ ਇੰਤਜ਼ਾਮ ਨਹੀਂ ਸੀ।"

ਪਹਿਲਾਂ ਇਸ ਨੂੰ ਸੱਦਾਮ ਦੀਆਂ ਪਿੱਛੇ ਹਟ ਰਹੀਆਂ ਫ਼ੌਜਾਂ ਵਲੋਂ ਤੇਲ ਭੰਡਾਰਾਂ ਨੂੰ ਲੱਗੀ ਅੱਗ ਬੁਝਾਉਣ ਦਾ ਠੇਕਾ ਦਿੱਤਾ ਗਿਆ ਸੀ। ਜਦੋਂ ਇਹ ਅੱਗਾਂ ਨਾ ਲੱਗੀਆਂ ਤਾਂ ਹੈਲੀਬਰਟਨ ਦੇ ਠੇਕੇ ਦਾ ਘੇਰਾ ਵਧਾ ਕੇ ਇਸ ਵਿਚ ਨਵਾਂ ਕੰਮ ਸ਼ਾਮਲ ਕਰ ਦਿੱਤਾ ਗਿਆ : ਸਮੁੱਚੀ ਕੌਮ ਨੂੰ ਗੈਸ ਅਤੇ ਤੇਲ ਮੁਹੱਈਆ ਕਰਾਉਣਾ। ਇਹ ਕੰਮ ਐਨਾ ਵੱਡਾ ਸੀ ਕਿ "ਇਸ ਲਈ ਕੁਵੈਤ ਵਿਚ ਮੌਜੂਦ ਸਾਰੇ ਟੈਂਕਰ ਖ਼ਰੀਦ ਲਏ ਗਏ ਅਤੇ ਸੈਂਕੜੇ ਹੋਰ ਬਾਹਰੋਂ ਵੀ ਮੰਗਵਾਏ ਗਏ।"[50] ਫ਼ੌਜੀਆਂ ਨੂੰ ਮੈਦਾਨ-ਏ-ਜੰਗ ਦੇ ਕੰਮ ਲਈ ਵਿਹਲੇ ਕਰਨ ਦੇ ਨਾਂ ਹੇਠ, ਹੈਲੀਬਰਟਨ ਨੇ ਫ਼ੌਜ ਦੇ ਹੋਰ ਦਰਜਨਾਂ ਰਵਾਇਤੀ ਕੰਮ ਹਥਿਆ ਲਏ, ਜਿਨ੍ਹਾਂ ਵਿਚ ਫ਼ੌਜ ਦੇ ਵਾਹਨਾਂ ਅਤੇ ਰੇਡੀਓ-ਪ੍ਰਣਾਲੀ ਦਾ ਰੱਖ-ਰਖਾਅ ਵੀ ਸ਼ਾਮਲ ਸੀ।

ਇੱਥੋਂ ਤੱਕ ਕਿ ਫ਼ੌਜੀ ਭਰਤੀ ਦੇ ਜਿਸ ਕੰਮ ਨੂੰ ਲੰਮੇ ਸਮੇਂ ਤੋਂ ਫ਼ੌਜ ਦਾ ਕੰਮ ਮੰਨਿਆ ਜਾ ਰਿਹਾ ਸੀ, ਜਦੋਂ ਜੰਗ ਲਮਕੀ ਤਾਂ ਇਹ ਵੀ ਫਟਾਫਟ ਮੁਨਾਫ਼ਾਮੁਖੀ ਧੰਦਾ ਬਣ ਗਿਆ। 2006 'ਚ, ਨਵੇਂ ਰੰਗਰੂਟਾਂ ਦੀ ਭਰਤੀ ਸੇਰਕੋ ਜਾਂ ਹਥਿਆਰ ਬਣਾਉਣ ਵਾਲੀ ਦਿਓਕੱਦ ਕੰਪਨੀ ਐੱਲ-3 ਕਮਿਊਨੀਕੇਸ਼ਨਜ਼ ਦੀ ਸ਼ਾਖਾ ਵਰਗੀਆਂ ਨਿੱਜੀ ਖੇਤਰ ਦੀਆਂ ਕੰਪਨੀਆਂ ਕਰ ਰਹੀਆਂ ਸਨ। ਭਰਤੀ ਦੇਣ ਵਾਲੇ ਨਿੱਜੀ ਖੇਤਰ ਦੇ ਵਿਅਕਤੀ, ਜਿਨ੍ਹਾਂ ਨੇ ਕਦੇ ਵੀ ਫ਼ੌਜ 'ਚ ਕੰਮ ਨਹੀਂ ਸੀ ਕੀਤਾ ਹੋਇਆ, ਜਦੋਂ ਕੋਈ ਬੰਦਾ ਫ਼ੌਜ 'ਚ ਭਰਤੀ ਕਰਾਉਂਦੇ ਤਾਂ ਉਨ੍ਹਾਂ ਨੂੰ ਬੋਨਸ ਦਿੱਤੇ ਜਾਂਦੇ ਸਨ। ਇਸੇ ਕਾਰਨ, ਇਕ ਕੰਪਨੀ ਦੇ ਬੁਲਾਰੇ ਨੇ ਸ਼ੇਖੀ ਮਾਰੀ ਸੀ, "ਜੇ ਤੁਸੀਂ ਕਬਾਬ ਖਾਣਾ ਚਾਹੁੰਦੇ ਹੋ ਤਾਂ ਫ਼ੌਜ 'ਚ ਬੰਦੇ ਭਰਤੀ ਕਰਾਓ।"[51] ਰਮਜ਼ਫੈਲਡ ਦੇ ਹੱਥ ਵਾਗਡੋਰ ਹੋਣ ਨਾਲ ਵੀ ਸਿਖਲਾਈ ਦਾ ਕੰਮ ਠੇਕੇ 'ਤੇ ਕਰਾਉਣ 'ਚ ਤੇਜ਼ੀ ਆਈ : ਕਿਊਬਿਕ ਡਿਫੈਂਸ ਐਪਲੀਕੇਸ਼ਨਜ਼ ਅਤੇ ਬਲੈਕਵਾਟਰ ਵਰਗੀਆਂ ਕੰਪਨੀਆਂ ਨੇ ਰੰਗਰੂਟਾਂ ਨੂੰ ਸੱਚੀਮੁੱਚੀਂ ਦੀ ਲੜਾਈ ਅਤੇ ਜੰਗੀ ਚਾਲਾਂ ਦੀ ਸਿਖਲਾਈ ਦਿੱਤੀ। ਨਿੱਜੀ ਮਾਲਕੀ ਵਾਲੇ ਸਿਖਲਾਈ ਕੇਂਦਰਾਂ 'ਚ ਲਿਜਾ ਕੇ ਉਨ੍ਹਾਂ ਨੂੰ ਨਕਲੀ ਪਿੰਡਾਂ 'ਚ ਘਰੋ-ਘਰੀ ਲੜਾਈ ਲੜੇ ਜਾਣ ਦਾ ਅਭਿਆਸ ਕਰਾਇਆ ਗਿਆ।

ਰਮਜ਼ਫੈਲਡ ਦੇ ਨਿੱਜੀਕਰਨ ਦੇ ਫ਼ਤੂਰ ਦੀ ਬਦੌਲਤ, ਜਿਵੇਂ ਉਸ ਨੇ 10 ਸਤੰਬਰ 2001 ਦੀ ਤਕਰੀਰ 'ਚ ਪਹਿਲਾਂ ਪਹਿਲ ਸੁਝਾਅ ਦਿੱਤਾ ਸੀ, ਜਦੋਂ ਫ਼ੌਜੀ ਬੀਮਾਰ ਹੋ ਕੇ ਜਾਂ ਸਦਮੇ ਤੋਂ ਬਾਅਦ ਦੇ ਤਣਾਅ ਦਾ ਸ਼ਿਕਾਰ ਹੋ ਕੇ ਘਰਾਂ ਨੂੰ ਪਰਤੇ ਤਾਂ ਉਨ੍ਹਾਂ ਦਾ ਇਲਾਜ ਨਿੱਜੀ ਸਿਹਤ ਸੰਭਾਲ ਨਾਲ ਸਬੰਧਤ ਕੰਪਨੀਆਂ ਕੋਲੋਂ ਕਰਾਇਆ ਗਿਆ। ਇਰਾਕ ਦੀ ਸੱਟਾਂ ਨਾਲ ਭਰਪੂਰ ਜੰਗ ਕੰਪਨੀਆਂ ਲਈ ਐਸੀ ਨਿਆਮਤ ਬਣ ਕੇ ਬਹੁੜੀ ਜਿਸ ਨੇ ਇਨ੍ਹਾਂ ਨੂੰ ਬੇਸ਼ੁਮਾਰ ਮੁਨਾਫ਼ੇ ਦਿੱਤੇ। ਇਨ੍ਹਾਂ ਵਿਚੋਂ ਇਕ ਕੰਪਨੀ, ਹੈਲਥ ਨੈੱਟ, 2005 ਦੀਆਂ ਫਾਰਚੂਨ-500 ਕੰਪਨੀਆਂ ਦੀ ਸੂਚੀ ਵਿਚ ਸੱਤਵੀਂ ਸਭ ਤੋਂ ਵੱਡੀ ਕੰਪਨੀ ਬਣ ਗਈ। ਇਹ ਜ਼ਿਆਦਾਤਰ ਇਰਾਕ ਵਿਚੋਂ ਵਾਪਸ ਆ ਰਹੇ ਫੱਟੜ ਫ਼ੌਜੀਆਂ ਦੀ ਗਿਣਤੀ ਦੀ ਬਦੌਲਤ ਸੰਭਵ ਹੋਇਆ ਸੀ। ਇਕ ਹੋਰ ਕੰਪਨੀ ਆਈ ਏ ਪੀ ਵਰਲਡਵਾਈਡ ਸਰਵਿਸਿਜ਼ ਇੰਕਾਰਪੋਰੇਟਿਡ ਸੀ, ਜੋ ਵਾਲਟਰ ਰੀਡ ਫ਼ੌਜੀ ਹਸਪਤਾਲ ਦੀਆਂ ਬਹੁਤ ਸਾਰੀਆਂ ਫ਼ੌਜੀ ਸੇਵਾਵਾਂ ਦਾ ਠੇਕਾ ਲੈਣ 'ਚ ਕਾਮਯਾਬ ਹੋ ਗਈ ਸੀ। ਮੈਡੀਕਲ ਕੇਂਦਰਾਂ ਨੂੰ ਚਲਾਏ ਜਾਣ ਦਾ ਨਿੱਜੀਕਰਨ ਕਰ ਦੇਣ ਦੀ ਮੁਹਿੰਮ ਨਾਲ ਇਨ੍ਹਾਂ ਦੇ ਰੱਖ-ਰਖਾਅ ਅਤੇ ਇਲਾਜ ਦੇ ਪੱਧਰ 'ਚ ਬਹੁਤ ਜ਼ਿਆਦਾ ਨਿਘਾਰ ਆ ਗਿਆ, ਕਿਉਂਕਿ ਸੌ ਤੋਂ ਵੱਧ ਕੇਂਦਰੀ ਸਰਕਾਰ ਦੇ ਸਿੱਖਿਆ ਅਮਲੇ ਨੇ ਇਸ ਸੰਸਥਾ ਨੂੰ ਅਲਵਿਦਾ ਆਖ ਦਿੱਤੀ ਸੀ।[52]

ਨਿੱਜੀ ਕੰਪਨੀਆਂ ਦੀ ਵੱਡੇ ਪੱਧਰ 'ਤੇ ਫੈਲ ਰਹੀ ਭੂਮਿਕਾ ਨੂੰ ਕਦੇ ਵੀ ਨੀਤੀ ਦੇ ਸਵਾਲ ਵਜੋਂ ਖੁੱਲ੍ਹੀ ਬਹਿਸ ਦਾ ਵਿਸ਼ਾ ਨਹੀਂ ਬਣਾਇਆ ਗਿਆ (ਲਗਭਗ ਇਸੇ ਦੌਰਾਨ ਇਰਾਕ ਦੇ ਤੇਲ

ਬਾਰੇ ਤਜਵੀਜ਼ਤ ਕਾਨੂੰਨ ਲਾਗੂ ਕੀਤਾ ਗਿਆ ਸੀ)। ਰਮਜ਼ਫੈਲਡ ਨੂੰ ਫੈੱਡਰਲ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਜਾਂ ਆਹਲਾ ਦਰਜੇ ਦੇ ਜਰਨੈਲਾਂ ਨਾਲ ਗਹਿ-ਗੱਡਵੀਂ ਲੜਾਈ ਨਹੀਂ ਲੜਨੀ ਪਈ। ਇਸ ਦੀ ਬਜਾਏ, ਇਹ ਸਭ ਕੁਝ ਮੈਦਾਨੇ-ਜੰਗ 'ਚ ਲੜਦੇ ਸਮੇਂ ਹੀ ਵਾਪਰ ਗਿਆ, ਜਿਸ ਨੂੰ ਫ਼ੌਜ *ਰੀਂਗਵਾਂ ਮਿਸ਼ਨ* (Mission Creep) ਕਹਿੰਦੀ ਹੈ। ਜੰਗ ਜਿੰਨੀ ਵੱਧ ਲਮਕਦੀ ਗਈ, ਓਨੀ ਹੀ ਇਹ ਨਿੱਜੀਕਰਨ ਕੀਤੀ ਜੰਗ ਬਣਦੀ ਗਈ, ਅਤੇ ਥੋੜ੍ਹੇ ਸਮੇਂ 'ਚ ਹੀ ਇਹ ਜੰਗ ਦਾ ਨਵਾਂ ਢੰਗ ਬਣ ਚੁੱਕਾ ਸੀ। ਜਿਵੇਂ ਬਹੁਤ ਸਾਰੇ ਮਾਮਲਿਆਂ 'ਚ ਪਹਿਲਾਂ ਹੋਇਆ ਸੀ, ਇਸ ਸਮੇਂ ਵੀ ਸੰਕਟ ਮੰਡੀ ਵਿਚ ਤੇਜ਼ੀ ਲਿਆਉਣ ਦਾ ਸਾਧਨ ਬਣਿਆ ਸੀ।

ਅੰਕੜੇ ਕਾਰਪੋਰੇਟਾਂ ਦੇ ਰੀਂਗਵੇਂ ਮਿਸ਼ਨ ਦੀ ਹੈਰਾਨੀਜਨਕ ਕਹਾਣੀ ਬਿਆਨ ਕਰਦੇ ਹਨ। 1991 ਦੀ ਪਹਿਲੀ ਖਾੜੀ ਜੰਗ ਦੌਰਾਨ, ਸੌ ਫ਼ੌਜੀਆਂ ਪਿੱਛੇ ਠੇਕੇ ਨਾਲ ਸਬੰਧਤ ਇਕ ਬੰਦਾ ਹੁੰਦਾ ਸੀ। ਇਰਾਕ ਉੱਪਰ 2003 ਦਾ ਹਮਲਾ ਸ਼ੁਰੂ ਹੋਣ ਸਮੇਂ, ਇਹ ਅਨੁਪਾਤ ਦਸ ਫ਼ੌਜੀਆਂ ਪਿੱਛੇ ਇਕ ਠੇਕੇ ਦਾ ਬੰਦਾ ਹੋਣ ਤੱਕ ਜਾ ਪਹੁੰਚਿਆ। ਅਮਰੀਕੀ ਧਾੜਵੀ ਰਾਜ ਦੇ ਤਿੰਨ ਸਾਲ ਬਾਅਦ, ਅਨੁਪਾਤ ਤਿੰਨ ਪਿੱਛੇ ਇਕ ਦਾ ਹੋ ਗਿਆ। ਜਦੋਂ ਧਾੜਵੀ ਰਾਜ ਚੌਥੇ ਸਾਲ 'ਚ ਦਾਖ਼ਲ ਹੋਇਆ ਤਾਂ ਚੌਥਾ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ, ਅਨੁਪਾਤ ਹਰੇਕ ਸਵਾ ਅਮਰੀਕੀ ਫ਼ੌਜੀ ਪਿੱਛੇ ਇਕ ਠੇਕੇ ਵਾਲੇ ਬੰਦਾ ਦਾ ਹੋ ਗਿਆ ਸੀ। ਅਸਲ ਵਿਚ, ਇਨ੍ਹਾਂ ਅੰਕੜਿਆਂ 'ਚ ਸਿਰਫ਼ ਉਹ ਠੇਕੇ ਵਾਲੇ ਬੰਦੇ ਸ਼ਾਮਲ ਸਨ ਜੋ ਸਿੱਧੇ ਤੌਰ 'ਤੇ ਅਮਰੀਕੀ ਸਰਕਾਰ ਲਈ ਕੰਮ ਕਰ ਰਹੇ ਸਨ। ਇਨ੍ਹਾਂ ਵਿਚ ਨਾ ਤਾਂ ਗੱਠਜੋੜ ਦੇ ਭਾਈਵਾਲ ਹੋਰ ਦੇਸ਼ਾਂ ਲਈ ਜਾਂ ਇਰਾਕੀ ਸਰਕਾਰ ਲਈ ਕੰਮ ਕਰਨ ਵਾਲੇ ਬੰਦੇ ਸ਼ਾਮਲ ਸਨ ਅਤੇ ਨਾ ਹੀ ਕੁਵੈਤ ਅਤੇ ਜਾਰਡਨ ਸਥਿਤ ਠੇਕੇਦਾਰ ਕੰਪਨੀਆਂ ਵਾਲੇ ਜਿਨ੍ਹਾਂ ਨੇ ਅਗਾਂਹ ਉੱਪ ਠੇਕੇਦਾਰਾਂ ਨੂੰ ਕੰਮ ਦੇ ਰੱਖਿਆ ਸੀ।[53]

ਇਰਾਕ 'ਚ ਕੰਮ ਕਰਦੇ ਬਰਤਾਨਵੀ ਫ਼ੌਜੀਆਂ ਨਾਲੋਂ ਨਿੱਜੀ ਸੁਰੱਖਿਆ ਕੰਪਨੀਆਂ ਲਈ ਕੰਮ ਕਰਦੇ ਉਨ੍ਹਾਂ ਦੇ ਹਮ-ਵਤਨੀਆਂ ਦੀ ਗਿਣਤੀ ਪਹਿਲਾਂ ਹੀ ਵੱਧ ਹੈ ਜਿਸ ਦਾ ਅਨੁਪਾਤ 3:1 ਹੈ। ਜਦੋਂ ਫਰਵਰੀ 2007 'ਚ ਟੋਨੀ ਬਲੇਅਰ ਨੇ ਐਲਾਨ ਕੀਤਾ ਕਿ ਉਹ ਇਰਾਕ ਵਿਚੋਂ ਸੋਲਾਂ ਸੌ ਫ਼ੌਜੀ ਵਾਪਸ ਬੁਲਾ ਰਿਹਾ ਹੈ ਤਾਂ ਪ੍ਰੈੱਸ 'ਚ ਲਗਾਤਾਰ ਰਿਪੋਰਟ ਆਉਂਦੀ ਰਹੀ ਕਿ "ਸਿਵਲ ਨੌਕਰੀ ਕਰਨ ਵਾਲਿਆਂ ਨੂੰ ਆਸ ਹੈ," ਕਿ ਬਰਤਾਨਵੀ ਸਰਕਾਰ ਜਿਨ੍ਹਾਂ ਕੰਪਨੀਆਂ ਨੂੰ ਸਿੱਧੇ ਤੌਰ 'ਤੇ ਅਦਾਇਗੀ ਕਰਦੀ ਹੈ "ਉਨ੍ਹਾਂ ਵਲੋਂ 'ਭਾੜੇ ਦੇ ਫ਼ੌਜੀ' ਮੁਹੱਈਆ ਕੀਤੇ ਜਾਣ ਦੀ ਮਦਦ ਨਾਲ ਇਹ ਪਾੜਾ ਪੂਰਿਆ ਜਾ ਸਕਦਾ ਹੈ।" ਨਾਲ ਹੀ, ਐਸੋਸੀਏਟਿਡ ਪ੍ਰੈੱਸ ਨੇ ਇਰਾਕ 'ਚ ਠੇਕੇਦਾਰਾਂ ਦੀ ਗਿਣਤੀ ਇਕ ਲੱਖ ਵੀਹ ਹਜ਼ਾਰ ਪੇਸ਼ ਕੀਤੀ ਸੀ, ਜੋ ਤਕਰੀਬਨ ਅਮਰੀਕੀ ਫ਼ੌਜੀ ਦਸਤਿਆਂ ਦੀ ਗਿਣਤੀ ਦੇ ਬਰਾਬਰ ਸੀ।[54] ਗਿਣਤੀ ਦੇ ਪੱਖ ਤੋਂ, ਨਿੱਜੀਕਰਨ ਹੋ ਚੁੱਕੀ ਇਸ ਤਰ੍ਹਾਂ ਦੀ ਜੰਗ ਪਹਿਲਾਂ ਹੀ ਸੰਯੁਕਤ ਰਾਸ਼ਟਰ 'ਤੇ ਭਾਰੂ ਪੈ ਚੁੱਕੀ ਸੀ। ਸੰਯੁਕਤ ਰਾਸ਼ਟਰ ਦਾ 2006-2007 ਦਾ ਅਮਨ ਬਹਾਲੀ ਬਜਟ 5.25 ਅਰਬ ਡਾਲਰ ਸੀ—ਇਹ ਉਸ 20 ਅਰਬ ਡਾਲਰ ਦੀ ਕਮਾਈ ਦੇ ਚੌਥੇ ਹਿੱਸੇ ਜਿੰਨੀ ਰਕਮ ਸੀ ਜੋ ਹੈਲੀਬਰਟਨ ਨੇ ਇਰਾਕ ਦੇ ਠੇਕਿਆਂ ਵਿਚੋਂ ਕੀਤੀ ਸੀ। ਤਾਜ਼ਾ ਅੰਦਾਜ਼ਿਆਂ ਅਨੁਸਾਰ ਇਕੱਲੀ ਭਾੜੇ ਦੇ ਫ਼ੌਜੀਆਂ ਦੀ ਸਨਅਤ ਹੀ 4 ਅਰਬ ਡਾਲਰ ਦੀ ਹੈ।[55]

ਲਿਹਾਜ਼ਾ ਇਰਾਕ ਦੀ ਮੁੜ-ਉਸਾਰੀ ਇਰਾਕੀਆਂ ਲਈ ਭਾਵੇਂ ਅਸਫ਼ਲ ਕੰਮ ਸੀ, ਪਰ ਤਬਾਹੀਪਸੰਦ ਸਰਮਾਏਦਾਰਾ ਢਾਂਚੇ ਨੂੰ ਇਸ ਨੇ ਸਭ ਕੁਝ ਦਿੱਤਾ ਸੀ। 11 ਸਤੰਬਰ ਦੇ ਹਮਲਿਆਂ ਨਾਲ ਸੰਭਵ ਬਣੀ ਇਰਾਕ ਖ਼ਿਲਾਫ਼ ਜੰਗ ਨਵੀਂ ਆਰਥਿਕਤਾ ਦੀ ਹਿੰਸਕ ਪੈਦਾਇਸ਼ ਹੀ ਸੀ। ਇਹ ਰਮਜ਼ਫੈਲਡ ਦੀ "ਕਾਇਆਕਲਪ" ਯੋਜਨਾ ਦੀ ਪ੍ਰਤਿਭਾ ਦਾ ਕਮਾਲ ਸੀ : ਕਿਉਂਕਿ

ਤਬਾਹੀ ਅਤੇ ਮੁੜ-ਉਸਾਰੀ ਦੋਵਾਂ ਦੇ ਹਰੇਕ ਸੰਭਵ ਪਹਿਲੂ ਨੂੰ ਠੇਕੇ 'ਤੇ ਦੇ ਦਿੱਤਾ ਗਿਆ ਅਤੇ ਇਸ ਦਾ ਨਿੱਜੀਕਰਨ ਕਰ ਦਿੱਤਾ ਗਿਆ, ਇਸ ਲਈ ਜਦੋਂ ਬੰਬ ਡਿੱਗਣੇ ਸ਼ੁਰੂ ਹੁੰਦੇ ਹਨ, ਜਦੋਂ ਬੰਬਾਰੀ ਬੰਦ ਹੋ ਜਾਂਦੀ ਹੈ ਅਤੇ ਦੁਬਾਰਾ ਸ਼ੁਰੂ ਹੋ ਜਾਂਦੀ ਹੈ ਤਾਂ ਮੰਡੀ 'ਚ ਤੇਜ਼ੀ ਆ ਜਾਂਦੀ ਹੈ—ਭਾਵ ਇਹ ਤਬਾਹੀ ਅਤੇ ਮੁੜ-ਉਸਾਰੀ ਦਾ, ਤਹਿਸ਼-ਨਹਿਸ਼ ਕਰਨ ਅਤੇ ਉਸਾਰੀ ਕਰਨ ਦਾ ਮੁਨਾਫ਼ੇ ਦਾ ਬੰਦ ਚੱਕਰ ਹੈ। ਹੈਲੀਬਰਟਨ ਅਤੇ ਕਾਰਲਾਈਲ ਗਰੁੱਪ ਵਰਗੀਆਂ ਘਾਗ ਅਤੇ ਦੂਰ-ਅੰਦੇਸ਼ ਕੰਪਨੀਆਂ ਲਈ ਤਬਾਹ ਕਰਨ ਵਾਲੇ ਅਤੇ ਮੁੜ-ਉਸਾਰੀ ਵਾਲੇ ਇਨ੍ਹਾਂ ਕਾਰਪੋਰੇਸ਼ਨਾਂ ਦੀਆਂ ਵੱਖ-ਵੱਖ ਸ਼ਾਖਾਵਾਂ ਹੀ ਹਨ।•[56]

ਬੁਸ਼ ਸਰਕਾਰ ਨੇ ਇਰਾਕ ਵਿਚ ਨਿੱਜੀਕਰਨ ਦਾ ਜੋ ਨਮੂਨਾ ਸਿਰਜਿਆ ਉਸ ਦਾ ਸੰਸਥਾਕਰਨ ਕਰਨ ਲਈ ਇਸ ਨੇ ਬਹੁਤ ਸਾਰੇ ਅਹਿਮ ਕਦਮ ਚੁੱਕੇ ਸਨ ਜਿਨ੍ਹਾਂ ਦੀ ਛਾਣਬੀਣ ਘੱਟ ਹੀ ਹੋਈ ਹੈ। ਉਸ ਨੇ ਇਸ ਨੂੰ ਬਦੇਸ਼ ਨੀਤੀ ਦੀ ਪੱਕੀ ਵਿਸ਼ੇਸ਼ਤਾ ਬਣਾ ਦਿੱਤਾ ਹੈ। ਜੁਲਾਈ 2006 'ਚ, ਇਰਾਕ ਦੀ ਮੁੜ-ਉਸਾਰੀ ਦੇ ਇੰਸਪੈਕਟਰ ਜਨਰਲ ਬੋਵੇਨ ਨੇ ਠੇਕੇ ਦੇ ਵੱਖ-ਵੱਖ ਕੰਮਾਂ ਦੀਆਂ ਅਸਫ਼ਲਤਾਵਾਂ ਤੋਂ "ਹਾਸਲ ਹੋਏ ਸਬਕਾਂ" ਬਾਰੇ ਇਕ ਰਿਪੋਰਟ ਜਾਰੀ ਕੀਤੀ। ਰਿਪੋਰਟ ਨੇ ਨਿਚੋੜ ਕੱਢਿਆ ਕਿ ਸਮੱਸਿਆਵਾਂ ਨਾਕਾਫ਼ੀ ਯੋਜਨਾਬੰਦੀ ਕਰਕੇ ਪੈਦਾ ਹੋਈਆਂ। ਅਤੇ ਇਸ ਨੇ "ਠੇਕੇ 'ਤੇ ਕੰਮ ਕਰਨ ਵਾਲੇ ਅਮਲੇ ਦੇ ਤਾਇਨਾਤ ਕੀਤੇ ਜਾਣ ਯੋਗ ਰਾਖਵੇਂ ਦਸਤੇ" ਬਣਾਉਣ ਦਾ ਸੱਦਾ ਦਿੱਤਾ "ਜਿਨ੍ਹਾਂ ਨੂੰ ਇਹ ਸਿਖਲਾਈ ਦਿੱਤੀ ਹੋਵੇ ਕਿ ਅਚਾਨਕ ਕਾਰਵਾਈਆਂ ਕਰਨ ਸਮੇਂ ਤੇਜ਼ੀ ਨਾਲ ਰਾਹਤ ਅਤੇ ਮੁੜ-ਉਸਾਰੀ ਦੇ ਕੰਮ ਠੇਕੇ 'ਤੇ ਕਿਵੇਂ ਕਰਨੇ ਹਨ" ਅਤੇ ਇਸ ਨੇ "ਮੁੜ-ਉਸਾਰੀ ਦੇ ਵਿਸ਼ੇਸ਼ ਖੇਤਰਾਂ ਦੀ ਮੁਹਾਰਤ ਰੱਖਦੇ ਵੰਨ-ਸੁਵੰਨੇ ਠੇਕੇਦਾਰਾਂ ਦੇ ਸਮੂਹ ਬਣਾ ਕੇ ਯੋਗਤਾ ਅਨੁਸਾਰ ਅਗਾਊਂ ਜਾਂਚ ਲੈਣ" ਦਾ ਸੁਝਾਅ ਦਿੱਤਾ—ਦੂਜੇ ਲਫ਼ਜ਼ਾਂ 'ਚ ਠੇਕੇ ਦੇ ਅਮਲੇ ਦੀ ਸਥਾਈ ਫ਼ੌਜ ਬਣਾ ਲਈ ਜਾਵੇ। ਬੁਸ਼ ਨੇ ਆਪਣੀ 2007 ਦੀ ਕੇਂਦਰ ਦੀ ਹਾਲਤ ਬਾਰੇ ਤਕਰੀਰ ਵਿਚ ਇਸ ਵਿਚਾਰ ਦੀ ਹਮਾਇਤ ਕਰਦਿਆਂ ਨਵੇਂ ਨਮੂਨੇ ਦੇ ਸਿਵਲੀਅਨ ਰਾਖਵੇਂ ਦਸਤੇ ਬਣਾਉਣ ਦਾ ਐਲਾਨ ਕੀਤਾ। ਉਸ ਨੇ ਫ਼ਰਮਾਇਆ, "ਅਜਿਹੇ ਦਸਤੇ ਜ਼ਿਆਦਾਤਰ ਸਾਡੀ ਰਾਖਵੀਂ ਫ਼ੌਜ ਵਾਂਗ ਕੰਮ ਕਰਨਗੇ। ਜਦੋਂ ਅਮਰੀਕਾ ਨੂੰ ਲੋੜ ਪਵੇ ਬਦੇਸ਼ੀ ਮਿਸ਼ਨਾਂ 'ਚ ਕੰਮ ਕਰਨ ਲਈ ਅਹਿਮ ਮੁਹਾਰਤ ਵਾਲੇ ਸਿਵਲੀਅਨ ਕਿਰਾਏ 'ਤੇ ਰੱਖਣ ਦੀ ਇਜਾਜ਼ਤ ਦਿੱਤੇ ਜਾਣ ਨਾਲ ਹਥਿਆਰਬੰਦ ਤਾਕਤਾਂ 'ਤੇ ਬੋਝ ਘਟੇਗਾ। ਇਹ ਫ਼ੌਜੀ ਵਰਦੀ ਤੋਂ ਵਾਂਝੇ ਲੋਕਾਂ ਨੂੰ ਸਾਡੇ ਸਮਿਆਂ ਦੀਆਂ ਫ਼ੈਸਲਾਕੁਨ ਲੜਾਈਆਂ 'ਚ ਅਮਰੀਕਾ ਤੋਂ ਪਾਰ ਕੰਮ ਕਰਨ ਦਾ ਮੌਕਾ ਦੇਵੇਗਾ।"[57]

ਇਰਾਕ ਵਿਚ ਡੇਢ ਸਾਲ ਧਾੜਵੀ ਰਾਜ ਚਲਾਉਣ ਤੋਂ ਬਾਅਦ ਅਮਰੀਕੀ ਬਦੇਸ਼ ਮੰਤਰਾਲੇ

• ਲਾਕਹੀਡ ਮਾਰਟਿਨ ਇਸ ਪੱਖੋਂ ਸਭ ਤੋਂ ਅੱਗੇ ਹੈ। *ਫਾਇਨਾਂਸ਼ੀਅਲ ਟਾਈਮਜ਼* ਅਨੁਸਾਰ, 2007 ਦੇ ਸ਼ੁਰੂ ਵਿਚ ਇਸ ਨੇ ਸਿਹਤ ਸੰਭਾਲ ਦੀ 1000 ਅਰਬ ਡਾਲਰ ਦੀ ਸਾਲਾਨਾ ਮੰਡੀ ਦੀਆਂ ਕੰਪਨੀਆਂ ਖ਼ਰੀਦਣੀਆਂ ਸ਼ੁਰੂ ਕਰ ਦਿੱਤੀਆਂ, ਅਤੇ ਇਸ ਨੇ ਇੰਜੀਨੀਅਰਿਗ ਦੀ ਦਿਓਕੱਦ ਕੰਪਨੀ *ਪੈਸੀਫਿਕ ਆਰਕੀਟੈਕਟਸ ਅਤੇ ਇੰਜੀਨੀਅਰਜ਼* ਦਾ ਵੀ ਸੌਦਾ ਮਾਰ ਲਿਆ। ਕਬਜ਼ਿਆਂ ਦਾ ਇਹ ਤਾਂਤਾ ਤਬਾਹੀਪਸੰਦ ਸਰਮਾਏਦਾਰਾ ਢਾਂਚੇ ਵਿਚ ਤਬਾਹੀ ਅਤੇ ਮੁੜ-ਉਸਾਰੀ ਦੀ ਸਿੱਧੀ ਘਿਣਾਉਣੀ ਜੋਟੀ ਨੂੰ ਦਰਸਾਉਂਦਾ ਸੀ : ਭਵਿੱਖ ਦੀਆਂ ਲੜਾਈਆਂ ਸਮੇਂ ਇਹ ਨਾ ਸਿਰਫ਼ ਹਥਿਆਰ ਅਤੇ ਲੜਾਕੂ ਜੈੱਟ ਜਹਾਜ਼ ਬਣਾ ਕੇ, ਸਗੋਂ ਉਨ੍ਹਾਂ ਦੇਸ਼ਾਂ ਦੀ ਉਸਾਰੀ ਤੋਂ ਵੀ ਮੁਨਾਫ਼ੇ ਬਟੋਰਿਆ ਕਰੇਗੀ ਜਿਨ੍ਹਾਂ ਨੂੰ ਇਹ ਤਬਾਹ ਕਰੇਗੀ। ਇੱਥੋਂ ਤੱਕ ਕਿ ਇਹ ਆਪਣੇ ਹਥਿਆਰਾਂ ਨਾਲ ਜ਼ਖ਼ਮੀ ਹੋਏ ਲੋਕਾਂ ਦੇ ਇਲਾਜ਼ ਤੋਂ ਵੀ ਮੁਨਾਫ਼ੇ ਕਮਾਏਗੀ।

ਨੇ ਇਕ ਨਵੀਂ ਸ਼ਾਖਾ ਖੋਲ੍ਹ ਦਿੱਤੀ : ਮੁੜ-ਉਸਾਰੀ ਅਤੇ ਸਥਿਰੀਕਰਨ ਦਾ ਦਫ਼ਤਰ। ਇਹ ਵੈਨਜ਼ੂਏਲਾ ਤੋਂ ਲੈ ਕੇ ਇਰਾਨ ਤੱਕ 25 ਵੱਖ-ਵੱਖ ਦੇਸ਼ਾਂ ਦੀ ਮੁੜ-ਉਸਾਰੀ ਦੀਆਂ ਵਿਸਥਾਰਤ ਯੋਜਨਾਵਾਂ ਬਣਾਉਣ ਲਈ ਨਿੱਜੀ ਠੇਕੇਦਾਰ ਕੰਪਨੀਆਂ ਨੂੰ ਅਦਾਇਗੀ ਕਰ ਰਹੀ ਹੈ ਜੋ ਕਿਸੇ ਦਿਨ ਇਕ ਜਾਂ ਦੂਜੇ ਕਾਰਨ, ਅਮਰੀਕੀ ਸਰਪ੍ਰਸਤੀ ਹੇਠ ਕੀਤੀ ਜਾਣ ਵਾਲੀ ਤਬਾਹੀ ਦਾ ਨਿਸ਼ਾਨਾ ਬਣ ਜਾਣਗੇ। ਕਾਰਪੋਰੇਸ਼ਨਾਂ ਅਤੇ ਸਲਾਹਕਾਰ ਕੰਪਨੀਆਂ "ਪਹਿਲਾਂ ਹੀ ਤੈਅ ਠੇਕਿਆਂ" ਸਬੰਧੀ ਕਤਾਰ ਬਣਾਈ ਖੜ੍ਹੀਆਂ ਹਨ ਤਾਂ ਕਿ ਜਿਉਂ ਹੀ ਤਬਾਹੀ ਮਚੇ ਉਹ ਕਾਰਵਾਈ 'ਚ ਕੁੱਦਣ ਲਈ ਤਿਆਰ ਬਰ-ਤਿਆਰ ਹੋਣ।[58] ਬੁਸ਼ ਸਰਕਾਰ ਲਈ, ਇਹ ਕੁਦਰਤੀ ਵਿਕਾਸ ਅਮਲ ਸੀ : ਇਹ ਦਾਅਵਾ ਕਰਨ ਤੋਂ ਬਾਅਦ ਕਿ ਇਸ ਨੂੰ ਹਮਲੇ ਤੋਂ ਪਹਿਲਾਂ ਹੀ ਅਨੰਤ ਤਬਾਹੀ ਮਚਾਉਣ ਦਾ ਹੱਕ ਹੈ ਫੇਰ ਇਹ ਅਗਾਊਂ ਮੁੜ-ਉਸਾਰੀ ਦੀ ਚੌਧਰੀ ਸੱਜ ਗਈ—ਉਨ੍ਹਾਂ ਥਾਵਾਂ ਦੀ ਮੁੜ-ਉਸਾਰੀ ਜਿਹੜੀਆਂ ਹਾਲੇ ਤਬਾਹ ਨਹੀਂ ਕੀਤੀਆਂ ਗਈਆਂ।

ਸੋ ਮੁੱਕਦੀ ਗੱਲ, ਇਰਾਕ 'ਚ ਜੰਗ ਨੇ ਨਮੂਨੇ ਦੀ ਆਰਥਿਕਤਾ ਖੜ੍ਹੀ ਕੀਤੀ—ਇਹ ਨਿਰਾ ਟਾਇਗਰਿਸ ਦਾ ਸ਼ੇਰ ਹੀ ਨਹੀਂ ਸੀ ਜਿਵੇਂ ਨਵ-ਰੂੜ੍ਹੀਵਾਦੀ ਸਰਮਾਏਦਾਰਾ ਚਿੰਤਕਾਂ ਨੇ ਪ੍ਰਚਾਰ ਕੀਤਾ ਸੀ। ਇਸ ਦੀ ਬਜਾਏ, ਇਹ ਨਿੱਜੀਕਰਨ ਕੀਤੀ ਜੰਗ ਅਤੇ ਮੁੜ-ਉਸਾਰੀ ਦਾ ਨਮੂਨਾ ਸੀ—ਨਮੂਨਾ ਜੋ ਝਟਪਟ ਬਰਾਮਦ ਕੀਤੇ ਜਾਣ ਲਈ ਤਿਆਰ ਕਰ ਲਿਆ ਗਿਆ। ਇਰਾਕ ਉੱਪਰ ਹਮਲੇ ਤੱਕ, ਸ਼ਿਕਾਗੋ ਜਹਾਦ ਦੀਆਂ ਹੱਦਬੰਦੀਆਂ ਭੂਗੋਲ ਦੀਆਂ ਤੈਅ ਕੀਤੀਆਂ ਹੋਈਆਂ ਸਨ : ਰੂਸ, ਅਰਜਨਟਾਈਨਾ, ਦੱਖਣੀ ਕੋਰੀਆ। ਹੁਣ ਜਿੱਥੇ ਵੀ ਕਿਤੇ ਅਗਲੀ ਤਬਾਹੀ ਮਚਾਈ ਜਾਵੇਗੀ ਉੱਥੇ ਨਵੀਂ ਹੱਦਬੰਦੀ ਨਜ਼ਰੀਂ ਪੈ ਸਕਦੀ ਹੈ।

ਹਿੱਸਾ ਸੱਤਵਾਂ

ਥਾਂ ਬਦਲ ਰਿਹਾ ਮਹਿਫੂਜ਼ ਖੇਤਰ

ਰਾਖਵੇਂ ਖੇਤਰ ਅਤੇ ਢਹਿਢੇਰੀ ਕੰਧਾਂ

ਤੁਸੀਂ ਕਿਉਂਕਿ ਨਵਾਂ ਸ਼ੁਰੂ ਕਰਨ ਦੇ ਸਮਰੱਥ ਹੋ, ਤੁਸੀਂ ਮੂਲ ਰੂਪ ਵਿਚ ਮੋਹਰੀ ਬਣਕੇ ਸ਼ੁਰੂ ਕਰ ਸਕਦੇ ਹੋ, ਜੋ ਬਹੁਤ ਵਧੀਆ ਚੀਜ਼ ਹੈ। ਤੁਹਾਡੇ ਹੱਥ 'ਚ ਇਹ ਮੌਕਾ ਹੋਣਾ ਤੁਹਾਡੇ ਲਈ ਵਿਸ਼ੇਸ਼ ਸਹੂਲਤ ਹੈ, ਕਿਉਂਕਿ ਐਸੀਆਂ ਹੋਰ ਥਾਵਾਂ ਹਨ ਜਿੱਥੇ ਅਜਿਹੇ ਪ੍ਰਬੰਧ ਨਹੀਂ ਹਨ ਜਾਂ ਜੋ ਅਜਿਹੇ ਪ੍ਰਬੰਧਾਂ ਦੇ ਬੋਝ ਹੇਠ ਹਨ ਜੋ ਸੌ ਜਾਂ ਦੋ ਸੌ ਸਾਲ ਪੁਰਾਣੇ ਹਨ। ਇਕ ਤਰੀਕੇ ਨਾਲ, ਸਭ ਤੋਂ ਉੱਤਮ ਵਿਚਾਰਾਂ ਅਤੇ ਉੱਤਮ ਤਕਨੀਕੀ ਗਿਆਨ ਨਾਲ ਨਵੀਂ ਸ਼ੁਰੂਆਤ ਕਰਨਾ ਅਫ਼ਗਾਨਿਸਤਾਨ ਲਈ ਇਕ ਲਾਹੇਵੰਦੀ ਚੀਜ਼ ਹੈ।

—ਪਾਲ ਓ ਨੀਲ, ਅਮਰੀਕੀ ਖ਼ਜ਼ਾਨਾ ਸਕੱਤਰ, ਨਵੰਬਰ 2002, ਹਮਲੇ ਤੋਂ ਬਾਅਦ ਕਾਬਲ 'ਚ ਟਿੱਪਣੀ

ਕਾਂਡ ਉਨੀਵਾਂ

ਸਮੁੰਦਰੀ ਕੰਢੇ ਨੂੰ ਇੰਵ ਉਜਾੜਿਆ ਗਿਆ

"ਦੂਜੀ ਸੁਨਾਮੀ" ਦੀ ਮਾਰ

ਦਿਓਕੱਦ ਬੁਲਡੋਜ਼ਰ ਵਾਂਗ ਸਮੁੰਦਰੀ ਕੰਢੇ ਨੂੰ ਪੱਧਰਾ ਕਰਨ ਵਾਲੀ ਸੁਨਾਮੀ ਨੇ ਵਿਕਾਸ ਕਰਨ ਵਾਲਿਆਂ ਲਈ ਐਸਾ ਮੌਕਾ ਪੈਦਾ ਕਰ ਦਿੱਤਾ ਹੈ ਜਿਸ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ, ਅਤੇ ਉਹ ਇਸ ਨੂੰ ਫਟਾਫਟ ਹਥਿਆਉਣ ਲਈ ਵਾਹੋਦਾਹੀ ਭੱਜ ਤੁਰੇ ਹਨ।

—ਸੇਠ ਮਿਦਨਜ਼, *ਇੰਟਰਨੈਸ਼ਨਲ ਹੇਰਾਲਡ ਟ੍ਰਿਬਿਊਨ*, 10 ਮਾਰਚ 2005[1]

ਮੈਂ ਕੁਝ ਮਛੇਰਿਆਂ ਨੂੰ ਮਿਲਣ ਦੀ ਆਸ ਨਾਲ ਸਮੁੰਦਰ ਦੇ ਰੇਤਲੇ ਕੰਢੇ 'ਤੇ ਸੂਰਜ ਚੜ੍ਹਨ ਸਾਰ ਪਹੁੰਚ ਗਈ ਸੀ। ਇਸ ਤੋਂ ਪਹਿਲਾਂ ਕਿ ਉਹ ਪੂਰੇ ਦਿਨ ਲਈ ਨੀਲੇ ਪਾਣੀਆਂ 'ਚ ਠਿੱਲ ਪੈਂਦੇ। 2005 ਦਾ ਜੁਲਾਈ ਮਹੀਨਾ ਸੀ ਅਤੇ ਸਮੁੰਦਰੀ ਕੰਢਾ ਲਗਭਗ ਸੁੰਨ-ਮ-ਸਾਨ ਸੀ, ਪਰ ਉੱਥੇ ਹੱਥ ਨਾਲ ਰੰਗ ਕੀਤੀਆਂ ਲੱਕੜ ਦੀਆਂ ਸ਼ਤੀਰਾਂ ਦਾ ਨਿੱਕਾ ਜਿਹਾ ਗੱਠਾ ਪਿਆ ਸੀ, ਅਤੇ ਉਨ੍ਹਾਂ ਵਿਚੋਂ ਇਕ ਕੋਲ ਇਕ ਨਿੱਕਾ ਜਿਹਾ ਪਰਿਵਾਰ ਸਮੁੰਦਰ 'ਚ ਜਾਣ ਲਈ ਤਿਆਰ ਹੋ ਰਿਹਾ ਸੀ। ਚਾਲੀਆਂ ਦਾ ਰੋਜਰ ਇਕੱਲੀ ਧੋਤੀ ਬੰਨ੍ਹੀ, ਨੰਗੇ ਧੜ ਰੇਤ ਉੱਪਰ ਬੈਠਾ ਸੀ ਅਤੇ ਆਪਣੇ ਵੀਹ ਸਾਲਾਂ ਦੇ ਪੁੱਤਰ ਇਵਾਨ ਨਾਲ ਮਿਲ ਕੇ ਉਲਝੇ ਹੋਏ ਲਾਲ ਰੰਗ ਦੇ ਜਾਲ ਦੀ ਮੁਰੰਮਤ ਕਰ ਰਿਹਾ ਸੀ। ਰੋਜਰ ਦੀ ਪਤਨੀ ਜੀਨਿਤਾ ਬੇੜੀ ਦੀ ਪਰਿਕ੍ਰਮਾ ਕਰਦੀ ਹੋਈ, ਧੂਣੀ ਦੇ ਰਹੀ ਸੀ। ਉਸ ਨੇ ਇਸ ਦਾ ਸਪਸ਼ਟੀਕਰਨ ਦਿੱਤਾ ਕਿ ਇਹ "ਚੰਗੀ ਕਿਸਮਤ ਅਤੇ ਸੁਰੱਖਿਆ ਦੀ ਦੁਆ ਹੈ।"

ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਇਸ ਅਤੇ ਇਸ ਵਰਗੇ ਸਮੁੰਦਰੀ ਕੰਢੇ ਦੇ ਦਰਜਨਾਂ ਹੋਰ ਰੇਤਲੇ ਇਲਾਕਿਆਂ 'ਚ ਰਾਹਤ ਮਿਸ਼ਨਾਂ ਦਾ ਜ਼ੋਰ ਸੀ ਜਿੱਥੇ ਮੌਜੂਦਾ ਸਮੇਂ ਦੀ ਸਭ ਤੋਂ ਵੱਧ ਤਬਾਹੀ ਮਚਾਉਣ ਵਾਲੀ ਕੁਦਰਤੀ ਆਫ਼ਤ ਆਈ ਸੀ—26 ਦਸੰਬਰ 2004 ਦੀ ਸੁਨਾਮੀ, ਜਿਸ ਨੇ ਪੂਰੇ

ਖੇਤਰ ’ਚ 250,000 ਲੋਕਾਂ ਦੀਆਂ ਜਾਨਾਂ ਲਈਆਂ ਅਤੇ ਇਸ ਖੇਤਰ ਦੇ 25 ਲੱਖ ਲੋਕ ਘਰੋਂ ਬੇਘਰ ਕਰ ਦਿੱਤੇ ਸਨ।[2] ਮੈਂ ਛੇ ਮਹੀਨੇ ਬਾਅਦ ਆਫ਼ਤਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ’ਚ ਇਹ ਦੇਖਣ ਆਈ ਸੀ ਕਿ ਇਰਾਕ ਦੇ ਮੁਕਾਬਲੇ ਇੱਥੇ ਮੁੜ-ਉਸਾਰੀ ਦੇ ਕਿਹੋ ਜਹੇ ਯਤਨ ਕੀਤੇ ਜਾ ਰਹੇ ਸਨ।

ਸਫ਼ਰ ’ਚ ਮੇਰੀ ਸਾਥਣ ਕੁਮਾਰੀ ਕੋਲੰਬੋ ’ਚ ਕਾਰਕੁਨ ਵਜੋਂ ਕੰਮ ਕਰਦੀ ਸੀ। ਅਤੇ ਰਾਹਤ ਅਤੇ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ’ਚ ਸ਼ਾਮਲ ਰਹੀ ਸੀ। ਉਹ ਸੁਨਾਮੀ ਤੋਂ ਪੀੜਤ ਖੇਤਰ ’ਚ ਮੇਰੇ ਲਈ ਮਾਰਗ-ਦਰਸ਼ਕ ਅਤੇ ਅਨੁਵਾਦਕ ਦਾ ਕੰਮ ਕਰਨ ਲਈ ਸਹਿਮਤ ਹੋ ਗਈ ਸੀ। ਅਰੂਗਮ ਖਾੜੀ ਦੀ ਸਾਡੀ ਫੇਰੀ ਦੀ ਸ਼ੁਰੂਆਤ ਟਾਪੂ ਦੇ ਪੂਰਬੀ ਕੰਢੇ ਉੱਤਲੇ ਮੱਛੀਆਂ ਫੜ੍ਹਨ ਅਤੇ ਸੈਰਸਪਾਟੇ ਦਾ ਕੇਂਦਰ ਰਹੇ ਪਿੰਡ ਤੋਂ ਹੋਈ ਜੋ ਹੁਣ ਮਿਟ ਚੁੱਕਾ ਸੀ। ਸਰਕਾਰ ਦੀ ਮੁੜ ਉਸਾਰੀ ਟੀਮ “ਪਹਿਲਾਂ ਨਾਲੋਂ ਵਧੀਆ ਉਸਾਰਨ” ਦੀ ਯੋਜਨਾ ਦੇ ਨਮੂਨੇ ਵਜੋਂ ਇਸ ਨੂੰ ਬੁਲੰਦ ਕਰ ਰਹੀ ਸੀ।

ਇੱਥੇ ਹੀ ਸਾਡਾ ਮੇਲ ਰੋਜਰ ਨਾਲ ਹੋਇਆ, ਜਿਸ ਨੇ ਕੁਝ ਮਿੰਟਾਂ ’ਚ ਹੀ ਬਹੁਤ ਹੀ ਵੱਖਰੀ ਤਰ੍ਹਾਂ ਦੀ ਕਹਾਣੀ ਦੱਸੀ। ਉਸ ਅਨੁਸਾਰ ਇਹ “ਮਛੇਰਿਆਂ ਨੂੰ ਸਮੁੰਦਰੀ ਇਲਾਕੇ ’ਚੋਂ ਦਬੱਲਣ ਦੀ ਯੋਜਨਾ ਹੈ।” ਉਸ ਨੇ ਦਾਅਵਾ ਕੀਤਾ ਕਿ ਵਿਆਪਕ ਪੱਧਰ ’ਤੇ ਬੇਦਖ਼ਲੀ ਦੀ ਇਹ ਯੋਜਨਾ ਭਿਆਨਕ ਤੂਫ਼ਾਨ ਤੋਂ ਬਹੁਤ ਪਹਿਲਾਂ ਬਣਾਈ ਗਈ ਸੀ। ਅਸਲ ਵਿਚ ਸੁਨਾਮੀ ਨੂੰ ਤਾਂ ਹੋਰ ਬਹੁਤ ਸਾਰੀਆਂ ਤਬਾਹੀਆਂ ਵਾਂਗ ਹੀ ਇਕ ਬੇਹੱਦ ਘਿਣਾਉਣੇ ਏਜੰਡੇ ਨੂੰ ਲਾਗੂ ਕਰਨ ਦਾ ਜ਼ਰੀਆ ਬਣਾਕੇ ਵਰਤਿਆ ਜਾ ਰਿਹਾ ਸੀ। ਰੋਜਰ ਨੇ ਸਾਨੂੰ ਦੱਸਿਆ ਕਿ ਪੰਦਰਾਂ ਸਾਲ ਤੋਂ ਉਸ ਦਾ ਪਰਿਵਾਰ ਮੱਛੀਆਂ ਫੜਨ ਦੀ ਪੂਰੀ ਰੁੱਤੇ ਅਰੂਗਮ ਖਾੜੀ ਦੇ ਸਮੁੰਦਰੀ ਕੰਢੇ ’ਤੇ ਬਣਾਏ ਛੱਪਰ ’ਚ ਗੁਜ਼ਾਰਦਾ ਰਿਹਾ ਹੈ। ਜਿੱਥੇ ਅਸੀਂ ਇਸ ਵਕਤ ਬੈਠੇ ਹੋਏ ਸੀ। ਮਛੇਰਿਆਂ ਦੇ ਦਰਜਨਾਂ ਹੋਰ ਪਰਿਵਾਰਾਂ ਵਾਂਗ, ਉਹ ਆਪਣੀ ਬੇੜੀ ਛੱਪਰ ਦੇ ਨਾਲ ਬੰਨ੍ਹੀ ਰੱਖਦੇ ਅਤੇ ਖ਼ੂਬਸੂਰਤ ਰੇਤ ਉੱਪਰ ਕੇਲੇ ਦੇ ਪੱਤੇ ਵਿਛਾ ਕੇ ਆਪਣਾ ਸ਼ਿਕਾਰ ਸੁਕਾ ਲੈਂਦੇ। ਉਹ ਸਹਿਜੇ ਹੀ ਸੈਲਾਨੀਆਂ ਨਾਲ ਘੁਲਮਿਲ ਜਾਂਦੇ, ਜਿਨ੍ਹਾਂ ਵਿਚੋਂ ਜ਼ਿਆਦਤਰ ਰੇਤਲੇ ਕੰਢੇ ’ਚ ਬਣੇ ਹੋਸਟਲਾਂ ’ਚ ਰਹਿਣ ਵਾਲੇ ਆਸਟਰੇਲੀਅਨ ਅਤੇ ਯੂਰਪੀ ਤੈਰਾਕ ਹੁੰਦੇ। ਹੋਸਟਲਾਂ ਸਾਹਮਣੇ ਪੁਰਾਣੇ ਜਹੇ ਝੂਲੇ ਲੱਗੇ ਹੁੰਦੇ ਅਤੇ ਨਾਰੀਅਲ ਦੇ ਦਰੱਖਤਾਂ ਨਾਲ ਟੰਗੇ ਸਪੀਕਰਾਂ ਉੱਪਰ ਲੰਦਨ ਕਲੱਬ ਮਾਰਕਾ ਸੰਗੀਤ ਚੱਲਦਾ ਰਹਿੰਦਾ। ਰੇਸਤਰਾਂ ਵਾਲੇ ਸਿੱਧੀ ਬੇੜੀਆਂ ਤੋਂ ਹੀ ਮੱਛੀ ਖ਼ਰੀਦ ਲੈਂਦੇ ਅਤੇ ਰੰਗ-ਬਰੰਗੀ ਰਵਾਇਤੀ ਜੀਵਨ-ਸ਼ੈਲੀ ਵਾਲੇ ਮਛੇਰੇ ਲੋਕ ਖ਼ਾਲਸ ਰਹਿਣੀ-ਬਹਿਣੀ ਦਾ ਨਜ਼ਾਰਾ ਪੇਸ਼ ਕਰਦੇ ਜਿਸ ਦੀ ਭਾਲ ’ਚ ਬਹੁਤ ਜ਼ਿਆਦਾ ਉਘੜ-ਦੁਗੜੇ ਪਹਿਰਾਵੇ ਵਾਲੇ ਸੈਲਾਨੀ ਇੱਥੇ ਆਉਂਦੇ ਸਨ।

ਲੰਮੇ ਸਮੇਂ ਤੋਂ ਅਰੂਗਮ ਖਾੜੀ ’ਚ ਹੋਟਲਾਂ ਅਤੇ ਮਛੇਰਿਆਂ ਦਰਮਿਆਨ ਕੋਈ ਖ਼ਾਸ ਟਕਰਾਅ ਨਹੀਂ ਆਇਆ ਸੀ। ਇਸ ਦੀ ਵਜ੍ਹਾ ਇਹ ਸੀ ਕਿ ਸ੍ਰੀਲੰਕਾ ’ਚ ਚੱਲ ਰਹੀ ਖ਼ਾਨਾਜੰਗੀ ਨਾਲ ਇਹ ਯਕੀਨੀ ਬਣਿਆ ਰਿਹਾ ਕਿ ਕੋਈ ਵੀ ਸਨਅਤ ਛੋਟੇ ਪੈਮਾਨੇ ਤੋਂ ਅਗਾਂਹ ਵਿਕਾਸ ਨਹੀਂ ਕਰ ਸਕਦੀ ਸੀ। ਸ੍ਰੀ ਲੰਕਾ ਦੇ ਪੂਰਬੀ ਸਮੁੰਦਰੀ ਕੰਢੇ ਵਾਲੇ ਪਾਸੇ ਸਭ ਤੋਂ ਜ਼ਬਰਦਸਤ ਲੜਾਈ ਚੱਲਦੀ ਰਹੀ ਕਿਉਂਕਿ ਦੋਵੇਂ ਧਿਰਾਂ ਇਸ ਖੇਤਰ ਉੱਪਰ ਦਾਅਵਾ ਜਤਾਉਂਦੀਆਂ ਸਨ—ਉੱਤਰ ਵਿਚ ਤਾਮਿਲ ਈਲਮ ਦੇ ਮੁਕਤੀ ਚੀਤੇ (ਜੋ ਤਾਮਿਲ ਟਾਈਗਰ ਵਜੋਂ ਪ੍ਰਸਿੱਧ ਸਨ) ਅਤੇ ਕੋਲੰਬੋ ਵਿਚ ਕੇਂਦਰੀ ਸਿਨਹਾਲਾ ਹਕੂਮਤ—ਪਰ ਕੋਈ ਵੀ ਮੁਕੰਮਲ ਕਬਜ਼ਾ ਨਹੀਂ ਕਰ ਸਕਿਆ ਸੀ। ਅਰੂਗਮ ਖਾੜੀ ’ਚ ਜਾਣ ਲਈ ਨਾਕਿਆਂ ਦੀਆਂ ਭੁੱਲ-ਭੁਲੱਈਆਂ ਵਿਚੋਂ ਲੰਘਣਾ ਪੈਂਦਾ ਅਤੇ ਗੋਲੀਬਾਰੀ ਜਾਂ ਮਨੁੱਖੀ ਬੰਬਾਂ ਦੀ ਮਾਰ ਹੇਠ ਆਉਣ ਦਾ ਖ਼ਤਰਾ ਮੁੱਲ ਲੈਣਾ ਪੈਂਦਾ (ਵਿਸਫੋਟਕ ਆਤਮਘਾਤੀ

ਪੇਟੀ ਦੀ ਕਾਢ ਕੱਢਣ ਦਾ ਸਿਹਰਾ ਤਾਮਿਲ ਚੀਤਿਆਂ ਨੂੰ ਜਾਂਦਾ ਹੈ)। ਸਾਰੇ ਹੀ ਸੂਚਨਾ ਕਿਤਾਬਚੇ ਸ੍ਰੀ ਲੰਕਾ ਦੇ ਗੜਬੜ-ਗ੍ਰਸਤ ਪੂਰਬੀ ਸਮੁੰਦਰੀ ਕੰਢੇ ਤੋਂ ਦੂਰ ਰਹਿਣ ਦੀਆਂ ਸਖ਼ਤ ਨਸੀਹਤਾਂ ਨਾਲ ਭਰੇ ਹੁੰਦੇ। ਛੱਲਾਂ ਦਾ ਆਉਣਾ ਚੰਗਾ ਮੰਨਿਆ ਜਾਂਦਾ ਸੀ, ਪਰ ਸਖ਼ਤ ਜਾਨ ਲੋਕ ਹੀ ਇਨ੍ਹਾਂ ਦਾ ਨਜ਼ਾਰਾ ਮਾਨਣ ਦਾ ਜ਼ੋਖ਼ਮ ਉਠਾ ਸਕਦੇ ਸਨ।

ਇਸ ਵਿਚ ਨਵੀਂ ਸ਼ੁਰੂਆਤ ਫਰਵਰੀ 2002 'ਚ ਓਦੋਂ ਹੋਈ, ਜਦੋਂ ਕੋਲੰਬੋ ਅਤੇ ਟਾਈਗਰਾਂ ਦਰਮਿਆਨ ਯੁੱਧਬੰਦੀ ਦਾ ਸਮਝੌਤਾ ਹੋ ਗਿਆ। ਇਹ ਪੂਰਾ ਅਮਨ-ਅਮਾਨ ਨਹੀਂ ਸੀ, ਅਸਲ ਵਿਚ ਫ਼ੌਜੀ ਕਾਰਵਾਈਆਂ ਬੰਦ ਸਨ। ਇਨ੍ਹਾਂ ਵਿਚ ਕਦੇ-ਕਦਾਈਂ ਬੰਬਾਰੀ ਜਾਂ ਕਤਲ ਨਾਲ ਖ਼ਲਲ ਪੈ ਜਾਂਦਾ। ਇਸ ਬੇਯਕੀਨੀ ਰਾਹਤ ਦੇ ਬਾਵਜੂਦ, ਜਿਉਂ ਹੀ ਸੜਕਾਂ ਖੁੱਲ੍ਹ ਗਈਆਂ, ਸੂਚਨਾ ਕਿਤਾਬਚਿਆਂ ਨੇ ਪੂਰਬੀ ਸਮੁੰਦਰੀ ਕੰਢੇ ਨੂੰ ਅਗਲੇ ਫੂਕੇਤ (ਥਾਈਲੈਂਡ ਦੇ ਪ੍ਰਸਿੱਧ ਟਾਪੂ—ਅਨੁਵਾਦਕ) ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ : ਵਿਸ਼ਾਲ ਤੈਰਾਕੀ ਸਹੂਲਤ, ਖ਼ੂਬਸੂਰਤ ਸਮੁੰਦਰੀ ਰੇਤਲੇ ਕੰਢੇ; ਨਵੀਂ ਤਰਜ ਦੇ ਹੋਟਲ, ਜ਼ਾਇਕੇਦਾਰ ਖਾਣੇ, ਸ਼ੂਕਦੀਆਂ ਚਾਨਣੀਆਂ ਰਾਤਾਂ। ਲੋਨਲੀ ਪਲੇਨਟ ਅਨੁਸਾਰ ਇਹ "ਦਾਅਵਤਾਂ ਲਈ ਕਮਾਲ ਦੀ ਥਾਂ" ਸੀ।[3] ਅਤੇ ਅਰੂਗਮ ਖਾੜੀ ਸਰਗਰਮੀ ਦਾ ਕੇਂਦਰ ਸੀ। ਨਾਲ ਹੀ, ਨਾਕੇ ਚੁੱਕ ਦੇਣ ਦਾ ਭਾਵ ਸੀ ਕਿ ਇੱਧਰੋਂ-ਉੱਧਰੋਂ ਮਛੇਰੇ ਅਰੂਗਮ ਖਾੜੀ ਸਮੇਤ ਪੂਰਬੀ ਸਮੁੰਦਰੀ ਕੰਢੇ ਨਾਲ ਲੱਗਦੇ ਸਭ ਤੋਂ ਭਰਪੂਰ ਪਾਣੀਆਂ ਵਿਚ ਵੱਡੀ ਗਿਣਤੀ 'ਚ ਵਾਪਸ ਮੁੜ ਸਕਦੇ ਸਨ।

ਸਮੁੰਦਰ ਦੇ ਰੇਤਲੇ ਖੇਤਰ 'ਚ ਰੌਣਕ ਵਧ ਰਹੀ ਸੀ। ਅਰੂਗਮ ਖਾੜੀ ਨੂੰ ਮੱਛੀ ਬੰਦਰਗਾਹ ਦਾ ਰਾਖਵਾਂ ਖੇਤਰ ਬਣਾ ਦਿੱਤਾ ਗਿਆ ਸੀ, ਪਰ ਸਥਾਨਕ ਹੋਟਲ ਮਾਲਕਾਂ ਨੂੰ ਸ਼ਿਕਾਇਤ ਸੀ ਕਿ ਮਛੇਰਿਆਂ ਦੇ ਛੱਪਰ ਉਨ੍ਹਾਂ ਦੇ ਦ੍ਰਿਸ਼ 'ਚ ਵਿਘਨ ਪਾਉਂਦੇ ਹਨ, ਕਿ ਸੁੱਕੀ ਮੱਛੀ ਦੀ ਬਦਬੂ ਕਾਰਨ ਉਨ੍ਹਾਂ ਦੇ ਗਾਹਕ ਹੋਰ ਪਾਸੇ ਤੁਰ ਜਾਂਦੇ ਹਨ (ਇਕ ਜਰਮਨ ਪ੍ਰਵਾਸੀ ਹੋਟਲ ਮਾਲਕ ਨੇ ਮੈਨੂੰ ਦੱਸਿਆ ਕਿ "ਇੱਥੇ ਬਦਬੂ ਦੇ ਪ੍ਰਦੂਸ਼ਨ ਵਰਗੀ ਹਾਲਤ ਬਣੀ ਹੋਈ ਹੈ")। ਕੁਝ ਹੋਟਲ ਵਾਲਿਆਂ ਨੇ ਸਥਾਨਕ ਸਰਕਾਰ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ ਕਿ ਬੇੜੀਆਂ ਅਤੇ ਮਛੇਰਿਆਂ ਦੇ ਛੱਪਰ ਇੱਥੋਂ ਹਟਾ ਕੇ ਕਿਸੇ ਹੋਰ ਖਾੜੀ 'ਚ ਭੇਜ ਦਿੱਤੇ ਜਾਣ ਜੋ ਬਦੇਸ਼ੀ ਸੈਲਾਨੀਆਂ ਦੀ ਬਹੁਤੀ ਖਿੱਚ ਦਾ ਕੇਂਦਰ ਨਾ ਹੋਵੇ। ਪਿੰਡ ਵਾਸੀਆਂ ਨੇ ਇਹ ਦਲੀਲ ਦੇ ਕੇ ਇਹ ਕੋਸ਼ਿਸ਼ ਪਛਾੜ ਦਿੱਤੀ ਕਿ ਉਹ ਇਸ ਧਰਤੀ 'ਤੇ ਪੁਸ਼ਤਾਂ ਤੋਂ ਵਸੇ ਹੋਏ ਹਨ ਅਤੇ ਅਰੂਗਮ ਖਾੜੀ ਉਨ੍ਹਾਂ ਲਈ ਬੇੜੀਆਂ ਠੇਲ੍ਹਣ ਤੋਂ ਕਿਤੇ ਵਧਕੇ ਹੈ—ਤਾਜ਼ੇ ਪਾਣੀ ਅਤੇ ਬਿਜਲੀ, ਉਨ੍ਹਾਂ ਦੇ ਬੱਚਿਆਂ ਲਈ ਸਕੂਲ ਅਤੇ ਉਨ੍ਹਾਂ ਦੇ ਸ਼ਿਕਾਰ ਦੇ ਖ਼ਰੀਦਦਾਰ, ਇਹੀ ਸਭ ਕੁਝ ਹੈ।

ਸੁਨਾਮੀ ਦੀ ਮਾਰ ਤੋਂ ਛੇ ਮਹੀਨੇ ਪਹਿਲਾਂ ਹੀ ਇਹ ਟਕਰਾਅ ਭੜਕ ਪੈਣ ਦਾ ਖ਼ਤਰਾ ਓਦੋਂ ਬਣ ਗਿਆ ਜਦੋਂ ਅੱਧੀ ਰਾਤ ਨੂੰ ਇਸ ਖੇਤਰ 'ਚ ਰਹੱਸਮਈ ਅਗਨੀ ਕਾਂਡ ਵਾਪਰਿਆ। ਮਛੇਰਿਆਂ ਦੇ ਚੌਵੀ ਛੱਪਰ ਸੜ ਕੇ ਸੁਆਹ ਹੋ ਗਏ ਸਨ। ਰੋਜਰ ਨੇ ਮੈਨੂੰ ਦੱਸਿਆ, "ਸਾਡਾ ਸਮਾਨ, ਸਾਡੇ ਜਾਲ ਅਤੇ ਰੱਸੀਆਂ ਸਭ ਕੁਝ ਖ਼ਤਮ ਹੋ ਗਿਆ।" ਮੈਂ ਅਤੇ ਕੁਮਾਰੀ ਨੇ ਅਰੂਗਮ ਖਾੜੀ ਦੇ ਅਨੇਕਾਂ ਮਛੇਰਿਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਸਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਗ ਜਾਣ-ਬੁੱਝ ਕੇ ਲਾਈ ਗਈ ਸੀ। ਇਸ ਦਾ ਦੋਸ਼ ਉਨ੍ਹਾਂ ਨੇ ਹੋਟਲ ਮਾਲਕਾਂ 'ਤੇ ਲਾਇਆ, ਸਾਫ਼ ਸੀ ਕਿ ਉਹ ਇਸ ਸਮੁੰਦਰੀ ਖੇਤਰ 'ਤੇ ਕਾਬਜ਼ ਹੋਣਾ ਚਾਹੁੰਦੇ ਸਨ।

ਪਰ ਜੇ ਅੱਗ ਸਚਮੁਚ ਮਛੇਰਿਆਂ ਨੂੰ ਡਰਾ ਕੇ ਭਜਾਉਣ ਦੀ ਚਾਲ ਸੀ ਤਾਂ ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ। ਪਿੰਡ ਵਾਲੇ ਹੋਰ ਦ੍ਰਿੜ ਹੋ ਗਏ ਅਤੇ ਜਿਨ੍ਹਾਂ ਦੇ ਛੱਪਰ ਤਬਾਹ ਹੋ ਗਏ

ਸਨ ਉਨ੍ਹਾਂ ਨੇ ਫਟਾਫਟ ਮੁੜ ਬਣਾ ਲਏ।

ਜਦੋਂ ਸੁਨਾਮੀ ਤੂਫ਼ਾਨ ਆਇਆ, ਇਸ ਨੇ ਉਹ ਕੁਝ ਕਰ ਵਿਖਾਇਆ ਜੋ ਅੱਗ ਨਹੀਂ ਸੀ ਕਰ ਸਕੀ; ਇਸ ਨੇ ਸਮੁੰਦਰ ਦਾ ਰੇਤਲਾ ਖੇਤਰ ਪੂਰੀ ਤਰ੍ਹਾਂ ਪੱਧਰਾ ਕਰ ਦਿੱਤਾ। ਹਰੇਕ ਨਿਤਾਣਾ ਢਾਂਚਾ ਹੜ੍ਹ ਗਿਆ—ਹਰੇਕ ਬੇੜੀ, ਹਰੇਕ ਮਛੇਰੇ ਦਾ ਛੱਪਰ, ਨਾਲ ਹੀ ਸੈਲਾਨੀਆਂ ਦੇ ਰਿਹਾਇਸ਼ੀ ਕਮਰੇ ਅਤੇ ਬੰਗਲੇ। ਚਾਰ ਹਜ਼ਾਰ ਦੀ ਵਸੋਂ ਵਿਚੋਂ, 350 ਦੇ ਕਰੀਬ ਲੋਕ ਮਾਰੇ ਗਏ। ਇਨ੍ਹਾਂ ਵਿਚੋਂ ਜ਼ਿਆਦਾਤਰ ਰੋਜਰ, ਇਵਾਨ ਅਤੇ ਜੀਨਿਤਾ ਵਰਗੇ ਲੋਕ ਸਨ ਜਿਨ੍ਹਾਂ ਦਾ ਰਿਜ਼ਕ ਸਮੁੰਦਰ ਸੀ।[4] ਅਤੇ ਇੱਧਰ, ਮਲਬੇ ਅਤੇ ਲਾਸ਼ਾਂ ਦੇ ਢੇਰ ਹੇਠ ਉਹ ਕੁਝ ਪਿਆ ਸੀ ਜਿਸ ਦੀ ਖ਼ਾਤਰ ਸੈਰ-ਸਪਾਟਾ ਸਨਅਤ ਸਦਾ ਚਾਲਾਂ ਖੇਡ੍ਹਦੀ ਰਹੀ ਸੀ—ਇੱਥੇ ਕੰਮ ਕਰਨ ਵਾਲੇ ਲੋਕਾਂ ਦੀ ਹਰ ਤਰ੍ਹਾਂ ਦੀ ਘੜਮੱਸ ਤੋਂ ਮੁਕਤ, ਨਿਛੋਹ ਸਮੁੰਦਰੀ ਰੇਤਲਾ ਖੇਤਰ, ਜੋ ਛੁੱਟੀਆਂ ਕੱਟਣ ਵਾਲਿਆਂ ਲਈ ਸੁਰਗ ਸੀ। ਸਮੁੰਦਰੀ ਕੰਢੇ ਦੇ ਹਰ ਪਾਸੇ ਮਾਮਲਾ ਇਵ ਸੀ; ਇਕ ਵਾਰ ਮਲਬਾ ਪੱਧਰਾ ਕਰ ਦਿੱਤਾ ਗਿਆ ਤਾਂ ਸੁਰਗ ਹੀ ਸੁਰਗ ਹੋਵੇਗਾ।

ਜਦੋਂ ਆਫ਼ਤ ਦਾ ਜ਼ੋਰ ਲੱਗ ਹਟਿਆ, ਅਤੇ ਮਛੇਰਿਆਂ ਦੇ ਪਰਿਵਾਰ ਉਨ੍ਹਾਂ ਥਾਵਾਂ ਨੂੰ ਵਾਪਸ ਮੁੜਨ ਲੱਗੇ ਜਿੱਥੇ ਕਦੇ ਉਨ੍ਹਾਂ ਦੇ ਘਰ ਹੋਇਆ ਕਰਦੇ ਸਨ ਤਾਂ ਉਨ੍ਹਾਂ ਦਾ ਸਵਾਗਤ ਪੁਲਿਸ ਨੇ ਕੀਤਾ। ਇਸ ਨੇ ਉਨ੍ਹਾਂ ਨੂੰ ਮੁੜ ਛੱਪਰ ਬਣਾਉਣ ਤੋਂ ਵਰਜ ਦਿੱਤਾ। ਉਨ੍ਹਾਂ ਨੂੰ ਦੱਸਿਆ ਗਿਆ, "ਨਵੇਂ ਕਾਨੂੰਨ ਲਾਗੂ ਹੋ ਗਏ ਹਨ"—ਸਮੁੰਦਰੀ ਰੇਤਲੇ ਇਲਾਕੇ 'ਚ ਘਰ ਨਹੀਂ ਬਣਾਏ ਜਾ ਸਕਦੇ ਅਤੇ ਹਰ ਚੀਜ਼ ਪਾਣੀ ਦੀ ਛੱਲ ਦੇ ਨਿਸ਼ਾਨ ਤੋਂ ਘੱਟੋ-ਘੱਟ ਦੋ ਸੌ ਮੀਟਰ ਦੂਰ ਰੱਖਣੀ ਹੋਵੇਗੀ। ਬਹੁਤੇ ਲੋਕ ਸ਼ਾਇਦ ਪਾਣੀ ਤੋਂ ਦੂਰ ਘਰ ਬਣਾਉਣਾ ਮੰਨ ਜਾਂਦੇ, ਪਰ ਉੱਥੇ ਤਾਂ ਕੋਈ ਥਾਂ ਹੀ ਨਹੀਂ ਸੀ, ਮਛੇਰੇ ਹੁਣ ਕਿੱਥੇ ਜਾਣ। ਅਤੇ ਨਵਾਂ "ਰਾਖਵਾਂ ਖੇਤਰ" ਨਾ ਸਿਰਫ਼ ਅਰੂਗਮ ਖਾੜੀ ਉੱਤੇ ਸਗੋਂ ਸਮੁੱਚੇ ਪੂਰਬੀ ਸਮੁੰਦਰੀ ਕੰਢੇ ਉੱਤੇ ਥੋਪ ਦਿੱਤਾ ਗਿਆ ਸੀ। ਹੁਣ ਇਨ੍ਹਾਂ ਖੇਤਰਾਂ 'ਚ ਵੜਨ ਦੀ ਮਨਾਹੀ ਸੀ।

ਸੁਨਾਮੀ ਨਾਲ ਪੈਂਤੀ ਹਜ਼ਾਰ ਸ੍ਰੀ ਲੰਕਾ ਵਾਸੀ ਮਾਰੇ ਗਏ ਅਤੇ ਦਸ ਲੱਖ ਦੇ ਕਰੀਬ ਉੱਜੜ ਗਏ। ਰੋਜਰ ਵਰਗੇ ਛੋਟੀਆਂ ਛੋਟੀਆਂ ਬੇੜੀਆਂ ਵਾਲੇ ਮਛੇਰੇ ਸੁਨਾਮੀ ਪੀੜਤਾਂ ਦਾ 80 ਫ਼ੀ ਸਦੀ ਸਨ; ਕੁਝ ਇਲਾਕਿਆਂ 'ਚ ਤਾਂ ਉਨ੍ਹਾਂ ਦੀ ਗਿਣਤੀ 98 ਫ਼ੀ ਸਦੀ ਦੇ ਕਰੀਬ ਸੀ। ਖਾਣ-ਪੀਣ ਦਾ ਰਾਸ਼ਨ ਅਤੇ ਥੋੜ੍ਹੇ ਥੋੜ੍ਹੇ ਰਾਹਤ ਭੱਤੇ ਹਾਸਲ ਕਰਨ ਲਈ ਲੱਖਾਂ ਲੋਕਾਂ ਨੂੰ ਸਮੁੰਦਰੀ ਖੇਤਰ ਛੱਡ ਕੇ ਜ਼ਮੀਨੀ ਖੇਤਰ ਦੇ ਆਰਜ਼ੀ ਖ਼ੇਮਿਆਂ 'ਚ ਜਾਣਾ ਪਿਆ। ਇਹ ਜ਼ਿਆਦਾਤਰ ਟਿਨ ਦੀਆਂ ਚਾਦਰਾਂ ਲਾ ਕੇ ਬਣਾਈਆਂ ਭੱਦੀਆਂ ਜਿਹੀਆਂ ਬੈਰਕਾਂ ਦੀਆਂ ਲੰਮੀਆਂ ਕਤਾਰਾਂ ਸਨ ਜਿਨ੍ਹਾਂ ਵਿਚ ਸੇਕ ਐਨਾ ਅਸਹਿ ਸੀ ਕਿ ਬਹੁਤੇ ਲੋਕ ਇਨ੍ਹਾਂ ਤੋਂ ਬਾਹਰ ਹੀ ਸੌਂਦੇ ਸਨ। ਜਿਉਂ ਜਿਉਂ ਅਰਸਾ ਲੰਮਾ ਹੁੰਦਾ ਗਿਆ, ਖ਼ੇਮੇ ਗੰਦਗੀ ਅਤੇ ਬੀਮਾਰੀਆਂ ਦਾ ਘਰ ਬਣ ਗਏ ਜਿਨ੍ਹਾਂ ਦੇ ਆਲੇ-ਦੁਆਲੇ ਮਸ਼ੀਨਗੰਨਾਂ ਪਾਈ ਭਿਆਨਕ ਦਿੱਖ ਵਾਲੇ ਫ਼ੌਜੀ ਗਸ਼ਤ ਕਰਦੇ ਰਹਿੰਦੇ।

ਸਰਕਾਰ ਦਾ ਅਧਿਕਾਰਤ ਬਿਆਨ ਇਹ ਸੀ ਕਿ ਰਾਖਵਾਂ ਖੇਤਰ ਸੁਰੱਖਿਆ ਲਈ ਚੁੱਕਿਆ ਕਦਮ ਹੈ। ਇਸ ਦਾ ਉਦੇਸ਼ ਇਕ ਹੋਰ ਸੁਨਾਮੀ ਦੀ ਮਾਰ ਨਾਲ ਹੋਣ ਵਾਲੀ ਤਬਾਹੀ ਨੂੰ ਰੋਕਣਾ ਦੱਸਿਆ ਗਿਆ। ਬਾਹਰੋਂ ਦੇਖਿਆਂ, ਇਹ ਸਹੀ ਲੱਗਦਾ ਸੀ, ਪਰ ਇਸ ਦਲੀਲ ਨਾਲ ਇਕ ਉੱਘੜਵਾਂ ਮਸਲਾ ਜੁੜਿਆ ਹੋਇਆ ਸੀ—ਇਸ ਨੂੰ ਸੈਰ-ਸਪਾਟਾ ਸਨਅਤ ਉੱਤੇ ਲਾਗੂ ਨਹੀਂ ਕੀਤਾ ਜਾ ਰਿਹਾ ਸੀ। ਇਸ ਦੇ ਉਲਟ, ਸਮੁੰਦਰ ਕੰਢੇ ਦੀ ਉਸ ਕੀਮਤੀ ਜਗ੍ਹਾ ਉੱਪਰ ਹੋਟਲਾਂ ਦੇ ਪਸਾਰੇ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ ਜਿੱਥੇ ਮਛੇਰੇ ਰਹਿੰਦੇ ਤੇ ਆਪਣਾ ਕੰਮਕਾਰ ਕਰਦੇ ਸਨ।

ਸੈਲਾਨੀ ਕੇਂਦਰਾਂ ਨੂੰ ਰਾਖਵੇਂ ਖੇਤਰ ਦੇ ਨਿਯਮਾਂ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਗਈ ਸੀ। ਜਦੋਂ ਤੱਕ ਉਨ੍ਹਾਂ ਦੀ ਉਸਾਰੀ "ਮੁਰੰਮਤ" ਦੇ ਵਰਗੀਕਰਨ ਤਹਿਤ ਹੈ, ਚਾਹੇ ਇਹ ਕਿੰਨੀ ਫੈਲਵੀਂ ਅਤੇ ਪਾਣੀ ਦੇ ਨੇੜੇ ਕਿਉਂ ਨਾ ਹੋਵੇ, ਉਹ ਉਸਾਰੀ ਕਰਨ ਲਈ ਆਜ਼ਾਦ ਸਨ ਅਤੇ ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਸੀ। ਇੰਞ ਅਰੂਗਮ ਖਾੜੀ ਦੇ ਸਮੁੱਚੇ ਸਮੁੰਦਰੀ ਖੇਤਰ 'ਚ ਮਜ਼ਦੂਰਾਂ ਦੇ ਵਦਾਣਾਂ ਅਤੇ ਵਰਮਿਆਂ ਨੇ ਖੌਰੂ ਪੁੱਟ ਦਿੱਤਾ। ਰੋਜਰ ਜਾਨਣਾ ਚਾਹੁੰਦਾ ਸੀ, "ਕੀ ਸੈਲਾਨੀਆਂ ਨੂੰ ਸੁਨਾਮੀ ਦਾ ਖ਼ਤਰਾ ਨਹੀਂ ਹੈ ? "

ਰੋਜਰ ਅਤੇ ਉਸ ਦੇ ਸੰਗੀ-ਸਾਥੀਆਂ ਨੂੰ, ਰਾਖਵਾਂ ਖੇਤਰ ਸਰਕਾਰ ਦੇ ਬਹਾਨੇ ਨਾਲੋਂ ਉਹ ਕੁਝ ਵਧੇਰੇ ਲੱਗਦਾ ਸੀ ਜੋ ਇਹ ਸੁਨਾਮੀ ਲਹਿਰ ਤੋਂ ਪਹਿਲਾਂ ਕਰਨਾ ਚਾਹੁੰਦੀ ਸੀ : ਸਮੁੰਦਰੀ ਖੇਤਰ ਮਛੇਰਿਆਂ ਤੋਂ ਖਾਲੀ ਕਰਾਉਣਾ। ਪਾਣੀ 'ਚੋਂ ਮਛੇਰੇ ਜਿਹੜੀ ਮੱਛੀ ਫੜਦੇ ਸਨ ਉਹ ਉਨ੍ਹਾਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਕਾਫ਼ੀ ਸੀ ਪਰ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਦੇ ਪੈਮਾਨੇ ਅਨੁਸਾਰ ਇਸ ਦਾ ਆਰਥਕ ਵਾਧੇ 'ਚ ਕੋਈ ਯੋਗਦਾਨ ਨਹੀਂ ਸੀ। ਅਤੇ ਜਿਸ ਜ਼ਮੀਨ ਉੱਪਰ ਕਦੇ ਉਨ੍ਹਾਂ ਦੀਆਂ ਝੁੱਗੀਆਂ ਹੁੰਦੀਆਂ ਸਨ, ਇਹ ਸਾਫ਼ ਸੀ ਕਿ ਇਸ ਨੂੰ ਵੱਧ ਮੁਨਾਫ਼ੇ ਦੇਣ ਲਈ ਵਰਤੋਂ 'ਚ ਲਿਆਂਦਾ ਜਾ ਸਕਦਾ ਸੀ। ਮੇਰੇ ਇੱਥੇ ਆਉਣ ਤੋਂ ਥੋੜ੍ਹਾ ਪਹਿਲਾਂ, "ਅਰੂਗਮ ਖਾੜੀ ਦੇ ਵਸੀਲਿਆਂ ਦੇ ਵਿਕਾਸ ਦੀ ਯੋਜਨਾ" ਨਾਂ ਦਾ ਦਸਤਾਵੇਜ਼ ਪ੍ਰੈੱਸ ਦੇ ਹੱਥ ਲੱਗ ਗਿਆ ਸੀ, ਇਸ ਨੇ ਮਛੇਰਾ ਭਾਈਚਾਰੇ ਦੇ ਅਤਿ ਮਨਹੂਸ ਤੌਖਲਿਆਂ ਦੀ ਪੁਸ਼ਟੀ ਕਰ ਦਿੱਤੀ। ਸੰਘੀ ਸਰਕਾਰ ਨੇ ਅਰੂਗਮ ਖਾੜੀ ਦੀ ਮੁੜ-ਉਸਾਰੀ ਦਾ ਨਮੂਨਾ ਤਿਆਰ ਕਰਨ ਲਈ ਕੌਮਾਂਤਰੀ ਸਲਾਹਕਾਰਾਂ ਦੀ ਟੀਮ ਬਣਾਈ ਸੀ, ਅਤੇ ਇਹ ਯੋਜਨਾ ਉਸੇ ਦਾ ਸਿੱਟਾ ਸੀ। ਹਾਲਾਂਕਿ ਸੁਨਾਮੀ ਨਾਲ ਸਿਰਫ਼ ਸਮੁੰਦਰੀ ਕੰਢੇ ਦੇ ਅਗਲੇ ਹਿੱਸੇ ਦੀਆਂ ਜਾਇਦਾਦਾਂ ਹੀ ਤਬਾਹ ਹੋਈਆਂ ਸਨ, ਜ਼ਿਆਦਾਤਰ ਸ਼ਹਿਰ ਹਾਲੇ ਸਹੀ-ਸਲਾਮਤ ਸੀ, ਪਰ ਇਹ ਯੋਜਨਾ ਪੂਰੀ ਅਰੂਗਮ ਖਾੜੀ ਨੂੰ ਪੱਧਰੀ ਕਰਕੇ ਮੁੜ ਉਸਾਰੀ ਕਰਨ ਲਈ ਕਹਿ ਰਹੀ ਸੀ। ਇਹ ਹਿੱਪੀਆਂ ਦੇ ਮਨਭਾਉਂਦੇ ਸਮੁੰਦਰੀ ਕਸਬੇ ਦੀ ਕਾਇਆਕਲਪ ਕਰਕੇ ਇਸ ਨੂੰ ਆਹਲਾ ਦਰਜੇ ਦਾ "ਆਧੁਨਿਕ ਸੈਲਾਨੀ ਕੇਂਦਰ" ਬਣਾਉਣ ਲਈ ਕਹਿ ਰਹੀ ਸੀ—ਜਿੱਥੇ ਪੰਜ-ਤਾਰਾ ਹੋਟਲਾਂ, ਇਕ ਰਾਤ ਦੇ 300 ਡਾਲਰ ਕਿਰਾਏ ਵਾਲੇ ਮੁਨਾਫ਼ਾਦੇਹ ਲੱਕੜ ਦੇ ਸ਼ਾਹੀ ਬੰਗਲਿਆਂ, ਪੱਧਰੀ ਹਵਾਈ ਪੱਟੀ ਅਤੇ ਹੈਲੀਪੈਡ ਦੀਆਂ ਸਹੂਲਤਾਂ ਹੋਣ। ਰਿਪੋਰਟ ਨੇ ਪੂਰੇ ਉਤਸ਼ਾਹ ਨਾਲ ਕਿਹਾ ਕਿ ਅਰੂਗਮ ਖਾੜੀ ਇਸ ਦੇ ਨਾਲ ਲੱਗਵੇਂ ਤੀਹ ਨਵੇਂ ਸੈਰ-ਸਪਾਟਾ ਖੇਤਰਾਂ ਲਈ ਮਿਸਾਲ ਬਣੇਗੀ ਜਿਸ ਨਾਲ ਜੰਗ ਕਾਰਨ ਖੇਰੂੰ-ਖੇਰੂੰ ਹੋਏ ਦੱਖਣੀ ਏਸ਼ੀਆ ਦਾ ਪੂਰਬੀ ਸਮੁੰਦਰੀ ਕੰਢਾ ਦੱਖਣੀ ਏਸ਼ੀਆ ਲਈ ਮੋਤੀਆਂ ਦਾ ਹਾਰ ਬਣ ਕੇ ਉੱਭਰੇਗਾ।[5] ਮਾਹਰਾਂ ਦੇ ਖ਼ਿਆਲਾਂ ਅਤੇ ਨਮੂਨਿਆਂ ਵਿਚ ਸੁਨਾਮੀ ਦੇ ਪੀੜਤ ਲੋਕ ਪੂਰੀ ਤਰ੍ਹਾਂ ਗਾਇਬ ਸਨ—ਸਮੁੰਦਰ ਕੰਢੇ ਵਸੇ ਹਜ਼ਾਰਾਂ ਮਛੇਰੇ ਪਰਿਵਾਰ ਜੋ ਮਿਹਨਤ ਕਰਕੇ ਗੁਜ਼ਾਰਾ ਕਰਦੇ ਸਨ। ਰਿਪੋਰਟ ਨੇ ਇਹ ਵਿਆਖਿਆ ਦਿੱਤੀ ਕਿ ਇਨ੍ਹਾਂ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਸਮੁੰਦਰ ਤੋਂ ਪਰ੍ਹਾਂ ਕਈ ਕਿਲੋਮੀਟਰ ਦੂਰ ਵੱਧ ਢੁੱਕਵੀਆਂ ਥਾਵਾਂ 'ਤੇ ਵਸਾਇਆ ਜਾਵੇਗਾ। ਰਹਿੰਦੀ ਕਸਰ ਇਸ ਨੇ ਕੱਢ ਦਿੱਤੀ ਕਿ 8 ਕਰੋੜ ਡਾਲਰ ਦੀ ਜੋ ਸਹਾਇਤਾ ਸੁਨਾਮੀ ਪੀੜਤਾਂ ਦੇ ਨਾਂ 'ਤੇ ਇਕੱਠੀ ਕੀਤੀ ਗਈ ਸੀ ਉਹ ਨਵੇਂ ਸਿਰਿਉਂ ਵਿਕਾਸ ਦੇ ਇਸ ਪ੍ਰਾਜੈਕਟ 'ਚ ਲਾਈ ਜਾ ਰਹੀ ਸੀ।

ਇਨ੍ਹਾਂ ਅਤੇ ਇਨ੍ਹਾਂ ਵਰਗੇ ਥਾਈਲੈਂਡ ਅਤੇ ਇੰਡੋਨੇਸ਼ੀਆ ਦੇ ਮਛੇਰੇ ਪਰਿਵਾਰਾਂ ਦੇ ਹੰਝੂ ਭਿੱਜੇ ਚਿਹਰੇ ਦੇਖਕੇ ਪੂਰਾ ਜਗਤ ਪਸੀਜ ਗਿਆ ਸੀ ਅਤੇ ਦੁਨੀਆਂ ਨੇ ਦਿਲ ਖੋਲ੍ਹ ਕੇ ਇਤਿਹਾਸਕ ਸਹਾਇਤਾ ਜੁਟਾ ਕੇ ਭੇਜੀ ਸੀ। ਇਹ ਮਸੀਤਾਂ ਵਿਚ ਕਤਾਰਾਂ ਬੰਨ੍ਹੀ ਖੜ੍ਹੇ ਉਨ੍ਹਾਂ ਦੇ ਸਕੇ-ਸਬੰਧੀਆਂ,

ਡੁੱਬ ਰਹੇ ਜਿਗਰ ਦੇ ਟੋਟਿਆਂ ਨੂੰ ਪਛਾਣਨ ਦੀ ਕੋਸ਼ਿਸ਼ 'ਚ ਵਿਲਕਦੀਆਂ ਮਾਵਾਂ ਅਤੇ ਸਮੁੰਦਰ 'ਚ ਹੜ੍ਹ ਗਏ ਉਨ੍ਹਾਂ ਦੇ ਬੱਚਿਆਂ ਕਰਕੇ ਸੰਭਵ ਹੋਈ ਸੀ। ਇਸ ਦੇ ਬਾਵਜੂਦ ਅਰੂਗਮ ਖਾੜੀ ਦੇ ਬਾਸ਼ਿੰਦਿਆਂ ਵਰਗੇ ਭਾਈਚਾਰਿਆਂ ਲਈ "ਮੁੜ ਉਸਾਰੀ" ਦਾ ਭਾਵ ਉਨ੍ਹਾਂ ਦੇ ਸੱਭਿਆਚਾਰ, ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਦੀ ਗਿਣ-ਮਿੱਥ ਕੇ ਤਬਾਹੀ ਅਤੇ ਉਨ੍ਹਾਂ ਦੀ ਜ਼ਮੀਨ ਉੱਤੇ ਡਾਕੇ ਤੋਂ ਘੱਟ ਨਹੀਂ ਸੀ। ਜਿਵੇਂ ਕੁਮਾਰੀ ਨੇ ਕਿਹਾ ਸੀ, ਮੁੜ-ਉਸਾਰੀ ਦੇ ਸਮੁੱਚੇ ਅਮਲ ਦਾ ਸਿੱਟਾ "ਪੀੜਤਾਂ ਨੂੰ ਹੋਰ ਪੀੜਤ ਬਣਾਉਣ, ਲੁੱਟੇ-ਪੁੱਟਿਆਂ ਨੂੰ ਹੋਰ ਲੁੱਟਣ" 'ਚ ਨਿਕਲੇਗਾ।

ਜਦੋਂ ਯੋਜਨਾ ਸਾਹਮਣੇ ਆਈ, ਇਸ ਨਾਲ ਪੂਰੇ ਦੇਸ਼ ਵਿਚ ਰੋਹ ਭੜਕ ਉੱਠਿਆ। ਇਹ ਰੋਹ ਅਰੂਗਮ ਖਾੜੀ 'ਚ ਸਭ ਤੋਂ ਵੱਧ ਸੀ। ਜਿਉਂ ਹੀ ਮੈਂ ਤੇ ਕੁਮਾਰੀ ਕਸਬੇ 'ਚ ਪਹੁੰਚੀਆਂ, ਇੱਥੇ ਸਾਨੂੰ ਅਚਾਨਕ ਸੈਂਕੜੇ ਮੁਜ਼ਾਹਰਾਕਾਰੀਆਂ ਦਾ ਹਜੂਮ ਟੱਕਰ ਗਿਆ ਜਿਨ੍ਹਾਂ ਨੇ ਰੰਗ-ਬਰੰਗੀਆਂ ਸਾੜ੍ਹੀਆਂ, ਸਾਰੋਂਗੇ, ਸਿਰਾਂ ਉੱਤੇ ਰੁਮਾਲ ਅਤੇ ਰਬੜ ਦੀਆਂ ਚੱਪਲਾਂ ਪਹਿਨੀਆਂ ਹੋਈਆਂ ਸਨ। ਉਹ ਸਮੁੰਦਰ ਕੰਢੇ ਇਕੱਠੇ ਹੋਏ ਸਨ ਅਤੇ ਮੁਜ਼ਾਹਰਾ ਕਰਨ ਦੀ ਤਿਆਰੀ 'ਚ ਸਨ। ਮੁਜ਼ਾਹਰਾ ਹੋਟਲਾਂ ਮੂਹਰਿਉਂ ਲੰਘਕੇ, ਨੇੜਲੇ ਕਸਬੇ ਪੋਟੂਵਿਲ ਤੱਕ ਜਾਵੇਗਾ ਜਿੱਥੇ ਸਥਾਨਕ ਸਰਕਾਰ ਦਾ ਸਦਰ ਮੁਕਾਮ ਹੈ।

ਹੋਟਲਾਂ ਕੋਲੋਂ ਲੰਘਣ ਸਮੇਂ, ਚਿੱਟੀ ਟੀ-ਸ਼ਰਟ ਵਾਲਾ ਇਕ ਨੌਜਵਾਨ ਲਾਲ ਧੁਤੂ 'ਚ ਨਾਅਰੇ ਲਾਉਂਦਾ ਹੋਇਆ ਮੁਜ਼ਾਹਰੇ ਦੀ ਅਗਵਾਈ ਕਰ ਰਿਹਾ ਸੀ। ਉਸ ਨੇ ਨਾਅਰਾ ਲਾਇਆ, "ਸਾਨੂੰ ਨਹੀਂ ਚਾਹੀਦੇ, ਸਾਨੂੰ ਨਹੀਂ ਚਾਹੀਦੇ.....", ਹਜੂਮ ਨੇ ਉੱਚੀ ਆਵਾਜ਼ 'ਚ ਕਿਹਾ, "ਸੈਲਾਨੀ ਹੋਟਲ!" ਫੇਰ ਉਹ ਚੀਕਿਆ, "ਗੋਰਿਓ" ਅਤੇ ਹਜੂਮ ਨੇ ਬੁਲੰਦ ਆਵਾਜ਼ 'ਚ ਹੁੰਗਾਰਾ ਭਰਿਆ "ਇੱਥੋਂ ਦਫ਼ਾ ਹੋਵੋ।" (ਕੁਮਾਰੀ ਨੇ ਤਾਮਿਲ ਤੋਂ ਅਨੁਵਾਦ ਕਰਕੇ ਮੈਨੂੰ ਉਨ੍ਹਾਂ ਦਾ ਪੱਖ ਸਮਝਾਇਆ।) ਇਕ ਹੋਰ ਨੌਜਵਾਨ, ਜਿਸ ਦੀ ਚਮੜੀ ਧੁੱਪ ਅਤੇ ਸਮੁੰਦਰ 'ਚ ਰਹਿਣ ਕਾਰਨ ਖੁਰਦਰੀ ਹੋ ਗਈ ਸੀ, ਨੇ ਧੁਤੂ ਉਸ ਤੋਂ ਫੜ ਲਿਆ ਅਤੇ ਉੱਚੀ ਆਵਾਜ਼ 'ਚ ਚੀਕਿਆ, "ਅਸੀਂ ਕੀ ਚਾਹੁੰਦੇ ਹਾਂ, ਅਸੀਂ ਕੀ ਚਾਹੁੰਦੇ ਹਾਂ....." ਜਵਾਬ ਗੂੰਜ ਉੱਠੇ : "ਸਾਡੀ ਜ਼ਮੀਨ ਵਾਪਸ ਦਿਓ!" "ਸਾਡੇ ਘਰ ਵਾਪਸ ਦਿਓ!" "ਇਹ ਮੱਛੀ ਬੰਦਰਗਾਹ!" "ਇਹ ਸਹਾਇਤਾ ਰਾਸ਼ੀ ਸਾਡੀ ਹੈ!"। ਉਸ ਨੇ ਨਾਅਰਾ ਲਾਇਆ "ਕਾਲ, ਕਾਲ!", ਅਤੇ ਹਜੂਮ ਜਵਾਬ ਦੇ ਰਿਹਾ ਸੀ, "ਮਛੇਰੇ ਮਰਦੇ ਭੁੱਖ ਦੇ ਨਾਲ!"

ਜ਼ਿਲ੍ਹਾ ਪ੍ਰਸ਼ਾਸਨ ਦੇ ਦਫ਼ਤਰ ਦੇ ਫਾਟਕਾਂ ਦੇ ਬਾਹਰ, ਮੁਜ਼ਾਹਰੇ ਦੇ ਆਗੂਆਂ ਨੇ ਚੁਣੇ ਹੋਏ ਨੁਮਾਇੰਦਿਆਂ ਉੱਤੇ ਜ਼ੱਦਾਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ ਨੇ ਮਛੇਰਿਆਂ ਲਈ ਆਈ ਸਹਾਇਤਾ ਆਪਣੀਆਂ ਧੀਆਂ ਲਈ ਦਾਜ ਅਤੇ ਵਹੁਟੀਆਂ ਦੇ ਗਹਿਣੇ-ਗੱਟੇ ਬਣਾਉਣ 'ਤੇ ਖ਼ਰਚ ਲਈ ਹੈ। ਉਨ੍ਹਾਂ ਨੇ ਆਪਣੀਆਂ ਤਕਰੀਰਾਂ ਵਿਚ ਸਿਨਹਾਲਾ ਲੋਕਾਂ ਨਾਲ ਖ਼ਾਸ ਰਿਆਇਤ ਵਰਤਣ, ਮੁਸਲਮਾਨਾਂ ਨਾਲ ਵਿਤਕਰਾ ਕਰਨ ਅਤੇ "ਸਾਡੀ ਮੁਸੀਬਤ ਦਾ ਲਾਹਾ ਲੈ ਕੇ ਬਦੇਸ਼ੀਆਂ ਵਲੋਂ ਮੁਨਾਫ਼ੇ ਕਮਾਉਣ" ਦੀ ਚਰਚਾ ਕੀਤੀ।

ਲੱਗਦਾ ਨਹੀਂ ਹੈ ਕਿ ਉਨ੍ਹਾਂ ਦੀ ਹਾਲ-ਪਾਹਰਿਆ ਦਾ ਕੋਈ ਅਸਰ ਹੋਇਆ ਹੋਵੇਗਾ। ਕੋਲੰਬੋ 'ਚ ਮੈਂ ਸ੍ਰੀ ਲੰਕਾ ਸੈਰ-ਸਪਾਟਾ ਬੋਰਡ ਦੇ ਡਾਇਰੈਕਟਰ ਜਨਰਲ, ਅੱਧਖੜ ਉਮਰ ਦੇ ਅਧਿਕਾਰੀ ਸ੍ਰੀਨਿਵਾਸ ਰਾਮ ਕੈਲਾਸੈਲਵਮ ਨਾਲ ਗੱਲ ਕੀਤੀ ਜਿਸ ਨੂੰ ਆਪਣੇ ਦੇਸ਼ ਦੀਆਂ ਦਹਿ-ਲੱਖਾਂ ਡਾਲਰ ਵਾਲੀਆਂ "ਬਰੈਂਡ ਹਸਤੀਆਂ" ਦੇ ਹਵਾਲੇ ਦੇਣ ਦੀ ਬਾਣ ਸੀ। ਮੈਂ ਉਸ ਨੂੰ ਪੁੱਛਿਆ ਅਰੂਗਮ ਖਾੜੀ ਜਿਹੀਆਂ ਥਾਵਾਂ ਦੇ ਮਛੇਰਿਆਂ ਦਾ ਕੀ ਬਣੇਗਾ। ਆਪਣੀ ਬੈਂਤ ਦੀ

ਕੁਰਸੀ ਨਾਲ ਢੋਅ ਲਾਉਂਦਿਆਂ ਉਸ ਨੇ ਵਿਆਖਿਆ ਦਿੱਤੀ : "ਬੀਤੇ ਸਮੇਂ 'ਚ, ਸਮੁੰਦਰ ਦੇ ਰੇਤਲੇ ਖੇਤਰ ਅੰਦਰ, ਬਹੁਤ ਸਾਰੀ ਉਸਾਰੀ ਬਿਨਾ ਮਨਜ਼ੂਰੀ ਤੋਂ ਹੋਈ ਸੀ.....ਇਹ ਉਸਾਰੀ ਸੈਰ-ਸਪਾਟਾ ਯੋਜਨਾ ਦੇ ਅਨੁਸਾਰ ਨਹੀਂ ਸੀ। ਸੁਨਾਮੀ ਆਉਣ ਨਾਲ, ਸੈਰ-ਸਪਾਟੇ ਦੇ ਹਿੱਤ 'ਚ ਚੰਗੀ ਗੱਲ ਇਹ ਹੋਈ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਅਣਅਧਿਕਾਰਤ ਉਸਾਰੀਆਂ ਸੁਨਾਮੀ ਨੇ ਢਾਹ ਦਿੱਤੀਆਂ ਹਨ, ਉੱਥੇ ਹੁਣ ਕੋਈ ਇਮਾਰਤਾਂ ਨਹੀਂ ਹਨ।" ਜੇ ਮਛੇਰੇ ਵਾਪਸ ਆ ਕੇ ਦੁਬਾਰਾ ਕੁਝ ਉਸਾਰਨ ਦਾ ਯਤਨ ਕਰਦੇ ਹਨ, ਇਸ ਦੇ ਜਵਾਬ 'ਚ ਉਸ ਨੇ ਕਿਹਾ, "ਇਸ ਨੂੰ ਢਾਹੁਣਾ ਸਾਡੀ ਮਜਬੂਰੀ ਹੋਵੇਗੀ.....ਸਮੁੰਦਰੀ ਕੰਢੇ ਨੂੰ ਸਾਫ਼-ਸੁਥਰਾ ਰੱਖਿਆ ਜਾਵੇਗਾ।"

ਸ਼ੁਰੂਆਤ ਇਸ ਤਰ੍ਹਾਂ ਨਹੀਂ ਹੋਈ ਸੀ। ਜਦੋਂ ਕੁਮਾਰੀ ਸੁਨਾਮੀ ਆਉਣ ਤੋਂ ਕੁਝ ਦਿਨਾਂ ਬਾਅਦ ਪਹਿਲੀ ਵਾਰ ਇੱਥੇ ਆਈ ਸੀ, ਓਦੋਂ ਕਿਸੇ ਤਰ੍ਹਾਂ ਦੀ ਸਰਕਾਰੀ ਸਹਾਇਤਾ ਹਾਲੇ ਇੱਥੇ ਨਹੀਂ ਸੀ ਪਹੁੰਚੀ। ਇਸ ਦਾ ਭਾਵ ਸੀ ਕਿ ਹਰ ਬੰਦੇ ਨੂੰ ਇੱਥੇ ਰਾਹਤ ਕਾਮੇ, ਡਾਕਟਰ, ਲਾਸ਼ਾਂ ਦਫ਼ਨਾਉਣ ਵਾਲੇ ਦੇ ਕੰਮ ਆਪ ਕਰਨੇ ਪੈ ਰਹੇ ਸਨ। ਜਿਨ੍ਹਾਂ ਨਸਲੀ-ਸੱਭਿਆਚਾਰਕ ਰੋਕਾਂ ਨੇ ਇਸ ਖੇਤਰ 'ਚ ਵੰਡੀਆਂ ਪਾ ਰੱਖੀਆਂ ਸਨ, ਉਹ ਅਚਾਨਕ ਕਾਫ਼ੂਰ ਹੋ ਗਈਆਂ ਸਨ। ਉਸ ਨੇ ਚੇਤੇ ਕੀਤਾ, "ਮੁਸਲਮਾਨ ਤਾਮਿਲਾਂ ਵਾਲੇ ਪਾਸੇ ਲਾਸ਼ਾਂ ਦਫ਼ਨਾ ਰਹੇ ਸਨ ਅਤੇ ਤਾਮਿਲ ਮੁਸਲਮਾਨਾਂ ਵੱਲ ਆ ਕੇ ਖਾ-ਪੀ ਰਹੇ ਸਨ। ਦੇਸ਼ ਦੇ ਅੰਦਰਲੇ ਹਿੱਸੇ ਵਿਚੋਂ ਲੋਕ ਰੋਜ਼ਾਨਾ ਖਾਣੇ ਦੇ ਦੋ-ਦੋ ਡੱਬੇ ਭੇਜ ਰਹੇ ਸਨ, ਇਹ ਉਨ੍ਹਾਂ ਦੇ ਵਿਤੋਂ ਬਾਹਰੀ ਸਹਾਇਤਾ ਸੀ ਕਿਉਂਕਿ ਉਹ ਲੋਕ ਗਰੀਬ ਹਨ। ਕੁਝ ਵੀ ਵਾਪਸ ਨਹੀਂ ਸੀ ਲਿਆ ਜਾਣਾ। ਉਹ ਮਹਿਸੂਸ ਕਰਦੇ ਸਨ 'ਮੈਂ ਆਪਣੇ ਗੁਆਂਢੀ ਦੀ ਮਦਦ ਕਰਾਂ, ਮੈਂ ਭੈਣਾਂ, ਭਰਾਵਾਂ, ਧੀਆਂ, ਮਾਵਾਂ ਦੀ ਮਦਦ ਕਰਾਂ। ਇੰਨੀ ਗੱਲ ਸੀ।"

ਸੱਭਿਆਚਾਰਕ ਵਖਰੇਵਿਆਂ ਤੋਂ ਉੱਪਰ ਉੱਠ ਕੇ ਅਜਿਹੀ ਮਦਦ ਪੂਰੇ ਦੇਸ਼ ਵਿਚੋਂ ਆ ਰਹੀ ਸੀ। ਤਾਮਿਲ ਗਭਰੂ ਲਾਸ਼ਾਂ ਢੋਣ ਲਈ ਆਪਣੇ ਟਰੈਕਟਰ ਲੈ ਕੇ ਆ ਪਹੁੰਚੇ। ਈਸਾਈ ਬੱਚਿਆਂ ਨੇ ਮੁਸਲਮਾਨਾਂ ਦੀਆਂ ਲਾਸ਼ਾਂ ਦਫ਼ਨਾਉਣ ਲਈ ਸਕੂਲਾਂ ਦੀਆਂ ਚਿੱਟੀਆਂ ਵਰਦੀਆਂ ਦਾਨ ਕਰ ਦਿੱਤੀਆਂ, ਜਦਕਿ ਹਿੰਦੂ ਔਰਤਾਂ ਨੇ ਚਿੱਟੀਆਂ ਸਾੜ੍ਹੀਆਂ ਦੇ ਦਿੱਤੀਆਂ। ਖ਼ਾਰੇ ਪਾਣੀ ਅਤੇ ਕੰਕਰ-ਪੱਥਰਾਂ ਦੇ ਇਸ ਹਮਲੇ 'ਚ ਐਨੀ ਨਿਰਮਾਣਤਾ ਸੀ ਕਿ ਇਹ ਘਰਾਂ ਅਤੇ ਵਲੇਵੇਂਦਾਰ ਸੜਕਾਂ ਨੂੰ ਹੜ੍ਹਾਉਣ ਦੇ ਨਾਲ ਹੀ ਘੋਰ ਨਫ਼ਰਤ, ਜ਼ੱਦੀ ਵੈਰ ਅਤੇ ਕਿਸ ਨੇ ਕਿਸ ਨੂੰ ਮਾਰਿਆ ਸੀ ਇਸ ਸਭ ਕਾਸੇ ਨੂੰ ਵੀ ਨਾਲ ਹੀ ਹੜ੍ਹਾ ਕੇ ਲੈ ਗਿਆ ਸੀ। ਕੁਮਾਰੀ ਨੇ ਇਹ ਪਾੜੇ ਪੂਰਨ ਲਈ ਅਮਨ ਗਰੁੱਪਾਂ ਨਾਲ ਮਿਲ ਕੇ ਵਰ੍ਹਿਆਂ ਬੱਧੀ, ਮਨ ਮਾਰਕੇ ਕੰਮ ਕੀਤਾ ਸੀ, ਉਹ ਇਹ ਦੇਖ ਕੇ ਬਹੁਤ ਪ੍ਰਭਾਵਤ ਹੋਈ ਸੀ ਕਿ ਅਜਿਹੇ ਦੁਖਾਂਤ ਨਾਲ ਚੰਗਾ ਅਨੁਭਵ ਹੋਇਆ ਸੀ। ਸ੍ਰੀ ਲੰਕਾ ਦੇ ਲੋਕ, ਸਿਰੇ ਦੀ ਪ੍ਰੇਸ਼ਾਨੀ ਵਾਲੀ ਹਾਲਤ 'ਚ, ਅਮਨ ਦੀਆਂ ਟਾਹਰਾਂ ਮਾਰਦੇ ਰਹਿਣ ਦੀ ਬਜਾਏ ਇਸ ਨੂੰ ਅਸਲੀਅਤ 'ਚ ਹੰਢਾ ਰਹੇ ਸਨ।

ਇਸ ਤਰ੍ਹਾਂ ਲੱਗ ਰਿਹਾ ਸੀ ਕਿ ਦੇਸ਼ ਪਹਿਲੀ ਹਾਲਤ 'ਚ ਆਉਣ ਲਈ ਕੌਮਾਂਤਰੀ ਸਹਾਇਤਾ 'ਤੇ ਭਰੋਸਾ ਰੱਖ ਕੇ ਚੱਲ ਸਕਦਾ ਸੀ। ਪਹਿਲਾਂ ਪਹਿਲ, ਸਰਕਾਰਾਂ ਵਲੋਂ ਸਹਾਇਤਾ ਨਹੀਂ ਸੀ ਆ ਰਹੀ, ਉਨ੍ਹਾਂ ਦਾ ਹੁੰਗਾਰਾ ਮੱਠਾ ਸੀ। ਸਗੋਂ ਸਹਾਇਤਾ ਉਹ ਲੋਕ ਕਰ ਰਹੇ ਸਨ ਜਿਨ੍ਹਾਂ ਨੇ ਤਬਾਹੀ ਦੇ ਦ੍ਰਿਸ਼ ਟੀ ਵੀ 'ਤੇ ਦੇਖ ਲਏ ਸਨ : ਯੂਰਪ ਦੇ ਸਕੂਲੀ ਬੱਚਿਆਂ ਨੇ ਸਹਾਇਤਾ ਜੁਟਾਉਣ ਲਈ ਘਰੋਂ ਬਣਾਈਆਂ ਖਾਣੇ ਦੀਆਂ ਚੀਜ਼ਾਂ ਵੇਚ ਕੇ ਅਤੇ ਦਾਰੂ ਵਿਰੁੱਧ ਮੁਹਿੰਮ ਚਲਾ ਕੇ ਸਹਾਇਤਾ ਜੁਟਾਈ। ਸਮਾਗਮਾਂ 'ਚ ਸੰਗੀਤ ਜਗਤ ਦੇ ਨਾਮਵਰ ਸੰਗੀਤਕਾਰਾਂ ਨੂੰ ਬੁਲਾ ਕੇ ਸਹਾਇਤਾ ਇਕੱਠੀ

ਕੀਤੀ ਗਈ, ਧਾਰਮਿਕ ਸੰਸਥਾਵਾਂ ਨੇ ਕੱਪੜੇ, ਕੰਬਲ ਅਤੇ ਪੈਸੇ ਇਕੱਠੇ ਕਰਕੇ ਭੇਜੇ। ਨਾਗਰਿਕਾਂ ਨੇ ਫੇਰ ਆਪਣੀਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਉਹ ਵੀ ਉਨ੍ਹਾਂ ਦੀ ਜੁਟਾਈ ਦਾਨ-ਰਾਸ਼ੀ ਦੇ ਬਰਾਬਰ ਹਿੱਸਾ ਪਾਵੇ। ਛੇ ਮਹੀਨਿਆਂ 'ਚ, 13 ਅਰਬ ਡਾਲਰ ਦੀ ਉਗਰਾਹੀ ਹੋ ਗਈ—ਇਸ ਸਹਾਇਤਾ ਨੇ ਦੁਨੀਆਂ 'ਚ ਨਵਾਂ ਰਿਕਾਰਡ ਬਣਾ ਦਿੱਤਾ।[6]

ਪਹਿਲੇ ਮਹੀਨਿਆਂ 'ਚ, ਮੁੜ-ਉਸਾਰੀ ਲਈ ਜੁਟਾਇਆ ਪੈਸਾ ਅਸਲ ਲੋੜਵੰਦਾਂ ਤੱਕ ਪਹੁੰਚਦਾ ਰਿਹਾ : ਐੱਨ ਜੀ ਓ ਅਤੇ ਸਹਾਇਤਾ ਸੰਸਥਾਵਾਂ ਨੇ ਤੁਰੰਤ ਖਾਣਾ ਅਤੇ ਪਾਣੀ, ਤੰਬੂ ਅਤੇ ਆਰਜੀ ਛੱਤਾਂ ਮੁਹੱਈਆ ਕਰਾਈਆਂ; ਸਰਦੇ-ਪੁੱਜਦੇ ਦੇਸ਼ਾਂ ਨੇ ਮੈਡੀਕਲ ਟੀਮਾਂ ਅਤੇ ਸਮਾਨ ਦੀ ਸਪਲਾਈ ਭੇਜੀ। ਇਹ ਖ਼ੇਮੇ ਲੋਕਾਂ ਨੂੰ ਉਸ ਸਮੇਂ ਤੱਕ ਆਰਜੀ ਰਿਹਾਇਸ਼ ਦੇਣ ਲਈ ਬਣਾਏ ਗਏ ਸਨ ਜਦੋਂ ਤੱਕ ਪੱਕੇ ਘਰਾਂ ਦੀ ਉਸਾਰੀ ਨਹੀਂ ਹੋ ਜਾਂਦੀ। ਅਜਿਹੇ ਘਰ ਬਣਾਉਣ ਲਈ ਚੋਖਾ ਪੈਸਾ ਆ ਗਿਆ ਸੀ। ਪਰ ਜਦੋਂ ਮੈਂ ਛੇ ਮਹੀਨੇ ਬਾਅਦ ਸ੍ਰੀ ਲੰਕਾ ਗਈ, ਤਰੱਕੀ ਦਾ ਸਾਰਾ ਕੰਮ ਠੱਪ ਪਿਆ ਸੀ। ਕੋਈ ਪੱਕੇ ਘਰ ਨਹੀਂ ਬਣਾਏ ਗਏ। ਆਰਜੀ ਖ਼ੇਮੇ ਸੰਕਟ ਸਮੇਂ ਦੇ ਰੈਣ-ਬਸੇਰੇ ਘੱਟ ਅਤੇ ਸਥਾਈ ਗਰੀਬ ਬਸਤੀਆਂ ਵੱਧ ਜਾਪਦੇ ਸਨ।

ਸਹਾਇਤਾ ਕਾਰਕੁਨਾਂ ਨੇ ਸ਼ਿਕਾਇਤ ਕੀਤੀ ਕਿ ਸ੍ਰੀ ਲੰਕਾ ਸਰਕਾਰ ਪੈਰ-ਪੈਰ 'ਤੇ ਅੜਿੱਕੇ ਡਾਹ ਰਹੀ ਸੀ—ਪਹਿਲਾਂ ਇਸ ਨੂੰ ਰਾਖਵਾਂ ਖੇਤਰ ਐਲਾਨ ਦਿੱਤਾ, ਫੇਰ ਉਸਾਰੀ ਲਈ ਬਦਲਵੀਂ ਜਗ੍ਹਾ ਦੇਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਬਾਅਦ ਬਾਹਰਲੇ ਮਾਹਰਾਂ ਨੂੰ ਲੈ ਕੇ ਅਧਿਐਨ ਅਤੇ ਆਮ ਯੋਜਨਾਵਾਂ ਦਾ ਅਮੁੱਕ ਸਿਲਸਿਲਾ ਵਿੱਢ ਦਿੱਤਾ ਗਿਆ। ਜਿਵੇਂ ਅਧਿਕਾਰੀ ਦਲੀਲ ਦਿੰਦੇ ਸਨ, ਜਿਹੜੇ ਲੋਕ ਸੁਨਾਮੀ ਦੇ ਕਹਿਰ ਤੋਂ ਬਚ ਗਏ ਸਨ, ਉਹ ਸਮੁੰਦਰ ਤੋਂ ਦੂਰ ਧਰਤੀ 'ਤੇ ਬਣਾਏ ਸੇਕ ਮਾਰਦੇ ਖ਼ੇਮਿਆਂ 'ਚ ਭੁੱਖੇ ਮਰ ਰਹੇ ਸਨ। ਉਨ੍ਹਾਂ ਨੇ ਦੁਬਾਰਾ ਮੱਛੀ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਅਕਸਰ ਹੀ ਇਸ ਦੇਰੀ ਦਾ ਦੋਸ਼ "ਲਾਲ ਫੀਤਾਸ਼ਾਹੀ" ਅਤੇ ਮਾੜੇ ਪ੍ਰਸ਼ਾਸਨ ਨੂੰ ਦਿੱਤਾ ਜਾਂਦਾ ਸੀ, ਅਸਲ ਵਿਚ ਇਸ ਪਿੱਛੇ ਹੋਰ ਸੌੜੇ ਹਿੱਤ ਮੌਜੂਦ ਸਨ।

ਸੁਨਾਮੀ ਤੋਂ ਪਹਿਲਾਂ ਦੇ ਅਸਫ਼ਲ ਮਨਸੂਬੇ

ਅਸਲ ਵਿਚ ਸ੍ਰੀ ਲੰਕਾ ਨੂੰ ਨਵਾਂ ਜਾਮਾ ਪਵਾਉਣ ਦੀ ਵੱਡੀ ਯੋਜਨਾ ਸੁਨਾਮੀ ਤੋਂ ਦੋ ਵਰ੍ਹੇ ਪਹਿਲਾਂ ਬਣਾਈ ਗਈ ਸੀ। ਇਸ ਦਾ ਮੁੱਢ ਓਦੋਂ ਬੱਝਿਆ ਸੀ ਜਦੋਂ ਖ਼ਾਨਾਜੰਗੀ ਖ਼ਤਮ ਹੋ ਗਈ ਸੀ ਅਤੇ ਜਾਣੇ-ਪਛਾਣੇ ਖਿਡਾਰੀਆਂ ਨੇ ਸੰਸਾਰ ਆਰਥਿਕਤਾ ਦੇ ਵਿਹੜੇ ਸ੍ਰੀ ਲੰਕਾ ਦੇ ਪੈਰ ਪਵਾਉਣ ਲਈ ਦੇਸ਼ 'ਤੇ ਧਾਵਾ ਬੋਲ ਦਿੱਤਾ ਸੀ—ਇਨ੍ਹਾਂ ਵਿਚੋਂ ਸਭ ਤੋਂ ਉੱਭਰਵੇਂ ਸਨ ਯੂਐੱਸ ਏਡ, ਸੰਸਾਰ ਬੈਂਕ ਅਤੇ ਇਸ ਦੀ ਸ਼ਾਖਾ ਏਸ਼ੀਆ ਵਿਕਾਸ ਬੈਂਕ। ਆਮ ਸਹਿਮਤੀ ਇਹ ਸੀ ਕਿ ਸ੍ਰੀ ਲੰਕਾ ਲਈ ਮੁਕਾਬਲੇਬਾਜ਼ੀ 'ਚ ਪੈਣ ਦਾ ਸਭ ਤੋਂ ਅਹਿਮ ਲਾਹਾ ਇਸ ਪੱਖੋਂ ਹੈ ਕਿ ਲੰਮਾ ਸਮਾਂ ਚੱਲੀ ਜੰਗ ਕਾਰਨ ਇਹ ਦੇਸ਼ ਵਿਸ਼ਵੀਕਰਨ ਦੇ ਅਮਲ ਤੋਂ ਪਾਸੇ ਰਹਿ ਗਈਆਂ ਉਨ੍ਹਾਂ ਆਖ਼ਰੀ ਥਾਵਾਂ ਵਿਚੋਂ ਇਕ ਸੀ ਜੋ ਹਾਲੇ ਬਸਤੀਆਂ ਬਣਨ ਤੋਂ ਬਚੀਆਂ ਹੋਈਆਂ ਸਨ। ਇਕ ਨਿੱਕਾ ਜਿਹਾ ਦੇਸ਼ ਹੋਣ ਦੇ ਬਾਵਜੂਦ, ਸ੍ਰੀ ਲੰਕਾ 'ਚ ਹਾਲੇ ਵੀ ਜੰਗਲੀ ਜਾਨਵਰ ਚੀਤੇ, ਬਾਂਦਰ, ਹਜ਼ਾਰਾਂ ਜੰਗਲੀ ਹਾਥੀ ਤਕੜੀ ਤਾਦਾਦ 'ਚ ਮਹਿਫੂਜ਼ ਸਨ। ਇਸ ਦੇ ਸਮੁੰਦਰੀ ਕੰਢੇ ਉੱਚੀਆਂ ਸਮੁੰਦਰੀ ਛੱਲਾਂ ਤੋਂ ਅਛੋਹ ਸਨ। ਅਤੇ ਇਸ ਦੇ ਪਹਾੜਾਂ ਉੱਤੇ ਹਿੰਦੂ, ਬੋਧੀ ਮੰਦਰ, ਮਸੀਤਾਂ ਤੇ ਹੋਰ ਪਵਿੱਤਰ ਸਥਾਨ ਬਣੇ ਹੋਏ ਸਨ। ਯੂਐੱਸ ਏਡ ਨੇ ਤਾਰੀਫ਼ ਕੀਤੀ ਕਿ ਇਸ ਦੀ ਸਭ ਤੋਂ ਕਮਾਲ ਦੀ ਗੱਲ ਇਹ ਹੈ ਕਿ "ਇਸ ਨੇ ਪੱਛਮੀ ਵਰਜੀਨੀਆ ਜਿੰਨੀ ਜਗ੍ਹਾ ਘੇਰੀ ਹੋਈ ਹੈ।"[7]

ਇਸ ਯੋਜਨਾ ਤਹਿਤ, ਸ੍ਰੀ ਲੰਕਾ ਦੇ ਜੰਗਲ, ਜੋ ਛਾਪਾਮਾਰ ਲੜਾਕਿਆਂ ਦੀ ਢੁੱਕਵੀਂ ਠਾਹਰ ਸਨ, ਹੁਣ ਜਾਂਬਾਜ਼ ਸੈਲਾਨੀਆਂ ਲਈ ਖੋਲ੍ਹ ਦਿੱਤੇ ਜਾਣਗੇ, ਜੋ ਹਾਥੀਆਂ ਦੀ ਸਵਾਰੀ ਦਾ ਆਨੰਦ ਲੈਣਗੇ ਅਤੇ ਟਾਰਜ਼ਨ ਵਾਂਗ ਉਵੇਂ ਹੀ ਦਰਖ਼ਤਾਂ ਦੀਆਂ ਛਤਰੀਆਂ ਹੇਠ ਝੂਟੇ ਲੈਣਗੇ ਜਿਵੇਂ ਕੋਸਤਾ ਰੀਕਾ ਵਿਚ ਕਰਦੇ ਹਨ। ਭਾਰੀ ਖ਼ੂਨ-ਖ਼ਰਾਬੇ ਨਾਲ ਖੇਰੂੰ-ਖੇਰੂੰ ਹੋਏ ਧਰਮਾਂ 'ਚ ਨਵੀਂ ਰੂਹ ਫੂਕ ਕੇ ਇਨ੍ਹਾਂ ਨੂੰ ਪੱਛਮੀ ਸੈਲਾਨੀਆਂ ਦੀਆਂ ਰੂਹਾਨੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਬਣਾਇਆ ਜਾਵੇਗਾ। ਇੱਥੇ ਬੋਧੀ ਭਿਕਸ਼ੂ ਧਿਆਨ-ਮੁਦਰਾ ਦਾ ਅਭਿਆਸ ਕਰਾਉਣ ਦੇ ਕੇਂਦਰ ਚਲਾਉਣਗੇ, ਹਿੰਦੂ ਨਾਚੀਆਂ ਹੋਟਲਾਂ 'ਚ ਸ਼ੋਖ ਨਾਚ ਨੱਚਿਆ ਕਰਨਗੀਆਂ ਅਤੇ ਆਯੁਰਵੈਦਿਕ ਦਵਾਖ਼ਾਨੇ ਦਰਦਾਂ ਦਾ ਦੇਸੀ ਇਲਾਜ ਕਰਿਆ ਕਰਨਗੇ।

ਸੰਖੇਪ 'ਚ, ਬਾਕੀ ਏਸ਼ੀਆ ਫੈਕਟਰੀਆਂ, ਕਾਲ ਸੈਂਟਰ ਅਤੇ ਝਲਿਆਏ ਸ਼ੇਅਰ ਬਜ਼ਾਰ ਚਲਾਉਂਦਾ ਰਹੇ; ਸ੍ਰੀ ਲੰਕਾ ਓਦੋਂ ਤੱਕ ਇੰਤਜ਼ਾਰ ਕਰੇਗਾ ਜਦੋਂ ਇਨ੍ਹਾਂ ਸਨਅਤਾਂ ਦੇ ਕਪਤਾਨਾਂ ਨੂੰ ਰਹਿੰਦੀ ਕਸਰ ਕੱਢਣ ਲਈ ਹੋਰ ਥਾਂ ਦੀ ਲੋੜ ਨਹੀਂ ਪੈਂਦੀ। ਜਦੋਂ ਕੰਟਰੋਲ ਮੁਕਤ ਸਰਮਾਏਦਾਰੀ ਦੇ ਹੋਰ ਬਦੇਸ਼ੀ ਅੱਡਿਆਂ ਤੋਂ ਬਟੋਰੇ ਅਥਾਹ ਪੈਸੇ ਦੀ ਬਦੌਲਤ ਬੀਆਬਾਨ 'ਚ ਅੱਯਾਸ਼ੀ, ਸਾਹਸੀ ਮਨੋਰੰਜਨ ਅਤੇ ਰੱਜਵੀਂ ਟਹਿਲ-ਸੇਵਾ ਦੇ ਮੁਕੰਮਲ ਸੁਮੇਲ ਨੂੰ ਮਾਨਣ ਦੀ ਗੱਲ ਹੋਵੇ ਤਾਂ ਖ਼ਰਚ ਕਰਨ ਵੇਲੇ ਪਰਵਾਹ ਕਰਨ ਦੀ ਕੀ ਲੋੜ ਹੈ। ਬਦੇਸ਼ੀ ਸਲਾਹਕਾਰਾਂ ਦਾ ਮਨ ਬਣਿਆ ਹੋਇਆ ਸੀ ਕਿ ਸ੍ਰੀ ਲੰਕਾ ਦਾ ਭਵਿੱਖ ਅਮਾਨ ਰਿਜ਼ਾਰਟਸ ਵਰਗੀਆਂ ਹੋਟਲਾਂ ਦਾ ਜਾਲ ਵਿਛਾਉਣ ਵਾਲੀਆਂ ਕੰਪਨੀਆਂ 'ਤੇ ਟਿਕਿਆ ਹੋਇਆ ਹੈ, ਜਿਸ ਨੇ ਦੱਖਣੀ ਸਮੁੰਦਰੀ ਕੰਢੇ ਉੱਪਰ ਦਿਮਾਗ ਚਕਰਾ ਦੇਣ ਵਾਲੇ ਦੋ ਸੈਲਾਨੀ ਹੋਟਲ ਖੋਲ੍ਹੇ ਹਨ, ਜਿੱਥੇ ਇਕ ਰਾਤ ਲਈ ਕਮਰੇ ਦਾ ਖ਼ਰਚ 800 ਡਾਲਰ ਹੈ ਅਤੇ ਹਰੇਕ ਕਮਰੇ ਵਿਚ ਤੈਰਾਕੀ ਤਲਾਅ ਬਣਾਏ ਗਏ ਹਨ।

ਇੱਥੇ ਰਿਜ਼ਾਰਟਸ ਲੜੀ ਅਤੇ ਸੈਰ-ਸਪਾਟਾ ਪ੍ਰਬੰਧਕਾਂ ਦੀਆਂ ਭਰਪੂਰ ਸੰਭਾਵਨਾਵਾਂ ਦੇਖ ਕੇ, ਉੱਚ ਪਾਏ ਦੇ ਸੈਰ-ਸਪਾਟਾ ਕੇਂਦਰ ਵਜੋਂ ਸ੍ਰੀ ਲੰਕਾ ਦੇ ਭਵਿੱਖ ਬਾਰੇ ਅਮਰੀਕੀ ਸਰਕਾਰ ਐਨੇ ਉਤਸ਼ਾਹ 'ਚ ਸੀ ਕਿ ਯੂਐੱਸ ਏਡ ਨੇ ਸ੍ਰੀ ਲੰਕਾ ਦੀ ਸੈਰ-ਸਪਾਟਾ ਸਨਅਤ ਨੂੰ ਵਾਸ਼ਿੰਗਟਨ ਤਰਜ਼ ਦਾ ਤਾਕਤਵਰ ਸੋਦੇਬਾਜ਼ ਅਦਾਰਾ ਬਣਾਉਣ ਲਈ ਇਕ ਪ੍ਰੋਗਰਾਮ ਵਿੱਢ ਦਿੱਤਾ। ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ 5 ਲੱਖ ਡਾਲਰ ਤੋਂ ਘੱਟ ਦੇ ਸਾਲਾਨਾ ਬਜਟ ਨੂੰ ਇਕ ਕਰੋੜ ਡਾਲਰ ਸਾਲਾਨਾ ਤੱਕ ਵਧਾਉਣ ਦਾ ਸਿਹਰਾ ਇਸੇ ਨੂੰ ਜਾਂਦਾ ਹੈ।[8] ਇਸੇ ਦੌਰਾਨ, ਅਮਰੀਕੀ ਸਫ਼ਾਰਤਖ਼ਾਨੇ ਨੇ ਮੁਕਾਬਲੇਬਾਜ਼ੀ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਜੋ ਇਸ ਦੇਸ਼ ਵਿਚ ਅਮਰੀਕੀ ਆਰਥਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੰਮ ਕਰਦੀ ਚੌਕੀ ਸੀ। ਇਸ ਪ੍ਰੋਗਰਾਮ ਦੇ ਨਿਰਦੇਸ਼ਕ, ਜੌਹਨ ਵਾਰਲੇ ਨਾਂ ਦੇ ਧੌਲਿਆਂ ਵਾਲੇ ਅਰਥਸ਼ਾਸਤਰੀ ਨੇ ਮੈਨੂੰ ਦੱਸਿਆ ਕਿ ਸ੍ਰੀਲੰਕਾ ਦਾ ਸੈਰ-ਸਪਾਟਾ ਬੋਰਡ ਜਦੋਂ ਇਸ ਦਹਾਕੇ ਦੇ ਅਖ਼ੀਰ 'ਚ ਹਰ ਸਾਲ ਦਸ ਲੱਖ ਸੈਲਾਨੀਆਂ ਨੂੰ ਖਿੱਚਣ ਦੀ ਗੱਲ ਕਰਦਾ ਹੈ ਤਾਂ ਉਸ ਦੀ ਸੋਚ ਬਹੁਤ ਸੀਮਤ ਹੈ। "ਮੇਰੀ ਵਿਅਕਤੀਗਤ ਸੋਚ ਹੈ ਕਿ ਉਹ ਇਸ ਤੋਂ ਦੁੱਗਣਿਆਂ ਨੂੰ ਖਿੱਚ ਸਕਦੇ ਹਨ।" ਸ੍ਰੀ ਲੰਕਾ 'ਚ ਸੰਸਾਰ ਬੈਂਕ ਦੀਆਂ ਕਾਰਵਾਈਆਂ ਦਾ ਨਿਰਦੇਸ਼ਨ ਕਰਨ ਵਾਲੇ ਅੰਗਰੇਜ਼ ਪੀਤਰ ਹੈਰੋਲਡ ਨੇ ਮੈਨੂੰ ਦੱਸਿਆ, "ਮੇਰੀ ਸਦਾ ਇਹੀ ਸੋਚ ਰਹੀ ਹੈ ਕਿ ਇਹ ਐਨ ਬਾਲੀ ਟਾਪੂ ਵਰਗਾ ਹੈ।"

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉੱਚ ਪਾਏ ਦੀ ਸੈਰ-ਸਪਾਟਾ ਸਨਅਤ ਮੰਡੀ ਦੇ ਵਾਧੇ ਨੂੰ ਸਾਕਾਰ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਸ਼ਾਹੀ ਅੱਯਾਸ਼ੀ ਵਾਲੇ ਹੋਟਲਾਂ ਦੀ ਕੁਲ ਆਮਦਨੀ, ਜਿੱਥੇ ਕਮਰਿਆਂ ਦਾ ਇਕ ਰਾਤ ਦਾ ਔਸਤ ਖ਼ਰਚਾ 405 ਡਾਲਰ ਹੁੰਦਾ ਸੀ, 2001 ਅਤੇ

2005 ਦੇ ਸਮੇਂ ਦੌਰਾਨ 70 ਫ਼ੀ ਸਦੀ ਵਧੀ ਸੀ—ਉਸ ਸਮੇਂ ਇਹ ਮਾੜੀ ਨਹੀਂ ਜਦੋਂ 11 ਸਤੰਬਰ ਤੋਂ ਬਾਅਦ ਦਾ ਮੰਦਵਾੜਾ ਚੱਲ ਰਿਹਾ ਸੀ, ਇਰਾਕ ਵਿਰੁੱਧ ਜੰਗ ਛਿੜੀ ਹੋਈ ਸੀ ਅਤੇ ਤੇਲ ਦੇ ਭਾਅ ਆਸਮਾਨ ਨੂੰ ਛੂਹ ਰਹੇ ਸਨ। ਕਈ ਪੱਖਾਂ ਤੋਂ, ਇਸ ਖੇਤਰ ਦਾ ਪ੍ਰਤੱਖ ਵਾਧਾ ਸਿਰੇ ਦੀ ਨਾਬਰਾਬਰੀ ਦੀ ਪੈਦਾਵਾਰ ਹੈ ਜੋ ਸ਼ਿਕਾਗੋ ਸਕੂਲ ਅਰਥਸ਼ਾਸਤਰ ਦੀ ਆਮ ਜਿੱਤ ਦਾ ਸਿੱਟਾ ਸੀ। ਆਰਥਿਕਤਾ ਦੀ ਸਮੁੱਚੀ ਹਾਲਤ ਤੋਂ ਅਟੰਕ, ਇੱਥੇ ਹੁਣ ਵਾਹਵਾ ਗਿਣਤੀ 'ਚ ਐਸੇ ਕਰੋੜਾਂਪਤੀ ਅਤੇ ਅਰਬਾਂਪਤੀ ਸਰਮਾਏਦਾਰਾਂ ਦਾ ਕੁਲੀਨ ਵਰਗ ਮੌਜੂਦ ਹੈ ਜਿਸ ਨੂੰ ਵਾਲ ਸਟਰੀਟ "ਉੱਤਮ ਖ਼ਪਤਕਾਰਾਂ" ਵਜੋਂ ਦੇਖਦੀ ਹੈ ਜੋ ਖ਼ੁਦ ਹੀ ਖ਼ਪਤਕਾਰੀ ਮਾਲ ਦੀ ਮੰਗ ਨੂੰ ਪੂਰੀ ਤਰ੍ਹਾਂ ਅੱਗੇ ਵਧਾਉਣ ਦੇ ਸਮਰੱਥ ਹਨ। ਅਜੇ ਕਪੂਰ, ਜੋ ਨਿਊਯਾਰਕ ਸਥਿਤ ਸਿਟੀਗਰੁੱਪ ਸਮਿੱਥ ਬਾਰਨੇ ਦੀ ਵਿਸ਼ਵੀ ਜਾਇਦਾਦ ਬਾਰੇ ਯੁੱਧਨੀਤੀ ਘੜਨ ਵਾਲੀ ਟੋਲੀ ਦਾ ਸਾਬਕਾ ਮੁਖੀ ਰਿਹਾ ਹੈ, ਉਹ ਆਪਣੇ ਗਾਹਕਾਂ ਨੂੰ ਸਟਾਕ ਦੀ *ਪਲੂਟੋਨਮੀ ਬਾਸਕਿਟ*• ਵਿਚ ਪੂੰਜੀ-ਨਿਵੇਸ਼ ਕਰਨ ਲਈ ਉਤਸ਼ਾਹਤ ਕਰਦਾ ਹੈ, ਜਿਸ ਦੀ ਵਿਸ਼ੇਸ਼ਤਾ ਬਲਗਰੀ, ਪੌਰਸਚ, ਫੋਰ ਸੀਜ਼ਨਜ਼ ਅਤੇ ਸੋਦਬੀਜ਼ ਵਰਗੀਆਂ ਕੰਪਨੀਆਂ ਹਨ। ਉਸ ਦਾ ਕਹਿਣਾ ਹੈ, "ਜੇ ਪਲੂਟੋ ਆਰਥਿਕਤਾ ਇਸੇ ਤਰ੍ਹਾਂ ਚੱਲਦੀ ਰਹਿੰਦੀ ਹੈ, ਸਾਡੀ ਸੋਚ ਹੈ ਇਹ ਇਸੇ ਤਰ੍ਹਾਂ ਜਾਰੀ ਰਹੇਗੀ, ਜੇ ਅਸਾਵੀਂ ਆਮਦਨੀ ਬਣੇ ਰਹਿਣ ਅਤੇ ਇਹ ਪਾੜਾ ਹੋਰ ਵਧਣ ਦੀ ਇਜਾਜ਼ਤ ਮਿਲਦੀ ਰਹੇ ਤਾਂ ਪਲੂਟੋਨਮੀ ਬਾਸਕਿਟ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਉਂਦੀ ਰਹੇਗੀ।"[9]

ਪਰ ਸ੍ਰੀ ਲੰਕਾ ਵਲੋਂ ਪਲੂਟੋਨਮੀ ਸੈੱਟ ਵਾਲੇ ਅਖਾੜੇ ਵਜੋਂ ਆਪਣੀ ਤਕਦੀਰ ਅਜ਼ਮਾਉਣ ਤੋਂ ਪਹਿਲਾਂ ਇੱਥੇ ਕੁਝ ਖੇਤਰਾਂ ਵਿਚ ਵੱਡੇ ਸੁਧਾਰ ਤੇਜ਼ੀ ਨਾਲ ਲਿਆਉਣ ਦੀ ਜ਼ਰੂਰਤ ਸੀ। ਚੋਟੀ ਦੀਆਂ ਰਿਜ਼ਾਰਟਸ ਕੰਪਨੀਆਂ ਨੂੰ ਭਰਮਾਉਣ ਲਈ, ਸਰਕਾਰ ਨੂੰ ਜ਼ਮੀਨ ਦੀ ਨਿੱਜੀ ਮਾਲਕੀ ਉੱਤੇ ਲਾਈਆਂ ਰੋਕਾਂ ਹਟਾਉਣੀਆਂ ਜ਼ਰੂਰੀ ਸਨ (ਮੋਟੇ ਤੌਰ 'ਤੇ ਸ੍ਰੀ ਲੰਕਾ ਦੀ 80 ਫ਼ੀ ਸਦੀ ਜ਼ਮੀਨ ਦਾ ਮਾਲਕ ਰਾਜ ਸੀ)।[10] ਇਸ ਨੂੰ ਵੱਧ "ਲਚਕੀਲੇ" ਕਿਰਤ ਕਾਨੂੰਨਾਂ ਦੀ ਜ਼ਰੂਰਤ ਸੀ ਜਿਨ੍ਹਾਂ ਤਹਿਤ ਪੂੰਜੀ-ਨਿਵੇਸ਼ ਕਰਨ ਵਾਲੇ ਆਪਣੇ ਹੋਟਲਾਂ ਦਾ ਅਮਲਾ ਭਰਤੀ ਕਰਨਗੇ। ਇਸ ਲਈ ਆਪਣੀਆਂ ਬੁਨਿਆਦੀ ਢਾਂਚਾ ਸੇਵਾਵਾਂ—ਮੁੱਖ ਸੜਕਾਂ, ਠਾਠਦਾਰ ਹਵਾਈ ਅੱਡੇ ਅਤੇ ਪਾਣੀ ਅਤੇ ਬਿਜਲੀ ਦੇ ਪ੍ਰਬੰਧ—ਨੂੰ ਬਿਹਤਰ ਤੇ ਆਧੁਨਿਕ ਬਣਾਉਣਾ ਜ਼ਰੂਰੀ ਸੀ। ਪਰ ਹਾਲਤ ਇਹ ਸੀ ਕਿ ਸ੍ਰੀ ਲੰਕਾ ਹਥਿਆਰਾਂ ਦੀ ਖ਼ਰੀਦਦਾਰੀ ਦੇ ਕਰਜੇ 'ਚ ਡੂੰਘਾ ਧਸਿਆ ਹੋਣ ਕਾਰਨ ਸਰਕਾਰ ਸਵੈ-ਨਿਰਭਰਤਾ ਨਾਲ ਇਸ ਤਿੱਖੇ ਆਧੁਨਿਕੀਕਰਨ ਦਾ ਖ਼ਰਚਾ ਚੁੱਕ ਸਕਣ ਦੀ ਹਾਲਤ 'ਚ ਨਹੀਂ ਸੀ। ਇਸ ਮੂਹਰੇ ਸਿੱਧੇ ਸੌਦੇ ਦੀ ਪੇਸ਼ਕਸ਼ ਮੌਜੂਦ ਸੀ : ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਤੋਂ ਕਰਜੇ ਫੇਰ ਮਿਲਣਗੇ ਜੇ ਆਰਥਿਕਤਾ ਨੂੰ ਨਿੱਜੀਕਰਨ ਅਤੇ "ਜਨਤਕ-ਨਿੱਜੀ ਭਾਈਵਾਲੀ" ਵਾਸਤੇ ਖੋਲ੍ਹ ਦੇਣ ਦੇ ਸਮਝੌਤੇ ਕੀਤੇ ਜਾਣਗੇ।

ਇਹ ਸਾਰੀਆਂ ਯੋਜਨਾਵਾਂ ਅਤੇ ਇਨ੍ਹਾਂ ਦੀਆਂ ਸ਼ਰਤਾਂ ਪੂਰੀ ਮੁਸਤੈਦੀ ਨਾਲ ਉਲੀਕੀਆਂ ਗਈਆਂ ਸਨ। *ਸ੍ਰੀ ਲੰਕਾ ਨੂੰ ਮੁੜ ਪੈਰਾਂ' ਤੇ ਖੜ੍ਹਾ ਕਰਨ ਦਾ ਪ੍ਰੋਗਰਾਮ* ਨਾਂ ਹੇਠ ਸੰਸਾਰ ਬੈਂਕ ਦੀ ਮਨਜ਼ੂਰੀ ਵਾਲਾ ਇਹ ਪ੍ਰੋਗਰਾਮ 2003 ਦੇ ਸ਼ੁਰੂ 'ਚ ਪਾਸ ਕੀਤਾ ਗਿਆ ਸੀ। ਇਸ ਦਾ ਪ੍ਰਮੁੱਖ ਦੇਸੀ ਵਕੀਲ ਮਾਨੋ ਟਿਟਾਵੇਲਾ ਨਾਂ ਦਾ ਸ੍ਰੀ ਲੰਕਾ ਦਾ ਸਿਆਸਤਦਾਨ/ਕਾਰੋਬਾਰੀ ਹੈ ਜਿਸ ਦੀ ਸਰੀਰਕ ਅਤੇ ਸਿਧਾਂਤਕ ਦੋਵਾਂ ਪੱਖਾਂ ਤੋਂ ਅਮਰੀਕੀ ਸੰਸਦ ਦੇ 58ਵੇਂ ਸਪੀਕਰ ਨਿਊਟ ਗਿੰਗਰਿਚ

• ਜਿਨ੍ਹਾਂ ਕੰਪਨੀਆਂ ਦੇ ਸ਼ੇਅਰਾਂ ਦੇ ਸਟਾਕ ਸਿਰਫ਼ ਚੋਟੀ ਦੇ ਅਮੀਰ ਹੀ ਖ਼ਰੀਦਦੇ ਹਨ—ਅਨੁਵਾਦਕ

ਨਾਲ ਬਹੁਤ ਜ਼ਿਆਦਾ ਰਾਸ ਰਲਦੀ ਹੈ।[11]

ਸਦਮਾ ਇਲਾਜ ਦੀਆਂ ਅਜਿਹੀਆਂ ਸਾਰੀਆਂ ਯੋਜਨਾਵਾਂ ਵਾਂਗ, *ਸ੍ਰੀ ਲੰਕਾ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਦਾ ਪ੍ਰੋਗਰਾਮ* ਤੇਜ਼ ਰਫ਼ਤਾਰ ਆਰਥਕ ਵਾਧੇ ਦੀ ਸ਼ੁਰੂਆਤ ਕਰਨ ਦੇ ਨਾਂ ਹੇਠ ਕਈ ਕੁਰਬਾਨੀਆਂ ਦੀ ਮੰਗ ਕਰਦਾ ਸੀ। ਲੋਕਾਂ ਨੂੰ ਆਪਣੇ ਜ਼ੱਦੀ ਪਿੰਡਾਂ ਦੀ ਜ਼ਮੀਨ ਹੋਟਲਾਂ ਅਤੇ ਵੱਡੀਆਂ ਸੜਕਾਂ ਦੇ ਹਵਾਲੇ ਕਰਨੀ ਪਵੇਗੀ ਤਾਂ ਜੋ ਸਮੁੰਦਰੀ ਕੰਢੇ ਦਾ ਖੇਤਰ ਸੈਲਾਨੀਆਂ ਲਈ ਖਾਲੀ ਕੀਤਾ ਜਾ ਸਕੇ। ਮੱਛੀਆਂ ਫੜਨ ਦੇ ਕਾਰੋਬਾਰ ਉੱਪਰ ਵੱਡੀਆਂ-ਵੱਡੀਆਂ ਆਧੁਨਿਕ ਮਛੇਰਾ-ਕਿਸ਼ਤੀਆਂ ਵਾਲੇ ਕਾਬਜ਼ ਹੋ ਜਾਣਗੇ। ਇਹ ਲੱਕੜ ਦੀਆਂ ਰਵਾਇਤੀ ਬੇੜੀਆਂ ਨਹੀਂ ਹੋਣਗੀਆਂ ਜੋ ਰੇਤਲੇ ਕੰਢਿਆਂ ਨੇੜੇ ਹੀ ਚੱਲਦੀਆਂ ਹਨ ਇਹ ਤਾਂ ਡੂੰਘੀਆਂ ਬੰਦਰਗਾਹਾਂ 'ਚ ਟੁੱਭੀਆਂ ਲਾਉਣ ਵਾਲੀਆਂ ਆਧੁਨਿਕ ਕਿਸ਼ਤੀਆਂ ਹਨ।[12] ਅਤੇ ਇਹ ਵੀ ਪੱਕੀ ਗੱਲ ਹੈ ਕਿ ਜਿਵੇਂ ਬਿਓਨਸ ਏਅਰੀਸ ਤੋਂ ਲੈ ਕੇ ਬਗ਼ਦਾਦ ਤੱਕ ਅਜਿਹੇ ਹਾਲਾਤ 'ਚ ਵਾਪਰ ਚੁੱਕਿਆ ਸੀ, ਸਰਕਾਰੀ ਕੰਪਨੀਆਂ 'ਚ ਵਿਆਪਕ ਪੱਧਰ 'ਤੇ ਨੌਕਰੀਆਂ ਖ਼ਤਮ ਕਰ ਦਿੱਤੀਆਂ ਜਾਣਗੀਆਂ ਅਤੇ ਸੇਵਾਵਾਂ ਦੇ ਲਾਗਤ ਖ਼ਰਚੇ ਬਹੁਤ ਵਧ ਜਾਣਗੇ। ਯੋਜਨਾ ਦੇ ਹਮਾਇਤੀਆਂ ਲਈ ਸਮੱਸਿਆ ਇਹ ਸੀ ਕਿ ਸ੍ਰੀ ਲੰਕਾ ਦੇ ਬਹੁਤੇ ਲੋਕਾਂ ਦੀ ਅਜਿਹੀਆਂ ਕੁਰਬਾਨੀਆਂ ਕਰਨ ਦੀ ਸੋਚ ਨਹੀਂ ਸੀ। 2003 ਦਾ ਵਰ੍ਹਾ ਸੀ ਅਤੇ ਵਿਸ਼ਵੀਕਰਨ 'ਚ ਸੁਪਨੇ ਦੇਖਣ ਵਾਲਾ ਭਰੋਸਾ ਲੰਮਾ ਸਮਾਂ ਪਹਿਲਾਂ ਖ਼ਤਮ ਹੋ ਚੁੱਕਾ ਸੀ, ਖ਼ਾਸ ਕਰਕੇ ਏਸ਼ੀਆ ਦੇ ਆਰਥਕ ਸੰਕਟ ਦੀ ਭਿਆਨਕਤਾ ਤੋਂ ਬਾਅਦ। ਜੰਗ ਦੀ ਵਿਰਾਸਤ ਵੀ ਅੜਿੱਕਾ ਬਣੀ। ਸ੍ਰੀ ਲੰਕਾ ਦੇ ਦਹਿ ਹਜ਼ਾਰਾਂ ਵਾਸੀ "ਕੌਮ," "ਵਤਨ" ਅਤੇ "ਰਾਜ ਖੇਤਰ" ਦੇ ਨਾਂ ਹੇਠ ਜਾਨਾਂ ਗੁਆ ਚੁੱਕੇ ਸਨ। ਹੁਣ, ਜਦੋਂ ਓੜਕ ਸ਼ਾਂਤੀ ਪਰਤ ਆਈ ਸੀ ਤਾਂ ਸਭ ਤੋਂ ਗਰੀਬ ਲੋਕਾਂ ਨੂੰ ਆਪਣੀ ਜ਼ਮੀਨ ਦੇ ਛੋਟੇ ਛੋਟੇ ਟੁਕੜੇ ਅਤੇ ਮਾੜੀ-ਮੋਟੀ ਜਾਇਦਾਦ—ਸਬਜ਼ੀ ਬੀਜਣ ਲਈ ਕਿਆਰੀਆਂ, ਸਧਾਰਨ ਜਹੇ ਘਰ, ਬੇੜੀ ਆਦਿ—ਛੱਡਣ ਲਈ ਕਿਹਾ ਜਾ ਰਿਹਾ ਸੀ ਤਾਂ ਜੋ ਮੈਰੀਅਟ ਜਾਂ ਹਿਲਟਨ ਕੰਪਨੀ ਗੌਲਫ ਕੋਰਸ ਬਣਾ ਸਕਣ (ਅਤੇ ਪਿੰਡਾਂ ਦੇ ਲੋਕ ਕੋਲੰਬੋ 'ਚ ਹਿਜਰਤ ਕਰਨ ਦਾ ਭਾਣਾ ਮੰਨ ਲੈਣ)। ਇਹ ਘ੍ਰਿਣਤ ਸੌਦਾ ਸੀ ਅਤੇ ਇਸੇ ਅਨੁਸਾਰ ਸ੍ਰੀ ਲੰਕਾ ਵਾਸੀਆਂ ਦਾ ਪ੍ਰਤੀਕਰਮ ਸਾਹਮਣੇ ਆਇਆ।

ਸ੍ਰੀ ਲੰਕਾ ਨੂੰ ਪੈਰਾਂ ਸਿਰ ਕਰਨ ਦੇ ਪ੍ਰੋਗਰਾਮ ਨੂੰ ਪਹਿਲਾਂ ਖਾੜਕੂ ਹੜਤਾਲਾਂ ਅਤੇ ਸੜਕਾਂ 'ਤੇ ਮੁਜ਼ਾਹਰੇ ਕਰਕੇ ਰੱਦ ਕੀਤਾ ਗਿਆ ਅਤੇ ਫੇਰ ਫ਼ੈਸਲਾਕੁਨ ਢੰਗ ਨਾਲ ਚੋਣਾਂ ਰਾਹੀਂ। ਅਪ੍ਰੈਲ 2004 'ਚ, ਸ੍ਰੀ ਲੰਕਾ ਵਾਸੀਆਂ ਨੇ ਬਦੇਸ਼ੀ ਮਾਹਰਾਂ ਅਤੇ ਇਨ੍ਹਾਂ ਦੇ ਸਥਾਨਕ ਭਾਈਵਾਲਾਂ ਨੂੰ ਠੁੱਠ ਵਿਖਾ ਕੇ ਮੱਧਮਾਰਗੀ-ਖੱਬਿਆਂ ਅਤੇ ਮਾਰਕਸਵਾਦੀ ਕਹਾਉਣ ਵਾਲਿਆਂ ਦੇ ਗੱਠਜੋੜ ਨੂੰ ਵੋਟਾਂ ਪਾਈਆਂ ਜੋ ਸ੍ਰੀ ਲੰਕਾ ਨੂੰ ਪੈਰਾਂ ਸਿਰ ਕਰਨ ਦੀ ਯੋਜਨਾ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਵਾਅਦਾ ਕਰਦੇ ਸਨ।[13] ਉਸ ਸਮੇਂ ਨਿੱਜੀਕਰਨ ਦੀਆਂ ਕਈ ਅਹਿਮ ਸਕੀਮਾਂ, ਪਾਣੀ ਅਤੇ ਬਿਜਲੀ ਸਮੇਤ, ਹਾਲੇ ਸਿਰੇ ਨਹੀਂ ਸੀ ਲੱਗੀਆਂ ਅਤੇ ਮੁੱਖ ਸੜਕਾਂ ਦੇ ਪ੍ਰਾਜੈਕਟਾਂ ਨੂੰ ਅਦਾਲਤਾਂ 'ਚ ਚੁਣੌਤੀ ਦਿੱਤੀ ਗਈ ਸੀ। ਪਲੂਟੋਨਮੀ ਖੇਡ੍ਹ ਮੈਦਾਨ ਬਣਾਉਣ ਦੇ ਸੁਪਨੇ ਲੈਣ ਵਾਲਿਆਂ ਲਈ ਇਹ ਵੱਡੀ ਪਛਾੜ ਸੀ : ਕਲਪਨਾ ਇਹ ਕੀਤੀ ਗਈ ਸੀ ਕਿ 2004 ਸ੍ਰੀ ਲੰਕਾ ਵਿਚ ਨਵੇਂ ਪੂੰਜੀ-ਨਿਵੇਸ਼ ਲਈ ਸਾਜ਼ਗਾਰ, ਪਲੇਠਾ ਸਾਲ ਹੋਵੇਗਾ ਅਤੇ ਇੱਥੇ ਨਿੱਜੀਕਰਨ ਹੋ ਚੁੱਕਾ ਹੋਵੇਗਾ; ਹੁਣ ਸਾਰੀਆਂ ਸ਼ਰਤਾਂ ਦੀਆਂ ਧੱਜੀਆਂ ਉੱਡ ਗਈਆਂ ਸਨ।

ਇਨ੍ਹਾਂ ਹੋਣੀ ਭਰਪੂਰ ਚੋਣਾਂ ਤੋਂ ਅੱਠ ਮਹੀਨੇ ਬਾਅਦ, ਸੁਨਾਮੀ ਦਾ ਕਹਿਰ ਵਾਪਰ ਗਿਆ। *ਸ੍ਰੀ ਲੰਕਾ ਨੂੰ ਮੁੜ ਪੈਰਾਂ ਸਿਰ ਕਰਨ ਦੇ ਪ੍ਰੋਗਰਾਮ* ਦੀ ਮੌਤ ਦਾ ਸੋਗ ਮਨਾਉਣ ਵਾਲਿਆਂ ਨੇ ਇਸ

ਆਫ਼ਤ ਦੀ ਮਹੱਤਤਾ ਝਟ ਬੁੱਝ ਲਈ। ਨਵੀਂ ਚੁਣੀ ਸਰਕਾਰ ਨੂੰ ਤੂਫ਼ਾਨ 'ਚ ਤਬਾਹ ਹੋਏ ਘਰਾਂ, ਸੜਕਾਂ, ਸਕੂਲਾਂ ਅਤੇ ਰੇਲਵੇ ਮਾਰਗਾਂ ਦੀ ਮੁੜ-ਉਸਾਰੀ ਕਰਨ ਲਈ ਅਰਬਾਂ ਡਾਲਰਾਂ ਦੀ ਲੋੜ ਪਵੇਗੀ—ਅਤੇ ਕਰਜਾ ਦੇਣ ਵਾਲੇ ਖ਼ੂਬ ਜਾਣਦੇ ਸਨ ਕਿ ਤਬਾਹੀ ਨਾਲ ਵਾਹ ਪੈਣ 'ਤੇ, ਸਿਰੇ ਦੇ ਵਚਨਬਧ ਆਰਥਕ ਕੌਮਪ੍ਰਸਤ ਵੀ ਇਕਦਮ ਪੋਲੇ ਪੈ ਜਾਂਦੇ ਹਨ। ਜਿੱਥੋਂ ਤੱਕ ਉਨ੍ਹਾਂ ਖਾੜਕੂ ਕਿਸਾਨਾਂ ਅਤੇ ਮਛੇਰਿਆਂ ਦਾ ਸਵਾਲ ਸੀ ਜਿਨ੍ਹਾਂ ਨੇ ਵਿਕਾਸ ਦੇ ਨਾਂ ਹੇਠ ਜ਼ਮੀਨ ਖਾਲੀ ਕਰਾਉਣ ਦੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਬਣਾਉਣ ਲਈ ਸੜਕਾਂ 'ਤੇ ਜਾਮ ਲਾਏ ਅਤੇ ਜਨਤਕ ਮੁਜ਼ਾਹਰੇ ਕੀਤੇ ਸਨ, ਇਸ ਸਮੇਂ ਸ੍ਰੀ ਲੰਕਾ ਦੇ ਇਨ੍ਹਾਂ ਪੇਂਡੂਆਂ ਦੀ ਸੁਤਾ ਹੋਰ ਪਾਸੇ ਲੱਗੀ ਹੋਈ ਸੀ।

ਤੂਫ਼ਾਨ ਤੋਂ ਬਾਅਦ : ਦੂਜਾ ਮੌਕਾ

ਜਿਨ੍ਹਾਂ ਧਨਾਢ ਦੇਸ਼ਾਂ ਦਾ ਸਹਾਇਤਾ ਰਾਸ਼ੀ 'ਤੇ ਕਬਜ਼ਾ ਸੀ ਕੋਲੰਬੋ ਦੀ ਕੌਮੀ ਸਰਕਾਰ ਉਨ੍ਹਾਂ ਨੂੰ ਇਹ ਸਾਬਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਸੀ ਕਿ ਉਹ ਆਪਣੇ ਬੀਤੇ ਨੂੰ ਛੱਡਣ ਲਈ ਤਿਆਰ ਹੈ। ਨਿੱਜੀਕਰਨ ਦੇ ਖੁੱਲ੍ਹੇਆਮ ਵਿਰੋਧ ਦੇ ਮੰਚ ਤੋਂ ਚੁਣੀ ਗਈ ਰਾਸ਼ਟਰਪਤੀ ਚੰਦਰਕਾ ਕੁਮਾਰਾਤੁੰਗਾ ਨੇ ਦਾਅਵਾ ਕੀਤਾ ਕਿ ਉਸ ਲਈ ਤਾਂ ਸੁਨਾਮੀ ਇਕ ਤਰ੍ਹਾਂ ਦਾ ਧਾਰਮਿਕ ਚਾਨਣ ਬਣਕੇ ਬਹੁੜੀ ਸੀ, ਜਿਸ ਨੇ ਖੁੱਲ੍ਹੀ ਮੰਡੀ ਬਾਰੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ। ਉਸ ਨੇ ਤੂਫ਼ਾਨ ਨਾਲ ਤਬਾਹ ਹੋਏ ਸਮੁੰਦਰੀ ਕੰਢੇ ਦਾ ਦੌਰਾ ਕੀਤਾ ਅਤੇ ਮਲਬੇ ਵਿਚਾਲੇ ਖੜ੍ਹ ਕੇ ਐਲਾਨ ਕੀਤਾ, "ਅਸੀਂ ਐਨੇ ਕੁਦਰਤੀ ਵਸੀਲਿਆਂ ਨਾਲ ਵਰੋਸਾਇਆ ਦੇਸ਼ ਹਾਂ, ਅਤੇ ਅਸੀਂ ਇਨ੍ਹਾਂ ਦਾ ਭਰਪੂਰ ਇਸਤੇਮਾਲ ਨਹੀਂ ਕੀਤਾ.... ਇਸ ਲਈ ਕੁਦਰਤ ਨੇ ਸੋਚਿਆ ਹੋਵੇਗਾ 'ਬਥੇਰੀ ਹੋ ਗਈ ਹੈ' ਅਤੇ ਇਸ ਨੇ ਚਾਰ ਚੁਫੇਰਿਉਂ ਸਾਨੂੰ ਥਪੇੜੇ ਮਾਰ ਕੇ ਸਾਂਝਾ ਸਬਕ ਸਿਖਾਇਆ ਹੈ।"[14] ਕੈਸੀ ਨਿਆਰੀ ਵਿਆਖਿਆ ਸੀ—ਸ੍ਰੀ ਲੰਕਾ ਦੇ ਸਮੁੰਦਰੀ ਕੰਢੇ ਅਤੇ ਜੰਗਲ ਵੇਚਣ 'ਚ ਅਸਫ਼ਲ ਰਹਿਣ ਦੀ ਕਰਤਾਰੀ ਸਜ਼ਾ!

ਤੌਬਾ ਦਾ ਅਮਲ ਤੁਰੰਤ ਸ਼ੁਰੂ ਹੋ ਗਿਆ। ਤੂਫ਼ਾਨ ਦੇ ਹਮਲੇ ਤੋਂ ਚਾਰ ਦਿਨ ਬਾਅਦ ਹੀ, ਉਸ ਦੀ ਸਰਕਾਰ ਨੇ ਉਹ ਬਿੱਲ ਥੋਪ ਦਿੱਤਾ ਜੋ ਪਾਣੀ ਦੇ ਨਿੱਜੀਕਰਨ ਦਾ ਰਾਹ ਪੱਧਰਾ ਕਰਦਾ ਸੀ, ਦੇਸ਼ ਦੇ ਲੋਕ ਇਸ ਯੋਜਨਾ ਦਾ ਸਾਲਾਂ ਤੋਂ ਜ਼ਬਰਦਸਤ ਵਿਰੋਧ ਕਰਦੇ ਰਹੇ ਸਨ। ਬੇਸ਼ੱਕ, ਇਸ ਸਮੇਂ ਜਦੋਂ ਦੇਸ਼ 'ਚ ਹਾਲੇ ਸਮੁੰਦਰ ਦਾ ਪਾਣੀ ਭਰਿਆ ਹੋਇਆ ਸੀ ਅਤੇ ਕਬਰਾਂ ਹਾਲੇ ਪੁੱਟੀਆਂ ਨਹੀਂ ਗਈਆਂ ਸਨ, ਬਹੁਤ ਥੋੜ੍ਹਿਆਂ ਨੂੰ ਹੀ ਪਤਾ ਲੱਗਿਆ ਕਿ ਇਹ ਕੁਝ ਹੋ ਚੁੱਕਾ ਸੀ—ਇਰਾਕ ਦਾ ਨਵਾਂ ਤੇਲ ਕਾਨੂੰਨ ਪਾਸ ਕਰਨ ਲਈ ਜੋ ਵਕਤ ਚੁਣਿਆ ਗਿਆ ਇਹ ਉਸ ਨਾਲ ਬਹੁਤ ਮਿਲਦੀ ਜੁਲਦੀ ਮਿਸਾਲ ਹੈ। ਸਰਕਾਰ ਨੇ ਜ਼ਿੰਦਗੀ ਨੂੰ ਹੋਰ ਦੁੱਭਰ ਬਣਾਉਣ ਲਈ ਵੀ ਇਹੀ ਮੌਕਾ ਚੁਣਿਆ ਅਤੇ ਗੈਸ ਦੀਆਂ ਕੀਮਤਾਂ ਵਧਾ ਦਿੱਤੀਆਂ—ਇਹ ਮੁਹਿੰਮ ਸ਼ਾਹੂਕਾਰ ਸੰਸਥਾਵਾਂ ਨੂੰ ਕੋਲੰਬੋ ਦੇ ਸਰਕਾਰੀ ਖ਼ਜ਼ਾਨੇ ਦੀਆਂ ਜ਼ਿੰਮੇਵਾਰੀਆਂ ਬਾਰੇ ਸਪਸ਼ਟ ਸੰਦੇਸ਼ ਦੇਣ ਲਈ ਉਲੀਕੀ ਗਈ ਸੀ। ਇਸ ਨੇ ਕੌਮੀ ਬਿਜਲੀ ਕੰਪਨੀ ਨੂੰ ਤੋੜਨ ਲਈ ਕਾਨੂੰਨ ਬਣਾਉਣ ਦਾ ਵਿੱਢ ਵੀ ਵਿੱਢ ਦਿੱਤਾ। ਇਸ ਪਿੱਛੇ ਕੰਪਨੀ ਨੂੰ ਨਿੱਜੀ ਖੇਤਰ ਲਈ ਖੋਲ੍ਹ ਦੇਣ ਦਾ ਮਨਸੂਬਾ ਕੰਮ ਕਰਦਾ ਸੀ।[15]

ਸ੍ਰੀ ਲੰਕਾ ਦੇ ਮਛੇਰਿਆਂ ਨਾਲ ਕੌਮੀ ਇਕਮੁੱਠਤਾ ਲਹਿਰ, ਜੋ ਨਿੱਕੀਆਂ ਬੇੜੀਆਂ ਵਾਲਿਆਂ ਦੀ ਨੁਮਾਇੰਦਗੀ ਕਰਦੀ ਹੈ, ਦੇ ਮੁਖੀ ਹਰਮਨ ਕੁਮਾਰ ਨੇ ਮੁੜ-ਉਸਾਰੀ ਨੂੰ "ਕਾਰਪੋਰੇਟ ਵਿਸ਼ਵੀਕਰਨ ਵਲੋਂ ਲਿਆਂਦੀ ਦੂਜੀ ਸੁਨਾਮੀ" ਕਿਹਾ। ਉਸ ਮੁਤਾਬਿਕ ਇਹ ਮਛੇਰਿਆਂ ਦੀ ਉਸ ਸਮੇਂ ਲੁੱਟ-ਖਸੁੱਟ ਕਰਨ ਦੀ ਗਿਣੀ-ਮਿਥੀ ਚਾਲ ਸੀ ਜਦੋਂ ਉਹ ਬਹੁਤ ਜ਼ਿਆਦਾ ਫੱਟੜ ਅਤੇ ਨਿਤਾਣੀ

ਹਾਲਤ ’ਚ ਸਨ—ਜਿਵੇਂ ਜੰਗ ਤੋਂ ਬਾਅਦ ਲੁੱਟਮਾਰ ਹੁੰਦੀ ਹੈ, ਇਸੇ ਤਰ੍ਹਾਂ ਇਕ ਤੋਂ ਬਾਅਦ ਇਸ ਦੂਜੀ ਸੁਨਾਮੀ ਨੇ ਧਾਵਾ ਬੋਲਿਆ ਸੀ। ਉਸ ਨੇ ਮੈਨੂੰ ਦੱਸਿਆ, “ਬੀਤੇ ਸਮੇਂ ’ਚ ਲੋਕ ਇਨ੍ਹਾਂ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਦੇ ਰਹੇ ਸਨ। ਪਰ ਹੁਣ ਉਹ ਖ਼ੇਮਿਆਂ ’ਚ ਭੁੱਖੇ ਮਰ ਰਹੇ ਹਨ, ਅਤੇ ਇਸ ਸਮੇਂ ਤਾਂ ਉਨ੍ਹਾਂ ਨੂੰ ਇਹੀ ਝੋਰਾ ਵੱਢ-ਵੱਢ ਖਾਂਦਾ ਹੈ ਕਿ ਭਲਕ ਦੀ ਦਿਨ ਕਟੀ ਕਿਵੇਂ ਕੀਤੀ ਜਾਵੇ—ਉਨ੍ਹਾਂ ਕੋਲ ਸੌਣ ਲਈ ਜਗ੍ਹਾ ਨਹੀਂ ਹੈ, ਉਨ੍ਹਾਂ ਕੋਲ ਕੋਈ ਟਿਕਾਣਾ ਨਹੀਂ ਹੈ, ਉਨ੍ਹਾਂ ਦੀ ਆਮਦਨੀ ਦਾ ਵਸੀਲਾ ਨਹੀਂ ਰਿਹਾ, ਉਨ੍ਹਾਂ ਨੂੰ ਕੁਝ ਨਹੀਂ ਸੁੱਝਦਾ ਕਿ ਭਵਿੱਖ ’ਚ ਪੇਟ ਕਿਵੇਂ ਭਰਨਗੇ। ਇਸ ਹਾਲਤ ’ਚ ਸਰਕਾਰ ਇਹ ਯੋਜਨਾ ਥੋਪ ਰਹੀ ਹੈ। ਜਦੋਂ ਲੋਕ ਸਾਵੀਂ ਹਾਲਤ ’ਚ ਆਉਣਗੇ ਓਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿਸ ਤਰ੍ਹਾਂ ਦਾ ਫ਼ੈਸਲਾ ਲਿਆ ਜਾ ਚੁੱਕਾ ਹੈ, ਪਰ ਓਦੋਂ ਤਾਂ ਨੁਕਸਾਨ ਹੋ ਚੁੱਕਾ ਹੋਵੇਗਾ।”

ਜੇ ਵਾਸ਼ਿੰਗਟਨ ’ਚ ਬੈਠੇ ਸ਼ਾਹੂਕਾਰ ਸੁਨਾਮੀ ਦੇ ਕਹਿਰ ਦਾ ਤੁਰੰਤ ਲਾਹਾ ਲੈਣ ਦੇ ਸਮਰੱਥ ਸਨ, ਇਸ ਦਾ ਕਾਰਨ ਇਹ ਸੀ ਕਿ ਉਹ ਪਹਿਲਾਂ ਵੀ ਇਹੋ ਕੁਝ ਕਮਾਲ ਦੀ ਮੁਹਾਰਤ ਨਾਲ ਕਰ ਚੁੱਕੇ ਸਨ। ਸੁਨਾਮੀ ਦਾ ਕਹਿਰ ਵਾਪਰਨ ਉਪਰੰਤ ਲਾਗੂ ਕੀਤੀ ਤਬਾਹੀਪਸੰਦ ਸਰਮਾਏਦਾਰੀ ਦੀ ਰਿਹਰਸਲ *ਮਿੱਚ* ਨਾਂ ਦੇ ਤੂਫ਼ਾਨ ਆਉਣ ’ਤੇ ਕੀਤੀ ਗਈ ਸੀ, ਪਰ ਇਸ ਕਾਂਡ ਦੀ ਪੁਣਛਾਣ ਬਹੁਤ ਘੱਟ ਹੋਈ ਹੈ।

ਅਕਤੂਬਰ 1998 ’ਚ, ਪੂਰਾ ਹਫ਼ਤਾ ਇਕ ਟੱਕ, ਮਿੱਚ ਤੂਫ਼ਾਨ ਨੇ ਕੇਂਦਰੀ ਅਮਰੀਕਾ ’ਚ ਤਰਥੱਲ ਮਚਾਈ ਰੱਖਿਆ, ਹੌਂਡੂਰਾਸ, ਗੁਆਟੇਮਾਲਾ ਅਤੇ ਨਿਕਾਰਾਗੁਆ ਦੇ ਸਮੁੰਦਰੀ ਕੰਢੇ ਅਤੇ ਪਹਾੜ ਝੰਬ ਸੁੱਟੇ, ਸਾਲਮ ਪਿੰਡ ਨਿਗਲ ਲਏ ਅਤੇ ਨੌ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਪਹਿਲਾਂ ਹੀ ਬੁਰੀ ਤਰ੍ਹਾਂ ਕੰਗਾਲ ਦੇਸ਼ ਖੁੱਲ੍ਹੇ ਦਿਲ ਨਾਲ ਬਦੇਸ਼ੀ ਸਹਾਇਤਾ ਕੀਤੇ ਜਾਣ ਤੋਂ ਬਗ਼ੈਰ ਇਸ ਹਾਲਤ ’ਚੋਂ ਨਹੀਂ ਨਿਕਲ ਸਕਦੇ ਸਨ—ਇਹ ਸਹਾਇਤਾ ਆਈ ਜ਼ਰੂਰ, ਪਰ ਭਾਰੀ ਕੀਮਤ ’ਤੇ। ਮਿੱਚ ਦੇ ਹਮਲੇ ਤੋਂ ਦੋ ਮਹੀਨੇ ਬਾਅਦ, ਜਦੋਂ ਦੇਸ਼ ਹਾਲੇ ਮਲਬੇ, ਲਾਸ਼ਾਂ ਅਤੇ ਚਿੱਕੜ ’ਚ ਧਸਿਆ ਹੋਇਆ ਸੀ, ਓਦੋਂ ਹੌਂਡੂਰਾਸ ਦੀ ਕਾਂਗਰਸ ਨੇ ਉਹ ਕਾਨੂੰਨ ਪਾਸ ਕਰ ਦਿੱਤਾ ਜੋ ਹਵਾਈ ਅੱਡਿਆਂ, ਸਮੁੰਦਰੀ ਬੰਦਰਗਾਹਾਂ ਅਤੇ ਮੁੱਖ ਸੜਕਾਂ ਦਾ ਨਿੱਜੀਕਰਨ ਕਰ ਦੇਣ ਅਤੇ ਸਰਕਾਰੀ ਟੈਲੀਫ਼ੋਨ ਕੰਪਨੀ, ਕੌਮੀ ਬਿਜਲੀ ਕੰਪਨੀ ਅਤੇ ਪਾਣੀ ਖੇਤਰ ਦੇ ਹਿੱਸਿਆਂ ਦਾ ਨਿੱਜੀਕਰਨ ਕਰਨ ਦੀਆਂ ਤੇਜ਼ ਰਫ਼ਤਾਰ ਯੋਜਨਾਵਾਂ ਦੀ ਪ੍ਰਵਾਨਗੀ ਦਿੰਦਾ ਸੀ। ਇਸ ਨੇ ਅਗਾਂਹਵਧੂ ਜ਼ਮੀਨੀ ਸੁਧਾਰ ਕਾਨੂੰਨਾਂ ਨੂੰ ਪੁੱਠਾ ਗੇੜਾ ਦੇ ਦਿੱਤਾ, ਬਦੇਸ਼ੀਆਂ ਲਈ ਜਾਇਦਾਦ ਦੀ ਖ਼ਰੀਦੋ-ਫ਼ਰੋਖਤ ਕਰਨ ਦਾ ਅਮਲ ਰੈਲਾ ਬਣਾ ਦਿੱਤਾ ਅਤੇ ਖਾਣ ਖੁਦਾਈ ਬਾਰੇ ਸਰਮਾਏਦਾਰਾਂ ਪੱਖੀ ਕਾਨੂੰਨ ਥੋਪ ਦਿੱਤਾ (ਜਿਸ ਦਾ ਖਰੜਾ ਇਸੇ ਸਨਅਤ ਨੇ ਬਣਾਇਆ ਸੀ)। ਇਹ ਕਾਨੂੰਨ ਵਾਤਾਵਰਨ ’ਚ ਗਿਰਾਵਟ ਲਿਆਉਣ ਵਾਲਾ ਸੀ ਅਤੇ ਨਵੀਂਆਂ ਖਾਣਾਂ ਦੇ ਰਾਹ ਦਾ ਰੋੜਾ ਬਣਨ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬੇਦਖ਼ਲ ਕਰਨ ਦਾ ਰਾਹ ਮੋਕਲਾ ਕਰਦਾ ਸੀ।

ਗੁਆਂਢੀ ਦੇਸ਼ਾਂ ਵਿਚ ਵੀ ਇਹੋ ਕੁਝ ਹੋ ਰਿਹਾ ਸੀ : ਮਿੱਚ ਤੋਂ ਬਾਅਦ ਦੇ ਉਨ੍ਹਾਂ ਦੋ ਮਹੀਨਿਆਂ ’ਚ, ਗੁਆਟੇਮਾਲਾ ਨੇ ਆਪਣੇ ਦੂਰ-ਸੰਚਾਰ ਪ੍ਰਬੰਧ ਨੂੰ ਨਿਲਾਮ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕਰ ਦਿੱਤਾ। ਨਿਕਾਰਾਗੁਆ ਨੇ ਆਪਣੀ ਬਿਜਲੀ ਕੰਪਨੀ ਅਤੇ ਪੈਟਰੋਲੀਅਮ ਖੇਤਰ ਦੇ ਨਾਲ ਇਹੋ ਕੁਝ ਕੀਤਾ। *ਵਾਲ਼ ਸਟਰੀਟ ਜਰਨਲ* ਅਨੁਸਾਰ, “ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਨੇ [ਟੈਲੀਕਾਮ] ਨਿਲਾਮੀ ਲਈ ਪੂਰਾ ਦਬਾਅ ਪਾਉਣ ਵਾਸਤੇ ਇਹ ਚਾਰ ਕਰੋੜ

ਸੱਤਰ ਲੱਖ ਡਾਲਰ ਦੀ ਸਾਲਾਨਾ ਮਦਦ ਤਿੰਨ ਸਾਲਾਂ ਵਿਚ ਦੇਣ ਦੀ ਸ਼ਰਤ ਲਾ ਦਿੱਤੀ ਸੀ ਅਤੇ ਇਸ ਨੂੰ ਖਾਹ-ਮ-ਖਾਹ ਨਿਕਾਰਾਗੂਆ ਦੇ 4.4 ਅਰਬ ਡਾਲਰ ਦੇ ਬਦੇਸ਼ੀ ਕਰਜੇ ਤੋਂ ਰਾਹਤ ਨਾਲ ਨਰੜ ਦਿੱਤਾ ਸੀ।"[17] ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਫ਼ੋਨ ਦੇ ਨਿੱਜੀਕਰਨ ਦਾ ਤੂਫ਼ਾਨ ਤੋਂ ਬਾਅਦ ਕੀਤੀ ਜਾਣ ਵਾਲੀ ਮੁੜ-ਉਸਾਰੀ ਨਾਲ ਕੋਈ ਲਾਗਾ-ਦੇਗਾ ਨਹੀਂ ਸੀ, ਵਾਸ਼ਿੰਗਟਨ ਦੇ ਵਿਤੀ ਅਦਾਰਿਆਂ 'ਚ ਮੌਜੂਦ ਤਬਾਹੀਪਸੰਦ ਸਰਮਾਏਦਾਰੀ ਦੀ ਅੰਦਰੂਨੀ ਦਲੀਲ ਨੂੰ ਛੱਡ ਕੇ। ਅਗਲੇ ਕੁਝ ਸਾਲ, ਨਿਲਾਮੀ ਦਾ ਇਹ ਅਮਲ ਅਕਸਰ ਹੀ ਮੰਡੀ ਦੀ ਕੀਮਤ ਤੋਂ ਕਿਤੇ ਘੱਟ ਕੌਡੀਆਂ ਦੇ ਭਾਅ ਚਲਦਾ ਰਿਹਾ। ਇਸ ਦੀਆਂ ਜ਼ਿਆਦਾਤਰ ਖ਼ਰੀਦਦਾਰ ਹੋਰ ਦੇਸ਼ਾਂ ਦੀਆਂ ਉਹ ਸਾਬਕਾ ਸਰਕਾਰੀ ਕੰਪਨੀਆਂ ਸਨ ਜਿਨ੍ਹਾਂ ਦਾ ਆਪਣਾ ਨਿੱਜੀਕਰਨ ਹੋ ਚੁੱਕਾ ਸੀ ਅਤੇ ਉਹ ਹੁਣ ਨਵੇਂ ਸੌਦੇ ਕਰਨ ਲਈ ਦੁਨੀਆਂ ਗਾਹ ਰਹੀਆਂ ਸਨ ਜਿਸ ਨਾਲ ਉਨ੍ਹਾਂ ਦੇ ਸ਼ੇਅਰਾਂ ਦੇ ਮੁੱਲ ਵਧ ਜਾਣਗੇ। ਮੈਕਸੀਕੋ ਦੀ ਨਿੱਜੀਕਰਨ ਹੋ ਚੁੱਕੀ ਦੂਰ-ਸੰਚਾਰ ਕੰਪਨੀ ਟੈਲੀਮੈਕਸ ਨੇ ਗੁਆਟੇਮਾਲਾ ਦੀ ਦੂਰ-ਸੰਚਾਰ ਕੰਪਨੀ ਦਾ ਸੌਦਾ ਮਾਰ ਲਿਆ; ਸਪੇਨ ਦੀ ਊਰਜਾ ਕੰਪਨੀ ਯੂਨੀਅਨ ਫੇਨੋਜ਼ਾ ਨੇ ਨਿਕਾਰਾਗੂਆ ਦੀਆਂ ਊਰਜਾ ਕੰਪਨੀਆਂ ਖ਼ਰੀਦ ਲਈਆਂ : ਸਾਨਫਰਾਂਸਿਸਕੋ ਇੰਟਰਨੈਸ਼ਨਲ ਏਅਰ ਪੋਰਟ, ਜੋ ਹੁਣ ਨਿੱਜੀ ਕੰਪਨੀ ਬਣ ਚੁੱਕੀ ਹੈ, ਨੇ ਹੌਂਡੂਰਾਸ ਦੇ ਚਾਰੇ ਹਵਾਈ ਅੱਡੇ ਖ਼ਰੀਦ ਲਏ। ਅਤੇ ਨਿਕਾਰਾਗੂਆ ਨੇ ਆਪਣੀ ਟੈਲੀਫ਼ੋਨ ਕੰਪਨੀ ਦਾ 40 ਫ਼ੀ ਸਦੀ ਸਿਰਫ਼ 3 ਕਰੋੜ 30 ਲੱਖ ਡਾਲਰ 'ਚ ਵੇਚ ਦਿੱਤਾ ਜਦਕਿ ਪ੍ਰਾਈਸ-ਵਾਟਰ-ਹਾਊਸ ਕੂਪਰ ਕੰਪਨੀ ਨੇ ਇਸ ਦਾ ਮੁੱਲ 8 ਕਰੋੜ ਡਾਲਰ ਪਾਇਆ ਸੀ।[18] ਗੁਆਟੇਮਾਲਾ ਦੇ ਬਦੇਸ਼ ਮੰਤਰੀ ਨੇ 1999 'ਚ ਡੈਵੋਸ ਵਿਖੇ ਸੰਸਾਰ ਆਰਥਕ ਮੰਚ ਦੀ ਫੇਰੀ ਮੌਕੇ ਐਲਾਨ ਕੀਤਾ ਸੀ, "ਤਬਾਹੀ ਬਦੇਸ਼ੀ ਪੂੰਜੀ-ਨਿਵੇਸ਼ ਦੇ ਮੌਕੇ ਆਪਣੇ ਨਾਲ ਲੈ ਕੇ ਆਉਂਦੀ ਹੈ।"[19]

ਜਿਸ ਵਕਤ ਸੁਨਾਮੀ ਦਾ ਕਹਿਰ ਵਾਪਰਿਆ, ਵਾਸ਼ਿੰਗਟਨ ਮਿੱਚ ਦੇ ਨਮੂਨੇ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਤਿਆਰ ਸੀ—ਇਸ ਦਾ ਨਿਸ਼ਾਨਾ ਇਕੱਲਾ ਨਵਾਂ ਕਾਨੂੰਨ ਬਣਾਉਣਾ ਨਹੀਂ ਸੀ ਸਗੋਂ ਮੁੜ-ਉਸਾਰੀ ਉੱਪਰ ਕਾਰਪੋਰੇਟ ਖੇਤਰ ਦਾ ਸਿੱਧਾ ਕੰਟਰੋਲ ਬਣਾਉਣਾ ਸੀ। ਜਿਹੜਾ ਦੇਸ਼ 2004 ਦੇ ਸੁਨਾਮੀ ਜਿਹੇ ਪੱਧਰ 'ਤੇ ਤਬਾਹੀ ਦਾ ਸ਼ਿਕਾਰ ਹੋਇਆ ਹੋਵੇ, ਉਸ ਦੀ ਮੁੜ-ਉਸਾਰੀ ਲਈ ਭਰਵੀਂ ਯੋਜਨਾ ਦਰਕਾਰ ਸੀ, ਜਿਸ ਨਾਲ ਬਦੇਸ਼ੀ ਸਹਾਇਤਾ ਦਾ ਪੂਰੀ ਸਿਆਣਪ ਨਾਲ ਇਸਤੇਮਾਲ ਹੋਵੇ ਅਤੇ ਇਹ ਯਕੀਨੀ ਬਣੇ ਕਿ ਫੰਡ ਅਸਲ ਲੋੜਵੰਦਾਂ ਨੂੰ ਮਿਲ ਸਕਣ। ਪਰ ਵਾਸ਼ਿੰਗਟਨ ਦੇ ਸ਼ਾਹੂਕਾਰਾਂ ਦੇ ਦਬਾਅ 'ਚ ਆ ਕੇ, ਸ੍ਰੀ ਲੰਕਾ ਦੀ ਰਾਸ਼ਟਰਪਤੀ ਨੇ ਤੈਅ ਕਰ ਲਿਆ ਕਿ ਯੋਜਨਾਬੰਦੀ ਦਾ ਕੰਮ ਆਪਣੀ ਸਰਕਾਰ ਦੇ ਚੁਣੇ ਹੋਏ ਸਿਆਸਤਦਾਨਾਂ ਨੂੰ ਨਹੀਂ ਦਿੱਤਾ ਜਾਵੇਗਾ। ਇਸ ਦੀ ਬਜਾਏ, ਸੁਨਾਮੀ ਵਲੋਂ ਸਮੁੰਦਰੀ ਕੰਢੇ ਦੇ ਖੇਤਰ ਦਾ ਹੂੰਝਾ ਫੇਰ ਦੇਣ ਤੋਂ ਇਕ ਹਫ਼ਤੇ ਬਾਅਦ ਹੀ ਉਸ ਨੇ ਦੇਸ਼ ਦੀ ਮੁੜ-ਉਸਾਰੀ ਲਈ ਟਾਸਕ ਫੋਰਸ ਨਾਂ ਦੀ ਨਵੀਂ ਸੰਸਥਾ ਬਣਾ ਦਿੱਤੀ। ਇੰਝ, ਸ੍ਰੀ ਲੰਕਾ ਲਈ ਵਿਆਪਕ ਯੋਜਨਾ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਦੇ ਪੂਰੇ ਅਧਿਕਾਰ ਸ੍ਰੀ ਲੰਕਾ ਦੀ ਸੰਸਦ ਦੀ ਥਾਂ ਇਸ ਗਰੁੱਪ ਨੂੰ ਦੇ ਦਿੱਤੇ ਗਏ। ਇਹ ਟਾਸਕ ਫੋਰਸ ਬੈਂਕਿੰਗ ਅਤੇ ਸਨਅਤੀ ਖੇਤਰਾਂ ਦੇ ਸਭ ਤੋਂ ਤਾਕਤਵਰ ਅਧਿਕਾਰੀਆਂ ਨੂੰ ਲੈ ਕੇ ਬਣਾਈ ਗਈ। ਕਿਸੇ ਸਨਅਤ ਦਾ ਨਹੀਂ, ਸਗੋਂ ਟਾਸਕ ਫੋਰਸ ਦੇ ਦਸਾਂ ਵਿਚੋਂ ਪੰਜ ਮੈਂਬਰਾਂ ਦਾ ਸਮੁੰਦਰੀ ਕੰਢੇ ਨਾਲ ਸਬੰਧਤ ਸੈਰ-ਸਪਾਟਾ ਖੇਤਰ 'ਚ ਸਿੱਧਾ ਹਿੱਸਾ ਹੋਣਾ ਸੀ। ਖੇਤਰ ਜੋ ਦੇਸ਼ ਦੇ ਕੁਝ ਕੁ ਸਭ ਤੋਂ ਵੱਡੇ ਹੋਟਲਾਂ ਦੀ ਨੁਮਾਇੰਦਗੀ ਕਰਦਾ ਸੀ।[20] ਟਾਸਕ ਫੋਰਸ ਵਿਚ ਮੱਛੀ ਕਾਰੋਬਾਰ ਜਾਂ ਖੇਤੀਬਾੜੀ

ਖੇਤਰ ਵਿਚੋਂ ਇਕ ਵੀ ਨੁਮਾਇੰਦਾ ਨਹੀਂ ਲਿਆ ਗਿਆ। ਇਸ ਵਿਚ ਇਕ ਵੀ ਵਾਤਾਵਰਨ ਮਾਹਰ ਜਾਂ ਵਿਗਿਆਨੀ ਜਾਂ ਆਫ਼ਤ ਸਬੰਧੀ ਮੁੜ-ਉਸਾਰੀ ਦਾ ਕੋਈ ਮਾਹਰ ਸ਼ਾਮਲ ਨਹੀਂ ਕੀਤਾ ਗਿਆ। ਇਸ ਦਾ ਚੇਅਰਮੈਨ ਨਿੱਜੀਕਰਨ ਦੇ ਸਾਬਕਾ ਸਮਰਾਟ ਮਾਨੋ ਟਿਟਾਵੇਲਾ ਨੂੰ ਥਾਪਿਆ ਗਿਆ ਸੀ। ਉਸ ਨੇ ਐਲਾਨ ਕੀਤਾ, "ਇਹ ਨਮੂਨੇ ਦਾ ਦੇਸ਼ ਉਸਾਰਨ ਦਾ ਮੌਕਾ ਹੈ।"[21]

ਟਾਸਕ ਫੋਰਸ ਦਾ ਗਠਨ ਨਵੀਂ ਕਿਸਮ ਦੇ ਕਾਰਪੋਰੇਟ ਰਾਜ-ਪਲਟੇ ਦਾ ਸੂਚਕ ਸੀ ਜੋ ਕੁਦਰਤੀ ਆਫ਼ਤ ਦੇ ਜ਼ੋਰ ਨੇਪਰੇ ਚਾੜ੍ਹਿਆ ਗਿਆ ਸੀ। ਕਈ ਹੋਰ ਦੇਸ਼ਾਂ ਵਾਂਗ, ਸ੍ਰੀ ਲੰਕਾ 'ਚ ਵੀ ਜਮਹੂਰੀਅਤ ਦਾ ਆਮ ਅਸੂਲ ਇਸ ਵਿਚ ਰੁਕਾਵਟ ਬਣਿਆ ਸੀ; 2004 ਦੀਆਂ ਚੋਣਾਂ ਇਸ ਦਾ ਸਬੂਤ ਸਨ। ਪਰ ਆਫ਼ਤ ਨਾਲ ਪੈਦਾ ਹੋਈ ਕੌਮੀ ਸੰਕਟ ਦੀ ਹਾਲਤ ਨਾਲ ਨਜਿੱਠਣ ਲਈ ਦੇਸ਼ ਦੇ ਨਾਗਰਿਕ ਤਾਂ ਇਸ ਪਾਸੇ ਰੁੱਝੇ ਹੋਏ ਸਨ। ਸਿਆਸਤਦਾਨ ਸਹਾਇਤਾ ਦਾ ਪੈਸਾ ਹੜੱਪਣ ਲਈ ਤਹੂ ਸਨ। ਇਸ ਕਾਰਨ, ਵੋਟਰਾਂ ਦੀਆਂ ਖਾਹਸ਼ਾਂ ਐਵੇਂ ਸਮਝਕੇ ਅੱਖੋਂ ਪਰੋਖੇ ਕਰ ਦਿੱਤੀਆਂ ਗਈਆਂ। ਇਨ੍ਹਾਂ ਦੀ ਥਾਂ ਸਨਅਤ ਦੇ ਸਿੱਧੇ ਰਾਜ ਨੇ ਲੈ ਲਈ—ਜੋ ਤਬਾਹੀਪਸੰਦ ਸਰਮਾਏਦਾਰੀ ਦੀ ਮੁੱਢਲੀ ਲੋੜ ਹੈ।

ਸਿਰਫ਼ ਦਸ ਦਿਨ 'ਚ ਹੀ ਟਾਸਕ ਫੋਰਸ ਦੇ ਸਰਮਾਏਦਾਰ ਮੋਹਰੀਆਂ ਨੇ ਕਿਵੇਂ ਨਾ ਕਿਵੇਂ ਘਰਾਂ ਤੋਂ ਲੈ ਕੇ ਮੁੱਖ ਸੜਕਾਂ ਦੀ ਉਸਾਰੀ ਤੱਕ ਮੁਕੰਮਲ ਕੌਮੀ ਮੁੜ-ਉਸਾਰੀ ਯੋਜਨਾ ਦਾ ਖਰੜਾ ਬਣਾ ਲਿਆ। ਉਨ੍ਹਾਂ ਨੇ ਰਾਜਧਾਨੀ ਤੋਂ ਬਾਹਰ ਨਿਕਲਣ ਦੀ ਵੀ ਲੋੜ ਨਹੀਂ ਸਮਝੀ। ਇਸ ਯੋਜਨਾ ਵਿਚ ਵਿਸ਼ੇਸ਼ ਰਾਖਵੇਂ ਖੇਤਰਾਂ ਦੀ ਮੰਗ ਕੀਤੀ ਗਈ ਅਤੇ ਹੋਟਲਾਂ ਉੱਪਰ ਮਿਹਰਬਾਨ ਹੋ ਕੇ ਟੈਕਸਾਂ ਦੀਆਂ ਛੋਟਾਂ ਦੀ ਬਖਸ਼ਿਸ਼ ਕੀਤੀ। ਟਾਸਕ ਫੋਰਸ ਨੇ ਸਹਾਇਤਾ ਰਾਸ਼ੀ ਵੀ ਆਹਲਾ ਮਿਆਰੀ ਸੜਕਾਂ ਅਤੇ ਮੱਛੀ ਉਦਯੋਗ ਦੀਆਂ ਬੰਦਰਗਾਹਾਂ ਦੇ ਲੇਖੇ ਲਾ ਦਿੱਤੀ। ਹਾਲਾਂਕਿ ਸੁਨਾਮੀ ਦਾ ਕਹਿਰ ਵਾਪਰਨ ਤੋਂ ਪਹਿਲਾਂ ਇਸ ਦਾ ਐਨਾ ਜ਼ੋਰਦਾਰ ਵਿਰੋਧ ਹੋਇਆ ਸੀ। ਸ੍ਰੀ ਲੰਕਾ ਦੀ ਜ਼ਮੀਨੀ ਅਧਿਕਾਰਾਂ ਦੀ ਲਹਿਰ ਦੇ ਕਾਰਕੁਨ ਸਰਤ ਫਰਨਾਂਡੋ ਨੇ ਮੈਨੂੰ ਦੱਸਿਆ, "ਅਸੀਂ ਸਮਝਦੇ ਹਾਂ ਕਿ ਇਹ ਆਰਥਕ ਏਜੰਡਾ ਸੁਨਾਮੀ ਨਾਲੋਂ ਵੀ ਵੱਡੀ ਆਫ਼ਤ ਹੈ ਇਸੇ ਕਰਕੇ ਅਸੀਂ ਪਹਿਲਾਂ ਵੀ ਇਸ ਨੂੰ ਰੋਕਣ ਦੀ ਜਾਨ-ਹੂਲਵੀਂ ਲੜਾਈ ਦਿੰਦੇ ਰਹੇ ਅਤੇ ਲੰਘੀਆਂ ਚੋਣਾਂ ਵਿਚ ਇਸ ਨੂੰ ਹਰਾਇਆ ਸੀ। ਪਰ ਹੁਣ, ਸੁਨਾਮੀ ਦੇ ਕਹਿਰ ਤੋਂ ਤਿੰਨ ਹਫ਼ਤੇ ਬਾਅਦ ਹੀ, ਉਹੀ ਯੋਜਨਾ ਸਾਡੇ ਗਲ ਮੜ੍ਹ ਦਿੱਤੀ ਗਈ। ਸਪਸ਼ਟ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ ਸਭ ਤਿਆਰੀ ਕਰ ਰੱਖੀ ਸੀ।"•

ਵਾਸ਼ਿੰਗਟਨ ਨੇ ਟਾਸਕ ਫੋਰਸ ਨੂੰ ਮੁੜ-ਉਸਾਰੀ ਲਈ ਉਸੇ ਤਰ੍ਹਾਂ ਦੀ ਸਹਾਇਤਾ ਦਿੱਤੀ ਭਾਵ ਆਪਣੀਆਂ ਕੰਪਨੀਆਂ ਨੂੰ ਵੱਡੇ ਵੱਡੇ ਠੇਕੇ ਦੇ ਦਿੱਤੇ। ਸਹਾਇਤਾ ਦਾ ਇਹ ਨਮੂਨਾ ਇਰਾਕ ਦੇ ਸਮੇਂ ਤੋਂ ਕਾਫ਼ੀ ਚਰਚਿਤ ਹੋ ਚੁੱਕਾ ਹੈ : ਕੋਲੋਰਾਡੋ ਦੀ ਇੰਜੀਨੀਅਰਿਗ ਅਤੇ ਉਸਾਰੀ ਖੇਤਰ ਦੀ ਦਿਓ-ਕੱਦ ਕੰਪਨੀ ਸੀ ਐੱਚ 2 ਐੱਮ ਹਿੱਲ ਨੂੰ ਇਰਾਕ 'ਚ ਹੋਰ ਵੱਡੇ ਠੇਕੇਦਾਰਾਂ ਦੀ ਨਿਗਰਾਨੀ ਕਰਨ ਬਦਲੇ 2 ਕਰੋੜ 85 ਲੱਖ ਡਾਲਰ ਦੀ ਅਦਾਇਗੀ ਕੀਤੀ ਗਈ ਸੀ। ਬਗ਼ਦਾਦ ਵਿਚ ਮੁੜ-ਉਸਾਰੀ ਦੀ ਅਸਫ਼ਲਤਾ 'ਚ ਕੇਂਦਰੀ ਭੂਮਿਕਾ ਦੇ ਬਾਵਜੂਦ, ਇਸ ਨੂੰ ਸ੍ਰੀ ਲੰਕਾ ਵਿਚ 3 ਕਰੋੜ 30 ਲੱਖ ਡਾਲਰ ਦੇ ਹੋਰ ਠੇਕੇ ਦੇ ਦਿੱਤੇ ਗਏ (ਬਾਅਦ ਵਿਚ ਇਹ ਵਧਾ ਕੇ 4 ਕਰੋੜ 80 ਲੱਖ ਡਾਲਰ ਦੇ ਕਰ ਦਿੱਤੇ ਗਏ)। ਮੁੱਖ ਤੌਰ 'ਤੇ ਇਹ ਮੱਛੀ ਸਨਅਤ ਦੇ ਜਹਾਜ਼ਾਂ ਲਈ ਡੂੰਘੇ

• ਫਰਨਾਂਡੋ ਜ਼ਮੀਨੀ ਅਤੇ ਖੇਤੀਬਾੜੀ ਸੁਧਾਰ ਲਹਿਰ ਦਾ ਮੁਖੀ ਹੈ, ਜੋ ਸ੍ਰੀ ਲੰਕਾ ਦੀਆਂ ਉਨ੍ਹਾਂ ਗ਼ੈਰ ਸਰਕਾਰੀ ਸੰਸਥਾਵਾਂ (ਐੱਨ ਜੀ ਓ) ਦਾ ਸਾਂਝਾ ਮੰਚ ਹੈ ਜਿਨ੍ਹਾਂ ਨੇ ਸੁਨਾਮੀ ਦੇ ਕਹਿਰ ਤੋਂ ਤੁਰੰਤ ਬਾਅਦ "ਮੁੜ-ਉਸਾਰੀ ਦਾ ਲੋਕਮੁਖੀ ਅਮਲ ਚਲਾਉਣ" ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ।

ਪੱਤਣਾਂ ਉੱਪਰ ਉਸਾਰੀ ਕਰਨ ਅਤੇ ਅਰੂਗਮ ਖਾੜੀ ਲਈ ਨਵਾਂ ਪੁਲ ਬਣਾਉਣ ਦੇ ਠੇਕੇ ਸਨ, ਜੋ ਇਸ ਕਸਬੇ ਨੂੰ "ਸੈਰ-ਸਪਾਟਾ ਸੁਰਗ" ਬਣਾਉਣ ਦੀ ਯੋਜਨਾ ਦਾ ਹਿੱਸਾ ਸਨ।[22] ਸੁਨਾਮੀ ਰਾਹਤ ਦੇ ਨਾਂ ਹੇਠ ਚਲਾਏ ਗਏ ਇਹ ਪ੍ਰੋਗਰਾਮ ਸੁਨਾਮੀ ਦੇ ਅਸਲ ਪੀੜਤਾਂ ਲਈ ਘਾਤਕ ਸਨ, ਕਿਉਂਕਿ ਮੱਛੀ ਫੜਨ ਲਈ ਬਣਾਈਆਂ ਵੱਡੀਆਂ ਆਧੁਨਿਕ ਬੇੜੀਆਂ ਨੇ ਉਨ੍ਹਾਂ ਦੀਆਂ ਮੱਛੀਆਂ ਨਿਗਲ ਲਈਆਂ ਅਤੇ ਹੋਟਲਾਂ ਨੂੰ ਉਨ੍ਹਾਂ ਦਾ ਸਮੁੰਦਰੀ ਕੰਢੇ 'ਤੇ ਰਹਿਣਾ ਵੀ ਗਵਾਰਾ ਨਹੀਂ ਸੀ। ਜਿਵੇਂ ਕੁਮਾਰੀ ਨੇ ਇਸ ਨੂੰ ਪੇਸ਼ ਕੀਤਾ, "ਗੱਲ ਇੱਥੋਂ ਤੱਕ ਸੀਮਤ ਨਹੀਂ ਕਿ 'ਸਹਾਇਤਾ' ਸਹਾਇਤਾ ਨਹੀਂ ਕਰ ਰਹੀ, ਇਹ ਤਾਂ ਸਰੋਂ ਦੁੱਖ ਦੇ ਰਹੀ ਹੈ।"

ਜਦੋਂ ਮੈਂ ਯੂਐੱਸ ਏਡ ਦੇ ਮੁਕਾਬਲੇਬਾਜ਼ੀ ਦੇ ਪ੍ਰੋਗਰਾਮ ਦੇ ਨਿਰਦੇਸ਼ਕ ਜੌਹਨ ਵਾਰਲੇ ਨੂੰ ਪੁੱਛਿਆ ਕਿ ਅਮਰੀਕੀ ਸਰਕਾਰ ਆਪਣੀ ਸਹਾਇਤਾ ਰਾਸ਼ੀ ਉਨ੍ਹਾਂ ਪ੍ਰਾਜੈਕਟਾਂ 'ਤੇ ਕਿਉਂ ਖ਼ਰਚ ਰਹੀ ਹੈ ਜੋ ਸੁਨਾਮੀ ਦੇ ਕਹਿਰ ਤੋਂ ਬਚਣ ਵਾਲਿਆਂ ਨੂੰ ਉਜਾੜਦੇ ਸਨ ਤਾਂ ਉਸ ਨੇ ਇਸ ਦੀ ਵਿਆਖਿਆ ਦਿੱਤੀ ਕਿ "ਸਹਾਇਤਾ 'ਤੇ ਇਹ ਬੰਦਸ਼ ਨਹੀਂ ਲਾਈ ਜਾ ਸਕਦੀ ਕਿ ਇਹ ਸਿਰਫ਼ ਸੁਨਾਮੀ ਪੀੜਤਾਂ ਨੂੰ ਹੀ ਮਿਲੇ..... ਇਸ ਨੂੰ ਕੁਲ ਸ੍ਰੀ ਲੰਕਾ ਵਾਸੀਆਂ ਦੀ ਭਲਾਈ 'ਤੇ ਖ਼ਰਚ ਹੋਣ ਦਿਓ; ਇਸ ਦਾ ਯੋਗਦਾਨ ਆਰਥਕ ਵਾਧੇ 'ਚ ਪੈਣਾ ਚਾਹੀਦਾ ਹੈ।" ਵਾਰਲੇ ਨੇ ਯੋਜਨਾ ਦਾ ਮੁਕਾਬਲਾ ਬਹੁਤ ਉੱਚੀ ਇਮਾਰਤ ਦੇ ਐਲੀਵੇਟਰ ਨਾਲ ਕੀਤਾ : ਪਹਿਲੇ ਗੇੜੇ ਇਹ ਮੁਸਾਫਰਾਂ ਦੀ ਇਕ ਟੋਲੀ ਨੂੰ ਚੜ੍ਹਾਉਂਦੀ ਹੈ ਅਤੇ ਸਿਖ਼ਰ 'ਤੇ ਲੈ ਜਾਂਦੀ ਹੈ, ਜਿੱਥੇ ਉਹ ਦੌਲਤ ਪੈਦਾ ਕਰਦੇ ਹਨ ਜਿਸ ਦੀ ਬਦੌਲਤ ਐਲੀਵੇਟਰ ਹੇਠਾਂ ਆਉਂਦੀ ਹੈ ਅਤੇ ਹੋਰ ਲੋਕਾਂ ਨੂੰ ਚੜ੍ਹਾ ਲਿਜਾਂਦੀ ਹੈ। ਹੇਠਾਂ ਉਡੀਕ ਰਹੇ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਐਲੀਵੇਟਰ ਅੰਤ ਉਨ੍ਹਾਂ ਨੂੰ ਉੱਪਰ ਪਹੁੰਚਾਉਣ ਲਈ ਵੀ ਵਾਪਸ ਆਵੇਗਾ।

ਅਮਰੀਕੀ ਸਰਕਾਰ ਛੋਟੇ ਪੱਧਰ 'ਤੇ ਮੱਛੀ ਫੜਨ ਦਾ ਕੰਮ ਕਰਨ ਵਾਲੇ ਲੋਕਾਂ ਉੱਤੇ ਜੋ ਸਿੱਧਾ ਖ਼ਰਚ ਕਰ ਰਹੀ ਸੀ ਉਹ ਸੀ ਉਨ੍ਹਾਂ ਆਰਜੀ ਰਿਹਾਇਸ਼ਾਂ ਨੂੰ ਥੋੜ੍ਹਾ ਸੁਧਾਰਨ ਲਈ 10 ਲੱਖ ਡਾਲਰ ਦੀ ਗਰਾਂਟ ਜਿੱਥੇ ਉਨ੍ਹਾਂ ਨੂੰ ਸਮੁੰਦਰੀ ਕੰਢੇ ਦੇ ਇਲਾਕੇ ਦਾ ਮੁੜ ਵਿਕਾਸ ਕਰਨ ਸਮੇਂ ਤੁੜਿਆ ਹੋਇਆ ਸੀ।[23] ਇਹ ਚੰਗਾ ਸੰਕੇਤ ਸੀ ਕਿ ਟਿਨ ਅਤੇ ਲੱਕੜ ਦੇ ਬੋਰਡ ਦੀਆਂ ਇਹ ਰਿਹਾਇਸ਼ਾਂ ਕਹਿਣ ਨੂੰ ਹੀ ਆਰਜੀ ਸਨ; ਅਸਲ ਵਿਚ ਇਨ੍ਹਾਂ ਨੂੰ ਸਥਾਈ ਝੁੱਗੀਆਂ ਬਣਾਇਆ ਜਾਣਾ ਸੀ—ਜਿਸ ਤਰ੍ਹਾਂ ਦੀਆਂ ਗਰੀਬ ਬਸਤੀਆਂ ਦੱਖਣੀ ਸੰਸਾਰ ਦੇ ਜ਼ਿਆਦਾਤਰ ਵੱਡੇ ਸ਼ਹਿਰਾਂ 'ਚ ਨਜ਼ਰ ਆਉਂਦੀਆਂ ਹਨ। ਬੇਸ਼ੱਕ ਇਨ੍ਹਾਂ ਗਰੀਬ ਬਸਤੀਆਂ ਵਿਚ ਰਹਿਣ ਵਾਲੇ ਲੋਕਾਂ ਦੀ ਮਦਦ ਲਈ ਵੱਡੀਆਂ ਰਾਹਤ ਮੁਹਿੰਮਾਂ ਨਹੀਂ ਚਲਾਈਆਂ ਜਾਂਦੀਆਂ। ਪਰ ਸੁਨਾਮੀ ਤੋਂ ਪੀੜਤ ਲੋਕਾਂ ਨੂੰ ਵੱਖਰੇ ਸਮਝਿਆ ਗਿਆ। ਦੁਨੀਆਂ ਨੇ ਟੀ ਵੀ ਉੱਪਰ ਇਨ੍ਹਾਂ ਦੇ ਘਰ ਅਤੇ ਗੁਜ਼ਾਰੇ ਦੇ ਸਾਧਨਾਂ ਦੀ ਤਬਾਹੀ ਅੱਖੀਂ ਡਿੱਠੀ ਅਤੇ ਇਨ੍ਹਾਂ ਦੀ ਮੂੰਹਜ਼ੋਰ ਹੋਣੀ ਨੇ ਪੂਰੀ ਦੁਨੀਆਂ 'ਚ ਇਹ ਡੂੰਘੀ ਭਾਵਨਾ ਜਗਾਈ ਕਿ ਇਨ੍ਹਾਂ ਦਾ ਜੋ ਕੁਝ ਖੁਸ ਗਿਆ ਉਸ ਨੂੰ ਸਿੱਧਾ, ਹੱਥੋਹੱਥੀ ਸਹਾਇਤਾ ਦੇ ਕੇ ਨਵਾਂ ਬਣਾ ਕੇ ਦਿੱਤਾ ਜਾਵੇ—ਇਸ ਨੂੰ ਬੂੰਦ-ਬੂੰਦ ਫ਼ਾਇਦਾ ਹੋਣ ਦੇ ਸਿਧਾਂਤ ਉੱਪਰ ਨਾ ਛੱਡਿਆ ਜਾਵੇ। ਪਰ ਸੰਸਾਰ ਬੈਂਕ ਅਤੇ ਯੂਐੱਸ ਏਡ ਕੁਝ ਹੋਰ ਸਮਝਦੇ ਸਨ ਜਿਸ ਦੀ ਬਹੁਤਿਆਂ ਨੂੰ ਸਮਝ ਨਹੀਂ ਸੀ। ਉਹ ਇਹ ਸੀ ਕਿ ਛੇਤੀ ਹੀ, ਸੁਨਾਮੀ ਦੇ ਕਹਿਰ ਤੋਂ ਬਚੇ ਲੋਕਾਂ ਦੀ ਖ਼ਾਸ ਮਹੱਤਤਾ ਫਿੱਕੀ ਪੈ ਜਾਵੇਗੀ ਅਤੇ ਉਹ ਦੁਨੀਆਂ ਭਰ ਦੇ ਅਰਬਾਂ ਬੇਪਛਾਣ ਗਰੀਬਾਂ 'ਚ ਰੁਲ ਜਾਣਗੇ; ਜਿਨ੍ਹਾਂ 'ਚ ਬਹੁਤ ਸਾਰੇ ਪਹਿਲਾਂ ਹੀ ਪਾਣੀ ਦੀ ਸਹੂਲਤ ਤੋਂ ਵਾਂਝੇ ਟਿਨ ਦੇ ਖੁੱਡਿਆਂ 'ਚ

ਰਹਿੰਦੇ ਹਨ। ਇਨ੍ਹਾਂ ਖੁੱਡਿਆਂ ਦਾ ਤੇਜ਼ੀ ਨਾਲ ਵਾਧਾ ਆਲਮੀ ਆਰਥਿਕਤਾ ਦੀ ਉਵੇਂ ਹੀ ਪ੍ਰਵਾਨਤ ਖ਼ਾਸੀਅਤ ਬਣ ਚੁੱਕਾ ਹੈ ਜਿਵੇਂ ਇਕ ਰਾਤ ਦੇ 800 ਡਾਲਰ ਕਿਰਾਏ ਵਾਲੇ ਹੋਟਲਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ।

ਸ੍ਰੀ ਲੰਕਾ ਦੇ ਪੱਛਮੀ ਸਮੁੰਦਰੀ ਕੰਢੇ ਦੇ ਜ਼ਮੀਨੀ ਖੇਤਰ 'ਚ ਬਣਾਏ ਸਭ ਤੋਂ ਮੰਦੇਹਾਲ ਖ਼ੇਮਿਆਂ ਵਿਚੋਂ ਇਕ ਵਿਚ ਮੇਰੀ ਮੁਲਾਕਾਤ ਰੇਣੂਕਾ ਨਾਂ ਦੀ ਇਕ ਮੁਟਿਆਰ ਨਾਲ ਹੋਈ। ਜੋ ਲੰਗਾਰਾਂ 'ਚ ਲਿਪਟੀ ਹੋਈ ਵੀ ਲੋਹੜੇ ਦੀ ਖ਼ੂਬਸੂਰਤ ਦਿਸਦੀ ਸੀ। ਉਹ ਉਨ੍ਹਾਂ ਲੋਕਾਂ ਵਿਚੋਂ ਇਕ ਸੀ ਜੋ ਵਾਰਲੇ ਦੇ ਐਲੀਵੇਟਰ ਮਾਰਕਾ ਵਿਕਾਸ ਨੂੰ ਉਡੀਕ ਰਹੇ ਸਨ। ਉਸ ਦਾ ਸਭ ਤੋਂ ਛੋਟਾ ਬੱਚਾ, ਇਕ ਲੜਕੀ ਸੀ ਜੋ ਸੁਨਾਮੀ ਤੋਂ ਦੋ ਦਿਨ ਬਾਅਦ ਪੈਦਾ ਹੋਈ ਸੀ ਅਤੇ ਇਸ ਸਮੇਂ ਛੇ ਮਹੀਨਿਆਂ ਦੀ ਸੀ। ਰੇਣੂਕਾ ਓਦੋਂ ਬੱਚੇ ਨੂੰ ਜਨਮ ਦੇਣ ਵਾਲੀ ਸੀ। ਇਸ ਹਾਲਤ 'ਚ ਉਸ ਨੇ ਆਪਣੇ ਦੋ ਬੱਚਿਆਂ ਨੂੰ ਗਲ-ਗਲ ਪਾਣੀ ਪਾਰ ਕਰਕੇ ਸੁਨਾਮੀ ਦੇ ਕਹਿਰ ਤੋਂ ਬਚਾ ਕੇ ਨਿਕਲ ਜਾਣ ਸਮੇਂ ਅਲੌਕਿਕ ਹਿੰਮਤ ਦਿਖਾਈ ਸੀ। ਹਾਲਾਂਕਿ ਬਚਾਅ ਦੇ ਇਸ ਅਸਾਧਾਰਨ ਕਾਰਨਾਮੇ ਤੋਂ ਬਾਅਦ ਉਹ ਅਤੇ ਉਸ ਦਾ ਪਰਿਵਾਰ ਹੁਣ ਤਬਾਹ ਹੋਈ ਧਰਤੀ ਉੱਤੇ ਅੱਧ-ਵਿਚਾਲੇ ਲਟਕਦੇ ਹੋਏ ਭੁੱਖੇ ਮਰ ਰਹੇ ਸਨ। ਇਕ ਨੇਕ ਐੱਨ ਜੀ ਓ ਵਲੋਂ ਦਿੱਤੀਆਂ ਦੋ ਪੈਡਲ ਬੇੜੀਆਂ ਤਰਸਯੋਗ ਹਾਲਤ ਪੇਸ਼ ਕਰਦੀਆਂ ਸਨ : ਉਹ ਪਾਣੀ ਤੋਂ ਤਿੰਨ ਕਿਲੋਮੀਟਰ ਦੂਰ ਸਨ ਅਤੇ ਆਉਣ ਜਾਣ ਲਈ ਉਨ੍ਹਾਂ ਕੋਲ ਸਾਈਕਲ ਵੀ ਨਹੀਂ ਸੀ। ਇਹ ਪਹਿਲੀ ਜ਼ਿੰਦਗੀ ਦੀ ਬੇਰਹਿਮ ਯਾਦ ਨਾਲੋਂ ਥੋੜ੍ਹਾ ਵੱਧ ਬੇਰਹਿਮ ਹੀ ਸੀ। ਉਸ ਨੇ ਸਾਨੂੰ ਸਾਰਿਆਂ ਨੂੰ ਕਿਹਾ ਕਿ ਜੋ ਸੁਨਾਮੀ ਦੇ ਕਹਿਰ ਤੋਂ ਬਚੇ ਲੋਕਾਂ ਦੀ ਮਦਦ ਕਰਨ ਦਾ ਯਤਨ ਕਰ ਰਹੇ ਹਨ ਉਨ੍ਹਾਂ ਨੂੰ ਮੇਰਾ ਸੁਨੇਹਾ ਜ਼ਰੂਰ ਦੇ ਦਿਉ। ਸੁਨੇਹਾ ਇਹ ਸੀ, "ਜੇ ਤੁਸੀਂ ਮੈਨੂੰ ਕੁਝ ਦੇਣਾ ਚਾਹੁੰਦੇ ਹੋ, ਤਾਂ ਸਿੱਧਾ ਮੇਰੇ ਹੱਥ 'ਤੇ ਧਰੋ।"

ਵੱਧ ਵਿਆਪਕ ਆਫ਼ਤ

ਸ੍ਰੀ ਲੰਕਾ ਇਕੱਲਾ ਐਸਾ ਦੇਸ਼ ਨਹੀਂ ਸੀ ਜੋ ਇਸ ਦੂਜੀ ਸੁਨਾਮੀ ਦੀ ਭੇਟ ਚੜ੍ਹਿਆ—ਇਹੋ ਜਹੀ ਹੀ ਕਹਾਣੀ ਥਾਈਲੈਂਡ, ਮਾਲਦੀਵ ਟਾਪੂਆਂ ਅਤੇ ਇੰਡੋਨੇਸ਼ੀਆ 'ਚ ਜ਼ਮੀਨਾਂ ਅਤੇ ਕਾਨੂੰਨਾਂ ਨੂੰ ਹੜੱਪ ਜਾਣ ਦੀ ਹੈ। ਭਾਰਤ ਅੰਦਰ ਤਾਮਿਲਨਾਡੂ ਵਿਚ ਸੁਨਾਮੀ ਦੇ ਕਹਿਰ ਤੋਂ ਬਚੇ ਲੋਕ ਐਨੇ ਕੰਗਾਲ ਹੋ ਗਏ ਸਨ ਕਿ ਡੇਢ ਸੌ ਔਰਤਾਂ ਢਿੱਡ ਨੂੰ ਝੁਲਕਾ ਦੇਣ ਖ਼ਾਤਰ ਆਪਣੇ ਗੁਰਦੇ ਵੇਚਣ ਲਈ ਮਜਬੂਰ ਹੋ ਗਈਆਂ। ਸਹਾਇਤਾ ਦੇਣ ਲਈ ਸਰਗਰਮ ਇਕ ਕਾਰਕੁਨ ਨੇ *ਗਾਰਡੀਅਨ* ਨੂੰ ਦੱਸਿਆ ਕਿ ਸੂਬਾ ਸਰਕਾਰ "ਸਮੁੰਦਰੀ ਕੰਢੇ ਦੀ ਵਰਤੋਂ ਹੋਟਲ ਉਸਾਰਨ ਲਈ ਕਰਨ ਨੂੰ ਤਰਜੀਹ ਦੇਵੇਗੀ; ਪਰ ਇਸ ਦਾ ਸਿੱਟਾ ਹੈ ਲੋਕਾਂ 'ਚ ਮਾਯੂਸੀ।" ਸੁਨਾਮੀ ਦੇ ਕਹਿਰ ਦਾ ਸ਼ਿਕਾਰ ਹੋਏ ਸਭਨਾਂ ਦੇਸ਼ਾਂ ਨੇ ਆਪਣੇ ਲੋਕਾਂ ਉੱਪਰ "ਰਾਖਵੇਂ ਖੇਤਰ" ਥੋਪ ਕੇ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਸਮੁੰਦਰੀ ਕੰਢਿਆਂ ਉੱਤੇ ਮੁੜ-ਉਸਾਰੀ ਕਰਨ ਤੋਂ ਡੱਕ ਦਿੱਤਾ ਅਤੇ ਵਿਕਾਸ ਵਾਸਤੇ ਜ਼ਮੀਨ ਖਾਲੀ ਕਰਾ ਲਈ। (ਇੰਡੋਨੇਸ਼ੀਆ ਦੇ ਅਸੇਹ ਇਲਾਕੇ ਵਿਚ ਇਹ ਖੇਤਰ ਦੋ ਕਿਲੋਮੀਟਰ ਚੌੜੇ ਸਨ ਹਾਲਾਂਕਿ ਆਖ਼ਿਰ ਸਰਕਾਰ ਫ਼ਰਮਾਨ ਵਾਪਸ ਲੈਣ ਲਈ ਮਜਬੂਰ ਹੋ ਗਈ।)[24]

ਸੁਨਾਮੀ ਤੋਂ ਇਕ ਸਾਲ ਬਾਅਦ, ਪ੍ਰਸਿੱਧ ਐੱਨ ਜੀ ਓ, ਐਕਸ਼ਨ ਏਡ, ਜੋ ਬਦੇਸ਼ੀ ਸਹਾਇਤਾ ਨੂੰ ਖ਼ਰਚ ਕਰਨ ਦੇ ਅਮਲ ਦੀ ਨਿਗਰਾਨੀ ਕਰਦੀ ਹੈ, ਨੇ ਸੁਨਾਮੀ ਦੇ ਕਹਿਰ ਤੋਂ ਬਚੇ ਪੰਜ ਦੇਸ਼ਾਂ ਦੇ ਪੰਜਾਹ ਹਜ਼ਾਰ ਲੋਕਾਂ ਦੇ ਵਿਆਪਕ ਸਰਵੇਖਣ ਦੇ ਨਤੀਜੇ ਪ੍ਰਕਾਸ਼ਤ ਕੀਤੇ। ਹਰ ਥਾਂ ਉਹੀ ਤਰੀਕੇ ਅਪਣਾਏ ਗਏ ਸਨ : ਹਰ ਥਾਂ ਬਾਸ਼ਿੰਦਿਆਂ ਨੂੰ ਘਰ ਦੁਬਾਰਾ ਬਣਾਉਣ ਤੋਂ ਰੋਕਿਆ

ਗਿਆ, ਪਰ ਹੋਟਲਾਂ ਨੂੰ ਬੇਸ਼ੁਮਾਰ ਆਰਥਕ ਲਾਭ ਦਿੱਤੇ ਗਏ। ਫ਼ੌਜੀ ਤਾਕਤਾਂ ਨਾਲ ਘਿਰੇ ਆਰਜੀ ਖ਼ੇਮੇ ਮੰਦੇਹਾਲ ਵਾੜਿਆਂ ਵਾਂਗ ਸਨ ਅਤੇ ਕਿਸੇ ਤਰ੍ਹਾਂ ਦੀ ਪੱਕੀ ਮੁੜ-ਉਸਾਰੀ ਨਹੀਂ ਕੀਤੀ ਗਈ ਸੀ। ਸਮੁੱਚੀ ਤਰਜ਼ੇ-ਜ਼ਿੰਦਗੀ ਦਾ ਸਫ਼ਾਇਆ ਕੀਤਾ ਜਾ ਰਿਹਾ ਸੀ। ਰਿਪੋਰਟ ਇਸ ਨਤੀਜੇ 'ਤੇ ਪਹੁੰਚੀ ਕਿ ਇਨ੍ਹਾਂ ਪਛਾੜਾਂ ਦਾ ਦੋਸ਼ ਮਾੜੇ ਸੰਚਾਰ ਪ੍ਰਬੰਧ, ਫੰਡਾਂ ਦੀ ਥੁੜ੍ਹ ਜਾਂ ਭ੍ਰਿਸ਼ਟਾਚਾਰ ਦੀਆਂ ਸਾਧਾਰਨ ਬੁਰਾਈਆਂ ਨੂੰ ਨਹੀਂ ਦਿੱਤਾ ਜਾ ਸਕਦਾ। ਰਿਪੋਰਟ ਨੇ ਸਿੱਟਾ ਕੱਢਿਆ ਕਿ ਸਮੱਸਿਆਵਾਂ ਢਾਂਚਾਗਤ ਸਨ ਅਤੇ ਗਿਣ-ਮਿੱਥ ਕੇ ਖੜ੍ਹੀਆਂ ਕੀਤੀਆਂ ਗਈਆਂ ਸਨ। "ਸਰਕਾਰਾਂ ਸਥਾਈ ਘਰਾਂ ਦੀ ਉਸਾਰੀ ਲਈ ਜ਼ਮੀਨਾਂ ਦੇਣ ਦੀ ਜ਼ਿੰਮੇਵਾਰੀ ਨਿਭਾਉਣ 'ਚ ਪੂਰੀ ਤਰ੍ਹਾਂ ਅਸਫ਼ਲ ਰਹੀਆਂ। ਜਦੋਂ ਜ਼ਮੀਨਾਂ ਖੋਹੀਆਂ ਗਈਆਂ ਅਤੇ ਸਮੁੰਦਰੇ ਕੰਢੇ 'ਤੇ ਰਹਿਣ ਵਾਲੇ ਭਾਈਚਾਰਿਆਂ ਨੂੰ ਵਪਾਰਕ ਹਿੱਤਾਂ ਦੀ ਖ਼ਾਤਰ ਉੱਥੋਂ ਉਜਾੜਿਆ ਗਿਆ ਤਾਂ ਸਰਕਾਰਾਂ ਨੇ ਸਗੋਂ ਉਜਾੜਾ ਕਰਨ 'ਚ ਮਦਦ ਕੀਤੀ ਜਾਂ ਇਸ ਸਾਜ਼ਿਸ਼ 'ਚ ਹਿੱਸੇਦਾਰ ਰਹੀਆਂ।"[25]

ਸੁਨਾਮੀ ਤੋਂ ਬਾਅਦ ਦੀ ਵਿਹਾਰਕ ਨੀਤੀ ਪੱਖੋਂ ਦੇਖਿਆ ਜਾਵੇ ਤਾਂ ਪੀੜਤ ਦੇਸ਼ਾਂ ਦੀ ਹਾਲਤ ਨੂੰ ਸਮਝਣ ਦੀ ਬਹੁਤ ਘੱਟ ਕੋਸ਼ਿਸ਼ ਕੀਤੀ ਗਈ। ਅਸਲ ਵਿਚ ਇਨ੍ਹਾਂ ਦੇਸ਼ਾਂ ਦਾ ਮਾਲਦੀਵ ਨਾਲ ਕੋਈ ਮੁਕਾਬਲਾ ਨਹੀਂ ਹੈ। ਉੱਥੇ ਸਰਕਾਰ ਦੀ ਗਰੀਬ ਲੋਕਾਂ ਨੂੰ ਸਮੁੰਦਰੀ ਕੰਢਿਆਂ ਤੋਂ ਹਟਾ ਕੇ ਤਸੱਲੀ ਨਹੀਂ ਹੋਈ—ਸਰਕਾਰ ਨੇ ਦੇਸ਼ ਦੇ ਕਾਬਲੇ-ਰਿਹਾਇਸ਼ ਖੇਤਰਾਂ ਵਿਚੋਂ ਆਪਣੇ ਬਹੁ-ਗਿਣਤੀ ਨਾਗਰਿਕਾਂ ਨੂੰ ਹਟਾ ਦੇਣ ਲਈ ਸੁਨਾਮੀ ਨੂੰ ਵਰਤਿਆ।

ਮਾਲਦੀਵ, ਭਾਰਤ ਦੇ ਸਮੁੰਦਰੀ ਕੰਢੇ ਨਾਲ ਲੱਗਦੇ ਦੋ ਕੁ ਸੌ ਟਾਪੂਆਂ ਦੀ ਲੜੀ ਹੈ; ਇਹ ਉਸੇ ਤਰ੍ਹਾਂ ਦਾ ਸੈਰ-ਸਪਾਟਾ ਗਣਰਾਜ ਹੈ ਜਿਵੇਂ ਕੇਂਦਰੀ ਅਮਰੀਕਾ ਦੇ ਦੇਸ਼ਾਂ ਨੂੰ ਕੇਲਾ ਗਣਰਾਜ ਕਿਹਾ ਜਾਂਦਾ ਹੈ। ਇਸ ਦੀ ਬਰਾਮਦ ਕੀਤੀ ਜਾਣ ਵਾਲੀ ਉਪਜ ਗਰਮ ਖੇਤਰਾਂ ਦਾ ਫ਼ਲ ਨਹੀਂ ਸਗੋਂ ਗਰਮ ਖੇਤਰਾਂ ਦੀ ਅੱਯਾਸ਼ੀ ਹੈ। ਰਾਜ ਦੀ 90 ਫ਼ੀ ਸਦੀ ਆਮਦਨੀ ਸਿੱਧੇ ਤੌਰ 'ਤੇ ਸਮੁੰਦਰ ਦੇ ਰੇਤਲੇ ਖੇਤਰ ਵਿਚ ਛੁੱਟੀਆਂ ਮਨਾਉਣ ਦੇ ਕਾਰੋਬਾਰ ਤੋਂ ਹੁੰਦੀ ਹੈ।[26] ਮਾਲਦੀਵ ਜਿਸ ਤਰ੍ਹਾਂ ਦੀ ਅੱਯਾਸ਼ੀ ਮੁਹੱਈਆ ਕਰਦਾ ਹੈ ਉਹ ਖ਼ਾਸ ਤੌਰ 'ਤੇ ਸੁਹਜ-ਸੁਆਦਾਂ ਵਾਲੀ ਅਤੇ ਭਰਮਾਊ ਹੈ। ਇਸੇ ਦੇ ਸੌ ਦੇ ਕਰੀਬ ਟਾਪੂ "ਟਾਪੂਨੁਮਾ ਸੈਰਗਾਹਾਂ" ਹਨ, ਚਿੱਟੀ ਰੇਤ ਦੇ ਆਭਾ-ਮੰਡਲ ਨਾਲ ਘਿਰੇ ਹਰਿਆਲੀ ਦੇ ਟੁਕੜੇ, ਜੋ ਪੂਰੀ ਤਰ੍ਹਾਂ ਹੋਟਲਾਂ ਵਾਲਿਆਂ, ਸਮੁੰਦਰੀ ਗਸ਼ਤੀ ਜਹਾਜ਼ਾਂ ਜਾਂ ਧਨਾਢਾਂ ਦੀ ਜਕੜ 'ਚ ਹਨ। ਕੁਝ ਤਾਂ ਪੰਜਾਹ ਸਾਲਾਂ ਲਈ ਪਟੇ 'ਤੇ ਦਿੱਤੇ ਹੋਏ ਹਨ। ਮਾਲਦੀਵ ਦੇ ਟਾਪੂ ਕੁਲੀਨ ਵਰਗ ਦੇ ਗਾਹਕਾਂ ਦੀ ਅੱਯਾਸ਼ੀ ਲਈ ਰਾਖਵੇਂ ਹਨ (ਮਿਸਾਲ ਵਜੋਂ ਟਾਮ ਕਰੂਜ਼ ਅਤੇ ਕੈਟੀ ਹੌਮਜ਼ ਦੇ ਹਨੀਮੂਨ) ਜੋ ਆਪਣੀ ਖ਼ੂਬਸੂਰਤੀ ਅਤੇ ਟੁੱਭੀਆਂ ਕਰਕੇ ਨਹੀਂ ਸਗੋਂ ਮੁਕੰਮਲ ਇਕਾਂਤ ਕਰਕੇ ਖਿੱਚ ਦਾ ਕੇਂਦਰ ਹਨ ਜੋ ਸਿਰਫ਼ ਨਿੱਜੀ ਟਾਪੂ ਹੀ ਦੇ ਸਕਦੇ ਹਨ।

ਇਹ ਹੋਟਲ ਮਛੇਰਿਆਂ ਦੇ ਰਵਾਇਤੀ ਪਿੰਡਾਂ ਦੇ ਨਮੂਨੇ ਨੂੰ "ਪ੍ਰੇਰਨਾ" ਵਜੋਂ ਲੈ ਕੇ ਖਣਿਜੀ ਚਸ਼ਮੇ ਵਾਲੀ ਥਾਂ ਬਣਾਏ ਗਏ ਹਨ। ਇਨ੍ਹਾਂ ਹੋਟਲਾਂ ਦੇ ਕਮਰੇ ਲੰਮੀਆਂ ਲੰਮੀਆਂ ਥੰਮੀਆਂ ਉੱਤੇ ਉਸਾਰੇ ਛੱਪਰ ਹਨ ਜਿਨ੍ਹਾਂ 'ਚ ਵਪਾਰਕ ਖਿਡੌਣਿਆਂ ਅਤੇ ਹੋਰ ਮਹਿੰਗੀਆਂ ਮਨੋਰੰਜਨ ਸਹੂਲਤਾਂ ਦੀ ਭਰਮਾਰ ਹੁੰਦੀ ਹੈ—ਬੌਸ ਕਵਾਲਿਟੀ ਦੀ ਆਵਾਜ਼ ਮੁਹੱਈਆ ਕਰਨ ਵਾਲਾ ਘਰੇਲੂ ਮਨੋਰੰਜਨ ਪ੍ਰਬੰਧ, ਫਰਾਂਸ ਦੇ ਫਿਲਿਪ ਸਟਾਰਕ ਜੜਤ ਵਾਲੇ ਹਮਾਮ, ਜਿਨ੍ਹਾਂ ਦੀਆਂ ਸ਼ੀਟਾਂ ਐਨੀਆਂ ਕਮਾਲ ਦੀਆਂ ਹਨ ਕਿ ਹੱਥ ਲਾਇਆਂ ਮੈਲੀਆਂ ਹੋ ਜਾਂਦੀਆਂ ਹਨ। ਇਹ ਟਾਪੂ ਧਰਤੀ ਅਤੇ ਸਮੁੰਦਰ ਵਿਚਲੀਆਂ ਹੱਦਬੰਦੀਆਂ ਨੂੰ ਮਿਟਾਉਣ ਪੱਖੋਂ ਵੀ ਇਕ ਦੂਜੇ ਨੂੰ ਮਾਤ ਪਾਉਂਦੇ ਹਨ—ਕੋਕੋ ਪਾਮ ਦੇ ਬੰਗਲੇ ਲੂਈ ਝੀਲ ਉੱਪਰ ਬਣਾਏ ਗਏ ਹਨ ਅਤੇ ਇਨ੍ਹਾਂ ਦੀਆਂ ਰੱਸਿਆਂ ਦੀਆਂ ਪੌੜੀਆਂ

ਜ਼ਮੀਨ ਦੀ ਸੱਤਾ ਤੋਂ ਲੈ ਕੇ ਪਾਣੀ ਦੇ ਧੁਰ ਹੇਠਾਂ ਤੱਕ ਜਾਂਦੀਆਂ ਹਨ। ਚਾਰੇ ਰੁੱਤਾਂ ਦੇ ਅਨੁਕੂਲ ਸੌਣ ਕਮਰੇ ਸਮੁੰਦਰ ਉੱਪਰ "ਤੈਰਦੇ" ਹਨ ਅਤੇ ਹਿਲਟਨ ਨੂੰ ਪਾਣੀ ਦੇ ਹੇਠਾਂ ਬਣਿਆ ਪਹਿਲਾ ਰੇਸਤਰਾਂ ਹੋਣ ਦਾ ਮਾਣ ਹੈ ਜੋ ਮੂੰਗੇ ਦੀ ਚਟਾਨ 'ਤੇ ਬਣਾਇਆ ਗਿਆ ਹੈ। ਕਈ ਕਮਰਿਆਂ ਦੀ ਬਨਾਵਟ ਨੌਕਰਾਣੀਆਂ ਦੇ ਕਵਾਟਰਾਂ ਵਰਗੀ ਹੈ ਅਤੇ ਇਕ ਨਿੱਜੀ ਟਾਪੂ ਉੱਪਰ, ਰੋਜ਼ ਚੌਵੀ ਘੰਟੇ "ਹਾਜ਼ਰ ਰਹਿਣ ਵਾਲਾ ਮਾਲਦੀਵੀ ਖ਼ਾਨਸਾਮਾ 'ਠਾਕੁਰੂ' ਹੈ ਜੋ ਇੱਥੋਂ ਤੱਕ ਧਿਆਨ ਰੱਖਦਾ ਹੈ ਕਿ ਤੁਸੀਂ ਮਾਰਟਨੀ ਕਾਕਟੇਲ ਤੇਜ਼ੀ ਨਾਲ ਹਿਲਾ ਕੇ ਪੇਸ਼ ਕੀਤੀ ਪਸੰਦ ਕਰਦੇ ਹੋ ਜਾਂ ਬਹੁਤ ਹੌਲੀ-ਹੌਲੀ ਮਿਲਾ ਕੇ ਪੇਸ਼ ਕੀਤੀ।" ਇਨ੍ਹਾਂ ਜੇਮਜ਼ ਬਾਂਡ ਮਾਰਕਾ ਸ਼ਾਹੀ ਹੋਟਲਾਂ 'ਚ ਬਣੇ ਬੰਗਲਿਆਂ ਦਾ ਇਕ ਰਾਤ ਦਾ ਖਰਚ 5000 ਡਾਲਰ ਤੱਕ ਹੈ।[27]

ਏਸ਼ੀਆ ਦੀ ਇਸ ਅੱਯਾਸ਼ ਸਲਤਨਤ ਉੱਪਰ ਜਿਸ ਬੰਦੇ ਰਾਸ਼ਟਰਪਤੀ ਮੌਮੂਨ ਅਬਦੁੱਲ ਗਯੂਮ ਦਾ ਰਾਜ ਹੈ, ਉਹ ਸਭ ਤੋਂ ਵੱਧ ਸਮਾਂ ਰਾਜ ਕਰਨ ਵਾਲਾ ਹਾਕਮ ਹੈ। ਉਹ 1978 ਤੋਂ ਸੱਤਾਧਾਰੀ ਹੈ। ਉਸ ਦੇ ਕਾਰਜ ਕਾਲ ਦੌਰਾਨ, ਸਰਕਾਰ ਨੇ ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ ਅਤੇ ਉਸ ਉੱਪਰ ਸਰਕਾਰ ਵਿਰੋਧੀ ਵੈੱਬ ਸਾਈਟਾਂ ਲਈ ਲਿਖਣ ਦਾ ਜੁਰਮ ਕਰਨ ਵਾਲੇ "ਅਸਹਿਮਤ ਵਿਚਾਰਾਂ ਵਾਲਿਆਂ" ਨੂੰ ਤਸੀਹੇ ਦੇਣ ਦਾ ਦੋਸ਼ ਹੈ।[28] ਆਲੋਚਕਾਂ ਨੂੰ ਜੇਲ੍ਹਨੁਮਾ ਟਾਪੂਆਂ 'ਚ ਕੈਦ ਰੱਖ ਕੇ ਗਯੂਮ ਅਤੇ ਉਸ ਦੀ ਚੰਡਾਲ ਚੌਕੜੀ ਸੈਰ-ਸਪਾਟਾ ਸਨਅਤ ਨੂੰ ਜ਼ੋਰ-ਸ਼ੋਰ ਨਾਲ ਪ੍ਰਫੁੱਲਤ ਕਰਨ ਲਈ ਆਜ਼ਾਦ ਹੈ।

ਸੁਨਾਮੀ ਤੋਂ ਪਹਿਲਾਂ ਮਾਲਦੀਵ ਸਰਕਾਰ ਸੈਰ-ਸਪਾਟਾ ਟਾਪੂਆਂ ਦੀ ਗਿਣਤੀ ਵਧਾਉਣ ਲਈ ਘੋਖ-ਪੜਤਾਲ ਕਰ ਰਹੀ ਸੀ ਤਾਂ ਜੋ ਅੱਯਾਸ਼ੀ ਦੇ ਅੱਡਿਆਂ ਦੀ ਵਧ ਰਹੀ ਮੰਗ ਦੀ ਪੂਰਤੀ ਕੀਤੀ ਜਾ ਸਕੇ। ਇਸ ਮੂਹਰੇ ਅੜਿੱਕਾ ਸਨ ਲੋਕ, ਮਾਲਦੀਵ ਦੇ ਮਸਾਂ ਗੁਜ਼ਾਰਾ ਕਰ ਰਹੇ ਮਛੇਰੇ, ਜਿਨ੍ਹਾਂ ਵਿਚੋਂ ਬਹੁਤੇ ਮੂੰਗਾ ਚਟਾਨਾਂ ਵਾਲੇ ਟਾਪੂ ਵਿਚ ਫੈਲੇ ਰਵਾਇਤੀ ਪਿੰਡਾਂ 'ਚ ਵਸਦੇ ਹਨ। ਇਹ ਤਰਜ਼ੇ-ਜ਼ਿੰਦਗੀ ਕੁਝ ਸਮੱਸਿਆਵਾਂ ਪੈਦਾ ਕਰਦੀ ਸੀ ਕਿਉਂਕਿ ਸਮੁੰਦਰੀ ਰੇਤ 'ਤੇ ਮੱਛੀਆਂ ਸਾਫ਼ ਕਰਨ ਦਾ 'ਭੱਦਾ' ਦ੍ਰਿਸ਼ ਮਾਲਦੀਵ ਦੇ ਕੁਦਰਤੀ ਦ੍ਰਿਸ਼ ਨਾਲ ਬੇਮੇਲ ਸੀ। ਸੁਨਾਮੀ ਤੋਂ ਪਹਿਲਾਂ, ਗਯੂਮ ਸਰਕਾਰ ਆਪਣੇ ਨਾਗਰਿਕਾਂ ਨੂੰ ਕੁਝ ਵੱਡੇ, ਵੱਧ ਸੰਘਣੀ ਵਸੋਂ ਵਾਲੇ ਟਾਪੂਆਂ ਉੱਤੇ ਚਲੇ ਜਾਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜਿੱਥੇ ਸੈਲਾਨੀ ਘੱਟ ਹੀ ਜਾਂਦੇ ਸਨ। ਕਿਹਾ ਇਹ ਜਾਂਦਾ ਸੀ ਕਿ ਇਹ ਟਾਪੂ ਆਲਮੀ ਤਪਸ਼ ਕਾਰਨ ਉੱਠਦੀਆਂ ਸਮੁੰਦਰੀ ਲਹਿਰਾਂ ਤੋਂ ਬਿਹਤਰ ਮਹਿਫੂਜ਼ ਹਨ। ਪਰ ਇਕ ਜਾਬਰ ਰਾਜ ਲਈ ਵੀ ਦਹਿ-ਹਜ਼ਾਰਾਂ ਲੋਕਾਂ ਨੂੰ ਆਪਣੇ ਜ਼ੱਦੀ-ਪੁਸ਼ਤੀ ਟਾਪੂਆਂ ਤੋਂ ਉਜਾੜਨਾ ਮੁਸ਼ਕਲ ਸੀ ਅਤੇ ਇੰਞ "ਵਸੋਂ ਦੇ ਬੰਦੋਬਸਤ" ਦਾ ਪ੍ਰੋਗਰਾਮ ਜ਼ਿਆਦਾਤਰ ਅਸਫ਼ਲ ਰਿਹਾ।[29]

ਸੁਨਾਮੀ ਆਉਣ ਤੋਂ ਪਿੱਛੋਂ, ਗਯੂਮ ਸਰਕਾਰ ਨੇ ਤੁਰੰਤ ਐਲਾਨ ਕਰ ਦਿੱਤਾ ਕਿ ਇਸ ਤਬਾਹੀ ਨਾਲ ਸਾਬਤ ਹੋ ਗਿਆ ਹੈ ਕਿ "ਬਹੁਤ ਸਾਰੇ ਟਾਪੂ ਰਹਿਣ ਲਈ ਮਹਿਫੂਜ਼ ਅਤੇ ਢੁੱਕਵੇਂ ਨਹੀਂ ਹਨ।" ਇਸ ਨੇ ਵਸੋਂ ਦਾ ਹੋਰ ਥਾਂ ਵਸੇਬਾ ਕਰਨ ਦੀ ਪਹਿਲਾਂ ਜਿਹੜੀ ਕੋਸ਼ਿਸ਼ ਕੀਤੀ ਸੀ ਹੁਣ ਉਸ ਤੋਂ ਵੀ ਵੱਧ ਹਮਲਾਵਰ ਪ੍ਰੋਗਰਾਮ ਵਿੱਢ ਕੇ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਕੋਈ ਸੁਨਾਮੀ ਪੀੜਤ ਸਰਕਾਰੀ ਸਹਾਇਤਾ ਚਾਹੁੰਦਾ ਹੈ ਉਸ ਨੂੰ ਤੈਅ ਕੀਤੇ ਪੰਜ "ਮਹਿਫੂਜ਼ ਟਾਪੂਆਂ" ਵਿਚੋਂ ਕਿਸੇ ਇਕ 'ਚ ਜਾ ਕੇ ਰਹਿਣ ਪਵੇਗਾ।[30] ਇੰਞ, ਅਨੇਕਾਂ ਟਾਪੂਆਂ ਦੀ ਪੂਰੀ ਦੀ ਪੂਰੀ ਵਸੋਂ ਪਹਿਲਾਂ ਹੀ ਇੱਥੋਂ ਚਲੇ ਗਈ ਹੈ ਅਤੇ ਬਾਕੀ ਦੀ ਇੱਥੋਂ ਚਲੇ ਜਾਣ ਦੇ ਅਮਲ 'ਚ ਹੈ, ਜਿਸ ਕਾਰਨ ਸੈਰ-ਸਪਾਟਾ ਸਨਅਤ ਲਈ ਵੱਧ ਜ਼ਮੀਨ ਸੁਖਾਲਿਆਂ ਹੀ ਖਾਲੀ ਹੋ ਗਈ ਹੈ।

ਮਾਲਦੀਵ ਸਰਕਾਰ ਦਾਅਵਾ ਕਰਦੀ ਹੈ ਕਿ ਸੰਸਾਰ ਬੈਂਕ ਅਤੇ ਹੋਰ ਏਜੰਸੀਆਂ ਦੀ ਸਹਾਇਤਾ ਅਤੇ ਫੰਡਾਂ ਨਾਲ ਚਲਾਏ ਜਾਣ ਵਾਲੇ ਮਹਿਫੂਜ਼ ਟਾਪੂ ਪ੍ਰੋਗਰਾਮ ਨੂੰ "ਵੱਡੇ ਅਤੇ ਵੱਧ ਮਹਿਫੂਜ਼ ਟਾਪੂਆਂ" ਉੱਪਰ ਰਹਿਣ ਦੀ ਜਨਤਾ ਦੀ ਮੰਗ ਨੂੰ ਮੁੱਖ ਰੱਖਕੇ ਚਲਾਇਆ ਜਾ ਰਿਹਾ ਹੈ। ਪਰ ਟਾਪੂਆਂ ਦੇ ਕਈ ਵਸਨੀਕਾਂ ਦਾ ਕਹਿਣਾ ਹੈ ਕਿ ਜੇ ਬੁਨਿਆਦੀ ਢਾਂਚਾ ਬਹਾਲ ਹੋ ਜਾਵੇ ਤਾਂ ਉਹ ਆਪਣੇ ਜ਼ੱਦੀ ਟਾਪੂਆਂ ਉੱਪਰ ਰਹਿਣਾ ਚਾਹੁਣਗੇ। ਜਿਵੇਂ ਐਕਸ਼ਨਏਡ ਨੇ ਇਸ ਨੂੰ ਪੇਸ਼ ਕੀਤਾ, "ਲੋਕਾਂ ਕੋਲ ਇੱਥੋਂ ਚਲੇ ਜਾਣ ਤੋਂ ਬਿਨਾ ਕੋਈ ਰਾਹ ਨਹੀਂ ਹੈ ਕਿਉਂਕਿ ਇਹ ਘਰ ਅਤੇ ਗੁਜ਼ਾਰੇ ਦੇ ਸਾਧਨ ਮੁੜ ਦਿੱਤੇ ਜਾਣ ਦੀ ਪੂਰਵ ਸ਼ਰਤ ਹੈ।"[31]

ਸੁਰੱਖਿਆ ਦੀ ਦਲੀਲ ਇਸ ਤੱਥ ਕਾਰਨ ਹੋਰ ਵੀ ਧਿਆਨ ਖਿੱਚਦੀ ਹੈ ਕਿ ਨੀਵੇਂ ਟਾਪੂਆਂ ਉੱਪਰ ਜ਼ੋਖ਼ਮ ਵਾਲੀ ਯੋਜਨਾ ਤਹਿਤ ਹੋਟਲ ਉਸਾਰਨ ਸਮੇਂ ਸਰਕਾਰ ਦੇ ਸਾਰੇ ਸੁਰੱਖਿਆ ਸਰੋਕਾਰ ਕਾਫ਼ੂਰ ਹੋ ਗਏ। ਇਨ੍ਹਾਂ ਹੋਟਲਾਂ ਵਿਚ ਨਾ ਸਿਰਫ਼ ਸੁਰੱਖਿਅਤ ਬਚ ਨਿਕਲਣ ਦਾ ਕੋਈ ਇੰਤਜ਼ਾਮ ਨਹੀਂ ਹੈ ਸਗੋਂ ਸੁਨਾਮੀ ਤੋਂ ਇਕ ਸਾਲ ਬਾਅਦ, ਦਸੰਬਰ 2005 'ਚ ਗਯੂਮ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੈਂਤੀ ਨਵੇਂ ਟਾਪੂ ਹੋਟਲਾਂ ਲਈ ਪੰਜਾਹ ਸਾਲ ਤੱਕ ਦੇ ਪਟੇ ਉੱਤੇ ਦੇਣ ਲਈ ਮੌਜੂਦ ਹਨ।[32] ਇਸ ਸਮੇਂ, ਅਖੌਤੀ ਸੁਰੱਖਿਅਤ ਟਾਪੂਆਂ ਉੱਪਰ ਬੇਰੁਜ਼ਗਾਰੀ ਦਾ ਬੋਲਬਾਲਾ ਸੀ ਅਤੇ ਇੱਥੇ ਨਵੇਂ ਆਉਣ ਵਾਲਿਆਂ ਅਤੇ ਮੂਲਵਾਸੀਆਂ ਵਿਚਕਾਰ ਹਿੰਸਾ ਭੜਕ ਰਹੀ ਸੀ।

ਸਾਧਾਰਨ ਵਸੋਂ ਵਾਲੇ ਖੇਤਰਾਂ ਨੂੰ ਅਮੀਰਾਂ ਦਾ ਅੱਡਾ ਬਣਾਉਣ ਦੇ ਅਮਲ ਦਾ ਫ਼ੌਜੀਕਰਨ

ਦੂਜੀ ਸੁਨਾਮੀ, ਇਕ ਤਰ੍ਹਾਂ ਨਾਲ ਆਰਥਕ ਸਦਮਾ ਇਲਾਜ ਦੀ ਵਿਸ਼ੇਸ਼ ਤੌਰ 'ਤੇ ਹਮਲਾਵਰ ਮਾਤਰਾ ਵਾਲੀ ਖ਼ੁਰਾਕ ਸੀ : ਕਾਰਨ ਇਹ ਸੀ ਕਿ ਇਸ ਤੂਫ਼ਾਨ ਨੇ ਸਮੁੰਦਰ ਦੇ ਰੇਤਲੇ ਖੇਤਰ ਨੂੰ ਖਾਲੀ ਕਰਾਉਣ ਦੀ ਖ਼ਾਤਰ ਉਜਾੜਨ ਅਤੇ ਸਧਾਰਨ ਵਸੋਂ ਵਾਲੇ ਖੇਤਰਾਂ ਨੂੰ ਅਮੀਰਾਂ ਦਾ ਅੱਡਾ ਬਣਾਉਣ ਦਾ ਕੰਮ ਐਨਾ ਪ੍ਰਭਾਵਸ਼ਾਲੀ ਰੂਪ 'ਚ ਕਰ ਵਿਖਾਇਆ ਕਿ ਜਿਹੜਾ ਕੰਮ ਸਧਾਰਨ ਰੂਪ 'ਚ ਸਾਲਾਂ 'ਚ ਹੋਣਾ ਸੀ ਉਹ ਦਿਨਾਂ ਜਾਂ ਹਫ਼ਤਿਆਂ 'ਚ ਹੀ ਹੋ ਗਿਆ। ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਲੱਖਾਂ ਗਰੀਬ, ਤਾਂਬੇ ਰੰਗੇ ਲੋਕ (ਜਿਨ੍ਹਾਂ ਮਛੇਰਿਆਂ ਨੂੰ ਸੰਸਾਰ ਬੈਂਕ "ਗ਼ੈਰਉਪਜਾਊ" ਸਮਝਦੀ ਸੀ) ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਉਜਾੜ ਕੇ ਉੱਥੇ ਚੋਟੀ ਦੇ ਅਮੀਰਾਂ, ਜ਼ਿਆਦਾਤਰ ਗੋਰੇ ਰੰਗ ਦੇ ਲੋਕਾਂ ("ਭਾਰੀ ਕਮਾਈ ਦਾ ਸਾਧਨ" ਸੈਲਾਨੀਆਂ) ਲਈ ਜਗ੍ਹਾ ਬਣਾਈ ਜਾ ਰਹੀ ਸੀ। ਵਿਸ਼ਵੀਕਰਨ ਦੇ ਦੋ ਆਰਥਕ ਸਿਰਿਆਂ, ਜੋ ਵੱਖ-ਵੱਖ ਦੇਸ਼ਾਂ ਵਿਚ ਹੀ ਨਹੀਂ ਸਗੋਂ ਵੱਖ-ਵੱਖ ਸਦੀਆਂ 'ਚ ਰਹਿ ਰਹੇ ਦਿਖਾਈ ਦਿੰਦੇ ਹਨ, ਨੂੰ ਅਚਾਨਕ ਸਮੁੰਦਰੀ ਕੰਢੇ ਦੀ ਉਸੇ ਜ਼ਮੀਨ ਉੱਪਰ ਸਿੱਧਾ ਟਕਰਾਅ 'ਚ ਖੜ੍ਹਾ ਕਰ ਦਿੱਤਾ ਗਿਆ ਸੀ : ਇਕ ਇੱਥੇ ਕੰਮ ਦਾ ਹੱਕ ਅਤੇ ਦੂਜਾ ਅੱਯਾਸ਼ੀ ਦਾ ਹੱਕ ਮੰਗ ਰਿਹਾ ਸੀ। ਸਥਾਨਕ ਪੁਲਿਸ ਅਤੇ ਨਿੱਜੀ ਸੁਰੱਖਿਆ ਤਾਕਤਾਂ ਦੀਆਂ ਬੰਦੂਕਾਂ ਦੀ ਮਦਦ ਨਾਲ ਇਨ੍ਹਾਂ ਸਧਾਰਨ ਵਸੋਂ ਵਾਲੇ ਖੇਤਰਾਂ ਨੂੰ ਅਮੀਰੀ ਦਾ ਅੱਡਾ ਬਣਾਉਣ ਦਾ ਅਮਲ, ਸਮੁੰਦਰੀ ਰੇਤਲੇ ਖੇਤਰ ਉੱਪਰ ਜਮਾਤੀ ਜੰਗ ਸੀ।

ਕੁਝ ਸਭ ਤੋਂ ਸਿੱਧੀਆਂ ਟੱਕਰਾਂ ਥਾਈਲੈਂਡ 'ਚ ਹੋਈਆਂ। ਇੱਥੇ ਸਮੁੰਦਰੀ ਤੂਫ਼ਾਨ ਆਉਣ ਦੇ ਚੌਵੀ ਘੰਟਿਆਂ ਦੇ ਅੰਦਰ ਹੀ ਰੀਅਲ ਐਸਟੇਟ ਵਾਲਿਆਂ ਨੇ ਉਸ ਜ਼ਮੀਨ ਨੂੰ ਵਗਲਣ ਲਈ ਨਿੱਜੀ ਹਥਿਆਰਬੰਦ ਸੁਰੱਖਿਆ ਗਾਰਦਾਂ ਭੇਜ ਦਿੱਤੀਆਂ ਜਿਸਨੂੰ ਉਹ ਹੋਟਲ ਬਣਾਉਣ ਲਈ ਹੜੱਪਣਾ ਚਾਹੁੰਦੇ ਸਨ। ਕੁਝ ਮਿਸਾਲਾਂ ਤਾਂ ਐਸੀਆਂ ਹਨ ਕਿ ਇਨ੍ਹਾਂ ਹਥਿਆਰਬੰਦ ਗਰੋਹਾਂ ਨੇ ਤੂਫ਼ਾਨ ਤੋਂ ਬਚੇ ਲੋਕਾਂ ਨੂੰ ਆਪਣੇ ਬੱਚਿਆਂ ਦਾ ਤਨ ਢਕਣ ਲਈ ਆਪਣੇ ਨਿੱਜੀ ਸਮਾਨ ਦੀ

ਫਰੋਲਾ-ਫਰਾਲੀ ਵੀ ਨਹੀਂ ਕਰਨ ਦਿੱਤੀ।[33] ਥਾਈਲੈਂਡ ਦੇ ਸੁਨਾਮੀ ਦੇ ਕਹਿਰ ਤੋਂ ਬਚੇ ਲੋਕਾਂ ਦੀ ਸਹਾਇਤਾ ਸੰਸਥਾ ਨੇ ਜ਼ਮੀਨਾਂ ਹੜੱਪੇ ਜਾਣ ਦੀ ਸਾਜ਼ਿਸ਼ ਨਾਲ ਨਜਿੱਠਣ ਲਈ ਇਕੱਠ ਸੱਦ ਲਿਆ। ਇਕ ਪਲੇਠੇ ਬਿਆਨ 'ਚ ਇਸ ਨੇ ਐਲਾਨ ਕੀਤਾ ਕਿ "ਸਰਮਾਏਦਾਰਾਂ-ਸਿਆਸਤਦਾਨਾਂ ਲਈ ਤਾਂ ਸੁਨਾਮੀ ਦਾ ਅਰਥ ਸੀ ਉਨ੍ਹਾਂ ਦੀਆਂ ਦੁਆਵਾਂ ਕਬੂਲ ਹੋ ਗਈਆਂ ਹਨ ਕਿਉਂਕਿ ਇਸ ਨੇ ਸਮੁੰਦਰੀ ਕੰਢੇ ਦੇ ਇਨ੍ਹਾਂ ਖੇਤਰਾਂ ਵਿਚੋਂ ਉਨ੍ਹਾਂ ਲੋਕਾਂ ਦਾ ਸਫ਼ਾਇਆ ਕਰ ਦਿੱਤਾ ਜੋ ਇਨ੍ਹਾਂ ਦੀਆਂ ਰਿਜ਼ਾਰਟ, ਹੋਟਲ, ਜੂਏ ਦੇ ਅੱਡੇ ਅਤੇ ਮੱਛੀ ਫਾਰਮ ਬਣਾਉਣ ਦੀਆਂ ਗੋਂਦਾਂ 'ਚ ਅੜਿੱਕਾ ਬਣੇ ਹੋਏ ਸਨ। ਹੁਣ ਉਨ੍ਹਾਂ ਲਈ ਇਹ ਸਾਰੇ ਸਮੁੰਦਰੀ ਇਲਾਕੇ ਖਾਲੀ ਪਈ ਜ਼ਮੀਨ ਸਨ!"[34]

ਖਾਲੀ ਜ਼ਮੀਨ। ਬਸਤੀਵਾਦੀ ਦੌਰ 'ਚ, ਇਹ ਨੀਮ-ਕਾਨੂੰਨੀ ਸਿਧਾਂਤ ਹੁੰਦਾ ਸੀ—ਜਿਹੜੀ ਜ਼ਮੀਨ ਕਿਸੇ ਦੀ ਨਹੀਂ ਜੇ ਜ਼ਮੀਨ ਖਾਲੀ ਜਾਂ "ਬੰਜਰ" ਐਲਾਨ ਦਿੱਤੀ ਜਾਂਦੀ ਸੀ ਤਾਂ ਇਸ 'ਤੇ ਕਬਜ਼ਾ ਕੀਤਾ ਜਾ ਸਕਦਾ ਸੀ ਅਤੇ ਇੱਥੇ ਵਸਦੇ ਲੋਕਾਂ ਨੂੰ ਬੇਰਹਿਮੀ ਨਾਲ ਮਾਰ-ਮੁਕਾਇਆ ਜਾ ਸਕਦਾ ਸੀ। ਜਿਹੜੇ ਦੇਸ਼ ਸੁਨਾਮੀ ਦੇ ਕਹਿਰ ਦਾ ਸ਼ਿਕਾਰ ਹੋਏ, ਉੱਥੇ ਖਾਲੀ ਜ਼ਮੀਨ ਦੇ ਵਿਚਾਰ ਦੀ ਸੁਰ ਉਸ ਕੁਹਜੀ ਇਤਿਹਾਸਕ ਸੁਰ ਨਾਲ ਮਿਲਦੀ-ਜੁਲਦੀ ਹੈ ਜੋ ਮੂਲਵਾਸੀਆਂ ਦੀ ਦੌਲਤ ਦੀ ਲੁੱਟਮਾਰ ਕਰਨ ਅਤੇ ਉਨ੍ਹਾਂ ਨੂੰ "ਸੱਭਿਅਕ ਬਣਾਉਣ" ਦੀਆਂ ਹਿੰਸਕ ਕੋਸ਼ਿਸ਼ਾਂ ਕਰਨ ਦੇ ਹੋਕਰੇ ਮਾਰਦੀ ਰਹੀ ਹੈ। ਅਰੂਗਮ ਖਾੜੀ ਵਿਚ ਮੇਰੀ ਮੁਲਾਕਾਤ ਜਿਸ ਨਿਜਾਮ ਨਾਂ ਦੇ ਮਛੇਰੇ ਨਾਲ ਹੋਈ ਉਸ ਮੁਤਾਬਿਕ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਸੀ। ਉਹ ਕਹਿੰਦਾ ਹੈ "ਸਰਕਾਰ ਸੋਚਦੀ ਹੈ ਕਿ ਸਾਡੇ ਜਾਲ ਅਤੇ ਸਾਡੀ ਮੱਛੀ ਭੱਦੀਆਂ ਅਤੇ ਕੁਹਜੀਆਂ ਚੀਜ਼ਾਂ ਹਨ; ਇਹੀ ਵਜ੍ਹਾ ਹੈ ਕਿ ਉਹ ਸਾਨੂੰ ਸਮੁੰਦਰੀ ਕੰਢੇ ਤੋਂ ਹਟਾਉਣਾ ਚਾਹੁੰਦੇ ਹਨ। ਬਦੇਸ਼ੀਆਂ ਦੀ ਸੰਤੁਸ਼ਟੀ ਲਈ, ਉਹ ਆਪਣੇ ਲੋਕਾਂ ਨਾਲ ਇੰਞ ਵਰਤਾ ਕਰ ਰਹੇ ਹਨ ਜਿਵੇਂ ਉਹ ਅੱਭਿਅਕ ਹੁੰਦੇ ਹਨ।" ਇੰਞ ਲੱਗਦਾ ਸੀ ਜਿਵੇਂ ਮਲਬਾ ਐਸਾ ਨਵਾਂ ਖੇਤਰ ਹੋਵੇ ਜੋ ਕਿਸੇ ਦਾ ਵੀ ਨਹੀਂ (No man's land) ਹੁੰਦਾ।

ਜਦੋਂ ਮੈਂ ਨਿਜਾਮ ਨੂੰ ਮਿਲੀ, ਉਸ ਨਾਲ ਮਛੇਰਿਆਂ ਦੀ ਟੋਲੀ ਸੀ ਜੋ ਹੁਣੇ ਸਮੁੰਦਰ ਤੋਂ ਵਾਪਸ ਮੁੜੀ ਸੀ। ਉਨ੍ਹਾਂ ਦੀਆਂ ਅੱਖਾਂ ਖਾਰੇ ਪਾਣੀ 'ਚ ਰਹਿਣ ਕਾਰਨ ਲਾਲ ਸੁਰਖ਼ ਸਨ। ਜਦੋਂ ਮੈਂ ਨਿੱਕੀਆਂ ਬੇੜੀਆਂ ਵਾਲੇ ਮਛੇਰਿਆਂ ਨੂੰ ਇੱਥੋਂ ਹਟਾਉਣ ਦੀ ਸਰਕਾਰੀ ਯੋਜਨਾ ਦੇ ਮੁੱਦੇ ਬਾਰੇ ਗੱਲ ਕੀਤੀ ਤਾਂ ਉਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਮੱਛੀ ਵੱਢਣ ਵਾਲੇ ਵੱਡੇ-ਵੱਡੇ ਛੁਰੇ ਲਹਿਰਾ ਕੇ "ਆਪਣੇ ਲੋਕਾਂ ਦੀ ਤਾਕਤ ਇਕੱਠੀ ਕਰਕੇ" ਆਪਣੀ ਜ਼ਮੀਨ ਦੀ ਰਾਖੀ ਲਈ ਲੜਨ ਦਾ ਅਹਿਦ ਲਿਆ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਤਾਂ ਉਨ੍ਹਾਂ ਨੇ ਰੇਸਤਰਾਂ ਅਤੇ ਹੋਟਲਾਂ ਨੂੰ ਜੀ ਆਇਆਂ ਆਖਿਆ ਸੀ। ਅਬਦੁੱਲ ਨਾਂ ਦੇ ਮਛੇਰੇ ਨੇ ਦੱਸਿਆ, "ਪਰ ਕਿਉਂਕਿ ਅਸੀਂ ਉਨ੍ਹਾਂ ਨੂੰ ਥੋੜ੍ਹੀ ਜ਼ਮੀਨ ਦਿੱਤੀ ਹੁਣ ਉਹ ਸਾਰੀ ਹਥਿਆ ਲੈਣਾ ਚਾਹੁੰਦੇ ਹਨ।" ਇਕ ਹੋਰ ਮਛੇਰੇ ਮਨਸੂਰ ਨੇ ਸਾਨੂੰ ਛਾਂ ਕਰ ਰਹੇ ਖਜ਼ੂਰ ਦੇ ਰੁਖ਼ਾਂ, ਜੋ ਸੁਨਾਮੀ ਦੀ ਤਾਕਤ ਮੂਹਰੇ ਮਜ਼ਬੂਤੀ ਨਾਲ ਡਟੇ ਰਹੇ, ਵੱਲ ਇਸ਼ਾਰਾ ਕਰਦਿਆਂ ਕਿਹਾ, "ਮੇਰੇ ਪੜਦਾਦਿਆਂ ਨੇ ਇਹ ਰੁਖ਼ ਲਾਏ ਸਨ। ਅਸੀਂ ਹੋਰ ਸਮੁੰਦਰੀ ਰੇਤਲੇ ਇਲਾਕੇ 'ਚ ਕਿਉਂ ਚਲੇ ਜਾਈਏ ? " ਉਸ ਦੇ ਇਕ ਸਬੰਧੀ ਨੇ ਸਹੁੰ ਖਾਧੀ : "ਜੇ ਸਮੁੰਦਰ ਸੁੱਕ ਗਿਆ, ਸਿਰਫ਼ ਤਾਂ ਹੀ ਅਸੀਂ ਇਹ ਥਾਂ ਛੱਡ ਕੇ ਜਾਵਾਂਗੇ।"

ਸੁਨਾਮੀ ਕਾਰਨ ਮੁੜ-ਉਸਾਰੀ ਲਈ ਜੋ ਸਹਾਇਤਾ ਆਈ ਸੀ ਉਸ ਬਾਰੇ ਕਿਹਾ ਗਿਆ ਕਿ ਇਹ ਘੋਰ ਸੰਤਾਪ ਹੰਢਾ ਚੁੱਕੇ ਸ੍ਰੀ ਲੰਕਾ ਵਾਸੀਆਂ ਨੂੰ ਸਥਾਈ ਸ਼ਾਂਤੀ ਕਾਇਮ ਕਰਨ ਦਾ ਮੌਕਾ ਦਿੰਦੀ ਹੈ। ਅਰੂਗਮ ਖਾੜੀ ਅਤੇ ਸਮੁੱਚੇ ਪੂਰਬੀ ਸਮੁੰਦਰੀ ਕੰਢੇ ਦੇ ਖੇਤਰ ਵਿਚ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਇਕ ਹੋਰ ਜੰਗ ਸ਼ੁਰੂ ਹੋਣ ਜਾ ਰਹੀ ਹੈ। ਉਹ ਇਹ ਸੀ ਕਿ ਇਨ੍ਹਾਂ ਫੰਡਾਂ ਦਾ ਲਾਹਾ

ਕੌਣ ਲਵੇਗਾ—ਸਿਨਹਾਲੀ, ਤਾਮਿਲ ਜਾਂ ਮੁਸਲਮਾਨ—ਅਤੇ ਸਭ ਤੋਂ ਵੱਧ ਇਹ ਕਿ ਕੀ ਅਸਲ ਫ਼ਾਇਦਾ ਸਥਾਨਕ ਲੋਕਾਂ ਦੀ ਕੀਮਤ 'ਤੇ, ਬਦੇਸ਼ੀ ਲੈ ਜਾਣਗੇ।

ਮੈਨੂੰ ਇਸ ਤਰ੍ਹਾਂ ਮਹਿਸੂਸ ਹੋਣ ਲੱਗਿਆ, ਜਿਵੇਂ ਹਵਾ ਦਾ ਰੁਖ਼ ਬਦਲ ਰਿਹਾ ਹੋਵੇ ਅਤੇ ਸ੍ਰੀ ਲੰਕਾ "ਮੁੜ-ਉਸਾਰਿਆ" ਇਕ ਹੋਰ ਦੇਸ਼ ਬਣਕੇ ਮੁੜ ਸਦੀਵੀ ਤਬਾਹੀ 'ਚ ਡਿੱਗ ਰਿਹਾ ਹੋਵੇ। ਇਕ ਸਾਲ ਪਹਿਲਾਂ ਹੀ ਇਰਾਕ ਵਿਚ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਮੇਰੇ ਕੰਨੀਂ ਪੈ ਚੁੱਕੀਆਂ ਸਨ ਕਿ ਮੁੜ-ਉਸਾਰੀ ਕੁਰਦਾਂ ਅਤੇ ਚੁਣਵੇਂ ਸ਼ੀਆ ਲੋਕਾਂ ਦੀ ਤਰਫ਼ਦਾਰੀ ਕਰ ਰਹੀ ਹੈ। ਕੋਲੰਬੋ ਵਿਚ ਮੈਨੂੰ ਬਹੁਤ ਸਾਰੇ ਸਹਾਇਤਾ ਟੋਲੀ ਦੇ ਕਾਰਕੁਨ ਮਿਲੇ ਜਿਨ੍ਹਾਂ ਨੇ ਦੱਸਿਆ ਕਿ ਇਰਾਕ ਜਾਂ ਅਫ਼ਗਾਨਿਸਤਾਨ ਨਾਲੋਂ ਸ੍ਰੀ ਲੰਕਾ ਵਿਚ ਕੰਮ ਕਰਨਾ ਉਨ੍ਹਾਂ ਨੂੰ ਕਿੰਨਾ ਜ਼ਿਆਦਾ ਪਸੰਦ ਹੈ—ਇੱਥੇ ਹਾਲੇ ਵੀ ਐੱਨ ਜੀ ਓ ਨੂੰ ਨਿਰਪੱਖ, ਇੱਥੋਂ ਤੱਕ ਕਿ ਮਦਦ ਕਰਨ ਵਾਲੀਆਂ, ਸਮਝਿਆ ਜਾ ਰਿਹਾ ਸੀ ਅਤੇ ਮੁੜ-ਉਸਾਰੀ ਇੱਥੇ ਹਾਲੇ ਮਾੜਾ ਲਫ਼ਜ਼ ਨਹੀਂ ਬਣਿਆ ਸੀ। ਪਰ ਹੁਣ ਹਾਲਤ ਬਦਲ ਰਹੀ ਸੀ। ਰਾਜਧਾਨੀ 'ਚ, ਮੈਂ ਐਸੇ ਇਸ਼ਤਿਹਾਰ ਦੇਖੇ ਜਿਨ੍ਹਾਂ ਵਿਚ ਸਹਾਇਤਾ ਦਾ ਪੈਸਾ ਪੱਛਮ ਦੇ ਸਹਾਇਤਾ ਕਾਰਕੁਨਾਂ ਦੀਆਂ ਜੇਬਾਂ 'ਚ ਜਾਣ ਬਾਰੇ ਤਿੱਖਾ ਵਿਅੰਗ ਕੀਤਾ ਗਿਆ ਸੀ ਜਦਕਿ ਸ੍ਰੀ ਲੰਕਾ ਵਾਸੀ ਭੁੱਖ ਨਾਲ ਮਰ ਰਹੇ ਸਨ।

ਮੁੜ-ਉਸਾਰੀ ਖ਼ਿਲਾਫ਼ ਰੋਹ ਦੀ ਗਾਜ ਐੱਨ ਜੀ ਓ 'ਤੇ ਡਿਗਦੀ ਸੀ ਕਿਉਂਕਿ ਉਹ ਐਨ ਲੋਕਾਂ ਦੀਆਂ ਅੱਖਾਂ ਮੂਹਰੇ ਮੌਜੂਦ ਸਨ। ਸਮੁੰਦਰੀ ਕੰਢੇ 'ਤੇ ਹਰ ਖਾਲੀ ਥਾਂ ਉੱਤੇ ਉਨ੍ਹਾਂ ਦੇ ਲੋਗੋ ਲੱਗੇ ਹੋਏ ਸਨ; ਜਦਕਿ ਇਸ ਨੂੰ ਬਾਲੀ ਟਾਪੂ ਬਣਾਉਣ ਦੇ ਸੁਪਨੇ ਲੈਣ ਵਾਲੇ ਸੈਸਾਰ ਬੈਂਕ, ਯੂਐੱਸ ਏਡ ਅਤੇ ਸਰਕਾਰੀ ਅਧਿਕਾਰੀ ਸ਼ਹਿਰੀ ਦਫ਼ਤਰਾਂ ਵਿਚੋਂ ਕਦੇ-ਕਦਾਈਂ ਹੀ ਬਾਹਰ ਆਉਂਦੇ ਸਨ। ਇਹ ਬੜੀ ਤਨਜ਼ੀਆ ਹਾਲਤ ਸੀ ਕਿਉਂਕਿ ਸਹਾਇਤਾ ਕਾਰਕੁਨ ਹੀ ਕਿਸੇ ਤਰ੍ਹਾਂ ਦੀ ਮਦਦ ਦੇ ਰਹੇ ਸਨ। ਪਰ ਇਹ ਅਟੱਲ ਵੀ ਸੀ ਕਿਉਂਕਿ ਉਨ੍ਹਾਂ ਦੀ ਪੇਸ਼ਕਸ਼ ਬਹੁਤ ਹੀ ਨਾਕਾਫ਼ੀ ਸੀ। ਇਕ ਸਮੱਸਿਆ ਇਹ ਸੀ ਕਿ ਸਹਾਇਤਾ ਦਾ ਢਾਂਚਾ ਐਨਾ ਗੁੰਝਲਦਾਰ ਬਣ ਚੁੱਕਾ ਸੀ ਅਤੇ ਜਿਨ੍ਹਾਂ ਲੋਕਾਂ ਲਈ ਕੰਮ ਕਰਨ ਦਾ ਇਹ ਦਾਅਵਾ ਕਰਦਾ ਸੀ ਉਨ੍ਹਾਂ ਤੋਂ ਇਹ ਐਨਾ ਟੁੱਟਿਆ ਹੋਇਆ ਸੀ ਕਿ ਸ੍ਰੀ ਲੰਕਾ ਵਿਚ ਇਸ ਦੇ ਸਟਾਫ਼ ਮੈਂਬਰਾਂ ਦੀ ਤਰਜ਼ੇ-ਜ਼ਿੰਦਗੀ ਇਕ ਤਰ੍ਹਾਂ ਦਾ ਕੌਮੀ ਖ਼ਬਤ ਬਣ ਗਈ। ਜਿਸ ਕਿਸੇ ਨੂੰ ਵੀ ਮੈਂ ਮਿਲੀ ਲਗਭਗ ਹਰ ਕਿਸੇ ਦੀ ਟਿੱਪਣੀ ਉਸ ਪੁਜਾਰੀ ਵਰਗੀ ਸੀ ਜਿਸ ਨੇ ਇਸ ਨੂੰ "ਐੱਨ ਜੀ ਓ ਦਾ ਜੰਗਲੀ ਜੀਵਨ" ਕਿਹਾ ਸੀ। ਚੋਟੀ ਦੇ ਹੋਟਲਾਂ 'ਚ ਖਾਣਾ-ਪੀਣਾ, ਸਮੁੰਦਰੀ ਰੇਤ ਉੱਪਰ ਆਲੀਸ਼ਾਨ ਬੰਗਲੇ 'ਚ ਰਿਹਾਇਸ਼ ਅਤੇ ਲੋਕ ਰੋਹ ਨੂੰ ਸਭ ਤੋਂ ਵੱਧ ਭੜਕਾਉਂਦੇ ਸਨ ਇਨ੍ਹਾਂ ਦੇ ਨਵੇਂ ਬਰੈਂਡ ਦੇ ਚਿੱਟੇ ਸਪੋਰਟਸ ਵਾਹਨ। ਸਹਾਇਤਾ ਨਾਲ ਸਬੰਧਤ ਸਾਰੀਆਂ ਸੰਸਥਾਵਾਂ ਕੋਲ ਆਵਾਜਾਈ ਦੇ ਐਨੇ ਵੱਡੇ-ਵੱਡੇ ਸਾਧਨ ਸਨ ਕਿ ਦੇਸ਼ ਦੀਆਂ ਭੀੜੀਆਂ ਗੰਦੀਆਂ ਸੜਕਾਂ ਦੇ ਮੁਕਾਬਲੇ ਇਨ੍ਹਾਂ ਦੇ ਲੰਘਣ ਲਈ ਬਹੁਤ ਖੁੱਲ੍ਹੀ ਥਾਂ ਚਾਹੀਦੀ ਸੀ ਅਤੇ ਇਹ ਬਹੁਤ ਜ਼ਬਰਦਸਤ ਵਾਹਨ ਸਨ। ਸਾਰਾ ਦਿਨ ਇਹ ਰਾਹਤ ਖ਼ੇਮਿਆਂ 'ਚ ਧੌਂਰੂ ਮਚਾਈ ਰੱਖਦੇ। ਹਰ ਕੋਈ ਇਨ੍ਹਾਂ ਦੀ ਉਡਾਈ ਧੂੜ ਫੱਕਣ ਲਈ ਮਜਬੂਰ ਸੀ। ਆਕਸਫੇਮ, ਵਰਲਡ ਵਿਜ਼ਨ, ਸੇਵ ਦਾ ਚਿਲਡਰਨ ਐੱਨ ਜੀ ਓ ਦੇ ਲੋਗੋ ਵਾਲੇ ਝੰਡੇ ਹਵਾ ਵਿਚ ਲਹਿਰਾਉਂਦੇ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਇਹ ਕਿਸੇ ਦੂਰ-ਦੁਰਾਡੇ ਐੱਨ ਜੀ ਓ ਜਗਤ ਦੇ ਅਜਨਬੀ ਹੋਣ। ਸ੍ਰੀ ਲੰਕਾ ਵਰਗੇ ਗਰਮ ਦੇਸ਼ 'ਚ, ਕਾਲੇ ਸ਼ੀਸ਼ਿਆਂ ਅਤੇ ਜ਼ਬਰਦਸਤ ਏਅਰ-ਕੰਡੀਸ਼ਨਰ ਵਾਲੀਆਂ ਇਹ ਕਾਰਾਂ ਆਵਾਜਾਈ ਦੇ ਸਾਧਨਾਂ ਨਾਲੋਂ ਵੱਧ ਸਨ; ਇਹ ਚਲਦੇ-ਫਿਰਦੇ ਛੋਟੇ-ਛੋਟੇ ਵਾਤਾਵਰਨ ਸਨ।

ਰੋਹ ਵਧਦਾ ਦੇਖਕੇ ਮੈਨੂੰ ਹੈਰਾਨੀ ਨਾ ਹੋਈ ਕਿਉਂਕਿ ਲੰਮਾ ਸਮਾਂ ਪਹਿਲਾਂ ਸ੍ਰੀ ਲੰਕਾ,

ਇਰਾਕ ਅਤੇ ਅਫਗਾਨਿਸਤਾਨ ਵਾਲੇ ਰਾਹ ਹੀ ਲੰਘਿਆ ਸੀ। ਇੱਥੇ ਮੁੜ-ਉਸਾਰੀ ਦਾ ਕੰਮ ਡਾਕੇ ਨਾਲ ਐਨਾ ਜ਼ਿਆਦਾ ਮਿਲਦਾ ਜੁਲਦਾ ਸੀ ਕਿ ਸਹਾਇਤਾ ਦੇਣ ਵਾਲੇ ਕਾਰਕੁਨ ਹਮਲੇ ਦਾ ਨਿਸ਼ਾਨਾ ਬਣ ਗਏ। ਮੇਰੇ ਉੱਥੇ ਆ ਜਾਣ ਤੋਂ ਥੋੜ੍ਹਾ ਸਮਾਂ ਬਾਅਦ ਹੀ ਇਹ ਵਾਪਰ ਗਿਆ : ਕੌਮਾਂਤਰੀ ਐੱਨ ਜੀ ਓ ਭੁੱਖਮਰੀ ਵਿਰੁੱਧ ਮੁਹਿੰਮ (Action Against Hunger) ਨਾਲ ਜੁੜਕੇ ਸੁਨਾਮੀ ਰਾਹਤ ਸਬੰਧੀ ਕੰਮ ਕਰ ਰਹੇ ਸਤਾਰਾਂ ਸ੍ਰੀ ਲੰਕਾ ਵਾਸੀਆਂ ਨੂੰ ਪੂਰਬੀ ਤੱਟਵਰਤੀ ਸ਼ਹਿਰ ਤ੍ਰਿਨਕੋਮਿਲੀ ਨੇੜੇ ਉਨ੍ਹਾਂ ਦੇ ਦਫ਼ਤਰ 'ਚ ਕਤਲ ਕਰ ਦਿੱਤਾ ਗਿਆ। ਇਸ ਨਾਲ ਖ਼ਤਰਨਾਕ ਹਿੰਸਾ ਦੀ ਨਵੀਂ ਲਹਿਰ ਭੜਕ ਉੱਠੀ। ਅਤੇ ਸੁਨਾਮੀ ਨਾਲ ਸਬੰਧਤ ਮੁੜ-ਉਸਾਰੀ ਦਾ ਅਮਲ ਅਧਵਾਟੇ ਰੁਕ ਗਿਆ। ਬਹੁਤ ਸਾਰੇ ਹੋਰ ਹਮਲੇ ਹੋ ਜਾਣ ਕਰਕੇ, ਕਈ ਸਹਾਇਤਾ ਸੰਸਥਾਵਾਂ ਆਪਣੇ ਅਮਲੇ-ਫੈਲੇ ਦੀ ਸੁਰੱਖਿਆ ਨੂੰ ਖ਼ਤਰਾ ਦੇਖਕੇ ਦੇਸ਼ ਛੱਡ ਕੇ ਚਲੀਆਂ ਗਈਆਂ। ਬਾਕੀਆਂ ਨੇ ਵੱਧ ਪ੍ਰਭਾਵਤ ਪੂਰਬੀ ਅਤੇ ਤਾਮਿਲਾਂ ਦੇ ਕਬਜ਼ੇ ਹੇਠਲੇ ਉੱਤਰੀ ਇਲਾਕਿਆਂ ਨੂੰ ਸਹਾਇਤਾ ਤੋਂ ਵਿਰਵਾ ਛੱਡ ਕੇ ਸਰਕਾਰ ਦੇ ਅਧਿਕਾਰ ਹੇਠਲੇ ਦੱਖਣੀ ਖੇਤਰ 'ਤੇ ਧਿਆਨ ਕੇਂਦਰਤ ਕਰ ਦਿੱਤਾ। ਇਨ੍ਹਾਂ ਫ਼ੈਸਲਿਆਂ ਨਾਲ ਇਹ ਭਾਵਨਾ ਹੋਰ ਡੂੰਘੀ ਹੋ ਗਈ ਕਿ ਮੁੜ-ਉਸਾਰੀ ਲਈ ਆਏ ਫੰਡਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਖ਼ਾਸ ਕਰਕੇ 2006 ਦੇ ਅੰਤ 'ਚ ਕੀਤੇ ਗਏ ਇਕ ਅਧਿਐਨ 'ਚ ਇਹ ਸਾਹਮਣੇ ਆਇਆ ਕਿ ਹਾਲਾਂਕਿ ਸੁਨਾਮੀ ਦਾ ਸ਼ਿਕਾਰ ਹੋਏ ਬਹੁ-ਗਿਣਤੀ ਘਰ ਹਾਲੇ ਤੱਕ ਖੰਡਰ ਬਣੇ ਹੋਏ ਸਨ ਪਰ ਰਾਸ਼ਟਰਪਤੀ ਦਾ ਆਪਣਾ ਚੋਣ ਹਲਕਾ ਜੋ ਦੱਖਣ 'ਚ ਪੈਂਦਾ ਸੀ, ਇਹ ਐਸੀ ਨਿਵੇਕਲੀ ਮਿਸਾਲ ਸੀ ਜਿੱਥੇ ਘਰਾਂ ਦੀ 173 ਫ਼ੀ ਸਦੀ ਮੁੜ-ਉਸਾਰੀ ਮੁਕੰਮਲ ਕੀਤੇ ਜਾਣ ਦਾ ਚਮਤਕਾਰ ਵਾਪਰਿਆ ਸੀ।[35]

ਸਹਾਇਤਾ ਦੇਣ ਵਾਲੇ ਕਾਰਕੁਨ ਹਾਲੇ ਤੱਕ ਪੂਰਬੀ ਖੇਤਰ 'ਚ, ਅਰੂਗਮ ਖਾੜੀ ਨੇੜੇ ਹੀ ਸਨ। ਹੁਣ ਉਨ੍ਹਾਂ ਦਾ ਵਾਹ ਉਜਾੜੇ ਗਏ ਲੋਕਾਂ ਦੇ ਨਵੇਂ ਪੂਰਾਂ ਨਾਲ ਪੈ ਰਿਹਾ ਸੀ—ਲੱਖਾਂ ਲੋਕ ਹਿੰਸਾ ਕਾਰਨ ਘਰੋਂ ਬੇਘਰ ਹੋ ਗਏ ਸਨ। *ਨਿਊ ਯਾਰਕ ਟਾਈਮਜ਼* ਨੇ ਰਿਪੋਰਟ ਦਿੱਤੀ ਕਿ "ਸੰਯੁਕਤ ਰਾਸ਼ਟਰ ਦੇ ਜਿਨ੍ਹਾਂ ਕਾਰਕੁਨਾਂ ਨੂੰ ਮੂਲ ਰੂਪ 'ਚ ਸੁਨਾਮੀ ਨਾਲ ਤਬਾਹ ਹੋਏ ਸਕੂਲਾਂ ਨੂੰ ਮੁੜ-ਉਸਾਰਨ ਦਾ ਠੇਕਾ ਦਿੱਤਾ ਗਿਆ ਸੀ ਉਨ੍ਹਾਂ ਨੂੰ ਹੁਣ ਲੜਾਈ ਕਾਰਨ ਉੱਜੜੇ ਲੋਕਾਂ ਲਈ ਪਖ਼ਾਨੇ ਬਣਾਉਣ 'ਤੇ ਲਾਇਆ ਗਿਆ ਹੈ।"[36]

ਜੁਲਾਈ 2006 'ਚ, ਤਾਮਿਲ ਟਾਈਗਰਾਂ ਨੇ ਐਲਾਨ ਕਰ ਦਿੱਤਾ ਕਿ ਯੁੱਧਬੰਦੀ ਖ਼ਤਮ ਹੋ ਚੁੱਕੀ ਹੈ; ਮੁੜ-ਉਸਾਰੀ ਬੰਦ ਹੈ ਅਤੇ ਲੜਾਈ ਮੁੜ ਸ਼ੁਰੂ ਹੋ ਗਈ ਹੈ। ਇਕ ਸਾਲ ਤੋਂ ਥੋੜ੍ਹੇ ਸਮੇਂ ਵਿਚ ਹੀ, ਚਾਰ ਹਜ਼ਾਰ ਤੋਂ ਵੱਧ ਲੋਕ ਸੁਨਾਮੀ ਤੋਂ ਬਾਅਦ ਹੋਈ ਲੜਾਈ ਵਿਚ ਮਾਰੇ ਜਾ ਚੁੱਕੇ ਸਨ। ਪੂਰਬੀ ਸਮੁੰਦਰੀ ਕੰਢੇ ਉੱਪਰ ਸੁਨਾਮੀ ਨਾਲ ਤਬਾਹ ਹੋਏ ਘਰਾਂ ਦਾ ਇਕ ਨਿੱਕਾ ਜਿਹਾ ਹਿੱਸਾ ਹੀ ਮੁੜ ਬਣਾਇਆ ਗਿਆ ਸੀ, ਅਸਲ ਵਿਚ ਜ਼ਿਆਦਾਤਰ ਇਮਾਰਤਾਂ ਨਵੀਆਂ ਉਸਾਰੀਆਂ ਗਈਆਂ ਸਨ। ਇਨ੍ਹਾਂ ਵਿਚੋਂ ਸੈਂਕੜੇ ਪਹਿਲਾਂ ਹੀ ਗੋਲੀਆਂ ਨਾਲ ਵਿੰਨ੍ਹੀਆਂ ਹੋਈਆਂ ਸਨ, ਤਾਜ਼ੀਆਂ ਲਗਾਈਆਂ ਖਿੜਕੀਆਂ ਧਮਾਕਿਆਂ ਨਾਲ ਚੂਰ-ਚੂਰ ਹੋ ਚੁੱਕੀਆਂ ਸਨ ਅਤੇ ਨਵੀਂ ਨੁਹਾਰ ਦੀਆਂ ਛੱਤਾਂ ਗੋਲਾਬਾਰੀ ਨਾਲ ਢਹਿ ਚੁੱਕੀਆਂ ਸਨ।

ਇਹ ਕਹਿਣਾ ਅਸੰਭਵ ਹੈ ਕਿ ਸੁਨਾਮੀ ਨੂੰ ਤਬਾਹੀਪਸੰਦ ਸਰਮਾਏਦਾਰੀ ਦਾ ਗ਼ਲਬਾ ਬਣਾਉਣ ਦਾ ਮੌਕਾ ਸਮਝਕੇ ਵਰਤਣ ਦੇ ਫ਼ੈਸਲੇ ਨੇ ਖ਼ਾਨਾਜੰਗੀ ਮੁੜ ਸ਼ੁਰੂ ਹੋਣ 'ਚ ਕਿੰਨਾ ਕੁ ਯੋਗਦਾਨ ਪਾਇਆ। ਸ਼ਾਂਤੀ ਦੀ ਹਾਲਤ ਪਹਿਲਾਂ ਹੀ ਬੇਯਕੀਨੀ ਵਾਲੀ ਸੀ, ਸਭ ਧਿਰਾਂ ਦਾ ਵਿਸ਼ਵਾਸ ਉੱਠ ਚੁੱਕਾ ਸੀ। ਫੇਰ ਵੀ ਇਕ ਗੱਲ ਤੈਅ ਸੀ : ਜੇ ਸ੍ਰੀ ਲੰਕਾ ਵਿਚ ਸ਼ਾਂਤੀ ਦੀਆਂ ਜੜ੍ਹਾਂ

ਲਾਉਣੀਆਂ ਹਨ ਤਾਂ ਜੰਗ ਤੋਂ ਲਾਹਾ ਲੈਣ ਦੇ ਰੁਝਾਨ 'ਤੇ ਕਾਬੂ ਪਾਉਣਾ ਜ਼ਰੂਰੀ ਸੀ। ਇਸ ਵਿਚ ਜੰਗੀ ਆਰਥਿਕਤਾ ਦੇ ਠੋਸ ਆਰਥਕ ਲਾਹੇ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਫ਼ੌਜ ਵਾਲੇ ਆਪਣੇ ਫ਼ੌਜੀਆਂ ਦੇ ਪਰਿਵਾਰਾਂ ਅਤੇ ਤਾਮਿਲ ਟਾਈਗਰ ਆਪਣੇ ਲੜਾਕਿਆਂ ਅਤੇ ਆਤਮਘਾਤੀ ਮਨੁੱਖੀ ਬੰਬਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਰਤ ਰਹੇ ਸਨ।

ਸੁਨਾਮੀ ਦੇ ਕਹਿਰ ਤੋਂ ਬਾਅਦ ਚੋਖੀ ਮਾਤਰਾ ਵਿਚ ਜੋ ਸਹਾਇਤਾ ਆਈ ਸੀ ਉਸ ਵਿਚ ਸੱਚੇ ਅਮਨ ਦੇ ਲਾਭ ਹਾਸਲ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ—ਭਾਵ ਇਹ ਵਸੀਲੇ ਦੇਸ਼ ਦੇ ਹਿੱਤਾਂ 'ਚ ਵੱਧ ਨਿਆਂਪੂਰਨ ਰੂਪ 'ਚ ਇਸਤੇਮਾਲ ਕੀਤੇ ਜਾਣ ਅਤੇ ਖੇਰੂੰ-ਖੇਰੂੰ ਹੋ ਚੁੱਕੇ ਸਮਾਜ ਨੂੰ ਮੁੜ ਥਾਂ ਸਿਰ ਕਰਨ ਦਾ ਕੰਮ ਇਸ ਤਰੀਕੇ ਨਾਲ ਕੀਤਾ ਜਾਵੇ ਜੋ ਇਮਾਰਤਾਂ ਤੇ ਸੜਕਾਂ ਦੀ ਮੁੜ-ਉਸਾਰੀ ਦੇ ਨਾਲ-ਨਾਲ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਦਾ ਸਾਧਨ ਵੀ ਬਣੇ। ਇਸ ਦੀ ਬਜਾਏ, ਸ੍ਰੀ ਲੰਕਾ (ਇਰਾਕ ਵਾਂਗ) ਨੂੰ ਉਹ ਕੁਝ ਨਸੀਬ ਹੋਇਆ ਜਿਸ ਨੂੰ ਓਟਾਵਾ ਯੂਨੀਵਰਸਿਟੀ ਦੇ ਰਾਜਨੀਤਕ ਵਿਗਿਆਨੀ ਰੋਲੈਂਡ ਪੈਰਿਸ ਨੇ "ਅਮਨ ਦੰਡ" ਦਾ ਨਾਂ ਦਿੱਤਾ ਹੈ—ਐਸੀ ਗਲ-ਵੱਢ, ਜੰਗੀ ਆਰਥਿਕਤਾ ਦਾ ਮਾਡਲ ਥੋਪਣਾ ਜਿਸ ਨੇ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ ਉਸ ਪਲ ਹੋਰ ਦੁੱਭਰ ਬਣਾ ਦਿੱਤੀ ਜਦੋਂ ਉਨ੍ਹਾਂ ਦੀ ਸਭ ਤੋਂ ਵੱਡੀ ਲੋੜ ਸੀ ਸੁਲਾਹ-ਸਫ਼ਾਈ ਹੋ ਜਾਵੇ ਅਤੇ ਤਣਾਅ ਖ਼ਤਮ ਹੋ ਜਾਣ।[37] ਪਰ ਸਚਾਈ ਇਹ ਸੀ ਕਿ ਸ੍ਰੀ ਲੰਕਾ ਨੂੰ ਜਿਸ ਕਿਸਮ ਦੀ ਸ਼ਾਂਤੀ ਦੀ ਬਖਸ਼ਿਸ਼ ਕੀਤੀ ਗਈ ਉਹ ਆਪਣੀ ਹੀ ਕਿਸਮ ਦੀ ਜੰਗ ਸੀ। ਹਿੰਸਾ ਦੌਰਾਨ ਉਨ੍ਹਾਂ ਦੀ ਜ਼ਮੀਨ, ਪ੍ਰਭੂਸੱਤਾ ਅਤੇ ਮਾਣ-ਤਾਣ ਤਾਂ ਯਕੀਨੀ ਬਣੇ ਹੋਏ ਸਨ। ਪਰ ਕਾਰਪੋਰੇਟ ਮਾਰਕਾ ਅਮਨ ਨੇ ਫੌਰੀ ਪ੍ਰਸੰਗ ਵਿਚ ਜ਼ਮੀਨਾਂ ਖੁੱਸਣ ਅਤੇ ਲੰਮੇ ਦਾਅ ਤੋਂ ਜੌਹਨ ਵਾਰਲੇ ਦੇ ਭਰਮਾਊ ਐਲੀਵੇਟਰ ਸਿਧਾਂਤ ਤੋਂ ਇਲਾਵਾ ਹੋਰ ਕੀ ਦਿੱਤਾ ?

ਹਰ ਥਾਂ ਸ਼ਿਕਾਗੋ ਸਕੂਲ ਸਿਧਾਂਤ ਦਾ ਜਹਾਦ ਜਿੱਤ ਹਾਸਲ ਕਰ ਗਿਆ ਹੈ, ਇਸ ਨੇ 25 ਤੋਂ ਲੈ ਕੇ 60 ਫ਼ੀ ਸਦੀ ਵਸੋਂ ਦੇ ਰੂਪ ਵਿਚ ਸਥਾਈ ਮੁਥਾਜ ਜਮਾਤ ਪੈਦਾ ਕੀਤੀ ਹੈ। ਇਹ ਹਮੇਸ਼ਾ ਇਕ ਤਰ੍ਹਾਂ ਦੀ ਜੰਗ ਹੀ ਰਿਹਾ ਹੈ। ਪਰ ਜਦੋਂ ਵਿਆਪਕ ਉਜਾੜੇ ਅਤੇ ਸੱਭਿਆਚਾਰਾਂ ਦੀ ਅਹੀ-ਤਹੀ ਫੇਰਨ ਵਾਲਾ ਜੰਗ ਵਰਗਾ ਆਰਥਕ ਮਾਡਲ ਐਸੇ ਦੇਸ਼ ਉੱਪਰ ਥੋਪਿਆ ਜਾਂਦਾ ਹੈ ਜੋ ਪਹਿਲਾਂ ਹੀ ਕੁਦਰਤੀ ਆਫ਼ਤ ਹੱਥੋਂ ਤਬਾਹ ਹੋ ਚੁੱਕਾ ਹੋਵੇ ਅਤੇ ਜਿਸ ਨੂੰ ਨਸਲੀ-ਸੱਭਿਆਚਾਰਕ ਟਕਰਾਅ ਨੇ ਬੌਂਦਲਾਇਆ ਹੋਵੇ, ਉੱਥੇ ਇਸ ਦੇ ਖ਼ਤਰੇ ਕਿਤੇ ਵੱਧ ਹੁੰਦੇ ਹਨ। ਜਿਵੇਂ ਕੀਨਜ਼ ਨੇ ਬਹੁਤ ਸਾਲ ਪਹਿਲਾਂ ਦਲੀਲ ਦਿੱਤੀ ਸੀ, ਇਸ ਤਰ੍ਹਾਂ ਦੀ ਬਦਲਾ ਲਊ ਸ਼ਾਂਤੀ ਦੇ ਨਤੀਜੇ ਸਿਆਸੀ ਹੁੰਦੇ ਹਨ, ਜਿਨ੍ਹਾਂ ਵਿਚ ਹੋਰ ਵੀ ਵੱਧ ਖ਼ੂਨੀ ਜੰਗਾਂ ਦਾ ਭੜਕ ਉੱਠਣਾ ਵੀ ਸ਼ਾਮਲ ਹੈ।

ਕਾਂਡ ਵੀਹਵਾਂ

ਤਬਾਹੀ ਦਾ ਨਸਲੀ ਵਿਤਕਰਾ

ਮਹਿਫ਼ੂਜ਼ ਖੇਤਰਾਂ ਅਤੇ ਖ਼ਤਰਿਆਂ ਭਰੇ ਖੇਤਰਾਂ ਦੀ ਦੁਨੀਆਂ

ਸਦੀਆਂ ਤੋਂ ਪ੍ਰਚਲਤ ਇਹ ਕਹਾਣੀ ਹੁਣ ਛੱਡ ਦੇਣੀ ਚਾਹੀਦੀ ਹੈ ਕਿ ਤਬਾਹੀਆਂ ਕੋਈ ਵਿਤਕਰਾ ਨਹੀਂ ਕਰਦੀਆਂ—ਕਿ ਉਹ ਮੂਹਰੇ ਆਉਣ ਵਾਲੀ ਹਰ ਚੀਜ਼ ਦਾ "ਜਮਹੂਰੀ ਢੰਗ ਨਾਲ" ਸਫ਼ਾਇਆ ਕਰ ਦਿੰਦੀਆਂ ਹਨ। ਸਚਾਈ ਇਹ ਹੈ ਕਿ ਪਲੇਗ ਹਮੇਸ਼ਾ ਸਾਧਨ ਵਿਹੂਣੇ

ਲੋਕਾਂ 'ਚ ਫੈਲਦੀ ਹੈ, ਉਨ੍ਹਾਂ ਵਿਚ, ਜੋ ਜ਼ੋਖ਼ਮ ਭਰੀ ਜ਼ਿੰਦਗੀ ਜਿਊਣ ਲਈ ਸਰਾਪੇ ਹੁੰਦੇ ਹਨ। ਏਡਜ਼ ਦਾ ਮਾਮਲਾ ਵੀ ਇਸ ਤੋਂ ਵੱਖਰਾ ਨਹੀਂ ਹੈ।
—ਹੇਨ ਮਾਰੇਸ, ਦੱਖਣੀ ਅਫ਼ਰੀਕੀ ਲੇਖਕ, 2006[1]

ਕੈਟਰਿਨਾ ਤੂਫ਼ਾਨ ਕੋਈ ਐਸੀ ਆਫ਼ਤ ਨਹੀਂ ਸੀ ਜਿਸ ਦੀ ਪੇਸ਼ੀਨਗੋਈ ਨਾ ਕੀਤੀ ਜਾ ਸਕਦੀ ਹੋਵੇ। ਇਹ ਉਸ ਸਿਆਸੀ ਢਾਂਚੇ ਦਾ ਸਿੱਟਾ ਸੀ ਜੋ ਆਪਣੀ ਜ਼ਿੰਮੇਵਾਰੀ ਨਿੱਜੀ ਠੇਕੇਦਾਰਾਂ ਨੂੰ ਅਗਾਂਹ ਠੇਕੇ 'ਤੇ ਦਿੰਦਾ ਹੈ ਅਤੇ ਆਪ ਜ਼ਿੰਮੇਵਾਰੀ ਤੋਂ ਮੁਕੰਮਲ ਕਿਨਾਰਾ ਕਰ ਲੈਂਦਾ ਹੈ।
—ਹੈਰੀ ਬੇਲਾਫੌਂਤੀ, ਅਮਰੀਕੀ ਸੰਗੀਤਕਾਰ ਅਤੇ ਸ਼ਹਿਰੀ ਹੱਕਾਂ ਦਾ ਘੁਲਾਟੀਆ, ਸਤੰਬਰ 2005[2]

ਸਤੰਬਰ 2005 ਦੇ ਦੂਜੇ ਹਫ਼ਤੇ, ਮੈਂ ਆਪਣੇ ਪਤੀ ਐਵੀ ਅਤੇ ਐਂਡਰਿਊ ਨਾਲ ਨਿਊ ਔਰਲੀਨਜ਼ 'ਚ ਸੀ। ਐਂਡਰਿਊ, ਜਿਸ ਨਾਲ ਮੈਂ ਇਰਾਕ ਗਈ ਸੀ ਅਤੇ ਜਿੱਥੇ ਮੈਂ ਹਾਲੇ ਤੱਕ ਵੀ ਇਕ ਹੱਦ ਤੀਕ ਪਾਣੀ 'ਚ ਡੁੱਬੇ ਸ਼ਹਿਰ ਦੀ ਦਸਤਾਵੇਜ਼ੀ ਫਿਲਮ ਫਿਲਮਾਈ ਸੀ। ਜਿਉਂ ਹੀ ਰਾਤ ਦੇ ਕਰਫਿਊ 'ਚ ਛੇ ਵਜੇ ਢਿੱਲ ਦਿੱਤੀ ਗਈ, ਅਸੀਂ ਮੋੜਾਂ-ਘੋੜਾਂ ਵਾਲੇ ਸਫ਼ਰ 'ਤੇ ਨਿਕਲ ਤੁਰੇ। ਰਸਤੇ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਟਰੈਫਿਕ ਲਾਈਟਾਂ ਬੰਦ ਸਨ, ਅੱਧੇ ਮਾਰਗ ਸੂਚਕ ਚਿੰਨ ਟੁਕੜੇ-ਟੁਕੜੇ ਹੋ ਚੁੱਕੇ ਸਨ ਜਾਂ ਤੂਫ਼ਾਨ ਦੇ ਤੋੜੇ-ਮਰੋੜੇ ਸੜਕਾਂ ਕੰਢੇ ਪਏ ਸਨ। ਮਲਬੇ ਅਤੇ ਪਾਣੀ ਨਾਲ ਕਈ ਸੜਕਾਂ ਬੰਦ ਸਨ ਅਤੇ ਰੁਕਾਵਟਾਂ ਦੀਆਂ ਭੁੱਲ-ਭੁਲੱਈਆਂ ਵਿਚੋਂ ਰਾਹ ਲੱਭਣ ਵਾਲੇ ਬਹੁਤੇ ਲੋਕ ਸਾਡੇ ਵਾਂਗ ਸ਼ਹਿਰ ਤੋਂ ਬਾਹਰਲੇ ਸਨ ਜਿਨ੍ਹਾਂ ਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਉਹ ਕਿੱਧਰ ਜਾ ਰਹੇ ਸਨ।

ਅਚਾਨਕ ਭਿਆਨਕ ਦੁਰਘਟਨਾ ਵਾਪਰ ਗਈ। ਜਦੋਂ ਅਸੀਂ ਵੱਡੇ ਚੁਰਾਹੇ ਦੇ ਐਨ ਵਿਚਾਲੇ ਜਾ ਰਹੇ ਸੀ ਤਾਂ ਇਕ ਪਾਸਿਉਂ ਆ ਰਹੀ ਤੇਜ਼ ਰਫ਼ਤਾਰ ਕਾਰ ਸਾਡੀ ਕਾਰ 'ਚ ਆ ਵੱਜੀ। ਸਾਡੀ ਕਾਰ ਟਰੈਫਿਕ ਲਾਈਟ 'ਤੇ ਭੁਆਂਟਣੀਆਂ ਖਾਂਦੀ ਹੋਈ, ਲੋਹੇ ਦੇ ਜੰਗਲੇ ਵਿਚੋਂ ਦੀ ਹੋ ਕੇ ਇਕ ਡਿਓੜੀ ਨਾਲ ਜਾ ਟਕਰਾਈ। ਸ਼ੁਕਰ ਸੀ ਕਿ ਦੋਵਾਂ ਕਾਰਾਂ ਦੇ ਸਵਾਰਾਂ ਦੇ ਸੱਟਾਂ ਥੋੜ੍ਹੀਆਂ ਹੀ ਸਨ ਪਰ ਮੈਨੂੰ ਇਸ ਦਾ ਪਤਾ ਲੱਗਣ ਤੋਂ ਪਹਿਲਾਂ ਹੀ ਸਟਰੇਚਰ 'ਤੇ ਪਾ ਕੇ ਲੈ ਗਏ। ਪ੍ਰੇਸ਼ਾਨ ਕਰਨ ਵਾਲੇ ਹਿਝੋਕਿਆਂ ਤੋਂ ਮੈਂ ਜਾਣ ਲਿਆ ਕਿ ਜਿੱਧਰ ਐਂਬੂਲੈਂਸ ਜਾ ਰਹੀ ਸੀ, ਉਹ ਚੰਗੀ ਥਾਂ ਨਹੀਂ ਹੋਵੇਗੀ। ਮੈਂ ਨਿਊ ਔਰਲੀਨਜ਼ ਦੇ ਹਵਾਈ ਅੱਡੇ ਦੇ ਆਰਜੀ ਹਸਪਤਾਲ ਦਾ ਭਿਆਨਕ ਮੰਜ਼ਰ ਦੇਖ ਚੁੱਕੀ ਸੀ—ਉੱਥੇ ਡਾਕਟਰ ਅਤੇ ਨਰਸਾਂ ਐਨੇ ਥੋੜ੍ਹੇ ਸਨ ਕਿ ਮੁਸੀਬਤ 'ਚੋਂ ਕੱਢ ਕੇ ਲਿਜਾਏ ਗਏ ਬਜ਼ੁਰਗ ਆਪਣੀਆਂ ਵ੍ਹੀਲ ਚੇਅਰ 'ਚ ਘੰਟਿਆਂ ਬੱਧੀ ਬਿਨਾ ਇਲਾਜ ਜਕੜੇ ਰਹਿੰਦੇ। ਮੈਨੂੰ ਨਿਊ ਔਰਲੀਨਜ਼ ਦੇ ਜਨਤਕ ਇਲਾਜ ਦੇ ਮੁੱਢਲੇ ਕੇਂਦਰ ਚੈਰਿਟੀ ਹਸਪਤਾਲ ਦਾ ਖ਼ਿਆਲ ਆਇਆ, ਜਿਸ ਨੇੜਿਓਂ ਅਸੀਂ ਦਿਨੇ ਲੰਘੇ ਸੀ। ਤੂਫ਼ਾਨ ਸਮੇਂ ਇੱਥੇ ਪਾਣੀ ਭਰ ਗਿਆ ਸੀ ਅਤੇ ਇਸ ਦੇ ਅਮਲੇ ਨੂੰ ਮਰੀਜ਼ਾਂ ਨੂੰ ਬਚਾਉਣ ਲਈ ਬਿਨਾਂ ਬਿਜਲੀ ਤੋਂ ਜੱਦੋਜਹਿਦ ਕਰਨੀ ਪਈ ਸੀ। ਮੈਂ ਪੈਰਾ-ਮੈਡੀਕਲ ਅਮਲੇ ਨੂੰ ਗੁਜ਼ਾਰਿਸ਼ ਕੀਤੀ ਕਿ ਮੈਨੂੰ ਜਾ ਲੈਣ ਦਿਉ। ਮੈਨੂੰ ਯਾਦ ਹੈ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਬਿਲਕੁਲ ਠੀਕ ਹਾਂ, ਫੇਰ ਹੀ ਉਨ੍ਹਾਂ ਨੇ ਮੈਨੂੰ ਜਾਣ ਦਿੱਤਾ ਹੋਵੇਗਾ।

ਸਭ ਤੋਂ ਆਧੁਨਿਕ ਅਤੇ ਸ਼ਾਂਤ ਮਾਹੌਲ ਵਾਲੇ ਹਸਪਤਾਲ ਵਿਚ ਪਹੁੰਚ ਕੇ ਹੀ ਪਤਾ ਚੱਲਿਆ ਕਿ ਮੈਨੂੰ ਕਿੱਥੇ ਲਿਆਂਦਾ ਗਿਆ ਹੈ। ਮੁਸੀਬਤ ਮਾਰੇ ਲੋਕਾਂ ਦੀ ਭੀੜ ਵਾਲੇ ਕਲੀਨਿਕਾਂ ਦੇ ਉਲਟ,

“ਰੂਹ ਨੂੰ ਸਕੂਨ ਦੇਣ ਵਾਲੀ ਸਿਹਤ ਸੰਭਾਲ” ਦੀ ਪੇਸ਼ਕਸ਼ ਕਰਨ ਵਾਲੇ ਔਸ਼ਨਰ ਮੈਡੀਕਲ ਕੇਂਦਰ ਵਿਚ ਡਾਕਟਰਾਂ, ਨਰਸਾਂ ਅਤੇ ਅਰਦਲੀਆਂ ਦੀ ਗਿਣਤੀ ਮਰੀਜ਼ਾਂ ਤੋਂ ਵੱਧ ਸੀ। ਅਸਲ ਵਿਚ, ਸਾਫ਼-ਸੁਥਰੇ ਵਾਰਡ ਵਿਚ ਹੋਰ ਮਰੀਜ਼ ਬਹੁਤ ਥੋੜ੍ਹੇ ਸਨ। ਮਿੰਟਾਂ ਵਿਚ ਮੈਨੂੰ ਖੁੱਲ੍ਹੇ ਡੁੱਲ੍ਹੇ ਨਿੱਜੀ ਕਮਰੇ ਵਿਚ ਭੇਜ ਦਿੱਤਾ ਗਿਆ, ਮੈਡੀਕਲ ਅਮਲੇ ਦੀ ਨਿੱਕੀ ਜਹੀ ਫ਼ੌਜ ਨੇ ਮੇਰੇ ਜ਼ਖ਼ਮਾਂ ਅਤੇ ਰਗੜਾਂ ਦੀ ਮੱਲ੍ਹਮ-ਪੱਟੀ ਕਰ ਦਿੱਤੀ। ਤਿੰਨ ਨਰਸਾਂ ਤੁਰੰਤ ਮੈਨੂੰ ਗਰਦਨ ਦਾ ਐਕਸ-ਰੇ ਕਰਨ ਲਈ ਲੈ ਗਈਆਂ। ਇਕ ਸੁਸ਼ੀਲ ਦੱਖਣੀ ਡਾਕਟਰ ਨੇ ਕੱਚ ਦੇ ਟੁਕੜੇ ਕੱਢਕੇ ਟਾਂਕੇ ਲਾ ਦਿੱਤੇ।

ਜਿਸ ਦਾ ਕੈਨੇਡਾ ਦੇ ਜਨਤਕ ਸਿਹਤ ਪ੍ਰਬੰਧ ਨਾਲ ਵਾਹ ਰਿਹਾ ਹੋਵੇ, ਉਸ ਲਈ ਇਹ ਪੂਰੀ ਤਰ੍ਹਾਂ ਅਨੋਖਾ ਤਜਰਬਾ ਸੀ; ਅਕਸਰ ਹੀ ਮੈਨੂੰ ਆਪਣੇ ਆਮ ਡਾਕਟਰ ਨੂੰ ਮਿਲਣ ਲਈ ਚਾਲੀ ਮਿੰਟ ਉਡੀਕਣਾ ਪੈਂਦਾ ਸੀ। ਅਤੇ ਇਹ ਤਾਂ ਨਿਊ ਔਰਲੀਨਜ਼ ਸ਼ਹਿਰ ਦਾ ਸਭ ਤੋਂ ਅਹਿਮ ਹਿੱਸਾ ਸੀ—ਅਮਰੀਕਾ ਦੇ ਤਾਜ਼ਾ ਇਤਿਹਾਸ ਦੇ ਸਭ ਤੋਂ ਵੱਡੇ ਜਨਤਕ ਐਮਰਜੈਂਸੀ ਸਿਹਤ ਪ੍ਰਬੰਧ ਦਾ ਮੁੱਢਲਾ ਕੇਂਦਰ। ਇਕ ਸੁਸ਼ੀਲ ਪ੍ਰਸ਼ਾਸਕ ਨੇ ਮੇਰੇ ਕਮਰੇ ’ਚ ਆ ਕੇ ਸਪਸ਼ਟ ਕੀਤਾ ਕਿ “ਅਮਰੀਕਾ ਵਿਚ ਸਾਨੂੰ ਇਲਾਜ ਦਾ ਖ਼ਰਚਾ ਦੇਣਾ ਪੈਂਦਾ ਹੈ। ਮਾਫ਼ ਕਰਨਾ ਪਿਆਰੀ—ਇਹ ਸਚਮੁਚ ਭਿਆਨਕ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਵੀ ਤੁਹਾਡੇ ਵਰਗਾ ਪ੍ਰਬੰਧ ਹੋਵੇ। ਲਓ, ਇਹ ਫਾਰਮ ਭਰ ਦਿਉ।”

ਜੇ ਸ਼ਹਿਰ ਨੂੰ ਜਕੜੀ ਬੈਠਾ ਕਰਫਿਊ ਨਾ ਲੱਗਾ ਹੁੰਦਾ ਤਾਂ ਮੈਂ ਦੋ ਘੰਟੇ ਵਿਚ ਇੱਥੋਂ ਜਾ ਸਕਦੀ ਸੀ। ਅਸੀਂ ਡਿਓੜੀ ਵਿਚ ਬੈਠੇ ਵਕਤ ਕਟੀ ਕਰ ਰਹੇ ਸੀ, ਇੱਥੇ ਇਕ ਨਿੱਜੀ ਸੁਰੱਖਿਆ ਗਾਰਡ ਨੇ ਮੈਨੂੰ ਦੱਸਿਆ, “ਇੱਥੇ ਸਭ ਤੋਂ ਵੱਡੀ ਸਮੱਸਿਆ ਨਸ਼ੇੜੀਆਂ ਦੀ ਹੈ; ਨਸ਼ੇ ਦੇ ਆਦੀ ਬੰਦੇ ਫਾਰਮੇਸੀ ’ਚ ਘੁਸ ਕੇ ਦਵਾਈਆਂ ਚੁੱਕਣ ਦੀ ਤਾਕ ’ਚ ਰਹਿੰਦੇ ਹਨ।”

ਕਿਉਂਕਿ ਫਾਰਮੇਸੀ ਨੂੰ ਜੰਦਰਾ ਲੱਗਾ ਹੋਇਆ ਸੀ ਇਕ ਦਿਆਲੂ ਮੈਡੀਕਲ ਸਿਖਾਂਦਰੂ ਨੇ ਮੈਨੂੰ ਦਰਦ-ਨਿਵਾਰਕ ਗੋਲੀਆਂ ਲਿਆ ਦਿੱਤੀਆਂ। ਮੈਂ ਉਸ ਨੂੰ ਪੁੱਛਿਆ ਕਿ ਤੂਫ਼ਾਨ ਦੇ ਸਿਖ਼ਰ ਸਮੇਂ ਹਸਪਤਾਲ ਦੀ ਹਾਲਤ ਕੈਸੀ ਸੀ। ਜਦੋਂ ਮੈਂ ਪੁੱਛਿਆ ਕਿ ਕੀ ਉਹ ਮਦਦ ਲਈ ਕਿਸੇ ਪਨਾਹਗਾਹ ’ਚ ਵੀ ਗਿਆ ਸੀ ਤਾਂ ਉਹ ਇਸ ਸਵਾਲ ਨਾਲ ਭਮੱਤਰ ਗਿਆ ਅਤੇ ਥੋੜ੍ਹਾ ਪ੍ਰੇਸ਼ਾਨ ਵੀ ਹੋਇਆ। ਉਸ ਨੇ ਦੱਸਿਆ, “ਮੈਂ ਇਸ ਬਾਰੇ ਨਹੀਂ ਸੋਚਿਆ ਸੀ।” ਮੈਂ ਝਟਪਟ ਵਿਸ਼ਾ ਬਦਲ ਲਿਆ ਜੋ ਮੈਨੂੰ ਵੱਧ ਸੁਰੱਖਿਅਤ ਲੱਗਦਾ ਸੀ : ਚੈਰਿਟੀ ਹਸਪਤਾਲ ਦੀ ਹੋਣੀ। ਇਸ ਕੋਲ ਫੰਡਾਂ ਦੀ ਐਨੀ ਥੁੜ੍ਹ ਸੀ ਕਿ ਤੂਫ਼ਾਨ ਤੋਂ ਪਹਿਲਾਂ ਇਸ ਦਾ ਕੰਮ ਬਹੁਤ ਮੁਸ਼ਕਲ ਨਾਲ ਚੱਲ ਰਿਹਾ ਸੀ ਅਤੇ ਲੋਕ ਪਹਿਲਾਂ ਹੀ ਕਿਆਫ਼ੇ ਲਾ ਰਹੇ ਸਨ ਕਿ ਤੂਫ਼ਾਨੀ ਲਹਿਰ ਨਾਲ ਹੋਏ ਨੁਕਸਾਨ ਕਾਰਨ ਇਹ ਦੁਬਾਰਾ ਕਦੇ ਖੁੱਲ੍ਹ ਨਹੀਂ ਸਕੇਗਾ। ਉਸ ਨੇ ਕਿਹਾ “ਇਹ ਬਿਹਤਰ ਹੋਇਆ ਕਿ ਉਨ੍ਹਾਂ ਨੇ ਇਸ ਨੂੰ ਦੁਬਾਰਾ ਖੋਲ੍ਹ ਲਿਆ। ਅਸੀਂ ਇੱਥੇ ਉਨ੍ਹਾਂ ਲੋਕਾਂ ਦਾ ਇਲਾਜ ਨਹੀਂ ਕਰ ਸਕਦੇ।”

ਮੈਨੂੰ ਇਸ ਤਰ੍ਹਾਂ ਲੱਗਿਆ ਕਿ ਇਹ ਮਿਲਾਪੜਾ ਨੌਜਵਾਨ ਡਾਕਟਰ ਅਤੇ ਜਿਹੜੀ ਵਪਾਰਕ ਤਰਜ਼ ਦੀ ਡਾਕਟਰੀ ਸਹਾਇਤਾ ਮੈਨੂੰ ਹੁਣੇ ਦਿੱਤੀ ਗਈ ਸੀ ਇਹ ਉਸ ਸੱਭਿਆਚਾਰ ਦਾ ਇਕ ਸਾਕਾਰ ਰੂਪ ਸੀ ਜਿਸ ਦੇ ਕਾਰਨ ਕੈਟਰਿਨਾ ਤੂਫ਼ਾਨ ਦੀ ਭਿਆਨਕਤਾ ਸੰਭਵ ਹੋਈ ਅਤੇ ਨਿਊ ਔਰਲੀਨਜ਼ ਦੇ ਸਭ ਤੋਂ ਗਰੀਬ ਬਾਸ਼ਿੰਦੇ ਡੁੱਬਣ ਲਈ ਲਾਚਾਰ ਬਣਾ ਦਿੱਤੇ ਗਏ ਸਨ। ਪਹਿਲਾਂ ਨਿੱਜੀ ਮੈਡੀਕਲ ਸਕੂਲ ਦੇ ਗ੍ਰੈਜੂਏਟ ਅਤੇ ਫੇਰ ਇਕ ਨਿੱਜੀ ਹਸਪਤਾਲ ’ਚ ਸਿਖਲਾਈ ਅਧੀਨ ਡਾਕਟਰ ਵਜੋਂ ਉਸ ਨੂੰ ਇਹ ਸਿਖਲਾਈ ਦਿੱਤੀ ਗਈ ਸੀ ਕਿ ਨਿਊ ਔਰਲੀਨਜ਼ ਦੇ ਅਸੁਰੱਖਿਅਤ ਹਿੱਸੇ, ਜਿਨ੍ਹਾਂ ਦੀ ਭਾਰੂ ਬਹੁਗਿਣਤੀ ਅਫ਼ਰੀਕੀ-ਅਮਰੀਕਣ ਬਾਸ਼ਿੰਦਿਆਂ ਦੀ ਹੈ, ਦੇ ਮਰੀਜ਼ਾਂ ਦਾ ਇਲਾਜ ਨਹੀਂ ਕਰਨਾ। ਇਹ ਤੂਫ਼ਾਨ ਤੋਂ ਪਹਿਲਾਂ ਵੀ ਸੱਚ ਸੀ, ਅਤੇ ਜਦੋਂ ਪੂਰਾ ਨਿਊ ਔਰਲੀਨਜ਼

ਆਪਣੇ ਆਪ 'ਚ ਹੀ ਬਹੁਤ ਵੱਡਾ ਐਮਰਜੈਂਸੀ ਕਮਰਾ ਬਣ ਗਿਆ ਇਹ ਓਦੋਂ ਵੀ ਸੱਚ ਬਣਿਆ ਰਿਹਾ : ਡਾਕਟਰ ਨੂੰ ਮੁਸੀਬਤ 'ਚੋਂ ਬਚਾ ਕੇ ਕੱਢ ਲਿਆਂਦੇ ਲੋਕਾਂ ਨਾਲ ਹਮਦਰਦੀ ਜ਼ਰੂਰ ਸੀ ਪਰ ਇਸ ਨਾਲ ਇਹ ਸਚਾਈ ਨਹੀਂ ਬਦਲੀ ਕਿ ਉਹ ਹਾਲੇ ਵੀ ਉਨ੍ਹਾਂ ਨੂੰ ਆਪਣੇ ਮਰੀਜ਼ ਨਹੀਂ ਸਮਝਦਾ ਸੀ।

ਜਦੋਂ ਕੈਟਰਿਨਾ ਕਹਿਰ ਝੁੱਲਿਆ ਤਾਂ ਔਸ਼ਨਰ ਹਸਪਤਾਲ ਅਤੇ ਚੈਰਿਟੀ ਹਸਪਤਾਲ ਦੇ ਸੰਸਾਰਾਂ ਦਾ ਡੂੰਘਾ ਪਾੜਾ ਅਚਾਨਕ ਆਲਮੀ ਦ੍ਰਿਸ਼ 'ਤੇ ਆ ਗਿਆ। ਸਰਦੇ-ਪੁੱਜਦੇ ਲੋਕ ਕਾਰਾਂ ਭਜਾ ਕੇ ਸ਼ਹਿਰ ਵਿਚੋਂ ਨਿਕਲ ਗਏ, ਹੋਟਲਾਂ 'ਚ ਜਾ ਵੜੇ ਅਤੇ ਆਪੋ ਆਪਣੀਆਂ ਬੀਮਾ ਕੰਪਨੀਆਂ ਨੂੰ ਸੱਦ ਲਿਆ। ਨਿਊ ਔਰਲੀਨਜ਼ ਦੇ ਇਕ ਲੱਖ ਵੀਹ ਹਜ਼ਾਰ ਲੋਕ, ਜਿਨ੍ਹਾਂ ਕੋਲ ਕਾਰਾਂ ਨਹੀਂ ਸਨ ਤੇ ਜਿਨ੍ਹਾਂ ਦੀ ਉੱਥੋਂ ਨਿਕਲਣ ਦੀ ਨਿਰਭਰਤਾ ਪ੍ਰਸ਼ਾਸਨ ਉੱਪਰ ਸੀ, ਉਹ ਮਦਦ ਉਡੀਕਦੇ ਰਹੇ ਜੋ ਕਦੇ ਨਾ ਪਹੁੰਚੀ। ਬਦਹਵਾਸ ਹੋ ਕੇ ਲੋਕ ਬਚਾਉ ਲਈ ਹਾਲ ਪਾਹਰਿਆ ਕਰਦੇ ਰਹੇ ਜਾਂ ਆਪਣੀਆਂ ਫਰਿਜਾਂ ਦੇ ਦਰਵਾਜ਼ੇ ਤੋੜ ਕੇ ਤੈਰਨ ਲਈ ਵਰਤਦੇ ਰਹੇ। ਇਨ੍ਹਾਂ ਦ੍ਰਿਸ਼ਾਂ ਨਾਲ ਦੁਨੀਆਂ ਨੂੰ ਸਦਮਾ ਲੱਗਿਆ ਕਿਉਂਕਿ ਜੇ ਸਾਡੇ ਵਿਚੋਂ ਬਹੁਤਿਆਂ, ਜਿਨ੍ਹਾਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਹੈ ਅਤੇ ਜਿਨ੍ਹਾਂ ਦੇ ਸਕੂਲਾਂ ਵਿਚ ਵਧੀਆ ਸਾਜ਼-ਸਮਾਨ ਹੈ, ਨੇ ਉਨ੍ਹਾਂ ਨਿੱਤ ਦੇ ਵਿਤਕਰਿਆਂ ਦਾ ਭਾਣਾ ਮੰਨ ਲਿਆ ਹੋਇਆ ਸੀ ਤਾਂ ਵੀ ਹਾਲੇ ਤੱਕ ਆਮ ਧਾਰਨਾ ਇਹ ਸੀ ਕਿ ਆਫ਼ਤਾਂ ਪ੍ਰਤੀ ਵੱਖਰਾ ਵਤੀਰਾ ਅਪਣਾਇਆ ਜਾਵੇਗਾ। ਇਹ ਯਕੀਨੀ ਸਮਝਿਆ ਗਿਆ ਕਿ ਰਾਜ—ਘੱਟੋ-ਘੱਟ ਇਕ ਅਮੀਰ ਦੇਸ਼ ਦਾ ਰਾਜ—ਪਰਲੋ ਵਰਗੀ ਆਫ਼ਤ ਸਮੇਂ ਲੋਕਾਂ ਦੀ ਮਦਦ 'ਤੇ ਜ਼ਰੂਰ ਆਵੇਗਾ। ਇਹ ਆਮ ਵਿਸ਼ਵਾਸ ਹੈ ਕਿ ਗਲ-ਵੱਢ ਮੁਕਾਬਲੇ 'ਚ ਗਲਤਾਨ ਸਰਮਾਏਦਾਰੀ ਲਈ ਆਫ਼ਤਾਂ ਤਾਂ ਇਕ ਤਰਾਂ ਦੀ ਰਾਹਤ ਹੀ ਹੁੰਦੀਆਂ ਹਨ ਜਦੋਂ ਲੋਕ ਰਲਕੇ ਹੰਭਲਾ ਮਾਰਦੇ ਹਨ ਤਾਂ ਰਾਜ ਵੀ ਤੇਜ਼ੀ ਫੜ ਲੈਂਦਾ ਹੈ। ਪਰ ਨਿਊ ਔਰਲੀਨਜ਼ ਦੀਆਂ ਤਸਵੀਰਾਂ ਦਿਖਾਉਂਦੀਆਂ ਸਨ ਕਿ ਇਹ ਵਿਸ਼ਵਾਸ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ ਅਤੇ ਕੋਈ ਚਰਚਾ ਵੀ ਨਹੀਂ ਹੋਈ।

ਇੱਥੇ ਦੋ ਜਾਂ ਤਿੰਨ ਹਫ਼ਤਿਆਂ ਦਾ ਸੰਖੇਪ ਵਕਫ਼ਾ ਐਸਾ ਆਇਆ ਜਦੋਂ ਇਹ ਲੱਗਦਾ ਸੀ ਕਿ ਨਿਊ ਔਰਲੀਨਜ਼ ਦੇ ਡੁੱਬਣ ਕਰਕੇ ਉਸ ਆਰਥਕ ਦਲੀਲ ਲਈ ਸੰਕਟ ਪੈਦਾ ਹੋ ਜਾਵੇਗਾ ਜਿਸ ਨੇ ਪਹਿਲਾਂ ਹੀ ਜਨਤਕ ਖੇਤਰ ਉੱਪਰ ਬੇਕਿਰਕ ਹੱਲੇ ਬੋਲਕੇ ਮਨੁੱਖੀ ਤਬਾਹੀ 'ਚ ਬਹੁਤ ਜ਼ਿਆਦਾ ਵਾਧਾ ਕਰ ਦਿੱਤਾ ਸੀ। ਸਿਆਸੀ ਵਿਗਿਆਨੀ ਅਤੇ ਨਿਊ ਔਰਲੀਨਜ਼ ਦੇ ਜ਼ੱਦੀ ਬਾਸ਼ਿੰਦੇ ਅਡੌਲਫ ਰੀਡ ਜੂਨੀਅਰ ਨੇ ਲਿਖਿਆ, "ਇਸ ਤੂਫ਼ਾਨ ਨੇ ਨਵ-ਉਦਾਰਵਾਦ ਦੇ ਝੂਠ ਅਤੇ ਧੁੰਦੂਕਾਰ ਦੇ ਸਿੱਟਿਆਂ ਦੀ ਇਕ ਹੀ ਥਾਂ ਝਟਪਟ ਪੋਲ ਖੋਲ੍ਹ ਦਿੱਤੀ।"[3] ਇਸ ਪਰਦਾਫਾਸ਼ ਦੇ ਤੱਥ ਜੱਗ ਜ਼ਾਹਰ ਹਨ—ਪੁੱਸੀ ਬੰਨ੍ਹਾਂ ਦੀ ਕਦੇ ਮੁਰੰਮਤ ਨਹੀਂ ਕੀਤੀ ਗਈ, ਫੰਡਾਂ ਦੀ ਤੋਟ ਦਾ ਸਾਹਮਣਾ ਕਰ ਰਿਹਾ ਜਨਤਕ ਆਵਾਜਾਈ ਪ੍ਰਬੰਧ ਫੇਲ੍ਹ ਹੋ ਗਿਆ। ਇਸ ਤੋਂ ਅੱਗੇ ਸ਼ਹਿਰ ਨੂੰ ਆਫ਼ਤ ਤੋਂ ਬਚਾਉਣ ਦੀ ਤਿਆਰੀ ਦਾ ਢੰਗ ਇਹ ਸੀ ਕਿ ਲੋਕਾਂ ਨੂੰ ਡੀ ਵੀ ਡੀ ਵੰਡ ਕੇ ਦੱਸਿਆ ਗਿਆ ਕਿ ਜੇ ਸਮੁੰਦਰੀ ਤੂਫ਼ਾਨ ਆਵੇ ਤਾਂ ਉਹ ਸ਼ਹਿਰ ਤੋਂ ਬਾਹਰ ਚਲੇ ਜਾਣ।

ਇਸ ਤੋਂ ਅੱਗੇ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਕੇਂਦਰੀ ਸੰਸਥਾ (FEMA) ਦੀ ਵਾਰੀ ਆਉਂਦੀ ਸੀ ਜੋ ਸਰਕਾਰ ਨੂੰ ਕਾਰਪੋਰੇਸ਼ਨਾਂ ਰਾਹੀਂ ਚਲਾਉਣ ਦੀ ਬੁਸ਼ ਪ੍ਰਸ਼ਾਸਨ ਦੀ ਸੋਚ ਦੀ ਪ੍ਰਯੋਗਸ਼ਾਲਾ ਹੈ। 2004 ਦੀ ਗਰਮੀ ਦੀ ਰੁੱਤੇ, ਕੈਟਰਿਨਾ ਤੂਫ਼ਾਨ ਆਉਣ ਤੋਂ ਇਕ ਸਾਲ ਪਹਿਲਾਂ, ਲੂਈਸਿਆਨਾ ਸੂਬੇ ਨੇ ਜ਼ਬਰਦਸਤ ਸਮੁੰਦਰੀ ਤੂਫ਼ਾਨ ਨਾਲ ਨਜਿੱਠਣ ਲਈ ਚਾਣਚੱਕ ਜ਼ਰੂਰਤ ਅਨੁਸਾਰ ਭਰਵੀਂ ਤਿਆਰੀ ਕਰਨ ਲਈ ਫੇਮਾ ਤੋਂ ਫੰਡ ਮੰਗੇ। ਉਸ ਦੀ ਮੰਗ ਠੁਕਰਾ ਦਿੱਤੀ

ਗਈ। "ਤਬਾਹੀ ਦੇ ਅਸਰ ਘਟਾਉਣਾ"—ਆਫ਼ਤਾਂ ਨਾਲ ਹੋਣ ਵਾਲੀ ਤਬਾਹੀ ਨੂੰ ਘਟਾਉਣ ਲਈ ਸਰਕਾਰੀ ਪੇਸ਼ਬੰਦੀਆਂ ਕਰਨਾ—ਇਕ ਐਸਾ ਪ੍ਰੋਗਰਾਮ ਸੀ ਜਿਸ ਦਾ ਬੁਸ਼ ਪ੍ਰਸ਼ਾਸਨ ਨੇ ਬੇੜਾ ਗਰਕ ਕੀਤਾ। ਹਾਲਾਂਕਿ ਉਸੇ ਗਰਮੀ ਦੀ ਰੁੱਤੇ ਫੇਮਾ ਨੇ ਇਨੋਵੇਟਿਵ ਐਮਰਜੈਂਸੀ ਮੈਨੇਜਮੈਂਟ ਨਾਂ ਦੀ ਨਿੱਜੀ ਕੰਪਨੀ ਨੂੰ ਪੰਜ ਲੱਖ ਡਾਲਰ ਦਾ ਠੇਕਾ ਦੇ ਕੇ ਨਿਵਾਜ਼ਿਆ। ਇਸ ਦਾ ਕੰਮ ਸੀ ਦੱਖਣ-ਪੂਰਬੀ ਲੂਈਸਿਆਨਾ ਅਤੇ ਨਿਊ ਔਰਲੀਨਜ਼ ਸ਼ਹਿਰ ਲਈ ਐਸੀ ਯੋਜਨਾ ਤਿਆਰ ਕਰਨਾ ਜੋ ਪਰਲੋ ਮਚਾਊ ਸਮੁੰਦਰੀ ਤੂਫ਼ਾਨ ਦੀ ਤਬਾਹੀ ਦਾ ਮੁਕਾਬਲਾ ਕਰਨ ਲਈ ਪੇਸ਼ਬੰਦੀ ਕਰੇ।[4]

ਇਸ ਨਿੱਜੀ ਕੰਪਨੀ ਨੇ ਖ਼ਰਚ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਨੇ ਸੌ ਤੋਂ ਵੱਧ ਮਾਹਰ ਇਕੱਠੇ ਕਰ ਲਏ ਅਤੇ ਜਦੋਂ ਪੈਸਾ ਮੁੱਕ ਗਿਆ ਇਸ ਨੇ ਫੇਮਾ ਮੂਹਰੇ ਹੱਥ ਅੱਡ ਲਏ; ਓੜਕ ਇਸ ਮਸ਼ਕ ਦਾ ਬਿੱਲ ਦੁੱਗਣਾ ਭਾਵ ਦਸ ਲੱਖ ਡਾਲਰ ਬਣਾ ਦਿੱਤਾ ਗਿਆ। ਇਸ ਨੇ ਜਨਤਾ ਨੂੰ ਉੱਥੋਂ ਹਟਾਉਣ ਦੀ ਯੋਜਨਾ ਪੇਸ਼ ਕੀਤੀ ਜਿਸ ਵਿਚ ਪਾਣੀ ਦੀ ਸਪਲਾਈ ਤੋਂ ਲੈ ਕੇ ਨੇੜੇ-ਤੇੜੇ ਦੀ ਵਸੋਂ ਨੂੰ ਇਹ ਹਦਾਇਤਾਂ ਦੇਣਾ ਵੀ ਸ਼ਾਮਲ ਸੀ ਕਿ ਉਹ ਐਸੀਆਂ ਵਿਸ਼ਾਲ ਖਾਲੀ ਜ਼ਮੀਨਾਂ ਲੱਭ ਕੇ ਰੱਖਣ ਜਿਨ੍ਹਾਂ ਨੂੰ ਆਫ਼ਤਾਂ ਤੋਂ ਬਚਾਏ ਲੋਕਾਂ ਦੀ ਇਕਦਮ ਰਿਹਾਇਸ਼ ਬਣਾਇਆ ਜਾ ਸਕਦਾ ਹੋਵੇ—ਪਰ ਜਦੋਂ ਇਨ੍ਹਾਂ ਦੀ ਕਲਪਨਾ ਕੀਤੀ ਆਫ਼ਤ ਸਚਮੁਚ ਆਈ ਤਾਂ ਇਨ੍ਹਾਂ ਸਿਆਣਪਾਂ ਵਿਚੋਂ ਕੋਈ ਵੀ ਕੰਮ ਨਹੀਂ ਆਈ। ਇਸ ਦਾ ਇਕ ਕਾਰਨ ਇਹ ਸੀ ਕਿ ਠੇਕੇਦਾਰ ਕੰਪਨੀ ਵਲੋਂ ਰਿਪੋਰਟ ਪੇਸ਼ ਕਰਨ ਤੋਂ ਅੱਠ ਮਹੀਨੇ ਬਾਅਦ ਵੀ ਕੋਈ ਕਦਮ ਨਹੀਂ ਚੁੱਕਿਆ ਗਿਆ ਸੀ। ਫੇਮਾ ਦੇ ਉਸ ਸਮੇਂ ਦੇ ਮੁਖੀ ਮਾਈਕਲ ਬਰਾਊਨ ਨੇ ਇਸ ਦਾ ਸਪਸ਼ਟੀਕਰਨ ਇਸ ਤਰ੍ਹਾਂ ਦਿੱਤਾ ਸੀ, "ਰਿਪੋਰਟ 'ਤੇ ਕਾਰਵਾਈ ਕਰਨ ਲਈ ਪੈਸਾ ਨਹੀਂ ਸੀ।"[5] ਬੁਸ਼ ਦੇ ਉਸਾਰੇ ਨਿਜ਼ਾਮ ਦੀ ਕਹਾਣੀ ਟਕਸਾਲੀ ਹੈ : ਇਕ ਪਾਸੇ ਫੰਡਾਂ ਦੀ ਤੋਟ ਦਾ ਸ਼ਿਕਾਰ, ਲਾਚਾਰ ਜਨਤਕ ਖੇਤਰ ਅਤੇ ਦੂਜੇ ਪਾਸੇ ਇਸ ਦੇ ਮੁਕਾਬਲੇ ਫੰਡਾਂ ਨਾਲ ਆਫ਼ਰਿਆ ਕਾਰਪੋਰੇਟ ਬੁਨਿਆਦੀ ਢਾਂਚਾ। ਜਦੋਂ ਠੇਕੇਦਾਰਾਂ ਨੂੰ ਪੈਸਾ ਦੇਣਾ ਹੁੰਦਾ ਹੈ ਤਾਂ ਦਰਿਆਦਿਲੀ ਆਸਮਾਨ ਨੂੰ ਜਾ ਛੂੰਹਦੀ ਹੈ ਪਰ ਜਦੋਂ ਰਾਜ ਦੇ ਬੁਨਿਆਦੀ ਕੰਮਾਂ ਲਈ ਪੈਸਾ ਦੇਣਾ ਹੋਵੇ ਤਾਂ ਖ਼ਜ਼ਾਨਾ ਖਾਲੀ ਹੋ ਜਾਂਦਾ ਹੈ।

ਜਿਵੇਂ ਅਮਰੀਕੀ ਧਾੜਵੀ ਰਾਜ ਇਰਾਕ ਵਿਚ ਖੋਖਲਾ ਸਾਬਤ ਹੋਇਆ, ਉਸੇ ਤਰ੍ਹਾਂ ਜਦੋਂ ਕੈਟਰਿਨਾ ਤੂਫ਼ਾਨ ਨੇ ਕਹਿਰ ਮਚਾਇਆ ਤਾਂ ਇਸ ਦੇ ਆਪਣੇ ਦੇਸ਼ ਵਿਚ ਕੇਂਦਰੀ ਸਰਕਾਰ ਦਾ ਇਹੀ ਹਾਲ ਹੋਇਆ। ਅਸਲ ਵਿਚ, ਨਿਜ਼ਾਮ ਇੱਥੋਂ ਤੱਕ ਗ਼ੈਰ-ਹਾਜ਼ਰ ਸੀ ਕਿ ਇੰਞ ਜਾਪਦਾ ਸੀ ਕਿ ਫੇਮਾ ਨੂੰ ਨਿਊ ਔਰਲੀਨਜ਼ ਦਾ ਉਹ ਸਭ ਤੋਂ ਉੱਭਰਵਾਂ ਹਿੱਸਾ ਵੀ ਨਜ਼ਰ ਨਹੀਂ ਆਇਆ, ਜਿੱਥੇ ਅੰਨ-ਪਾਣੀ ਤੋਂ ਵਾਂਝੇ ਤੇਈ ਹਜ਼ਾਰ ਲੋਕ ਬੇਸਹਾਰਾ ਬੈਠੇ ਸਨ। ਆਲਮੀ ਪ੍ਰਚਾਰ ਮਾਧਿਅਮ ਉੱਥੇ ਕਈ ਦਿਨਾਂ ਤੋਂ ਡੇਰਾ ਲਾਈ ਬੈਠੇ ਸਨ, ਇਸ ਦੇ ਬਾਵਜੂਦ ਇਹ ਵਾਪਰਿਆ।

ਇਸ ਦ੍ਰਿਸ਼ ਨੂੰ *ਨਿਊ ਯਾਰਕ ਟਾਈਮਜ਼* ਦੇ ਕਾਲਮ-ਨਵੀਸ ਪਾਲ ਕਰੁਗਮੈਨ ਨੇ "ਸਰਕਾਰ ਜੋ ਨਹੀਂ ਕਰ ਸਕਦੀ" ਆਖਿਆ ਸੀ ਅਤੇ ਇਸ ਨੇ ਖੁੱਲ੍ਹੀ ਮੰਡੀ ਦੇ ਕੁਝ ਸਿਧਾਂਤਕਾਰਾਂ ਲਈ ਧਰਮ ਸੰਕਟ ਖੜ੍ਹਾ ਕਰ ਦਿੱਤਾ। ਇਸ ਸਿਧਾਂਤ ਦੇ ਅਡੋਲ ਭਗਤ ਮਾਰਟਿਨ ਕੈਲੀ ਨੇ ਇਕ ਪ੍ਰਸਿੱਧ ਅਖ਼ਬਾਰ, ਜਿਸ ਦੀ ਪਹੁੰਚ ਪਾਠਕਾਂ ਦੇ ਵਿਸ਼ਾਲ ਘੇਰੇ ਤੱਕ ਸੀ, 'ਚ ਲਿਖਿਆ ਕਿ "ਨਿਊ ਔਰਲੀਨਜ਼ ਦੇ ਤਬਾਹ ਹੋਏ ਧੁੱਸੀ ਬੰਨ੍ਹ ਦੇ ਸਿੱਟੇ ਨਵ-ਰੂੜ੍ਹੀਵਾਦੀ ਸਰਮਾਏਦਾਰ ਸਿਧਾਂਤਕਾਰਾਂ ਲਈ ਉਵੇਂ ਹੀ ਸਥਾਈ ਅਤੇ ਡੂੰਘੇ ਸਿੱਧ ਹੋਣਗੇ ਜਿਵੇਂ ਪੂਰਬੀ ਬਰਲਿਨ ਦੀ ਕੰਧ ਢਾਹੇ ਜਾਣ ਦੇ ਸਿੱਟੇ ਸੋਵੀਅਤ ਕਮਿਊਨਿਜ਼ਮ ਲਈ ਸਾਬਤ ਹੋਏ ਸਨ। ਆਸ ਹੈ ਕਿ ਜਿਹੜੇ ਵੀ ਇਸ ਸਿਧਾਂਤ ਦੇ ਹਮਾਇਤੀ ਰਹੇ ਹਨ, ਸਮੇਤ ਮੇਰੇ, ਉਹ ਆਪਣੇ ਤੌਰ-ਤਰੀਕਿਆਂ ਦੀ ਗ਼ਲਤੀ ਨੂੰ ਲੰਮਾ ਸਮਾਂ

ਵਿਚਾਰਦੇ ਰਹਿਣਗੇ।" ਇੱਥੋਂ ਤੱਕ ਕਿ ਜੋਨ੍ਹਾ ਗੋਲਡਬਰਗ ਵਰਗੇ ਨਵ-ਰੂੜ੍ਹੀਵਾਦ ਦੇ ਦ੍ਰਿੜ ਹਮਾਇਤੀ ਵੀ "ਵੱਡੀ ਸਰਕਾਰ" ਨੂੰ ਲੋਕਾਂ ਨੂੰ ਬਚਾਉਣ ਲਈ ਬਹੁੜਨ ਦੀਆਂ ਅਰਜੋਈਆਂ ਕਰ ਰਹੇ ਸਨ : "ਜਦੋਂ ਸ਼ਹਿਰ ਸਮੁੰਦਰ 'ਚ ਗਰਕ ਹੋ ਰਿਹਾ ਹੈ ਅਤੇ ਅਫ਼ਰਾ-ਤਫ਼ਰੀ ਮਚੀ ਹੋਈ ਹੈ, ਇਸ ਹਾਲਤ ਵਿਚ ਸਰਕਾਰ ਨੂੰ ਜ਼ਿੰਮੇਵਾਰੀ ਚੁੱਕਣੀ ਚਾਹੀਦੀ ਹੈ।"[6]

ਪਰ ਹੈਰੀਟੇਜ ਫਾਊਂਡੇਸ਼ਨ ਵਿਖੇ ਅਜਿਹਾ ਕੋਈ ਸਵੈ-ਵਿਸ਼ਲੇਸ਼ਣ ਦਿਖਾਈ ਨਹੀਂ ਸੀ ਦੇ ਰਿਹਾ, ਜਿੱਥੇ ਫਰਾਇਡਮੈਨ ਦੇ ਸੱਚੇ ਭਗਤ ਹਮੇਸ਼ਾ ਮੌਜੂਦ ਰਹਿੰਦੇ ਹਨ। ਕੈਟਰਿਨਾ ਤੂਫ਼ਾਨ ਇਕ ਤ੍ਰਾਸਦੀ ਸੀ, ਪਰ ਜਿਵੇਂ ਮਿਲਟਨ ਫਰਾਇਡਮੈਨ ਨੇ *ਵਾਲ ਸਟਰੀਟ ਜਰਨਲ* 'ਚ ਆਪਣੇ ਇਕ ਖੁੱਲ੍ਹੇ ਲੇਖ 'ਚ ਲਿਖਿਆ ਸੀ, ਇਹ "ਇਕ ਮੌਕਾ ਵੀ ਸੀ।" ਧੁੱਸੀ ਬੰਨ੍ਹਾਂ 'ਚ ਪਾੜ ਪੈਣ ਤੋਂ ਚੌਦਾਂ ਦਿਨ ਬਾਅਦ, 13 ਸਤੰਬਰ 2005 ਨੂੰ ਹੈਰੀਟੇਜ ਫਾਊਂਡੇਸ਼ਨ ਨੇ ਹਮ-ਖ਼ਿਆਲ ਸਿਧਾਂਤਕਾਰਾਂ ਅਤੇ ਰਿਪਬਲਿਕਨ ਕਾਰਕੁਨਾਂ ਦੀ ਮੀਟਿੰਗ ਸੱਦੀ। ਉਨ੍ਹਾਂ ਨੇ "ਕੈਟਰਿਨਾ ਸਮੁੰਦਰੀ ਤੂਫ਼ਾਨ ਅਤੇ ਗੈਸ ਦੀਆਂ ਉੱਚੀਆਂ ਕੀਮਤਾਂ ਦੇ ਜਵਾਬ 'ਚ ਖੁੱਲ੍ਹੀ ਮੰਡੀ ਪੱਖੀ ਵਿਚਾਰਾਂ" ਦੀ ਸੂਚੀ ਪੇਸ਼ ਕੀਤੀ—ਇਨ੍ਹਾਂ ਕੁਲ ਤੀਹ ਨੀਤੀਆਂ ਵਿਚੋਂ ਹਰੇਕ ਸਿੱਧੀ ਸ਼ਿਕਾਗੋ ਸਿਧਾਂਤ ਦੀ ਯੁੱਧਨੀਤੀ ਵਿਚੋਂ ਲਈ ਗਈ ਸੀ ਅਤੇ ਇਨ੍ਹਾਂ ਸਾਰੀਆਂ ਨੂੰ "ਤੂਫ਼ਾਨ ਸਬੰਧੀ ਰਾਹਤ" ਦੇ ਨਾਂ ਹੇਠ ਸ਼ਿਗਾਰਿਆ ਗਿਆ ਸੀ। ਪਹਿਲੇ ਤਿੰਨ ਵਿਸ਼ੇ ਸਨ : "ਤਬਾਹ ਹੋਏ ਇਲਾਕਿਆਂ 'ਚ ਡੈਵਿਸ ਬੇਕਨ ਬੋਲਬਾਲੇ ਵਾਲੇ ਕਿਰਤ ਕਾਨੂੰਨ ਤੁਰੰਤ ਮੁਅੱਤਲ ਕੀਤੇ ਜਾਣ।" ਇਹ ਉਸ ਕਾਨੂੰਨ ਦਾ ਹਵਾਲਾ ਸੀ ਜੋ ਫੈਡਰਲ ਠੇਕੇਦਾਰਾਂ ਲਈ ਮਜ਼ਦੂਰਾਂ ਨੂੰ ਜਿਊਣਯੋਗ ਉਜਰਤ ਦੇਣਾ ਜ਼ਰੂਰੀ ਬਣਾਉਂਦਾ ਸੀ; "ਪੂਰੇ ਦੇ ਪੂਰੇ ਪ੍ਰਭਾਵਿਤ ਇਲਾਕੇ ਨੂੰ ਸਿੱਧਾ ਟੈਕਸ-ਮੁਕਤ ਕਾਰੋਬਾਰੀ ਖੇਤਰ" ਬਣਾ ਦਿੱਤਾ ਜਾਵੇ; ਅਤੇ ਪੂਰੇ ਦੇ ਪੂਰੇ ਖੇਤਰ ਨੂੰ ਆਰਥਕ ਮੁਕਾਬਲੇਬਾਜ਼ੀ ਵਾਲਾ ਖੇਤਰ (ਭਰਪੂਰ ਟੈਕਸ ਲਾਭ ਦੇਣੇ ਅਤੇ ਕਾਇਦੇ-ਕਾਨੂੰਨ ਖ਼ਤਮ ਕਰਨੇ) ਬਣਾਇਆ ਜਾਵੇ।" ਇਕ ਹੋਰ ਮੰਗ ਇਹ ਕੀਤੀ ਗਈ ਸੀ ਕਿ ਫੀਸਾਂ ਲੈਣ ਵਾਲੇ ਸਕੂਲਾਂ ਵਿਚ ਮਾਪਿਆਂ ਨੂੰ ਵਾਊਚਰ ਦੇਣ ਦਾ ਪ੍ਰਬੰਧ ਲਾਗੂ ਕੀਤਾ ਜਾਵੇ।[7] ਇਹ ਸਾਰੇ ਕਦਮ ਰਾਸ਼ਟਰਪਤੀ ਬੁਸ਼ ਨੇ ਇਕ ਹਫ਼ਤੇ ਵਿਚ ਹੀ ਐਲਾਨ ਕਰ ਦਿੱਤੇ। ਅੰਤ ਉਸ ਨੂੰ ਕਿਰਤ ਮਿਆਰ ਮੁੜ-ਬਹਾਲ ਕਰਨ ਲਈ ਮਜਬੂਰ ਹੋਣਾ ਪਿਆ, ਹਾਲਾਂਕਿ ਠੇਕੇਦਾਰ ਕੰਪਨੀਆਂ ਨੇ ਇਨ੍ਹਾਂ ਨੂੰ ਜ਼ਿਆਦਾਤਰ ਨਜ਼ਰਅੰਦਾਜ਼ ਹੀ ਕੀਤਾ।

ਇਸ ਮੀਟਿੰਗ ਵਿਚੋਂ ਹੋਰ ਬਹੁਤ ਸਾਰੇ ਵਿਚਾਰ ਸਾਹਮਣੇ ਆਏ ਜਿਨ੍ਹਾਂ ਨੂੰ ਰਾਸ਼ਟਰਪਤੀ ਨੇ ਹਮਾਇਤ ਦਿੱਤੀ। ਮੌਸਮ ਵਿਗਿਆਨੀਆਂ ਨੇ ਸਮੁੰਦਰੀ ਤੂਫ਼ਾਨਾਂ ਦੀ ਘਣਤਾ ਵਧਣ ਦਾ ਸਿੱਧਾ ਸਬੰਧ ਸਮੁੰਦਰ ਦੇ ਵਧ ਰਹੇ ਤਾਪਮਾਨ ਨਾਲ ਦਰਸਾਇਆ।[8] ਪਰ, ਇਹ ਸਬੰਧ ਸਪਸ਼ਟ ਹੋਣ ਦੇ ਬਾਵਜੂਦ ਹੈਰੀਟੇਜ ਫਾਊਂਡੇਸ਼ਨ ਦਾ ਕਾਰਗੁਜ਼ਾਰੀ ਗਰੁੱਪ ਕਾਂਗਰਸ ਨੂੰ ਇਹ ਕਹਿਣ ਤੋਂ ਬਾਜ ਨਹੀਂ ਆਇਆ ਕਿ ਇਹ ਗਲਫ਼ ਕੋਸਟ (ਮੈਕਸੀਕੋ ਦੀ ਸਰਹੱਦ ਨਾਲ ਲੱਗਦਾ ਖਾੜੀ ਖੇਤਰ—ਅਨੁਵਾਦਕ) ਬਾਰੇ ਵਾਤਾਵਰਨ ਨਿਯਮਾਂ ਨੂੰ ਵਾਪਸ ਲਵੇ, ਅਮਰੀਕਾ 'ਚ ਨਵੇਂ ਤੇਲ-ਸੋਧਕ ਕਾਰਖ਼ਾਨੇ ਲਾਉਣ ਅਤੇ "ਆਰਕਟਿਕ ਦੇ ਕੌਮੀ ਜੰਗਲੀ ਜਾਨਵਰਾਂ ਦੀ ਰੱਖ ਵਿਚ ਤੇਲ ਦੀ ਖੋਜ ਕਰਨ ਲਈ ਜ਼ਮੀਨ ਪੁੱਟਣ" ਦੀ ਹਰੀ ਝੰਡੀ ਦੇਵੇ।[9] ਇਹ ਸਾਰੇ ਕਦਮ ਚੁੱਕੇ ਜਾਣ ਨਾਲ ਗੈਸ ਪ੍ਰਦੂਸ਼ਣ ਵਧੇਗਾ, ਜਿਸ ਦਾ ਮੌਸਮ ਦੀ ਤਬਦੀਲੀ 'ਚ ਵੱਡਾ ਮਨੁੱਖੀ ਯੋਗਦਾਨ ਹੈ ਇਸ ਦੇ ਬਾਵਜੂਦ ਰਾਸ਼ਟਰਪਤੀ ਨੇ ਕੈਟਰਿਨਾ ਆਫ਼ਤ ਬਾਰੇ ਪ੍ਰਤੀਕਰਮ ਦੇ ਪਰਦੇ ਹੇਠ ਤੁਰੰਤ ਇਸ ਦੀ ਹਮਾਇਤ ਕਰ ਦਿੱਤੀ।

ਕੁਝ ਹਫ਼ਤਿਆਂ 'ਚ ਹੀ, ਗਲਫ਼ ਕੋਸਟ ਉਸੇ ਤਰ੍ਹਾਂ ਠੇਕੇਦਾਰਾਂ ਵਲੋਂ ਚਲਾਈ ਜਾਣ ਵਾਲੀ

ਸਰਕਾਰ ਦੀ ਪ੍ਰਯੋਗਸ਼ਾਲਾ ਬਣ ਗਿਆ ਜਿਸ ਦਾ ਮੁੱਢ ਇਰਾਕ ਵਿਚ ਬੰਨ੍ਹਿਆ ਗਿਆ ਸੀ। ਜਿਨ੍ਹਾਂ ਕੰਪਨੀਆਂ ਨੇ ਵੱਡੇ ਠੇਕਿਆਂ 'ਤੇ ਕਬਜ਼ਾ ਕਰ ਲਿਆ ਉਹ ਉਹੀ ਬਗ਼ਦਾਦ ਵਾਲਾ ਜਾਣਿਆ-ਪਛਾਣਿਆ ਗਰੋਹ ਸੀ : ਹੈਲੀਬਰਟਨ ਦੀ ਕੇ ਬੀ ਆਰ ਸ਼ਾਖਾ ਨੂੰ ਸਮੁੰਦਰੀ ਕੰਢੇ ਉੱਪਰ ਫ਼ੌਜੀ ਅੱਡੇ ਮੁੜ-ਉਸਾਰਨ ਦਾ 6 ਕਰੋੜ ਡਾਲਰ ਦਾ ਠੇਕਾ ਮਿਲ ਗਿਆ। ਫੇਮਾ ਦੇ ਅਮਲੇ ਨੂੰ ਲੁੱਟਮਾਰ ਤੋਂ ਬਚਾਉਣ ਦਾ ਠੇਕਾ ਬਲੈਕਵਾਟਰ ਨੂੰ ਦੇ ਦਿੱਤਾ ਗਿਆ। ਪਾਰਸਨਜ਼, ਜੋ ਇਰਾਕ ਵਿਚ ਘਟੀਆ ਉਸਾਰੀ ਲਈ ਬਦਨਾਮ ਸੀ, ਨੂੰ ਮਿਸੀਸਿਪੀ 'ਚ ਵੱਡੇ ਪੁੱਲ ਉਸਾਰਨ ਦਾ ਪ੍ਰਾਜੈਕਟ ਸੌਂਪ ਦਿੱਤਾ ਗਿਆ। ਧੁੱਸੀ ਬੰਨ੍ਹਾਂ 'ਚ ਪਾੜ ਪੈਣ ਤੋਂ ਦਸ ਦਿਨਾਂ ਦੇ ਅੰਦਰ ਹੀ ਫਲੂਅਰ, ਸ਼ਾਅ, ਬੈੱਚਟੈੱਲ, ਸੀ ਐੱਚ 2 ਐੱਮ ਹਿੱਲ—ਉਹ ਸਾਰੀਆਂ ਚੋਟੀ ਦੀਆਂ ਕੰਪਨੀਆਂ ਜਿਨ੍ਹਾਂ ਕੋਲ ਇਰਾਕ ਦੇ ਠੇਕੇ ਸਨ—ਨੂੰ ਸਰਕਾਰ ਨੇ ਪੀੜਤ ਲੋਕਾਂ ਲਈ ਆਰਜੀ ਘਰ ਮੁਹੱਈਆ ਕਰਨ ਦੇ ਠੇਕੇ ਦੇ ਦਿੱਤੇ। ਇਨ੍ਹਾਂ ਨਾਲ ਕੁਲ 3.4 ਅਰਬ ਡਾਲਰ ਦੇ ਠੇਕੇ ਤੈਅ ਹੋਏ, ਖੁੱਲ੍ਹੀ ਬੋਲੀ ਦੀ ਕੋਈ ਲੋੜ ਹੀ ਨਹੀਂ ਸਮਝੀ ਗਈ।

ਜਿਵੇਂ ਉਸ ਵਕਤ ਕਈਆਂ ਨੇ ਟਿੱਪਣੀ ਕੀਤੀ ਸੀ, ਤੂਫ਼ਾਨ ਆਉਣ ਤੋਂ ਕੁਝ ਦਿਨਾਂ ਦੇ ਅੰਦਰ ਹੀ ਇੰਝ ਲੱਗਦਾ ਸੀ ਜਿਵੇਂ ਬਗ਼ਦਾਦ ਦਾ ਸੁਰੱਖਿਅਤ ਖੇਤਰ ਟਾਇਗਰਿਸ ਦਰਿਆ ਦਾ ਟਿਕਾਣਾ ਛੱਡ ਕੇ ਅਮਰੀਕਾ ਦੀ ਸਮੁੰਦਰੀ ਜਿੱਲ੍ਹਣ 'ਚ ਉੱਤਰ ਆਇਆ ਹੋਵੇ। ਇਹ ਤੁਲਨਾ ਸੁੱਟ ਪਾਉਣ ਵਾਲੀ ਨਹੀਂ ਸੀ। ਕੈਟਰਿਨਾ ਕਾਰਵਾਈ ਦਾ ਸੰਚਾਲਨ ਕਰਨ ਲਈ, ਸ਼ਾਅ ਕੰਪਨੀ ਨੇ ਜਿਸ ਬੰਦੇ ਨੂੰ ਤਨਖ਼ਾਹ 'ਤੇ ਰੱਖਿਆ ਉਹ ਅਮਰੀਕੀ ਫ਼ੌਜ ਦੇ ਇਰਾਕ 'ਚ ਮੁੜ-ਉਸਾਰੀ ਦਫ਼ਤਰ ਦਾ ਸਾਬਕਾ ਮੁਖੀ ਸੀ। ਫਲੂਅਰ ਨੇ ਆਪਣੇ ਪ੍ਰਾਜੈਕਟ ਪ੍ਰਬੰਧਕ ਨੂੰ ਇਰਾਕ ਤੋਂ ਤੂਫ਼ਾਨ ਪੀੜਤ ਖੇਤਰ ਵਿਚ ਭੇਜ ਦਿੱਤਾ। ਕੰਪਨੀ ਦੇ ਇਕ ਨੁਮਾਇੰਦੇ ਨੇ ਇਸ ਦਾ ਸਪਸ਼ਟੀਕਰਨ ਦਿੰਦਿਆਂ ਕਿਹਾ : "ਇਰਾਕ ਵਿਚ ਮੁੜ-ਉਸਾਰੀ ਦਾ ਸਾਡਾ ਕੰਮ ਮੱਠਾ ਪੈ ਗਿਆ ਹੈ ਅਤੇ ਇਸ ਨਾਲ ਲੂਈਸਿਆਨਾ 'ਚ ਸਾਡਾ ਕੰਮ ਸੰਭਾਲਣ ਲਈ ਕੁਝ ਲੋਕ ਵਿਹਲੇ ਹੋ ਗਏ ਹਨ। ਜੋਏ ਅਲਬਾਗ਼, ਜਿਸ ਦੀ ਕੰਪਨੀ ਨਿਊ ਬਰਿਜ ਸਟਰੈਟੇਜੀਜ਼ ਨੇ ਇਰਾਕ ਵਿਚ ਵਾਲਮਾਰਟ ਅਤੇ 7-ਇਲੈਵਨ ਨੂੰ ਲਿਆਉਣ ਦਾ ਵਾਅਦਾ ਕੀਤਾ ਸੀ, ਕਈ ਸੌਦੇ ਕਰਵਾਉਣ 'ਚ ਸ਼ਾਮਲ ਸੀ। ਸਮਾਨਤਾਵਾਂ ਐਨੀਆਂ ਉੱਘੜਵੀਂਆਂ ਸਨ ਕਿ ਹੁਣੇ-ਹੁਣੇ ਬਗ਼ਦਾਦ ਵਿਚ ਰਹਿ ਕੇ ਆਈ ਮੰਗਵੀਂ ਧਾੜ ਨੂੰ ਇੱਥੇ ਦੇ ਹਾਲਾਤ 'ਚ ਢਲਣਾ ਮੁਸ਼ਕਲ ਹੋ ਗਿਆ। ਜਦੋਂ ਇਕ ਪੱਤਰਕਾਰ ਡੇਵਿਡ ਐਂਡਰਸ ਨੇ ਨਿਊ ਔਰਲੀਨਜ਼ ਹੋਟਲ ਦੇ ਬਾਹਰ ਤਾਇਨਾਤ ਹਥਿਆਰਬੰਦ ਗਾਰਡ ਨੂੰ ਪੁੱਛਿਆ ਕੀ ਉੱਥੇ ਵਾਹਵਾ ਕਾਰਵਾਈ ਕਰਨੀ ਪੈਂਦੀ ਸੀ, ਉਸ ਦਾ ਜਵਾਬ ਸੀ, "ਨਾ ਨਾ। ਉੱਥੋਂ ਵਰਗਾ ਹੀ ਵਧੀਆ ਸੁਰੱਖਿਅਤ ਖੇਤਰ ਹੈ ਇਹ।"[11]

ਹੋਰ ਪੱਖ ਵੀ ਵਧੀਆ ਸੁਰੱਖਿਅਤ ਖੇਤਰ ਨਾਲ ਮਿਲਦੇ-ਜੁਲਦੇ ਸਨ। ਠੇਕਿਆਂ ਦੀ ਲਾਗਤ 8.75 ਅਰਬ ਡਾਲਰ ਦਿਖਾਏ ਜਾਣ ਦੀ ਜਾਂਚ ਕਰਨ 'ਤੇ ਕਾਂਗਰਸ ਦੇ ਪੜਤਾਲ ਕਰਤਾ ਨੇ ਦੇਖਿਆ ਕਿ "ਚੋਖੇ ਵਾਧੂ ਖ਼ਰਚੇ ਵਸੂਲ ਕੀਤੇ ਗਏ ਸਨ, ਫਾਲਤੂ ਖ਼ਰਚੇ ਪਾਏ ਹੋਏ ਸਨ, ਜਾਂ ਪ੍ਰਬੰਧ 'ਚ ਗੜਬੜ ਸੀ।"[12] (ਐਨ ਇਰਾਕ ਵਾਲੀਆਂ ਗੜਬੜਾਂ ਨਿਊ ਔਰਲੀਨਜ਼ 'ਚ ਦੁਹਰਾਈਆਂ ਗਈਆਂ ਸਨ, ਇਹ ਤੱਥ ਇਸ ਦਾਅਵੇ ਨੂੰ ਝੁਠਲਾਉਂਦਾ ਸੀ ਕਿ ਇਰਾਕ ਉੱਤੇ ਕਬਜ਼ਾ ਨਿਰੀ ਦੁਰਘਟਨਾਵਾਂ ਅਤੇ ਗ਼ਲਤੀਆਂ ਦੀ ਲੜੀ ਹੈ ਜੋ ਨਾਲਾਇਕੀ ਅਤੇ ਦੂਰ-ਅੰਦੇਸ਼ੀ ਦੀ ਘਾਟ ਦਾ ਸੂਚਕ ਹੈ। ਪਰ ਜਦੋਂ ਉਹੀ ਗ਼ਲਤੀਆਂ ਵਾਰ-ਵਾਰ ਦੁਹਰਾਈਆਂ ਜਾਣ ਤਾਂ ਇਸ ਸੰਭਾਵਨਾ ਬਾਰੇ ਵਿਚਾਰ ਕਰਨ ਦਾ ਵਕਤ ਆ ਜਾਂਦਾ ਹੈ ਕਿ ਇਹ ਗ਼ਲਤੀਆਂ ਬਿਲਕੁਲ ਨਹੀਂ ਹਨ।)

ਇਰਾਕ ਵਾਂਗ, ਨਿਊ ਔਰਲੀਨਜ਼ ਵਿਚ, ਮੁਨਾਫ਼ੇ ਦਾ ਕੋਈ ਮੌਕਾ ਅਜਾਈਂ ਨਹੀਂ ਜਾਣ ਦਿੱਤਾ ਗਿਆ। ਲਾਸ਼ਾਂ ਦਫ਼ਨਾਉਣ ਦੇ ਇੰਤਜ਼ਾਮ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਦੇ ਵੱਡੇ ਸਮੂਹ ਸਰਵਿਸ ਕਾਰਪੋਰੇਸ਼ਨ ਇੰਟਰਨੈਸ਼ਨਲ ਦੀ ਸ਼ਾਖਾ ਕੇਨੀਅਨ (ਜਿਸ ਨੇ ਬੁਸ਼ ਦੀ ਚੋਣ ਮੁਹਿੰਮ ਲਈ ਵੱਡਾ ਯੋਗਦਾਨ ਪਾਇਆ) ਨੂੰ ਘਰਾਂ ਅਤੇ ਗਲੀਆਂ ਵਿਚੋਂ ਲਾਸ਼ਾਂ ਚੁੱਕਣ ਦਾ ਠੇਕਾ ਦਿੱਤਾ ਗਿਆ। ਕੰਮ ਦੀ ਰਫ਼ਤਾਰ ਵਿਸ਼ੇਸ਼ ਤੌਰ 'ਤੇ ਮੱਠੀ ਸੀ ਅਤੇ ਕਈ ਦਿਨ ਲਾਸ਼ਾਂ ਕੜਾਕੇ ਦੀ ਧੁੱਪ 'ਚ ਰੁਲਦੀਆਂ ਰਹੀਆਂ। ਹੰਗਾਮੀ ਹਾਲਤ ਨਾਲ ਨਜਿੱਠਣ ਲਈ ਅਮਲੇ ਅਤੇ ਸਥਾਨਕ ਸਸਕਾਰ ਪ੍ਰਬੰਧਕਾਂ ਨੂੰ ਸਹਾਇਤਾ ਕਰਨ ਤੋਂ ਰੋਕ ਦਿੱਤਾ ਗਿਆ ਕਿਉਂਕਿ ਲਾਸ਼ਾਂ ਦੇ ਸਸਕਾਰ ਦਾ ਠੇਕਾ ਕੇਨੀਅਨ ਕੰਪਨੀ ਦੇ ਵਪਾਰਕ ਘੇਰੇ 'ਚ ਆਉਂਦਾ ਸੀ। ਕੰਪਨੀ ਨੇ ਸਰਕਾਰ ਤੋਂ ਪ੍ਰਤੀ ਲਾਸ਼ 12,500 ਡਾਲਰ ਖ਼ਰਚ ਵਸੂਲ ਕੀਤਾ ਅਤੇ ਇਸ 'ਤੇ ਦੋਸ਼ ਹੈ ਕਿ ਇਸ ਨੇ ਬਹੁਤ ਸਾਰੀਆਂ ਲਾਸ਼ਾਂ ਉੱਪਰ ਸ਼ਨਾਖ਼ਤੀ ਤਖ਼ਤੀਆਂ ਲਗਾਈਆਂ ਹੀ ਨਹੀਂ। ਹੜਾਂ ਤੋਂ ਲਗਭਗ ਸਾਲ ਬਾਅਦ ਵੀ ਇਮਾਰਤਾਂ ਦੀਆਂ ਮਮਟੀਆਂ ਵਿਚੋਂ ਗਲੀਆਂ-ਸੜੀਆਂ ਲਾਸ਼ਾਂ ਲੱਭ ਰਹੀਆਂ ਸਨ।[13]

ਇੱਥੇ ਸੁਰੱਖਿਅਤ ਖੇਤਰ ਵਾਲੀ ਇਕ ਹੋਰ ਖ਼ੂਬਸੂਰਤ ਛਾਪ ਵੀ ਦਿਖਾਈ ਦਿੱਤੀ : ਅਕਸਰ ਹੀ ਇਹ ਦੇਖਣ 'ਚ ਆਉਂਦਾ ਕਿ ਠੇਕੇ ਦੇਣ ਵਕਤ ਢੁੱਕਵੇਂ ਤਜਰਬੇ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ। ਐਸ਼ਬਰਿਟ ਨਾਂ ਦੀ ਜਿਸ ਕੰਪਨੀ ਨੂੰ ਮਲਬਾ ਚੁੱਕਣ ਲਈ ਅੱਧਾ ਅਰਬ ਡਾਲਰ ਦੀ ਅਦਾਇਗੀ ਕੀਤੀ ਗਈ, ਉਸ ਕੋਲ ਆਪਣਾ ਇਕ ਵੀ ਕੂੜਾ ਢੋਣ ਵਾਲਾ ਟਰੱਕ ਨਹੀਂ ਸੀ ਅਤੇ ਇਸ ਨੇ ਸਾਰਾ ਕੰਮ ਠੇਕੇਦਾਰਾਂ ਨੂੰ ਦਿੱਤਾ ਹੋਇਆ ਸੀ।[14] ਹੋਰ ਵੀ ਵੱਧ ਉੱਘੜਵੀਂ ਮਿਸਾਲ ਲਾਈਟਹਾਊਸ ਡਿਜ਼ਾਸਟਰ ਰਿਲੀਫ਼ ਕੰਪਨੀ ਦੀ ਸੀ ਜਿਸ ਨੂੰ ਫੇਮਾ ਨੇ ਨਿਊ ਔਰਲੀਨਜ਼ ਦੇ ਉੱਪ ਸ਼ਹਿਰੀ ਖੇਤਰ ਸੈਂਟ ਬਰਨਾਰਡ ਪੈਰਿਸ਼ ਵਿਚ ਹੰਗਾਮੀ ਹਾਲਤ ਨਾਲ ਨਜਿੱਠਣ ਵਾਲੇ ਅਮਲੇ ਖ਼ਾਤਰ ਮੁੱਖ ਖ਼ੇਮਾ ਉਸਾਰਨ ਦਾ ਅਹਿਮ ਕੰਮ ਕਰਨ ਲਈ ਪੰਜ ਕਰੋੜ ਵੀਹ ਲੱਖ ਡਾਲਰ ਦੀ ਅਦਾਇਗੀ ਕੀਤੀ। ਖ਼ੇਮੇ ਦੀ ਉਸਾਰੀ ਮਿੱਥੇ ਸਮੇਂ ਤੋਂ ਪਿਛੜ ਗਈ ਅਤੇ ਕਦੇ ਵੀ ਪੂਰੀ ਨਹੀਂ ਹੋਈ। ਠੇਕਾ ਲੈਣ ਵਾਲੀ ਕੰਪਨੀ ਦੀ ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਇਹ ਸੰਸਥਾ ਅਸਲ ਵਿਚ ਇਕ ਧਾਰਮਿਕ ਸਮੂਹ ਸੀ। ਲਾਈਟਹਾਊਸ ਦੇ ਨਿਰਦੇਸ਼ਕ, ਪਾਦਰੀ ਗੈਰੀ ਹੈਲਡਰੇਦ ਨੇ ਮੰਨਿਆ, "ਇਸ ਨਾਲ ਸਭ ਤੋਂ ਨੇੜਿਉਂ ਜੁੜਿਆ ਜਿਹੜਾ ਕੰਮ ਮੈਂ ਕੀਤਾ ਹੈ ਉਹ ਹੈ ਆਪਣੇ ਚਰਚ ਨਾਲ ਸਬੰਧਤ ਨੌਜਵਾਨਾਂ ਦਾ ਕੈਂਪ ਲਾਉਣਾ।"[15]

ਜਿਵੇਂ ਇਰਾਕ ਵਿਚ ਹੋਇਆ ਸੀ, ਇਕ ਵਾਰ ਫੇਰ ਸਰਕਾਰ ਨੇ ਪੈਸੇ ਦੇਣ ਅਤੇ ਜਮਾਂ ਕਰਾਉਣ ਵਾਲੀ ਨਗਦੀ ਮਸ਼ੀਨ ਦੀ ਭੂਮਿਕਾ ਨਿਭਾਈ। ਕਾਰਪੋਰੇਸ਼ਨਾਂ ਨੇ ਵੱਡੇ ਵੱਡੇ ਠੇਕਿਆਂ ਜ਼ਰੀਏ ਫੰਡ ਵਸੂਲ ਲਏ, ਅੱਗੋਂ ਸਰਕਾਰ ਨੂੰ ਕੋਈ ਭਰੋਸੇਯੋਗ ਕੰਮ ਪੂਰਾ ਕਰਕੇ ਨਹੀਂ ਦਿੱਤਾ ਗਿਆ ਸਗੋਂ ਅਗਲੀਆਂ ਚੋਣਾਂ ਦੀ ਮੁਹਿੰਮ ਲਈ ਫੰਡਾਂ ਦਾ ਯੋਗਦਾਨ ਅਤੇ/ਜਾਂ ਵਫ਼ਾਦਾਰ ਕਾਮੇ ਜ਼ਰੂਰ ਮੁਹੱਈਆ ਕਰ ਦਿੱਤੇ। (*ਨਿਊ ਯਾਰਕ ਟਾਈਮਜ਼* ਅਨੁਸਾਰ "ਸੰਨ 2002 ਤੋਂ ਲੈ ਕੇ ਸੇਵਾਵਾਂ ਨਾਲ ਸਬੰਧਤ ਵੀਹ ਠੇਕੇਦਾਰ ਕੰਪਨੀਆਂ ਨੇ ਆਪਣੇ ਹਿੱਤ 'ਚ ਫ਼ੈਸਲੇ ਕਰਾਉਣ ਉੱਤੇ ਲਗਭਗ 30 ਕਰੋੜ ਡਾਲਰ ਖ਼ਰਚ ਕੀਤੇ ਹਨ ਅਤੇ ਦੋ ਕਰੋੜ ਤੀਹ ਲੱਖ ਡਾਲਰ ਸਿਆਸੀ ਮੁਹਿੰਮਾਂ ਲਈ ਦਿੱਤੇ ਹਨ।" ਮੋੜਵੇਂ ਰੂਪ 'ਚ, ਬੁਸ਼ ਸਰਕਾਰ ਨੇ ਠੇਕੇ ਲੈਣ ਵਾਲੀਆਂ ਕੰਪਨੀਆਂ ਲਈ ਖ਼ਰਚੀ ਜਾਣ ਵਾਲੀ ਰਕਮ 'ਚ 2000 ਤੋਂ 2006 ਦਰਮਿਆਨ ਮੋਟੇ ਤੌਰ 'ਤੇ 200 ਅਰਬ ਡਾਲਰ ਦਾ ਵਾਧਾ ਕੀਤਾ ਹੈ।)[16]

ਇਕ ਹੋਰ ਪੱਖ ਵੀ ਜਾਣਿਆ-ਪਛਾਣਿਆ ਸੀ : ਉਹ ਸੀ ਠੇਕੇ ਲੈਣ ਵਾਲੀਆਂ ਕੰਪਨੀਆਂ

ਵਲੋਂ ਸਥਾਨਕ ਲੋਕਾਂ ਨੂੰ ਕੰਮ 'ਤੇ ਲਾਉਣ ਵਿਚ ਰੁਚੀ ਨਾ ਲੈਣਾ। ਲੋਕਾਂ ਨੇ ਨਿਊ ਔਰਲੀਨਜ਼ ਦੀ ਮੁੜ-ਉਸਾਰੀ ਨੂੰ ਨਾ ਸਿਰਫ਼ ਰੁਜ਼ਗਾਰ ਵਜੋਂ ਲਿਆ ਸਗੋਂ ਇਸ ਨੂੰ ਆਪਣੇ ਭਾਈਚਾਰਿਆਂ ਦੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਅਧਿਕਾਰ ਹਾਸਲ ਹੋਣ ਦਾ ਅਮਲ ਵੀ ਸਮਝਣਾ ਸੀ। ਵਾਸ਼ਿੰਗਟਨ ਕੈਟਰਿਨਾ ਦੇ ਹਰੇਕ ਠੇਕੇ ਬਾਰੇ ਸਹਿਜੇ ਹੀ ਇਹ ਸ਼ਰਤ ਲਾ ਸਕਦਾ ਸੀ ਕਿ ਕੰਪਨੀਆਂ ਸਥਾਨਕ ਲੋਕਾਂ ਨੂੰ ਵਾਜਬ ਉਜਰਤਾਂ ਦੇ ਕੇ ਕੰਮ 'ਤੇ ਲਾਉਣ ਤਾਂ ਜੋ ਲੋਕ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਇਸ ਦੀ ਬਜਾਏ, ਗਲਫ਼ ਕੋਸਟ ਦੇ ਬਾਸ਼ਿੰਦਿਆਂ ਬਾਰੇ ਉਸੇ ਤਰ੍ਹਾਂ ਦੀ ਸੋਚ ਅਪਣਾਈ ਗਈ ਜੋ ਇਰਾਕ ਦੇ ਲੋਕਾਂ ਬਾਰੇ ਸੀ। ਸੋਚ ਇਹ ਸੀ ਕਿ ਜਦੋਂ ਠੇਕੇ ਲੈਣ ਵਾਲੀਆਂ ਕੰਪਨੀਆਂ ਆਰਥਕ ਤੇਜ਼ੀ ਲੈ ਆਉਣਗੀਆਂ ਤਾਂ ਲੋਕ ਬੈਠੇ ਬਿੱਟ ਬਿੱਟ ਝਾਕਦੇ ਰਹਿਣਗੇ। ਇਹ ਤੇਜ਼ੀ ਲੋਕਾਂ ਕੋਲੋਂ ਟੈਕਸਾਂ ਰਾਹੀਂ ਉਗਰਾਹੇ ਪੈਸੇ ਅਤੇ ਨਿਯਮਾਂ ਦੀ ਢਿੱਲ ਉੱਤੇ ਅਧਾਰਤ ਸੀ।

ਸਿੱਟਾ ਉਹੀ ਨਿਕਲਿਆ ਜੋ ਹੋਣਾ ਹੀ ਸੀ। ਉੱਪ ਠੇਕੇਦਾਰਾਂ ਦੀਆਂ ਸਾਰੀਆਂ ਪਰਤਾਂ ਵਲੋਂ ਆਪੋ ਆਪਣਾ ਹਿੱਸਾ ਵੰਡਾ ਲੈਣ ਤੋਂ ਬਾਅਦ ਕੰਮ ਕਰਨ ਵਾਲੇ ਲੋਕਾਂ ਲਈ ਬਚਿਆ ਹੀ ਕੱਖ ਨਹੀਂ ਸੀ। ਮਿਸਾਲ ਵਜੋਂ, ਲੇਖਕ ਮਾਈਕ ਡੈਵਿਸ ਨੇ ਸੂਹ ਕੱਢੀ ਕਿ ਫੇਮਾ ਨੇ ਨੁਕਸਾਨੀਆਂ ਛੱਤਾਂ ਉੱਪਰ ਨੀਲੀਆਂ ਤਰਪਾਲਾਂ ਪਾਉਣ ਵਾਲੀ ਸ਼ਾਅ ਕੰਪਨੀ ਨੂੰ 175 ਡਾਲਰ ਪ੍ਰਤੀ ਸਕੇਅਰ ਫੁੱਟ ਦੇ ਹਿਸਾਬ ਨਾਲ ਅਦਾਇਗੀ ਕੀਤੀ, ਹਾਲਾਂਕਿ ਤਰਪਾਲਾਂ ਸਰਕਾਰ ਨੇ ਆਪਣੇ ਕੋਲੋਂ ਦਿੱਤੀਆਂ ਸਨ। ਜਦੋਂ ਅੱਗੇ ਤੋਂ ਅੱਗੇ ਸਾਰੇ ਠੇਕੇਦਾਰਾਂ ਨੇ ਆਪੋ ਆਪਣਾ ਹਿੱਸਾ ਵਸੂਲ ਲਿਆ ਤਾਂ ਜਿਨ੍ਹਾਂ ਮਜ਼ਦੂਰਾਂ ਨੇ ਅਸਲ ਵਿਚ ਤਰਪਾਲਾਂ ਲਗਾਈਆਂ ਉਨ੍ਹਾਂ ਦੇ ਪੱਲੇ ਸਿਰਫ਼ ਦੋ ਡਾਲਰ ਪ੍ਰਤੀ ਸਕੇਅਰ ਫੁੱਟ ਆਏ। ਡੈਵਿਸ ਨੇ ਲਿਖਿਆ, "ਦੂਜੇ ਲਫ਼ਜ਼ਾਂ 'ਚ, ਅਸਲ ਕੰਮ ਕਰਨ ਵਾਲੇ ਸਭ ਤੋਂ ਹੇਠਲੇ ਹਿੱਸੇ ਨੂੰ ਛੱਡ ਕੇ ਠੇਕੇ ਦੇ ਕੰਮ 'ਚ ਲੱਗੇ ਹਰ ਪੱਧਰ ਦੇ ਲੋਕਾਂ ਨੂੰ ਕੁੱਢਰ ਢੰਗ ਨਾਲ ਰਜਾਇਆ ਜਾਂਦਾ ਹੈ।"[17]

ਇਕ ਅਧਿਐਨ ਅਨੁਸਾਰ, "ਸ਼ਹਿਰ ਦੀ ਮੁੜ-ਉਸਾਰੀ ਕਰਨ ਵਾਲੇ ਚੌਥਾ ਹਿੱਸਾ ਮਜ਼ਦੂਰ ਕਾਨੂੰਨੀ ਕਾਗਜ਼-ਪੱਤਰਾਂ ਤੋਂ ਵਾਂਝੇ ਪ੍ਰਵਾਸੀ ਸਨ, ਤਕਰੀਬਨ ਸਾਰੇ ਹੀ ਸਪੇਨੀ ਭਾਸ਼ਾ ਬੋਲਣ ਵਾਲੇ, ਜਿਨ੍ਹਾਂ ਨੂੰ ਕਾਨੂੰਨੀ ਕਾਮਿਆਂ ਤੋਂ ਬਹੁਤ ਥੋੜ੍ਹੀ ਉਜਰਤ ਮਿਲਦੀ ਸੀ।" ਮਿਸੀਸਿਪੀ 'ਚ, ਸਮੂਹਕ ਕਾਨੂੰਨੀ ਚਾਰਾਜੋਈ ਕੀਤੇ ਜਾਣ ਕਾਰਨ ਬਹੁਤ ਸਾਰੀਆਂ ਕੰਪਨੀਆਂ ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਪਿਛਲੀਆਂ ਉਜਰਤਾਂ ਦੇ ਲੱਖਾਂ ਡਾਲਰ ਦੇਣ ਲਈ ਮਜਬੂਰ ਹੋ ਗਈਆਂ। ਕੁਝ ਮਜ਼ਦੂਰਾਂ ਨੂੰ ਤਾਂ ਕੋਈ ਅਦਾਇਗੀ ਕੀਤੀ ਹੀ ਨਹੀਂ ਗਈ ਸੀ। ਹੈਲੀਬਰਟਨ/ਕੇਬੀਆਰ ਦੇ ਕੰਮ ਵਾਲੀ ਇਕ ਥਾਂ ਉੱਪਰ, ਬਿਨਾ ਕਾਗਜ਼-ਪੱਤਰਾਂ ਤੋਂ ਰਹਿ ਰਹੇ ਪਰਵਾਸੀ ਮਜ਼ਦੂਰਾਂ ਨੇ ਆਪਣੀ ਹੱਡ ਬੀਤੀ ਬਿਆਨ ਕੀਤੀ ਕਿ ਉਨ੍ਹਾਂ ਦੇ ਮਾਲਕ (ਅੱਗੇ ਤੋਂ ਅੱਗੇ ਇਕ ਠੇਕੇਦਾਰ) ਨੇ ਅੱਧੀ ਰਾਤ ਨੂੰ ਉਨ੍ਹਾਂ ਨੂੰ ਆ ਜਗਾਇਆ ਅਤੇ ਕਿਹਾ ਕਿ ਇਮੀਗ੍ਰੇਸ਼ਨ ਵਾਲੇ ਉਨ੍ਹਾਂ ਦੀ ਭਾਲ ਕਰ ਰਹੇ ਹਨ। ਗ੍ਰਿਫ਼ਤਾਰੀ ਤੋਂ ਬਚਣ ਲਈ ਬਹੁਤੇ ਮਜ਼ਦੂਰ ਭੱਜ ਗਏ; ਆਖ਼ਿਰ ਉਨ੍ਹਾਂ ਨੇ ਉਨ੍ਹਾਂ ਜੇਲ੍ਹਾਂ ਵਿਚੋਂ ਕਿਸੇ ਇਮੀਗ੍ਰੇਸ਼ਨ ਜੇਲ੍ਹ 'ਚ ਮਰ-ਮੁੱਕ ਜਾਣਾ ਸੀ ਜੋ ਹੈਲੀਬਰਟਨ/ਕੇਬੀਆਰ ਨੇ ਕੇਂਦਰੀ ਸਰਕਾਰ ਲਈ ਠੇਕੇ 'ਤੇ ਬਣਾਈਆਂ ਸਨ।•[18]

• ਨਿਊ ਔਰਲੀਨਜ਼ ਦੇ ਕਿਰਤ ਹਾਲਾਤ ਬਾਰੇ ਕੋਈ ਭਰਵੇਂ ਅਧਿਐਨ ਤਾਂ ਨਹੀਂ ਹੋਏ, ਪਰ ਇੱਥੋਂ ਦੇ ਲੋਕਾਂ 'ਚ ਕੰਮ ਕਰਨ ਵਾਲੇ ਪੈਰਵਾਈ ਗਰੁੱਪ, ਦੀ ਐਡਵਾਂਸ ਪ੍ਰਾਜੈਕਟ, ਦਾ ਅੰਦਾਜ਼ਾ ਹੈ ਕਿ ਨਿਊ ਔਰਲੀਨਜ਼ ਦੇ 60 ਫੀਸਦੀ ਪ੍ਰਵਾਸੀ ਕਾਮਿਆਂ ਨੂੰ ਉਨ੍ਹਾਂ ਦੇ ਕੰਮ ਦੀ ਉਜਰਤ ਦਾ ਤਕਰੀਬਨ ਇਕ ਹਿੱਸਾ ਅਦਾਇਗੀ ਹੀ ਕੀਤੀ ਗਈ।

ਮੁੜ ਉਸਾਰੀ ਅਤੇ ਰਾਹਤ ਦੇ ਨਾਂ ਹੇਠ, ਵਾਂਝੇ ਲੋਕਾਂ ਉੱਤੇ ਹਮਲੇ ਇੱਥੇ ਹੀ ਖ਼ਤਮ ਨਹੀਂ ਹੋਏ। ਠੇਕਿਆਂ ਅਤੇ ਟੈਕਸ ਰਿਆਇਤਾਂ ਰਾਹੀਂ ਨਿੱਜੀ ਕੰਪਨੀਆਂ ਨੂੰ ਦਹਿ ਅਰਬਾਂ ਡਾਲਰ ਦਿੱਤੇ ਜਾ ਰਹੇ ਹਨ। ਇਨ੍ਹਾਂ ਦਾ ਘਾਟਾ ਪੂਰਾ ਕਰਨ ਲਈ ਰਿਪਬਲਿਕਨਾਂ ਦੇ ਕਬਜ਼ੇ ਵਾਲੀ ਕਾਂਗਰਸ ਨੇ ਨਵੰਬਰ 2005 'ਚ ਐਲਾਨ ਕਰ ਦਿੱਤਾ ਕਿ ਕੇਂਦਰੀ ਬਜਟ ਵਿਚ 40 ਅਰਬ ਡਾਲਰ ਦੀ ਕਟੌਤੀ ਕਰਨੀ ਜ਼ਰੂਰੀ ਹੈ। ਜਿਨ੍ਹਾਂ ਪ੍ਰੋਗਰਾਮਾਂ 'ਤੇ ਕੁਹਾੜਾ ਵਾਹਿਆ ਗਿਆ ਉਨ੍ਹਾਂ ਵਿਚ ਸ਼ਾਮਲ ਸਨ ਵਿਦਿਆਰਥੀਆਂ ਲਈ ਕਰਜੇ, ਮੈਡੀਕੈਡ ਅਤੇ ਖਾਣੇ ਦੇ ਕੂਪਨ।[19] ਦੂਜੇ ਲਫ਼ਜ਼ਾਂ 'ਚ, ਠੇਕੇ ਲੈਣ ਵਾਲੀਆਂ ਕੰਪਨੀਆਂ ਨੇ ਦੇਸ਼ ਦੇ ਸਭ ਤੋਂ ਗਰੀਬ ਨਾਗਰਿਕਾਂ ਦੀਆਂ ਸਬਸਿਡੀਆਂ ਦਾ ਦੂਹਰਾ ਗੱਫ਼ਾ ਬਟੋਰ ਲਿਆ—ਪਹਿਲਾਂ ਕੈਟਰਿਨਾ ਦੀ ਰਾਹਤ ਕਾਰਪੋਰੇਟਾਂ ਨੂੰ ਬਖਸ਼ਿਸ਼ਾਂ 'ਚ ਤਬਦੀਲ ਹੋ ਗਈ। ਹੋਇਆ ਇਹ ਕਿ ਨਾ ਇਨ੍ਹਾਂ ਨੇ ਚੰਗਾ ਰੁਜ਼ਗਾਰ ਮੁਹੱਈਆ ਕੀਤਾ ਅਤੇ ਨਾ ਜਨਤਕ ਸੇਵਾਵਾਂ ਚਾਲੂ ਕਰਕੇ ਦਿੱਤੀਆਂ ਅਤੇ ਦੂਜਾ ਜਦੋਂ ਇਨ੍ਹਾਂ ਨੇ ਦੇਸ਼ ਪੱਧਰ 'ਤੇ ਕੁਝ ਉਹ ਪ੍ਰੋਗਰਾਮ ਹਥਿਆ ਲਏ ਜੋ ਸਿੱਧਾ ਬੇਰੁਜ਼ਗਾਰਾਂ ਅਤੇ ਗਰੀਬ ਕਿਰਤੀਆਂ ਨੂੰ ਸਹਾਇਤਾ ਦੇਣ ਲਈ ਬਣਾਏ ਗਏ ਸਨ ਅਤੇ ਇਨ੍ਹਾਂ ਦੇ ਬਿੱਲ ਵਧਾ-ਚੜ੍ਹਾ ਕੇ ਸਰਕਾਰੀ ਫੰਡ ਬਟੋਰ ਲਏ।

ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਆਫ਼ਤਾਂ ਸਮਾਜ 'ਚ ਸਾਵਾਂਪਣ ਲਿਆਉਣ ਦੇ ਮੌਕੇ ਹੋਇਆ ਕਰਦੀਆਂ ਸਨ, ਐਸੇ ਵਿਸ਼ਾਲ ਪਲ ਜਦੋਂ ਪ੍ਰਮਾਣੂ ਹਮਲੇ ਦਾ ਸ਼ਿਕਾਰ ਸਮਾਜ ਵੰਡੀਆਂ ਤੋਂ ਉੱਪਰ ਉੱਠ ਕੇ ਇਕਜੁੱਟ ਹੋ ਗਏ ਸਨ। ਹੁਣ ਆਫ਼ਤਾਂ ਪੂਰੀ ਤਰ੍ਹਾਂ ਉਲਟ ਪੱਖ 'ਚ ਤਬਦੀਲ ਹੋ ਚੁੱਕੀਆਂ ਹਨ : ਇਹ ਐਸੇ ਜ਼ਾਲਮ ਅਤੇ ਬੇਰਹਿਮ, ਵੰਡੀਆਂ ਦਾ ਸ਼ਿਕਾਰ ਭਵਿੱਖ ਦੀ ਝਲਕ ਪੇਸ਼ ਕਰਦੀਆਂ ਹਨ ਜਿਨ੍ਹਾਂ ਵਿਚ ਪੈਸਾ ਅਤੇ ਵਿਸ਼ੇਸ਼ ਵਰਗ ਵਾਲੇ ਹੀ ਜ਼ਿੰਦਾ ਰਹਿਣ ਦੇ ਸਾਧਨ ਖ਼ਰੀਦ ਸਕਦੇ ਹਨ।

ਬਗ਼ਦਾਦ ਦਾ ਮਹਿਫ਼ੂਜ਼ ਖੇਤਰ ਇਸ ਆਲਮੀ ਪ੍ਰਬੰਧ ਦਾ ਸਭ ਤੋਂ ਉੱਘੜਵਾਂ ਇਜ਼ਹਾਰ ਹੈ। ਇਸ ਕੋਲ ਆਪਣਾ ਬਿਜਲੀ ਗਰਿੱਡ, ਆਪਣੇ ਫ਼ੋਨ ਅਤੇ ਸੀਵਰ ਪ੍ਰਬੰਧ, ਆਪਣੀ ਤੇਲ ਸਪਲਾਈ ਅਤੇ ਸਾਫ਼-ਸੁਥਰੇ ਓਪਰੇਸ਼ਨ ਥੀਏਟਰਾਂ ਦੀ ਸਹੂਲਤ ਵਾਲੇ ਆਧੁਨਿਕ ਹਸਪਤਾਲ ਹਨ—ਸਾਰੇ ਹੀ ਪੰਜ ਮੀਟਰ ਮੋਟੀਆਂ ਕੰਧਾਂ ਨਾਲ ਸੁਰੱਖਿਅਤ ਬਣਾਏ ਹੋਏ। ਇਹ ਮਹਿਫ਼ੂਜ਼ ਖੇਤਰ ਹਿੰਸਾ ਅਤੇ ਮਾਯੂਸੀ ਨਾਲ ਖੌਲਦੇ ਸਮੁੰਦਰ ਭਾਵ ਅਸੁਰੱਖਿਅਤ ਇਰਾਕ ਅੰਦਰ ਖੜ੍ਹੇ ਕਿਲ੍ਹਾਬੰਦ ਦਿਓਕੱਦ ਕਾਰਨੀਵਲ ਕਰੂਜ਼ ਸਮੁੰਦਰੀ ਜਹਾਜ਼ ਵਾਂਗ ਅਜੀਬ ਜਿਹਾ ਜਾਪਦਾ ਹੈ। ਜੇ ਤੁਸੀਂ ਇਸ ਉੱਤੇ ਸਵਾਰ ਹੋ ਸਕਦੇ ਹੋਵੋ ਤਾਂ ਤੈਰਾਕੀ ਤਲਾਬ ਕੰਢੇ ਪੀਣ ਵਾਲੇ ਜਾਮ, ਹਾਲੀਵੁੱਡ ਦੀਆਂ ਘਟੀਆ ਫਿਲਮਾਂ ਅਤੇ ਕਸਰਤ ਮਸ਼ੀਨਾਂ ਤੁਹਾਡੀ ਖ਼ਿਦਮਤ ਲਈ ਹਾਜ਼ਰ ਹਨ। ਜੇ ਤੁਸੀਂ ਚੁਣਵੇਂ ਲੋਕਾਂ ਵਿਚੋਂ ਨਹੀਂ ਹੋ ਅਤੇ ਕੰਧ ਨੇੜੇ ਖੜ੍ਹੇ ਹੋ ਤਾਂ ਤੁਹਾਨੂੰ ਗੋਲੀ ਵੀ ਵੱਜ ਸਕਦੀ ਹੈ।

ਇਰਾਕ ਵਿਚ ਹਰ ਜਗ੍ਹਾ, ਲੋਕਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਤੈਅ ਕੀਤੀਆਂ ਬੇਤਹਾਸ਼ਾ ਵਿਤਕਰੇ ਵਾਲੀਆਂ ਕਦਰਾਂ-ਕੀਮਤਾਂ ਕੁੱਢਰ ਰੂਪ 'ਚ ਦਿਖਾਈ ਦਿੰਦੀਆਂ ਹਨ। ਪੱਛਮ ਵਾਲਿਆਂ ਅਤੇ ਇਨ੍ਹਾਂ ਦੇ ਇਰਾਕੀ ਜੋਟੀਦਾਰਾਂ ਦੀਆਂ ਰਿਹਾਇਸ਼ਾਂ ਦੇ ਪ੍ਰਵੇਸ਼ ਦੁਆਰਾਂ 'ਤੇ ਨਾਕੇ, ਇਨ੍ਹਾਂ ਦੇ ਘਰਾਂ ਮੂਹਰੇ ਬੰਬਾਰੀ ਤੋਂ ਬਚਾਉਣ ਲਈ ਵਿਸ਼ੇਸ਼ ਕੰਧਾਂ, ਆਧੁਨਿਕ ਸੰਜੋਅ ਅਤੇ ਹਰ ਸਮੇਂ ਹਾਜ਼ਰ ਨਿੱਜੀ ਸੁਰੱਖਿਆ ਗਾਰਦਾਂ ਦਾ ਇੰਤਜ਼ਾਮ ਹੈ। ਉਹ ਭਿਆਨਕ ਬਕਤਰਬੰਦ ਗੱਡੀਆਂ ਦੇ ਕਾਫ਼ਲਿਆਂ 'ਚ ਪੂਰੇ ਦੇਸ਼ ਵਿਚ ਹਰਲ ਹਰਲ ਕਰਦੇ ਫਿਰਦੇ ਹਨ, "ਪ੍ਰਮੁੱਖ ਹਸਤੀ ਦਾ ਬਚਾਅ ਕਰਨ" ਦੇ ਮੁੱਖ ਫ਼ਰਮਾਨ ਦੀ ਪਾਲਣਾ ਕਰਦੇ ਹੋਏ ਮੰਗਵੀਆਂ ਧਾੜਾਂ ਨੇ ਬੰਦੂਕਾਂ ਖਿੜਕੀਆਂ ਤੋਂ ਬਾਹਰ ਸੇਧੀਆਂ

ਹੁੰਦੀਆਂ ਹਨ। ਪੈਰ-ਪੈਰ 'ਤੇ ਉਹ ਇਕੋ ਹੀ ਗੁਸਤਾਖ ਸੰਦੇਸ਼ ਦੇ ਰਹੇ ਹੁੰਦੇ ਹਨ : ਅਸੀਂ ਵਿਸ਼ੇਸ਼ ਹਾਂ; ਸਾਡੀਆਂ ਜਾਨਾਂ ਬੇਸ਼ਕੀਮਤੀ ਹਨ। ਇਸ ਸਿਲਸਿਲੇ 'ਚ, ਪੌੜੀ ਦਾ ਅਗਲਾ ਪੌਡਾ ਮੱਧਵਰਗੀ ਇਰਾਕੀ ਹਨ : ਇਹ ਸਥਾਨਕ ਮਿਲੀਸ਼ੀਆ ਤੋਂ ਸੁਰੱਖਿਆ ਖ਼ਰੀਦ ਸਕਦੇ ਹਨ ਅਤੇ ਆਪਣੇ ਟੱਬਰ ਦੇ ਜੀਆਂ ਨੂੰ ਅਗਵਾਕਾਰਾਂ ਤੋਂ ਛੁਡਾਉਣ ਲਈ ਫਿਰੌਤੀ ਦੇਣ ਦੇ ਸਮਰੱਥ ਹਨ। ਪਰ ਇਰਾਕੀਆਂ ਦੀ ਭਾਰੀ ਬਹੁ-ਗਿਣਤੀ ਲਈ ਕਿਸੇ ਤਰ੍ਹਾਂ ਦੀ ਕੋਈ ਸੁਰੱਖਿਆ ਨਹੀਂ ਹੈ। ਉਹ ਹਰ ਤਰ੍ਹਾਂ ਦੀ ਹਿੰਸਾ ਦੀ ਸੰਭਾਵਨਾ ਵਾਲੀ ਹਾਲਤ 'ਚ ਨੰਗੇ ਧੜ ਤੁਰੇ ਫਿਰਦੇ ਹਨ, ਉਨ੍ਹਾਂ ਅਤੇ ਉਨ੍ਹਾਂ ਮੂਹਰੇ ਮੌਜੂਦ ਕਾਰ ਬੰਬ ਵਿਚਾਲੇ ਬਸ ਕੱਪੜੇ ਦੀ ਪਤਲੀ ਜਹੀ ਪਰਤ ਹੀ ਹੁੰਦੀ ਹੈ। ਇਰਾਕ ਵਿਚ, ਸੁਭਾਗਾ ਬੰਦਾ ਅਤਿ ਮਜ਼ਬੂਤ ਸਿੰਥੈਟਿਕ ਰੇਸ਼ੇ ਵਾਲੀ ਕੈਵਲਰ ਸੁਰੱਖਿਆ ਹਾਸਲ ਕਰ ਲੈਂਦਾ ਹੈ, ਬਾਕੀਆਂ ਨੂੰ ਅਰਦਾਸ ਮੌਕੇ ਕੰਮ ਆਉਣ ਵਾਲੀ ਮਾਲਾ ਦੇ ਮਣਕੇ ਹੀ ਨਸੀਬ ਹੁੰਦੇ ਹਨ।

ਪਹਿਲਾਂ ਮੈਂ ਸੋਚਦੀ ਸੀ ਕਿ ਸੁਰੱਖਿਅਤ ਖੇਤਰ ਦਾ ਵਰਤਾਰਾ ਇਰਾਕ ਦੀ ਜੰਗ ਦਾ ਨਿਆਰਾਪਣ ਹੀ ਹੈ। ਹੁਣ ਤਬਾਹੀ ਦਾ ਸ਼ਿਕਾਰ ਹੋਏ ਹੋਰ ਖੇਤਰਾਂ ਵਿਚ ਕਈ ਸਾਲ ਗੁਜ਼ਾਰਨ ਤੋਂ ਬਾਅਦ, ਮੈਂ ਮਹਿਸੂਸ ਕਰਦੀ ਹਾਂ ਕਿ ਤਬਾਹੀਪਸੰਦ ਸਰਮਾਏਦਾਰੀ ਢਾਂਚਾ ਜਿੱਥੇ ਕਿਤੇ ਵੀ ਧਾਵਾ ਬੋਲਦਾ ਹੈ, ਸੁਰੱਖਿਅਤ ਖੇਤਰ ਹਰ ਥਾਂ ਉੱਭਰ ਆਉਂਦਾ ਹੈ। ਹਰ ਜਗ੍ਹਾ ਇਸ ਢਾਂਚੇ ਵਿਚ ਸਮੋਏ ਹਿੱਸਿਆਂ ਅਤੇ ਬਾਹਰ ਧੱਕਿਆਂ, ਸੁਰੱਖਿਅਤ ਅਤੇ ਸਰਾਪੇ ਹੋਇਆਂ ਦਰਮਿਆਨ ਉੱਘੜਵੀਂਆਂ ਵੰਡੀਆਂ ਉੱਭਰ ਆਉਂਦੀਆਂ ਹਨ।

ਨਿਊ ਔਰਲੀਨਜ਼ ਵਿਚ ਇਹੀ ਵਾਪਰਿਆ। ਤੂਫ਼ਾਨ ਆਉਣ 'ਤੇ, ਪਹਿਲਾਂ ਹੀ ਵੰਡਿਆ ਹੋਇਆ ਸ਼ਹਿਰ ਕਿਲ੍ਹਾਬੰਦ ਸੁਰੱਖਿਅਤ ਖੇਤਰਾਂ ਅਤੇ ਰੋਹ ਭਰੇ ਅਸੁਰੱਖਿਅਤ ਖੇਤਰਾਂ ਵਿਚਕਾਰ ਜੰਗ ਦਾ ਅਖਾੜਾ ਬਣ ਗਿਆ—ਇਹ ਪਾਣੀ ਨਾਲ ਹੋਈ ਤਬਾਹੀ ਦਾ ਨਹੀਂ ਸਗੋਂ ਰਾਸ਼ਟਰਪਤੀ ਵਲੋਂ ਲਾਗੂ ਕੀਤੇ "ਖੁੱਲ੍ਹੀ ਮੰਡੀ ਵਾਲੇ ਹੱਲ" ਦਾ ਸਿੱਟਾ ਸੀ। ਬੁਸ਼ ਸਰਕਾਰ ਨੇ ਹੰਗਾਮੀ ਹਾਲਤ ਲਈ ਰਾਖਵੇਂ ਫੰਡ ਜਨਤਕ ਖੇਤਰ ਦੀਆਂ ਤਨਖ਼ਾਹਾਂ ਦੇਣ ਲਈ ਖ਼ਰਚਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਨਿਊ ਔਰਲੀਨਜ਼ ਸ਼ਹਿਰ, ਜਿਸ ਦਾ ਟੈਕਸ ਅਧਾਰ ਖੁੱਸ ਗਿਆ ਸੀ, ਦੇ ਤਿੰਨ ਹਜ਼ਾਰ ਮੁਲਾਜ਼ਮ ਕੈਟਰਿਨਾ ਤੂਫ਼ਾਨ ਤੋਂ ਬਾਅਦ ਦੇ ਮਹੀਨਿਆਂ 'ਚ ਨੌਕਰੀ ਤੋਂ ਕੱਢ ਦਿੱਤੇ। ਇਨ੍ਹਾਂ ਵਿਚ ਸ਼ਹਿਰੀ ਯੋਜਨਾਬੰਦੀ ਨਾਲ ਸਬੰਧਤ ਅਮਲੇ ਦੇ ਸੋਲਾਂ ਅਧਿਕਾਰੀ ਵੀ ਸ਼ਾਮਲ ਸਨ—ਜਿਸ ਤੋਂ ਇਰਾਕ ਵਾਲੇ "ਬਾਥ ਪਾਰਟੀ ਦੇ ਪ੍ਰਭਾਵ ਨੂੰ ਖ਼ਤਮ ਕਰਨ ਦੇ ਅਮਲ" ਦੀ ਝਲਕ ਪੈਂਦੀ ਸੀ, ਜਿਨ੍ਹਾਂ ਨੂੰ ਐਨ ਉਸੇ ਮੌਕੇ ਨੌਕਰੀ ਤੋਂ ਕੱਢਿਆ ਗਿਆ ਜਦੋਂ ਨਿਊ ਔਰਲੀਨਜ਼ ਨੂੰ ਯੋਜਨਾਬੰਦੀ ਕਰਨ ਵਾਲਿਆਂ ਦੀ ਭਾਰੀ ਜ਼ਰੂਰਤ ਸੀ। ਇਸ ਦੀ ਬਜਾਏ, ਜਨਤਾ ਦੇ ਦਹਿ ਲੱਖਾਂ ਡਾਲਰ ਬਾਹਰਲੇ ਸਲਾਹਕਾਰਾਂ ਦੀਆਂ ਜੇਬ੍ਹਾਂ 'ਚ ਪਾ ਦਿੱਤੇ ਗਏ, ਜਿਨ੍ਹਾਂ ਵਿਚੋਂ ਬਹੁਤੇ ਜਾਇਦਾਦਾਂ ਦੀ ਖ਼ਰੀਦ-ਫ਼ਰੋਖ਼ਤ ਦੇ ਕਾਰੋਬਾਰ ਦੇ ਤਾਕਤਵਰ ਖਿਡਾਰੀ ਸਨ।[20] ਅਤੇ ਹਜ਼ਾਰਾਂ ਅਧਿਆਪਕਾਂ ਨੂੰ ਵੀ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਦਰਜਨਾਂ ਸਰਕਾਰੀ ਸਕੂਲਾਂ ਨੂੰ ਫੀਸਾਂ ਉਗਰਾਹੁਣ ਵਾਲੇ ਸਕੂਲ ਬਣਾ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਗਿਆ। ਐਨ ਉਸੇ ਤਰ੍ਹਾਂ ਕੀਤਾ ਗਿਆ ਜਿਵੇਂ ਫਰਾਇਡਮੈਨ ਨੇ ਕਿਹਾ ਸੀ।

ਤੂਫ਼ਾਨ ਤੋਂ ਦੋ ਸਾਲ ਬਾਅਦ ਤੱਕ, ਚੈਰਿਟੀ ਹਸਪਤਾਲ ਬੰਦ ਪਿਆ ਸੀ। ਅਦਾਲਤੀ ਪ੍ਰਣਾਲੀ ਸ਼ਾਇਦ ਹੀ ਕੰਮ ਕਰ ਰਹੀ ਸੀ, ਅਤੇ ਨਿੱਜੀਕਰਨ ਕੀਤੀ ਬਿਜਲੀ ਕੰਪਨੀ, ਐਂਟਰਜੀ, ਪੂਰੇ ਸ਼ਹਿਰ ਦੀ ਸਪਲਾਈ ਲੀਹ 'ਤੇ ਲਿਆਉਣ 'ਚ ਅਸਫ਼ਲ ਰਹੀ ਸੀ। ਬਿਜਲੀ ਦਰਾਂ ਨਾਟਕੀ ਢੰਗ ਨਾਲ ਵਧਾਉਣ ਦੀ ਧਮਕੀ ਦੇ ਕੇ, ਇਹ ਕੰਪਨੀ ਕੇਂਦਰੀ ਸਰਕਾਰ ਤੋਂ ਦੋ ਕਰੋੜ ਡਾਲਰ ਦੀ

ਵਿਵਾਦਪੂਰਨ ਹੰਗਾਮੀ ਸਹਾਇਤਾ ਹਥਿਆਉਣ 'ਚ ਕਾਮਯਾਬ ਹੋ ਗਈ। ਜਨਤਕ ਆਵਾਜਾਈ ਪ੍ਰਬੰਧ ਦਾ ਬੇੜਾ ਗਰਕ ਹੋ ਚੁੱਕਾ ਸੀ ਅਤੇ ਇਸ ਦਾ ਸਟਾਫ਼ ਲਗਭਗ ਅੱਧਾ ਹੀ ਰਹਿ ਗਿਆ ਸੀ। ਸਰਕਾਰੀ ਘਰ-ਉਸਾਰੀ ਦੇ ਭਾਰੀ ਬਹੁਗਿਣਤੀ ਪ੍ਰਾਜੈਕਟ ਠੱਪ ਅਤੇ ਸੁੰਨ-ਮ-ਸਾਨ ਪਏ ਸਨ। ਪੰਜ ਹਜ਼ਾਰ ਘਰਾਂ ਨੂੰ ਕੇਂਦਰੀ ਹਾਊਸਿੰਗ ਅਥਾਰਟੀ ਨੇ ਢਾਹੁਣ ਲਈ ਵਾਢਾ ਲਾਇਆ ਹੋਇਆ ਸੀ।[21] ਜਿਵੇਂ ਏਸ਼ੀਆ ਦੀ ਸੈਰ-ਸਪਾਟਾ ਕਾਰੋਬਾਰ ਦੀ ਜੁੰਡਲੀ ਸਮੁੰਦਰੀ ਕੰਢੇ ਦੇ ਖੇਤਰ ਵਿਚੋਂ ਮੱਛੀ ਫੜਨ ਦੇ ਕੰਮ ਦਾ ਫਸਤਾ ਵੱਢਣਾ ਚਾਹੁੰਦੀ ਸੀ, ਐਨ ਉਵੇਂ ਹੀ ਨਿਊ ਔਰਲੀਨਜ਼ ਦੀ ਸੈਰ-ਸਪਾਟਾ ਜੁੰਡਲੀ ਦੀ ਅੱਖ ਹਾਊਸਿੰਗ ਪ੍ਰਾਜੈਕਟਾਂ 'ਤੇ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਸ਼ਹਿਰ ਦੇ ਸੈਰ-ਸਪਾਟੇ ਦੇ ਆਕਰਸ਼ਣ, ਫਰੈਂਚ ਕਵਾਟਰਜ਼, ਦੇ ਨਾਲ ਲੱਗਦੀ ਆਹਲਾ ਦਰਜ਼ੇ ਦੀ ਜ਼ਮੀਨ ਉੱਪਰ ਬਣੇ ਹੋਏ ਸਨ।

ਐਂਡੇਸ਼ਾ ਜੁਆਕਲੀ ਨੇ ਇਕ ਠੱਪ ਹੋ ਚੁੱਕੇ ਪ੍ਰਾਜੈਕਟ, ਸੇਂਟ ਬਰਨਾਰਡ ਪਬਲਿਕ ਹਾਊਸਿੰਗ, ਦੇ ਬਾਹਰ ਰੋਸ ਕੈਂਪ ਲਾਉਣ 'ਚ ਸਹਾਇਤਾ ਕੀਤੀ। ਉਸ ਨੇ ਇਸ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਹਕੂਮਤ ਨੇ "ਲੰਮੇ ਸਮੇਂ ਤੋਂ ਸੇਂਟ ਬਰਨਾਰਡ ਲਈ ਇਕ ਏਜੰਡਾ ਬਣਾ ਰੱਖਿਆ ਸੀ, ਪਰ ਜਦੋਂ ਤੱਕ ਇੱਥੇ ਲੋਕ ਰਹਿੰਦੇ ਸਨ ਉਹ ਇਸ ਨੂੰ ਲਾਗੂ ਨਹੀਂ ਕਰਵਾ ਸਕਦੇ ਸਨ। ਇਸ ਲਈ ਉਨ੍ਹਾਂ ਨੇ ਇਸ ਬਸਤੀ ਦਾ ਸਫ਼ਾਇਆ ਕਰਨ ਲਈ ਤਬਾਹੀ ਨੂੰ ਬਹਾਨੇ ਵਜੋਂ ਵਰਤਿਆ, ਜਦੋਂ ਬਸਤੀ ਸਭ ਤੋਂ ਨਿਤਾਣੀ ਹਾਲਤ 'ਚ ਹੋਵੇ.....। ਇਹ ਜਗ੍ਹਾ ਆਲੀਸ਼ਾਨ ਵੱਡੇ ਵੱਡੇ ਘਰਾਂ ਅਤੇ ਅਪਾਰਟਮੈਂਟ ਕੰਪਲੈਕਸ ਲਈ ਬਹੁਤ ਵਧੀਆ ਹੈ। ਇਕੋ ਇਕ ਸਮੱਸਿਆ ਇਹ ਹੈ ਕਿ ਤੁਸੀਂ ਦੇਖਦੇ ਹੋ ਇਸ ਉੱਪਰ ਇਹ ਗਰੀਬ ਕਾਲੇ ਲੋਕ ਬੈਠੇ ਹਨ!"[22]

ਜਦੋਂ ਸਕੂਲਾਂ, ਘਰਾਂ, ਹਸਪਤਾਲਾਂ, ਆਵਾਜਾਈ ਪ੍ਰਬੰਧ ਅਤੇ ਸ਼ਹਿਰ ਦੇ ਬਹੁਤ ਸਾਰੇ ਹਿੱਸਿਆਂ 'ਚ ਸਾਫ਼ ਪਾਣੀ ਦੀ ਘਾਟ ਸੀ, ਓਦੋਂ ਨਿਊ ਔਰਲੀਨਜ਼ ਦੇ ਜਨਤਕ ਖੇਤਰ ਦੀ ਮੁੜ-ਉਸਾਰੀ ਨਹੀਂ ਸੀ ਕੀਤੀ ਜਾ ਰਹੀ, ਸਗੋਂ ਤੂਫ਼ਾਨ ਨੂੰ ਬਹਾਨਾ ਬਣਾ ਕੇ ਇਸ ਦਾ ਨਾਂ-ਨਿਸ਼ਾਨ ਮਿਟਾਇਆ ਜਾ ਰਿਹਾ ਸੀ। ਸਰਮਾਏਦਾਰੀ ਦੀ "ਸਿਰਜਣਾਤਮਕ ਤਬਾਹੀ" ਦੇ ਮੁੱਢਲੇ ਪੜਾਅ 'ਚ, ਅਮਰੀਕਾ ਦੀਆਂ ਵੱਡੀਆਂ ਪੱਟੀਆਂ ਵਾਲੇ ਸਨਅਤੀ ਅਧਾਰ ਖੁਸ ਗਏ ਅਤੇ ਇਹ ਬੰਦ ਫੈਕਟਰੀਆਂ ਅਤੇ ਨਜ਼ਰਅੰਦਾਜ਼ ਕੀਤੀਆਂ ਬਸਤੀਆਂ ਦੀਆਂ ਖਸਤਾ ਹਾਲ ਪੱਟੀਆਂ 'ਚ ਗਰਕ ਗਏ। ਕੈਟਰਿਨਾ ਤੋਂ ਬਾਅਦ ਦਾ ਨਿਊ ਔਰਲੀਨਜ਼ ਨਕਾਰਾ ਹੋ ਚੁੱਕੇ ਸ਼ਹਿਰੀ ਖੇਤਰ ਦਾ ਨਵੀਂ ਕਿਸਮ ਦਾ ਦ੍ਰਿਸ਼ ਪੇਸ਼ ਕਰਦਾ ਹੈ ਜਿਵੇਂ ਪਹਿਲਾਂ ਵਾਲੇ ਪੱਛਮੀ ਜਗਤ ਦਾ ਹੁੰਦਾ ਸੀ : ਸਰਕਾਰੀ ਬੁਨਿਆਦੀ ਢਾਂਚੇ ਅਤੇ ਕਹਿਰਵਾਨ ਮੌਸਮ ਦੇ ਘਾਤਕ ਮੇਲ ਨਾਲ ਤਬਾਹ ਹੋਈ ਢਲਾਈ ਸਨਅਤ ਦੀ ਪੱਟੀ।

ਸਿਵਲ ਇੰਜੀਨੀਅਰਿਗ ਦੀ ਅਮਰੀਕੀ ਸੁਸਾਇਟੀ ਨੇ 2007 'ਚ ਕਿਹਾ ਸੀ ਕਿ ਆਪਣੇ ਜਨਤਕ ਬੁਨਿਆਦੀ ਢਾਂਚੇ—ਸੜਕਾਂ, ਪੁਲ, ਸਕੂਲ, ਡੈਮ—ਦੀ ਸਾਂਭ-ਸੰਭਾਲ ਕਰਨ ਪੱਖੋਂ ਅਮਰੀਕਾ ਐਨਾ ਪਿੱਛੇ ਰਹਿ ਗਿਆ ਹੈ ਕਿ ਇਸ ਮਿਆਰੀ ਪੱਧਰ ਨੂੰ ਮੁੜ ਹਾਸਲ ਕਰਨ ਲਈ ਪੰਜ ਸਾਲ ਅਤੇ ਪੰਦਰਾਂ ਖਰਬ ਡਾਲਰ ਚਾਹੀਦੇ ਹਨ। ਇਸ ਦੀ ਬਜਾਏ, ਉਲਟਾ ਇਸ ਤਰ੍ਹਾਂ ਦੇ ਖ਼ਰਚਿਆਂ 'ਚ ਕਟੌਤੀ ਕੀਤੀ ਜਾ ਰਹੀ ਹੈ।[23] ਨਾਲ ਹੀ, ਪੂਰੀ ਦੁਨੀਆਂ 'ਚ ਹੀ ਜਨਤਕ ਬੁਨਿਆਦੀ ਢਾਂਚਾ ਬੇਮਿਸਾਲ ਦਬਾਅ ਹੇਠ ਹੈ। ਤੂਫ਼ਾਨ, ਵਾਵਰੋਲੇ ਤੇ ਹੜ੍ਹ ਆਉਣ ਅਤੇ ਜੰਗਲਾਂ ਨੂੰ ਅੱਗਾਂ ਲੱਗਣ ਦੀ ਗਿਣਤੀ ਅਤੇ ਤਿੱਖ ਵਧ ਰਹੀ ਹੈ। ਇਸ ਤਰ੍ਹਾਂ ਦੇ ਭਵਿੱਖ ਦਾ ਕਿਆਸ ਕਰਨਾ ਔਖਾ ਨਹੀਂ ਹੈ ਜਿਸ ਵਿਚ ਬੋਦੇ ਹੋ ਚੁੱਕੇ ਸ਼ਹਿਰਾਂ ਦੀ ਗਿਣਤੀ ਵਧੇਗੀ। ਜੋ ਲੰਮੇ ਸਮੇਂ ਤੋਂ ਨਜ਼ਰ-ਅੰਦਾਜ਼ ਅਤੇ ਆਫ਼ਤਾਂ ਦੇ ਤਬਾਹ ਕੀਤੇ ਹੋਣਗੇ ਅਤੇ ਫੇਰ ਗਲੇ-ਸੜੇ ਪਏ ਰਹਿਣਗੇ; ਇਨ੍ਹਾਂ ਦੀਆਂ ਗੁਲੀ

ਸਹੂਲਤਾਂ ਦੀ ਮੁਰੰਮਤ ਨਹੀਂ ਹੋ ਸਕੇਗੀ ਜਾਂ ਇਹ ਮੁੜ ਬਹਾਲ ਨਹੀਂ ਹੋ ਸਕਣਗੀਆਂ। ਇਸ ਦੌਰਾਨ ਅਮੀਰ ਤਬਕਾ ਕਿਲ੍ਹਾਬੰਦ ਬਸਤੀਆਂ 'ਚ ਸੁਰੱਖਿਅਤ ਹੋਵੇਗਾ, ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸੇਵਾਵਾਂ ਦੇਣ ਵਾਲੀਆਂ ਨਿੱਜੀ ਕੰਪਨੀਆਂ ਹਾਜ਼ਰ ਹੋਣਗੀਆਂ।

ਜਦੋਂ 2006 'ਚ ਤੂਫ਼ਾਨ ਆਇਆ ਤਾਂ ਇਸ ਤਰ੍ਹਾਂ ਦੇ ਭਵਿੱਖ ਦੇ ਸੰਕੇਤ ਪਹਿਲਾਂ ਹੀ ਸਪਸ਼ਟ ਸਨ। ਇਕ ਸਾਲ ਵਿਚ ਹੀ, ਮੰਡੀ 'ਚ ਵੱਡੀ ਗਿਣਤੀ ਨਵੀਂਆਂ ਕਾਰਪੋਰੇਸ਼ਨਾਂ ਦੇ ਦਾਖ਼ਲੇ ਨਾਲ ਤਬਾਹੀ ਉਪਰੰਤ ਰਾਹਤ ਦਾ ਕੰਮ ਕਰਨ ਵਾਲੀ ਸਨਅਤ ਜ਼ੋਰ-ਸ਼ੋਰ ਨਾਲ ਉੱਭਰ ਆਈ ਸੀ ਜੋ ਇਹ ਵਾਅਦਾ ਕਰ ਰਹੀ ਸੀ ਕਿ ਸੁਰੱਖਿਆ ਅਗਲਾ ਵੱਡਾ ਨਿਸ਼ਾਨਾ ਹੋਣੀ ਚਾਹੀਦੀ ਹੈ। ਇਕ ਵਧੇਰੇ ਜੋਸ਼ੀਲਾ ਕਾਰੋਬਾਰ, ਫਲੋਰਿਡਾ ਦੇ ਪੱਛਮੀ ਪਾਮ ਬੀਚ 'ਚ ਇਕ ਏਅਰਲਾਈਨ ਵਲੋਂ ਸ਼ੁਰੂ ਕੀਤਾ ਗਿਆ। ਇਸ ਦੀ ਪੇਸ਼ਕਸ਼ ਸੀ : "ਪਹਿਲ ਦੇ ਅਧਾਰ 'ਤੇ ਤੂਫ਼ਾਨ ਤੋਂ ਬਚਣ ਦੀ ਯੋਜਨਾ" ਦੇ ਰੂਪ ਵਿਚ ਖ਼ੁਦ ਹੀ ਜੈੱਟ ਬਿੱਲਾਂ ਦੀ ਸਹਾਇਤਾ ਲਵੋ "ਜੋ ਤੁਹਾਡੇ ਤੂਫ਼ਾਨ ਤੋਂ ਬਚ ਨਿੱਕਲਣ ਨੂੰ ਹਵਾਈ ਸਫ਼ਰ ਰਾਹੀਂ ਛੁੱਟੀ ਮਨਾਉਣ ਦੇ ਲੁਤਫ਼ 'ਚ ਬਦਲ ਦਿੰਦੀ ਹੈ।" ਜਦੋਂ ਤੂਫ਼ਾਨ ਆ ਰਿਹਾ ਹੈ, ਓਦੋਂ ਇਹ ਏਅਰਲਾਈਨ ਪੰਜ-ਤਾਰਾ ਗੌਲਫ ਰਿਜ਼ਾਰਟ, ਖਣਿਜੀ ਚਸ਼ਮਿਆਂ ਜਾਂ ਡਿਜ਼ਨੀਲੈਂਡ ਵਿਖੇ ਆਪਣੇ ਗਾਹਕਾਂ ਦੇ ਛੁੱਟੀਆਂ ਮਨਾਉਣ ਦੀ ਬੁਕਿੰਗ ਕਰਦੀ ਹੈ। ਬੁੱਕਿੰਗ ਦੇ ਅਧਾਰ 'ਤੇ, ਤੂਫ਼ਾਨ ਤੋਂ ਬਚੇ ਵਿਅਕਤੀਆਂ ਨੂੰ ਠਾਠਦਾਰ ਜੈੱਟ ਜਹਾਜ਼ ਰਾਹੀਂ ਤੂਫ਼ਾਨ ਵਾਲੇ ਖੇਤਰ ਵਿਚੋਂ ਕੱਢ ਲਿਆ ਜਾਂਦਾ ਹੈ। "ਨਾ ਕਤਾਰਾਂ 'ਚ ਖੜ੍ਹਨ ਦੀ ਜ਼ਰੂਰਤ, ਨਾ ਭੀੜਾਂ ਦਾ ਘੜਮੱਸ, ਬਸ ਪਹਿਲੇ ਦਰਜੇ ਦਾ ਆਨੰਦ ਜੋ ਆਫ਼ਤ ਨੂੰ ਛੁੱਟੀਆਂ 'ਚ ਬਦਲਦਾ ਹੈ.....ਤੂਫ਼ਾਨ ਵਿਚੋਂ ਨਿਕਲਣ ਦੇ ਹਊਏ ਤੋਂ ਬਚਣ ਦਾ ਆਨੰਦ ਲਓ।"[24]

ਪਿੱਛੇ ਰਹਿ ਗਏ ਲੋਕਾਂ ਲਈ, ਵੱਖਰੀ ਤਰ੍ਹਾਂ ਦਾ ਨਿੱਜੀਕਰਨ ਕੀਤਾ ਹੱਲ ਮੌਜੂਦ ਹੈ। 2006 'ਚ, ਰੈੱਡ ਕਰਾਸ ਨੇ ਤਬਾਹੀ ਤੋਂ ਬਾਅਦ ਰਾਹਤ ਦੀਆਂ ਕਾਰਵਾਈਆਂ 'ਚ ਵਾਲ-ਮਾਰਟ ਨਾਲ ਭਾਈਵਾਲੀ ਦਾ ਨਵਾਂ ਸਮਝੌਤਾ ਕੀਤਾ। ਫਲੋਰਿਡਾ ਕੀਜ਼ ਸੰਬੰਧੀ ਹੰਗਾਮੀ ਹਾਲਤ ਨਾਲ ਨਜਿੱਠਣ ਦੇ ਇੰਤਜ਼ਾਮਾਂ ਦੇ ਮੁਖੀ ਬਿਲੀ ਵੈਗਨਰ ਨੇ ਕਿਹਾ, "ਸਮਾਪਤੀ ਹੋਣ ਤੋਂ ਪਹਿਲਾਂ ਇਹ ਸਾਰਾ ਕੁਝ ਨਿੱਜੀ ਕਾਰੋਬਾਰ ਬਣਨ ਜਾ ਰਿਹਾ ਹੈ। ਉਨ੍ਹਾਂ ਨੇ ਮੁਹਾਰਤ ਹਾਸਲ ਕਰ ਲਈ ਹੈ। ਵਸੀਲੇ ਜੁਟਾ ਲਏ ਹਨ।" ਉਹ ਔਰਲੈਂਡੋ (ਫਲੋਰਿਡਾ) ਵਿਖੇ ਤੂਫ਼ਾਨ ਬਾਰੇ ਕੌਮੀ ਸੰਮੇਲਨ 'ਚ ਤਕਰੀਰ ਕਰ ਰਿਹਾ ਸੀ ਜੋ ਉਨ੍ਹਾਂ ਕੰਪਨੀਆਂ ਦੇ ਤੇਜ਼ੀ ਨਾਲ ਵਧ ਰਹੇ ਸਾਲਾਨਾ ਵਪਾਰ ਦੀ ਨੁਮਾਇਸ਼ ਹੈ ਜੋ ਅਗਲੀ ਤਬਾਹੀ ਦੌਰਾਨ ਕੰਮ ਆਉਣ ਵਾਲਾ ਹਰ ਤਰ੍ਹਾਂ ਦਾ ਸਮਾਨ ਵੇਚਦੀਆਂ ਹਨ। ਸੰਮੇਲਨ ਵਿਚ ਨੁਮਾਇਸ਼ ਲਾਉਣ ਵਾਲੇ ਡੇਵ ਬਲੈਂਡਫੋਰਡ ਨੇ ਆਪਣੇ "ਖ਼ੁਦ ਹੀ ਗਰਮ ਹੋਣ ਵਾਲੇ ਖਾਣੇ" ਦਾ ਪ੍ਰਦਰਸ਼ਨ ਕਰਦਿਆਂ ਕਿਹਾ, "ਕੁਝ ਲੋਕਾਂ ਨੇ ਇੱਥੇ ਕਿਹਾ ਹੈ 'ਜਨਾਬ, ਲੈਂਡਸਕੇਪਿੰਗ ਬਹੁਤ ਵੱਡਾ ਕਾਰੋਬਾਰ ਹੈ—ਇਹ ਮੇਰਾ ਨਵਾਂ ਕਾਰੋਬਾਰ ਹੈ। ਪਰ ਮੈਂ ਹੁਣ ਇਸ ਕਾਰੋਬਾਰ 'ਚ ਨਹੀਂ ਹਾਂ; ਮੈਂ ਤਾਂ ਹੁਣ ਤੂਫ਼ਾਨ ਦੇ ਮਲਬੇ ਦਾ ਠੇਕੇਦਾਰ ਬਣਨਾ ਹੈ।' "[25]

ਜੰਗ ਦੇ ਖੇਤਰ ਦੀ ਮੁੜ-ਉਸਾਰੀ ਦਾ ਨਿੱਜੀਕਰਨ ਕੀਤੇ ਜਾਣ ਨਾਲ ਆਰਥਕ ਤੇਜ਼ੀ ਦੀ ਬਦੌਲਤ, ਤਬਾਹੀ ਦੀ ਸਮਾਂਤਰ ਆਰਥਿਕਤਾ ਜ਼ਿਆਦਾਤਰ ਟੈਕਸ ਦੇਣ ਵਾਲਿਆਂ ਦੇ ਪੈਸੇ ਨਾਲ ਉਸਾਰੀ ਗਈ ਹੈ। ਇਰਾਕ ਅਤੇ ਅਫ਼ਗ਼ਾਨਿਸਤਾਨ 'ਚ "ਪ੍ਰਮੁੱਖ" ਵਜੋਂ ਕੰਮ ਕਰ ਚੁੱਕੀਆਂ ਦਿਓਕੱਦ ਠੇਕੇਦਾਰ ਕੰਪਨੀਆਂ ਸਰਕਾਰੀ ਠੇਕਿਆਂ ਤੋਂ ਆਪਣੀ ਆਮਦਨੀ ਦੇ ਵੱਡੇ ਹਿੱਸੇ ਆਪਣੇ ਕਾਰਪੋਰੇਟ ਫੁਟਕਲ ਖ਼ਰਚਿਆਂ ਦੇ ਖ਼ਾਤੇ ਪਾ ਲੈਣ ਕਾਰਨ ਅਕਸਰ ਹੀ ਸਿਆਸੀ ਹਮਲੇ ਦੀ ਮਾਰ

ਹੇਠ ਆਈਆਂ ਹਨ—ਇਰਾਕ ਦੇ ਠੇਕੇ ਲੈਣ ਵਾਲੀਆਂ ਕੰਪਨੀਆਂ ਦੀ 2006 ਦੀ ਲੇਖਾ-ਪੜਤਾਲ ਰਿਪੋਰਟ ਅਨੁਸਾਰ ਇਹ ਖਰਚ 20 ਤੋਂ ਲੈ ਕੇ 55 ਫ਼ੀ ਸਦੀ ਦਰਮਿਆਨ ਰਹੇ ਹਨ।[26] ਇਨ੍ਹਾਂ ਵਿਚੋਂ ਬਹੁਤੇ ਫੰਡ ਪੂਰੀ ਤਰ੍ਹਾਂ ਕਾਨੂੰਨੀ ਢੰਗ ਨਾਲ, ਕਾਰਪੋਰੇਟ ਬੁਨਿਆਦੀ ਢਾਂਚੇ 'ਚ ਵੱਡੇ ਪੂੰਜੀ-ਨਿਵੇਸ਼ ਕਰਨ ਦੇ ਲੇਖੇ ਲੱਗੇ ਹਨ—ਜਿਵੇਂ ਬੈੱਚਟੈੱਲ ਦੀ ਮਿੱਟੀ ਹਟਾਉਣ ਦੀ ਮਸ਼ੀਨਰੀ, ਹੈਲੀਬਰਟਨ ਦੇ ਹਵਾਈ ਜਹਾਜ਼ ਅਤੇ ਟਰੱਕਾਂ ਦੇ ਕਾਫ਼ਲੇ ਅਤੇ ਐੱਲ-3, ਸੀ ਏ ਸੀ ਆਈ ਅਤੇ ਬੂਜ਼ ਐਲਨ ਵਲੋਂ ਤਿਆਰ ਕੀਤੀ ਜਾਸੂਸੀ ਦੇ ਜੁਗਾੜ ਨਾਲ ਲੈਸ ਇਮਾਰਤ ਉਸਾਰੀ ਦੀ ਵਿਧੀ।

ਸਭ ਤੋਂ ਵੱਧ ਹੈਰਾਨੀਜਨਕ ਹੈ ਬਲੈਕਵਾਟਰ ਵਲੋਂ ਨੀਮ-ਫ਼ੌਜੀ ਬੁਨਿਆਦੀ ਢਾਂਚੇ 'ਚ ਕੀਤਾ ਪੂੰਜੀ-ਨਿਵੇਸ਼। 1996 'ਚ ਸਥਾਪਤ ਕੀਤੀ ਗਈ ਇਸ ਕੰਪਨੀ ਨੂੰ ਬੁਸ਼ ਦੇ ਕਾਰਜ-ਕਾਲ ਦੌਰਾਨ ਲਗਾਤਾਰ ਠੇਕੇ ਮਿਲਦੇ ਰਹੇ। ਇਸ ਦੀ ਵਰਤੋਂ ਕੰਪਨੀ ਨੇ ਵੀਹ ਹਜ਼ਾਰ ਨਫ਼ਰੀ ਵਾਲੀ ਨਿੱਜੀ ਫ਼ੌਜ ਉਸਾਰਨ ਲਈ ਕੀਤੀ ਹੈ ਜਿਸ ਨੂੰ ਕਿਸੇ ਸਮੇਂ ਵੀ ਬੁਲਾਇਆ ਜਾ ਸਕਦਾ ਹੈ। ਨਾਲ ਹੀ ਇਸ ਨੇ ਉੱਤਰੀ ਕੈਰੋਲਿਨਾ ਵਿਚ 4 ਤੋਂ ਲੈ ਕੇ 5 ਕਰੋੜ ਡਾਲਰ ਨਾਲ ਵਿਆਪਕ ਫ਼ੌਜੀ ਅੱਡਾ ਬਣਾਇਆ ਹੈ। ਇਕ ਵੇਰਵੇ ਅਨੁਸਾਰ ਹੁਣ ਬਲੈਕਵਾਟਰ ਦੀ ਸਮਰੱਥਾ 'ਚ ਇਹ ਸਹੂਲਤਾਂ ਸ਼ਾਮਲ ਹਨ : "ਫ਼ੌਜੀ ਯੋਜਨਾਬੰਦੀ ਦੀ ਕਾਰਵਾਈ ਦਾ ਵਿਸਤਾਰ ਜੋ ਸੌ ਜਾਂ ਦੋ ਸੌ ਟਨ ਦਾ ਮਨੁੱਖੀ ਰਾਹਤ ਕਾਰਵਾਈ ਪੈਕੇਜ ਰੈੱਡ ਕਰਾਸ ਨਾਲੋਂ ਵੀ ਵੱਧ ਤੇਜ਼ੀ ਨਾਲ ਪਹੁੰਚਦਾ ਕਰ ਸਕਦਾ ਹੈ। 26 ਵੱਖੋ-ਵੱਖਰੇ ਪਲੈਟਫਾਰਮਾਂ ਵਾਲੀ ਫਲੋਰਿਡਾ ਹਵਾਬਾਜ਼ੀ ਸ਼ਾਖਾ, ਜਿਸ ਵਿਚ ਹੈਲੀਕਾਪਟਰ ਗੰਨਸ਼ਿਪ ਤੋਂ ਲੈ ਕੇ ਵੱਡੇ ਵੱਡੇ ਬੋਇੰਗ-767 ਹਵਾਈ ਜਹਾਜ਼ ਹਨ। ਇੱਥੋਂ ਤੱਕ ਕਿ ਕੰਪਨੀ ਕੋਲ ਦੂਰ ਸੰਚਾਲਤ ਜ਼ੈਪਲਿਨ ਫ਼ੌਜੀ ਜਹਾਜ਼ ਵੀ ਹੈ। ਇਸ ਕੋਲ ਦੇਸ਼ ਦੀ ਸਭ ਤੋਂ ਵੱਡੀ ਯੁੱਧਨੀਤਕ ਅਭਿਆਸ ਪੱਟੀ ਹੈ।.... ਸ਼ਿਪਿੰਗ ਕਨਟੇਨਰਾਂ ਵਾਲੀ 20-ਏਕੜ 'ਚ ਫੈਲੀ ਆਪਣੀ ਬਣਾਈ ਝੀਲ ਹੈ ਜਿਸ ਵਿਚ ਜਹਾਜ਼ ਨੂੰ ਠੇਲਣ ਵਾਲੀਆਂ ਪਟੜੀਆਂ ਅਤੇ ਜਹਾਜ਼ ਦੇ ਝਰੋਖੇ ਬਣਾਏ ਗਏ ਹਨ, ਇਸ ਵਿਚ ਪੌਂਟੂਨ ਬੇੜੀਆਂ ਤੈਰ ਰਹੀਆਂ ਹਨ; ਜਿਨ੍ਹਾਂ ਰਾਹੀਂ ਇਹ ਸਿਖਲਾਈ ਦਿੱਤੀ ਜਾਂਦੀ ਹੈ ਕਿ ਦੁਸ਼ਮਣ ਦੇ ਸਮੁੰਦਰੀ ਜਹਾਜ਼ 'ਤੇ ਚੜ੍ਹਨਾ ਕਿਵੇਂ ਹੈ। ਇਸ ਨੇ ਏ ਕੇ-9 ਸਿਖਲਾਈ ਸਹੂਲਤ ਤਿਆਰ ਕੀਤੀ ਹੈ ਜਿਸ ਕੋਲ ਇਸ ਵਕਤ ਦੁਨੀਆਂ ਭਰ 'ਚ 80 ਕੁੱਤਾ ਟੀਮਾਂ (ਬਰਫ਼ ਉੱਪਰ ਵਾਹਨ ਖਿੱਚਣ ਦੀ ਸਿਖਲਾਈ ਪ੍ਰਾਪਤ) ਮੌਜੂਦ ਹਨ।..... ਇਸ ਕੋਲ ਸਨਾਈਪਰ ਫ਼ੌਜੀ ਸਿਖਲਾਈ ਲਈ 1200 ਗਜ਼ ਲੰਮੀ ਚਾਂਦਮਾਰੀ ਰੇਂਜ ਹੈ।"•[27]

ਅਮਰੀਕਾ ਦੇ ਇਕ ਸੱਜੇਪੱਖੀ ਰਸਾਲੇ ਨੇ ਬਲੈਕਵਾਟਰ ਨੂੰ "ਚੰਗੇ ਲੋਕਾਂ ਲਈ ਅਲ ਕਾਇਦਾ"

• ਇਸ ਸਨਅਤ ਦਾ ਇਕ ਸਭ ਤੋਂ ਵੱਧ ਚਿੰਤਾਜਨਕ ਪਹਿਲੂ ਹੈ ਇਸ ਦਾ ਬੇਸ਼ਰਮੀ ਭਰਿਆ ਪੱਖਪਾਤੀ ਵਤੀਰਾ। ਮਿਸਾਲ ਵਜੋਂ, ਬਲੈਕਵਾਟਰ ਗਰਭਪਾਤ ਵਿਰੋਧੀ ਲਹਿਰ ਅਤੇ ਹੋਰ ਪਿਛਾਖੜੀ ਕਾਜਾਂ ਨਾਲ ਨੇੜਿਉਂ ਜੁੜੀ ਹੋਈ ਹੈ। ਇਹ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਦੇ ਵੱਡੇ ਹਿੱਸੇ ਵਾਂਗ ਸ਼ਰਤਾਂ ਲਾ ਕੇ ਮਦਦ ਕਰਨ ਦੀ ਬਜਾਏ ਰਿਪਬਲਿਕਨ ਪਾਰਟੀ ਨੂੰ ਹੀ ਫੰਡ ਦਿੰਦੀ ਹੈ। ਹੈਲੀਬਰਟਨ ਆਪਣੀ ਮੁਹਿੰਮ ਦਾ 87 ਫੀਸਦੀ ਯੋਗਦਾਨ ਰਿਪਬਲਿਕਨ ਸਿਆਸਤਦਾਨਾਂ ਨੂੰ ਦਿੰਦੀ ਹੈ ਅਤੇ ਸੀ ਐੱਚ 2 ਐੱਮ ਹਿੱਲ 70 ਫੀਸਦੀ। ਕੀ ਇਹ ਸੋਚਣਾ ਕਲਪਨਾ ਦੇ ਖੇਤਰ ਤੋਂ ਬਾਹਰ ਹੋਵੇਗਾ ਕਿ ਇਕ ਦਿਨ ਐਸਾ ਆਵੇਗਾ ਜਦੋਂ ਸਿਆਸੀ ਪਾਰਟੀਆਂ ਚੋਣਾਂ ਦੌਰਾਨ ਆਪਣੇ ਵਿਰੋਧੀਆਂ ਦੀ ਜਾਸੂਸੀ ਕਰਨ ਲਈ ਇਨ੍ਹਾਂ ਕੰਪਨੀਆਂ ਨੂੰ ਕਿਰਾਏ 'ਤੇ ਰੱਖ ਲੈਣਗੀਆਂ—ਜਾਂ ਇਹ ਐਸੀਆਂ ਗੁਪਤ ਕਾਰਵਾਈਆਂ 'ਚ ਸ਼ਾਮਲ ਹੋ ਜਾਣਗੀਆਂ ਜੋ ਸੀ ਆਈ ਏ ਲਈ ਵੀ ਬਹੁਤ ਜ਼ਿਆਦਾ ਘਟੀਆ ਸਮਝੀਆਂ ਜਾਂਦੀਆਂ ਹਨ।

ਐਲਾਨ ਕੀਤਾ ਸੀ [28] ਇਹ ਬੜੀ ਟੂਬਵੀਂ ਤੁਲਨਾ ਹੈ। ਜਿੱਥੇ ਕਿਤੇ ਵੀ ਤਬਾਹੀਪਸੰਦ ਸਰਮਾਏਦਾਰੀ ਢਾਂਚੇ ਨੇ ਪੈਰ ਧਰਿਆ ਹੈ, ਇਸ ਨੇ ਰਾਜ ਤੋਂ ਪ੍ਰਵਾਹਰੇ ਹਥਿਆਰਬੰਦ ਗਰੋਹ ਪ੍ਰਫੁੱਲਤ ਕੀਤੇ ਹਨ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ : ਜਦੋਂ ਦੇਸ਼ਾਂ ਦੀ ਮੁੜ-ਉਸਾਰੀ ਉਹ ਲੋਕ ਕਰਦੇ ਹਨ ਜਿਨ੍ਹਾਂ ਦਾ ਸਰਕਾਰਾਂ 'ਚ ਭਰੋਸਾ ਨਹੀਂ ਹੁੰਦਾ ਤਾਂ ਉਨ੍ਹਾਂ ਵਲੋਂ ਉਸਾਰੇ ਰਾਜ ਹਮੇਸ਼ਾ ਨਿਤਾਣੇ ਹੁੰਦੇ ਹਨ, ਜੋ ਮੁਤਬਾਦਲ ਸੁਰੱਖਿਆ ਤਾਕਤਾਂ ਲਈ ਮੰਡੀ ਬਣ ਜਾਂਦੇ ਹਨ, ਇਹ ਚਾਹੇ ਹਿਜ਼ਬੁੱਲਾ ਹੋਵੇ, ਬਲੈਕਵਾਟਰ ਹੋਵੇ ਜਾਂ ਮਾਹਦੀ ਫ਼ੌਜ ਹੋਵੇ ਜਾਂ ਨਿਊ ਔਰਲੀਨਜ਼ ਦੀਆਂ ਸੜਕਾਂ ਉੱਤੇ ਦਣਾਉਂਦੇ ਗਰੋਹ ਹੋਣ।

ਨਿੱਜੀਕਰਨ ਕੀਤਾ ਹੋਇਆ ਇਹ ਸਮਾਂਤਰ ਬੁਨਿਆਦੀ ਢਾਂਚਾ ਅਮਨ-ਕਾਨੂੰਨ ਤੋਂ ਪ੍ਰਵਾਹਰਾ ਹੁੰਦਾ ਹੈ। ਬੁਸ਼ ਦੇ ਕਾਰਜ-ਕਾਲ ਦੌਰਾਨ ਉੱਸਰੇ ਠੇਕੇਦਾਰ ਕੰਪਨੀਆਂ ਦੇ ਬੁਨਿਆਦੀ ਢਾਂਚੇ ਦੀ ਸਮੁੱਚੇ ਰੂਪ 'ਚ ਘੋਖ ਕਰਨ 'ਤੇ ਪਤਾ ਲੱਗਦਾ ਹੈ ਕਿ ਇਹ ਰਾਜ ਦੇ ਅੰਦਰ ਪੂਰੀ ਤਰ੍ਹਾਂ ਜਥੇਬੰਦ ਇਕ ਹੋਰ ਰਾਜ ਹੈ। ਇਹ ਓਨਾ ਹੀ ਤਾਕਤਵਰ ਅਤੇ ਸਮਰੱਥ ਹੈ ਜਿੰਨਾ ਅਸਲ ਰਾਜ ਬੋਦਾ ਅਤੇ ਕਮਜ਼ੋਰ ਹੈ। ਇਹ ਗੁੱਝਾ ਕਾਰਪੋਰੇਟ ਰਾਜ, ਸਮੇਤ ਇਸ ਦੇ ਅਮਲੇ ਦੀ ਸਿਖਲਾਈ ਦੇ (ਇਨ੍ਹਾਂ 'ਚ ਭਾਰੂ ਗਿਣਤੀ ਸਾਬਕਾ ਸਿਵਲ ਅਧਿਕਾਰੀਆਂ, ਸਿਆਸਤਦਾਨਾਂ ਅਤੇ ਫ਼ੌਜੀਆਂ ਦੀ ਹੈ) ਤਕਰੀਬਨ ਵਿਸ਼ੇਸ਼ ਤੌਰ 'ਤੇ ਜਨਤਾ ਦੇ ਵਸੀਲਿਆਂ ਨਾਲ ਉਸਾਰਿਆ ਗਿਆ ਹੈ [29] ਹਾਲਾਂਕਿ ਇਹ ਪੂਰੇ ਦਾ ਪੂਰਾ ਵਿਸ਼ਾਲ ਬੁਨਿਆਦੀ ਢਾਂਚਾ ਨਿੱਜੀ ਮਾਲਕੀ ਵਾਲਾ ਅਤੇ ਨਿੱਜੀ ਕਬਜ਼ੇ 'ਚ ਹੈ। ਜਿਨ੍ਹਾਂ ਨਾਗਰਿਕਾਂ ਦੇ ਫੰਡ ਇਸ ਦੇ ਲੇਖੇ ਲੱਗੇ ਹਨ ਉਨ੍ਹਾਂ ਦਾ ਇਸ ਸਮਾਂਤਰ ਆਰਥਿਕਤਾ ਜਾਂ ਇਸ ਦੇ ਵਸੀਲਿਆਂ ਉੱਪਰ ਕੋਈ ਹੱਕ ਨਹੀਂ ਹੈ।

ਇਸ ਦੌਰਾਨ, ਅਸਲ ਰਾਜ ਠੇਕੇਦਾਰ ਕੰਪਨੀਆਂ ਦੀ ਮਦਦ ਤੋਂ ਬਿਨਾ ਅਹਿਮ ਕਾਰਜ ਨਿਭਾਉਣ ਦੀ ਯੋਗਤਾ ਗੁਆ ਚੁੱਕਾ ਹੈ। ਇਸ ਦਾ ਆਪਣਾ ਢਾਂਚਾ ਵੇਲਾ ਵਿਹਾ ਚੁੱਕਾ ਹੈ ਅਤੇ ਇਸ ਦੇ ਬਿਹਤਰੀਨ ਮਾਹਰ ਨਿੱਜੀ ਖੇਤਰ 'ਚ ਚਲੇ ਗਏ ਹਨ। ਜਦੋਂ ਕੈਟਰਿਨਾ ਕਹਿਰ ਝੁੱਲਿਆ, ਫੇਮਾ ਨੂੰ ਕੰਪਨੀਆਂ ਨੂੰ ਠੇਕੇ ਦੇਣ ਲਈ ਵੀ ਇਕ ਠੇਕੇਦਾਰ ਕੰਪਨੀ ਦੀਆਂ ਸੇਵਾਵਾਂ ਮੁੱਲ ਲੈਣੀਆਂ ਪਈਆਂ ਸਨ। ਇਸੇ ਤਰ੍ਹਾਂ, ਜਦੋਂ ਫ਼ੌਜੀ ਕਾਇਦੇ-ਕਾਨੂੰਨ ਨੂੰ ਠੇਕੇਦਾਰ ਕੰਪਨੀਆਂ ਨਾਲ ਵਿਹਾਰ ਕਰਨ ਵਾਲੇ ਨਿਯਮਾਂ ਸਬੰਧੀ ਸਮੇਂ ਦਾ ਹਾਣੀ ਬਣਾਉਣ ਦਾ ਸਮਾਂ ਆਇਆ ਤਾਂ ਫ਼ੌਜ ਨੇ ਇਹ ਕੰਮ ਆਪਣੇ ਸੰਪਰਕ ਵਾਲੀ ਇਕ ਵੱਡੀ ਠੇਕੇਦਾਰ ਕੰਪਨੀ, ਐੱਮ ਪੀ ਆਰ ਆਈ ਨੂੰ ਠੇਕੇ 'ਤੇ ਦੇ ਦਿੱਤਾ—ਫ਼ੌਜ ਦੇ ਪੱਲੇ ਅਜਿਹੀ ਲੋੜੀਂਦੀ ਜਾਣਕਾਰੀ ਹੀ ਨਹੀਂ ਸੀ। ਸੀ ਆਈ ਏ ਦਾ ਅਮਲਾ ਐਨੀ ਵੱਡੀ ਗਿਣਤੀ 'ਚ ਸਮਾਂਤਰ ਜਾਸੂਸੀ ਖੇਤਰ, ਜੋ ਪੂਰੀ ਤਰ੍ਹਾਂ ਨਿੱਜੀ ਹੈ, 'ਚ ਜਾ ਰਿਹਾ ਹੈ ਕਿ ਇਸ ਨੂੰ ਆਪਣੇ ਅਮਲੇ ਨੂੰ ਲੰਗਰ ਹਾਲ ਵਿਚੋਂ ਠੇਕੇਦਾਰ ਕੰਪਨੀਆਂ ਵਲੋਂ ਪੱਟ ਲਿਜਾਣ ਦੇ ਵਰਤਾਰੇ 'ਤੇ ਰੋਕ ਲਾਉਣੀ ਪੈ ਗਈ। *ਦੀ ਲਾਸ ਏਂਜਲਸ ਟਾਈਮਜ਼* ਨੇ ਰਿਪੋਰਟ ਦਿੱਤੀ, "ਹੁਣੇ ਜਹੇ ਸੇਵਾ-ਮੁਕਤ ਹੋਏ ਇਕ ਕੇਸ ਅਧਿਕਾਰੀ ਦਾ ਕਹਿਣਾ ਸੀ ਕਿ ਜਦੋਂ ਉਹ ਕੌਫ਼ੀ ਲੈਣ ਲਈ ਕਤਾਰ 'ਚ ਲੱਗਾ ਹੋਇਆ ਸੀ ਤਾਂ ਉਸ ਤੱਕ ਦੋ ਵਾਰ ਪਹੁੰਚ ਕੀਤੀ ਗਈ।" ਅਤੇ ਜਦੋਂ ਅੰਦਰੂਨੀ ਸੁਰੱਖਿਆ ਵਿਭਾਗ ਨੇ ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀਆਂ ਅਮਰੀਕੀ ਸਰਹੱਦਾਂ 'ਤੇ "ਸੱਚੀਮੁੱਚੀਂ ਵਾੜ ਕਰਨ" ਦਾ ਫ਼ੈਸਲਾ ਕੀਤਾ ਤਾਂ ਵਿਭਾਗ ਦੇ ਡਿਪਟੀ ਸਕੱਤਰ ਮਾਈਕਲ ਪੀ ਜੈਕਸਨ ਨੇ ਠੇਕੇ ਲੈਣ ਵਾਲੀਆਂ ਕੰਪਨੀਆਂ ਨੂੰ ਦੱਸਿਆ, "ਇਹ ਵਿਸ਼ੇਸ਼ ਬੁਲਾਵਾ ਹੈ..... ਅਸੀਂ ਤੁਹਾਨੂੰ ਵਾਪਸ ਮੁੜਨ ਲਈ ਕਹਿ ਰਹੇ ਹਾਂ। ਆ ਕੇ ਸਾਨੂੰ ਦੱਸੋ ਆਪਾਂ ਇਹ ਕੰਮ ਕਿਵੇਂ ਕਰੀਏ।" ਵਿਭਾਗ ਦੇ ਇੰਸਪੈਕਟਰ ਜਨਰਲ ਨੇ ਇਸ ਦੀ ਵਿਆਖਿਆ ਕੀਤੀ ਕਿ "ਇਸ ਪ੍ਰੋਗਰਾਮ (ਸਰਹੱਦ

ਨੂੰ ਸੁਰੱਖਿਅਤ ਬਣਾਉਣ ਦੀ ਮੁਹਿੰਮ) ਦੀ ਕਾਰਗਰ ਯੋਜਨਾ ਬਣਾਉਣ, ਇਸ ਦੀ ਦੇਖ-ਰੇਖ ਕਰਨ ਅਤੇ ਇਸ ਨੂੰ ਅਮਲ 'ਚ ਲਿਆਉਣ ਲਈ ਲੋੜੀਂਦੀ ਸਮਰੱਥਾ" ਅੰਦਰੂਨੀ ਸੁਰੱਖਿਆ ਵਿਭਾਗ ਕੋਲ ਨਹੀਂ ਹੈ।[30]

ਬੁਸ਼ ਦੇ ਅਧੀਨ, ਰਾਜ ਕੋਲ ਹਾਲੇ ਵੀ ਸਰਕਾਰ ਦਾ ਪੂਰਾ ਸਾਜ਼-ਸਮਾਨ ਮੌਜੂਦ ਹੈ—ਠਾਠਦਾਰ ਇਮਾਰਤਾਂ, ਰਾਸ਼ਟਰਪਤੀ ਵਲੋਂ ਪ੍ਰੈੱਸ ਸੰਮੇਲਨ, ਨੀਤੀਆਂ ਬਣਾਉਣ ਦੇ ਰੱਫੜ—ਪਰ ਹੁਣ ਇਹ ਰਾਜ ਚਲਾਉਣ ਵਾਲਾ ਅਸਲ ਕੰਮ ਕੋਈ ਨਹੀਂ ਕਰਦੀ ਬਸ ਨਾਈਕੇ ਦੇ ਬੀਵਰਟਨ ਕੈਂਪਸ ਵਿਚ ਦੌੜਾਕ ਬੂਟਾਂ ਦੀ ਸਿਲਾਈ ਕਰਨ ਵਾਲੇ ਮੁਲਾਜ਼ਮਾਂ ਵਾਂਗ ਹੀ ਕੰਮ ਕਰਦੀ ਹੈ।

ਸਿਆਸਤਦਾਨਾਂ ਦੀ ਮੌਜੂਦਾ ਪੀੜੀ ਵਲੋਂ ਉਹ ਜ਼ਿੰਮੇਵਾਰੀਆਂ ਅਗਾਂਹ ਠੇਕੇ 'ਤੇ ਦੇਣ ਦੇ ਫ਼ੈਸਲੇ ਦੀਆਂ ਅਰਥ-ਸੰਭਾਵਨਾਵਾਂ ਕਿਸੇ ਇਕ ਸਰਕਾਰ ਤੱਕ ਸੀਮਤ ਨਹੀਂ ਰਹਿਣਗੀਆਂ ਜੋ ਲੋਕਾਂ ਦੇ ਚੁਣੇ ਨੁਮਾਇੰਦਿਆਂ ਵਲੋਂ ਨਿਭਾਈਆਂ ਜਾਂਦੀਆਂ ਹਨ। ਜਦੋਂ ਇਕ ਵਾਰ ਮੰਡੀ ਬਣ ਜਾਵੇ, ਫੇਰ ਇਸ ਦੀ ਰਾਖੀ ਕਰਨਾ ਜ਼ਰੂਰੀ ਹੋ ਜਾਂਦਾ ਹੈ। ਤਬਾਹੀਪਸੰਦ ਸਰਮਾਏਦਾਰੀ ਢਾਂਚੇ ਦਾ ਧੁਰਾ ਕੰਪਨੀਆਂ ਰਾਜ ਅਤੇ ਇਸ ਦੇ ਗ਼ੈਰ-ਮੁਨਾਫ਼ੇ ਵਾਲੇ ਕੰਮਾਂ ਦੋਵਾਂ ਨੂੰ ਜ਼ਿਆਦਾਤਰ ਆਪਣਾ ਸ਼ਰੀਕ ਮੰਨਦੀਆਂ ਹਨ—ਕਾਰਪੋਰੇਟ ਭਵਿੱਖ-ਨਕਸ਼ੇ ਅਨੁਸਾਰ, ਜਦੋਂ ਸਰਕਾਰਾਂ ਜਾਂ ਦਾਨੀ ਸੰਸਥਾਵਾਂ ਇਹ ਰਵਾਇਤੀ ਭੂਮਿਕਾ ਨਿਭਾਉਂਦੀਆਂ ਹਨ, ਤਾਂ ਇਸ ਦਾ ਭਾਵ ਹੈ ਕਿ ਇਹ ਇਨ੍ਹਾਂ ਕੰਮਾਂ ਨੂੰ ਠੇਕੇ 'ਤੇ ਲੈਣ ਵਾਲੀਆਂ ਕੰਪਨੀਆਂ ਦੇ ਸਪੁਰਦ ਕਰਨ ਤੋਂ ਇਨਕਾਰੀ ਹਨ ਜਿਨ੍ਹਾਂ ਨੂੰ ਕੰਪਨੀਆਂ ਮੁਨਾਫ਼ੇ ਨੂੰ ਮੁੱਖ ਰੱਖ ਕੇ ਆਪ ਕਰ ਸਕਦੀਆਂ ਹਨ।

"ਸੁਰੱਖਿਆ ਨਜ਼ਰ-ਅੰਦਾਜ਼ : ਅੰਦਰੂਨੀ ਸੁਰੱਖਿਆ ਦੀ ਮਦਦ ਲਈ ਨਿੱਜੀ ਖੇਤਰ ਨੂੰ ਲਾਮਬੰਦ ਕਰਨਾ" ਨਾਂ ਦੀ ਇਕ ਰਿਪੋਰਟ, ਜਿਸ ਦੀ ਸਲਾਹਕਾਰ ਕਮੇਟੀ ਵਿਚ ਸੁਰੱਖਿਆ ਖੇਤਰ ਦੀਆਂ ਕੁਝ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਸ਼ਾਮਲ ਸਨ, ਨੇ ਚੇਤਾਵਨੀ ਦਿੱਤੀ ਕਿ "ਆਫ਼ਤਾਂ ਦੇ ਪੀੜਤਾਂ ਨੂੰ ਹੰਗਾਮੀ ਸਹਾਇਤਾ ਦੇਣ ਦੀ ਕੇਂਦਰੀ ਸਰਕਾਰ ਦੀ ਹਮਦਰਦੀ ਵਾਲੀ ਇੱਛਾ ਕਾਰਨ ਜ਼ੋਖ਼ਮ ਨਾਲ ਨਜਿੱਠਣ ਬਾਰੇ ਮੰਡੀ ਦੀ ਪਹੁੰਚ 'ਤੇ ਮਾੜਾ ਅਸਰ ਪੈਂਦਾ ਹੈ।"[31] ਬਦੇਸ਼ੀ ਮਾਮਲਿਆਂ ਬਾਰੇ ਕੌਂਸਲ ਵਲੋਂ ਛਾਪੀ ਗਈ ਰਿਪੋਰਟ ਨੇ ਦਲੀਲ ਦਿੱਤੀ ਕਿ ਜਦੋਂ ਲੋਕਾਂ ਨੂੰ ਇਹ ਪਤਾ ਹੋਵੇ ਕਿ ਸਰਕਾਰ ਰਾਹਤ ਦਾ ਕੰਮ ਕਰੇਗੀ ਉਹ ਫੇਰ ਨਿੱਜੀ ਕੰਪਨੀਆਂ ਤੋਂ ਸੁਰੱਖਿਆ ਲੈਣ ਲਈ ਪੈਸੇ ਦੀ ਗੁੰਜਾਇਸ਼ ਨਹੀਂ ਰੱਖਦੇ। ਇਸੇ ਤਰ੍ਹਾਂ, ਕੈਟਰਿਨਾ ਤੂਫ਼ਾਨ ਤੋਂ ਬਾਅਦ, ਅਮਰੀਕਾ ਦੀਆਂ ਤੀਹ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਬਿਜਨੈੱਸ ਗੋਲ ਮੇਜ਼ ਦੀ ਛੱਤਰੀ ਹੇਠ ਇਕਜੁੱਟ ਹੋ ਗਏ। ਫਲੂਅਰ, ਬੈੱਚਟੈੱਲ ਅਤੇ ਸ਼ੈਵਰਨ ਇਸ ਦੇ ਮੈਂਬਰਾਂ 'ਚ ਸ਼ਾਮਲ ਸਨ। ਆਫ਼ਤਾਂ ਦੇ ਪ੍ਰਤੀਕਰਮ ਲਈ ਹਿੱਸੇਦਾਰੀ ਨਾਂ ਦੇ ਇਸ ਸਮੂਹ ਨੇ ਸ਼ਿਕਾਇਤ ਕੀਤੀ ਕਿ ਆਫ਼ਤਾਂ ਆਉਣ 'ਤੇ ਗ਼ੈਰ-ਮੁਨਾਫ਼ਾਕਾਰੀ ਖੇਤਰ ਇਸ ਵਿਚ "ਮਿਸ਼ਨ ਲਿਆ ਘਸੋੜਦਾ ਹੈ।" ਸਪਸ਼ਟ ਹੈ ਕਿ ਦਾਨੀ ਸੰਸਥਾਵਾਂ ਅਤੇ ਐੱਨ ਜੀ ਓ ਵਲੋਂ ਪੈਸੇ ਲੈ ਕੇ ਸਮਾਨ ਸਪਲਾਈ ਦੇਣ ਦੀ ਥਾਂ ਉਸਾਰੀ ਦਾ ਸਮਾਨ ਦਾਨ ਕਰਨ ਨਾਲ ਉਨ੍ਹਾਂ ਦੀ ਮੰਡੀ ਨੂੰ ਨੁਕਸਾਨ ਪਹੁੰਚਦਾ ਹੈ। ਇਸ ਦੌਰਾਨ, ਠੇਕੇ ਲੈ ਕੇ ਕੰਮ ਕਰਨ ਵਾਲੀਆਂ ਕੰਪਨੀਆਂ ਸੰਘ ਪਾੜ ਕੇ ਦਾਅਵੇ ਕਰਦੀਆਂ ਹਨ ਕਿ ਉਨ੍ਹਾਂ ਕੋਲ ਡਰਫ਼ੁਰ• 'ਚ ਅਮਨ ਬਹਾਲੀ ਦਾ ਕੰਮ ਕਰਨ ਲਈ ਸੰਯੁਕਤ ਰਾਸ਼ਟਰ ਨਾਲੋਂ ਬਿਹਤਰ ਸਾਜ਼-ਸਮਾਨ ਹੈ।[32]

ਇਹ ਨਵਾਂ ਹਮਲਾਵਰ ਰੁਖ ਜ਼ਿਆਦਾਤਰ ਇਸ ਤੱਥ ਤੋਂ ਪੈਦਾ ਹੁੰਦਾ ਹੈ ਕਿ ਕਾਰਪੋਰੇਟ

• ਸੂਡਾਨ ਦਾ ਲੰਮੇ ਸਮੇਂ ਤੋਂ ਖ਼ਾਨਾਜੰਗੀ ਦਾ ਸ਼ਿਕਾਰ ਖੇਤਰ—ਅਨੁਵਾਦਕ

ਜਗਤ ਨੂੰ ਪਤਾ ਹੈ ਕਿ ਫੈਡਰਲ ਸਰਕਾਰ ਦੇ ਬੇਅੰਤ ਠੇਕਿਆਂ ਦਾ ਸੁਨਹਿਰੀ ਯੁੱਗ ਲੰਮਾ ਸਮਾਂ ਰਹਿਣ ਵਾਲਾ ਨਹੀਂ ਹੈ। ਅਮਰੀਕੀ ਸਰਕਾਰ ਆਰਥਕ ਸੰਕਟ ਵੱਲ ਵਧ ਰਹੀ ਹੈ, ਇਸ ਵਿਚ ਘਾਟੇ ਵਾਲੇ ਬਜਟ ਵਿਚੋਂ ਖ਼ਰਚ ਕਰਨ ਦੀ ਵੀ ਛੋਟੀ ਭੂਮਿਕਾ ਨਹੀਂ ਹੈ ਜਿਸ ਨੇ ਨਿੱਜੀ ਕੰਟਰੋਲ ਵਾਲੀ ਤਬਾਹੀ ਅਧਾਰਤ ਆਰਥਿਕਤਾ ਉਸਾਰਨ 'ਚ ਵਿਤੀ ਮਦਦ ਕੀਤੀ ਹੈ। ਇਸ ਦਾ ਭਾਵ ਹੈ ਕਿ ਦੇਰ-ਸਵੇਰ, ਠੇਕਿਆਂ ਦੀ ਗਿਣਤੀ ਚੋਖੀ ਘਟ ਜਾਵੇਗੀ। 2006 ਦੇ ਅਖ਼ੀਰ 'ਚ, ਸੁਰੱਖਿਆ ਵਿਸ਼ਲੇਸ਼ਣਕਾਰਾਂ ਨੇ ਪੇਸ਼ੀਨਗੋਈ ਕਰਨੀ ਸ਼ੁਰੂ ਕਰ ਦਿੱਤੀ ਸੀ ਕਿ ਅਗਲੇ ਦਹਾਕੇ 'ਚ ਪੈਂਟਾਗਾਨ ਦਾ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਵਾਲਾ ਬਜਟ 25 ਫ਼ੀ ਸਦੀ ਤੱਕ ਘਟ ਸਕਦਾ ਹੈ।[33]

ਜਦੋਂ ਤਬਾਹੀ ਅਧਾਰਤ ਆਰਥਿਕਤਾ ਦਾ ਬੁਲਬੁਲਾ ਫਟ ਗਿਆ ਤਾਂ ਬੈੱਚਟੈੱਲ, ਫਲੂਅਰ ਅਤੇ ਬਲੈਕਵਾਟਰ ਵਰਗੀਆਂ ਕੰਪਨੀਆਂ ਦੀ ਮੂਲ ਆਮਦਨ ਦਾ ਸੋਮਾ ਜ਼ਿਆਦਾਤਰ ਖ਼ਤਮ ਹੋ ਜਾਵੇਗਾ। ਉਨ੍ਹਾਂ ਕੋਲ ਟੈਕਸ ਦੇਣ ਵਾਲਿਆਂ ਦੀ ਕੀਮਤ 'ਤੇ ਹਾਸਲ ਕੀਤਾ ਹਰ ਤਰ੍ਹਾਂ ਦਾ ਉੱਚ-ਤਕਨੀਕੀ ਸੰਦ-ਸੰਦੇੜਾ ਅਤੇ ਔਜ਼ਾਰ ਮੌਜੂਦ ਹੋਣਗੇ ਪਰ ਆਪਣੇ ਉੱਚ ਲਾਗਤ ਖ਼ਰਚੇ ਪੂਰੇ ਕਰਨ ਲਈ ਉਨ੍ਹਾਂ ਨੂੰ ਕਾਰੋਬਾਰ ਦੇ ਨਵੇਂ ਮਾਡਲ ਦੀ ਲੋੜ ਪਵੇਗੀ। ਤਬਾਹੀਪਸੰਦ ਸਰਮਾਏਦਾਰੀ ਨੂੰ ਅਗਲਾ ਪੜਾਅ ਵੀ ਪੂਰੀ ਤਰ੍ਹਾਂ ਸਪਸ਼ਟ ਹੈ : ਆਫ਼ਤਾਂ 'ਚ ਵਾਧਾ ਹੋਣ ਨਾਲ, ਸਰਕਾਰ ਹੁਣ ਬਿੱਲਾਂ ਦਾ ਬੋਝ ਨਹੀਂ ਚੁੱਕ ਸਕੇਗੀ, ਨਾਗਰਿਕ 'ਕੁਝ ਨਹੀਂ ਹੋ ਸਕਦਾ' ਦੀ ਲਾਚਾਰੀ ਦੀ ਹਾਲਤ 'ਚ ਫਸੇ ਹੋਣਗੇ, ਇਸ ਹਾਲਤ 'ਚ ਸਮਾਂਤਰ ਕਾਰਪੋਰੇਟ ਰਾਜ ਰਾਹਤ ਦਾ ਢਾਂਚਾ ਉਸ ਨੂੰ ਕਿਰਾਏ ਉੱਤੇ ਦੇਵੇਗਾ ਜਿਹੜਾ ਇਸ ਦਾ ਮੁੱਲ ਤਾਰ ਸਕੇ ਅਤੇ ਮੰਡੀ ਇਸ ਨੂੰ ਸਹਿਣ ਕਰ ਸਕੇ। ਸਿੱਧਾ ਛੱਤ ਤੋਂ ਹੈਲੀਕਾਪਟਰ 'ਤੇ ਬੈਠਾਉਣ ਤੋਂ ਲੈ ਕੇ ਰਾਹਤ ਦੀਆਂ ਠਾਹਰਾਂ ਦੇ ਬਿਸਤਰਿਆਂ ਤੱਕ ਪੀਣ ਵਾਲਾ ਪਾਣੀ ਪਹੁੰਚਾਉਣ ਤੱਕ ਹਰ ਚੀਜ਼ ਵੇਚੀ ਜਾਵੇਗੀ।

ਪੈਸਾ ਪਹਿਲਾਂ ਹੀ ਜ਼ਿਆਦਾਤਰ ਆਫ਼ਤਾਂ ਤੋਂ ਬਚਣ ਦਾ ਰਾਹ ਮੁਹੱਈਆ ਕਰਵਾ ਰਿਹਾ ਹੈ—ਇਸ ਨਾਲ ਸੁਨਾਮੀ ਦੀ ਮਾਰ ਹੇਠ ਆਉਣ ਵਾਲੇ ਖੇਤਰਾਂ ਲਈ ਅਗਾਊਂ ਚੇਤਾਵਨੀ ਵਾਲੀ ਪ੍ਰਣਾਲੀ ਖ਼ਰੀਦੀ ਜਾ ਸਕਦੀ ਹੈ ਅਤੇ ਇਸ ਨਾਲ ਅਗਲੀ ਮਹਾਂਮਾਰੀ ਫੈਲਣ ਤੋਂ ਬਚਣ ਲਈ ਟਾਮੀਫਲੂ ਦਵਾਈ ਜਮਾਂ ਕੀਤੀ ਜਾ ਸਕਦੀ ਹੈ। ਪੈਸੇ ਵਾਲਾ ਬੰਦਾ ਬੋਤਲ ਬੰਦ ਪਾਣੀ, ਜਨਰੇਟਰ, ਸੈਟੇਲਾਈਟ ਫ਼ੋਨ ਅਤੇ ਸੁਰੱਖਿਆ ਅਮਲੇ ਦੀਆਂ ਸੇਵਾਵਾਂ ਖ਼ਰੀਦ ਲੈਂਦਾ ਹੈ। 2006 'ਚ ਲਿਬਨਾਨ ਉੱਪਰ ਇਸਰਾਇਲੀ ਹਮਲੇ ਸਮੇਂ, ਸ਼ੁਰੂ 'ਚ ਅਮਰੀਕੀ ਸਰਕਾਰ ਨੇ ਆਪਣੇ ਹੀ ਨਾਗਰਿਕਾਂ ਨੂੰ ਉੱਥੋਂ ਸੁਰੱਖਿਅਤ ਬਾਹਰ ਕੱਢਣ ਦਾ ਮੁੱਲ ਵਸੂਲਣ ਦਾ ਯਤਨ ਕੀਤਾ, ਹਾਲਾਂਕਿ ਅੰਤ 'ਚ ਇਹ ਪਿੱਛੇ ਹਟਣ ਲਈ ਮਜਬੂਰ ਹੋ ਗਈ।[34] ਜੇ ਅਸੀਂ ਇਸ ਦਿਸ਼ਾ 'ਚ ਤੁਰੇ ਰਹਿੰਦੇ ਹਾਂ ਤਾਂ ਨਿਊ ਔਰਲੀਨਜ਼ ਦੀਆਂ ਛੱਤਾਂ 'ਤੇ ਚੜ੍ਹੇ ਲੋਕਾਂ ਦਾ ਦ੍ਰਿਸ਼ ਨਾ ਸਿਰਫ਼ ਅਮਰੀਕਾ ਦੇ ਨਸਲੀ ਨਾਬਰਾਬਰੀ ਵਾਲੇ ਅਣਸੁਲਝੇ ਬੀਤੇ ਦੀ ਸਗੋਂ ਆਫ਼ਤਾਂ ਦੇ ਵਿਤਕਰੇ ਭਰੇ ਸਮੂਹਕ ਭਵਿੱਖ ਦੀ ਅਗਾਊਂ ਝਲਕ ਵੀ ਹੋਵੇਗਾ ਜਿਸ ਵਿਚ ਕਿਸੇ ਦਾ ਬਚਾਅ ਇਸ ਤੋਂ ਤੈਅ ਹੁੰਦਾ ਹੈ ਕਿ ਉਹ ਬਚਾਅ ਦੇ ਸਾਧਨ ਖ਼ਰੀਦਣ ਦੇ ਸਮਰੱਥ ਹੈ ਜਾਂ ਨਹੀਂ।

ਆਉਣ ਵਾਲੀਆਂ ਵਾਤਾਵਰਣੀ ਅਤੇ ਸਿਆਸੀ ਤਬਾਹੀਆਂ ਦੇ ਮੱਦੇ-ਨਜ਼ਰ ਅਕਸਰ ਹੀ ਅਸੀਂ ਮੰਨ ਕੇ ਚੱਲਦੇ ਹਾਂ ਕਿ ਸਾਨੂੰ ਸਾਰਿਆਂ ਨੂੰ ਇਨ੍ਹਾਂ ਦਾ ਸਾਹਮਣਾ ਸਾਂਝੇ ਤੌਰ 'ਤੇ ਕਰਨਾ ਪੈਣਾ ਹੈ, ਕਿ ਲੋੜ ਐਸੇ ਆਗੂਆਂ ਦੀ ਹੈ ਜੋ ਉਸ ਤਬਾਹਕੁਨ ਅਮਲ ਨੂੰ ਬੂਝ ਲੈਣ ਜਿਸ 'ਚ ਅਸੀਂ ਪਏ ਹੋਏ ਹਾਂ। ਪਰ ਮੈਂ ਐਨਾ ਯਕੀਨ ਨਾਲ ਨਹੀਂ ਕਹਿ ਸਕਦੀ। ਸਾਡਾ ਜ਼ਿਆਦਾਤਰ ਕੁਲੀਨ ਵਰਗ, ਸਿਆਸੀ ਅਤੇ ਕਾਰਪੋਰੇਟ ਆਗੂ, ਵਾਤਾਵਰਣ ਦੀ ਤਬਦੀਲੀ ਬਾਰੇ ਐਨਾ ਉਤਸ਼ਾਹੀ ਕਿਉਂ ਹੈ

ਇਸ ਦੀ ਇਕ ਵਜ੍ਹਾ ਸ਼ਾਇਦ ਇਹ ਹੈ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਸਿਰੇ ਦੀ ਮਾੜੀ ਹਾਲਤ ਹੋਣ 'ਤੇ ਵੀ ਉਹ ਆਪਣਾ ਬਚਾਅ ਕਰਨ ਦੇ ਸਾਧਨ ਖ਼ਰੀਦ ਲੈਣਗੇ। ਇਕ ਹੱਦ ਤੱਕ ਇਸ ਤੋਂ ਇਹ ਵੀ ਪਤਾ ਚੱਲ ਸਕਦਾ ਹੈ ਕਿ ਬੁਸ਼ ਦੇ ਐਨੇ ਜ਼ਿਆਦਾ ਹਮਾਇਤੀ ਸੰਸਾਰ ਦੇ ਵਿਨਾਸ਼ 'ਚ ਵਿਸ਼ਵਾਸ ਰੱਖਣ ਵਾਲੇ ਈਸਾਈ ਕਿਉਂ ਹਨ। ਗੱਲ ਐਨੀ ਹੀ ਨਹੀਂ ਹੈ ਕਿ ਐਸਾ ਵਿਸ਼ਵਾਸ ਉਨ੍ਹਾਂ ਦੀ ਆਪਣੀ ਲੋੜ ਹੈ ਕਿ ਜਿਸ ਤਰ੍ਹਾਂ ਦੀ ਦੁਨੀਆਂ ਉਹ ਬਣਾ ਰਹੇ ਹਨ ਉਸ ਤੋਂ ਬਚ ਨਿਕਲਣ ਦਾ ਇਹੀ ਰਸਤਾ ਹੈ। ਮਾਮਲਾ ਇਹ ਹੈ ਕਿ ਈਸਾ ਦੇ ਪੁਨਰ-ਜਨਮ ਲੈਣ ਸਮੇਂ ਸੱਚੇ ਈਸਾਈਆਂ ਨੂੰ ਸੁਰਗਾਂ 'ਚ ਲਿਜਾਣ ਦੀ ਕਹਾਵਤ ਉਸ ਉਸਾਰੀ 'ਤੇ ਢੁੱਕਦੀ ਹੈ ਜੋ ਉਹ ਇੱਥੇ ਕਰ ਰਹੇ ਹਨ—ਐਸਾ ਪ੍ਰਬੰਧ ਜੋ ਤਬਾਹੀ ਅਤੇ ਆਫ਼ਤ ਨੂੰ ਸੱਦਾ ਦਿੰਦਾ ਹੈ, ਫੇਰ ਇਹ ਨਿੱਜੀ ਹੈਲੀਕਾਪਟਰ ਲੈ ਕੇ ਆ ਧਮਕਦਾ ਹੈ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਦੋਸਤਾਂ ਨੂੰ ਸਰਬੋਤਮ ਸੁਰੱਖਿਆ ਦੀ ਬੁੱਕਲ 'ਚ ਲੈ ਜਾਂਦਾ ਹੈ।

ਜਦੋਂ ਠੇਕੇ ਲੈਣ ਵਾਲੀਆਂ ਕੰਪਨੀਆਂ ਦੀ ਆਮਦਨੀ ਦੇ ਬਦਲਵੇਂ ਪੱਕੇ ਸਾਧਨ ਵਿਕਸਤ ਕਰਨ ਦੀ ਦੌੜ ਲੱਗੀ ਹੋਈ ਹੈ ਤਾਂ ਅਜਿਹਾ ਇਕ ਸਾਧਨ ਹੋਰ ਕਾਰਪੋਰੇਸ਼ਨਾਂ ਨੂੰ ਆਫ਼ਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਣ ਦਾ ਹੈ। ਇਰਾਕ ਜਾਣ ਤੋਂ ਪਹਿਲਾਂ ਪਾਲ ਬਰੈਮਰ ਦੀ ਵਪਾਰਕ ਲਾਈਨ ਇਹੀ ਸੀ : ਬਹੁ-ਕੌਮੀ ਕੰਪਨੀਆਂ ਨੂੰ ਸੁਰੱਖਿਆ ਕਾਰੋਬਾਰ ਰੂਪੀ ਬੁਲਬੁਲੇ ਬਣਾਉਣਾ ਜੋ ਓਦੋਂ ਵੀ ਮੋਕਲੇ ਰੂਪ 'ਚ ਕੰਮ ਕਰ ਸਕਣ ਜਦੋਂ ਇਨ੍ਹਾਂ ਦੇ ਚਾਰ-ਚੁਫੇਰੇ ਉਹ ਰਾਜ ਤਬਾਹ ਹੋ ਰਹੇ ਹੋਣ ਜਿਨ੍ਹਾਂ ਅੰਦਰ ਇਨ੍ਹਾਂ ਦੇ ਕਾਰੋਬਾਰ ਹਨ। ਇਸ ਦੇ ਮੁੱਢਲੇ ਸਿੱਟੇ ਨਿਊ ਯਾਰਕ ਜਾਂ ਲੰਦਨ ਦੀਆਂ ਬਹੁਤ ਸਾਰੇ ਵੱਡੇ ਦਫ਼ਤਰਾਂ ਦੀਆਂ ਮੁਲਾਕਾਤੀ ਡਿਓੜੀਆਂ 'ਚ ਦੇਖੇ ਜਾ ਸਕਦੇ ਹਨ—ਲਾਜ਼ਮੀ ਫੋਟੋ ਸ਼ਨਾਖ਼ਤੀ ਕਾਰਡ ਅਤੇ ਐਕਸਰੇ ਮਸ਼ੀਨਾਂ ਨਾਲ ਲੈਸ ਹਵਾਈ ਅੱਡੇ ਦੀ ਤਰਜ਼ ਦੇ ਮੁਕੰਮਲ ਤਲਾਸ਼ੀ ਇੰਤਜ਼ਾਮ—ਪਰ ਇਸ ਸਨਅਤ ਦੇ ਦਾਈਏ ਕਿਤੇ ਵੱਡੇ ਹਨ। ਇਨ੍ਹਾਂ ਵਿਚ ਨਿੱਜੀਕਰਨ ਕੀਤੀਆਂ ਆਲਮੀ ਸੰਚਾਰ ਪ੍ਰਣਾਲੀਆਂ, ਹੰਗਾਮੀ ਸਿਹਤ ਅਤੇ ਬਿਜਲੀ ਸੇਵਾਵਾਂ ਅਤੇ ਵੱਡੀ ਆਫ਼ਤ ਦੌਰਾਨ ਆਲਮੀ ਕਾਮਿਆਂ ਦੀ ਢੋਆ-ਢੁਆਈ ਦੇ ਇੰਤਜ਼ਾਮ ਕਰਨਾ ਅਤੇ ਇਹ ਸੇਵਾਵਾਂ ਮੁਹੱਈਆ ਕਰਨਾ ਸ਼ਾਮਲ ਹੈ। ਤਬਾਹੀਪਸੰਦ ਸਰਮਾਏਦਾਰੀ ਉਸਾਰ ਨੇ ਵਾਧੇ ਦੀ ਸੰਭਾਵਨਾ ਵਾਲੇ ਜਿਸ ਇਕ ਹੋਰ ਖੇਤਰ ਦੀ ਨਿਸ਼ਾਨਦੇਹੀ ਕੀਤੀ ਹੈ ਉਹ ਹੈ ਸ਼ਹਿਰ ਪੱਧਰ ਦਾ ਪ੍ਰਸ਼ਾਸਨ : ਪੁਲਿਸ ਅਤੇ ਅੱਗ-ਬੁਝਾਊ ਮਹਿਕਮੇ ਨਿੱਜੀ ਸੁਰੱਖਿਆ ਕੰਪਨੀਆਂ ਨੂੰ ਠੇਕੇ 'ਤੇ ਦੇਣਾ। ਲਾਕਹੀਡ ਮਾਰਟਿਨ ਦੇ ਇਕ ਬੁਲਾਰੇ ਨੇ ਨਵੰਬਰ 2004 ਵਿਚ ਕਿਹਾ ਸੀ, "ਜੋ ਕੁਝ (ਫ਼ੌਜ ਦੇ ਕੰਮ) ਉਹ ਫਲੂਜਾ ਸ਼ਹਿਰ ਦੇ ਸਭ ਤੋ ਅਹਿਮ ਇਲਾਕੇ ਵਿਚ ਫ਼ੌਜ ਦੀ ਖ਼ਾਤਰ ਕਰ ਰਹੀਆਂ ਹਨ ਉਹ ਰੈਨੋ ਸ਼ਹਿਰ ਵਿਚ ਪੁਲਿਸ ਲਈ ਵੀ ਕਰ ਸਕਦੀਆਂ ਹਨ।"[35]

ਸਨਅਤੀ ਖੇਤਰ ਦੀ ਪੇਸ਼ੀਨਗੋਈ ਹੈ ਕਿ ਅਗਲੇ ਦਹਾਕੇ ਵਿਚ ਇਨ੍ਹਾਂ ਨਵੀਂਆਂ ਮੰਡੀਆਂ ਦਾ ਹੈਰਾਨੀਜਨਕ ਰੂਪ 'ਚ ਵਧਾਰਾ-ਪਸਾਰਾ ਹੋਵੇਗਾ। ਇਹ ਰੁਝਾਨ ਕਿਸ ਪਾਸੇ ਲਿਜਾ ਰਹੇ ਹਨ ਇਸ ਦੀ ਸਪਸ਼ਟ ਦ੍ਰਿਸ਼ਟੀ ਜੌਹਨ ਰੌਬ ਨੇ ਮੁਹੱਈਆ ਕੀਤੀ ਹੈ, ਜੋ ਡੈਲਟਾ ਫੋਰਸ ਦੀਆਂ ਗੁਪਤ ਮੁਹਿੰਮਾਂ ਦਾ ਸਾਬਕਾ ਕਮਾਂਡਰ ਹੁੰਦਾ ਸੀ ਅਤੇ ਹੁਣ ਸਫ਼ਲ ਪ੍ਰਬੰਧਕੀ ਸਲਾਹਕਾਰ ਬਣ ਚੁੱਕਾ ਹੈ। *ਫਾਸਟ ਕੰਪਨੀ* ਰਸਾਲੇ ਦੇ ਵਿਸ਼ਾਲ ਗਿਣਤੀ ਤੱਕ ਵੰਡੇ ਗਏ ਐਲਾਨਨਾਮੇ 'ਚ ਉਹ ਦਹਿਸ਼ਤਵਾਦ ਵਿਰੁੱਧ ਜੰਗ ਦੇ "ਅੰਤਮ ਸਿੱਟੇ" ਨੂੰ ਕੌਮੀ ਸੁਰੱਖਿਆ ਪ੍ਰਤੀ "ਇਕ ਨਵੀਂ, ਵੱਧ ਲਚਕੀਲੀ ਪਹੁੰਚ" ਬਿਆਨ ਕਰਦਾ ਹੈ, "ਜਿਸ ਦੀ ਉਸਾਰੀ ਰਾਜ ਦੇ ਆਲੇ-ਦੁਆਲੇ ਨਹੀਂ ਸਗੋਂ

ਵਿਅਕਤੀਗਤ ਨਾਗਰਿਕਾਂ ਅਤੇ ਨਿੱਜੀ ਕੰਪਨੀਆਂ ਦੇ ਆਲੇ-ਦੁਆਲੇ ਕੀਤੀ ਗਈ ਹੈ.... ਸੁਰੱਖਿਆ ਉੱਥੋਂ ਦਾ ਸਰੋਕਾਰ ਹੋਵੇਗਾ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਜਿਨ੍ਹਾਂ ਖ਼ਾਤਰ ਤੁਸੀਂ ਕੰਮ ਕਰਦੇ ਹੋ, ਜਿਵੇਂ ਸਿਹਤ ਸੇਵਾਵਾਂ ਬਾਰੇ ਪਹਿਲਾਂ ਹੀ ਚੋਖਾ ਤੈਅ ਹੋ ਚੁੱਕਾ ਹੈ।"[36]

ਰੌਬ ਲਿਖਦਾ ਹੈ, "ਸਾਡੇ ਸਾਂਝੇ ਪ੍ਰਬੰਧ ਨੂੰ ਪਹਿਲੀ ਵਿਤੀ ਰਾਹਤ ਤਾਂ ਧਨਾਢ ਵਿਅਕਤੀ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਵਲੋਂ ਮਿਲੇਗੀ, ਜੋ ਇਸ ਦੀ ਥਾਂ ਆਪਣੀਆਂ ਰਿਹਾਇਸ਼ਾਂ ਅਤੇ ਸਹੂਲਤਾਂ ਦੀ ਸੁਰੱਖਿਆ ਲਈ ਬਲੈਕਵਾਟਰ ਅਤੇ ਟ੍ਰਿਪਲ ਕੈਨੋਪੀ ਵਰਗੀਆਂ ਨਿੱਜੀ ਕੰਪਨੀਆਂ ਤੋਂ ਸੇਵਾਵਾਂ ਖ਼ਰੀਦਣ ਨੂੰ ਪਹਿਲ ਦੇਣਗੇ ਅਤੇ ਰੋਜ਼ਮਰਾ ਜ਼ਿੰਦਗੀ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਬਣਾਉਣਗੇ। ਆਵਾਜਾਈ ਦਾ ਸਮਾਂਤਰ ਤਾਣਾਬਾਣਾ—ਜੋ ਵਾਰੇਨ ਬਫੈੱਟਸ ਦੀ ਨੈੱਟ ਜੈੱਟ ਸੇਵਾ ਵਰਗੀਆਂ ਹਵਾਈ ਜਹਾਜ਼ ਕੰਪਨੀਆਂ ਵਿਚੋਂ ਉੱਭਰੇਗਾ ਜਿਨ੍ਹਾਂ ਦੀ ਮਾਲਕੀ ਸਮੇਂ ਦੀ ਵੰਡ ਅਧਾਰਤ ਹੈ—ਇਸ ਹਿੱਸੇ ਨੂੰ ਸੇਵਾਵਾਂ ਮੁਹੱਈਆ ਕਰੇਗਾ, ਇਹ ਆਪਣੇ ਮੈਂਬਰਾਂ ਨੂੰ ਇਕ ਸੁਰੱਖਿਅਤ, ਤੈਅਸ਼ੁਦਾ ਉਡਾਣ ਸਥਾਨ ਤੋਂ ਜਹਾਜ਼ ਵਿਚ ਬੈਠਾ ਕੇ ਝਟਪਟ ਅਗਲੇ ਸਥਾਨ 'ਤੇ ਪਹੁੰਚਾ ਦੇਵੇਗਾ।" ਇਹ ਕੁਲੀਨ ਜਗਤ ਪਹਿਲਾਂ ਹੀ ਵਾਹਵਾ ਹੱਦ ਤੱਕ ਆਪਣੀ ਥਾਂ ਬਣਾ ਚੁੱਕਾ ਹੈ, ਪਰ ਰੌਬ ਪੇਸ਼ੀਨਗੋਈ ਕਰਦਾ ਹੈ ਕਿ ਛੇਤੀ ਹੀ ਮੱਧ ਵਰਗ ਇਸ ਨੂੰ ਅਪਣਾ ਲਵੇਗਾ ਅਤੇ "ਸੁਰੱਖਿਆ ਦੇ ਲਾਗਤ ਖ਼ਰਚੇ ਵੰਡਾਉਣ ਵਾਲਾ ਉੱਪ-ਸ਼ਹਿਰੀ ਸਮੂਹ ਬਣ ਜਾਵੇਗਾ।" "ਬਚਾਅ ਦੇ ਸਾਧਨਾਂ ਨਾਲ ਲੈਸ ਇਸ ਉੱਪ-ਸ਼ਹਿਰੀ ਖੇਤਰ" ਕੋਲ ਹੰਗਾਮੀ ਹਾਲਤ 'ਚ ਕੰਮ ਆਉਣ ਵਾਲੇ ਜਨਰੇਟਰਾਂ ਅਤੇ ਸੰਚਾਰ ਸਾਧਨਾਂ ਦੀਆਂ ਸਹੂਲਤਾਂ ਹੋਣਗੀਆਂ" ਅਤੇ ਇੱਥੇ ਨਿੱਜੀ ਮਿਲੀਸ਼ੀਆ ਗਸ਼ਤ ਕਰੇਗੀ "ਜਿਸ ਨੇ ਕਾਰਪੋਰੇਟ ਸਿਖਲਾਈ ਲਈ ਹੋਈ ਹੈ ਅਤੇ ਜਿਸ ਨੂੰ ਆਪਣੇ ਆਧੁਨਿਕ ਹੰਗਾਮੀ ਹਾਲਤ 'ਚ ਵਰਤੇ ਜਾਣ ਵਾਲੇ ਰਾਹਤ ਇੰਤਜ਼ਾਮਾਂ 'ਤੇ ਮਾਣ ਹੈ।"

ਰੌਬ ਦਾ ਬਿਆਨ ਕੀਤਾ ਭਵਿੱਖ ਨਿਊ ਔਰਲੀਨਜ਼ ਦੇ ਵਰਤਮਾਨ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਹੈ, ਜਿੱਥੇ ਦੋ ਬਹੁਤ ਹੀ ਵੱਖਰੀ ਤਰ੍ਹਾਂ ਦੀਆਂ ਗੇਟਬੰਦ ਬਸਤੀਆਂ ਮਲਬੇ ਦੀ ਥਾਂ ਉੱਭਰ ਆਈਆਂ ਸਨ। ਇਕ ਪਾਸੇ ਫੇਮਾ ਦੇ ਬਣਾਏ ਅਖੌਤੀ ਬੰਗਲੇ ਹਨ : ਗਰੀਬ ਤੂਫ਼ਾਨ ਪੀੜਤਾਂ ਦੇ ਸ਼ਹਿਰ ਤੋਂ ਹਟਵੇਂ, ਬੇਰੌਣਕ ਆਰਜ਼ੀ ਖ਼ੇਮੇ ਜੋ ਬੈੱਚਟੈੱਲ ਜਾਂ ਫਲੂਅਰ ਨੇ ਠੇਕੇ 'ਤੇ ਬਣਾਏ ਸਨ। ਇਨ੍ਹਾਂ ਦਾ ਪ੍ਰਸ਼ਾਸਨ ਨਿੱਜੀ ਸੁਰੱਖਿਆ ਕੰਪਨੀਆਂ ਦੇ ਹੱਥ 'ਚ ਸੀ ਜਿਸ ਦੇ ਮੁਲਾਜ਼ਮ ਬੱਜਰੀ ਦੇ ਢੇਰਾਂ 'ਚ ਗਸ਼ਤ ਕਰਦੇ ਰਹਿੰਦੇ, ਆਉਣ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਉਂਦੇ, ਪੱਤਰਕਾਰਾਂ ਨੂੰ ਪਰ੍ਹਾਂ ਰੱਖਦੇ ਅਤੇ ਤੂਫ਼ਾਨ ਤੋਂ ਬਚੇ ਲੋਕਾਂ ਨਾਲ ਮੁਜਰਮਾਂ ਵਾਂਗ ਵਰਤਾਓ ਕਰਦੇ। ਦੂਜੇ ਪਾਸੇ, ਸ਼ਹਿਰ ਦੇ ਅਮੀਰ ਇਲਾਕਿਆਂ 'ਚ ਉਸਾਰੀਆਂ ਬਸਤੀਆਂ ਸਨ, ਜਿਵੇਂ ਆਡੂਬੌਨ ਅਤੇ ਦੀ ਗਾਰਡਨ ਡਿਸਟ੍ਰਿਕ, ਨਿੱਜੀ ਸੇਵਾਵਾਂ ਦੇ ਬੁਲਬੁਲੇ, ਜਿਹੜੇ ਰਾਜ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤੇ ਗਏ ਮਹਿਸੂਸ ਹੁੰਦੇ ਹਨ। ਤੂਫ਼ਾਨ ਆਉਣ ਤੋਂ ਹਫ਼ਤਿਆਂ ਦੇ ਅੰਦਰ ਹੀ, ਇੱਥੋਂ ਦੇ ਬਾਸ਼ਿੰਦਿਆਂ ਨੂੰ ਪਾਣੀ ਅਤੇ ਹੰਗਾਮੀ ਹਾਲਤ 'ਚ ਚਲਾਏ ਜਾਣ ਲਈ ਤਾਕਤਵਰ ਜਨਰੇਟਰ ਮੁਹੱਈਆ ਕਰ ਦਿੱਤੇ ਗਏ ਸਨ। ਇਨ੍ਹਾਂ ਦੇ ਬੀਮਾਰਾਂ ਦਾ ਇਲਾਜ ਨਿੱਜੀ ਹਸਪਤਾਲਾਂ 'ਚ ਹੋ ਰਿਹਾ ਸੀ ਅਤੇ ਇਨ੍ਹਾਂ ਦੇ ਬੱਚਿਆਂ ਦੀ ਨਵੇਂ ਫੀਸਾਂ ਉਗਰਾਹੁਣ ਵਾਲੇ ਸਕੂਲਾਂ 'ਚ ਪੜ੍ਹਾਈ ਸ਼ੁਰੂ ਹੋ ਗਈ। ਆਮ ਵਾਂਗ, ਇਨ੍ਹਾਂ ਨੂੰ ਜਨਤਕ ਆਵਾਜਾਈ ਸਾਧਨਾਂ ਦੀ ਲੋੜ ਨਹੀਂ ਸੀ। ਨਵੇਂ ਔਰਲੀਨਜ਼ ਸ਼ਹਿਰੀ ਉੱਪ ਖੇਤਰ ਸੇਂਟ ਬਰਨਾਰਡ ਪੈਰਿਸ਼ 'ਚ ਡਾਈਨ ਕਾਰਪ ਨੇ ਪੁਲਿਸ ਦੇ ਜ਼ਿਆਦਾਤਰ ਕੰਮਾਂ 'ਤੇ ਕਬਜ਼ਾ ਕਰ ਲਿਆ ਸੀ; ਹੋਰ ਬਸਤੀਆਂ ਵਾਲਿਆਂ ਨੇ ਸੁਰੱਖਿਆ ਕੰਪਨੀਆਂ ਤੋਂ ਸਿੱਧੇ ਰੂਪ 'ਚ ਸੁਰੱਖਿਆ ਖ਼ਰੀਦ ਲਈ ਸੀ। ਨਿਊ ਔਰਲੀਨਜ਼ ਨਿੱਜੀਕਰਨ ਹੋ ਚੁੱਕੇ ਕੁਲ-ਅਖ਼ਤਿਆਰ ਰਾਜਾਂ ਵਿਚਕਾਰ

ਅਸੁਰੱਖਿਅਤ ਖੇਤਰ ਦਾ ਬਦਲਵਾਂ ਰੂਪ ਸੀ ਜਿੱਥੇ ਕਤਲਾਂ ਦੀ ਦਰ ਬਹੁਤ ਵਧ ਗਈ ਅਤੇ ਬਹੁ-ਮੰਜ਼ਲੇ ਨੀਵੇਂ ਨੌਵੇਂ ਵਾਰਡ• ਵਰਗੀਆਂ ਬਸਤੀਆਂ ਕਿਆਮਤ ਤੋਂ ਬਾਅਦ ਦੀ ਲਾਵਾਰਿਸ ਜ਼ਮੀਨ ਵਰਗੀਆਂ ਗਈਆਂ। ਕੈਟਰਿਨਾ ਤੂਫ਼ਾਨ ਤੋਂ ਬਾਅਦ ਗਰਮ ਰੁੱਤੇ ਰੈਪ ਸੰਗੀਤਕਾਰ *ਜੁਵਿਨਾਇਲ* ਵਲੋਂ ਗਾਏ ਹਿੱਟ ਗੀਤ 'ਚ ਇਸ ਮਾਹੌਲ ਦਾ ਨਿਚੋੜ ਇਸ ਤਰ੍ਹਾਂ ਪੇਸ਼ ਕੀਤਾ ਗਿਆ, "ਅਸੀਂ ਰਹੀਏ ਹੈਤੀ ਵਾਂਗ ਬਿਨਾ ਸਰਕਾਰ ਤੋਂ"—ਅਮਰੀਕਾ ਦਾ ਰਾਜ ਫ਼ੇਲ੍ਹ ਹੋ ਚੁੱਕਾ ਸੀ।[37]

ਸਥਾਨਕ ਵਕੀਲ ਅਤੇ ਕਾਰਕੁਨ ਬਿਲ ਕਵਿਗਲੇ ਨੇ ਟਿੱਪਣੀ ਕੀਤੀ, "ਜੋ ਕੁਝ ਨਿਊ ਔਰਲੀਨਜ਼ 'ਚ ਹੋ ਰਿਹਾ ਹੈ ਇਹ ਪੂਰੇ ਦੇਸ਼ ਵਿਚ ਵਾਪਰ ਰਹੇ ਵਰਤਾਰੇ ਦਾ ਵੱਧ ਸੰਘਣਾ, ਹਕੀਕਤ ਨਾਲ ਵਧੇਰੇ ਮੇਲ ਖਾਂਦਾ ਰੂਪਾਂਤਰ ਹੈ। ਸਾਡੇ ਦੇਸ਼ ਦੇ ਹਰੇਕ ਸ਼ਹਿਰ ਦੀਆਂ ਕੁਝ ਗੰਭੀਰ ਚੀਜ਼ਾਂ ਨਿਊ ਔਰਲੀਨਜ਼ ਨਾਲ ਮਿਲਦੀਆਂ-ਜੁਲਦੀਆਂ ਹਨ। ਹਰੇਕ ਸ਼ਹਿਰ ਵਿਚ ਕੁਝ ਗਲੋਂ ਲਾਹ ਦਿੱਤੀਆਂ ਗਈਆਂ ਬਸਤੀਆਂ ਹਨ। ਸਾਡੇ ਦੇਸ਼ ਦੇ ਹਰੇਕ ਸ਼ਹਿਰ ਵਿਚ ਚੋਖੀ ਗਿਣਤੀ ਸਰਕਾਰੀ ਸਿੱਖਿਆ ਸੰਸਥਾਵਾਂ, ਸਰਕਾਰ ਵਲੋਂ ਬਣਾਏ ਘਰਾਂ, ਸਰਕਾਰੀ ਸਿਹਤ ਸਹੂਲਤਾਂ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ ਗਿਆ ਹੈ। ਜਿਹੜੇ ਲੋਕ ਸਰਕਾਰੀ ਸਿੱਖਿਆ, ਸਿਹਤ ਸਹੂਲਤਾਂ ਅਤੇ ਸਰਕਾਰੀ ਘਰਾਂ ਦੀ ਸਹੂਲਤ ਦੇਣ ਦੇ ਪੱਖ 'ਚ ਨਹੀਂ ਹਨ ਉਹ ਸਾਡੇ ਸਮੁੱਚੇ ਦੇਸ ਨੂੰ ਨੀਵੇਂ ਨੌਵੇਂ ਵਾਰਡ 'ਚ ਬਦਲਣਾ ਜਾਰੀ ਰੱਖਣਗੇ ਜਦੋਂ ਤੱਕ ਅਸੀਂ ਇਸ ਨੂੰ ਰੋਕ ਨਹੀਂ ਦਿੰਦੇ।"[38]

ਇਹ ਅਮਲ ਪਹਿਲਾਂ ਹੀ ਚੱਲ ਰਿਹਾ ਹੈ। ਵਿਤਕਰੇ ਵਾਲੇ ਤਬਾਹਕੁਨ ਭਵਿੱਖ ਦੀ ਇਕ ਹੋਰ ਝਲਕ ਐਟਲਾਂਟਾ ਦੇ ਬਾਹਰਵਾਰ ਸਥਿਤ ਅਮੀਰ ਰਿਪਬਲਿਕਨ ਉੱਪ-ਸ਼ਹਿਰੀ ਇਲਾਕੇ 'ਚ ਦੇਖੀ ਜਾ ਸਕਦੀ ਹੈ। ਇਸ ਦੇ ਬਾਸ਼ਿੰਦਿਆਂ ਨੇ ਫ਼ੈਸਲਾ ਕੀਤਾ ਕਿ ਉਹ ਇਹ ਦੇਖ-ਦੇਖ ਅੱਕ ਚੁੱਕੇ ਹਨ ਕਿ ਉਨ੍ਹਾਂ ਦੀ ਜਾਇਦਾਦ 'ਤੇ ਲਾਏ ਜਾਂਦੇ ਟੈਕਸ ਦੇਸ਼ ਦੀਆਂ ਗਰੀਬ ਅਫ਼ਰੀਕੀ-ਅਮਰੀਕੀ ਬਸਤੀਆਂ ਦੇ ਸਕੂਲਾਂ ਅਤੇ ਪੁਲਿਸ ਪ੍ਰਬੰਧ ਨੂੰ ਸਬਸਿਡੀਆਂ ਦੇ ਰੂਪ 'ਚ ਦੇ ਦਿੱਤੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਸ਼ਹਿਰ, ਸੈਂਡੀ ਸਪਰਿੰਗਜ਼ ਨੂੰ ਕਾਰਪੋਰੇਸ਼ਨ ਦਾ ਰੂਪ ਦੇਣ ਦੇ ਹੱਕ 'ਚ ਵੋਟ ਪਾਈ, ਜੋ ਇਸ ਦੇ ਟੈਕਸਾਂ ਨੂੰ ਇਸ ਦੇ ਇਕ ਲੱਖ ਸ਼ਹਿਰੀਆਂ ਦੀਆਂ ਸੇਵਾਵਾਂ 'ਤੇ ਹੀ ਖ਼ਰਚ ਕਰੇ ਅਤੇ ਇਸ ਦੇ ਟੈਕਸਾਂ ਤੋਂ ਆਮਦਨੀ ਦੀ ਮੁੜ ਵੰਡ ਪੂਰੀ ਫਲਟੋਨ ਕਾਊਂਟੀ ਵਿਚ ਨਾ ਕੀਤੀ ਜਾਵੇ ਜੋ ਬਹੁਤ ਵਿਸ਼ਾਲ ਖੇਤਰ ਹੈ। ਇਕੋ ਇਕ ਮੁਸ਼ਕਲ ਇਹ ਸੀ ਕਿ ਸੈਂਡੀ ਸਪਰਿੰਗਜ਼ ਦਾ ਕੋਈ ਪ੍ਰਸ਼ਾਸਨਿਕ ਢਾਂਚਾ ਨਹੀਂ ਸੀ ਅਤੇ ਇਹ ਮੁੱਢ ਤੋਂ ਬਣਾਉਣਾ ਪੈਣਾ ਸੀ—ਟੈਕਸ ਉਗਰਾਹੁਣ ਤੋਂ ਲੈ ਕੇ ਖੇਤਰਾਂ ਦੀ ਵੰਡ ਕਰਨ, ਪਾਰਕਾਂ ਅਤੇ ਮਨੋਰੰਜਨ ਦੇ ਇੰਤਜ਼ਾਮ ਕਰਨ ਤੱਕ ਹਰ ਚੀਜ਼। 2005 ਦੇ ਸਤੰਬਰ ਮਹੀਨੇ, ਉਹੀ ਮਹੀਨਾ ਜਦੋਂ ਨਿਊ ਔਰਲੀਨਜ਼ 'ਚ ਹੜ੍ਹ ਆਇਆ, ਉਸਾਰੀ ਅਤੇ ਸਲਾਹਕਾਰ ਖੇਤਰ ਦੀ ਦਿਉਕੱਦ ਕੰਪਨੀ ਸੀ ਐੱਚ 2 ਐੱਮ ਹਿੱਲ ਨੇ ਅਨੋਖੀ ਪੇਸ਼ਕਸ਼ ਲੈ ਕੇ ਸੈਂਡੀ ਸਪਰਿੰਗਜ਼ ਦੇ ਬਾਸ਼ਿੰਦਿਆਂ ਤੱਕ ਪਹੁੰਚ ਕੀਤੀ : ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ। ਇਕ ਸਾਲ ਲਈ 27 ਕਰੋੜ ਡਾਲਰ ਸ਼ੁਰੂਆਤੀ ਲਾਗਤ ਖ਼ਰਚ ਵਸੂਲਣ ਦਾ ਸੌਦਾ ਤੈਅ ਕਰਕੇ, ਇਸ ਠੇਕੇਦਾਰ ਕੰਪਨੀ ਨੇ ਮੁੱਢੋਂ-ਸੁੱਢੋਂ ਸ਼ਹਿਰ ਦੀ ਉਸਾਰੀ ਕਰਨ ਦਾ ਵਚਨ ਦਿੱਤਾ।[39]

ਕੁਝ ਮਹੀਨੇ ਬਾਅਦ, ਸੈਂਡੀ ਸਪਰਿੰਗਜ ਪਹਿਲਾ "ਠੇਕਾ ਅਧਾਰਤ ਸ਼ਹਿਰ" ਬਣ ਗਿਆ। ਸਿਰਫ਼ ਚਾਰ ਵਿਅਕਤੀ ਨਵੀਂ ਮਿਉਂਸਪੈਲਿਟੀ ਲਈ ਸਿੱਧੇ ਤੌਰ 'ਤੇ ਕੰਮ ਕਰਦੇ ਸਨ—ਬਾਕੀ ਦਾ

• ਨਿਊ ਔਰਲੀਨਜ਼ ਸ਼ਹਿਰ ਦਾ ਮਿਸੀਸਿਪੀ ਨਾਲ ਲੱਗਦਾ ਨੀਵਾਂ ਖੇਤਰ ਜੋ ਤੂਫ਼ਾਨ ਦਾ ਵੱਧ ਸ਼ਿਕਾਰ ਹੋਇਆ—ਅਨੁਵਾਦਕ

ਹਰ ਕੋਈ ਠੇਕੇਦਾਰ ਸੀ। ਸੀ ਐੱਚ 2 ਐੱਮ ਹਿੱਲ ਵਾਸਤੇ ਇਸ ਪ੍ਰਾਜੈਕਟ ਦੇ ਮੋਹਰੀ ਰਿਕ ਹਿਰਸੈਕਰੋਮ ਨੇ ਸੈਂਡੀ ਸਪਰਿੰਗਜ਼ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕੀਤੀ, "ਕੋਰੇ ਕਾਗਜ਼ ਵਰਗਾ ਸ਼ਹਿਰ ਜਿਸ ਉੱਪਰ ਕੋਈ ਸਰਕਾਰੀ ਅਮਲ ਨਹੀਂ ਚੱਲਿਆ।" ਉਸ ਨੇ ਇਕ ਹੋਰ ਪੱਤਰਕਾਰ ਨੂੰ ਦੱਸਿਆ "ਸਾਡੀ ਸਨਅਤ ਵਿਚੋਂ ਕਿਸੇ ਨੇ ਵੀ ਪਹਿਲਾਂ ਐਨਾ ਵੱਡਾ ਪੂਰਾ ਸ਼ਹਿਰ ਬਣਾ ਕੇ ਨਹੀਂ ਦਿੱਤਾ।"[40]

ਦੀ ਐਟਲਾਂਟਾ ਜਰਨਲ-ਕਾਂਸਟੀਟਿਊਸ਼ਨ ਨੇ ਰਿਪੋਰਟ ਦਿੱਤੀ ਕਿ "ਜਦੋਂ ਸੈਂਡੀ ਸਪਰਿੰਗਜ਼ ਪ੍ਰਸ਼ਾਸਨ ਨੇ ਨਵੇਂ ਸ਼ਹਿਰ ਦਾ ਸੰਚਾਲਨ ਕਰਨ ਲਈ ਕਾਰਪੋਰੇਟ ਅਮਲੇ ਨੂੰ ਠੇਕਾ ਦਿੱਤਾ ਤਾਂ ਇਸਨੂੰ ਦਲੇਰ ਤਜਰਬਾ ਮੰਨਿਆ ਗਿਆ।" ਜਦਕਿ, ਸਾਲ ਦੇ ਅੰਦਰ ਅੰਦਰ ਹੀ, ਠੇਕੇ ਦੇ ਅਧਾਰ 'ਤੇ ਸ਼ਹਿਰ ਬਣਾਉਣ ਤੇ ਪ੍ਰਸ਼ਾਸਨ ਚਲਾਉਣ ਦਾ ਜਨੂੰਨ ਐਟਲਾਂਟਾ ਦੇ ਅਮੀਰ ਉੱਪ-ਸ਼ਹਿਰੀ ਖੇਤਰਾਂ ਵਿਚ ਫੈਲ ਗਿਆ ਸੀ ਅਤੇ ਇਹ ਉੱਤਰੀ ਫਲਟੋਨ [ਕਾਊਂਟੀ] ਵਿਚ ਆਮ ਢੰਗ ਬਣ ਗਿਆ ਸੀ। ਸੈਂਡੀ ਸਪਰਿੰਗਜ਼ ਆਲੇ-ਦੁਆਲੇ ਦੀਆਂ ਬਸਤੀਆਂ ਲਈ ਮਿਸਾਲ ਬਣ ਗਿਆ ਅਤੇ ਉਨ੍ਹਾਂ ਨੇ ਵੀ ਅਲਹਿਦਾ ਸ਼ਹਿਰ ਬਣਾਏ ਜਾਣ ਅਤੇ ਆਪਣਾ ਪ੍ਰਸ਼ਾਸਨ ਠੇਕੇ 'ਤੇ ਦੇਣ ਦੇ ਹੱਕ 'ਚ ਵੋਟ ਪਾਈ। ਇਕ ਨਵੇਂ ਸ਼ਹਿਰ ਮਿਲਟਨ ਨੇ ਤੁਰੰਤ ਸੀ ਐੱਚ 2 ਐੱਮ ਹਿੱਲ ਨੂੰ ਇਸ ਕੰਮ ਦਾ ਠੇਕਾ ਦੇ ਦਿੱਤਾ—ਆਖ਼ਿਰ, ਇਸ ਕੋਲ ਤਜਰਬਾ ਜੁ ਸੀ। ਛੇਤੀ ਹੀ, ਨਵੇਂ ਕਾਰਪੋਰੇਟ ਸ਼ਹਿਰਾਂ ਵਲੋਂ ਇਕੱਠੇ ਹੋ ਕੇ ਆਪਣੀ ਹੀ ਕਾਊਂਟੀ ਬਣਾ ਲੈਣ ਦੀ ਮੁਹਿੰਮ ਸ਼ੁਰੂ ਹੋ ਗਈ, ਜਿਸ ਦਾ ਅਰਥ ਹੋਵੇਗਾ ਕਿ ਉਨ੍ਹਾਂ ਤੋਂ ਲਏ ਟੈਕਸਾਂ ਦਾ ਇਕ ਵੀ ਡਾਲਰ ਗੁਆਂਢੀ ਗਰੀਬ ਬਸਤੀਆਂ 'ਤੇ ਨਹੀਂ ਲੱਗ ਸਕੇਗਾ। ਤਜਵੀਜ਼ਤ ਬਸਤੀ ਤੋਂ ਬਾਹਰਲੇ ਲੋਕਾਂ ਨੇ ਇਸ ਯੋਜਨਾ ਦਾ ਤਿੱਖਾ ਵਿਰੋਧ ਕੀਤਾ ਹੈ, ਜਿੱਥੇ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਟੈਕਸ ਦੇ ਇਸ ਪੈਸੇ ਤੋਂ ਬਗ਼ੈਰ ਉਹ ਵੱਡੇ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਆਵਾਜਾਈ ਪ੍ਰਬੰਧ ਦਾ ਖਰਚ ਨਹੀਂ ਦੇ ਸਕਣਗੇ। ਦੇਸ਼ ਦੀ ਅਜਿਹੀ ਵੰਡ ਹੋਣ ਨਾਲ ਇਕ ਪਾਸੇ ਰਾਜ ਅਸਫ਼ਲ ਹੋ ਕੇ ਰਹਿ ਜਾਵੇਗਾ ਅਤੇ ਦੂਜੇ ਪਾਸੇ ਸੇਵਾਵਾਂ ਦੀ ਭਰਮਾਰ ਹੋ ਜਾਵੇਗੀ। ਜਿਸ ਤਰਾਂ ਦੀ ਮੰਦੀ ਹਾਲਤ ਸਿਆਸਤਦਾਨ ਬਿਆਨ ਕਰ ਰਹੇ ਸਨ ਉਹ ਨਿਊ ਔਰਲੀਨਜ਼ ਨਾਲ ਬਹੁਤ ਜ਼ਿਆਦਾ ਅਤੇ ਥੋੜ੍ਹੀ ਬਗ਼ਦਾਦ ਨਾਲ ਮਿਲਦੀ-ਜੁਲਦੀ ਸੀ।[41]

ਰਾਜ ਨੂੰ ਅਧਿਕਾਰਾਂ ਤੋਂ ਵਾਂਝਾ ਕਰ ਦੇਣ ਦਾ ਤਿੰਨ ਦਹਾਕਿਆਂ ਦਾ ਕਾਰਪੋਰੇਟਵਾਦੀ ਜਹਾਦ ਐਟਲਾਂਟਾ ਦੇ ਇਨ੍ਹਾਂ ਅਮੀਰ ਉੱਪ-ਸ਼ਹਿਰੀ ਇਲਾਕਿਆਂ ਵਿਚ ਨੇਪਰੇ ਚੜ੍ਹ ਗਿਆ ਸੀ : ਸਿਰਫ਼ ਹਰ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਦਾ ਕੰਮ ਹੀ ਨਹੀਂ ਸਗੋਂ ਸਰਕਾਰ ਦੇ ਕੰਮ ਵੀ ਅਗਾਂਹ ਠੇਕੇ 'ਤੇ ਦੇ ਦਿੱਤੇ ਗਏ ਸਨ ਜਿਸ ਨੇ ਕਿ ਰਾਜ ਦਾ ਪ੍ਰਬੰਧ ਚਲਾਉਣਾ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ ਢੁੱਕਵਾਂ ਇਹ ਹੋਇਆ ਸੀ ਕਿ ਉਸਾਰੀ ਦਾ ਮੁੱਢ ਸੀ ਐੱਚ 2 ਐੱਮ ਹਿੱਲ ਨੇ ਬੰਨ੍ਹਿਆ ਸੀ। ਇਸ ਕੰਪਨੀ ਕੋਲ ਇਰਾਕ ਵਿਚ ਬਹੁ-ਕਰੋੜ ਡਾਲਰਾਂ ਦਾ ਠੇਕਾ ਸੀ। ਜਿਨ੍ਹਾਂ ਹੋਰ ਕੰਪਨੀਆਂ ਕੋਲ ਠੇਕੇ ਸਨ ਇਹ ਅਦਾਇਗੀ ਉਨ੍ਹਾਂ 'ਤੇ ਨਜ਼ਰਸਾਨੀ ਦਾ ਸਰਕਾਰ ਵਾਲਾ ਅਹਿਮ ਕੰਮ ਕਰਨ ਲਈ ਸੀ। ਸ੍ਰੀ ਲੰਕਾ ਵਿਚ ਸੁਨਾਮੀ ਤੋਂ ਬਾਅਦ, ਇਸ ਨੇ ਨਾ ਸਿਰਫ਼ ਬੰਦਰਗਾਹਾਂ ਅਤੇ ਪੁਲ ਬਣਾਏ ਸਨ ਸਗੋਂ "ਬੁਨਿਆਦੀ ਢਾਂਚਾ ਪ੍ਰੋਗਰਾਮ ਦੀ ਪੂਰੀ ਕਰਤਾ-ਧਰਤਾ ਵੀ ਇਹੀ ਸੀ।"[42] ਕੈਟਰਿਨਾ ਤੂਫ਼ਾਨ ਤੋਂ ਬਾਅਦ ਨਿਊ ਔਰਲੀਨਜ਼ 'ਚ, ਇਸ ਨੂੰ ਫੇਮਾ ਦੇ ਰਿਹਾਇਸ਼ੀ ਕਵਾਟਰ ਉਸਾਰਨ ਦੇ 50 ਕਰੋੜ ਡਾਲਰ ਦੇ ਠੇਕੇ ਨਾਲ ਨਿਵਾਜ਼ਿਆ ਗਿਆ ਸੀ ਅਤੇ ਜਦੋਂ ਭਵਿੱਖ 'ਚ ਅਗਲੀ ਆਫ਼ਤ ਆਵੇਗੀ ਉਸ ਸਮੇਂ ਵੀ ਅਜਿਹੀ ਉਸਾਰੀ ਲਈ ਇਸ ਨੂੰ ਤਿਆਰ ਰਹਿਣ ਲਈ ਕਹਿ ਦਿੱਤਾ ਗਿਆ ਸੀ। ਅਸਾਧਾਰਨ ਹਾਲਾਤ 'ਚ ਰਾਜ ਦਾ ਨਿੱਜੀਕਰਨ ਕਰਨ 'ਚ ਪ੍ਰਬੀਨ ਇਹ

ਕੰਪਨੀ ਹੁਣ ਆਮ ਹਾਲਤ 'ਚ ਵੀ ਉਹੀ ਕੰਮ ਕਰ ਰਹੀ ਸੀ। ਜੇ ਇਰਾਕ ਅਤਿ ਨਿੱਜੀਕਰਨ ਦੀ ਪ੍ਰਯੋਗਸ਼ਾਲਾ ਸੀ ਤਾਂ ਇਹ ਸਪਸ਼ਟ ਸੀ ਕਿ ਇਸ ਦਾ ਅਜ਼ਮਾਇਸ਼ੀ ਸਮਾਂ ਪੂਰਾ ਹੋ ਗਿਆ ਸੀ।

ਕਾਂਡ ਇਕੀਵਾਂ

ਅਮਨ ਦਾ ਜੋਸ਼ ਮੱਠਾ ਪੈ ਗਿਆ

ਇਸਰਾਇਲ ਚੇਤਾਵਨੀ ਦੇ ਰੂਪ ਵਿਚ

> ਇਹ ਸਰਹੱਦਾਂ ਵਰਗੀਆਂ ਉੱਚੀਆਂ-ਉੱਚੀਆਂ ਕੰਡਿਆਲੀ ਤਾਰ ਦੀਆਂ ਵਾੜਾਂ ਕਾਬਜ਼ ਤਾਕਤਾਂ ਦੇ ਖ਼ੇਮਿਆਂ ਦੀਆਂ ਨਹੀਂ ਬਲਕਿ ਮੁੱਖ ਸੜਕਾਂ ਦੇ ਨਾਲ-ਨਾਲ ਸ਼ੋਰ-ਸ਼ਰਾਬੇ ਵਾਲੇ ਨਾਕਿਆਂ, ਖੇਡ੍ਹ ਸਟੇਡੀਅਮਾਂ ਦੇ ਸ਼ਾਹੀ ਬਾਕਸਾਂ, ਸਿਗਰਟ ਪੀਣ ਦੀ ਮਨਾਹੀ ਵਾਲੇ ਇਲਾਕਿਆਂ, ਹਵਾਈ ਅੱਡਿਆਂ ਦੇ ਸੁਰੱਖਿਆ ਖੇਤਰਾਂ ਅਤੇ "ਗੇਟਬੰਦ ਬਸਤੀਆਂ" ਦੀਆਂ ਹਨ। ... ਇਹ ਸਾਧਨ ਵਾਲੇ ਲੋਕਾਂ ਦੀ ਸਹੂਲਤਾਂ ਭਰੀ ਜ਼ਿੰਦਗੀ ਅਤੇ ਸਾਧਨ ਵਿਹੂਣੇ ਲੋਕਾਂ ਦੀ ਈਰਖਾ ਨੂੰ ਇਸ ਤਰੀਕੇ ਨਾਲ ਦਰਸਾਉਂਦੀਆਂ ਹਨ ਜੋ ਦੋਵਾਂ ਲਈ ਪ੍ਰੇਸ਼ਾਨ ਕਰਨ ਵਾਲਾ ਹੁੰਦਾ ਹੈ। ਇਹ ਉਵੇਂ ਨਹੀਂ ਹੈ ਜਿਵੇਂ ਇਹ ਕਹਾਵਤ ਕਿ ਇਹ ਲੋਕ ਕੰਮ ਨਹੀਂ ਕਰਦੇ।
>
> —ਕ੍ਰਿਸਟੋਫਰ ਕਾਲਡਵੈੱਲ, ਸੀਨੀਅਰ ਸੰਪਾਦਕ, *ਦੀ ਵੀਕਲੀ ਸਟੈਂਡਰਡ*, ਨਵੰਬਰ 2006[1]

ਦਹਾਕਿਆਂ ਤੋਂ ਰਵਾਇਤੀ ਸਮਝ ਇਹ ਚਲੀ ਆ ਰਹੀ ਸੀ ਕਿ ਹਿੰਸਾ ਜਿੰਨੀ ਆਮ ਹੋ ਚੁੱਕੀ ਹੈ ਇਹ ਆਲਮੀ ਆਰਥਿਕਤਾ ਦਾ ਉਜਾੜਾ ਕਰ ਰਹੀ ਹੈ। ਬੇਸ਼ੱਕ, ਇਕੱਲੇ ਇਕਹਿਰੇ ਸਦਮੇ ਅਤੇ ਸੰਕਟਾਂ ਨੂੰ ਨਵੀਂਆਂ ਮੰਡੀਆਂ ਧੱਕੇ ਨਾਲ ਖੋਲ੍ਹਣ ਦਾ ਸਾਧਨ ਬਣਾ ਕੇ ਤਾਂ ਵਰਤਿਆ ਜਾ ਸਕਦਾ ਸੀ, ਪਰ ਮੁੱਢਲੇ ਸਦਮਿਆਂ ਵਲੋਂ ਆਪਣਾ ਕੰਮ ਕਰ ਦੇਣ ਤੋਂ ਬਾਅਦ, ਟਿਕਾਊ ਆਰਥਕ ਵਿਕਾਸ ਲਈ ਮੁਕਾਬਲਤਨ ਸ਼ਾਂਤੀ ਅਤੇ ਸਥਿਰਤਾ ਜ਼ਰੂਰੀ ਸੀ। ਨੱਬੇਵਿਆਂ ਦੇ ਸਾਲ ਐਸੀ ਖੁਸ਼ਹਾਲੀ ਦੇ ਸਾਲ ਕਿਉਂ ਸਮਝੇ ਗਏ ਇਸ ਦੀ ਪ੍ਰਵਾਨਤ ਵਿਆਖਿਆ ਇਹੀ ਸੀ : ਠੰਢੀ ਜੰਗ ਮੁੱਕਣ ਤੋਂ ਬਾਅਦ, ਅਰਥਚਾਰੇ ਵਪਾਰ ਅਤੇ ਪੂੰਜੀ-ਨਿਵੇਸ਼ ਉੱਪਰ ਧਿਆਨ ਕੇਂਦਰਤ ਕਰਨ ਲਈ ਆਜ਼ਾਦ ਹੋ ਗਏ ਸਨ। ਅਤੇ ਕਿਉਂਕਿ ਦੇਸ਼ ਇਸ ਪਾਸੇ ਵਧੇਰੇ ਉਲਝ ਗਏ ਸਨ ਅਤੇ ਅੰਤਰ-ਨਿਰਭਰ ਹੋ ਗਏ ਸਨ, ਇਸ ਕਰਕੇ ਉਨ੍ਹਾਂ ਦੀ ਇਕ ਦੂਜੇ 'ਤੇ ਬੰਬਾਰੀ ਕਰਨ ਦੀ ਗੁੰਜਾਇਸ਼ ਘਟ ਗਈ ਹੈ।

ਪਰ, 2007 'ਚ ਸਵਿਟਜ਼ਰਲੈਂਡ ਦੇ ਡੈਵੋਸ ਸ਼ਹਿਰ ਵਿਚ ਹੋਏ ਸੰਸਾਰ ਆਰਥਕ ਮੰਚ ਦੇ ਸੰਮੇਲਨ 'ਚ ਸਿਆਸੀ ਅਤੇ ਕਾਰਪੋਰੇਟ ਆਗੂ ਉਸ ਹਾਲਤ ਤੋਂ ਪ੍ਰੇਸ਼ਾਨ ਹੋਏ ਸਿਰ ਖੁਰਕ ਰਹੇ ਸਨ ਜਿਸ ਨੇ ਇਸ ਰਵਾਇਤੀ ਸਮਝ ਦਾ ਮੌਜੂ ਬਣਾ ਦਿੱਤਾ ਸੀ। ਇਸ ਨੂੰ "ਡੈਵੋਸ ਦੁਬਿਧਾ" ਕਿਹਾ ਜਾ ਰਿਹਾ ਸੀ। *ਫਾਇਨਾਂਸ਼ੀਅਲ ਟਾਈਮਜ਼* ਦੇ ਕਾਲਮਨਵੀਸ ਮਾਰਟਿਨ ਵੌਫ ਨੇ ਇਸ ਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ : "ਦੁਨੀਆਂ ਦੇ ਸਾਜ਼ਗਾਰ ਅਰਥਸ਼ਾਸਤਰ ਅਤੇ ਉਲਝੀ ਹੋਈ ਸਿਆਸਤ ਦਾ ਵਖਰੇਵਾਂ।" ਉਸ ਅਨੁਸਾਰ, ਆਰਥਿਕਤਾ ਨੂੰ "ਬਹੁਤ ਸਾਰੇ ਸਦਮੇ ਸਹਿਣੇ ਪਏ : 2000 ਤੋਂ ਬਾਅਦ ਸ਼ੇਅਰ ਬਜ਼ਾਰ ਦਾ ਲੁੜਕਣਾ; 11 ਸਤੰਬਰ 2001 ਦੀ ਦਹਿਸ਼ਤਵਾਦੀ ਸਾੜ੍ਹਸਤੀ; ਅਫ਼ਗਾਨਿਸਤਾਨ ਅਤੇ ਇਰਾਕ ਦੀਆਂ ਜੰਗਾਂ; ਅਮਰੀਕੀ ਨੀਤੀਆਂ ਬਾਰੇ ਟਕਰਾਅ; ਤੇਲ ਦੀਆਂ ਅਸਲ ਕੀਮਤਾਂ 'ਚ ਐਨਾ ਵਾਧਾ ਜੋ 1970 ਤੋਂ ਲੈ ਕੇ ਦੇਖਣ 'ਚ ਨਹੀਂ ਆਇਆ ਸੀ;

[ਸੰਸਾਰ ਵਪਾਰ ਸੰਸਥਾ ਦੇ ਵਿਚਾਰ-ਵਟਾਂਦਰਾ ਦੇ] ਦੌਹਾ ਗੇੜ ਦੀ ਚਰਚਾ 'ਚ ਅੜਿੱਕਾ ਪੈਣਾ; ਅਤੇ ਇਰਾਕ ਦੇ ਪਮਾਣੂ ਟੀਚਿਆਂ ਨੂੰ ਲੈ ਕੇ ਟਕਰਾਅ"—ਅਤੇ ਫੇਰ ਵੀ ਲੇਖਕ ਅਨੁਸਾਰ ਇਹ "ਵਿਸ਼ਾਲ ਸਾਂਝੇ ਆਰਥਕ ਵਾਧੇ ਦਾ ਸੁਨਹਿਰੀ ਦੌਰ" ਸੀ। ਜੇ ਸਾਫ਼ ਕਹਿਣਾ ਹੋਵੇ, ਦੁਨੀਆਂ ਨਰਕ 'ਚ ਜਾ ਰਹੀ ਸੀ; ਸਥਿਰਤਾ ਦਿਖਾਈ ਨਹੀਂ ਦੇ ਰਹੀ ਸੀ ਅਤੇ ਆਲਮੀ ਆਰਥਿਕਤਾ ਇਸ ਸੱਚ ਨੂੰ ਪ੍ਰਵਾਨ ਕਰਨ ਲਈ ਚੀਕ ਰਹੀ ਸੀ। ਛੇਤੀ ਬਾਅਦ, ਅਮਰੀਕੀ ਖਜ਼ਾਨਾ ਮੰਤਰੀ ਲਾਰੈਂਸ ਸਮਰਜ਼ ਨੇ ਸਿਆਸਤ ਅਤੇ ਮੰਡੀਆਂ ਵਿਚਕਾਰ "ਲਗਭਗ ਮੁਕੰਮਲ ਤੋੜ-ਵਿਛੋੜੇ" ਨੂੰ "ਡਿਕਨਜ਼ ਦੀਆਂ ਲਿਖਤਾਂ ਵਿਚਲੀ ਕੋਈ ਚੀਜ਼" ਵਜੋਂ ਬਿਆਨ ਕਰਦਿਆਂ ਕਿਹਾ, "ਤੁਸੀਂ ਕੌਮਾਂਤਰੀ ਸਬੰਧਾਂ ਦੇ ਮਾਹਰਾਂ ਨਾਲ ਗੱਲਬਾਤ ਕਰਦੇ ਹੋ ਤਾਂ ਇਨ੍ਹਾਂ ਸਮਿਆਂ ਨੂੰ ਸਭ ਤੋਂ ਮਾੜੇ ਸਮੇਂ ਸਮਝਿਆ ਜਾ ਰਿਹਾ ਹੈ। ਫੇਰ ਤੁਸੀਂ ਸੰਭਾਵੀ ਪੂੰਜੀ-ਨਿਵੇਸ਼ਕਾਰਾਂ ਨਾਲ ਗੱਲਬਾਤ ਕਰਦੇ ਹੋ ਅਤੇ ਇਹ ਸਮਾਂ ਸਭ ਤੋਂ ਵਧੀਆ ਸਮਾਂ ਮੰਨਿਆ ਜਾ ਰਿਹਾ ਹੈ।"[2]

ਇਹ ਘਚੋਲੇ ਵਾਲਾ ਰੁਝਾਨ "the guns-to-caviar index"• ਸੂਚਕ ਵਿਚ ਵੀ ਦੇਖਿਆ ਗਿਆ ਹੈ। ਇਹ ਸੂਚਕ ਲੜਾਕੂ ਜੈੱਟ ਜਹਾਜ਼ਾਂ (Cavier) ਦੀ ਵਿਕਰੀ ਦਾ ਪਤਾ ਲਾਉਂਦਾ ਹੈ। ਸਤਾਰਾਂ ਸਾਲਾਂ ਤੋਂ, ਇਸ ਨੇ ਲਗਾਤਾਰ ਦੇਖਿਆ ਕਿ ਜਦੋਂ ਲੜਾਕੂ ਹਵਾਈ ਜਹਾਜ਼ਾਂ ਦੀ ਵਿਕਰੀ ਜ਼ੋਰਾਂ 'ਤੇ ਸੀ, ਤਾਂ ਨਿੱਜੀ ਜੈੱਟ ਜਹਾਜ਼ਾਂ ਦੀ ਵਿਕਰੀ ਘੱਟ ਸੀ ਅਤੇ ਇਸੇ ਤਰ੍ਹਾਂ ਇਸ ਦੇ ਉਲਟ ਰੁਝਾਨ ਸੀ : ਜਦੋਂ ਨਿੱਜੀ ਜੈੱਟ ਜਹਾਜ਼ਾਂ ਦੀ ਵਿਕਰੀ ਜ਼ੋਰਾਂ 'ਤੇ ਸੀ, ਓਦੋਂ ਲੜਾਕੂ ਜੈੱਟ ਜਹਾਜ਼ਾਂ ਦੀ ਵਿਕਰੀ ਘੱਟ ਸੀ। ਇਸ ਵਿਚ ਸ਼ੱਕ ਨਹੀਂ ਹੈ ਕਿ ਜੰਗੀ ਸਮਾਨ ਤੋਂ ਮੁਨਾਫ਼ੇ ਬਟੋਰਨ ਵਾਲੇ ਮੁੱਠੀ ਭਰ ਲੋਕ ਸਦਾ ਹਥਿਆਰ ਵੇਚ ਕੇ ਅਮੀਰ ਹੁੰਦੇ ਰਹੇ, ਪਰ ਆਰਥਕ ਤੌਰ 'ਤੇ ਇਹ ਗ਼ੈਰਮਹੱਤਵਪੂਰਨ ਹੈ। ਇਹ ਅਜੋਕੀ ਮੰਡੀ ਦੀ ਪ੍ਰਤੱਖ ਸਚਾਈ ਰਹੀ ਹੈ ਕਿ ਹਿੰਸਾ ਅਤੇ ਅਸਥਿਰਤਾ ਦੇ ਮਾਹੌਲ ਵਿਚ ਤੁਸੀਂ ਆਰਥਕ ਵਾਧੇ 'ਚ ਤੇਜ਼ੀ ਹਾਸਲ ਨਹੀਂ ਕਰ ਸਕਦੇ ਸੀ।

ਪਰ ਇਹ ਪ੍ਰਤੱਖ ਸਚਾਈ ਹੁਣ ਸੱਚ ਨਹੀਂ ਹੈ। 2003 ਭਾਵ ਇਰਾਕ ਉੱਪਰ ਹਮਲੇ ਦੇ ਸਾਲ, ਤੋਂ ਲੈ ਕੇ ਇਸ ਸੂਚਕ ਨੇ ਦੇਖਿਆ ਕਿ ਲੜਾਕੂ ਜੈੱਟ ਜਹਾਜ਼ਾਂ ਅਤੇ ਨਿੱਜੀ ਜੈੱਟ ਜਹਾਜ਼ਾਂ ਦੋਵਾਂ ਦੀ ਖ਼ਰੀਦ ਉੱਪਰ ਖਰਚ 'ਚ ਤੇਜ਼ੀ ਨਾਲ ਅਤੇ ਨਾਲੋ-ਨਾਲ ਵਾਧਾ ਹੋ ਰਿਹਾ ਹੈ। ਇਸ ਦਾ ਭਾਵ ਹੈ ਕਿ ਦੁਨੀਆਂ ਘੱਟ ਸ਼ਾਂਤਮਈ ਬਣਦੀ ਜਾ ਰਹੀ ਹੈ ਜਦਕਿ ਮੁਨਾਫ਼ਿਆਂ 'ਚ ਗਿਣਨਯੋਗ ਵਾਧਾ ਵੀ ਹੋ ਰਿਹਾ ਹੈ।[3] ਚੀਨ ਅਤੇ ਭਾਰਤ ਵਿਚ ਆਰਥਕ ਵਾਧੇ ਦੇ ਛੜੱਪਿਆਂ ਨੇ ਐਸ਼ੋ-ਅਰਾਮ ਦੇ ਸਮਾਨ ਦੀ ਮੰਗ ਵਧਾਉਣ 'ਚ ਭੂਮਿਕਾ ਨਿਭਾਈ ਹੈ, ਪਰ ਇਕ ਹੱਦ ਤੱਕ ਸੀਮਤ ਫ਼ੌਜੀ ਸਨਅਤ ਦੇ ਉਸਾਰ ਦਾ ਤਬਾਹੀਪਸੰਦ ਸਰਮਾਏਦਾਰਾ ਉਸਾਰ 'ਚ ਵਿਆਪਕ ਪਸਾਰਾ ਹੋਣ ਨੇ ਵੀ ਇਸੇ ਤਰ੍ਹਾਂ ਭਮਿਕਾ ਨਿਭਾਈ ਹੈ। ਹੁਣ, ਆਲਮੀ ਅਸਥਿਰਤਾ ਦਾ ਫ਼ਾਇਦਾ ਹਥਿਆਰਾਂ ਦੇ ਸੌਦਾਗਰਾਂ ਦੇ ਛੋਟੇ ਜਹੇ ਗਰੋਹ ਨੂੰ ਹੀ ਨਹੀਂ ਹੁੰਦਾ : ਇਹ ਉੱਚ-ਤਕਨੀਕੀ ਸੁਰੱਖਿਆ ਖੇਤਰ, ਉਸਾਰੀ ਨਾਲ ਸਬੰਧਤ ਵੱਡੀਆਂ-ਵੱਡੀਆਂ ਕੰਪਨੀਆਂ, ਜ਼ਖ਼ਮੀ ਫ਼ੌਜੀਆਂ ਦਾ ਇਲਾਜ ਕਰਨ ਵਾਲੀਆਂ ਨਿੱਜੀ ਇਲਾਜ ਕੰਪਨੀਆਂ, ਤੇਲ ਅਤੇ ਗੈਸ ਖੇਤਰਾਂ ਅਤੇ ਨਿਰਸੰਦੇਹ ਸੁਰੱਖਿਆ ਖੇਤਰ ਦੇ ਠੇਕੇਦਾਰਾਂ

• ਰਿਚਰਡ ਅਬੋਲੇਫੀਆ ਵਲੋਂ ਵਰਤਿਆ ਜਾ ਰਿਹਾ ਸੂਚਕ, ਜੋ TEAL GROUP ਦਾ ਵਿਸ਼ਲੇਸ਼ਣਕਾਰ ਹੈ। ਉਹ ਮੁਕਾਬਲਤਨ ਤੁਲਨਾ ਵਾਲਾ ਸਧਾਰਨ ਚਾਰਟ ਬਣਾਉਂਦਾ ਹੈ : ਸੰਸਾਰ 'ਚ ਲੜਾਕੂ ਜੈੱਟਾਂ (ਹਥਿਆਰ ਅਤੇ ਗੋਲੀਸਿੱਕੇ) ਉੱਪਰ ਕਿੰਨਾ ਪੈਸਾ ਖਰਚ ਹੁੰਦਾ ਹੈ; ਦੂਜੇ ਪਾਸੇ ਨਿੱਜੀ ਵਪਾਰਕ ਜਹਾਜ਼ਾਂ (Cavier) ਉੱਪਰ ਕਿੰਨਾ ਪੈਸਾ ਖਰਚਿਆ ਜਾ ਰਿਹਾ ਹੈ। ਵਿਸਥਾਰ ਲਈ ਦੇਖੋ : http://www.slate.com/id/21255445—ਅਨੁਵਾਦਕ

ਲਈ ਚੋਖੇ ਮੁਨਾਫ਼ੇ ਪੈਦਾ ਕਰਦਾ ਹੈ।

ਇਸ ਖੇਤਰ 'ਚ ਮੌਜੂਦ ਹਿੱਤਾਂ ਵਾਲਿਆਂ ਦੀ ਖੱਟੀ ਦਾ ਪੱਧਰ ਸੱਚੀਉਂ ਐਨਾ ਉੱਚਾ ਹੈ ਜੋ ਆਰਥਕ ਤੇਜ਼ੀ ਨੂੰ ਝੁਲਕਾ ਦੇਣ ਲਈ ਕਾਫ਼ੀ ਹੈ। ਜਿਸ ਕੰਪਨੀ ਲਾਕਹੀਡ ਮਾਰਟਿਨ ਦਾ ਉੱਪ-ਚੇਅਰਮੈਨ ਉਸ ਕਮੇਟੀ ਦਾ ਪ੍ਰਧਾਨ ਸੀ ਜਿਸ ਨੇ ਇਰਾਕ ਵਿਰੁੱਧ ਜੰਗ ਵਿੱਢਣ ਲਈ ਜ਼ਬਰਦਸਤ ਜੱਦੋਜਹਿਦ ਕੀਤੀ, ਸਿਰਫ਼ 2005 'ਚ ਹੀ ਅਮਰੀਕੀ ਜਨਤਾ ਦੇ ਟੈਕਸਾਂ ਦੇ 25 ਅਰਬ ਡਾਲਰਾਂ ਦੀ ਬਖਸ਼ਿਸ਼ ਉਸ ਨੂੰ ਹੋ ਗਈ ਸੀ। ਡੈਮੋਕਰੇਟਿਕ ਸੰਸਦ ਮੈਂਬਰ ਹੈਨਰੀ ਵੈਕਸਮੈਨ ਨੇ ਟਿੱਪਣੀ ਕੀਤੀ ਕਿ ਇਹ ਰਕਮ "ਆਈਸਲੈਂਡ, ਜਾਰਡਨ, ਅਤੇ ਕੋਸਤਾ ਰੀਕਾ ਸਮੇਤ 103 ਦੇਸ਼ਾਂ ਦੀ ਕੁਲ ਘਰੇਲੂ ਉਪਜ ਤੋਂ ਵੱਧ ਸੀ। ਅਤੇ ਇਹ ਵਣਜ ਮਹਿਕਮੇ, ਗ੍ਰਹਿ ਵਿਭਾਗ ਅਤੇ ਛੋਟੇ ਪੱਧਰ ਦੇ ਵਪਾਰ ਦੇ ਪ੍ਰਸ਼ਾਸਨ ਅਤੇ ਸਰਕਾਰ ਦੀ ਸਮੁੱਚੀ ਵਿਧਾਨ-ਘੜਨੀ ਸ਼ਾਖਾ ਦੇ ਬਜਟਾਂ ਦੀ ਕੁਲ ਰਕਮ ਤੋਂ ਵੀ ਵੱਡੀ ਸੀ।" ਲਾਕਹੀਡ ਆਪਣੇ ਆਪ 'ਚ ਹੀ "ਉੱਭਰ ਰਹੀ ਮੰਡੀ" ਸੀ। ਲਾਕਹੀਡ ਵਰਗੀਆਂ ਕੰਪਨੀਆਂ (ਜਿਨ੍ਹਾਂ ਦੇ ਸ਼ੇਅਰ ਸਟਾਕ ਦਾ ਮੁੱਲ 2000 ਅਤੇ 2005 ਵਿਚਕਾਰ ਤਿਗੁਣਾ ਹੋ ਗਿਆ) ਇਸ ਦਾ ਵੱਡਾ ਕਾਰਨ ਹਨ ਕਿ ਅਮਰੀਕਾ ਦੇ ਸ਼ੇਅਰ ਬਜ਼ਾਰ 11 ਸਤੰਬਰ ਤੋਂ ਬਾਅਦ ਲੰਮਾ ਸਮਾਂ ਚੱਲੀ ਆਰਥਕ ਤਬਾਹੀ ਤੋਂ ਕਿਉਂ ਬਚੇ ਰਹੇ। ਹਾਲਾਂਕਿ ਰਵਾਇਤੀ ਸ਼ੇਅਰਾਂ ਦੀ ਕਾਰਗੁਜ਼ਾਰੀ ਮਾੜੀ ਰਹੀ, ਪਰ ਸਮੇਤ ਡਿਫੈਂਸ ਸੂਚਕ ਅੰਕ, "ਰੱਖਿਆ, ਅੰਦਰੂਨੀ ਸੁਰੱਖਿਆ ਅਤੇ ਪੁਲਾੜ ਦੀ ਕਾਰਗੁਜ਼ਾਰੀ ਦਾ ਮਿਆਰ," 2001 ਤੋਂ ਲੈ ਕੇ 2006 ਤੱਕ ਆਏ ਸਾਲ ਔਸਤ 15 ਫ਼ੀ ਸਦੀ ਉੱਚਾ ਹੁੰਦਾ ਗਿਆ—ਇਸੇ ਸਮੇਂ 'ਚ ਸਟੈਂਡਰਡ ਐਂਡ ਪੂਅਰਜ਼ ਦੇ ਸ਼ੇਅਰਾਂ 'ਚ ਜੋ ਔਸਤ 500 ਵਾਧਾ ਹੋਇਆ ਉਸ ਤੋਂ ਸਾਢੇ ਸੱਤ ਗੁਣਾ ਜ਼ਿਆਦਾ।[4]

ਮੁੜ-ਉਸਾਰੀ ਦੇ ਨਿੱਜੀਕਰਨ ਦਾ ਭਾਰੀ ਮੁਨਾਫ਼ੇ ਦੇਣ ਵਾਲਾ ਮਾਡਲ, ਜੋ ਇਰਾਕ ਅੰਦਰ ਉੱਭਰਿਆ ਸੀ, ਡੈਵੋਸ 'ਚ ਸਾਹਮਣੇ ਆਈ ਦੋਚਿੱਤੀ ਨੂੰ ਹੋਰ ਵਧਾ ਰਿਹਾ ਹੈ। ਉਸਾਰੀ ਦੇ ਵੱਡੇ-ਵੱਡੇ ਸ਼ੇਅਰਾਂ ਦੇ ਸਟਾਕ, ਜਿਸ ਵਿਚ ਉਹ ਵੱਡੀਆਂ ਇੰਜੀਨੀਅਰਿੰਗ ਫਰਮਾਂ ਸ਼ਾਮਲ ਹਨ ਜਿਨ੍ਹਾਂ ਨੂੰ ਜੰਗਾਂ ਅਤੇ ਕੁਦਰਤੀ ਆਫ਼ਤਾਂ ਤੋਂ ਬਾਅਦ ਬਿਨਾ ਬੋਲੀ ਕਰਵਾਇਆਂ ਭਰਪੂਰ ਠੇਕੇ ਮਿਲ ਜਾਂਦੇ ਹਨ, 2001 ਤੋਂ 2007 ਦਰਮਿਆਨ 250 ਫ਼ੀ ਸਦੀ ਵਧੇ। ਮੁੜ-ਉਸਾਰੀ ਹੁਣ ਐਨਾ ਵਿਸ਼ਾਲ ਕਾਰੋਬਾਰ ਬਣ ਚੁੱਕੀ ਹੈ ਕਿ ਹਰੇਕ ਨਵੀਂ ਤਬਾਹੀ ਦਾ ਜੋਸ਼-ਖਰੋਸ਼ ਨਾਲ ਸਵਾਗਤ ਸਰਕਾਰੀ ਫੰਡਾਂ ਦੀਆਂ ਜ਼ਬਰਦਸਤ ਪੇਸ਼ਕਸ਼ਾਂ ਨਾਲ ਹੁੰਦਾ ਹੈ : ਇਰਾਕ ਦੀ ਮੁੜ-ਉਸਾਰੀ ਲਈ 30 ਅਰਬ ਡਾਲਰ, ਸੁਨਾਮੀ ਨਾਲ ਸਬੰਧਤ ਮੁੜ-ਉਸਾਰੀ ਲਈ 13 ਅਰਬ ਡਾਲਰ, ਨਿਊ ਔਰਲੀਨਜ਼ ਅਤੇ ਗਲਫ਼ ਕੋਸਟ ਲਈ 100 ਅਰਬ ਡਾਲਰ, ਲਿਬਨਾਨ ਲਈ 7.6 ਅਰਬ ਡਾਲਰ।[5]

ਪਹਿਲਾਂ ਦਹਿਸ਼ਤਗਰਦ ਹਮਲਿਆਂ ਨਾਲ ਸ਼ੇਅਰ ਬਜ਼ਾਰ ਲੁੜਕ ਜਾਂਦਾ ਸੀ, ਹੁਣ ਇਨ੍ਹਾਂ ਦਾ ਸਵਾਗਤ ਵੀ ਇਸੇ ਤਰ੍ਹਾਂ ਗਰਮਜੋਸ਼ੀ ਨਾਲ ਹੁੰਦਾ ਹੈ। 11 ਸਤੰਬਰ 2001 ਤੋਂ ਬਾਅਦ, ਜਿਉਂ ਹੀ ਬਜ਼ਾਰ ਮੁੜ ਖੁੱਲ੍ਹੇ, ਡਾਓ ਜੋਨਜ਼ ਦੇ ਸ਼ੇਅਰ 685 ਅੰਕ ਘਟ ਗਏ। ਇਸ ਦੇ ਐਨ ਉਲਟ, 7 ਜੁਲਾਈ 2005, ਜਿਸ ਦਿਨ ਲੰਦਨ ਦੇ ਜਨਤਕ ਆਵਾਜਾਈ ਪ੍ਰਬੰਧ 'ਚ ਚਾਰ ਬੰਬ ਫਟੇ, ਜਿਨ੍ਹਾਂ ਵਿਚ ਦਰਜਨਾਂ ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ ਸਨ, ਅਮਰੀਕਾ ਦਾ ਸ਼ੇਅਰ ਬਾਜ਼ਾਰ ਇਕ ਦਿਨ ਪਹਿਲਾਂ ਨਾਲੋਂ ਉੱਚੀਆਂ ਕੀਮਤਾਂ 'ਤੇ ਬੰਦ ਹੋਇਆ, ਇਸ ਸਮੇਂ ਨੈਸਦੈਕ 7 ਅੰਕ ਚੜ੍ਹਿਆ ਹੋਇਆ ਸੀ। ਇਸ ਪਿੱਛੋਂ ਅਗਸਤ 'ਚ, ਜਦੋਂ ਬਰਤਾਨੀਆਂ ਦੀਆਂ ਅਮਨ-ਕਾਨੂੰਨ ਬਣਾਈ ਰੱਖਣ ਵਾਲੀਆਂ ਏਜੰਸੀਆਂ ਨੇ ਐਸੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਬਾਰੇ ਕਿਹਾ ਗਿਆ ਕਿ ਇਹ ਅਮਰੀਕਾ ਨੂੰ ਉਡਾਣਾਂ ਭਰਨ ਵਾਲੇ ਜੈੱਟ ਜਹਾਜ਼ਾਂ ਨੂੰ ਉਡਾਉਣ ਦੀ

ਯੋਜਨਾ ਬਣਾ ਰਹੇ ਸਨ, ਓਦੋਂ ਅੰਦਰੂਨੀ ਸੁਰੱਖਿਆ ਦੇ ਸਟਾਫ਼ ਦੇ ਸ਼ੇਅਰਾਂ ਦੇ ਮੁੱਲਾਂ 'ਚ ਵਾਧਾ ਹੋਣ ਨਾਲ, ਨੈਸਦੈਕ 11.4 ਅੰਕ ਵਧ ਕੇ ਬੰਦ ਹੋਇਆ।

ਇਸ ਤੋਂ ਅੱਗੇ ਤੇਲ ਖੇਤਰ ਦੇ ਜ਼ਬਰਦਸਤ ਮੁਨਾਫ਼ਿਆਂ ਦੀ ਮਿਸਾਲ ਹੈ—ਇਕੱਲੀ ਐਕਸਨਮੋਬਿਲ ਦਾ 2006 ਦਾ ਮੁਨਾਫ਼ਾ ਹੀ 40 ਅਰਬ ਡਾਲਰ ਸੀ, ਇਹ ਹੁਣ ਤੱਕ ਦਾ ਸਭ ਤੋਂ ਵੱਡਾ ਮੁਨਾਫ਼ਾ ਹੈ ਅਤੇ ਸ਼ੈਵਰਨ ਵਰਗੀਆਂ ਇਸ ਦੀਆਂ ਸ਼ਰੀਕ ਕੰਪਨੀਆਂ ਵਾਲੇ ਵੀ ਪਿੱਛੇ ਨਹੀਂ ਰਹੇ।[6] ਰੱਖਿਆ, ਭਾਰੀ ਉਸਾਰੀ ਦੀ ਸਨਅਤ ਅਤੇ ਅੰਦਰੂਨੀ ਸੁਰੱਖਿਆ ਨਾਲ ਸਬੰਧਤ ਕਾਰਪੋਰੇਸ਼ਨਾਂ ਵਾਂਗ, ਤੇਲ ਖੇਤਰ ਦੇ ਮੁਨਾਫ਼ੇ ਵੀ ਹਰੇਕ ਜੰਗ, ਦਹਿਸ਼ਤਗਰਦ ਹਮਲੇ ਅਤੇ ਪੰਜਵੀਂ ਸ਼੍ਰੇਣੀ ਦੇ ਸਮੁੰਦਰੀ ਤੂਫ਼ਾਨ ਨਾਲ ਵਧਦੇ ਹਨ। ਤੇਲ ਪੈਦਾ ਕਰਨ ਵਾਲੇ ਅਹਿਮ ਖੇਤਰਾਂ ਦੀ ਬੇਯਕੀਨੀ ਹਾਲਤ ਨਾਲ ਜੁੜ ਕੇ ਉੱਚੀਆਂ ਕੀਮਤਾਂ ਵਾਲੇ ਥੋੜ੍ਹ-ਚਿਰੇ ਮੁਨਾਫ਼ੇ ਬਟੋਰਨ ਤੋਂ ਇਲਾਵਾ, ਤੇਲ ਸਨਅਤ ਆਫ਼ਤਾਂ ਨੂੰ ਲੰਮੇ ਸਮੇਂ ਦੇ ਲਾਭ 'ਚ ਬਦਲਣ ਵਿਚ ਲਗਾਤਾਰ ਕਾਮਯਾਬ ਰਹੀ ਹੈ। ਚਾਹੇ ਇਹ ਅਫ਼ਗਾਨਿਸਤਾਨ ਦੀ ਮੁੜ-ਉਸਾਰੀ ਦੇ ਫੰਡਾਂ ਦਾ ਵੱਡਾ ਹਿੱਸਾ ਨਵੀਂ ਪਾਈਪ ਲਾਈਨ ਲਈ ਮਹਿੰਗੀ ਸੜਕ ਵਾਲੇ ਬੁਨਿਆਦੀ ਢਾਂਚੇ 'ਚ ਲੱਗਣਾ ਯਕੀਨੀ ਬਣਾ ਕੇ ਕੀਤਾ ਹੋਵੇ (ਜਦਕਿ ਮੁੜ-ਉਸਾਰੀ ਦੇ ਜ਼ਿਆਦਾਤਰ ਹੋਰ ਵੱਡੇ ਪ੍ਰਾਜੈਕਟ ਠੱਪ ਹੋ ਗਏ), ਚਾਹੇ ਇਰਾਕ 'ਚ ਓਦੋਂ ਨਵਾਂ ਕਾਨੂੰਨ ਥੋਪ ਕੇ ਕੀਤਾ ਜਾਵੇ ਜਦੋਂ ਦੇਸ਼ ਮੱਚ ਰਿਹਾ ਸੀ, ਜਾਂ ਕੈਟਰਿਨਾ ਤੂਫ਼ਾਨ ਦਾ ਲਾਹਾ ਲੈ ਕੇ ਅਮਰੀਕਾ 'ਚ ਸੱਤਰਵਿਆਂ ਤੋਂ ਬਾਅਦ ਪਹਿਲੇ ਨਵੇਂ ਤੇਲ-ਸੋਧਕ ਕਾਰਖ਼ਾਨੇ ਲਾ ਕੇ ਕੀਤਾ ਜਾਵੇ। ਤੇਲ ਅਤੇ ਗੈਸ ਸਨਅਤ ਆਫ਼ਤਾਂ ਦੀ ਆਰਥਿਕਤਾ ਨਾਲ ਐਨਾ ਡੂੰਘੇ ਰੂਪ 'ਚ ਜੁੜੀ ਹੋਈ ਹੈ—ਕਈ ਆਫ਼ਤਾਂ ਦੇ ਬੁਨਿਆਦੀ ਕਾਰਨ ਅਤੇ ਇਨ੍ਹਾਂ ਤੋਂ ਲਾਹਾ ਲੈਣ ਦੇ ਦੋਵਾਂ ਪੱਖਾਂ ਤੋਂ—ਕਿ ਇਹ ਤਬਾਹੀਪਸੰਦ ਸਰਮਾਏਦਾਰੀ ਉਸਾਰ ਦੇ ਸਨਮਾਨਯੋਗ ਹਿੱਸੇ ਵਜੋਂ ਸਲੂਕ ਦੀ ਹੱਕਦਾਰ ਹੈ।

ਸਾਜ਼ਿਸ਼ਾਂ ਦੀ ਜ਼ਰੂਰਤ ਹੀ ਨਹੀਂ

ਆਫ਼ਤਾਂ ਦੀ ਤਾਜ਼ਾ ਭਰਮਾਰ ਅਜਿਹੇ ਹੈਰਾਨੀਜਨਕ ਮੁਨਾਫ਼ਿਆਂ 'ਚ ਵਟ ਚੁੱਕੀ ਹੈ ਕਿ ਦੁਨੀਆਂ ਭਰ 'ਚ ਬਹੁਤ ਸਾਰੇ ਲੋਕ ਇਸ ਨਤੀਜੇ 'ਤੇ ਪਹੁੰਚੇ ਹਨ : ਅਮੀਰ ਅਤੇ ਧੱਕੜ ਜਾਣ-ਬੁੱਝ ਕੇ ਆਫ਼ਤਾਂ ਪੈਦਾ ਕਰਦੇ ਹਨ ਤਾਂ ਜੋ ਇਨ੍ਹਾਂ ਦਾ ਲਾਹਾ ਲਿਆ ਜਾ ਸਕੇ। ਜੁਲਾਈ 2006 'ਚ, ਅਮਰੀਕੀ ਨਾਗਰਿਕਾਂ ਦੇ ਕੌਮੀ ਸਰਵੇਖਣ 'ਚ ਦੇਖਿਆ ਗਿਆ ਕਿ ਤੀਜੇ ਹਿੱਸੇ ਤੋਂ ਵੱਧ ਗਿਣਤੀ ਜਵਾਬ ਦੇਣ ਵਾਲੇ ਸਮਝਦੇ ਸਨ ਕਿ 11 ਸਤੰਬਰ ਦੇ ਹਮਲਿਆਂ 'ਚ ਸਰਕਾਰ ਦਾ ਹੱਥ ਸੀ ਜਾਂ ਇਸ ਨੇ ਇਨ੍ਹਾਂ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ "ਕਿਉਂਕਿ ਇਹ (ਕਾਰਪੋਰੇਟ) ਚਾਹੁੰਦੇ ਸਨ ਕਿ ਅਮਰੀਕਾ ਮੱਧ ਪੂਰਬ ਵਿਚ ਜੰਗ ਸ਼ੁਰੂ ਕਰੇ।" ਇਸੇ ਤਰ੍ਹਾਂ ਦੇ ਸ਼ੱਕ ਇਨ੍ਹਾਂ ਸਾਲਾਂ ਦੀਆਂ ਬਹੁਤੀਆਂ ਆਫ਼ਤਾਂ ਬਾਰੇ ਕੀਤੇ ਜਾਂਦੇ ਹਨ। ਕੈਟਰਿਨਾ ਤੂਫ਼ਾਨ ਤੋਂ ਬਾਅਦ, ਲੂਈਸਿਆਨਾ 'ਚ ਬਣਾਏ ਗਏ ਰਾਹਤ ਖ਼ੇਮਿਆਂ 'ਚ ਅਫਵਾਹਾਂ ਦਾ ਬਾਜ਼ਾਰ ਗਰਮ ਸੀ ਕਿ ਧੁੱਸੀ ਬੰਨ੍ਹ ਆਪ ਨਹੀਂ ਟੁੱਟੇ ਸਗੋਂ ਜਾਣ-ਬੁੱਝ ਕੇ ਤਬਾਹ ਕੀਤੇ ਗਏ ਹਨ ਤਾਂ ਜੋ, ਜਿਵੇਂ *ਨੇਸ਼ਨ ਆਫ਼ ਇਸਲਾਮ* ਦੇ ਆਗੂ ਲੂਇਸ ਫਰਾਖ਼ਾਨ ਨੇ ਇਸ਼ਾਰਾ ਕੀਤਾ, "ਸ਼ਹਿਰ ਦਾ ਕਾਲਿਆਂ ਦੀ ਵਸੋਂ ਵਾਲਾ ਹਿੱਸਾ ਤਬਾਹ ਹੋ ਜਾਵੇ ਅਤੇ ਗੋਰਿਆਂ ਦੀ ਵਸੋਂ ਵਾਲਾ ਹਿੱਸਾ ਸੁੱਕਾ ਰਹੇ।"[7] ਸ੍ਰੀ ਲੰਕਾ 'ਚ ਮੇਰੇ ਅਕਸਰ ਸੁਣਨ 'ਚ ਆਇਆ ਕਿ ਸੁਨਾਮੀ ਦਾ ਤੂਫ਼ਾਨ ਅਮਰੀਕਾ ਵਲੋਂ ਪਾਣੀ ਹੇਠ ਬੰਬ ਧਮਾਕੇ ਕੀਤੇ ਜਾਣ ਦੀ ਵਜ੍ਹਾ ਨਾਲ ਆਇਆ ਸੀ ਤਾਂ ਕਿ ਇਹ ਦੱਖਣ-ਪੂਰਬੀ ਏਸ਼ੀਆ 'ਚ ਫ਼ੌਜਾਂ ਭੇਜ ਸਕੇ ਅਤੇ ਇਸ ਖਿੱਤੇ ਦੇ ਅਰਥਚਾਰਿਆਂ ਨੂੰ ਮੁਕੰਮਲ ਕਬਜ਼ੇ 'ਚ ਲੈ ਸਕੇ।

ਅਸਲ ਵਿਚ, ਸਚਾਈ ਘੱਟ ਸਾਜ਼ਿਸ਼ੀ ਪਰ ਵੱਧ ਖ਼ਤਰਨਾਕ ਹੈ। ਜਿਸ ਆਰਥਕ ਪ੍ਰਬੰਧ ਨੂੰ ਲਗਾਤਾਰ ਵਾਧੇ ਦੀ ਲੋੜ ਹੁੰਦੀ ਹੈ, ਇਹ ਵਾਤਾਵਰਣ ਦੀ ਸੰਭਾਲ ਦੇ ਹਰ ਤਰ੍ਹਾਂ ਦੇ ਸੰਜੀਦਾ ਯਤਨਾਂ ਦਾ ਡੱਟਵਾਂ ਵਿਰੋਧ ਕਰਕੇ ਖ਼ੁਦ ਹੀ ਹਰ ਤਰ੍ਹਾਂ ਦੀਆਂ ਤਬਾਹੀਆਂ ਲਗਾਤਾਰ ਪੈਦਾ ਕਰਦਾ ਰਹਿੰਦਾ ਹੈ, ਚਾਹੇ ਤਬਾਹੀਆਂ ਫ਼ੌਜੀ ਹੋਣ, ਚਾਹੇ ਵਾਤਾਵਰਣਕ, ਚਾਹੇ ਵਿੱਤੀ। ਜਿਵੇਂ ਕਿ ਏਸ਼ੀਆ ਦੇ ਵਿਤੀ ਸੰਕਟ, ਮੈਕਸੀਕੋ ਦੇ ਪੈਸੋ ਸੰਕਟ ਅਤੇ ਡਾਟਕਾਮ ਵਿੱਤੀ ਤਬਾਹੀ ਨੇ ਦਿਖਾਇਆ ਹੈ ਕਿ ਸ਼ੁੱਧ ਸੱਟੇਬਾਜ਼ ਪੂੰਜੀ-ਨਿਵੇਸ਼ ਜਿਸ ਤਰ੍ਹਾਂ ਦੇ ਮੁਨਾਫ਼ੇ ਅਸਾਨੀ ਨਾਲ ਅਤੇ ਫਟਾਫਟ ਦਿੰਦਾ ਹੈ ਇਸ ਦੀ ਲਾਲਸਾ ਨੇ ਸ਼ੇਅਰਾਂ, ਸਿੱਕੇ ਅਤੇ ਜਾਇਦਾਦ ਦੀ ਖ਼ਰੀਦ-ਫਰੋਖ਼ਤ ਦੀਆਂ ਮੰਡੀਆਂ ਨੂੰ ਸੰਕਟ ਪੈਦਾ ਕਰਨ ਵਾਲੀਆਂ ਮਸ਼ੀਨਾਂ ਬਣਾ ਦਿੱਤਾ ਹੈ। ਊਰਜਾ ਦੇ ਕੁਦਰਤੀ ਅਤੇ ਮੁੜ ਪੂਰਤੀ ਨਾ ਹੋਣ ਵਾਲੇ ਵਸੀਲਿਆਂ ਪ੍ਰਤੀ ਸਾਡੀ ਸਾਰਿਆਂ ਦੀ ਲਾਲਸਾ ਕਾਰਨ ਹੋਰ ਕਿਸਮ ਦੇ ਸੰਕਟ ਆਉਂਦੇ ਰਹਿੰਦੇ ਹਨ : ਜਿਵੇਂ ਕੁਦਰਤੀ ਆਫ਼ਤਾਂ (1975 ਤੋਂ ਲੈ ਕੇ ਇਨ੍ਹਾਂ ਵਿਚ 430 ਫ਼ੀ ਸਦੀ ਵਾਧਾ ਹੋਇਆ) ਅਤੇ ਦੁਰਲੱਭ ਵਸੀਲਿਆਂ ਉੱਪਰ ਕਬਜ਼ੇ ਲਈ ਵਿੱਢੀਆਂ ਜੰਗਾਂ [ਨਿਰੀਆਂ ਇਰਾਕ ਅਤੇ ਅਫ਼ਗਾਨਿਸਤਾਨ ਦੀਆਂ ਜੰਗਾਂ ਹੀ ਨਹੀਂ ਸਗੋਂ ਹੌਲੀ ਹੌਲੀ ਚਲਦੀਆਂ ਰਹਿਣ ਵਾਲੀਆਂ ਲੜਾਈਆਂ ਵੀ ਜੋ ਨਾਈਜੀਰੀਆ, ਕੋਲੰਬੀਆ ਅਤੇ ਸੂਡਾਨ ਵਿਚ ਭੜਕਾਈਆਂ ਗਈਆਂ ਹਨ], ਜੋ ਮੋੜਵੇਂ ਰੂਪ ਵਿਚ ਦਹਿਸ਼ਤਗਰਦ ਪ੍ਰਤੀਕਰਮ ਪੈਦਾ ਕਰਦੀਆਂ ਹਨ (2007 ਦੇ ਇਕ ਅਧਿਐਨ 'ਚ ਹਿਸਾਬ ਲਾਇਆ ਗਿਆ ਸੀ ਕਿ ਇਰਾਕ ਵਿਰੁੱਧ ਜੰਗ ਸ਼ੁਰੂ ਹੋਣ ਦੇ ਸਮੇਂ ਤੋਂ ਦਹਿਸ਼ਤਗਰਦ ਹਮਲਿਆਂ ਦੀ ਗਿਣਤੀ 'ਚ ਸੱਤ ਗੁਣਾਂ ਵਾਧਾ ਹੋਇਆ ਹੈ)।[8]

ਵਾਤਾਵਰਣ ਦੇ ਅਤੇ ਸਿਆਸੀ ਦੋਵਾਂ ਤਰ੍ਹਾਂ ਦੇ ਤਾਪਮਾਨ ਬਹੁਤ ਜ਼ਿਆਦਾ ਵਧੇ ਹੋਣ ਕਾਰਨ, ਗੁਪਤ ਸਾਜ਼ਿਸ਼ਾਂ ਘੜ ਕੇ ਭਵਿੱਖੀ ਆਫ਼ਤਾਂ ਪੈਦਾ ਕਰਨ ਦੀ ਲੋੜ ਨਹੀਂ ਪੈਣੀ। ਹਰ ਤਰ੍ਹਾਂ ਦੇ ਸੰਕੇਤ ਮੌਜੂਦ ਹਨ ਕਿ ਅੱਜਕੱਲ੍ਹ ਜੋ ਚੱਲ ਰਿਹਾ ਹੈ ਜੇ ਇਹੀ ਚੱਲਦਾ ਰਿਹਾ ਤਾਂ ਆਫ਼ਤਾਂ ਵੱਧ ਭਿਆਨਕਤਾ ਨਾਲ ਆਉਣਗੀਆਂ। ਇਸੇ ਕਰਕੇ ਮੰਡੀ ਦੇ ਅਦਿੱਖ ਹੱਥ ਨੂੰ ਆਫ਼ਤਾਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਹ ਇਕ ਐਸਾ ਖੇਤਰ ਹੈ ਜੋ ਆਫ਼ਤਾਂ ਦਾ ਅਸਲ ਜਨਮਦਾਤਾ ਹੈ।

ਹਾਲਾਂਕਿ ਤਬਾਹੀਪਸੰਦ ਸਰਮਾਏਦਾਰਾ ਉਸਾਰ ਜਾਣ-ਬੁੱਝ ਕੇ ਤਬਾਹੀ ਦੀ ਵਿਉਂਤ ਨਹੀਂ ਬਣਾਉਂਦਾ ਜਿਸ ਤੋਂ ਇਹ ਮੁਨਾਫ਼ੇ ਬਟੋਰ ਸਕੇ (ਜਦਕਿ ਇਰਾਕ ਸਪਸ਼ਟ ਤੌਰ 'ਤੇ ਅਲੱਗ ਮਾਮਲਾ ਹੈ), ਫੇਰ ਵੀ ਬਹੁਤ ਸਾਰੇ ਸਬੂਤ ਮੌਜੂਦ ਹਨ ਕਿ ਇਸ ਉਸਾਰ ਦਾ ਅੰਗ ਸਨਅਤਾਂ ਸੱਚੀਉਂ ਇਹ ਯਕੀਨੀ ਬਣਾਉਣ ਲਈ ਸਿਰਤੋੜ ਯਤਨ ਕਰਦੀਆਂ ਹਨ ਕਿ ਆਫ਼ਤਾਂ ਦਾ ਮੌਜੂਦਾ ਰੁਝਾਨ ਬੇਰੋਕ ਬਣਿਆ ਰਹੇ। ਦਿਓਕੱਦ ਤੇਲ ਕੰਪਨੀਆਂ ਕਈ ਸਾਲਾਂ ਤੋਂ ਉਸ ਜਹਾਦ ਲਈ ਫੰਡ ਦੇ ਰਹੀਆਂ ਹਨ ਜੋ ਵਾਤਾਵਰਣ 'ਚ ਸੁਧਾਰ ਲਿਆਉਣ ਦੇ ਖ਼ਿਲਾਫ਼ ਹੈ। ਐਕਸਨਮੋਬਿਲ ਨੇ ਬੀਤੇ ਦਹਾਕੇ 'ਚ ਇਸ ਜਹਾਦ ਉੱਪਰ ਇਕ ਕਰੋੜ 60 ਲੱਖ ਡਾਲਰ ਖ਼ਰਚ ਕੀਤੇ ਹਨ। ਹਾਲਾਂਕਿ ਇਹ ਵਰਤਾਰਾ ਜੱਗ ਜ਼ਾਹਿਰ ਹੈ, ਫੇਰ ਵੀ ਤਬਾਹੀ ਸਮੇਂ ਠੇਕੇ ਲੈਣ ਵਾਲੀਆਂ ਕੰਪਨੀਆਂ ਅਤੇ ਕੁਲੀਨ ਵਰਗ ਨਾਲ ਸਬੰਧਤ ਜਨਤਕ ਰਾਇ ਬਣਾਉਣ ਵਾਲਿਆਂ ਵਿਚਕਾਰ ਰਿੱਝਦੀ ਖਿਚੜੀ ਨੂੰ ਸਮਝਣ ਦੀ ਕੋਸ਼ਿਸ਼ ਬਹੁਤ ਘੱਟ ਕੀਤੀ ਜਾਂਦੀ ਹੈ। ਵਾਸ਼ਿੰਗਟਨ 'ਚ ਬੈਠੇ ਬਹੁਤ ਸਾਰੇ ਪ੍ਰਭਾਵਸ਼ਾਲੀ ਨੀਤੀ ਮਾਹਰਾਂ—ਜਨਤਕ ਨੀਤੀ ਲਈ ਕੌਮੀ ਸੰਸਥਾ ਅਤੇ ਸੁਰੱਖਿਆ ਨੀਤੀ ਲਈ ਕੇਂਦਰ ਸਮੇਤ—ਨੂੰ ਹਥਿਆਰਾਂ ਅਤੇ ਅੰਦਰੂਨੀ ਸੁਰੱਖਿਆ ਦੇ ਠੇਕੇ ਲੈਣ ਵਾਲੀਆਂ ਕੰਪਨੀਆਂ ਭਾਰੀ ਫੰਡ ਦਿੰਦੀਆਂ ਹਨ। ਕਾਰਨ ਇਹ ਹੈ ਕਿ ਇਹ ਮਾਹਰ ਦੁਨੀਆਂ ਨੂੰ ਭੈੜੀ ਅਤੇ ਭਿਆਨਕ

ਥਾਂ ਬਣਾ ਕੇ ਲਗਾਤਾਰ ਪੇਸ਼ ਕਰਦੇ ਰਹਿੰਦੇ ਹਨ, ਇਸ ਦੀਆਂ ਮੁਸ਼ਕਲਾਂ ਦਾ ਇਕੋ ਇਕ ਹੱਲ ਤਾਕਤ ਦਾ ਇਸਤੇਮਾਲ ਹੀ ਦੱਸਿਆ ਜਾਂਦਾ ਹੈ। ਇਸ ਤੋਂ ਇਹ ਕੰਪਨੀਆਂ ਸਿੱਧੇ ਮੁਨਾਫ਼ੇ ਕਮਾਉਂਦੀਆਂ ਹਨ। ਪ੍ਰਚਾਰ ਸਾਧਨਾਂ ਨਾਲ ਸਬੰਧਤ ਕਾਰਪੋਰੇਸ਼ਨਾਂ ਨਾਲ ਅੰਦਰੂਨੀ ਸੁਰੱਖਿਆ ਖੇਤਰ ਦੀ ਸਾਂਝ ਵਧ ਰਹੀ ਹੈ, ਇਸ ਵਿਕਾਸ ਦੀਆਂ ਤਬਾਹਕੁਨ ਅਰਥ-ਸੰਭਾਵਨਾਵਾਂ ਹਨ। 2004 'ਚ, ਡਿਜ਼ੀਟਲ ਸੰਚਾਰ ਪ੍ਰਬੰਧ ਦੀ ਦਿਓਕੱਦ ਕੰਪਨੀ ਲੈਕਸਿਸ ਨੈਕਸਿਸ ਨੇ ਡਾਟਾ ਦੀ ਘੋਖ-ਪੜਤਾਲ ਕਰਨ ਵਾਲੀ ਕੰਪਨੀ ਸੇਸਿੰਟ ਨੂੰ 77 ਕਰੋੜ 50 ਲੱਖ ਡਾਲਰ ਦੀ ਅਦਾਇਗੀ ਕੀਤੀ, ਜੋ ਜਾਸੂਸੀ ਸਬੰਧੀ ਕੇਂਦਰੀ ਅਤੇ ਸੂਬਾਈ ਏਜੰਸੀਆਂ ਨਾਲ ਨੇੜਿਉਂ ਮਿਲ ਕੇ ਕੰਮ ਕਰਦੀ ਹੈ। ਇਸੇ ਸਾਲ, ਐੱਨ ਬੀ ਸੀ ਦੀ ਮਾਲਕ ਜਨਰਲ ਇਲੈਕਟ੍ਰਿਕ ਨੇ ਇਨਵਿਜ਼ਨ ਨੂੰ ਖ਼ਰੀਦ ਲਿਆ ਜੋ ਬੰਬਾਂ ਦਾ ਪਤਾ ਲਾਉਣ ਵਾਲੇ ਉਨ੍ਹਾਂ ਉੱਚ-ਤਕਨੀਕੀ ਵਿਵਾਦਮਈ ਯੰਤਰਾਂ ਦੀ ਨਿਰਮਾਤਾ ਵੱਡੀ ਕੰਪਨੀ ਹੈ ਜੋ ਹਵਾਈ ਅੱਡਿਆਂ ਅਤੇ ਹੋਰ ਜਨਤਕ ਥਾਵਾਂ 'ਚ ਇਸਤੇਮਾਲ ਕੀਤੇ ਜਾਂਦੇ ਹਨ। 2001 ਤੋਂ ਲੈ ਕੇ 2006 ਦਰਮਿਆਨ, ਇਨਵਿਜ਼ਨ ਨੇ ਅੰਦਰੂਨੀ ਸੁਰੱਖਿਆ ਨਾਲ ਸਬੰਧਤ ਠੇਕਿਆਂ ਵਿਚੋਂ 15 ਅਰਬ ਡਾਲਰ ਵਸੂਲ ਕੀਤੇ, ਇਹ ਅਜਿਹੇ ਠੇਕੇ ਲੈਣ ਵਾਲੀਆਂ ਕੰਪਨੀਆਂ ਵਿਚੋਂ ਸਭ ਤੋਂ ਵੱਧ ਠੇਕੇ ਹਨ।[9]

ਤਬਾਹੀਪਸੰਦ ਸਰਮਾਏਦਾਰੀ ਉਸਾਰ ਦਾ ਪ੍ਰਚਾਰ-ਮਾਧਿਅਮਾਂ ਤੱਕ ਵਧਾਰਾ-ਪਸਾਰਾ ਨਵੀਂ ਕਿਸਮ ਦੀ ਕਾਰਪੋਰੇਟ ਸਾਂਝ ਸਾਬਤ ਹੋ ਸਕਦਾ ਹੈ, ਜਿਸ ਦੀ ਉਸਾਰੀ ਇਨ੍ਹਾਂ ਦੇ ਸਿੱਧੇ ਮੇਲ-ਜੋਲ ਉੱਪਰ ਹੋਈ ਹੈ ਜੋ ਨੱਬੇਵਿਆਂ 'ਚ ਬਹੁਤ ਚਰਚਿਤ ਰਿਹਾ ਹੈ। ਇਸ ਵਿਚੋਂ ਕਾਰੋਬਾਰੀ ਸੂਝ ਦਾ ਸੰਕੇਤ ਮਿਲਦਾ ਹੈ। ਸਾਡੇ ਸਮਾਜ ਜਿੰਨੇ ਭੈਭੀਤ ਹੋਣਗੇ ਜਿੰਨਾ ਉਨ੍ਹਾਂ ਨੂੰ ਇਹ ਜਚਿਆ ਹੋਵੇਗਾ ਕਿ ਹਰੇਕ ਮਸਜਿਦ 'ਚ ਦਹਿਸ਼ਤਗਰਦ ਘਾਤ ਲਾਈ ਬੈਠੇ ਹਨ, ਖ਼ਬਰਾਂ ਦੀ ਰੇਟਿੰਗ ਉਨੀ ਹੀ ਵਧ ਜਾਂਦੀ ਹੈ। ਇਸ ਨਾਲ ਇਸ ਉਸਾਰ ਦੇ ਹੁਲੀਆ ਅਧਾਰਤ (Bio-metric) ਸ਼ਨਾਖ਼ਤੀ ਕਾਰਡ ਅਤੇ ਤਰਲ-ਵਿਸਫੋਟਕ ਦੀ ਸੂਹ ਲਾਉਣ ਵਾਲੇ ਯੰਤਰ ਉਨੇ ਹੀ ਵੱਧ ਵਿਕਣਗੇ ਅਤੇ ਸਰਹੱਦਾਂ ਉੱਪਰ ਇਹ ਉਨੀਆਂ ਹੀ ਵੱਧ ਉੱਚ-ਤਕਨੀਕੀ ਵਾੜਾਂ ਕਰੇਗਾ। ਜੇ ਖੁੱਲ੍ਹੇ, ਹੱਦਬੰਦੀਆਂ ਤੋਂ ਮੁਕਤ "ਨਿੱਕੇ ਗ੍ਰਹਿ" ਦਾ ਸੁਪਨਾ ਨੱਬੇਵਿਆਂ 'ਚ ਮੁਨਾਫ਼ੇ ਦੀ ਜਾਮਨੀ ਸੀ, ਹੁਣ ਨਵੀਂ ਸਦੀ ਵਿਚ ਉਹੀ ਭੂਮਿਕਾ ਡਰ ਦਾ ਹਊਆ, ਜਹਾਦੀਆਂ ਅਤੇ ਗ਼ੈਰ-ਪੱਛਮੀ ਪ੍ਰਵਾਸੀਆਂ ਨਾਲ ਘਿਰੇ ਕਿਲ੍ਹਾਬੰਦ ਪੱਛਮੀ ਮਹਾਂਦੀਪ ਨਿਭਾ ਰਹੇ ਹਨ। ਜਿਸ ਆਰਥਕ ਤੇਜ਼ੀ ਵਾਲੀ ਤਬਾਹੀਪਸੰਦ ਆਰਥਿਕਤਾ — ਹਥਿਆਰਾਂ, ਤੇਲ, ਇੰਜੀਨੀਅਰਿਗ ਤੋਂ ਲੈ ਕੇ ਸ਼ਹਿਰੀਆਂ ਦੀ ਨਿਗਰਾਨੀ ਅਤੇ ਪੇਟੈਂਟ ਦਵਾਈਆਂ ਤੱਕ—ਉੱਪਰ ਇਨ੍ਹਾਂ ਦੀ ਦੌਲਤ ਐਨੀ ਜ਼ਿਆਦਾ ਨਿਰਭਰ ਹੈ ਉਸ ਨੂੰ ਜੇ ਕੋਈ ਖ਼ਤਰਾ ਮਹਿਸੂਸ ਹੁੰਦਾ ਹੈ ਤਾਂ ਉਹ ਹੈ ਵਾਤਾਵਰਣ ਦੀ ਸਥਿਰਤਾ ਅਤੇ ਭੂਗੋਲਿਕ-ਸਿਆਸੀ ਅਮਨ ਦੇ ਕੁਝ ਉਪਾਅ ਕੀਤੇ ਜਾਣ ਦੀ ਸੰਭਾਵਨਾ ਤੋਂ।

ਇਸਰਾਇਲ ਅਤੇ ਸਥਾਈ ਤਬਾਹੀਪਸੰਦ ਨਸਲੀ ਵਿਤਕਰਾ ਅਧਾਰਤ ਰਾਜ

ਜਦੋਂ ਵਿਸ਼ਲੇਸ਼ਣਕਾਰ ਡੈਵੋਸ ਵਿਚ ਸਾਹਮਣੇ ਆਈ ਦੋਚਿੱਤੀ ਨੂੰ ਸਮਝਣ ਲਈ ਖੋਂਝਲ ਰਹੇ ਹਨ ਤਾਂ ਇਕ ਨਵੀਂ ਆਮ ਸਹਿਮਤੀ ਉੱਭਰ ਕੇ ਸਾਹਮਣੇ ਆ ਰਹੀ ਹੈ। ਗੱਲ ਇੰਝ ਨਹੀਂ ਹੈ ਕਿ ਮੰਡੀ ਅਸਥਿਰਤਾ ਤੋਂ ਮੁਕਤ ਹੋ ਗਈ ਹੈ, ਘੱਟੋ-ਘੱਟ ਪੂਰੀ ਤਰ੍ਹਾਂ ਤਾਂ ਬਿਲਕੁਲ ਨਹੀਂ। ਗੱਲ ਇਹ ਹੈ ਕਿ ਤਬਾਹੀਆਂ ਦਾ ਸਿਲਸਿਲਾ ਹੁਣ ਐਨਾ ਆਮ ਹੈ ਕਿ ਮੰਡੀ ਇਸ ਨਵੀਂ ਹਾਲਤ ਅਨੁਸਾਰ ਢਲ ਗਈ ਹੈ—ਅਸਥਿਰਤਾ ਹੀ ਹੁਣ ਸਥਿਰ ਵਰਤਾਰਾ ਬਣੀ ਹੋਈ ਹੈ। 11 ਸਤੰਬਰ ਤੋਂ

ਬਾਅਦ ਇਸ ਆਰਥਕ ਵਰਤਾਰੇ ਬਾਰੇ ਵਿਚਾਰ-ਚਰਚਾਵਾਂ ਸਮੇਂ ਅਕਸਰ ਹੀ ਇਸਰਾਇਲ ਨੂੰ ਇਕ ਤਰ੍ਹਾਂ ਦੇ ਸਭ ਤੋਂ ਅਹਿਮ ਸਬੂਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਲੰਘੇ ਦਹਾਕੇ ਦਾ ਬਹੁਤਾ ਸਮਾਂ, ਇਸਰਾਇਲ ਆਪਣੀ ਛੋਟੇ ਪੱਧਰ ਦੀ ਡੈਵੋਸ ਦੋਚਿੱਤੀ ਹੰਢਾਉਂਦਾ ਰਿਹਾ ਹੈ : ਜੰਗਾਂ ਅਤੇ ਦਹਿਸ਼ਤਗਰਦ ਹਮਲੇ ਵਧ ਰਹੇ ਹਨ ਪਰ ਤੈਲ ਅਵੀਵ ਦਾ ਸਟਾਕ ਐਕਸਚੇਂਜ ਇਸ ਹਿੰਸਾ ਦੇ ਐਨ ਸਮਾਂਤਰ ਬੁਲੰਦੀਆਂ ਛੂੰਹਦਾ ਰਿਹਾ ਹੈ। ਜਿਵੇਂ 7 ਜੁਲਾਈ ਨੂੰ ਲੰਦਨ 'ਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਫੈਕਸ ਨਿਊਜ਼ ਵਿਚ ਸ਼ੇਅਰ ਬਜ਼ਾਰ ਦੇ ਇਕ ਵਿਸ਼ਲੇਸ਼ਣਕਾਰ ਨੇ ਟਿੱਪਣੀ ਕੀਤੀ "ਇਸਰਾਇਲ 'ਚ ਉਨ੍ਹਾਂ ਨੂੰ ਦਹਿਸ਼ਤ ਦੇ ਖ਼ਤਰੇ ਨਾਲ ਨਿੱਤ ਨਜਿੱਠਣਾ ਪੈਂਦਾ ਹੈ, ਅਤੇ ਉਸ ਦੀ ਸ਼ੇਅਰ ਮੰਡੀ ਵਿਚ ਸਾਰਾ ਸਾਲ ਚੜ੍ਹਤ ਦਾ ਰੁਝਾਨ ਬਣਿਆ ਰਿਹਾ ਹੈ।"[10] ਆਮ ਰੂਪ 'ਚ, ਆਲਮੀ ਆਰਥਿਕਤਾ ਵਾਂਗ, ਇਸਰਾਇਲ ਦੀ ਸਿਆਸੀ ਹਾਲਤ ਦੇ ਤਬਾਹਕੁਨ ਹੋਣ ਬਾਰੇ ਬਹੁਤਿਆਂ ਦੀ ਸਹਿਮਤੀ ਹੈ, ਪਰ ਜੇ 2007 ਦੀਆਂ ਆਰਥਕ ਵਾਧਾ ਦਰਾਂ ਦੀ ਰੌਸ਼ਨੀ 'ਚ ਦੇਖੀਏ ਤਾਂ ਇਸ ਦੀ ਆਰਥਿਕਤਾ ਚੀਨ ਅਤੇ ਭਾਰਤ ਦੇ ਅਰਥਚਾਰਿਆਂ ਨਾਲੋਂ ਵੱਧ ਮਜ਼ਬੂਤ ਕਦੇ ਵੀ ਨਹੀਂ ਰਹੀ।

Guns-And-Caviar Model ਵਜੋਂ ਇਸਰਾਇਲ ਦੀ ਮਿਸਾਲ ਇਸ ਕਰਕੇ ਹੀ ਦਿਲਚਸਪ ਨਹੀਂ ਹੈ ਕਿ ਇਸ ਦੀ ਆਰਥਿਕਤਾ 2006 'ਚ ਲਿਬਨਾਨ ਨਾਲ ਜੰਗ ਜਾਂ 2007 'ਚ ਹਮਾਸ ਦੇ ਹਮਲਿਆਂ ਵਰਗੇ ਵੱਡੇ ਸਿਆਸੀ ਸਦਮਿਆਂ ਦਾ ਸ਼ਿਕਾਰ ਹੋਣ ਦੇ ਬਾਵਜੂਦ ਬਹੁਤ ਛੇਤੀ ਸੰਭਲਦੀ ਰਹੀ ਹੈ, ਸਗੋਂ ਇਸ ਕਰਕੇ ਵੀ ਦਿਲਚਸਪ ਹੈ ਕਿ ਇਸ ਦੀ ਸਿਰਜੀ ਆਰਥਿਕਤਾ ਹਿੰਸਾ 'ਚ ਵਾਧਾ ਹੋਣ ਦੇ ਸਿੱਧੇ ਪ੍ਰਤੀਕਰਮ ਵਜੋਂ ਉੱਘੜਵੇਂ ਰੂਪ 'ਚ ਵਧਦੀ-ਫੁਲਦੀ ਹੈ। ਜੇ ਤਬਾਹੀਆਂ ਦੌਰਾਨ ਵੀ ਇਸਰਾਇਲੀ ਸਨਅਤ ਸੁਖਾਵਾਂ ਮਹਿਸੂਸ ਕਰਦੀ ਹੈ ਤਾਂ ਇਸ ਦੇ ਕਾਰਨ ਗੁੱਝੇ ਨਹੀਂ ਹਨ। ਅਮਰੀਕੀ ਅਤੇ ਯੂਰਪੀ ਕੰਪਨੀਆਂ ਵਲੋਂ ਸੁਰੱਖਿਆ ਖੇਤਰ ਦੀ ਆਲਮੀ ਤੇਜ਼ੀ ਦੀ ਗੁੰਜਾਇਸ਼ ਬੁੱਝ ਲੈਣ ਤੋਂ ਕਈ ਸਾਲ ਪਹਿਲਾਂ ਹੀ, ਇਸਰਾਇਲ ਦੀਆਂ ਤਕਨਾਲੋਜੀ ਕੰਪਨੀਆਂ ਦੇਸ਼ ਦੀ ਸੁਰੱਖਿਆ ਸਨਅਤ ਦਾ ਮੁੱਢ ਬੰਨ੍ਹਣ 'ਚ ਜੁੱਟ ਗਈਆਂ ਸਨ। ਉਨ੍ਹਾਂ ਦਾ ਅੱਜ ਵੀ ਇਸ ਖੇਤਰ 'ਤੇ ਗ਼ਲਬਾ ਬਣਿਆ ਹੋਇਆ ਹੈ। ਇਸਰਾਇਲੀ ਨਿਰਯਾਤ ਸੰਸਥਾ ਦਾ ਅੰਦਾਜ਼ਾ ਹੈ ਕਿ ਇਸਰਾਇਲ ਦੀਆਂ 350 ਕਾਰਪੋਰੇਸ਼ਨਾਂ ਅੰਦਰੂਨੀ ਸੁਰੱਖਿਆ ਦਾ ਸਮਾਨ ਵੇਚਣ 'ਚ ਜੁੱਟੀਆਂ ਹੋਈਆਂ ਹਨ। ਅਤੇ 2007 'ਚ ਇਕੱਤੀ ਹੋਰ ਨਵੀਂਆਂ ਕਾਰਪੋਰੇਸ਼ਨਾਂ ਇਸ ਖੇਤਰ 'ਚ ਆ ਗਈਆਂ। ਕਾਰਪੋਰੇਟ ਭਵਿੱਖ-ਨਕਸ਼ੇ ਤੋਂ ਇਸ ਵਿਕਾਸ ਨੇ ਇਸਰਾਇਲ ਨੂੰ 11 ਸਤੰਬਰ ਦੇ ਹਮਲਿਆਂ ਤੋਂ ਬਾਅਦ ਦੀ ਮੰਡੀ 'ਚ ਮਿਸਾਲੀ ਆਰਥਿਕਤਾ ਬਣਾ ਦਿੱਤਾ ਹੈ। ਜਦਕਿ ਸਮਾਜਿਕ ਅਤੇ ਸਿਆਸੀ ਭਵਿੱਖ-ਨਕਸ਼ੇ ਤੋਂ ਇਸਰਾਇਲ ਕੁਝ ਹੋਰ ਹੀ ਭੂਮਿਕਾ ਨਿਭਾਏਗਾ—ਇਹ ਸਪਸ਼ਟ ਚੇਤਾਵਨੀ ਦਾ ਕੰਮ ਕਰੇਗਾ। ਜਦੋਂ ਇਸਰਾਇਲ ਆਪਣੇ ਹੀ ਗੁਆਂਢੀਆਂ ਵਿਰੁੱਧ ਜੰਗ ਲੜ ਰਿਹਾ ਹੈ ਅਤੇ ਮਕਬੂਜ਼ਾ ਇਲਾਕਿਆਂ 'ਚ ਇਸ ਦੀ ਵਹਿਸ਼ਤ ਦਾ ਤਾਂਡਵ ਨਾਚ ਹੋਰ ਤੇਜ਼ ਹੁੰਦਾ ਜਾਂਦਾ ਹੈ, ਓਦੋਂ ਵੀ ਇਸ ਵਲੋਂ ਮੰਡੀ 'ਚ ਤੇਜ਼ੀ ਦੀ ਖੁਸ਼ਹਾਲੀ ਮਾਣਦੇ ਰਹਿਣ ਦਾ ਤੱਥ ਦਰਸਾਉਂਦਾ ਹੈ ਕਿ ਲਗਾਤਾਰ ਜੰਗ ਅਤੇ ਤਬਾਹੀਆਂ 'ਚ ਵਾਧੇ ਨੂੰ ਅਧਾਰ ਬਣਾ ਕੇ ਆਰਥਿਕਤਾ ਦੀ ਉਸਾਰੀ ਕਿੰਨੀ ਖ਼ਤਰਨਾਕ ਹੈ।

ਹਥਿਆਰਾਂ ਅਤੇ ਐਸ਼ੋ-ਅਰਾਮ ਦੇ ਸਮਾਨ ਦੀ ਮੰਡੀ ਦਾ ਸੁਮੇਲ ਕਰਨ ਦੀ ਇਸਰਾਇਲ ਦੀ ਮੌਜੂਦਾ ਯੋਗਤਾ ਪੰਦਰਾਂ ਵਰ੍ਹਿਆਂ ਤੋਂ ਇਸ ਦੀ ਆਰਥਿਕਤਾ ਦੀ ਫ਼ਿਤਰਤ 'ਚ ਹੋਏ ਨਾਟਕੀ ਬਦਲਾਅ ਦਾ ਸਿਖ਼ਰ ਹੈ; ਜਿਸ ਦਾ ਡੂੰਘਾ ਅਸਰ ਇਹ ਪਿਆ ਹੈ ਕਿ ਅਮਨ ਦੀਆਂ ਸੰਭਾਵਨਾਵਾਂ

ਨਾਲ ਦੀ ਨਾਲ ਖ਼ਤਮ ਹੋ ਗਈਆਂ। ਇਸ ਵਰਤਾਰੇ ਦੀ ਘੋਖ ਬਹੁਤ ਘੱਟ ਕੀਤੀ ਗਈ ਹੈ। ਮੱਧ ਪੂਰਬ ਵਿਚ ਸ਼ਾਂਤੀ ਦੀ ਭਰੋਸੇਯੋਗ ਸੰਭਾਵਨਾ ਆਖ਼ਰੀ ਵਾਰ ਓਦੋਂ ਬਣੀ ਸੀ ਜਦੋਂ ਇਸਰਾਇਲੀ ਲੋਕਾਂ ਦੇ ਪ੍ਰਭਾਵਸ਼ਾਲੀ ਹਿੱਸੇ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਹੁਣ ਲੜਾਈ ਜਾਰੀ ਨਹੀਂ ਰੱਖੀ ਜਾ ਸਕਦੀ। ਕਮਿਊਨਿਜ਼ਮ ਦਾ ਖ਼ਾਤਮਾ ਹੋ ਗਿਆ ਸੀ, ਸੂਚਨਾ ਇਨਕਲਾਬ ਦੀ ਸ਼ੁਰੂਆਤ ਹੋ ਰਹੀ ਸੀ ਅਤੇ ਇਸਰਾਇਲ ਦੇ ਸਰਮਾਏਦਾਰ ਭਾਈਚਾਰੇ ਅੰਦਰ ਇਹ ਆਮ ਵਿਸ਼ਵਾਸ ਬਣਿਆ ਹੋਇਆ ਸੀ ਕਿ ਅਰਬ ਰਾਜਾਂ ਵਲੋਂ ਇਸਰਾਇਲ ਦੇ ਬਾਈਕਾਟ ਦੀ ਹਾਲਤ 'ਚ ਗਾਜ਼ਾ ਅਤੇ ਪੱਛਮੀ ਕੰਢੇ ਉੱਪਰ ਖ਼ੂਨੀ ਕਬਜ਼ਾ ਬਣਾਈ ਰੱਖਣ ਨਾਲ ਇਸਰਾਇਲ ਦੇ ਭਵਿੱਖ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਇਸਰਾਇਲੀ ਕਾਰਪੋਰੇਸ਼ਨਾਂ ਦੁਖੀ ਸਨ ਕਿ ਦੁਨੀਆਂ ਭਰ 'ਚ ਤਾਂ "ਮੰਡੀਆਂ ਉੱਭਰ ਰਹੀਆਂ ਹਨ" ਪਰ ਉਨ੍ਹਾਂ ਨੂੰ ਜੰਗ ਨੇ ਜੂੜ ਪਾ ਰੱਖਿਆ ਹੈ : ਉਹ ਭਾਰੀ ਮੁਨਾਫ਼ੇ ਦੇਣ ਵਾਲੀ, ਹੱਦਬੰਦੀਆਂ ਤੋਂ ਰਹਿਤ ਦੁਨੀਆਂ ਦਾ ਹਿੱਸਾ ਬਣਨਾ ਚਾਹੁੰਦੀਆਂ ਸਨ, ਖੇਤਰੀ ਝਗੜੇ ਦੀ ਵਲਗਣ 'ਚ ਡੱਕੇ ਰਹਿਣਾ ਉਨ੍ਹਾਂ ਨੂੰ ਗਵਾਰਾ ਨਹੀਂ ਸੀ। ਜੇ ਇਸਰਾਇਲੀ ਸਰਕਾਰ ਫਲਸਤੀਨੀਆਂ ਨਾਲ ਕਿਸੇ ਤਰ੍ਹਾਂ ਦੇ ਸ਼ਾਂਤੀ ਸਮਝੌਤੇ ਲਈ ਗੱਲਬਾਤ ਚਲਾਏਗੀ ਤਾਂ ਇਸਰਾਇਲ ਦੇ ਗੁਆਂਢੀਆਂ ਨੂੰ ਬਾਈਕਾਟ ਖ਼ਤਮ ਕਰਨੇ ਪੈਣਗੇ, ਇਸ ਹਾਲਤ 'ਚ ਇਸਰਾਇਲ ਮੱਧ ਪੂਰਬ ਦੇ ਮੁਕਤ ਵਪਾਰ ਦਾ ਧੁਰਾ ਬਣਨ ਦੀ ਪੂਰੀ ਤਰ੍ਹਾਂ ਢੁਕਵੀਂ ਹੈਸੀਅਤ ਅਖ਼ਤਿਆਰ ਕਰ ਲਵੇਗਾ।

1993 'ਚ, ਇਸਰਾਇਲੀ ਚੈਂਬਰਜ਼ ਆਫ਼ ਕਾਮਰਸ ਦਾ ਉਸ ਸਮੇਂ ਦਾ ਪ੍ਰਧਾਨ ਡੈਨ ਗਿਲਰਮੈਨ ਇਸ ਪੈਂਤੜੇ ਦਾ ਮੂੰਹਫਟ ਹਮਾਇਤੀ ਸੀ। "ਇਸਰਾਇਲ ਇਕ ਹੋਰ ਐਸਾ ਰਾਜ ਬਣ ਸਕਦਾ ਹੈ..... ਜਾਂ, ਇਹ ਸਿੰਗਾਪੁਰ ਜਾਂ ਹਾਂਗਕਾਂਗ ਵਾਂਗ ਸਮੁੱਚੇ ਖੇਤਰ ਦੀ ਯੁੱਧਨੀਤਕ, ਫ਼ੌਜੀ ਸਪਲਾਈ ਅਤੇ ਮੰਡੀਕਰਨ ਦਾ ਧੁਰਾ ਬਣ ਸਕਦਾ ਹੈ ਜਿੱਥੇ ਬਹੁ-ਕੌਮੀ ਕੰਪਨੀਆਂ ਦੇ ਮੁੱਖ ਦਫ਼ਤਰ ਕੰਮ ਕਰਦੇ ਹਨ, ਅਸੀਂ ਇਕ ਪੂਰੀ ਤਰ੍ਹਾਂ ਵੱਖਰੀ ਆਰਥਿਕਤਾ ਦੀ ਗੱਲ ਕਰ ਰਹੇ ਹਾਂ।..... ਇਸਰਾਇਲ ਨੂੰ ਇਸ ਦੇ ਅਨੁਕੂਲ ਢਲਣ ਲਈ ਜ਼ਰੂਰ ਹੀ ਫੁਰਤੀ ਨਾਲ ਕੰਮ ਕਰਨਾ ਹੋਵੇਗਾ ਨਹੀਂ ਤਾਂ ਅਸੀਂ ਪੂਰੀ ਜ਼ਿੰਦਗੀ 'ਚ ਇਕੋ ਵਾਰ ਮਿਲਿਆ ਮੌਕਾ ਗਵਾ ਕੇ ਇਹ ਕਹਿਣ ਜੋਗੇ ਰਹਿ ਜਾਵਾਂਗੇ : 'ਅਸੀਂ ਕਰ ਸਕਦੇ ਸੀ।' "[11]

ਉਸੇ ਸਾਲ ਸ਼ਿਮੋਨ ਪੀਅਰਸ, ਜੋ ਓਦੋਂ ਬਦੇਸ਼ ਮੰਤਰੀ ਸੀ, ਨੇ ਇਸਰਾਇਲੀ ਪੱਤਰਕਾਰਾਂ ਦੀ ਟੋਲੀ ਨੂੰ ਸਪਸ਼ਟ ਕਿਹਾ ਕਿ ਸ਼ਾਂਤੀ ਹੁਣ ਅਟੱਲ ਹੈ। ਹਾਲਾਂਕਿ, ਇਹ ਬਹੁਤ ਹੀ ਖ਼ਾਸ ਤਰ੍ਹਾਂ ਦੀ ਸ਼ਾਂਤੀ ਸੀ। ਪੀਅਰਸ ਨੇ ਦੱਸਿਆ, "ਅਸੀਂ ਝੰਡਿਆਂ ਵਾਲੀ ਸ਼ਾਂਤੀ ਦੀ ਕਾਮਨਾ ਨਹੀਂ ਕਰਦੇ, ਸਾਡੀ ਰੁਚੀ ਮੰਡੀਆਂ ਲਈ ਸ਼ਾਂਤੀ 'ਚ ਹੈ।"[12] ਕੁਝ ਮਹੀਨੇ ਬਾਅਦ, ਇਸਰਾਇਲੀ ਪ੍ਰਧਾਨ ਮੰਤਰੀ ਯਿਟਜ਼ਾਕ ਰਾਬਿਨ ਅਤੇ ਫਲਸਤੀਨ ਮੁਕਤੀ ਸੰਘ ਦੇ ਚੇਅਰਮੈਨ ਯਾਸਰ ਅਰਾਫਾਤ ਨੇ ਵ੍ਹਾਈਟ ਹਾਊਸ ਦੇ ਘਾਹ ਦੇ ਮੈਦਾਨ 'ਚ ਹੱਥ ਮਿਲਾ ਕੇ ਓਸਲੋ ਸਮਝੌਤੇ ਦਾ ਮਹੂਰਤ ਕੀਤਾ। ਦੁਨੀਆਂ ਨੇ ਇਸ ਦਾ ਸਵਾਗਤ ਕੀਤਾ, ਤਿੰਨ ਬੰਦਿਆਂ ਨੂੰ 1994 ਦਾ ਸਾਂਝਾ ਨੋਬਲ ਅਮਨ ਇਨਾਮ ਮਿਲਿਆ—ਫੇਰ ਸਭ ਕੁਝ ਭਿਆਨਕ ਰੂਪ 'ਚ ਗੜਬੜਾ ਗਿਆ।

ਓਸਲੋ ਵਾਲਾ ਦੌਰ ਸ਼ਾਇਦ ਇਸਰਾਇਲੀ-ਫਲਸਤੀਨੀ ਸਬੰਧਾਂ ਦਾ ਸਭ ਤੋਂ ਆਸ਼ਾਵਾਦੀ ਦੌਰ ਸੀ, ਪਰ ਹੱਥ-ਮਿਲਣੀ ਦੀ ਪ੍ਰਸਿੱਧ ਘਟਨਾ ਮੁਕੰਮਲ ਸਮਝੌਤੇ ਦੀ ਸੂਚਕ ਨਹੀਂ ਸੀ। ਇਹ ਸਿਰਫ਼ ਇਕ ਅਮਲ ਦੀ ਸ਼ੁਰੂਆਤ ਕਰਨ ਦਾ ਸਮਝੌਤਾ ਸੀ, ਸਾਰੇ ਹੀ ਸਭ ਤੋਂ ਵੱਧ ਰੱਟੇ ਵਾਲੇ ਸਵਾਲ ਹਾਲੇ ਬੇਹੱਲ ਪਏ ਸਨ। ਅਰਾਫਾਤ ਦੀ ਲੈ-ਦੇ ਕਰਨ ਦੀ ਹਾਲਤ ਭਿਆਨਕ ਸੀ, ਉਸ ਨੂੰ ਇਸਰਾਇਲ ਵਲੋਂ ਕਬਜ਼ਾ ਕੀਤੇ ਫਲਸਤੀਨੀ ਇਲਾਕਿਆਂ 'ਚ ਮੁੜ ਦਾਖ਼ਲ ਹੋਣ ਬਾਰੇ ਵੀ

ਗੱਲਬਾਤ ਕਰਨੀ ਪਈ ਸੀ, ਅਤੇ ਉਹ ਜੇਰੂਸਲੇਮ ਅਤੇ ਫਲਸਤੀਨੀ ਪਨਾਹਗੀਰਾਂ ਦੀ ਹੋਣੀ ਬਾਰੇ, ਯਹੂਦੀ ਬਸਤੀਆਂ ਜਾਂ ਇੱਥੋਂ ਤੱਕ ਕਿ ਫਲਸਤੀਨ ਦੇ ਸਵੈ-ਨਿਰਣੇ ਦੇ ਹੱਕ ਬਾਰੇ ਕੋਈ ਸਮਝੌਤਾ ਨਹੀਂ ਕਰ ਸਕਿਆ। ਗੱਲਬਾਤ ਦੀ ਵਿਚੋਲਗੀ ਕਰਨ ਵਾਲਿਆਂ ਦੇ ਆਪਣੇ ਕਹਿਣ ਅਨੁਸਾਰ ਓਸਲੋ ਯੁੱਧਨੀਤੀ ਦਾ ਉਦੇਸ਼ ਇਸ ਸੋਚ ਦੇ ਅਧਾਰ 'ਤੇ "ਮੰਡੀਆਂ ਦੀ ਸ਼ਾਂਤੀ" ਨੂੰ ਅੱਗੇ ਲਿਜਾਣਾ ਸੀ ਕਿ ਬਾਕੀ ਦੀ ਹਾਲਤ ਆਪਣੇ ਆਪ ਸੁਧਰ ਜਾਵੇਗੀ : ਇਹ ਚਿਤਵ ਲਿਆ ਗਿਆ ਕਿ ਸਰਹੱਦਾਂ ਚੌਪਟ ਖੋਲ੍ਹ ਦੇਣ ਅਤੇ ਵਿਸ਼ਵੀਕਰਨ ਦੇ ਜਗਨਨਾਥੀ ਰੱਥ 'ਤੇ ਸਵਾਰ ਹੋਣ ਨਾਲ ਇਸਰਾਇਲੀਆਂ ਅਤੇ ਫਲਸਤੀਨੀਆਂ ਦੀ ਰੋਜ਼ਮਰਾ ਜ਼ਿੰਦਗੀ 'ਚ ਅਜਿਹਾ ਠੋਸ ਸੁਧਾਰ ਆ ਜਾਵੇਗਾ ਕਿ ਹੋਣ ਵਾਲੀਆਂ ਵਾਰਤਾਵਾਂ 'ਚ "ਝੰਡਿਆਂ ਵਾਲੀ ਸ਼ਾਂਤੀ" ਲਈ ਵੱਧ ਸਾਜ਼ਗਾਰ ਹਾਲਾਤ ਪੈਦਾ ਹੋ ਜਾਣਗੇ। ਘੱਟੋਘੱਟ ਇਹ ਸੀ ਸਮਝੌਤੇ ਦਾ ਵਾਅਦਾ।

ਅੱਗੇ ਜਾ ਕੇ ਜੋ ਹਾਲਾਤ ਵਿਗੜੇ ਉਸ ਵਿਚ ਬਹੁਤ ਸਾਰੇ ਕਾਰਕਾਂ ਨੇ ਯੋਗਦਾਨ ਪਾਇਆ। ਇਸਰਾਇਲੀ ਇਸ ਦਾ ਇਲਜ਼ਾਮ ਆਤਮਘਾਤੀ ਬੰਬ ਧਮਾਕਿਆਂ ਅਤੇ ਰਾਬਿਨ ਦੇ ਕਤਲ ਸਿਰ ਮੜ੍ਹਦੇ ਹਨ। ਫਲਸਤੀਨੀ ਓਸਲੋ ਸਮਝੌਤੇ ਦੌਰਾਨ ਇਸਰਾਇਲ ਵਲੋਂ ਗ਼ੈਰਕਾਨੂੰਨੀ ਬਸਤੀਆਂ ਦੇ ਜਨੂੰਨੀ ਪਸਾਰੇ ਨੂੰ ਇਸ ਦਾ ਦੋਸ਼ ਦਿੰਦੇ ਹਨ। ਐਹਦ ਬਰਾਕ ਦੀ ਲੇਬਰ ਸਰਕਾਰ 'ਚ ਇਸਰਾਇਲੀ ਬਦੇਸ਼ ਮੰਤਰੀ ਸ਼ਲੋਮੋ ਬੇਨ-ਅਮੀ ਦੇ ਲਫ਼ਜ਼ਾਂ 'ਚ, ਸ਼ਾਂਤੀ ਅਮਲ ਦੀ ਨੀਂਹ "ਨਵ-ਬਸਤੀਵਾਦੀ ਅਧਾਰ 'ਤੇ" ਰੱਖੀ ਗਈ ਸੀ ਜਿਸ ਨੂੰ ਅਜਿਹਾ ਇਸ ਮਕਸਦ ਲਈ ਘੜਿਆ ਗਿਆ ਸੀ ਤਾਂ ਕਿ "ਜਦੋਂ ਆਖ਼ਿਰ ਸਾਡੇ ਅਤੇ ਫਲਸਤੀਨੀਆਂ ਦਰਮਿਆਨ ਸ਼ਾਂਤੀ ਹੋ ਜਾਵੇ ਤਾਂ ਸਾਡੀ ਮੁਥਾਜਗੀ ਅਤੇ ਦੋਵਾਂ ਕੌਮਾਂ ਦਰਮਿਆਨ ਨਾਬਰਾਬਰੀ ਦਾ ਢਾਂਚਾ ਬਣਿਆ ਰਹੇ।"[13] ਸ਼ਾਂਤੀ ਦੇ ਅਮਲ ਨੂੰ ਲੀਹੋਂ ਕਿਸ ਨੇ ਲਾਹਿਆ, ਜਾਂ ਕੀ ਇਸ ਅਮਲ ਦਾ ਅਸਲ ਟੀਚਾ ਕਦੇ ਸ਼ਾਂਤੀ ਲਿਆਉਣਾ ਰਿਹਾ ਵੀ ਹੈ, ਇਸ ਬਾਰੇ ਤਾਂ ਬਥੇਰੀਆਂ ਬਹਿਸਾਂ ਹੁੰਦੀਆਂ ਰਹੀਆਂ ਅਤੇ ਇਸ ਪਹਿਲੂ ਦੀ ਘੋਖ-ਪੜਤਾਲ ਕੀਤੀ ਗਈ ਹੈ। ਪਰ, ਜਿਨ੍ਹਾਂ ਦੋ ਕਾਰਕਾਂ ਨੇ ਇਸਰਾਇਲ ਵਲੋਂ ਪਿੱਛੇ ਹਟਕੇ ਇਕਤਰਫ਼ਾ ਹੋ ਜਾਣ 'ਚ ਭੂਮਿਕਾ ਨਿਭਾਈ ਉਨ੍ਹਾਂ ਨੂੰ ਬਹੁਤ ਘੱਟ ਸਮਝਿਆ ਗਿਆ ਅਤੇ ਇਨ੍ਹਾਂ ਬਾਰੇ ਸ਼ਾਇਦ ਹੀ ਕਦੇ ਚਰਚਾ ਹੋਈ ਹੋਵੇ। ਦੋਵੇਂ ਕਾਰਕ ਇਸਰਾਇਲ ਅੰਦਰ ਸ਼ਿਕਾਗੋ ਸਕੂਲ ਵਾਲੇ ਖੁੱਲ੍ਹੀ ਮੰਡੀ ਦੇ ਜਹਾਦ ਵਲੋਂ ਅਪਣਾਏ ਗਏ ਵਚਿੱਤਰ ਢੰਗਾਂ ਨਾਲ ਸਬੰਧਤ ਹਨ। ਇਕ ਸੀ ਸੋਵੀਅਤ ਯਹੂਦੀਆਂ ਦੀ ਆਮਦ, ਜੋ ਰੂਸ ਦੇ ਸਦਮਾ ਇਲਾਜ ਦੇ ਤਜਰਬੇ ਦਾ ਸਿੱਧਾ ਸਿੱਟਾ ਸੀ। ਦੂਜਾ ਸੀ ਇਸਰਾਇਲ ਦੀ ਬਰਾਮਦਕਾਰੀ ਆਰਥਿਕਤਾ ਦਾ ਰਵਾਇਤੀ ਸਮਾਨ ਅਤੇ ਉੱਚ ਤਕਨਾਲੋਜੀ ਤੋਂ ਪਲਟੀ ਮਾਰ ਕੇ ਦਹਿਸ਼ਤਵਾਦ ਵਿਰੁੱਧ ਲੜਾਈ ਨਾਲ ਸਬੰਧਤ ਮੁਹਾਰਤ ਅਤੇ ਸਾਜ਼-ਸਮਾਨ ਵੇਚਣ ਉੱਪਰ ਬੇਮੇਚੀ ਨਿਰਭਰਤਾ ਬਣਾ ਲੈਣਾ। ਦੋਵੇਂ ਕਾਰਕਾਂ ਨੇ ਓਸਲੋ ਅਮਲ 'ਚ ਬਹੁਤ ਜ਼ਿਆਦਾ ਖ਼ਲਲ ਪਾਊ ਭੂਮਿਕਾ ਨਿਭਾਈ : ਰੂਸੀਆਂ ਦੀ ਆਮਦ ਨਾਲ ਇਸਰਾਇਲ ਦੀ ਫਲਸਤੀਨੀ ਮਜ਼ਦੂਰਾਂ ਉੱਪਰ ਨਿਰਭਰਤਾ ਘਟ ਗਈ ਅਤੇ ਇਸ ਨਾਲ ਮਕਬੂਜ਼ਾ ਖੇਤਰਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਣ ਦੀ ਖੁੱਲ੍ਹ ਮਿਲ ਗਈ। ਜਦਕਿ ਸੁਰੱਖਿਆ ਨਾਲ ਸਬੰਧਤ ਉੱਚ-ਤਕਨੀਕੀ ਆਰਥਿਕਤਾ ਦੇ ਤੇਜ਼ੀ ਨਾਲ ਵਧਾਰੇ-ਪਸਾਰੇ ਨੇ ਇਸਰਾਇਲ ਦੇ ਅਮੀਰ ਅਤੇ ਸਭ ਤੋਂ ਤਾਕਤਵਰ ਹਿੱਸਿਆਂ 'ਚ ਇਹ ਜ਼ਬਰਦਸਤ ਲਾਲਸਾ ਪੈਦਾ ਕਰ ਦਿੱਤੀ ਕਿ ਸ਼ਾਂਤੀ ਦਾ ਖਹਿੜਾ ਛੱਡ ਕੇ ਦਹਿਸ਼ਤਾਵਾਦ ਵਿਰੁੱਧ ਲੜਾਈ ਲਗਾਤਾਰ ਜਾਰੀ ਰੱਖੀ ਜਾਵੇ ਅਤੇ ਇਸ ਦਾ ਵਧਾਰਾ-ਪਸਾਰਾ ਕੀਤਾ ਜਾਵੇ।

ਬਦਕਿਸਮਤੀ ਨਾਲ ਇਤਿਹਾਸਕ ਸੰਜੋਗ ਇਹ ਸੀ ਕਿ ਓਸਲੋ ਅਮਲ ਦਾ ਸਮਾਂ ਰੂਸ ਵਿਚ ਸ਼ਿਕਾਗੋ ਸਿਧਾਂਤ ਦੇ ਸਭ ਤੋਂ ਦੁਖਦਾਈ ਪੜਾਅ ਦਾ ਪੂਰੀ ਤਰ੍ਹਾਂ ਸਮਕਾਲੀ ਸੀ। ਵਾਈਟ

ਹਾਊਸ ਦੇ ਘਾਹ ਦੇ ਮੈਦਾਨ 'ਚ ਹੱਥ 13 ਸਤੰਬਰ 1993 ਨੂੰ ਮਿਲਾਏ ਗਏ ਸਨ; ਠੀਕ ਤਿੰਨ ਹਫ਼ਤੇ ਬਾਅਦ, ਯੇਲਤਸਿਨ ਨੇ ਸੰਸਦ ਭਵਨ ਨੂੰ ਅੱਗ ਲਾਉਣ ਲਈ ਟੈਂਕ ਭੇਜ ਦਿੱਤੇ ਅਤੇ ਆਰਥਕ ਸਦਮਾ ਇਲਾਜ ਨੂੰ ਸਭ ਤੋਂ ਵਹਿਸ਼ੀ ਢੰਗ ਅਮਲ 'ਚ ਲਿਆਉਣ ਲਈ ਰਾਹ ਪੱਧਰਾ ਕਰ ਦਿੱਤਾ।

1990ਵਿਆਂ ਦੇ ਦੌਰ 'ਚ, ਦਸ ਲੱਖ ਯਹੂਦੀ ਸਾਬਕਾ ਸੋਵੀਅਤ ਯੂਨੀਅਨ ਨੂੰ ਅਲਵਿਦਾ ਕਹਿ ਕੇ ਇਸਰਾਇਲ ਆ ਗਏ। ਇਸ ਅਰਸੇ 'ਚ ਸਾਬਕਾ ਸੋਵੀਅਤ ਯੂਨੀਅਨ ਤੋਂ ਆਏ ਪ੍ਰਵਾਸੀ ਹੁਣ ਇਸਰਾਇਲ ਦੀ ਯਹੂਦੀ ਵਸੋਂ ਦਾ 18 ਫ਼ੀ ਸਦੀ ਤੋਂ ਵੱਧ ਬਣਦੇ ਹਨ।[14] ਇਸਰਾਇਲ ਵਰਗੇ ਛੋਟੇ ਜਹੇ ਦੇਸ਼ 'ਚ ਵਸੋਂ ਦੇ ਐਨੇ ਵੱਡੇ ਪੱਧਰ 'ਤੇ ਅਤੇ ਤੇਜ਼ੀ ਨਾਲ ਤਬਾਦਲੇ ਦੇ ਅਸਰ ਨੂੰ ਵਧਾ ਕੇ ਪੇਸ਼ ਕਰਨਾ ਮੁਸ਼ਕਲ ਹੈ। ਅਨੁਪਾਤ ਦੇ ਹਿਸਾਬ ਨਾਲ, ਇਹ ਅੰਗੋਲਾ, ਕੰਬੋਡੀਆ ਅਤੇ ਪੇਰੂ ਦੇ ਹਰੇਕ ਬਾਸ਼ਿੰਦੇ ਵਲੋਂ ਸਮਾਨ ਦੀ ਪੰਡ ਬੰਨ੍ਹ ਕੇ ਇਕਦਮ ਅਮਰੀਕਾ ਆ ਜਾਣ ਦੇ ਤੁਲ ਹੋਵੇਗਾ। ਯੂਰਪ ਵਿਚ, ਇਹ ਗਰੀਸ ਦੀ ਸਮੁੱਚੀ ਵਸੋਂ ਵਲੋਂ ਫਰਾਂਸ ਚਲੇ ਜਾਣ ਦੇ ਬਰਾਬਰ ਹੋਵੇਗਾ।

ਜਦੋਂ ਸੋਵੀਅਤ ਯਹੂਦੀਆਂ ਦਾ ਵਹਿਣ ਪਹਿਲੀ ਵਾਰ ਇਸਰਾਇਲ ਵੱਲ ਵਗ ਤੁਰਿਆ, ਓਦੋਂ ਬਹੁਤ ਸਾਰੇ ਲੋਕਾਂ ਦੀ ਚੋਣ ਪੂਰੀ ਜ਼ਿੰਦਗੀ ਧਾਰਮਿਕ ਜ਼ੁਲਮ ਸਹਿਣ ਤੋਂ ਬਾਅਦ ਇਕ ਯਹੂਦੀ ਰਾਜ 'ਚ ਵਸਣ ਦੀ ਸੀ। ਇਸ ਮੁੱਢਲੇ ਵਹਿਣ ਤੋਂ ਬਾਅਦ, ਇਸਰਾਇਲ ਆਉਣ ਵਾਲੇ ਰੂਸੀ ਪ੍ਰਵਾਸੀਆਂ ਦੀ ਗਿਣਤੀ ਨਾਟਕੀ ਢੰਗ ਨਾਲ ਅਤੇ ਰੂਸ ਦੇ ਆਰਥਕ ਸਦਮਾ ਡਾਕਟਰਾਂ ਵਲੋਂ ਆਪਣੇ ਲੋਕਾਂ ਨੂੰ ਦਿੱਤੇ ਦੁੱਖ ਦੀ ਮਾਤਰਾ ਦੇ ਸਿੱਧੇ ਅਨੁਪਾਤ 'ਚ ਵਧੀ। ਸੋਵੀਅਤ ਪ੍ਰਵਾਸੀਆਂ ਦੇ ਇਹ ਮਗਰਲੇ ਪੂਰ ਆਦਰਸ਼ਵਾਦੀ ਯਹੂਦੀਵਾਦੀਏ ਨਹੀਂ ਸਨ (ਬਹੁਤ ਸਾਰਿਆਂ ਦੇ ਯਹੂਦੀ ਹੋਣ ਦੇ ਦਾਅਵੇ ਪੂਰੀ ਤਰ੍ਹਾਂ ਪੇਤਲੇ ਸਨ); ਉਹ ਮਾਯੂਸ ਆਰਥਕ ਪਨਾਹਗੀਰ ਸਨ। 1992 'ਚ ਮਾਸਕੋ ਸਥਿਤ ਇਸਰਾਇਲੀ ਸਫ਼ਾਰਤਖ਼ਾਨੇ ਦੇ ਬਾਹਰ ਇੰਤਜ਼ਾਰ ਕਰ ਰਹੇ ਇਕ ਪ੍ਰਵਾਸੀ ਨੇ *ਦੀ ਵਾਸ਼ਿੰਗਟਨ ਟਾਈਮਜ਼* ਨੂੰ ਦੱਸਿਆ "ਸਭ ਤੋਂ ਅਹਿਮ ਉਹ ਨਹੀਂ ਹੈ ਜਿੱਥੇ ਅਸੀਂ ਜਾ ਰਹੇ ਹਾਂ, ਸਗੋਂ ਸਭ ਤੋਂ ਅਹਿਮ ਉਹ ਹੈ ਜਿੱਥੋਂ ਅਸੀਂ ਆ ਰਹੇ ਹਾਂ।" ਸੋਵੀਅਤ ਯਹੂਦੀਆਂ ਦੇ ਯਹੂਦੀਵਾਦੀ ਮੰਚ ਦੇ ਇਕ ਬੁਲਾਰੇ ਨੇ ਹਿਜਰਤ ਬਾਰੇ ਮੰਨਿਆ ਕਿ "ਉਹ ਇਸਰਾਇਲ ਦੀ ਖਿੱਚ ਕਾਰਨ ਉੱਥੇ ਨਹੀਂ ਜਾ ਰਹੇ, ਉਹ ਤਾਂ ਯੂ ਐੱਸ ਐੱਸ ਆਰ ਦੀ ਸਿਆਸੀ ਅਸਥਿਰਤਾ ਅਤੇ ਆਰਥਕ ਨਿਘਾਰ ਵਲੋਂ ਧੱਕੇ ਮਾਰ ਦੇ ਕੱਢੇ ਮਹਿਸੂਸ ਕਰਦੇ ਹਨ।" ਹੁਣ ਤੱਕ ਦੀ ਹਿਜਰਤ ਦੀ ਸਭ ਤੋਂ ਵੱਡੀ ਲਹਿਰ 1993 'ਚ ਯੇਲਤਸਿਨ ਵਲੋਂ ਕੀਤੇ ਰਾਜ-ਪਲਟੇ ਤੋਂ ਬਾਅਦ ਆਈ—ਜਦੋਂ ਇਸਰਾਇਲ ਅੰਦਰ ਸ਼ਾਂਤੀ ਦਾ ਅਮਲ ਹਾਲੇ ਸ਼ੁਰੂ ਹੀ ਹੋਇਆ ਸੀ। ਇਸ ਤੋਂ ਬਾਅਦ, ਛੇ ਲੱਖ ਹੋਰ ਲੋਕ ਸੋਵੀਅਤ ਰਾਜਾਂ ਤੋਂ ਇਸਰਾਇਲ ਚਲੇ ਗਏ।[15]

ਵਸੋਂ ਦੀ ਇਸ ਤਰ੍ਹਾਂ ਦੀ ਰੂਪ-ਬਦਲੀ ਨੇ ਸਮਝੌਤੇ ਦੀ ਪਹਿਲਾਂ ਹੀ ਸ਼ੱਕੀ ਚਾਲਕ ਸ਼ਕਤੀ ਨੂੰ ਮੂਧੇ ਮੂੰਹ ਸੁੱਟ ਦਿੱਤਾ। ਸੋਵੀਅਤ ਪਨਾਹਗੀਰਾਂ ਦੀ ਆਮਦ ਤੋਂ ਪਹਿਲਾਂ, ਇਸਰਾਇਲ ਗਾਜ਼ਾ ਅਤੇ ਪੱਛਮੀ ਕੰਢੇ ਦੀ ਫਲਸਤੀਨੀ ਵਸੋਂ ਨਾਲੋਂ ਕਦਾਚਿਤ ਤੋੜ-ਵਿਛੋੜਾ ਨਹੀਂ ਕਰ ਸਕਦਾ ਸੀ; ਮੈਕਸੀਕਨ ਲੋਕਾਂ ਤੋਂ ਬਗ਼ੈਰ ਕੈਲੀਫੋਰਨੀਆਂ ਦੀ ਆਰਥਿਕਤਾ ਵਾਂਗ ਇਸ ਦੀ ਆਰਥਿਕਤਾ ਵੀ ਫਲਸਤੀਨੀ ਮਜ਼ਦੂਰਾਂ ਤੋਂ ਬਿਨਾ ਹੁਣ ਜਿਉਂਦੀ ਨਹੀਂ ਰਹਿ ਸਕਦੀ ਸੀ। ਮੋਟੇ ਤੌਰ 'ਤੇ, ਡੇਢ ਲੱਖ ਫਲਸਤੀਨੀ ਨਿੱਤ ਗਾਜ਼ਾ ਅਤੇ ਪੱਛਮੀ ਕੰਢੇ ਵਿਚਲੇ ਆਪਣੇ ਘਰਾਂ ਤੋਂ ਇਸਰਾਇਲ ਜਾ ਕੇ ਸੜਕਾਂ ਸਾਫ਼ ਕਰਨ ਅਤੇ ਸੜਕਾਂ ਬਣਾਉਣ ਦਾ ਕੰਮ ਕਰਦੇ ਸਨ, ਜਦਕਿ ਫਲਸਤੀਨ ਦੇ ਕਿਸਾਨ ਅਤੇ ਵਪਾਰੀ ਟਰੱਕਾਂ 'ਚ ਸਮਾਨ ਲੱਦ ਕੇ ਇਸਰਾਇਲ ਅਤੇ ਇਨ੍ਹਾਂ ਇਲਾਕਿਆਂ ਦੇ ਹੋਰ ਹਿੱਸਿਆਂ

’ਚ ਜਾ ਕੇ ਵੇਚਦੇ ਸਨ।[16] ਦੋਵੇਂ ਧਿਰਾਂ ਆਰਥਕ ਤੌਰ ’ਤੇ ਇਕ ਦੂਜੇ ’ਤੇ ਨਿਰਭਰ ਸਨ, ਅਤੇ ਇਸਰਾਇਲ ਫਲਸਤੀਨੀ ਇਲਾਕਿਆਂ ਦੇ ਅਰਬ ਰਾਜਾਂ ਨਾਲ ਖ਼ੁਦ-ਮੁਖਤਿਆਰ ਵਪਾਰਕ ਸਬੰਧਾਂ ਨੂੰ ਵਿਕਸਤ ਹੋਣ ਤੋਂ ਰੋਕਣ ਲਈ ਧੱਕੇਸ਼ਾਹੀ ਕਰਦਾ ਰਿਹਾ ਸੀ।

ਫੇਰ, ਜਦੋਂ ਓਸਲੋ ਅਮਲ ਚੱਲਿਆ, ਇਹ ਦੁਵੱਲੀ ਨਿਰਭਰਤਾ ਵਾਲਾ ਡੂੰਘਾ ਸਬੰਧ ਤੜੱਕ ਕਰਕੇ ਟੁੱਟ ਗਿਆ। ਫਲਸਤੀਨੀ ਲੋਕ ਇਸਰਾਇਲੀ ਰਾਜ ਵਲੋਂ ਹੜੱਪਿਆ ਗਿਆ ਆਪਣਾ ਖੇਤਰ ਵਾਪਸ ਦੇਣ ਅਤੇ ਬਰਾਬਰੀ ਅਧਾਰਤ ਨਾਗਰਿਕਤਾ ਦੀ ਮੰਗ ਕਰਦੇ ਆ ਰਹੇ ਸਨ ਤੇ ਇਸ ਤਰ੍ਹਾਂ ਯਹੂਦੀਵਾਦੀ ਪ੍ਰਾਜੈਕਟ ਲਈ ਚੁਣੌਤੀ ਬਣਦੇ ਸਨ ਪਰ ਜਿਹੜੇ ਲੱਖਾਂ ਰੂਸੀ ਇਸ ਸਮੇਂ ਇਸਰਾਇਲ ਆਏ, ਉਨ੍ਹਾਂ ਦਾ ਪ੍ਰਭਾਵ ਬਿਲਕੁਲ ਹੀ ਉਲਟ ਪਿਆ। ਉਨ੍ਹਾਂ ਦੇ ਆਉਣ ਨਾਲ ਅਰਬ ਲੋਕਾਂ ਨਾਲੋਂ ਯਹੂਦੀਆਂ ਦਾ ਅਨੁਪਾਤ ਪ੍ਰਤੱਖ ਵਧ ਗਿਆ ਅਤੇ ਉਨ੍ਹਾਂ ਨੇ ਯਹੂਦੀਵਾਦੀ ਉਦੇਸ਼ਾਂ ਦੀ ਪ੍ਰੋੜਤਾ ਕੀਤੀ; ਨਾਲ ਹੀ ਉਨ੍ਹਾਂ ਨੇ ਸਸਤੀ ਕਿਰਤ ਦਾ ਨਵਾਂ ਭੰਡਾਰ ਵੀ ਮੁਹੱਈਆ ਕਰ ਦਿੱਤਾ। ਅਚਾਨਕ ਤੈਲ ਅਵੀਵ ਦੇ ਹੱਥ ਫਲਸਤੀਨੀਆਂ ਨਾਲ ਗਿਸ਼ਤਿਆਂ ’ਚ ਨਵੇਂ ਯੁੱਗ ਦਾ ਆਗਾਜ਼ ਕਰਨ ਦੀ ਤਾਕਤ ਆ ਗਈ। 30 ਮਾਰਚ 1993 ਨੂੰ, ਇਸਰਾਇਲ ਨੇ “ਬੰਦ” ਦੀ ਨੀਤੀ ਸ਼ੁਰੂ ਕਰ ਦਿੱਤੀ। ਇਸਰਾਇਲ ਅਤੇ ਮਕਬੂਜ਼ਾ ਖੇਤਰਾਂ ਵਿਚਕਾਰਲੀ ਸਰਹੱਦ ਨੂੰ ਅਕਸਰ ਹੀ ਕਈ ਦਿਨ ਜਾਂ ਹਫ਼ਤੇ ਪੂਰੀ ਤਰ੍ਹਾਂ ਬੰਦ ਰੱਖ ਕੇ ਫਲਸਤੀਨੀਆਂ ਨੂੰ ਕੰਮਾਂ ’ਤੇ ਜਾਣ ਅਤੇ ਆਪਣਾ ਸਮਾਨ ਵੇਚਣ ਤੋਂ ਰੋਕ ਦਿੱਤਾ ਗਿਆ। ਬੰਦ ਦੀ ਸ਼ੁਰੂਆਤ ਦਹਿਸ਼ਤਵਾਦ ਦੇ ਖ਼ਤਰੇ ਦੇ ਸੰਕਟਕਾਲੀ ਪ੍ਰਤੀਕਰਮ ਦੇ ਦਿਖਾਵੇ ਦੇ ਰੂਪ ’ਚ, ਆਰਜੀ ਕਦਮ ਵਜੋਂ ਕੀਤੀ ਗਈ ਸੀ। ਇਕਦਮ ਹੀ ਨਵੀਂ ਹਾਲਤ ਨੇ ਸਥਾਈ ਹੈਸੀਅਤ ਬਣਾ ਲਈ। ਇਨ੍ਹਾਂ ਖੇਤਰਾਂ ਨੂੰ ਸਿਰਫ਼ ਇਸਰਾਇਲ ਵਾਲੇ ਪਾਸਿਉਂ ਹੀ ਨਹੀਂ ਸਗੋਂ ਇਕ ਦੂਜੇ ਤੋਂ ਵੀ ਕੱਟ ਦਿੱਤਾ ਗਿਆ। ਥਾਂ-ਥਾਂ ਵਿਆਪਕ ਅਤੇ ਜ਼ਲੀਲ ਕਰਨ ਵਾਲੇ ਨਾਕੇ ਲਾ ਦਿੱਤੇ ਗਏ।

1993 ਦੀ ਨਵੇਂ ਆਸਵੰਦ ਯੁੱਗ ਦੇ ਪਹੁ-ਫੁਟਾਲੇ ਵਜੋਂ ਜੈ-ਜੈਕਾਰ ਕੀਤੀ ਗਈ ਸੀ; ਇਸ ਦੀ ਥਾਂ ਇਹ ਇਸਰਾਇਲੀ ਰਾਜ ਦੀ ਦੱਬੀ-ਕੁਚਲੀ ਜਮਾਤ ਦੀਆਂ ਖਸਤਾ ਹਾਲ ਬਸਤੀਆਂ ਨੂੰ ਸਾਹ ਘੁੱਟਵੀਆਂ ਜੇਲ੍ਹਾਂ ਬਣਾ ਦੇਣ ਦਾ ਵਰ੍ਹਾ ਹੋ ਨਿਬੜਿਆ। 1993 ਅਤੇ 2000 ਦਰਮਿਆਨ ਦੇ ਇਸੇ ਸਮੇਂ ’ਚ, ਮਕਬੂਜ਼ਾ ਇਲਾਕਿਆਂ ’ਚ ਆ ਕੇ ਵਸਣ ਵਾਲੇ ਇਸਰਾਇਲੀਆਂ ਦੀ ਤਾਦਾਦ ਦੁੱਗਣੀ ਹੋ ਗਈ।[17] ਕਈ ਥਾਈਂ ਜਿੱਥੇ ਕੱਚੇ ਕੋਠੇ ਹੁੰਦੇ ਸਨ ਉੱਥੇ ਹਰੇ-ਭਰੇ, ਕਿਲ੍ਹਾਬੰਦ ਉੱਪ-ਸ਼ਹਿਰੀ ਨਗਰ ਬਣਾ ਦਿੱਤੇ ਗਏ। ਇਨ੍ਹਾਂ ਦੀਆਂ ਵਿਸ਼ੇਸ਼ ਸੜਕਾਂ ਉੱਪਰ ਰੋਕਾਂ ਲਾ ਦਿੱਤੀਆਂ ਗਈਆਂ। ਸਪਸ਼ਟ ਤੌਰ ’ਤੇ ਇਹ ਇਸਰਾਇਲੀ ਰਾਜ ਦਾ ਵਿਸਤਾਰ ਕਰਨ ਦੀ ਯੋਜਨਾ ਤਹਿਤ ਕੀਤਾ ਗਿਆ ਸੀ। ਓਸਲੋ ਅਮਲ ਦੇ ਸਾਲਾਂ ਦੌਰਾਨ, ਇਸਰਾਇਲ ਪੱਛਮੀ ਕੰਢੇ ਦੇ ਪਾਣੀ ਦੇ ਅਹਿਮ ਵਸੀਲਿਆਂ ਉੱਤੇ ਦਾਅਵਾ ਵੀ ਜਤਾਉਂਦਾ ਰਿਹਾ, ਇਨ੍ਹਾਂ ਵਸੀਲਿਆਂ ਦਾ ਪਾਣੀ ਬਸਤੀਆਂ ਨੂੰ ਦੇ ਕੇ ਬਾਕੀ ਦਾ ਪਾਣੀ ਇਸਰਾਇਲ ਨੂੰ ਜਾਂਦਾ ਸੀ।

ਨਵੇਂ ਪ੍ਰਵਾਸੀ ਲੋਕਾਂ ਨੇ ਇੱਥੇ ਜੋ ਭੂਮਿਕਾ ਨਿਭਾਈ ਉਸ ਦੀ ਘੋਖ ਬਹੁਤ ਘੱਟ ਕੀਤੀ ਗਈ ਹੈ। ਸਾਬਕਾ ਸੋਵੀਅਤ ਯੂਨੀਅਨ ਦੇ ਬਹੁਤ ਸਾਰੇ ਬਾਸ਼ਿੰਦੇ ਜਦੋਂ ਇਸਰਾਇਲ ਆਏ ਸਨ ਤਾਂ ਸਦਮਾ ਇਲਾਜ ਸਮੇਂ ਸਿੱਕੇ ਦਾ ਮੁੱਲ ਡਿੱਗਣ ਕਾਰਨ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਮਾਈ ਰੁੜ ਗਈ ਸੀ ਇਸ ਕਰਕੇ ਉਹ ਮਕਬੂਜ਼ਾ ਇਲਾਕਿਆਂ ਵੱਲ ਖਿੱਚੇ ਗਏ, ਜਿੱਥੇ ਘਰ ਅਤੇ ਅਪਾਰਟਮੈਂਟ ਵੱਧ ਸਸਤੇ ਸਨ, ਅਤੇ ਵਿਸ਼ੇਸ਼ ਕਰਜੇ ਅਤੇ ਆਰਥਕ ਲਾਭ ਦਿੱਤੇ ਜਾ ਰਹੇ ਸਨ। ਕੁਝ ਵੱਧ ਉਤਸ਼ਾਹੀ ਬਸਤੀਆਂ ਵਸਾਉਣ ਵਾਲੇ ਦਲਾਲਾਂ ਨੇ—ਜਿਵੇਂ ਪੱਛਮੀ ਕੰਢੇ ਦੀ ਏਰੀਅਲ, ਜੋ ਇੱਥੇ

ਯੂਨੀਵਰਸਿਟੀ, ਹੋਟਲ ਅਤੇ ਟੈਕਸਾਸ ਵਰਗਾ ਮਿੰਨੀ ਗੌਲਫ ਕੋਰਸ ਮੁਹੱਈਆ ਕਰਾਉਣ ਦੀ ਸ਼ੇਖੀ ਮਾਰਦੀ ਸੀ—ਨੇ ਆਪਣੇ ਦਲਾਲ ਭੇਜ ਕੇ ਅਤੇ ਰੂਸੀ ਜ਼ਬਾਨ ਦੀਆਂ ਵੈੱਬ-ਸਾਈਟਾਂ ਬਣਾ ਕੇ ਸਾਬਕਾ ਸੋਵੀਅਤ ਯੂਨੀਅਨ ਵਿਚੋਂ ਯਹੂਦੀਆਂ ਨੂੰ ਪੱਟਣ ਦੀ ਜ਼ੋਰਦਾਰ ਮੁਹਿੰਮ ਚਲਾਈ। ਆਪਣੀ ਪਹੁੰਚ ਦੀ ਬਦੌਲਤ, ਏਰੀਅਲ ਆਪਣੀ ਵਸੋਂ ਨੂੰ ਦੁੱਗਣੀ ਕਰਨ 'ਚ ਕਾਮਯਾਬ ਹੋ ਗਈ ਅਤੇ ਅੱਜ ਇਹ ਇਕ ਤਰ੍ਹਾਂ ਦਾ ਮਿੰਨੀ ਮਾਸਕੋ ਬਣੀ ਹੋਈ ਹੈ, ਜਿੱਥੇ ਸਟੋਰਾਂ ਦੀ ਇਸ਼ਤਿਹਾਰਬਾਜ਼ੀ ਹੈਬਰਿਊ ਅਤੇ ਰੂਸੀ ਦੋਵਾਂ ਜ਼ਬਾਨਾਂ 'ਚ ਕੀਤੀ ਹੋਈ ਮਿਲਦੀ ਹੈ। ਇਸ ਦੇ ਅੱਧੇ ਬਾਸ਼ਿੰਦੇ ਸਾਬਕਾ ਸੋਵੀਅਤ ਯੂਨੀਅਨ ਤੋਂ ਆਏ ਨਵੇਂ ਪ੍ਰਵਾਸੀ ਲੋਕ ਹਨ। ਪੀਸ ਨਾਓ ਨਾਂ ਦੇ ਇਸਰਾਇਲੀ ਗਰੁੱਪ ਦਾ ਅੰਦਾਜ਼ਾ ਹੈ ਕਿ ਗ਼ੈਰ-ਕਾਨੂੰਨੀ ਬਸਤੀਆਂ 'ਚ ਰਹਿ ਰਹੇ 25 ਹਜ਼ਾਰ ਦੇ ਕਰੀਬ ਇਸਰਾਇਲੀ ਸ਼ਹਿਰੀ ਇਸੇ ਜੁਮਰੇ 'ਚ ਆਉਂਦੇ ਹਨ ਅਤੇ ਨਾਲ ਹੀ ਉਸ ਦੀ ਟਿੱਪਣੀ ਹੈ ਕਿ ਉੱਥੋਂ ਆਉਣ ਵਾਲੇ ਬਹੁਤੇ ਰੂਸੀਆਂ ਨੂੰ "ਸਪਸ਼ਟ ਨਹੀਂ ਸੀ ਕਿ ਉਹ ਕਿੱਥੇ ਜਾ ਰਹੇ ਸਨ।"[18]

ਇਸਰਾਇਲ 'ਚ, ਓਸਲੋ ਸਮਝੌਤੇ ਨੇ ਕਈ ਸਾਲ ਬਾਅਦ ਲੜਾਈ ਦੇ ਵਣਜ ਰਾਹੀਂ ਅਮੀਰ ਹੋਣ ਦਾ ਵਾਅਦਾ ਵਫ਼ਾ ਕਰ ਵਿਖਾਇਆ। ਨੱਬੇਵਿਆਂ ਦੇ ਅੱਧ ਅਤੇ ਅੰਤ 'ਚ, ਇਸਰਾਇਲੀ ਕੰਪਨੀਆਂ, ਖ਼ਾਸ ਕਰਕੇ ਦੂਰ-ਸੰਚਾਰ ਸੇਵਾਵਾਂ ਅਤੇ ਵੈੱਬ ਤਕਨਾਲੋਜੀ 'ਚ ਵਿਸ਼ੇਸ਼ ਮੁਹਾਰਤ ਰੱਖਦੀਆਂ ਉੱਚ-ਤਕਨੀਕੀ ਕੰਪਨੀਆਂ, ਨੇ ਤੈਲ ਅਵੀਵ ਅਤੇ ਹਾਇਫਾ ਨੂੰ ਸਿਲੀਕਾਨ ਵੈਲੀ ਦੀਆਂ ਮੱਧ-ਪੂਰਬੀ ਚੌਕੀਆਂ ਬਣਾ ਦਿੱਤਾ। ਡਾਟਕਾਮ ਬੁਲਬੁਲੇ ਦੇ ਸਿਖ਼ਰਾਂ ਛੋਹਣ ਸਮੇਂ, ਇਸਰਾਇਲ ਦੀ 15 ਫ਼ੀ ਸਦੀ ਕੁਲ ਘਰੇਲੂ ਉਪਜ ਉੱਚ-ਤਕਨੀਕ ਤੋਂ ਅਤੇ ਲਗਭਗ ਅੱਧੀ ਬਰਾਮਦਾਂ ਤੋਂ ਹੋ ਰਹੀ ਸੀ। ਬਿਜ਼ਨੈੱਸ ਵੀਕ ਅਨੁਸਾਰ, ਇਸ ਨਾਲ ਇਸਰਾਇਲ ਦੀ ਆਰਥਿਕਤਾ "ਦੁਨੀਆਂ ਦੀ ਤਕਨੀਕ 'ਤੇ ਸਭ ਤੋਂ ਵੱਧ ਨਿਰਭਰ" ਆਰਥਿਕਤਾ ਬਣ ਗਈ—ਅਮਰੀਕਾ ਨਾਲੋਂ ਦੁੱਗਣੀ ਨਿਰਭਰ।[19]

ਇਕ ਵਾਰ ਫੇਰ, ਨਵੇਂ ਆਉਣ ਵਾਲਿਆਂ ਨੇ ਆਰਥਕ ਤੇਜ਼ੀ 'ਚ ਫ਼ੈਸਲਾਕੁਨ ਭੂਮਿਕਾ ਨਿਭਾਈ। ਨੱਬੇਵਿਆਂ 'ਚ ਇਸਰਾਇਲ ਆਉਣ ਵਾਲੇ ਲੱਖਾਂ ਸੋਵੀਅਤ ਲੋਕਾਂ 'ਚ ਉਸ ਤੋਂ ਵੱਧ ਗਿਣਤੀ 'ਚ ਆਹਲਾ ਸਿਖਲਾਈ ਪ੍ਰਾਪਤ ਵਿਗਿਆਨੀ ਸਨ ਜਿੰਨੀ ਗਿਣਤੀ ਨੂੰ ਇਸਰਾਇਲ ਦੀ ਚੋਟੀ ਦੀ ਤਕਨੀਕੀ ਸੰਸਥਾ ਨੇ ਆਪਣੇ ਅੱਸੀ ਸਾਲਾਂ ਦੇ ਇਤਿਹਾਸ ਵਿਚ ਡਿਗਰੀਆਂ ਦਿੱਤੀਆਂ ਸਨ। ਇਨ੍ਹਾਂ ਵਿਚ ਬਹੁਤ ਸਾਰੇ ਉਹ ਵਿਗਿਆਨੀ ਸਨ ਜਿਨ੍ਹਾਂ ਨੇ ਸੋਵੀਅਤ ਧਿਰ ਵਲੋਂ ਠੰਢੀ ਜੰਗ ਚੱਲਦੀ ਰੱਖਣ 'ਚ ਹਿੱਸਾ ਪਾਇਆ ਸੀ। ਜਿਵੇਂ ਇਕ ਇਸਰਾਇਲੀ ਅਰਥਸ਼ਾਸਤਰੀ ਇਸ ਨੂੰ ਪੇਸ਼ ਕਰਦਾ ਹੈ, ਇਹ ਵਿਗਿਆਨੀ "[ਇਸਰਾਇਲ ਦੀ] ਤਕਨੀਕੀ ਸਨਅਤ ਲਈ ਰਾਕਟ ਦਾ ਬਾਲਣ" ਬਣ ਗਏ। ਸ਼ਲੋਮੋ ਬੇਨ-ਅਮੀ ਵਾਈਟ ਹਾਊਸ ਵਿਚ ਹੱਥ ਮਿਲਾਈ ਤੋਂ ਬਾਅਦ ਦੇ ਸਾਲਾਂ ਨੂੰ "ਇਸਰਾਇਲ ਦੇ ਇਤਿਹਾਸ 'ਚ ਆਰਥਕ ਵਾਧੇ ਅਤੇ ਮੰਡੀਆਂ ਨੂੰ ਖੋਲ੍ਹ ਦੇਣ ਵਾਲੇ ਸਭ ਤੋਂ ਵੱਧ ਅਚੰਭੇ ਵਾਲੇ ਦੌਰਾਂ ਵਿਚੋਂ ਇਕ" ਦੱਸਦਾ ਹੈ।[20]

ਮੰਡੀਆਂ ਖੋਲ੍ਹ ਦੇਣ ਦਾ ਵਾਅਦਾ ਸੀ ਕਿ ਲੜਾਈ ਵਿਚ ਸ਼ਾਮਲ ਦੋਵੇਂ ਧਿਰਾਂ ਨੂੰ ਇਸ ਦਾ ਫ਼ਾਇਦਾ ਹੋਵੇਗਾ, ਪਰ ਇਹ ਪ੍ਰਤੱਖ ਸੀ ਕਿ ਓਸਲੋ ਸਮਝੌਤੇ ਤੋਂ ਬਾਅਦ ਆਈ ਆਰਥਕ ਤੇਜ਼ੀ ਵਿਚ, ਅਰਾਫਾਤ ਦੁਆਲੇ ਜੁੜੇ ਕੁਲੀਨ ਵਰਗ ਨੂੰ ਛੱਡਕੇ, ਹੋਰ ਫਲਸਤੀਨੀਆਂ ਦੀ ਕੋਈ ਹਿੱਸੇਦਾਰੀ ਨਹੀਂ ਸੀ। ਇਸ ਵਿਚ ਸਭ ਤੋਂ ਵੱਡਾ ਅੜਿੱਕਾ ਸੀ ਰੋਕਾਂ ਦੀ ਨੀਤੀ, ਜੋ 1993 'ਚ ਪਹਿਲੀ ਵਾਰ ਥੋਪੇ ਜਾਣ ਦੇ ਸਮੇਂ ਤੋਂ ਲੈ ਕੇ ਚੌਦਾਂ ਸਾਲਾਂ ਵਿਚ ਕਦੇ ਵੀ ਨਹੀਂ ਹਟਾਈਆਂ ਗਈਆਂ। ਮੱਧ ਪੂਰਬ ਬਾਰੇ ਹਾਵਰਡ ਦੀ ਵਿਸ਼ੇਸ਼ ਮਾਹਰ ਸਾਰਾ ਰਾਏ ਅਨੁਸਾਰ, ਜਦੋਂ 1993 'ਚ ਸਰਹੱਦਾਂ ਅਚਾਨਕ

ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ, ਇਸ ਦਾ ਫਲਸਤੀਨ ਦੀ ਆਰਥਕ ਜ਼ਿੰਦਗੀ ਉੱਪਰ ਪਰਲੋ ਵਰਗਾ ਅਸਰ ਪਿਆ। ਉਸ ਨੇ ਇਕ ਗੱਲਬਾਤ 'ਚ ਦੱਸਿਆ, "ਓਸਲੋ ਵਾਲੇ ਦੌਰ ਸਮੇਂ ਅਤੇ ਇਸ ਤੋਂ ਬਾਅਦ, ਆਰਥਿਕਤਾ ਉੱਪਰ ਸਭ ਤੋਂ ਤਬਾਹਕੁਨ ਅਸਰ ਸਰਹੱਦਾਂ ਬੰਦ ਕੀਤੇ ਜਾਣ ਦਾ ਪਿਆ ਹੈ, ਇਸ ਇਕੋ ਕਦਮ ਨੇ ਪਹਿਲਾਂ ਹੀ ਨਿਸੱਤੀ ਹੋ ਚੁੱਕੀ ਆਰਥਿਕਤਾ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ।"

ਮਜ਼ਦੂਰ ਕੰਮ 'ਤੇ ਨਹੀਂ ਜਾ ਸਕਦੇ ਸਨ, ਵਪਾਰੀ ਸਮਾਨ ਨਹੀਂ ਵੇਚ ਸਕਦੇ ਸਨ, ਕਿਸਾਨ ਖੇਤਾਂ ਵਿਚ ਨਹੀਂ ਜਾ ਸਕਦੇ ਸਨ। 1993 'ਚ, ਮਕਬੂਜ਼ਾ ਇਲਾਕਿਆਂ ਅੰਦਰ ਪ੍ਰਤੀ ਜੀਅ ਕੁਲ ਕੌਮੀ ਉਪਜ 30 ਫ਼ੀ ਸਦੀ ਘਟ ਗਈ; ਅਗਲੇ ਵਰ੍ਹੇ, ਫਲਸਤੀਨੀਆਂ 'ਚ ਗਰੀਬੀ 33 ਫ਼ੀ ਸਦੀ ਵਧ ਗਈ। ਸਰਹੱਦਾਂ ਬੰਦ ਕੀਤੇ ਜਾਣ ਦੇ ਆਰਥਕ ਅਸਰਾਂ ਨੂੰ ਵੱਡੇ ਪੱਧਰ 'ਤੇ ਲਿਖਤੀ ਰੂਪ ਦੇਣ ਵਾਲੀ ਲੇਖਿਕਾ ਰਾਏ ਦਾ ਕਹਿਣਾ ਹੈ ਕਿ 1996 ਵਿਚ "66 ਫ਼ੀਸਦੀ ਫਲਸਤੀਨੀ ਕਿਰਤ ਸ਼ਕਤੀ ਜਾਂ ਤਾਂ ਬੇਰੁਜ਼ਗਾਰ ਸੀ ਜਾਂ ਬੁਰੀ ਤਰ੍ਹਾਂ ਨੀਮ-ਬੇਰੁਜ਼ਗਾਰ।"[21] "ਮੰਡੀਆਂ ਦੀ ਸ਼ਾਂਤੀ" ਤਾਂ ਦੂਰ ਰਹੀ, ਫਲਸਤੀਨੀਆਂ ਲਈ ਓਸਲੋ ਦਾ ਅਰਥ ਸੀ ਮੰਡੀਆਂ ਦਾ ਗ਼ਾਇਬ ਹੋ ਜਾਣਾ, ਕੰਮ ਅਤੇ ਆਜ਼ਾਦੀ ਦਾ ਸੁੰਗੜ ਜਾਣਾ। ਹੋਰ ਵੀ ਫ਼ੈਸਲਾਕੁਨ ਅਸਰ ਇਹ ਹੋਇਆ ਕਿ ਬਸਤੀਆਂ ਦਾ ਵਿਸਤਾਰ ਹੋਣ ਨਾਲ ਜ਼ਮੀਨ ਘਟ ਗਈ। ਇਸ ਹਾਲਤ ਨੂੰ ਉੱਕਾ ਹੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਸੀ ਜਿਸ ਨੇ ਮਕਬੂਜ਼ਾ ਇਲਾਕਿਆਂ ਨੂੰ ਅੱਗ ਦੇ ਗੋਲੇ ਬਣਾ ਦਿੱਤਾ ਜੋ ਓਦੋਂ ਲਾਟਾਂ ਬਣ ਕੇ ਮੱਚ ਉੱਠੇ ਜਦੋਂ 2000 'ਚ ਏਰੀਅਲ ਸ਼ੈਰੋਨ ਨੇ ਜੇਰੂਸਲੇਮ ਦੀ ਉਸ ਥਾਂ ਦਾ ਦੌਰਾ ਕੀਤਾ ਜਿਸ ਨੂੰ ਮੁਸਲਮਾਨ ਅਲ-ਹਰਮ ਅਲ-ਸ਼ਰੀਨ ਕਹਿੰਦੇ ਹਨ (ਅਤੇ ਯਹੂਦੀ ਟੈਂਪਲ ਮਾਊਂਟ)। ਇਸਨੇ ਦੂਜੇ ਇੰਤੀਫਾਦਾ ਦਾ ਮੁੱਢ ਬੰਨ੍ਹ ਦਿੱਤਾ।

ਇਸਰਾਇਲੀ ਅਤੇ ਕੌਮਾਂਤਰੀ ਪ੍ਰੈੱਸ ਵਿਚ ਇਹ ਦਲੀਲ ਆਮ ਹੀ ਦਿੱਤੀ ਜਾਂਦੀ ਹੈ ਕਿ ਸ਼ਾਂਤੀ ਅਮਲ ਦੇ ਫੇਲ੍ਹ ਹੋ ਜਾਣ ਦਾ ਕਾਰਨ ਸੀ ਅਰਾਫਾਤ ਵਲੋਂ ਇਸਰਾਇਲ ਦੀ ਦਰਿਆਦਿਲੀ ਤੋਂ ਮੂੰਹ ਮੋੜ ਲੈਣਾ। ਕਿ ਐਹਦ ਬਰਾਕ ਨੇ ਜੁਲਾਈ 2000 'ਚ ਕੈਂਪ ਡੇਵਿਡ ਵਿਖੇ ਜੋ ਪੇਸ਼ਕਸ਼ ਕੀਤੀ ਸੀ ਉਹ ਸਭ ਤੋਂ ਬਿਹਤਰ ਸੌਦੇਬਾਜ਼ੀ ਸੀ ਜੋ ਪੇਸ਼ਕਸ਼ ਫਲਸਤੀਨੀਆਂ ਨੂੰ ਹੁਣ ਤੱਕ ਹੋਈ ਹੈ। ਉਨ੍ਹਾਂ ਅਨੁਸਾਰ ਅਰਾਫਾਤ ਨੇ ਸਾਬਤ ਕਰ ਦਿੱਤਾ ਕਿ ਉਹ ਕਦੇ ਵੀ ਸੱਚੇ ਦਿਲੋਂ ਅਮਨ ਦਾ ਖਾਹਸ਼ਮੰਦ ਨਹੀਂ ਰਿਹਾ। ਇਸ ਤਜਰਬੇ 'ਚੋਂ ਲੰਘ ਕੇ ਅਤੇ ਦੂਜਾ ਇੰਤੀਫਾਦਾ ਸ਼ੁਰੂ ਹੋ ਜਾਣ ਤੋਂ ਬਾਅਦ, ਇਸਰਾਇਲੀਆਂ ਦਾ ਗੱਲਬਾਤ ਤੋਂ ਭਰੋਸਾ ਉੱਠ ਗਿਆ। ਏਰੀਅਲ ਸ਼ੈਰੋਨ ਚੁਣਿਆ ਗਿਆ ਅਤੇ ਉਸ ਸਿਲਸਿਲੇ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਿਸ ਨੂੰ ਇਸਰਾਇਲੀ ਸੁਰੱਖਿਆ ਹੱਦਬੰਦੀ ਅਤੇ ਫਲਸਤੀਨੀ ਨਸਲਵਾਦੀ ਦੀਵਾਰ ਕਹਿੰਦੇ ਹਨ—ਕੰਕਰੀਟ ਦੀਆਂ ਕੰਧਾਂ ਅਤੇ ਲੋਹੇ ਦੇ ਜੰਗਲਿਆਂ ਦਾ ਇਹ ਤਾਣਾ-ਬਾਣਾ 1967 ਵਾਲੀ ਗਰੀਨ ਲਾਈਨ ਸਰਹੱਦ• ਤੋਂ ਸ਼ੁਰੂ ਹੋ ਕੇ ਹਾਬੜੇ ਹੋਏ ਢੰਗ ਨਾਲ ਫਲਸਤੀਨੀ ਖੇਤਰਾਂ 'ਚ ਜਾ ਵੜਦਾ ਹੈ ਅਤੇ ਬਸਤੀਆਂ ਦੇ ਵਿਸ਼ਾਲ ਟੁਕੜਿਆਂ ਨੂੰ ਧੂਹ ਕੇ ਇਸਰਾਇਲੀ ਰਾਜ 'ਚ ਸ਼ਾਮਲ ਕਰ ਲੈਂਦਾ ਹੈ। ਕੁਝ ਇਲਾਕਿਆਂ ਵਿਚ

• 1948 ਦੀ ਅਰਬ-ਇਸਰਾਇਲੀ ਜੰਗ ਤੋਂ ਬਾਅਦ 1949 ਦੇ ਜੰਗਬੰਦੀ ਸਮਝੌਤੇ ਸਮੇਂ ਇਸਰਾਇਲ ਅਤੇ ਇਸ ਦੇ ਗੁਆਂਢੀ ਦੇਸ਼ਾਂ ਮਿਸਰ, ਜਾਰਡਨ, ਲਿਬਨਾਨ ਅਤੇ ਸੀਰੀਆ ਦਰਮਿਆਨ ਸਰਹੱਦਾਂ ਦੀ ਨਿਸ਼ਾਨਦੇਹੀ। ਇਹ ਰੇਖਾ ਇਸਰਾਇਲ ਅਤੇ ਇਸ ਵਲੋਂ ਕਬਜ਼ੇ 'ਚ ਲਏ ਗਏ ਪੱਛਮੀ ਕੰਢੇ, ਗਾਜ਼ਾ ਪੱਟੀ, ਗੋਲਨ ਪਹਾੜੀਆਂ ਦੇ ਖੇਤਰਾਂ ਦੇ ਨਿਖੇੜੇ ਨੂੰ ਵੀ ਦਰਸਾਉਂਦੀ ਹੈ—ਅਨੁਵਾਦਕ

ਪੈਂਦੇ ਪਾਣੀ ਦੇ 30 ਫ਼ੀ ਸਦੀ ਵਸੀਲੇ ਵੀ ਇਸ ਦਾ ਹਿੱਸਾ ਬਣਾ ਲਏ ਗਏ।[22]

ਬੇਸ਼ੱਕ ਅਰਾਫਾਤ ਉਸ ਤੋਂ ਬਿਹਤਰ ਸੌਦੇਬਾਜ਼ੀ ਕਰਨਾ ਚਾਹੁੰਦਾ ਸੀ ਜਿਸ ਦੀ ਪੇਸ਼ਕਸ਼ ਕੈਂਪ ਡੇਵਿਡ 'ਚ ਕੀਤੀ ਗਈ ਸੀ ਜਾਂ ਜਨਵਰੀ 2001 'ਚ ਟਾਬਾ 'ਚ ਕੀਤੀ ਗਈ ਸੀ, ਪਰ ਇਹ ਸੌਦੇਬਾਜ਼ੀਆਂ ਵੀ ਐਸੀਆਂ ਬਖਸ਼ਿਸ਼ਾਂ ਨਹੀਂ ਸਨ ਜਿਵੇਂ ਬਣਾ ਕੇ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਇਸਰਾਇਲੀ ਇਸ ਨੂੰ ਬੇਮਿਸਾਲ ਦਰਿਆਦਿਲ ਪੇਸ਼ਕਸ਼ ਬਣਾ ਕੇ ਪੇਸ਼ ਕਰਦੇ ਰਹੇ, ਪਰ 1948 'ਚ ਇਸਰਾਇਲੀ ਰਾਜ ਬਣਾ ਦਿੱਤੇ ਜਾਣ ਸਮੇਂ ਜਿਨ੍ਹਾਂ ਫਲਸਤੀਨੀਆਂ ਨੂੰ ਉਨ੍ਹਾਂ ਦੇ ਘਰਾਂ ਅਤੇ ਜ਼ਮੀਨ ਤੋਂ ਬੇਦਖ਼ਲ ਕੀਤਾ ਗਿਆ, ਪੇਸ਼ਕਸ਼ 'ਚ ਉਸ ਦਾ ਕੋਈ ਹੱਲ ਨਹੀਂ ਦਿੱਤਾ ਗਿਆ ਸੀ। ਇਹ ਫਲਸਤੀਨੀਆਂ ਦੇ ਸਵੈ-ਨਿਰਣੇ ਦੇ ਘੱਟੋ-ਘੱਟ ਨੇੜੇ-ਤੇੜੇ ਵੀ ਨਹੀਂ ਪਹੁੰਚਦੀ ਸੀ। 2006 'ਚ, ਕੈਂਪ ਡੇਵਿਡ ਅਤੇ ਟਾਬਾ ਵਿਖੇ, ਇਸਰਾਇਲੀ ਸਰਕਾਰ ਵਲੋਂ ਗੱਲਬਾਤ 'ਚ ਮੁੱਖ ਨੁਮਾਇੰਦੇ ਸ਼ਲੋਮੋ ਬੇਨ-ਅਮੀ ਨੇ ਪਾਰਟੀ ਲਾਈਨ ਤੋਂ ਪਾਸੇ ਹਟ ਕੇ ਮੰਨਿਆ ਕਿ "ਕੈਂਪ ਡੇਵਿਡ ਐਸਾ ਮੌਕਾ ਨਹੀਂ ਸੀ ਜੋ ਖੁੰਝ ਗਿਆ ਹੋਵੇ, ਅਤੇ ਜੇ ਮੈਂ ਫਲਸਤੀਨੀ ਹੁੰਦਾ ਤਾਂ ਮੈਂ ਵੀ ਕੈਂਪ ਡੇਵਿਡ ਦੀ ਪੇਸ਼ਕਸ਼ ਨੂੰ ਇਸੇ ਤਰ੍ਹਾਂ ਰੱਦ ਕਰ ਦੇਣਾ ਸੀ।"[23]

2001 ਤੋਂ ਬਾਅਦ ਦੀਆਂ ਸ਼ਾਂਤੀ ਗੱਲਬਾਤਾਂ ਮੌਕੇ ਤੈਲ ਅਵੀਵ ਵਲੋਂ ਗੰਭੀਰ ਵਿਚਾਰ-ਵਟਾਂਦਰੇ ਤੋਂ ਕਿਨਾਰਾ ਕਰ ਲੈਣ 'ਚ ਹੋਰ ਕਾਰਕਾਂ ਦਾ ਵੀ ਯੋਗਦਾਨ ਸੀ—ਇਸ ਤਰ੍ਹਾਂ ਦੇ ਜ਼ਬਰਦਸਤ ਕਾਰਕ ਜਿਵੇਂ ਅਰਾਫਾਤ ਦੀ ਜ਼ਿੱਦ ਜਾਂ ਸ਼ੈਰੋਨ ਦੀ "ਮਹਾਂ ਇਸਰਾਇਲ" ਬਣਾਉਣ ਦੀ ਨਿੱਜੀ ਧੁੱਸ। ਨੱਬੇਵਿਆਂ ਦੇ ਸ਼ੁਰੂ 'ਚ, ਇਸਰਾਇਲ ਦਾ ਅਮੀਰ ਵਰਗ ਖੁਸ਼ਹਾਲੀ ਦੀ ਖ਼ਾਤਰ ਸ਼ਾਂਤੀ ਦਾ ਚਾਹਵਾਨ ਸੀ, ਪਰ ਓਸਲੋ ਦੌਰ 'ਚ ਉਨ੍ਹਾਂ ਨੇ ਜਿਹੋ ਜਿਹੀ ਖੁਸ਼ਹਾਲੀ ਲਿਆਂਦੀ ਇਸ ਦੀ ਟੇਕ ਸ਼ਾਂਤੀ ਉੱਪਰ ਨਹੀਂ ਸੀ ਜਿਵੇਂ ਉਨ੍ਹਾਂ ਨੇ ਮੁੱਢ 'ਚ ਚਿਤਵਿਆ ਸੀ। ਜਦੋਂ ਆਲਮੀ ਆਰਥਿਕਤਾ 'ਚ ਇਸਰਾਇਲ ਦਾ ਮੁਨਾਫ਼ਿਆਂ ਦਾ ਵਸੀਲਾ ਸੂਚਨਾ ਤਕਨਾਲੋਜੀ ਬਣ ਗਿਆ, ਫੇਰ ਇਸ ਦਾ ਅਰਥ ਇਹ ਹੋਇਆ ਕਿ ਆਰਥਕ ਵਾਧੇ ਦੀ ਕੁੰਜੀ ਲਾਸ ਏਂਜਲਸ ਅਤੇ ਲੰਦਨ ਨੂੰ ਸਾਫਟਵੇਅਰ ਅਤੇ ਕੰਪਿਊਟਰ ਚਿੱਪਾਂ ਭੇਜਣਾ ਸੀ ਨਾ ਕਿ ਬੈਰੂਤ ਅਤੇ ਦਮਿਸ਼ਕ ਨੂੰ ਵੱਡੇ ਵੱਡੇ ਕਾਰਗੋ ਲੱਦ ਕੇ ਭੇਜਣੇ। ਤਕਨੀਕੀ ਖੇਤਰ 'ਚ ਕਾਮਯਾਬ ਹੋਣ ਲਈ ਇਸਰਾਇਲ ਦੇ ਆਪਣੇ ਅਰਬ ਗੁਆਂਢੀਆਂ ਨਾਲ ਦੋਸਤਾਨਾ ਰਿਸ਼ਤੇ ਰੱਖਣਾ ਜਾਂ ਫਲਸਤੀਨ ਦੇ ਇਲਾਕਿਆਂ ਦਾ ਕਬਜ਼ਾ ਛੱਡਣਾ ਜ਼ਰੂਰੀ ਨਹੀਂ ਸੀ। ਹਾਲਾਂਕਿ, ਤਕਨੀਕੀ ਆਰਥਿਕਤਾ ਦਾ ਉੱਭਰਨਾ, ਇਸਰਾਇਲ ਦੀ ਹੋਣੀ ਭਰਪੂਰ ਆਰਥਕ ਰੂਪ-ਬਦਲੀ ਦਾ ਮਹਿਜ਼ ਪਹਿਲਾ ਪੜਾਅ ਸੀ। ਦੂਜਾ ਪੜਾਅ, 2000 'ਚ ਡਾਟਕਾਮ ਆਰਥਿਕਤਾ ਦੇ ਪਤਨ ਤੋਂ ਬਾਅਦ ਸ਼ੁਰੂ ਹੋਇਆ ਅਤੇ ਇਸਰਾਇਲ ਦੀਆਂ ਮੋਹਰੀ ਕੰਪਨੀਆਂ ਨੂੰ ਹੁਣ ਆਲਮੀ ਮੰਡੀ 'ਚ ਨਵਾਂ ਵਸੀਲਾ ਲੱਭਣ ਦੀ ਜ਼ਰੂਰਤ ਸੀ।

ਦੁਨੀਆਂ ਦੀ ਤਕਨੀਕ ਉੱਪਰ ਸਭ ਤੋਂ ਵੱਧ ਨਿਰਭਰ ਆਰਥਿਕਤਾ ਹੋਣ ਕਰਕੇ, ਇਸਰਾਇਲ ਨੂੰ ਡਾਟਕਾਮ ਦੇ ਪਤਨ ਦੀ ਬਾਕੀਆਂ ਨਾਲੋਂ ਵੱਧ ਸੱਟ ਪਈ। ਦੇਸ਼ ਧੜੰਮ ਢਹਿ-ਢੇਰੀ ਹੋ ਗਿਆ ਅਤੇ 2001 'ਚ ਵਿਸ਼ਲੇਸ਼ਣਕਾਰ ਪੇਸ਼ੀਨਗੋਈ ਕਰ ਰਹੇ ਸਨ ਕਿ ਇਸਰਾਇਲ ਦੀਆਂ ਤਿੰਨ ਸੌ ਉੱਚ-ਤਕਨੀਕੀ ਕੰਪਨੀਆਂ ਦੀਵਾਲੀਆ ਹੋ ਜਾਣਗੀਆਂ, ਜਿਸ ਨਾਲ ਦਹਿ-ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਣਗੇ। ਤੈਲ ਅਵੀਵ ਤੋਂ ਨਿਕਲਦੇ ਕਾਰੋਬਾਰੀ ਅਖ਼ਬਾਰ *ਗਲੋਬਜ਼* ਨੇ ਇਕ ਮੁੱਖ ਸੁਰਖ਼ੀ 'ਚ ਐਲਾਨ ਕੀਤਾ ਕਿ 2002 "1953 ਤੋਂ ਲੈ ਕੇ ਇਸਰਾਇਲ ਦੀ ਆਰਥਿਕਤਾ ਦਾ ਸਭ ਤੋਂ ਮਾੜਾ ਵਰ੍ਹਾ ਸੀ।"[24]

ਅਖ਼ਬਾਰ ਨੇ ਟਿੱਪਣੀ ਕੀਤੀ ਕਿ ਮੰਦਵਾੜੇ ਦੀ ਹਾਲਤ ਵੱਧ ਨਾ ਵਿਗੜਨ ਦਾ ਇਕੋ-

ਇਕ ਕਾਰਨ ਇਹ ਸੀ ਕਿ ਇਸਰਾਇਲੀ ਸਰਕਾਰ ਨੇ ਫ਼ੌਜੀ ਖਰਚਿਆਂ 'ਚ 10.7 ਫ਼ੀ ਸਦੀ ਦਾ ਜ਼ਬਰਦਸਤ ਵਾਧਾ ਕਰਕੇ ਅਤੇ ਸਮਾਜਿਕ ਸੇਵਾਵਾਂ 'ਚ ਕਟੌਤੀਆਂ ਰਾਹੀਂ ਇਕ ਹੱਦ ਤੱਕ ਵਿਤੀ ਸਹਾਇਤਾ ਜੁਟਾ ਕੇ ਤੁਰੰਤ ਦਖ਼ਲਅੰਦਾਜ਼ੀ ਕੀਤੀ ਸੀ। ਸਰਕਾਰ ਨੇ ਤਕਨੀਕੀ ਸਨਅਤ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ 'ਚੋਂ ਨਿਕਲਕੇ ਸੁਰੱਖਿਆ ਅਤੇ ਜਾਸੂਸੀ ਖੇਤਰ 'ਚ ਜਾਣ ਲਈ ਵੀ ਹੱਲਾਸ਼ੇਰੀ ਦਿੱਤੀ। ਇਸ ਸਮੇਂ 'ਚ, ਇਸਰਾਇਲੀ ਫ਼ੌਜੀ ਤਾਕਤਾਂ ਨੇ ਕੰਪਨੀਆਂ ਦੇ ਕਾਰੋਬਾਰ ਨੂੰ ਵਧਾਉਣ ਦੀ ਭੂਮਿਕਾ ਨਿਭਾਈ। ਜਦੋਂ ਨੌਜਵਾਨ ਇਸਰਾਇਲੀ ਫ਼ੌਜੀ ਲਾਜ਼ਮੀ ਫ਼ੌਜੀ ਸੇਵਾ ਪੂਰੀ ਕਰ ਰਹੇ ਸਨ ਓਦੋਂ ਉਹ ਨੈੱਟਵਰਕ ਪ੍ਰਣਾਲੀਆਂ ਅਤੇ ਜਾਸੂਸੀ ਯੰਤਰਾਂ 'ਤੇ ਤਜਰਬੇ ਕਰਦੇ ਰਹੇ, ਜਦੋਂ ਉਹ ਆਮ ਨਾਗਰਿਕ ਜ਼ਿੰਦਗੀ 'ਚ ਮੁੜ ਆਏ ਓਦੋਂ ਉਨ੍ਹਾਂ ਨੇ ਆਪਣੀਆਂ ਖੋਜਾਂ ਨੂੰ ਕਾਰੋਬਾਰ ਦੀਆਂ ਯੋਜਨਾਵਾਂ 'ਚ ਬਦਲ ਲਿਆ। ਵੱਡੇ ਪੱਧਰ 'ਤੇ ਕਾਰੋਬਾਰ ਸ਼ੁਰੂ ਕਰ ਦਿੱਤੇ ਗਏ, ਜਿਨ੍ਹਾਂ ਦੀ "ਤਲਾਸ਼ੀਆਂ ਲੈਣ ਅਤੇ ਕਾਬੂ ਕਰ ਲੈਣ" ਦੇ ਉਦੇਸ਼ ਨਾਲ ਡਾਟਾ ਜਮਾਂ ਕਰਨ ਤੋਂ ਲੈ ਕੇ ਜਾਸੂਸੀ ਕੈਮਰਿਆਂ, ਦਹਿਸ਼ਤਗਰਦਾਂ ਦੇ ਹੁਲੀਏ ਤਿਆਰ ਕਰਨ ਤੱਕ ਹਰ ਚੀਜ਼ 'ਚ ਵਿਸ਼ੇਸ਼ ਮੁਹਾਰਤ ਸੀ।[25] ਜਦੋਂ 11 ਸਤੰਬਰ ਤੋਂ ਬਾਅਦ ਇਨ੍ਹਾਂ ਸੇਵਾਵਾਂ ਅਤੇ ਯੰਤਰਾਂ ਦੀ ਮੰਡੀ ਦਾ ਤੇਜ਼ੀ ਨਾਲ ਫੈਲਾਅ ਹੋਇਆ ਤਾਂ ਇਸਰਾਇਲੀ ਰਾਜ ਨੇ ਸ਼ਰੇਆਮ ਨਵੀਂ ਕੌਮੀ ਆਰਥਕ ਦ੍ਰਿਸ਼ਟੀ ਅਪਣਾ ਲਈ : ਹੁਣ ਡਾਟਕਾਮ ਬੁਲਬੁਲੇ ਵਲੋਂ ਮੁਹੱਈਆ ਕੀਤੇ ਆਰਥਕ ਵਾਧੇ ਦੀ ਥਾਂ ਅੰਦਰੂਨੀ ਸੁਰੱਖਿਆ ਦੇ ਖੇਤਰ ਦੀ ਤੇਜ਼ੀ ਲੈ ਲਵੇਗੀ। ਇਹ ਲਿਕੁਡ ਪਾਰਟੀ ਦੀ ਧਾੜਵੀ ਸੋਚ ਅਤੇ ਇਸ ਵਲੋਂ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰ ਨੂੰ ਮੂਲ ਰੂਪ 'ਚ ਅਪਣਾ ਲੈਣ ਦਾ ਮੁਕੰਮਲ ਸੁਮੇਲ ਸੀ। ਸ਼ੈਰੋਨ ਦਾ ਵਿੱਤ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਇਸਰਾਇਲ ਦੇ ਨਵੇਂ ਕੇਂਦਰੀ ਬੈਂਕ ਦਾ ਮੁਖੀ ਸਟੈਨਲੇ ਫਿਚਰ ਇਸ ਦਾ ਸਾਖਿਆਤ ਰੂਪ ਸਨ। ਫਿਚਰ ਰੂਸ ਅਤੇ ਏਸ਼ੀਆ ਵਿਚ ਕੌਮਾਂਤਰੀ ਮੁਦਰਾ ਕੋਸ਼ ਦੇ ਸਦਮਾ ਇਲਾਜ ਮਾਅਰਕਿਆਂ ਦਾ ਮੁੱਖ ਘਾੜਾ ਸੀ।

2003 'ਚ, ਇਸਰਾਇਲ ਦੀ ਹਾਲਤ 'ਚ ਪਹਿਲਾਂ ਹੀ ਨਾਟਕੀ ਸੁਧਾਰ ਹੋਣਾ ਸ਼ੁਰੂ ਹੋ ਗਿਆ ਸੀ ਅਤੇ 2004 'ਚ ਦੇਸ਼ ਨੇ ਚਮਤਕਾਰ ਕਰ ਦਿਖਾਇਆ : ਪਰਲੋ ਵਰਗੀ ਤਬਾਹੀ ਵਿਚੋਂ ਨਿਕਲਕੇ, ਇਹ ਹੁਣ ਲਗਭਗ ਕਿਸੇ ਵੀ ਪੱਛਮੀ ਆਰਥਿਕਤਾ ਨਾਲੋਂ ਵਧੀਆ ਕਾਰਗੁਜ਼ਾਰੀ ਦਿਖਾ ਰਿਹਾ ਸੀ। ਇਹ ਜ਼ਿਆਦਾਤਰ ਆਰਥਕ ਵਾਧਾ ਇਸਰਾਇਲ ਵਲੋਂ ਅੰਦਰੂਨੀ ਸੁਰੱਖਿਆ ਤਕਨਾਲੋਜੀਆਂ ਵੇਚਣ ਵਾਲੇ ਦਿਓਕੱਦ ਸਟੋਰ ਦਾ ਸੂਝਵਾਨ ਪੈਂਤੜਾ ਅਖ਼ਤਿਆਰ ਕਰ ਲੈਣ ਦੀ ਬਦੌਲਤ ਹੋਇਆ ਸੀ। ਮੌਕਾ ਪੂਰੀ ਤਰ੍ਹਾਂ ਢੁੱਕਵਾਂ ਸੀ। ਦੁਨੀਆਂ ਭਰ ਦੀਆਂ ਸਰਕਾਰਾਂ ਅਚਾਨਕ ਹੀ ਦਹਿਸ਼ਤਗਰਦਾਂ ਨੂੰ ਖ਼ਤਮ ਕਰਨ ਦੇ ਸਾਧਨਾਂ ਅਤੇ ਨਾਲ ਹੀ ਮਨੁੱਖੀ ਜਾਸੂਸੀ ਪ੍ਰਣਾਲੀ ਬਾਰੇ ਅਰਬ ਜਗਤ ਵਲੋਂ ਵਿਕਸਤ ਕੀਤੀ ਜਾਣਕਾਰੀ ਹਾਸਲ ਕਰਨ ਲਈ ਤਹੂ ਹੋ ਗਈਆਂ ਸਨ। ਲਿਕੁਡ ਪਾਰਟੀ ਦੀ ਅਗਵਾਈ ਹੇਠ, ਇਸਰਾਇਲੀ ਰਾਜ ਨੇ ਅਰਬ ਅਤੇ ਮੁਸਲਿਮ ਖ਼ਤਰਿਆਂ ਦਾ ਮੁਕਾਬਲਾ ਕਰਨ ਬਾਰੇ ਆਪਣੇ ਦਹਾਕਿਆਂ ਦੇ ਤਜਰਬੇ ਅਤੇ ਮੁਹਾਰਤ ਦਾ ਪੱਤਾ ਕੱਢ ਲਿਆ ਅਤੇ ਅੰਦਰੂਨੀ ਸੁਰੱਖਿਆ ਦੀਆਂ ਆਧੁਨਿਕ ਖੋਜਾਂ ਦੇ ਸ਼ੋਅ ਰੂਮ ਵਜੋਂ ਆਪਣੀ ਇਸ਼ਤਿਹਾਰਬਾਜ਼ੀ ਸ਼ੁਰੂ ਕਰ ਦਿੱਤੀ। ਉੱਤਰੀ ਅਮਰੀਕਾ ਅਤੇ ਯੂਰਪ ਨੂੰ ਇਸਰਾਇਲ ਸਿੱਧੀ ਸੁਣਾਉਣੀ ਕਰ ਰਿਹਾ ਸੀ : ਦਹਿਸ਼ਤਵਾਦ ਵਿਰੁੱਧ ਜਿਹੜੀ ਜੰਗ 'ਚ ਤੁਸੀਂ ਹਾਲੇ ਲੱਗੇ ਹੀ ਹੋ ਇਹ ਅਸੀਂ ਆਪਣੇ ਜਨਮ ਤੋਂ ਹੀ ਲੜਦੇ ਆ ਰਹੇ ਹਾਂ। ਇਹ ਜੰਗ ਕਿਵੇਂ ਲੜੀ ਜਾਂਦੀ ਹੈ ਇਹ ਤੁਸੀਂ ਸਾਡੀਆਂ ਉੱਚ-ਤਕਨੀਕੀ ਕੰਪਨੀਆਂ ਅਤੇ ਨਿੱਜੀਕਰਨ ਕੀਤੀਆਂ ਜਾਸੂਸੀ ਕੰਪਨੀਆਂ ਤੋਂ ਸਿੱਖੋ।

ਫੋਰਬਸ ਰਸਾਲੇ ਦੇ ਲਫ਼ਜ਼ਾਂ 'ਚ, ਇਸਰਾਇਲ ਰਾਤੋ-ਰਾਤ, "ਦਹਿਸ਼ਤਵਾਦ ਵਿਰੋਧੀ

ਤਕਨਾਲੋਜੀਆਂ ਨਾਲ ਵਰੋਸਾਇਆ ਖ਼ਾਸ ਦੇਸ਼" ਬਣ ਗਿਆ।[26] 2002 ਤੋਂ ਲੈ ਕੇ ਹਰ ਸਾਲ, ਇਸਰਾਇਲ ਦੁਨੀਆਂ ਭਰ ਦੇ ਕਾਨੂੰਨਦਾਨਾਂ, ਪੁਲਿਸ ਮੁਖੀਆਂ, ਰਾਜ ਅਧਿਕਾਰੀਆਂ ਅਤੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਅੰਦਰੂਨੀ ਸੁਰੱਖਿਆ ਬਾਰੇ ਘੱਟੋ-ਘੱਟ ਅੱਧੀ ਦਰਜਨ ਸੰਮੇਲਨਾਂ ਦੀ ਪ੍ਰਾਹੁਣਾਚਾਰੀ ਕਰ ਚੁੱਕਿਆ ਹੈ। ਸੰਮੇਲਨਾਂ ਦੇ ਆਕਾਰ ਅਤੇ ਖੇਤਰ 'ਚ ਹਰ ਸਾਲ ਵਾਧਾ ਹੋ ਰਿਹਾ ਹੈ। ਕਿਉਂਕਿ ਸੁਰੱਖਿਆ ਦੇ ਡਰੋਂ ਰਵਾਇਤੀ ਸੈਰ-ਸਪਾਟੇ 'ਤੇ ਮਾੜਾ ਅਸਰ ਪਿਆ, ਇਸ ਕਰਕੇ ਦਹਿਸ਼ਤਵਾਦ ਦੇ ਵਿਰੋਧ ਦੇ ਨਾਂ ਹੇਠ ਅਜਿਹੇ ਸਰਕਾਰੀ ਨੁਮਾਇੰਦਿਆਂ ਦੇ ਜਸ਼ਨੀਂ ਸਮਾਗਮਾਂ ਨੇ ਇਕ ਹੱਦ ਤੱਕ ਇਸ ਦੀ ਘਾਟ ਪੂਰੀ ਕਰ ਦਿੱਤੀ ਹੈ।

ਫਰਵਰੀ 2006 ਦੇ ਐਸੇ ਇਕ ਜੋੜ-ਮੇਲੇ, ਜਿਸ ਦੀ ਮਸ਼ਹੂਰੀ "ਦਹਿਸ਼ਤਵਾਦ ਵਿਰੁੱਧ ਇਸਰਾਇਲ ਦੀ ਜੱਦੋਜਹਿਦ ਦੀ ਜਾਣਕਾਰੀ ਹਾਸਲ ਕਰਨ ਲਈ ਚੋਰੀ-ਛੁਪੇ ਦੌਰਾ" ਵਜੋਂ ਕੀਤੀ ਗਈ, ਵਿਚ ਹੋਰਾਂ ਦੇ ਨਾਲ-ਨਾਲ ਐੱਫ ਬੀ ਆਈ, ਮਾਈਕਰੋਸਾਫਟ ਅਤੇ ਸਿੰਗਾਪੁਰ ਦੀ ਮਾਸ ਟਰਾਂਜ਼ਿਟ ਸਿਸਟਮ ਨੇ ਇਸਰਾਇਲ ਦੇ ਸਭ ਤੋਂ ਮਸ਼ਹੂਰ ਸੈਰ-ਸਪਾਟਾ ਥਾਵਾਂ ਦੀ ਯਾਤਰਾ ਕੀਤੀ : ਜਿਵੇਂ ਨੇਸੈੱਟ, ਦੀ ਟੈਂਪਲ ਮਾਊਂਟ, ਦੀ ਵੇਲਿੰਗ ਵਾਲ। ਹਰੇਕ ਥਾਂ ਪ੍ਰਾਹੁਣਿਆਂ ਨੇ ਕਿਲ੍ਹਿਆਂ ਵਾਂਗ ਬਣਾਏ ਸੁਰੱਖਿਆ ਪ੍ਰਬੰਧਾਂ ਨੂੰ ਇਸ ਉਦੇਸ਼ ਨਾਲ ਘੋਖਿਆ ਕਿ ਉਨ੍ਹਾਂ ਦੇ ਦੇਸ਼ 'ਚ ਇਹ ਕਿਵੇਂ ਲਾਗੂ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਸੁਰੱਖਿਆ ਪ੍ਰਬੰਧਾਂ ਦੀ ਖ਼ੂਬ ਦੀ ਤਾਰੀਫ਼ ਕੀਤੀ। ਮਈ 2007 'ਚ, ਇਸਰਾਇਲ ਨੇ ਅਮਰੀਕਾ ਦੇ ਅਨੇਕਾਂ ਵੱਡੇ ਹਵਾਈ ਅੱਡਿਆਂ ਦੇ ਨਿਰਦੇਸ਼ਕਾਂ ਦੀ ਮਹਿਮਾਨ-ਨਿਵਾਜ਼ੀ ਕੀਤੀ, ਜੋ ਤੈਲ ਅਵੀਵ ਨੇੜੇ ਬੇਨ ਗੁਰਿਅਨ ਕੌਮਾਂਤਰੀ ਹਵਾਈ ਅੱਡੇ 'ਤੇ ਵਰਤੀ ਜਾ ਰਹੀ ਹਮਲਾਵਰ ਸ਼ੈਲੀ ਦੇ ਯਾਤਰੀਆਂ ਦੇ ਹੁਲੀਏ ਦੀ ਘੋਖ-ਪੜਤਾਲ ਕਰਨ ਬਾਰੇ ਵਰਕਸ਼ਾਪਾਂ 'ਚ ਸ਼ਾਮਲ ਹੋਣ ਲਈ ਪਧਾਰੇ ਸਨ। ਓਕਲੈਂਡ, ਕੈਲੀਫੋਰਨੀਆ ਦੇ ਕੌਮਾਂਤਰੀ ਹਵਾਈ ਅੱਡੇ ਦੀ ਹਵਾਬਾਜ਼ੀ ਦੇ ਮੁਖੀ ਸਟੀਵਨ ਗਰੈਸਮੈਨ ਨੇ ਖ਼ੁਲਾਸਾ ਕੀਤਾ ਕਿ ਉਹ ਉੱਥੇ ਇਸ ਕਾਰਨ ਗਿਆ ਸੀ ਕਿਉਂਕਿ "ਇਸਰਾਇਲੀਆਂ ਦੇ ਸੁਰੱਖਿਆ ਪ੍ਰਬੰਧ ਬਹੁਤ ਮਸ਼ਹੂਰ ਹਨ।" ਕੁਝ ਸਮਾਗਮ ਭਿਆਨਕ ਅਤੇ ਆਡੰਬਰ ਭਰੇ ਹਨ। ਮਿਸਾਲ ਵਜੋਂ, ਇਸ ਦੇ ਪ੍ਰਬੰਧਕਾਂ ਅਨੁਸਾਰ ਕੌਮਾਂਤਰੀ ਅੰਦਰੂਨੀ ਸੁਰੱਖਿਆ ਸੰਮੇਲਨ-2006 ਵਿਖੇ ਇਸਰਾਇਲੀ ਫ਼ੌਜ ਨੇ "ਵਿਆਪਕ ਜਾਨੀ ਨੁਕਸਾਨ ਦਾ ਵਿਸ਼ਾਲ ਬਨਾਉਟੀ ਪ੍ਰਦਰਸ਼ਨ" ਆਯੋਜਤ ਕੀਤਾ "ਜੋ ਨੈੱਸ ਜ਼ਿਓਨਾ 'ਚ ਸ਼ੁਰੂ ਹੋਇਆ ਅਤੇ ਇਸ ਦੀ ਸਮਾਪਤੀ ਅਸਾਫ ਹੈਰੋਫ਼ੇ ਹਸਪਤਾਲ 'ਚ ਕੀਤੀ ਗਈ।"[27]

ਇਹ ਨੀਤੀਆਂ ਬਾਰੇ ਸੰਮੇਲਨ ਨਹੀਂ ਹਨ, ਸਗੋਂ ਮਹਾਂ-ਮੁਨਾਫ਼ੇ ਵਾਲੀਆਂ ਵਪਾਰਕ ਨੁਮਾਇਸ਼ਾਂ ਹਨ ਜਿਨ੍ਹਾਂ ਦਾ ਉਦੇਸ਼ ਇਸਰਾਇਲੀ ਸੁਰੱਖਿਆ ਕੰਪਨੀਆਂ ਦੀ ਸੂਝ-ਬੂਝ ਦਾ ਦਿਖਾਵਾ ਕਰਨਾ ਹੈ। ਇਨ੍ਹਾਂ ਦੇ ਸਿੱਟੇ ਵਜੋਂ, 2006 'ਚ ਦਹਿਸ਼ਤਵਾਦ ਵਿਰੁੱਧ ਲੜਾਈ ਨਾਲ ਸਬੰਧਤ ਇਸਰਾਇਲ ਦੇ ਸਮਾਨ ਅਤੇ ਸੇਵਾਵਾਂ ਦੀ ਬਰਾਮਦ 'ਚ 15 ਫ਼ੀ ਸਦੀ ਵਾਧਾ ਹੋ ਗਿਆ। 2007 ਬਾਰੇ ਕਿਹਾ ਗਿਆ ਕਿ ਇਸ ਸਾਲ ਵਾਧੇ ਦੀ ਦਰ 20 ਫ਼ੀ ਸਦੀ ਹੋਵੇਗੀ, ਭਾਵ ਸਾਲਾਨਾ 1.2 ਅਰਬ ਡਾਲਰ। 2006 'ਚ ਇਸਰਾਇਲ ਦੀਆਂ ਫ਼ੌਜੀ ਸਾਜ਼-ਸਮਾਨ ਦੀਆਂ ਬਰਾਮਦਾਂ 3.4 ਅਰਬ ਡਾਲਰ (1993 'ਚ ਇਹ 1.6 ਅਰਬ ਡਾਲਰ ਸਨ) ਤੱਕ ਜਾ ਪਹੁੰਚੀਆਂ, ਇਸ ਨਾਲ ਇਹ ਦੇਸ਼ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਹਥਿਆਰਾਂ ਦਾ ਵਪਾਰੀ ਬਣ ਗਿਆ, ਇੰਗਲੈਂਡ ਤੋਂ ਵੀ ਵੱਡਾ। *ਨੈਸਦਾਕ* ਸਟਾਕ ਐਕਸਚੇਂਜ ਦੀ ਸੂਚੀ 'ਚ ਹੋਰ ਕਿਸੇ ਵੀ ਦੇਸ਼ (ਅਮਰੀਕਾ ਤੋਂ ਇਲਾਵਾ) ਨਾਲੋਂ ਵੱਧ ਗਿਣਤੀ 'ਚ ਤਕਨਾਲੋਜੀ ਸਟਾਕ ਇਸਰਾਇਲ ਦੇ ਹਨ—ਇਨ੍ਹਾਂ ਵਿਚੋਂ ਜ਼ਿਆਦਾਤਰ ਸੁਰੱਖਿਆ ਨਾਲ ਸਬੰਧਤ ਹਨ ਅਤੇ ਅਮਰੀਕਾ 'ਚ ਭਾਰਤ ਅਤੇ ਚੀਨ ਦੋਵਾਂ ਦੇ ਮਿਲਾ ਕੇ ਜਿੰਨੇ

ਪੇਟੈਂਟ ਰਜਿਸਟਰਡ ਕਰਾਏ ਗਏ ਹਨ, ਇਸਰਾਇਲ ਦੇ ਇਸ ਤੋਂ ਵੀ ਵੱਧ ਹਨ। ਇਸ ਦਾ ਤਕਨਾਲੋਜੀ ਖੇਤਰ ਕੁਲ ਬਰਾਮਦਾਂ ਦਾ 60 ਫ਼ੀ ਸਦੀ ਬਣਦਾ ਹੈ, ਇਨ੍ਹਾਂ ਵਿਚੋਂ ਜ਼ਿਆਦਾਤਰ ਸੁਰੱਖਿਆ ਨਾਲ ਸਬੰਧਤ ਹਨ।[28]

ਇਕ ਉੱਘੇ ਇਸਰਾਇਲੀ ਪੂੰਜੀ-ਨਿਵੇਸ਼ ਬੈਂਕਰ ਲੇਨ ਰੋਸਨ ਨੇ *ਫਾਰਚੂਨ* ਰਸਾਲੇ ਨੂੰ ਦੱਸਿਆ, "ਸ਼ਾਂਤੀ ਨਾਲੋਂ ਵੱਧ ਅਹਿਮ ਸੁਰੱਖਿਆ ਹੈ।" ਓਸਲੋ ਸਮਝੌਤੇ ਮੌਕੇ, "ਲੋਕਾਂ ਨੂੰ ਆਰਥਕ ਵਾਧੇ ਦੀ ਉਮੀਦ ਸ਼ਾਂਤੀ ਤੋਂ ਸੀ। ਹੁਣ ਉਨ੍ਹਾਂ ਨੂੰ ਆਸ ਸੁਰੱਖਿਆ ਤੋਂ ਹੈ ਇਸ ਕਰਕੇ ਹਿੰਸਾ ਆਰਥਕ ਵਾਧੇ ਨੂੰ ਘਟਾਉਂਦੀ ਨਹੀਂ ਹੈ।"[29] ਉਸ ਨੂੰ ਅਗਾਂਹ ਕਹਿਣਾ ਚਾਹੀਦਾ ਸੀ : ਇਨ੍ਹਾਂ ਸਾਲਾਂ ਵਿਚ ਇਸਰਾਇਲ ਦੀ ਆਰਥਿਕਤਾ ਦੇ ਅੱਖਾਂ ਚੁੰਧਿਆ ਦੇਣ ਵਾਲੇ ਵਾਧੇ ਦਾ ਸਿੱਧਾ ਸੋਮਾ ਇਸਰਾਇਲ ਅਤੇ ਦੁਨੀਆਂ ਭਰ 'ਚ "ਸੁਰੱਖਿਆ" ਪ੍ਰਦਾਨ ਕਰ ਰਿਹਾ ਕਾਰੋਬਾਰ ਹੈ। ਇਹ ਕਹਿਣਾ ਅੱਤ ਕਥਨੀ ਨਹੀਂ ਹੈ ਕਿ ਦਹਿਸ਼ਤਵਾਦ ਵਿਰੁੱਧ ਜੰਗ ਦੀ ਸਨਅਤ ਨੇ ਇਸਰਾਇਲ ਦੀ ਲੜਖੜਾ ਰਹੀ ਆਰਥਿਕਤਾ ਨੂੰ ਬਚਾ ਲਿਆ, ਬਿਲਕੁਲ ਉਵੇਂ ਜਿਵੇਂ ਤਬਾਹੀਪਸੰਦ ਸਰਮਾਏਦਾਰੀ ਢਾਂਚੇ ਨੇ ਆਲਮੀ ਸਟਾਕ ਮੰਡੀਆਂ ਨੂੰ ਚੋਖੀ ਰਾਹਤ ਦਿਵਾਈ ਸੀ।

ਹੇਠਾਂ ਇਸ ਸਨਅਤ ਦੀ ਪਹੁੰਚ ਦਾ ਨਿੱਕਾ ਜਿਹਾ ਨਮੂਨਾ ਪੇਸ਼ ਕੀਤਾ ਜਾ ਰਿਹਾ ਹੈ :

• ਨਿਊ ਯਾਰਕ ਦੇ ਪੁਲਿਸ ਮਹਿਕਮੇ ਨੂੰ ਕੀਤੀ ਫ਼ੋਨ ਕਾਲ ਨੂੰ ਇਸਰਾਇਲੀ ਕੰਪਨੀ ਨਾਈਸ ਸਿਸਟਮਜ਼ ਵਲੋਂ ਬਣਾਈ ਤਕਨਾਲੋਜੀ 'ਚ ਰਿਕਾਰਡ ਕਰਕੇ ਇਸ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਨਾਈਸ ਲਾਸ ਏਂਜਲਸ ਪੁਲਿਸ ਅਤੇ ਟਾਈਮ ਵਾਰਨਰ ਦੇ ਸੰਚਾਰ ਪ੍ਰਬੰਧ ਦਾ ਨਿਰੀਖਣ ਕਰਦੀ ਹੈ, ਨਾਲ ਹੀ ਰੋਨਾਲਡ ਰੀਗਨ ਕੌਮੀ ਹਵਾਈ ਅੱਡੇ 'ਚ ਵੀਡੀਓ ਜਾਸੂਸੀ ਕੈਮਰੇ ਵੀ ਇਸੇ ਨੇ ਲਗਾਏ ਹੋਏ ਹਨ, ਜੋ ਇਸ ਦੇ ਚੋਟੀ ਦੇ ਦਰਜਨਾਂ ਗਾਹਕਾਂ ਵਿਚੋਂ ਇਕ ਹੈ।[30]

• ਲੰਦਨ ਦੀ ਜ਼ਮੀਨਦੋਜ਼ ਰੇਲਵੇ ਪ੍ਰਣਾਲੀ (Tube System) ਦੀ ਪੂਰੀ ਰਿਕਾਰਡਿੰਗ ਵੇਰਿਟ ਜਾਸੂਸੀ ਵੀਡੀਓ ਕੈਮਰਿਆਂ ਨਾਲ ਕੀਤੀ ਜਾਂਦੀ ਹੈ, ਜਿਸ ਦੀ ਮਾਲਕ ਇਸਰਾਇਲ ਦੀ ਤਕਨਾਲੋਜੀ ਖੇਤਰ ਦੀ ਦਿਓਕੱਦ ਕੰਪਨੀ ਕਾਮਵਰਸ ਹੈ। ਵੇਰਿਟ ਜਾਸੂਸੀ ਪ੍ਰਣਾਲੀ ਅਮਰੀਕਾ ਦੇ ਰੱਖਿਆ ਮਹਿਕਮੇ, ਵਾਸ਼ਿੰਗਟਨ ਦੇ ਡਲਜ਼ ਕੌਮਾਂਤਰੀ ਹਵਾਈ ਅੱਡੇ, ਕੈਪੀਟਿਲ ਹਿੱਲ ਅਤੇ ਮਾਂਟਰੀਅਲ ਮੈਟਰੋ ਵਿਚ ਵੀ ਵਰਤੀ ਜਾ ਰਹੀ ਹੈ। ਇਸ ਕੰਪਨੀ ਦੇ ਗਾਹਕ ਪੰਜਾਹ ਤੋਂ ਵੱਧ ਦੇਸ਼ਾਂ ਵਿਚ ਹਨ ਅਤੇ ਇਹ ਹੋਮ ਡੀਪੂ ਅਤੇ ਟਾਰਗੈੱਟ ਵਰਗੀਆਂ ਦਿਓਕੱਦ ਕਾਰਪੋਰੇਸ਼ਨਾਂ ਦੀ ਆਪਣੇ ਮਜ਼ਦੂਰਾਂ ਦੀ ਨਿਗਰਾਨੀ ਕਰਨ 'ਚ ਵੀ ਸਹਾਇਤਾ ਕਰਦੀ ਹੈ।

• ਲਾਸ ਏਂਜਲਸ ਅਤੇ ਕੋਲੰਬਸ ਤੇ ਓਹਾਈਓ ਸ਼ਹਿਰਾਂ ਦੇ ਮੁਲਾਜ਼ਮਾਂ ਨੂੰ ਇਸਰਾਇਲੀ ਕੰਪਨੀ ਸੁਪਰਕਾਮ ਵਲੋਂ ਬਣਾਏ ਇਲੈਕਟ੍ਰਾਨਿਕ "ਸਮਾਰਟ ਕਾਰਡ" ਸ਼ਨਾਖ਼ਤੀ ਕਾਰਡ ਦਿੱਤੇ ਗਏ ਹਨ, ਜਿਸ ਨੂੰ ਮਾਣ ਹੈ ਕਿ ਸੀ ਆਈ ਏ ਦਾ ਸਾਬਕਾ ਨਿਰਦੇਸ਼ਕ ਜੇਮਜ਼ ਵੂਲਜ਼ੇ ਕੰਪਨੀ ਦੇ ਸਲਾਹਕਾਰ ਬੋਰਡ ਦਾ ਚੇਅਰਮੈਨ ਹੈ। ਇਕ ਯੂਰਪੀ ਦੇਸ਼, ਜਿਸ ਦਾ ਨਾਂਅ ਪਤਾ ਨਹੀਂ ਲੱਗਿਆ, ਨੇ ਸ਼ਨਾਖ਼ਤੀ ਕਾਰਡ ਬਣਾਉਣ ਲਈ ਸੁਪਰਕਾਮ ਦੀਆਂ ਸੇਵਾਵਾਂ ਲਈਆਂ ਹਨ; ਇਕ ਹੋਰ ਦੇਸ਼ ਨੇ "ਬਾਇਓ-ਮੀਟਰਿਕ ਪਾਸਪੋਰਟ" ਬਣਾਉਣ ਦਾ ਪ੍ਰੋਗਰਾਮ ਇਸ ਨੂੰ ਸੌਂਪਿਆ ਹੈ, ਦੋਵੇਂ ਹੀ ਬਹੁਤ ਜ਼ਿਆਦਾ ਰੱਟੇ ਵਾਲੇ ਪ੍ਰੋਗਰਾਮ ਹਨ।[32]

• ਅਮਰੀਕਾ ਦੀਆਂ ਕੁਝ ਸਭ ਤੋਂ ਵੱਡੀਆਂ ਬਿਜਲੀ ਕੰਪਨੀਆਂ ਦੀ ਕੰਪਿਊਟਰ ਪ੍ਰਣਾਲੀ ਨੂੰ ਸੰਨ੍ਹ ਲੱਗਣ ਤੋਂ ਬਚਾਉਣ ਦਾ ਪ੍ਰਬੰਧ ਇਸਰਾਇਲ ਦੀ ਤਕਨੀਕੀ ਖੇਤਰ ਦੀ ਦਿਓਕੱਦ ਕੰਪਨੀ ਚੈੱਕਪੁਆਇੰਟ ਕੋਲ ਹੈ, ਹਾਲਾਂਕਿ ਇਨ੍ਹਾਂ ਕਾਰਪੋਰੇਸ਼ਨਾਂ ਨੇ ਆਪਣੇ ਨਾਂ ਗੁਪਤ ਰੱਖੇ ਹਨ। ਕੰਪਨੀ

ਅਨੁਸਾਰ, "89 ਫ਼ੀ ਸਦੀ ਫਾਰਚੂਨ-500 ਕੰਪਨੀਆਂ ਚੈੱਕਪੁਆਇੰਟ ਸੁਰੱਖਿਆ ਹੱਲ ਇਸਤੇਮਾਲ ਕਰਦੀਆਂ ਹਨ।"[33]

• ਨੈਸ਼ਨਲ ਫੁੱਟਬਾਲ ਲੀਗ ਚੈਂਪੀਅਨਸ਼ਿਪ ਸੁਪਰ ਬਾਊਲ-2007 ਦਾ ਸੰਚਾਲਨ ਕਰਨ ਲਈ, ਮਿਆਮੀ ਕੌਮਾਂਤਰੀ ਹਵਾਈ ਅੱਡੇ ਦੇ ਮੁਲਾਜ਼ਮਾਂ ਨੇ ਵਿਅਕਤੀ ਦੇ ਵਤੀਰੇ ਤੋਂ ਅੰਦਾਜ਼ਾ ਲਗਾਉਣ (Behaviour Pattern Recongnition) ਨਾਂ ਦੀ ਮਨੋਵਿਗਿਆਨਕ ਪ੍ਰਣਾਲੀ ਅਪਣਾ ਕੇ "ਇਕੱਲਾ ਮਾੜੇ ਸਮਾਨ ਦੀ ਹੀ ਨਹੀਂ ਸਗੋਂ ਮਾੜੇ ਅਨਸਰਾਂ" ਦੀ ਸ਼ਨਾਖ਼ਤ ਕਰਨ ਦੀ ਸਿਖਲਾਈ ਲਈ। ਇਸ ਦਾ ਵਿਕਾਸ ਇਸਰਾਇਲੀ ਕੰਪਨੀ ਨਿਊ ਏਜ ਸਕਿਊਰਿਟੀ ਸਾਲਿਊਸ਼ਨਜ਼ ਵਲੋਂ ਕੀਤਾ ਗਿਆ ਸੀ। ਇਸ ਕੰਪਨੀ ਦਾ ਮੁੱਖ ਕਾਰਜਕਾਰੀ ਅਧਿਕਾਰੀ ਇਸਰਾਇਲ ਦੇ ਬੇਨ-ਗੁਰਿਅਨ ਹਵਾਈ ਅੱਡੇ ਦੀ ਸੁਰੱਖਿਆ ਦਾ ਸਾਬਕਾ ਮੁਖੀ ਰਹਿ ਚੁੱਕਾ ਹੈ। ਜਿਨ੍ਹਾਂ ਹੋਰ ਕੰਪਨੀਆਂ ਨੇ ਯਾਤਰੀਆਂ ਦੇ ਹੁਲੀਏ ਮਿਲਾਉਣ ਦੀ ਸਿਖਲਾਈ ਆਪਣੇ ਮੁਲਾਜ਼ਮਾਂ ਨੂੰ ਦਿਵਾਉਣ ਲਈ ਇਨ੍ਹਾਂ ਸਾਲਾਂ 'ਚ ਨਿਊ ਏਜ ਨੂੰ ਠੇਕੇ ਦਿੱਤੇ ਹਨ ਉਨ੍ਹਾਂ ਵਿਚ ਬੋਸਤਨ, ਸਾਨ ਫਰਾਂਸਿਸਕੋ, ਗਲਾਸਗੋ, ਏਥਨਜ਼ ਅਤੇ ਲੰਦਨ ਦਾ ਹੀਥਰੋ ਅਤੇ ਹੋਰ ਬਹੁਤ ਸਾਰੇ ਹਵਾਈ ਅੱਡੇ ਸ਼ਾਮਲ ਹਨ। ਹਿੰਸਾਗ੍ਰਸਤ ਨਾਈਜਰ ਡੈਲਟਾ ਦੀ ਬੰਦਰਗਾਹ ਦੇ ਕਾਮਿਆਂ ਨੇ ਨਿਊ ਏਜ ਤੋਂ ਸਿਖਲਾਈ ਲਈ ਹੈ, ਇਸੇ ਤਰ੍ਹਾਂ ਨੀਦਰਲੈਂਡ ਦੇ ਨਿਆਂ ਮੰਤਰਾਲੇ ਦੇ ਮੁਲਾਜ਼ਮਾਂ, ਮੁਕਤੀ ਦੀ ਪ੍ਰਤੀਕ ਮੂਰਤੀ ਦੀ ਸੁਰੱਖਿਆ ਗਾਰਦ ਅਤੇ ਨਿਊ ਯਾਰਕ ਦੇ ਪੁਲਿਸ ਮਹਿਕਮੇ ਦੀ ਦਹਿਸ਼ਤਵਾਦ ਵਿਰੋਧੀ ਬਿਓਰੋ ਦੇ ਮੁਲਾਜ਼ਮਾਂ ਨੇ ਵੀ ਨਿਊ ਏਜ ਤੋਂ ਸਿਖਲਾਈ ਲਈ ਹੈ।[34]

• ਜਦੋਂ ਨਿਊ ਔਰਲੀਨਜ਼ ਦੀ ਅਮੀਰ ਬਸਤੀ ਵਾਲਿਆਂ ਨੇ ਸਮੁੰਦਰੀ ਤੂਫ਼ਾਨ ਕੈਟਰੀਨਾ ਤੋਂ ਬਾਅਦ ਆਪਣੀ ਵਿਸ਼ੇਸ਼ ਪੁਲਿਸ ਬਣਾਏ ਜਾਣ ਦੀ ਲੋੜ ਮਹਿਸੂਸ ਕੀਤੀ ਤਾਂ ਉਨ੍ਹਾਂ ਨੇ ਇਸਰਾਇਲ ਦੀ ਨਿੱਜੀ ਸੁਰੱਖਿਆ ਕੰਪਨੀ ਇੰਸਟਿੰਕਟਿਵ ਸ਼ੂਟਿੰਗ ਇੰਟਰਨੈਸ਼ਨਲ ਨੂੰ ਠੇਕਾ ਦਿੱਤਾ।[35]

• ਕੈਨੇਡਾ ਦੀ ਕੇਂਦਰੀ ਪੁਲਿਸ ਏਜੰਸੀ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਅਮਲੇ ਨੇ ਇੰਟਰਨੈਸ਼ਨਲ ਸਕਿਊਰਿਟੀ ਇੰਸਟਰਕਟ੍ਰਜ਼ ਤੋਂ ਸਿਖਲਾਈ ਹਾਸਲ ਕੀਤੀ ਹੈ। ਵਰਜੀਨੀਆ ਅਧਾਰਤ ਇਹ ਕੰਪਨੀ ਕਾਨੂੰਨ ਲਾਗੂ ਕਰਨ ਵਾਲੇ ਅਮਲੇ ਅਤੇ ਸੈਨਿਕਾਂ ਨੂੰ ਸਿਖਲਾਈ ਦੇਣ ਦੀ ਵਿਸ਼ੇਸ਼ ਮਾਹਰ ਹੈ। ਇਹ "ਸਖ਼ਤ ਘਾਲਣਾ ਘਾਲਕੇ ਹਾਸਲ ਕੀਤੇ ਇਸਰਾਇਲੀ ਤਜਰਬੇ" ਦੀ ਖ਼ੂਬ ਇਸ਼ਤਿਹਾਰਬਾਜ਼ੀ ਕਰਦੀ ਹੈ। ਇਸ ਦੇ ਉਸਤਾਦ ਇਸਰਾਇਲ ਦੀਆਂ ਵਿਸ਼ੇਸ਼ ਟਾਸਕ ਫੋਰਸਾਂ, ਇਸਰਾਇਲੀ ਡਿਫੈਂਸ ਫੋਰਸ, ਇਸਰਾਇਲ ਦੀ ਕੌਮੀ ਪੁਲਿਸ ਦੀ ਦਹਿਸ਼ਤਵਾਦ ਵਿਰੋਧੀ ਸ਼ਾਖਾ ਅਤੇ ਜਨਰਲ ਸਕਿਊਰਿਟੀ ਸਰਵਿਸਜ਼ (ਜੀ ਐੱਸ ਐੱਸ ਜਾਂ 'ਸ਼ਿਨ ਬੇਤ') ਦੇ ਤਜਰਬੇਕਾਰ ਲਾਏ ਗਏ ਹਨ। ਕੰਪਨੀ ਦੇ ਕੁਲੀਨ ਗਾਹਕਾਂ ਦੀ ਸੂਚੀ ਵਿਚ ਐੱਫ ਬੀ ਆਈ, ਅਮਰੀਕੀ ਫ਼ੌਜ, ਅਮਰੀਕੀ ਸਮੁੰਦਰੀ ਬੇੜਾ ਕਾਰਪੋਰੇਸ਼ਨ, ਅਮਰੀਕੀ ਨੇਵੀ ਸੀਲਜ਼ ਅਤੇ ਲੰਦਨ ਦੀ ਮਹਾਂਨਗਰ ਪੁਲਿਸ ਸੇਵਾ ਸ਼ਾਮਲ ਹੈ।

• ਅਪ੍ਰੈਲ 2007 'ਚ, ਅਮਰੀਕੀ ਅੰਦਰੂਨੀ ਸੁਰੱਖਿਆ ਵਿਭਾਗ ਦੇ ਵਿਸ਼ੇਸ਼ ਇਮੀਗਰੇਸ਼ਨ ਅਮਲੇ, ਜੋ ਮੈਕਸੀਕੋ ਦੀ ਸਰਹੱਦ ਉੱਪਰ ਕੰਮ ਕਰਦਾ ਹੈ, ਨੇ ਗੋਲਾਨ ਗਰੁੱਪ ਕੰਪਨੀ ਕੋਲੋਂ ਅੱਠ ਦਿਨ ਦੀ ਸਿਖਲਾਈ ਲਈ। ਗੋਲਾਨ ਗਰੁੱਪ ਦੀ ਸਥਾਪਨਾ ਇਸਰਾਇਲ ਦੀਆਂ ਵਿਸ਼ੇਸ਼ ਤਾਕਤਾਂ ਦੇ ਸਾਬਕਾ ਅਫ਼ਸਰਾਂ ਨੇ ਕੀਤੀ ਸੀ ਅਤੇ ਇਸ ਨੂੰ ਮਾਣ ਹੈ ਕਿ ਸੱਤ ਦੇਸ਼ਾਂ ਵਿਚ ਇਸ ਦੇ 3,500 ਮੁਲਾਜ਼ਮ ਹਨ। ਕੰਪਨੀ ਦੀਆਂ ਕਾਰਵਾਈਆਂ ਦੇ ਮੁਖੀ ਥਾਮਸ ਪੀਅਰਸਨ ਨੇ ਸਿਖਲਾਈ ਕੋਰਸ

ਬਾਰੇ ਖ਼ੁਲਾਸਾ ਕੀਤਾ, "ਅਸੀਂ ਆਪਣੇ ਤੌਰ-ਤਰੀਕਿਆਂ ਨੂੰ ਇਸਰਾਇਲੀ ਸੁਰੱਖਿਆ ਦਾ ਮਾਂਜਾ ਲਾਜ਼ਮੀ ਲਗਾਉਂਦੇ ਹਾਂ।" ਸਿਖਲਾਈ ਕੋਰਸ ਦੇ ਘੇਰੇ 'ਚ ਹੱਥੋ-ਹੱਥੀ ਲੜਾਈ ਤੋਂ ਲੈ ਕੇ ਨਿਸ਼ਾਨਾ ਲਾਉਣ ਦੇ ਅਭਿਆਸ ਤੱਕ ਅਤੇ ਆਪਣੇ ਐੱਸ ਯੂ ਵੀ (ਚਾਰ ਪਹੀਆ ਵਾਹਨਾਂ) ਨਾਲ ਸੱਚੀਮੁੱਚੀਂ ਦੀਆਂ ਕਾਰਵਾਈਆਂ ਦਾ ਅਭਿਆਸ ਕਰਨਾ ਤੱਕ ਸ਼ਾਮਲ ਹੈ। ਗੋਲਾਨ ਸਮੂਹ, ਜੋ ਹੁਣ ਫਲੋਰਿਡਾ ਅਧਾਰਤ ਹੈ ਪਰ ਹਾਲੇ ਵੀ ਆਪਣਾ ਇਸਰਾਇਲੀ ਨਾਂ ਵੇਚ ਰਿਹਾ ਹੈ, ਐਕਸਰੇ ਮਸ਼ੀਨਾਂ, ਮੈਟਲ ਡਿਟੈਕਟਰ ਅਤੇ ਰਾਈਫਲਾਂ ਵੀ ਬਣਾਉਂਦਾ ਹੈ। ਕਈ ਸਰਕਾਰਾਂ ਅਤੇ ਨਾਮਵਰ ਹਸਤੀਆਂ ਤੋਂ ਇਲਾਵਾ ਇਸ ਦੇ ਗਾਹਕਾਂ 'ਚ ਐਕਸਿਨਮੋਬਿਲ, ਸ਼ੈੱਲ, ਟੈਕਸੈਕੋ, ਲੈਵਿਸ, ਸੋਨੀ, ਸਿਟੀਗਰੁੱਪ ਅਤੇ ਪਿਜ਼ਾ ਹੱਟ ਤੱਕ ਸ਼ਾਮਲ ਹਨ।[37]

• ਜਦੋਂ ਬਕਿੰਘਮ ਮਹੱਲ ਨੂੰ ਨਵੇਂ ਸੁਰੱਖਿਆ ਪ੍ਰਬੰਧ ਦੀ ਜ਼ਰੂਰਤ ਪਈ, ਇਸ ਨੇ ਮਗਾਲ ਦੇ ਸਿਖਲਾਈ ਨਮੂਨੇ ਦੀ ਚੋਣ ਕੀਤੀ, ਇਹ ਦੋ ਇਸਰਾਇਲੀ ਕੰਪਨੀਆਂ ਵਿਚੋਂ ਇਕ ਹੈ ਜੋ ਇਸਰਾਇਲ ਦੇ "ਸੁਰੱਖਿਆ ਨਾਕੇ" ਉਸਾਰਨ 'ਚ ਸਭ ਤੋਂ ਵੱਧ ਸ਼ਾਮਲ ਰਹੀਆਂ ਸਨ।[38]

• ਜਦੋਂ ਬੋਇੰਗ ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀਆਂ ਅਮਰੀਕੀ ਸਰਹੱਦਾਂ ਉੱਪਰ "ਸੱਚੀਮੁੱਚੀਂ ਵਾੜ" ਉਸਾਰਨ ਦੀ 2.5 ਅਰਬ ਡਾਲਰ ਦੀ ਯੋਜਨਾ ਅਮਲ 'ਚ ਲਿਆਏਗੀ ਤਾਂ ਇਸ ਦੀ ਇਕ ਮੁੱਖ ਹਿੱਸੇਦਾਰ ਐਲਬਿਟ ਹੋਵੇਗੀ। ਇਹ ਇਲੈਕਟ੍ਰਾਨਿਕ ਸੈਂਸਰ ਯੰਤਰਾਂ, ਬਿਨਾ ਪਾਈਲਟ ਸਵੈ-ਚਾਲਤ ਹਵਾਈ ਜਹਾਜ਼ਾਂ, ਜਾਸੂਸੀ ਕੈਮਰਿਆਂ ਅਤੇ ਅੱਠ ਸੌ ਬੁਰਜ ਵਾਲੀ ਮੁਕੰਮਲ ਯੋਜਨਾ ਹੈ। ਐਲਬਿਟ ਵੀ ਇਸਰਾਇਲੀ ਕੰਪਨੀ ਹੈ ਜੋ ਇਸਰਾਇਲ ਦੀ ਬਹੁਤ ਜ਼ਿਆਦਾ ਵਿਵਾਦਪੂਰਨ ਦੀਵਾਰ ਦੀ ਉਸਾਰੀ 'ਚ ਸਭ ਤੋਂ ਵੱਧ ਸ਼ਾਮਲ ਰਹੀ ਹੈ, ਜੋ "ਇਸਰਾਇਲ ਦੇ ਇਤਿਹਾਸ ਦਾ ਸਭ ਤੋਂ ਵੱਡਾ ਉਸਾਰੀ ਪ੍ਰਾਜੈਕਟ ਹੈ" ਅਤੇ ਇਸ ਦਾ ਲਾਗਤ ਖ਼ਰਚ ਵੀ 2.5 ਅਰਬ ਡਾਲਰ ਹੈ।[39]

ਵੱਧ ਤੋਂ ਵੱਧ ਗਿਣਤੀ ਦੇਸ਼ ਕਿਲ੍ਹਿਆਂ ਵਰਗੇ ਬਣਦੇ ਜਾਣ ਨਾਲ (ਭਾਰਤ ਅਤੇ ਕਸ਼ਮੀਰ, ਸਾਊਦੀ ਅਰਬ ਅਤੇ ਇਰਾਕ, ਅਫ਼ਗ਼ਾਨਿਸਤਾਨ ਅਤੇ ਪਾਕਿਸਤਾਨ ਵਿਚਕਾਰਲੀਆਂ ਸਰਹੱਦਾਂ ਉੱਪਰ ਕੰਧਾਂ ਅਤੇ ਉੱਚ-ਤਕਨੀਕੀ ਵਾੜਾਂ ਉਸਾਰੀਆਂ ਜਾ ਰਹੀਆਂ ਹਨ), "ਸੁਰੱਖਿਆ ਨਾਕੇ" ਇਨ੍ਹਾਂ ਸਾਰਿਆਂ ਵਿਚੋਂ ਤਬਾਹੀ ਨਾਲ ਸਬੰਧਤ ਸਭ ਤੋਂ ਵੱਡੀ ਮੰਡੀ ਸਿੱਧ ਹੋਣਗੇ। ਇਸੇ ਕਰਕੇ, ਐਲਬਿਟ ਅਤੇ ਮਗਾਲ ਨੂੰ ਉਸ ਥੂ ਥੂ ਦੀ ਪ੍ਰਵਾਹ ਨਹੀਂ ਹੈ ਜੋ ਦੁਨੀਆਂ ਭਰ 'ਚ ਇਸਰਾਇਲ ਦੀ ਕੰਧ ਦੀ ਹੋ ਰਹੀ ਹੈ—ਅਸਲ ਵਿਚ, ਉਹ ਇਸ ਨੂੰ ਮੁਫ਼ਤ ਦੀ ਇਸ਼ਤਿਹਾਰਬਾਜ਼ੀ ਸਮਝਦੀਆਂ ਹਨ। ਮਗਾਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੈਕਬ ਇਵੇਨ-ਏਜ਼ਰਾ ਨੇ ਸਪਸ਼ਟ ਕੀਤਾ, "ਲੋਕਾਂ ਨੂੰ ਭਰੋਸਾ ਹੈ ਕਿ ਅਸਲ ਜ਼ਿੰਦਗੀ 'ਚ ਇਸ ਸਾਜ਼-ਸਮਾਨ ਦੀ ਪਰਖ ਕਰ ਲੈਣ ਦਾ ਤਜਰਬਾ ਸਿਰਫ਼ ਸਾਨੂੰ ਹੀ ਹੈ।"[40] 11 ਸਤੰਬਰ ਤੋਂ ਐਲਬਿਟ ਅਤੇ ਮਗਾਲ ਦੇ ਸ਼ੇਅਰਾਂ ਦੇ ਸਟਾਕ ਦੇ ਮੁੱਲ ਦੁੱਗਣੇ ਹੋ ਗਏ, ਇਹ ਇਸਰਾਇਲ ਦੇ ਅੰਦਰੂਨੀ ਸੁਰੱਖਿਆ ਸਬੰਧੀ ਸ਼ੇਅਰਾਂ ਦੀ ਆਮ ਕਾਰਗੁਜ਼ਾਰੀ ਹੈ। 11 ਸਤੰਬਰ ਤੋਂ ਪਹਿਲਾਂ ਵੇਰਿਟ—ਜਿਸ ਨੂੰ ਵੀਡੀਓ ਜਾਸੂਸੀ ਖੇਤਰ ਦੀ ਪੜਦਾਦੀ ਮੰਨਿਆ ਜਾਂਦਾ ਹੈ—ਨੂੰ ਬਿਲਕੁਲ ਮੁਨਾਫ਼ਾ ਨਹੀਂ ਸੀ ਹੋ ਰਿਹਾ, ਪਰ 2002 ਅਤੇ 2006 ਦਰਮਿਆਨ, ਜਾਸੂਸੀ ਨਾਲ ਜੁੜ ਕੇ ਆਈ ਆਰਥਕ ਤੇਜ਼ੀ ਦੀ ਬਦੌਲਤ, ਇਸ ਦੇ ਸ਼ੇਅਰਾਂ ਦੇ ਮੁੱਲ ਤਿਗੁਣੇ ਤੋਂ ਵੀ ਵੱਧ ਹੋ ਗਏ।[41]

ਸ਼ੇਅਰ ਮੰਡੀ 'ਤੇ ਨਿਗਾਹ ਰੱਖਣ ਵਾਲੇ ਲੋਕ ਇਸਰਾਇਲ ਦੀਆਂ ਅੰਦਰੂਨੀ ਸੁਰੱਖਿਆ ਨਾਲ ਸਬੰਧਤ ਕੰਪਨੀਆਂ ਦੀ ਅਸਾਧਾਰਨ ਕਾਰਗੁਜ਼ਾਰੀ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਪਰ ਇਸ

ਖੇਤਰ ਦੀ ਸਿਆਸਤ ਅੰਦਰ ਇਕ ਕਾਰਕ ਵਜੋਂ ਇਸ ਦੀ ਭੂਮਿਕਾ ਦੀ ਸ਼ਾਇਦ ਹੀ ਕਦੇ ਚਰਚਾ ਕੀਤੀ ਗਈ ਹੋਵੇ। ਚਰਚਾ ਜ਼ਰੂਰ ਹੋਣੀ ਚਾਹੀਦੀ ਹੈ। ਇਹ ਇਤਫ਼ਾਕ ਨਹੀਂ ਹੈ ਕਿ ਇਸਰਾਇਲੀ ਰਾਜ ਵਲੋਂ "ਦਹਿਸ਼ਤਵਾਦ ਦੇ ਵਿਰੋਧ" ਨੂੰ ਆਪਣੀ ਬਰਾਮਦਾਂ ਅਧਾਰਤ ਆਰਥਿਕਤਾ ਦਾ ਧੁਰਾ ਬਣਾਉਣਾ ਇਸ ਵਲੋਂ ਅਮਨ ਤੋਂ ਕਿਨਾਰਾ ਕੀਤੇ ਜਾਣ ਦੇ ਸਮੇਂ ਤੋਂ ਹੀ ਹੋਇਆ ਹੈ। ਨਾਲ ਹੀ ਇਸ ਦੀ ਯੁੱਧਨੀਤੀ ਬੜੀ ਸਪਸ਼ਟ ਰਹੀ ਹੈ। ਇਸ ਦੀ ਯੁੱਧਨੀਤੀ ਦਾ ਚੌਖਟਾ ਫਲਸਤੀਨੀਆਂ ਦੀ ਕੌਮਪ੍ਰਸਤ ਲਹਿਰ ਵਿਰੁੱਧ ਲੜਾਈ ਨਹੀਂ ਜੋ ਆਪਣੀ ਜ਼ਮੀਨ ਅਤੇ ਹੱਕਾਂ ਦੇ ਵਿਸ਼ੇਸ਼ ਉਦੇਸ਼ ਲਈ ਜੂਝ ਰਹੇ ਹਨ ਸਗੋਂ ਇਹ ਦਹਿਸ਼ਤਵਾਦ ਵਿਰੁੱਧ ਆਲਮੀ ਜੰਗ ਦੇ ਅੰਗ ਵਜੋਂ ਫਲਸਤੀਨੀਆਂ ਵਿਰੁੱਧ ਐਸੀ ਜੰਗ ਦਾ ਚੌਖਟਾ ਹੈ ਜੋ ਉਨ੍ਹਾਂ ਨੂੰ ਤਰਕਹੀਣ ਜਨੂੰਨੀ ਤਾਕਤਾਂ ਗਰਦਾਨ ਕੇ ਤਬਾਹੀ ਮਚਾਉਣ 'ਤੇ ਤੁਲੀ ਹੋਈ ਹੈ।

2001 ਤੋਂ ਲੈ ਕੇ ਅਰਥਸ਼ਾਸਤਰ ਇਸ ਖੇਤਰ 'ਚ ਹਿੰਸਾ ਨੂੰ ਉਗਾਸਾ ਦੇਣ ਵਾਲਾ ਪ੍ਰਮੁੱਖ ਪ੍ਰੇਰਕ ਕਿਵੇਂ ਵੀ ਨਹੀਂ ਰਿਹਾ। ਬੇਸ਼ੱਕ, ਕਿਸੇ ਵੀ ਪਾਸਿਉਂ ਬਲਦੀ ਉੱਪਰ ਤੇਲ ਪਾਉਣ ਦੀ ਕੋਈ ਕਮੀ ਨਹੀਂ ਹੈ। ਫੇਰ ਵੀ, ਅਮਨ ਦੇ ਖ਼ਿਲਾਫ਼ ਭੁਗਤਣ ਵਾਲੇ ਇਸ ਹਾਲਾਤ 'ਚ ਖ਼ਾਸ ਮੌਕਿਆਂ 'ਤੇ ਅਰਥਸ਼ਾਸਤਰ ਨੇ ਸਮਤੋਲ ਬਣਾਉਣ ਦਾ ਕੰਮ ਕੀਤਾ ਹੈ। ਇਸ ਨੇ ਝਿਜਕ ਦਿਖਾ ਰਹੇ ਸਿਆਸੀ ਆਗੂਆਂ ਨੂੰ ਗੱਲਬਾਤ ਵੱਲ ਧੱਕਿਆ ਹੈ, ਜਿਵੇਂ ਨੱਬੇਵਿਆਂ ਦੇ ਸ਼ੁਰੂ 'ਚ ਹੋਇਆ ਸੀ। ਅੰਦਰੂਨੀ ਸੁਰੱਖਿਆ ਖੇਤਰ ਦੀ ਆਰਥਕ ਤੇਜ਼ੀ ਨੇ ਤਾਂ ਬਸ ਇਸ ਦਬਾਅ ਦੀ ਦਿਸ਼ਾ ਬਦਲਕੇ ਇਕ ਹੋਰ ਐਸਾ ਜ਼ਬਰਦਸਤ ਖੇਤਰ ਪੈਦਾ ਕਰ ਦਿੱਤਾ ਜਿੱਥੇ ਪੂੰਜੀ-ਨਿਵੇਸ਼ ਹੀ ਤਾਂ ਹੁੰਦਾ ਹੈ ਜੇ ਹਿੰਸਾ ਜਾਰੀ ਰੱਖੀ ਜਾਵੇਗੀ।

ਜਿਵੇਂ ਸ਼ਿਕਾਗੋ ਸਕੂਲ ਦੀਆਂ ਮੰਡੀ ਦੀਆਂ ਪਹਿਲੀਆਂ ਹੱਦਬੰਦੀਆਂ ਦੇ ਮਾਮਲੇ 'ਚ ਹੋਇਆ ਸੀ, 11 ਸਤੰਬਰ ਤੋਂ ਬਾਅਦ ਇਸਰਾਇਲ ਦੇ ਆਰਥਕ ਵਾਧੇ 'ਚ ਆਇਆ ਉਛਾਲਾ ਇਸ ਰਾਜ ਅੰਦਰ ਅਮੀਰ ਅਤੇ ਗਰੀਬ ਦਰਮਿਆਨ ਪਾੜੇ ਵਿਚ ਤਿੱਖਾ ਵਾਧਾ ਹੋਣ ਦਾ ਸੂਚਕ ਰਿਹਾ ਹੈ। ਨਿੱਜੀਕਰਨ ਦੀ ਲਹਿਰ ਅਤੇ ਸਮਾਜਿਕ ਪ੍ਰੋਗਰਾਮਾਂ ਦੇ ਫੰਡਾਂ 'ਚ ਕਟੌਤੀਆਂ ਸੁਰੱਖਿਆ ਦੇ ਉਸਾਰ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਨੇ ਯਹੂਦੀਵਾਦੀ ਲੇਬਰ ਵਿਰਾਸਤ ਦਾ ਪੂਰੀ ਤਰ੍ਹਾਂ ਸਫ਼ਾਇਆ ਕਰ ਦਿੱਤਾ ਹੈ ਅਤੇ ਨਾਬਰਾਬਰੀ ਐਨੀ ਫੈਲਾ ਦਿੱਤੀ ਹੈ ਜੋ ਕਦੇ ਇਸਰਾਇਲੀਆਂ ਦੇ ਦੇਖਣ 'ਚ ਨਹੀਂ ਆਈ। 2007 'ਚ, 24.4 ਫ਼ੀ ਸਦੀ ਇਸਰਾਇਲੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ, 35.2 ਫ਼ੀ ਸਦੀ ਬੱਚੇ ਗਰੀਬੀ ਦਾ ਸ਼ਿਕਾਰ ਸਨ—20 ਸਾਲ ਪਹਿਲਾਂ ਇਨ੍ਹਾਂ ਦੀ ਫ਼ੀ ਸਦੀ 8 ਸੀ।[42] ਆਰਥਕ ਤੇਜ਼ੀ ਦਾ ਵਿਸ਼ਾਲ ਬਹੁਗਿਣਤੀ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ, ਪਰ ਇਸਰਾਇਲੀ ਲੋਕਾਂ ਦੇ ਛੋਟੇ ਜਹੇ ਹਿੱਸੇ ਨੇ ਇਸ ਵਿਚੋਂ ਐਨੇ ਮੁਨਾਫ਼ੇ ਕਮਾਏ ਹਨ, ਖ਼ਾਸ ਕਰਕੇ ਜਿਹੜਾ ਹਿੱਸਾ ਫ਼ੌਜ ਅਤੇ ਹਕੂਮਤ ਨਾਲ ਪੂਰੀ ਤਰ੍ਹਾਂ ਖੰਡ-ਖੀਰ ਹੋ ਚੁੱਕਾ ਹੈ (ਜਿਨ੍ਹਾਂ ਦੀਆਂ ਤਾਰਾਂ ਕਾਰਪੋਰੇਟਵਾਦੀਆਂ ਦੇ ਸਾਰੇ ਹੀ ਮਸ਼ਹੂਰ ਘਪਲਿਆਂ ਨਾਲ ਜੁੜੀਆਂ ਹੋਈਆਂ ਹਨ), ਕਿ ਇਸ ਖੇਤਰ ਨੂੰ ਬੇਹੱਦ ਅਹਿਮ ਅਮਨ ਦਾ ਜੋ ਫ਼ਾਇਦਾ ਹੋਣਾ ਸੀ ਉਸ ਦਾ ਨਾਂ-ਨਿਸ਼ਾਨ ਵੀ ਨਹੀਂ ਹੈ।

ਇਸਰਾਇਲ ਦੇ ਕਾਰੋਬਾਰੀ ਖੇਤਰ ਦੀ ਸਿਆਸੀ ਦਿਸ਼ਾ ਵਿਚ ਇਸ ਤਰ੍ਹਾਂ ਦੀ ਤਬਦੀਲੀ ਨਾਟਕੀ ਹੈ। ਤੈਲ ਅਵੀਵ ਸਟਾਕ ਐਕਸਚੇਂਜ ਦਾ ਸੁਪਨਾ ਹੁਣ ਇਸਰਾਇਲ ਨੂੰ ਖੇਤਰੀ ਵਪਾਰ ਦਾ ਧੁਰਾ ਬਣਾਉਣ ਦਾ ਨਹੀਂ ਅਸਲ ਵਿਚ ਇਸ ਨੂੰ ਅਤਿ-ਆਧੁਨਿਕ ਗੜ੍ਹ ਬਣਾਉਣ ਦਾ ਹੈ ਜੋ ਘੋਰ ਦੁਸ਼ਮਣਾਂ ਦੇ ਸਮੁੰਦਰ 'ਚ ਘਿਰਿਆ ਵੀ ਸਲਾਮਤ ਰਹੇ। ਇਹ ਬਦਲਿਆ ਹੋਇਆ ਰਵੱਈਆ

2006 ਦੇ ਹੁਨਾਲ ’ਚ ਸਭ ਤੋਂ ਵੱਧ ਜ਼ਾਹਰ ਹੋਇਆ ਜਦੋਂ ਇਸਰਾਇਲੀ ਸਰਕਾਰ ਨੇ ਹਿਜ਼ਬੁੱਲਾ ਨਾਲ ਕੈਦੀਆਂ ਦੇ ਵਟਾਂਦਰੇ ਦੀ ਗੱਲਬਾਤ ਨੂੰ ਮੁਕੰਮਲ ਜੰਗ ਬਣਾ ਦਿੱਤਾ। ਇਸਰਾਇਲ ਦੀਆਂ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਨੇ ਸਿਰਫ਼ ਜੰਗ ਦੀ ਹਮਾਇਤ ਹੀ ਨਹੀਂ ਕੀਤੀ ਸਗੋਂ ਇਸ ਦੀ ਪੂਰੀ ਸਰਪ੍ਰਸਤੀ ਵੀ ਕੀਤੀ। ਇਸਰਾਇਲ ਦੀ ਨਵੀਂ ਨਵੀਂ ਨਿੱਜੀਕਰਨ ਕੀਤੀ ਗਈ ਮੈਗਾ ਬੈਂਕ—ਬੈਂਕ ਲਿਊਮੀ—ਨੇ ਬੰਪਰ ਸਟਿੱਕਰ ਵੰਡੇ ਉਨ੍ਹਾਂ ਉੱਪਰ ਇਹ ਨਾਅਰੇ ਦਿੱਤੇ ਹੋਏ ਸਨ “ਅਸੀਂ ਜਿੱਤਾਂਗੇ” ਅਤੇ “ਅਸੀਂ ਤਕੜੇ ਹਾਂ।” ਜਦਕਿ, ਜਿਵੇਂ ਇਸਰਾਇਲੀ ਪੱਤਰਕਾਰ ਅਤੇ ਨਾਵਲਕਾਰ ਯਿਟਜ਼ਾਕ ਲਾਓਰ ਨੇ ਉਸ ਵਕਤ ਲਿਖਿਆ, “ਤਾਜ਼ਾ ਜੰਗ ਪਹਿਲੀ ਐਸੀ ਜੰਗ ਹੈ ਜੋ ਸਾਡੀਆਂ ਸਭ ਤੋਂ ਵੱਡੀਆਂ ਮੋਬਾਇਲ ਫ਼ੋਨ ਕੰਪਨੀਆਂ ਲਈ ਪ੍ਰਭਾਵਸ਼ਾਲੀ ਮੌਕਾ ਬਣੇਗੀ, ਜੋ ਇਸ ਨੂੰ ਵਿਸ਼ਾਲ ਵਪਾਰ ਵਧਾਊ ਮੁਹਿੰਮ ਚਲਾਉਣ ਲਈ ਵਰਤ ਰਹੀਆਂ ਹਨ।”[43]

ਇਹ ਸਪਸ਼ਟ ਹੈ ਕਿ ਇਸਰਾਇਲੀ ਸਨਅਤ ਦੇ ਹੁਣ ਜੰਗ ਤੋਂ ਡਰਨ ਦਾ ਕੋਈ ਕਾਰਨ ਨਹੀਂ ਹੈ। 1993 ’ਚ ਲੜਾਈ ਨੂੰ ਆਰਥਕ ਵਾਧੇ ’ਚ ਰੁਕਾਵਟ ਸਮਝਿਆ ਜਾਂਦਾ ਸੀ। ਇਸ ਦੇ ਉਲਟ ਅਗਸਤ 2006, ਜਿਸ ਮਹੀਨੇ ਲਿਬਨਾਨ ਨਾਲ ਘਮਸਾਣ ਦੀ ਲੜਾਈ ਹੋਈ, ਵਿਚ ਤੈਲ ਅਵੀਵ ਦੇ ਸਟਾਕ ਐਕਸਚੇਂਜ ’ਚ ਤੇਜ਼ੀ ਆਈ। ਸਾਲ ਦੀ ਆਖ਼ਰੀ ਚੌਥਾਈ ’ਚ, ਜਿਸ ਵਿਚ ਹਮਾਸ ਦੀ ਚੋਣ ਤੋਂ ਬਾਅਦ ਪੱਛਮੀ ਕੰਢੇ ਅਤੇ ਗਾਜ਼ਾ ’ਚ ਖ਼ੂਨੀ ਟਕਰਾਅ ਵਧੇ, ਇਸਰਾਇਲ ਦੀ ਸਮੁੱਚੀ ਆਰਥਿਕਤਾ ’ਚ 8 ਫ਼ੀ ਸਦੀ ਵਾਧਾ ਹੋਇਆ। ਇਹ ਇਸੇ ਅਰਸੇ ’ਚ ਅਮਰੀਕੀ ਆਰਥਿਕਤਾ ਦੀ ਵਾਧਾ ਦਰ ਨਾਲੋਂ ਤਿੱਗੁਣੀ ਤੋਂ ਵੀ ਵੱਧ ਸੀ। ਇਸ ਸਮੇਂ ਦੌਰਾਨ, ਫਲਸਤੀਨ ਦੀ ਆਰਥਿਕਤਾ 2006 ’ਚ 10 ਤੋਂ 15 ਫ਼ੀ ਸਦੀ ਸੁੰਗੜੀ। ਅਤੇ ਗਰੀਬੀ ਦੀ ਦਰ 70 ਫ਼ੀ ਸਦੀ ਤੱਕ ਜਾ ਪਹੁੰਚੀ।[44]

ਸੰਯੁਕਤ ਰਾਸ਼ਟਰ ਵਲੋਂ ਇਸਰਾਇਲ ਅਤੇ ਹਿਜ਼ਬੁੱਲਾ ਦਰਮਿਆਨ ਜੰਗਬੰਦੀ ਦਾ ਐਲਾਨ ਕੀਤੇ ਜਾਣ ਤੋਂ ਇਕ ਮਹੀਨਾ ਬਾਅਦ, ਨਿਊਯਾਰਕ ਸਟਾਕ ਐਕਸਚੇਂਜ ਨੇ ਇਸਰਾਇਲ ਵਿਚ ਪੂੰਜੀ-ਨਿਵੇਸ਼ ਕਰਨ ਬਾਰੇ ਵਿਸ਼ੇਸ਼ ਸੰਮੇਲਨ ਦਾ ਪ੍ਰਬੰਧ ਕੀਤਾ। ਦੋ ਸੌ ਤੋਂ ਵੱਧ ਇਸਰਾਇਲੀ ਕੰਪਨੀਆਂ ਇਸ ਵਿਚ ਸ਼ਾਮਲ ਹੋਈਆਂ, ਇਨ੍ਹਾਂ ਵਿਚੋਂ ਕਈ ਅੰਦਰੂਨੀ ਸੁਰੱਖਿਆ ਖੇਤਰ ਨਾਲ ਸਬੰਧਤ ਸਨ। ਇਸ ਸਮੇਂ ਲਿਬਨਾਨ ’ਚ, ਆਰਥਕ ਸਰਗਰਮੀ ਪੂਰੀ ਤਰ੍ਹਾਂ ਠੱਪ ਹੋ ਚੁੱਕੀ ਸੀ ਅਤੇ ਬਣੇ-ਬਣਾਏ ਘਰ ਤੋਂ ਲੈ ਕੇ ਮੈਡੀਕਲ ਦਾ ਸਮਾਨ, ਦੁੱਧ ਤੱਕ ਬਣਾਉਣ ਵਾਲੀਆਂ 140 ਫੈਕਟਰੀਆਂ ਦਾ ਮਲਬਾ ਹਟਾਇਆ ਜਾ ਰਿਹਾ ਸੀ ਜਿਨ੍ਹਾਂ ਨੂੰ ਇਸਰਾਇਲੀ ਬੰਬਾਂ ਅਤੇ ਮਿਸਾਇਲਾਂ ਨੇ ਖੰਡਰ ਬਣਾ ਦਿੱਤਾ ਸੀ। ਜੰਗ ਦੇ ਅਸਰ ਦੇ ਦਰਵਾਜ਼ੇ ਵਪਾਰ ਲਈ ਖੁੱਲ੍ਹੇ ਹਨ—ਇਸ ਦੇ ਦਰਵਾਜ਼ੇ ਸਦਾ ਖੁੱਲ੍ਹੇ ਰਹੇ ਹਨ। ਇਹ ਐਲਾਨ ਸੰਯੁਕਤ ਰਾਸ਼ਟਰ ਲਈ ਨਿਯੁਕਤ ਇਸਰਾਇਲੀ ਸਫ਼ੀਰ ਡਾਨ ਗਿਲਰਮੈਨ ਨੇ ਸਮਾਗਮ ਦੇ ਡੈਲੀਗੇਟਾਂ ਨੂੰ ਜੀ ਆਇਆਂ ਕਹਿਣ ਸਮੇਂ ਕੀਤਾ।[45]

ਇਕ ਦਹਾਕਾ ਪਹਿਲਾਂ, ਜੰਗ ਦੇ ਦੌਰ ਸਮੇਂ ਇਸ ਤਰ੍ਹਾਂ ਦਾ ਹੁਲਾਸ ਸੋਚਿਆ ਵੀ ਨਹੀਂ ਜਾ ਸਕਦਾ ਸੀ। ਇਹ ਗਿਲਰਮੈਨ ਹੀ ਸੀ, ਜਿਸ ਨੇ ਇਸਰਾਇਲੀ ਕਾਮਰਸ ਚੈਂਬਰਜ਼ ਦੀ ਫੈੱਡਰੇਸ਼ਨ ਦੇ ਮੁਖੀ ਵਜੋਂ ਇਸਰਾਇਲ ਨੂੰ ਇਹ ਇਤਿਹਾਸਕ ਮੌਕਾ ਹਥਿਆ ਲੈਣ ਅਤੇ “ਮੱਧ ਪੂਰਬ ਦਾ ਸਿੰਗਾਪੁਰ” ਬਣਨ ਦਾ ਸੱਦਾ ਦਿੱਤਾ ਸੀ। ਹੁਣ ਉਹ ਇਸਰਾਇਲ ਦੇ ਜੰਗ ਦੇ ਹਮਾਇਤੀ ਜ਼ਾਲਮਾਂ ਵਿਚੋਂ ਸਭ ਤੋਂ ਭੜਕਾਊ ਅਨਸਰ ਸੀ, ਜੋ ਦੇਸ਼ ਨੂੰ ਜੰਗ ਵਿਚ ਹੋਰ ਵੀ ਵਿਆਪਕ ਤੇਜ਼ੀ ਲਿਆਉਣ ਵੱਲ ਧੱਕ ਰਿਹਾ ਸੀ। ਸੀ ਐੱਨ ਐੱਨ ਉੱਪਰ ਗਿਲਰਮੈਨ ਨੇ ਕਿਹਾ ਕਿ “ਸਾਰੇ ਮੁਸਲਮਾਨ ਦਹਿਸ਼ਤਗਰਦ ਹਨ। ਇਹ ਕਹਿਣਾ ਸਿਆਸੀ ਤੌਰ ’ਤੇ ਗ਼ਲਤ ਵੀ ਹੋ ਸਕਦਾ ਹੈ ਅਤੇ ਸੱਚ ਵੀ ਨਹੀਂ ਹੋ ਸਕਦਾ,

ਪਰ ਇਹ ਪੂਰਾ ਸੱਚ ਹੈ ਕਿ ਤਕਰੀਬਨ ਸਾਰੇ ਦਹਿਸ਼ਤਗਰਦ ਮੁਸਲਮਾਨ ਹਨ। ਇਸ ਕਰਕੇ ਇਨ੍ਹਾਂ ਵਿਰੁੱਧ ਜੰਗ ਨਿਰੀ ਇਸਰਾਇਲ ਦੀ ਜੰਗ ਨਹੀਂ। ਇਹ ਦੁਨੀਆਂ ਦੀ ਜੰਗ ਹੈ।"[46]

ਅਨੰਤ ਸੰਸਾਰ-ਵਿਆਪੀ ਜੰਗ ਦਾ ਇਹ ਉਹੀ ਨੁਸਖ਼ਾ ਹੈ ਜੋ 11 ਸਤੰਬਰ ਤੋਂ ਬਾਅਦ ਬੁਸ਼ ਸਰਕਾਰ ਨੇ ਵਧ-ਫੁਲ ਰਹੇ ਤਬਾਹੀਪਸੰਦ ਸਰਮਾਏਦਾਰਾ ਉਸਾਰ ਮੂਹਰੇ ਕਾਰੋਬਾਰ ਦੀ ਸੰਭਾਵਨਾ ਵਜੋਂ ਪੇਸ਼ ਕੀਤਾ ਸੀ। ਇਹ ਐਸੀ ਜੰਗ ਨਹੀਂ ਹੈ ਜਿਸ ਨੂੰ ਕੋਈ ਦੇਸ਼ ਜਿੱਤ ਸਕਦਾ ਹੋਵੇ, ਅਸਲ ਵਿਚ ਜਿੱਤ ਹਾਸਲ ਕਰਨ ਦਾ ਸਵਾਲ ਨਹੀਂ ਹੈ। ਨੁਕਤਾ ਤਾਂ ਕਿਲ੍ਹਿਆਂ ਦਾ ਰੂਪ ਅਖ਼ਤਿਆਰ ਕੀਤੇ ਰਾਜਾਂ ਅੰਦਰਲੀ ਉਹ "ਸੁਰੱਖਿਆ" ਹੈ ਜਿਸ ਦਾ ਠੁੰਮਣਾ ਇਸ ਦੀਆਂ ਕੰਧਾਂ ਦੇ ਬਾਹਰ ਹੌਲੀ ਹੌਲੀ ਚੱਲਦੀ ਰਹਿਣ ਵਾਲੀ ਅਮੁੱਕ ਲੜਾਈ ਹੈ। ਇਕ ਤਰ੍ਹਾਂ ਇਹ ਉਹੀ ਨੁਸਖ਼ਾ ਹੈ ਜੋ ਨਿੱਜੀ ਸੁਰੱਖਿਆ ਕੰਪਨੀਆਂ ਦਾ ਇਰਾਕ 'ਚ ਹੈ : ਆਲੇ-ਦੁਆਲੇ ਸੁਰੱਖਿਅਤ ਘੇਰਾ ਬਣਾ ਕੇ, ਪ੍ਰਮੁੱਖ ਹਿੱਸੇ ਦਾ ਬਚਾਅ ਕਰੋ। ਬਗ਼ਦਾਦ, ਨਿਊ ਔਰਲੀਨਜ਼ ਅਤੇ ਸੈਂਡੀ ਸਪਰਿੰਗਜ਼ ਇਕ ਤਰ੍ਹਾਂ ਦੇ ਗੇਟਬੰਦ ਭਵਿੱਖ ਦੀ ਝਲਕ ਹਨ ਜਿਸ ਦੀ ਉਸਾਰੀ ਅਤੇ ਸੰਚਾਲਨ ਤਬਾਹੀਪਸੰਦ ਸਰਮਾਏਦਾਰਾ ਉਸਾਰ ਕਰਦਾ ਹੈ। ਫੇਰ ਵੀ, ਇਸਰਾਇਲ ਵਿਚ ਇਹ ਅਮਲ ਸਭ ਤੋਂ ਵਿਕਸਤ ਹੈ : ਪੂਰਾ ਦੇਸ਼ ਕਿਲ੍ਹੇ ਵਰਗੀ ਗੇਟਬੰਦ ਬਸਤੀ ਬਣਾ ਦਿੱਤਾ ਗਿਆ ਹੈ, ਇਸ ਦੇ ਚਾਰ-ਚੁਫੇਰੇ ਅਸੁਰੱਖਿਅਤ ਖੇਤਰਾਂ ਵਿਚ ਉਹ ਲੋਕ ਰਹਿੰਦੇ ਹਨ ਜਿਨ੍ਹਾਂ ਨੂੰ ਪੱਕੇ ਤੌਰ 'ਤੇ ਅੱਡ ਕਰ ਦਿੱਤਾ ਗਿਆ ਹੈ। ਜਦੋਂ ਕਿਸੇ ਸਮਾਜ ਤੋਂ ਅਮਨ ਦਾ ਆਰਥਕ ਫ਼ਾਇਦਾ ਖੋਹ ਲਿਆ ਜਾਵੇ ਅਤੇ ਇਹ ਦਹਿਸ਼ਤਵਾਦ ਵਿਰੁੱਧ ਅਮੁੱਕ ਅਤੇ ਅਜਿੱਤ ਜੰਗ ਤੋਂ ਮੁਨਾਫ਼ੇ ਕਮਾਉਣ ਲਈ ਇਸ ਵਿਚ ਭਾਰੀ ਪੂੰਜੀ-ਨਿਵੇਸ਼ ਕਰ ਦੇਵੇ, ਉਹ ਸਮਾਜ ਅਜਿਹਾ ਹੀ ਬਣ ਜਾਂਦਾ ਹੈ। ਉਸ ਦਾ ਇਕ ਹਿੱਸਾ ਇਸਰਾਇਲ ਵਰਗਾ ਅਤੇ ਦੂਜਾ ਗਾਜ਼ਾ ਵਰਗਾ ਦਿਖਾਈ ਦਿੰਦਾ ਹੈ।

ਇਸਰਾਇਲ ਦਾ ਮਾਮਲਾ ਸਿਰੇ ਦਾ ਹੈ, ਪਰ ਜਿਸ ਤਰ੍ਹਾਂ ਦਾ ਸਮਾਜ ਇਹ ਬਣਾ ਰਿਹਾ ਹੈ ਉਹ ਵਿਲੱਖਣ ਨਹੀਂ ਹੈ। ਤਬਾਹੀਪਸੰਦ ਸਰਮਾਏਦਾਰਾ ਉਸਾਰ ਹੌਲੀ ਹੌਲੀ ਚੱਲਦੀ ਰਹਿਣ ਵਾਲੀ ਲੜਾਈ ਦੇ ਹਾਲਾਤ 'ਚ ਮੌਲ਼ਦਾ ਹੈ। ਲੱਗਦਾ ਇਹ ਹੈ ਕਿ ਨਿਊ ਔਰਲੀਨਜ਼ ਤੋਂ ਲੈ ਕੇ ਇਰਾਕ ਤੱਕ, ਤਬਾਹੀ ਦਾ ਸ਼ਿਕਾਰ ਸਾਰੇ ਖੇਤਰਾਂ ਵਿਚ ਗੱਲ ਇੱਥੇ ਆ ਮੁੱਕਦੀ ਹੈ। ਅਪ੍ਰੈਲ 2007 'ਚ, ਅਮਰੀਕੀ ਫ਼ੌਜ ਵੱਲੋਂ ਬਗ਼ਦਾਦ ਦੀਆਂ ਬਹੁਤ ਸਾਰੀਆਂ ਅਸੁਰੱਖਿਅਤ ਬਸਤੀਆਂ ਨੂੰ ਨਾਕਿਆਂ ਅਤੇ ਮਜ਼ਬੂਤ ਕੰਧਾਂ 'ਚ ਘਿਰੀਆਂ "ਗੇਟਬੰਦ ਬਸਤੀਆਂ" ਵਿਚ ਬਦਲਣ ਦੀ ਯੋਜਨਾ ਲਾਗੂ ਕਰਨੀ ਸ਼ੁਰੂ ਕੀਤੀ ਗਈ ਜਿੱਥੇ ਬਾਇਓਮੀਟਰਿਕ ਤਕਨਾਲੋਜੀ ਵਰਤ ਕੇ ਇਰਾਕੀਆਂ ਦੀ ਸੂਹ ਲਾਈ ਜਾਵੇਗੀ। ਬਸਤੀ ਨੂੰ ਨਾਕੇ ਲਾ ਕੇ ਬੰਦ ਕਰਨ ਨੂੰ ਦੇਖਦਿਆਂ ਅਧਾਮਿਆ ਦੇ ਇਕ ਵਾਸੀ ਨੇ ਪੇਸ਼ੀਨਗੋਈ ਕੀਤੀ, "ਸਾਡਾ ਹਾਲ ਫਲਸਤੀਨੀਆਂ ਵਾਲਾ ਹੋ ਜਾਵੇਗਾ।"[47] ਇਹ ਸਪਸ਼ਟ ਹੋ ਜਾਣ ਤੋਂ ਬਾਅਦ ਕਿ ਬਗ਼ਦਾਦ ਕਦੇ ਵੀ ਦੁਬਈ ਨਹੀਂ ਬਣਨ ਲੱਗਿਆ ਅਤੇ ਨਿਊ ਔਰਲੀਨਜ਼ ਡਿਜ਼ਨੀਲੈਂਡ ਨਹੀਂ ਬਣੇਗਾ, ਦੂਜੀ ਯੋਜਨਾ ਇਕ ਹੋਰ ਕੋਲੰਬੀਆ ਜਾਂ ਨਾਈਜੀਰੀਆ ਵਿਚ ਡੇਰਾ ਲਾ ਲੈਣ ਦੀ ਹੈ—ਇਹ ਨਿੱਜੀ ਕੰਪਨੀਆਂ ਦੇ ਫ਼ੌਜੀਆਂ ਅਤੇ ਨੀਮ-ਫ਼ੌਜੀ ਤਾਕਤਾਂ ਵਲੋਂ ਵੱਡੀ ਗਿਣਤੀ 'ਚ ਲੜੀ ਜਾਣ ਵਾਲੀ ਅਮੁੱਕ ਜੰਗ ਹੈ, ਬਸ ਇਸ ਨੂੰ ਧਰਤੀ ਹੇਠੋਂ ਕੁਦਰਤੀ ਵਸੀਲੇ ਹਥਿਆਉਣ ਲਈ ਲੋੜੀਂਦੀ ਮੱਠੀ ਚਾਲ ਨਾਲ ਚੱਲਦੀ ਰੱਖਿਆ ਜਾਵੇਗਾ, ਮਾਂਗਵੀਆਂ ਧਾੜਾਂ ਪਾਈਪ ਲਾਈਨਾਂ, ਅੱਡਿਆਂ ਅਤੇ ਪਾਣੀ ਦੇ ਭੰਡਾਰਾਂ 'ਤੇ ਪਹਿਰਾ ਦੇ ਕੇ ਇਸ 'ਚ ਹੱਥ ਵਟਾਉਣਗੀਆਂ।

ਮਜ਼ਬੂਤ ਕੰਧਾਂ, ਬਿਜਲੀ ਦੇ ਕਰੰਟ ਵਾਲੀਆਂ ਵਾੜਾਂ ਅਤੇ ਨਾਕਿਆਂ ਵਿਚ ਘਿਰੇ ਗਾਜ਼ਾ

ਅਤੇ ਪੱਛਮੀ ਕੰਢੇ ਦੀਆਂ ਫ਼ੈਂਜੀਕਰਨ ਕੀਤੀਆਂ ਗਰੀਬ ਬਸਤੀਆਂ ਦੀ ਤੁਲਨਾ ਦੱਖਣੀ ਅਫ਼ਰੀਕਾ ਦੀ ਬਾਂਤੁਸਤਨ ਪ੍ਰਣਾਲੀ ਨਾਲ ਅਕਸਰ ਹੀ ਕੀਤੀ ਜਾਂਦੀ ਹੈ; ਜਿੱਥੇ ਕਾਲੇ ਲੋਕਾਂ ਨੂੰ ਬਸਤੀਆਂ ਵਿਚ ਤਾੜ ਦਿੱਤਾ ਗਿਆ ਅਤੇ ਜਦੋਂ ਉਹ ਉੱਥੋਂ ਨਿਕਲਦੇ ਤਾਂ ਉਨ੍ਹਾਂ ਨੂੰ ਪਾਸ ਦਿਖਾਉਣ ਲਈ ਕਿਹਾ ਜਾਂਦਾ ਸੀ। ਦੱਖਣੀ ਅਫ਼ਰੀਕੀ ਵਕੀਲ ਜੌਹਨ ਡੁਗਾਰਦ, ਜੋ ਫਲਸਤੀਨੀ ਇਲਾਕਿਆਂ ਵਿਚ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦਾ ਵਿਸ਼ੇਸ਼ ਰਿਪੋਰਟਰ ਹੈ, ਨੇ ਫਰਵਰੀ 2007 'ਚ ਕਿਹਾ ਸੀ, "ਓ ਪੀ ਟੀ (ਫਲਸਤੀਨ ਦੇ ਮਕਬੂਜ਼ਾ ਇਲਾਕਿਆਂ) ਵਿਚ ਇਸਰਾਇਲੀ ਕਾਨੂੰਨਾਂ ਅਤੇ ਅਮਲਾਂ ਦਾ ਮੁਹਾਂਦਰਾ ਨਸਲੀ ਵਿਤਕਰੇ ਨਾਲ ਮਿਲਦਾ ਜੁਲਦਾ ਹੈ।"[48] ਇਨ੍ਹਾਂ ਦੀਆਂ ਸਮਾਨਤਾਵਾਂ ਬਹੁਤ ਉੱਘੜਵੀਆਂ ਹਨ, ਪਰ ਵਖਰੇਵੇਂ ਵੀ ਹਨ। ਦੱਖਣੀ ਅਫ਼ਰੀਕਾ ਦੀਆਂ ਬਾਂਤੁਸਤਨ ਅਸਲ ਵਿਚ ਕੰਮ ਦੀਆਂ ਥਾਵਾਂ ਅਰਥਾਤ ਅਫ਼ਰੀਕੀ ਮਜ਼ਦੂਰਾਂ ਨੂੰ ਸਖ਼ਤ ਨਿਗਰਾਨੀ ਅਤੇ ਕਾਬੂ ਹੇਠ ਰੱਖਣ ਦਾ ਤਰੀਕਾ ਸਨ ਤਾਂ ਜੋ ਉਹ ਖਾਣਾਂ ਵਿਚ ਸਸਤੇ ਮਜ਼ਦੂਰ ਬਣੇ ਰਹਿਣ। ਇਸਰਾਇਲ ਨੇ ਜਿਹੜਾ ਢਾਂਚਾ ਬਣਾਇਆ ਹੈ ਉਸ ਦਾ ਉਦੇਸ਼ ਇਸ ਤੋਂ ਉਲਟਾ ਹੈ : ਮਜ਼ਦੂਰਾਂ ਨੂੰ ਕੰਮ ਤੋਂ ਪਰ੍ਹਾਂ ਰੱਖਣਾ, ਉਨ੍ਹਾਂ ਦਹਿ-ਲੱਖਾਂ ਲੋਕਾਂ ਨੂੰ ਬੇਕਾਰ ਬਣਾਈ ਰੱਖਣ ਵਾਲਾ ਢਾਂਚਾ ਜਿਨ੍ਹਾਂ ਨੂੰ ਵਾਫ਼ਰ ਮਨੁੱਖੀ ਵਸੋਂ ਦੀ ਸ਼੍ਰੇਣੀ ਬਣਾ ਦਿੱਤਾ ਗਿਆ ਹੈ।

ਫਲਸਤੀਨੀ ਦੁਨੀਆਂ ਦੇ ਐਸੇ ਇਕੱਲੇ ਲੋਕ ਨਹੀਂ ਹਨ ਜਿਨ੍ਹਾਂ ਨੂੰ ਇਸ ਤਰ੍ਹਾਂ ਦੀ ਸ਼੍ਰੇਣੀ ਬਣਾਇਆ ਗਿਆ ਹੈ : ਦਹਿ-ਲੱਖਾਂ ਰੂਸੀ ਲੋਕ ਵੀ ਆਪਣੇ ਹੀ ਦੇਸ਼ 'ਚ ਵਾਧੂ ਬਣਾ ਦਿੱਤੇ ਗਏ, ਇਸੇ ਵਜ੍ਹਾ ਕਰਕੇ ਐਨੀ ਜ਼ਿਆਦਾ ਤਾਦਾਦ 'ਚ ਉਨ੍ਹਾਂ ਨੇ ਇਸਰਾਇਲ ਵਿਚ ਚੰਗੀ ਜ਼ਿੰਦਗੀ ਦੀ ਭਾਲ ਕਰਨ ਲਈ ਘਰ-ਬਾਰ ਛੱਡ ਦਿੱਤੇ। ਹਾਲਾਂਕਿ ਦੱਖਣੀ ਅਫ਼ਰੀਕਾ ਵਿਚ ਅਸਲੀ ਬਾਂਤੁਸਤਨ ਖ਼ਤਮ ਕਰ ਦਿੱਤੀਆਂ ਗਈਆਂ, ਇਸ ਦੇ ਬਾਵਜੂਦ ਨਵੇਂ ਨਵ-ਬਸਤੀਵਾਦੀ ਦੱਖਣੀ ਅਫ਼ਰੀਕਾ ਵਿਚ ਜੋ ਗਰੀਬ ਬਸਤੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ ਇਨ੍ਹਾਂ ਦੇ ਢਾਰਿਆਂ ਵਿਚ ਰਹਿਣ ਵਾਲੇ ਹਰੇਕ ਚਾਰ ਬੰਦਿਆਂ ਵਿਚੋਂ ਇਕ ਬੰਦਾ ਵਾਧੂ ਬਣਾ ਦਿੱਤਾ ਗਿਆ ਹੈ।[49] ਜਦੋਂ ਸੱਤਰਵਿਆਂ 'ਚ ਸਮੁੱਚੇ ਦੱਖਣੀ ਤਿਕੋਨ ਖੇਤਰ ਵਿਚ "ਕੰਗਾਲ ਪਿੰਡ" ਖੁੰਬਾਂ ਵਾਂਗ ਫੁੱਟਣੇ ਸ਼ੁਰੂ ਹੋਏ ਓਦੋਂ ਤੋਂ ਲੈ ਕੇ 25 ਤੋਂ ਲੈ ਕੇ 60 ਫ਼ੀ ਸਦੀ ਵਸੋਂ ਨੂੰ ਵਾਧੂ ਦਰਸਾ ਕੇ ਰੱਦ ਕਰ ਦੇਣ ਦਾ ਇਹ ਸਿਲਸਿਲਾ ਸ਼ਿਕਾਗੋ ਸਕੂਲ ਦੇ ਜਹਾਦ ਦਾ ਖ਼ਾਸ ਪਛਾਣ ਚਿੰਨ੍ਹ ਬਣਿਆ ਹੋਇਆ ਹੈ। ਦੱਖਣੀ ਅਫ਼ਰੀਕਾ, ਰੂਸ ਅਤੇ ਨਿਊ ਔਰਲੀਨਜ਼ ਵਿਚ ਅਮੀਰਾਂ ਨੇ ਆਪਣੇ ਚਾਰ-ਚੁਫੇਰੇ ਕੰਧਾਂ ਵਗਲ ਲਈਆਂ। ਇਸਰਾਇਲ ਅਲਹਿਦਗੀ ਦੇ ਇਸ ਅਮਲ ਨੂੰ ਹੋਰ ਅੱਗੇ ਲੈ ਗਿਆ ਹੈ : ਇਸ ਨੇ ਖ਼ਤਰਨਾਕ ਗਰੀਬਾਂ ਦੇ ਆਲੇ-ਦੁਆਲੇ ਕੰਧਾਂ ਉਸਾਰ ਦਿੱਤੀਆਂ ਹਨ।

ਨਿਚੋੜ

ਸਦਮੇ ਦਾ ਅਸਰ ਖ਼ਤਮ ਹੋਣਾ ਸ਼ੁਰੂ ਹੋ ਗਿਆ

ਲੋਕ ਮੁੜ-ਉਸਾਰੀ ਦੇ ਰਾਹ ਤੁਰੇ

ਬੋਲੀਵੀਆ ਵਿਚ ਇਕੱਠੇ ਰਹਿ ਰਹੇ ਮੇਰੇ ਇੰਡੀਅਨ ਭਰਾਵੋ, ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਟਾਕਰੇ ਦੀ ਪੰਜ ਸੌ ਸਾਲ ਲੰਮੀ ਮੁਹਿੰਮ ਵਿਅਰਥ ਨਹੀਂ ਗਈ। ਇਹ ਜਮਹੂਰੀ, ਸੱਭਿਆਚਾਰਕ ਲੜਾਈ ਸਾਡੇ ਵੱਡੇ-ਵਡੇਰਿਆਂ ਦੀ ਲੜਾਈ ਦਾ ਹਿੱਸਾ ਹੈ; ਇਹ ਤੂਪਾਕ ਕਾਤਰੀ (ਬਸਤੀਵਾਦੀ

ਵਿਰੋਧੀ ਕਬਾਇਲੀ ਆਗੂ) ਦੀ ਲੜਾਈ ਦੀ ਲਗਾਤਾਰਤਾ ਹੈ, ਇਹ ਚੇ ਗਵੇਰਾ ਦੀ ਲੜਾਈ ਦੀ ਲਗਾਤਾਰਤਾ ਹੈ।
—ਇਵੋ ਮੋਰੇਲਜ਼, ਬੋਲੀਵੀਆ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ, 22 ਜਨਵਰੀ 2006[1]

ਸਭ ਤੋਂ ਵਧੀਆ ਜਾਣਕਾਰੀ ਲੋਕਾਂ ਨੂੰ ਹੁੰਦੀ ਹੈ। ਉਨ੍ਹਾਂ ਨੂੰ ਆਪਣੇ ਭਾਈਚਾਰੇ ਦੇ ਹਰੇਕ ਭੇਤ ਅਤੇ ਨਿੱਕੀ-ਨਿੱਕੀ ਗੱਲ ਦੀ ਜਾਣਕਾਰੀ ਹੁੰਦੀ ਹੈ। ਉਨ੍ਹਾਂ ਨੂੰ ਆਪਣੀਆਂ ਘਾਟਾਂ-ਕਮਜ਼ੋਰੀਆਂ ਦਾ ਵੀ ਪਤਾ ਹੁੰਦਾ ਹੈ।
—ਪਿਚਿਤ ਰਾਤਾਕੁਲ, ਏਸ਼ੀਆ 'ਚ ਤਬਾਹੀ ਨਾਲ ਨਜਿੱਠਣ ਦੀ ਪੇਸ਼ਗੀ ਤਿਆਰੀ ਬਾਰੇ ਕੇਂਦਰ ਦਾ ਕਾਰਜਕਾਰੀ ਨਿਰਦੇਸ਼ਕ, 30 ਅਕਤੂਬਰ 2006[2]

ਸਪੇਨੀ ਬੋਲੀ ਬੋਲਣ ਵਾਲੇ ਮੁਹੱਲੇ ਦੇ ਲੋਕਾਂ ਨੇ ਸ਼ਹਿਰ ਨੂੰ ਦੋ ਵਾਰ ਉਸਾਰਿਆ : ਦਿਨੇ ਅਸੀਂ ਅਮੀਰਾਂ ਦੇ ਘਰ ਬਣਾਉਂਦੇ ਸੀ। ਰਾਤ ਨੂੰ ਅਤੇ ਹਫ਼ਤੇ ਦੇ ਅਖ਼ੀਰ 'ਚ ਅਸੀਂ ਮਿਲ-ਜੁਲ ਕੇ ਆਪਣੇ ਘਰ, ਆਪਣਾ ਮੁਹੱਲਾ ਬਣਾਉਂਦੇ ਸੀ।
—ਐਂਡਰੀ ਐਨੇਤਿਲੈਨੋ, ਕਰਾਕਸ ਦਾ ਬਾਸ਼ਿੰਦਾ, 15 ਅਪ੍ਰੈਲ 2004[3]

ਜਦੋਂ ਨਵੰਬਰ 2006 'ਚ ਮਿਲਟਨ ਫਰਾਇਡਮੈਨ ਚਲਾਣਾ ਕਰ ਗਿਆ, ਉਸ ਨੂੰ ਬਹੁਤੀਆਂ ਸ਼ਰਧਾਂਜਲੀਆਂ ਇਸ ਭੈਅ ਦੀ ਭਾਵਨਾ 'ਚ ਰੰਗੀਆਂ ਹੋਈਆਂ ਸਨ ਕਿ ਉਸ ਦੀ ਮੌਤ ਇਕ ਯੁੱਗ ਦੇ ਅੰਤ ਦੀ ਸੂਚਕ ਸੀ। ਫਰਾਇਡਮੈਨ ਦੇ ਇਕ ਸਭ ਤੋਂ ਅਨਿਨ ਭਗਤ ਟੈਰੈਂਸ ਕੌਰਕੋਰਨ ਨੇ ਕੈਨੇਡਾ ਦੀ *ਨੈਸ਼ਨਲ ਪੋਸਟ* ਅਖ਼ਬਾਰ 'ਚ ਪ੍ਰੇਸ਼ਾਨੀ ਜ਼ਾਹਿਰ ਕੀਤੀ ਕਿ ਇਸ ਅਰਥਸ਼ਾਸਤਰੀ ਨੇ ਜਿਹੜੀ ਆਲਮੀ ਲਹਿਰ ਵਿੱਢੀ ਸੀ ਕੀ ਉਹ ਹੁਣ ਜਾਰੀ ਰੱਖੀ ਜਾ ਸਕੇਗੀ। "ਖੁੱਲ੍ਹੀ ਮੰਡੀ ਆਰਥਿਕਤਾ ਦੇ ਮਹਾਨ ਸ਼ੇਰ ਦੇ ਰੂਪ ਵਿਚ, ਫਰਾਇਡਮੈਨ ਦੇ ਤੁਰ ਜਾਣ ਨਾਲ ਖੱਪਾ ਪੈ ਗਿਆ ਹੈ..... ਅੱਜ ਉਸ ਜਿੰਨੀ ਕੋਈ ਕੱਦਾਵਰ ਸ਼ਖਸੀਅਤ ਮੌਜੂਦ ਨਹੀਂ ਹੈ। ਜਿਨ੍ਹਾਂ ਸਿਧਾਂਤਾਂ ਲਈ ਫਰਾਇਡਮੈਨ ਨੇ ਲੜਾਈ ਦਿੱਤੀ ਅਤੇ ਇਸ ਨੂੰ ਬੱਝਵਾਂ ਰੂਪ ਦਿੱਤਾ, ਕੀ ਉਹ ਮਜ਼ਬੂਤ, ਚਮਤਕਾਰੀ ਅਤੇ ਯੋਗ ਬੁੱਧੀਮਾਨ ਲੀਡਰਸ਼ਿਪ ਦੀ ਇਕ ਨਵੀਂ ਪੀੜ੍ਹੀ ਤੋਂ ਬਗੈਰ ਲੰਮਾ ਸਮਾਂ ਸਲਾਮਤ ਰਹਿ ਸਕਣਗੇ ? ਇਹ ਕਹਿਣਾ ਔਖਾ ਹੈ।"[4]

ਕੌਰਕੋਰਨ ਦੇ ਅੰਦਾਜ਼ੇ ਦੇ ਘੇਰੇ 'ਚ ਗੜਬੜ-ਚੌਥ ਦੀ ਉਹ ਹਾਲਤ ਨਹੀਂ ਆਉਂਦੀ ਜਿਸ ਵਿਚ ਉਸ ਨਵੰਬਰ ਮਹੀਨੇ ਬੇਲਗਾਮ ਸਰਮਾਏਦਾਰੀ ਨੇ ਖ਼ੁਦ ਨੂੰ ਫਸੀ ਮਹਿਸੂਸ ਕੀਤਾ ਸੀ। ਫਰਾਇਡਮੈਨ ਦੇ ਅਮਰੀਕਾ ਵਿਚਲੇ ਬੌਧਿਕ ਵਾਰਿਸ, ਨਵ-ਰੂੜ੍ਹੀਵਾਦੀ ਸਰਮਾਏਦਾਰਾ ਸੋਚ ਦੇ ਧਾਰਨੀ ਜਿਨ੍ਹਾਂ ਨੇ ਤਬਾਹੀਪਸੰਦ ਸਰਮਾਏਦਾਰੀ ਢਾਂਚੇ ਦਾ ਵਿੱਢ ਵਿੱਢਿਆ, ਆਪਣੇ ਇਤਿਹਾਸ ਦੀ ਸਭ ਤੋਂ ਢਹਿੰਦੀ ਕਲਾ 'ਚ ਸਨ। 1994 'ਚ ਰਿਪਬਲਿਕਨ ਸਿਆਸਤਦਾਨਾਂ ਵਲੋਂ ਅਮਰੀਕੀ ਕਾਂਗਰਸ ਨੂੰ ਆਪਣੇ ਨਾਲ ਸਹਿਮਤ ਕਰ ਲੈਣਾ ਇਸ ਲਹਿਰ ਦਾ ਸਿਖ਼ਰ ਸੀ; ਫਰਾਇਡਮੈਨ ਦੀ ਮੌਤ ਤੋਂ ਸਿਰਫ਼ ਨੌਂ ਦਿਨ ਪਹਿਲਾਂ, ਉਹ ਡੈਮੋਕਰੇਟਾਂ ਦੀ ਬਹੁ-ਗਿਣਤੀ ਹੱਥੋਂ ਫੇਰ ਮਾਤ ਖਾ ਗਏ। 2006 ਦੀਆਂ ਮੱਧਕਾਲੀ ਚੋਣਾਂ ਵਿਚ ਰਿਪਬਲਿਕਨਾਂ ਦੀ ਹਾਰ ਵਿਚ ਜਿਨ੍ਹਾਂ ਤਿੰਨ ਅਹਿਮ ਮੁੱਦਿਆਂ ਨੇ ਯੋਗਦਾਨ ਪਾਇਆ ਉਹ ਸਨ ਸਿਆਸੀ ਭ੍ਰਿਸ਼ਟਾਚਾਰ, ਇਰਾਕ ਵਿਰੁੱਧ ਜੰਗ 'ਚ ਨਾਲਾਇਕੀ ਅਤੇ ਇਹ ਮਨੌਂਤ, ਜਿਸ ਨੂੰ ਅਮਰੀਕੀ ਸੈਨੇਟ ਲਈ ਜੇਤੂ ਹੋ ਰਹੇ ਡੈਮੋਕਰੇਟਿਕ

ਉਮੀਦਵਾਰ ਜਿਮ ਵੈੱਬ ਨੇ ਸਭ ਤੋਂ ਬੱਝਵੇਂ ਰੂਪ ’ਚ ਬਿਆਨ ਕੀਤਾ ਹੈ, ਕਿ ਦੇਸ਼ ਐਸੇ “ਜਮਾਤ ਅਧਾਰਤ ਪ੍ਰਬੰਧ ਵੱਲ” ਸਰਕ ਗਿਆ ਹੈ “ਜਿਸ ਤਰ੍ਹਾਂ ਦਾ ਅਸੀਂ 19ਵੀਂ ਸਦੀ ਤੋਂ ਲੈ ਕੇ ਅੱਜ ਤੱਕ ਨਹੀਂ ਡਿੱਠਾ।”[5] ਹਰੇਕ ਮਾਮਲੇ ’ਚ, ਸ਼ਿਕਾਗੋ ਸਕੂਲ ਅਰਥਸ਼ਾਸਤਰ ਦੇ ਅਹਿਮ ਸਿਧਾਂਤਾਂ—ਨਿੱਜੀਕਰਨ, ਰੋਕਾਂ ਹਟਾਉਣ ਅਤੇ ਸਰਕਾਰੀ ਸੇਵਾਵਾਂ ’ਚ ਕਟੌਤੀਆਂ—ਨੇ ਟੁੱਟ-ਭੱਜ ਦੀ ਨੀਂਹ ਰੱਖ ਦਿੱਤੀ ਸੀ।

ਜੋ ਲੋਕ ਇਸ ਉਲਟ-ਇਨਕਲਾਬ ਦੇ ਪਹਿਲੇ ਬਲੀ ਦੇ ਬੱਕਰੇ ਬਣੇ ਉਨ੍ਹਾਂ ਵਿਚੋਂ ਔਰਲੈਂਡੋ ਲੇਤੇਲੀਅਰ ਨੇ ਜ਼ੋਰ ਦਿੱਤਾ ਸੀ ਕਿ ਸ਼ਿਕਾਗੋ ਵਾਲੇ ਮੁੰਡਿਆਂ ਨੇ ਚਿੱਲੀ ਵਿਚ ਦੌਲਤ ਦੀਆਂ ਜੋ ਵਿਆਪਕ ਨਾਬਰਾਬਰੀਆਂ ਪੈਦਾ ਕੀਤੀਆਂ ਉਹ “ਆਰਥਕ ਦੇਣਦਾਰੀ ਨਹੀਂ ਸਗੋਂ ਵਕਤੀ ਸਿਆਸੀ ਕਾਮਯਾਬੀ” ਹਨ। ਲੇਤੇਲੀਅਰ ਅਨੁਸਾਰ, ਇਹ ਸਪਸ਼ਟ ਸੀ ਕਿ ਤਾਨਾਸ਼ਾਹੀ ਦੇ “ਖੁੱਲ੍ਹੀ ਮੰਡੀ” ਦੇ ਨਿਯਮ ਐਨ ਉਹੀ ਕੁਝ ਕਰ ਰਹੇ ਸਨ ਜੋ ਕਰਨ ਲਈ ਇਹ ਬਣਾਏ ਗਏ ਸਨ : ਇਹ ਪੂਰੀ ਤਰ੍ਹਾਂ ਇਕਸਾਰ ਆਰਥਿਕਤਾ ਪੈਦਾ ਨਹੀਂ ਕਰ ਰਹੇ ਸਗੋਂ ਇਹ ਪਹਿਲਾਂ ਹੀ ਅਮੀਰ ਲੋਕਾਂ ਨੂੰ ਸੁਪਰ ਅਮੀਰ ਅਤੇ ਜਥੇਬੰਦ ਮਜ਼ਦੂਰ ਜਮਾਤ ਨੂੰ ਬੇਰੁਜ਼ਗਾਰ ਗਰੀਬ ਬਣਾ ਰਹੇ ਸਨ। ਜਿੱਥੇ ਕਿਤੇ ਵੀ ਸ਼ਿਕਾਗੋ ਸਕੂਲ ਦਾ ਸਿਧਾਂਤ ਜੇਤੂ ਹੋਇਆ ਇਸ ਤਰ੍ਹਾਂ ਦੀ ਦਰਜਾਬੰਦੀ ਹਰ ਥਾਂ ਦੁਹਰਾਈ ਗਈ ਹੈ। ਚੀਨ ਵਿਚ, ਹੈਰਾਨੀਜਨਕ ਆਰਥਕ ਵਾਧੇ ਦੇ ਬਾਵਜੂਦ, ਇੱਥੇ ਬੀਤੇ ਵੀਹ ਵਰ੍ਹਿਆਂ ਤੋਂ ਸ਼ਹਿਰਾਂ ਵਿਚ ਰਹਿਣ ਵਾਲਿਆਂ ਅਤੇ ਅੱਸੀ ਕਰੋੜ ਪੇਂਡੂ ਗਰੀਬਾਂ ਦੀਆਂ ਆਮਦਨੀਆਂ ਦਾ ਪਾੜਾ ਦੁੱਗਣਾ ਹੋ ਗਿਆ ਹੈ। ਅਰਜਨਟਾਈਨਾ ’ਚ, ਜਿੱਥੇ 1970 ਵਿਚ ਵਸੋਂ ਦਾ 10 ਫ਼ੀ ਸਦੀ ਅਮੀਰ ਸਭ ਤੋਂ ਵੱਧ ਗਰੀਬ ਲੋਕਾਂ ਨਾਲੋਂ 12 ਗੁਣਾਂ ਵੱਧ ਕਮਾਉਂਦੇ ਸਨ, 2002 ’ਚ ਇਹ ਅਮੀਰ 43 ਗੁਣਾ ਵੱਧ ਕਮਾ ਰਹੇ ਸਨ। ਚਿੱਲੀ ਦੀ “ਸਿਆਸੀ ਕਾਮਯਾਬੀ” ਦਾ ਵੀ ਸਚਮੁਚ ਵਿਸ਼ਵੀਕਰਨ ਹੋ ਗਿਆ ਹੈ। ਫਰਾਇਡਮੈਨ ਦੇ ਚਲਾਣੇ ਤੋਂ ਇਕ ਮਹੀਨਾ ਬਾਅਦ, ਦਸੰਬਰ 2006 ’ਚ, ਸੰਯੁਕਤ ਰਾਸ਼ਟਰ ਦੇ ਇਕ ਅਧਿਐਨ ’ਚ ਦੇਖਿਆ ਗਿਆ ਕਿ “ਦੁਨੀਆਂ ਦੇ ਬਾਲਗਾਂ ਵਿਚੋਂ ਸਭ ਤੋਂ ਅਮੀਰ 2 ਫ਼ੀ ਸਦੀ ਬਾਲਗ ਦੁਨੀਆਂ ਦੇ ਕੁਲ ਪਰਿਵਾਰਾਂ ਦੀ ਕੁਲ ਦੌਲਤ ਦੇ ਅੱਧ ਤੋਂ ਵੀ ਵੱਧ ਦੇ ਮਾਲਕ ਹਨ।” ਇਹ ਤਬਦੀਲੀ ਸਭ ਤੋਂ ਉੱਘੜਵੀਂ ਅਮਰੀਕਾ ਵਿਚ ਹੈ। ਇੱਥੇ ਰੀਗਨ ਨੇ 1980 ’ਚ ਜਦੋਂ ਫਰਾਇਡਮੈਨਵਾਦੀ ਜਹਾਦ ਦੀ ਸ਼ੁਰੂਆਤ ਕੀਤੀ, ਓਦੋਂ ਮੁੱਖ ਕਾਰਜਕਾਰੀ ਅਧਿਕਾਰੀ ਉਸ ਤੋਂ 43 ਗੁਣਾਂ ਵੱਧ ਕਮਾਉਂਦੇ ਸਨ ਜਿੰਨਾ ਔਸਤ ਮਜ਼ਦੂਰ ਇਸ ਸਮੇਂ ਕਮਾਉਂਦੇ ਸਨ। 2005 ’ਚ, ਸੀ ਈ ਓ 411 ਗੁਣਾਂ ਵੱਧ ਕਮਾ ਰਹੇ ਸਨ। ਉਨ੍ਹਾਂ ਕਾਰਜਕਾਰੀ ਅਧਿਕਾਰੀਆਂ ਲਈ ਉਲਟ-ਇਨਕਲਾਬ ਸਚਮੁਚ ਕਾਮਯਾਬ ਸੀ ਜੋ 1950ਵਿਆਂ ’ਚ ਸਮਾਜਿਕ ਵਿਗਿਆਨਾਂ ਦੀ ਇਮਾਰਤ ਦੇ ਤਹਿਖ਼ਾਨੇ ’ਚ ਸ਼ੁਰੂ ਹੋਇਆ, ਪਰ ਇਹ ਜਿੱਤ ਖੁੱਲ੍ਹੀ ਮੰਡੀ ਦੇ ਮੂਲ ਵਾਅਦੇ ’ਚ ਵਿਆਪਕ ਬੇਵਿਸ਼ਵਾਸੀ ਪੈਦਾ ਹੋਣ ਦੀ ਕੀਮਤ ’ਤੇ ਹੋਈ ਹੈ—ਵਾਅਦਾ ਇਹ ਸੀ ਕਿ ਦੌਲਤ ’ਚ ਹੋਣ ਵਾਲਾ ਵਾਧਾ ਸਾਰਿਆਂ ’ਚ ਵੰਡਿਆ ਜਾਵੇਗਾ। ਜਿਵੇਂ ਵੈੱਬ ਨੇ ਮੱਧਕਾਲੀ ਚੋਣ ਮੁਹਿੰਮ ਦੌਰਾਨ ਕਿਹਾ, “ਬੂੰਦ-ਬੂੰਦ ਲਾਭ ਹੋਣ ਦਾ ਅਰਥਸ਼ਾਸਤਰ ਸਾਕਾਰ ਨਹੀਂ ਹੋਇਆ।”[6]

ਜਿਵੇਂ ਅਸੀਂ ਦੇਖਿਆ ਹੈ, ਦੁਨੀਆਂ ਦੀ ਵਸੋਂ ਦੇ ਇਕ ਬਹੁਤ ਹੀ ਨਿੱਕੇ ਜਹੇ ਹਿੱਸੇ ਵਲੋਂ ਐਨੀ ਜ਼ਿਆਦਾ ਦੌਲਤ ਦੀ ਜਮ੍ਹਾਂਖ਼ੋਰੀ ਦਾ ਅਮਲ ਨਾ ਤਾਂ ਸ਼ਾਂਤਮਈ ਸੀ ਅਤੇ ਨਾ ਹੀ ਆਮ ਤੌਰ ’ਤੇ ਕਾਨੂੰਨੀ ਸੀ। ਕੌਰਕੋਰਨ ਦਾ ਇਸ ਲਹਿਰ ਦੀ ਲੀਡਰਸ਼ਿਪ ਦੇ ਮਿਆਰ ਬਾਰੇ ਸਵਾਲ ਸਹੀ ਸੀ, ਪਰ ਮਸਲਾ ਐਨਾ ਸਿੱਧਾ-ਸਾਦਾ ਨਹੀਂ ਕਿ ਇਸ ਕੋਲ ਫਰਾਇਡਮੈਨ ਦੇ ਪੱਧਰ ਦੇ ਕੋਈ ਰਾਹਨੁਮਾ ਨਹੀਂ ਹਨ। ਮਸਲਾ ਇਹ ਸੀ ਕਿ ਮੰਡੀਆਂ ਨੂੰ ਹਰ ਤਰ੍ਹਾਂ ਦੀਆਂ ਰੋਕਾਂ ਤੋਂ ਮੁਕਤ ਕਰਾਉਣ ਦੀ

ਕੌਮਾਂਤਰੀ ਮੁਹਿੰਮ ਦੇ ਬਹੁਤੇ ਮੋਹਰੀ ਬੰਦੇ ਇਸ ਵਕਤ ਧੜਾਧੜ ਹੈਰਾਨੀਜਨਕ ਘਪਲਿਆਂ ਅਤੇ ਮੁਜਰਮਾਨਾ ਮੁਕੱਦਮਿਆਂ 'ਚ ਫਸੇ ਹੋਏ ਸਨ। ਲਾਤੀਨੀ ਅਮਰੀਕਾ ਦੀਆਂ ਸ਼ੁਰੂ ਦੀਆਂ ਪ੍ਰਯੋਗਸ਼ਾਲਾਵਾਂ ਤੋਂ ਲੈ ਕੇ ਇਰਾਕ ਦੇ ਤਾਜ਼ਾ ਪ੍ਰਯੋਗ ਦੇ ਮਾਮਲਿਆਂ ਤੱਕ। ਆਪਣੇ ਪੈਂਤੀ ਸਾਲਾਂ ਦੇ ਇਤਿਹਾਸ 'ਚ ਸ਼ਿਕਾਗੋ ਸਕੂਲ ਦਾ ਏਜੰਡਾ ਤਾਕਤਵਰ ਸਰਮਾਏਦਾਰਾ ਹਸਤੀਆਂ, ਇਸ ਜਹਾਦ 'ਚ ਜੁੱਟੇ ਸਿਧਾਂਤਕਾਰਾਂ ਅਤੇ ਧੱਕੜ ਸਿਆਸਤਦਾਨਾਂ ਦੀ ਗੂੜ੍ਹੀ ਸਾਂਝ ਰਾਹੀਂ ਅੱਗੇ ਵਧਿਆ ਹੈ। 2006 ਤੱਕ, ਹਰੇਕ ਧੜੇ ਦੇ ਅਹਿਮ ਖਿਡਾਰੀ ਜਾਂ ਤਾਂ ਜੇਲ੍ਹਾਂ 'ਚ ਸਨ ਜਾਂ ਦੋਸ਼ੀ ਗਰਦਾਨੇ ਹੋਏ ਸਨ।

ਫਰਾਇਡਮੈਨ ਦੇ ਸਦਮਾ ਇਲਾਜ ਨੂੰ ਲਾਗੂ ਕਰਨ ਵਾਲਾ ਪਹਿਲਾ ਆਗੂ ਪਿਨੋਚੇ ਘਰ 'ਚ ਕੈਦ ਸੀ (ਹਾਲਾਂਕਿ ਉਹ ਭ੍ਰਿਸ਼ਟਾਚਾਰ ਜਾਂ ਕਤਲਾਂ ਦੇ ਦੋਸ਼ਾਂ ਦੇ ਮੁਕੱਦਮੇ ਦੀ ਕਾਰਵਾਈ ਚੱਲਣ ਤੋਂ ਪਹਿਲਾਂ ਹੀ ਮਰ ਗਿਆ)। ਫਰਾਇਡਮੈਨ ਦੀ ਮੌਤ ਤੋਂ ਅਗਲੇ ਦਿਨ, ਉਰੂਗੁਏ ਦੀ ਪੁਲਿਸ ਜੁਆਨ ਮਾਰੀਆ ਬੋਰਦਾਬੈਰੀ ਨੂੰ ਗ੍ਰਿਫ਼ਤਾਰ ਕਰਨ ਲਈ ਆਈ ਜਿਸ ਉੱਪਰ 1976 'ਚ ਚਾਰ ਉੱਘੇ ਖੱਬੇਪੱਖੀਆਂ ਨੂੰ ਕਤਲ ਕਰਨ ਦੇ ਦੋਸ਼ ਸਨ। ਬੋਰਦਾਬੇਰੀ ਨੇ ਸ਼ਿਕਾਗੋ ਸਕੂਲ ਦੇ ਅਰਥਸ਼ਾਸਤਰ ਨੂੰ ਉਰੂਗੁਏ ਵਿਚ ਵਹਿਸ਼ੀ ਢੰਗ ਨਾਲ ਅਮਲ 'ਚ ਲਿਆਉਣ ਦੀ ਅਗਵਾਈ ਕੀਤੀ ਸੀ। ਫਰਾਇਡਮੈਨ ਦੇ ਸਾਥੀਆਂ ਅਤੇ ਸ਼ਾਗਿਰਦਾਂ ਨੇ ਇੱਥੇ ਉੱਘੇ ਸਲਾਹਕਾਰਾਂ ਵਜੋਂ ਕੰਮ ਕੀਤਾ ਸੀ। ਅਰਜਨਟਾਈਨਾ 'ਚ ਅਦਾਲਤ ਨੇ ਦੇਸ਼ ਦੇ ਤਾਨਾਸ਼ਾਹ ਰਾਜ ਦੇ ਸਾਬਕਾ ਮੋਹਰੀਆਂ ਨੂੰ ਦਿੱਤੀਆਂ ਰਿਆਇਤਾਂ ਖ਼ਤਮ ਕਰਕੇ ਸਾਬਕਾ ਰਾਸ਼ਟਰਪਤੀ ਜਾਰਜ ਵਿਡੇਲਾ ਅਤੇ ਐਡਮਿਰਲ ਐਮੀਲੀਓ ਮਾਸੇਰਾ ਨੂੰ ਉਮਰ ਭਰ ਲਈ ਜੇਲ੍ਹ ਭੇਜ ਦਿੱਤਾ। ਡੋਮਿੰਗੋ ਕੈਵੈਲੋ ਜੋ ਤਾਨਾਸ਼ਾਹੀ ਸਮੇਂ ਕੇਂਦਰੀ ਬੈਂਕ ਦਾ ਮੁਖੀ ਸੀ ਅਤੇ ਜਿਸ ਨੇ ਜਮਹੂਰੀਅਤ ਤਹਿਤ ਸਦਮਾ ਇਲਾਜ ਦਾ ਹੂੰਝਾਫੇਰੂ ਪ੍ਰੋਗਰਾਮ ਲਾਗੂ ਕਰਾਇਆ ਸੀ, ਉਸ ਨੂੰ ਵੀ "ਸਰਕਾਰੀ ਪ੍ਰਸ਼ਾਸਨ ਨਾਲ ਧੋਖਾ ਕਰਨ" ਦਾ ਦੋਸ਼ੀ ਠਹਿਰਾਇਆ ਗਿਆ। ਕੈਵੈਲੋ ਨੇ 2001 'ਚ ਬਦੇਸ਼ੀ ਬੈਂਕਾਂ ਨਾਲ ਜੋ ਕਰਜੇ ਦਾ ਲੈਣ-ਦੇਣ ਕੀਤਾ ਸੀ ਉਸ ਨਾਲ ਦੇਸ਼ ਨੂੰ ਦਹਿ-ਅਰਬਾਂ ਡਾਲਰਾਂ ਦਾ ਚੂਨਾ ਲੱਗਿਆ ਸੀ। ਜਿਸ ਜੱਜ ਨੇ ਕੈਵੈਲੋ ਦੇ ਇਕ ਕਰੋੜ ਡਾਲਰ ਦੇ ਨਿੱਜੀ ਅਸਾਸੇ ਜਾਮ ਕਰਵਾਏ ਉਸ ਦਾ ਕਹਿਣਾ ਸੀ ਕਿ ਸਰਕਾਰ ਨੇ ਜਦੋਂ ਅਜਿਹਾ ਕੀਤਾ ਤਾਂ ਇਹ ਘਾਤਕ ਨਤੀਜੇ ਬਾਰੇ "ਪੂਰੀ ਤਰ੍ਹਾਂ ਸੁਚੇਤ" ਸੀ।[7]

ਬੋਲੀਵੀਆ 'ਚ, ਸਾਬਕਾ ਰਾਸ਼ਟਰਪਤੀ ਗੋਂਜ਼ਾਲੋ ਸਾਂਚੇਜ਼ ਡੀ ਲੋਜ਼ਾਡਾ, ਜਿਸ ਦੇ ਨਿੱਜੀ ਕਮਰੇ 'ਚ ਆਰਥਕ "ਪ੍ਰਮਾਣੂ ਬੰਬ" ਤਿਆਰ ਕੀਤਾ ਗਿਆ ਸੀ, ਵੀ ਵਿਖਾਵਾਕਾਰੀਆਂ ਨੂੰ ਗੋਲੀਆਂ ਨਾਲ ਕਤਲ ਕਰਾਉਣ ਅਤੇ ਬਦੇਸ਼ੀ ਗੈਸ ਕੰਪਨੀਆਂ ਨੂੰ ਐਸੇ ਠੇਕੇ ਦੇਣ ਦੇ ਬਹੁਤ ਸਾਰੇ ਦੋਸ਼ਾਂ ਤਹਿਤ ਲੋੜੀਂਦਾ ਸੀ ਜਿਨ੍ਹਾਂ ਵਿਚ ਬੋਲੀਵੀਆ ਦੇ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ ਸੀ।[8] ਰੂਸ ਵਿਚ ਸਿਰਫ਼ ਹਾਵਰਡ ਦਾ ਅਮਲਾ ਫੈਲਾ ਹੀ ਨਹੀਂ ਸਗੋਂ ਰੂਸ ਦੇ ਬਹੁਤ ਸਾਰੇ ਵਿਤੀ ਗੁੱਟ ਅਤੇ ਹੇਰਾਫੇਰੀ ਦੇ ਕਾਰੋਬਾਰੀ ਵਪਾਰੀ ਵੀ ਧੋਖਾਧੜੀ ਦੇ ਦੋਸ਼ੀ ਪਾਏ ਗਏ ਜਿਨ੍ਹਾਂ ਨੇ ਰਾਤੋ-ਰਾਤ ਕੀਤੇ ਗਏ ਨਿੱਜੀਕਰਨ ਤੋਂ ਅਰਬਾਂ ਡਾਲਰ ਕਮਾਏ। ਨਿੱਜੀਕਰਨ ਦੀ ਯੋਜਨਾ ਬਣਾਉਣ 'ਚ ਹਾਵਰਡ ਟੋਲੀ ਨੇ ਮਦਦ ਕੀਤੀ ਸੀ। ਇਹ ਸਾਰੇ ਜਾਂ ਤਾਂ ਜੇਲ੍ਹਾਂ ਵਿਚ ਸਨ ਜਾਂ ਜਲਾਵਤਨ ਜ਼ਿੰਦਗੀ ਜੀਅ ਰਹੇ ਸਨ। ਤੇਲ ਖੇਤਰ ਦੀ ਦਿਓ-ਕੱਦ ਕੰਪਨੀ ਯੂਕੋਸ ਦਾ ਸਾਬਕਾ ਮੁਖੀ ਮਿਖਾਇਲ ਖੋਦੋਰਕੋਵਸਕੀ, ਸਾਈਬੇਰੀਆ ਦੀ ਜੇਲ੍ਹ ਵਿਚ ਅੱਠ ਸਾਲ ਦੀ ਸਜ਼ਾ ਭੁਗਤ ਰਿਹਾ ਸੀ। ਉਸ ਦਾ ਜੋਟੀਦਾਰ ਅਤੇ ਪ੍ਰਮੁੱਖ ਹਿੱਸੇਦਾਰ ਲਿਊਨਿਦ ਨੇਵਜ਼ਲਿਨ ਇਸਰਾਇਲ 'ਚ ਜਲਾਵਤਨ ਸੀ, ਇਸੇ ਤਰ੍ਹਾਂ ਉਸ ਦਾ ਜੋਟੀਦਾਰ ਵਿਤੀ ਜੁੰਡੀਦਾਰ ਵਲਾਦੀਮੀਰ ਗੁਜਿਨਸਕੀ ਜਲਾਵਤਨ ਸੀ। ਬਦਨਾਮ ਬੋਰਿਸ ਬੈਰੇਜ਼ੋਵਸਕੀ ਨੇ ਲੰਦਨ ਵਿਚ ਪਨਾਹ ਲਈ ਹੋਈ ਸੀ ਅਤੇ ਉਹ ਧੋਖਾਧੜੀ ਦੇ ਦੋਸ਼ਾਂ

ਤਹਿਤ ਗ੍ਰਿਫ਼ਤਾਰੀ ਦੇ ਡਰੋਂ ਮਾਸਕੋ ਵਾਪਸ ਨਹੀਂ ਜਾ ਸਕਦਾ ਸੀ। ਇਸ ਦੇ ਬਾਜਵੂਦ ਇਹ ਸਾਰੇ ਸ਼ਖ਼ਸ ਇਸ ਤੋਂ ਮੁਨਕਰ ਸਨ ਕਿ ਉਨ੍ਹਾਂ ਨੇ ਕੋਈ ਗ਼ਲਤ ਕੰਮ ਕੀਤਾ ਸੀ।[9] ਕੌਨਰਾਡ ਬਲੈਕ, ਜੋ ਆਪਣੇ ਅਖ਼ਬਾਰ ਪ੍ਰਕਾਸ਼ਨ ਸਮੂਹ ਦੀ ਬਦੌਲਤ ਕੈਨੇਡਾ ਵਿਚ ਫਰਾਇਡਮੈਨਵਾਦ ਦਾ ਸਭ ਤੋਂ ਜ਼ਬਰਦਸਤ ਵਿਚਾਰਧਾਰਕ ਧੁਤੂ ਸੀ, ਉਸ ਨੂੰ ਅਮਰੀਕਾ ਵਿਚ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸਤਗਾਸਾ ਅਨੁਸਾਰ ਉਸ ਦਾ ਦੋਸ਼ ਇਹ ਸੀ ਕਿ ਉਸ ਨੇ ਹਾਲਿੰਜਰ ਇੰਟਰਨੈਸ਼ਨਲ ਨੂੰ "ਕੌਨਰਾਡ ਬਲੈਕ ਬੈਂਕ" ਸਮਝ ਕੇ ਇਸ ਦੇ ਸ਼ੇਅਰਧਾਰਕਾਂ ਨਾਲ ਹੇਰਾਫੇਰੀ ਕੀਤੀ ਸੀ। ਇਸੇ ਤਰ੍ਹਾਂ ਅਮਰੀਕਾ 'ਚ, ਐਨਰੋਨ ਦਾ ਕੇਨ ਲੇਅ, ਜੁਲਾਈ 2006 'ਚ ਚਲਾਣਾ ਕਰ ਗਿਆ। ਊਰਜਾ ਖੇਤਰ ਨੂੰ ਕੰਟਰੋਲ ਮੁਕਤ ਕਰਨ ਦੇ ਮਾੜੇ ਪ੍ਰਭਾਵਾਂ ਦੀ ਮਸ਼ਹੂਰੀ ਕਰਨ ਵਾਲਾ ਇਹ ਸ਼ਖ਼ਸ ਸਾਜ਼ਿਸ਼ ਅਤੇ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ। ਅਤੇ ਫਰਾਇਡਮੈਨਵਾਦੀ ਨੀਤੀ ਮਾਹਰ ਗਰੋਵਰ ਨੌਰਕਵਿਸਟ ਨੇ ਇਹ ਐਲਾਨ ਕਰਕੇ ਅਗਾਂਹਵਧੂ ਲੋਕਾਂ ਦੇ ਰੌਂਗਟੇ ਖੜ੍ਹੇ ਕਰ ਦਿੱਤੇ ਸਨ ਕਿ "ਮੈਂ ਸਰਕਾਰ ਨੂੰ ਖ਼ਤਮ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਬਸ ਇਸ ਦਾ ਆਕਾਰ ਏਨਾ ਘਟਾ ਦੇਣਾ ਚਾਹੁੰਦਾ ਹਾਂ ਕਿ ਮੈਂ ਇਸ ਨੂੰ ਗੁਸਲਖ਼ਾਨੇ 'ਚ ਘੜੀਸਕੇ ਨਹਾਉਣ ਵਾਲੇ ਟੱਬ 'ਚ ਡੁਬੋ ਸਕਾਂ।" ਉਹ ਵੀ ਉਸ ਘਪਲੇ 'ਚ ਗਲ ਤੱਕ ਧਸਿਆ ਹੋਇਆ ਸੀ ਜਿਸ ਵਿਚ ਵਾਸ਼ਿੰਗਟਨ ਦਾ ਜੋੜ-ਤੋੜ ਕਰਨ ਦਾ ਮਾਹਰ ਜੈਕ ਅਬਰਾਮੌਫ ਘਿਰਿਆ ਹੋਇਆ ਸੀ। ਇਹ ਵੱਖਰੀ ਚੀਜ਼ ਹੈ ਕਿ ਉਸ ਦੇ ਖ਼ਿਲਾਫ਼ ਕੋਈ ਦੋਸ਼ ਨਹੀਂ ਲੱਗੇ।[10]

ਇਹ ਸੂਚੀ ਕਿਸੇ ਵੀ ਸੂਰਤ 'ਚ ਮੁਕੰਮਲ ਨਹੀਂ ਹੈ। ਪਿਨੋਚੇ, ਕੈਵੈਲੋ, ਬੇਰੇਜ਼ੋਵਸਕੀ ਤੋਂ ਲੈ ਕੇ ਬਲੈਕ ਤੱਕ ਹਰ ਕਿਸੇ ਵਲੋਂ ਖ਼ੁਦ ਨੂੰ ਬੇਬੁਨਿਆਦ ਸਿਆਸੀ ਜ਼ੁਲਮ ਦਾ ਸ਼ਿਕਾਰ ਹੋਏ ਦਰਸਾਉਣ ਦੇ ਬਾਵਜੂਦ ਇਹ ਸੂਚੀ, ਨਵ-ਉਦਾਰਵਾਦੀ ਮਾਡਲ ਦੀ ਕਲਪਨਾ ਤੋਂ ਤਿੱਖੇ ਰੂਪ 'ਚ ਪਰ੍ਹਾਂ ਹਟਕੇ ਚੱਲਣ ਦੀ ਨੁਮਾਇੰਦਗੀ ਕਰਦੀ ਹੈ। ਜਿਉਂ ਹੀ ਇਹ ਆਰਥਕ ਜਹਾਦ ਅੱਗੇ ਵਧਿਆ, ਇਹ ਸ਼ਰਾਫ਼ਤ ਅਤੇ ਕਾਨੂੰਨਪਸੰਦ ਹੋਣ ਦਾ ਮੁਲੰਮਾ ਚਾੜ੍ਹਨ 'ਚ ਕਾਮਯਾਬ ਰਿਹਾ। ਹੁਣ ਜਦੋਂ ਇਹ ਮੁਲੰਮਾ ਸ਼ਰੇਆਮ ਲਹਿ ਰਿਹਾ ਸੀ ਅਤੇ ਦੌਲਤ ਦੀ ਘੋਰ ਕਾਣੀ ਵੰਡ ਦੀ ਅਸਲੀਅਤ ਸਾਹਮਣੇ ਆ ਰਹੀ ਸੀ ਤਾਂ ਅਕਸਰ ਹੀ ਇਸ ਦਾ ਭੇਤ ਅਜੀਬ ਜੁਰਮਾਂ ਜ਼ਰੀਏ ਖੁੱਲ੍ਹਦਾ ਰਿਹਾ ਹੈ।

ਕਾਨੂੰਨੀ ਦਿੱਕਤ ਤੋਂ ਇਲਾਵਾ, ਇਕ ਹੋਰ ਧੁੰਦੂਕਾਰ ਵੀ ਛਾਇਆ ਹੋਇਆ ਸੀ। ਸਦਮਿਆਂ ਦੇ ਅਸਰ ਜੋ ਸਿਧਾਂਤਕ ਆਮ ਸਹਿਮਤੀ ਦਾ ਭਰਮ ਪੈਦਾ ਕੀਤੇ ਜਾਣ ਨਾਲ ਐਨਾ ਅਟੁੱਟ ਰੂਪ 'ਚ ਜੁੜੇ ਹੋਏ ਸਨ ਉਹ ਹੁਣ ਖ਼ਤਮ ਹੋ ਰਹੇ ਸਨ। ਰੌਡੌਲਫੋ ਵਾਲਸ਼, ਜਿਸ ਨੂੰ ਮੁੱਢਲੇ ਦੌਰ 'ਚ ਮਾਰ ਦਿੱਤਾ ਗਿਆ, ਉਹ ਅਰਜਨਟਾਈਨਾ 'ਚ ਸ਼ਿਕਾਗੋ ਸਕੂਲ ਦੀ ਚੜ੍ਹਤ ਨੂੰ ਪੱਕੀ ਹਾਰ ਨਹੀਂ ਬਸ ਆਰਜ਼ੀ ਪਛਾੜ ਹੀ ਮੰਨਦਾ ਸੀ। ਤਾਨਾਸ਼ਾਹ ਜੁੰਡਲੀ ਵਲੋਂ ਅਪਣਾਏ ਦਹਿਸ਼ਤਪਾਊ ਹੱਥਕੰਡਿਆਂ ਨੇ ਉਸ ਦੇ ਦੇਸ਼ ਨੂੰ ਸਦਮੇ ਦੀ ਹਾਲਤ 'ਚ ਸੁੱਟ ਦਿੱਤਾ ਸੀ, ਪਰ ਵਾਲਸ਼ ਜਾਣਦਾ ਸੀ ਕਿ ਆਪਣੇ ਸੁਭਾਅ ਪੱਖੋਂ ਇਹ ਸਦਮਾ ਆਰਜ਼ੀ ਹੈ। ਬਿਓਨਸ ਏਅਰੀਸ ਦੀਆਂ ਸੜਕਾਂ 'ਤੇ ਗੋਲੀਆਂ ਦਾ ਸ਼ਿਕਾਰ ਹੋਣ ਤੋਂ ਪਹਿਲਾਂ ਵਾਲਸ਼ ਨੇ ਅੰਦਾਜ਼ਾ ਲਾਇਆ ਸੀ ਕਿ ਅਰਜਨਟਾਈਨਾ ਦੇ ਲੋਕਾਂ ਉੱਪਰੋਂ ਦਹਿਸ਼ਤ ਦਾ ਅਸਰ ਖ਼ਤਮ ਹੋਣ ਅਤੇ ਉਨ੍ਹਾਂ ਦਾ ਹੌਸਲਾ ਅਤੇ ਸਵੈ-ਵਿਸ਼ਵਾਸ ਮੁੜ ਬਹਾਲ ਹੋਣ ਨੂੰ ਵੀਹ ਤੋਂ ਤੀਹ ਸਾਲ ਲੱਗ ਜਾਣਗੇ। ਫੇਰ ਉਹ ਦੁਬਾਰਾ ਆਰਥਕ ਅਤੇ ਸਮਾਜਿਕ ਬਰਾਬਰੀ ਲਈ ਜੂਝਣ ਲਈ ਤਿਆਰ ਹੋਣਗੇ। ਚੌਵੀ ਸਾਲ ਬਾਅਦ, 2001 'ਚ, ਅਰਜਨਟਾਈਨਾ 'ਚ ਆਈ ਐੱਮ ਐੱਫ ਦੀ ਸਲਾਹ ਨਾਲ ਚੁੱਕੇ ਗਏ ਜਾਬਰ ਕਦਮਾਂ ਵਿਰੁੱਧ ਰੋਸ ਮੁਜ਼ਾਹਰਿਆਂ ਦਾ ਤਾਂਤਾ ਲੱਗ ਗਿਆ ਅਤੇ ਤਿੰਨ ਹਫ਼ਤਿਆਂ 'ਚ ਹੀ ਪੰਜ ਰਾਸ਼ਟਰਪਤੀ ਦਬੱਲ ਦਿੱਤੇ ਗਏ।

ਮੈਂ ਉਸ ਸਮੇਂ ਬਿਓਨਸ ਏਅਰੀਸ ਵਿਚ ਹੀ ਸੀ। ਲੋਕ ਖੁਸ਼ੀ ਨਾਲ ਚੀਕ ਰਹੇ ਸਨ ਕਿ "ਹੁਣ ਤਾਨਾਸ਼ਾਹੀ ਖ਼ਤਮ ਹੋ ਗਈ ਹੈ!" ਉਸ ਸਮੇਂ ਮੈਨੂੰ ਖੁਸ਼ੀ ਦਾ ਅਰਥ ਸਮਝ ਨਹੀਂ ਆਇਆ, ਕਿਉਂਕਿ ਤਾਨਾਸ਼ਾਹੀ ਦਾ ਭੋਗ ਤਾਂ ਸਤਾਰਾਂ ਸਾਲ ਪਹਿਲਾਂ ਹੀ ਪੈ ਗਿਆ ਸੀ। ਮੈਨੂੰ ਹੁਣ ਸਮਝ ਪਈ ਹੈ : ਓੜਕ ਸਦਮੇ ਦਾ ਅਸਰ ਮਿਟ ਗਿਆ ਸੀ, ਜਿਵੇਂ ਵਾਲਸ਼ ਨੇ ਪੇਸ਼ੀਨਗੋਈ ਕੀਤੀ ਸੀ।

ਓਦੋਂ ਤੋਂ ਲੈ ਕੇ, ਸਦਮੇ ਖ਼ਿਲਾਫ਼ ਡਟਣ ਦੀ ਵਿਆਪਕ ਸੋਝੀ ਸਦਮਾ ਇਲਾਜ ਦੀਆਂ ਬਹੁਤ ਸਾਰੀਆਂ ਹੋਰ ਪ੍ਰਯੋਗਸ਼ਾਲਾਵਾਂ ਚਿੱਲੀ, ਬੋਲੀਵੀਆ, ਚੀਨ, ਲਿਬਨਾਨ ਤੱਕ ਫੈਲ ਗਈ ਹੈ। ਤੇ ਜਦੋਂ ਲੋਕਾਂ ਦਾ ਉਹ ਡਰ ਲਹਿ ਗਿਆ ਜੋ ਪਹਿਲਾਂ ਟੈਂਕਾਂ ਅਤੇ ਤਸੀਹੇ ਦੇਣ ਵਾਲੇ ਯੰਤਰਾਂ, ਸਰਮਾਏ ਦੇ ਅਚਾਨਕ ਉਡਾਰੀ ਮਾਰ ਜਾਣ ਅਤੇ ਵਹਿਸ਼ੀ ਕਟੌਤੀਆਂ ਰਾਹੀਂ ਪਾਇਆ ਗਿਆ ਸੀ, ਤਾਂ ਬਹੁਤ ਲੋਕ ਹੋਰ ਵੱਧ ਜਮਹੂਰੀਅਤ ਅਤੇ ਮੰਡੀਆਂ ਉੱਪਰ ਦੇਸ਼ ਦੇ ਕੰਟਰੋਲ ਦੀ ਮੰਗ ਕਰਨ ਲੱਗੇ। ਇਹ ਮੰਗਾਂ ਫਰਾਇਡਮੈਨ ਦੀ ਵਿਰਾਸਤ ਲਈ ਸਭ ਤੋਂ ਵੱਡਾ ਖ਼ਤਰਾ ਬਣਦੀਆਂ ਹਨ ਕਿਉਂਕਿ ਇਹ ਉਸ ਦੇ ਸਭ ਤੋਂ ਪ੍ਰਮੁੱਖ ਦਾਅਵੇ ਨੂੰ ਚੁਣੌਤੀ ਦਿੰਦੀਆਂ ਹਨ : ਕਿ ਸਰਮਾਏਦਾਰੀ ਅਤੇ ਆਜ਼ਾਦੀ ਇਕੋ ਹੀ ਅਖੰਡ ਪ੍ਰਾਜੈਕਟ ਦਾ ਹਿੱਸਾ ਹਨ।

ਬੁਸ਼ ਸਰਕਾਰ ਇਹ ਝੂਠੀ ਏਕਤਾ ਬਣਾਈ ਰੱਖਣ ਲਈ ਐਨੀ ਵਚਨਬਧ ਸੀ ਕਿ 2002 'ਚ ਇਸ ਨੇ ਇਸ ਝੂਠ ਨੂੰ ਸੰਯੁਕਤ ਰਾਜ ਅਮਰੀਕਾ ਦੀ ਕੌਮੀ ਸੁਰੱਖਿਆ ਦੀ ਯੁੱਧਨੀਤੀ 'ਚ ਇਸ ਤਰ੍ਹਾਂ ਦਰਜ਼ ਕਰ ਦਿੱਤਾ : "ਮੁਕਤੀ ਅਤੇ ਤਾਨਾਸ਼ਾਹੀ (Totalitarianism) ਦਰਮਿਆਨ ਵੀਹਵੀਂ ਸਦੀ ਦੇ ਮਹਾਨ ਘੋਲ ਆਜ਼ਾਦੀ ਲਈ ਜੂਝਦੀਆਂ ਤਾਕਤਾਂ ਦੀ ਫ਼ੈਸਲਾਕੁਨ ਜਿੱਤ ਨਾਲ ਖ਼ਤਮ ਹੋ ਗਏ—ਆਜ਼ਾਦੀ, ਜਮਹੂਰੀਅਤ ਅਤੇ ਮੁਕਤ ਕਾਰੋਬਾਰ : ਇਹ ਕੌਮੀ ਕਾਮਯਾਬੀ ਲਈ ਇਕੋ ਇਕ ਟਿਕਾਊ ਨਮੂਨਾ ਹੈ।"[11] ਅਮਰੀਕੀ ਫ਼ੌਜੀ ਮਸ਼ੀਨ ਦੀ ਭਰਪੂਰ ਤਾਕਤ ਵਰਤੋਂ 'ਚ ਲਿਆ ਕੇ ਕੀਤਾ ਇਹ ਦਾਅਵਾ ਉਨ੍ਹਾਂ ਨਾਗਰਿਕਾਂ ਦੀ ਛੱਲ ਨੂੰ ਠੱਲ ਪਾਉਣ ਲਈ ਕਾਫ਼ੀ ਨਹੀਂ ਸੀ ਜੋ ਵੱਖ-ਵੱਖ ਅਧਿਕਾਰਾਂ ਦਾ ਇਸਤੇਮਾਲ ਕਰਕੇ ਖੁੱਲ੍ਹੀ ਮੰਡੀ ਦੇ ਕੱਟੜਵਾਦ ਨੂੰ ਰੱਦ ਕਰ ਰਹੇ ਸਨ—ਇੱਥੋਂ ਤੱਕ ਕਿ ਅਮਰੀਕਾ 'ਚ ਵੀ। ਜਿਵੇਂ 2006 ਦੀਆਂ ਮੱਧਕਾਲੀ ਚੋਣਾਂ ਤੋਂ ਬਾਅਦ *ਮਿਆਮੀ ਹੇਰਾਲਡ* ਦੀ ਇਕ ਸੁਰਖ਼ੀ ਨੇ ਇਸਨੂੰ ਪੇਸ਼ ਕੀਤਾ : "ਡੈਮੋਕਰੇਟਾਂ ਨੇ ਖੁੱਲ੍ਹੇ ਵਪਾਰ ਦੇ ਸਮਝੌਤਿਆਂ ਦਾ ਵਿਰੋਧ ਕਰਕੇ ਵੱਡੀ ਜਿੱਤ ਹਾਸਲ ਕਰ ਲਈ।" ਕੁਝ ਮਹੀਨੇ ਬਾਅਦ *ਨਿਊ ਯਾਰਕ ਟਾਈਮਜ਼/ ਸੀ ਬੀ ਐੱਸ* ਦੇ ਇਕ ਸਰਵੇਖਣ 'ਚ ਦੇਖਿਆ ਗਿਆ ਕਿ 64 ਫ਼ੀ ਸਦੀ ਅਮਰੀਕੀ ਸ਼ਹਿਰੀਆਂ ਦਾ ਵਿਸ਼ਵਾਸ ਸੀ ਕਿ ਸਰਕਾਰ ਨੂੰ ਸਾਰਿਆਂ ਲਈ ਸਿਹਤ ਸਹੂਲਤਾਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ। ਇਹ ਟੀਚਾ ਹਾਸਲ ਕਰਨ ਲਈ, ਸਰਕਾਰ ਨੂੰ ਜ਼ਬਰਦਸਤ ਇੱਛਾ ਦਿਖਾਉਣੀ ਚਾਹੀਦੀ ਹੈ, ਇਨ੍ਹਾਂ ਵਿਚ ਹਰ ਸਾਲ ਟੈਕਸਾਂ ਵਿਚੋਂ 500 ਡਾਲਰ ਪ੍ਰਤੀ ਵਿਅਕਤੀ ਖ਼ਰਚਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ।[12]

ਕੌਮਾਂਤਰੀ ਮੰਚ 'ਤੇ, ਨਵ-ਉਦਾਰਵਾਦੀ ਅਰਥਸ਼ਾਸਤਰ ਦੇ ਸਭ ਤੋਂ ਦ੍ਰਿੜ ਵਿਰੋਧੀ, ਇਕ ਪਿੱਛੋਂ ਦੂਜੀ ਚੋਣ ਜਿੱਤ ਰਹੇ ਸਨ। "21ਵੀਂ ਸਦੀ ਦਾ ਸਮਾਜਵਾਦ" ਦੇ ਮੰਚ ਤੋਂ ਬੋਲਣ ਵਾਲਾ ਵੈਨਜ਼ੂਏਲਾ ਦਾ ਰਾਸ਼ਟਰਪਤੀ ਹਿਓਗੋ ਸ਼ਾਵੇਜ਼ 2006 'ਚ 63 ਫ਼ੀ ਸਦੀ ਵੋਟਾਂ ਲੈ ਕੇ ਤੀਜੀ ਵਾਰ ਚੁਣਿਆ ਗਿਆ ਸੀ। ਬੁਸ਼ ਸਰਕਾਰ ਵਲੋਂ ਵੈਨਜ਼ੂਏਲਾ ਨੂੰ ਜਾਅਲੀ ਜਮਹੂਰੀਅਤ ਬਣਾ ਕੇ ਪੇਸ਼ ਕਰਨ ਦੀ ਪੂਰੀ ਵਾਹ ਲਾਉਣ ਦੇ ਬਾਵਜੂਦ ਉਸੇ ਸਾਲ ਇਕ ਸਰਵੇਖਣ ਨੇ ਨੋਟ ਕੀਤਾ ਕਿ 57 ਫ਼ੀ ਸਦੀ ਵੈਨਜ਼ੂਏਲਾ ਵਾਸੀ ਆਪਣੀ ਜਮਹੂਰੀਅਤ ਤੋਂ ਖੁਸ਼ ਸਨ। ਵੈਨਜ਼ੂਏਲਾ ਸਰਕਾਰ ਦੀ ਮਕਬੂਲੀਅਤ ਦੀ ਰੇਟਿੰਗ ਇਸ ਮਹਾਂਦੀਪ ਉੱਪਰ ਊਰੂਗੁਏ ਤੋਂ ਦੂਜੇ ਨੰਬਰ 'ਤੇ ਸੀ ਜਿੱਥੇ ਖੱਬੇਪੱਖੀ

ਗੱਠਜੋੜ ਦੀ ਪਾਰਟੀ ਫਰੈਂਟੇ ਐਂਪਲੀਓ ਦੀ ਸਰਕਾਰ ਬਣੀ ਸੀ ਅਤੇ ਜਿੱਥੇ ਰਾਇ-ਸ਼ੁਮਾਰੀਆਂ ਦੀ ਲੜੀ ਨੇ ਨਿੱਜੀਕਰਨ ਦੇ ਵੱਡੇ ਕਦਮ ਰੋਕ ਦਿੱਤੇ ਸਨ।[13] ਦੂਜੇ ਲਫ਼ਜ਼ਾਂ 'ਚ, ਜਿਨ੍ਹਾਂ ਦੋ ਲਾਤੀਨੀ ਅਮਰੀਕੀ ਰਾਜਾਂ 'ਚ ਵੋਟਾਂ ਦੇ ਸਿੱਟੇ ਵਜੋਂ ਵਾਸ਼ਿੰਗਟਨ ਦੀ ਆਮ-ਸਹਿਮਤੀ ਲਈ ਖ਼ਰੀ ਚੁਣੌਤੀ ਪੈਦਾ ਹੋ ਗਈ ਸੀ, ਉੱਥੇ ਨਾਗਰਿਕਾਂ ਨੇ ਆਪਣੀ ਜ਼ਿੰਦਗੀ 'ਚ ਸੁਧਾਰ ਲਿਆਉਣ ਲਈ ਜਮਹੂਰੀਅਤ ਦੀ ਤਾਕਤ 'ਚ ਭਰੋਸਾ ਮੁੜ-ਨਵਿਆਇਆ ਸੀ। ਇਸ ਉਤਸ਼ਾਹ ਦੇ ਐਨ ਉਲਟ, ਜਿਨ੍ਹਾਂ ਦੇਸ਼ਾਂ ਵਿਚ ਚੋਣ ਮੁਹਿੰਮਾਂ ਸਮੇਂ ਕੀਤੇ ਵਾਅਦਿਆਂ ਦੀ ਪ੍ਰਵਾਹ ਨਾ ਕਰਦਿਆਂ ਆਰਥਕ ਨੀਤੀਆਂ 'ਚ ਆਮ ਤੌਰ 'ਤੇ ਕੋਈ ਤਬਦੀਲੀ ਨਹੀਂ ਕੀਤੀ ਗਈ ਉੱਥੇ ਸਰਵੇਖਣ 'ਚ ਇਹ ਲਗਾਤਾਰ ਸਾਹਮਣੇ ਆ ਰਿਹਾ ਹੈ ਕਿ ਜਮਹੂਰੀਅਤ 'ਚ ਭਰੋਸੇ ਨੂੰ ਖ਼ੋਰਾ ਲੱਗਿਆ ਹੈ। ਇਸ ਦਾ ਇਜ਼ਹਾਰ ਚੋਣਾਂ ਦੇ ਡਾਵਾਂਡੋਲ ਨਤੀਜਿਆਂ, ਸਿਆਸਤਦਾਨਾਂ ਪ੍ਰਤੀ ਘੋਰ ਬੇਵਿਸ਼ਵਾਸੀ ਅਤੇ ਧਾਰਮਿਕ ਮੂਲਵਾਦ ਦੇ ਉਭਾਰ 'ਚ ਹੋਇਆ ਹੈ।

ਜਦੋਂ ਦੋ ਕੌਮੀ ਰਾਏ-ਸ਼ੁਮਾਰੀਆਂ 'ਚ ਯੂਰਪੀ ਸੰਵਿਧਾਨ ਰੱਦ ਕੀਤਾ ਗਿਆ, ਓਦੋਂ 2005 'ਚ ਯੂਰਪ ਅੰਦਰ ਖੁੱਲ੍ਹੀ ਮੰਡੀ ਵਾਲਿਆਂ ਅਤੇ ਆਜ਼ਾਦ ਲੋਕਾਂ ਵਿਚਾਲੇ ਹੋਰ ਝੜਪਾਂ ਹੋਈਆਂ। ਫਰਾਂਸ ਵਿਚ, ਇਸ ਦਸਤਾਵੇਜ਼ ਨੂੰ ਇਸ ਤਰ੍ਹਾਂ ਲਿਆ ਗਿਆ : ਇਹ ਕਾਰਪੋਰੇਟਸ਼ਾਹੀ ਦੇ ਫ਼ਰਮਾਨ ਨੂੰ ਸੰਵਿਧਾਨਕ ਨਿਯਮ ਬਣਾਉਣ ਦਾ ਅਮਲ ਹੈ। ਇਹ ਪਹਿਲੀ ਵਾਰ ਹੋਇਆ ਸੀ ਕਿ ਯੂਰਪ ਵਿਚ ਖੁੱਲ੍ਹੀ ਮੰਡੀ ਦੇ ਕਾਇਦੇ-ਕਾਨੂੰਨ ਲਾਗੂ ਕੀਤੇ ਜਾਣ ਬਾਰੇ ਨਾਗਰਿਕਾਂ ਦੀ ਸਿੱਧੀ ਰਾਇ ਲਈ ਗਈ ਸੀ, ਅਤੇ ਉਨ੍ਹਾਂ ਨੇ ਮੌਕਾ ਸਾਂਭ ਕੇ ਨਾਂਹ 'ਚ ਜਵਾਬ ਦਿੱਤਾ। ਪੈਰਿਸ ਰਹਿੰਦੇ ਲੇਖਕ ਅਤੇ ਕਾਰਕੁਨ ਸੂਜ਼ਨ ਜਾਰਜ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ, "ਲੋਕ ਸਚਮੁਚ ਨਹੀਂ ਸੀ ਜਾਣਦੇ ਕਿ ਪੂਰੇ ਯੂਰਪ ਦਾ ਨਿਚੋੜ ਇਕੋ ਦਸਤਾਵੇਜ਼ 'ਚ ਕਲਮਬੰਦ ਕੀਤਾ ਗਿਆ ਸੀ..... ਜਦੋਂ ਇਕੇਰਾਂ ਤੁਸੀਂ ਇਸ ਦੀਆਂ ਟੂਕਾਂ ਦੇਣੀਆਂ ਸ਼ੁਰੂ ਕਰਦੇ ਹੋ ਅਤੇ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਇਹ ਅਸਲ ਵਿਚ ਕੀ ਹੈ, ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਕਿਸ ਚੀਜ਼ ਨੂੰ ਸੰਵਿਧਾਨਕ ਰੂਪ ਦਿੱਤਾ ਜਾ ਰਿਹਾ ਹੈ ਜਿਸ ਨੂੰ ਨਾ ਤਾਂ ਬਦਲਿਆ ਜਾ ਸਕੇਗਾ ਅਤੇ ਨਾ ਕੋਈ ਸੋਧ ਕੀਤੀ ਜਾ ਸਕੇਗੀ, ਤਾਂ ਉਹ ਮੌਤ ਤੋਂ ਭੈਭੀਤ ਹੋ ਜਾਂਦੇ ਹਨ।"[14]

ਜਿਸ ਨੂੰ ਫਰਾਂਸੀਸੀ ਲੋਕ "ਜਾਹਲ ਸਰਮਾਏਦਾਰੀ" ਕਹਿੰਦੇ ਹਨ ਉਸ ਨੂੰ ਰੱਦ ਕਰਨ ਦਾ ਜ਼ਬਰਦਸਤ ਅਮਲ ਪਿਛਾਖੜੀ ਅਤੇ ਨਸਲਪ੍ਰਸਤ ਸ਼ਕਲਾਂ ਸਮੇਤ ਬਹੁਤ ਸਾਰੀਆਂ ਸ਼ਕਲਾਂ ਅਖ਼ਤਿਆਰ ਕਰਦਾ ਹੈ। ਅਮਰੀਕਾ ਵਿਚ, ਮੱਧ ਵਰਗ ਦੇ ਸੁੰਗੜਨ ਦੇ ਗੁੱਸੇ ਨੂੰ ਅਸਾਨੀ ਨਾਲ ਹੀ ਸਰਹੱਦ 'ਤੇ ਵਾੜ ਕਰਨ ਦੇ ਸੱਦੇ ਦੇਣ ਵੱਲ ਮੋੜ ਦਿੱਤਾ ਗਿਆ ਹੈ। ਸੀ ਐੱਨ ਐੱਨ ਉੱਪਰ ਲਾਓ ਡਾਬਸ "ਗ਼ੈਰਕਾਨੂੰਨੀ ਬਾਹਰਲੇ ਲੋਕਾਂ ਦੇ ਹਮਲੇ" ਵਿਰੁੱਧ ਰੋਜ਼ ਰਾਤ ਨੂੰ ਮੁਹਿੰਮ ਚਲਾਉਂਦਾ ਹੈ ਕਿ ਉਨ੍ਹਾਂ ਨੇ "ਅਮਰੀਕਾ ਦੇ ਮੱਧ ਵਰਗ ਵਿਰੁੱਧ" ਨੌਕਰੀਆਂ ਖੋਹਣ, ਜੁਰਮ ਫੈਲਾਉਣ ਅਤੇ ਨਾਲ ਹੀ "ਬਹੁਤ ਜ਼ਿਆਦਾ ਛੂਤ ਰੋਗ ਫੈਲਾਉਣ ਦੀ ਜੰਗ ਛੇੜੀ ਹੋਈ ਹੈ।"[15] (ਇਸ ਤਰ੍ਹਾਂ ਬਲੀ ਦੇ ਬੱਕਰੇ ਬਣਾਏ ਜਾਣ ਕਾਰਨ ਦੂਜੇ ਦੇਸ਼ਾਂ ਤੋਂ ਇੱਥੇ ਆ ਕੇ ਵਸੇ ਲੋਕਾਂ ਨੇ ਆਪਣੇ ਹੱਕਾਂ ਦੀ ਖ਼ਾਤਰ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ। 2006 ਦੇ ਮੁਜ਼ਾਹਰਿਆਂ 'ਚ ਦਸ ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਜੋ ਅਮਰੀਕੀ ਇਤਿਹਾਸ ਦੇ ਆਵਾਸੀ ਲੋਕਾਂ ਦੇ ਸਭ ਤੋਂ ਵੱਡੇ ਰੋਸ ਮੁਜ਼ਾਹਰੇ ਸਨ—ਇਹ ਆਰਥਕ ਸਦਮਿਆਂ ਵਲੋਂ ਲਈਆਂ ਜਾ ਰਹੀਆਂ ਜਾਨਾਂ ਦੇ ਮਾਹੌਲ ਅੰਦਰ ਦੁਬਾਰਾ ਨਿਡਰਤਾ ਦੇ ਉੱਭਰਨ ਦਾ ਪ੍ਰਤੀਕ ਸੀ।)

ਨੀਦਰਲੈਂਡ ਵਿਚ, ਇਮੀਗਰੇਸ਼ਨ ਵਿਰੋਧੀ ਪਾਰਟੀਆਂ ਨੇ ਯੂਰਪੀ ਸੰਵਿਧਾਨ ਬਾਰੇ ਰਾਇ-

ਸ਼ੁਮਾਰੀ ਨੂੰ ਇਸੇ ਤਰ੍ਹਾਂ ਅਗਵਾ ਕਰ ਲਿਆ ਸੀ। ਉਨ੍ਹਾਂ ਨੇ ਇਸ ਨੂੰ ਐਸੀ ਰਾਇ-ਸ਼ੁਮਾਰੀ ਬਣਾ ਦਿੱਤਾ ਜੋ ਕਾਰਪੋਰੇਟ ਨਿਜ਼ਾਮ ਨਾਲੋਂ ਪੱਛਮੀ ਯੂਰਪ ਵਿਚੋਂ ਹੜ੍ਹ ਵਾਂਗ ਆ ਰਹੇ ਪੋਲਿਸ਼ ਕਾਰੋਬਾਰੀ ਲੋਕਾਂ ਦੇ ਖ਼ਤਰੇ ਵਿਰੁੱਧ ਵੱਧ ਸੇਧਤ ਸੀ ਜਿਨ੍ਹਾਂ ਕਾਰਨ ਉਜਰਤਾਂ ਘਟ ਰਹੀਆਂ ਸਨ। ਫਰਾਂਸ ਅਤੇ ਜਰਮਨੀ ਦੀਆਂ ਰਾਇ-ਸ਼ੁਮਾਰੀਆਂ 'ਚ ਬਹੁਤ ਸਾਰੇ ਵੋਟਰਾਂ ਦੀ ਵੋਟ ਦੀ ਉਕਸਾਹਟ ਦਾ ਕਾਰਨ "ਪੋਲਿਸ਼ ਪਲੰਬਰਾਂ ਦਾ ਭੈਅ" ਜਾਂ ਯੂਰਪੀ ਯੂਨੀਅਨ ਦੇ ਸਾਬਕਾ ਕਮਿਸ਼ਨਰ ਪਾਸਕਲ ਲੈਮੀ ਦੇ ਲਫਜ਼ਾਂ 'ਚ "ਪਲੰਬਰ ਫੋਬੀਆ" ਸੀ।[16]

ਇਸੇ ਦੌਰਾਨ, ਪੋਲੈਂਡ ਵਿਚ ਜਿਨ੍ਹਾਂ ਨੀਤੀਆਂ ਨੇ ਨੱਬੇਵਿਆਂ 'ਚ ਐਨੇ ਜ਼ਿਆਦਾ ਲੋਕਾਂ ਨੂੰ ਕੰਗਾਲ ਕਰ ਦਿੱਤਾ ਸੀ, ਉਨ੍ਹਾਂ ਵਿਰੁੱਧ ਪ੍ਰਤੀਕਰਮ ਨੇ ਆਪਣੀ ਹੀ ਤਰ੍ਹਾਂ ਦੇ ਪ੍ਰੇਸ਼ਾਨ ਕਰਨ ਵਾਲੇ ਡਰ ਫੈਲਾਏ ਹਨ। ਜਦੋਂ ਸਾਲੀਡੈਰਿਟੀ ਲਹਿਰ ਗ਼ੱਦਾਰੀ ਕਰ ਗਈ ਤਾਂ ਬਹੁਤ ਸਾਰੇ ਪੋਲਿਸ਼ ਲੋਕ ਨਵੀਂਆਂ ਜਥੇਬੰਦੀਆਂ ਵੱਲ ਹੋ ਤੁਰੇ। ਅੰਤ ਸਿਰੇ ਦੀ ਰੂੜ੍ਹੀਵਾਦੀ ਲਾਅ ਐਂਡ ਜਸਟਿਸ ਪਾਰਟੀ ਸੱਤਾ ਵਿਚ ਆ ਗਈ। ਹੁਣ ਪੋਲੈਂਡ ਵਿਚ ਸਾਲੀਡੈਰਿਟੀ ਤੋਂ ਅੱਡ ਹੋਏ ਕਾਰਕੁਨ ਲੇਖ ਕੋਜ਼ਿੰਸਕੀ ਦਾ ਰਾਜ ਹੈ। ਜਦੋਂ ਉਹ ਵਾਰਸਾ ਦਾ ਮੇਅਰ ਸੀ ਓਦੋਂ ਉਸ ਨੇ ਸਮਲਿੰਗੀ ਲੋਕਾਂ ਦੇ ਗੌਰਵ ਦਿਵਸ ਉੱਪਰ ਪਾਬੰਦੀ ਲਾ ਕੇ ਅਤੇ "ਪ੍ਰਚਲਤ ਸਮਾਜਿਕ ਰਿਸ਼ਤਿਆਂ ਦੇ ਧਾਰਨੀ ਲੋਕਾਂ ਦੇ ਮਾਣ ਦਿਵਸ" ਦੇ ਸਮਾਗਮ 'ਚ ਸ਼ਾਮਲ ਹੋ ਕੇ ਨਾਮਣਾ ਖੱਟਿਆ ਸੀ।• ਕੋਜ਼ਿੰਸਕੀ ਅਤੇ ਉਸ ਦੇ ਜੌੜੇ ਭਰਾ ਜਾਰੋਸਲਾ (ਜੋ ਹੁਣ ਪ੍ਰਧਾਨ ਮੰਤਰੀ ਹੈ) ਦੀ 2003 ਦੀਆਂ ਚੋਣਾਂ ਵਿਚ ਜਿੱਤ ਇਨ੍ਹਾਂ ਵਲੋਂ ਚਲਾਈ ਹਮਲਾਵਰ ਲੱਫਾਜ਼ੀ ਵਾਲੀ ਮੁਹਿੰਮ ਦੀ ਬਦੌਲਤ ਹੋਈ ਸੀ ਜੋ ਸ਼ਿਕਾਗੋ ਸਕੂਲ ਦੀਆਂ ਨੀਤੀਆਂ ਵਿਰੁੱਧ ਸੇਧਤ ਸੀ। ਉਨ੍ਹਾਂ ਦੇ ਮੁੱਖ ਵਿਰੋਧੀ ਜਨਤਕ ਪੈਨਸ਼ਨ ਪ੍ਰਣਾਲੀ ਖ਼ਤਮ ਕਰਨ ਅਤੇ 15 ਫ਼ੀ ਸਦੀ ਸਿੱਧਾ ਟੈਕਸ ਲਾਉਣ ਦਾ ਵਾਅਦਾ ਕਰ ਰਹੇ ਸਨ—ਦੋਵੇਂ ਮੁੱਦੇ ਸਿੱਧੇ ਫਰਾਇਡਮੈਨ ਦੀ ਯੁੱਧਨੀਤੀ ਵਿਚੋਂ ਲਏ ਗਏ ਸਨ। ਜੌੜੇ ਭਰਾਵਾਂ ਨੇ ਦਰਸਾਇਆ ਕਿ ਇਹ ਨੀਤੀਆਂ ਗਰੀਬਾਂ ਦੇ ਢਿੱਡ ਵਿਚ ਲੱਤ ਮਾਰ ਕੇ ਵੱਡੇ ਸਰਮਾਏਦਾਰਾਂ ਅਤੇ ਧੱਕੜ ਸਿਆਸਤਦਾਨਾਂ ਦੇ ਗੱਠਜੋੜ ਦੀਆਂ ਤਿਜੌਰੀਆਂ ਭਰਨਗੀਆਂ। ਪਰ ਜਦੋਂ ਲਾਅ ਐਂਡ ਜਸਟਿਸ ਪਾਰਟੀ ਸੱਤਾ 'ਚ ਆਈ, ਇਸ ਨੇ ਐਸੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੂੰ ਫੁੰਡਣਾ ਵੱਧ ਸੁਖ਼ਾਲਾ ਸੀ ਜਿਵੇਂ ਸਮਲਿੰਗੀ, ਯਹੂਦੀ, ਨਾਰੀਵਾਦੀ, ਬਦੇਸ਼ੀ ਕਮਿਊਨਿਸਟ ਆਦਿ। ਜਿਵੇਂ ਇਕ ਪੋਲਿਸ਼ ਅਖ਼ਬਾਰ ਦੇ ਸੰਪਾਦਕ ਨੇ ਲਿਖਿਆ, "ਉਨ੍ਹਾਂ ਦਾ ਪ੍ਰਾਜੈਕਟ ਬਿਲਕੁਲ ਉਹੀ ਹੈ ਜਿਸ ਦਾ ਦੋਸ਼ ਬੀਤੇ ਸਤਾਰਾਂ ਵਰ੍ਹਿਆਂ ਤੋਂ ਉਹ ਆਪ ਲਾਉਂਦੇ ਰਹੇ ਹਨ।"[17]

ਰੂਸ ਦੇ ਪੁਤਿਨ ਦੌਰ ਨੂੰ ਵੀ ਬਹੁਤ ਸਾਰੇ ਲੋਕ ਸਦਮਾ ਇਲਾਜ ਯੁੱਗ ਵਿਰੁੱਧ ਇਹੋ ਜਹੇ ਜ਼ਬਰਦਸਤ ਪ੍ਰਤੀਕਰਮ ਵਜੋਂ ਹੀ ਦੇਖ ਰਹੇ ਹਨ। ਕਰੋੜਾਂ ਕੰਗਾਲ ਹੋਏ ਨਾਗਰਿਕ ਹਾਲੇ ਵੀ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਤੋਂ ਬਾਹਰ ਧੱਕੇ ਹੋਏ ਹਨ। ਇਸ ਕਾਰਨ, ਸਿਆਸਤਦਾਨਾਂ ਲਈ ਨੱਬੇਵਿਆਂ ਦੇ ਸ਼ੁਰੂ ਦੀਆਂ ਘਟਨਾਵਾਂ ਬਾਰੇ ਜਨਤਾ ਦੇ ਜਜ਼ਬਾਤਾਂ ਨੂੰ ਭੜਕਾਉਣਾ ਮੁਸ਼ਕਲ ਨਹੀਂ ਹੈ, ਇਨ੍ਹਾਂ ਘਟਨਾਵਾਂ ਨੂੰ ਅਕਸਰ ਹੀ ਸੋਵੀਅਤ ਸਲਤਨਤ ਨੂੰ ਝੁਕਾਉਣ ਅਤੇ ਰੂਸ ਨੂੰ "ਬਦੇਸ਼ੀ ਪ੍ਰਸ਼ਾਸਨ" ਦੇ ਅਧੀਨ ਕਰਨ ਦੀ ਬਦੇਸ਼ੀ ਸਾਜ਼ਿਸ਼ ਵਜੋਂ ਪੇਸ਼ ਕੀਤਾ ਜਾਂਦਾ ਹੈ।[18] ਇਸ ਤੱਥ ਦੇ ਬਾਵਜੂਦ ਕਿ ਅਨੇਕ ਮਾਲੀ ਜੁੰਡੀਦਾਰਾਂ ਵਿਰੁੱਧ ਪੁਤਿਨ ਦੀਆਂ ਕਾਨੂੰਨੀ ਮੁਹਿੰਮਾਂ ਜ਼ਿਆਦਾਤਰ

• ਇਹ ਤੁਅੱਸਬ ਪੋਲੈਂਡ ਵਿਚ ਜੱਗੋਂ ਤੇਰਵਾਂ ਨਹੀਂ ਹੈ। ਮਾਰਚ 2007 'ਚ, ਲੰਦਨ ਦੇ ਮੇਅਰ ਕੇਨ ਲਿਵਿੰਗਸਟੋਨ ਨੇ "ਪੂਰਬੀ ਯੂਰਪ 'ਚ ਸਮਲਿੰਗੀ ਔਰਤਾਂ ਅਤੇ ਸਮਲਿੰਗੀ ਮਰਦਾਂ ਨੂੰ ਦਿੱਤੇ ਜਾ ਰਹੇ ਹੱਕਾਂ ਵਿਰੁੱਧ ਉੱਠ ਰਹੇ ਰੋਹ" ਦੇ ਖ਼ਤਰੇ ਦੀ ਚੇਤਾਵਨੀ ਦਿੱਤੀ ਸੀ।

ਸੰਕੇਤਕ ਹੀ ਸਨ—ਕਰੈਮਲਿਨ ਦੇ ਚਾਰ-ਚੁਫੇਰੇ "ਰਾਜਕੀ ਮਾਲੀ ਜੁੰਡਲੀਆਂ" ਦੀ ਨਵੀਂ ਨਸਲ ਉੱਭਰ ਆਈ ਹੈ—ਨੱਬੇਵਿਆਂ ਦੇ ਘੜਮੱਸ ਨੂੰ ਚੇਤੇ ਕਰਕੇ ਬਹੁਤ ਸਾਰੇ ਰੂਸੀ ਪੁਤਿਨ ਦੇ ਰਿਣੀ ਹਨ ਕਿ ਉਸ ਨੇ ਅਮਨ-ਕਾਨੂੰਨ ਮੁੜ ਬਹਾਲ ਕੀਤਾ ਹੈ। ਹਾਲਾਂਕਿ ਪੱਤਰਕਾਰਾਂ ਅਤੇ ਹੋਰ ਆਲੋਚਕਾ ਦੀਆਂ ਰਹੱਸਮਈ ਮੌਤਾਂ ਦੀ ਗਿਣਤੀ ਵਧਦੀ ਜਾ ਰਹੀ ਹੈ ; ਅਤੇ ਖ਼ੁਫ਼ੀਆ ਪੁਲਿਸ ਪੂਰੀ ਤਰ੍ਹਾਂ ਬੇਖੌਫ਼ ਹੋ ਕੇ ਕਾਰਵਾਈਆਂ ਕਰ ਰਹੀ ਹੈ।

ਸਮਾਜਵਾਦ ਦੇ ਨਾਂ 'ਤੇ ਦਹਾਕਿਆਂ ਬੱਧੀ ਢਾਏ ਵਹਿਸ਼ੀ ਜ਼ੁਲਮਾਂ ਦਾ ਨਾਂ ਅਜੇ ਤੱਕ ਵੀ ਸਮਾਜਵਾਦ ਦੇ ਨਾਲ ਡੂੰਘੇ ਰੂਪ 'ਚ ਜੁੜਿਆ ਹੋਇਆ ਹੈ। ਇਸ ਕਾਰਨ, ਕੌਮਵਾਦ ਅਤੇ ਰੂੜ੍ਹੀਵਾਦ-ਫਾਸ਼ੀਵਾਦ ਨੂੰ ਛੱਡ ਕੇ ਜਨਤਕ ਰੋਹ ਦੇ ਪ੍ਰਗਟਾਵੇ ਦੇ ਢੰਗ ਬਹੁਤ ਥੋੜ੍ਹੇ ਰਹਿ ਜਾਂਦੇ ਹਨ। ਨਸਲੀ ਹਿੰਸਾ ਦੀਆਂ ਘਟਨਾਵਾਂ 'ਚ ਆਏ ਸਾਲ 30 ਫ਼ੀ ਸਦੀ ਵਾਧਾ ਹੋਇਆ ਹੈ ਅਤੇ 2006 'ਚ ਤਕਰੀਬਨ ਰੋਜ਼ ਹੀ ਇਨ੍ਹਾਂ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ। "ਰੂਸ ਰੂਸੀ ਲੋਕਾਂ ਦਾ" ਇਸ ਨਾਅਰੇ ਦੀ ਹਮਾਇਤ 60 ਫ਼ੀ ਸਦੀ ਦੇ ਕਰੀਬ ਵਸੋਂ ਨੇ ਕੀਤੀ ਹੈ।[19] ਫਾਸ਼ੀਵਾਦ ਵਿਰੋਧੀ ਕਾਰਕੁਨ ਯੂਰੀ ਵਦੋਵਿਨ ਦਾ ਕਹਿਣਾ ਸੀ, "ਹੁਕਮਰਾਨ ਭਲੀਭਾਂਤ ਜਾਣਦੇ ਹਨ ਕਿ ਉਨ੍ਹਾਂ ਦੀ ਸਮਾਜਿਕ ਅਤੇ ਆਰਥਕ ਨੀਤੀ 'ਚ ਬਹੁ-ਗਿਣਤੀ ਵਸੋਂ ਨੂੰ ਜਿਊਣ ਦੇ ਕਾਬਲ ਹਾਲਾਤ ਮੁਹੱਈਆ ਕਰਨ ਪੱਖੋਂ ਬਹੁਤ ਹੀ ਕਮੀਆਂ ਹਨ।" ਫੇਰ ਵੀ "ਹਰ ਤਰ੍ਹਾਂ ਦੀ ਅਸਫ਼ਲਤਾ ਦਾ ਦੋਸ਼ ਗ਼ਲਤ ਧਰਮ, ਗ਼ਲਤ ਰੰਗ ਜਾਂ ਵੱਖਰੇ ਨਸਲੀ-ਸੱਭਿਆਚਾਰਕ ਪਿਛੋਕੜ ਵਾਲੇ ਲੋਕਾਂ ਦੀ ਮੌਜੂਦਗੀ ਸਿਰ ਮੜ੍ਹ ਦਿੱਤਾ ਜਾਂਦਾ ਹੈ।"[20]

ਇਹ ਇਕ ਤਲਖ਼ ਵਿਅੰਗ ਹੈ ਕਿ ਜਦੋਂ ਰੂਸ ਅਤੇ ਪੂਰਬੀ ਯੂਰਪ ਵਿਚ ਸਦਮਾ ਇਲਾਜ ਲਾਗੂ ਕਰਨ ਦਾ ਮਸ਼ਵਰਾ ਦਿੱਤਾ ਗਿਆ, ਇਸ ਦੇ ਦੁਖਦਾਈ ਪ੍ਰਭਾਵਾਂ ਨੂੰ ਅਕਸਰ ਹੀ ਇਸ ਤਰ੍ਹਾਂ ਜਾਇਜ਼ ਠਹਿਰਾਇਆ ਜਾਂਦਾ ਸੀ ਕਿ ਇਹ ਹੀ ਵੇਮਰ ਜਰਮਨੀ• ਦੇ ਹਾਲਾਤ ਨੂੰ ਮੁੜ ਵਾਪਰਨ ਤੋਂ ਰੋਕਣ ਦਾ ਇਕੋ ਇਕ ਢੰਗ ਹੈ ਜਿਨ੍ਹਾਂ ਦਾ ਸਿੱਟਾ ਨਾਜ਼ੀਵਾਦ ਦੇ ਉੱਭਰਨ 'ਚ ਨਿਕਲਿਆ ਸੀ। ਖੁੱਲ੍ਹੀ ਮੰਡੀ ਦੇ ਸਿਧਾਂਤਕਾਰਾਂ ਵਲੋਂ ਕਰੋੜਾਂ ਲੋਕਾਂ ਨੂੰ ਉਂਞ ਹੀ ਪਰ੍ਹਾਂ ਧੱਕ ਦਿੱਤੇ ਜਾਣ ਨਾਲ ਓਹੋ ਜਹੇ ਭਿਆਨਕ ਵਿਸਫੋਟਕ ਹਾਲਾਤ ਮੁੜ ਬਣ ਗਏ ਸਨ : ਆਪਣੇ ਉੱਪਰ ਮਾਣ ਕਰਨ ਵਾਲੀ ਵਸੋਂ ਜੋ ਬਦੇਸ਼ੀ ਤਾਕਤਾਂ ਹੱਥੋਂ ਜ਼ਲੀਲ ਮਹਿਸੂਸ ਕਰਦੀ ਹੈ, ਉਹ ਆਪਣੇ ਦੇਸ਼ਾਂ ਵਿਚਲੇ ਸਭ ਤੋਂ ਨਿਤਾਣੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਆਪਣਾ ਕੌਮੀ ਗੌਰਵ ਮੁੜ ਹਾਸਲ ਕਰਨਾ ਲੋਚ ਰਹੀ ਹੈ।

ਸ਼ਿਕਾਗੋ ਸਕੂਲ ਦੀ ਮੁੱਢਲੀ ਪ੍ਰਯੋਗਸ਼ਾਲਾ ਲਾਤੀਨੀ ਅਮਰੀਕਾ ਵਿਚ, ਮੋੜਵੇਂ ਪ੍ਰਤੀਕਰਮ ਨੇ ਉੱਘੜਵੇਂ ਤੌਰ 'ਤੇ ਵੱਧ ਆਸ਼ਾਜਨਕ ਸ਼ਕਲ ਅਖ਼ਤਿਆਰ ਕੀਤੀ ਹੈ। ਇਹ ਕਮਜ਼ੋਰ ਜਾਂ ਨਿਤਾਣੇ ਲੋਕਾਂ ਵਿਰੁੱਧ ਨਹੀਂ ਸਗੋਂ ਸਿੱਧੇ ਤੌਰ 'ਤੇ ਉਸ ਵਿਚਾਰਧਾਰਾ ਵੱਲ ਸੇਧਤ ਹੈ ਜੋ ਲੋਕਾਂ ਨੂੰ ਆਰਥਕ ਪੱਖ ਤੋਂ ਛੇਕ ਦੇਣ ਦੇ ਅਮਲ ਦੀ ਜੜ੍ਹ ਹੈ। ਰੂਸ ਅਤੇ ਪੂਰਬੀ ਯੂਰਪ ਦੀ ਹਾਲਤ ਦੇ ਉਲਟ, ਇੱਥੇ ਉਨ੍ਹਾਂ ਵਿਚਾਰਾਂ ਨੂੰ ਅਜ਼ਮਾ ਕੇ ਵੇਖਣ ਦਾ ਬੇਰੋਕ ਉਤਸ਼ਾਹ ਮੌਜੂਦ ਹੈ ਜਿਨ੍ਹਾਂ ਨੂੰ ਬੀਤੇ ਸਮੇਂ 'ਚ ਢਾਹ ਲੱਗੀ ਸੀ।

• ਵੇਮਰ ਗਣਰਾਜ ਇਤਿਹਾਸਕਾਰਾਂ ਵਲੋਂ ਉਸ ਪਾਰਲੀਮੈਂਟਰੀ ਗਣਰਾਜ ਨੂੰ ਦਿੱਤਾ ਗਿਆ ਨਾਂ ਹੈ ਜੋ 9 ਨਵੰਬਰ 1919 'ਚ ਜਰਮਨੀ ਅੰਦਰ ਸ਼ਾਹੀ ਰਾਜ ਦੀ ਥਾਂ ਸਥਾਪਤ ਕੀਤਾ ਗਿਆ ਸੀ। ਇਸ ਦਾ ਨਾਂ ਵੇਮਰ ਸ਼ਹਿਰ ਦੇ ਨਾਂ 'ਤੇ ਪ੍ਰਚਲਤ ਹੋਇਆ ਜਿੱਥੇ ਸੰਵਿਧਾਨ ਘੜਨੀ ਸਭਾ ਆਯੋਜਤ ਹੋਈ ਸੀ।—ਅਨੁਵਾਦਕ

ਬੁਸ਼ ਸਰਕਾਰ ਦੇ ਇਸ ਦਾਅਵੇ ਦੇ ਬਾਵਜੂਦ ਕਿ ਵੀਹਵੀਂ ਸਦੀ ਦਾ ਅੰਤ ਸਮਾਜਵਾਦ ਦੇ ਸਾਰੇ ਰੂਪਾਂ ਉੱਪਰ ਖੁੱਲ੍ਹੀ ਮੰਡੀ ਦੀ "ਫ਼ੈਸਲਾਕੁਨ ਜਿੱਤ" ਨਾਲ ਹੋਇਆ, ਬਹੁਤ ਸਾਰੇ ਲਾਤੀਨੀ ਅਮਰੀਕੀ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੂਰਬੀ ਯੂਰਪ ਅਤੇ ਏਸ਼ੀਆ ਦੇ ਹਿੱਸਿਆਂ ਵਿਚ ਜੋ ਫੇਲ੍ਹ ਹੋਇਆ ਉਹ ਆਪਾਸ਼ਾਹ ਕਮਿਊਨਿਜ਼ਮ ਸੀ। ਜਮਹੂਰੀ ਸਮਾਜਵਾਦ, ਭਾਵ ਨਾ ਸਿਰਫ਼ ਸਮਾਜਵਾਦੀ ਪਾਰਟੀਆਂ ਨੂੰ ਚੋਣਾਂ ਰਾਹੀਂ ਸੱਤਾ 'ਚ ਲਿਆਉਣਾ ਸਗੋਂ ਕੰਮ ਦੀਆਂ ਥਾਵਾਂ ਅਤੇ ਜ਼ਮੀਨੀ ਜੋਤਾਂ ਦਾ ਸੰਚਾਲਨ ਵੀ ਜਮਹੂਰੀ ਤਰੀਕੇ ਨਾਲ ਕਰਨਾ, ਕਈ ਖਿੱਤਿਆਂ 'ਚ ਕੰਮ ਕਰ ਚੁੱਕਾ ਹੈ, ਸਕੈਂਡੇਨੇਵੀਆ ਤੋਂ ਲੈ ਕੇ ਇਟਲੀ ਦੇ ਐਮੀਲੀਆ-ਰੋਮੈਗਨਾ ਖੇਤਰ 'ਚ ਪ੍ਰਫੁੱਲਤ ਹੋ ਰਹੀ ਅਤੇ ਇਤਿਹਾਸਕ ਸਾਂਝੀ ਆਰਥਿਕਤਾ ਤੱਕ। ਜਮਹੂਰੀਅਤ ਅਤੇ ਸਮਾਜਵਾਦ ਦੇ ਸੁਮੇਲ ਦਾ ਇਹੀ ਰੂਪਾਂਤਰ ਸੀ ਜਿਸ ਨੂੰ ਅਲੈਂਡੇ 1970-73 ਦਰਮਿਆਨ ਚਿੱਲੀ 'ਚ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਗੋਰਬਾਚੇਵ ਦੀ ਦ੍ਰਿਸ਼ਟੀ ਸੋਵੀਅਤ ਯੂਨੀਅਨ ਨੂੰ ਸਕੈਂਡੀਨੇਵੀਆਈ ਨਮੂਨੇ ਦੇ ਅਧਾਰ 'ਤੇ ਸੋਵੀਅਤ ਯੂਨੀਅਨ ਨੂੰ ਇਕ "ਸਮਾਜਵਾਦੀ ਚਾਨਣ ਮੁਨਾਰੇ" 'ਚ ਬਦਲਣ ਦੀ ਸੀ, ਹਾਲਾਂਕਿ ਇਹ ਘੱਟ ਤਿੱਖਾ ਸੀ। ਦੱਖਣੀ ਅਫ਼ਰੀਕਾ ਦਾ ਆਜ਼ਾਦੀ ਚਾਰਟਰ, ਜਿਹੜਾ ਸੁਪਨਾ ਇਸ ਲੰਮੇ ਮੁਕਤੀ ਸੰਗਰਾਮ 'ਚ ਲਗਾਤਾਰ ਉਤਸ਼ਾਹ ਦਾ ਸੋਮਾ ਬਣਿਆ ਰਿਹਾ, ਵੀ ਇਸੇ ਤੀਜੇ ਰਾਹ ਦਾ ਰੂਪਾਂਤਰ ਸੀ। ਭਾਵ ਰਾਜਕੀ ਕਮਿਊਨਿਜ਼ਮ ਨਹੀਂ, ਸਗੋਂ ਬੈਂਕਾਂ ਅਤੇ ਖਾਣਾਂ ਦੇ ਕੌਮੀਕਰਨ ਦੇ ਨਾਲੋ-ਨਾਲ ਮੰਡੀਆਂ ਦੀ ਹੋਂਦ, ਇਨ੍ਹਾਂ ਤੋਂ ਆਮਦਨੀ ਦੀ ਵਰਤੋਂ ਚੋਖੇ ਘਰ ਅਤੇ ਵਧੀਆ ਸਕੂਲ ਬਣਾਉਣ ਲਈ ਕਰਨ ਦਾ ਮਾਡਲ—ਆਰਥਕ ਦੇ ਨਾਲ-ਨਾਲ ਸਿਆਸੀ ਜਮਹੂਰੀਅਤ। ਜਿਨ੍ਹਾਂ ਮਜ਼ਦੂਰਾਂ ਨੇ 1980 ਵਿਚ ਸਾਲੀਡੈਰਿਟੀ ਦੀ ਸਥਾਪਨਾ ਕੀਤੀ ਸੀ, ਉਨ੍ਹਾਂ ਨੇ ਹਲਫ਼ ਸਮਾਜਵਾਦ ਦਾ ਵਿਰੋਧ ਕਰਨ ਦਾ ਨਹੀਂ ਸਗੋਂ ਇਸ ਲਈ ਕੰਮ ਕਰਨ ਦਾ ਲਿਆ ਸੀ। ਜਿਸ ਤਹਿਤ ਮਜ਼ਦੂਰ ਅੰਤ ਸੱਤਾ 'ਚ ਆ ਕੇ ਆਪਣੀਆਂ ਕੰਮ ਦੀਆਂ ਥਾਵਾਂ ਅਤੇ ਦੇਸ਼ ਦੇ ਰਾਜ ਭਾਗ ਨੂੰ ਜਮਹੂਰੀ ਢੰਗ ਨਾਲ ਚਲਾਉਣਗੇ।

ਨਵ-ਉਦਾਰਵਾਦੀ ਦੌਰ ਦਾ ਘ੍ਰਿਣਤ ਭੇਤ ਇਹ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਕਦੇ ਵੀ ਵਿਚਾਰਾਂ ਦੀ ਮਹਾਨ ਜੱਦੋਜਹਿਦ ਰਾਹੀਂ ਹਰਾਇਆ ਨਹੀਂ ਗਿਆ, ਨਾ ਹੀ ਚੋਣਾਂ ਨੇ ਕਦੇ ਇਨ੍ਹਾਂ ਦੇ ਹੱਕ 'ਚ ਫਤਵਾ ਦਿੱਤਾ ਸੀ। ਇਹ ਤਾਂ ਅਹਿਮ ਸਿਆਸੀ ਮੌਕਾ-ਮੇਲ ਉੱਪਰ ਪ੍ਰਵਾਨਤ ਢੰਗ-ਤਰੀਕਿਆਂ ਦੀ ਉਲੰਘਣਾ ਕਰਕੇ ਥੋਪੇ ਗਏ ਸਨ। ਜਿੱਥੇ ਇਨ੍ਹਾਂ ਦਾ ਜ਼ਬਰਦਸਤ ਵਿਰੋਧ ਹੋਇਆ, ਉੱਥੇ ਪਿਨੋਚੇ, ਯੇਲਤਸਿਨ ਅਤੇ ਡੈਂਗ ਸਿਆਓ ਪਿੰਗ ਵਰਗਿਆਂ ਨੇ ਟੈਂਕ ਚਾੜ੍ਹ ਕੇ ਸ਼ਰੇਆਮ ਹਿੰਸਾ ਰਾਹੀਂ ਵਿਰੋਧ ਨੂੰ ਕੁਚਲ ਦਿੱਤਾ। ਬਾਕੀ ਮੌਕਿਆਂ 'ਤੇ ਵਿਰੋਧ ਦੀ ਲਹਿਰ ਨਾਲ ਉਸ ਸਿਆਸਤ ਨੇ ਗ਼ੱਦਾਰੀ ਕੀਤੀ ਜਿਸਨੂੰ ਜੌਹਨ ਵਿਲੀਅਮਸਨ ਨੇ "ਭਰਮਾਊ ਸਿਆਸਤ" ਦਾ ਨਾਂ ਦਿੱਤਾ ਸੀ : ਜਿਵੇਂ ਬੋਲੀਵੀਆ ਦੇ ਰਾਸ਼ਟਰਪਤੀ ਵਿਕਟਰ ਪਾਜ਼ ਇਸਤੈਨਸੋਰੋ ਵਲੋਂ ਚੁਣੇ ਜਾਣ ਤੋਂ ਬਾਅਦ ਖੁਫ਼ੀਆ ਅਰਥਸ਼ਾਸਤਰੀ ਟੀਮਾਂ ਬਣਾਉਣਾ (ਅਤੇ ਯੂਨੀਅਨ ਆਗੂਆਂ ਨੂੰ ਜਨਤਕ ਪੱਧਰ 'ਤੇ ਅਗਵਾ ਕੀਤਾ ਜਾਣਾ); ਥਾਬੋ ਮਬੇਕੀ ਦੇ ਪੂਰੀ ਤਰ੍ਹਾਂ ਗੁਪਤ ਆਰਥਕ ਪ੍ਰੋਗਰਾਮ ਦੇ ਹੱਕ 'ਚ ਏ ਐੱਨ ਸੀ ਵਲੋਂ ਗੁਪਤ ਸੌਦੇਬਾਜ਼ੀ ਕਰਕੇ ਆਜ਼ਾਦੀ ਚਾਰਟਰ ਨੂੰ ਤਿਲਾਂਜਲੀ ਦੇਣਾ; ਚੋਣਾਂ ਤੋਂ ਬਾਅਦ ਹੰਭੇ ਹੋਏ ਸਾਲੀਡੈਰਿਟੀ ਵਾਲਿਆਂ ਵਲੋਂ ਵਿਤੀ ਸਹਾਇਤਾ ਲੈਣ ਖ਼ਾਤਰ ਆਰਥਕ ਸਦਮਾ ਇਲਾਜ ਦੇ ਢਹੇ ਚੜ੍ਹ ਜਾਣਾ। ਆਰਥਕ ਬਰਾਬਰੀ ਦਾ ਸੁਪਨਾ ਬਹੁਤ ਹੀ ਹਰਮਨਪਿਆਰਾ ਸੀ ਅਤੇ ਸਿੱਧੀ ਲੜਾਈ 'ਚ ਇਸ ਨੂੰ ਮਾਤ ਦੇਣਾ ਔਖਾ ਸੀ, ਇਸ ਨੂੰ ਮੁੱਖ ਰੱਖ ਕੇ ਹੀ ਸਦਮਾ ਸਿਧਾਂਤ ਅਪਣਾਇਆ ਗਿਆ ਸੀ।

ਵਾਸ਼ਿੰਗਟਨ ਤਾਨਾਸ਼ਾਹ ਕਮਿਊਨਿਜ਼ਮ ਨਾਲੋਂ ਜਮਹੂਰੀ ਸਮਾਜਵਾਦ ਨੂੰ ਸਦਾ ਵੱਡਾ ਖ਼ਤਰਾ ਮੰਨਦਾ ਰਿਹਾ ਹੈ। ਤਾਨਾਸ਼ਾਹ ਕਮਿਊਨਿਜ਼ਮ ਨੂੰ ਭੰਡਣਾ ਅਤੇ ਦੁਸ਼ਮਣ ਗਰਦਾਨਣਾ ਸੁਖਾਲਾ ਸੀ। ਸੱਠਵਿਆਂ ਅਤੇ ਸੱਤਰਵਿਆਂ 'ਚ, ਵਿਕਾਸਵਾਦ ਅਤੇ ਜਮਹੂਰੀ ਸਮਾਜਵਾਦ ਦੀ ਹਰਮਨਪਿਆਰਤਾ ਮੁਸ਼ਕਲ ਪੈਦਾ ਕਰ ਰਹੀ ਸੀ। ਇਸ ਨਾਲ ਨਜਿੱਠਣ ਲਈ ਜਿਸ ਦਾਅਪੇਚ ਦਾ ਸਹਾਰਾ ਲਿਆ ਗਿਆ ਉਹ ਸੀ ਇਨ੍ਹਾਂ ਦੀ ਤੁਲਨਾ ਸਟਾਲਿਨਵਾਦ ਨਾਲ ਕਰਨਾ, ਇਨ੍ਹਾਂ ਦੇ ਸੰਸਾਰ ਨਜ਼ਰੀਏ ਵਿਚਲੇ ਸਪਸ਼ਟ ਫ਼ਰਕਾਂ ਨੂੰ ਜਾਣ-ਬੁੱਝ ਕੇ ਗੰਧਲਾਉਣਾ। (ਅੱਜ ਇਹੀ ਭੂਮਿਕਾ ਸਭਨਾਂ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਦਹਿਸ਼ਤਵਾਦ ਨਾਲ ਰਲਗੱਡ ਕੀਤੇ ਜਾਣਾ ਨਿਭਾ ਰਿਹਾ ਹੈ।) ਇਸ ਯੁੱਧਨੀਤੀ ਦੀ ਉੱਘੜਵੀਂ ਮਿਸਾਲ ਸ਼ਿਕਾਗੋ ਸਕੂਲ ਦੇ ਜਹਾਦ ਦੇ ਮੁੱਢਲੇ ਸਮਿਆਂ ਦੀ ਹੈ, ਜੋ ਚਿੱਲੀ ਬਾਰੇ ਜਨਤਕ ਕੀਤੇ ਜਾ ਚੁੱਕੇ ਦਸਤਾਵੇਜ਼ਾਂ ਵਿਚ ਭਰਵੇਂ ਰੂਪ 'ਚ ਦਰਜ਼ ਹੈ। ਅਲੈਂਡੇ ਨੂੰ ਸੋਵੀਅਤ ਤਰਜ਼ ਦਾ ਤਾਨਾਸ਼ਾਹ ਬਣਾ ਕੇ ਪੇਸ਼ ਕਰਨ ਦੀ ਪ੍ਰਚਾਰ ਮੁਹਿੰਮ ਦਾ ਸਾਰਾ ਖ਼ਰਚਾ ਸੀ ਆਈ ਏ ਕਰਦੀ ਸੀ। ਇਸ ਦੇ ਬਾਵਜੂਦ ਚੋਣਾਂ ਵਿਚ ਅਲੈਂਡੇ ਦੇ ਜਿੱਤ ਜਾਣ ਬਾਰੇ ਵਾਸ਼ਿੰਗਟਨ ਦੇ ਅਸਲ ਫ਼ਿਕਰ ਹੈਨਰੀ ਕਸਿੰਜਰ ਵਲੋਂ 1970 ਵਿਚ ਨਿਕਸਨ ਨੂੰ ਭੇਜੀ ਰਿਪੋਰਟ ਵਿਚ ਦਰਸਾਏ ਗਏ ਸਨ : "ਚਿੱਲੀ ਵਿਚ ਕਾਮਯਾਬੀ ਨਾਲ ਚੁਣੀ ਗਈ ਮਾਰਕਸਵਾਦੀ ਸਰਕਾਰ ਦੀ ਮਿਸਾਲ ਦਾ ਦੁਨੀਆਂ ਦੇ ਹੋਰ ਹਿੱਸਿਆਂ 'ਚ ਲਾਜ਼ਮੀ ਅਸਰ ਪਵੇਗਾ, ਖ਼ਾਸ ਕਰਕੇ ਇਟਲੀ ਵਿਚ; ਇਸ ਦੀ ਨਕਲ ਕਰਕੇ ਹੋਰ ਥਾਈਂ ਅਜਿਹੇ ਵਰਤਾਰੇ ਦੇ ਫੈਲਣ ਨਾਲ—ਇਸ ਮਿਸਾਲ ਦਾ ਆਪਣਾ ਮਹੱਤਵ ਵੀ ਹੈ—ਮੋੜਵੇਂ ਰੂਪ 'ਚ ਸੰਸਾਰ ਵਿਚ ਤਾਕਤਾਂ ਦੇ ਤੋਲ ਅਤੇ ਇਸ ਵਿਚ ਸਾਡੀ ਪੁਜ਼ੀਸ਼ਨ ਉੱਪਰ ਚੋਖਾ ਅਸਰ ਪਵੇਗਾ।"[21] ਦੂਜੇ ਲਫ਼ਜ਼ਾਂ 'ਚ, ਇਸ ਤੋਂ ਪਹਿਲਾਂ ਕਿ ਅਲੈਂਡੇ ਵਾਲਾ ਤੀਜਾ ਜਮਹੂਰੀ ਰਾਹ ਆਲੇ-ਦੁਆਲੇ ਫੈਲ ਜਾਵੇ ਉਸ ਦਾ ਸਫ਼ਾਇਆ ਕਰਨਾ ਜ਼ਰੂਰੀ ਹੋ ਗਿਆ ਸੀ।

ਪਰ ਉਹ ਜਿਸ ਸੁਪਨੇ ਦੀ ਨੁਮਾਇੰਦਗੀ ਕਰਦਾ ਸੀ ਉਸ ਨੂੰ ਕਦੇ ਵੀ ਹਰਾਇਆ ਨਾ ਜਾ ਸਕਿਆ। ਜਿਵੇਂ ਵਾਲਸ਼ ਨੇ ਨੋਟ ਕੀਤਾ ਸੀ, ਇਹ ਖੌਫ਼ ਦੇ ਸਾਏ ਹੇਠ ਦੱਬ ਕੇ ਵਕਤੀ ਤੌਰ 'ਤੇ ਖ਼ਾਮੋਸ਼ ਹੋ ਗਿਆ ਸੀ। ਇਹੀ ਵਜ੍ਹਾ ਹੈ, ਜਦੋਂ ਲਾਤੀਨੀ ਅਮਰੀਕਾ ਦਹਾਕਿਆਂ ਦੇ ਸਦਮੇ ਵਿਚੋਂ ਨਿਕਲ ਰਿਹਾ ਹੈ ਤਾਂ "ਜਿਸ ਵਬਾ ਦੇ ਫੈਲਣ" ਬਾਰੇ ਕਸਿੰਜਰ ਨੂੰ ਡਰ ਸੀ ਉਹ ਵਿਚਾਰ ਮੁੜ ਉੱਭਰ ਰਹੇ ਹਨ। 2001 'ਚ ਅਰਜਨਟਾਈਨਾ ਦੇ ਸੰਕਟ ਦੇ ਸਮੇਂ ਤੋਂ, ਨਿੱਜੀਕਰਨ ਦਾ ਵਿਰੋਧ ਐਸਾ ਮੁੱਦਾ ਬਣ ਚੁੱਕਾ ਹੈ ਜੋ ਇਸ ਮਹਾਂਦੀਪ ਵਿਚ ਸਰਕਾਰਾਂ ਦੇ ਬਣਨ ਅਤੇ ਟੁੱਟਣ ਦੇ ਅਮਲ ਨੂੰ ਤੈਅ ਕਰਦਾ ਹੈ। 2006 ਦੇ ਅਖ਼ੀਰ 'ਚ, ਇਸ ਨਾਲ ਮੋਹਰਿਆਂ ਦੇ ਲੁੜਕਣ ਵਰਗਾ ਅਮਲ ਸ਼ੁਰੂ ਹੋ ਗਿਆ ਸੀ। ਲੁਇਜ਼ ਇਨੈਸੀਓ ਲੂਲਾ ਦ ਸਿਲਵਾ ਮੁੱਖ ਤੌਰ 'ਤੇ ਇਸ ਕਰਕੇ ਦੁਬਾਰਾ ਬਰਾਜ਼ੀਲ ਦਾ ਰਾਸ਼ਟਰਪਤੀ ਚੁਣਿਆ ਗਿਆ ਕਿਉਂਕਿ ਉਸ ਨੇ ਵੋਟਾਂ ਨੂੰ ਨਿੱਜੀਕਰਨ ਬਾਰੇ ਰਾਏ-ਸ਼ੁਮਾਰੀ 'ਚ ਬਦਲ ਦਿੱਤਾ ਸੀ। ਉਸ ਦੀ ਵਿਰੋਧੀ ਪਾਰਟੀ, ਜਿਸ ਨੇ ਨੱਬੇਵਿਆਂ 'ਚ ਬਰਾਜ਼ੀਲ ਦੇ ਸਰਕਾਰੀ ਅਸਾਸੇ ਵੇਚ ਦਿੱਤੇ ਸਨ, ਜਨਤਾ 'ਚ ਸਮਾਜਵਾਦੀ NASCAR• ਡਰਾਈਵਰ ਵਰਗੀ ਦਿੱਖ ਬਣਾ ਕੇ ਆਉਣ ਲਈ ਮਜਬੂਰ ਹੋ ਗਈ। ਜਿਨ੍ਹਾਂ ਸਰਕਾਰੀ ਕੰਪਨੀਆਂ ਨੂੰ ਹਾਲੇ ਵੇਚਿਆ ਨਹੀਂ ਗਿਆ ਉਨ੍ਹਾਂ ਦੇ ਚਿੰਨ੍ਹਾਂ ਵਾਲੀਆਂ ਜੈਕਟਾਂ ਅਤੇ ਬੇਸਬਾਲ ਟੋਪੀਆਂ ਪਹਿਨ ਕੇ ਵੀ ਉਹ ਵੋਟਰਾਂ ਨੂੰ ਭਰਮਾ ਨਹੀਂ ਸਕੇ। ਅਤੇ ਭ੍ਰਿਸ਼ਟਾਚਾਰ ਦੇ ਘੁਟਾਲਿਆਂ 'ਚ ਘਿਰੀ ਲੂਲਾ ਸਰਕਾਰ ਪ੍ਰਤੀ ਮੋਹ ਭੰਗ

• NASCAR (National Association for Stock Car Auto Racing) ਅਮਰੀਕਾ ਵਿਚ ਕਾਰਾਂ ਦੀ ਦੌੜ ਦੇ ਮਸ਼ਹੂਰ ਸਮਾਗਮ (ਜਿਨ੍ਹਾਂ ਦੀ ਸ਼ੁਰੂਆਤ 1947-48 'ਚ ਸ਼ੁਰੂ ਹੋਈ ਸੀ) 'ਚ ਕਾਰਾਂ ਭਜਾਉਣ ਵਾਲੇ—ਅਨੁਵਾਦਕ

ਹੋਣ ਦੇ ਬਾਵਜੂਦ ਲੂਲਾ ਨੂੰ 61 ਫ਼ੀ ਸਦੀ ਵੋਟਾਂ ਪੈ ਗਈਆਂ। ਛੇਤੀ ਮਗਰੋਂ, ਨਿਕਾਰਾਗੂਆ ਵਿਚ ਸੈਂਡੀਨਿਸਟਾ ਦੇ ਸਾਬਕਾ ਮੁਖੀ ਡੇਨੀਅਲ ਔਰਟੇਗਾ ਨੇ ਦੇਸ਼ ਵਿਚ ਅਕਸਰ ਹੀ ਬਿਜਲੀ ਬੰਦ ਰਹਿਣ ਦੇ ਮੁੱਦੇ ਨੂੰ ਆਪਣੀ ਮੁਹਿੰਮ ਦਾ ਧੁਰਾ ਬਣਾ ਲਿਆ। ਉਸ ਨੇ ਕਿਹਾ ਕਿ ਇਸ ਸਮੱਸਿਆ ਦੀ ਜੜ੍ਹ ਮਿੱਚ ਸਮੁੰਦਰੀ ਤੂਫ਼ਾਨ ਆਉਣ ਤੋਂ ਬਾਅਦ ਕੌਮੀ ਬਿਜਲੀ ਕੰਪਨੀ ਨੂੰ ਸਪੇਨੀ ਕੰਪਨੀ ਯੂਨੀਅਨ ਫੇਨੋਸਾ ਨੂੰ ਵੇਚ ਦੇਣਾ ਹੈ। ਉਸ ਨੇ ਕੜਕਵੀਂ ਆਵਾਜ਼ 'ਚ ਕਿਹਾ, "ਭਰਾਵੋ, ਤੁਹਾਨੂੰ ਨਿੱਤ ਇਹ ਧੱਕੇ-ਧੋੜੇ ਸਹਿਣੇ ਪੈਂਦੇ ਹਨ। ਇਸ ਦੇਸ਼ ਵਿਚ ਯੂਨੀਅਨ ਫੈਨੋਸਾ ਨੂੰ ਕੌਣ ਲਿਆਇਆ ? ਅਮੀਰਾਂ ਦੀ ਸਰਕਾਰ, ਜੋ ਵਹਿਸ਼ੀ ਸਰਮਾਏਦਾਰੀ ਦੀ ਤਾਬਿਆ 'ਚ ਜੁੱਟੀ ਹੋਈ ਹੈ।"[22]

ਨਵੰਬਰ 2006 'ਚ, ਐਕੁਆਡੋਰ ਦੀਆਂ ਰਾਸ਼ਟਰਪਤੀ ਚੋਣਾਂ ਵੀ ਵਿਚਾਰਧਾਰਕ ਜੰਗ ਦਾ ਅਜਿਹਾ ਹੀ ਅਖਾੜਾ ਬਣ ਗਈਆਂ। ਤਰਤਾਲੀ ਸਾਲਾ ਖੱਬੇਪੱਖੀ ਅਰਥਸ਼ਾਸਤਰੀ ਰਾਫੇਲ ਕੌਰੀਆ ਨੇ ਚੋਣਾਂ ਵਿਚ ਕੇਲੇ ਦੇ ਕਾਰੋਬਾਰ ਦੇ ਬਾਦਸ਼ਾਹ ਅਤੇ ਦੇਸ਼ ਦੇ ਇਕ ਸਭ ਤੋਂ ਧਨਾਢ ਵਿਅਕਤੀ ਅਲਵਾਰੋ ਨੋਬੋਆ ਨੂੰ ਹਰਾ ਦਿੱਤਾ। ਟਵਿਸਟਿਡ ਸਿਸਟਰ• ਦੇ ਗੀਤ "ਸਾਨੂੰ ਇਹ ਮਨਜ਼ੂਰ ਨਹੀਂ" ਨੂੰ ਆਪਣੀ ਮੁਹਿੰਮ ਦਾ ਮੁੱਖ ਗੀਤ ਬਣਾ ਕੇ, ਕੋਰੇਆ ਨੇ ਦੇਸ਼ ਨੂੰ "ਨਵ-ਉਦਾਰਵਾਦ ਦੀ ਹਰ ਤਰ੍ਹਾਂ ਦੀ ਧੋਖਾਧੜੀ ਨੂੰ ਹਰਾਉਣ" ਦਾ ਸੱਦਾ ਦਿੱਤਾ। ਜਦੋਂ ਉਹ ਜਿੱਤ ਗਿਆ ਤਾਂ ਐਕੁਆਡੋਰ ਦੇ ਨਵੇਂ ਰਾਸ਼ਟਰਪਤੀ ਨੇ ਆਪਣੇ ਬਾਰੇ ਐਲਾਨ ਕੀਤਾ ਕਿ "ਮੈਂ ਮਿਲਟਨ ਫਰਾਇਡਮੈਨ ਦਾ ਪ੍ਰਸ਼ੰਸਕ ਨਹੀਂ ਹਾਂ।"[23] ਓਦੋਂ, ਬੋਲੀਵੀਆ 'ਚ ਰਾਸ਼ਟਰਪਤੀ ਈਵੋ ਮੋਰੇਲਜ਼ ਦਾ ਸੱਤਾ 'ਚ ਪਹਿਲਾ ਸਾਲ ਪੂਰਾ ਹੋਣ ਵਾਲਾ ਸੀ। ਬਹੁ-ਕੌਮੀ "ਲੁਟੇਰਿਆਂ" ਤੋਂ ਗੈਸ ਦੇ ਖੇਤਰ ਵਾਪਸ ਲੈਣ ਲਈ ਫ਼ੌਜ ਭੇਜਣ ਤੋਂ ਬਾਅਦ, ਉਸ ਨੇ ਖਾਣਾਂ ਖੋਦਣ ਦੇ ਖੇਤਰ ਦੇ ਕੁਝ ਹਿੱਸਿਆਂ ਦਾ ਕੌਮੀਕਰਨ ਕਰਨਾ ਸ਼ੁਰੂ ਕਰ ਦਿੱਤਾ। ਇਸੇ ਅਰਸੇ 'ਚ ਮੈਕਸੀਕੋ ਅੰਦਰ, 2006 ਦੀਆਂ ਹੇਰਾਫੇਰੀ ਨਾਲ ਕਲੰਕਿਤ ਚੋਣਾਂ ਦੇ ਨਤੀਜਿਆਂ ਨੂੰ ਮੈਕਸੀਕੋ ਸ਼ਹਿਰ ਦੀਆਂ ਸੜਕਾਂ ਅਤੇ ਰਾਜ ਸਿੰਘਾਸਨ ਦੇ ਐਨ ਨਾਲ ਲੱਗਦੇ ਚੌਕ 'ਚ ਵੋਟਾਂ ਪਾ ਕੇ ਲੋਕਾਂ ਦੀ ਬੇਨਜ਼ੀਰ "ਸਮਾਂਤਰ ਸਰਕਾਰ" ਬਣਾ ਕੇ ਚੁਣੌਤੀ ਦਿੱਤੀ ਜਾ ਰਹੀ ਸੀ। ਮੈਕਸੀਕੋ ਦੇ ਓਆਸਕਾ ਸੂਬੇ ਵਿਚ, ਸੱਜੇਪੱਖੀ ਸਰਕਾਰ ਨੇ ਕਾਮਿਆਂ ਦੀ ਹੜਤਾਲ ਨੂੰ ਕੁਚਲਣ ਲਈ ਦੰਗਾ ਰੋਕੂ ਪੁਲਿਸ ਭੇਜ ਦਿੱਤੀ ਗਈ ਜੋ ਤਨਖ਼ਾਹ 'ਚ ਸਾਲਾਨਾ ਵਾਧੇ ਦੀ ਮੰਗ ਕਰ ਰਹੇ ਸਨ। ਇਸ ਨਾਲ ਕਾਰਪੋਰੇਟਵਾਦੀ ਰਾਜ ਦੇ ਭ੍ਰਿਸ਼ਟਾਚਾਰ ਵਿਰੁੱਧ ਸੂਬਾ ਪੱਧਰੀ ਬਗ਼ਾਵਤ ਭੜਕ ਉੱਠੀ ਜੋ ਮਹੀਨਿਆਂ ਬੱਧੀ ਜਾਰੀ ਰਹੀ।

ਚਿੱਲੀ ਅਤੇ ਅਰਜਨਟਾਈਨਾ ਦੋਵਾਂ ਦੀ ਅਗਵਾਈ ਉਨ੍ਹਾਂ ਸਿਆਸਤਦਾਨਾਂ ਦੇ ਹੱਥ ਹੈ ਜੋ ਖ਼ੁਦ ਨੂੰ ਆਪਣੇ ਦੇਸ਼ਾਂ ਦੇ ਸ਼ਿਕਾਗੋ ਸਕੂਲ ਵਾਲੇ ਤਜਰਬਿਆਂ ਦੇ ਵਿਰੋਧੀ ਦੱਸਦੇ ਹਨ, ਹਾਲਾਂਕਿ ਜਿੱਥੋਂ ਤੱਕ ਉਹ ਹਕੀਕੀ ਬਦਲ ਪੇਸ਼ ਕਰਦੇ ਹਨ ਇਹ ਜ਼ੋਰਦਾਰ ਬਹਿਸ ਦਾ ਮੁੱਦਾ ਹੈ। ਫੇਰ ਵੀ, ਇਹ ਪ੍ਰਤੀਕਵਾਦ ਆਪਣੀ ਹੀ ਕਿਸਮ ਦੀ ਜਿੱਤ ਨੂੰ ਦਰਸਾਉਂਦਾ ਹੈ। ਅਰਜਨਟਾਈਨਾ ਦੇ ਰਾਸ਼ਟਰਪਤੀ ਨੈਸਤਰ ਕ੍ਰਿਚਨਰ ਸਮੇਤ ਉਸ ਦੇ ਮੰਤਰੀ ਮੰਡਲ ਦੇ ਬਹੁਤ ਸਾਰੇ ਲੋਕ ਤਾਨਾਸ਼ਾਹੀ ਦੌਰਾਨ ਜੇਲ੍ਹ ਵਿਚ ਰਹੇ ਸਨ। 24 ਮਾਰਚ 2006 ਨੂੰ, 1976 ਦੇ ਫ਼ੌਜੀ ਰਾਜ ਪਲਟੇ ਦੀ 30ਵੀਂ ਵਰ੍ਹੇਗੰਢ ਮੌਕੇ, ਕ੍ਰਿਚਨਰ ਨੇ ਪਲਾਜ਼ਾ ਡੀ ਮਾਇਯੋ ਚੌਂਕ 'ਚ ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕੀਤਾ; ਜਿੱਥੇ ਲਾਪਤਾ ਵਿਅਕਤੀਆਂ ਦੀਆਂ ਮਾਵਾਂ ਹਫ਼ਤਾਵਾਰ ਜਗਰਾਤਾ ਰੱਖਦੀਆਂ ਸਨ। ਉਸ ਨੇ ਸੱਤਰਵਿਆਂ 'ਚ ਦਹਿਸ਼ਤਜ਼ਦਾ ਕੀਤੀ ਗਈ ਪੀੜ੍ਹੀ ਦਾ ਜ਼ਿਕਰ ਕਰਦਿਆਂ ਐਲਾਨ

• ਟਵਿਸਟਿਡ ਸਿਸਟਰ : ਨਿਊ ਯਾਰਕ ਸ਼ਹਿਰ ਨਾਲ ਸਬੰਧਤ ਅਮਰੀਕੀ ਹੈਵੀ ਮੈਟਲ ਸੰਗੀਤ ਮੰਡਲੀ—ਅਨੁਵਾਦਕ

ਕੀਤਾ, "ਅਸੀਂ ਫੇਰ ਆ ਗਏ ਹਾਂ।" ਉਸ ਨੇ ਕਿਹਾ, ਇੱਥੇ ਜੁੜੇ ਵਿਸ਼ਾਲ ਹਜੂਮ 'ਚ "ਤੀਹ ਹਜ਼ਾਰ ਲਾਪਤਾ ਸਾਥੀਆਂ ਦੇ ਚਿਹਰੇ ਹਨ ਜੋ ਅੱਜ ਇਸ ਚੌਕ ਵਿਚ ਵਾਪਸ ਆ ਗਏ ਹਨ।"[24] ਚਿੱਲੀ ਦੀ ਰਾਸ਼ਟਰਪਤੀ ਮਿਸ਼ੇਲ ਬੈੱਚਲੈੱਟ ਉਨ੍ਹਾਂ ਹਜ਼ਾਰਾਂ ਵਿਅਕਤੀਆਂ ਵਿਚੋਂ ਇਕ ਸੀ ਜੋ ਪਿਨੋਚੇ ਦੇ ਦਹਿਸ਼ਤਗਰਦ ਰਾਜ ਦਾ ਸ਼ਿਕਾਰ ਹੋਏ ਸਨ। 1975 'ਚ, ਮਿਸ਼ੇਲ ਅਤੇ ਉਸ ਦੀ ਮਾਂ ਨੂੰ ਵਿਲਾ ਗ੍ਰੀਮਾਲਦੀ ਜੇਲ੍ਹ 'ਚ ਸੁੱਟ ਕੇ ਤਸੀਹੇ ਦਿੱਤੇ ਗਏ। ਇਸ ਜੇਲ੍ਹ ਦੀਆਂ ਲੱਕੜ ਦੀਆਂ ਅੱਡ-ਅੱਡ ਕੋਠੜੀਆਂ ਬਹੁਤ ਮਸ਼ਹੂਰ ਸਨ ਜੋ ਐਨੀਆਂ ਭੀੜੀਆਂ ਸਨ ਕਿ ਕੈਦੀ ਸਿਰਫ਼ ਕੋਡੇ ਹੋ ਕੇ ਹੀ ਬੈਠ ਸਕਦੇ ਸਨ। ਉਸ ਦੇ ਫ਼ੌਜੀ ਅਫ਼ਸਰ ਬਾਪ ਨੇ ਰਾਜ ਪਲਟੇ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਪਿਨੋਚੇ ਦੇ ਜਲਾਦਾਂ ਨੇ ਉਸ ਦਾ ਕਤਲ ਕਰ ਦਿੱਤਾ ਸੀ।

ਦਸੰਬਰ 2006 'ਚ, ਫਰਾਇਡਮੈਨ ਦੀ ਮੌਤ ਤੋਂ ਇਕ ਮਹੀਨਾ ਬਾਅਦ, ਲਾਤੀਨੀ ਅਮਰੀਕਾ ਦੇ ਆਗੂ ਬੋਲੀਵੀਆ ਵਿਚ ਇਕ ਇਤਿਹਾਸਕ ਸਿਖ਼ਰ ਸੰਮੇਲਨ 'ਚ ਇਕੱਤਰ ਹੋਏ ਜਿਸ ਦਾ ਪ੍ਰਬੰਧ ਕੋਚਾਬੰਬਾ ਸ਼ਹਿਰ ਵਿਚ ਕੀਤਾ ਗਿਆ ਸੀ। ਬਹੁਤ ਸਾਲ ਪਹਿਲਾਂ ਇਸੇ ਸ਼ਹਿਰ 'ਚ ਪਾਣੀ ਦੇ ਨਿੱਜੀਕਰਨ ਵਿਰੁੱਧ ਲੋਕ ਬਗ਼ਾਵਤ ਨੇ ਬੈੱਚਟੈੱਲ ਨੂੰ ਦੇਸ਼ ਛੱਡ ਕੇ ਭੱਜ ਜਾਣ ਲਈ ਮਜਬੂਰ ਕਰ ਦਿੱਤਾ ਸੀ। ਮੋਰੇਲਜ਼ ਨੇ ਆਪਣੀਆਂ ਕਾਰਵਾਈਆਂ ਦੀ ਸ਼ੁਰੂਆਤ "ਲਾਤੀਨੀ ਅਮਰੀਕਾ ਦੀਆਂ ਖੁੱਲ੍ਹੀਆਂ ਨਾੜਾਂ ਨੂੰ ਬੰਦ ਕਰਨ ਦਾ ਹਲਫ਼ ਲੈ ਕੇ ਕੀਤੀ।[25] ਉਹ ਇੱਥੇ ਐਡੂਆਰਡੋ ਗੈਲਿਆਨੋ ਦੀ ਕਿਤਾਬ *ਲਾਤੀਨੀ ਅਮਰੀਕਾ ਦੀਆਂ ਖੁੱਲ੍ਹੀਆਂ ਨਾੜਾਂ : ਇਕ ਮਹਾਂਦੀਪ ਦੀ ਪੰਜ ਸਦੀਆਂ ਤੋਂ ਲੁੱਟਮਾਰ* ਦਾ ਹਵਾਲਾ ਦੇ ਰਿਹਾ ਸੀ, ਜੋ ਖ਼ੂਖਾਰ ਲੁੱਟਮਾਰ ਦਾ ਸਰੋਦੀ ਵਰਨਣ ਹੈ। ਇਹ ਕਿਤਾਬ ਪਹਿਲੀ ਵਾਰ 1971 'ਚ ਅਲੈਂਡੇ ਵਿਰੁੱਧ ਰਾਜ ਪਲਟੇ ਤੋਂ ਦੋ ਸਾਲ ਪਹਿਲਾਂ ਛਪੀ ਸੀ, ਜਿਸ ਨੇ ਆਪਣੇ ਦੇਸ਼ ਦੀਆਂ ਤਾਂਬੇ ਦੀਆਂ ਖਾਣਾਂ ਦਾ ਕੌਮੀਕਰਨ ਕਰਕੇ ਉਨ੍ਹਾਂ ਖੁੱਲ੍ਹੀਆਂ ਖਾਣਾਂ ਰਾਹੀਂ ਕੀਤੀ ਜਾ ਰਹੀ ਸ਼ਰੇਆਮ ਲੁੱਟ ਨੂੰ ਬੰਦ ਕਰਨ ਦਾ ਯਤਨ ਕਰਨ ਦਾ ਹੀਆ ਕੀਤਾ ਸੀ। ਇਸ ਘਟਨਾ ਨਾਲ ਬੇਤਹਾਸ਼ਾ ਲੁੱਟਮਾਰ ਦਾ ਨਵਾਂ ਦੌਰ ਸ਼ੁਰੂ ਹੋ ਗਿਆ, ਜਿਸ ਦੌਰਾਨ ਇਸ ਮਹਾਂਦੀਪ ਦੀਆਂ ਵਿਕਾਸਵਾਦੀ ਲਹਿਰਾਂ ਵਲੋਂ ਉਸਾਰੇ ਅਦਾਰੇ ਰੱਦ ਕਰ ਦਿੱਤੇ ਗਏ, ਸਹਾਇਤਾ ਬੰਦ ਕਰ ਦਿੱਤੀ ਗਈ ਅਤੇ ਇਹ ਨਿਲਾਮ ਕਰ ਦਿੱਤੇ ਗਏ।

ਹੁਣ ਲਾਤੀਨੀ ਅਮਰੀਕਾ ਵਾਲੇ ਉਸੇ ਪ੍ਰਾਜੈਕਟ ਨੂੰ ਉਠਾ ਰਹੇ ਹਨ ਜਿਨ੍ਹਾਂ ਵਿਚ ਐਨੇ ਸਾਲ ਪਹਿਲਾਂ ਵਹਿਸ਼ੀ ਢੰਗ ਨਾਲ ਖ਼ਲਲ ਪਾ ਦਿੱਤਾ ਗਿਆ ਸੀ। ਅੱਜ ਜੋ ਨੀਤੀਆਂ ਸਾਹਮਣੇ ਆ ਰਹੀਆਂ ਹਨ ਇਨ੍ਹਾਂ ਵਿਚੋਂ ਜ਼ਿਆਦਾਤਰ ਜਾਣੀਆਂ-ਪਛਾਣੀਆਂ ਹਨ : ਆਰਥਿਕਤਾ ਦੇ ਕੁੰਜੀਵਤ ਖੇਤਰਾਂ ਦਾ ਕੌਮੀਕਰਨ, ਜ਼ਮੀਨੀ ਸੁਧਾਰ, ਸਿੱਖਿਆ, ਸਾਖ਼ਰਤਾ ਅਤੇ ਸਿਹਤ ਸਹੂਲਤਾਂ 'ਚ ਵੱਡੇ ਨਵੇਂ ਪੂੰਜੀ-ਨਿਵੇਸ਼। ਇਹ ਵਿਚਾਰ ਇਨਕਲਾਬੀ ਨਹੀਂ ਹਨ, ਪਰ ਬਰਾਬਰੀ ਲਿਆਉਣ 'ਚ ਸਹਾਈ ਹੋਣ ਵਾਲੀ ਸਰਕਾਰ ਦੀ ਦ੍ਰਿਸ਼ਟੀ, ਜਿਸ ਨੂੰ ਗੁਸਤਾਖ਼ ਸਮਝਿਆ ਜਾਂਦਾ ਹੈ, ਅਨੁਸਾਰ ਇਹ ਫਰਾਇਡਮੈਨ ਵਲੋਂ ਪਿਨੋਚੇ ਕੋਲ 1975 'ਚ ਪ੍ਰਗਟਾਏ ਵਿਚਾਰਾਂ ਨੂੰ ਫਿਟ-ਲਾਹਣਤ ਜ਼ਰੂਰ ਹਨ ਜਦੋਂ ਉਸ ਨੇ ਕਿਹਾ ਸੀ : "ਮੇਰੇ ਵਿਚਾਰ ਅਨੁਸਾਰ ਵੱਡੀ ਗ਼ਲਤੀ ਇਹ ਮੰਨਣਾ ਸੀ ਕਿ ਹੋਰ ਲੋਕਾਂ ਦੇ ਪੈਸੇ ਨਾਲ ਭਲਾਈ ਦਾ ਕੰਮ ਕੀਤਾ ਜਾ ਸਕਦਾ ਹੈ।"

ਲਾਤੀਨੀ ਅਮਰੀਕਾ ਦੀਆਂ ਸਮਕਾਲੀ ਲਹਿਰਾਂ ਹਾਲਾਂਕਿ ਲੰਮੇ ਖਾੜਕੂ ਇਤਿਹਾਸ ਤੋਂ ਪ੍ਰੇਰਨਾ ਲੈਂਦੀਆਂ ਹਨ, ਪਰ ਇਹ ਪਹਿਲੀਆਂ ਲਹਿਰਾਂ ਦਾ ਸਿੱਧਾ ਪਰਤੌਅ ਨਹੀਂ ਹਨ। ਕੁਲ ਵਖਰੇਵਿਆਂ ਵਿਚੋਂ ਸਭ ਤੋਂ ਉੱਘੜਵਾਂ ਵਖਰੇਵਾਂ ਬੀਤੇ ਦੇ ਇਨ੍ਹਾਂ ਸਦਮਿਆਂ ਤੋਂ ਬਚਣ ਦੀ ਲੋੜ

ਬਾਰੇ ਜ਼ੋਰਦਾਰ ਚੌਕਸੀ ਦਾ ਹੋਣਾ ਹੈ—ਜਿਵੇਂ ਰਾਜ ਪਲਟੇ, ਸਦਮਾ ਦੇਣ ਵਾਲੇ ਬਦੇਸ਼ੀ ਡਾਕਟਰ, ਅਮਰੀਕਾ ਤੋਂ ਸਿਖਲਾਈ ਪ੍ਰਾਪਤ ਤਸੀਹੇ ਦੇਣ ਵਾਲੇ, ਨਾਲ ਹੀ ਅੱਸੀਵਿਆਂ ਅਤੇ ਨੱਬੇਵਿਆਂ ਦੇ ਕਰਜੇ ਦੇ ਸਦਮੇ ਅਤੇ ਸਿੱਕੇ ਦੇ ਮੁੱਲ 'ਚ ਗਿਰਾਵਟ। ਲਾਤੀਨੀ ਅਮਰੀਕਾ ਦੀਆਂ ਜਨਤਕ ਲਹਿਰਾਂ ਨੇ ਖੱਬੇਪੱਖੀ ਉਮੀਦਵਾਰਾਂ ਦੀਆਂ ਚੋਣਾਂ 'ਚ ਜਿੱਤਾਂ ਨੂੰ ਬਲ ਬਖਸ਼ਿਆ ਹੈ, ਇਹ ਸਬਕ ਸਿੱਖ ਰਹੀਆਂ ਹਨ ਕਿ ਉਸਾਰੇ ਜਾ ਰਹੇ ਨਮੂਨੇ ਦੇ ਸੰਘਰਸ਼ ਵਿਚ ਸਦਮੇ ਸਹਿਣ ਦੇ ਕੀ ਕੀ ਇੰਤਜ਼ਾਮ ਕੀਤੇ ਜਾਣ। ਮਿਸਾਲ ਵਜੋਂ, ਸੱਠਵਿਆਂ ਨਾਲੋਂ ਇਨ੍ਹਾਂ ਦਾ ਕੇਂਦਰੀਕਰਨ ਘੱਟ ਹੈ। ਇਸ ਨਾਲ ਕੁਝ ਆਗੂਆਂ ਦਾ ਸਫ਼ਾਇਆ ਕਰਕੇ ਸਮੁੱਚੀਆਂ ਲਹਿਰਾਂ ਨੂੰ ਤੋੜਨਾ ਜ਼ਿਆਦਾ ਮੁਸ਼ਕਲ ਹੋ ਜਾਂਦਾ ਹੈ। ਸ਼ਾਵੇਜ਼ ਦੇ ਆਲੇ-ਦੁਆਲੇ ਸ਼ਖਸੀ ਪੂਜਾ ਭਾਰੂ ਹੋਣ ਅਤੇ ਸੂਬਾ ਪੱਧਰਾਂ ਉੱਤੇ ਸੱਤਾ ਦਾ ਕੇਂਦਰੀਕਰਨ ਕਰਨ ਦੀਆਂ ਮੁਹਿੰਮਾਂ ਦੇ ਬਾਵਜੂਦ ਵੈਨਜ਼ੂਏਲਾ ਦੀਆਂ ਅਗਾਂਹਵਧੂ ਸੰਸਥਾਵਾਂ ਦਾ ਜਾਲ ਬਹੁਤ ਜ਼ਿਆਦਾ ਫੈਲਿਆ ਹੋਇਆ ਹੈ। ਹਜ਼ਾਰਾਂ ਮੁਹੱਲਾ ਕੌਂਸਲਾਂ ਅਤੇ ਸਹਿਕਾਰੀ ਸੰਸਥਾਵਾਂ ਰਾਹੀਂ ਮੁੱਢਲੇ ਅਤੇ ਭਾਈਚਾਰੇ ਦੇ ਪੱਧਰ 'ਤੇ ਸੱਤਾ ਦਾ ਪਸਾਰਾ ਕੀਤਾ ਗਿਆ ਹੈ। ਬੋਲੀਵੀਆ 'ਚ, ਮੋਰੇਲਜ਼ ਨੂੰ ਸੱਤਾ 'ਚ ਲਿਆਉਣ ਵਾਲੀਆਂ ਲੋਕ ਲਹਿਰਾਂ ਵੀ ਇਸੇ ਤਰ੍ਹਾਂ ਕੰਮ ਕਰਦੀਆਂ ਹਨ। ਇਨ੍ਹਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਮੋਰੇਲਜ਼ ਨੂੰ ਬਿਨਾਂ ਸ਼ਰਤ ਹਮਾਇਤ ਨਹੀਂ ਦੇ ਰਹੀਆਂ : ਮੁਹੱਲਿਆਂ ਦੀਆਂ ਸੰਸਥਾਵਾਂ ਉਦੋਂ ਤੱਕ ਹੀ ਉਸ ਦੀ ਪਿੱਠ 'ਤੇ ਹਨ ਜਦੋਂ ਤੱਕ ਉਹ ਜਮਹੂਰੀ ਫਤਵੇ ਉੱਤੇ ਖ਼ਰਾ ਉੱਤਰਦਾ ਹੈ, ਨਹੀਂ ਤਾਂ ਇਕ ਪਲ ਵੀ ਨਹੀਂ। ਇਸ ਤਰ੍ਹਾਂ ਦੇ ਤਾਣੇ-ਬਾਣੇ ਦੀ ਪਹੁੰਚ ਅਪਣਾਈ ਹੋਣ ਕਾਰਨ ਹੀ ਸ਼ਾਵੇਜ਼ ਦਾ 2002 'ਚ ਰਾਜ ਪਲਟੇ ਦੇ ਯਤਨ ਤੋਂ ਬਚਾਅ ਹੋ ਗਿਆ ਸੀ : ਜਦੋਂ ਇਨਕਲਾਬ ਨੂੰ ਖ਼ਤਰਾ ਬਣਿਆ ਤਾਂ ਗਰੀਬ ਬਸਤੀਆਂ ਵਾਲੇ ਉਸ ਦੇ ਹਮਾਇਤੀਆਂ ਨੇ ਕੈਰਾਕਸ ਨੂੰ ਘੇਰ ਲਿਆ ਅਤੇ ਉਸ ਦੀ ਮੁੜ-ਬਹਾਲੀ ਦੀ ਮੰਗ ਕੀਤੀ। ਸੱਤਰਵਿਆਂ ਦੇ ਰਾਜ ਪਲਟਿਆਂ ਸਮੇਂ ਇਸ ਤਰ੍ਹਾਂ ਦੀ ਜਨਤਕ ਲਾਮਬੰਦੀ ਨਹੀਂ ਹੋਈ ਸੀ।

ਲਾਤੀਨੀ ਅਮਰੀਕਾ ਦੇ ਨਵੇਂ ਆਗੂ ਆਪਣੇ ਦੇਸ਼ਾਂ ਵਿਚ ਅਮਰੀਕਾ ਦੀ ਹਮਾਇਤ ਨਾਲ ਭਵਿੱਖ 'ਚ ਹੋਣ ਵਾਲੇ ਕਿਸੇ ਰਾਜ ਪਲਟੇ ਨੂੰ ਰੋਕਣ ਲਈ ਹਿੰਮਤੀ ਉਪਾਅ ਕਰ ਰਹੇ ਹਨ ਜੋ ਉਨ੍ਹਾਂ ਦੀਆਂ ਜਮਹੂਰੀ ਜਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਵੈਨਜ਼ੂਏਲਾ, ਕੋਸਤਾ ਰੀਕਾ, ਅਰਜਨਟਾਈਨਾ ਅਤੇ ਉਰੂਗੁਏ ਸਭਨਾਂ ਸਰਕਾਰਾਂ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਹੁਣ ਅਮਰੀਕਾ ਸਕੂਲ (ਜਿਸ ਨੂੰ ਹੁਣ *ਸੁਰੱਖਿਆ ਬਾਰੇ ਸਹਿਯੋਗ ਲਈ ਪੱਛਮੀ ਅਰਧ-ਗੋਲੇ ਦੀ ਸੰਸਥਾ* ਕਿਹਾ ਜਾਂਦਾ ਹੈ) 'ਚ ਵਿਦਿਆਰਥੀ ਨਹੀਂ ਭੇਜਣਗੇ। ਜਾਰਜੀਆ ਅੰਦਰ ਫੋਰਟ ਬੇਨਿੰਗ ਦੇ ਇਸ ਬਦਨਾਮ ਪੁਲਿਸ ਅਤੇ ਫ਼ੌਜੀ ਸਿਖਲਾਈ ਕੇਂਦਰ 'ਚ ਮਹਾਂਦੀਪ ਦੇ ਬਹੁਤ ਸਾਰੇ ਬਦਨਾਮ ਕਾਤਲਾਂ ਨੇ "ਦਹਿਸ਼ਤਵਾਦ ਵਿਰੋਧੀ" ਅਤਿ-ਆਧੁਨਿਕ ਤਕਨੀਕਾਂ ਦੀ ਸਿਖਲਾਈ ਲਈ, ਅਤੇ ਫੇਰ ਝੱਟ ਐੱਲ ਸਲਵਾਡੋਰ ਦੇ ਕਿਸਾਨਾਂ ਅਤੇ ਅਰਜਨਟਾਈਨਾ ਦੇ ਆਟੋ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਲੱਗ ਪਏ।[26] ਜਿਵੇਂ ਐਕੂਆਡੋਰ ਨੇ ਕੀਤਾ ਹੈ, ਲੱਗਦਾ ਹੈ ਕਿ ਬੋਲੀਵੀਆ ਵੀ ਇਸ ਸਕੂਲ ਨਾਲੋਂ ਨਾਤਾ ਤੋੜ ਰਿਹਾ ਹੈ। ਸ਼ਾਵੇਜ਼ ਨੇ ਇਹ ਸੁਣਾਉਣੀ ਕਰ ਦਿੱਤੀ ਹੈ ਕਿ ਜੇ ਬੋਲੀਵੀਆ ਦੇ ਸਾਂਤਾ ਕਰੁਜ਼ ਸੂਬੇ ਨਾਲ ਸਬੰਧਤ ਸੱਜੇਪੱਖੀ ਅੱਤਵਾਦੀ ਅਨਸਰਾਂ ਨੇ ਈਵੋ ਮੋਰੇਲਜ਼ ਦੀ ਸਰਕਾਰ ਨੂੰ ਦਿੱਤੀਆਂ ਧਮਕੀਆਂ ਨੂੰ ਅਮਲ 'ਚ ਲਿਆਂਦਾ ਤਾਂ ਵੈਨਜ਼ੂਏਲਾ ਦੇ ਫ਼ੌਜੀ ਦਸਤੇ ਬੋਲੀਵੀਆ ਦੀ ਜਮਹੂਰੀਅਤ ਦੀ ਰਾਖੀ ਕਰਨ 'ਚ ਉਸ ਦੀ ਸਹਾਇਤਾ ਕਰਨਗੇ। ਐਕੂਆਡੋਰ ਦੇ ਬੰਦਰਗਾਹ ਸ਼ਹਿਰ ਮਾਂਤਾ 'ਚ ਦੱਖਣੀ ਅਮਰੀਕਾ ਦਾ ਸਭ ਤੋਂ ਵੱਡਾ ਫ਼ੌਜੀ ਅੱਡਾ ਹੈ, ਜੋ ਜ਼ਿਆਦਾਤਰ ਕੋਲੰਬੀਆ 'ਚ ਲੜੀ ਜਾਣ ਵਾਲੀ "ਨਸ਼ੀਲੇ ਪਦਾਰਥਾਂ ਵਿਰੁੱਧ ਜੰਗ" ਵਿਚ ਵਿਚਕਾਰਲੇ ਪੜਾਅ ਦੀ

ਭੂਮਿਕਾ ਨਿਭਾ ਰਿਹਾ ਹੈ। ਕੋਰੇਆ ਦੀ ਸਰਕਾਰ ਨੇ ਐਲਾਨ ਕਰ ਦਿੱਤਾ ਹੈ ਕਿ ਜਦੋਂ 2009 'ਚ ਇਸ ਅੱਡੇ ਦੇ ਸਮਝੌਤੇ ਦੀ ਮਿਆਦ ਖ਼ਤਮ ਹੋ ਗਈ, ਇਸ ਨੂੰ ਨਵਿਆਇਆ ਨਹੀਂ ਜਾਵੇਗਾ। ਬਦੇਸ਼ ਮਾਮਲਿਆਂ ਦੇ ਮੰਤਰੀ ਮਾਰੀਆ ਫਰਨਾਂਡਾ ਨੇ ਕਿਹਾ, "ਐਕੁਆਡੋਰ ਕੁਲ-ਅਖ਼ਤਿਆਰ ਦੇਸ਼ ਹੈ। ਸਾਡੇ ਦੇਸ਼ ਨੂੰ ਬਦੇਸ਼ੀ ਫ਼ੌਜੀ ਦਸਤੇ ਨਹੀਂ ਚਾਹੀਦੇ।"[27] ਜੇ ਅਮਰੀਕੀ ਫ਼ੌਜ ਕੋਲ ਅੱਡੇ ਜਾਂ ਸਿਖਲਾਈ ਪ੍ਰੋਗਰਾਮ ਨਹੀਂ ਰਹਿਣਗੇ ਤਾਂ ਸਦਮੇ ਦੇਣ ਦੀ ਇਸ ਦੀ ਤਾਕਤ ਵੱਡੇ ਪੱਧਰ 'ਤੇ ਖ਼ੁਰ ਜਾਵੇਗੀ।

ਲਾਤੀਨੀ ਅਮਰੀਕਾ ਦੇ ਨਵੇਂ ਆਗੂ ਅਸਥਿਰ ਮੰਡੀਆਂ ਵਲੋਂ ਦਿੱਤੇ ਜਾਣ ਵਾਲੇ ਸਦਮਿਆਂ ਨਾਲ ਨਜਿੱਠਣ ਦੀ ਬਿਹਤਰ ਤਿਆਰੀ ਵੀ ਕਰ ਰਹੇ ਹਨ। ਬੀਤੇ ਦਹਾਕਿਆਂ 'ਚ ਸਭ ਤੋਂ ਵੱਧ ਅਸਥਿਰਤਾ ਪੈਦਾ ਕਰਨ ਵਾਲੀ ਇਕ ਤਾਕਤ ਉਹ ਰਫ਼ਤਾਰ ਰਹੀ ਹੈ ਜਿਸ ਨਾਲ ਸਰਮਾਇਆ ਸਭ ਕੁਝ ਸਮੇਟ ਕੇ ਰਫੂ ਚੱਕਰ ਹੋ ਜਾਂਦਾ ਹੈ, ਜਾਂ ਜਿਣਸਾਂ ਦੇ ਭਾਅ ਚਾਣਚੱਕ ਘਟਣ ਨਾਲ ਸਮੁੱਚਾ ਖੇਤੀ ਖੇਤਰ ਤਬਾਹ ਹੋ ਜਾਂਦਾ ਹੈ। ਅਸਲ ਵਿਚ ਲਾਤੀਨੀ ਅਮਰੀਕਾ ਦੇ ਜ਼ਿਆਦਾਤਰ ਹਿੱਸੇ ਵਿਚ ਇਹ ਸਦਮੇ ਪਹਿਲਾਂ ਹੀ ਲੱਗ ਚੁੱਕੇ ਹਨ, ਪਿੱਛੇ ਬਾਕੀ ਬਚਿਆ ਹੈ ਸਨਅਤੀ ਉੱਪ ਸ਼ਹਿਰੀ ਬਸਤੀਆਂ ਅਤੇ ਖੇਤੀਬਾੜੀ ਵਾਲੀ ਖਾਲੀ ਪਈ ਜ਼ਮੀਨ ਦੀਆਂ ਵਿਸ਼ਾਲ ਪੱਟੀਆਂ ਦਾ ਪ੍ਰੇਤ-ਸਾਇਆ। ਇਸ ਕਰਕੇ, ਖਿੱਤੇ ਦੇ ਨਵੇਂ ਖੱਬਿਆਂ ਦਾ ਕਾਰਜ ਵਿਸ਼ਵੀਕਰਨ ਦਾ ਮਲਬਾ ਹਟਾ ਕੇ ਇਨ੍ਹਾਂ ਨੂੰ ਦੁਬਾਰਾ ਵਰਤੋਂ 'ਚ ਲਿਆਉਣਾ ਬਣਿਆ ਹੋਇਆ ਹੈ। ਬਰਾਜ਼ੀਲ 'ਚ, ਇਸ ਵਰਤਾਰੇ ਦਾ ਬਿਹਤਰੀਨ ਇਜ਼ਹਾਰ ਪੰਦਰਾਂ ਲੱਖ ਬੇਜ਼ਮੀਨੇ ਲੋਕਾਂ ਦੀ ਲਹਿਰ (ਐੱਮ ਐੱਸ ਟੀ) ਦੇ ਰੂਪ 'ਚ ਹੋ ਰਿਹਾ ਹੈ ਜਿਨ੍ਹਾਂ ਨੇ ਅਣਵਰਤੀ ਪਈ ਜ਼ਮੀਨ ਨੂੰ ਮੁੜ ਵਰਤੋਂ ਯੋਗ ਬਣਾਉਣ ਲਈ ਸੈਂਕੜੇ ਸਹਿਕਾਰੀ ਸਭਾਵਾਂ ਬਣਾ ਲਈਆਂ ਹਨ। ਅਰਜਨਟਾਈਨਾ 'ਚ ਇਹ ਉਨ੍ਹਾਂ ਦੋ ਸੌ ਦੀਵਾਲੀਆ ਹੋਏ ਕਾਰੋਬਾਰਾਂ, "ਮੁੜ ਪੈਰਾਂ 'ਤੇ ਖੜ੍ਹੀਆਂ ਕੰਪਨੀਆਂ" ਦੀ ਲਹਿਰ 'ਚ ਸਭ ਤੋਂ ਵੱਧ ਸਾਫ਼ ਦਿਖਾਈ ਦੇ ਰਿਹਾ ਹੈ। ਮਜ਼ਦੂਰਾਂ ਨੇ ਇਨ੍ਹਾਂ ਕਾਰੋਬਾਰਾਂ ਨੂੰ ਮੁੜ-ਸੁਰਜੀਤ ਕਰਕੇ ਇਨ੍ਹਾਂ ਨੂੰ ਜਮਹੂਰੀ ਤੌਰ 'ਤੇ ਚਲਾਈਆਂ ਜਾਣ ਵਾਲੀਆਂ ਸਹਿਕਾਰੀ ਸਭਾਵਾਂ 'ਚ ਬਦਲ ਦਿੱਤਾ ਹੈ। ਇਨ੍ਹਾਂ ਸਹਿਕਾਰੀ ਸਭਾਵਾਂ ਨੂੰ ਪੂੰਜੀ-ਨਿਵੇਸ਼ਕਾਰਾਂ ਦੇ ਛੱਡ ਜਾਣ ਨਾਲ ਲੱਗਣ ਵਾਲੇ ਸਦਮੇ ਦਾ ਡਰ ਨਹੀਂ ਹੈ, ਕਿਉਂਕਿ ਪੂੰਜੀ-ਨਿਵੇਸ਼ਕਾਰ ਤਾਂ ਪਹਿਲਾਂ ਹੀ ਜਾ ਚੁੱਕੇ ਹਨ। ਇਕ ਤਰ੍ਹਾਂ ਨਾਲ, ਕਾਰੋਬਾਰਾਂ ਨੂੰ ਮੁੜ ਚਲਾਉਣ ਦੇ ਤਜਰਬੇ ਤਬਾਹੀ ਤੋਂ ਬਾਅਦ ਨਵੀਂ ਕਿਸਮ ਦੀ ਮੁੜ-ਉਸਾਰੀ ਹੈ—ਨਵ-ਉਦਾਰਵਾਦ ਵਲੋਂ ਹੌਲੀ ਹੌਲੀ ਕੀਤੀ ਜਾਣ ਵਾਲੀ ਤਬਾਹੀ ਦੀ ਹਾਲਤ 'ਚ ਮੁੜ-ਉਸਾਰੀ। ਇਰਾਕ, ਅਫ਼ਗਾਨਿਸਤਾਨ ਅਤੇ ਗਲਫ਼ ਕੋਸਟ ਵਿਚ ਤਬਾਹੀਪਸੰਦ ਸਰਮਾਏਦਾਰਾ ਉਸਾਰ ਵਲੋਂ ਪੇਸ਼ ਕੀਤੇ ਨਮੂਨੇ ਦੇ ਐਨ ਉਲਟ, ਲਾਤੀਨੀ ਅਮਰੀਕਾ ਦੀ ਮੁੜ-ਉਸਾਰੀ ਦੀ ਮੁਹਿੰਮ ਦੇ ਆਗੂ ਉਹ ਲੋਕ ਹਨ ਜੋ ਤਬਾਹੀ ਦਾ ਸਭ ਤੋਂ ਵੱਧ ਸ਼ਿਕਾਰ ਹੋਏ ਸਨ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਨ੍ਹਾਂ ਦੇ ਆਪਮੁਹਾਰੇ ਹੱਲ ਅਸਲ ਤੀਜੇ ਰਾਹ ਨਾਲ ਬਹੁਤ ਜ਼ਿਆਦਾ ਮਿਲਦੇ-ਜੁਲਦੇ ਜਾਪਦੇ ਹਨ ਜਿਨ੍ਹਾਂ ਨੂੰ ਪੂਰੀ ਦੁਨੀਆਂ 'ਚ ਸ਼ਿਕਾਗੋ ਸਕੂਲ ਦੇ ਜਹਾਦ ਨੇ ਜ਼ਬਰਦਸਤ ਸੱਟ ਮਾਰ ਕੇ ਆਪਣਾ ਰਾਹ ਪੱਧਰਾ ਕਰ ਲਿਆ ਸੀ—ਭਾਵ ਰੋਜ਼ਮਰਾ ਜ਼ਿੰਦਗੀ ਦੀ ਜਮਹੂਰੀਅਤ।

ਵੈਨਜ਼ੁਏਲਾ 'ਚ ਸ਼ਾਵੇਜ਼ ਨੇ ਪਹਿਲਾਂ ਸਰਕਾਰ ਵਲੋਂ ਠੇਕੇ ਦੇਣ ਤੋਂ ਨਾਂਹ ਕਰਕੇ ਅਤੇ ਫੇਰ ਸਹਿਕਾਰੀ ਸਭਾਵਾਂ ਨੂੰ ਇਕ ਦੂਜੇ ਨਾਲ ਵਪਾਰ ਕਰਨ ਲਈ ਹੌਸਲਾ ਵਧਾਊ ਆਰਥਕ ਲਾਭਾਂ ਦੀ ਪੇਸ਼ਕਸ਼ ਕਰਕੇ ਇਨ੍ਹਾਂ ਨੂੰ ਸਭ ਤੋਂ ਵੱਧ ਸਿਆਸੀ ਤਰਜੀਹ ਵਾਲੇ ਕੰਮ ਬਣਾ ਲਿਆ ਹੈ। 2006 'ਚ ਦੇਸ਼ ਵਿਚ ਮੋਟੇ ਰੂਪ 'ਚ ਇਕ ਲੱਖ ਸਹਿਕਾਰੀ ਸਭਾਵਾਂ ਸਨ ਜਿਨ੍ਹਾਂ ਵਿਚ ਸੱਤ ਲੱਖ ਤੋਂ ਵੱਧ

ਮਜ਼ਦੂਰਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਸੀ।[28] ਇਨ੍ਹਾਂ ਵਿਚੋਂ ਬਹੁਤ ਸਾਰੇ ਜਿਵੇਂ ਟੌਲ ਬੂਥ, ਮੁੱਖ ਸੜਕਾਂ ਦੇ ਰੱਖ-ਰਖਾਅ ਦਾ ਕੰਮ, ਸਿਹਤ ਕਲੀਨਿਕ, ਸਰਕਾਰੀ ਬੁਨਿਆਦੀ ਉਸਾਰ ਢਾਂਚੇ ਦਾ ਹਿੱਸਾ ਹਨ ਜਿਨ੍ਹਾਂ ਨੂੰ ਚਲਾਉਣ ਦਾ ਕੰਮ ਸਮਾਜਿਕ ਭਾਈਚਾਰਿਆਂ ਨੂੰ ਸੌਂਪਿਆ ਗਿਆ ਹੈ। ਇਹ ਸਰਕਾਰੀ ਕੰਮਾਂ ਨੂੰ ਅਗਾਂਹ ਠੇਕੇ 'ਤੇ ਦੇਣ ਦੀ ਦਲੀਲ ਦੇ ਉਲਟ ਅਮਲ ਹੈ—ਸਰਕਾਰੀ ਕੰਮਾਂ ਦੀ ਟੁਕੜਿਆਂ 'ਚ ਨਿਲਾਮੀ ਕਰਕੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਸੌਂਪਣ ਅਤੇ ਸਰਕਾਰ ਦੇ ਜਮਹੂਰੀ ਕੰਟਰੋਲ ਦੀ ਥਾਂ, ਇਨ੍ਹਾਂ ਸਾਧਨਾਂ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਦੇ ਦਿੱਤਾ ਜਾਂਦਾ ਹੈ। ਇਸ ਨਾਲ ਘੱਟੋ-ਘੱਟ ਸਿਧਾਂਤਕ ਤੌਰ 'ਤੇ ਨੌਕਰੀਆਂ ਅਤੇ ਜ਼ਿਆਦਾ ਜਵਾਬਦੇਹ ਜਨਤਕ ਸੇਵਾਵਾਂ ਦੋਵੇਂ ਪੈਦਾ ਹੋ ਰਹੀਆਂ ਹਨ। ਸ਼ਾਵੇਜ਼ ਦੇ ਅਨੇਕਾਂ ਆਲੋਚਕਾਂ ਨੇ ਇਨ੍ਹਾਂ ਪਹਿਲਕਦਮੀਆਂ ਨੂੰ ਖ਼ੈਰਾਤ ਅਤੇ ਨਜਾਇਜ਼ ਸਬਸਿਡੀਆਂ ਕਹਿ ਕੇ ਇਨ੍ਹਾਂ ਦੀ ਖਿੱਲੀ ਉਡਾਈ ਹੈ। ਇਸ ਦੇ ਬਾਵਜੂਦ, ਉਸ ਦੌਰ 'ਚ ਜਦੋਂ ਹੈਲੀਬਰਟਨ ਅਮਰੀਕੀ ਸਰਕਾਰ ਨੂੰ ਛੇ ਸਾਲ ਲਈ ਆਪਣਾ ਨਿੱਜੀ ਏ ਟੀ ਐੱਮ ਸਮਝਦੀ ਹੈ ਅਤੇ ਸਿਰਫ਼ ਇਰਾਕ ਦੇ ਠੇਕਿਆਂ ਦੇ ਰੂਪ 'ਚ ਹੀ 20 ਅਰਬ ਡਾਲਰ ਬਟੋਰ ਲੈਂਦੀ ਹੈ, ਜਦੋਂ ਇਹ ਗਲਫ਼ ਕੋਸਟ ਜਾਂ ਇਰਾਕ ਵਿਚ ਸਥਾਨਕ ਮਜ਼ਦੂਰਾਂ ਨੂੰ ਕੰਮ 'ਤੇ ਰੱਖਣ ਤੋਂ ਇਨਕਾਰ ਕਰ ਦਿੰਦੀ ਹੈ ਅਤੇ ਫੇਰ ਅਮਰੀਕਾ ਦੇ ਟੈਕਸ ਦੇਣ ਵਾਲੇ ਲੋਕਾਂ ਨੂੰ ਇਸ ਦਾ ਸਿਲ੍ਹਾ ਆਪਣਾ ਕਾਰਪੋਰੇਟ ਸਦਰ ਮੁਕਾਮ (ਸਾਰੇ ਹੀ ਸਬੰਧਤ ਟੈਕਸਾਂ ਅਤੇ ਕਾਨੂੰਨੀ ਲਾਭਾਂ ਸਣੇ) ਦੁਬਈ ਲਿਜਾ ਕੇ ਦਿੰਦੀ ਹੈ, ਉਸ ਹਾਲਤ 'ਚ ਆਮ ਲੋਕਾਂ ਨੂੰ ਸ਼ਾਵੇਜ਼ ਵਲੋਂ ਸਿੱਧੀਆਂ ਸਬਸਿਡੀਆਂ ਦੇਣਾ ਅਹਿਮੀਅਤ ਪੱਖੋਂ ਘੱਟ ਤਿੱਖਾ ਕਦਮ ਜਾਪਦਾ ਹੈ।

ਭਵਿੱਖੀ ਸਦਮਿਆਂ (ਅਤੇ ਸਦਮਾ ਸਿਧਾਂਤ) ਤੋਂ ਲਾਤੀਨੀ ਅਮਰੀਕਾ ਦੀ ਸਭ ਤੋਂ ਅਹਿਮ ਸੁਰੱਖਿਆ ਵਾਸ਼ਿੰਗਟਨ ਦੀਆਂ ਵਿਤੀ ਸੰਸਥਾਵਾਂ ਦੀ ਜਕੜ ਵਿਚੋਂ ਇਸ ਮਹਾਂਦੀਪ ਦੇ ਆਜ਼ਾਦ ਹੋਣ 'ਚ ਮੌਜੂਦ ਹੈ, ਜੋ ਇਸ ਖੇਤਰ ਦੀਆਂ ਸਰਕਾਰਾਂ ਦੀ ਵਡੇਰੀ ਸਾਂਝ ਦਾ ਸਿੱਟਾ ਹੈ। ਅਮਰੀਕੀ ਮਹਾਂਦੀਪ ਵਾਲਿਆਂ ਲਈ ਬੋਲੀਵਰਵਾਦੀ ਬਦਲ (ALBA)• ਅਮਰੀਕਾ ਦੇ ਮੁਕਤ ਵਪਾਰ ਖੇਤਰ ਦਾ ਮੂੰਹ ਤੋੜ ਜਵਾਬ ਹੈ। ਅਲਾਸਕਾ ਤੋਂ ਲੈ ਕੇ ਟੀਏਰਾ ਡੈੱਲ ਫਿਊਜੋ ਤੱਕ ਮੁਕਤ ਵਪਾਰ ਖੇਤਰ ਬਣਾਉਣ ਦਾ ਕਾਰਪੋਰੇਟਵਾਦੀ ਸੁਪਨਾ ਹੁਣ ਦਫ਼ਨ ਹੋ ਚੁੱਕਾ ਹੈ। ਭਾਵੇਂ ALBA ਹਾਲੇ ਮੁੱਢਲੇ ਪੜਾਅ 'ਚ ਹੀ ਹੈ, ਫੇਰ ਵੀ ਬਰਾਜ਼ੀਲ ਅਧਾਰਤ ਸਮਾਜ-ਸ਼ਾਸਤਰੀ ਐਮਿਰ ਸਾਦਿਰ ਇਸ ਦੇ ਵਾਅਦੇ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ : "ਇਹ ਹਕੀਕੀ ਰੂਪ 'ਚ ਸਾਫ਼-ਸੁਥਰੇ ਵਪਾਰ ਦੀ ਆਹਲਾ ਮਿਸਾਲ ਹੈ : ਹਰੇਕ ਦੇਸ਼ ਉਹੀ ਮੁਹੱਈਆ ਕਰਦਾ ਹੈ ਜਿਸ ਦੀ ਪੈਦਾਵਾਰ ਕਰਨਾ ਉਸ ਲਈ ਸਭ ਤੋਂ ਢੁੱਕਵਾਂ ਹੈ, ਮੋੜਵੇਂ ਰੂਪ 'ਚ ਉਹ ਉਹੀ ਲੈਂਦਾ ਹੈ ਜੋ ਇਸ ਲਈ ਸਭ ਤੋਂ ਜ਼ਰੂਰੀ ਹੈ, ਆਲਮੀ ਮੰਡੀਆਂ ਦੀਆਂ ਕੀਮਤਾਂ ਤੋਂ ਅਟੰਕ ਰਹਿਕੇ।"[29] ਇਸੇ ਕਰਕੇ ਬੋਲੀਵੀਆ ਸਥਿਰ ਰਿਆਇਤੀ ਮੁੱਲ 'ਤੇ ਗੈਸ ਮੁਹੱਈਆ ਕਰਦਾ ਹੈ; ਵੈਨਜ਼ੂਏਲਾ ਵੱਧ ਗਰੀਬ ਦੇਸ਼ਾਂ ਨੂੰ ਭਾਰੀ ਸਬਸਿਡੀਆਂ ਉੱਤੇ ਤੇਲ ਸਪਲਾਈ ਕਰਦਾ ਹੈ ਅਤੇ ਰਾਖਵੇਂ ਭੰਡਾਰਾਂ ਨੂੰ ਵਿਕਸਤ ਕਰਨ ਦੀ ਮੁਹਾਰਤ ਇਨ੍ਹਾਂ ਨਾਲ ਸਾਂਝੀ ਕਰ ਰਿਹਾ ਹੈ; ਅਤੇ ਕਿਊਬਾ ਪੂਰੇ ਮਹਾਂਦੀਪ ਵਿਚ ਹਜ਼ਾਰਾਂ ਡਾਕਟਰ

• ਵੈਨਜ਼ੂਏਲਾ, ਕਿਊਬਾ ਅਤੇ ਬੋਲੀਵੀਆ ਦੀ ਅਗਵਾਈ ਹੇਠ ਲਾਤੀਨੀ ਅਮਰੀਕਾ ਅਤੇ ਕੈਰੀਬੀਅਨ ਖੇਤਰ ਦੇ ਅੱਠ ਦੇਸ਼ਾਂ ਅੰਦਰ ਉਸਾਰੀ ਜਾ ਰਹੀ ਲਹਿਰ। ਇਸ ਖੇਤਰੀ ਪਹਿਲਕਦਮੀ ਦਾ ਉਦੇਸ਼ ਨਵੇਂ ਗੈਰ-ਮੰਡੀ ਢਾਂਚੇ ਅਤੇ ਆਰਥਕ ਸਹਿਯੋਗ ਦੇ ਨਮੂਨੇ ਵਿਕਸਤ ਕਰਨਾ ਹੈ।—ਅਨੁਵਾਦਕ

ਭੇਜ ਕੇ ਮੁਫ਼ਤ ਸਿਹਤ ਸੇਵਾਵਾਂ ਦੇ ਰਿਹਾ ਹੈ, ਨਾਲ ਹੀ ਇਹ ਆਪਣੀਆਂ ਮੈਡੀਕਲ ਸੰਸਥਾਵਾਂ ਵਿਚ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਸਿਖਲਾਈ ਵੀ ਦੇ ਰਿਹਾ ਹੈ। ਇਹ ਉਸ ਅਕਾਦਮਿਕ ਅਦਾਨ-ਪ੍ਰਦਾਨ ਤੋਂ ਬਹੁਤ ਹੀ ਵੱਖਰੀ ਤਰ੍ਹਾਂ ਦਾ ਮਾਡਲ ਹੈ ਜੋ ਪੰਜਾਹਵਿਆਂ ਦੇ ਅੱਧ 'ਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਸ਼ੁਰੂ ਕੀਤਾ ਗਿਆ ਸੀ। ਜਿੱਥੇ ਅਮਰੀਕੀ ਮਹਾਂਦੀਪ ਦੇ ਵਿਦਿਆਰਥੀਆਂ ਨੂੰ ਇਕੋ ਹੀ ਕੱਟੜ ਵਿਚਾਰਧਾਰਾ ਦੀ ਪੜ੍ਹਾਈ ਕਰਾਈ ਜਾਂਦੀ ਸੀ ਅਤੇ ਫੇਰ ਪੂਰੇ ਮਹਾਂਦੀਪ 'ਚ ਇਸ ਵਿਚਾਰਧਾਰਾ ਨੂੰ ਇਕੋ ਤਰੀਕੇ ਨਾਲ ਥੋਪਣ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਵਾਪਸ ਭੇਜ ਦਿੱਤਾ ਜਾਂਦਾ ਸੀ। ਵੱਡਾ ਫ਼ਾਇਦਾ ਇਹ ਹੈ ਕਿ ਅਲਬਾ ਲਾਜ਼ਮੀ ਤੌਰ 'ਤੇ ਇਕ ਵੱਟਾ-ਸੱਟਾ ਪ੍ਰਣਾਲੀ ਹੈ, ਜਿਸ ਵਿਚ ਵਸਤਾਂ ਜਾਂ ਸੇਵਾਵਾਂ ਦੀ ਕੀਮਤ ਨਿਊ ਯਾਰਕ, ਸ਼ਿਕਾਗੋ ਜਾਂ ਲੰਦਨ ਦੇ ਵਪਾਰੀਆਂ ਵਲੋਂ ਤੈਅ ਨਹੀਂ ਕੀਤੀ ਜਾਂਦੀ, ਇਸ ਦੀ ਬਜਾਏ ਇਹ ਦੇਸ਼ ਕੀਮਤਾਂ ਖ਼ੁਦ ਤੈਅ ਕਰਦੇ ਹਨ। ਇਸ ਨਾਲ ਵਪਾਰ ਉੱਤੇ ਕੀਮਤਾਂ ਦੇ ਉਤਰਾਅ-ਚੜ੍ਹਾਅ ਦਾ ਘੱਟ ਅਸਰ ਪੈਂਦਾ ਹੈ ਜਿਸ ਨੇ ਨੇੜਲੇ ਬੀਤੇ 'ਚ ਲਾਤੀਨੀ ਅਮਰੀਕਾ ਦੇ ਅਰਥਚਾਰਿਆਂ ਨੂੰ ਤਬਾਹ ਕਰ ਦਿੱਤਾ ਸੀ। ਉੱਥਲ-ਪੁੱਥਲ ਭਰੇ ਵਿਤੀ ਸਮੁੰਦਰ 'ਚ ਚਾਰ-ਚੁਫੇਰਿਓਂ ਘਿਰਿਆ ਲਾਤੀਨੀ ਅਮਰੀਕਾ ਐਸਾ ਖੇਤਰ ਸਿਰਜ ਰਿਹਾ ਹੈ ਜਿੱਥੇ ਮੁਕਾਬਲਤਨ ਆਰਥਕ ਸਥਿਰਤਾ ਹੈ ਅਤੇ ਭਵਿੱਖ ਦੀ ਆਸ ਬੰਨ੍ਹਾਈ ਜਾ ਸਕਦੀ ਹੈ। ਵਿਸ਼ਵੀਕਰਨ ਦੇ ਯੁੱਗ 'ਚ ਐਸਾ ਕਾਰਨਾਮਾ ਅਸੰਭਵ ਮੰਨਿਆ ਜਾਂਦਾ ਹੈ।

ਜੇ ਕਿਸੇ ਦੇਸ਼ ਨੂੰ ਆਰਥਕ ਥੁੜ੍ਹ ਦਾ ਸਾਹਮਣਾ ਕਰਨਾ ਪਵੇ ਤਾਂ ਸਾਂਝ ਵਧਣ ਦਾ ਭਾਵ ਹੈ ਕਿ ਉਸ ਨੂੰ ਸਹਾਇਤਾ ਲਈ ਆਈ ਐੱਮ ਐੱਫ ਜਾਂ ਅਮਰੀਕੀ ਖ਼ਜ਼ਾਨੇ ਮੂਹਰੇ ਹੱਥ ਅੱਡਣ ਦੀ ਲੋੜ ਨਹੀਂ ਹੈ। ਇਹ ਸੁਲੱਖਣਾ ਵਿਕਾਸ ਹੈ ਕਿਉਂਕਿ ਅਮਰੀਕਾ ਦੀ ਕੌਮੀ ਸੁਰੱਖਿਆ ਯੁੱਧਨੀਤੀ-2006 ਇਹ ਸਪਸ਼ਟ ਕਰਦੀ ਹੈ ਕਿ ਵਾਸ਼ਿੰਗਟਨ ਲਈ ਸਦਮਾ ਸਿਧਾਂਤ ਹਾਲੇ ਵੀ ਬਹੁਤ ਜ਼ਿਆਦਾ ਕਾਰਗਰ ਹੈ। ਯੁੱਧਨੀਤੀ ਦਸਤਾਵੇਜ਼ ਕਹਿੰਦਾ ਹੈ, "ਜੇ ਸੰਕਟ ਆਉਂਦੇ ਹਨ ਤਾਂ ਇਸ ਦੇ ਜਵਾਬ 'ਚ ਆਈ ਐੱਮ ਐੱਫ ਹਰੇਕ ਦੇਸ਼ ਤੋਂ ਆਪਣੀਆਂ ਆਰਥਕ ਤਰਜੀਹਾਂ ਲਾਜ਼ਮੀ ਲਾਗੂ ਕਰਾਏਗਾ। ਆਈ ਐੱਮ ਐੱਫ ਆਪਣੇ ਟੀਚੇ 'ਤੇ ਮੁੜ ਜ਼ੋਰ ਦੇ ਕੇ ਮੰਡੀ ਅਦਾਰਿਆਂ ਅਤੇ ਵਿਤੀ ਫ਼ੈਸਲਿਆਂ ਉੱਪਰ ਮੰਡੀ ਬੰਧੇਜ ਨੂੰ ਮਜ਼ਬੂਤ ਬਣਾਏਗਾ।" ਇਸ ਤਰ੍ਹਾਂ "ਮੰਡੀ ਬੰਧੇਜ" ਫੇਰ ਹੀ ਥੋਪਿਆ ਜਾ ਸਕਦਾ ਹੈ ਜੇ ਸਰਕਾਰਾਂ ਵਾਸ਼ਿੰਗਟਨ ਕੋਲ ਮਦਦ ਲੈਣ ਜਾਣਗੀਆਂ। ਜਿਵੇਂ ਸਟੈਨਲੇ ਫਿਚਰ ਨੇ ਏਸ਼ੀਆ ਦੇ ਵਿਤੀ ਸੰਕਟ ਸਮੇਂ ਖ਼ੁਲਾਸਾ ਕੀਤਾ ਸੀ, ਆਈ ਐੱਮ ਐੱਫ ਤਦ ਹੀ ਮਦਦ ਕਰ ਸਕਦਾ ਹੈ ਜੇ ਇਸ ਨੂੰ ਕਿਹਾ ਜਾਂਦਾ ਹੈ, "ਪਰ ਜਦੋਂ (ਕਿਸੇ ਦੇਸ਼) ਦੇ ਪੱਲੇ ਪੈਸਾ ਨਹੀਂ ਹੁੰਦਾ ਤਾਂ ਇਸ ਮੂਹਰੇ ਜ਼ਿਆਦਾ ਚੋਣ ਨਹੀਂ ਹੁੰਦੀ।"[30] ਹੁਣ ਮਾਮਲਾ ਇਸ ਤਰ੍ਹਾਂ ਨਹੀਂ ਹੈ। ਤੇਲ ਦੇ ਉੱਚੇ ਭਾਅ ਦੀ ਬਦੌਲਤ, ਵੈਨਜ਼ੂਏਲਾ ਹੋਰ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਸ਼ਾਹੂਕਾਰ ਬਣ ਕੇ ਉੱਭਰਿਆ ਹੈ, ਹੁਣ ਉਨ੍ਹਾਂ ਨੂੰ ਵਾਸ਼ਿੰਗਟਨ ਦੇ ਗੇੜੇ ਨਹੀਂ ਮਾਰਨੇ ਪੈਣਗੇ।

ਇਸ ਦੇ ਨਤੀਜੇ ਹੈਰਾਨੀਜਨਕ ਹਨ। ਅਥਾਹ ਕਰਜਾਈ ਹੋਣ ਕਰਕੇ ਬਰਾਜ਼ੀਲ ਵਾਸ਼ਿੰਗਟਨ ਨਾਲ ਨੂੜਿਆ ਹੋਇਆ ਹੈ, ਪਰ ਇਹ ਆਈ ਐੱਮ ਐੱਫ ਨਾਲ ਨਵਾਂ ਸਮਝੌਤਾ ਕਰਨੋਂ ਇਨਕਾਰੀ ਹੈ। ਨਿਕਾਰਾਗੁਆ ਆਈ ਐਮ ਐੱਫ ਛੱਡਣ ਦੀ ਗੱਲ ਚਲਾ ਰਿਹਾ ਹੈ। ਵੈਨਜ਼ੂਏਲਾ ਆਈ ਐੱਮ ਐੱਫ ਅਤੇ ਸੰਸਾਰ ਬੈਂਕ ਦੋਵਾਂ ਤੋਂ ਬਾਹਰ ਹੋ ਗਿਆ ਹੈ। ਇੱਥੋਂ ਤੱਕ ਕਿ ਵਾਸ਼ਿੰਗਟਨ ਦਾ ਸਾਬਕਾ "ਮਿਸਾਲੀ ਸ਼ਗਿਰਦ" ਅਰਜਨਟਾਈਨਾ ਵੀ ਇਸ ਰੁਝਾਨ ਦਾ ਅੰਗ ਬਣ ਗਿਆ ਹੈ। ਰਾਸ਼ਟਰਪਤੀ ਨੈਸਤਰ ਕ੍ਰਿਚਨਰ ਨੇ ਆਪਣੇ 2007 ਦੇ ਸਰਕਾਰੀ ਸੰਬੋਧਨ 'ਚ ਕਿਹਾ ਕਿ ਬਦੇਸ਼ੀ ਸ਼ਾਹੂਕਾਰਾਂ ਨੇ ਉਸ ਨੂੰ ਕਹਿ ਦਿੱਤਾ ਸੀ, " 'ਤੁਹਾਨੂੰ ਕੌਮਾਂਤਰੀ ਕੋਸ਼ ਨਾਲ

ਕਰਜਾ ਮੋੜਨ ਦਾ ਇਕਰਾਰਨਾਮਾ ਲਾਜ਼ਮੀ ਕਰਨਾ ਹੋਵੇਗਾ।' ਸਾਡਾ ਉਨ੍ਹਾਂ ਨੂੰ ਕਹਿਣਾ ਹੈ, 'ਜਨਾਬ, ਅਸੀਂ ਕੁਲ-ਅਖ਼ਤਿਆਰ ਰਾਜ ਹਾਂ। ਅਸੀਂ ਕਰਜਾ ਮੋੜਨਾ ਚਾਹੁੰਦੇ ਹਾਂ, ਪਰ ਅਸੀਂ ਆਈ ਐੱਮ ਐੱਫ ਨਾਲ ਮੁੜ ਇਕਰਾਰਨਾਮਾ ਕਰਨ ਦੇ ਨਰਕ ਦੇ ਰਾਹ ਨਹੀਂ ਪੈਣਾ।' " ਸਿੱਟੇ ਵਜੋਂ, ਜਿਹੜਾ ਆਈ ਐੱਮ ਐੱਫ ਅੱਸੀਵਿਆਂ ਅਤੇ ਨੱਬੇਵਿਆਂ ਵਿਚ ਸਰਵ-ਸ਼ਕਤੀਮਾਨ ਸੀ, ਮਹਾਂਦੀਪ ਵਿਚ ਹੁਣ ਉਸ ਦੀ ਪੁੱਗਤ ਨਹੀਂ ਹੈ। 2005 'ਚ, ਆਈ ਐੱਮ ਐੱਫ ਦੀ ਕੁਲ ਕਰਜਾ ਸੂਚੀ ਦਾ 80 ਫ਼ੀ ਸਦੀ ਲਾਤੀਨੀ ਅਮਰੀਕਾ ਨੂੰ ਦਿੱਤਾ ਕਰਜਾ ਸੀ; 2007 'ਚ ਇਸ ਮਹਾਂਦੀਪ ਦਾ ਕਰਜਾ ਸਿਰਫ਼ 1 ਫ਼ੀ ਸਦੀ ਬਣਦਾ ਸੀ—ਦੋ ਵਰ੍ਹਿਆਂ 'ਚ ਹੀ ਐਨੀ ਵੱਡੀ ਤਬਦੀਲੀ ਹੋ ਗਈ ਸੀ। ਕ੍ਰਿਚਨਰ ਨੇ ਐਲਾਨ ਕੀਤਾ, "ਆਈ ਐੱਮ ਐੱਫ ਤੋਂ ਬਾਅਦ ਵੀ ਇੱਥੇ ਜ਼ਿੰਦਗੀ ਚੱਲ ਰਹੀ ਹੈ ਅਤੇ ਇਹ ਜ਼ਿੰਦਗੀ ਵਧੀਆ ਹੈ।"[31]

ਇਹ ਕਾਇਆ-ਕਲਪ ਲਾਤੀਨੀ ਅਮਰੀਕਾ ਤੋਂ ਬਾਹਰ ਵੀ ਜਾ ਪਹੁੰਚੀ ਹੈ। ਤਿੰਨ ਸਾਲਾਂ 'ਚ ਹੀ, ਆਈ ਐੱਮ ਐੱਫ ਦੀ ਕੁਲ ਦੁਨੀਆਂ ਦੀ ਕਰਜਾ ਸੂਚੀ 81 ਅਰਬ ਡਾਲਰ ਤੋਂ ਸੁੰਗੜਕੇ 11.8 ਅਰਬ ਡਾਲਰ ਰਹਿ ਗਈ ਹੈ, ਤਕਰੀਬਨ ਇਹ ਸਾਰਾ ਕਰਜਾ ਵੀ ਤੁਰਕੀ 'ਚ ਜਾ ਰਿਹਾ ਸੀ। ਐਨੇ ਜ਼ਿਆਦਾ ਦੇਸ਼ਾਂ ਲਈ ਮਨਹੂਸ ਆਈ ਐੱਮ ਐੱਫ ਹੁਣ ਮੁਰਝਾਉਣਾ ਸ਼ੁਰੂ ਹੋ ਗਿਆ ਹੈ, ਜੋ ਉਨ੍ਹਾਂ ਦੇ ਸੰਕਟਾਂ ਨੂੰ ਮੁਨਾਫ਼ੇ ਕਮਾਉਣ ਦੇ ਮੌਕੇ ਬਣਾ ਕੇ ਇਸਤੇਮਾਲ ਕਰਦਾ ਰਿਹਾ ਹੈ। ਸੰਸਾਰ ਬੈਂਕ ਨੂੰ ਵੀ ਇਸੇ ਤਰ੍ਹਾਂ ਦੇ ਧੁੰਦਲੇ ਭਵਿੱਖ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਪ੍ਰੈਲ 2007 'ਚ, ਐਕੂਆਡੋਰ ਦੇ ਰਾਸ਼ਟਰਪਤੀ ਰਾਫੇਲ ਕੋਰੇਆ ਨੇ ਭੇਤ ਖੋਲ੍ਹਿਆ ਕਿ ਉਸ ਨੇ ਇਸ ਬੈਂਕ ਦੇ ਸਾਰੇ ਕਰਜੇ ਰੱਦ ਕਰ ਦਿੱਤੇ ਸਨ ਅਤੇ ਐਕੂਆਡੋਰ 'ਚ ਇਸ ਸੰਸਥਾ ਦੀ ਨੁਮਾਇੰਦਗੀ ਸਾਨੂੰ ਮਨਜ਼ੂਰ ਨਹੀਂ। ਇਹ ਅਸਾਧਾਰਨ ਕਦਮ ਸੀ। ਕੋਰੇਆ ਨੇ ਐਲਾਨ ਕੀਤਾ, "ਦੋ ਸਾਲ ਪਹਿਲਾਂ ਸੰਸਾਰ ਬੈਂਕ ਨੇ 10 ਕਰੋੜ ਡਾਲਰ ਦੇ ਕਰਜੇ ਦੀ ਵਰਤੋਂ ਉਸ ਆਰਥਕ ਕਾਨੂੰਨ ਨੂੰ ਹਰਾਉਣ ਲਈ ਕੀਤੀ ਸੀ ਜਿਸ ਤਹਿਤ ਤੇਲ ਤੋਂ ਆਉਣ ਵਾਲਾ ਮਾਲੀਆ ਦੇਸ਼ ਦੇ ਗਰੀਬਾਂ ਲਈ ਖਰਚਿਆ ਜਾਣਾ ਸੀ।" ਉਸ ਨੇ ਕਿਹਾ, "ਐਕੂਆਡੋਰ ਕੁਲ-ਅਖ਼ਤਿਆਰ ਦੇਸ਼ ਹੈ ਅਤੇ ਅਸੀਂ ਇਸ ਕੌਮਾਂਤਰੀ ਅਫ਼ਸਰਸ਼ਾਹੀ ਦੀ ਲੁੱਟਮਾਰ 'ਚ ਸਾਥ ਨਹੀਂ ਦੇਵਾਂਗੇ।" ਇਸੇ ਸਮੇਂ, ਈਵੋ ਮੋਰੇਲਜ਼ ਨੇ ਐਲਾਨ ਕੀਤਾ ਕਿ ਬੋਲੀਵੀਆ ਸੰਸਾਰ ਬੈਂਕ ਦੀ ਸਾਲਸੀ ਅਦਾਲਤ ਵਿਚ ਨਹੀਂ ਰਹੇਗਾ, ਜਿਹੜੀ ਸੰਸਥਾ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਇਹ ਖੁੱਲ੍ਹ ਦਿੰਦੀ ਹੈ ਕਿ ਉਹ ਕੌਮੀ ਸਰਕਾਰਾਂ ਨੂੰ ਮੁਕੱਦਮਿਆਂ 'ਚ ਫਸਾ ਕੇ ਐਸੇ ਕਦਮ ਚੁੱਕਣ ਲਈ ਮਜਬੂਰ ਕਰਦੀਆਂ ਰਹਿਣ ਜਿਸ ਤੋਂ ਉਨ੍ਹਾਂ ਨੂੰ ਮੁਨਾਫ਼ੇ ਹੁੰਦੇ ਹਨ। ਮੋਰੇਲਜ਼ ਨੇ ਕਿਹਾ, "ਲਾਤੀਨੀ ਅਮਰੀਕਾ ਦੀਆਂ ਸਰਕਾਰਾਂ, ਮੈਂ ਤਾਂ ਸੋਚਦਾ ਹਾਂ ਕਿ ਕੁਲ ਦੁਨੀਆਂ ਦੀਆਂ ਸਰਕਾਰਾਂ, ਕਦੇ ਵੀ ਮੁਕੱਦਮੇ ਨਹੀਂ ਜਿੱਤ ਪਾਉਂਦੀਆਂ। ਬਹੁ-ਕੌਮੀ ਕਾਰਪੋਰੇਸ਼ਨਾਂ ਸਦਾ ਜਿੱਤਦੀਆਂ ਹਨ।" ਜਦੋਂ ਮਈ 2007 'ਚ ਪਾਲ ਵੌਲਫੋਵਿਜ਼ ਨੂੰ ਸੰਸਾਰ ਬੈਂਕ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ, ਓਦੋਂ ਇਹ ਸਪਸ਼ਟ ਹੋ ਗਿਆ ਸੀ ਕਿ ਇਸ ਸੰਸਥਾ ਵਾਸਤੇ ਆਪਣੀ ਭਰੋਸੇਯੋਗਤਾ ਦੇ ਡੂੰਘੇ ਸੰਕਟ 'ਚੋਂ ਨਿਕਲਣ ਲਈ ਇਹ ਬੇਤਹਾਸ਼ਾ ਕਦਮ ਚੁੱਕਣੇ ਜ਼ਰੂਰੀ ਹੋ ਗਏ ਸਨ। ਵੌਲਫੋਵਿਜ਼ ਮਾਮਲੇ ਸਮੇਂ, *ਫਾਇਨੈਂਸ਼ੀਅਲ ਟਾਈਮਜ਼* ਨੇ ਰਿਪੋਰਟ ਦਿੱਤੀ ਕਿ ਹੁਣ ਜਦੋਂ ਸੰਸਾਰ ਬੈਂਕ ਦੇ ਕਰਤਾ-ਧਰਤਾ ਵਿਕਾਸਸ਼ੀਲ ਦੇਸ਼ਾਂ ਨੂੰ ਨਸੀਹਤਾਂ ਦਿੰਦੇ ਹਨ ਤਾਂ "ਉਨ੍ਹਾਂ 'ਤੇ ਹੱਸਿਆ ਜਾਂਦਾ ਹੈ।"[32] ਅਤੇ ਇਸ ਵਿਚ 2006 'ਚ ਸੰਸਾਰ ਵਪਾਰ ਸੰਸਥਾ ਦੀ ਗੱਲਬਾਤ ਦਾ ਟੁੱਟਣਾ ਜੁੜ ਗਿਆ। (ਇੱਥੇ "ਵਿਸ਼ਵੀਕਰਨ ਮਰ ਚੁੱਕਾ ਹੈ" ਦੇ ਝਟਪਟ ਐਲਾਨ ਕਰ ਦਿੱਤੇ ਗਏ), ਅਤੇ ਆਰਥਕ ਅਟੱਲਤਾ ਦੇ ਪਰਦੇ ਹੇਠ ਸ਼ਿਕਾਗੋ ਸਕੂਲ ਦੀ ਵਿਚਾਰਧਾਰਾ ਨੂੰ ਥੋਪਣ ਵਾਲੀਆਂ

ਤਿੰਨ ਮੁੱਖ ਸੰਸਥਾਵਾਂ ਦਾ ਭਵਿੱਖ ਖ਼ਤਰੇ ’ਚ ਹੈ।

ਇਹ ਠੀਕ ਹੈ ਕਿ ਨਵ-ਉਦਾਰਵਾਦ ਵਿਰੁੱਧ ਬਗ਼ਾਵਤ ਸਭ ਤੋਂ ਵੱਧ ਵਿਕਸਤ ਪੜਾਅ ’ਤੇ ਲਾਤੀਨੀ ਅਮਰੀਕਾ ’ਚ ਹੋਵੇਗੀ—ਸਦਮੇ ਦੀ ਪਹਿਲੀ ਪ੍ਰਯੋਗਸ਼ਾਲਾ ਦੇ ਰੂਪ ’ਚ ਲਾਤੀਨੀ ਅਮਰੀਕੀਆਂ ਨੂੰ ਸੰਭਲਣ ਲਈ ਸਭ ਤੋਂ ਵੱਧ ਸਮਾਂ ਮਿਲਿਆ ਹੈ। ਸਾਲਾਂਬੱਧੀ ਸੜਕਾਂ ’ਤੇ ਰੋਸ ਮੁਜ਼ਾਹਰੇ ਹੁੰਦੇ ਰਹਿਣ ਨੇ ਨਵੀਂ ਸਿਆਸੀ ਸਫ਼ਬੰਦੀ ਕਰ ਦਿੱਤੀ ਹੈ। ਆਖ਼ਿਰ ਇਸ ਵਲੋਂ ਸਿਰਫ਼ ਰਾਜ ਸੱਤਾ ਹਾਸਲ ਕਰਨ ਲਈ ਹੀ ਨਹੀਂ ਅਸਲ ਵਿਚ ਰਾਜ ਦੇ ਸੱਤਾ ਢਾਂਚੇ ’ਚ ਤਬਦੀਲੀ ਦੀ ਸ਼ੁਰੂਆਤ ਕਰਨ ਲਈ ਤਾਕਤ ਜੁਟਾਈ ਜਾ ਰਹੀ ਹੈ। ਇਸ ਦੇ ਸੰਕੇਤ ਵੀ ਮਿਲ ਰਹੇ ਹਨ ਕਿ ਸਦਮੇ ਦੀਆਂ ਬਾਕੀ ਪ੍ਰਯੋਗਸ਼ਾਲਾਵਾਂ ਵੀ ਇਸੇ ਰਾਹ ਪਈਆਂ ਹੋਈਆਂ ਹਨ। ਦੱਖਣੀ ਅਫ਼ਰੀਕਾ ਵਿਚ 2005 ਅਤੇ 2006 ਐਸੇ ਸਾਲ ਸਨ ਜਦੋਂ ਲੰਮੇ ਸਮੇਂ ਤੋਂ ਨਜ਼ਰ-ਅੰਦਾਜ਼ ਕੀਤੀਆਂ ਗਰੀਬ ਬਸਤੀਆਂ ਨੇ ਏ ਐੱਨ ਸੀ ਪ੍ਰਤੀ ਵਫ਼ਾਦਾਰੀ ਨੂੰ ਪੱਕੇ ਤੌਰ ’ਤੇ ਅਲਵਿਦਾ ਕਹਿਕੇ ਆਜ਼ਾਦੀ ਚਾਰਟਰ ਦੀ ਵਾਅਦਾ ਖ਼ਿਲਾਫ਼ੀ ਵਿਰੁੱਧ ਰੋਸ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਬਦੇਸ਼ੀ ਪੱਤਰਕਾਰਾਂ ਦੀ ਟਿੱਪਣੀ ਸੀ ਕਿ ਨਸਲੀ ਵਿਤਕਰੇ ਵਿਰੁੱਧ ਇਨ੍ਹਾਂ ਆਬਾਦੀਆਂ ਦੇ ਉੱਭਰਨ ਦੇ ਸਮੇਂ ਤੋਂ ਲੈ ਕੇ ਇਸ ਤਰ੍ਹਾਂ ਦੀ ਉੱਥਲ-ਪੁੱਥਲ ਕਦੇ ਦੇਖਣ ’ਚ ਨਹੀਂ ਆਈ ਸੀ। ਅਸਲ ਵਿਚ ਚੀਨ ਦੇ ਲੋਕਾਂ ਦੇ ਮਿਜਾਜ਼ ’ਚ ਕਮਾਲ ਦੀ ਤਬਦੀਲੀ ਆ ਰਹੀ ਹੈ। ਬਹੁਤ ਸਾਲ, ਤਿਆਨਮਿਨ ਚੌਕ ਕਾਂਡ ਦੀ ਕਰੂਰ ਦਹਿਸ਼ਤ ਉਸ ਜਨਤਕ ਰੋਹ ਨੂੰ ਦਬਾਉਣ ’ਚ ਕਾਮਯਾਬ ਹੁੰਦੀ ਰਹੀ ਜੋ ਮਜ਼ਦੂਰਾਂ ਦੇ ਹੱਕਾਂ ਨੂੰ ਖ਼ੋਰਾ ਲਾਏ ਜਾਣ ਅਤੇ ਪੇਂਡੂ ਖੇਤਰ ਦੀ ਗਰੀਬੀ ਵਧਣ ਕਾਰਨ ਉੱਠ ਰਿਹਾ ਸੀ। ਹੁਣ ਉਹ ਗੱਲ ਨਹੀਂ ਰਹੀ। ਸਰਕਾਰੀ ਸੂਤਰਾਂ ਅਨੁਸਾਰ, 2005 ’ਚ ਚੀਨ ਅੰਦਰ ਸਤਾਸੀ ਹਜ਼ਾਰ ਸ਼ਮੂਲੀਅਤ ਵਾਲੇ ਰੋਸ-ਮੁਜ਼ਾਹਰੇ ਹੋਏ ਜਿਨ੍ਹਾਂ ਵਿਚ ਕੁਲ-ਮਿਲਾ ਕੇ 40 ਲੱਖ ਤੋਂ ਵੱਧ ਮਜ਼ਦੂਰਾਂ ਅਤੇ ਕਿਸਾਨਾਂ ਨੇ ਹਿੱਸਾ ਲਿਆ ਸੀ।•[33] 1989 ਤੋਂ ਲੈ ਕੇ, ਚੀਨ ਦੇ ਕਾਰਕੁਨਾਂ ਦੀ ਲਹਿਰ ਨੂੰ ਸਿਰੇ ਦੇ ਬੇਰਹਿਮ ਹਕੂਮਤੀ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਪਰ ਇਸ ਦੇ ਸਿੱਟੇ ਵਜੋਂ ਬਹੁਤ ਸਾਰੀਆਂ ਠੋਸ ਜਿੱਤਾਂ ਵੀ ਹਾਸਲ ਹੋਈਆਂ ਹਨ: ਜਿਵੇਂ ਪੇਂਡੂ ਇਲਾਕਿਆਂ ਦੀ ਹਾਲਤ ਸੁਧਾਰਨ ਲਈ ਨਵੇਂ ਵੱਡੇ ਯੋਜਨਾ ਖ਼ਰਚ, ਬਿਹਤਰ ਸਿਹਤ ਸੇਵਾਵਾਂ, ਸਿੱਖਿਆ ਫ਼ੀਸਾਂ ਖ਼ਤਮ ਕਰਨ ਦਾ ਅਹਿਦ। ਇਸ ਤਰ੍ਹਾਂ ਚੀਨ ਵੀ ਸਦਮੇ ਤੋਂ ਬਾਹਰ ਆ ਰਿਹਾ ਹੈ।

ਦਹਿਸ਼ਤ ਦੇ ਸਦਮੇ ਨਾਲ ਹਾਸਲ ਹੋਏ ਮੌਕੇ ਦਾ ਲਾਹਾ ਲੈਣ ’ਤੇ ਅਧਾਰਤ ਕਿਸੇ ਵੀ ਯੁੱਧਨੀਤੀ ਦੀ ਭਾਰੀ ਟੇਕ ਅਚਾਨਕ ਹਮਲੇ ’ਤੇ ਹੁੰਦੀ ਹੈ। ਪ੍ਰੀਭਾਸ਼ਾ ਪੱਖੋਂ ਦੇਖਿਆ ਜਾਵੇ ਤਾਂ ਸਦਮੇ ਦੀ ਹਾਲਤ ਉਹ ਪਲ ਹੁੰਦੇ ਹਨ ਜਦੋਂ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਵਾਲੀ ਸੂਚਨਾ ’ਚ ਵੱਡਾ ਖੱਪਾ ਹੁੰਦਾ ਹੈ। ਮਰਹੂਮ ਫਰਾਂਸੀਸੀ ਸਿਧਾਂਤਕਾਰ ਜੀਨ ਬੌਦਰਿਲਾਰਦ ਨੇ ਦਹਿਸ਼ਤਪਾਊ ਘਟਨਾਵਾਂ ਨੂੰ “ਹਕੀਕਤ ਦੀ ਜ਼ਿਆਦਤੀ” ਕਿਹਾ ਸੀ; ਇਨ੍ਹਾਂ ਅਰਥਾਂ ’ਚ, ਉੱਤਰੀ ਅਮਰੀਕਾ ਅੰਦਰ 11 ਸਤੰਬਰ ਦੇ ਹਮਲੇ ਸ਼ੁਰੂ ’ਚ ਨਿਰੀ ਘਟਨਾ, ਅੱਲੀ ਹਕੀਕਤ ਹੀ ਸਨ ਜੋ ਕਥਾਨਕ ਵੇਰਵਿਆਂ ਜਾਂ ਅਜਿਹੀ ਕਿਸੇ ਚੀਜ਼ ਦੇ ਅਮਲ ਵਿਚੋਂ ਨਹੀਂ ਲੰਘੀ ਹੁੰਦੀ ਜਿਸ ਨਾਲ ਹਕੀਕਤ ਅਤੇ ਇਸ ਨੂੰ ਸਮਝਣ ਦਾ ਪਾੜਾ ਪੂਰਿਆ ਜਾਵੇ।[34] ਵਰਨਣ

• ਅਮਰੀਕੀ ਮਜ਼ਦੂਰ ਲੇਖਕਾਂ ਦੀ ਇਕ ਟੋਲੀ ਨੇ ਹੈਰਾਨੀ ਜ਼ਾਹਰ ਕੀਤੀ “ਹੈਂ, ਚਾਲੀ ਲੱਖ ਮਜ਼ਦੂਰ! ਅਮਰੀਕਾ ’ਚ ਅਸੀਂ 1999 ’ਚ ਨਵੀਂ ਆਲਮੀ ਸਮਾਜਿਕ ਲਹਿਰ ਦਾ ਸਥਾਪਨਾ ਦਿਵਸ ਮਨਾਇਆ ਸੀ ਓਦੋਂ ‘ਸਿਆਟਲ ਦੀ ਲੜਾਈ’ ਵਿਚ 60,000 ਨੇ ਪ੍ਰਦਰਸ਼ਨ ਕੀਤਾ ਸੀ।”

ਤੋਂ ਬਿਨਾ ਸਾਡੀ ਹਾਲਤ ਬਹੁਤ ਨਾਜ਼ੁਕ ਹੁੰਦੀ ਹੈ। ਅਸੀਂ ਉਨ੍ਹਾਂ ਲੋਕਾਂ ਦੇ ਬਹਿਕਾਵੇ 'ਚ ਆ ਸਕਦੇ ਹਾਂ ਜੋ ਗੜਬੜ ਦਾ ਆਪਣੇ ਸਵਾਰਥਾਂ ਲਈ ਲਾਹਾ ਲੈਣ ਦੀ ਤਾਕ 'ਚ ਹੁੰਦੇ ਹਨ। 11 ਸਤੰਬਰ ਤੋਂ ਬਾਅਦ ਸਾਡੇ ਵਿਚੋਂ ਬਹੁਤਿਆਂ ਦੀ ਹਾਲਤ ਅਜਿਹੀ ਸੀ। ਜਦੋਂ ਸਾਡੇ ਕੋਲ ਨਵਾਂ ਵਰਨਣ ਆ ਜਾਂਦਾ ਹੈ ਜੋ ਸਦਮਾ ਪਹੁੰਚਾਉਣ ਵਾਲੀਆਂ ਘਟਨਾਵਾਂ ਦਾ ਦ੍ਰਿਸ਼ ਪੇਸ਼ ਕਰ ਦਿੰਦਾ ਹੈ, ਸਾਨੂੰ ਦੁਬਾਰਾ ਸੇਧ ਮਿਲ ਜਾਂਦੀ ਹੈ ਅਤੇ ਦੁਨੀਆਂ ਇਕ ਵਾਰ ਫੇਰ ਬੁੱਧੀ ਤੋਂ ਕੰਮ ਲੈਣ ਲੱਗ ਜਾਂਦੀ ਹੈ।

ਸਦਮਾ ਪਹੁੰਚਾਉਣ ਅਤੇ ਯਾਦਦਾਸ਼ਤ ਮਿਟਾਉਣ 'ਤੇ ਤੁਲੇ ਜੇਲ੍ਹ ਦੇ ਤਫ਼ਤੀਸ਼ੀ ਅਧਿਕਾਰੀ ਇਸ ਅਮਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਕਾਰਨ ਸੀ ਆਈ ਏ ਦੀ ਨੇਮਾਵਲੀ ਕੈਦੀਆਂ ਦਾ ਸਬੰਧ ਹਰ ਚੀਜ਼ ਨਾਲੋਂ ਤੋੜ ਦੇਣ ਦੀ ਮਹੱਤਤਾ ਉੱਤੇ ਜ਼ੋਰ ਦਿੰਦੀ ਹੈ ਜੋ ਕਿਸੇ ਵੀ ਤਰ੍ਹਾਂ ਦਾ ਨਵਾਂ ਬਿਰਤਾਂਤ ਸਿਰਜਣ 'ਚ ਸਹਾਈ ਹੁੰਦੀ ਹੋਵੇ—ਉਨ੍ਹਾਂ ਦਾ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਹਾਸਲ ਬੋਧ, ਬਾਕੀ ਕੈਦੀ ਅਤੇ ਇੱਥੋਂ ਤੱਕ ਕਿ ਸੰਤਰੀਆਂ ਨਾਲ ਆਦਾਨ-ਪ੍ਰਦਾਨ। ਨੇਮਾਵਲੀ 1983 ਕਹਿੰਦੀ ਹੈ, "ਕੈਦੀਆਂ ਨੂੰ ਤੁਰੰਤ ਅੱਡ ਕਰ ਦਿੱਤਾ ਜਾਣਾ ਚਾਹੀਦਾ ਹੈ। ਗ੍ਰਿਫ਼ਤਾਰ ਕੀਤੇ ਜਾਣ ਦੇ ਸਮੇਂ ਤੋਂ ਹੀ ਉਨ੍ਹਾਂ ਨੂੰ ਸਰੀਰਕ ਅਤੇ ਮਨੋਵਿਗਿਆਨਕ ਦੋਵੇਂ ਤਰ੍ਹਾਂ ਅਲੱਗ-ਥਲੱਗ ਕਰਕੇ ਰੱਖਣਾ ਜ਼ਰੂਰੀ ਹੈ।"[35] ਤਸੀਹੇ ਦੇਣ ਵਾਲੇ ਜਾਣਦੇ ਹਨ ਕਿ ਕੈਦੀ ਆਪੋ ਵਿਚ ਗੱਲਬਾਤ ਕਰ ਲੈਂਦੇ ਹਨ। ਉਹ ਇਕ ਦੂਜੇ ਨੂੰ ਚੌਕਸ ਕਰਦੇ ਹਨ ਕਿ ਅੱਗੋਂ ਕੀ ਹੋਣ ਵਾਲਾ ਹੈ; ਉਹ ਸੀਖਾਂ ਵਿਚ ਦੀ ਸੁਨੇਹੇ ਫੜਾਉਂਦੇ ਹਨ। ਜਦੋਂ ਇਕ ਵਾਰ ਅਜਿਹਾ ਹੋ ਜਾਂਦਾ ਹੈ ਤਾਂ ਹਿਰਾਸਤ 'ਚ ਲੈਣ ਵਾਲਿਆਂ ਦਾ ਪ੍ਰਭਾਵ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਕੋਲ ਅਜੇ ਵੀ ਸਰੀਰ ਨੂੰ ਕਸ਼ਟ ਦੇਣ ਦੀ ਤਾਕਤ ਹੁੰਦੀ ਹੈ, ਪਰ ਹੁਣ ਆਪਣੇ ਕੈਦੀਆਂ ਨੂੰ ਵਰਗਲਾਉਣ ਅਤੇ "ਝੁਕਾਉਣ" ਵਾਲੇ ਉਨ੍ਹਾਂ ਦੇ ਇਹ ਸਭ ਤੋਂ ਕਾਰਗਰ ਮਨੋਵਿਗਿਆਨਕ ਸੰਦ ਖੁੱਸ ਚੁੱਕੇ ਹੁੰਦੇ ਹਨ ਭਾਵ ਘਚੋਲਾ, ਦਿਮਾਗੀ ਗੜਬੜ ਅਤੇ ਹੈਰਾਨੀ। ਇਨ੍ਹਾਂ ਤੱਤਾਂ ਤੋਂ ਬਗ਼ੈਰ, ਕੋਈ ਸਦਮਾ ਬਰਕਰਾਰ ਨਹੀਂ ਰਹਿ ਸਕਦਾ।

ਇਹੀ ਵਿਆਪਕ ਸਮਾਜਿਕ ਖੇਤਰਾਂ ਲਈ ਸੱਚ ਹੈ। ਜਦੋਂ ਸਦਮਾ ਸਿਧਾਂਤ ਡੂੰਘੇ ਅਤੇ ਸਮੂਹਕ ਰੂਪ 'ਚ ਸਮਝ ਆ ਜਾਂਦਾ ਹੈ ਤਾਂ ਸਮੁੱਚੇ ਸਮਾਜਾਂ ਦੀ ਸੁੱਧ-ਬੁੱਧ ਭੁਲਾਉਣਾ ਅਤੇ ਘਚੋਲੇ ਦਾ ਸ਼ਿਕਾਰ ਬਣਾਉਣਾ ਜ਼ਿਆਦਾ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਉੱਤੇ ਸਦਮੇ ਦਾ ਅਸਰ ਨਹੀਂ ਹੁੰਦਾ। 11 ਸਤੰਬਰ ਤੋਂ ਬਾਅਦ ਜਿਸ ਤਰ੍ਹਾਂ ਭਾਰੀ ਹਿੰਸਕ ਤਬਾਹੀਪਸੰਦ ਸਰਮਾਏਦਾਰੀ ਹਾਵੀ ਹੋਈ ਹੈ ਅੰਸ਼ਕ ਤੌਰ 'ਤੇ ਇਸ ਦੇ ਉੱਭਰਨ ਦੀ ਵਜ੍ਹਾ ਇਹ ਸੀ ਕਿ ਇਸ ਤੋਂ ਹਲਕੇ ਸਦਮਿਆਂ—ਕਰਜੇ ਦੇ ਸੰਕਟ, ਸਿੱਕੇ ਦੀ ਗਿਰਾਵਟ, "ਇਤਿਹਾਸ" ਵਿਚ ਪਿੱਛੇ ਰਹਿ ਜਾਣ ਦਾ ਡਰ—ਦੀ ਪਹਿਲਾਂ ਹੀ ਐਨੀ ਹੱਦੋਂ ਵੱਧ ਵਰਤੋਂ ਕੀਤੀ ਜਾ ਚੁੱਕੀ ਸੀ ਕਿ ਇਨ੍ਹਾਂ 'ਚ ਹੁਣ ਦਮ ਨਹੀਂ ਸੀ। ਅੱਜ ਜੰਗਾਂ ਅਤੇ ਕੁਦਰਤੀ ਆਫ਼ਤਾਂ ਦੇ ਤਬਾਹੀ ਮਚਾਊ ਸਦਮੇ ਨਾਲ ਸਦਾ ਉਸ ਪੱਧਰ ਦਾ ਮਾਨਸਿਕ ਘਚੋਲਾ ਪੈਦਾ ਨਹੀਂ ਹੁੰਦਾ ਜੋ ਅਣਚਾਹੇ ਆਰਥਕ ਸਦਮਾ ਇਲਾਜ ਨੂੰ ਥੋਪਣ ਲਈ ਚਾਹੀਦਾ ਹੈ। ਦੁਨੀਆਂ ਵਿਚ ਐਸੇ ਬਥੇਰੇ ਲੋਕ ਹਨ ਜਿਨ੍ਹਾਂ ਦਾ ਸਦਮਾ ਸਿਧਾਂਤ ਬਾਰੇ ਸਿੱਧਾ ਤਜਰਬਾ ਹੈ : ਉਹ ਜਾਣਦੇ ਹਨ ਕਿ ਇਹ ਕਿਵੇਂ ਕੰਮ ਕਰਦਾ ਹੈ, ਉਹ ਹੋਰ ਕੈਦੀਆਂ ਨਾਲ ਗੱਲਬਾਤ ਕਰਦੇ ਰਹੇ; ਸੀਖਾਂ ਵਿਚੋਂ ਦੀ ਸੁਨੇਹੇ ਦਿੰਦੇ ਰਹੇ; ਇੱਥੇ ਅਚੰਭੇ ਦਾ ਅਹਿਮ ਤੱਤ ਗਾਇਬ ਹੈ।

ਇਸ ਦੀ ਉੱਘੜਵੀਂ ਮਿਸਾਲ ਹੈ ਦਹਿ ਲੱਖਾਂ ਲਿਬਨਾਨ ਵਾਸੀਆਂ ਦਾ ਪ੍ਰਤੀਕਰਮ ਜੋ ਉਨ੍ਹਾਂ ਨੇ ਕੌਮਾਂਤਰੀ ਸ਼ਾਹੂਕਾਰਾਂ ਵਿਰੁੱਧ ਦਿਖਾਇਆ ਸੀ। ਕੌਮਾਂਤਰੀ ਸੰਸਥਾਵਾਂ ਨੇ 2006 'ਚ ਲਿਬਨਾਨ ਉੱਪਰ ਇਸਰਾਇਲੀ ਹਮਲੇ ਤੋਂ ਬਾਅਦ ਮੁੜ-ਉਸਾਰੀ ਲਈ ਸਹਾਇਤਾ ਦੀ ਸ਼ਰਤ ਵਜੋਂ ਖੁੱਲ੍ਹੀ ਮੰਡੀ ਦੇ ਸੁਧਾਰ ਥੋਪਣ ਦਾ ਯਤਨ ਕੀਤਾ ਸੀ। ਮੁੜ-ਉਸਾਰੀ ਦਾ ਕੰਮ ਜਾਇਜ਼ ਤਰੀਕੇ

ਨਾਲ ਕੀਤਾ ਜਾ ਸਕਦਾ ਸੀ : ਦੇਸ਼ ਨੂੰ ਐਨੇ ਫੰਡਾਂ ਦੀ ਲੋੜ ਨਹੀਂ ਸੀ। ਇੱਥੋਂ ਤੱਕ ਕਿ ਜੰਗ ਤੋਂ ਪਹਿਲਾਂ, ਲਿਬਨਾਨ ਸਿਰ ਐਨਾ ਕਰਜਾ ਸੀ ਜੋ ਦੁਨੀਆਂ ਦੇ ਸਭ ਤੋਂ ਭਾਰੀ ਕਰਜਿਆਂ 'ਚ ਸ਼ੁਮਾਰ ਸੀ, ਜਦਕਿ ਸੜਕਾਂ, ਪੁਲਾਂ ਅਤੇ ਹਵਾਈ ਅੱਡਿਆਂ ਦੀਆਂ ਜਹਾਜ਼ ਦੌੜਨ ਵਾਲੀਆਂ ਪੱਟੀਆਂ ਉੱਪਰ ਹਮਲਿਆਂ ਨਾਲ ਹੋਇਆ ਨੁਕਸਾਨ ਅੰਦਾਜ਼ਨ 9 ਅਰਬ ਡਾਲਰ ਸੀ। ਇਸ ਲਈ ਜਦੋਂ ਜਨਵਰੀ 2007 'ਚ ਤੀਹ ਅਮੀਰ ਦੇਸ਼ਾਂ ਦੇ ਡੈਲੀਗੇਟ ਮੁੜ-ਉਸਾਰੀ ਕਰਨ ਸਬੰਧੀ 7.6 ਅਰਬ ਡਾਲਰ ਦੇ ਕਰਜੇ ਅਤੇ ਗਰਾਂਟਾਂ ਦਾ ਵਾਅਦਾ ਕਰਨ ਲਈ ਪੈਰਿਸ ਵਿਚ ਇਕੱਠੇ ਹੋਏ, ਸੁਭਾਵਿਕ ਤੌਰ 'ਤੇ ਉਨ੍ਹਾਂ ਦੀ ਸੋਚ ਇਹੀ ਸੀ ਕਿ ਸਹਾਇਤਾ ਨਾਲ ਕੋਈ ਵੀ ਸ਼ਰਤਾਂ ਲਾ ਦਿੱਤੀਆਂ ਜਾਣ, ਲਿਬਨਾਨ ਦੀ ਸਰਕਾਰ ਇਨ੍ਹਾਂ ਨੂੰ ਮੰਨ ਲਵੇਗੀ। ਸ਼ਰਤਾਂ ਆਮ ਸਨ : ਫ਼ੋਨ ਸੇਵਾਵਾਂ ਅਤੇ ਬਿਜਲੀ ਦਾ ਨਿੱਜੀਕਰਨ ਕਰਨਾ; ਗੈਸ ਦੀਆਂ ਕੀਮਤਾਂ ਵਧਾਉਣਾ, ਜਨਤਕ ਸੇਵਾਵਾਂ 'ਚ ਕਟੌਤੀਆਂ ਕਰਨਾ ਅਤੇ ਖਪਤ ਦੇ ਸਮਾਨ ਦੀ ਵਿਕਰੀ ਉੱਪਰ ਟੈਕਸ 'ਚ ਵਾਧਾ ਕਰਨਾ ਜੋ ਪਹਿਲਾਂ ਹੀ ਵਿਵਾਦਾਂ ਦੇ ਘੇਰੇ 'ਚ ਸੀ। ਲਿਬਨਾਨੀ ਅਰਥ-ਸ਼ਾਸਤਰੀ ਕਮਾਲ ਹਮਦਨ ਨੇ ਅੰਦਾਜ਼ਾ ਲਾਇਆ ਕਿ ਇਸ ਦੇ ਸਿੱਟੇ ਵਜੋਂ, ਟੈਕਸਾਂ 'ਚ ਵਾਧੇ ਅਤੇ ਭਾਅ ਵਧਣ ਨਾਲ "ਪਰਿਵਾਰਾਂ ਦੇ ਬਿੱਲਾਂ 'ਚ 15 ਫ਼ੀ ਸਦੀ ਦਾ ਵਾਧਾ ਹੋ ਜਾਵੇਗਾ।" ਇਹ ਸ਼ਾਂਤੀ ਦੀ ਟਕਸਾਲੀ ਸਜ਼ਾ ਸੀ। ਜਿੱਥੋਂ ਤੱਕ ਮੁੜ-ਉਸਾਰੀ ਦਾ ਸਵਾਲ ਸੀ, ਇਹ ਤੈਅ ਸੀ ਕਿ ਸਾਰੇ ਕੰਮ ਤਬਾਹੀਪਸੰਦ ਸਰਮਾਏਦਾਰੀ ਦੀਆਂ ਦਿਓਕੱਦ ਕੰਪਨੀਆਂ ਨੂੰ ਮਿਲਣੇ ਸਨ, ਕਾਮਿਆਂ ਨੂੰ ਤਨਖ਼ਾਹ 'ਤੇ ਰੱਖਣ ਜਾਂ ਸਥਾਨਕ ਪੱਧਰ 'ਤੇ ਕੰਮ ਅਗਾਂਹ ਠੇਕੇ 'ਤੇ ਦੇਣ ਦੀ ਲੋੜ ਨਹੀਂ ਸੀ ਰਹਿਣੀ।[36] ਅਮਰੀਕੀ ਬਦੇਸ਼ ਮੰਤਰੀ ਕੌਂਡੋਲਿਜ਼ਾ ਰਾਈਸ ਨੂੰ ਸਵਾਲ ਕੀਤਾ ਗਿਆ ਕੀ ਅਜਿਹੀਆਂ ਮੰਗਾਂ ਲਿਬਨਾਨ ਦੇ ਮਾਮਲਿਆਂ 'ਚ ਬਦੇਸ਼ੀ ਦਖ਼ਲਅੰਦਾਜ਼ੀ ਨਹੀਂ ਬਣਦੀਆਂ। ਉਸ ਨੇ ਜਵਾਬ ਦਿੱਤਾ, "ਲਿਬਨਾਨ ਜਮਹੂਰੀ ਦੇਸ਼ ਹੈ। ਨਾਲ ਹੀ, ਲਿਬਨਾਨ 'ਚ ਕੁਝ ਅਹਿਮ ਆਰਥਕ ਸੁਧਾਰ ਵੀ ਹੱਥ ਲਏ ਗਏ ਹਨ ਜੋ ਇਸ ਤਰ੍ਹਾਂ ਦੇ ਕੰਮ ਲਈ ਅਹਿਮ ਹਨ।" ਲਿਬਨਾਨ ਦਾ ਪ੍ਰਧਾਨ ਮੰਤਰੀ ਫੈਅਦ ਸਿਨਿਓਰਾ ਜਿਸ ਨੂੰ ਪੱਛਮ ਦਾ ਥਾਪੜਾ ਸੀ, ਨੇ ਮੌਜ ਨਾਲ ਹੀ ਸ਼ਰਤਾਂ ਮੰਨ ਲਈਆਂ। ਉਹ ਮੋਢੇ ਸੁੰਗੇੜ ਕੇ ਕਹਿਣ ਲੱਗਿਆ, "ਨਿੱਜੀਕਰਨ ਦੀ ਕਾਢ ਲਿਬਨਾਨ ਦੀ ਨਹੀਂ ਹੈ।" ਇਸ ਤੋਂ ਵੀ ਅੱਗੇ, ਹੱਥ-ਠੋਕਾ ਬਣਨ ਦੀ ਇੱਛਾ ਦਿਖਾਉਂਦਿਆਂ ਉਸ ਨੇ ਬੁਸ਼ ਨਾਲ ਸਬੰਧਤ ਜਾਸੂਸੀ ਖੇਤਰ ਦੀ ਦਿਓ-ਕੱਦ ਕੰਪਨੀ ਬੂਜ਼ ਐਲੇਨ ਹਮਿਲਟਨ ਨੂੰ ਲਿਬਨਾਨ ਦੀ ਦੂਰ-ਸੰਚਾਰ ਪ੍ਰਣਾਲੀ ਦਾ ਨਿੱਜੀਕਰਨ ਕਰਨ ਦਾ ਠੇਕਾ ਦੇ ਦਿੱਤਾ।[37]

ਜਦਕਿ ਇਹ ਸਪਸ਼ਟ ਸੀ ਕਿ ਲਿਬਨਾਨ ਦੇ ਬਹੁਤ ਸਾਰੇ ਨਾਗਰਿਕ ਓਨਾ ਸਹਿਯੋਗ ਨਹੀਂ ਦੇ ਰਹੇ ਸਨ। ਉਨ੍ਹਾਂ ਦੇ ਘਰ ਹਾਲੇ ਤੱਕ ਥੇਹ ਬਣੇ ਹੋਣ ਦੇ ਬਾਵਜੂਦ, ਹਜ਼ਾਰਾਂ ਲੋਕਾਂ ਨੇ ਆਮ ਹੜਤਾਲ 'ਚ ਹਿੱਸਾ ਲਿਆ। ਹੜਤਾਲ ਯੂਨੀਅਨਾਂ ਅਤੇ ਸਿਆਸੀ ਪਾਰਟੀਆਂ ਦੇ ਸਾਂਝੇ ਗੱਠਜੋੜ ਨੇ ਜਥੇਬੰਦ ਕੀਤੀ ਸੀ ਜਿਸ ਵਿਚ ਇਸਲਾਮਵਾਦੀ ਪਾਰਟੀ ਹਿਜ਼ਬੁੱਲਾ ਵੀ ਸ਼ਾਮਲ ਸੀ। ਮੁਜ਼ਾਹਰਾਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਮੁੜ-ਉਸਾਰੀ ਦੇ ਫੰਡਾਂ ਨੇ ਜੰਗ ਦੇ ਹੱਥੋਂ ਤਬਾਹ ਹੋਏ ਲੋਕਾਂ ਦੀ ਜ਼ਿੰਦਗੀ ਦੁੱਭਰ ਹੀ ਬਣਾਉਣੀ ਹੈ ਤਾਂ ਇਹ ਸਹਾਇਤਾ ਕਹਾਉਣ ਦੀ ਹੱਕਦਾਰ ਨਹੀਂ ਹੈ। ਇਸੇ ਕਰਕੇ ਜਦੋਂ ਪੈਰਿਸ ਵਿਚ ਸਿਨਿਓਰਾ ਦਾਨੀ ਦੇਸ਼ਾਂ ਨੂੰ ਮੁੜ ਮੁੜ ਭਰੋਸੇ ਦੇ ਰਿਹਾ ਸੀ, ਉਸੇ ਵਕਤ ਦੇਸ਼ ਦਾ ਜਨ-ਜੀਵਨ ਹੜਤਾਲਾਂ ਅਤੇ ਸੜਕਾਂ 'ਤੇ ਲਾਏ ਜਾਮ ਨੇ ਠੱਪ ਕੀਤਾ ਹੋਇਆ ਸੀ। ਇਹ ਜੰਗ ਤੋਂ ਬਾਅਦ ਪਹਿਲੀ ਕੌਮੀ ਪੱਧਰ ਦੀ ਬਗ਼ਾਵਤ ਸੀ ਜਿਸ ਨੇ ਤਬਾਹੀਪਸੰਦ ਸਰਮਾਏਦਾਰੀ ਨੂੰ ਉਚੇਚਾ ਨਿਸ਼ਾਨਾ ਬਣਾਇਆ। ਮੁਜ਼ਾਹਰਾਕਾਰੀਆਂ ਨੇ ਧਰਨਾ ਵੀ ਲਾਇਆ ਜੋ

ਦੋ ਮਹੀਨੇ ਚੱਲਦਾ ਰਿਹਾ। ਇਸ ਨਾਲ ਬੈਰੂਤ ਸ਼ਹਿਰ ਦੇ ਸਭ ਤੋਂ ਅਹਿਮ ਹਿੱਸੇ ਤੰਬੂਆਂ ਦੇ ਸ਼ਹਿਰ ਅਤੇ ਸ਼ਰੇ-ਬਜ਼ਾਰ ਜਸ਼ਨਾਂ ਦਰਮਿਆਨ ਇਕ ਸਲੀਬ ਜਿਹੀ ਬਣ ਗਏ। ਬਹੁਤੇ ਪੱਤਰਕਾਰਾਂ ਨੇ ਇਨ੍ਹਾਂ ਘਟਨਾਵਾਂ ਨੂੰ ਹਿਜ਼ਬੁੱਲਾ ਦੀ ਤਾਕਤ ਦਾ ਮੁਜ਼ਾਹਰਾ ਦੱਸਿਆ, ਪਰ ਨਿਊ ਯਾਰਕ ਦੇ *ਨਿਊਜ਼ ਡੇ* ਦੇ ਮੱਧ ਪੂਰਬ ਬਿਊਰੋ ਦੇ ਮੁਖੀ ਮੁਹੰਮਦ ਬਾਜ਼ੀ ਨੇ ਕਿਹਾ ਕਿ ਇਸ ਵਿਆਖਿਆ 'ਚ ਇਨ੍ਹਾਂ ਘਟਨਾਵਾਂ ਦੀ ਅਸਲੀ ਮਹੱਤਤਾ ਗਾਇਬ ਹੈ : "ਸ਼ਹਿਰ ਦੇ ਸਭ ਤੋਂ ਅਹਿਮ ਹਿੱਸੇ 'ਚ ਡੇਰੇ ਲਾਈ ਬੈਠੇ ਬਹੁਤੇ ਮੁਜ਼ਾਹਰਾਕਾਰੀਆਂ ਦੀ ਸਭ ਤੋਂ ਵੱਡੀ ਪ੍ਰੇਰਨਾ ਇਰਾਨ ਜਾਂ ਸੀਰੀਆ, ਜਾਂ ਸੁੰਨੀ ਬਨਾਮ ਸ਼ੀਆ ਦਾ ਮੁੱਦਾ ਨਹੀਂ ਹੈ। ਦਹਾਕਿਆਂ ਤੋਂ ਆਰਥਕ ਨਾਬਰਾਬਰੀ ਨੇ ਲਿਬਨਾਨ ਦੇ ਸ਼ੀਆ ਲੋਕਾਂ ਨੂੰ ਸਤਾਇਆ ਹੋਇਆ ਹੈ। ਇਹ ਗਰੀਬ ਅਤੇ ਮਿਹਨਤਕਸ਼ ਲੋਕਾਂ ਦੀ ਬਗ਼ਾਵਤ ਹੈ।"[38]

ਧਰਨੇ ਵਾਲੀ ਥਾਂ ਇਸ ਦੀ ਸਭ ਤੋਂ ਪ੍ਰਭਾਵਸ਼ਾਲੀ ਵਿਆਖਿਆ ਸੀ ਕਿ ਲਿਬਨਾਨ ਉੱਪਰ ਇਹ ਸਦਮਾ ਕਾਰਗਰ ਸਾਬਤ ਕਿਉਂ ਨਹੀਂ ਹੋ ਰਿਹਾ ਸੀ। ਇਹ ਰੋਸ-ਵਿਖਾਵਾ ਬੈਰੂਤ ਦੇ ਸਭ ਤੋਂ ਅਹਿਮ ਹਿੱਸੇ 'ਚ ਕੀਤਾ ਗਿਆ ਸੀ ਜਿਸਨੂੰ ਸ਼ਹਿਰ ਵਾਸੀ ਸਾਲਿਡੀਅਰ ਕਹਿੰਦੇ ਹਨ। ਇਹ ਨਾਂ ਉਸ ਨਿੱਜੀ ਉਸਾਰੀ ਕੰਪਨੀ ਦਾ ਸੀ ਜਿਸ ਨੇ ਇਸ ਖੇਤਰ ਦੀ ਉਸਾਰੀ ਕੀਤੀ ਸੀ ਅਤੇ ਇਸ ਦੀਆਂ ਹੱਦਾਂ ਵਿਚਲੀ ਲਗਭਗ ਹਰ ਚੀਜ਼ ਦੀ ਮਾਲਕ ਇਹੀ ਕੰਪਨੀ ਸੀ। ਸਾਲਿਡੀਅਰ ਲਿਬਨਾਨ ਨੂੰ ਹਾਲ ਹੀ ਵਿਚ ਮੁੜ-ਉਸਾਰੇ ਜਾਣ ਦੇ ਯਤਨਾਂ ਦਾ ਸਿੱਟਾ ਹੈ। ਪੰਦਰਾਂ ਸਾਲ ਚੱਲੀ ਖ਼ਾਨਾਜੰਗੀ ਤੋਂ ਬਾਅਦ, ਨੱਬੇਵਿਆਂ ਦੇ ਸ਼ੁਰੂ 'ਚ ਦੇਸ਼ ਖੇਰੂੰ-ਖੇਰੂੰ ਹੋ ਚੁੱਕਾ ਸੀ ਅਤੇ ਰਾਜ ਕਰਜਾਈ ਹੋ ਚੁੱਕਾ ਸੀ। ਇਸ ਦੇ ਪੱਲੇ ਮੁੜ-ਉਸਾਰੀ ਲਈ ਕੋਈ ਪੈਸਾ ਨਹੀਂ ਸੀ। ਅਰਬਾਂਪਤੀ ਰਫੀਕ ਹੈਰਿਰੀ (ਜੋ ਬਾਅਦ 'ਚ ਪ੍ਰਧਾਨ ਮੰਤਰੀ ਬਣਿਆ) ਨੇ ਇਕ ਤਜਵੀਜ਼ ਪੇਸ਼ ਕੀਤੀ : ਸ਼ਹਿਰ ਦੇ ਸਭ ਤੋਂ ਅਹਿਮ ਹਿੱਸੇ ਦੀ ਸਮੁੱਚੀ ਜ਼ਮੀਨ ਦੇ ਹੱਕ ਉਸ ਨੂੰ ਦੇ ਦਿਓ। ਉਸ ਨੂੰ ਅਤੇ ਉਸ ਦੀ ਨਵੀਂ ਗੈਅਲ ਐਸਟੇਟ ਕੰਪਨੀ ਸਾਲਿਡੀਅਰ ਨੂੰ ਇਸ ਖੇਤਰ ਨੂੰ "ਮੱਧ ਪੂਰਬ ਦਾ ਸਿੰਗਾਪੁਰ" ਬਣਾਉਣ ਦੀ ਇਜਾਜ਼ਤ ਦੇ ਦਿਓ। ਹੈਰਿਰੀ ਜੋ ਫਰਵਰੀ 2005 'ਚ, ਕਾਰ ਬੰਬ-ਕਾਂਡ 'ਚ ਮਾਰਿਆ ਗਿਆ, ਨੇ ਲਗਭਗ ਸਭ ਕਾਸੇ 'ਤੇ ਬੁਲਡੋਜ਼ਰ ਫੇਰ ਕੇ ਸ਼ਹਿਰ ਨੂੰ ਖਾਲੀ ਸਲੇਟ ਵਰਗਾ ਬਣਾ ਦਿੱਤਾ। ਪੁਰਾਣੇ ਬਜ਼ਾਰਾਂ ਦੀ ਥਾਂ ਪੰਜ-ਤਾਰਾ ਮੈਰਿਨਾ ਹੋਟਲਾਂ, ਠਾਠਦਾਰ ਅਪਾਰਟਮੈਂਟ ਇਮਾਰਤਾਂ (ਕੁਝ ਅੰਦਰ ਤਾਂ ਲਿਮੋਜ਼ੀਨ ਲਿਜਾਣ ਲਈ ਐਲੀਵੇਟਰ ਵੀ ਲੱਗੇ ਹੋਏ ਹਨ) ਅਤੇ ਮਹਿੰਗੇ ਸ਼ਾਪਿੰਗ ਮਾਲਜ਼ ਨੇ ਲੈ ਲਈ।[39] ਇਸ ਕਾਰੋਬਾਰੀ ਖੇਤਰ ਦੀ ਲਗਭਗ ਹਰ ਚੀਜ਼—ਇਮਾਰਤਾਂ, ਪਲਾਜ਼ਾ, ਸੁਰੱਖਿਆ ਤਾਕਤਾਂ—ਦੀ ਮਾਲਕ ਸਾਲਿਡੀਅਰ ਹੈ।

ਬਾਹਰੀ ਦੁਨੀਆ ਲਈ, ਸਾਲਿਡੀਅਰ ਲਿਬਨਾਨ ਦੇ ਜੰਗ ਤੋਂ ਬਾਅਦ ਪੁਨਰ-ਜਨਮ ਦਾ ਸ਼ਾਨਦਾਰ ਪ੍ਰਤੀਕ ਸੀ, ਪਰ ਬਹੁਤੇ ਲਿਬਨਾਨੀਆਂ ਲਈ ਇਹ ਹਮੇਸ਼ਾ ਇਕ ਤਰ੍ਹਾਂ ਦਾ ਭੇਤ ਭਰਿਆ ਮੀਨਾਰ ਹੀ ਰਿਹਾ ਹੈ। ਸ਼ਹਿਰ ਦੇ ਸਭ ਤੋਂ ਅਹਿਮ ਅਤਿ-ਆਧੁਨਿਕ ਹਿੱਸੇ ਤੋਂ ਬਾਹਰ, ਬੈਰੂਤ ਦੇ ਵੱਡੇ ਹਿੱਸੇ 'ਚ ਬਿਜਲੀ ਤੋਂ ਲੈ ਕੇ ਆਵਾਜਾਈ ਸਾਧਨਾਂ ਦੇ ਬੁਨਿਆਦੀ ਢਾਂਚੇ ਦੀ ਅਣਹੋਂਦ ਸੀ। ਅਨੇਕਾਂ ਇਮਾਰਤਾਂ ਦੇ ਮੱਥਿਆਂ ਤੋਂ ਖ਼ਾਨਾਜੰਗੀ ਸਮੇਂ ਗੋਲੀਆਂ ਨਾਲ ਹੋਏ ਸੁਰਾਖ਼ਾਂ ਦੀ ਵੀ ਕਦੇ ਮੁਰੰਮਤ ਨਹੀਂ ਕੀਤੀ ਗਈ। ਇਸ ਜਗਮਗਾਉਂਦੇ ਕੇਂਦਰੀ ਹਿੱਸੇ ਦੇ ਚਾਰ-ਚੁਫੇਰੇ ਦੀਆਂ ਗਰੀਬ ਬਸਤੀਆਂ, ਜੋ ਨਜ਼ਰਅੰਦਾਜ਼ ਹੀ ਰਹੀਆਂ, ਅੰਦਰ ਹਿਜ਼ਬੁੱਲਾ ਨੇ ਆਪਣਾ ਵਫ਼ਾਦਾਰ ਅਧਾਰ ਉਸਾਰਿਆ। ਇਸ ਨੇ ਇੱਥੇ ਜਨਰੇਟਰ ਅਤੇ ਟਰਾਂਸਮੀਟਰ ਲਾਏ, ਮਲਬਾ ਹਟਾਉਣ ਦੇ ਇੰਤਜ਼ਾਮ ਕੀਤੇ ਅਤੇ ਸੁਰੱਖਿਆ ਦਿੱਤੀ—ਇਸ ਤਰ੍ਹਾਂ ਇਹ "ਰਾਜ ਦੇ ਅੰਦਰ ਇਕ ਹੋਰ ਰਾਜ" ਬਣ ਗਿਆ ਜਿਸ ਦੀ ਬਹੁਤ ਬਦਖੋਹੀ ਕੀਤੀ ਜਾਂਦੀ ਹੈ। ਜਦੋਂ ਖਸਤਾ ਹਾਲ ਉੱਪ-ਸ਼ਹਿਰੀ ਇਲਾਕਿਆਂ ਦੇ

ਬਾਸ਼ਿਦੇ ਸਾਲਿਡੀਅਰ ਐਨਕਲੇਵ 'ਚ ਵੜਨ ਦੀ ਕੋਸ਼ਿਸ਼ ਕਰਦੇ, ਅਕਸਰ ਹੀ ਹੈਰਿਰੀ ਦੀਆਂ ਨਿੱਜੀ ਸੁਰੱਖਿਆ ਗਾਰਦਾਂ ਉਨ੍ਹਾਂ ਨੂੰ ਉੱਥੋਂ ਭਜਾ ਦਿੱਤੀਆਂ; ਉਨ੍ਹਾਂ ਦੀ ਮੌਜੂਦਗੀ ਤੋਂ ਸੈਲਾਨੀ ਜੁ ਡਰਦੇ ਸਨ!

ਬੈਰੂਤ ਦੇ ਇਕ ਸਮਾਜਿਕ ਨਿਆਂ ਕਾਰਕੁਨ ਰਾਏਦਾ ਹਾਤੂਮ ਨੇ ਮੈਨੂੰ ਦੱਸਿਆ ਕਿ ਜਦੋਂ ਸਾਲਿਡੀਅਰ ਨੇ ਮੁੜ-ਉਸਾਰੀ ਦਾ ਕੰਮ ਸ਼ੁਰੂ ਕੀਤਾ, "ਲੋਕ ਬਹੁਤ ਖੁਸ਼ ਹੋਏ ਕਿ ਜੰਗ ਖ਼ਤਮ ਹੋ ਗਈ ਹੈ ਅਤੇ ਸੜਕਾਂ ਮੁੜ-ਬਣਾਈਆਂ ਜਾ ਰਹੀਆਂ ਹਨ। ਜਦੋਂ ਸਾਨੂੰ ਪਤਾ ਲੱਗਿਆ ਕਿ ਸੜਕਾਂ ਤਾਂ ਵੇਚ ਦਿੱਤੀਆਂ ਗਈਆਂ ਹਨ, ਕਿ ਇਨ੍ਹਾਂ ਦੀ ਮਾਲਕੀ ਤਾਂ ਹੁਣ ਨਿੱਜੀ ਹੱਥਾਂ 'ਚ ਚਲੀ ਗਈ ਹੈ, ਓਦੋਂ ਬਹੁਤ ਦੇਰ ਹੋ ਚੁੱਕੀ ਸੀ। ਸਾਨੂੰ ਪਤਾ ਨਹੀਂ ਸੀ ਕਿ ਇਹ ਪੈਸਾ ਕਰਜੇ ਦਾ ਹੈ ਅਤੇ ਬਾਅਦ 'ਚ ਸਾਨੂੰ ਇਹ ਮੋੜਨਾ ਪਵੇਗਾ।" ਇਸ ਲਿਪਾਪੋਚੀ ਦਾ ਲਾਹਾ ਤਾਂ ਮੁੱਠੀ ਭਰ ਕੁਲੀਨ ਵਰਗ ਨੂੰ ਹੋਣਾ ਸੀ ਪਰ ਇਸ ਦਾ ਬਿੱਲ ਉਨ੍ਹਾਂ ਲੋਕਾਂ ਦੇ ਗਲ਼ ਪੈ ਗਿਆ ਜਿਹੜੇ ਸਹੂਲਤਾਂ ਤੋਂ ਵਾਂਝੇ ਸਨ। ਇਸ ਕਠੋਰ ਸੱਚ ਦੀ ਥਾਹ ਪਾ ਕੇ ਲਿਬਨਾਨੀ ਲੋਕ ਤਬਾਹੀਪਸੰਦ ਸਰਮਾਏਦਾਰੀ ਦੀਆਂ ਜੁਗਤਾਂ ਦੇ ਭੇਤੀ ਹੋ ਗਏ। ਇਹ ਤਜਰਬਾ 2006 ਦੀ ਜੰਗ ਤੋਂ ਬਾਅਦ ਦੇਸ਼ ਨੂੰ ਸਹੀ ਸੇਧ 'ਚ ਅੱਗੇ ਵਧਣ ਅਤੇ ਇਕਜੁੱਟ ਰੱਖਣ 'ਚ ਸਹਾਈ ਹੋਇਆ। ਸਾਲਿਡੀਅਰ ਦੇ ਆਰਥਕ ਬੁਲਬੁਲੇ ਦੇ ਅੰਦਰ ਜਿੱਥੇ ਵਰਜਿਨ ਮੈਗਾ ਸਟੋਰ ਅਤੇ ਸ਼ਾਹੀ ਚਾਹਖ਼ਾਨੇ (ਇਕ ਮੁਜ਼ਾਹਰਾਕਾਰੀ ਨੇ ਟਿੱਪਣੀ ਕੀਤੀ, "ਜੇ ਮੈਂ ਇੱਥੇ ਇਕ ਸੈਂਡਵਿਚ ਖਾ ਲਵਾਂ ਤਾਂ ਪੂਰੇ ਹਫ਼ਤੇ ਲਈ ਮੇਰੀ ਜੇਬ੍ਹ ਖਾਲੀ ਹੋ ਜਾਵੇਗੀ।") ਦੇ ਐਨ ਨਾਲ ਫਲਸਤੀਨੀ ਸ਼ਰਨਾਰਥੀਆਂ ਦਾ ਡੇਰਾ ਸੀ, ਉਸ ਥਾਂ ਨੂੰ ਧਰਨਾ ਦੇਣ ਲਈ ਚੁਣ ਕੇ ਮੁਜ਼ਾਹਰਾਕਾਰੀ ਇਕ ਸਪਸ਼ਟ ਸੁਨੇਹਾ ਦੇ ਰਹੇ ਸਨ। ਉਹ ਨਹੀਂ ਸੀ ਚਾਹੁੰਦੇ ਕਿ ਸਾਲਿਡੀਅਰ ਤਰਜ਼ ਦੀ ਤਰੱਕੀ ਅਤੇ ਬਦਬੂ ਮਾਰਦੀਆਂ ਸ਼ਹਿਰੀ ਬਸਤੀਆਂ ਵਾਲੀ—ਕਿਲ੍ਹਾਬੰਦ ਮਹਿਫੂਜ਼ ਖੇਤਰਾਂ ਅਤੇ ਵਧਦੇ ਜਾ ਰਹੇ ਅਸੁਰੱਖਿਅਤ ਖੇਤਰਾਂ—ਕੋਈ ਹੋਰ ਮੁੜ-ਉਸਾਰੀ ਹੋਵੇ। ਉਹ ਤਾਂ ਪੂਰੇ ਦੇਸ਼ ਦੀ ਮੁੜ-ਉਸਾਰੀ ਕਰਨਾ ਚਾਹੁੰਦੇ ਸਨ। ਇਕ ਮੁਜ਼ਾਹਰਾਕਾਰੀ ਨੇ ਸਵਾਲ ਕੀਤਾ, "ਹੁਣ ਅਸੀਂ ਇਸ ਚੋਰਾਂ ਦੀ ਸਰਕਾਰ ਨੂੰ ਕਿਵੇਂ ਮੰਨ ਲਈਏ? ਜਿਸ ਸਰਕਾਰ ਨੇ ਇਹ ਆਲੀਸ਼ਾਨ ਬਸਤੀ ਉਸਾਰ ਕੇ ਐਨਾ ਵੱਡਾ ਕਰਜਾ ਚਾੜ੍ਹ ਦਿੱਤਾ? ਇਹ ਕਿਸ ਨੂੰ ਮੋੜਨਾ ਪਵੇਗਾ? ਮੈਨੂੰ ਮੋੜਨਾ ਪਵੇਗਾ ਅਤੇ ਮੇਰੇ ਤੋਂ ਬਾਅਦ ਮੇਰੇ ਪੁੱਤ ਨੂੰ ਮੋੜਨਾ ਪਵੇਗਾ।"[40]

ਲਿਬਨਾਨ 'ਚ ਆਰਥਕ ਸਦਮੇ ਦਾ ਵਿਰੋਧ ਰੋਸ ਵਿਖਾਵਿਆਂ ਤੱਕ ਸੀਮਤ ਨਾ ਰਿਹਾ। ਇਸ ਦਾ ਇਜ਼ਹਾਰ ਸਮਾਂਤਰ ਮੁੜ-ਉਸਾਰੀ ਦੀਆਂ ਗਿਣਨਯੋਗ ਕੋਸ਼ਿਸ਼ਾਂ ਰਾਹੀਂ ਵੀ ਹੋਇਆ। ਜੰਗਬੰਦੀ ਹੁੰਦਿਆਂ ਹੀ, ਹਿਜ਼ਬੁੱਲਾ ਦੀਆਂ ਮੁਹੱਲਾ ਕਮੇਟੀਆਂ ਨੇ ਹਵਾਈ ਹਮਲਿਆਂ ਦਾ ਸ਼ਿਕਾਰ ਹੋਏ ਬਹੁਤ ਸਾਰੇ ਘਰਾਂ 'ਚ ਜਾ ਕੇ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਬੇਘਰ ਹੋਏ ਪਰਿਵਾਰਾਂ ਨੂੰ ਪੂਰੇ ਸਾਲ ਦਾ ਕਿਰਾਇਆ ਅਤੇ ਮੰਜੇ-ਬਿਸਤਰੇ ਖ਼ਰੀਦਣ ਲਈ 12000 ਡਾਲਰ ਰਕਮ ਦੇ ਦਿੱਤੀ। ਆਜ਼ਾਦ ਪੱਤਰਕਾਰਾਂ ਐਨਾ ਨੌਗੁਏਰਾ ਅਤੇ ਸਸੀਨ ਕਾਵਜ਼ਲੀ ਜਦੋਂ ਬੈਰੂਤ 'ਚ ਸਨ ਤਾਂ ਉਨ੍ਹਾਂ ਨੇ ਟਿੱਪਣੀ ਕੀਤੀ, "ਇਹ ਉਸ ਰਕਮ ਤੋਂ ਛੇ ਗੁਣਾਂ ਹੈ ਜੋ ਕੈਟਰਿਨਾ ਸਮੁੰਦਰੀ ਤੂਫ਼ਾਨ ਦੇ ਪੀੜਤਾਂ ਨੂੰ ਫੇਮਾ ਨੇ ਦਿੱਤੀ ਸੀ।" ਹਿਜ਼ਬੁੱਲਾ ਆਗੂ ਸ਼ੇਖ ਹਸਨ ਨਸਰੁੱਲਾ ਨੇ ਟੈਲੀਵਿਜ਼ਨ 'ਤੇ ਦੇਸ਼ ਦੇ ਨਾਂ ਸੰਬੋਧਨ 'ਚ ਜੋ ਸੰਦੇਸ਼ ਦਿੱਤਾ ਉਹ ਕੈਟਰਿਨਾ ਤੂਫ਼ਾਨ ਦੌਰਾਨ ਜ਼ਿੰਦਾ ਬਚ ਗਏ ਲੋਕਾਂ ਦੇ ਕੰਨਾਂ ਨੂੰ ਬੜਾ ਖੁਸ਼ਗਵਾਰ ਲੱਗਿਆ ਹੋਵੇਗਾ। ਉਸ ਨੇ ਵਾਅਦਾ ਕੀਤਾ, "ਤੁਹਾਨੂੰ ਕਤਾਰਾਂ 'ਚ ਖੜ੍ਹ ਕੇ ਕਿਸੇ ਤੋਂ ਕੁਝ ਨਹੀਂ ਮੰਗਣਾ ਪਵੇਗਾ।" ਹਿਜ਼ਬੁੱਲਾ ਨੇ ਜੋ ਸਹਾਇਤਾ ਦਿੱਤੀ ਉਹ ਸਰਕਾਰ ਜਾਂ ਬਦੇਸ਼ੀ ਐੱਨ ਜੀ ਓ ਰਾਹੀਂ ਨਹੀਂ ਵੰਡੀ ਗਈ ਸੀ। ਇਹ ਪੰਜ-ਤਾਰਾ ਹੋਟਲਾਂ ਦੀ ਉਸਾਰੀ ਦੇ

ਲੇਖੇ ਨਹੀਂ ਲੱਗੀ ਜਿਵੇਂ ਕਾਬਲ 'ਚ ਹੋਇਆ ਸੀ। ਨਾ ਹੀ ਇਹ ਪੁਲਿਸ ਨੂੰ ਸਿਖਲਾਈ ਦੇਣ ਵਾਲਿਆਂ ਲਈ ਤੈਰਾਕੀ ਤਲਾਬ ਬਣਾਉਣ 'ਤੇ ਖ਼ਰਚੀ ਗਈ ਜਿਵੇਂ ਇਰਾਕ 'ਚ ਹੋਇਆ। ਇਸ ਦੀ ਬਜਾਏ, ਹਿਜ਼ਬੁੱਲਾ ਨੇ ਉਹੀ ਕੀਤਾ ਜੋ ਸ੍ਰੀ ਲੰਕਾ 'ਚ ਸੁਨਾਮੀ ਤੂਫ਼ਾਨ ਸਮੇਂ ਜ਼ਿੰਦਾ ਬਚ ਰਹੀ ਰੇਨੂਕਾ ਦੀ ਖਾਹਸ਼ ਸੀ। ਉਸ ਨੇ ਮੈਨੂੰ ਕਿਹਾ ਸੀ : ਸਹਾਇਤਾ ਸਿੱਧੀ ਉਨ੍ਹਾਂ ਦੇ ਹੱਥ 'ਤੇ ਰੱਖੋ। ਹਿਜ਼ਬੁੱਲਾ ਨੇ ਮੁੜ-ਉਸਾਰੀ 'ਚ ਮੁਹੱਲਿਆਂ ਦੇ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ—ਇਸ ਨੇ ਉਸਾਰੀ ਲਈ ਸਥਾਨਕ ਟੀਮਾਂ ਨੂੰ ਕੰਮ 'ਤੇ ਲਾਇਆ (ਜੋ ਉੱਥੇ ਹਾਸਲ ਹੋਣ ਵਾਲੇ ਕਬਾੜ ਲੋਹੇ ਬਦਲੇ ਕੰਮ ਕਰਦੀਆਂ ਸਨ), ਪੰਦਰਾਂ ਸੌ ਇੰਜੀਨੀਅਰ ਲਾਮਬੰਦ ਕੀਤੇ ਅਤੇ ਕਾਰ-ਸੇਵਕਾਂ ਦੀਆਂ ਟੋਲੀਆਂ ਬਣਾਈਆਂ। ਇਸ ਸਹਾਇਤਾ ਦਾ ਸਿੱਟਾ ਇਹ ਨਿੱਕਲਿਆ ਕਿ ਬੰਬਾਰੀ ਬੰਦ ਹੋਣ ਤੋਂ ਹਫ਼ਤਾ ਬਾਅਦ ਹੀ ਮੁੜ-ਉਸਾਰੀ ਦਾ ਕੰਮ ਸ਼ੁਰੂ ਹੋ ਗਿਆ।[41]

ਅਮਰੀਕੀ ਪ੍ਰੈੱਸ 'ਚ ਇਨ੍ਹਾਂ ਸਾਰੀਆਂ ਪਹਿਲਕਦਮੀਆਂ ਦਾ ਆਮ ਹੀ ਗਿਸ਼ਵਤ ਜਾਂ ਲੋਕਾਂ ਨੂੰ ਖ਼ਰੀਦਣ ਦੀ ਸੋਚ ਕਹਿ ਕੇ ਮਖੌਲ ਉਡਾਇਆ ਗਿਆ। ਇਸ ਨੂੰ ਹਿਜ਼ਬੁੱਲਾ ਵਲੋਂ ਹਮਲੇ ਲਈ ਉਕਸਾ ਕੇ ਲੋਕਾਂ ਦੀ ਹਮਾਇਤ ਮੁੱਲ ਲੈਣ ਦੀ ਕੋਸ਼ਿਸ਼ ਦੱਸਿਆ ਗਿਆ (ਡੇਵਿਡ ਫਰੱਮ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਹਿਜ਼ਬੁੱਲਾ ਵਲੋਂ ਕੀਤੀ ਜਾ ਰਹੀ ਅਦਾਇਗੀ ਦੇ ਬਿੱਲ ਜਾਅਲੀ ਹਨ)।[42] ਬੇਸ਼ੱਕ ਹਿਜ਼ਬੁੱਲਾ ਨਾਲੇ ਸਿਆਸਤ ਕਰਦੀ ਹੈ ਨਾਲੇ ਪੁੰਨ ਦੇ ਕੰਮ। ਕਿ ਇਰਾਨ ਦੇ ਫੰਡਾਂ ਦੀ ਬਦੌਲਤ ਹੀ ਹਿਜ਼ਬੁੱਲਾ ਦੇ ਇਹ ਪਰਉਪਕਾਰੀ ਕੰਮ ਸੰਭਵ ਹੋਏ। ਅਸਲ ਵਿਚ, ਹਿਜ਼ਬੁੱਲਾ ਦੀ ਕਾਰਜਕੁਸ਼ਲਤਾ ਜਿੰਨਾ ਹੀ ਅਹਿਮ ਸੀ ਇਸ ਦਾ ਸਥਾਨਕ ਲੋਕਾਂ ਦੀ ਜਥੇਬੰਦੀ ਹੋਣਾ, ਜੋ ਮੁਹੱਲਿਆ ਦੀ ਮੁੜ-ਉਸਾਰੀ ਕਰਨ ਨਾਲ ਹੋਰ ਉੱਚਾ ਹੋ ਗਿਆ। ਬੇਗਾਨੀਆਂ ਕਾਰਪੋਰੇਟ ਮੁੜ-ਉਸਾਰੀ ਏਜੰਸੀਆਂ ਦੀਆਂ ਯੋਜਨਾਵਾਂ ਦੂਰ ਬੈਠੀ ਅਫ਼ਸਰਸ਼ਾਹੀ ਵਲੋਂ ਘੜੀਆਂ ਹੁੰਦੀਆਂ ਹਨ ਅਤੇ ਇਹ ਬਾਹਰੋਂ ਲਿਆਂਦੇ ਪ੍ਰਬੰਧਕੀ ਅਮਲੇ, ਨਿੱਜੀ ਸੁਰੱਖਿਆ ਅਮਲੇ ਅਤੇ ਅਨੁਵਾਦਕਾਂ ਜ਼ਰੀਏ ਥੋਪੀਆਂ ਜਾਂਦੀਆਂ ਹਨ। ਇਸ ਦੇ ਉਲਟ, ਹਿਜ਼ਬੁੱਲਾ ਫਟਾਫਟ ਕੰਮ ਕਰਨ 'ਚ ਇਸ ਕਰਕੇ ਸਫ਼ਲ ਹੋ ਗਈ ਕਿਉਂਕਿ ਇਹ ਹਰ ਗਲੀ ਅਤੇ ਹਰ ਆਰਜ਼ੀ ਟਰਾਂਸਮੀਟਰ ਬਾਰੇ ਚੰਗੀ ਤਰ੍ਹਾਂ ਜਾਣਦੀ ਸੀ। ਇਸ ਨੂੰ ਇਹ ਵੀ ਪਤਾ ਸੀ ਕਿ ਕੰਮ ਕਿਸ ਨੂੰ ਸੌਂਪਿਆ ਜਾਵੇ। ਜੇ ਲਿਬਨਾਨ ਵਾਸੀ ਉਸਾਰੀ ਦੇ ਸਿੱਟਿਆਂ ਦੇ ਸ਼ੁਕਰ ਗੁਜ਼ਾਰ ਸਨ, ਇਸ ਦੀ ਇਕ ਵਜ੍ਹਾ ਇਹ ਵੀ ਸੀ ਕਿ ਉਹ ਇਸ ਦੇ ਬਦਲ ਤੋਂ ਵੀ ਵਾਕਫ਼ ਸਨ। ਉਸਾਰੀ ਦਾ ਦੂਸਰਾ ਬਦਲ ਸਾਲਿਡੀਅਰ ਵਾਲਾ ਸੀ।

ਸਦਮਿਆਂ ਪ੍ਰਤੀ ਸਾਡਾ ਪ੍ਰਤੀਕਰਮ ਸਦਾ ਯਾਦਦਾਸ਼ਤ ਗੁਆ ਬੈਠਣਾ ਨਹੀਂ ਹੁੰਦਾ। ਕਈ ਵਾਰ, ਸੰਕਟ ਆਉਣ 'ਤੇ ਸਾਡੀ ਸੂਝ ਤੇਜ਼ੀ ਨਾਲ ਜ਼ਰਬਾਂ ਵੀ ਖਾ ਜਾਂਦੀ ਹੈ। ਇਸ ਤਰ੍ਹਾਂ ਦਾ ਮਨੋਵੇਗ 11 ਮਾਰਚ 2004 ਨੂੰ ਸਪੇਨ ਵਿਚ ਸਾਹਮਣੇ ਆਇਆ ਜਦੋਂ ਮੈਡਰਿਡ ਦੀਆਂ ਯਾਤਰੀ ਰੇਲ ਗੱਡੀਆਂ ਅਤੇ ਰੇਲਵੇ ਸਟੇਸ਼ਨਾਂ ਉੱਪਰ ਦਸ ਬੰਬ ਧਮਾਕੇ ਹੋਣ ਨਾਲ ਦੋ ਸੌ ਦੇ ਕਰੀਬ ਲੋਕ ਮਾਰੇ ਗਏ। ਰਾਸ਼ਟਰਪਤੀ ਜੋਸ ਮਾਰੀਆ ਅਜ਼ਨਰ ਤੁਰੰਤ ਟੈਲੀਵਿਜ਼ਨ 'ਤੇ ਮੁਖ਼ਾਤਬ ਹੋਇਆ। ਉਸ ਨੇ ਇਸ ਦਾ ਦੋਸ਼ ਬਾਸਕ ਵੱਖਵਾਦੀਆਂ 'ਤੇ ਲਾ ਕੇ ਮੰਗ ਕੀਤੀ ਕਿ ਇਰਾਕ ਦੀ ਜੰਗ 'ਚ ਉਸ ਦੀ ਸਰਕਾਰ ਨੂੰ ਹਮਾਇਤ ਦਿਓ। ਉਸ ਨੇ ਕਿਹਾ, "ਜਿਨ੍ਹਾਂ ਹਤਿਆਰਿਆਂ ਨੇ ਐਨੀ ਵਾਰ ਸਪੇਨ 'ਚ ਮੌਤ ਦੇ ਬੀਜ ਬੀਜੇ ਹਨ ਉਨ੍ਹਾਂ ਨਾਲ ਕੋਈ ਗੱਲਬਾਤ ਨਹੀਂ ਹੋ ਸਕਦੀ ਜਾਂ ਇਸ ਦੀ ਇੱਛਾ ਹੀ ਨਹੀਂ ਰੱਖੀ ਜਾ ਸਕਦੀ। ਸਿਰਫ਼ ਦ੍ਰਿੜਤਾ ਨਾਲ ਹੀ ਹਮਲਿਆਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ।"[43]

ਸਪੇਨੀਆਂ ਨੇ ਇਸ ਤਰ੍ਹਾਂ ਦੀ ਸੋਚ ਬਾਰੇ ਜ਼ਬਰਦਸਤ ਪ੍ਰਤੀਕਰਮ ਦਿਖਾਇਆ। ਮੈਡਰਿਡ ਦੀ ਇਕ ਅਖ਼ਬਾਰ ਦੇ ਉੱਘੇ ਸੰਪਾਦਕ ਜੋਸ ਅਨਤੋਨੀਓ ਮਾਰਤਿਨਜ਼ ਸੋਲਰ ਨੇ ਇਸ ਦੇ ਜਵਾਬ 'ਚ ਆਖਿਆ, "ਸਾਨੂੰ ਹਾਲੇ ਵੀ ਫਰਾਂਕੋ ਦੀ ਆਵਾਜ਼ ਸੁਣਾਈ ਦੇ ਰਹੀ ਹੈ।" ਮਾਰਤਿਨਜ਼ ਸੋਲਰ ਫਰਾਂਸਿਸਕੋ ਫਰਾਂਕੋ ਦੀ ਤਾਨਾਸ਼ਾਹੀ ਹੇਠ ਜ਼ੁਲਮ ਦਾ ਸ਼ਿਕਾਰ ਹੋਇਆ ਸੀ। ਉਸ ਨੇ ਕਿਹਾ, "ਹਰੇਕ ਕਾਰਵਾਈ, ਹਰੇਕ ਇਸ਼ਾਰੇ ਅਤੇ ਹਰੇਕ ਵਾਕ ਰਾਹੀਂ ਅਜ਼ਨਰ ਨੇ ਲੋਕਾਂ ਨੂੰ ਇਹੀ ਦੱਸਿਆ ਕਿ ਉਹ ਦਰੁਸਤ ਹੈ, ਕਿ ਉਸ ਦੇ ਪੱਲੇ ਸੱਚ ਹੈ ਅਤੇ ਜਿਹੜੇ ਉਸ ਨਾਲ ਸਹਿਮਤ ਨਹੀਂ ਉਹ ਉਸਦੇ ਦੁਸ਼ਮਣ ਹਨ।"[44] ਦੂਜੇ ਲਫ਼ਜ਼ਾਂ 'ਚ, ਜਿਨ੍ਹਾਂ ਖ਼ੂਬੀਆਂ ਨੂੰ 11 ਸਤੰਬਰ ਕਾਂਡ ਤੋਂ ਬਾਅਦ ਅਮਰੀਕਾ ਨੇ ਆਪਣੇ ਰਾਸ਼ਟਰਪਤੀ ਦੀ "ਮਜ਼ਬੂਤ ਲੀਡਰਸ਼ਿਪ" ਦੀਆਂ ਖ਼ੂਬੀਆਂ ਸਮਝਿਆ ਸੀ, ਸਪੇਨ 'ਚ ਇਨ੍ਹਾਂ ਨੂੰ ਉੱਭਰ ਰਹੇ ਫਾਸ਼ੀਵਾਦ ਦੇ ਮਨਹੂਸ ਲੱਛਣਾਂ ਵਜੋਂ ਲਿਆ ਗਿਆ। ਦੇਸ਼ ਦੀਆਂ ਕੌਮੀ ਚੋਣਾਂ ਹੋਣ 'ਚ ਤਿੰਨ ਦਿਨ ਰਹਿੰਦੇ ਸਨ ਅਤੇ ਉਹ ਸਮਾਂ ਚੇਤੇ ਕਰਕੇ, ਜਦੋਂ ਸਿਆਸਤ ਖੌਫ਼ ਦੇ ਵੱਸ ਪੈ ਜਾਂਦੀ ਹੈ, ਵੋਟਰਾਂ ਨੇ ਅਜ਼ਨਰ ਨੂੰ ਹਰਾ ਕੇ ਉਸ ਪਾਰਟੀ ਨੂੰ ਜਿਤਾਇਆ ਜਿਸ ਨੇ ਬਾਅਦ ਵਿਚ ਇਰਾਕ ਵਿਚੋਂ ਸਪੇਨ ਦੇ ਫ਼ੌਜੀ ਦਸਤੇ ਵਾਪਸ ਬੁਲਾਏ। ਜਿਵੇਂ ਲਿਬਨਾਨ 'ਚ ਹੋਇਆ ਸੀ ਇਹ ਬੀਤੇ ਦੇ ਸਦਮਿਆਂ ਦੀ ਸਮੂਹਿਕ ਯਾਦ ਹੀ ਸੀ ਜਿਸ ਨੇ ਸਪੇਨ ਦੇ ਵਿਰੋਧ ਨੂੰ ਨਵਾਂ ਰੂਪ ਦਿੱਤਾ।

ਸਾਰੇ ਸਦਮਾ ਡਾਕਟਰ ਯਾਦਦਾਸ਼ਤ ਮਿਟਾਉਣ 'ਤੇ ਤੁਲੇ ਹੁੰਦੇ ਹਨ। ਈਵੇਨ ਕੈਮਰਨ ਨੂੰ ਜਚਿਆ ਹੋਇਆ ਸੀ ਕਿ ਮਰੀਜ਼ਾਂ ਦੀ ਸੋਚ ਮੁੜ ਬਣਾਉਣ ਲਈ ਉਨ੍ਹਾਂ ਦੀ ਪਹਿਲੀ ਸੋਚ ਨੂੰ ਮਿਟਾਉਣਾ ਜ਼ਰੂਰੀ ਹੈ। ਇਰਾਕ 'ਤੇ ਕਬਜ਼ਾ ਕਰਨ ਵਾਲੇ ਅਮਰੀਕੀਆਂ ਨੇ ਇਰਾਕ ਦੇ ਅਜਾਇਬ ਘਰਾਂ ਅਤੇ ਲਾਇਬਰੇਰੀਆਂ ਦੀ ਲੁੱਟਮਾਰ ਨੂੰ ਰੋਕਣ ਦੀ ਲੋੜ ਹੀ ਨਹੀਂ ਸਮਝੀ ਕਿਉਂਕਿ ਉਨ੍ਹਾਂ ਦੀ ਸੋਚ ਸੀ ਕਿ ਇਸ ਨਾਲ ਉਨ੍ਹਾਂ ਦਾ ਕੰਮ ਸੁਖਾਲਾ ਹੋ ਜਾਵੇਗਾ। ਪਰ ਜਿਵੇਂ ਕੈਮਰਨ ਦੀ ਸਾਬਕਾ ਮਰੀਜ਼ ਗੇਲ ਕਾਸਤਨਰ ਨੇ ਆਪਣੇ ਕਾਗਜ਼ਾਤ, ਕਿਤਾਬਾਂ ਅਤੇ ਸੂਚੀਆਂ ਦੇ ਗੁੰਝਲਦਾਰ ਜੁਗਾੜ ਦੀ ਮਦਦ ਨਾਲ ਆਪਣੀ ਯਾਦਦਾਸ਼ਤ ਬਣਾਈ ਰੱਖੀ, ਉਵੇਂ ਹੀ ਯਾਦਾਂ ਦੀ ਮੁੜ ਸਿਰਜਣਾ ਕੀਤੀ ਜਾ ਸਕਦੀ ਹੈ ਅਤੇ ਨਵੇਂ ਬਿਰਤਾਂਤ ਰਚੇ ਜਾ ਸਕਦੇ ਹਨ। ਵਿਅਕਤੀਗਤ ਅਤੇ ਸਮੂਹਿਕ ਦੋਵੇਂ ਤਰ੍ਹਾਂ ਦੀ ਯਾਦਦਾਸ਼ਤ ਸਦਮੇ ਸਹਿਣ ਦਾ ਸਭ ਤੋਂ ਵੱਡਾ ਸਾਧਨ ਸਾਬਤ ਹੁੰਦੀ ਹੈ।

2004 ਦੇ ਸੁਨਾਮੀ ਤੂਫ਼ਾਨ ਦਾ ਲਾਹਾ ਲੈਣ ਦੀਆਂ ਕੁਲ ਸਫ਼ਲ ਕੋਸ਼ਿਸ਼ਾਂ ਦੇ ਬਾਵਜੂਦ, ਯਾਦਦਾਸ਼ਤ ਉਨ੍ਹਾਂ ਕੁਝ ਖੇਤਰਾਂ 'ਚ ਟਾਕਰੇ ਦਾ ਕਾਰਗਰ ਸਾਧਨ ਸਾਬਤ ਹੋਈ ਜਿੱਥੇ ਜਿੱਥੇ ਤੂਫ਼ਾਨ ਆਇਆ ਸੀ, ਖ਼ਾਸ ਕਰਕੇ ਥਾਈਲੈਂਡ 'ਚ। ਸਮੁੰਦਰੀ ਕੰਢੇ ਦੇ ਦਰਜਨਾਂ ਪਿੰਡਾਂ ਦਾ ਸਮੁੰਦਰੀ ਲਹਿਰ ਨੇ ਸਫ਼ਾਇਆ ਕਰ ਦਿੱਤਾ, ਪਰ ਸ੍ਰੀ ਲੰਕਾ ਦੇ ਉਲਟ ਕੁਝ ਮਹੀਨਿਆਂ 'ਚ ਹੀ ਬਹੁਤ ਸਾਰੇ ਥਾਈਲੈਂਡ ਦੀ ਵਸੋਂ ਦੁਬਾਰਾ ਕਾਮਯਾਬੀ ਨਾਲ ਆਬਾਦ ਹੋ ਗਈ। ਇਹ ਵਿਲੱਖਣ ਚੀਜ਼ ਸਰਕਾਰ ਦੀ ਬਦੌਲਤ ਨਹੀਂ ਹੋਈ ਸੀ। ਥਾਈਲੈਂਡ ਦੇ ਸਿਆਸਤਦਾਨ ਸਮੁੰਦਰੀ ਤੂਫ਼ਾਨ ਨੂੰ ਬਹਾਨਾ ਬਣਾ ਕੇ ਮਛੇਰਿਆਂ ਨੂੰ ਬੇਦਖ਼ਲ ਕਰਨ ਅਤੇ ਇਹ ਜ਼ਮੀਨ ਵੱਡੇ ਵੱਡੇ ਹੋਟਲਾਂ ਵਾਲਿਆਂ ਨੂੰ ਸੌਂਪਣ ਲਈ ਉਵੇਂ ਹੀ ਤਹੂ ਸਨ ਜਿਵੇਂ ਬਾਕੀ ਥਾਵਾਂ ਦੇ ਸਿਆਸਤਦਾਨ। ਥਾਈਲੈਂਡ 'ਚ ਨਿਆਰਾ ਵਰਤਾਰਾ ਇਹ ਵਾਪਰਿਆ ਕਿ ਪਿੰਡਾਂ ਦੇ ਲੋਕਾਂ ਨੇ ਸਰਕਾਰੀ ਵਾਅਦਿਆਂ ਨੂੰ ਡੂੰਘੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਅਤੇ ਕੈਂਪਾਂ 'ਚ ਹੱਥ 'ਤੇ ਹੱਥ ਧਰ ਕੇ ਸਰਕਾਰ ਦੀ ਮੁੜ-ਉਸਾਰੀ ਦੀ ਯੋਜਨਾ ਦੀ ਉਡੀਕ ਕਰਨ ਤੋਂ ਨਾਂਹ ਕਰ ਦਿੱਤੀ। ਇਸ ਦੀ ਬਜਾਏ, ਹਫ਼ਤਿਆਂ 'ਚ ਹੀ ਪਿੰਡਾਂ ਦੇ ਸੈਂਕੜੇ ਲੋਕ ਉਸ ਕੰਮ

’ਚ ਜੁੱਟ ਗਏ ਜਿਸ ਨੂੰ ਜ਼ਮੀਨ ਉੱਪਰ “ਮੁੜ ਕਬਜ਼ੇ” ਦਾ ਨਾਂ ਦਿੱਤਾ ਗਿਆ। ਉਹ ਸੰਦ-ਸੰਦੇੜੇ ਲੈ ਕੇ ਵਿਕਾਸ ਪ੍ਰਾਜੈਕਟਾਂ ਵਾਲਿਆਂ ਦੇ ਭਾੜੇ ਦੇ ਹਥਿਆਰਬੰਦ ਗੁੰਡਿਆਂ ਦੇ ਐਨ ਮੂਹਰਿਓਂ ਲੰਘ ਕੇ ਉਨ੍ਹਾਂ ਥਾਵਾਂ ਦੀ ਨਿਸ਼ਾਨਦੇਹੀ ਕਰਨ ’ਚ ਜੁਟ ਗਏ ਜਿੱਥੇ ਉਨ੍ਹਾਂ ਦੇ ਪੁਰਾਣੇ ਘਰ ਹੁੰਦੇ ਸਨ। ਕੁਝ ਮਾਮਲਿਆਂ ’ਚ ਤਾਂ ਮੁੜ-ਉਸਾਰੀ ਝਟਪਟ ਸ਼ੁਰੂ ਕਰ ਦਿੱਤੀ ਗਈ। ਰੈਟਰੀ ਕੌਂਗਵਤਮਈ ਦੇ ਪਰਿਵਾਰ ਦੇ ਬਹੁਤੇ ਮੈਂਬਰ ਸੁਨਾਮੀ ’ਚ ਮਾਰੇ ਗਏ ਸਨ, ਉਸ ਦਾ ਕਹਿਣਾ ਸੀ, “ਮੈਂ ਇਸ ਜ਼ਮੀਨ ਲਈ ਆਪਣੀ ਜ਼ਿੰਦਗੀ ਦਾਅ ’ਤੇ ਲਾਉਣ ਲਈ ਤਿਆਰ ਹਾਂ, ਕਿਉਂਕਿ ਇਹ ਸਾਡੀ ਹੈ।”[45]

ਸਭ ਤੋਂ ਵੱਧ ਦਲੇਰੀ ਨਾਲ ਦੁਬਾਰਾ ਕਬਜ਼ੇ ਥਾਈਲੈਂਡ ਦੇ ਮੋਕਨ ਜਾਂ “ਸਮੁੰਦਰੀ ਖ਼ਾਨਾਬਦੋਸ਼” ਨਾਂ ਦੇ ਆਦਿਵਾਸੀ ਮਛੇਰੇ ਲੋਕਾਂ ਨੇ ਕੀਤੇ। ਸਦੀਵੀ ਵਾਂਝੇਪਣ ਤੋਂ ਬਾਅਦ ਮੋਕਨ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਰਾਜ ਪਰਉਪਕਾਰ ਕਰਕੇ ਉਨ੍ਹਾਂ ਜਾਇਦਾਦਾਂ ਦੇ ਇਵਜ਼ ’ਚ ਉਨ੍ਹਾਂ ਨੂੰ ਚੰਗੀ ਜ਼ਮੀਨ ਦਾ ਕੋਈ ਟੁਕੜਾ ਦੇ ਦੇਵੇਗਾ ਜੋ ਸਮੁੰਦਰ ਕੰਢੇ ਉਨ੍ਹਾਂ ਤੋਂ ਖੁਸ ਗਈ ਸੀ। ਇਕ ਥਾਈ ਐਨ ਜੀ ਓ ਦੀ ਰਿਪੋਰਟ ਅਨੁਸਾਰ ਫਾਂਗ ਨਗਾ ਸੂਬੇ ਦੇ ਬਾਨ ਤੁੰਗ ਵਾਹ ਪਿੰਡ ਵਾਸੀਆਂ ਨੇ ਕ੍ਰਿਸ਼ਮਾ ਕਰ ਦਿਖਾਇਆ। ਉਹ “ਇਕੱਠੇ ਹੋ ਕੇ ਆਪਣੇ ਘਰਾਂ ਵਾਲੀ ਥਾਂ ਵਾਪਸ ਚਲੇ ਗਏ, ਉੱਥੇ ਉਨ੍ਹਾਂ ਨੇ ਆਪਣੇ ਤਬਾਹ ਹੋਏ ਪਿੰਡ ਦੁਆਲੇ ਰੱਸੀ ਵਲ ਦਿੱਤੀ, ਜੋ ਉਨ੍ਹਾਂ ਵਲੋਂ ਆਪਣੀ ਮਾਲਕੀ ਵਾਲੀ ਜ਼ਮੀਨ ਦੀ ਨਿਸ਼ਾਨਦੇਹੀ ਦੀ ਪ੍ਰਤੀਕ ਸੀ। ਸਮੁੱਚੇ ਭਾਈਚਾਰੇ ਵਲੋਂ ਉੱਥੇ ਡੇਰੇ ਲਾ ਲੈਣ ਕਰਕੇ, ਪ੍ਰਸ਼ਾਸਨ ਲਈ ਉਨ੍ਹਾਂ ਨੂੰ ਉੱਥੋਂ ਦਬੱਲਣਾ ਮੁਸ਼ਕਲ ਹੋ ਗਿਆ, ਖ਼ਾਸ ਕਰਕੇ ਸੁਨਾਮੀ ਤੂਫ਼ਾਨ ਦਾ ਸ਼ਿਕਾਰ ਲੋਕਾਂ ਦੇ ਮੁੜ ਵਸੇਬੇ ਉੱਪਰ ਪ੍ਰਚਾਰ ਮਾਧਿਅਮਾਂ ਦੀ ਤਿੱਖੀ ਨਜ਼ਰ ਹੋਣ ਕਾਰਨ।” ਆਖ਼ਿਰ, ਪਿੰਡਾਂ ਵਾਲਿਆਂ ਨੇ ਸਰਕਾਰ ਨਾਲ ਗੱਲਬਾਤ ਚਲਾ ਕੇ ਸਮੁੰਦਰ ਦੇ ਮੱਥੇ ਨਾਲ ਲੱਗਦੀ ਜ਼ਮੀਨ ਦਾ ਇਕ ਹਿੱਸਾ ਛੱਡ ਦਿੱਤਾ ਅਤੇ ਇਸ ਦੇ ਇਵਜ਼ ’ਚ ਆਪਣੀ ਬਾਕੀ ਦੀ ਜ਼ੱਦੀ ਜ਼ਮੀਨ ਦੀ ਕਾਨੂੰਨੀ ਮਾਲਕੀ ਮਹਿਫ਼ੂਜ਼ ਕਰ ਲਈ। ਅੱਜ, ਇਹ ਦੁਬਾਰਾ ਆਬਾਦ ਕੀਤਾ ਪਿੰਡ ਮੋਕਨ ਸੱਭਿਆਚਾਰ ਦਾ ਦਰਸ਼ਨੀ ਨਮੂਨਾ ਹੈ, ਜੋ ਅਜਾਇਬ ਘਰ, ਭਾਈਚਾਰਕ ਕੇਂਦਰ, ਸਕੂਲ ਅਤੇ ਮੰਡੀ, ਹਰ ਪੱਖੋਂ ਮੁਕੰਮਲ ਹੈ। “ਹੁਣ, ਤਹਿਸੀਲ ਦੇ ਅਧਿਕਾਰੀ ‘ਲੋਕਾਂ ਦੁਆਰਾ ਜਥੇਬੰਦ ਕੀਤੇ ਸੁਨਾਮੀ ਪੀੜਤਾਂ ਦੇ ਮੁੜ-ਵਸੇਬੇ’ ਤੋਂ ਸਿੱਖਣ ਲਈ ਇੱਥੇ ਪਧਾਰਦੇ ਹਨ ਜਦਕਿ ਖੋਜਕਾਰ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ ਬਸ ਭਰ ਕੇ ‘ਆਦਿਵਾਸੀ ਲੋਕਾਂ ਦੀ ਸੂਝ-ਬੂਝ’ ਦਾ ਅਧਿਐਨ ਕਰਨ ਲਈ ਇੱਥੇ ਆਉਂਦੇ ਹਨ।”[46]

ਥਾਈਲੈਂਡ ਦੇ ਸਮੁੱਚੇ ਸਮੁੰਦਰੀ ਕੰਢੇ ਦੇ ਨਾਲ-ਨਾਲ ਜਿੱਥੇ ਸੁਨਾਮੀ ਤੂਫ਼ਾਨ ਨੇ ਕਹਿਰ ਵਰਤਾਇਆ, ਇਸ ਤਰ੍ਹਾਂ ਦੀ ਮੁੜ-ਉਸਾਰੀ ਆਮ ਹੈ। ਆਦਿਵਾਸੀ ਭਾਈਚਾਰੇ ਦੇ ਆਗੂ ਕਹਿੰਦੇ ਹਨ ਕਿ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਇਹ ਹੈ ਕਿ “ਲੋਕ ਆਪਣੇ ਜ਼ਮੀਨ ਮਾਲਕੀ ਦੇ ਹੱਕਾਂ ਦੀ ਗੱਲਬਾਤ ਮਕਬੂਜ਼ਾ ਹੈਸੀਅਤ ’ਚ ਚਲਾਉਂਦੇ ਹਨ”; ਕੁਝ ਲੋਕਾਂ ਨੇ ਇਸ ਅਮਲ ਨੂੰ “ਆਪ ਗੱਲਬਾਤ ਕਰਨ” ਦਾ ਨਾਂ ਦਿੱਤਾ ਹੈ।[47] ਥਾਈਲੈਂਡ ’ਚ ਤੂਫ਼ਾਨ ਤੋਂ ਬਚ ਗਏ ਲੋਕਾਂ ਨੇ ਵੱਖਰੀ ਤਰ੍ਹਾਂ ਦੀ ਸਹਾਇਤਾ ’ਤੇ ਜ਼ੋਰ ਦਿੱਤਾ—ਖ਼ੈਰਾਤ ਲਈ ਹੱਥ ਅੱਡਣ ਦੀ ਥਾਂ ਉਨ੍ਹਾਂ ਨੇ ਮੁੜ-ਉਸਾਰੀ ਕਰਨ ਲਈ ਸਾਧਨਾਂ ਦੀ ਮੰਗ ਕੀਤੀ ਹੈ। ਮਿਸਾਲ ਵਜੋਂ, ਇਮਾਰਤ ਉਸਾਰੀ ਦੇ ਦਰਜਨਾਂ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੇ ਇਸ ਭਾਈਚਾਰੇ ਦੇ ਮੈਂਬਰਾਂ ਨੂੰ ਨਵੇਂ ਘਰਾਂ ਦੇ ਨਕਸ਼ੇ ਬਣਾਉਣ ਅਤੇ ਮੁੜ-ਉਸਾਰੀ ਦੀ ਵਿਉਂਤਬੰਦੀ ਕਰਨ ’ਚ ਸਹਾਇਤਾ ਕਰਨ ਲਈ ਸਵੈ-ਇੱਛਕ ਸੇਵਾਵਾਂ ਪੇਸ਼ ਕੀਤੀਆਂ। ਬੇੜੀਆਂ ਬਣਾਉਣ ਦੇ ਮਾਹਰਾਂ ਨੇ ਪਿੰਡਾਂ ਵਾਲਿਆਂ ਨੂੰ ਮੱਛੀਆਂ ਫੜਨ ਲਈ ਵੱਧ ਆਧੁਨਿਕ ਸਮੁੰਦਰੀ ਬੇੜੀਆਂ ਦਾ ਨਿਰਮਾਣ ਕਰਨ ਦੀ ਸਿਖਲਾਈ ਦਿੱਤੀ। ਇਸ ਦਾ ਸਿੱਟਾ ਇਹ ਹੋਇਆ

ਕਿ ਇਹ ਭਾਈਚਾਰੇ ਉਸ ਤੋਂ ਵੱਧ ਮਜ਼ਬੂਤ ਹੋ ਗਏ ਜਿੰਨੇ ਇਹ ਤੂਫ਼ਾਨ ਆਉਣ ਤੋਂ ਪਹਿਲਾਂ ਸਨ। ਲੱਕੜ ਦੀਆਂ ਥੰਮੀਆਂ ਉੱਪਰ ਬਾਨ ਤੁੰਗ ਵਾਹ ਅਤੇ ਬਾਨ ਨੈਰਾਈ ਪਿੰਡ ਵਾਸੀਆਂ ਵਲੋਂ ਬਣਾਏ ਘਰ ਸੁਹਣੇ ਅਤੇ ਮਜ਼ਬੂਤ ਹਨ। ਇਹ ਬਦੇਸ਼ੀ ਠੇਕੇਦਾਰਾਂ ਵਲੋਂ ਬਣੇ-ਬਣਾਏ ਤਪਦੇ ਡੱਬਾਨੁਮਾ ਘਰਾਂ ਨਾਲੋਂ ਸਸਤੇ, ਖੁੱਲ੍ਹੇ-ਡੁੱਲ੍ਹੇ ਅਤੇ ਵੱਧ ਠੰਢੇ ਹਨ। ਸੁਨਾਮੀ ਤੋਂ ਬਚੇ ਥਾਈ ਭਾਈਚਾਰਿਆਂ ਦੇ ਗੱਠਜੋੜ ਦਾ ਮਨੋਰਥ-ਪੱਤਰ ਇਸ ਸਮਝ ਦੀ ਇਸ ਤਰ੍ਹਾਂ ਵਿਆਖਿਆ ਕਰਦਾ ਹੈ : ''ਜਿੱਥੋਂ ਤੱਕ ਸੰਭਵ ਹੋਵੇ ਮੁੜ-ਉਸਾਰੀ ਦਾ ਕੰਮ ਸਥਾਨਕ ਲੋਕਾਂ ਨੂੰ ਖ਼ੁਦ ਕਰਨ ਦੇਣਾ ਚਾਹੀਦਾ ਹੈ। ਠੇਕੇਦਾਰਾਂ ਨੂੰ ਪਰ੍ਹਾ ਰੱਖੋ, ਆਪਣੇ ਘਰ ਬਣਾਉਣ ਦੀ ਜ਼ਿੰਮੇਵਾਰੀ ਲੋਕਾਂ ਨੂੰ ਆਪ ਚੁੱਕਣ ਦਿਓ।''[48]

ਕੈਟਰਿਨਾ ਤੂਫ਼ਾਨ ਤੋਂ ਇਕ ਸਾਲ ਬਾਅਦ, ਥਾਈਲੈਂਡ 'ਚ ਬੁਨਿਆਦੀ ਮੁੜ-ਉਸਾਰੀ ਦੀਆਂ ਕੋਸ਼ਿਸ਼ਾਂ ਜੁਟਾਉਣ ਵਾਲਿਆਂ ਅਤੇ ਨਿਊ ਔਰਲੀਨਜ਼ ਦੇ ਸਮੁੰਦਰੀ ਤੂਫ਼ਾਨ ਤੋਂ ਬਚੇ ਲੋਕਾਂ ਦੇ ਨੁਮਾਇੰਦਿਆਂ ਦੀ ਨਿੱਕੀ ਜਹੀ ਟੋਲੀ ਦਰਮਿਆਨ ਤਜਰਬਿਆਂ ਦਾ ਕਮਾਲ ਦਾ ਆਦਾਨ-ਪ੍ਰਦਾਨ ਹੋਇਆ। ਅਮਰੀਕੀ ਲੋਕਾਂ ਦੇ ਇਨ੍ਹਾਂ ਨੁਮਾਇੰਦਿਆਂ ਨੇ ਬਹੁਤ ਸਾਰੇ ਮੁੜ ਆਬਾਦ ਕੀਤੇ ਥਾਈ ਪਿੰਡਾਂ ਦਾ ਦੌਰਾ ਕੀਤਾ। ਜਿੰਨੀ ਤੇਜ਼ੀ ਨਾਲ ਮੁੜ ਵਸੇਬਾ ਹਕੀਕਤ ਬਣਿਆ ਸੀ ਉਸ ਤੋਂ ਉਹ ਦੰਗ ਰਹਿ ਗਏ ਸਨ। ਨਿਊ ਔਰਲੀਨਜ਼ ਦੇ '' 'ਬਚੇ ਹੋਏ ਲੋਕਾਂ' ਦੇ ਪਿੰਡ'' ਦੇ ਬਾਨੀ ਐਂਡੇਸ਼ਾ ਜੁਆਕਲੀ ਨੇ ਕਿਹਾ, ''ਨਿਊ ਔਰਲੀਨਜ਼ 'ਚ, ਅਸੀਂ ਸਰਕਾਰ ਦੇ ਹੱਥਾਂ ਵੱਲ ਦੇਖ ਰਹੇ ਹਾਂ ਕਿ ਕੁਝ ਕਰੇਗੀ ਪਰ ਇੱਥੇ ਤੁਸੀਂ ਸਾਰਾ ਕੁਝ ਖ਼ੁਦ ਕਰ ਰਹੇ ਹੋ।'' ਉਸ ਨੇ ਪ੍ਰਣ ਕੀਤਾ, ''ਜਦੋਂ ਅਸੀਂ ਵਾਪਸ ਜਾਵਾਂਗੇ, ਅਸੀਂ ਤੁਹਾਡੇ ਨਮੂਨੇ ਦੇ ਕੰਮ ਨੂੰ ਆਪਣਾ ਨਵਾਂ ਉਦੇਸ਼ ਬਣਾਵਾਂਗੇ।''[49]

ਜਦੋਂ ਨਿਊ ਔਰਲੀਨਜ਼ ਦੇ ਆਦਿਵਾਸੀ ਭਾਈਚਾਰੇ ਦੇ ਇਹ ਨੁਮਾਇੰਦੇ ਵਾਪਸ ਵਤਨ ਪਰਤੇ, ਉੱਥੇ ਸਚਮੁਚ ਸਿੱਧੀ ਕਾਰਵਾਈ ਦੀ ਨਵੀਂ ਲਹਿਰ ਚੱਲ ਪਈ। ਜੁਆਕਲੀ ਦੀ ਆਪਣੀ ਬਸਤੀ ਹਾਲੇ ਵੀ ਥੇਹ ਬਣੀ ਹੋਈ ਸੀ, ਉਸ ਨੇ ਇਸ ਬਲਾਕ ਦੇ ਹਰੇਕ ਘਰ ਵਿਚੋਂ ਹੜ੍ਹ ਨਾਲ ਨੁਕਸਾਨਿਆ ਸਮਾਨ ਕੱਢਣ ਲਈ ਸਥਾਨਕ ਠੇਕੇਦਾਰਾਂ ਅਤੇ ਸਵੈ-ਸੇਵਕਾਂ ਦੀਆਂ ਟੋਲੀਆਂ ਜਥੇਬੰਦ ਕੀਤੀਆਂ; ਫੇਰ ਉਹ ਅਗਲੇ ਬਲਾਕ 'ਚ ਚਲੇ ਗਏ। ਉਸ ਦਾ ਕਹਿਣਾ ਸੀ ਕਿ ਸੁਨਾਮੀ ਤੋਂ ਪ੍ਰਭਾਵਿਤ ਹੋਏ ਖੇਤਰ ਦੇ ਦੌਰੇ ਨਾਲ ਉਨ੍ਹਾਂ ਨੂੰ ''ਵਧੀਆ ਭਵਿੱਖ ਦ੍ਰਿਸ਼ਟੀ ਮਿਲ ਗਈ ਹੈ ਕਿ ਨਿਊ ਔਰਲੀਨਜ਼ ਦੇ ਲੋਕ ਫੇਮਾ, ਸ਼ਹਿਰ ਦੇ ਪ੍ਰਸ਼ਾਸਨ ਅਤੇ ਸੂਬਾ ਸਰਕਾਰ ਨੂੰ ਪਾਸੇ ਕਰਕੇ ਇਹ ਕਹਿਣਾ ਸ਼ੁਰੂ ਕਰਨ ਜਾ ਰਹੇ ਹਨ ਕਿ 'ਆਪਣੀ ਬਸਤੀ ਦਾ ਮੁੜ ਵਸੇਬਾ ਸ਼ੁਰੂ ਕਰਨ ਲਈ ਸਰਕਾਰ ਦੀ ਗ਼ੈਰ-ਮੌਜੂਦਗੀ 'ਚ ਅਸੀਂ ਕੀ ਕਰ ਸਕਦੇ ਹਾਂ, ਨਾ ਕਿ ਉਸ 'ਤੇ ਟੇਕ ਰੱਖ ਕੇ ? ' '' ਏਸ਼ੀਆ ਦਾ ਦੌਰਾ ਕਰਨ ਵਾਲੀ ਇਕ ਹੋਰ ਅਨੁਭਵੀ ਮੈਂਬਰ ਵਾਇਓਲਾ ਵਾਸ਼ਿੰਗਟਨ ਵੀ ਪੂਰੀ ਤਰ੍ਹਾਂ ਨਵਾਂ ਰਵੱਈਆ ਧਾਰਨ ਕਰਕੇ ਆਪਣੇ ਮੁਹੱਲੇ ਜੈਂਟਿਲੀ ਮੁੜੀ। ਉਸ ਨੇ ਜਾ ਕੇ ''ਜੈਂਟਿਲੀ ਦੇ ਨਕਸ਼ੇ ਦੇ ਹਿੱਸੇ ਬਣਾ ਲਏ, ਹਰੇਕ ਹਿੱਸੇ ਲਈ ਨੁਮਾਇੰਦਿਆਂ ਦੀਆਂ ਕਮੇਟੀਆਂ ਜਥੇਬੰਦ ਕੀਤੀਆਂ ਅਤੇ ਇਨ੍ਹਾਂ ਦੇ ਆਗੂ ਥਾਪ ਦਿੱਤੇ ਜੋ ਮੁੜ-ਉਸਾਰੀ ਦੀਆਂ ਜ਼ਰੂਰਤਾਂ ਬਾਰੇ ਵਿਚਾਰ-ਚਰਚਾ ਕਰਨ ਲਈ ਮੀਟਿੰਗ ਕਰਨਗੇ।'' ਉਸ ਨੇ ਇਸ ਦੀ ਵਿਆਖਿਆ ਕੀਤੀ ਕਿ ''ਅਸੀਂ ਸਰਕਾਰ ਤੋਂ ਪੈਸਾ ਲੈਣ ਦੀ ਲੜਾਈ ਤਾਂ ਲੜਦੇ ਹਾਂ ਪਰ ਆਪਣੀ ਹਸਤੀ ਵਾਪਸ ਲੈਣ ਦੀ ਕੋਈ ਕੋਸ਼ਿਸ਼ ਨਹੀਂ ਜੁਟਾਉਂਦੇ।''[50]

ਨਿਊ ਔਰਲੀਨਜ਼ ਵਿਚ ਹਾਲੇ ਹੋਰ ਵੀ ਸਿੱਧੀ ਕਾਰਵਾਈ ਹੋਣੀ ਬਾਕੀ ਸੀ। ਫਰਵਰੀ 2007 'ਚ ਸਰਕਾਰੀ ਹਾਊਸਿੰਗ ਪ੍ਰਾਜੈਕਟਾਂ 'ਚ ਰਹਿਣ ਵਾਲੇ ਬਾਸ਼ਿੰਦਿਆਂ ਦੀਆਂ ਟੋਲੀਆਂ ਨੇ ਆਪਣੇ ਪੁਰਾਣੇ ਘਰਾਂ ਉੱਪਰ ''ਦੁਬਾਰਾ ਕਬਜ਼ਾ ਕਰਨਾ'' ਅਤੇ ਇੱਥੇ ਵਸੇਬਾ ਕਰਨਾ ਸ਼ੁਰੂ ਕਰ

ਦਿੱਤਾ। ਬੁਸ਼ ਪ੍ਰਸ਼ਾਸਨ ਇਨ੍ਹਾਂ ਨੂੰ ਢਾਹੁਣ ਦੀ ਯੋਜਨਾ ਬਣਾ ਰਿਹਾ ਸੀ। ਸਵੈ-ਸੇਵਕਾਂ ਨੇ ਰਿਹਾਇਸ਼ੀ ਮਕਾਨਾਂ ਦੀ ਸਫ਼ਾਈ ਕਰਨ 'ਚ ਮਦਦ ਕੀਤੀ ਅਤੇ ਜਨਰੇਟਰ ਤੇ ਸੂਰਜੀ ਊਰਜਾ ਪੈਦਾ ਕਰਨ ਵਾਲੇ ਯੰਤਰ ਖ਼ਰੀਦਣ ਲਈ ਪੈਸਾ ਇਕੱਠਾ ਕੀਤਾ। ਹਾਊਸਿੰਗ ਪ੍ਰਾਜੈਕਟ *ਸੀ ਜੇ ਪੀਤੀ* ਦੀ ਵਸਨੀਕ ਗਲੋਰੀਆ ਵਿਲੀਅਮਜ਼ ਨੇ ਐਲਾਨ ਕੀਤਾ, "ਮੇਰਾ ਘਰ ਮੇਰਾ ਮਹਿਲ ਹੈ ਅਤੇ ਮੈਂ ਇਹ ਵਾਪਸ ਲੈ ਰਹੀ ਹਾਂ।" ਨਿਊ ਔਰਲੀਨਜ਼ ਦੇ ਵਾਜੇ ਵਾਲਿਆਂ ਦੇ ਆਉਣ ਨਾਲ ਮੁੜ-ਕਬਜ਼ੇ 'ਚ ਲੈਣ ਦਾ ਇਹ ਅਮਲ ਇਸ ਬਲਾਕ ਦੇ ਪੂਰੇ-ਸੂਰੇ ਸਮਾਗਮ 'ਚ ਬਦਲ ਗਿਆ।[51] ਜਸ਼ਨ ਮਨਾਉਣ ਲਈ ਇਹ ਬਥੇਰੀ ਪ੍ਰਾਪਤੀ ਸੀ : ਘੱਟੋ-ਘੱਟ ਹਾਲ ਦੀ ਘੜੀ, ਇਹ ਭਾਈਚਾਰਾ ਉਸ ਵੱਡੇ ਸੱਭਿਆਚਾਰਕ ਬੁਲਡੋਜ਼ਰ ਦੀ ਮਾਰ ਤੋਂ ਬਚ ਗਿਆ ਸੀ ਜੋ ਖ਼ੁਦ ਨੂੰ ਮੁੜ-ਉਸਾਰੀ ਦਾ ਨਾਂ ਦਿੰਦਾ ਹੈ।

ਖ਼ੁਦ ਮੁੜ-ਉਸਾਰੀ ਕਰਨ ਵਾਲੇ ਇਨ੍ਹਾਂ ਲੋਕਾਂ ਦੀਆਂ ਮਿਸਾਲਾਂ ਨੂੰ ਜੇ ਇਕਜੁੱਟ ਰੂਪ 'ਚ ਲਿਆ ਜਾਵੇ ਤਾਂ ਇਨ੍ਹਾਂ ਦਾ ਵਿਸ਼ਾ ਸਾਂਝਾ ਹੈ : ਇਸ ਵਿਚ ਸ਼ਾਮਲ ਲੋਕ ਕਹਿੰਦੇ ਹਨ ਕਿ ਉਹ ਨਿਰੀ ਇਮਾਰਤਾਂ ਦੀ ਮੁਰੰਮਤ ਨਹੀਂ ਕਰ ਰਹੇ ਸਗੋਂ ਉਹ ਆਪਣੇ ਜ਼ਖ਼ਮ ਭਰ ਰਹੇ ਹਨ। ਇਸ ਦਾ ਭਾਵ ਪੂਰੀ ਤਰ੍ਹਾਂ ਸਪਸ਼ਟ ਹੈ। ਵੱਡੇ ਸਦਮੇ 'ਚੋਂ ਗੁਜ਼ਰਨ ਦਾ ਸਰਵ-ਵਿਆਪਕ ਤਜਰਬਾ ਪੂਰੀ ਤਰ੍ਹਾਂ ਨਸੱਤੇ ਹੋਣ ਦੀ ਭਾਵਨਾ ਵਾਲਾ ਹੁੰਦਾ ਹੈ : ਭਿਆਨਕ ਤਾਕਤਾਂ ਮੂਹਰੇ ਮਾਪੇ ਆਪਣੀ ਔਲਾਦ ਨੂੰ ਬਚਾਉਣ ਦੀ ਤਾਕਤ ਖੋਹ ਬਹਿੰਦੇ ਹਨ, ਜੋੜੇ ਵਿਛੜ ਜਾਂਦੇ ਹਨ, ਸੁਰੱਖਿਅਤ ਥਾਵਾਂ ਮੌਨੇ ਜਾਂਦੇ ਘਰ ਮੌਤ ਦੇ ਫੰਦੇ ਬਣ ਜਾਂਦੇ ਹਨ। ਇਸ ਤਰ੍ਹਾਂ ਦੀ ਲਾਚਾਰੀ ਵਾਲੀ ਹਾਲਤ 'ਚੋਂ ਨਿਕਲਣ ਦਾ ਸਭ ਤੋਂ ਵਧੀਆ ਢੰਗ ਹੈ ਮਦਦ ਕਰਨਾ—ਭਾਵ ਭਾਈਚਾਰੇ ਨੂੰ ਪੈਰਾਂ ਸਿਰ ਕਰਨ 'ਚ ਹਿੱਸਾ ਲੈਣ ਦਾ ਹੱਕ। ਨਿਊ ਔਰਲੀਨਜ਼ ਦੇ ਨੀਵੇਂ ਨੌਵੇਂ ਵਾਰਡ ਦੇ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਐਲੀਮੈਂਟਰੀ ਸਕੂਲ ਦਾ ਸਹਾਇਕ ਪ੍ਰਿੰਸੀਪਲ ਕਹਿੰਦਾ ਹੈ, "ਆਪਣੇ ਸਕੂਲ ਨੂੰ ਦੁਬਾਰਾ ਖੋਲ੍ਹਣ ਦਾ ਸੰਦੇਸ਼ ਹੈ ਕਿ ਇਹ ਖ਼ਾਸ ਮ-ਖ਼ਾਸ ਭਾਈਚਾਰਾ, ਸਾਂਝੀ ਜਗ੍ਹਾ ਨਾਲੋਂ ਵੱਧ ਆਤਮਿਕ ਸਾਂਝ, ਪਰਿਵਾਰਾਂ ਦੀ ਸਾਂਝ ਅਤੇ ਘਰ ਵਾਪਸ ਆਉਣ ਦੀ ਤਾਂਘ ਨਾਲ ਇਕਜੁੱਟ ਭਾਈਚਾਰਾ ਹੈ।"[52]

ਲੋਕਾਂ ਵਲੋਂ ਮੁੜ-ਉਸਾਰੀ ਕਰਨ ਦੇ ਅਜਿਹੇ ਯਤਨ ਤਬਾਹੀਪਸੰਦ ਸਰਮਾਏਦਾਰੀ ਢਾਂਚੇ ਦੀ ਫ਼ਿਤਰਤ ਦੇ ਐਨ ਉਲਟ ਹਨ। ਇਹ ਢਾਂਚਾ ਸਭ ਕਾਸੇ ਨੂੰ ਕੋਰੇ ਕਾਗਜ਼ ਅਤੇ ਖਾਲੀ ਸਲੇਟਾਂ ਵਰਗੀਆਂ ਚੀਜ਼ਾਂ ਬਣਾਉਣ ਦੀ ਲਾਲਸਾ ਪਾਲੀ ਬੈਠਾ ਹੈ ਜਿਨ੍ਹਾਂ ਉੱਪਰ ਵਿਸ਼ੇਸ਼ ਨਮੂਨੇ ਦੇ ਰਾਜ ਉਸਾਰੇ ਜਾ ਸਕਣ। ਲਾਤੀਨੀ ਅਮਰੀਕਾ ਦੀਆਂ ਖੇਤੀਬਾੜੀ ਅਤੇ ਫੈਕਟਰੀਆਂ ਦੀਆਂ ਸਹਿਕਾਰੀ ਸਭਾਵਾਂ ਵਾਂਗ, ਇਹ ਕੰਮ ਰੇੜ੍ਹਨ ਦੇ ਯਤਨ ਹਨ, ਜੋ ਕੁਝ ਬਚਿਆ-ਖੁਚਿਆ ਹੈ ਅਤੇ ਜਿਸ ਤਰ੍ਹਾਂ ਦਾ ਵੀ ਜੰਗਾਲਿਆ ਹੋਇਆ ਸੰਦ-ਸੰਦੇੜਾ ਹਾਸਲ ਹੈ, ਜੋ ਤਬਾਹ ਜਾਂ ਚੋਰੀ ਨਹੀਂ ਹੋਇਆ, ਉਸ ਨੂੰ ਲੈ ਕੇ ਕੰਮ ਚਲਾਉਣਾ। ਜ਼ੱਨਤ ਦੀ ਕਲਪਨਾ, ਪਰਲੋ ਦੀ ਅਗੰਮੀ ਪੇਸ਼ੀਨਗੋਈ ਸੱਚੇ ਸ਼ਰਧਾਲੂਆਂ ਲਈ ਜ਼ੱਨਤ ਦਾ ਰਾਹ ਖੋਲ੍ਹਣ ਦਾ ਦਾਅਵਾ ਕਰਦੀ ਹੈ, ਇਸ ਦੇ ਉਲਟ ਸਥਾਨਕ ਲੋਕਾਂ ਦੀਆਂ ਮੁੜ-ਉਸਾਰੀ ਦੀਆਂ ਲਹਿਰਾਂ ਸ਼ੁਰੂ ਹੀ ਇਸ ਅਧਾਰ 'ਤੇ ਹੁੰਦੀਆਂ ਹਨ ਕਿ ਜਿਹੜੀ ਚੋਖੀ ਗੜਬੜ ਅਸੀਂ ਪੈਦਾ ਕੀਤੀ ਹੋਈ ਹੈ ਉਸ ਤੋਂ ਬਚਿਆ ਨਹੀਂ ਜਾ ਸਕਦਾ। ਕਿ ਇਤਿਹਾਸ, ਸੱਭਿਆਚਾਰ ਅਤੇ ਮਨੁੱਖਤਾ ਦੀ ਯਾਦਦਾਸ਼ਤ ਦਾ ਪਹਿਲਾਂ ਹੀ ਬਥੇਰਾ ਸਫ਼ਾਇਆ ਹੋ ਚੁੱਕਾ ਹੈ। ਇਹ ਉਹ ਲਹਿਰਾਂ ਹਨ ਜੋ ਉਸਾਰੀ ਦਾ ਆਗਾਜ਼ ਐਨ ਨਵੇਂ ਸਿਰਿਉਂ ਨਹੀਂ ਸਗੋਂ ਜੋ ਕੁਝ ਬਚਿਆ ਹੋਇਆ ਹੈ, ਸਾਡੇ ਚਾਰ-ਚੁਫੇਰੇ ਜੋ ਮਲਬਾ ਹੈ ਉਸ ਤੋਂ ਕਰਦੀਆਂ ਹਨ। ਕਿਉਂਕਿ ਕਾਰਪੋਰੇਟ ਜਹਾਦ ਹੋਰ ਵੱਧ ਹਿੰਸਾ 'ਚ ਨਿਘਰਦਾ ਜਾ ਰਿਹਾ ਹੈ ਅਤੇ ਇਸ ਨੂੰ ਜਿਸ ਵਧ ਰਹੇ ਵਿਰੋਧ ਦਾ ਸਾਹਮਣਾ

ਕਰਨਾ ਪੈ ਰਿਹਾ ਹੈ ਉਸ ਨਾਲ ਇਹ ਵਿਸਫੋਟ ਹੋਣ ਵੱਲ ਵਧਦਾ ਜਾ ਰਿਹਾ ਹੈ, ਇਸ ਲਈ ਉਸਾਰੀ ਦੇ ਇਹ ਪ੍ਰਾਜੈਕਟ ਕੱਟੜ ਆਰਥਕ ਸਿਧਾਂਤਵਾਦੀਆਂ ਦੇ ਬੋਲਬਾਲੇ ਦਰਮਿਆਨ ਇਕ ਬਦਲਵੇਂ ਰਾਹ ਵੱਲ ਇਸ਼ਾਰਾ ਕਰਦੇ ਹਨ। ਇਹ ਮਰਦ ਅਤੇ ਔਰਤਾਂ ਖ਼ੁਦ ਨੂੰ ਸਿਰਫ਼ ਮੁਰੰਮਤ ਕਰਨ ਵਾਲਿਆਂ ਵਜੋਂ ਦੇਖਦੇ ਹਨ। ਇਹ ਲੋਕ ਜ਼ੋਰਦਾਰ ਵਿਹਾਰਕਤਾ ਕਰਕੇ ਹੀ ਤਿੱਖੇ ਖ਼ਿਆਲਾਂ ਵਾਲੇ ਹਨ, ਜਿਨ੍ਹਾਂ ਦੀਆਂ ਜੜ੍ਹਾਂ ਉਨ੍ਹਾਂ ਲੋਕਾਂ 'ਚ ਹਨ ਜਿੱਥੇ ਇਹ ਰਹਿੰਦੇ ਹਨ। ਇਹ ਉੱਥੇ ਜੋ ਹਾਸਲ ਹੁੰਦਾ ਹੈ ਉਸ ਨੂੰ ਠੀਕ ਕਰਕੇ, ਮੁੜ ਅਮਲ 'ਚ ਲਿਆਉਂਦੇ ਹਨ, ਇਸ ਨੂੰ ਹੋਰ ਵਧੀਆ ਅਤੇ ਹੋਰ ਸਾਵੀਂ ਵੰਡ ਵਾਲਾ ਬਣਾ ਰਹੇ ਹਨ। ਸਭ ਤੋਂ ਵੱਧ, ਉਹ ਲਚਕੀਲੀ ਉਸਾਰੀ ਕਰ ਰਹੇ ਹਨ— ਅਗਲੇ ਸਦਮੇ ਦੀ ਮਾਰ ਨੂੰ ਮੁੱਖ ਰੱਖਕੇ।

●●●●●

NOTES

N.B.: Quotations and facts that come from interviews with the author are generally not cited in the notes.

Unless otherwise indicated, all translations from Spanish to English were done by Shana Yael Shubs.

All dollar amounts in the book are in U.S. currency.

In some cases where there are sources for multiple facts in a paragraph, one superscript note number appears at the end of the paragraph rather than a number after each individual fact. In the notes section here, the sources are listed in the order in which the facts appear in the paragraph.

If there is a source for a footnote, it is cited in the numbered endnote most closely following the asterisk in the text such sources are marked FOOTNOTE.

Web addresses for news articles available online are not included because of the transient nature of Web architecture. In cases where a document is available exclusively online, the home page where it appears is cited, not the longer URL for the specific text, once again because links change frequently.

Many original documents cited in the text, as well as Web links and an extensive bibliography and filmography, can be found at www.naomiklein.org.

INRTODUCTION

Blank Is Beautiful: Three Decades of Erasing and Remaking the World

1. Bud Edney, "Appendix A: Thoughts on Rapid Dominance," in Harlan K. Ullman and James P. Wade, *Shock and Awe: Achieving Rapid Dominance* (Washington, DC: NDU Press Book, 1996), 110.

2. John Harwood "Washington wire: A Special Weekly Report From The Wall Street Journal's Capital Bureau," *Wall Street Journal*, September 9, 2005.

3. Gary Rivlin, "A Mogal Who Would Rebuild New Orleans," *New York Times*, September 29, 2005.

4, "The Promise of Vouchers," *Wall Street Journal*, December 5, 2005.

5. Ibid.

6. Milton Friedman, *Capitalism and Freedom* (1962, repr. Chicago: University of Chicago Press, 1982), 2.

7. Interview with Joe DeRose, United Teachers of New Orleans, September 18, 2006; Michael Kunzelman, "Post-Katrina, Educators, Students Embrace Charter Schools," Associated Press, April 17, 2007.

8. Steve Ritea, "N.O. Teachers Union Loses Its Force in Storm's Wake," *Time-Picayune* (New Orleans), March 6, 2006.

9. Susan Saulny, "U.S Gives Charter School a Big Push in New Orleans," *New York Times*, June 13, 2006; Veronique de Rugy and Kathryn. Newmark, "Hope after Katrina?" *Education Next*, October 1, 2006, www.aei.org.

10. “Educational Land Grab,” *Rethinking Schools*, Fall 2006.

11. Milton Friedman, *Inflation: Causes and Consequences* (New York: Asia Publishing House, 1963), 1.

12. Friedman, *Capitalism and Freedom*, ix.

13. Milton Friedman and Rose Friedman, *Tyranny of the Status Quo* (San Diego: Harcourt Brace Jovanovich, 1984), 3.

14. Milton Friedman and Rose Friedman, *Two Lucky People: Memoirs* (Chicago: University of Chicago Press, 1998), 592.

15. Eduardo Galeano, *Days and Nights of Love and War*, trans. Judith Brister (New York: Monthly Review Press, 1983), 130.

16. Ullman and Wade, *Shock and Awe*, xxviii.

17. Thomas Crampton, “Iraq Official Warns on Fast Economic Shift,” *International Herald Tribune* (Paris), October 14, 2003.

18. Alison Rice, *Post-Tsunami Tourism and Reconstruction: A Second Disaster*? (London: Tourism Concern, October 2005), www.tourismconcen.org.Uk.

19. Nicholas Powers, “The Ground below Zero,” *Indypendent* , August 31, 2006, www.indypendent.org.

20. Neil King and Yochi J. Dreazen, “Amid Chaos in Iraq, Tiny Security Firm Found Opportunity,” *Wall Street Journal*, August 13, 2004.

21. Eric Eckholm, “U. S. Contractor Found Guilty of $3 Million Fraud in Iraq,” *New York Times*, March 10, 2006.

22. Davison L. Budhoo , *Enough: Dear Mr. Camdessus… Open Letter of Resignation to the Managing Director of the International Monetary Fund* (New York: New Horizons Press, 1990), 102.

23. Michael Lewis, “The World’s Biggest Going-Out-of-Business Sale,” *The New York Times Magazine*, May 31, 1998.

24. Bob Sipchen, “Are Public School Worth the Effort?” *Los Angeles Times*, July 3, 2006.

25. Paul Tough, David Frum, William Kristol et al, “A Revolution or Business as Usual?: A Harper’s Forum,” *Harper’s*, March 1995.

26. Rachel Monahan and Elena Herrero Beaumont, “Big Time Security,” *Forbes*, August 3, 2006; Gary Stoller, “ Homeland Security Generates Multibillion Dollar Business,” *USA Today*, September 10, 2006.

27. Evan Ratliff, “Fear, Inc.” *Wired*, December 2005.

28. Veronique de Rugy, American Enterprise Institute, “Facts and Figures about Homeland Security Spending,” December 14, 2006, www.aei.org.

29. Bryan Bender, “Economists Say Cost of War Could Top $2 Trillion,” *Boston Globe*, January 8, 2006.

30. Thomas L. Friedman, “Big Mac I,” *New York Times*, December 8, 1996.

31. Steve Quinn, "Halliburton's 3Q Earnings Hit $611M," Associated Press, October 22, 2006.

32. Steven R Hurst "October Deadliest Month Ever in Iraq," Associated press, November 22, 2006.

33. James Glanz and Floyd Norris, "Report Say Iraq Contractor is Hiding Data from U.S.," *New York Times*, October 28, 2006.

34. Wency Leung, "Success Through Disaster: B.C.-Made Wood Houses Hold Great Potential for Disaster Relief," *Vancouver Sun*, May 15, 2006.

35. Joseph B. Treaster, "Earnings for Insurers Are Soaring," *New York Times*, October 14, 2006.

36. Central Intelligence Agency, *Kubark counterintelligence Interrogation*, July 1963, 1, 101. Declassified manual is available in full, www.gwu.edu/~nsarchiv.

37. Ibid., 66.

38. Mao Tse-Tung, "Introducing a Cooperative," *Peking Review* 1, no. 15 (June 10, 1958): 6.

39. Friedman and Friedman, *Two Lucky People*, 594.

40. Ibid.

41. "The Rising Risk of Recession," *Time*, December 19, 1969.

42. George Jones, "Thatcher Praises Friedman, Her Freedom Fighter," *Daily Telegraph* (London), November 17, 2006; Friedman and Friedman, *Two Lucky People*, 388-89.

43. Francis Fukuyama, "The End of History?" *The National Interest*, Summer 1989.

44. Justin Fox, "The Curious Capitalist," *Fortune*, November 16, 2006; House of Representatives, 109th Congress, 2nd Session, "H. Res. 1089: Honoring the Life of Milton Friedman," December 6, 2006; Jon Ortiz, "State to Honor Friedman," *Sacramento Bee*, January 24, 2007; Thomas Sowell, "Freedom Man," *Wall Street Journal*, November 18, 2006.

45. Stephane Courtois et al., *The Black Book of Communism, Terror, Repression*, trans. Jonathan Murphy and Mark Kramer (Cambridge, MA Harvard University Press, 1999), 2.

1. The Torture Lab: Ewen Cameron, the CIA and the Maniacal Quest to Erase and Remake the Human Mind

1. Cyril J.C. Kennedy and David Anchel, "Regressive Electric-Shock in Schizophrenics Refractory to Other Shock Therapies," *Psychiatric Quarterly* 22, no. 2 (April 1948): 318

2. Ugo Cerletti, "Electroshock Therapy," *Journal of Clinical and Experimental Psychopathology and Quarterly Review of Psychiatry and Neurology* 15 (September 1954): 192-93.

3. Judy Foreman, "How CIA Stole Their Minds," *Boston Globe*, October 30, 1998; Stephen Bindman, "Brainwashing Victims to Get $100,000," *Gazette* (Montreal), November 18, 1992.

4. Gordon Thomas, *Journey into Madness* (New York: Bantam Books, 1989), 148.

5. Harvey M. Weinstein, *Psychiatry and the CIA: Victims of Mind Control* (Washington, DC: American Psychiatric Press, 1990), 92, 99.

6. D. Ewen Cameron, "Psychic Driving," *American Journal of Psychiatry* 112, no.7 (1956): 502-509.

7. D. Ewen Cameron and S.K Pande, "Treatment of the Chronic Paranoid Schizophrenic Patient," *Canadian Medical Association Journal* 78 (January 15, 1958): 95.

8. Aristotle, "On the Soul, Book III," in *Aristotle I, Great Books of the Western World*, vol. 8, ed. Mortimer J. Adler, trans. W. D. Ross (Chicago: Encyclopaedia Britannica, 1952), 662.

9. Berton Rouche, "As Empty as eve," *The New Yorker*, September, 9, 1974.

10. D. Ewen Cameron "Production of Differential Amnesia as a Factor in the Treatment of Schizophrenia," *Comprehensive Psychiatry* 1, no. 1 (1960): 32-33.

11. D. Ewen Cameron, J.G. Lohrenz and K. A. Handcock, "The Depatterning Treatment of Schizophrenia," *Comprehensive Psychiatry* 3, no. 2 (1962): 67.

12. Cameron, "Psychic Driving," 503-504.

13. Weinstein, *Psychic and the CIA*, 120. FOOTNOTE: Thomas, *Journey into Madness*, 129.

14. "CIA, Memorandum for the Record, Subject: Project ARTICHOKE," January 31, 1975, www.gwu.edu/~nsarchiv.

15. Alfred W. McCoy, "Cruel Science: CIA Torture & Foreign Policy," *New England Journal of Public Policy* 19, no. 2 (Winter 2005): 218.

16. Alfred W. McCoy, *A Question of Torture: CIA Interrogation, from the Cold War to the War on Terror* (New York: Metropolitan Books, 2006), 22, 30.

17. Those who found themselves unwittingly taking LSD in this period of experimentation included North Korean POWs; a group of patients at a drug treatment centre in Lexington, Kentucky; seven thousand American soldiers at Maryland's Edgewood Chemical Arsenal; and inmates of California's Vacaville Prison. Ibid., 27, 29.

18. [A]n anonymous handwritten note found in the archives identifies Dr. Caryl Haskins and Commander R. J. Williams as CIA representatives at the meeting." David Vienneau , "Ottawa Paid for '50s Brainwashing Experiments, Files Show," *Toronto Star*, April 14, 1986; "Minutes of June 1, 1951, Canada/US/UK Meeting Re: Communist 'Brainwashing' Techniques during the Korean War," meeting at Ritz-Carlton Hotel, Montreal, June 1, 1951:5.

19. D.O. Hebb, W. Heron and W. HA Bexton, *Annual Report*, contract DRB X38, Experimental Studies of Attitude, 1953.

20. *Defense Research Board Report to Treasury Board*, August 3, 1954, declassified, 2.

21. "Distribution of Proceedings of Fourth Symposium, Military Medicine, 1952," declassified.

22. Zuhair Kashmeri, "Data Show CIA Monitored Deprivation Experiment," *Globe and Mail* (Toronto), February 18, 1984.

23. Ibid.

24. Hebb, Heron and Bexton, *Annual Report*, Contract DRB X38, 1-2.

25. Juliet O'Neill, "Brain Washing Tests Assailed by Experts," *Globe and Mail* (Toronto), November 27, 1986.

26. Thomas, *Journey into Madness*, 103; John D. Marks, *The Search for the Manchurian Candidate: The CIA and Mind Control* (New York: Times Books, 1979), 133.

27. R.J. Russell, L. G. M. Page and R.L. Jillett, "Intensified Electroconvulsant Therapy," *Lancet* (December 5, 1953): 1178.

28. Cameron, Lohrenz and Handcock, "The Depatterning Treatment of Schizophrenia," 68.

29. Cameron, "Psychic Driving," 504.

30. Thomas, *Journey into Madness*, 180.

31. D. Ewen, Cameron et al., "Sensory Deprivation: Effects upon the functioning Human in Space Systems, "*Symposium on Psychophysiological Aspects of Space Flight*, ed. Bemard E. Flaherty, (New York: Columbia University press, 1961). 231; Cameron, "Psychic Driving," 504.

32. Marks, *The Search for the Manchurian Candidate*, 138.

33. Cameron and Pande, "Treatment of the Chronic Paranoid Schizophrenic Patient," 92.

34. Cameron, "Production of Differential Amnesia as a Factor in the Treatment of Schizophrenia,"27.

35. Thomas, *Journey into Madness*, 234.

36. Cameron et al., "Sensory Deprivation," 226, 232.

37. Lawrence Weschler, *A Miracle, a Universe: Settling Account with Torturers* (New York: Pantheon Books, 1990), 125.

38. Interview appeared in the Canadian magazine *Weekend*, quoted in Thomas, *Journey into Madness*, 169.

39. Cameron, "Psychic Driving." 508.

40. Cameron was citing another researcher, Norman Rosenzweig, to support his thesis. Cameron et el., "Sensory Deprivation,"229.

41. Weinstein, *Psychiatry and the ClA*, 222.

42. "Project MKUltra , The CIA's Program of Research in Behavioral Modification," *Joint Hearings Before the Select Committee on intelligence and the Subcommittee on Health and Scientific Research of the Committee on Human Resources*, United

States Senate, 95th Congr., 1st Sess., August 3, 1977. Quoted in Weinstein, *Psychiatry and the CIA*, 178.

43. Ibid.,143.

44. James LeMoyne , "Testifying to Torture," *New York Times*, June 5, 1988.

45. Jennifer Harbury, *Truth, Torture and the American Way: The History and Consequences of U. S. Involvement in Torture* (Boston: Beacon Press, 2005), 87.

46. Senate Select Committee on Intelligence; "Transcript of Proceedings before the Select Committee on Intelligence: Honduran Interrogation Manual Hearing," June 16, 1988 (Box 1 CIA Training Manuals, Folder: Interrogation Manual Hearings, National Security Archives) Quoted in McCoy, *A Question of Torture*, 96.

47. Tim Weiner, "Interrogation, C.I.A.-Style," *New York Times*, February 9, 1997; Steven M. Kleinman, ''KUBARK Counterintelligence Interrogation Review: Observations of An Interrogator, February 2006 in Intelligence Science Board, *Educing Information* (Washington DC: National Defense Intelligence College, December 2006), 96.

48. Central Intelligence Agency, *Kubark Counterintelligence Interrogation*, July 1963, pages 1 and 8. Declassified manual is available in full from the National Security Archives, www.gwu.edu/~nsrachiv. Emphasis added.

49. Ibid., 1, 38.

50. Ibid., 1-2.

51. Ibid., 88.

52. Ibid., 90.

53. Central Intelligence Agency, *Human Resource Exploitation Training Manual-1983*. Declassified manual is available in full from the National Security Archives, www.gwu.edu/~nsarchiv. FOOTNOTE: Ibid.

54. Central Intelligence Agency, *Kubark Counterintelligence Interrogation*, July 1963, 49-50, 76-77.

55. Ibid. 41, 66.

56. McCoy, *A Question of Torture*, 8.

57. McCoy, ''Cruel Science," 220.

58. Frantz Fanon, *A Dying Colonialism*, trans. Haakon Chevalier (1965, repr. New York: Grove Press, 1967), 138.

59. Pierre Messmer, French minister of defence from 1960 to 1969, says that the Americans invited the French to train soldiers in the U.S. In response, General Palul Aussaresses, the most notorious and unrepentant of France's torture experts, went to Fort Bragg and instructed U.S. soldiers on "seizure, interrogation, torture" techniques. *Death Squadrons: The French School*, documentary directed by Marie-Monique Robin (Ideale Audience, 2003).

60. McCoy, *A Question of Torture*, 65.

61. Dianna Ortiz, *The Blindfold's Eyes* (New York: Orbis Books, 2002), 32.

62. Harbury, *Truth, Torture and the American Way.*

63. United Nations, *Geneva Convention Relative to Treatment of Prisoners of War*, Adopted August 12, 1949, www.ohchr.orgl *Uniform Code of Military Justice*, Subchapter 10: Punitive Articles, Section 893, Article 93, www.au.af.mil.

64. Central Intelligence Agency, *Kubark Counterintelligence Interrogation*, 2; Central Intelligence Agency, *Human Resource Exploitation Training Manual -1983.*

65. Craig Gilbert, "War Will be Stealthy," *Milwaukee Journal Sentinel*, September 17, 2001. Garry Wills, *Reagan's America: Innocents at Home* (New York: Doubleday, 1987), 378.

66. Katharine Q. Seelye, "A Nation Challenged," *New York Times*, March 29, 2002; Alberto R. Gonzales, *Memorandum for the President*, January 25, 2002, www.msnbc.msn.com.

67. Jerald Phifer, "Subject: Request for Approval of Counter-Resistance Strategies," *Memorandum for Commander, Joint Task Force* 170, October 11, 2002: 6, Declassified, www.npr.org.

68. U.S. Department of Justice, Office of Legal Counsel, Office of the Assistant Attorney General, *Memorandum for Alberto R. Gonzales, Counsel to the President*, August 1, 2002, www.washingtonpost.com. FOOTNOTE: ''Military Commissions Act of 2006," Subchapter VII, Sec. 6 thomas.loc.gov; Alfred W. McCoy, "The U.S. Has a History of Using Torture," History News Network, George Mason University, December 4, 2006, www.hnn.usl; ''The Imperial Presidency at Work," *New York Times*, January 15, 2006.

69. Kleinman, "KUBARK Counterintelligence Interrogation Review," 95.

70. Dan Eggen, "Padilla Case Raises Questions about Anti-Terror Tactics," *Washington Post*, November 19, 2006.

71. Curt Anderson, "Lawyers Show Images of Padilla in Chains," *The Associated Press*, December 4, 2006; John Grant, "Why Did They Torture Jose Padilla," *Philadelphia Daily News*, December 12, 2006.

72. AAP, "US Handling of Hicks Poor: PM," *Sydney Morning Herald*, February 6, 2007.

73. Shafiq Rasul, Asif Iqbal and Rhuhel Ahmed, *Composite Statement: Detention in Afghanistan and Guantanamo Bay* (New York: Center for Constitutional Rights, July 26, 2004), 95, www.ccr-ny.org.

74. Adam Zagorin and Michael Duffy, "Inside the Interrogation of Detainee 063," *Time*, June 20, 2005.

75. James Yee and Aimee Molloy, *For God and Country: Faith and Patriotism under Fire* (New York: Public Affairs, 2005), 101-102; Tim Golden and Margot Williams, "Hunger Strike Breaks Out at Guantanamo," *New York Times* April 8, 2007.

76. Craig Whitlock, "In Letter, Radical Cleric Details CIA Abduction, Egyptian Torture," *Washington Post*, November 10, 2006.

77. Ibid.

78. Amnesty International, "Italy, Abu Omar: Italian Authorities Must Cooperate Fully with All Investigations," Public Statement, November 16, 2006, www.amnesty.org.

79. Jumah al-Dossari, "Days of Adverse Hardship in U.S. Detention Camps– Testimony of Guantanamo Detainee Jumah al-Dossari," Amnesty International, December 16, 2005.

80. Mark Landler and Souad Mekhennet, "Freed German Detainee Questions His Country's Role," *New York Times*, November 4, 2006.

81. A.E. Schwartzman and Termansen "Intensive Electroconvulsive Therapy: A Follow-up-Study," *Canadian Psychiatric Association Journal* 12, no. 2 (1967): 217.

82. Erik Eckholm, "Winning Hearts of Iraqis with a Sewage Pipeline," *New York Times*, September 5, 2004.

2. The Other Doctor Shock : Milton Friedman and the Search for a Laissez-Faire Laboratory

1. Arnold c. Harberger, "Letter to a Younger Generation," *Journal of Applied Economics* 1, no.1 (1998): 2.

2. Katherine Anderson and Thomas Skinner. "The power of Choice: The Life and Times of Milton Friedman," aired on PBS on January 29, 2007.

3. Jonathan Peterson, "Milton Friedman, 1912-2006," *Los Angeles Times*, November 17, 2006.

4. Frank H Knight, "The Newer Economics and the Control of Economic Activity," *Journal of Political Economy* 40, no. 4 (August 1932): 455.

5. Daniel Bell, "Models and Reality in Economic Discourse," *The Crisis in Economic Theory*, eds. Daniel Bell and Irving Kristol (New York Basic Books, 1981), 57-58.

6. Milton Friedman and Rose D. Friedman, *Two Lucky People Memoirs* (Chicago: University of Chicago Press, 1998), 24.

7. Larry Kudlow, "The Hand of Friedman," *The Corner web log on the National Review Online*, November 16, 2006 www.nationalreview.com.

8. Friedman and Friedman, *Two Lucky People*, 21.

9. Milton Friedman, *Capitalism and Freedom* (1962, repr. Chicago: University of Chicago Press, 1982,) 15.

10. Don Patinkin , *Essays on and in the Chicago Tradition* (Durham , NC: Duke University Press, 1981),) 4.

11. Friedrich A. Hayek, *The Road to Serfdom* (Chicago: University of Chicago Press, 1944).

12. Interview with Arnold Harberger conducted October 3, 2000, for *Commanding Heights: The Battle for the world Economy* [television series for PBS], executive producers Daniel Yergin and Sue Lena Thompson, series producer William Cran (Boston: Heights Productions, 2002), full interview transcript available at www.pbs.org.

13. John Maynard Keynes, *The End of Laissez –Faire* (London: L & Virginia Woolf, 1926).

14. John Maynard Keynes, "From Keynes to Roosevelt: Our Recovery Plan Assayed," *New York Times*, December 31, 1993.

15. John Kenneth Galbraith, *The Great Crash of 1929* (1954, repr. New York: Avon, 1979) 168.

16. John Maynard Keynes, *The Economic Consequences of the Peace* (1919, repr. Westminster, U.K: Labour Research Department, 1920), 251.

17. Friedman and Friedman, *Two Lucky People*, 594.

18. Stephen Kinzer, *All the Shah's Men: An American Coup and the Roots of Middle East Terror* (Hoboken, NJ: J. Wiley & Sons, 2003), 153-54); Stephen Kinzer, *Overthrow: American's Century of Regime Change from Hawaii to Iraq* (New York: Times Books, 2006), 4.

19. *El Imparcial*, March 16, 1951, cited in Stephen C. Schlesinger, Stephen Kinzer and John H. Coatsworth, *Bitter Fruit: The Story of the American Coup in Guatemala* , M.A: Harvard University Press 1999), 52.

20. Patterson described Argentine and Brazilian economists as "pink" in an interview With Juan Gabriel Valdes. He spoke of the need to "change the formation of the men" to the U.S. ambassador to Chile, Willard Beaulac. Juan Babriel Valdes, *Pinochet's Economists: The Chicago School in Chile* (Cambridge: Cambridge University Press, 1995), 110-13.

21. Ibid, 89.

22. The quotation comes from Joseph Grunwald, a Columbia University economist working at the time at the University of Chile. Valdes, *Pinochet's Economists*, 135.

23. Harberger, "Letter to a Younger Generation," 2.

24. Andre Gunder Frank, *Economic Genocide In Chile: Monetarist Theory Verses Humanity* (Nottingham, UK: Spokesman Books, 1976), 7-8.

25. Kenneth W. Clements, "Larry Sjaastad, The Last Chicagoan," *Journal of Internal Money and Finance* (2005): 867-69.

26. Gunder Frank, *Economic Genocide in Chile*, 8.

27. Memorandum to William Carmichael, via Jeffery Puryear, from James W, Trowbridge, October 24, 1984, page 4, cited in Valdes, *Pinochet's Economists*, 194.

28. Ibid., 206. FOOTNOTE: "The Rising Risk of Recession," *Time*, December 19, 1969.

29. In 1963, de Castro himself was on leave from Santiago to further his studies at the University of Chicago. He became chairman in 1965. Valdes, *Pinochet's Economists*, 140, 165.

30. Ibid., 159. The quotation comes from Ernesto Fontaine, a Chicago grad and a professor at the Catholic University in Santiago.

31. Ibid., 6, 13.

32. Third report to the Catholic University of Chile and the International Cooperation Administration, August 1957, signed by Gregg Lewis University of Chicago, page 3, cited in Valdes, *Pinochets's Economists*, 132.

33. Interview with Ricardo Lagos Conducted January 19, 2002, for *Commanding Heights : The Battle for the World Economy*, www.pbs.org.

34. Friedman and Friedman, *Two Lucky People*, 388.

35. Central Intelligence Agency, *Notes on Meeting with the President on Chile*, September 15, 1970, declassified, www.gwu.edu/~nsarchiv.

36. ''The Last Dope from Chile," mimeo Signed "Al H.," dated Santiago, September 7, 1970, cited in Valdes, *Pinochet's Economists*, 242-43.

37. Sue Branford and Bernardo Kucinski, *Debt Squads: The U.S., The Banks, and Latin America* (London: Zed Books, 1988), 40, 51-52.

38. Subcommittee on Multinational Corporations, "The International Telephone and Telegraph Company and Chile, 1970-71," *Report to the Committee on Foreign Relations United States Senate by the Subcommittee on Multinational Corporations*, June 21, 1973, 13.

39. Ibid., 15.

40. Francisco Letelier, interview, *Democracy Now!*, September 21, 2006.

41. Subcommittee on Multinational Corporations, "The International Telephone and Telegraph Company and Chile, 1970-71," 4, 18.

42. Ibid., 11, 15.

43. Ibid., 17.

44. Archdiocese of Sao Paulo, *Torture in Brazil: A Shocking Report on the Pervasive Use of Torture by Brazilian Military Governments*, 1964-1979, ed. Joan Dassin, trans. Jaime Wright (Austin: University of Texas Press, 1986), 53.

45. William Blum, *Killing Hope: U.S. Military and CIA Interventions Since WWII* (Monroe, ME: Common Courage Press, 1995) 195; "Times Diary: Liquidating Sukarno," *Times* (London), August 8, 1986.

46. Kathy Kadane, "U.S. Official's Lists Aided Indonesian Bloodbath in '60," *Washington Post*, May 21, 1990.

47. Kadane first published the account of the lists, based on taped on-the-record interviews with top U.S. officials posted in Indonesia at the time, in *the Washington Post*. The information about radios and weapons appears in a letter to the editor written by Kadane in *The New York Review of Books*, April 10. 1997, based on the same interviews, Kadane's interviews transcripts are now with the National Security Archive in Washington, CD. Kadane, "U.S. Official's Lists Aided Indonesian Bloodbath in '60s."

48. John Hughes, *Indonesian Upheaval* (New York: David McKay Company, Inc., 1967), 132.

49. The 500,000 figure is the most commonly used, including by the *Washington Post* in 1966. Britain's ambassador to Indonesia estimated the number at 400,000,

but he reported that the Swedish ambassador, who had done additional research, deemed it ''a very serious under-estimate." Some put the number as high as a million, though CIA claimed in a 1968 report that 250,000 had been killed, calling it "one of the worst mass murders of the 20th century." "Silent Settlement," *Time*, December 17, 1965; John Pilger, *The New Rulers of the World* (London: Verso, 2002), 34; Kadane, "U.S. Officials's Lists Aided Indonesian Bloodbath in '60s."

50. "Silent Settlement."

51. David Ransom, "Ford County: Building an Elite for Indonesia," *The Trojan Horse: A Radical Look at Foreign Aid*, ed. Steve Weissman, (Palo, Alto, CA: Ramparts Press, 1975), 99.

52. FOOTNOTE: Ibid., 100.

53. Robert Lubar, "Indonesia's Potholed Road Back," *Fortune*, June 1, 1968.

54. Goenawan Mohamad, *Celebrating Indonesia: Fifty Years with the Ford Foundation 1953-2000* (Jakarta: Ford Foundation, 2003), 59.

55. In The Original text, the author spells the general's name Soeharto; I changed it to more common spelling Suharto for the sake of consistency. Mohammad Sadli, "Recollections of My Career," *Bulletin of Indonesian Economic Studies* 29, no. 1 (April 1993): 40.

56. The following posts were filled with graduates of the Ford program : minister of finance, minister of trade and commerce, chair of the National Planning Board, vice-chair of the National Planning Board, secretary general of Marketing and Trade Research, Chairman of the Technical Team of Foreign Investment, secretary general of industry and ambassador to Washington. Ransom, "Ford Country," 110.

57. Richard Nixon, "Asia After Vietnam," *Foreign Affairs* 46, no. 1 (October 1967): 111. FOOTNOTE: Arnold C. Harberger, *Curriculum Vitae*, November 2003, www.econ.ucla.edu.

58. Pilger, *The New Rulers of the World*, 36-37.

59. CIA, "Secret Cable from Headquarters [Blueprint for Fomenting a Coup Climate], September 27, 1970," in Peter Kornbluh, *The Pinochet File: A Declassified Dossier on Atrocity and Accountability* (New York: New Press, 2003), 49-56.

60. Valdes, *Pinochet's Economists*, 251.

61. Ibid., 248-49.

62. Ibid., 250.

63. Select Committee to Study Governmental Operations with Respect to Intelligence Activities, United States Senate, *Covert Action in Chile 1963-1973* (Washington D.C.: U.S. Government Printing Office, December 18, 1975), 30.

64. Ibid., 40.

65. Eduardo Silva, *The State and Capital in Chile: Business Elites, Technocrats, and Market Economics* (Boulder, CO: Westview press, 1996), 74.

66. Orlando Letelier, "The Chicage Boys in Chile: Economic Freedom's Awful Toll," *The Nation*, August 28, 1976.

3. States of Shock: The Bloody Birth of the Counter-revolution

1. Nicolo Machiavelli, The Prince, Trans. W. K. Marriott, (Toronto: Alfred A. Knopf, 1992), 42.

2. Milton Friedman and Rose D. Friedman, Two *Lucky People: Memoirs* (Chicago: University of Chicago press, 1998), 592.

3. *Batalla de Chile* [three-part documentary film series] complied by Patricia Guzman, originally produced 1975-9 (New York: First Run/Icarus Films, 1993).

